# ਕੇਵਲ ਰੋਟੀ ਨਾਲ ਹੀ ਜਿਊਂਦਾ ਨਹੀ

*ਬਾਈਬਲ ਸਿਧਾਂਤ ਦੇ ਲਈ ਇੱਕ ਸੰਖੇਪ ਗਾਈਡ*

ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਪਵਿੱਤਰ-ਗ੍ਰੰਥ ਵਿੱਚ ਲਿਖਿਆ ਹੋਇਆ ਹੈ, 'ਮਨੁੱਖ ਕੇਵਲ ਰੋਟੀ ਨਾਲ ਹੀ ਜਿਊਂਦਾ ਨਹੀਂ ਰਹੇਗਾ, ਸਗੋਂ ਪਰਮੇਸ਼ਰ ਦੇ ਮੂੰਹ ਵਿੱਚੋਂ ਨਿਕਲਣ ਵਾਲੇ ਹਰ ਸ਼ਬਦ ਨਾਲ ਜਿਊਂਦਾ ਰਹੇਗਾ।'".
ਮੱਤੀ 4:4

ਡਾ. ਸਟੀਵਨ ਵਾਟਰਹਾਊਸ
Th. M., D. Min.

Westcliff Press
P.O. Box 1521, Amarillo TX 79105

# ਪ੍ਰਸਤਾਵਨਾ

ਸਿਰਫ਼ ਪਰਮੇਸ਼ਰ ਹੀ ਇੱਕ ਸੰਪੂਰਨ ਜਾਂ ਸਿੱਧ ਕਿਤਾਬ ਲਿਖ ਸਕਦੇ ਹਨ। ਮੈਨੂੰ ਇਹ ਸਿਖਾਇਆ ਗਿਆ ਸੀ ਕਿ ਲੂਥਰ ਦਾ ਇਹ ਮੰਨਣਾ ਸੀ ਕਿ ਅਸੀਂ ਪਰਮੇਸ਼ਰ ਦੀ ਸੱਚਾਈ ਅਤੇ ਸਲੀਬ ਦੇ ਸਿਧਾਂਤ ਦੀਆਂ ਸਿਰਫ਼ ਕੁਝ ਗੱਲਾਂ ਹੀ ਸਮਝ ਸਕਦੇ ਹਾਂ, ਜਦੋਂ ਕਿ ਕੈਲਵਿਨ ਨੇ ਇੱਕ ਸੰਪੂਰਨ ਵਿਵਸਥਿਤ ਅਧਿਆਤਮਿਕ ਗਿਆਨ ਲਿਖਣ ਦੀ ਕੋਸ਼ਿਸ਼ ਕੀਤੀ ਸੀ। ਦੋਵੇਂ ਹੀ ਆਪਣੀ ਜਗ੍ਹਾ ਉੱਤੇ ਸਹੀ ਸਨ। ਇੱਕ ਵਿਵਸਥਿਤ ਅਧਿਆਤਮਿਕ ਗਿਆਨ ਲਿਖਣਾ ਸ਼ਾਇਦ ਸੰਭਵ ਨਹੀਂ ਹੈ, ਪਰ ਪਰਮੇਸ਼ਰ ਦਾ ਵਚਨ ਉਸ ਦੇ ਸਹੀ ਸਿਧਾਂਤ ਨੂੰ ਸਥਾਪਿਤ ਕਰਨ ਦੇ ਲਈ ਸਭ ਤੋਂ ਵੱਧ ਯਤਨਾਂ ਦਾ ਹੱਕਦਾਰ ਹੈ।

ਸਾਡੇ ਪੂਰਨ ਯਤਨਾਂ ਦੇ ਬਾਵਜੂਦ, ਸਾਨੂੰ " ਸ਼ੀਸ਼ੇ ਵਿੱਚ ਧੁੰਦਲਾ ਦਿਖਾਈ ਦਿੰਦਾ ਹੈ" (1 ਕੁਰਿੰਥ 13:12)। ਸਾਡੇ ਵਿੱਚੋਂ ਕੋਈ ਵੀ ਪਾਪ ਵਿੱਚ ਡਿੱਗੇ ਮਨ, ਸੀਮਿਤ ਤਾਕਤ, ਅਤੇ ਸੀਮਿਤ ਜੀਵਨ ਹੋਣ ਦੇ ਕਾਰਨ ਇਸ ਯੋਗ ਨਹੀਂ ਹੈ ਕਿ ਉਹ ਬਾਈਬਲ ਦੀ ਸਾਰੀ ਸਿੱਖਿਆ ਨੂੰ ਸਮਝ ਲੈਣ ਤੋਂ ਬਾਅਦ ਇਸ ਦਾ ਵਰਗੀਕਰਨ ਕਰੇ। ਕਹਾਉਤਾਂ ਦੀ ਪੁਸਤਕ ਇਹ ਚੇਤਾਵਨੀ ਦਿੰਦੀ ਹੈ ਕਿ ਸਿਰਫ਼ ਇੱਕ ਮੂਰਖ ਹੀ ਹਮੇਸ਼ਾਂ ਆਪਣੀਆਂ ਨਜ਼ਰਾਂ ਵਿੱਚ ਸਹੀ ਮਹਿਸੂਸ ਕਰਦਾ ਹੈ (ਕਹਾਉਤਾਂ 12:15)। ਕਿਉਂਕਿ ਲਿਖਤ ਭਾਵਨਾਤਮਕ ਆਵਾਜ਼ ਨੂੰ ਪ੍ਰਗਟ ਨਹੀਂ ਕਰ ਸਕਦੀ ਹੈ, ਇਸ ਲਈ ਪਹਿਲਾਂ ਹੀ ਇੱਕ ਸਪੱਸ਼ਟ ਰੂਪ ਵਿੱਚ ਇਹ ਕਹਿ ਦੇਣਾ ਠੀਕ ਹੋਵੇਗਾ ਕਿ ਲੇਖਕ ਇਹ ਜਾਣਦਾ ਹੈ ਕਿ ਇਸ ਅਧਿਆਤਮਿਕ ਗਿਆਨ ਦੀ ਪੁਸਤਕ ਵਿੱਚ ਕਮੀਆਂ ਹਨ। ਇਸ ਤੋਂ ਇਲਾਵਾ, ਪਾਠਕ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇੱਕ ਸਾਥੀ ਮਸੀਹੀ ਮੰਨੇ ਜਾਣ ਦੇ ਲਈ, ਉਸ ਨੂੰ ਹਰੇਕ ਗੱਲ ਵਿੱਚ ਇੱਕੋ ਜਿਹੇ ਸਿੱਟੇ ਉੱਤੇ ਪਹੁੰਚਣਾ ਜ਼ਰੂਰੀ ਹੈ। ਅਸਲ ਵਿੱਚ, ਬਾਈਬਲ ਵਿੱਚ ਕੀਤੀ ਜਾਣ ਵਾਲੀ ਡੂੰਘੀ ਖੋਜ ਸੱਚਾਈ ਦੀ ਭਾਲ ਕਰਨ ਵਾਲੇ ਦੂਜੇ ਵਿਸ਼ਵਾਸੀਆਂ ਪ੍ਰਤੀ ਹਮਦਰਦੀ ਦੀ ਭਾਵਨਾ, ਅਤੇ ਵੇਰਵਿਆਂ ਨਾਲ ਸਹਿਮਤ ਨਾ ਹੋਣ ਵਾਲਿਆਂ ਪ੍ਰਤੀ ਪਿਆਰ ਦੀ ਭਾਵਨਾ ਪੈਦਾ ਕਰਦੀ ਹੈ। ਪਰਮੇਸ਼ਰ ਦੀ ਸੱਚਾਈ ਦੀ ਖੋਜ ਕਰਨਾ ਇੰਨਾ ਵੱਡਾ ਕੰਮ ਹੈ ਕਿ ਅਸੀਂ ਉਹਨਾਂ ਲੋਕਾਂ ਦੀ ਕਦਰ ਕੀਤੇ ਬਿਨਾਂ ਨਹੀਂ ਰਹਿ ਸਕਦੇ ਜੋ ਇਸ ਵਿੱਚ ਆਪਣਾ ਵੱਡਾ ਯੋਗਦਾਨ ਪਾਉਂਦੇ ਹਨ। ਜੇਕਰ ਅਸੀਂ ਸਿਰਫ਼ ਪਰਮੇਸ਼ਰ ਦੇ ਪੁੱਤਰ ਯਿਸੂ ਮਸੀਹ ਵਿੱਚ ਭਰੋਸਾ ਰੱਖਦੇ ਹਾਂ, ਜੋ ਸਾਡੇ ਪਾਪਾਂ ਦੇ ਲਈ ਮਰੇ ਅਤੇ ਮੁਰਦਿਆਂ ਵਿੱਚੋਂ ਜੀਅ ਉੱਠੇ, ਤਾਂ ਅਧਿਆਤਮਿਕ ਗਿਆਨ ਵਿੱਚ ਇਹ ਸਹਿਮਤੀ ਮੁਕਤੀ ਅਤੇ ਸੰਗਤ ਨੂੰ ਸਵੀਕਾਰ ਕਰਨ ਲਈ ਕਾਫ਼ੀ ਹੈ।

ਫਿਰ ਵੀ, ਪਰਮੇਸ਼ਰ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਪੂਰੇ ਦਿਲ ਨਾਲ ਉਹਨਾਂ ਦੀ ਭਾਲ ਕਰੀਏ (ਯਿਰ 29:13)। ਉਹ ਸਾਨੂੰ ਦਿਨ ਅਤੇ ਰਾਤ ਉਹਨਾਂ ਦੇ ਵਚਨ ਉੱਤੇ ਧਿਆਨ ਕਰਨ ਦਾ ਹੁਕਮ ਦਿੰਦੇ ਹਨ (ਯਹੋਸ਼ੁਆ 1:8)। ਪੌਲੁਸ ਨੇ ਤਿਮੋਥਿਉਸ ਨੂੰ ਕਿਹਾ ਕਿ ਉਹ

ਆਪਣੇ ਆਪ ਨੂੰ ਪੂਰੀ ਤਰ੍ਹਾਂ ਵਚਨ ਦੇ ਲਈ ਸਮਰਪਿਤ ਕਰੇ (1 ਤਿਮੋਥਿ 4:13,15-16)। ਪਰਮੇਸ਼ਰ ਦਾ ਵਚਨ ਸਾਡੇ ਜੀਵਨ ਦੀ ਰੋਟੀ ਹੈ ( (ਮੱਤੀ. 4:4)। ਜੇਕਰ ਅਸੀਂ ਸੱਚਮੁੱਚ ਇਹ ਮੰਨਦੇ ਹਾਂ ਕਿ ਬਾਈਬਲ ਪਰਮੇਸ਼ਰ ਦਾ ਵਚਨ ਹੈ, ਤਾਂ ਸਭ ਤੋਂ ਛੋਟੇ ਵੇਰਵੇ ਵੀ ਮਹੱਤਵਪੂਰਣ ਹਨ ਅਤੇ ਡੂੰਘੀ ਦਿਲਚਸਪੀ ਦੇ ਵਿਸ਼ੇ ਹੋਣੇ ਚਾਹੀਦੇ ਹਨ। ਅਸੀਂ ਸ਼ਾਇਦ ਇੱਕ ਸੰਪੂਰਨ ਰੂਪ ਵਿੱਚ ਬਾਈਬਲ ਨੂੰ ਨਾ ਸਮਝੀਏ, ਪਰ ਅਜਿਹਾ ਜ਼ਰੂਰ ਹੋਣਾ ਚਾਹੀਦਾ ਹੈ ਕਿ ਅਸੀਂ ਵਚਨ ਦੇ ਯੋਗ ਸੇਵਕ ਸਮਝੇ ਜਾਈਏ ਜੋ "ਸੱਚ ਦੇ ਵਚਨ ਦਾ ਠੀਕ ਸੰਦੇਸ਼ ਦਿੰਦੇ" ਹਨ (2 ਤਿਮੋਥਿ 2:15)। ਸਾਨੂੰ ਬਾਈਬਲ ਵੱਲ ਆਪਣਾ ਪੂਰਾ ਧਿਆਨ ਦੇਣਾ ਚਾਹੀਦਾ ਹੈ ਅਤੇ ਇਸ ਦੇ ਅਧਿਐਨ ਦੇ ਲਈ ਆਪਣੀ ਪੂਰੀ ਸ਼ਕਤੀ ਲਗਾਉਣੀ ਚਾਹੀਦੀ ਹੈ। ਜ਼ਿਆਦਾਤਰ ਮਸੀਹੀ ਵਚਨ ਦੇ ਡੂੰਘੇ ਅਧਿਐਨ ਦੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰਦੇ ਹਨ। ਬਹੁਤੇ ਮਸੀਹੀ ਮੁੱਖ ਤੌਰ ਤੇ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਅਨੁਸਾਰ ਹੀ ਚੱਲਦੇ ਹਨ। ਕਲੀਸਿਯਾ ਨੂੰ ਇਹ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਸੀ ਕਿ ਭਾਵਨਾਵਾਂ ਦਾ ਉਦੋਂ ਕੋਈ ਮੁੱਲ ਹੁੰਦਾ ਹੈ ਜਦੋਂ ਉਹ ਪਰਮੇਸ਼ਰ ਦੇ ਵਚਨ ਦੀ ਸੱਚਾਈ ਪ੍ਰਤੀ ਕੀਤੀ ਜਾਣ ਵਾਲੀ ਪ੍ਰਤੀਕਿਰਿਆ ਦੇ ਰੂਪ ਵਿੱਚ ਹੋਣ। ਸਾਰੇ ਵਿਸ਼ਵਾਸੀ, ਖ਼ਾਸ ਤੌਰ ਤੇ ਮਸੀਹੀ ਸੇਵਕ, ਪਰਮੇਸ਼ਰ ਦੇ ਸਾਹਮਣੇ ਜਵਾਬਦੇਹ ਹਨ ਕਿ "ਉਹ ਹਰ ਦਿਨ ਪਵਿੱਤਰ-ਗ੍ਰੰਥਾਂ ਵਿੱਚੋਂ ਲੱਭਦੇ ਹਨ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਜਾਂ ਨਹੀਂ" (ਰਸੂਲਾਂ 17:11)। ਮੈਂ ਇਹ ਦਾਅਵਾ ਕਰਨ ਦੀ ਹਿੰਮਤ ਨਹੀਂ ਕਰਦਾ ਹਾਂ ਕਿ ਮੇਰੇ ਕੋਲ ਹਰ ਵੇਰਵੇ ਦੇ ਅੰਤਿਮ ਜਵਾਬ ਹਨ। ਮੈਂ ਨਿਮਰਤਾ ਨਾਲ ਇਹ ਦਾਅਵਾ ਕਰ ਸਕਦਾ ਹਾਂ ਕਿ ਇਹ ਕਮੀ ਘਟੀ ਵਾਲੀ ਇਹ ਖੋਜ ਮੇਰੀ ਨਿੱਜੀ ਕੁਰਬਾਨੀ ਰਹੀ ਹੈ, ਕਿ ਮੈਂ ਆਪਣੇ ਜੀਵਨ ਦੇ ਵਧੀਆ ਸਾਲਾਂ ਦੀ ਤਾਕਤ ਨਾਲ ਸੇਵਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਜੇਕਰ ਅਸੀਂ ਪਰਮੇਸ਼ਰ ਦੇ ਵਚਨ ਪ੍ਰਤੀ ਲਾਪਰਵਾਹ ਹੋਵਾਂਗੇ, ਤਾਂ ਸਾਨੂੰ ਪਰਮੇਸ਼ਰ ਦੇ ਸਾਹਮਣੇ ਜਵਾਬ ਦੇਣਾ ਹੋਵੇਗਾ। ਜੇਕਰ ਇਹ ਸਾਡੇ ਜੀਵਨ ਦੀ ਰੋਟੀ ਬਣ ਜਾਂਦਾ ਹੈ , ਤਾਂ ਸਾਨੂੰ ਇਨਾਮ ਅਤੇ ਬਰਕਤ ਮਿਲੇਗੀ। ਮਸੀਹੀ ਸੇਵਕਾਂ ਕੋਲ ਸੇਵਕਾਈ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਸੰਦੇਸ਼ ਹੋਣਾ ਚਾਹੀਦਾ ਹੈ। ਪਰਮੇਸ਼ਰ ਦੇ ਲਈ ਬੋਲਣ ਦਾ ਦਾਅਵਾ ਕਰਨਾ ਵਧੀਆ ਗੱਲ ਹੈ। ਅੱਯੂਬ ਦੀ ਪੁਸਤਕ ਵਿੱਚ, ਪਰਮੇਸ਼ਰ ਉਹਨਾਂ ਉੱਤੇ ਬਹੁਤ ਗੁੱਸਾ ਹੋਏ ਸਨ ਜਿਹਨਾਂ ਨੇ ਸਿੱਖਿਆ ਅਤੇ ਸਲਾਹ ਦੇਣ ਦੇ ਲਈ ਸਿਰਫ਼ ਅਨੁਮਾਨ ਲਗਾਏ ਸਨ ਅਤੇ ਮਨੁੱਖੀ ਰਾਏ ਦਿੱਤੀ ਸੀ (ਅੱਯੂਬ 38:2)। ਪਰਮੇਸ਼ਰ ਸਾਨੂੰ ਚੇਤਾਵਨੀ ਦਿੰਦੇ ਹਨ ਕਿ ਅਸੀਂ ਆਪਣੇ ਤੱਥਾਂ ਨੂੰ ਸਹੀ ਰੱਖੀਏ (ਯਾਕੂਬ 3:1)।

ਮੈਂ ਉਮੀਦ ਕਰਦਾ ਹਾਂ ਕਿ ਇਹ ਅਧਿਐਨ ਤੁਹਾਡੀ ਮਦਦ ਕਰੇਗਾ ਅਤੇ ਤੁਹਾਨੂੰ ਬਰਕਤ ਦੇਵੇਗਾ ਅਤੇ ਤੁਸੀਂ ਪਰਮੇਸ਼ਰ ਦੇ ਵਚਨ ਨੂੰ ਉਹ ਲਗਨ, ਧਿਆਨ ਅਤੇ ਆਦਰ ਦੇਵੋਗੇ ਜਿਸ ਦਾ ਉਹ ਹੱਕਦਾਰ ਹੈ।

ਡਾ. ਸਟੀਵਨ ਵਾਟਰਹਾਊਸ

## ਸਟੀਵਨ ਵਾਟਰਹਾਊਸ ਦੁਆਰਾ ਲਿਖੇ ਗਏ ਹੋਰ ਸਿਰਲੇਖ

*ਉਸ ਦੇ ਲੋਕਾਂ ਲਈ ਤਾਕਤ, ਮਾਨਸਿਕ ਰੋਗੀਆਂ ਦੇ ਪਰਿਵਾਰਾਂ ਦੇ ਲਈ ਇੱਕ ਸੇਵਕਾਈ*

*ਜੀਵਨ ਦੀ ਪਵਿੱਤਰਤਾ*

*ਧੰਨ ਭਰੋਸਾ: ਸਦੀਪਕ ਮੁਕਤੀ ਦੇ ਸਿਧਾਂਤ ਦੀ ਰੱਖਿਆ*

*ਮੈਨੂੰ ਬਚਣ ਦੇ ਲਈ ਕੀ ਕਰਨਾ ਚਾਹੀਦਾ ਹੈ?*

*ਬਚਾਉਣ ਵਾਲੇ ਵਿਸ਼ਵਾਸ ਦੀ ਬਾਈਬਲ ਅਨੁਸਾਰ ਪਰਿਭਾਸ਼ਾ*

*ਜੀਵਨ ਦੇ ਔਖੇ ਸਵਾਲ*

*ਹੋਰ ਅਣਪ੍ਰਕਾਸ਼ਿਤ ਖੋਜ ਦੇ ਲਈ ਦੇਖੋ, www.webtheology.com*

---

ਤੀਜਾ ਸੰਸਕਰਣ 2006

ਸਟੀਵਨ ਡਬਲਯੂ. ਵਾਟਰਹਾਊਸ ਦੁਆਰਾ ਕਾਪੀਰਾਈਟ 2000

ਸਾਰੇ ਅਧਿਕਾਰ ਰਾਖਵੇਂ ਹਨ। ਇਸ ਪੁਸਤਕ ਜਾਂ ਇਸ ਦੇ ਭਾਗਾਂ ਨੂੰ (ਸਮੀਖਿਆਵਾਂ ਵਿੱਚ ਵਰਤੇ ਗਏ ਸੰਖੇਪ ਹਵਾਲਿਆਂ ਨੂੰ ਛੱਡ ਕੇ) ਪ੍ਰਕਾਸ਼ਕ ਤੋਂ ਲਿਖਤੀ ਇਜਾਜ਼ਤ ਤੋਂ ਬਿਨਾਂ ਕਿਸੇ ਵੀ ਰੂਪ ਵਿੱਚ ਦੁਬਾਰਾ ਤਿਆਰ ਨਹੀਂ ਕੀਤਾ ਜਾ ਸਕਦਾ ਹੈ।

Westcliff Press
P.O. Box 1521
Amarillo TX 79105
1-806-359-6362
www.webtheology.com

ISBN: 0970241887
Library of Congress Catalog Card Number 2006924419

ਇਸ ਪੁਸਤਕ ਵਿੱਚ ਵਰਤੇ ਗਏ ਬਾਈਬਲ ਦੇ ਪੁਰਾਣੇ ਨੇਮ ਦੇ ਹਵਾਲੇ ਪਵਿੱਤਰ ਬਾਈਬਲ O.V. (BSI) ਤੋਂ ਅਤੇ ਨਵੇਂ ਨੇਮ ਦੇ ਹਵਾਲੇ Revised common Language North American Edition ਤੋਂ ਲਏ ਗਏ ਹਨ

# ਪ੍ਰਵਾਨਗੀ

ਇਸ ਕੰਮ ਵਿੱਚ ਪਰਮੇਸ਼ਰ ਦੇ ਬਹੁਤ ਸਾਰੇ ਵਫ਼ਾਦਾਰ ਸੇਵਕਾਂ ਨੇ ਮਿਹਨਤ ਕੀਤੀ ਹੈ। ਤੁਹਾਡੇ ਸਾਰਿਆਂ ਦੇ ਸਹਿਯੋਗ ਤੋਂ ਬਿਨਾਂ ਮੇਰੀ ਆਪਣੀ ਤਾਕਤ ਨਾਕਾਮ ਸਾਬਤ ਹੋਈ ਹੁੰਦੀ।

ਹਿਊ ਅਕਿਨ
ਡੈਫਨੀ ਬੈਰੀ ਕਾਕਸ
ਡੈਨ ਬੈਂਟਲੇ
ਮੈਰੀ ਡੇਲੀ
ਡਵਾਈਟ ਡੇਵਿਸ
ਸਟੀਫਨ ਹੇਵਰਡ
ਜੈਨੇਟ ਕੈਂਪਸ਼ਰੋਏਡਰ
ਐਲਨ ਐਨ. ਗੁਡ (ਸੰਪਾਦਕ)

# ਲੇਖਕ ਦੇ ਬਾਰੇ

ਡਾ. ਸਟੀਵਨ ਡਬਲਯੂ. ਵਾਟਰਹਾਊਸ ਨੇ 1985 ਤੋਂ ਅਮਰੀਲੋ, ਟੈਕਸਾਸ ਵਿੱਚ ਵੈਸਟਕਲਿਫ ਬਾਈਬਲ ਚਰਚ ਦੇ ਪਾਸਬਾਨ ਹਨ। ਉਹਨਾਂ ਨੇ ਆਪਣੀ ਪੜ੍ਹਾਈ ਇਹਨਾਂ ਕਾਲਜਾਂ ਤੋਂ ਕੀਤੀ ਹੈ: ਡੱਲਾਸ ਥੀਓਲਾਜੀਕਲ ਸੈਮੀਨਰੀ (ਡਾਕਟਰੇਟ ਆਫ ਮਿਨਿਸਟਰੀ), ਕੈਪੀਟਲ ਬਾਈਬਲ ਸੈਮੀਨਰੀ, ਲੈਨਹੈਮ, ਮੇਰਿਲੈਂਡ (ਮਾਸਟਰ ਆਫ ਥੀਓਲੋਜੀ, ਇਬਰਾਨੀ ਅਤੇ ਯੂਨਾਨੀ ਭਾਸ਼ਾਵਾਂ ਵਿੱਚ), ਸਪਰਿੰਗ ਅਰਬਰ ਯੂਨੀਵਰਸਿਟੀ, ਮਿਸ਼ੀਗਨ (ਬੀ.ਏ., ਸਮਾਜਿਕ ਵਿਗਿਆਨ) ਅਤੇ ਗ੍ਰਾਂਡ ਰੈਪਿਡਸ, ਮਿਸ਼ੀਗਨ ਵਿੱਚ ਕਾਰਨਰਸਟੋਨ ਯੂਨੀਵਰਸਿਟੀ ਵਿੱਚ ਅਧਿਐਨ ਕੀਤਾ ਹੈ।

ਡਾ. ਵਾਟਰਹਾਊਸ ਅਤੇ ਉਸ ਦੀ ਪਤਨੀ ਮੈਰਿਲਿਨ ਦੇ ਤਿੰਨ ਬੱਚੇ ਹਨ; ਕਾਰਲਟਨ, ਨੇਥਨ ਅਤੇ ਰੇਚਲ।

ਇਸ ਪੁਸਤਕ ਅਤੇ ਡਾ. ਵਾਟਰਹਾਊਸ ਦੁਆਰਾ ਲਿਖੀਆਂ ਗਈਆਂ ਹੋਰ ਪੁਸਤਕਾਂ ਬਾਰੇ ਜਾਣਕਾਰੀ ਦੇ ਲਈ ਉਹਨਾਂ ਦੀ ਵੈੱਬ ਸਾਈਟ ਦੇਖੋ:
**http://www.webtheology.com**

# ਸਮਰਪਣ

ਵੈਸਟਕਲਿਫ ਬਾਈਬਲ ਚਰਚ (ਅਮਰਿਲੋ, ਟੈਕਸਾਸ) ਦੀ ਕਲੀਸਿਯਾ ਦੇ ਲਈ। ਪਰਮੇਸ਼ਰ ਨੇ ਸਿੱਖਿਆ ਦੀ ਸੇਵਕਾਈ ਪ੍ਰਤੀ ਤੁਹਾਡੀ ਵਫ਼ਾਦਾਰੀ ਵਾਲੀ ਵਚਨਬੱਧਤਾ ਨੂੰ ਦਰਜ ਕਰ ਲਿਆ ਹੈ। ਪਰਮੇਸ਼ਰ ਦੇ ਵਚਨ ਪ੍ਰਤੀ ਤੁਹਾਡੇ ਪਿਆਰ ਨੇ ਸਾਲਾਂ ਦੀ ਇਸ ਮਿਹਨਤ ਨੂੰ ਬਾਈਬਲ ਅਧਿਐਨ ਦੇ ਲਈ ਸਮਰਪਿਤ ਕਰਨ ਦੇ ਯੋਗ ਬਣਾਇਆ ਹੈ। ਤੁਹਾਡੀ ਵਿੱਤੀ ਸਹਾਇਤਾ ਤੋਂ ਵੀ ਵੱਧ, ਬਾਈਬਲ ਪ੍ਰਤੀ ਤੁਹਾਡੀ ਇਹ ਵਫ਼ਾਦਾਰੀ ਸੀ ਜਿਸ ਨੇ ਇਸ ਅਧਿਐਨ ਨੂੰ ਸੰਭਵ ਬਣਾਇਆ ਹੈ। ਮੈਂ ਆਪਣੇ ਸਹੁਰੇ ਰਸਲ ਡੀ. ਏਸੇਲਟੀਨ (1937-1990) ਦੀ ਵਧੀਆ ਮਸੀਹੀ ਮਿਸਾਲ ਦੀ ਵੀ ਪ੍ਰਸ਼ੰਸ਼ਾ ਕਰਨੀ ਚਾਹੁੰਦਾ ਹਾਂ। ਇਸ ਪੁਸਤਕ ਦੇ ਕਵਰ ਉੱਤੇ ਪਾਸਬਾਨ ਏਸੇਲਟੀਨ ਦੀ ਬਾਈਬਲ ਦੀ ਤਸਵੀਰ ਹੈ।

***ਸਟੀਵਨ ਵਾਟਰਹਾਊਸ***

# ਪੁਸਤਕਾਂ ਦੇ ਨਾਮਾਂ ਦੇ ਛੋਟੇ ਰੂਪ

## ਪੁਰਾਣੇ ਨੇਮ ਦੀਆਂ ਪੁਸਤਕਾਂ

| ਉਤਪਤ | ਉਤ | ਕਹਾਉਤਾਂ | ਕਹਾਉਤਾਂ |
|---|---|---|---|
| ਕੂਚ | ਕੂਚ | ਉਪਦੇਸ਼ਕ ਦੀ ਪੋਥੀ | ਉਪਦੇਸ਼ਕ |
| ਲੇਵੀਆਂ | ਲੇਵੀਆਂ | ਸਰੇਸ਼ਟ ਗੀਤ | ਸਰੇਸ਼ਟ |
| ਗਿਣਤੀ | ਗਿਣਤੀ | ਯਸਾਯਾਹ | ਯਸਾ |
| ਬਿਵਸਥਾ ਸਾਰ | ਬਿਵਸਥਾ | ਯਿਰਮਿਯਾਹ | ਯਿਰ |
| ਯਹੋਸ਼ੁਆ | ਯਹੋਸ਼ੁਆ | ਯਿਰਮਿਯਾਹ ਦਾ ਵਿਰਲਾਪ | ਵਿਰਲਾਪ |
| ਨਿਆਈਆਂ ਦੀ ਪੋਥੀ | ਨਿਆਈ | ਹਿਜ਼ਕੀਏਲ | ਹਿਜ਼ਕੀ |
| ਰੂਥ | ਰੂਥ | ਦਾਨੀਏਲ | ਦਾਨੀ |
| 1 ਸਮੂਏਲ | 1 ਸਮੂ | ਹੋਸ਼ੇਆ | ਹੋਸ਼ੇ |
| 2 ਸਮੂਏਲ | 2 ਸਮੂ | ਯੋਏਲ | ਯੋਏਲ |
| 1 ਰਾਜਿਆਂ | 1 ਰਾਜਾ | ਆਮੋਸ | ਆਮੋਸ |
| 2 ਰਾਜਿਆਂ | 2 ਰਾਜਾ | ਓਬਦਯਾਹ | ਓਬਦ |
| 1 ਇਤਿਹਾਸ | 1 ਇਤਿ | ਯੂਨਾਹ | ਯੂਨਾਹ |
| 2 ਇਤਿਹਾਸ | 2 ਇਤਿ | ਮੀਕਾਹ | ਮੀਕਾਹ |
| ਅਜ਼ਰਾ | ਅਜ਼ਰਾ | ਨਹੂਮ | ਨਹੂਮ |
| ਨਹਮਯਾਹ | ਨਹਮ | ਹਬੱਕੂਕ | ਹਬੱਕੂਕ |
| ਅਸਤਰ | ਅਸਤਰ | ਸਫ਼ਨਯਾਹ | ਸਫ਼ਨ |
| ਅੱਯੂਬ | ਅੱਯੂਬ | ਮਲਾਕੀ | ਮਲਾਕੀ |
| ਜ਼ਬੂਰਾਂ ਦੀ ਪੋਥੀ | ਜ਼ਬੂਰਾਂ | | |

## ਨਵੇਂ ਨੇਮ ਦੀਆਂ ਪੁਸਤਕਾਂ

| ਮੱਤੀ | ਮੱਤੀ | 1 ਤਿਮੋਥਿਉਸ | 1 ਤਿਮੋਥਿ |
|---|---|---|---|
| ਮਰਕੁਸ | ਮਰਕੁਸ | 2 ਤਿਮੋਥਿਉਸ | 2 ਤਿਮੋਥਿ |
| ਲੂਕਾ | ਲੂਕਾ | ਤੀਤੁਸ | ਤੀਤੁਸ |
| ਯੂਹੰਨਾ | ਯੂਹੰਨਾ | ਫਿਲੇਮੋਨ ਨੂੰ | ਫਿਲੇਮੋਨ |
| ਰਸੂਲਾਂ ਦੇ ਕਰਤੱਬ | ਰਸੂਲਾਂ | ਇਬਰਾਨੀਆਂ ਨੂੰ | ਇਬ |
| ਰੋਮੀਆਂ | ਰੋਮੀ | ਯਾਕੂਬ | ਯਾਕੂਬ |
| 1 ਕੁਰਿੰਥੀਆਂ | 1 ਕੁਰਿੰਥ | 1 ਪਤਰਸ | 1 ਪਤਰਸ |
| 2 ਕੁਰਿੰਥੀਆਂ | 2 ਕੁਰਿੰਥ | 2 ਪਤਰਸ | 2 ਪਤਰਸ |
| ਗਲਾਤੀਆਂ ਨੂੰ | ਗਲਾਤੀ | 1 ਯੂਹੰਨਾ | 1 ਯੂਹੰਨਾ |
| ਅਫ਼ਸੀਆਂ ਨੂੰ | ਅਫ਼ਸੀ | 2 ਯੂਹੰਨਾ | 2 ਯੂਹੰਨਾ |
| ਫ਼ਿਲਿੱਪੀਆਂ ਨੂੰ | ਫ਼ਿਲਿੱਪੀ | 3 ਯੂਹੰਨਾ | 3 ਯੂਹੰਨਾ |
| ਕੁਲੁੱਸੀਆਂ ਨੂੰ | ਕੁਲੁੱਸੀ | ਯਹੂਦਾਹ | ਯਹੂਦਾਹ |
| 1 ਥੱਸਲੁਨੀਕੀਆਂ | 1 ਥੱਸਲੁ | ਪ੍ਰਕਾਸ਼ ਦੀ ਪੋਥੀ | ਪ੍ਰਕਾਸ਼ |

| | | | |
|---|---|---|---|
| 2 ਥੱਸਲੁਨੀਕੀਆਂ | 2 ਥੱਸਲੁ | | |

## ਹੋਰ ਸੰਖੇਪ ਰੂਪ

| | |
|---|---|
| LXX (ਐਲ. ਐਕਸ. ਐਕਸ.) | ਸੈਪਟੂਜਿੰਟ (ਪੁਰਾਣੇ ਨੇਮ ਦਾ ਪ੍ਰਾਚੀਨ ਯੂਨਾਨੀ ਅਨੁਵਾਦ) |
| KJV (ਕੇ. ਜੇ. ਵੀ.) | ਕਿੰਗ ਜੇਮਜ਼ ਵਰਜਨ (ਅਧਿਕਾਰਤ ਅੰਗਰੇਜ਼ੀ ਅਨੁਵਾਦ) |
| NIV (ਐਨ ਆਈ ਵੀ) | ਨਿਊ ਇੰਟਰਨੈਸ਼ਨਲ ਵਰਜਨ (ਅੰਤਰਰਾਸ਼ਟਰੀ ਨਵਾਂ ਅਨੁਵਾਦ) |
| ff. | ਦਿੱਤੀ ਹੋਈ ਆਇਤ ਤੋਂ ਬਾਅਦ ਦੀਆਂ ਦੋ ਜਾਂ ਹੋਰ ਆਇਤਾਂ |
| v. | ਆਇਤ |
| vv. | ਆਇਤਾਂ |

# <u>ਸਮੱਗਰੀ ਦੀ ਸਾਰਣੀ</u>

## *ਕੇਵਲ ਰੋਟੀ ਨਾਲ ਹੀ ਜਿਊਂਦਾ ਨਹੀਂ*


ਅਧਿਆਇ 1: ਬਾਈਬਲ ਦਾ ਸਿਧਾਂਤ 1

ਅਧਿਆਇ 2: ਪਰਮੇਸ਼ਰ ਦਾ ਸਿਧਾਂਤ 15

ਅਧਿਆਇ 3: ਸਵਰਗਦੂਤਾਂ ਦਾ ਸਿਧਾਂਤ 31

ਅਧਿਆਇ 4: ਸ਼ੈਤਾਨ ਦਾ ਸਿਧਾਂਤ 39

ਅਧਿਆਇ 5: ਅਸ਼ੁੱਧ ਆਤਮਾਵਾਂ ਦਾ ਸਿਧਾਂਤ 51

ਅਧਿਆਇ 6: ਮਨੁੱਖ ਦਾ ਸਿਧਾਂਤ 61

ਅਧਿਆਇ 7: ਪਾਪ ਦਾ ਸਿਧਾਂਤ 73

ਅਧਿਆਇ 8: ਮਸੀਹ ਦਾ ਸਿਧਾਂਤ 83

ਅਧਿਆਇ 9: ਮੁਕਤੀ ਦਾ ਸਿਧਾਂਤ

ਭਾਗ 1: ਮੁਕਤੀ ਦਾ ਪ੍ਰਬੰਧ ਕੀਤਾ ਗਿਆ 99

ਭਾਗ 2: ਮੁਕਤੀ ਨੂੰ ਲਾਗੂ ਕੀਤਾ ਗਿਆ 125

ਭਾਗ 3: ਮੁਕਤੀ ਦੇ ਨਤੀਜੇ 170

ਅਧਿਆਇ 10: ਪਵਿੱਤਰ ਆਤਮਾ ਦਾ ਸਿਧਾਂਤ

ਭਾਗ 1: ਪਵਿੱਤਰ ਆਤਮਾ ਦਾ ਸਿਧਾਂਤ 236

ਭਾਗ 2: ਪਵਿੱਤਰ ਆਤਮਾ ਦੇ ਵਰਦਾਨ 278

ਅਧਿਆਇ 11: ਕਲੀਸਿਯਾ ਦਾ ਸਿਧਾਂਤ 309

ਅਧਿਆਇ 12: ਅੰਤ ਦੇ ਸਮੇਂ ਦਾ ਸਿਧਾਂਤ 375

ਅਧਿਆਇ 1

# ਬਾਈਬਲ ਦਾ ਸਿਧਾਂਤ

## ਰੂਪ-ਰੇਖਾ


I. ਜਾਣ-ਪਛਾਣ **2**

A. ਬਾਈਬਲ ਦਾ ਸਿਧਾਂਤ ਅਤੇ ਮਸੀਹੀ ਪ੍ਰਮਾਣ ਵਿਚਕਾਰ ਅੰਤਰ

B. ਬਾਈਬਲ ਦੇ ਕਦੇ ਗ਼ਲਤ ਨਾ ਹੋਣ ਨੂੰ ਸਥਾਪਿਤ ਕਰਨ ਦਾ ਪ੍ਰਮਾਣਿਕ ਢੰਗ

1. ਬਾਈਬਲ ਦੀ ਭਰੋਸੇਯੋਗਤਾ
2. ਮਸੀਹ ਦੀ ਭਰੋਸੇਯੋਗਤਾ
3. ਬਾਈਬਲ ਦੀ ਪਰਮੇਸ਼ਰ ਤੋਂ ਸ਼ੁਰੂਆਤ

II. ਪ੍ਰਕਾਸ਼ਨ

A. ਪਰਿਭਾਸ਼ਾ

B. ਪ੍ਰਕਾਸ਼ਨ ਅਤੇ ਪ੍ਰੇਰਨਾ ਵਿਚਕਾਰ ਅੰਤਰ

C. ਪ੍ਰਕਾਸ਼ਨ ਦੀਆਂ ਕਿਸਮਾਂ

1. ਕੁਦਰਤੀ ਜਾਂ ਆਮ ਪ੍ਰਕਾਸ਼ਨ
2. ਖ਼ਾਸ ਪ੍ਰਕਾਸ਼ਨ
   a. ਪਰਮੇਸ਼ਰ ਦਾ ਦਰਸ਼ਨ
   b. ਸੁਣਾਈ ਦੇਣ ਵਾਲਾ ਵਚਨ
   c. ਦਿਖਾਈ ਦੇਣ ਵਾਲੇ ਚਮਤਕਾਰ, ਚਿੰਨ੍ਹ, ਅਚੰਭੇ ਕੰਮ
   d. ਸੰਦੇਸ਼ ਦੇਣ ਵਾਲੇ ਸਵਰਗਦੂਤ
   e. ਪਰਚੀਆਂ ਪਾਉਣਾ
   f. ਊਰੀਮ ਅਤੇ ਤੁੰਮੀਮ
   g. ਸੁਪਨੇ
   h. ਦਰਸ਼ਨ
   i. ਇਸਰਾਏਲ ਦਾ ਇਤਿਹਾਸ
   j. ਪ੍ਰਭੂ ਯਿਸੂ ਮਸੀਹ ਦਾ ਜੀਵਨ ਅਤੇ ਮੌਖਿਕ ਸਿੱਖਿਆਵਾਂ
   k. ਪੁਰਾਣਾ ਨੇਮ ਅਤੇ ਨਵਾਂ ਨੇਮ

D. ਲਿਖਤੀ ਪ੍ਰਕਾਸ਼ਨ **3**

1. ਪ੍ਰਗਤੀਸ਼ੀਲ
2. ਵਿਸਤ੍ਰਿਤ ਨਹੀਂ
3. ਸਰਲ
4. ਪਰਮੇਸ਼ਰ ਦੁਆਰਾ ਮਨੁੱਖਾਂ ਨੂੰ ਦਿੱਤਾ ਗਿਆ ਖ਼ਾਸ ਪ੍ਰਕਾਸ਼ਨ

III. ਪ੍ਰੇਰਨਾ

A. ਪਰਿਭਾਸ਼ਾ

B. ਪ੍ਰੇਰਨਾ ਬਾਰੇ ਵਿਚਾਰ

1. ਕੁਝ ਗ਼ਲਤ ਵਿਚਾਰ
   a. ਬੋਲ ਕੇ ਲਿਖਾਉਣਾ
   b. ਸੰਕਲਪੀ
   c. ਅੰਸ਼ਕ
   d. ਕੁਦਰਤੀ
2. ਸਹੀ ਵਿਚਾਰ (ਦੋਹਰੀ-ਲੇਖਕਤਾ)

C. ਬਾਈਬਲ ਬਾਰੇ ਪੁਰਾਣੇ ਨੇਮ ਦਾ ਸਿਧਾਂਤ **4**

1. ਮੁੱਖ ਵਾਕਾਂਸ਼
2. ਬਿਵਸਥਾ ਅਤੇ ਨਬੀਆਂ ਦੇ ਬਿਆਨ
3. ਕਾਵਿਕ ਪੁਸਤਕਾਂ ਦੇ ਬਿਆਨ

D. ਨਵੇਂ ਨੇਮ ਦਾ ਪੁਰਾਣੇ ਨੇਮ ਨਾਲ ਸਮਾਨਤਾ ਦਾ ਦਾਅਵਾ **5**

1. ਨਵੇਂ ਨੇਮ ਦੇ ਲੇਖਕਾਂ ਨੇ ਵੀ ਪੁਰਾਣੇ ਦੇ ਲੇਖਕਾਂ ਵਾਂਗ ਹੀ ਅਨੁਭਵ ਕੀਤਾ
2. ਨਵਾਂ ਨੇਮ ਆਪਣੇ ਆਪ ਨੂੰ ਵਚਨ ਆਖਦਾ ਹੈ
   a. ਪਤਰਸ ਦੀ ਲਿਖਤ
   b. ਪੌਲੁਸ ਦੀ ਲਿਖਤ

E. ਵਚਨ ਬਾਰੇ ਨਵੇਂ ਨੇਮ ਦਾ ਸਿਧਾਂਤ

1. ਪ੍ਰਭੂ ਯਿਸੂ ਦਾ ਦ੍ਰਿਸ਼ਟੀਕੋਣ
   a. ਕੋਈ ਵੇਰਵਾ ਨਹੀਂ ਬਦਲਿਆ ਗਿਆ
   b. ਸੱਚਾਈ ਵਿੱਚ ਬਹੁਤ ਦਿਲਚਸਪੀ
   c. ਅਚੂਕਤਾ
2. ਪਵਿੱਤਰ-ਗ੍ਰੰਥ ਬਾਰੇ ਰਸੂਲਾਂ ਦਾ ਦ੍ਰਿਸ਼ਟੀਕੋਣ **7**

IV. ਪ੍ਰਕਾਸ਼ਮਾਨ ਕਰਨਾ **8**

V. ਕੈਨਨ

A. ਪੁਰਾਣੇ ਨੇਮ ਦਾ ਕੈਨਨ

B. ਨਵੇਂ ਨੇਮ ਦਾ ਕੈਨਨ **9**

VI. ਬਾਈਬਲ ਦੀਆਂ ਮੂਲ-ਲਿਖਤਾਂ **10**

VII. ਬਾਈਬਲ ਦਾ ਸਿਧਾਂਤ ਅਤੇ ਜਾਰੀ ਰਹਿਣ ਵਾਲਾ ਪ੍ਰਕਾਸ਼ਨ

A. ਕਲੀਸਿਯਾ ਦੇ ਲਈ ਅਧਿਕਾਰ ਦਾ ਆਧਾਰ

B. ਕਲੀਸਿਯਾ ਦੇ ਲਈ ਵਰਤਮਾਨ ਅਧਿਕਾਰ **11**

C. ਕੁਝ ਹੋਰ ਵਿਚਾਰ

VIII. ਬਾਈਬਲ ਦਾ ਸਿਧਾਂਤ ਅਤੇ ਕਲੀਸਿਯਾ ਦਾ ਇਤਿਹਾਸ

# ਬਾਈਬਲ ਦਾ ਸਿਧਾਂਤ

## I. ਜਾਣ-ਪਛਾਣ

### A. ਬਾਈਬਲ ਦਾ ਸਿਧਾਂਤ ਅਤੇ ਮਸੀਹੀ ਪ੍ਰਮਾਣ ਵਿਚਕਾਰ ਅੰਤਰ

ਬਾਈਬਲ ਦੇ ਸਿਧਾਂਤ ਅਤੇ ਮਸੀਹੀ ਪ੍ਰਮਾਣ ਅਧਿਐਨ ਵਿਚਕਾਰ ਅੰਤਰ ਨੂੰ ਸਮਝਣਾ ਜ਼ਰੂਰੀ ਹੈ। ਅਧਿਐਨ ਦੇ ਵੱਖ-ਵੱਖ ਖੇਤਰਾਂ ਤੋਂ ਤੱਥਾਂ ਦੁਆਰਾ ਬਾਈਬਲ ਦੇ ਭਰੋਸੇਯੋਗ ਅਤੇ ਵਿਸ਼ਵਾਸਯੋਗ ਹੋਣ ਨੂੰ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ। ਇਹ ਮਸੀਹੀ ਪ੍ਰਮਾਣ ਜਾਂ ਮਸੀਹੀ ਸਿਧਾਂਤ ਰੱਖਿਆ ਅਧਿਐਨ ਦਾ ਉਦੇਸ਼ ਹੈ। ਇਸ ਦੇ ਉਲਟ, ਬਾਈਬਲ ਦਾ ਸਿਧਾਂਤ ਓਥੋਂ ਸ਼ੁਰੂ ਹੁੰਦਾ ਹੈ ਜਿੱਥੇ ਮਸੀਹੀ ਰੱਖਿਆ ਅਧਿਐਨ ਖ਼ਤਮ ਹੁੰਦਾ ਹੈ। ਇਸ ਵਿੱਚ ਇੱਕ ਵਿਦਿਆਰਥੀ ਇਸ ਸਿੱਟੇ ਦੇ ਨਾਲ ਆਪਣਾ ਅਧਿਐਨ ਸ਼ੁਰੂ ਕਰਦਾ ਹੈ ਕਿ ਬਾਈਬਲ ਭਰੋਸੇਯੋਗ ਹੈ। ਇਸ ਤੋਂ ਬਾਅਦ, ਉਹ ਬਾਈਬਲ ਦੀ ਸ਼ੁਰੂਆਤ ਅਤੇ ਇਸ ਦੇ ਰੂਪ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਵਿੱਚੋ ਖੋਜ ਕਰਦਾ ਹੈ। ਬਾਈਬਲ ਦੇ ਸਿਧਾਂਤ ਦਾ ਉਦੇਸ਼ ਬਾਬਲ ਦੀ ਪੁਸ਼ਟੀ ਕਰਨਾ ਨਹੀਂ ਹੈ, ਪਰ ਬਾਈਬਲ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਨੂੰ ਵਿਕਸਤ ਕਰਨਾ ਹੈ। ਜਿਹੜੇ ਲੋਕ ਇਸ ਅਧਿਐਨ ਸਮੱਗਰੀ ਉੱਤੇ ਅਜਿਹਾ ਦੋਸ਼ ਲਗਾਉਂਦੇ ਹਨ ਕਿ ਇਸ ਦਾ ਤਰਕ ਠੀਕ ਨਹੀਂ ਹੈ ਕਿਉਂਕਿ ਬਾਈਬਲ ਨੂੰ ਪ੍ਰਮਾਣਿਤ ਕਰਨ ਦੇ ਲਈ ਬਾਈਬਲ ਦਾ ਹੀ ਇਸਤੇਮਾਲ ਕੀਤਾ ਗਿਆ ਹੈ, ਉਹ ਕੱਟੜ ਬਾਈਬਲ ਵਿਦਵਾਨਾਂ ਦੀ ਪੂਰੀ ਵਿਧੀ ਨੂੰ ਨਹੀਂ ਸਮਝਦੇ ਹਨ। ਬਾਈਬਲ ਦੇ ਕਦੇ ਵੀ ਗ਼ਲਤ ਨਾ ਹੋਣ ਨੂੰ ਸਥਾਪਿਤ ਕਰਨ ਦੇ ਪ੍ਰਮਾਣਿਕ ਢੰਗ ਦੀ ਸੰਖੇਪ ਵਿਆਖਿਆ ਹੇਠਾਂ ਹੈ।

### B. ਬਾਈਬਲ ਦੇ ਕਦੇ ਗ਼ਲਤ ਨਾ ਹੋਣ ਨੂੰ ਸਥਾਪਿਤ ਕਰਨ ਦਾ ਪ੍ਰਮਾਣਿਕ ਢੰਗ:

1. ਬਾਈਬਲ ਉਹਨਾਂ ਸਾਰੇ ਖੇਤਰਾਂ ਵਿੱਚ ਵਿਸ਼ਵਾਸਯੋਗ ਅਤੇ ਭਰੋਸੇਯੋਗ ਹੈ ਜਿਹਨਾਂ ਵਿੱਚ ਇਸ ਨੂੰ ਪਰਖਿਆ ਜਾ ਸਕਦਾ ਹੈ (ਇਹ ਮਸੀਹੀ ਪ੍ਰਮਾਣ ਅਧਿਐਨ ਇਸ ਉੱਤੇ ਕੰਮ ਕਰਦਾ ਹੈ)।
2. ਇਸ ਭਰੋਸੇਯੋਗ ਦਸਤਾਵੇਜ਼ ਦੇ ਆਧਾਰ ਉੱਤੇ, ਸਾਨੂੰ ਪ੍ਰਭੂ ਯਿਸੂ ਮਸੀਹ ਅਤੇ ਉਹਨਾਂ ਦੇ ਪ੍ਰਵਾਨਿਤ ਆਗੂਆਂ ਦੁਆਰਾ ਬਾਈਬਲ ਬਾਰੇ ਸਿੱਖਿਆਵਾਂ ਉੱਤੇ ਭਰੋਸਾ ਕਰਨਾ ਚਾਹੀਦਾ ਹੈ।

ਜ਼ਿਆਦਾਤਰ ਅਧਿਆਤਮਿਕ ਵਿਸ਼ਿਆਂ ਨੂੰ ਯਿਸੂ ਮਸੀਹ ਦੇ ਅਧਿਕਾਰ ਦੇ ਆਧਾਰ ਉੱਤੇ ਵਿਸ਼ਵਾਸ ਨਾਲ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿਉਂਕਿ ਉਹਨਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ ਹੈ (ਸਾਰੇ ਅਧਿਆਤਮਿਕ ਅਧਿਐਨ ਦਾ ਇਹੀ ਆਧਾਰ ਹੈ)।

3. ਯਿਸੂ ਮਸੀਹ, ਰਸੂਲ, ਅਤੇ ਨਬੀ ਇਹ ਸਿਖਾਉਂਦੇ ਹਨ ਕਿ ਵਚਨ ਪਰਮੇਸ਼ਰ ਤੋਂ ਹੈ ਅਤੇ ਇਸ ਵਿੱਚ ਕੋਈ ਗ਼ਲਤੀ ਨਹੀਂ ਹੈ (ਇਹ ਬਾਈਬਲ ਦੇ ਸਿਧਾਂਤ ਦਾ ਖੇਤਰ ਹੈ)

## II. ਪ੍ਰਕਾਸ਼ਨ

### A. ਪਰਿਭਾਸ਼ਾ

ਪ੍ਰਕਾਸ਼ਨ ਪਰਮੇਸ਼ਰ ਦੇ ਵੱਲੋਂ ਮਨੁੱਖ ਦੇ ਲਈ ਸੱਚ ਦਾ ਸੰਚਾਰ ਹੈ।

### B. ਪ੍ਰਕਾਸ਼ਨ ਅਤੇ ਪ੍ਰੇਰਨਾ ਵਿਚਕਾਰ ਅੰਤਰ

ਪ੍ਰਕਾਸ਼ਨ, ਪ੍ਰੇਰਨਾ ਦੀ ਤਰ੍ਹਾਂ ਨਹੀਂ ਹੈ। ਪ੍ਰਕਾਸ਼ਨ ਉਦੋਂ ਮਿਲਿਆ ਸੀ ਜਦੋਂ ਪਰਮੇਸ਼ਰ ਨੇ ਮਨੁੱਖਾਂ ਨੂੰ, ਖ਼ਾਸ ਤੌਰ ਤੇ ਨਬੀਆਂ ਅਤੇ ਰਸੂਲਾਂ ਨੂੰ ਸੱਚ ਪ੍ਰਦਾਨ ਕੀਤਾ ਸੀ। ਪ੍ਰੇਰਨਾ ਉਦੋਂ ਮਿਲੀ ਸੀ, ਜਦੋਂ ਪਰਮੇਸ਼ਰ ਨੇ ਇਹ ਨਿਸ਼ਚਿਤ ਕੀਤਾ ਕਿ ਪ੍ਰਕਾਸ਼ਨ ਨੂੰ ਇੱਕ ਸਹੀ ਢੰਗ ਨਾਲ ਲਿਖਿਆ ਜਾਵੇ ਕਿ ਦੂਜੇ ਲੋਕਾਂ ਨੂੰ ਵੀ ਇਸ ਤੋਂ ਲਾਭ ਮਿਲੇ।

### C. ਪ੍ਰਕਾਸ਼ਨ ਦੀਆਂ ਕਿਸਮਾਂ

1. ਕੁਦਰਤੀ ਜਾਂ ਆਮ ਪ੍ਰਕਾਸ਼ਨ ਉਹ ਸੱਚ ਹੁੰਦਾ ਹੈ ਜੋ ਸ੍ਰਿਸ਼ਟੀ ਜਾਂ ਵਿਵੇਕ ਦੇ ਦੁਆਰਾ ਸਾਰੇ ਲੋਕਾਂ ਨੂੰ ਹਰ ਸਮੇਂ ਦਿੱਤਾ ਜਾਂਦਾ ਹੈ (ਅੱਯੂਬ 12:7-9; ਜ਼ਬੂਰ 19:1-3; ਯੂਹੰਨਾ 1:4; ਰਸੂਲਾਂ 14:15-17; 17:24-28; ਰੋਮੀ 1:19-20; 2:14-15; 2 ਪਤਰਸ 3:5)।

> ਅਕਾਸ਼ ਪਰਮੇਸ਼ਰ ਦੀ ਮਹਿਮਾ ਦਾ ਵਰਣਨ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ। ਦਿਨ, ਦਿਨ ਨਾਲ ਬੋਲੀ ਬੋਲਦਾ ਹੈ, ਅਤੇ ਰਾਤ, ਰਾਤ ਨੂੰ ਗਿਆਨ ਦੱਸਦੀ ਹੈ। ਉਨ੍ਹਾਂ ਦੀ ਨਾ ਕੋਈ ਬੋਲੀ ਨਾ ਕੋਈ ਸ਼ਬਦ ਹਨ, ਨਾ ਉਨ੍ਹਾਂ ਦੀ ਅਵਾਜ਼ ਸੁਣੀਦੀ ਹੈ। [ਜ਼ਬੂਰ 19:1-3]
>
> ਕਿਉਂ ਜੋ ਪਰਮੇਸ਼ਰ ਦੇ ਬਾਰੇ ਜੋ ਕੁਝ ਪਤਾ ਲੱਗ ਸਕਦਾ ਹੈ ਸੋ ਉਨ੍ਹਾਂ ਦੇ ਮਨਾਂ ਵਿੱਚ ਪ੍ਰਗਟ ਹੈ, ਇਸ ਲਈ ਜੋ ਪਰਮੇਸ਼ਰ ਨੇ ਉਨ੍ਹਾਂ ਉੱਤੇ ਉਸ ਨੂੰ ਪ੍ਰਗਟ ਕੀਤਾ। ਕਿਉਂ ਜੋ ਜਗਤ ਦੇ ਉਤਪਤ ਹੋਣ ਤੋਂ ਉਹ ਦੇ ਅਣ-ਦੇਖੇ ਗੁਣ ਅਰਥਾਤ ਉਸ ਦੀ ਸਦੀਪਕ ਸਮਰੱਥਾ ਅਤੇ ਪਰਮੇਸ਼ਰਤਾਈ ਉਸ ਦੀ ਰਚਨਾ ਤੋਂ ਚੰਗੀ ਤਰ੍ਹਾਂ ਦਿੱਸ ਪੈਂਦੀ ਹੈ, ਇਸ ਕਰਕੇ ਉਨ੍ਹਾਂ ਦੇ ਕੋਲ ਕੋਈ ਬਹਾਨਾ ਨਹੀਂ [ਰੋਮੀ 1:19-20]
>
> ਜਦ ਕਿ ਪਰਾਈਆਂ ਕੌਮਾਂ ਦੇ ਕੋਲ ਬਿਵਸਥਾ ਨਹੀਂ ਹੈ, ਪਰ ਉਹ ਆਪਣੇ ਸੁਭਾਓ ਤੋਂ ਹੀ ਬਿਵਸਥਾ ਦੇ ਕੰਮ ਕਰਦੀਆਂ ਹਨ, ਤਾਂ ਬਿਵਸਥਾ ਦੇ ਨਾ ਹੁੰਦਿਆਂ ਉਹ ਆਪਣੇ ਆਪ ਲਈ ਆਪ ਹੀ ਬਿਵਸਥਾ ਹਨ। ਸੋ ਉਹ ਬਿਵਸਥਾ ਦੇ ਕੰਮ ਆਪਣੇ ਹਿਰਦਿਆਂ ਵਿੱਚ ਲਿਖਿਆ ਹੋਇਆ ਵਿਖਾਉਂਦੀਆਂ ਹਨ, ਨਾਲੇ ਉਨ੍ਹਾਂ ਦਾ ਵਿਵੇਕ ਇਸ ਦੀ ਗਵਾਹੀ ਦਿੰਦਾ ਹੈ ਅਤੇ ਉਨ੍ਹਾਂ ਦੇ ਖ਼ਿਆਲ ਉਨ੍ਹਾਂ ਨੂੰ ਆਪੋ ਵਿੱਚੀ ਦੋਸ਼ੀ ਤੇ ਨਿਰਦੋਸ਼ੀ ਠਹਿਰਾਉਂਦੇ ਹਨ [ਰੋਮੀ 2:14-15]

2. ਖ਼ਾਸ ਪ੍ਰਕਾਸ਼ਨ ਉਦੋਂ ਹੁੰਦਾ ਹੈ ਜਦੋਂ ਪਰਮੇਸ਼ਰ ਕਿਸੇ ਵਿਅਕਤੀ

ਜਾਂ ਸੀਮਿਤ ਸਮੂਹ ਦੇ ਲਈ ਇੱਕ ਖ਼ਾਸ ਸੰਦੇਸ਼ ਦਿੰਦੇ ਹਨ। ਖ਼ਾਸ ਪ੍ਰਕਾਸ਼ਨ ਦੀਆਂ ਕੁਝ ਕਿਸਮਾਂ ਹੇਠਾਂ ਦਿੱਤੀਆਂ ਹਨ:

a. ਪਰਮੇਸ਼ਰ ਦਾ ਦਰਸ਼ਨ/ਥੀਓਫੈਨੀ (ਪਰਮੇਸ਼ਰ ਦਾ ਧਰਤੀ ਉੱਤੇ ਪ੍ਰਗਟ ਹੋਣਾ, ਜਿਵੇਂ ਕਿ ਯਹੋਵਾਹ ਦਾ ਸਵਰਗਦੂਤ)
b. ਸੁਣਾਈ ਦੇਣ ਵਾਲਾ ਵਚਨ
c. ਦਿਖਾਈ ਦੇਣ ਵਾਲੇ ਚਮਤਕਾਰ, ਚਿੰਨ੍ਹ, ਅਚੰਭੇ ਕੰਮ
d. ਸੰਦੇਸ਼ ਦੇਣ ਵਾਲੇ ਸਵਰਗਦੂਤ
e. ਪਰਚੀਆਂ ਪਾਉਣਾ
f. ਊਰੀਮ ਅਤੇ ਤੁੰਮੀਮ (ਇਹਨਾਂ ਨਾਲ ਮਹਾ-ਜਾਜਕ ਪਰਮੇਸ਼ਰ ਦੀ ਇੱਛਾ ਦਾ ਪਤਾ ਲੱਗਾ ਸਕਦੇ ਸਨ)
g. ਸੁਪਨੇ
h. ਦਰਸ਼ਨ
i. ਇਸਰਾਏਲ ਦਾ ਇਤਿਹਾਸ
j. ਪ੍ਰਭੂ ਯਿਸੂ ਮਸੀਹ ਦਾ ਜੀਵਨ ਅਤੇ ਮੌਖਿਕ ਸਿੱਖਿਆਵਾਂ
k. ਪੁਰਾਣਾ ਨੇਮ ਅਤੇ ਨਵਾਂ ਨੇਮ

### D. ਲਿਖਤੀ ਪ੍ਰਕਾਸ਼ਨ (ਬਾਈਬਲ)

ਲਿਖਤੀ ਪ੍ਰਕਾਸ਼ਨ ਖ਼ਾਸ ਪ੍ਰਕਾਸ਼ਨ ਦੀ ਉਪ-ਸ਼੍ਰੇਣੀ ਹੁੰਦਾ ਹੈ।

1. ਲਿਖਤੀ ਪ੍ਰਕਾਸ਼ਨ ਪ੍ਰਗਤੀਸ਼ੀਲ ਸੀ। ਪਰਮੇਸ਼ਰ ਨੇ ਆਪਣੀ ਸੱਚਾਈ ਨੂੰ ਛੋਟੇ-ਛੋਟੇ ਹਿੱਸਿਆਂ ਅਤੇ ਲੰਬੇ ਸਮੇਂ ਵਿੱਚ ਦਿੱਤਾ ਸੀ (ਉਦਾਹਰਣ ਲਈ, ਦਾਨੀ 12:8-9, 13; ਮੱਤੀ 13:17; ਯੂਹੰਨਾ 16:12-13; 1 ਪਤਰਸ 1:10-12)।

2. ਲਿਖਤੀ ਪ੍ਰਕਾਸ਼ਨ ਵਿਸਤ੍ਰਿਤ ਰੂਪ ਵਿੱਚ ਨਹੀਂ ਹੁੰਦਾ ਹੈ (ਬਿਵਸਥਾ 29:29; ਯਸਾ 40:13-14; ਰੋਮੀ 11:33)।

3. ਲਿਖਤੀ ਪ੍ਰਕਾਸ਼ਨ ਨੂੰ ਸਰਲ ਬਣਾਇਆ ਗਿਆ ਹੈ ਤਾਂ ਜੋ ਅਸੀਂ ਪਰਮੇਸ਼ਰ ਬਾਰੇ ਕੁਝ ਸੱਚਾਈਆਂ ਨੂੰ ਸਮਝ ਸਕੀਏ (ਯਸਾ 55:8-9; 1 ਕੁਰਿੰਥ 13:12)।

4. ਬਾਈਬਲ ਇਹ ਦਾਅਵਾ ਕਰਦੀ ਹੈ ਕਿ ਇਹ ਪਰਮੇਸ਼ਰ ਦੁਆਰਾ ਮਨੁੱਖਾਂ ਨੂੰ ਦਿੱਤਾ ਗਿਆ ਖ਼ਾਸ ਪ੍ਰਕਾਸ਼ਨ ਹੈ (ਇਸ ਅਧਿਆਇ ਦੇ ਭਾਗ III ਤੇ C ਅਤੇ D ਤੇ "ਪ੍ਰੇਰਨਾ," ਦੇਖੋ।

## III. ਪ੍ਰੇਰਨਾ

### A. ਪਰਿਭਾਸ਼ਾ

ਪ੍ਰੇਰਨਾ ਪਰਮੇਸ਼ਰ ਦੁਆਰਾ ਵਚਨ ਦੇ ਲਿਖਣ ਦੀ ਨਿਗਰਾਨੀ ਕਰਨਾ ਹੈ ਤਾਂ ਜੋ ਬਾਈਬਲ ਦੀਆਂ ਮੂਲ ਹੱਥ-ਲਿਖਤਾਂ ਗ਼ਲਤੀ ਤੋਂ ਬਿਨਾਂ ਤਿਆਰ ਕੀਤੀਆਂ ਜਾਣ। ਪ੍ਰੇਰਨਾ ਦਾ ਅਰਥ ਹੈ ਕਿ ਬਾਈਬਲ ਵਿੱਚ "ਪਰਮੇਸ਼ਰ ਦਾ ਸਾਹ" ਹੈ, ਉਦਾਹਰਣ ਦੇ ਲਈ, ਇਹ ਪਰਮੇਸ਼ਰ ਦਾ ਕੰਮ, ਪਰਮੇਸ਼ਰ ਦੀ ਰਚਨਾ, ਅਤੇ ਪਰਮੇਸ਼ਰ ਦੀ ਉਪਜ ਹੈ। ਅਚੂਕ ਹੋਣ ਦਾ ਅਰਥ ਹੈ ਕਿ ਪਰਮੇਸ਼ਰ ਦੇ ਸੱਚ ਦਾ ਇੱਕ ਕੰਮ ਹੁੰਦੇ ਹੋਏ, ਬਾਈਬਲ ਦੇ ਤੱਥਾਂ ਦੀ ਅਸਲੀਅਤ ਵਿੱਚ ਕੋਈ ਗ਼ਲਤੀ ਨਹੀਂ ਹੈ। ਬਾਈਬਲ ਦਾ ਕਦੀ ਵੀ ਗ਼ਲਤੀ ਨਾ ਕਰਨਾ ਬਾਈਬਲ ਦੇ ਅਚੂਕ ਹੋਣ ਨੂੰ ਪ੍ਰਮਾਣਿਤ ਕਰਦਾ ਹੈ, ਪਰ ਇਸ ਦਾ ਜ਼ੋਰ ਸਿਰਫ਼ ਤੱਥਾਂ ਦੀ ਅਸਲੀਅਤ ਉੱਤੇ ਹੀ ਨਹੀਂ, ਪਰ ਇਸ ਦੀ ਵਿਵਹਾਰਿਕ ਭਰੋਸੇਯੋਗਤਾ ਉੱਤੇ ਵੀ ਹੈ। ਬਾਈਬਲ ਦੇ ਸਿਰਫ਼ ਤੱਥ ਹੀ ਸੱਚੇ ਨਹੀਂ ਹਨ, ਪਰ ਇਸ ਦੇ ਵਾਅਦੇ ਵੀ ਪੂਰੀ ਤਰ੍ਹਾਂ ਭਰੋਸੇਯੋਗ ਹਨ। ਉਹ ਸਾਨੂੰ ਕਦੇ ਵੀ ਨਿਰਾਸ਼ ਨਹੀਂ ਕਰਨਗੇ।

### B. ਪ੍ਰੇਰਨਾ ਬਾਰੇ ਵਿਚਾਰ

ਬਾਈਬਲ ਬਾਰੇ ਪੂਰੀ ਅਤੇ ਸਹੀ ਸਮਝ ਪ੍ਰਾਪਤ ਕਰਨ ਦੇ ਲਈ, ਇਹ ਜ਼ਰੂਰੀ ਹੈ ਕਿ ਪ੍ਰੇਰਨਾ ਦੇ ਬਾਰੇ ਗ਼ਲਤ ਵਿਚਾਰਾਂ ਨੂੰ ਪਛਾਣਿਆ ਜਾਵੇ ਅਤੇ ਉਹਨਾਂ ਤੋਂ ਬਚਿਆ ਜਾਵੇ, ਅਤੇ ਇਹ ਕਿ ਪ੍ਰੇਰਨਾ ਦੇ ਸਹੀ ਵਿਚਾਰ ਨੂੰ ਸਮਝ ਲਿਆ ਜਾਵੇ।

1. ਹੇਠਾਂ ਬਾਈਬਲ ਦੀ ਪ੍ਰੇਰਨਾ ਬਾਰੇ ਕੁਝ ਗ਼ਲਤ ਵਿਚਾਰ ਦਿੱਤੇ ਗਏ ਹਨ:

a. ਬੋਲ ਕੇ ਲਿਖਾਉਣ ਦਾ ਵਿਚਾਰ ਇਹ ਦੱਸਦਾ ਹੈ ਕਿ ਪਰਮੇਸ਼ਰ ਨੇ ਮਨੁੱਖਾਂ ਨੂੰ ਬਾਈਬਲ ਦਾ ਹਰੇਕ ਸ਼ਬਦ ਬੋਲ ਕੇ ਲਿਖਾਇਆ ਅਤੇ ਮਨੁੱਖਾਂ ਨੇ ਸਿਰਫ਼ ਉਹਨਾਂ ਸ਼ਬਦਾਂ ਨੂੰ ਲਿਖ ਦਿੱਤਾ।

b. ਸੰਕਲਪੀ ਵਿਚਾਰ ਇਹ ਦੱਸਦਾ ਹੈ ਕਿ ਪਰਮੇਸ਼ਰ ਨੇ ਮਨੁੱਖਾਂ ਨੂੰ ਵਿਚਾਰ ਦਿੱਤੇ ਅਤੇ ਉਹਨਾਂ ਮਨੁੱਖਾਂ ਨੇ ਆਪਣੀਆਂ ਯੋਗਤਾਵਾਂ ਨਾਲ ਇਹਨਾਂ ਨੂੰ ਲਿਖਿਆ।

c. ਅੰਸ਼ਕ ਪ੍ਰੇਰਨਾ ਦਾ ਵਿਚਾਰ ਦੱਸਦਾ ਹੈ ਕਿ ਬਾਈਬਲ ਧਾਰਮਿਕ ਅਤੇ ਆਤਮਿਕ ਮਾਮਲਿਆਂ ਵਿੱਚ ਤਾਂ ਪ੍ਰੇਰਿਤ ਹੈ, ਪਰ ਸੰਸਾਰਿਕ ਮਾਮਲਿਆਂ ਵਿੱਚ ਇਹ ਗ਼ਲਤ ਹੋ ਸਕਦੀ ਹੈ।

d. ਕੁਦਰਤੀ ਪ੍ਰੇਰਨਾ ਦਾ ਵਿਚਾਰ ਇਹ ਮੰਨਦਾ ਹੈ ਕਿ ਬਾਈਬਲ ਇੱਕ ਕੁਦਰਤੀ ਉਤਸ਼ਾਹ ਜਾਂ ਯੋਗਤਾ ਦੇ ਨਤੀਜੇ ਵਜੋਂ ਲਿਖੀ ਗਈ ਹੈ, ਉਵੇਂ ਹੀ ਜਿਵੇਂ ਇੱਕ ਸੰਗੀਤਕਾਰ ਜਾਂ ਕਵੀ ਅਨੁਭਵ ਕਰਦਾ ਹੈ।

2. ਸਹੀ ਵਿਚਾਰ (ਦੋਹਰੀ-ਲੇਖਕਤਾ) ਇਹ ਹੈ ਕਿ ਬਾਈਬਲ ਮਨੁੱਖੀ ਅਤੇ ਪਰਮੇਸ਼ਰੀ ਲੇਖਕ ਦਾ ਸੁਮੇਲ ਹੈ। ਪਰਮੇਸ਼ਰ ਨੇ ਵਿਸ਼ੇ ਦੀ ਸਮੱਗਰੀ ਨੂੰ ਪ੍ਰਗਟ ਕੀਤਾ ਅਤੇ ਇਸ ਦੇ ਲਿਖੇ ਜਾਣ ਦੀ ਨਿਗਰਾਨੀ ਕੀਤੀ ਕਿ ਇਸ ਵਿੱਚ ਕੋਈ ਗ਼ਲਤੀ ਨਾ ਹੋਵੇ। ਫਿਰ ਵੀ, ਪਰਮੇਸ਼ਰ ਨੇ ਮਨੁੱਖੀ ਲੇਖਕਾਂ ਨੂੰ ਆਪਣੀ ਸ਼ਬਦਾਵਲੀ, ਮੁਹਾਵਰੇ, ਅਤੇ ਤਰਕ ਦੀ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਸੀ। ਦੋਹਰੀ-ਲੇਖਕਤਾ ਦਾ ਨਤੀਜਾ ਇਹ ਹੋਇਆ, ਕਿ ਹਾਲਾਂਕਿ ਹਰੇਕ ਲੇਖਕ ਕੇ ਆਪਣੀ ਖ਼ਾਸ ਸ਼ੈਲੀ ਵਿੱਚ ਲਿਖਿਆ ਸੀ, ਫਿਰ ਵੀ ਅੰਤ ਵਿੱਚ ਤਿਆਰ ਹੋਇਆ ਲੇਖ ਉਹੀ ਕਹਿ ਰਿਹਾ ਸੀ ਜੋ ਪਰਮੇਸ਼ਰ ਕਹਿਣਾ ਚਾਹੁੰਦੇ ਸਨ, ਅਤੇ ਇਹ ਬਿਨਾਂ ਕਿਸੇ ਗ਼ਲਤੀ ਦੇ ਸੀ। ਬਹੁਤ ਸਾਰੇ ਵਚਨ

ਇਹ ਦਾਅਵਾ ਕਰਦੇ ਹਨ ਕਿ ਇੱਕ ਖ਼ਾਸ ਲੇਖ ਨੂੰ ਪਰਮੇਸ਼ਰ ਅਤੇ ਮਨੁੱਖ ਦੋਵਾਂ ਨੇ ਮਿਲ ਕੇ ਲਿਖਿਆ ਹੈ (ਮੱਤੀ 1:22; 2:15; 12:17; 19:4-5; 22:43; ਮਰਕੁਸ 12:36; ਰਸੂਲਾਂ 1:16; 2:16; 3:18; 4:25; 28:25; 1 ਕੁਰਿੰਥ 14:37; 1 ਤਿਮੋਥਿ 4:1; ਇਬ 1:5-13; 2:12-13; 3:7; 4:7; 10:15)।

> "...ਜਿਹੜਾ **ਪਵਿੱਤਰ ਆਤਮਾ** ਨੇ **ਦਾਊਦ ਦੇ ਦੁਆਰਾ** ਕਿਹਾ ਸੀ ..." [ਰਸੂਲਾਂ 1:16]
>
> "...ਇਹ ਉਹ ਗੱਲ ਹੈ ਜਿਹੜੀ **ਯੋਏਲ ਨਬੀ ਨੇ ਕਹੀ ਸੀ**" [ਰਸੂਲਾਂ 2:16]
>
> "...**ਪਰਮੇਸ਼ਰ** ਨੇ ਪਹਿਲਾਂ ਹੀ **ਸਭ ਨਬੀਆਂ ਦੇ ਰਾਹੀਂ** ਇਹ ਦੱਸ ਦਿੱਤਾ ਸੀ..." [ਰਸੂਲਾਂ 3:18]
>
> "...**ਸਾਡੇ ਪੁਰਖੇ**, ਆਪਣੇ ਸੇਵਕ **ਦਾਊਦ ਦੇ ਰਾਹੀਂ ਕਿਹਾ**..." [ਰਸੂਲਾਂ 4:25]
>
> ..."**ਪਵਿੱਤਰ ਆਤਮਾ ਨੇ ਯਸਾਯਾਹ ਨਬੀ ਦੇ ਰਾਹੀਂ** ਤੁਹਾਡੇ ਪੁਰਖਿਆਂ ਦੇ ਬਾਰੇ ਠੀਕ ਹੀ ਕਿਹਾ ਹੈ" [ਰਸੂਲਾਂ 28:25]

### C. ਬਾਈਬਲ ਬਾਰੇ ਪੁਰਾਣੇ ਨੇਮ ਦਾ ਸਿਧਾਂਤ

1. ਮੁੱਖ ਵਾਕਾਂਸ਼ "ਯਹੋਵਾਹ ਐਉਂ ਆਖਦੇ ਹਨ" ਅਤੇ "ਯਹੋਵਾਹ ਦਾ ਵਚਨ ਮੇਰੇ ਕੋਲ ਆਇਆ" ਸ਼ਾਬਦਿਕ ਤੌਰ ਤੇ ਹਜ਼ਾਰਾਂ ਵਾਰ ਵਰਤੇ ਗਏ ਹਨ।

2. ਬਿਵਸਥਾ ਅਤੇ ਨਬੀਆਂ ਦੇ ਬਿਆਨ ਨਾ ਸਿਰਫ਼ ਇਹ ਦਾਅਵਾ ਕਰਦੇ ਹਨ ਕਿ ਪੁਰਾਣਾ ਨੇਮ ਪਰਮੇਸ਼ਰ ਦਾ ਪ੍ਰਕਾਸ਼ਨ ਹੈ, ਪਰ ਇਹ ਵੀ ਕਿ ਪਰਮੇਸ਼ਰ ਨੇ ਬੋਲ ਕੇ ਸ਼ਬਦ ਲਿਖਾਏ ਸਨ ਅਤੇ ਹਰ ਸਮੇਂ ਪਰਮੇਸ਼ਰ ਨੇ ਇਸ ਦੀ ਅਗਵਾਈ ਕੀਤੀ ਸੀ। ਇਹ ਮੌਖਿਕ ਪ੍ਰੇਰਨਾ ਹੈ।

> "ਮੈਂ ਉਹਨਾਂ ਦੇ ਲਈ ਉਨ੍ਹਾਂ ਦੇ ਭਰਾਵਾਂ ਵਿੱਚੋਂ ਤੇਰੇ ਵਰਗਾ ਇੱਕ ਨਬੀ ਖੜ੍ਹਾ ਕਰਾਂਗਾ ਅਤੇ **ਮੈਂ ਆਪਣੇ ਸ਼ਬਦ ਉਸ ਦੇ ਮੂੰਹ ਵਿੱਚ ਪਾਵਾਂਗਾ** ਅਤੇ ਉਹ ਇਹ ਸਾਰੇ ਹੁਕਮ ਜਿਹੜੇ ਮੈਂ ਉਹ ਨੂੰ ਦਿਆਂਗਾ, ਉਹਨਾਂ ਨੂੰ ਦੱਸੇਗਾ" [ਬਿਵਸਥਾ 18:18]
>
> ਅਤੇ ਇਸਰਾਏਲ ਵਿੱਚ ਮੂਸਾ ਵਰਗਾ ਫੇਰ ਕੋਈ ਨਬੀ ਨਹੀਂ ਉੱਠਿਆ ਜਿਸ ਨੂੰ ਯਹੋਵਾਹ ਆਹਮੋ-ਸਾਹਮਣੇ ਜਾਣਦਾ ਸੀ [ਬਿਵਸਥਾ 34:10]
>
> ਇਹ ਦਾਊਦ ਦੇ ਆਖ਼ਰੀ ਵਚਨ ਹਨ। ਦਾਊਦ ਯੱਸੀ ਦੇ ਪੁੱਤਰ ਦਾ ਵਾਕ ਅਤੇ ਉਸ ਮਨੁੱਖ ਦਾ ਵਾਕ ਹੈ, ਜੋ ਉੱਚਾ ਕੀਤਾ ਗਿਆ, ਜੋ ਯਾਕੂਬ ਦੇ ਪਰਮੇਸ਼ਰ ਦਾ ਮਸਹ ਕੀਤਾ ਹੋਇਆ, ਅਤੇ ਇਸਰਾਏਲ ਵਿੱਚ ਰਸੀਲਾ ਕਵੀਸ਼ਰ ਸੀ। **ਯਹੋਵਾਹ ਦਾ ਆਤਮਾ ਮੇਰੇ ਵਿੱਚ ਬੋਲਿਆ, ਅਤੇ ਉਹ ਦਾ ਵਚਨ ਮੇਰੀ ਜੀਭ ਉੱਤੇ ਸੀ**। [2 ਸਮੂ 23:1-2]
>
> ਇਸ ਤਰ੍ਹਾਂ ਯਹੋਵਾਹ ਨੇ ਆਪਣੇ ਤਕੜੇ ਹੱਥ ਨਾਲ ਮੈਨੂੰ ਫੜ੍ਹ ਕੇ, ਇਸ ਪਰਜਾ ਦੇ ਚਾਲ-ਚਲਣ ਤੋਂ **ਮੈਨੂੰ ਇਹ ਆਖ ਕੇ ਖਬਰਦਾਰ ਕੀਤਾ**... [ਯਸਾ 8:11]
>
> ਪਰਮੇਸ਼ਰ ਦੀ ਬਿਵਸਥਾ ਅਤੇ ਚੇਤਾਵਨੀ ਦੀਆਂ ਸਾਖੀਆਂ ਤੋਂ ਸਲਾਹ ਲਓ! ਜੇ ਉਹ ਇਸ ਵਚਨ ਅਨੁਸਾਰ ਨਾ ਆਖਣ ਤਾਂ ਸੱਚ-ਮੁੱਚ ਉਨ੍ਹਾਂ ਲਈ ਪਹੁ ਨਾ ਫਟੇਗੀ। [ਯਸਾ 8:20]
>
> "ਯਹੋਵਾਹ ਆਖਦਾ ਹੈ, ਮੇਰੀ ਵੱਲੋਂ, ਉਹਨਾਂ ਦੇ ਨਾਲ ਮੇਰਾ ਇਹ ਨੇਮ ਹੈ, **ਮੇਰਾ ਆਤਮਾ ਜੋ ਤੇਰੇ ਉੱਤੇ ਹੈ, ਅਤੇ ਮੇਰੇ ਵਚਨ ਜੋ ਮੈਂ ਤੇਰੇ ਮੂੰਹ ਵਿੱਚ ਪਾਏ**, ਉਹ ਤੇਰੇ ਮੂੰਹ ਵਿੱਚੋਂ, ਤੇਰੀ ਅੰਸ ਦੇ ਮੂੰਹ ਵਿੱਚੋਂ, ਸਗੋਂ ਤੇਰੀ ਅੰਸ ਦੀ ਅੰਸ ਦੇ ਮੂੰਹ ਵਿੱਚੋਂ, ਹੁਣ ਤੋਂ ਸਦੀਪਕ ਕਾਲ ਤੱਕ ਕਦੇ ਨਾ ਮੁੱਕਣਗੇ, ਯਹੋਵਾਹ ਦਾ ਵਾਕ ਹੈ। [ਯਸਾ 59:21]
>
> ਤਦ ਯਹੋਵਾਹ ਨੇ ਆਪਣਾ ਹੱਥ ਵਧਾ ਕੇ ਮੇਰੇ ਮੂੰਹ ਨੂੰ ਛੂਹਿਆ, ਅਤੇ ਯਹੋਵਾਹ ਨੇ ਮੈਨੂੰ ਆਖਿਆ, ਵੇਖ ਮੈਂ ਆਪਣੇ ਵਚਨ ਤੇਰੇ ਮੂੰਹ ਵਿੱਚ ਪਾ ਦਿੱਤੇ" [ਯਿਰ 1:9]
>
> **ਤੇਰੀਆਂ ਗੱਲਾਂ** ਮੈਨੂੰ ਲੱਭੀਆਂ ਅਤੇ ਮੈਂ ਉਹਨਾਂ ਨੂੰ ਖਾ ਲਿਆ, **ਤੇਰੀਆਂ ਗੱਲਾਂ** ਮੇਰੇ ਲਈ ਖੁਸ਼ੀ, ਅਤੇ ਮੇਰੇ ਦਿਲ ਦਾ ਅਨੰਦ ਸਨ, ਕਿਉਂ ਜੋ ਮੈਂ ਤੇਰੇ ਨਾਮ ਦਾ ਅਖਵਾਉਂਦਾ ਹਾਂ, ਹੇ ਯਹੋਵਾਹ, ਸੈਨਾਂ ਦੇ ਪਰਮੇਸ਼ਰ। [ਯਿਰ 15:16]
>
> "ਯਹੋਵਾਹ ਇਸਰਾਏਲ ਦਾ ਪਰਮੇਸ਼ਰ ਇਸ ਤਰ੍ਹਾਂ ਆਖਦਾ ਹੈ ਕਿ ਸਾਰੀਆਂ **ਗੱਲਾਂ ਜਿਹੜੀਆਂ ਮੈਂ ਤੈਨੂੰ ਆਖੀਆਂ ਹਨ**, ਪੋਥੀ ਵਿੱਚ ਲਿਖ ਲੈ'" [ਯਿਰ 30:2]
>
> ਫਿਰ ਉਸ ਨੇ ਮੈਨੂੰ ਆਖਿਆ ਕਿ ਹੇ ਮਨੁੱਖ ਦੇ ਪੁੱਤਰ, ਜੋ ਕੁਝ ਤੈਨੂੰ ਮਿਲਿਆ ਹੈ, ਉਸ ਨੂੰ ਖਾ ਲੈ! ਇਸ ਲਪੇਟਵੀਂ ਪੱਤ੍ਰੀ ਨੂੰ ਖਾ ਲੈ ਅਤੇ ਜਾ ਕੇ ਇਸਰਾਏਲ ਦੇ ਘਰਾਣੇ ਨਾਲ ਬੋਲ! ਤਦ ਮੈਂ ਮੂੰਹ ਖੋਲ੍ਹਿਆ ਅਤੇ ਉਹ ਨੇ ਉਹ ਲਪੇਟਵੀਂ ਪੱਤ੍ਰੀ ਮੈਨੂੰ ਖੁਆ ਦਿੱਤੀ। ਫਿਰ ਉਸ ਮੈਨੂੰ ਆਖਿਆ, ਹੇ ਮਨੁੱਖ ਦੇ ਪੁੱਤਰ, ਜੋ ਮੈਂ ਤੈਨੂੰ ਦਿੰਦਾ ਹਾਂ ਤੂੰ ਉਸ ਨੂੰ ਪਚਾ ਲੈ ਅਤੇ ਇਸ ਲਪੇਟਵੀਂ ਪੱਤ੍ਰੀ ਨਾਲ ਆਪਣੀਆਂ ਆਂਦਰਾਂ ਭਰ ਲੈ। ਤਦ ਮੈਂ ਇਹ ਨੂੰ ਖਾਧਾ ਅਤੇ ਇਹ ਮੇਰੇ ਮੂੰਹ ਵਿੱਚ ਸ਼ਹਿਦ ਵਾਂਗੂੰ ਮਿੱਠੀ ਲੱਗੀ ਸੀ। ਉਹ ਨੇ ਮੈਨੂੰ ਆਖਿਆ, ਹੇ ਮਨੁੱਖ ਦੇ ਪੁੱਤਰ, ਤੂੰ ਇਸਰਾਏਲ ਦੇ ਘਰਾਣੇ ਕੋਲ ਜਾ ਅਤੇ **ਮੇਰੀਆਂ ਇਹ ਗੱਲਾਂ** ਉਹਨਾਂ ਨੂੰ ਦੱਸ।" [ਹਿਜ਼ਕੀਏਲ 3:1-4]

3. ਕਾਵਿਕ ਪੁਸਤਕਾਂ ਦੇ ਬਿਆਨ ਵੀ ਇਹ ਸਪੱਸ਼ਟ ਕਰਦੇ ਹਨ ਕਿ ਵਚਨ ਸੰਪੂਰਨ, ਸ਼ੁੱਧ ਅਤੇ ਸੱਚਾ ਹੈ (ਜ਼ਬੂਰ 12:6; 18:30; 19:7-

8; 119:140, 142, 151, 160; ਕਹਾਉਤਾ 30:5)।

**ਯਹੋਵਾਹ ਦੀ ਬਿਵਸਥਾ ਪੂਰੀ ਖਰੀ ਹੈ**, ਉਹ ਜਾਨ ਨੂੰ ਬਹਾਲ ਕਰਦੀ ਹੈ, ਯਹੋਵਾਹ ਦੀ ਸਾਖੀ ਸੱਚੀ ਹੈ, ਉਹ ਭੋਲੇ ਨੂੰ ਬੁੱਧਵਾਨ ਕਰਦੀ ਹੈ। ਯਹੋਵਾਹ ਦੇ ਫ਼ਰਮਾਨ ਸਿੱਧੇ ਹਨ, ਉਹ ਦਿਲ ਨੂੰ ਅਨੰਦ ਕਰਦੇ ਹਨ, ਯਹੋਵਾਹ ਦਾ ਹੁਕਮ ਨਿਰਮਲ ਹੈ, ਉਹ ਅੱਖੀਆਂ ਨੂੰ ਚਾਨਣ ਦਿੰਦਾ ਹੈ [ਜ਼ਬੂਰ 19:7-8]

…ਤੇਰੀ ਬਿਵਸਥਾ **ਸੱਚ** ਹੈ [ਜ਼ਬੂਰ 119:142]

… **ਤੇਰੇ ਸਾਰੇ ਹੁਕਮ ਸੱਚੇ ਹਨ** [ਜ਼ਬੂਰ 119:151]

ਤੇਰੇ ਵਚਨ ਦਾ ਤਾਤ ਪਰਜ **ਸਚਿਆਈ** ਹੈ,ਅਤੇ ਤੇਰੇ ਧਰਮ ਦਾ **ਸਾਰਾ ਨਿਆਂ** ਸਦਾ ਤੱਕ ਹੈ [ਜ਼ਬੂਰ 119:160]

### D. ਨਵੇਂ ਨੇਮ ਦਾ ਪੁਰਾਣੇ ਨੇਮ ਨਾਲ ਸਮਾਨਤਾ ਦਾ ਦਾਅਵਾ

ਮਸੀਹ ਨੇ ਆਪਣੇ ਰਸੂਲਾਂ ਨੂੰ ਇਹ ਸਿਖਾ ਕੇ ਨਵੇਂ ਨੇਮ ਦੀ ਸਿੱਖਿਆ ਨੂੰ ਪਹਿਲਾਂ ਹੀ ਪ੍ਰਮਾਣਿਤ ਕਰ ਦਿੱਤਾ ਸੀ ਕਿ ਪਵਿੱਤਰ ਆਤਮਾ ਆਵੇਗਾ ਅਤੇ ਉਹਨਾਂ ਨੂੰ ਸਾਰੀ ਸੱਚਾਈ ਵਿੱਚ ਅਗਵਾਈ ਕਰੇਗਾ (ਯੂਹੰਨਾ 14:16)। ਇਸ ਤਰ੍ਹਾਂ, ਨਵਾਂ ਨੇਮ ਪੁਰਾਣੇ ਨੇਮ ਜਿੰਨਾ ਹੀ ਪਰਮੇਸ਼ਰ ਦਾ ਵਚਨ ਹੈ।

1. ਨਵੇਂ ਨੇਮ ਦੇ ਲੇਖਕਾਂ ਦੇ ਅਨੁਭਵ ਵੀ ਪੁਰਾਣੇ ਨੇਮ ਦੇ ਲੇਖਕਾਂ ਵਰਗੇ ਹੀ ਸਨ, ਕਿਉਂਕਿ ਜਿੱਥੋਂ ਤੱਕ ਪਵਿੱਤਰ ਆਤਮਾ ਤੋਂ ਪ੍ਰਕਾਸ਼ਨ ਅਤੇ ਮਾਰਗਦਰਸ਼ਨ ਪ੍ਰਾਪਤ ਕਰਨ ਦੀ ਗੱਲ ਸੀ, ਤਾਂ ਨਵੇਂ ਨੇਮ ਦੇ ਲੇਖਕ ਵੀ ਪੁਰਾਣੇ ਨੇਮ ਦੇ ਲੇਖਕਾਂ ਦੇ ਨਾਲ ਬਰਾਬਰ ਦਾ ਅਧਿਕਾਰ ਹੋਣ ਦਾ ਦਾਅਵਾ ਕਰਦੇ ਸਨ (ਯੂਹੰਨਾ 14:26; 15:26-27; 16:12-14; ਰੋਮੀ 16:25-26; 1 ਕੁਰਿੰਥ 2:10, 13; 4:1; 11:23; 14:37; 2 ਕੁਰਿੰਥ 12:7; ਗਲਾਤੀ 1:11-12; ਅਫ਼ਸੀ 3:2-5; ਕੁਲੁੱਸੀ 1:25-26; 1 ਥੱਸਲੁ 2:13; 2 ਥੱਸਲੁ 2:15; 3:6, 14; 1 ਤਿਮੋਥਿ 4:1; 2 ਪਤਰਸ 3:1-2; 1 ਯੂਹੰਨਾ 4:6; ਪ੍ਰਕਾਸ਼ 1:1)।

2. ਨਵਾਂ ਨੇਮ ਆਪਣੇ ਆਪ ਨੂੰ ਵਚਨ ਕਹਿੰਦਾ ਹੈ। ਇਸ ਲਈ, ਵਚਨ ਬਾਰੇ ਸਿਖਾਉਣ ਵਾਲੀਆਂ ਮੁੱਖ ਆਇਤਾਂ ਦੋਵੇਂ ਨੇਮਾਂ ਬਾਰੇ ਗੱਲ ਕਰਦੀਆਂ ਹਨ।

a. 2 ਪਤਰਸ 3:15-16 ਪੌਲੁਸ ਦੀਆਂ ਪੱਤਰੀਆਂ ਨੂੰ "ਵਚਨ" ਕਹਿੰਦਾ ਹੈ।

b. 1 ਤਿਮੋਥਿ 5:18 ਲੂਕਾ 10:7 ਦਾ ਹਵਾਲਾ ਦਿੰਦਾ ਹੈ ਅਤੇ ਇਸ ਨੂੰ "ਵਚਨ" ਕਹਿੰਦਾ ਹੈ।

### E. ਬਾਈਬਲ ਬਾਰੇ ਨਵੇਂ ਨੇਮ ਦਾ ਸਿਧਾਂਤ

1. ਬਾਈਬਲ ਦੇ ਅਧਿਆਤਮਿਕ ਗਿਆਨ ਨੂੰ ਵਿਕਸਤ ਕਰਨ ਦੇ ਲਈ ਪ੍ਰਭੂ ਯਿਸੂ ਦਾ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਨਿਰਣਾਇਕ ਹੋਣਾ ਚਾਹੀਦਾ ਹੈ। ਯਿਸੂ ਨੇ ਪੁਰਾਣੇ ਨੇਮ ਨੂੰ ਅਚੂਕ ਮੰਨਿਆ ਅਤੇ ਉਹਨਾਂ ਨੇ ਨਵੇਂ ਨੇਮ ਦੀਆਂ ਲਿਖਤਾਂ ਨੂੰ ਪੂਰਵ-ਪ੍ਰਮਾਣਿਤ ਕੀਤਾ।

"ਇਹ ਨਾ ਸੋਚੋ ਕਿ ਮੈਂ ਮੂਸਾ ਦੀ ਬਿਵਸਥਾ ਜਾਂ ਨਬੀਆਂ ਦੇ ਉਪਦੇਸ਼ ਨੂੰ ਰੱਦ ਆਇਆ ਹਾਂ; ਮੈਂ ਰੱਦ ਕਰਨ ਨਹੀਂ ਸਗੋਂ ਪੂਰਾ ਕਰਨ ਆਇਆ ਹਾਂ। ਕਿਉਂ ਜੋ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਦੋਂ ਤੱਕ ਅਕਾਸ਼ ਅਤੇ ਧਰਤੀ ਟਲ ਨਾ ਜਾਣ, ਬਿਵਸਥਾ ਵਿੱਚੋਂ **ਇੱਕ ਅੱਖਰ ਜਾਂ ਬਿੰਦੀ ਵੀ** ਨਾ ਟਲੇਗੀ, ਜਦ ਤੱਕ ਸਭ ਕੁਝ ਪੂਰਾ ਨਾ ਹੋਵੇ" [ਮੱਤੀ 5:17- 18]

ਮੱਤੀ 5:17-18 ਇਹ ਸਿਖਾਉਂਦਾ ਹੈ ਕਿ ਮਨੁੱਖ ਕੋਲ ਵਚਨ ਦੇ ਛੋਟੇ ਵੇਰਵੇ ਨੂੰ ਵੀ ਬਦਲਣ ਦਾ ਅਧਿਕਾਰ ਨਹੀਂ ਹੈ। ਇਹ ਕਥਨ ਸਿੱਧੇ ਤੌਰ ਤੇ ਵਚਨ ਦੇ ਅਚੂਕ ਹੋਣ ਬਾਰੇ ਨਹੀਂ ਸਿਖਾਉਂਦਾ ਹੈ, ਪਰ ਇਸ ਦਾ ਅਰਥ ਇਹੀ ਹੈ। ਇਸ ਤਰਕਪੂਰਨ ਵਿਚਾਰ ਦੇ ਬਾਰੇ ਸੋਚੋ:

a. ਪਰਮੇਸ਼ਰ ਇਹ ਨਹੀਂ ਚਾਹੁੰਦੇ ਹਨ ਕਿ ਲਿਖਤੀ ਵਚਨ ਦੀ ਕਿਸੇ ਛੋਟੀ ਜਿਹੀ ਗੱਲ ਨੂੰ ਵੀ ਬਦਲਿਆ ਜਾਵੇ। ਉਹ ਅਜਿਹਾ ਬਿਲਕੁਲ ਵੀ ਨਹੀਂ ਚਾਹੁੰਦੇ ਹਨ ਕਿ ਉਹ ਪੁਰਾਣੇ ਨੇਮ ਦੇ ਕਿਸੇ ਵੀ ਵਚਨ ਨੂੰ ਬਾਹਰ ਕੱਢਣ, ਦੁਬਾਰਾ ਤੋਂ ਬੋਲਣ, ਫਿਰ ਤੋਂ ਸਿਖਾਉਣ, ਇਸ ਵਿੱਚ ਕੋਈ ਬਦਲਾਅ ਕਰਨ, ਅਤੇ ਇਸ ਵਿੱਚ ਕੋਈ "ਸੁਧਾਰ" ਕਰਨ।

b. ਪਰਮੇਸ਼ਰ ਸੱਚਾਈ ਦੇ ਪਰਮੇਸ਼ਰ ਹਨ, ਜਿਹਨਾਂ ਨੂੰ ਸੱਚਾਈ ਵਿੱਚ ਬਹੁਤ ਦਿਲਚਸਪੀ ਹੈ (ਜਿਵੇਂ ਕਿ., ਗਿਣਤੀ 23:19; ਯੂਹੰਨਾ 17:17; ਤੀਤੁਸ 1:2; ਇਬ 6:18)।

c. ਇਸ ਕਾਰਨ, ਵਚਨ ਦੀਆਂ ਛੋਟੀਆਂ-ਛੋਟੀਆਂ ਗੱਲਾਂ ਵੀ ਸੱਚ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਪਰਮੇਸ਼ਰ ਅਧੂਰੇ ਕੰਮ ਨਾਲ ਸੰਤੁਸ਼ਟ ਨਹੀਂ ਹੋ ਸਕਦੇ ਹਨ। ਇਸ ਤੋਂ ਇਲਾਵਾ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੱਤੀ 5:17-18 ਜਾਣਬੁੱਝ ਕੇ ਵਚਨ ਦੇ ਅਚੂਕ ਹੋਣ ਨੂੰ ਦਰਸਾਉਂਦਾ ਹੈ ਕਿਉਂਕਿ ਇਸ ਦਾ ਸਮਾਨਾਂਤਰ ਹਵਾਲਾ ਲੂਕਾ 16:17 ਇਹ ਦਰਸਾਉਂਦਾ ਹੈ ਕਿ ਮਸੀਹ ਇਹਨਾਂ ਸ਼ਬਦਾਂ ਨਾਲ ਬਾਈਬਲ ਦੀ ਅਟੱਲਤਾ ਨੂੰ ਸਿਖਾ ਰਹੇ ਸੀ।

"ਪਰ ਅਕਾਸ਼ ਅਤੇ ਧਰਤੀ ਦਾ ਟਲ ਜਾਣਾ ਬਿਵਸਥਾ ਦੀ **ਇੱਕ ਬਿੰਦੀ** ਦੇ **ਮਿਟ ਜਾਣ** ਨਾਲੋਂ ਅਸਾਨ ਹੈ" [ਲੂਕਾ 16:17]

ਇਹ ਆਇਤ ਬਾਈਬਲ ਦੇ ਅਚੂਕ ਹੋਣ ਦੇ ਵਿਸ਼ੇ ਦੀ ਸ਼ਾਇਦ ਸਭ ਤੋਂ ਵਧੀਆ ਆਇਤ ਹੈ। ਇਹ ਦਰਸਾਉਂਦਾ ਹੈ ਕਿ ਮੱਤੀ 5:17-18 ਬਾਈਬਲ ਦੇ ਅਚੂਕ ਹੋਣ ਬਾਰੇ ਸਿਖਾ ਰਿਹਾ ਹੈ ਅਤੇ ਲੂਕਾ 16:17 ਇਸ ਦੇ ਵਰਗਾ ਹਵਾਲਾ ਹੈ। ਇਸ ਤੋਂ ਇਲਾਵਾ, ਲੂਕਾ 16:17 ਬਾਈਬਲ ਦੇ ਕਦੇ ਗ਼ਲਤ ਨਾ ਹੋਣ ਦਾ ਸਿਰਫ਼ ਸੰਕੇਤ ਹੀ ਨਹੀਂ ਕਰ

ਰਿਹਾ ਹੈ, ਪਰ ਇੱਕ ਸਪੱਸ਼ਟ ਰੂਪ ਵਿੱਚ ਬੋਲ ਰਿਹਾ ਹੈ। ਪ੍ਰਭੂ ਇਹ ਸਿਖਾ ਰਹੇ ਹਨ ਕਿ ਇਹ ਅਸੰਭਵ ਹੈ ਕਿ ਬਾਈਬਲ ਦੀ ਛੋਟੀ ਤੋਂ ਛੋਟੀ ਗੱਲ ਵੀ ਪੂਰੀ ਹੋਏ ਬਿਨਾਂ ਰਹਿ ਜਾਵੇ। ਇਸ ਦਾ ਅਰਥ ਹੈ ਕਿ ਬਾਈਬਲ ਦੀ ਰਚਨਾ ਬਿਨਾਂ ਕਿਸੇ ਗ਼ਲਤੀ ਦੇ ਹੋਈ ਹੈ, ਕਿਉਂਕਿ ਜੇਕਰ ਇਸ ਦਾ ਕੋਈ ਇੱਕ ਭਾਗ ਗ਼ਲਤ ਹੈ, ਤਾਂ ਇਹ ਸਭ ਤੋਂ ਬੁਨਿਆਦੀ ਵਿਸ਼ਿਆਂ ਵਿੱਚ ਅਸਫਲ ਹੋ ਜਾਂਦੀ ਹੈ; ਅਤੇ ਇਹ ਸੱਚਾਈ ਨੂੰ ਦੱਸਣ ਵਿੱਚ ਅਸਫਲ ਹੁੰਦੀ ਹੈ। ਪਰ, ਮਸੀਹ ਕਹਿੰਦੇ ਹਨ ਕਿ ਵਚਨ ਦੀ ਇੱਕ ਬਿੰਦੀ ਦਾ ਵੀ ਟਲਣਾ ਅਸੰਭਵ ਹੈ। ਇਸ ਤੋਂ ਇਲਾਵਾ, ਯੂਨਾਨੀ ਸ਼ਬਦ *ਟਲਣ* ਦਾ ਅਰਥ *ਡਿੱਗਣਾ* ਹੈ। ਇਹ ਆਇਤ ਬਾਈਬਲ ਦੇ ਕਦੇ ਗ਼ਲਤ ਨਾ ਹੋਣ ਨੂੰ ਸਥਾਪਿਤ ਕਰਦੀ ਹੈ। ਕੋਈ ਵੀ ਬਾਈਬਲ ਦੀ ਛੋਟੀ ਤੋਂ ਛੋਟੀ ਗੱਲ ਦੇ ਭਰੋਸੇਮੰਦ ਹੋਣ ਉੱਤੇ ਯਕੀਨ ਕਰ ਸਕਦਾ ਹੈ।

> "...(ਅਤੇ ਵਚਨ ਕਦੇ ਵੀ ਝੂਠਾ ਨਹੀਂ ਹੈ)" [ਯੂਹੰਨਾ 10:35]

ਯਹੂਦੀ ਲਗਾਤਾਰ "ਬਿਵਸਥਾ ਤੋੜਨ" ਜਾਂ "ਸਬਤ ਦੇ ਦਿਨ ਨੂੰ ਤੋੜਨ" ਬਾਰੇ ਗੱਲ ਕਰਦੇ ਸਨ। ਬਿਵਸਥਾ ਨੂੰ ਤੋੜਨਾ ਇਸ ਦੀ ਉਲੰਘਣਾ ਜਾਂ ਇਸ ਨੂੰ ਨਜ਼ਰਅੰਦਾਜ਼ ਕਰਨਾ ਹੈ। ਇਸੇ ਤਰ੍ਹਾਂ, ਜਦੋਂ ਪ੍ਰਭੂ ਯਿਸੂ ਮਸੀਹ ਇਹ ਕਹਿੰਦੇ ਹਨ ਕਿ "ਵਚਨ ਨੂੰ ਤੋੜਿਆ ਨਹੀਂ ਜਾ ਸਕਦਾ," ਤਾਂ ਉਹਨਾਂ ਦੇ ਕਹਿਣ ਦਾ ਅਰਥ ਹੈ ਕਿ ਕੋਈ ਵੀ ਵਚਨ ਦੀਆਂ ਗੱਲਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਹੈ। ਇੱਕ ਵਿਅਕਤੀ ਨੂੰ ਵਚਨ ਦੀਆਂ ਗੱਲਾਂ ਨੂੰ ਇਸ ਤਰ੍ਹਾਂ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਹ ਸਾਰੀਆਂ ਦਲੀਲਾਂ ਨੂੰ ਖ਼ਤਮ ਕਰਨ ਵਾਲੀਆਂ ਹਨ। ਜਦੋਂ ਵਚਨ ਬੋਲਦਾ ਹੈ, ਤਾਂ ਕੋਈ ਅਸਹਿਮਤੀ ਨਹੀਂ ਹੋ ਸਕਦੀ ਹੈ। ਇਸ ਆਇਤ ਦੇ ਸੰਦਰਭ ਵਿੱਚ ਪ੍ਰਭੂ ਯਿਸੂ ਆਪਣੇ ਵਿਰੋਧੀਆਂ ਨਾਲ ਵਾਦ-ਵਿਵਾਦ ਕਰ ਰਹੇ ਹਨ; ਪਰ ਵਚਨ ਦਾ ਹਵਾਲਾ ਦੇਣ ਤੋਂ ਬਾਅਦ ਤੋਂ ਉਹਨਾਂ ਨੇ ਦਲੀਲ ਨੂੰ ਖ਼ਤਮ ਸਮਝਿਆ ਸੀ। ਕਿਉਂਕਿ ਪ੍ਰਭੂ ਨੇ ਵਚਨ ਨਾਲ ਅਸਹਿਮਤੀ ਦੀ ਇਜਾਜ਼ਤ ਨਹੀਂ ਦਿੱਤੀ ਸੀ, ਤਾਂ ਜ਼ਰੂਰੀ ਹੈ ਕਿ ਉਹਨਾਂ ਨੇ ਇਹ ਸਮਝਿਆ ਸੀ ਕਿ ਬਾਈਬਲ ਬਿਨਾਂ ਕਿਸੇ ਗ਼ਲਤੀ ਦੇ ਹੈ। ਜੇਕਰ ਬਾਈਬਲ ਵਿੱਚ ਗ਼ਲਤੀਆਂ ਹੁੰਦੀਆਂ, ਤਾਂ ਇਸ ਦੇ ਕਥਨਾਂ ਵਿੱਚ ਅਸਹਿਮਤੀ ਹੋ ਸਕਦੀ ਹੈ। ਪਰ ਜਿਹੜੀਆਂ ਗੱਲਾਂ ਨੂੰ ਬਾਈਬਲ ਸੱਚਾ ਠਹਿਰਾਉਂਦੀ ਹੈ, ਪ੍ਰਭੂ ਉਹਨਾਂ ਗੱਲਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਅਸਹਿਮਤੀ ਦੀ ਇਜਾਜ਼ਤ ਨਹੀਂ ਦੇਣਗੇ।

> ਤਦ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਹੇ ਬੇਸਮਝੋ ਅਤੇ ਨਬੀਆਂ ਦੇ **ਸਾਰੇ** ਵਚਨਾਂ ਉੱਤੇ ਵਿਸ਼ਵਾਸ ਕਰਨ ਵਿੱਚ ਢਿੱਲਿਓ!" [ਲੂਕਾ 24:25]

ਪ੍ਰਭੂ ਉਸ ਵਿਅਕਤੀ ਨੂੰ ਮੂਰਖ ਕਹਿੰਦੇ ਹਨ ਜੋ ਨਬੀਆਂ ਦੁਆਰਾ ਕਹੀਆਂ ਸਾਰੀਆਂ ਗੱਲਾਂ ਤੇ ਵਿਸ਼ਵਾਸ ਨਹੀਂ ਕਰਦਾ ਹੈ। ਪ੍ਰਭੂ ਦੇ ਲਈ ਇਹ ਸੋਚਣਾ ਸੰਭਵ ਨਹੀਂ ਹੈ ਕਿ ਪੁਰਾਣੇ ਨੇਮ ਦੀ ਕਿਸੇ ਗੱਲ ਦਾ ਇਨਕਾਰ ਕੀਤਾ ਜਾਵੇ। ਜੇਕਰ ਪੁਰਾਣੇ ਨੇਮ ਵਿੱਚ ਗ਼ਲਤੀਆਂ ਹਨ ਤਾਂ ਯਿਸੂ ਦੇ ਬਿਆਨ ਮੂਰਖਤਾ ਵਾਲੇ ਹਨ। ਤਾਂ ਉਹਨਾਂ ਦੇ ਕਹਿਣ ਦਾ ਅਰਥ ਇਹ ਹੋਵੇਗਾ ਕਿ ਲੋਕ ਮੂਰਖ ਹਨ ਕਿਉਂਕਿ ਉਹ ਗ਼ਲਤੀਆਂ ਵਿਸ਼ਵਾਸ ਨਹੀਂ ਕਰਦੇ ਹਨ।

> "...ਤੇਰਾ ਵਚਨ ਸੱਚ ਹੈ" [ਯੂਹੰਨਾ 17:17]

ਪ੍ਰਭੂ ਦੇ ਇਸ ਬਿਆਨ ਤੋਂ ਵੱਧ ਸਪੱਸ਼ਟ ਕੀ ਹੋਵੇਗਾ ਕਿ ਪਰਮੇਸ਼ਰ ਦਾ ਵਚਨ ਸੱਚਾ ਹੈ? ਜੇਕਰ ਇਹ ਸੱਚਾ ਹੈ, ਤਾਂ ਇਹ ਬਿਨਾਂ ਕਿਸੇ ਗ਼ਲਤੀ ਦੇ ਹੈ।

> "**ਦਾਊਦ ਨੇ ਪਵਿੱਤਰ ਆਤਮਾ ਦੀ ਰਾਹੀਂ ਕਿਹਾ,** ਪ੍ਰਭੂ ਨੇ ਮੇਰੇ ਪ੍ਰਭੂ ਨੂੰ ਕਿਹਾ, ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤਕ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰਾਂ ਨਾ ਕਰ ਦੇਵਾਂ।" [ਮਰਕੁਸ 12:36]

(ਮੱਤੀ 22:43-44 ਨੂੰ ਵੀ ਦੇਖੋ)

ਇਸ ਬਿਆਨ ਦੁਆਰਾ ਮਸੀਹ ਨੇ ਇਹ ਸਿਖਾਇਆ ਕਿ ਜਦੋਂ ਦਾਊਦ ਨੇ ਇਸ ਨੂੰ ਲਿਖਿਆ, ਤਾਂ ਪਵਿੱਤਰ ਆਤਮਾ ਰਾਹੀਂ ਉਸ ਦਾ ਮਾਰਗਦਰਸ਼ਨ ਹੋਇਆ ਸੀ।

> ਉਸ ਨੇ ਉੱਤਰ ਦਿੱਤਾ, "ਕੀ ਤੁਸੀਂ ਇਹ ਨਹੀਂ ਪੜ੍ਹਿਆ ਕਿ ਜਿਸ ਨੇ ਉਹਨਾਂ ਨੂੰ ਬਣਾਇਆ **ਉਹ** ਨੇ ਮੁੱਢੋਂ ਉਹਨਾਂ ਨੂੰ ਨਰ ਅਤੇ ਨਾਰੀ **ਬਣਾਇਆ**? ਅਤੇ **ਕਿਹਾ** ਜੋ ਇਸ ਲਈ ਆਦਮੀ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਆਪਣੀ ਪਤਨੀ ਨਾਲ ਮਿਲਿਆ ਰਹੇਗਾ ਅਤੇ ਉਹ ਦੋਵੇਂ ਇੱਕ ਸਰੀਰ ਹੋਣਗੇ।" [ਮੱਤੀ 19:4-5]

ਮਸੀਹ ਨੇ ਕਿਹਾ ਕਿ ਪਰਮੇਸ਼ਰ ਨੇ ਮਨੁੱਖ ਨੂੰ "ਨਰ ਅਤੇ ਨਾਰੀ ਬਣਾਇਆ, ਅਤੇ **[ਪਰਮੇਸ਼ਰ] ਨੇ ਕਿਹਾ,** 'ਇਸ ਲਈ ਆਦਮੀ ਆਪਣੇ ਮਾਤਾ-ਪਿਤਾ ਤੋਂ ਅਲੱਗ ਹੋਵੇਗਾ... ।" ਉਹ ਉਤਪਤ 2:24 ਦਾ ਹਵਾਲਾ ਦੇ ਰਹੇ ਸਨ; ਪਰ ਉਤਪਤ ਦੇ ਸੰਦਰਭ ਵਿੱਚ ਅਜਿਹਾ ਕੋਈ ਸਿੱਧਾ ਸੰਕੇਤ ਨਹੀਂ ਮਿਲਦਾ ਕਿ ਬੋਲਣ ਵਾਲੇ ਪਰਮੇਸ਼ਰ ਹੀ ਹਨ। ਪਾਠਕ ਇਹ ਮੰਨ ਸਕਦਾ ਹੈ ਕਿ ਇਕੱਲੇ ਮੂਸਾ ਨੇ ਉਤਪਤ 2:24 ਨੂੰ ਲਿਖ ਦਿੱਤਾ ਹੋਵੇਗਾ। ਇਸ ਆਇਤ ਦਾ ਭਾਵ ਇਹ ਹੈ ਕਿ ਮਸੀਹ ਨੇ ਪੁਰਾਣੇ ਨੇਮ ਦੇ ਕਿਸੇ ਵੀ ਹਵਾਲੇ ਨੂੰ ਚੁਣਨ ਅਤੇ ਇਹ ਦਾਅਵਾ ਕਰਨ ਦੀ ਆਜ਼ਾਦੀ ਨੂੰ ਮਹਿਸੂਸ ਕੀਤਾ ਕਿ ਪਰਮੇਸ਼ਰ ਨੇ ਹੀ ਉਸ ਨੂੰ ਲਿਖਿਆ ਹੈ।

ਮੱਤੀ 22:29-33 ਵਿੱਚ, ਸਾਦੂਕੀਆਂ ਨਾਲ ਵਿਵਾਦ ਵਿੱਚ ਪ੍ਰਭੂ ਨੇ ਆਪਣੇ ਤਰਕ ਨੂੰ ਸਿਰਫ਼ ਇੱਕ ਹੀ ਕਿਰਿਆ ਕਾਲ ਉੱਤੇ ਬਣਾਇਆ ਸੀ। ਉਹਨਾਂ ਨੇ ਮੂਸਾ ਦੇ ਸਮੇਂ ਵਿੱਚ ਪਰਮੇਸ਼ਰ ਦੇ ਬਿਆਨ ਦੁਆਰਾ ਅਬਰਾਹਾਮ, ਇਸਹਾਕ, ਅਤੇ ਯਾਕੂਬ ਦੀਆਂ ਆਤਮਾਵਾਂ ਦੇ ਜੀਅ

ਉੱਠਣ ਅਤੇ ਅਮਰ ਹੋਣ ਦੀ ਦਲੀਲ ਦਿੱਤੀ ਸੀ, "ਕਿ ਮੈਂ ਅਬਰਾਹਾਮ, ਇਸਹਾਕ, ਅਤੇ ਯਾਕੂਬ ਦਾ ਪਰਮੇਸ਼ਰ ਹਾਂ।" ਜੇਕਰ ਮਰਨ ਤੋਂ ਬਾਅਦ ਇਹਨਾਂ ਪੁਰਖਿਆਂ ਦਾ ਜੀਵਨ ਨਾ ਹੁੰਦਾ, ਤਾਂ ਪਰਮੇਸ਼ਰ ਨੇ ਮੂਸਾ ਨੂੰ ਕਿਹਾ ਹੁੰਦਾ ਕਿ "ਮੈਂ ਅਬਰਾਹਮ, ਇਸਹਾਕ, ਅਤੇ ਯਾਕੂਬ ਦਾ ਪਰਮੇਸ਼ਰ ਸੀ।" ਪ੍ਰਭੂ ਦੇ ਲਈ ਵਚਨ ਦੀ ਛੋਟੀ ਤੋਂ ਛੋਟੀ ਗੱਲ ਮਹੱਤਵਪੂਰਣ ਅਤੇ ਸੱਚੀ ਸੀ।

ਮਸੀਹ ਨੇ ਅਕਸਰ ਅਜਿਹੇ ਵਾਕਾਂਸ਼ਾਂ ਦੀ ਵਰਤੋਂ ਕੀਤੀ ਜੋ ਲਿਖਤੀ ਵਚਨ ਦੇ ਅਧਿਕਾਰਤ ਸੁਭਾਅ ਨੂੰ ਦਰਸਾਉਂਦੇ ਹਨ: "ਇਹ ਲਿਖਿਆ ਹੋਇਆ ਹੈ...," "ਕੀ ਤੁਸੀਂ ਨਹੀਂ ਪੜ੍ਹਿਆ...," "ਤੁਸੀਂ ਵਚਨਾਂ ਨੂੰ ਨਾ ਜਾਣ ਕੇ ਗ਼ਲਤੀ ਕਰਦੇ ਹੋ।"

### 2. ਪਵਿੱਤਰ-ਗ੍ਰੰਥ ਬਾਰੇ ਰਸੂਲਾਂ ਦਾ ਦ੍ਰਿਸ਼ਟੀਕੋਣ

> ਉਹਨਾਂ ਨੂੰ ਪਰਮੇਸ਼ਰ ਦੇ ਆਤਮਾ ਦੇ ਦੁਆਰਾ ਸਾਰਿਆਂ ਉੱਤੇ ਪ੍ਰਗਟ ਕੀਤਾ ਕਿਉਂ ਜੋ ਆਤਮਾ ਸਾਰੀਆਂ ਵਸਤਾਂ ਦੀ ਸਗੋਂ ਪਰਮੇਸ਼ਰ ਦੀਆਂ ਡੂੰਘੀਆਂ ਵਸਤਾਂ ਦੀ ਜਾਂਚ ਕਰ ਲੈਂਦਾ ਹੈ... ਅਸੀਂ ਇਹਨਾਂ ਗੱਲਾਂ ਨੂੰ ਮਨੁੱਖੀ ਗਿਆਨ ਦੇ ਸ਼ਬਦਾਂ ਨਹੀਂ ਸਗੋਂ ਆਤਮਾ ਦੇ ਦੱਸੇ ਹੋਏ *ਸ਼ਬਦਾਂ ਨਾਲ* ਅਰਥਾਤ ਆਤਮਿਕ *ਗੱਲਾਂ* ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ [1 ਕੁਰਿੰਥ 2:10, 13]

1 ਕੁਰਿੰਥੀਆਂ ਦੇ ਸ਼ੁਰੂਆਤੀ ਅਧਿਆਇਆਂ ਵਿੱਚ ਵਰਤੇ ਗਏ ਸਰਵਨਾਮ ਸ਼ਾਇਦ ਰਸੂਲਾਂ ਦੇ ਲਈ ਵਰਤੇ ਗਏ ਹਨ (ਜਿਵੇਂ ਕਿ., 1 ਕੁਰਿੰਥ 4:9)। ਪੌਲੁਸ ਇਹ ਕਹਿ ਰਿਹਾ ਸੀ ਕਿ ਉਸ ਦਾ ਸੰਦੇਸ਼ ਮਨੁੱਖੀ ਫ਼ਲਸਫ਼ੇ ਤੋਂ ਨਹੀਂ ਪਰ ਇਹ ਪਰਮੇਸ਼ਰ ਦਾ ਪ੍ਰਕਾਸ਼ਨ ਹੈ। ਤਕਨੀਕੀ ਤੌਰ ਤੇ, ਇਹ ਇੱਕ ਮੌਖਿਕ ਸੰਦੇਸ਼ ਉੱਤੇ ਜ਼ੋਰ ਦਿੰਦਾ ਹੈ ਅਤੇ ਇਸ ਨੂੰ ਪਵਿੱਤਰ ਗ੍ਰੰਥਾਂ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ ਹੈ (ਦੇਖੋ, ਆਇਤ 13, ਦੱਸਦੇ ਹਾਂ)। ਫਿਰ ਵੀ, ਵਚਨ ਦਾ ਅਰਥ ਇਹ ਵੀ ਹੈ ਕਿ ਪਵਿੱਤਰ ਆਤਮਾ ਦੁਆਰਾ ਲਿਖਤੀ ਵਚਨ ਦੇ ਸ਼ਬਦਾਂ ਦਾ ਵੀ ਮਾਰਗਦਰਸ਼ਨ ਕੀਤਾ ਗਿਆ ਹੈ।

> ...**ਪਰਮੇਸ਼ਰ ਦਾ ਵਚਨ** ਉਹਨਾਂ [ਯਹੂਦੀਆਂ] ਨੂੰ ਸੌਂਪਿਆ ਗਿਆ [ਰੋਮੀ 3:2]
>
> ਕਿਉਂ ਜੋ ਬਹੁਤ ਚਿਰ ਹੋਣ ਕਰਕੇ ਤੁਹਾਨੂੰ ਉਪਦੇਸ਼ਕ ਹੋਣਾ ਚਾਹੀਦਾ ਸੀ ਪਰ ਤੁਹਾਨੂੰ ਲੋੜ ਹੈ ਕਿ ਕੋਈ ਤੁਹਾਨੂੰ **ਪਰਮੇਸ਼ਰ ਦੇ ਵਚਨਾਂ** ਦੇ ਮੁੱਢਲੇ ਸਿਧਾਂਤਾਂ ਨੂੰ ਫਿਰ ਸਿਖਾਵੇ ਅਤੇ ਤੁਸੀਂ ਅਜਿਹੇ ਬਣ ਗਏ ਹੋ ਜੋ ਤੁਹਾਨੂੰ ਅੰਨ ਦੀ ਨਹੀਂ ਸਗੋਂ ਦੁੱਧ ਦੀ ਲੋੜ ਪਈ ਹੋਈ ਹੈ [ਇਬ 5:12]
>
> ਪਰ ਤੂੰ ਉਹਨਾਂ ਗੱਲਾਂ ਉੱਤੇ ਜਿਹੜੀਆਂ ਤੂੰ ਸਿੱਖੀਆਂ ਅਤੇ ਸੱਚ ਮੰਨੀਆਂ ਟਿਕਿਆ ਰਹਿ ਕਿਉਂ ਜੋ ਤੂੰ ਜਾਣਦਾ ਹੈ ਕਿ ਕਿੰਨ੍ਹਾਂ ਕੋਲੋਂ ਸਿੱਖੀਆਂ ਸਨ। ਅਤੇ ਇਹ ਜੋ ਤੂੰ ਬਚਪਨ ਤੋਂ ਹੀ ਪਵਿੱਤਰ ਗ੍ਰੰਥਾਂ ਦਾ ਜਾਣਕਾਰ ਹੈ ਜਿਹੜੀਆਂ ਉਸ ਵਿਸ਼ਵਾਸ ਦੇ ਰਾਹੀਂ ਜੋ ਮਸੀਹ ਯਿਸੂ ਉੱਤੇ ਹੈ, ਤੈਨੂੰ ਮੁਕਤੀ ਦਾ ਗਿਆਨ ਦੇ ਸਕਦੀਆਂ ਹਨ। **ਸਾਰਾ ਪਵਿੱਤਰ ਗ੍ਰੰਥ ਪਰਮੇਸ਼ਰ ਦੇ ਆਤਮਾ ਦੀ ਪ੍ਰੇਰਨਾ ਤੋਂ ਹੈ** ਅਤੇ ਸਿੱਖਿਆ, ਤਾੜਨ, ਸੁਧਰਨ, ਅਤੇ ਧਾਰਮਿਕਤਾ ਦੇ ਸਿੱਖਿਆ ਲਈ ਗੁਣਕਾਰ ਹੈ। ਕਿ ਪਰਮੇਸ਼ਰ ਦਾ ਬੰਦਾ ਕਾਬਲ ਅਤੇ ਹਰੇਕ ਭਲੇ ਕੰਮ ਲਈ ਤਿਆਰ ਕੀਤਾ ਹੋਇਆ ਹੋਵੇ। [2 ਤਿਮੋਥਿ 3:14-17]

ਇਹ ਹਵਾਲੇ ਦੀ ਮੁੱਖ ਗੱਲ ਯੂਨਾਨੀ ਵਾਕਾਂਸ਼ *ਪਾਸਾ ਗ੍ਰਾਫੇ ਥੀਓਨਿਊਸਟੋਸ* ਹੈ।

ਪਾਸਾ ਦਾ ਅਰਥ "*ਸਾਰਾ*" ਹੈ। ਵਿਆਕਰਨ ਢਾਂਚੇ ਵਿੱਚ ਇਸ ਸ਼ਬਦ ਦਾ ਆਮ ਅਰਥ "ਹਰੇਕ" ਹੁੰਦਾ ਹੈ। ਇਹ ਕਹਿਣਾ ਕਿ "ਸਾਰਾ" ਪਵਿੱਤਰ ਗ੍ਰੰਥ ਪਰਮੇਸ਼ਰ ਦੀ ਪ੍ਰੇਰਨਾ ਤੋਂ ਹੈ, ਇਸ ਦਾ ਅਰਥ ਹੈ ਕਿ ਇਸ ਦਾ "ਹਰੇਕ ਸ਼ਬਦ" ਪਰਮੇਸ਼ਰ ਦੀ ਪ੍ਰੇਰਨਾ ਤੋਂ ਹੈ। ਫਿਰ ਵੀ "ਹਰੇਕ" ਦਾ ਵਿਚਾਰ ਹਰੇਕ ਛੋਟੀ ਤੋਂ ਛੋਟੀ ਗੱਲ ਨੂੰ ਵੀ ਧਿਆਨ ਵਿੱਚ ਲਿਆਉਂਦਾ ਹੈ। ਬਾਈਬਲ ਦੀ ਹਰੇਕ ਛੋਟੀ ਤੋਂ ਛੋਟੀ ਗੱਲ ਵੀ ਪ੍ਰੇਰਿਤ ਹੈ। ਇੱਕ ਚੰਗੀ ਸਮਝ ਇਹ ਹੋਵੇਗੀ ਕਿ "ਤੁਸੀਂ ਜਿਹੜੇ ਵੀ ਵਚਨ ਉੱਤੇ ਧਿਆਨ ਕਰਨ ਦਾ ਵਿਚਾਰ ਕਰੋਗੇ, ਉਹ ਵਚਨ ਪ੍ਰੇਰਿਤ ਵਚਨ ਹੋਵੇਗਾ।" ਪੌਲੁਸ ਇਹ ਕਹਿ ਰਿਹਾ ਹੈ ਕਿ "ਪੂਰਾ ਪਵਿੱਤਰ ਗ੍ਰੰਥ ਅਤੇ ਇਸ ਦਾ ਹਰੇਕ ਹਿੱਸਾ ਪ੍ਰੇਰਿਤ ਹੈ।"

ਪਵਿੱਤਰ ਗ੍ਰੰਥ ਦੇ ਲਈ ਯੂਨਾਨੀ ਸ਼ਬਦ *ਗ੍ਰਾਫੇ* ਹੈ। ਇਸ ਦਾ ਸੰਦਰਭ ਪੁਰਾਣੇ ਨੇਮ ਉੱਤੇ ਜ਼ੋਰ ਦਿੰਦਾ ਹੈ, ਕਿਉਂਕਿ ਤਿਮੋਥਿਉਸ ਨੇ ਬਚਪਨ ਵਿੱਚ ਪੁਰਾਣੇ ਨੇਮ ਨੂੰ ਹੀ ਪੜ੍ਹਿਆ ਹੋਵੇਗਾ। ਫਿਰ ਵੀ, ਇਹ ਨਿਸ਼ਚਿਤ ਹੈ ਕਿ ਪੌਲੁਸ ਨੇ ਨਵੇਂ ਨੇਮ ਨੂੰ ਵੀ ਪਵਿੱਤਰ ਗ੍ਰੰਥ ਮੰਨਿਆ ਹੈ ਜਿਵੇਂ ਕਿ ਉਸ ਨੇ 1 ਤਿਮੋਥਿਉਸ 5:18 ਵਿੱਚ ਲੂਕਾ 10:7 ਨੂੰ "ਪਵਿੱਤਰ ਗ੍ਰੰਥ" ਕਿਹਾ ਹੈ। ਇਸ ਲਈ, ਪੁਰਾਣਾ ਨੇਮ ਅਤੇ ਨਵਾਂ ਨੇਮ ਦੋਵੇਂ ਹੀ ਪ੍ਰੇਰਨਾ ਬਾਰੇ ਇਸ ਕਥਨ ਦੇ ਦਾਇਰੇ ਵਿੱਚ ਹਨ।

*ਥੀਓਨਿਊਸਟੋਸ* ਇੱਕ ਯੂਨਾਨੀ ਸ਼ਬਦ ਹੈ। ਅਗਰੇਜ਼ੀ ਦਾ ਸ਼ਬਦ "ਪ੍ਰੇਰਨਾ" ਲਾਤੀਨੀ ਸ਼ਬਦ "ਪ੍ਰੇਰਨਾ" ਤੋਂ ਹੈ ਜਿਸ ਦਾ ਅਰਥ "ਫੂਕਣਾ" ਹੁੰਦਾ ਹੈ। ਇਹ ਇੱਕ ਅਜਿਹਾ ਚਿੱਤਰ ਪੇਸ਼ ਕਰਦਾ ਹੈ ਕਿ ਪਰਮੇਸ਼ਰ ਨੇ ਮੌਜੂਦਾ ਪਵਿੱਤਰ ਗ੍ਰੰਥਾਂ ਵਿੱਚ ਉਹਨਾਂ ਦੀ ਗੁਣਵੱਤਾ ਨੂੰ ਵਧਾਉਣ ਦੇ ਲਈ ਸਾਹ ਫੂਕਿਆ ਹੈ। ਇਹ ਸਭ ਤੋਂ ਵਧੀਆ ਅਨੁਵਾਦ ਨਹੀਂ ਹੈ। ਇਸ ਯੂਨਾਨੀ ਸ਼ਬਦ ਦਾ ਅਰਥ ਹੈ "ਪਰਮੇਸ਼ਰ ਦੇ ਸਾਹ ਤੋਂ ਬਾਹਰ ਆਉਣ ਵਾਲਾ," "ਪਰਮੇਸ਼ਰ ਨੇ ਜਿਸ ਨੂੰ ਆਪਣੇ ਸਾਹ ਵਿੱਚੋਂ ਬਾਹਰ ਕੱਢਿਆ": ਥੀਓਸ -ਪਰਮੇਸ਼ਰ; ਨਿਊਮਾ -ਸਾਹ, ਜਿਵੇਂ ਕਿ ਨਮੂਨੀਆ ਵਿੱਚ ਹੁੰਦਾ

ਹੈ। ਅਜਿਹਾ ਨਹੀਂ ਹੈ ਕਿ ਪਰਮੇਸ਼ਰ ਨੇ ਕੁਝ ਪਹਿਲਾਂ ਤੋਂ ਮੌਜੂਦਾ ਕਿਤਾਬਾਂ ਵਿੱਚ ਉਹਨਾਂ ਦੀ ਗੁਣਵੱਤਾ ਦੇ ਲਈ "ਸਾਹ ਫੂਕਿਆ"। ਇਸ ਦੀ ਬਜਾਏ, ਪਰਮੇਸ਼ਰ ਨੇ ਪਹਿਲਾ ਹੀ ਪਵਿੱਤਰ ਗ੍ਰੰਥ ਵਿੱਚ ਸਾਹ ਫੂਕਿਆ। ਉਹਨਾਂ ਦੀ ਸ਼ੁਰੂਆਤ ਪਰਮੇਸ਼ਰ ਤੋਂ ਹੀ ਹੈ। ਪਵਿੱਤਰ ਗ੍ਰੰਥ ਪਰਮੇਸ਼ਰ ਦੀ ਰਚਨਾ ਅਤੇ ਕੰਮ ਹਨ। ਬਾਈਬਲ ਦੇ ਦੂਸਰੇ ਹਿੱਸਿਆ ਵਿੱਚ, ਪਰਮੇਸ਼ਰ ਦੁਆਰਾ ਕਿਸੇ ਚੀਜ਼ ਤੇ ਸਾਹ ਫੂਕਣ ਦੀ ਕਿਰਿਆ ਉਹਨਾਂ ਦੀ ਸਿਰਜਣਾਤਮਕ ਸ਼ਕਤੀ ਨਾਲ ਜੁੜੀ ਹੋਈ ਹੈ (ਜਿਵੇਂ ਕਿ, ਉਤਪਤ 2:7; ਜ਼ਬੂਰ 33:6; ਹਿਜ਼ਕੀਏਲ 37:5; ਯੂਹੰਨਾ 3:8)। **ਸਾਰਾ ਪਵਿੱਤਰ ਗ੍ਰੰਥ ਆਪਣੇ ਸਾਰੇ ਹਿੱਸਿਆਂ ਵਿੱਚ ਪਰਮੇਸ਼ਰ ਦੀ ਰਚਨਾ ਹੈ**।

2 ਤਿਮੋਥਿ 3:16 ਤੋਂ ਪਵਿੱਤਰ ਗ੍ਰੰਥ ਦੇ ਅਚੂਕ ਹੋਣ ਦੀਆਂ ਦਲੀਲਾਂ ਹੇਠਾਂ ਦਿੱਤੀਆਂ ਹਨ। ਇਹ ਹਵਾਲਾ ਸਾਨੂੰ ਸਿਖਾਉਂਦਾ ਹੈ ਕਿ ਬਾਈਬਲ ਦੀ ਹਰੇਕ ਛੋਟੀ ਤੋਂ ਛੋਟੀ ਗੱਲ ਪਰਮੇਸ਼ਰ ਦਾ ਕੰਮ ਹੈ। ਇਹ ਸਿੱਧੇ ਤੌਰ ਤੇ ਵਚਨ ਦੇ ਅਚੂਕ ਹੋਣ ਬਾਰੇ ਨਹੀਂ ਸਿਖਾਉਂਦਾ ਹੈ। ਪਰ, ਕੋਈ ਹੋਰ ਸਿੱਟਾ ਵੀ ਸੰਭਵ ਨਹੀਂ ਹੈ।

> ਇਸ ਦਾ ਮਨੁੱਖ ਆਧਾਰ ਵਾਕ ਇਹ ਹੈ: ਪਵਿੱਤਰ ਗ੍ਰੰਥ ਦੀ ਛੋਟੀ ਤੋਂ ਛੋਟੀ ਗੱਲ ਪਰਮੇਸ਼ਰ ਦਾ ਕੰਮ ਹੈ।
>
> ਇਸ ਦਾ ਛੋਟਾ ਆਧਾਰ ਵਾਕ ਇਹ ਹੈ: ਪਰਮੇਸ਼ਰ ਦਾ ਵਚਨ ਸੱਚ ਹੈ (ਯੂਹੰਨਾ 17:17)।
>
> ਸਿੱਟਾ: ਪਵਿੱਤਰ ਗ੍ਰੰਥ ਦਾ ਹਰੇਕ ਵੇਰਵਾ ਸੱਚ ਹੈ (ਅਚੂਕ )।
>
> ਇਹ ਆਧਾਰ ਕਿ ਬਾਈਬਲ ਵਿੱਚ ਗ਼ਲਤੀਆਂ ਹਨ, 2 ਤਿਮੋਥਿ 3:16 ਤੋਂ ਪੈਦਾ ਹੋਣ ਵਾਲੇ ਬੇਤੁਕੇ ਨਤੀਜੇ ਬਣਾਉਂਦਾ ਹੈ। ਜਿਵੇਂ ਕਿ
>
> ਮੁੱਖ ਆਧਾਰ-ਵਾਕ: ਪਵਿੱਤਰ ਗ੍ਰੰਥ ਦੀ ਛੋਟੀ ਤੋਂ ਛੋਟੀ ਗੱਲ ਪਰਮੇਸ਼ਰ ਦਾ ਕੰਮ ਹੈ।
>
> ਛੋਟਾ ਆਧਾਰ-ਵਾਕ: ਪਵਿੱਤਰ ਗ੍ਰੰਥ ਵਿੱਚ ਗ਼ਲਤੀਆਂ ਹਨ।
>
> ਸਿੱਟਾ: ਜਦੋਂ ਪਰਮੇਸ਼ਰ ਲਿਖਦੇ ਹਨ, ਤਾਂ ਉਹ ਗ਼ਲਤੀਆਂ ਕਰਦੇ ਹਨ।

(ਦੋਹਰੀ-ਲੇਖਕਤਾ ਅਤੇ ਪਰਮੇਸ਼ਰੀ ਪ੍ਰਕਾਸ਼ਨ ਦੇ ਵਚਨਾਂ ਬਾਰੇ ਜਾਣਕਾਰੀ ਦੇ ਲਈ ਪੰਨੇ 3-4 ਤੇ "ਪ੍ਰੇਰਨਾ" ਦੇਖੋ)।

> ਕਿ ਪਹਿਲਾਂ ਤੁਸੀਂ ਇਹ ਜਾਣਦੇ ਹੋ ਕਿ ਪਵਿੱਤਰ ਸ਼ਾਸਤਰ ਦੇ ਕਿਸੇ ਭਵਿੱਖਬਾਣੀ ਦਾ ਅਰਥ ਆਪਣੇ ਯਤਨ ਨਾਲ ਨਹੀਂ ਹੁੰਦਾ। ਕਿਉਂਕਿ ਕੋਈ ਭਵਿੱਖਬਾਣੀ ਮਨੁੱਖ ਦੀ ਮਰਜ਼ੀ ਤੋਂ ਕਦੇ ਨਹੀਂ ਹੋਈ ਸਗੋਂ ਮਨੁੱਖ ਪਵਿੱਤਰ ਆਤਮਾ ਦੀ ਪ੍ਰੇਰਨਾ ਨਾਲ ਪਰਮੇਸ਼ਰ ਦੀ ਵੱਲੋਂ ਬੋਲਦੇ ਸਨ [2 ਪਤਰਸ 1:20-21]

ਇਹ ਵਚਨ ਪਵਿੱਤਰ ਗ੍ਰੰਥਾਂ ਬਾਰੇ ਘੱਟੋ-ਘੱਟ ਤਿੰਨ ਮਹੱਤਵਪੂਰਣ ਸੱਚਾਈਆਂ ਸਿਖਾਉਂਦਾ ਹੈ। ਉਹ ਸਿਰਫ਼ ਮਨੁੱਖਾਂ ਤੋਂ ਨਹੀਂ ਆਏ ਹਨ, ਪਰ ਪਵਿੱਤਰ ਗ੍ਰੰਥ ਨੂੰ ਲਿਖਣ ਵਾਲੇ ਲੋਕ ਪਰਮੇਸ਼ਰ ਦੇ ਵੱਲੋਂ ਬੋਲ ਰਹੇ ਸਨ, ਅਤੇ ਉਹ ਪਵਿੱਤਰ ਆਤਮਾ ਦੁਆਰਾ ਚਲਾਏ ਗਏ ਸਨ।

ਸ਼ਬਦ ਚਲਾਏ ਗਏ ਦਾ ਅਰਥ ਉੱਪਰ ਚੁੱਕਣਾ ਅਤੇ ਚਲਾਉਣਾ ਹੁੰਦਾ ਹੈ। ਇਹੀ ਸ਼ਬਦ ਰਸੂਲਾਂ ਦੇ ਕਰਤੱਬ 27:15, 17 ਵਿੱਚ ਹਵਾ ਦੇ ਜਹਾਜ਼ ਨੂੰ ਧੱਕਣ ਦੇ ਲਈ ਵਰਤਿਆ ਗਿਆ ਹੈ। ਪਤਰਸ ਕਹਿ ਰਿਹਾ ਹੈ ਕਿ ਪਰਮੇਸ਼ਰ ਦੇ ਪਵਿੱਤਰ ਆਤਮਾ ਨੇ ਬਾਈਬਲ ਦੀ ਰਚਨਾ ਦੇ ਲਈ ਲੇਖਕਾਂ ਨੂੰ ਉਸ ਦਿਸ਼ਾ ਵਿੱਚ ਧੱਕਿਆ ਜਿਸ ਵਿੱਚ ਉਹ ਉਹਨਾਂ ਨੂੰ ਭੇਜਣਾ ਚਾਹੁੰਦਾ ਸੀ। ਇਸ ਤਰ੍ਹਾਂ, 2 ਪਤਰਸ 1:20-21 ਇਸ ਗੱਲ ਉੱਤੇ 2 ਤਿਮੋਥਿ 3:16 ਦੀ ਪੁਸ਼ਟੀ ਕਰਦਾ ਹੈ ਕਿ ਪਵਿੱਤਰ ਗ੍ਰੰਥ ਦਾ ਆਰੰਭ ਅਤੇ ਯੋਜਨਾ ਪਰਮੇਸ਼ਰ ਹੀ ਹਨ। ਇਹ ਦੇਖਦੇ ਹੋਏ ਕਿ ਬਾਈਬਲ ਪਵਿੱਤਰ ਆਤਮਾ ਦੇ ਨਿਯੰਤਰਣ ਅਤੇ ਮਾਰਗਦਰਸ਼ਨ ਦੁਆਰਾ ਤਿਆਰ ਹੋਇਆ ਇੱਕ ਉਤਪਾਦ ਹੈ, ਤਾਂ ਫਿਰ ਨਿਸ਼ਚਿਤ ਰੂਪ ਵਿੱਚ ਇਸ ਵਿੱਚ ਕੋਈ ਅਪੂਰਣਤਾ ਨਹੀਂ ਹੋਵੇਗੀ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ 2 ਪਤਰਸ 3:15-16 ਇਹ ਦਰਸਾਉਂਦਾ ਹੈ ਕਿ ਪਤਰਸ ਨੇ ਨਵੇਂ ਨੇਮ ਦੀਆਂ ਲਿਖਤਾਂ ਨੂੰ ਪਵਿੱਤਰ ਗ੍ਰੰਥ ਮੰਨਿਆ ਸੀ।

### IV. ਪ੍ਰਕਾਸ਼ਮਾਨ ਕਰਨਾ

ਇਹ ਪ੍ਰਕਾਸ਼ਨ ਜਾਂ ਪ੍ਰੇਰਨਾ ਤੋਂ ਵੱਖਰਾ ਹੈ। ਪ੍ਰਕਾਸ਼ਮਾਨ ਕਰਨਾ ਪਵਿੱਤਰ ਆਤਮਾ ਦੀ ਸਿੱਖਿਆ ਦੀ ਸੇਵਕਾਈ ਨਾਲ ਸੰਬੰਧਿਤ ਹੈ, ਜਿਸ ਵਿੱਚ ਉਹ ਆਪਣਾ ਵਚਨ ਲੈਂਦਾ ਹੈ, ਅਤੇ ਇੱਕ ਵਿਸ਼ਵਾਸੀ ਉੱਤੇ ਇਸ ਦੀ ਅਸਲ ਮਹੱਤਤਾ, ਸੁੰਦਰਤਾ, ਅਤੇ ਸਾਰਥਕਤਾ ਨੂੰ ਪ੍ਰਗਟ ਕਰਦਾ ਹੈ (ਜ਼ਬੂਰ 119:18; ਯੂਹੰਨਾ 14:26; ਯੂਹੰਨਾ 16:12-13; 1 ਯੂਹੰਨਾ 2:20, 27; ਅਤੇ 1 ਕੁਰਿੰਥ 2:15)।

### V. ਕੈਨਨ

ਬਾਈਬਲ ਦਾ ਕੈਨਨ ਉਹਨਾਂ ਪੁਸਤਕਾਂ ਦਾ ਹਵਾਲਾ ਦਿੰਦਾ ਹੈ ਜਿਹਨਾਂ ਦੁਆਰਾ ਮਸੀਹੀਆਂ ਨੂੰ ਆਪਣੇ ਜੀਵਨ ਨੂੰ ਮਾਪਣਾ ਚਾਹੀਦਾ ਹੈ। ਕੈਨਨ ਇਸ ਮੁੱਦੇ ਨੂੰ ਉਠਾਉਂਦਾ ਹੈ ਕਿ ਉਹ ਕਿਹੜੀਆਂ ਪੁਸਤਕਾਂ ਹਨ ਜੋ ਬਾਈਬਲ ਦੀਆਂ ਪੁਸਤਕਾਂ ਹਨ।

### A. ਪੁਰਾਣੇ ਨੇਮ ਦਾ ਕੈਨਨ

ਪ੍ਰੋਟੈਸਟੈਂਟ ਮਸੀਹੀਆਂ ਜਾਂ ਯਹੂਦੀਆਂ ਦੀ ਤੁਲਨਾ ਵਿੱਚ, ਰੋਮਨ ਕੈਥੋਲਿਕ ਕਲੀਸਿਯਾ ਪੁਰਾਣੇ ਨੇਮ ਵਿੱਚ ਗਿਆਰਾਂ ਹੋਰ ਪੁਸਤਕਾਂ ਅਤੇ ਈਸਟਰਨ ਆਰਥੋਡਾਕਸ ਕਲੀਸਿਯਾ ਚਾਰ ਹੋਰ ਪੁਸਤਕਾਂ ਨੂੰ ਮਾਨਤਾ ਦਿੰਦੇ ਹਨ। ਪ੍ਰੋਟੈਸਟੈਂਟ ਮਸੀਹੀ ਅਤੇ ਯਹੂਦੀ ਹਾਲਾਂਕਿ ਇਹਨਾਂ ਹੋਰ ਪੁਸਤਕਾਂ ਨੂੰ ਪੁਰਾਣੇ ਨੇਮ ਦੀ ਹੀ ਸਮੱਗਰੀ ਮੰਨਦੇ ਹਨ, ਫਿਰ ਵੀ ਉਹ ਇਹਨਾਂ ਨੂੰ ਵੱਖਰੇ ਢੰਗ ਨਾਲ ਗਿਣਦੇ ਅਤੇ ਵਿਧੀਵਤ ਕਰਦੇ ਹਨ।

ਮਸੀਹੀਆਂ ਦੇ ਲਈ ਮਹੱਤਵਪੂਰਣ ਮੁੱਦਾ ਇਹ ਹੋਣਾ ਚਾਹੀਦਾ ਹੈ ਕਿ ਪ੍ਰਭੂ ਯਿਸੂ ਮਸੀਹ ਨੇ ਕਿਹੜੀਆਂ ਪੁਸਤਕਾਂ ਨੂੰ ਮਾਨਤਾ ਦਿੱਤੀ ਸੀ। ਇਹ ਸਪੱਸ਼ਟ ਹੈ ਕਿ ਉਹਨਾਂ ਨੇ ਪੁਰਾਣੇ ਨੇਮ ਦੇ ਯਹੂਦੀ ਕੈਨਨ (ਇਸ ਲਈ ਪ੍ਰੋਟੈਸਟੈਂਟ ਮਸੀਹੀ ਕੈਨਨ) ਨੂੰ ਵੀ ਮਾਨਤਾ ਦਿੱਤੀ ਸੀ।

> "ਤੁਸੀਂ ਸਾਮਰੀ ਲੋਕ ਉਸ ਦੀ ਬੰਦਗੀ ਕਰਦੇ ਹੋ ਜੋ ਤੁਸੀਂ ਖ਼ੁਦ ਨਹੀਂ ਜਾਣਦੇ। ਅਸੀਂ ਯਹੂਦੀ ਜਾਣਦੇ ਹਾਂ ਕਿ ਅਸੀਂ ਕੀ ਬੰਦਗੀ ਕਰਦੇ ਹਾਂ ਕਿਉਂਕਿ ਮੁਕਤੀ ਯਹੂਦੀਆਂ ਤੋਂ ਆਉਂਦੀ ਹੈ" [ਯੂਹੰਨਾ 4:22]

ਪ੍ਰਭੂ ਦੇ ਸਮੇਂ ਦੇ ਸਾਮਰੀ ਲੋਕਾਂ ਨੇ ਮੂਸਾ ਦੀ ਬਿਵਸਥਾ ਦੇ ਇਲਾਵਾ ਬਾਕੀ ਸਾਰੇ ਪੁਰਾਣੇ ਨੇਮ ਨੂੰ ਰੱਦ ਕਰ ਦਿੱਤਾ ਸੀ। ਇਹ ਕਹਿਣ ਦੁਆਰਾ ਕਿ, "ਮੁਕਤੀ ਯਹੂਦੀਆਂ ਤੋਂ ਆਉਂਦੀ ਹੈ," ਸਾਮਰੀਆਂ ਨਾਲ ਵਾਦ-ਵਿਵਾਦ ਵਿੱਚ ਯਿਸੂ ਯਹੂਦੀਆਂ ਦੇ ਪੱਖ ਵਿੱਚ ਖੜ੍ਹੇ ਹੋਏ ਸਨ। ਇਸ ਵਿਵਾਦ ਦਾ ਇੱਕ ਭਾਗ ਇਹ ਸੀ ਕਿ ਪੁਰਾਣੇ ਨੇਮ ਦੀਆਂ ਕਿਹੜੀਆਂ ਪੁਸਤਕਾਂ ਨੂੰ ਮਾਨਤਾ ਦਿੱਤੀ ਗਈ ਹੈ।

> "ਹਾਬਲ ਦੇ ਖ਼ੂਨ ਤੋਂ ਲੈ ਕੇ ਜ਼ਕਰਯਾਹ ਦੇ ਖ਼ੂਨ ਤੀਕਰ ਜਗਵੇਦੀ ਅਤੇ ਹੈਕਲ ਦੇ ਵਿੱਚਕਾਰ ਕਤਲ ਕੀਤਾ ਗਿਆ ਇਸ ਪੀਹੜੀ ਤੋਂ ਭਰਿਆ ਜਾਵੇਗਾ" [ਲੂਕਾ 11:51]

(ਇਸ ਦਾ ਸਮਾਨਾਂਤਰ ਹਵਾਲਾ ਦੇਖੋ, ਮੱਤੀ 23:35)।

ਇਸ ਆਇਤ ਨੂੰ ਸਮਝਣ ਦੇ ਲਈ ਸਾਨੂੰ ਇਹ ਜਾਣਨਾ ਹੋਵੇਗਾ ਕਿ ਇਬਰਾਨੀ ਕੈਨਨ ਉਤਪਤ ਤੋਂ ਸ਼ੁਰੂ ਹੋ ਕੇ 2 ਇਤਿਹਾਸ ਨਾਲ ਪੂਰਾ ਹੁੰਦਾ ਹੈ। ਹਾਬਲ ਦੀ ਮੌਤ ਉਤਪਤ 4:8 ਵਿੱਚ ਦਰਜ ਹੈ। ਜ਼ਕਰਯਾਹ ਦੀ ਮੌਤ 2 ਇਤਹਾਸ 24:21 ਵਿੱਚ ਦਰਜ ਹੈ। ਹਾਬਲ ਮਾਰਿਆ ਜਾਣ ਵਾਲਾ ਪਰਮੇਸ਼ਰ ਦਾ ਪਹਿਲਾ ਆਦਮੀ ਸੀ। ਇਬਰਾਨੀ ਪੁਰਾਣੇ ਨੇਮ ਦੇ ਕ੍ਰਮ ਵਿੱਚ ਜ਼ਕਰਯਾਹ ਮਾਰਿਆ ਜਾਣ ਵਾਲਾ ਪਰਮੇਸ਼ਰ ਦਾ ਆਖ਼ਰੀ ਆਦਮੀ ਸੀ। ਪ੍ਰਭੂ ਯਿਸੂ ਕਹਿ ਰਹੇ ਸਨ, "ਉਤਪਤ ਤੋਂ ਲੈ ਕੇ ਇਤਹਾਸ ਤੱਕ, ਤੁਸੀਂ ਨਬੀਆਂ ਨੂੰ ਮਾਰਨ ਦੇ ਦੋਸ਼ੀ ਹੋ"। ਇਸ ਤਰ੍ਹਾਂ, ਪ੍ਰਭੂ ਯਿਸੂ ਯਹੂਦੀ ਪੁਰਾਣੇ ਨੇਮ ਦੇ ਕੈਨਨ ਦੀਆਂ ਸੀਮਾਵਾਂ ਨੂੰ ਦਰਸਾਉਂਦੇ ਹਨ, ਅਤੇ ਸਪੱਸ਼ਟ ਤੌਰ ਤੇ ਇਸ ਦਾ ਸਮਰਥਨ ਕਰਦੇ ਹਨ।

> ..."ਇਹ ਮੇਰੀਆਂ ਉਹੋ ਗੱਲਾਂ ਹਨ, ਜਿਹੜੀਆਂ ਮੈਂ ਤੁਹਾਡੇ ਨਾਲ ਰਹਿੰਦਿਆਂ ਹੋਇਆਂ ਤੁਹਾਨੂੰ ਆਖੀਆਂ ਕਿ ਉਹਨਾਂ ਸਭਨਾਂ ਗੱਲਾਂ ਦਾ ਪੂਰਾ ਹੋਣਾ ਜ਼ਰੂਰੀ ਹੈ, ਜੋ ਮੂਸਾ ਦੀ ਬਿਵਸਥਾ ਦੀਆਂ ਪੁਸਤਕਾਂ ਅਤੇ ਜ਼ਬੂਰਾਂ ਵਿੱਚ ਮੇਰੇ ਹੱਕ ਵਿੱਚ ਲਿਖੀਆਂ ਹੋਈਆਂ ਹਨ" [ਲੂਕਾ 24:44]

ਅਜਿਹੇ ਕੁਝ ਸਬੂਤ ਹਨ ਜਿਹੜੇ ਇਹ ਦਰਸਾਉਂਦੇ ਹਨ ਕਿ ਇਬਰਾਨੀ ਕੈਨਨ ਦੀ ਆਧੁਨਿਕ ਤਿਹਰੀ ਵੰਡ ਮਸੀਹ ਤੋਂ ਪਹਿਲਾਂ ਹੀ ਸੀ। ਜੇਕਰ ਜੇਕਰ ਸਾਨੂੰ ਇਹ ਯਾਦ ਰਹੇ ਕਿ ਜ਼ਬੂਰ ਦੀ ਪੁਸਤਕ ਸਭ ਤੋਂ ਵੱਡੀ ਹੈ ਅਤੇ ਇਹ "ਲਿਖਤਾਂ" ਨਾਮਕ ਭਾਗ ਦੀ ਪਹਿਲੀ ਪੁਸਤਕ ਹੈ, ਤਾਂ ਪ੍ਰਭੂ ਯਿਸੂ ਸ਼ਾਇਦ ਯਹੂਦੀ ਕੈਨਨ ਦੇ ਤਿੰਨ ਭਾਗਾਂ ਦਾ ਹਵਾਲਾ ਦੇ ਰਹੇ ਹਨ: ਬਿਵਸਥਾ, ਨਬੀਆਂ, ਅਤੇ ਲਿਖਤਾਂ। ਆਧੁਨਿਕ ਇਬਰਾਨੀ ਬਾਈਬਲ ਵਿੱਚ ਕੇਥੂਬੀਮ, "ਲਿਖਤਾਂ" ਜ਼ਬੂਰਾਂ ਦੀ ਪੁਸਤਕ ਨਾਲ ਸ਼ੁਰੂ ਹੁੰਦੀ ਹੈ।

> ਯਿਸੂ ਨੇ ਉੱਤਰ ਦਿੱਤਾ, "ਇਹ ਤੁਹਾਡੀ ਬਿਵਸਥਾ ਵਿੱਚ ਲਿਖਿਆ ਹੋਇਆ ਹੈ, 'ਮੈਂ ਆਖਿਆ ਤੁਸੀਂ ਦੇਵਤੇ ਹੋ'? ਉਹ ਲੋਕ ਜਿਹਨਾਂ ਕੋਲ ਪਰਮੇਸ਼ਰ ਦਾ ਵਚਨ ਪਹੁੰਚਿਆ ਉਹ ਦੇਵਤੇ ਅਖਵਾਉਂਦੇ ਹਨ (ਅਤੇ ਵਚਨ ਕਦੇ ਵੀ ਝੂਠ ਨਹੀਂ ਹੋ ਸਕਦਾ)' " [ਯੂਹੰਨਾ 10:34-35]

ਇਹਨਾਂ ਆਇਤਾਂ ਵਿੱਚ ਪ੍ਰਭੂ ਯਿਸੂ "ਤੁਹਾਡੀ ਬਿਵਸਥਾ" ਦਾ ਹਵਾਲਾ ਦਿੰਦੇ ਹਨ, ਜੋ ਯਹੂਦੀਆਂ ਦੀ ਅਧਿਕਾਰਤ ਬਿਵਸਥਾ ਸੀ। ਉਹਨਾਂ ਨੇ ਇਸ ਬਿਵਸਥਾ ਨੂੰ ਵੀ "ਪਵਿੱਤਰ ਗ੍ਰੰਥ" ਕਿਹਾ ਸੀ। ਪ੍ਰਭੂ ਯਿਸੂ ਨੇ ਯਹੂਦੀਆਂ ਨਾਲ ਪੁਰਾਣੇ ਨੇਮ ਦੀਆਂ ਪੁਸਤਕਾਂ ਬਾਰੇ ਕਦੇ ਵੀ ਬਹਿਸ ਨਹੀਂ ਕੀਤੀ ਸੀ। ਉਹਨਾਂ ਨੇ ਯਹੂਦੀਆਂ ਦੀਆਂ ਪ੍ਰਮਾਣਿਕ ਪੁਸਤਕਾਂ ਨੂੰ ਸਵੀਕਾਰ ਕੀਤਾ ਅਤੇ ਇਹਨਾਂ ਦੀ ਵਰਤੋਂ ਕੀਤੀ। ਆਧੁਨਿਕ ਪ੍ਰਚਾਰਕ ਵੀ ਇਸੇ ਤਰ੍ਹਾਂ ਕਰਦੇ ਹਨ।

### B. ਨਵੇਂ ਨੇਮ ਦਾ ਕੈਨਨ

ਰੋਮਨ ਕੈਥੋਲਿਕ ਕਲੀਸਿਯਾ, ਈਸਟਰਨ ਆਰਥੋਡਾਕਸ ਕਲੀਸਿਯਾ ਅਤੇ ਪ੍ਰੋਟੈਸਟੈਂਟ ਮਸੀਹੀ ਸਾਰੇ ਇਹ ਮੰਨਦੇ ਹਨ ਕਿ ਨਵੇਂ ਨੇਮ ਦੇ ਕੈਨਨ ਵਿੱਚ 27 ਪੁਸਤਕਾਂ ਹੀ ਹੋਣੀਆਂ ਚਾਹੀਦੀਆਂ ਹਨ। ਮਸੀਹ ਨੇ ਆਪਣੀ ਕਲੀਸਿਯਾ ਨੂੰ ਨਵੇਂ ਨੇਮ ਦੇ ਰਸੂਲਾਂ ਉੱਤੇ ਸਥਾਪਿਤ ਕੀਤਾ ਹੈ (ਅਫ਼ਸੀ 2:20)। ਇੱਕ ਪੁਸਤਕ ਦੇ ਨਵੇਂ ਨੇਮ ਵਿੱਚ ਸ਼ਾਮਲ ਹੋਣ ਦਾ ਮੁੱਦਾ ਅਸਲ ਵਿੱਚ ਇਹ ਹੈ ਕਿ ਉਸ ਦਾ ਆਰੰਭ ਰਸੂਲਾਂ ਨਾਲ ਹੈ ਜਾਂ ਨਹੀਂ। ਕੀ ਇਹ ਕਿਸੇ ਰਸੂਲ ਦੁਆਰਾ ਜਾਂ ਉਸ ਦੀ ਨਿਗਰਾਨੀ ਹੇਠ ਲਿਖੀ ਗਈ ਸੀ? 27 ਪੁਸਤਕਾਂ ਵਿੱਚੋਂ 20 ਪੁਸਤਕਾਂ ਦੇ ਸਬੂਤ ਤਾਂ ਪੱਕੇ ਹਨ। ਕੋਈ ਵੀ ਵਿਅਕਤੀ ਇਹਨਾਂ ਦੇ ਰਸੂਲਾਂ ਤੋਂ ਹੋਣ ਬਾਰੇ ਸ਼ੱਕ ਨਹੀਂ ਕਰਦਾ ਹੈ। ਪਰ ਨਵੇਂ ਨੇਮ ਦੀਆਂ 7 ਪੁਸਤਕਾਂ ਬਾਰੇ ਵਿਵਾਦ ਕੀਤਾ ਗਿਆ ਸੀ (ਇਬਰਾਨੀਆਂ, ਯਾਕੂਬ, 2 ਪਤਰਸ, 2 ਯੂਹੰਨਾ, ਯਹੂਦਾਹ, ਅਤੇ ਪ੍ਰਕਾਸ਼ ਦੀ ਪੋਥੀ)। ਫਿਰ ਵੀ ਇਹਨਾਂ ਦੇ ਰਸੂਲਾਂ ਦੁਆਰਾ ਲਿਖੇ ਜਾਣ ਦੇ ਕਾਫ਼ੀ ਸਬੂਤ ਮੌਜੂਦ ਹਨ ਕਿ ਜ਼ਿਆਦਾਤਰ ਲੋਕ ਇਹਨਾਂ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਹੋ ਜਾਂਦੇ ਹਨ। ਜੇਕਰ ਇਹਨਾਂ 7 ਪੁਸਤਕਾਂ ਦੇ ਪ੍ਰਮਾਣ-ਪੱਤਰਾਂ ਨੂੰ ਮਿਟਾ ਦਿੱਤਾ ਜਾਵੇ, ਤਾਂ ਵੀ ਕੱਟੜਵਾਦੀ ਮਸੀਹੀਅਤ ਦੇ ਸਿਧਾਂਤਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਫਿਰ ਵੀ, ਤੱਥਾਂ ਦੇ ਸਬੂਤਾਂ ਦਾ ਜ਼ਿਆਦਾ ਹੋਣਾ ਇਹ

ਦਰਸਾਉਂਦਾ ਹੈ ਕਿ ਇਹਨਾਂ ਪੁਸਤਕਾਂ ਨੂੰ ਸੱਚੀਆਂ ਹੋਣ ਵਜੋਂ ਸਵੀਕਾਰ ਕਰਨਾ ਹੀ ਚੰਗਾ ਹੈ। ਇਸ ਤੋਂ ਇਲਾਵਾ, ਜਿਹੜਾ ਵਿਅਕਤੀ ਪਰਮੇਸ਼ਰ ਦੀ ਪ੍ਰਭੂਸੱਤਾ ਵਿੱਚ ਵਿਸ਼ਵਾਸ ਕਰਦਾ ਹੈ, ਉਹ ਇਸ ਗੱਲ ਨੂੰ ਸਵੀਕਾਰ ਕਰਦਾ ਹੈ ਕਿ ਨਵੇਂ ਨੇਮ ਦੀਆਂ 27 ਪੁਸਤਕਾਂ ਉੱਤੇ ਵਿਆਪਕ ਸਹਿਮਤੀ ਇਤਫ਼ਾਕ ਨਹੀਂ ਹੈ ਪਰ ਪਰਮੇਸ਼ਰ ਦਾ ਕੰਮ ਹੈ।

## VI. ਬਾਈਬਲ ਦੀਆਂ ਮੂਲ-ਲਿਖਤਾਂ

ਮੂਲ-ਲਿਖਤਾਂ ਦੀ ਆਲੋਚਨਾ ਦਾ ਬਾਈਬਲ ਦੇ ਸਿਧਾਂਤ ਨਾਲ ਘੱਟੋ-ਘੱਟ ਇੱਕ ਮੁੱਦੇ ਵਿੱਚ ਸਿੱਧਾ ਟਕਰਾਅ ਹੁੰਦਾ ਹੈ। ਅਲੋਚਨਾ ਇਹ ਇਤਰਾਜ਼ ਪੈਦਾ ਕਰਦੀ ਹੈ ਕਿ ਬਾਈਬਲ ਦਾ ਅਚੂਕ ਹੋਣਾ ਇੱਕ ਬੇਕਾਰ ਗੱਲ ਹੈ ਕਿਉਂਕਿ ਅੱਜ ਮੂਲ-ਲਿਖਤਾਂ ਮੌਜੂਦ ਨਹੀਂ ਹਨ। ਪਰ ਅਜਿਹੀ ਸੋਚ ਇਹ ਸਮਝਾਉਣ ਵਿੱਚ ਅਸਫ਼ਲ ਰਹਿੰਦੀ ਹੈ ਕਿ ਜਿਹੜੀਆਂ ਮੂਲ ਲਿਖਤਾਂ ਅੱਜ ਮੌਜੂਦ ਹਨ, ਉਹ ਮੂਲ ਲਿਖਤਾਂ ਦੇ ਬਹੁਤ ਹੀ ਨਜ਼ਦੀਕ ਹਨ, ਅਤੇ ਇਹ ਕਿ ਮੂਲ ਲਿਖਤਾਂ ਲਿਖਤਾਂ ਦੀ ਭਰੋਸੇਯੋਗਤਾ ਸਭ ਤੋਂ ਮਹੱਤਵਪੂਰਣ ਗੱਲ ਹੈ।

ਪੁਰਾਣੇ ਨੇਮ ਦੇ ਸੰਬੰਧ ਵਿੱਚ, ਸਾਡੇ ਕੋਲ ਉਹ ਕਾਪੀਆਂ ਹਨ ਜੋ ਮਸੀਹ ਦੇ ਸਮੇਂ ਤੋਂ ਵੀ ਪਹਿਲਾਂ ਦੀਆਂ ਹਨ। ਇਸ ਤਰ੍ਹਾਂ, ਅਸੀਂ ਪੁਰਾਣੇ ਨੇਮ ਦੇ ਉਹੀ ਪਵਿੱਤਰ ਗ੍ਰੰਥਾਂ ਦੀ ਵਰਤੋਂ ਕਰਦੇ ਹਾਂ ਜੋ ਮਸੀਹ ਕਰਦੇ ਸਨ। ਜੇਕਰ ਪ੍ਰਭੂ ਯਿਸੂ ਨੇ ਉਹਨਾਂ ਨੂੰ ਸਵੀਕਾਰਯੋਗ ਮੰਨਿਆ, ਤਾਂ ਅਸੀਂ ਜਾਣ ਸਕਦੇ ਹਾਂ ਕਿ ਉਹ ਇਸ ਤਰ੍ਹਾਂ ਸਾਂਭੇ ਗਏ ਹਨ ਕਿ ਅਸੀਂ ਉਹਨਾਂ ਨੂੰ ਸਵੀਕਾਰ ਕਰ ਸਕੀਏ।

ਨਵੇਂ ਨੇਮ ਦੇ ਸੰਬੰਧ ਵਿੱਚ, ਇਹ ਹੱਥ-ਲਿਖਤਾਂ ਦੀ ਸੰਖਿਆ (5000 ਯੂਨਾਨੀ ਅਤੇ ਕੁੱਲ 25000) ਅਤੇ ਰਚਨਾ ਦੇ ਸਮੇਂ ਦੀ ਨੇੜਤਾ (ਸਭ ਤੋਂ ਪੁਰਾਣੀ ਹੱਥ-ਲਿਖਤ ਈ. 123 ਦੀ ਹੈ) ਦੇ ਅਨੁਸਾਰ ਪ੍ਰਾਚੀਨ ਸੰਸਾਰ ਦੀ ਸਭ ਤੋਂ ਵਧੀਆ ਸੰਭਾਲੀ ਗਈ ਪੁਸਤਕ ਹੈ। ਬਾਈਬਲ ਦੇ ਵਿਦਵਾਨਾਂ ਦਾ ਮੰਨਣਾ ਹੈ ਕਿ ਅਸੀਂ ਮੂਲ ਸ਼ਬਦਾਵਲੀ ਦੇ ਲਗਭਗ 98% ਤੋਂ ਲੈ ਕੇ 99.5% ਸ਼ਬਦ ਜਾਣਦੇ ਹਾਂ। ਪ੍ਰਾਚੀਨ ਯੂਨਾਨੀ ਹੱਥ-ਲਿਖਤਾਂ ਦੇ ਵਿਚਕਾਰ ਦਾ ਅੰਤਰ ਅੱਜ ਦੇ ਨਿਊ ਇੰਟਰਨੈਸ਼ਨਲ ਵਰਜ਼ਨ, ਨਿਊ ਅਮਰੀਕਨ ਸਟੈਂਡਰਡ ਬਾਈਬਲ, ਅਤੇ ਕਿੰਗ ਜੇਮਸ ਵਰਜ਼ਨ ਵਿਚਕਾਰ ਅੰਤਰਾਂ ਨਾਲੋਂ ਵੱਧ ਨਹੀਂ ਹੈ। ਇਸ ਤਰ੍ਹਾਂ, ਭਾਵੇਂ ਹੱਥ-ਲਿਖਤਾਂ ਦੇ ਕਿਸੇ ਵੀ ਰੂਪ ਦੀ ਵਰਤੋਂ ਕੀਤੀ ਗਈ ਹੋਵੇ, ਇਸ ਅਧਿਐਨ ਵਿੱਚ ਸਿਧਾਂਤਕ ਗੱਲਾਂ ਇੱਕੋ ਜਿਹੀਆਂ ਹੋਣਗੀਆਂ।

## VII. ਬਾਈਬਲ ਦਾ ਸਿਧਾਂਤ ਅਤੇ ਜਾਰੀ ਰਹਿਣ ਵਾਲਾ ਪ੍ਰਕਾਸ਼ਨ

ਕੀ ਬਾਈਬਲ ਦੇ ਵਿਦਿਆਰਥੀ ਨੂੰ ਇਸ ਸੰਭਾਵਨਾ ਪ੍ਰਤੀ ਆਪਣੇ ਆਪ ਨੂੰ ਖੁੱਲ੍ਹਾ ਰੱਖਣਾ ਚਾਹੀਦਾ ਹੈ ਕਿ ਪਰਮੇਸ਼ਰ ਅੱਜ ਦੇ ਸਮੇਂ ਵਿੱਚ ਕੋਈ ਵੀ ਨਵਾਂ ਪਵਿੱਤਰ ਗ੍ਰੰਥ ਦੇ ਸਕਦੇ ਹਨ? ਕੀ ਅੱਜ ਕੋਈ ਅਜਿਹੇ ਲੇਖਕ ਹਨ ਜੋ ਸਿੱਧੇ ਤੌਰ ਤੇ ਨਵਾਂ ਪ੍ਰਕਾਸ਼ਨ ਪ੍ਰਾਪਤ ਕਰ ਰਹੇ ਹਨ? ਕੀ ਕੋਈ ਨਵੀਂ ਲਿਖਤ "ਪਰਮੇਸ਼ਰ ਤੋਂ ਪ੍ਰੇਰਿਤ" ਹੋ ਸਕਦੀ ਹੈ?

### A. ਕਲੀਸਿਯਾ ਦੇ ਲਈ ਅਧਿਕਾਰ ਦਾ ਆਧਾਰ

ਇੱਕ ਮਸੀਹੀ ਵਿਅਕਤੀ ਅਧਿਕਾਰ ਦੇ ਲਈ ਪ੍ਰਭੂ ਯਿਸੂ ਵੱਲ ਦੇਖਦਾ ਹੈ। ਆਪਣੀ ਸੇਵਕਾਈ ਦੇ ਆਖ਼ਰੀ ਦਿਨਾਂ ਵਿੱਚ, ਪ੍ਰਭੂ ਯਿਸੂ ਮਸੀਹ ਨੇ ਰਸੂਲਾਂ ਨੂੰ ਦੱਸਿਆ ਕਿ ਪਵਿੱਤਰ ਆਤਮਾ ਉਹਨਾਂ ਨੂੰ ਸਿਖਾਉਣ ਦੇ ਲਈ ਆਵੇਗਾ। ਉਹ ਉਹਨਾਂ ਨੂੰ ਹਰ ਸੱਚਾਈ ਵੱਲ ਸੇਧ ਦੇਵੇਗਾ। ਉਹ ਉਹਨਾਂ ਨੂੰ ਪ੍ਰਭੂ ਦੀ ਧਰਤੀ ਉੱਤੇ ਸੇਵਕਾਈ ਦੀਆਂ ਸਿੱਖਿਆਵਾਂ ਅਤੇ ਘਟਨਾਵਾਂ ਨੂੰ ਯਾਦ ਰੱਖਣ ਅਤੇ ਸਮਝਣ ਦੇ ਲਈ ਪ੍ਰੇਰਿਤ ਕਰੇਗਾ। ਉਹ ਉਹਨਾਂ ਨੂੰ "ਆਉਣ ਵਾਲੀਆਂ ਚੀਜ਼ਾਂ" ਦਿਖਾਵੇਗਾ। ਯੂਹੰਨਾ 14-16 ਦੀਆ ਇਹ ਹਿਦਾਇਤਾਂ ਇਸ ਗੱਲ ਦਾ ਪੂਰਵ-ਸਬੂਤ ਹਨ ਕਿ ਰਸੂਲ ਪਰਮੇਸ਼ਰ ਦੇ ਪ੍ਰਕਾਸ਼ਨ ਨੂੰ ਪ੍ਰਾਪਤ ਕਰਨਗੇ ਅਤੇ ਕਲੀਸਿਯਾ ਨੂੰ ਅਧਿਕਾਰ ਪ੍ਰਦਾਨ ਕਰਨਗੇ। ਹਾਲਾਂਕਿ ਯੂਹੰਨਾ 14:26; 15:26, 27; ਅਤੇ 16:12-14 ਵਿਚਲੇ ਅਜਿਹੇ ਬਿਆਨਾਂ ਨੂੰ ਪਵਿੱਤਰ ਆਤਮਾ ਦੀ ਹਰੇਕ ਵਿਸ਼ਵਾਸੀ ਦੇ ਲਈ ਪ੍ਰਕਾਸ਼ਮਾਨ ਕਰਨ ਸੇਵਕਾਈ ਉੱਤੇ ਲਾਗੂ ਕੀਤਾ ਜਾ ਸਕਦਾ ਹੈ, ਫਿਰ ਵੀ ਉਹ ਰਸੂਲਾਂ ਤੱਕ ਸੀਮਿਤ ਹਨ। ਹੇਠਾਂ ਦਿੱਤੇ ਵਚਨਾਂ ਦੇ ਕਥਨਾਂ ਉੱਤੇ ਧਿਆਨ ਦਿਓ ਜੋ ਦਰਸਾਉਂਦੇ ਹਨ ਕਿ ਪ੍ਰਭੂ ਰਸੂਲਾਂ ਨਾਲ ਗੱਲ ਕਰ ਰਹੇ ਸਨ:

> "ਇਹ ਸਭ ਗੱਲਾਂ ਮੈਂ ਤੁਹਾਨੂੰ ਉਦੋਂ ਦੱਸ ਚੁੱਕਾ ਸੀ ਜਦੋਂ ਮੈਂ ਤੁਹਾਡੇ ਨਾਲ ਸੀ" [ਯੂਹੰਨਾ 14:25]
>
> "...ਤੁਹਾਨੂੰ ਉਹ ਸਭ ਯਾਦ ਕਰਾਵੇਗਾ, ਜੋ ਕੁਝ ਮੈਂ ਤੁਹਾਨੂੰ ਕਿਹਾ ਹੈ" [ਯੂਹੰਨਾ 14:26]
>
> "ਅਤੇ ਤੁਸੀਂ ਵੀ ਮੇਰੇ ਗਵਾਹ ਹੋਵੇਗੇ ਕਿਉਂਕਿ ਤੁਸੀਂ ਸ਼ੁਰੂ ਤੋਂ ਮੇਰੇ ਨਾਲ ਹੋ" [ਯੂਹੰਨਾ 15:27]
>
> "ਮੇਰੇ ਕੋਲ ਹੋਰ ਵੀ ਤੁਹਾਨੂੰ ਦੱਸਣ ਲਈ ਬਹੁਤ ਕੁਝ ਹੈ, ਪਰ ਇਸ ਸਮੇਂ ਤੁਹਾਡੇ ਲਈ ਉਨ੍ਹਾਂ ਨੂੰ ਸਹਿਣਾ ਮੁਸ਼ਕਲ ਹੈ" [ਯੂਹੰਨਾ 16:12]

ਸਲੀਬ ਦੀ ਮੌਤ ਤੋਂ ਪਹਿਲਾਂ ਦੀ ਸ਼ਾਮ, ਉਪਰਲੇ ਕਮਰੇ ਵਿੱਚ ਦਿੱਤੇ ਗਏ ਉਪਦੇਸ਼ ਵਿੱਚ ਇਕੱਲੇ ਰਸੂਲਾਂ ਨਾਲ ਗੱਲ ਕੀਤੀ ਗਈ ਸੀ। ਉਹਨਾਂ ਨੂੰ ਮਸੀਹ ਨੇ ਨਿਯੁਕਤ ਕੀਤਾ ਸੀ ਕਿ ਉਹ ਪਵਿੱਤਰ ਆਤਮਾ ਦੁਆਰਾ ਦਿੱਤੇ ਜਾਣ ਵਾਲੇ ਪਰਮੇਸ਼ਰ ਦੇ ਪ੍ਰਕਾਸ਼ਨ ਨੂੰ ਪ੍ਰਾਪਤ ਕਰਨ ਵਾਲੇ ਹਨ। ਅਫ਼ਸੀ 2:20 ਸਾਨੂੰ ਸਿਖਾਉਂਦਾ ਕਿ ਰਸੂਲ ਕਲੀਸਿਯਾ ਦੀ ਨੀਂਹ ਹਨ। 2 ਪਤਰਸ 3:2 ਇਹ ਸਿਖਾਉਂਦਾ ਹੈ ਕਿ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਦੇ ਹੁਕਮ ਰਸੂਲਾਂ ਦੁਆਰਾ ਬੋਲੇ ਗਏ ਸਨ। 1 ਕਰਿੰਥ 12:28 "ਪਹਿਲੇ ਰਸੂਲਾਂ" ਬਾਰੇ ਗੱਲ ਕਰਦਾ ਹੈ। ਮੱਤੀ 16:18 ਦੀ ਇੱਕ ਵੱਖਰੀ ਵਿਆਖਿਆ ਹੋ ਸਕਦੀ ਹੈ; ਪਰ ਜੇਕਰ ਪਤਰਸ ਨੂੰ ਬਾਕੀ ਰਸੂਲਾਂ ਨਾਲੋਂ ਜ਼ਿਆਦਾ ਨਾ ਸਮਝਿਆ ਜਾਵੇ, ਤਾਂ ਇਹ ਸੰਭਵ ਹੈ ਕਿ ਮਸੀਹ ਇਹ

ਕਹਿ ਰਹੇ ਹਨ ਕਿ ਉਹ ਕਲੀਸਿਯਾ ਨੂੰ ਪਤਰਸ ਅਤੇ ਬਾਕੀ ਰਸੂਲਾਂ ਉੱਤੇ ਬਣਾਉਣਗੇ। ਸ਼ੁਰੂਆਤੀ ਕਲੀਸਿਯਾ ਕੋਲ ਇਸ ਗੱਲ ਦਾ ਚੰਗਾ ਆਧਾਰ ਸੀ ਕਿ ਇੱਕ ਪੁਸਤਕ ਨੂੰ ਕੈਨਨ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਉਸ ਨੂੰ ਰਸੂਲ ਦੁਆਰਾ ਲਿਖੀ ਸਾਬਤ ਕੀਤਾ ਜਾਵੇ। ਰਸੂਲ ਹੀ ਉਹਨਾਂ ਸਾਰੀਆਂ ਅਧਿਕਾਰਤ ਸਿੱਖਿਆਵਾਂ ਦਾ ਆਧਾਰ ਹਨ ਜੋ ਵਿਆਪਕ ਤੌਰ ਤੇ ਸਾਰੀਆਂ ਕਲੀਸਿਯਾਵਾਂ ਉੱਤੇ ਬੰਧਨ ਹਨ।

### B. ਕਲੀਸਿਯਾ ਦੇ ਲਈ ਵਰਤਮਾਨ ਅਧਿਕਾਰ

ਰਸੂਲਾਂ 1:21-22 ਅਤੇ 1 ਕੁਰਿੰਥ 9:1 ਇਹ ਸੰਕੇਤ ਦਿੰਦੇ ਹਨ ਕਿ ਇੱਕ ਵਿਅਕਤੀ ਦੇ ਰਸੂਲ ਹੋਣ ਦੇ ਲਈ, ਇਹ ਜ਼ਰੂਰੀ ਸੀ ਕਿ ਉਸ ਨੇ ਜੀਅ-ਉੱਠੇ ਪ੍ਰਭੂ ਨੂੰ ਦੇਖਿਆ ਹੋਵੇ। ਅੱਜ ਕੋਈ ਵੀ ਅਜਿਹਾ ਵਿਅਕਤੀ ਜੀਵਿਤ ਨਹੀਂ ਹੈ ਜਿਸ ਨੇ ਪ੍ਰਭੂ ਨੂੰ ਜੀਅ-ਉੱਠਣ ਤੋਂ ਬਾਅਦ ਦੇਖਿਆ ਹੋਵੇ। ਇਸ ਤਰ੍ਹਾਂ, ਇਹ ਸੋਚਣਾ ਇੱਕ ਬੇਤੁਕੀ ਗੱਲ ਹੋਵੇਗੀ ਕਿ ਅਸੀਂ ਕਲੀਸਿਯਾ ਦੀ ਸਥਾਪਨਾ ਦੇ ਸਮੇਂ ਵਿੱਚ ਹਾਂ (ਦੇਖੋ, ਅਫ਼ਸੀ 2:20)। ਮਸੀਹ ਨੇ ਰਸੂਲਾਂ ਨੂੰ ਪਵਿੱਤਰ ਆਤਮਾ ਦੁਆਰਾ ਪਰਮੇਸ਼ਰ ਦੇ ਪ੍ਰਕਾਸ਼ਨ ਪ੍ਰਾਪਤ ਕਰਨ ਦੇ ਲਈ ਪਹਿਲਾਂ ਹੀ ਨਿਯੁਕਤ ਕੀਤਾ ਸੀ। ਮਸੀਹ ਨੇ ਇਹੋ ਅਧਿਕਾਰ ਕਿਸੇ ਹੋਰ ਨੂੰ ਨਹੀਂ ਦਿੱਤਾ ਸੀ। ਇਸ ਲਈ, ਕਿਉਂਕਿ ਅੱਜ ਕੋਈ ਰਸੂਲ ਨਹੀਂ ਹਨ, ਤਾਂ ਕੋਈ ਵੀ ਅਜਿਹੇ ਪ੍ਰਕਾਸ਼ਨ ਦਾ ਦਾਅਵਾ ਨਹੀਂ ਕਰ ਸਕਦਾ ਹੈ ਜੋ ਸਾਰੀਆਂ ਕਲੀਸਿਯਾਵਾਂ ਉੱਤੇ ਲਾਗੂ ਹੋਵੇਗਾ। ਕਿਸੇ ਦੇ ਲਈ ਵੀ ਇਹ ਸੰਭਵ ਨਹੀਂ ਹੈ ਕਿ ਉਹ ਬਾਈਬਲ ਵਿੱਚ ਕਿਸੇ ਹੋਰ ਪੁਸਤਕ ਨੂੰ ਜੋੜੇ।

### C. ਕੁਝ ਹੋਰ ਵਿਚਾਰ

ਅਜਿਹੀਆਂ ਬਹੁਤ ਆਇਤਾਂ ਹਨ ਜੋ ਸਿਖਾਉਂਦੀਆਂ ਹਨ ਕਿ **ਵਿਸ਼ਵਾਸ** (ਅਰਥਾਤ, ਕਲੀਸਿਯਾ ਦੇ ਲਈ ਸਿਧਾਂਤ) ਸਿਰਫ਼ ਇੱਕ ਵਾਰ ਦਿੱਤਾ ਜਾਵੇਗਾ ਅਤੇ ਇਸ ਨੂੰ ਬਦਲਿਆ ਨਹੀਂ ਜਾਵੇਗਾ। ਹਾਲਾਂਕਿ ਪ੍ਰਕਾਸ਼ ਦੀ ਪੋਥੀ ਦੇ ਅੰਤ ਵਿੱਚ ਇਹ ਬਿਆਨ ਤਕਨੀਕੀ ਤੌਰ ਤੇ ਸਿਰਫ਼ ਪ੍ਰਕਾਸ਼ ਦੀ ਪੋਥੀ ਦਾ ਹਵਾਲਾ ਦਿੰਦਾ ਹੈ, ਫਿਰ ਵੀ ਇਹ ਸ਼ਾਇਦ ਇਤਫ਼ਾਕ ਤੋਂ ਵੱਧਕੇ ਹੈ ਕਿ ਇਹ ਬਾਈਬਲ ਦੇ ਅੰਤ ਵਿੱਚ ਆਉਂਦਾ ਹੈ।

> ਮੇਰੇ ਪਿਆਰੇ ਮਿੱਤਰੋ, ਮੈਂ ਤੁਹਾਨੂੰ ਉਸ ਮੁਕਤੀ ਦੇ ਬਾਰੇ ਲਿਖਣ ਦਾ ਬਹੁਤ ਚਾਹਵਾਨ ਸੀ ਜਿਸ ਦੇ ਵਿੱਚ ਅਸੀਂ ਸਾਰੇ ਸਾਂਝੀ ਹਾਂ। ਮੈਨੂੰ ਜ਼ਰੂਰੀ ਲੱਗਾ ਕਿ ਮੈਂ ਤੁਹਾਨੂੰ ਉਸ ਵਿਸ਼ਵਾਸ ਦੇ ਲਈ ਸੰਘਰਸ਼ ਕਰਨ ਦੇ ਲਈ ਲਿਖਾਂ ਅਤੇ ਉਤਸ਼ਾਹ ਦੇਵਾਂ ਜਿਹੜਾ ਪਰਮੇਸ਼ਰ ਦੇ ਵੱਲੋਂ ਪਵਿੱਤਰ ਲੋਕਾਂ ਨੂੰ **ਇੱਕ ਹੀ ਵਾਰ** ਦਿੱਤਾ ਗਿਆ ਸੀ। [ਯਹੂਦਾਹ 1:3]

> ਪਰ ਜੇਕਰ ਅਸੀਂ ਵੀ ਜਾਂ ਸਵਰਗ ਤੋਂ ਕੋਈ ਸਵਰਗਦੂਤ ਉਸ ਖੁਸ਼ਖਬਰੀ ਤੋਂ ਬਿਨ੍ਹਾਂ ਜਿਹੜੀ ਅਸੀਂ ਤੁਹਾਨੂੰ ਸੁਣਾਈ ਸੀ, ਕੋਈ ਹੋਰ ਖੁਸ਼ਖਬਰੀ ਤੁਹਾਨੂੰ ਸੁਣਾਵੇ ਤਾਂ ਉਹ ਸਰਾਪਤ ਹੋਵੇ! [ਗਲਾਤੀ 1:8]

> ਮੈਂ, ਅੰਤ ਵਿੱਚ ਸਾਰਿਆਂ ਨੂੰ ਜਿਹੜੇ ਇਸ ਪੁਸਤਕ ਦੇ ਭਵਿੱਖਬਾਣੀ ਦੇ ਵਚਨ ਸੁਣਦੇ ਹਨ ਇਹ ਚਿਤਾਵਨੀ ਦਿੰਦਾ ਹਾਂ ਕਿ ਜੇਕਰ ਕੋਈ ਮਨੁੱਖ ਇਸ ਵਿੱਚ ਕਿਸੇ ਤਰ੍ਹਾਂ ਦਾ ਵਾਧਾ ਕਰੇ ਤਾਂ ਪਰਮੇਸ਼ਰ ਇਸ ਪੁਸਤਕ ਵਿੱਚ ਬਿਆਨ ਕੀਤੀਆਂ ਮਹਾਂਮਾਰੀਆਂ ਵਿੱਚ ਉਸ ਲਈ ਵਾਧਾ ਕਰਨਗੇ ਇਸੇ ਤਰ੍ਹਾਂ ਜੇਕਰ ਕੋਈ ਇਸ ਪੁਸਤਕ ਦੇ ਭਵਿੱਖਬਾਣੀ ਦੇ ਵਚਨਾਂ ਵਿੱਚ ਕਿਸੇ ਤਰ੍ਹਾਂ ਦਾ ਘਾਟਾ ਕਰੇ ਤਾਂ ਪਰਮੇਸ਼ਰ ਇਸ ਪੁਸਤਕ ਵਿੱਚ ਬਿਆਨ ਕੀਤੇ ਜੀਵਨ ਦੇ ਰੁੱਖ ਅਤੇ ਪਵਿੱਤਰ ਸ਼ਹਿਰ ਵਿੱਚੋਂ ਉਸ ਦਾ ਹਿੱਸਾ ਘੱਟ ਕਰ ਦੇਣਗੇ [ਪ੍ਰਕਾਸ਼ 22:18-19]

## VIII. ਬਾਈਬਲ ਦਾ ਸਿਧਾਂਤ ਅਤੇ ਕਲੀਸਿਯਾ ਦਾ ਇਤਿਹਾਸ

ਬਾਈਬਲ ਦੇ ਅਚੂਕ ਹੋਣ ਦਾ ਸਿਧਾਂਤ, ਹਰੇਕ ਪ੍ਰਮੁੱਖ ਮਸੀਹੀ- ਸਮੂਹ ਦਾ ਆਧਾਰ ਸੀ। ਜਿਹੜੇ ਲੋਕਾਂ ਨੇ ਪਵਿੱਤਰ ਗ੍ਰੰਥ ਦੀ ਪ੍ਰੇਰਨਾ ਤੋਂ ਇਨਕਾਰ ਕੀਤਾ ਹੈ, ਉਹ ਆਮ ਤੌਰ ਤੇ ਅਜਿਹੇ ਸਿਧਾਂਤ ਨੂੰ ਅਪਣਾਉਂਦੇ ਹਨ ਜਿਸ ਨੂੰ ਉਹਨਾਂ ਦੇ ਆਪਣੇ ਸਮੂਹ ਦੇ ਸੰਸਥਾਪਕ ਵੀ ਇੱਕ ਪਖੰਡੀ ਵਿਚਾਰ ਘੋਸ਼ਿਤ ਕਰ ਦਿੰਦੇ। ਖੁੱਲ੍ਹੇ ਵਿਚਾਰ ਵਾਲੇ ਲੋਕ ਇਹ ਦਾਅਵਾ ਕਰਦੇ ਹਨ ਕਿ ਬਾਈਬਲ ਦੇ ਅਚੂਕ ਹੋਣ ਦਾ ਵਿਚਾਰ ਇੱਕ ਆਧੁਨਿਕ ਵਿਚਾਰ ਹੈ, ਅਤੇ ਇਹ ਜਾਂ ਤਾਂ ਅਗਿਆਨਤਾ ਦੇ ਕਾਰਨ ਹੈ, ਜਾਂ ਫਿਰ ਇਹ ਜਾਣਬੁਝ ਕੇ ਕੀਤੀ ਗਈ ਗ਼ਲਤ ਵਿਆਖਿਆ ਹੈ।

> ਕਿਉਂਕਿ ਮੈਨੂੰ ਅਜਿਹਾ ਲੱਗਦਾ ਹੈ ਕਿ ਜੇਕਰ ਅਸੀਂ ਇਹ ਮੰਨ ਲੈਂਦੇ ਹਾਂ ਕਿ ਬਾਈਬਲ ਵਿੱਚ ਕੁਝ ਵੀ ਗ਼ਲਤ ਪਾਇਆ ਜਾ ਸਕਦਾ ਹੈ, ਤਾਂ ਸਾਡੇ ਵਿਸ਼ਵਾਸ ਦੇ ਲਈ ਅਜਿਹੇ ਵਿਚਾਰ ਦੇ ਵਿਨਾਸ਼ਕਾਰੀ ਨਤੀਜੇ ਹੋਣਗੇ; ਕਹਿਣ ਦਾ ਭਾਵ ਇਹ ਹੈ ਕਿ ਉਹ ਜਿਹਨਾਂ ਆਦਮੀਆਂ ਨੇ ਪਵਿੱਤਰ ਗ੍ਰੰਥ ਲਿਖਿਆ ਅਤੇ ਸਾਨੂੰ ਦਿੱਤਾ ਹੈ, ਉਹਨਾਂ ਨੇ ਇਹਨਾਂ ਪੁਸਤਕਾਂ ਵਿੱਚ ਕੁਝ ਕੁਝ ਅਜਿਹਾ ਲਿਖ ਦਿੱਤਾ ਜੋ ਗ਼ਲਤ ਹੈ...[ਆਗਸਤੀਨ, ਕੈਥੋਲਿਕ ਪ੍ਰੀ-ਰਿਫਾਰਮੇਸ਼ਨ].[1]

> ਲੂਥਰ ਨੇ ਆਗਸਟੀਨ ਦੀ ਜੇਰੋਮ ਨੂੰ ਲਿਖੀ ਚਿੱਠੀ ਦਾ ਹਵਾਲਾ ਦਿੱਤਾ ਜਿਸ ਵਿੱਚ ਉਸ ਨੇ ਲਿਖਿਆ ਸੀ, "ਜਿਹੜੀਆਂ ਪੁਸਤਕਾਂ ਨੂੰ ਪਵਿੱਤਰ ਗ੍ਰੰਥ ਕਿਹਾ ਗਿਆ ਹੈ, ਉਹਨਾਂ ਨੂੰ ਅਜਿਹੇ ਸਨਮਾਨ ਨਾਲ ਸਮਝਾ ਕਿ ਅੰਤ ਵਿੱਚ ਮੈਨੂੰ ਇਹ ਵਿਸ਼ਵਾਸ ਹੋ ਜਾਵੇ ਕਿ ਕਿਸੇ ਇੱਕ ਪਵਿੱਤਰ ਲੇਖਕ ਕੇ ਵੀ ਉਸ ਨੂੰ ਲਿਖਣ ਵਿੱਚ ਕਦੇ ਕੋਈ ਗ਼ਲਤੀ ਨਹੀਂ ਕੀਤੀ ਹੈ। ਲੂਥਰ ਨੇ ਆਗਸਟੀਨ ਦੇ ਇਸ ਵਿਚਾਰ ਦਾ ਸਮਰਥਨ ਕੀਤਾ

[1] ਹੈਰਲਡ ਲਿੰਡਸੈਲ, *ਗੈਂਡਜ਼ ਇਨਕੰਪੈਰੇਬਲ ਵਰਡ* (ਵੀਟਨ, ਇਲਿਨੋਇਸ: ਵਿਕਟਰ ਬੁਕਸ, 1977), 55.

ਕਿ, "ਬਾਈਬਲ ਕਦੇ ਗ਼ਲਤ ਨਹੀਂ ਹੋ ਸਕਦੀ ਹੈ"। ਇਹ ਨਿਸ਼ਚਿਤ ਹੈ ਕਿ ਪਵਿੱਤਰ ਗ੍ਰੰਥ ਆਪਣੇ ਆਪ ਨਾਲ ਅਸਹਿਮਤ ਨਹੀਂ ਹੋ ਸਕਦਾ ਹੈ। ਇਹ ਅਸੰਭਵ ਹੈ ਕਿ ਪਵਿੱਤਰ ਗ੍ਰੰਥ ਆਪਣੇ ਆਪ ਦਾ ਖੰਡਣ ਕਰੇ, ਪਰ ਕੁਝ ਮੂਰਖ ਅਤੇ ਜ਼ਿੱਦੀ ਪਖੰਡੀਆਂ ਨੂੰ ਅਜਿਹਾ ਲੱਗਦਾ ਹੈ। [ਮਾਰਟਿਨ ਲੂਥਰ (ਲੂਥਰਨ ਕਲੀਸਿਯਾ ਦੇ ਸੰਸਥਾਪਕ][2]

ਇਸ ਲਈ, ਜਾਂ ਤਾਂ ਅਸੀਂ ਹਰੇਕ ਗੱਲ ਵਿੱਚ ਵਿਸ਼ਵਾਸ ਕਰਾਂਗੇ, ਜਾਂ ਕਿਸੇ ਵੀ ਗੱਲ ਵਿੱਚ ਵਿਸ਼ਵਾਸ ਨਹੀਂ ਕਰਾਂਗੇ: ਅਜਿਹਾ ਨਹੀਂ ਹੋ ਸਕਦਾ ਹੈ ਕਿ ਪਵਿੱਤਰ ਆਤਮਾ ਆਪਣੇ ਆਪ ਨੂੰ ਵਿਭਾਜਿਤ ਹੋਣ ਦੇਵੇ, ਕਿ ਉਹ ਇੱਕ ਹਿੱਸੇ ਨੂੰ ਤਾਂ ਸਿਖਾਵੇ ਜਾਂ ਅਸਲ ਵਿੱਚ ਵਿਸ਼ਵਾਸ ਕਰਨ ਵਾਲਾ ਬਣਾ ਦੇਵੇ, ਅਤੇ ਇੱਕ ਦੂਜੇ ਹਿੱਸੇ ਨੂੰ ਝੂਠਾ ਠਹਿਰਾ ਦੇਵੇ। ਕਿਉਂਕਿ ਸਾਰੇ ਪਖੰਡੀਆਂ ਦਾ ਇਹ ਰਿਵਾਜ਼ ਬਣ ਗਿਆ ਹੈ ਕਿ ਉਹ ਪਹਿਲਾਂ ਇੱਕ ਗੱਲ ਨੂੰ ਝੂਠਾ ਠਹਿਰਾਉਣ ਨਾਲ ਸ਼ੁਰੂ ਕਰਦੇ ਹਨ, ਪਰ ਅਜਿਹੇ ਸਾਰੇ ਲੋਕਾਂ ਦਾ ਪੂਰਾ-ਪੂਰਾ ਇਨਕਾਰ ਕੀਤਾ ਜਾਣਾ ਚਾਹੀਦਾ ਹੈ, ਇੱਕ ਅਜਿਹੀ ਅੰਗੂਠੀ ਦੀ ਤਰ੍ਹਾਂ ਜੋ ਟੁੱਟ ਜਾਂਦੀ ਹੈ [ਮਾਰਟਿਨ ਲੂਥਰ][3]

ਜੌਨ ਕੈਲਵਿਨ ਨੇ, ਜੋ ਪ੍ਰੈਸਬੀਟੇਰੀਅਨ ਅਤੇ ਰਿਫਾਰਮਡ ਪਰੰਪਰਾਵਾਂ ਦਾ ਆਗੂ ਸੀ, ਪਵਿੱਤਰ ਗ੍ਰੰਥ ਬਾਰੇ ਇਹ ਵਰਣਨ ਕੀਤੇ:[4]

- ਪੱਕਾ ਅਤੇ ਅਚੂਕ ਲੇਖ
- ਅਚੂਕ ਪੈਮਾਨਾ
- ਪਰਮੇਸ਼ਰ ਦਾ ਸ਼ੁੱਧ ਵਚਨ
- ਪਰਮੇਸ਼ਰ ਦੇ ਪਵਿੱਤਰ ਸੱਚ ਦਾ ਅਟੱਲ ਨਿਯਮ
- ਅਚੂਕ ਨਿਸ਼ਚਿਤਤਾ
- ਨਿਸ਼ਚਿਤ ਅਤੇ ਅਚੂਕ ਨਿਯਮ
- ਅਚੂਕ ਚਾਨਣ
- ਪਰਮੇਸ਼ਰ ਦਾ ਦ੍ਰਿੜ੍ਹ ਵਚਨ
- ਇਸ ਵਿੱਚ ਮਨੁੱਖ ਦੀ ਕਿਸੇ ਚੀਜ਼ ਦਾ ਮਿਸ਼ਰਣ ਨਹੀਂ ਹੈ
- ਇਹ ਪਰਮੇਸ਼ਰ ਦਾ ਅਟੱਲ ਵਚਨ ਹੈ
- ਇਹ ਅਚੂਕ ਉਪਦੇਸ਼ ਹਨ

ਥਾਮਸ ਕਰਾਨਮਰ ਨੇ, ਜੋ ਐਂਗਲੀਕਨ ਕਲੀਸਿਯਾ ਦੇ ਸੰਸਥਾਪਕਾਂ ਵਿੱਚੋਂ ਇੱਕ ਸੀ, ਜਿਸ ਨੂੰ ਅਮਰੀਕਾ ਵਿੱਚ ਐਪੀਸਕੋਪਾਲੀਅਨ ਕਲੀਸਿਯਾ ਕਿਹਾ ਜਾਂਦਾ ਹੈ, ਆਪਣੇ ਇਹ ਵਿਚਾਰ ਪੇਸ਼ ਕੀਤੇ:

> "ਪਵਿੱਤਰ ਗ੍ਰੰਥ ਵਿੱਚ ਜੋ ਵੀ ਪਾਇਆ ਜਾਂਦਾ ਹੈ, ਉਸ ਨੂੰ ਇੱਕ ਪੱਕੀ ਨੀਂਹ ਅਤੇ ਅਚੂਕ ਸੱਚਾਈ ਦੇ ਰੂਪ ਵਿੱਚ ਲਿਆ ਜਾਣਾ ਚਾਹੀਦਾ ਹੈ; ਅਤੇ ਜਿਹੜੀ ਵੀ ਚੀਜ਼ ਇਸ ਨੀਂਹ ਉੱਤੇ ਖੜ੍ਹੀ ਨਹੀਂ ਕੀਤੀ ਜਾ ਸਕਦੀ, ਉਹ ਮਨੁੱਖ ਦੀ ਖ਼ੁਦ ਦੀ ਬਣਾਈ ਗਈ ਹੈ, ਅਤੇ ਉਹ ਗ਼ਲਤ ਅਤੇ ਪਰਿਵਰਤਨਸ਼ੀਲ ਹੋ ਸਕਦੀ ਹੈ।"[5]
>
> ਆਓ ਅਸੀਂ ਸ਼ਾਂਤ ਰਹੀਏ, ਅਤੇ ਆਪਣੇ ਵਿਵੇਕ ਨੂੰ ਪਵਿੱਤਰ ਗ੍ਰੰਥ ਦੀ ਦ੍ਰਿੜ੍ਹਤਾ, ਸੱਚਾਈ ਅਤੇ ਸਦੀਪਕ ਭਰੋਸੇ ਨਾਲ ਪ੍ਰਮਾਣਿਤ ਕਰੀਏ![6]

ਮੈਥੋਡਿਸਮ ਦੇ ਸੰਸਥਾਪਕ ਜੌਨ ਵੈਸਲੀ ਨੇ ਕਿਹਾ,

> ਜੇਕਰ ਬਾਈਬਲ ਵਿੱਚ ਇੱਕ ਵੀ ਗ਼ਲਤੀ ਹੈ, ਤਾਂ ਫਿਰ ਹਜ਼ਾਰ ਗ਼ਲਤੀਆਂ ਵੀ ਹੋ ਸਕਦੀਆਂ ਹਨ। ਜੇਕਰ ਇਸ ਪੁਸਤਕ ਵਿੱਚ ਇੱਕ ਵੀ ਝੂਠੀ ਗੱਲ ਹੈ, ਤਾਂ ਇਹ ਸੱਚਾਈ ਦੇ ਪਰਮੇਸ਼ਰ ਵੱਲੋਂ ਨਹੀਂ ਆਈ ਹੈ [ਮੈਥੋਡਿਸਮ ਦੇ ਸੰਸਥਾਪਕ]

ਅਤੇ ਅੰਤ ਵਿੱਚ, ਪ੍ਰਮੁੱਖ ਬੈਪਟਿਸਟ ਪ੍ਰਚਾਰਕ ਚਾਰਲਸ ਹੈਡਨ ਸਪਰਜਨ ਨੇ ਕਿਹਾ;

> ਕਿਉਂਕਿ ਪਵਿੱਤਰ ਗ੍ਰੰਥ ਪਰਮੇਸ਼ਰ ਦਾ ਲਿਖਿਆ ਹੋਇਆ ਹੈ, ਇਸ ਲਈ ਇਹ ਇਸ ਦੇ ਸੱਚੇ ਹੋਣ ਦਾ ਚਿੰਨ੍ਹ ਹੈ। ਜੇਕਰ ਮੈਂ ਇਸ ਨੂੰ ਲਿਖਿਆ ਹੁੰਦਾ, ਤਾਂ ਅਲੋਚਨਾਂ ਕਰਨ ਵਾਲੇ ਕੁਝ ਕੀੜੇ ਹੁੰਦੇ ਜੋ ਇਸ ਉੱਤੇ ਹਮਲਾ ਕਰਦੇ, ਅਤੇ ਇਸ ਉੱਤੇ ਆਪਣੀ ਦੁਸ਼ਟਤਾ ਭਰੀ ਗੰਦਗੀ ਪਾ ਦਿੰਦੇ; ਜੇਕਰ ਮੈਂ ਇਸ ਨੂੰ ਲਿਖਿਆ ਹੁੰਦਾ, ਤਾਂ ਅਜਿਹੇ ਬਹੁਤ ਸਾਰੇ ਲੋਕ ਖੜ੍ਹੇ ਹੋ ਜਾਂਦੇ ਜੋ ਤੁਰੰਤ ਹੀ ਇਸ ਨੂੰ ਪਾੜ ਕੇ ਇਸ ਦੇ ਟੁਕੜੇ ਕਰ ਦਿੰਦੇ, ਅਤੇ ਸ਼ਾਇਦ ਉਹਨਾਂ ਦਾ ਜਿਹਾ ਕਰਨਾ ਠੀਕ ਹੀ ਹੁੰਦਾ। ਪਰ ਇਹ ਪਰਮੇਸ਼ਰ ਦਾ ਵਚਨ ਹੈ। ਹੇ, ਆਲੋਚਕੋ,

[2] ਆਇਬਿਡ., 58.

[3] ਜੌਨ ਗਰਸਟਨਰ, "ਦ ਚਰਚਜ਼ ਡਾਕਟ੍ਰੀਨ ਆਫ ਬਿਬਲਿਕਲ ਇੰਸਪੀਰੇਸ਼ਨ", *ਦ ਫਾਉਂਡੇਸ਼ਨ ਆਫ ਬਿਬਲਿਕਲ ਅਥਾਰਟੀ*, ਐਡ. ਜੇਮਜ਼ ਮੌਂਟਗੋਮਰੀ ਬੋਇਸ, (ਗ੍ਰੈਂਡ ਰੈਪਿਡਜ਼: ਜ਼ੋਂਡਰਵੈਨ ਪਬਲਿਸ਼ਿੰਗ ਕੋ. 1978) 35.

[4] ਜੌਨ ਗਰਸਟਨਰ, "ਦ ਵਿਊ ਆਫ ਦ ਬਾਈਬਲ ਹੈਲਡ ਬਾਏ ਦ ਚਰਚ: ਕੈਲਵਿਨ ਐਂਡ ਦ ਵੈਸਟਮਿੰਸਟਰ ਡਿਵਾਈਨਜ਼," *ਸਮਿਟ ਪੇਪਰਜ਼ ਇੰਟਰਨੈਸ਼ਨਲ ਕੌਂਸਲ ਆਫ ਬਿਬਲਿਕਲ ਇਨਰੰਸੀ*, ਐਡ. ਨੋਰਮਨ ਗੇਸਲਰ, (ਓਕਲੈਂਡ, ਕੈਲੀਫੋਰਨੀਆ: ਆਈ.ਸੀ.ਬੀ.ਆਈ., 1978), ਪੇਪਰ 14, 8.

[5] ਫਿਲਿਪ ਈ. ਹਿਊਜ਼, ਦ ਥਿਉਲੋਜੀ ਆਫ ਦ ਇੰਗਲਿਸ਼ ਰਿਫਾਰਮਰਜ਼ (ਗ੍ਰੈਂਡ ਰੈਪਿਡਜ਼: ਈਰਡਮੈਨਜ਼ ਪਬਲਿਸ਼ਿੰਗ ਕੋ., 1965), 20

[6] ਆਇਬਿਡ., 22.

ਇਸ ਵਿੱਚ ਕੋਈ ਗ਼ਲਤੀ ਤਾਂ ਕੱਢ ਕੇ ਦੱਸੋ। ਇਹ ਸ਼ੁੱਧ ਸੋਨੇ ਦੀ ਧਾਰ ਹੈ, ਜਿਸ ਵਿੱਚ ਚਾਂਦੀ ਦੀ ਮਿੱਟੀ ਜਾਂ ਕੋਈ ਧਰਤੀ ਵਾਲਾ ਪਦਾਰਥ ਨਹੀਂ ਰਲਿਆ। ਇੱਕੋ ਇੱਕ ਤਾਰਾ ਹੈ ਜਿਸ ਉੱਤੇ ਕੋਈ ਧੱਬਾ ਨਹੀਂ; ਇੱਕ ਅਜਿਹਾ ਸੂਰਜ ਜਿਸ ਵਿੱਚ ਕੋਈ ਦਾਗ ਨਹੀਂ; ਇੱਕ ਅਜਿਹਾ ਚਾਨਣ ਜਿਸ ਵਿੱਚ ਹਨੇਰਾ ਨਹੀਂ;ਇੱਕ ਅਜਿਹਾ ਚੰਦ ਜਿਸ ਵਿੱਚ ਕੋਈ ਫਿੱਕਾਪਣ ਨਹੀਂ; ਇੱਕ ਅਜਿਹਾ ਪਰਤਾਪ ਜਿਸ ਵਿੱਚ ਕੋਈ ਧੁੰਦਲਾਪਣ ਨਹੀਂ। ਇਹ ਕਿਸੇ ਹੋਰ ਪੁਸਤਕ ਬਾਰੇ ਨਹੀਂ ਕਿਹਾ ਜਾ ਸਕਦਾ ਹੈ, ਕਿ ਉਹ ਸੰਪੂਰਨ ਅਤੇ ਸ਼ੁੱਧ ਹੈ; ਪਰ, ਹੇ ਬਾਈਬਲ, ਸਿਰਫ਼ ਤੇਰੇ ਬਾਰੇ ਅਸੀਂ ਇਹ ਬਿਆਨ ਕਰ ਸਕਦੇ ਹਾਂ ਕਿ ਤੇਰੇ ਵਿੱਚ ਸਾਰੀ ਬੁੱਧ ਇਕੱਠੀ ਕੀਤੀ ਗਈ ਹੈ ਅਤੇ ਤੇਰੇ ਵਿੱਚ ਕਿਸੇ ਗ਼ਲਤੀ ਦਾ ਧੱਬਾ ਨਹੀਂ ਹੈ। ਇਹ ਉਹ ਜੱਜ ਹੈ ਜੋ ਸਾਰੇ ਵਿਵਾਦਾਂ ਨੂੰ ਖ਼ਤਮ ਕਰ ਦਿੰਦਾ ਹੈ ਅਤੇ ਜਿਸ ਅੱਗੇ ਸਾਰੀ ਚਲਾਕੀ ਅਤੇ ਤਰਕ ਅਸਫ਼ਲ ਹੁੰਦੇ ਹਨ। ਇਹ ਇੱਕ ਅਜਿਹੀ ਪੁਸਤਕ ਹੈ ਜਿਸ ਉੱਤੇ ਕਿਸੇ ਗ਼ਲਤੀ ਦਾ ਧੱਬਾ ਨਹੀਂ ਹੈ, ਬਲਕਿ ਇਹ ਸ਼ੁੱਧ, ਨਿਰਮਲ, ਸੰਪੂਰਨ, ਅਤੇ ਸੱਚੀ ਹੈ। ਕਿਉਂ? ਕਿਉਂਕਿ ਇਸ ਨੂੰ ਪਰਮੇਸ਼ਰ ਨੇ ਲਿਖਿਆ ਹੈ। ਜੇਕਰ ਤੁਸੀਂ ਚਾਹੋ, ਤਾਂ ਪਰਮੇਸ਼ਰ ਉੱਤੇ ਗ਼ਲਤੀ ਦਾ ਦੋਸ਼ ਲਗਾ ਸਕਦੇ ਹੋ; ਉਹਨਾਂ ਨੂੰ ਕਹੋ ਕਿ ਇਹ ਉਹ ਪੁਸਤਕ ਨਹੀਂ ਹੈ ਜੋ ਇਹ ਹੋਣੀ ਚਾਹੀਦੀ ਹੈ। ਹੇ ਧੰਨ ਬਾਈਬਲ, ਤੇਰੇ ਵਿੱਚ ਸਭ ਕੁਝ ਸੱਚ ਹੈ।[7]

[7] ਲਿੰਡਸੈਲ, 77.

ਅਧਿਆਇ 2

# ਪਰਮੇਸ਼ਰ ਦਾ ਸਿਧਾਂਤ

ਰੂਪ-ਰੇਖਾ

I. ਪਰਮੇਸ਼ਰ ਬਾਰੇ ਵਿਚਾਰਾਂ ਦੀਆਂ ਪਰਿਭਾਸ਼ਾ **16**
   A. ਨਾਸਤਿਕਤਾ
   B. ਅਗਿਆਨਵਾਦ
   C. ਪਰਮੇਸ਼ਰਵਾਦ
      1. ਪਰਮੇਸ਼ਰਵਾਦੀ
      2. ਬਹੁ-ਪਰਮੇਸ਼ਰਵਾਦ
      3. ਸਰਵ -ਪਰਮੇਸ਼ਰਵਾਦ
      4. ਇੱਕ-ਪਰਮੇਸ਼ਰਵਾਦ

II. ਪਰਮੇਸ਼ਰ ਦੀ ਹੋਂਦ
   A. ਬ੍ਰਹਿਮੰਡੀ ਦਲੀਲ **17**
   B. ਬਣਤਰ ਦਲੀਲ
   C. ਨੈਤਿਕ ਦਲੀਲ
   D. ਹੋਂਦ ਸੰਬੰਧੀ ਦਲੀਲ

III. ਪਰਮੇਸ਼ਰ ਦੀ ਪਰਿਭਾਸ਼ਾ

IV. ਪਰਮੇਸ਼ਰ ਦੀ ਏਕਤਾ ਅਤੇ ਤ੍ਰਿਏਕਤਾ
   A. ਪਰਮੇਸ਼ਰ ਦੀ ਏਕਤਾ
   B. ਪਰਮੇਸ਼ਰ ਦਾ ਤ੍ਰਿਏਕ ਚਰਿੱਤਰ ***18***
      1. ਪੁਰਾਣੇ ਨੇਮ ਵਿੱਚ ਤ੍ਰਿਏਕ ਪਰਮੇਸ਼ਰ
         a. ਪਰਮੇਸ਼ਰ ਲਈ ਇਬਰਾਨੀ ਸ਼ਬਦ ਬਹੁਵਚਨ ਹੈ
         b. ਪਰਮੇਸ਼ਰ ਲਈ ਬਹੁਵਚਨ ਹਵਾਲੇ
         c. ਯਹੋਵਾਹ ਪਰਮੇਸ਼ਰ ਤੋਂ ਵੱਖਰੇ ਜਾਪਦੇ ਹਨ
         d. ਪੁਰਾਣਾ ਨੇਮ ਦੱਸਦਾ ਹੈ ਕਿ ਪਰਮੇਸ਼ਰ ਦਾ ਇੱਕ ਪੁੱਤਰ ਹੈ
         e. ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਤੋਂ ਵੱਖਰਾ ਹੈ
            (1) ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਤੋਂ ਵੱਖਰਾ ਹੈ।
            (2) ਯਹੋਵਾਹ ਦੇ ਸਵਰਗਦੂਤ ਨੂੰ ਪਰਮੇਸ਼ਰ ਵਜੋਂ ਜਾਣਿਆ ਗਿਆ ਹੈ
            (3) ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਹੋਣ ਦਾ ਦਾਅਵਾ ਕਰਦਾ ਹੈ
            (4) ਸਿੱਟੇ **19**
         f. ਮਸੀਹ ਪਰਮੇਸ਼ਰ ਦੁਆਰਾ ਭੇਜੇ ਗਏ ਹਨ, ਫਿਰ ਵੀ ਉਹ ਪਰਮੇਸ਼ਰ ਹਨ
            (1) ਮਸੀਹ ਪਰਮੇਸ਼ਰ ਤੋਂ ਵੱਖਰੇ ਹਨ
            (2) ਮਸੀਹ ਪਰਮੇਸ਼ਰ ਹਨ
         g. ਪਰਮੇਸ਼ਰ ਲਈ ਕਈ ਬਹੁਵਚਨ ਵਰਤੇ ਗਏ
      2. ਨਵੇਂ ਨੇਮ ਵਿੱਚ ਤ੍ਰਿਏਕ ਪਰਮੇਸ਼ਰ
         a. ਤ੍ਰਿਏਕ ਪਰਮੇਸ਼ਰ ਦੇ ਹਰੇਕ ਵਿਅਕਤੀ ਨੂੰ ਪਰਮੇਸ਼ਰ ਕਿਹਾ ਗਿਆ ਹੈ
            (1) ਪਿਤਾ
            (2) ਪੁੱਤਰ
            (3) ਪਵਿੱਤਰ ਆਤਮਾ **20**
         b. ਦੋ ਵਿਅਕਤੀ ਪਰਮੇਸ਼ਰ ਪਰਿਵਾਰ ਵਿੱਚ ਜੁੜੇ ਹੋਏ ਹਨ
         c. ਤਿੰਨ ਵਿਅਕਤੀ ਇਕੱਠੇ ਪਰਮੇਸ਼ਰ ਵਜੋਂ ਜੁੜ ਸਕਦੇ ਹਾਂ

V. ਪਰਮੇਸ਼ਰ ਦੇ ਨਾਮ
   A. ਏਲੋਹਿਮ **21**
      1. ਅਲ ਸ਼ਾਦਾਈ ਜਾਂ ਸ਼ਾਦਾਈ
      2. ਅਲ ਐਲੀਓਨ
      3. ਅਲ ਓਲਾਮ
      4. ਅਲ ਗਿਬੋਰ
   B. ਯਹੋਵਾਹ **22**
      1. ਉਚਾਰਨ
      2. ਸ਼ੁਰੂਆਤ
      3. ਅਰਥ
      4. ਕੁਝ ਹੋਰ ਨਾਮ ਯਹੋਵਾਹ ਤੋਂ ਲਏ ਗਏ ਹਨ
         a. ਯਹੋਵਾਹ-ਸਬਆਥ
         b. ਯਹੋਵਾਹ ਯਿਰਹ
         c. ਯਹੋਵਾਹ ਰਾਫਾ
         d. ਯਹੋਵਾਹ ਨਿੱਸੀ
         e. ਯਹੋਵਾਹ ਸ਼ਲੋਮ
         f. ਯਹੋਵਾਹ-ਰੋਈ
         g. ਯਹੋਵਾਹ ਸਿਦਕੇਨੂ
   C. ਆਦੋਨਾਈ **23**

VI. ਪਰਮੇਸ਼ਰ ਦੇ ਗੁਣ
   A. ਪਰਮੇਸ਼ਰ ਦੇ ਗ਼ੈਰ-ਨੈਤਿਕ ਗੁਣ
      1. ਪਰਮੇਸ਼ਰ ਆਤਮਾ ਹਨ

2. ਪਰਮੇਸ਼ਰ ਸਦੀਪਕ ਹਨ
3. ਪਰਮੇਸ਼ਰ ਸਰਵ-ਵਿਆਪਕ ਹਨ 24
4. ਪਰਮੇਸ਼ਰ ਅਟੱਲ ਹਨ
5. ਪਰਮੇਸ਼ਰ ਸਰਵ-ਗਿਆਨੀ ਹਨ
6. ਪਰਮੇਸ਼ਰ ਕਿਸੇ ਉੱਤੇ ਨਿਰਭਰ ਨਹੀਂ ਹਨ 25
7. ਪਰਮੇਸ਼ਰ ਸਰਵ-ਸ਼ਕਤੀਮਾਨ ਹਨ
8. ਪਰਮੇਸ਼ਰ ਏਕਤਾ ਵਿੱਚ ਹਨ 26

B. ਪਰਮੇਸ਼ਰ ਦੇ ਨੈਤਿਕ ਗੁਣ
1. ਪਰਮੇਸ਼ਰ ਪਵਿੱਤਰ ਹਨ
2. ਪਰਮੇਸ਼ਰ ਸੱਚੇ ਹਨ
a. ਵਾਸਤਵਿਕ ਤੌਰ ਤੇ ਸੱਚੇ
b ਨੈਤਿਕ ਤੌਰ ਤੇ ਸੱਚੇ 27
c. ਅਲੌਕਿਕ ਤੌਰ ਤੇ ਸੱਚੇ
3. ਪਰਮੇਸ਼ਰ ਭਲੇ ਹਨ
a. ਪਰਮੇਸ਼ਰ ਦਿਆਲੂ ਹਨ
b. ਪਰਮੇਸ਼ਰ ਧੀਰਜਵਾਨ ਹਨ 28
c. ਪਰਮੇਸ਼ਰ ਕਿਰਪਾਲੂ ਹਨ
d. ਪਰਮੇਸ਼ਰ ਪਿਆਰ ਹਨ
4. ਪਰਮੇਸ਼ਰ ਨੇਕ ਜਾਂ ਨਿਆਈਂ ਹਨ 29
5. ਪਰਮੇਸ਼ਰ ਬੁੱਧਵਾਨ ਹਨ
6. ਪਰਮੇਸ਼ਰ ਧੰਨ ਹਨ
7. ਪਰਮੇਸ਼ਰ ਪ੍ਰਤਾਪੀ ਹਨ

# ਪਰਮੇਸ਼ਰ ਦਾ ਸਿਧਾਂਤ

## I. ਪਰਮੇਸ਼ਰ ਦੇ ਬਾਰੇ ਵਿਚਾਰਾਂ ਦੀ ਪਰਿਭਾਸ਼ਾ

### A. ਨਾਸਤਿਕਤਾ

ਨਾਸਤਿਕਵਾਦ ਪਰਮੇਸ਼ਰ ਦੀ ਹੋਂਦ ਤੋਂ ਇਨਕਾਰ ਕਰਦਾ ਹੈ। ਨਾਸਤਿਕਤਾ ਮਨੁੱਖਵਾਦ ਅਤੇ ਪਦਾਰਥਵਾਦ ਦੇ ਅਨੁਕੂਲ ਹੈ। ਮਨੁੱਖਵਾਦ ਦਾ ਇਹ ਮੰਨਣਾ ਹੈ ਕਿ ਮਨੁੱਖ ਖ਼ੁਦ-ਮੁਖਤਿਆਰ ਹੈ, ਅਤੇ ਮਨੁੱਖ ਦੀ ਮਹਿਮਾ ਸਭ ਤੋਂ ਉੱਤਮ ਹੈ। ਪਦਾਰਥਵਾਦ ਭੌਤਿਕ ਬ੍ਰਹਿਮੰਡ ਨੂੰ ਹੀ ਅਸਲੀਅਤ ਬਣਾਉਂਦਾ ਹੈ।

### B. ਅਗਿਆਨਵਾਦ

ਅਗਿਆਨਵਾਦ ਕਹਿੰਦਾ ਹੈ ਕਿ ਮਨੁੱਖ ਕਦੇ ਵੀ ਪਰਮੇਸ਼ਰ ਦੀ ਹੋਂਦ ਬਾਰੇ ਨਹੀਂ ਜਾਣ ਸਕਦਾ ਹੈ। ਅਗਿਆਨਵਾਦ ਵੀ ਮਨੁੱਖਵਾਦ ਅਤੇ ਪਦਾਰਥਵਾਦ ਦੇ ਅਨੁਕੂਲ ਹੈ। ਇੱਕ ਮਨੁੱਖਵਾਦੀ ਇਹ ਮੰਨ ਸਕਦਾ ਹੈ ਕਿ ਪਰਮੇਸ਼ਰ ਦੀ ਹੋਂਦ ਸੰਭਵ ਹੈ। ਫਿਰ ਵੀ, ਕਿਉਂਕਿ ਅਸੀਂ ਪਰਮੇਸ਼ਰ ਬਾਰੇ ਨਹੀਂ ਜਾਣ ਸਕਦੇ ਹਾਂ, ਇਸ ਲਈ ਪਰਮੇਸ਼ਰ ਸਾਡੇ ਜੀਵਨ ਨਾਲ ਸੰਬੰਧਿਤ ਨਹੀਂ ਹਨ। ਇਸੇ ਤਰ੍ਹਾਂ, ਇੱਕ ਪਦਾਰਥਵਾਦੀ ਵੀ ਪਰਮੇਸ਼ਰ ਬਾਰੇ ਕੋਈ ਵਿਚਾਰ ਕੀਤੇ ਬਿਨਾਂ ਜੀਅ ਸਕਦਾ ਹੈ, ਹਾਲਾਂਕਿ ਇਹ ਹੋ ਸਕਦਾ ਹੈ ਕਿ ਉਹ ਇੱਕ ਸਿਧਾਂਤਕ ਤੌਰ ਤੇ ਇਹ ਮੰਨ ਲਵੇ ਕਿ ਪਰਮੇਸ਼ਰ ਦੀ ਹੋਂਦ ਸੰਭਵ ਹੈ।

### C. ਪਰਮੇਸ਼ਰਵਾਦ

ਪਰਮੇਸ਼ਰਵਾਦ ਕਿਸੇ ਵੀ ਪਰਮੇਸ਼ਰ ਵਿੱਚ ਕੀਤਾ ਗਿਆ ਭਰੋਸਾ ਹੁੰਦਾ ਹੈ।

1. ਪਰਮੇਸ਼ਰਵਾਦੀ ਇਹ ਮੰਨਦੇ ਹਨ ਕਿ ਪਰਮੇਸ਼ਰ ਮੌਜੂਦ ਹਨ, ਫਿਰ ਵੀ, ਉਹਨਾਂ ਦੇ ਅਨੁਸਾਰ ਪਰਮੇਸ਼ਰ ਨਾ ਤਾਂ ਸੰਸਾਰ ਨਾਲ ਜੁੜਨ ਵਿੱਚ ਕੋਈ ਦਿਲਚਸਪੀ ਰੱਖਦੇ ਹਨ, ਅਤੇ ਨਾ ਹੀ ਉਹ ਮਨੁੱਖ ਨਾਲ ਕੋਈ ਸੰਚਾਰ ਕਰਦੇ ਹਨ।

2. ਬਹੁ-ਪਰਮੇਸ਼ਰਵਾਦ ਕਈ ਦੇਵਤਿਆਂ ਵਿੱਚ ਵਿਸ਼ਵਾਸ ਦਾ ਵਰਣਨ ਕਰਦਾ ਹੈ।

3. ਸਰਵ-ਪਰਮੇਸ਼ਰਵਾਦੀ ਇਹ ਮੰਨਦੇ ਹਨ ਕਿ ਬ੍ਰਹਿਮੰਡ ਖ਼ੁਦ ਹੀ ਪਰਮੇਸ਼ਰ ਹੈ। ਇਹ ਨਾਸਤਿਕ ਪਦਾਰਥਵਾਦ ਦੇ ਵਰਗਾ ਹੈ। ਸਰਵ - ਪਰਮੇਸ਼ਰਵਾਦੀ ਅਤੇ ਪਦਾਰਥਵਾਦੀ ਦੋਵੇਂ ਵਿਸ਼ਵਾਸ ਕਰਦੇ ਹਨ ਕਿ ਭੌਤਿਕ ਸੰਸਾਰ ਹੀ ਅਸਲੀਅਤ ਹੈ। ਹਾਲਾਂਕਿ ਉੱਪਰਲਾ ਵਿਚਾਰ ਸੰਸਾਰ ਨੂੰ "ਪਰਮੇਸ਼ਰ" ਮੰਨਦਾ ਹੈ।

4. ਇੱਕ-ਪਰਮੇਸ਼ਰਵਾਦੀ ਇਹ ਮੰਨਦੇ ਹਨ ਕਿ ਸਿਰਫ਼ ਇੱਕ ਹੀ ਪਰਮੇਸ਼ਰ ਹੈ। ਯਹੂਦੀ, ਮੁਸਲਮਾਨ, ਅਤੇ ਮਸੀਹੀ ਅਤੇ ਹੋਰ ਕਈ ਪੰਥ ਇੱਕ-ਪਰਮੇਸ਼ਰਵਾਦੀ ਹਨ।

## II. ਪਰਮੇਸ਼ਰ ਦੀ ਹੋਂਦ

ਪਰਮੇਸ਼ਰ ਦੀ ਹੋਂਦ ਬਾਰੇ ਪੂਰੀ ਸਮੱਗਰੀ, ਪਰਮੇਸ਼ਰ ਦੇ ਸਿਧਾਂਤ ਦੀ ਬਜਾਏ ਮਸੀਹੀ ਪ੍ਰਮਾਣ ਦੇ ਖੇਤਰ ਵਿੱਚ ਹੈ। ਪਰਮੇਸ਼ਰ ਦੀ ਹੋਂਦ ਦਾ ਸਭ ਤੋਂ ਵੱਡਾ ਸਬੂਤ ਪਵਿੱਤਰ ਗ੍ਰੰਥ ਦਾ ਅਲੌਕਿਕ ਚਰਿੱਤਰ ਅਤੇ ਪ੍ਰਭੂ ਯਿਸੂ ਮਸੀਹ ਦਾ ਵਿਅਕਤੀਤਵ ਵਿੱਚ ਹੈ। ਪਰਮੇਸ਼ਰ ਦੇ ਸਿਧਾਂਤ ਦਾ ਉਦੇਸ਼ ਪਰਮੇਸ਼ਰ ਦੀ ਹੋਂਦ ਬਾਰੇ ਬਹਿਸ ਕਰਨਾ ਨਹੀਂ, ਪਰ ਉਹਨਾਂ ਗੱਲਾਂ ਨੂੰ ਵਿਕਸਿਤ ਕਰਨਾ ਹੈ ਜੋ ਪਵਿੱਤਰ-ਗ੍ਰੰਥ ਪਰਮੇਸ਼ਰ ਬਾਰੇ ਸਿਖਾਉਂਦਾ ਹੈ। ਪੂਰਾ ਪਵਿੱਤਰ ਗ੍ਰੰਥ ਪਰਮੇਸ਼ਰ ਦੀ ਹੋਂਦ ਬਾਰੇ ਗੱਲ ਕਰਦਾ ਹੈ, ਅਤੇ ਜਿਹੜੇ ਇਸ ਗੱਲ ਦਾ ਇਨਕਾਰ ਕਰਦੇ ਹਨ, ਉਹਨਾਂ ਨੂੰ ਇਹ "ਮੂਰਖ" ਕਹਿੰਦਾ ਹੈ (ਦੇਖੋ, ਜ਼ਬੂਰ 14:1; 53:1)। ਜਿਹੜਾ ਵਿਦਿਆਰਥੀ ਪਰਮੇਸ਼ਰ ਦੀ ਹੋਂਦ ਬਾਰੇ ਵਿਚਾਰ ਕਰਨਾ ਚਾਹੁੰਦਾ ਹੈ, ਉਸ ਨੂੰ ਮਸੀਹੀ ਸਬੂਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ। ਫਿਰ ਵੀ, ਬਾਈਬਲ ਵਿਦਵਾਨ ਪਰਮੇਸ਼ਰ ਦੀ ਹੋਂਦ ਬਾਰੇ ਗੱਲ ਕਰਨ ਦੇ ਲਈ ਅਕਸਰ ਬੁਨਿਆਦੀ ਦਾਰਸ਼ਨਿਕ ਦਲੀਲਾਂ ਨੂੰ ਵੀ ਸ਼ਾਮਲ ਕਰ ਲੈਂਦੇ ਹਨ। ਅਸੀਂ ਵੀ ਉਹਨਾਂ ਨੂੰ ਪੂਰੀ ਤਰ੍ਹਾਂ ਦੇਖਾਂਗੇ; ਹਾਲਾਂਕਿ, ਪਰਮੇਸ਼ਰ ਦੀ ਹੋਂਦ ਬਾਰੇ ਸਭ ਤੋਂ ਵਧੀਆ ਦਲੀਲ ਪ੍ਰਭੂ ਯਿਸੂ ਮਸੀਹ ਦਾ ਜੀਵਨ ਹੈ।

### A. ਬ੍ਰਹਿਮੰਡੀ ਦਲੀਲ

ਇਹ ਦਲੀਲ ਦੱਸਦੀ ਹੈ ਕਿ ਹਰੇਕ ਬਣੀ ਚੀਜ਼ ਦਾ ਇੱਕ ਚੁੱਕਵਾਂ ਕਾਰਨ/ਬਣਾਉਣ ਵਾਲਾ ਹੋਣਾ ਜ਼ਰੂਰੀ ਹੈ। ਬ੍ਰਹਿਮੰਡ ਇੱਕ ਬਣੀ ਹੋਈ ਵਸਤੂ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਇਸ ਦਾ ਬਣਾਉਣ ਵਾਲਾ ਪਰਮੇਸ਼ਰ ਹੋਣਾ ਚਾਹੀਦਾ ਹੈ ਜਿਸ ਨੂੰ ਬਣਾਉਣ ਵਾਲਾ ਕੋਈ ਨਹੀਂ ਹੈ।

### B. ਬਣਤਰ ਦਲੀਲ

ਇਹ ਦਲੀਲ ਦੱਸਦੀ ਹੈ ਕਿ ਬ੍ਰਹਿਮੰਡ ਦੀ ਬਣਤਰ ਇੱਕ ਸ਼ਕਤੀਸ਼ਾਲੀ ਬਣਤਰ ਤਿਆਰ ਕਰਨ ਵਾਲੇ ਵੱਲ ਇਸ਼ਾਰਾ ਕਰਦੀ ਹੈ। ਪੂਰਾ ਸੰਸਾਰ ਇੱਕ ਬਣਤਰ ਦੇ ਭਰਪੂਰ ਸਬੂਤ ਪੇਸ਼ ਕਰਦਾ ਹੈ। ਇਸ ਬਣਤਰ ਦਾ ਇੱਕ ਤਿਆਰ ਕਰਨ ਵਾਲਾ ਹੋਣਾ ਚਾਹੀਦਾ ਹੈ, ਜੋ ਪਰਮੇਸ਼ਰ ਹਨ।

### C. ਨੈਤਿਕ ਦਲੀਲ

ਨੈਤਿਕ ਦਲੀਲ ਇਹ ਦੱਸਦੀ ਹੈ ਕਿ ਨੈਤਿਕ ਕਾਨੂੰਨ ਦੀ ਇੱਕ ਸੁਭਾਵਿਕ ਭਾਵਨਾ ਕਾਨੂੰਨ ਦੇਣ ਵਾਲੇ ਵੱਲ ਇਸ਼ਾਰਾ ਕਰਦੀ ਹੈ। ਲੋਕਾਂ ਵਿੱਚ ਇੱਕ ਨੈਤਿਕ ਮਿਆਰਾਂ ਦੀ ਭਾਵਨਾ ਹੁੰਦੀ ਹੈ। ਇਹ ਉਦੋਂ ਜ਼ਿਆਦਾ ਸਰਗਰਮ ਰੂਪ ਵਿੱਚ ਦਿਖਾਈ ਦਿੰਦੀ ਹੈ ਜਦੋਂ ਉਹ ਕਿਸੇ ਗ਼ਲਤ ਗੱਲ ਦਾ ਸ਼ਿਕਾਰ ਹੋ ਜਾਂਦੇ ਹਨ। ਕਿਉਂਕਿ ਲੋਕਾਂ ਵਿੱਚ ਕਾਨੂੰਨ ਦੀ ਇੱਕ ਭਾਵਨਾ ਹੁੰਦੀ ਹੈ, ਇਸ ਦਾ ਅਰਥ ਹੈ ਕਿ ਕੋਈ ਕਾਨੂੰਨ ਦੇਣਾ ਵਾਲਾ ਵੀ ਹੋਣਾ ਚਾਹੀਦਾ ਹੈ ਜੋ ਪਰਮੇਸ਼ਰ ਹਨ।

### D. ਹੋਂਦ ਸੰਬੰਧੀ ਦਲੀਲ

ਇਹ ਦਲੀਲ ਦੱਸਦੀ ਹੈ ਕਿ ਕਿਸੇ ਚੀਜ਼ ਦੀ ਲੋੜ ਦੀ ਭਾਵਨਾ ਇਸ ਲੋੜ ਦੀ ਪੂਰਤੀ ਨੂੰ ਦਰਸਾਉਂਦੀ ਹੈ। ਜਿਸ ਬੱਚੇ ਨੂੰ ਭੁੱਖ ਲੱਗਦੀ ਹੈ ਉਹ ਜਾਣਦਾ ਹੈ ਕਿ ਭੋਜਨ ਮੌਜੂਦ ਹੈ। ਕਿਉਂਕਿ ਬਹੁਤ ਸਾਰੇ ਲੋਕ ਪਰਮੇਸ਼ਰ ਦੀ ਹੋਂਦ ਵਿੱਚ ਵਿਸ਼ਵਾਸ ਕਰਦੇ ਹਨ, ਇਸ ਲਈ ਪਰਮੇਸ਼ਰ ਦਾ ਹੋਂਦ ਵਿੱਚ ਹੋਣਾ ਜ਼ਰੂਰੀ ਹੈ।

## III. ਪਰਮੇਸ਼ਰ ਦੀ ਪਰਿਭਾਸ਼ਾ

ਪਵਿੱਤਰ ਗ੍ਰੰਥ ਵਿੱਚ ਕਿਤੇ ਵੀ ਪਰਮੇਸ਼ਰ ਨੂੰ ਪੂਰੀ ਤਰ੍ਹਾਂ ਪਰਿਭਾਸ਼ਿਤ ਨਹੀਂ ਕੀਤਾ ਗਿਆ ਹੈ। ਯੂਹੰਨਾ 4:24 ਵਿੱਚ ਉਹਨਾਂ ਨੂੰ "ਆਤਮਾ"', 1 ਯੂਹੰਨਾ 1:5 ਵਿੱਚ ਉਹਨਾਂ ਨੂੰ "ਚਾਨਣ", 1 ਯੂਹੰਨਾ 4:16 ਵਿੱਚ ਉਹਨਾਂ ਨੂੰ "ਪਿਆਰ", ਅਤੇ ਇਬ 12:29 ਵਿੱਚ ਉਹਨਾਂ ਨੂੰ "ਭਸਮ ਕਰਨ ਵਾਲੀ ਅੱਗ" ਕਿਹਾ ਗਿਆ ਹੈ। ਵਿਅਕਤੀਤਵ ਦੀ ਇੱਕ ਆਮ ਪਰਿਭਾਸ਼ਾ ਅਨੁਸਾਰ, ਪਰਮੇਸ਼ਰ ਇੱਕ ਵਿਅਕਤੀ ਹਨ, ਜਿਸ ਕੋਲ ਗਿਆਨ, ਭਾਵਨਾ ਅਤੇ ਇੱਛਾ ਹੈ। ਪਰਮੇਸ਼ਰ ਨੂੰ "ਜਿਊਂਦਾ ਪਰਮੇਸ਼ਰ" ਕਿਹਾ ਜਾਂਦਾ ਹੈ (ਦੇਖੋ, 1 ਸਮੂਏਲ 17:26; ਮੱਤੀ 16:16; 1 ਥੱਸਲੁ 1:9)। ਬਾਈਬਲ ਦੇ ਵਿਦਵਾਨ ਪਰਮੇਸ਼ਰ ਨੂੰ ਇੱਕ ਸੰਖੇਪ ਰੂਪ ਵਿੱਚ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਵਿੱਚ ਸੰਘਰਸ਼ ਕਰਦੇ ਹਨ। ਅੱਗੇ ਕੁਝ ਪਰਿਭਾਸ਼ਾਵਾਂ ਹਨ ਜਿਹੜੀਆਂ ਪਰਮੇਸ਼ਰ ਨੂੰ ਪਰਿਭਾਸ਼ਿਤ ਕਰਨ ਦੇ ਯਤਨ ਵਿੱਚ ਯੋਗ ਜਾਪਦੀਆਂ ਹਨ:

"ਪਰਮੇਸ਼ਰ ਉਹ ਅਕਾਲ ਅਤੇ ਸੰਪੂਰਨ ਆਤਮਾ ਹਨ ਜਿਸ ਵਿੱਚ ਸਾਰੀਆਂ ਵਸਤੂਆਂ ਦਾ ਸਰੋਤ, ਸਮਰਥਨ ਅਤੇ ਅੰਤ ਹੈ।"[1]

"ਪਰਮੇਸ਼ਰ ਅਕਾਲ, ਸਦੀਪਕ, ਸਿਰਜਣਹਾਰ, ਰਖਵਾਲੇ, ਅਤੇ ਸੰਸਾਰ ਨੂੰ ਚਲਾਉਣ ਵਾਲੇ ਹਨ ਜੋ ਆਤਮਾ, ਪਿਆਰ ਅਤੇ ਚਾਨਣ ਹਨ, ਅਤੇ ਜਿਹਨਾਂ ਵਿੱਚ ਸਾਰੀਆਂ ਵਸਤਾਂ ਦਾ ਸਰੋਤ ਅਤੇ ਅੰਤ ਹੈ।"[2] ਜਿੰਨਾ ਚਿਰ ਅਸੀਂ ਇਹ ਸਮਝਦੇ ਹਾਂ ਕਿ ਪਰਮੇਸ਼ਰ ਪਾਪ ਵਿੱਚ ਡਿੱਗੀ ਮਨੁੱਖਤਾ ਅਤੇ ਉਹਨਾਂ ਦੀ ਬੁਰਾਈ ਦਾ ਕਾਰਨ ਨਹੀਂ ਹਨ, ਤਾਂ ਪਰਮੇਸ਼ਰ ਬਾਰੇ ਅੱਗੇ ਦਿੱਤੀ ਪਰਿਭਾਸ਼ਾ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ: ਪਰਮੇਸ਼ਰ ਇੱਕ ਅਦਿੱਖ ਅਤੇ ਵਿਅਕਤੀਗਤ ਆਤਮਾ ਹਨ, ਜੋ ਕਿਸੇ ਚੀਜ਼ ਤੋਂ ਪੈਦਾ ਨਹੀਂ ਹੋਏ ਹਨ, ਅਤੇ ਜੋ ਅਕਾਲ ਅਤੇ ਚੰਗੇ ਹਨ।

## IV. ਪਰਮੇਸ਼ਰ ਦੀ ਏਕਤਾ ਅਤੇ ਤ੍ਰਿਏਕਤਾ

ਪਰਮੇਸ਼ਰ ਬਾਰੇ ਬਾਈਬਲ ਦੀ ਸਿੱਖਿਆ ਇਹ ਹੈ ਕਿ ਪਰਮੇਸ਼ਰ ਇੱਕ ਹਨ ਜੋ ਤਿੰਨ ਸਮਾਨ ਵਿਅਕਤੀਆਂ ਵਿੱਚ ਮੌਜੂਦ ਹਨ: ਪਿਤਾ, ਪੁੱਤਰ, ਅਤੇ ਪਵਿੱਤਰ ਆਤਮਾ। ਇਹ ਗੱਲ ਸੱਚ ਨਹੀਂ ਹੈ ਕਿ ਤਿੰਨ ਪਰਮੇਸ਼ਰ ਹਨ ਅਤੇ ਨਾ ਹੀ ਇਹ ਸੱਚ ਹੈ ਕਿ ਪਰਮੇਸ਼ਰ ਇੱਕ ਹੀ ਹਨ ਜੋ ਆਪਣੇ ਆਪ ਨੂੰ ਵੱਖ-ਵੱਖ ਸਮੇਂ ਤਿੰਨ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਕਰਦੇ ਹਨ। ਅਜਿਹਾ ਨਹੀਂ ਹੈ ਕਿ ਪਰਮੇਸ਼ਰ ਦੇ ਤਿੰਨ ਹਿੱਸੇ ਹਨ, ਕਿਉਂਕਿ ਪਰਮੇਸ਼ਰ ਨੂੰ ਵੰਡਿਆ ਨਹੀਂ ਜਾ ਸਕਦਾ ਹੈ। ਅਸੀਂ ਪਰਮੇਸ਼ਰ ਦੇ ਕੁਝ ਪਹਿਲੂਆਂ ਨੂੰ ਸਮਝ ਸਕਦੇ ਹਾਂ, ਅਤੇ ਕੁਝ ਪਹਿਲੂਆਂ ਨੂੰ ਨਹੀਂ ਸਮਝ ਸਕਦੇ ਹਾਂ। ਇੱਕ ਅਣਜਾਣ ਲੇਖਕ ਨੇ ਇਹ ਸਿੱਟਾ ਕੱਢਿਆ ਹੈ: "ਮਸੀਹੀ ਕਲੀਸਿਯਾ ਦੇ ਸਿਧਾਂਤ ਨੂੰ ਨਿਰਪੱਖ ਤੌਰ ਤੇ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਾਨੂੰ ਬਾਈਬਲ ਦੁਆਰਾ ਇਹ ਵਿਸ਼ਵਾਸ ਕਰਨਾ ਸਿਖਾਇਆ ਗਿਆ ਹੈ ਕਿ ਕੇਵਲ ਇੱਕ ਹੀ ਪਰਮੇਸ਼ਰ ਹਨ, ਫਿਰ ਵੀ ਪਰਮੇਸ਼ਰ ਪਰਿਵਾਰ ਵਿੱਚ ਤਿੰਨ ਬਰਾਬਰ ਦੇ ਵਿਅਕਤੀ ਹਨ, ਪਰ ਅਸੀਂ ਇਹ ਨਿਰਧਾਰਿਤ ਕਰਨ ਦੇ ਯੋਗ ਨਹੀਂ ਹਾਂ ਕਿ ਇਹ ਤਿੰਨ ਵਿਅਕਤੀ ਕਿਸ ਤਰ੍ਹਾਂ ਵੱਖਰੇ ਅਤੇ ਕਿਸ ਤਰ੍ਹਾਂ ਇੱਕ ਹਨ।"

### A. ਪਰਮੇਸ਼ਰ ਦੀ ਏਕਤਾ

ਬਾਈਬਲ ਇੱਕ ਪਰਮੇਸ਼ਰ ਬਾਰੇ ਸਿਖਾਉਂਦੀ ਹੈ। ਇੱਥੇ ਤਿੰਨ ਵਿਅਕਤੀ ਹਨ ਜੋ ਇੱਕ ਪਰਮੇਸ਼ਰ ਵਿੱਚ ਜੁੜੇ ਹੋਏ ਹਨ (ਬਿਵਸਥਾ 4:35; 6:4;

1 ਅਗਸਟਸ ਐਚ. ਸਟ੍ਰੌਂਗ, ਸਿਸਟੇਮੈਟਿਕ ਥਿਓਲੋਜੀ, 3 ਵੋਲਸ. ਇਨ 1, ਰੀਪ੍ਰਿੰਟ ਐਡੀਸ਼ਨ (ਓਲਡ ਟੈਪਨ, ਐਨ.ਜੇ.: ਫਲੇਮਿੰਗ ਐਚ. ਰੇਵੈਲ ਕੋ., 1976) 52.

2 ਜੈਨ ਮਾਇਲਜ਼, "ਡੈਕਟ੍ਰੀਨ," ਅਨਪਬਲਿਸ਼ਡ ਕਲਾਸ ਨੋਟਸ, ਗ੍ਰੈਂਡ ਰੈਪਿਡਜ਼ ਸਕੂਲ ਆਫ ਦ ਬਾਈਬਲ ਐਂਡ ਮਿਊਜ਼ਿਕ, 1974) 16.

1 ਰਾਜਿਆਂ 8:60; 2 ਰਾਜਿਆਂ 19:15; ਯਸਾ 43:10; 44:6, 8; ਜ਼ਕਰ 14:9; 1 ਕੁਰਿੰਥ 8:6; ਗਲਾਤੀ 3:20; 1 ਤਿਮੋਥਿ 2:5; ਯਾਕੂਬ 2:19)।

> ਹੇ ਇਸਰਾਏਲ, ਸੁਣ! ਯਹੋਵਾਹ ਸਾਡਾ ਪਰਮੇਸ਼ਰ **ਇੱਕੋ ਹੀ** ਯਹੋਵਾਹ ਹਨ। [ਬਿਵਸਥਾ 6:4]
>
> ਪਰ ਫਿਰ ਵੀ ਸਾਡੇ **ਇੱਕ ਹੀ** ਪਰਮੇਸ਼ਰ ਹਨ [1ਕੁਰਿੰਥ 8:6]
>
> …ਪਰ ਪਰਮੇਸ਼ਰ **ਇੱਕ** ਹਨ [ਗਲਾਤੀ 3:20]
>
> ਕਿਉਂਕਿ ਪਰਮੇਸ਼ਰ **ਇੱਕ** ਹਨ…[1 ਤਿਮੋਥਿ 2:5]
>
> ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਪਰਮੇਸ਼ਰ **ਇੱਕ** ਹੀ ਹਨ? ਇਹ ਠੀਕ ਹੈ…[ਯਾਕੂਬ 2:19]

## B. ਪਰਮੇਸ਼ਰ ਦਾ ਤ੍ਰਿਏਕ ਚਰਿੱਤਰ

ਹਾਲਾਂਕਿ ਤ੍ਰਿਏਕ ਪਰਮੇਸ਼ਰ ਨੂੰ ਪੂਰੀ ਤਰ੍ਹਾਂ ਸਮਝਿਆ ਨਹੀਂ ਜਾ ਸਕਦਾ ਹੈ, ਫਿਰ ਵੀ ਇਸ ਨੂੰ ਬਾਈਬਲ ਦਾ ਸਿਖਾਇਆ ਅਤੇ ਦੁਹਰਾਇਆ ਗਿਆ ਸਿਧਾਂਤ ਮੰਨਿਆ ਜਾਣਾ ਚਾਹੀਦਾ ਹੈ।

### 1. ਪੁਰਾਣੇ ਨੇਮ ਵਿੱਚ ਤ੍ਰਿਏਕ ਪਰਮੇਸ਼ਰ

ਤ੍ਰਿਏਕ ਪਰਮੇਸ਼ਰ ਦਾ ਸਿਧਾਂਤ ਹਾਲਾਂਕਿ ਨਵੇਂ ਨੇਮ ਵਿੱਚ ਹੀ ਪੂਰੀ ਤਰ੍ਹਾਂ ਵਿਕਸਿਤ ਹੋਇਆ ਹੈ, ਫਿਰ ਵੀ ਇਹ ਇੱਕ ਦਿਲਚਸਪ ਗੱਲ ਹੈ ਕਿ ਇੱਕ ਅਸਿੱਧੇ ਰੂਪ ਵਿੱਚ ਤ੍ਰਿਏਕ ਪਰਮੇਸ਼ਰ ਦਾ ਸਿਧਾਂਤ ਪੁਰਾਣੇ ਨੇਮ ਵਿੱਚ ਵੀ ਮੌਜੂਦ ਹੈ (ਦੇਖੋ ਯਸਾ 9:6, ਜ਼ਬੂਰ 110:1, ਯਿਰ 23:5-6)।

a. ਪਰਮੇਸ਼ਰ ਦੇ ਲਈ ਇਬਰਾਨੀ ਸ਼ਬਦ ਬਹੁਵਚਨ (*ਏਲੋਹਿਮ*) ਹੈ। ਇਹ ਤੱਥ ਕਿ ਪਰਮੇਸ਼ਰ ਦੇ ਲਈ ਇਬਰਾਨੀ ਸ਼ਬਦ ਬਹੁਵਚਨ ਹੈ, ਇਹ **ਆਪਣੇ ਆਪ ਵਿੱਚ** ਤ੍ਰਿਏਕ ਪਰਮੇਸ਼ਰ ਨੂੰ ਸਾਬਤ ਨਹੀਂ ਕਰੇਗਾ। ਇਹ ਉਹ ਵੀ ਹੋ ਸਕਦਾ ਹੈ ਜਿਸ ਨੂੰ ਵਿਆਕਰਣਕਾਰ "ਮਹਾਨਤਾ ਦਾ ਬਹੁਵਚਨ" ਕਹਿੰਦੇ ਹਨ। ਚਿਹਰੇ, ਪਾਣੀ ਅਤੇ ਸਵਰਗ ਦੇ ਲਈ ਇਬਰਾਨੀ ਸ਼ਬਦ ਵੀ ਬਹੁਵਚਨ ਹਨ। ਪਰ ਪਰਮੇਸ਼ਰ ਦਾ ਬਹੁਵਚਨ ਵਿਅਕਰਣ ਦੇ ਰੂਪ ਵਿੱਚ ਇੱਕ ਤ੍ਰਿਏਕਵਾਦੀ ਵਿਚਾਰ ਦੇ ਲਈ ਜਗ੍ਹਾ ਬਣਾਉਂਦਾ ਹੈ। ਇਸ ਤੋਂ ਇਲਾਵਾ, ਜਦੋਂ ਤ੍ਰਿਏਕ ਪਰਮੇਸ਼ਰ ਦੇ ਲਈ ਹੋਰ ਸਪੱਸ਼ਟ ਸਬੂਤਾਂ ਦੁਆਰਾ ਸਹਿਯੋਗ ਮਿਲਦਾ ਹੈ, ਤਾਂ ਬਹੁਵਚਨ ਰੂਪ ਦੇ ਲਈ ਇੱਕ ਤਸੱਲੀਬਖਸ਼ ਵਿਆਖਿਆ ਇਹ ਹੈ ਕਿ ਇਹ ਪਰਮੇਸ਼ਰ ਦੇ ਤ੍ਰਿਏਕ ਚਰਿੱਤਰ ਵੱਲ ਇਸ਼ਾਰਾ ਕਰ ਰਿਹਾ ਹੈ।

b. ਪੁਰਾਣੇ ਨੇਮ ਦੇ ਬਹੁਤ ਸਾਰੇ ਹਵਾਲਿਆਂ ਵਿੱਚ, ਪਰਮੇਸ਼ਰ ਨੂੰ ਦਰਸਾਉਣ ਨੂੰ ਵਰਤੇ ਗਏ ਸਰਵਨਾਮ ਬਹੁਵਚਨ ਹਨ। ਫਿਰ ਤੋਂ, ਇਹ ਆਪਣੇ ਆਪ ਦੁਆਰਾ ਤ੍ਰਿਏਕ ਪਰਮੇਸ਼ਰ ਨੂੰ ਸਥਾਪਨਾ ਨਹੀਂ ਕਰਨਗੇ ਕਿਉਂਕਿ ਹੋਰ ਵਿਆਖਿਆਵਾਂ ਵੀ ਸੰਭਵ ਹਨ। ਫਿਰ ਵੀ, ਕੁਝ ਜ਼ਿਆਦਾ ਸਪੱਸ਼ਟ ਵਚਨਾਂ ਦੇ ਅਨੁਸਾਰ, ਇਹ ਹਵਾਲੇ ਸਹਾਇਕ ਸਬੂਤਾਂ ਦੇ ਰੂਪ ਵਿੱਚ ਤ੍ਰਿਏਕ ਪਰਮੇਸ਼ਰ ਦੇ ਸਿਧਾਂਤ ਦਾ ਸਮਰਥਨ ਕਰਦੇ ਹਨ।

> …**ਅਸੀਂ** ਮਨੁੱਖ ਨੂੰ **ਆਪਣੇ** ਸਰੂਪ ਤੇ ਬਣਾਈਏ…[ਉਤ 1:26]
>
> ਤਦ ਯਹੋਵਾਹ ਪਰਮੇਸ਼ਰ ਨੇ ਆਖਿਆ, ਦੇਖੋ ਮਨੁੱਖ **ਸਾਡੇ** ਵਿੱਚੋਂ ਇੱਕ ਵਰਗਾ ਹੋ ਗਿਆ ਹੈ…" [ਉਤ 3:22]
>
> ਯਹੋਵਾਹ ਨੇ ਆਖਿਆ,…"ਆਓ **ਅਸੀਂ** ਉਤਰੀਏ ਅਤੇ ਉਹਨਾਂ ਦੀ ਭਾਸ਼ਾ ਨੂੰ ਉਲਟ-ਪੁਲਟ ਕਰ ਦੇਈਏ…[ਉਤ 11:6, 7]
>
> ਫਿਰ ਮੈਂ ਪ੍ਰਭੂ ਦੀ ਅਵਾਜ਼ ਇਹ ਆਖਦੇ ਹੋਏ ਸੁਣੀ, ਮੈਂ ਕਿਸ ਨੂੰ ਭੇਜਾਂ ਅਤੇ ਕੌਣ **ਸਾਡੇ** ਲਈ ਜਾਵੇਗਾ?…[ਯਸਾ 6:8]

ਯੂਹੰਨਾ 12:41-42 ਇਹ ਸੰਕੇਤ ਦਿੰਦਾ ਹੈ ਕਿ ਯਸਾਯਾਹ 6 ਵਿੱਚ ਸਿੰਘਾਸਣ ਤੋਂ ਬੋਲਣ ਵਾਲੇ **ਮਸੀਹ** ਹਨ। ਰਸੂਲਾਂ 28:25ff ਵਿੱਚ ਦੱਸਿਆ ਗਿਆ ਹੈ ਕਿ ਇਹ ਗੱਲਾਂ **ਪਵਿੱਤਰ ਆਤਮਾ** ਨੇ ਬੋਲੀਆਂ ਸਨ। ਯਸਾਯਾਹ ਦੇ ਇਸੇ ਸੰਦਰਭ ਵਿੱਚ, ਕੋਈ ਇਹ ਅਨੁਮਾਨ ਲਗਾਵੇਗਾ ਕਿ **ਪਰਮੇਸ਼ਰ ਪਿਤਾ** ਬੋਲ ਰਹੇ ਹਨ। ਇਹਨਾਂ ਵਚਨਾਂ ਦਾ ਸੁਮੇਲ ਤ੍ਰਿਏਕ ਪਰਮੇਸ਼ਰ ਦਾ ਸਮਰਥਨ ਕਰਦਾ ਹੈ।

c. ਅਜਿਹਾ ਲੱਗਦਾ ਹੈ ਕਿ ਜਿਵੇਂ ਯਹੋਵਾਹ ਪਰਮੇਸ਼ਰ ਤੋਂ ਵੱਖਰੇ ਹਨ, ਹਾਲਾਂਕਿ ਪਰਮੇਸ਼ਰ ਤਾਂ ਇੱਕ ਹੀ ਹਨ।

> …ਯਹੋਵਾਹ ਨੇ ਉਹ ਨੂੰ ਆਖਿਆ…"ਪਰ ਮੈਂ ਯਹੂਦਾਹ ਦੇ ਘਰਾਣੇ ਉੱਤੇ ਰਹਿਮ ਕਰਾਂਗਾ ਅਤੇ ਯਹੋਵਾਹ ਉਹਨਾਂ ਦੇ ਪਰਮੇਸ਼ਰ ਦੇ ਦੁਆਰਾ ਬਚਾਵਾਂਗਾ…" [ਹੋਸ਼ੇਆ 1:6-7]

d. ਪੁਰਾਣਾ ਨੇਮ ਇਹ ਵੀ ਸੰਕੇਤ ਦਿੰਦਾ ਹੈ ਕਿ ਪਰਮੇਸ਼ਰ ਦਾ ਇੱਕ ਪੁੱਤਰ ਹੈ (ਦੇਖੋ, ਯਸਾ 9:6)

> ਮੈਂ ਵਚਨ ਦਾ ਪ੍ਰਚਾਰ ਕਰਾਂਗਾ, ਯਹੋਵਾਹ ਨੇ ਮੈਨੂੰ ਆਖਿਆ ਕਿ ਤੂੰ ਮੇਰਾ ਪੁੱਤਰ ਹੈ, ਮੈਂ ਅੱਜ ਤੈਨੂੰ ਜਨਮ ਦਿੱਤਾ ਹੈ।" [ਜ਼ਬੂਰ 2:7]
>
> ਪੁੱਤਰ ਨੂੰ ਚੁੰਮੋ ਕਿਤੇ ਅਜਿਹਾ ਨਾ ਹੋਵੇ ਉਹ ਕ੍ਰੋਧ ਵਿੱਚ ਆਵੇ, ਅਤੇ ਤੁਸੀਂ ਰਾਹ ਦੇ ਵਿੱਚ ਹੀ ਨਾਸ ਹੋ ਜਾਓ…[ਜ਼ਬੂਰ 2:12a]
>
> …ਕਿਹ ਨੇ ਧਰਤੀ ਦੇ ਸਾਰੇ ਬੰਨੇ ਠਹਿਰਾਏ? ਉਹ ਦਾ ਕੀ ਨਾਮ ਅਤੇ ਉਹ ਦੇ ਪੁੱਤਰ ਦਾ ਕੀ ਨਾਮ ਹੈ?…[ਕਹਾਉਤਾਂ 30:4]

e. ਅਜਿਹਾ ਲੱਗਦਾ ਹੈ ਕਿ ਜਿਵੇਂ ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਤੋਂ ਅਲੱਗ ਹੈ, ਫਿਰ ਵੀ ਉਹ ਪਰਮੇਸ਼ਰ ਹੈ।

(1) ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਤੋਂ ਵੱਖਰਾ ਹੈ।

ਅੱਗੋਂ ਯਹੋਵਾਹ ਦੇ ਸਵਰਗਦੂਤ ਨੇ ਉੱਤਰ ਦੇ ਕੇ ਕਿਹਾ, "ਹੇ

ਸੈਨਾਂ ਦੇ ਯਾਹੋਵਾਹ...[ਜ਼ਕਰ 1:12]

(2) ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਦੇ ਰੂਪ ਵਿੱਚ ਜਾਣਿਆ ਗਿਆ ਹੈ।

- ਹਾਜ਼ਰਾ ਨੇ ਕਿਹਾ, "ਤੁਸੀਂ ਯਹੋਵਾਹ ਹੋ ਜੋ ਦੇਖਦੇ ਹੋ" [ਉਤ 16:13]
- ਉਤਪਤ ਦੇ ਲੇਖਕ ਮੂਸਾ ਨੇ ਲਿਖਿਆ, "...**ਯਹੋਵਾਹ** ਜੋ ਉਸ ਨਾਮ ਗੱਲ ਕਰ ਰਿਹਾ ਸੀ" [ਉਤਪਤ 16:13]
- ਨਿਆਂਈਆਂ ਦੇ ਲੇਖਕ ਦੁਆਰਾ - "ਤਦ **ਯਹੋਵਾਹ** ਨੇ ਉਸ ਦੀ ਵੱਲ ਦੇਖ ਕੇ ਕਿਹਾ..." [ਨਿਆਂਈ 6:14] ਅਤੇ "ਤਾਂ **ਯਹੋਵਾਹ** ਨੇ ਉਸ ਨੂੰ ਕਿਹਾ..." [ਨਿਆਂਈ 6:16]
- ਗਿਦਾਊਨ ਦੁਆਰਾ - "ਹੇ **ਪ੍ਰਭੂ**, ਮੈਂ ਇਸਰਾਏਲ ਨੂੰ ਕਿਵੇਂ ਛੁਡਾਵਾਂ?" [ਨਿਆਂਈ 6:15]
- ਸਮਸੂਨ ਦੇ ਮਾਤਾ-ਪਿਤਾ ਦੁਆਰਾ - "...ਅਸੀਂ ਪਰਮੇਸ਼ਰ ਨੂੰ ਦੇਖਿਆ ਹੈ" [ਨਿਆਂਈ 13:22]

(3) ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਹੋਣ ਦਾ ਦਾਅਵਾ ਕਰਦਾ ਹੈ (ਦੇਖੋ, ਉਤ 22:11-12)।

> ਮੈਂ ਬੈਤਏਲ ਦਾ **ਪਰਮੇਸ਼ਰ** ਹਾਂ...[ਉਤ 31:13]
>
> ...ਮੈਂ ਤੇਰੇ ਪਿਤਾ ਦਾ **ਪਰਮੇਸ਼ਰ** ਹਾਂ... [ਕੂਚ 3:6]
>
> ਤਦ ਯਹੋਵਾਹ ਦਾ ਸਵਰਗਦੂਤ ਗਿਲਗਾਲ ਤੋਂ ਬੋਕੀਮ ਨੂੰ ਆਇਆ ਅਤੇ ਕਹਿਣ ਲੱਗਾ, "ਮੈਂ ਤੁਹਾਨੂੰ ਮਿਸਰ ਤੋਂ ਕੱਢ ਲਿਆਇਆ ਅਤੇ ਤੁਹਾਨੂੰ ਇਸ ਦੇਸ਼ ਵਿੱਚ ਜਿਸ ਦੀ ਮੈਂ ਤੁਹਾਡੇ ਪੁਰਖਿਆਂ ਨਾਲ ਸਹੁੰ ਖਾਧੀ ਸੀ, ਲੈ ਆਇਆ ਅਤੇ ਮੈਂ ਕਿਹਾ ਕਿ ਮੈਂ ਤੁਹਾਡੇ ਨਾਲ ਆਪਣਾ ਨੇਮ ਕਦੇ ਨਹੀਂ ਤੋੜਾਂਗਾ" [ਨਿਆਂਈ 2:1]

**(4) ਸਿੱਟਾ**

ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਹੈ, ਫਿਰ ਵੀ ਉਹ ਪਰਮੇਸ਼ਰ ਤੋਂ ਵੱਖਰਾ ਹੈ। ਇਸ ਦੇ ਦੋ ਸੰਭਾਵੀ ਸਿੱਟੇ ਹੋ ਸਕਦੇ ਹਨ: ਜਾਂ ਤਾਂ ਦੋ ਪਰਮੇਸ਼ਰ ਹਨ (ਜਿਸ ਦੀ ਬਾਈਬਲ ਇਜਾਜ਼ਤ ਨਹੀਂ ਦੇਵੇਗੀ), ਅਤੇ ਜਾਂ ਪੁਰਾਣਾ ਨੇਮ ਇਹ ਸੰਕੇਤ ਦਿੰਦਾ ਹੈ ਕਿ ਪਰਮੇਸ਼ਰ ਪਰਿਵਾਰ ਵਿੱਚ ਇੱਕ ਤੋਂ ਵੱਧ ਵਿਅਕਤੀ ਹਨ।

f. ਮਸੀਹ, ਪਰਮੇਸ਼ਰ ਦੁਆਰਾ ਭੇਜੇ ਗਏ ਹਨ, ਫਿਰ ਵੀ ਉਹ ਪਰਮੇਸ਼ਰ ਹਨ (ਜ਼ਬੂਰ 110:1; ਯਿਰ 23:5-6; ਯਸਾ 7:14; 9:6)।

(1) ਮਸੀਹ ਪਰਮੇਸ਼ਰ ਤੋਂ ਵੱਖਰੇ ਹਨ; ਉਹ ਪਰਮੇਸ਼ਰ ਦੇ ਸੇਵਕ ਹਨ।

> ਦੇਖੋ, ਮੇਰਾ ਦਾਸ ਜਿਸ ਨੂੰ ਮੈਂ ਸੰਭਾਲਦਾ ਹਾਂ, ਮੇਰਾ ਚੁਣਵਾਂ ਜਿਸ ਤੋਂ ਮੇਰਾ ਜੀਅ ਪਰਸੰਨ ਹੈ। ਮੈਂ ਆਪਣਾ ਆਤਮਾ ਉਹ ਦੇ ਉੱਤੇ ਪਾਇਆ ਹੈ, ਉਹ ਕੌਮਾਂ ਲਈ ਇਨਸਾਫ਼ ਪਰਗਟ ਕਰੇਗਾ [ਯਸਾ 42:1]

(2) ਮਸੀਹ ਪਰਮੇਸ਼ਰ ਹਨ।

> ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਹ ਸੱਦਿਆ ਜਾਵੇਗਾ, "ਅਚਰਜ਼ ਸਲਾਹਕਾਰ, **ਸ਼ਕਤੀਮਾਨ ਪਰਮੇਸ਼ਰ**, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ [ਯਸਾ 9:6]

g. ਪਰਮੇਸ਼ਰ ਦੇ ਬਾਰੇ ਕਈ ਤਰ੍ਹਾਂ ਦੇ ਬਹੁਵਚਨ ਵਰਤੇ ਗਏ ਹਨ (ਉਤ 20:13 ਅਤੇ 35:7 ਵਿੱਚ ਕਿਰਿਆਵਾਂ ਅਤੇ ਉਪਦੇਸ਼ਕ 12:1 ਅਤੇ ਯਸਾ 54:5 ਵਿੱਚ ਸਰਵਨਾਮ)। ਪਰ ਇਹ ਆਪਣੇ ਆਪ ਵਿੱਚ ਤ੍ਰਿਏਕ ਪਰਮੇਸ਼ਰ ਨੂੰ ਸਾਬਤ ਨਹੀਂ ਕਰ ਸਕਦੇ ਹਨ। ਜਿਹੜਾ ਵੀ ਵਿਅਕਤੀ ਤ੍ਰਿਏਕ ਪਰਮੇਸ਼ਰ ਦੇ ਸਿਧਾਂਤ ਦਾ ਵਿਰੋਧ ਕਰਨਾ ਚਾਹੇਗਾ, ਉਹ ਇਹਨਾਂ ਨੂੰ ਵਿਆਕਰਣ ਦੀ ਅਜੀਬਤਾ ਕਹਿ ਕੇ ਖਾਰਜ ਕਰ ਸਕਦਾ ਹੈ। ਕਿਉਂਕਿ ਤ੍ਰਿਏਕ ਪਰਮੇਸ਼ਰ ਸਿਧਾਂਤ ਨੂੰ ਬਾਈਬਲ ਦੇ ਹੋਰ ਵਚਨਾਂ ਦੁਆਰਾ ਸਥਾਪਿਤ ਕੀਤਾ ਜਾ ਸਕਦਾ ਹੈ, ਇਸ ਲਈ ਇਹ ਸੋਚਣਾ ਸੰਭਵ ਹੈ ਕਿ ਇਹ ਬਹੁਵਚਨ ਜਾਣਬੁੱਝ ਕੇ ਤ੍ਰਿਏਕ ਦਾ ਸੰਕੇਤ ਕਰਦੇ ਹਨ।[3]

> ਆਪਣੀ ਜੁਆਨੀ ਦੇ ਦਿਨਾਂ ਵਿੱਚ ਆਪਣੇ ਸਿਰਜਣਹਾਰ [ਇਬਰਾਨੀ ਭਾਸ਼ਾ ਵਿੱਚ: ਸਿਰਜਣਹਾਰਾਂ] ਨੂੰ ਯਾਦ ਰੱਖ [ਉਪਦੇਸ਼ਕ 12:1]
>
> ਤੇਰਾ ਪਤੀ ਤਾਂ ਤੇਰਾ ਕਰਤਾਰ ਹੈ [ਇਬਰਾਨੀ ਭਾਸ਼ਾ ਵਿੱਚ: "ਕਰਤਾਰਾਂ"] [ਯਸਾ 54:5]

## 2. ਨਵੇਂ ਨੇਮ ਵਿੱਚ ਤ੍ਰਿਏਕ ਪਰਮੇਸ਼ਰ

a. ਤ੍ਰਿਏਕ ਪਰਮੇਸ਼ਰ ਦੇ ਹਰੇਕ ਵਿਅਕਤੀ ਨੂੰ ਪਰਮੇਸ਼ਰ ਕਿਹਾ ਗਿਆ ਹੈ, ਜਾਂ ਉਹ ਸਾਰੇ ਪਰਮੇਸ਼ਰ ਹੋਣ ਦਾ ਦਾਅਵਾ ਕਰਦੇ ਹਨ।

(1) ਪਿਤਾ (ਰੋਮੀ 1:7; ਗਲਾਤੀ 1:3; ਅਫ਼ਸੀ 1:2; ਫ਼ਿਲਿੱਪੀ 1:2, ਆਦਿ)।

(2) ਪੁੱਤਰ (ਯੂਹੰਨਾ 1:1, 18; 5:18; 8:58; 10:30; 14:9; 20:28; ਰਸੂਲਾਂ 20:28; ਰੋਮੀ 9:5; ਫ਼ਿਲਿੱਪੀ 2:6; ਕੁਲੁੱਸੀ 1:15-16; 2:9; ਤੀਤੁਸ 2:13; ਇਬ 1:8; 2 ਪਤਰਸ 1:1; 1 ਯੂਹੰਨਾ 5:20. (ਮਸੀਹ ਦੀ ਪ੍ਰਭੂਸੱਤਾ ਬਾਰੇ ਹੋਰ ਅਧਿਐਨ ਦੇ ਲਈ ਅਧਿਆਇ 8 ਵਿੱਚ "ਮਸੀਹ ਦਾ ਸਿਧਾਂਤ" ਦੇਖੋ)।

ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਸ਼ਬਦ

---

[3] ਐਫ. ਐਚ. ਡਬਲਯੂ. ਗੇਸੇਨੀਅਸ, *ਗੇਸੇਨੀਅਸ ਹੀਬਰੂ ਗ੍ਰਾਮਰ*, ਐਡ. ਐਂਡ ਟ੍ਰਾਂਸ. ਐਫ. ਕੈਟਜ਼ਚ, ਰੈਵ. ਏ. ਐਫ. ਕੌਲੀ, 2nd ਐਡ. (ਆਕਸਫੋਰਡ: ਕਲੈਰੈਂਡਨ ਪ੍ਰੈਸ, 1910) 273, 399.

ਪਰਮੇਸ਼ਰ ਦੇ ਨਾਲ ਸੀ ਅਤੇ **ਸ਼ਬਦ ਹੀ ਪਰਮੇਸ਼ਰ** ਸੀ [ਯੂਹੰਨਾ 1:1]

ਥੋਮਾ ਨੇ ਉਹਨਾਂ ਨੂੰ ਕਿਹਾ, "ਮੇਰੇ ਪ੍ਰਭੂ, **ਮੇਰੇ ਪਰਮੇਸ਼ਰ**!" [ਯੂਹੰਨਾ 20:28]

ਮਸੀਹ ਵਿੱਚ **ਪਰਮੇਸ਼ਰ ਦੀ ਸਾਰੀ ਪੂਰਨਤਾ** ਸਰੀਰਕ ਰੂਪ ਵਿੱਚ ਵਾਸ ਕਰਦੀ ਹੈ [ਕੁਲੁੱਸੀ 2:9]

ਜਦੋਂ ਕਿ ਅਸੀਂ ਉਸ ਸ਼ੁਭ ਆਸ ਦੇ ਪੂਰੇ ਹੋਣ ਦੀ ਉਡੀਕ ਵਿੱਚ ਹਾਂ। ਉਸ ਸਮੇਂ ਸਾਡੇ **ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ ਯਿਸੂ ਮਸੀਹ** ਦੀ ਮਹਿਮਾ ਪ੍ਰਗਟ ਹੋਵੇਗੀ [ਤੀਤੁਸ 2:13]

ਪਰ ਪੁੱਤਰ ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ, "**ਹੇ ਪਰਮੇਸ਼ਰ**, ਤੁਹਾਡਾ ਸਿੰਘਾਸਣ ਅਨੰਤਕਾਲ ਤੱਕ ਸਥਿਰ ਰਹੇਗਾ, ਤੁਸੀਂ ਆਪਣੇ ਲੋਕਾਂ ਉੱਤੇ ਨਿਆਂ ਨਾਲ ਰਾਜ ਕਰਦੇ ਹੋ। [ਇਬ 1:8]

(3) ਪਵਿੱਤਰ ਆਤਮਾ

ਤਦ ਪਤਰਸ ਨੇ ਕਿਹਾ, "ਹਨਾਨਿਯਾ, ਤੇਰੇ ਦਿਲ ਵਿੱਚ ਸ਼ੈਤਾਨ ਕਿਉਂ ਆਇਆ ਕਿ ਤੂੰ **ਪਵਿੱਤਰ ਆਤਮਾ** ਨਾਲ ਝੂਠ ਬੋਲੇਂ ਅਤੇ ਜਾਇਦਾਦ ਦੇ ਧੰਨ ਵਿੱਚੋਂ ਕੁਝ ਹਿੱਸਾ ਆਪਣੇ ਲਈ ਰੱਖ ਲਵੇਂ? ਕੀ ਵੇਚੇ ਜਾਣ ਤੋਂ ਪਹਿਲਾਂ ਜਾਇਦਾਦ ਤੇਰੀ ਨਹੀਂ ਸੀ? ਅਤੇ ਵਿਕਣ ਤੋਂ ਬਾਅਦ ਇਸ ਦਾ ਧੰਨ ਤੇਰੇ ਅਧਿਕਾਰ ਵਿੱਚ ਨਹੀਂ ਸੀ? ਫਿਰ ਤੂੰ ਇਹ ਕੰਮ ਕਰਨ ਦਾ ਵਿਚਾਰ ਆਪਣੇ ਦਿਲ ਵਿੱਚ ਕਿਉਂ ਕੀਤਾ? ਤੂੰ ਮਨੁੱਖਾਂ ਦੇ ਨਾਲ ਨਹੀਂ ਸਗੋਂ **ਪਰਮੇਸ਼ਰ** ਦੇ ਨਾਲ ਝੂਠ ਬੋਲਿਆ ਹੈ!" [ਰਸੂਲਾਂ 5:3-4]

**ਪ੍ਰਭੂ ਆਤਮਾ ਹੈ** ਅਤੇ ਜਿੱਥੇ ਪ੍ਰਭੂ ਦਾ ਆਤਮਾ ਹੁੰਦਾ ਹੈ, ਉੱਥੇ ਆਜ਼ਾਦੀ ਹੁੰਦੀ ਹੈ। [2 ਕੁਰਿੰਥੀ 3:17]

b. ਦੋ ਵਿਅਕਤੀ ਪਰਮੇਸ਼ਰ ਪਰਿਵਾਰ ਵਿੱਚ ਜੁੜੇ ਹੋਏ ਹਨ।

…"ਇਹ ਮੇਰਾ ਪਿਆਰਾ ਪੁੱਤਰ ਹੈ…" [ਮੱਤੀ 17:5]

ਮੈਂ ਅਤੇ ਪਿਤਾ ਇੱਕ ਹਾਂ [ਯੂਹੰਨਾ10:30]

"…ਜਿਸ ਨੇ ਮੇਰੇ ਦਰਸ਼ਨ ਕੀਤੇ ਹਨ, ਉਸ ਨੇ ਪਿਤਾ ਦੇ ਦਰਸ਼ਨ ਕੀਤੇ ਹਨ…" [ਯੂਹੰਨਾ14:9]

c. ਹੋ ਸਕਦਾ ਹੈ ਕਿ ਤਿੰਨ ਵਿਅਕਤੀ ਇੱਕ-ਦੂਜੇ ਨਾਲ ਜੁੜਕੇ ਪਰਮੇਸ਼ਰ ਹਨ। ਬਹੁਤ ਸਾਰੇ ਵਚਨਾਂ ਦੇ ਹਵਾਲੇ ਹਨ, ਜਿੱਥੇ ਤ੍ਰਿਏਕ ਪਰਮੇਸ਼ਰ ਦੇ ਤਿੰਨਾਂ ਵਿਅਕਤੀਆਂ ਦਾ ਜ਼ਿਕਰ ਕੀਤਾ ਗਿਆ ਹੈ। (ਦੇਖੋ, ਮੱਤੀ 3:16-17; 28:19; ਯੂਹੰਨਾ 14:16-17; 15:26; 16:7-15; ਰੋਮੀ 8:14-17; ਗਲਾਤੀ 4:4-6; ਅਫ਼ਸੀ 1:3-14; 4:4-6; 1 ਕੁਰਿੰਥ 12:4-6; 2 ਕੁਰਿੰਥ 1:21-22; 13:14; ਇਬ 9:14; 1 ਪਤਰਸ 1:2)।

ਜਦੋਂ ਯਿਸੂ ਬਪਤਿਸਮਾ ਲੈ ਕੇ ਪਾਣੀ ਵਿੱਚੋਂ ਬਾਹਰ ਆਏ। ਉਸੇ ਸਮੇਂ ਅਕਾਸ਼ ਉਹਨਾਂ ਦੇ ਲਈ ਖੁੱਲ੍ਹ ਗਿਆ ਅਤੇ ਉਹਨਾਂ ਨੇ ਪਰਮੇਸ਼ਰ ਦੇ ਆਤਮਾ ਨੂੰ ਘੁੱਗੀ ਦੇ ਰੂਪ ਵਿੱਚ ਆਉਂਦੇ ਅਤੇ ਆਪਣੇ ਉੱਤੇ ਠਹਿਰਦੇ ਦੇਖਿਆ। ਉਸ ਸਮੇਂ ਅਕਾਸ਼ ਤੋਂ ਇੱਕ ਆਵਾਜ਼ ਆਈ, "ਇਹ ਮੇਰਾ ਪਿਆਰਾ ਪੁੱਤਰ ਹੈ, ਜਿਸ ਤੋਂ ਮੈਂ ਖ਼ੁਸ਼ ਹਾਂ।" [ਮੱਤੀ 3:16-17]

…ਉਹਨਾਂ ਨੂੰ **ਪਿਤਾ, ਪੁੱਤਰ** ਅਤੇ **ਪਵਿੱਤਰ ਆਤਮਾ** ਦੇ ਨਾਮ ਵਿੱਚ [ਇੱਕਵਚਨ ਨਾਮ ਤੇ ਧਿਆਨ ਦਿਓ] ਬਪਤਿਸਮਾ ਦਿਓ [ਮੱਤੀ 28:19]

ਮੈਂ [ਪਰਮੇਸ਼ਰ ਪੁੱਤਰ] **ਪਿਤਾ** ਨੂੰ ਬੇਨਤੀ ਕਰਾਂਗਾ ਅਤੇ ਉਹ ਤੁਹਾਨੂੰ ਦੂਜਾ ਮਦਦਗਾਰ ਦੇਣਗੇ.. ਜੋ **ਸੱਚ ਦਾ ਆਤਮਾ** ਹਨ [ਯੂਹੰਨਾ 14:16-17]

ਪਰ ਜਦੋਂ ਠਹਿਰਾਇਆ ਹੋਇਆ ਸਮਾਂ ਪੂਰਾ ਹੋਇਆ ਤਾਂ **ਪਰਮੇਸ਼ਰ** ਨੇ ਆਪਣੇ **ਪੁੱਤਰ** ਨੂੰ ਭੇਜਿਆ। ਉਹ ਇੱਕ ਔਰਤ ਤੋਂ ਪੈਦਾ ਹੋਏ ਅਤੇ ਵਿਵਸਥਾ ਦੇ ਅਧੀਨ ਰਹੇ...ਕਿਉਂਕਿ ਤੁਸੀਂ ਸੰਤਾਨ ਹੋ, ਪਰਮੇਸ਼ਰ ਨੇ ਆਪਣੇ **ਪੁੱਤਰ** ਦਾ **ਆਤਮਾ** ਸਾਡੇ ਮਨਾਂ ਵਿੱਚ ਭੇਜਿਆ ਜੋ ਪੁਕਾਰਦਾ ਹੈ, "ਅੱਬਾ, ਹੇ **ਪਿਤਾ**!" [ਗਲਾਤੀ 4:4, 6]

**ਪ੍ਰਭੂ ਯਿਸੂ ਮਸੀਹ** ਦੀ ਕਿਰਪਾ, **ਪਰਮੇਸ਼ਰ** ਦਾ ਪਿਆਰ ਅਤੇ **ਪਵਿੱਤਰ ਆਤਮਾ** ਦੀ ਸੰਗਤ, ਤੁਹਾਡੇ ਸਾਰਿਆਂ ਦੇ ਨਾਲ ਰਹੇ! [2 ਕੁਰਿੰਥੀ 13:14]

…ਤੁਸੀਂ **ਪਰਮੇਸ਼ਰ ਪਿਤਾ** ਦੇ ਉਦੇਸ਼ ਦੇ ਅਨੁਸਾਰ ਪਹਿਲਾਂ ਹੀ ਚੁਣੇ ਗਏ ਅਤੇ **ਪਵਿੱਤਰ ਆਤਮਾ** ਦੇ ਦੁਆਰਾ ਪਵਿੱਤਰ ਕੀਤੇ ਗਏ ਤਾਂ ਜੋ **ਯਿਸੂ ਮਸੀਹ** ਦੇ ਆਗਿਆਕਾਰੀ ਬਣੋ ਜਿਹਨਾਂ ਦਾ ਖ਼ੂਨ ਤੁਹਾਡੇ ਉੱਤੇ ਛਿੜਕਿਆ ਗਿਆ ਹੈ। [1 ਪਤਰਸ 1:2]

## V. ਪਰਮੇਸ਼ਰ ਦੇ ਨਾਮ

ਬਾਈਬਲ ਅਕਸਰ ਇੱਕ ਵਿਅਕਤੀ ਦੀ ਵਿਆਖਿਆ ਉਸ ਦੇ ਨਾਮ ਨਾਲ ਕਰਦੀ ਹੈ। ਇੱਕ ਨਾਮ ਹਮੇਸ਼ਾ ਹੀ ਇੱਕ ਸ਼ਖ਼ਸੀਅਤ ਦਾ ਨਿਸ਼ਚਿਤ ਸੰਕੇਤ ਨਹੀਂ ਹੁੰਦਾ ਹੈ। ਫਿਰ ਵੀ, ਇਹ ਸਿਧਾਂਤ ਪਰਮੇਸ਼ਰ ਦੇ ਬਾਰੇ ਸਭ ਤੋਂ ਵੱਧ ਜਾਇਜ਼ ਹੈ। ਅਸੀਂ ਉਹਨਾਂ ਦੇ ਨਾਮਾਂ ਦਾ ਅਧਿਐਨ ਕਰਕੇ ਉਹਨਾਂ ਬਾਰੇ ਜਾਣ ਸਕਦੇ ਹਾਂ।

### *A. ਏਲੋਹਿਮ*

ਪੁਰਾਣੇ ਨੇਮ ਵਿੱਚ *ਏਲੋਹਿਮ* ਨਾਮ ਦਾ ਹਵਾਲਾ ਲਗਭਗ 2,570 ਵਾਰ ਆਉਂਦਾ ਹੈ। ਇਸ ਦਾ ਯੂਨਾਨੀ ਸ਼ਬਦ *ਥੀਓਸ* ਹੈ। ਇੱਕ ਤਕਨੀਕੀ ਤੌਰ ਤੇ, ਇਹ ਕੋਈ ਨਾਮ ਨਹੀਂ ਹੈ। ਇਸ ਦੀ ਬਜਾਏ ਇਹ ਇੱਕ ਵਰਗੀਕਰਨ ਦਿੰਦਾ ਹੈ, ਜਿਵੇਂ ਕਿ ਅਸੀਂ ਇੱਕ ਆਦਮੀ ਨੂੰ "ਪਾਦਰੀ" ਕਹਿ ਸਕਦੇ ਹਾਂ ਜਦੋਂ ਉਸ ਦਾ ਅਸਲ ਨਾਮ ਰਿਚਰਡ ਹੈ। *ਏਲੋਹਿਮ* ਦਾ ਰੂਪ ਬਹੁਵਚਨ ਹੈ (ਜਿਵੇਂ ਕਿ, ਸਰਾਫ਼ੀਮ, ਕਰੂਬੀ)। ਇਹ ਆਪਣੇ ਆਪ ਵਿੱਚ ਤ੍ਰਿਏਕ ਪਰਮੇਸ਼ਰ ਨੂੰ ਸਾਬਤ ਨਹੀਂ ਕਰਦਾ ਹੈ, ਪਰ ਇਹ ਪਰਮੇਸ਼ਰ ਦੇ ਤ੍ਰਿਏਕ ਚਰਿੱਤਰ ਦਾ ਇੱਕ ਸੰਕੇਤ ਹੋ ਸਕਦਾ ਹੈ।*ਏਲੋਹਿਮ* ਇੱਕ ਸਿਰਜਣਹਾਰ ਹੋਣ ਦੀ ਭੂਮਿਕਾ ਉੱਤੇ ਜ਼ੋਰ ਦੇਣ ਵਾਲਾ ਸ਼ਬਦ ਹੋ ਸਕਦਾ ਹੈ (ਉਤ 1:1; ਯਸਾ 45:18; ਯੂਨਾਹ 1:9), ਜਿਸ ਵਿੱਚ ਉਹ ਸਿਰਫ਼ ਇਸਰਾਏਲ ਦੇ ਹੀ ਨਹੀਂ ਪਰ ਸਾਰੀ ਧਰਤੀ ਦੇ ਪਰਮੇਸ਼ਰ ਹਨ (ਉਤ 24:7; ਯਸਾ 37:16; 54:5; ਯਿਰ 32:27), ਅਤੇ ਉਹ ਸਾਰੀ ਧਰਤੀ ਦੇ ਨਿਆਂਈ ਹਨ (ਜ਼ਬੂਰ 50:6; 58:11; 75:7)। *ਏਲੋਹਿਮ* ਪਰਮੇਸ਼ਰ ਦੇ ਇੱਕ ਨਿੱਜੀ ਮੁਕਤੀਦਾਤਾ ਹੋਣ ਉੱਤੇ ਵੀ ਜ਼ੋਰ ਦੇ ਸਕਦਾ ਹੈ (ਉਤ 17:8; ਕੂਚ 3:6; ਯਿਰ 23:23)।[4]

*ਏਲੋਹਿਮ* ਨਾਮ ਪਰਮੇਸ਼ਰ ਨੂੰ ਸਾਰੀ ਧਰਤੀ ਦੇ ਸਿਰਜਣਹਾਰ, ਪ੍ਰਭੂ ਅਤੇ ਮੁਕਤੀਦਾਤਾ ਦੇ ਰੂਪ ਵਿੱਚ ਦਰਸਾਉਂਦਾ ਜਾਪਦਾ ਹੈ।

1. *ਅਲ ਸ਼ਾਦਾਈ ਜਾਂ ਸ਼ਾਦਾਈ* (ਉਤ 17:1; ਕੂਚ 6:3) ਪੁਰਾਣੇ ਨੇਮ ਵਿੱਚ 48 ਵਾਰ ਆਉਂਦਾ ਹੈ (ਜਿਸ ਵਿੱਚ ਸਿਰਫ਼ ਅੱਯੂਬ ਦੀ ਪੁਸਤਕ ਵਿੱਚ ਹੀ 31 ਵਾਰ)। ਇਸ ਦਾ ਯੂਨਾਨੀ ਸ਼ਬਦ ਪੈਂਟੋਕਰੇਟਰ ਹੈ (ਪ੍ਰਕਾਸ਼ 1:8; 19:6)। ਇਸ ਸ਼ਬਦ ਦਾ ਅਰਥ "ਸਰਵ-ਸ਼ਕਤੀਮਾਨ" ਹੈ। ਇਸ ਇਬਰਾਨੀ ਸ਼ਬਦ ਦੀ ਸ਼ੁਰੂਆਤ ਦਾ ਪਤਾ ਲਗਾਉਣਾ ਮੁਸ਼ਕਲ ਹੈ। ਇਬਰਾਨੀ *ਸ਼ਾਦਦ* ਦਾ ਅਰਥ ਵਿਨਾਸ਼ਕਾਰੀ ਹੁੰਦਾ ਹੈ। *ਸ਼ਾਦ* ਦਾ ਅਰਥ ਛਾਤੀ ਹੁੰਦਾ ਹੈ। ਅੱਕਾਦੀ ਵਿੱਚ *ਸ਼ਾਦੂ* ਦਾ ਅਰਥ ਪਹਾੜ ਹੁੰਦਾ ਹੈ। ਇਹਨਾਂ ਵਿੱਚੋਂ ਕਿਸੇ ਵੀ ਅਰਥ ਦਾ ਸੁਝਾਅ ਦਿੱਤਾ ਜਾ ਸਕਦਾ ਹੈ। ਸਰਵ-ਸ਼ਕਤੀਮਾਨ ਦਾ ਮੁੱਢਲਾ ਅਰਥ ਉਸ ਦੀ ਸ਼ਕਤੀ ਤੋਂ ਲਿਆ ਜਾ ਸਕਦਾ ਹੈ, ਜਿਸ ਨਾਲ ਉਹ ਦੁਸ਼ਟਾਂ ਨੂੰ ਨਾਸ਼ ਕਰਦੇ ਹਨ, ਇੱਕ ਸੰਪੂਰਨਤਾ ਵਿੱਚ ਸਾਰਿਆਂ ਦੇ ਪਾਲਣਹਾਰ ਹਨ, ਜਾਂ ਪਹਾੜ ਵਾਂਗ ਮਜ਼ਬੂਤੀ ਨਾਲ ਖੜ੍ਹੇ ਰਹਿੰਦੇ ਹਨ।[5] LXX (ਸੈਪਟੂਜਿੰਟ) ਵਿੱਚ *ਅਲ ਸ਼ਾਦਾਈ* ਹੈ ਜਿਸ ਦਾ ਅਰਥ "ਸਰਵ-ਸ਼ਕਤੀਮਾਨ" ਹੈ। *ਅਲ ਸ਼ਾਦਾਈ* ਦੇ ਰੂਪ ਵਿੱਚ, ਪਰਮੇਸ਼ਰ ਸਰਵ-ਸ਼ਕਤੀਮਾਨ ਹਨ ਅਤੇ ਮਨੁੱਖ ਦੀ ਦੇਖਭਾਲ ਕਰਨ ਲਈ ਕਾਫ਼ੀ ਹਨ।

> ਜਦ ਅਬਰਾਮ ਨਿੜੰਨਵੇਂ ਸਾਲ ਦਾ ਹੋਇਆ ਤਦ ਯਹੋਵਾਹ ਨੇ ਅਬਰਾਮ ਨੂੰ ਦਰਸ਼ਣ ਦਿੱਤਾ ਅਤੇ ਉਸ ਨੂੰ ਆਖਿਆ, ਮੈਂ **ਸਰਵ ਸ਼ਕਤੀਮਾਨ ਪਰਮੇਸ਼ਰ** ਹਾਂ। ਤੂੰ ਮੇਰੇ ਸਨਮੁਖ ਚੱਲ ਅਤੇ ਸੰਪੂਰਨ ਹੋ। [ਉਤ 17:1]
>
> ਮੈਂ ਅਬਰਾਹਾਮ, ਇਸਹਾਕ ਅਤੇ ਯਾਕੂਬ ਨੂੰ **ਸਰਵ ਸ਼ਕਤੀਮਾਨ ਪਰਮੇਸ਼ਰ** ਦੇ ਨਾਮ ਉੱਤੇ ਦਰਸ਼ਣ ਦਿੱਤਾ ਪਰ ਮੈਂ ਆਪਣੇ ਯਹੋਵਾਹ ਨਾਮ ਨਾਲ ਉਹਨਾਂ ਉੱਤੇ ਪਰਗਟ ਨਹੀਂ ਹੋਇਆ। [ਕੂਚ 6:3]

2. *ਅਲ-ਐਲੀਓਨ* (ਉਤ 14:18) ਦਾ ਅਰਥ ਹੈ ਅੱਤ ਮਹਾਨ ਪਰਮੇਸ਼ਰ। ਬਾਈਬਲ ਵਿੱਚ ਇਹ ਲਗਭਗ ਹਮੇਸ਼ਾ ਪਰਾਈਆਂ ਕੌਮਾਂ ਦੁਆਰਾ ਜਾਂ ਪਰਾਈਆਂ ਕੌਮਾਂ ਦੇ ਸੰਦਰਭ ਵਿੱਚ ਵਰਤਿਆ ਜਾਂਦਾ ਹੈ। ਇਸ ਲਈ, ਇਹ ਸਿਰਲੇਖ ਪਰਮੇਸ਼ਰ ਦੇ ਸਾਰੀ ਧਰਤੀ ਉੱਤੇ ਰਾਜ ਉੱਤੇ ਜ਼ੋਰ ਦਿੰਦਾ ਹੈ। ਮਲਕਿਸਿਦਕ ਨੇ *ਅਲ ਐਲੀਓਨ* ਨੂੰ "ਸਵਰਗ ਅਤੇ ਧਰਤੀ ਦਾ ਮਾਲਕ" ਕਿਹਾ ਹੈ (ਉਤ 14:19)। ਦਾਨੀਏਲ ਇਹ ਸਿਖਾਉਂਦਾ ਹੈ ਕਿ "**ਅੱਤ ਮਹਾਨ** ਮਨੁੱਖਜਾਤੀ ਦੇ ਰਾਜ ਉੱਤੇ ਸ਼ਾਸਕ ਹਨ ਅਤੇ ਜਿਸ ਨੂੰ ਚਾਹੁੰਦੇ ਹਨ ਉਸ ਨੂੰ ਬਖਸ਼ਦੇ ਹਨ" (ਦਾਨੀ 4:17)। ਬਾਬਲ ਦਾ ਦੁਸ਼ਟ ਰਾਜਾ ਅਤੇ ਉਸ ਦੇ ਉੱਤੇ ਰਾਜ ਕਰਨ ਵਾਲੀ ਦੁਸ਼ਟ ਆਤਮਾ ਅੱਤ ਮਹਾਨ ਬਣਨਾ ਚਾਹੁੰਦੇ ਸਨ (ਯਸਾ. 14:14)। *ਅਲ ਐਲੀਓਨ* ਦੇ ਰੂਪ ਵਿੱਚ, ਪਰਮੇਸ਼ਰ ਸਾਰੇ ਲੋਕਾਂ ਅਤੇ ਸਾਰੀਆਂ ਚੀਜ਼ਾਂ ਦੇ ਮਾਲਕ ਹਨ।

> ਤਦ ਸ਼ਾਲੇਮ ਦਾ ਰਾਜਾ ਮਲਕਿਸਿਦਕ ਰੋਟੀ ਅਤੇ ਮਧ ਲੈ ਆਇਆ, ਉਹ **ਅੱਤ ਮਹਾਨ ਪਰਮੇਸ਼ਰ** ਦਾ ਜਾਜਕ ਸੀ। ਉਸ ਨੇ ਇਹ ਆਖ ਕੇ ਅਬਰਾਮ ਨੂੰ ਅਸੀਸ ਦਿੱਤੀ, **ਅੱਤ ਮਹਾਨ ਪਰਮੇਸ਼ਰ** ਦੀ ਵੱਲੋਂ ਜੋ ਅਕਾਸ਼ ਅਤੇ ਧਰਤੀ ਦਾ ਮਾਲਕ ਹਨ, ਅਬਰਾਮ ਮੁਬਾਰਕ ਹੋਵੇ। ਅਤੇ ਮੁਬਾਰਕ ਹਨ **ਅੱਤ ਮਹਾਨ ਪਰਮੇਸ਼ਰ**, ਜਿਹਨਾਂ ਨੇ ਤੇਰੇ ਵੈਰੀਆਂ ਨੂੰ ਤੇਰੇ ਵੱਸ ਵਿੱਚ ਕਰ ਦਿੱਤਾ ਹੈ। ਤਦ ਅਬਰਾਮ ਨੇ ਉਸ ਨੂੰ ਸਾਰੀਆਂ ਵਸਤਾਂ ਦਾ ਦਸਵੰਧ ਦਿੱਤਾ। [ਉਤ 14:18-20]

3. *ਅਲ-ਓਲਾਮ* (ਉਤ 21:33) ਜਿਸ ਦਾ ਅਰਥ ਹੈ, "ਸਦੀਪਕ ਪਰਮੇਸ਼ਰ, ਸਦੀਵੀ ਪਰਮੇਸ਼ੁਰ"। ਪਰਮੇਸ਼ਰ ਉਹ ਹਨ ਜੋ ਅਤੀਤ ਵਿੱਚ ਹਮੇਸ਼ਾਂ ਮੌਜੂਦ ਸਨ ਅਤੇ ਭਵਿੱਖ ਵਿੱਚ ਵੀ ਰਹਿਣਗੇ।

> …ਉਸ ਨੇ ਯਹੋਵਾਹ ਅੱਗੇ ਜੋ ਅਟੱਲ ਪਰਮੇਸ਼ਰ ਹੈ ਪ੍ਰਾਰਥਨਾ ਕੀਤੀ [ਉਤ 21:33]

4. *ਅਲ-ਗਿਬੋਰ* (ਯਸਾ 9:6) ਦਾ ਹਵਾਲਾ ਮਸੀਹ ਦੇ ਸੰਦਰਭ ਵਿੱਚ ਦਿੱਤਾ ਗਿਆ ਹੈ। ਉਹ ਸ਼ਕਤੀਸ਼ਾਲੀ ਪਰਮੇਸ਼ਰ ਹਨ। ਇਹ ਵਾਕੰਸ਼ ਜ਼ਿਆਦਾਤਰ ਬਹਾਦਰ ਲੜਾਕਿਆਂ ਦੇ ਲਈ ਵਰਤਿਆ ਗਿਆ ਹੈ। ਮਸੀਹ ਲੜਾਈ ਵਿੱਚ ਗੁੱਸੇ ਵਾਲੇ ਅਤੇ ਬਹਾਦਰ ਹਨ।

[4] ਸੀ, ਹੈਰਿਸ, ਆਰਚਰ, ਵਾਲਟਕੀ, ਐਡ. *ਥਿਉਲਾਜਿਕਲ ਵਰਡਬੁੱਕ ਆਫ ਦ ਓਲਡ ਟੈਸਟਮੈਂਟ*, 2 ਵੈਲਸ. (ਸ਼ਿਕਾਗੋ: ਮੂਡੀ ਪ੍ਰੈਸ, 1980), 1:44-45.

[5] ਆਇਬਿਡ., 2:907

***B. ਯਹੋਵਾਹ***

*ਯਹੋਵਾਹ* ਪਰਮੇਸ਼ਰ ਦੇ ਲਈ ਵਰਤਿਆ ਜਾਣ ਵਾਲਾ ਸਭ ਤੋਂ ਆਮ ਸਿਰਲੇਖ ਹੈ। ਇਹ ਪੁਰਾਣੇ ਨੇਮ ਵਿੱਚ 5,321 ਵਾਰ ਵਰਤਿਆ ਗਿਆ ਹੈ ਅਤੇ ਇਸ ਦਾ ਅਨੁਵਾਦ ਪ੍ਰਭੂ ਸ਼ਬਦ ਨਾਲ ਕੀਤਾ ਗਿਆ ਹੈ (ਇਸ ਨੂੰ ਵੱਡੇ ਸ਼ਬਦਾਂ ਵਿੱਚ ਲਿਖਿਆ ਗਿਆ ਹੈ) ਸਿਰਫ਼ ਅੰਗਰੇਜ਼ੀ ਦੇ ਕਿੰਗ ਜੇਮਜ਼ ਵਰਜ਼ਨ ਨੂੰ ਛੱਡ ਕੇ ਜਿੱਥੇ ਇਸ ਦਾ ਅਨੁਵਾਦ ਯਹੋਵਾਹ ਹੀ ਹੋਇਆ ਹੈ।[6] ਇਸ ਦਾ ਯੂਨਾਨੀ ਸ਼ਬਦ *ਕੁਰਿਓਸ* ਹੈ। ਏਲੋਹਿਮ ਪਰਮੇਸ਼ਰ ਨੂੰ ਦਰਸਾਉਂਦਾ ਹੈ, ਪਰ ਪਰਮੇਸ਼ਰ ਦਾ ਅਸਲ ਨਾਮ *ਯਹੋਵਾਹ* ਹੈ।

1. ਸਤਿਕਾਰ ਦੇ ਕਾਰਨ ਪ੍ਰਾਚੀਨ ਯਹੂਦੀ ਪਰਮੇਸ਼ਰ ਦੇ ਨਾਮ ਦਾ ਉਚਾਰਨ ਨਹੀਂ ਕਰਦੇ ਸਨ। ਪਰੰਪਰਾ ਦੇ ਅਨੁਸਾਰ ਆਦੋਨਾਈ ਦੇ ਸਵਰ ਅੱਖਰਾਂ ਨੂੰ ਯਹੋਵਾਹ ਵਿੱਚ ਲੱਗਾ ਦਿੱਤਾ ਗਿਆ। ਜਦੋਂ ਵੀ ਯਹੋਵਾਹ ਨਾਮ ਆਉਂਦਾ ਹੈ,ਤਾਂ ਯਹੂਦੀ ਲੋਕ ਇਸ ਦਾ ਉਚਾਰਨ ਆਦੋਨਾਈ ਵਜੋਂ ਕਰਦੇ ਸਨ।

2. ਬਾਈਬਲ ਦੇ ਕੁਝ ਕੱਟੜ ਵਿਦਵਾਨ ਇਸ ਗੱਲ ਤੇ ਸਹਿਮਤ ਨਹੀਂ ਹਨ ਕਿ ਪਰਮੇਸ਼ਰ ਦਾ ਨਾਮ ਕਿੱਥੋਂ ਆਇਆ ਹੈ। ਕੁਝ ਇਹ ਦਲੀਲ ਦਿੰਦੇ ਹਨ ਕਿ ਇਹ ਇਬਰਾਨੀ ਸ਼ਬਦ *ਮੈਂ ਹਾਂ* (*HWH*) ਦੇ ਪੁਰਾਤਨ ਰੂਪ ਤੋਂ ਆਇਆ ਹੈ ਜੋ ਇਬਰਾਨੀ ਕਾਲ ਅਪੂਰਣ ਵਿੱਚ ਯਹੋਵਾਹ (YHWH) ਬਣ ਜਾਂਦਾ ਹੈ। ਇਸ ਵਿੱਚ ਕੁਝ ਸੰਭਾਵਨਾ ਹੈ। ਜਦੋਂ ਮੂਸਾ ਨੇ ਪਰਮੇਸ਼ਰ ਦੇ ਨਾਮ ਬਾਰੇ ਪੁੱਛਿਆ, ਤਾਂ ਉਹਨਾਂ ਨੇ ਕਿਹਾ, "**ਮੈਂ ਹਾਂ ਜੋ ਮੈਂ ਹਾਂ**" (ਕੂਚ 3:14-15)। ਮਸੀਹ ਨੇ ਵੀ "**ਮੈਂ ਹਾਂ**" ਕਹਿ ਕੇ ਆਪਣੇ ਪਰਮੇਸ਼ਰ ਹੋਣ ਦਾ ਦਾਅਵਾ ਕੀਤਾ ਸੀ (ਦੇਖੋ, ਯੂਹੰਨਾ 8:58; ਅਤੇ, ਪ੍ਰਕਾਸ਼ 1:8)। ਇਹ ਹੋ ਸਕਦਾ ਹੈ ਕਿ ਪਰਮੇਸ਼ਰ ਦਾ ਨਾਮ (ਯਹੋਵਾਹ) ਉਹਨਾਂ ਦੀ ਸਵੈ-ਹੋਂਦ ਜਾਂ ਉਹਨਾਂ ਦੇ ਹੋਰ ਸਾਰੀਆਂ ਚੀਜ਼ਾਂ ਦੇ ਸਰੋਤ ਹੋਣ ਬਾਰੇ ਗੱਲ ਕਰਦਾ ਹੈ।

3. ਇਸ ਨਾਮ ਦੀ ਵਰਤੋਂ ਨੂੰ ਦੇਖ ਕੇ ਕੁਝ ਲੋਕ ਦਲੀਲ ਦਿੰਦੇ ਹਨ ਕਿ ਯਹੋਵਾਹ ਨਾਮ ਨੇਮ ਦੇ ਪਰਮੇਸ਼ਰ ਨੂੰ ਦਰਸਾਉਂਦਾ ਹੈ। ਉਹ ਅਜਿਹੇ ਪਰਮੇਸ਼ਰ ਹਨ ਜੋ ਸਿਰਫ਼ ਸਾਰੇ ਸੰਸਾਰ ਦੇ ਪਰਮੇਸ਼ਰ ਹੋਣ ਦੀ ਬਜਾਏ ਕੁਝ ਖ਼ਾਸ ਲੋਕਾਂ ਦੇ ਨਾਲ ਕੁਝ ਖ਼ਾਸ ਨੇਮਾਂ ਵਿੱਚ ਵੀ ਜੁੜ ਜਾਂਦੇ ਹਨ। ਜੇਕਰ ਯਹੋਵਾਹ ਨਾਮ ਦਾ ਉੱਪਰ ਦਿੱਤਾ ਮੂਲ ਸਹੀ ਹੈ, ਤਾਂ ਇਹ ਨਾਮ ਇੱਕ ਸਵੈ-ਹੋਂਦ ਵਾਲੇ ਵਿਅਕਤੀ ਦੀ ਗੱਲ ਕਰਦਾ ਹੈ। ਕੋਈ ਹੋਰ ਉਹਨਾਂ ਨੂੰ ਹੋਂਦ ਵਿੱਚ ਨਹੀਂ ਲਿਆਇਆ ਹੈ। ਉਹ ਜਿਊਂਦੇ ਰਹਿਣ ਦੇ ਲਈ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਤੇ ਨਿਰਭਰ ਨਹੀਂ ਹਨ।

4. ਯਹੋਵਾਹ ਤੋਂ ਕੁਝ ਹੋਰ ਨਾਮ ਵੀ ਪ੍ਰਾਪਤ ਹੋਏ ਹਨ:

a. *ਯਹੋਵਾਹ-ਸਬਆਥ* (1 ਸਮੂ 17:45; ਜ਼ਬੂਰ 24:10; ਯਾਕੂਬ 5:4). ਅੰਗਰੇਜ਼ੀ ਵਿੱਚ *ਯਹੋਵਾਹ ਸਬਆਥ* ਦਾ ਅਰਥ ਹੈ "ਸੈਨਾਂ ਦੇ ਯਹੋਵਾਹ"। ਇਹ ਯੂਨਾਨੀ ਭਾਸ਼ਾ ਵਿੱਚ *ਕੁਰਿਓਸ ਸਬਾਓਥ* ਹੈ। ਇਹ ਇੱਕ ਦਿਲਚਸਪ ਗੱਲ ਹੈ ਕਿ ਮੂਸਾ ਦੀ ਬਿਵਸਥਾ ਵਿੱਚ ਪਰਮੇਸ਼ਰ ਨੂੰ ਕਦੇ ਵੀ "ਸੈਨਾਂ ਦੇ ਯਹੋਵਾਹ" ਨਹੀਂ ਕਿਹਾ ਗਿਆ ਹੈ, ਫਿਰ ਵੀ, ਇਹ ਸਿਰਲੇਖ ਨਬੀਆਂ ਦੀਆਂ ਕਿਤਾਬਾਂ ਵਿੱਚ ਬਹੁਤ ਮਸ਼ਹੂਰ ਸੀ। ਇਹ ਲਗਭਗ 285 ਵਾਰ ਵਰਤਿਆ ਗਿਆ ਹੈ, ਜਿਸ ਵਿੱਚੋਂ ਇਹ ਯਸਾਯਾਹ ਵਿੱਚ 62 ਵਾਰ, ਯਿਰਮਿਯਾਹ ਵਿੱਚ 77 ਵਾਰ, ਜ਼ਕਰਯਾਹ ਵਿੱਚ 53 ਵਾਰ ਅਤੇ ਮਲਾਕੀ ਵਿੱਚ 24 ਵਾਰ ਵਰਤਿਆ ਗਿਆ ਹੈ।[7] "ਸੈਨਾਂ ਦੇ ਯਹੋਵਾਹ" ਸਿਰਲੇਖ ਇਹ ਸਿਖਾਉਂਦਾ ਹੈ ਕਿ ਪਰਮੇਸ਼ਰ ਦੂਤਾਂ ਅਤੇ ਮਨੁੱਖੀ ਸ਼ਕਤੀਆਂ ਦੋਵਾਂ ਦੇ ਯੋਧਾ ਅਤੇ ਕਪਤਾਨ ਹਨ। ਦੁਸ਼ਟ ਸ਼ੈਤਾਨ ਦੇ ਨਾਲ ਆਪਣੇ ਯੁੱਧ ਵਿੱਚ, ਉਹਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ।

> ਪਰ ਦਾਊਦ ਨੇ ਫਲਿਸਤੀ ਨੂੰ ਆਖਿਆ, ਤੂੰ ਤਲਵਾਰ ਅਤੇ ਬਰਛਾ ਅਤੇ ਢਾਲ ਲੈ ਕੇ ਮੇਰੇ ਕੋਲ ਆਉਂਦਾ ਹੈਂ ਪਰ ਮੈਂ **ਸੈਨਾਂ ਦੇ ਯਹੋਵਾਹ** ਦੇ ਨਾਮ ਉੱਤੇ ਜੋ ਇਸਰਾਏਲ ਦੇ ਦਲਾਂ ਦਾ ਪਰਮੇਸ਼ਰ ਹੈ ਜਿਸ ਨੂੰ ਤੈਂ ਲੱਜਿਆਵਾਨ ਕੀਤਾ ਤੇਰੇ ਕੋਲ ਆਉਂਦਾ ਹਾਂ! [1 ਸਮੂ 17:45]
>
> ਏਹ ਜਲਾਲ ਦਾ ਪਾਤਸ਼ਾਹ ਕੌਣ ਹੈ? **ਸੈਨਾਂ ਦਾ ਯਹੋਵਾਹ**, ਉਹੋ ਜਲਾਲ ਦਾ ਪਾਤਸ਼ਾਹ ਹੈ [ਜ਼ਬੂਰ 24:10]

b. *ਯਹੋਵਾਹ ਯਿਰਹ* (ਉਤ 22:13-14) ਦਾ ਅਰਥ ਹੈ, "ਯਹੋਵਾਹ ਪ੍ਰਦਾਨ ਕਰਨਗੇ।" ਉਹ ਆਪਣੇ ਲੋਕਾਂ ਦੀ ਦੇਖਭਾਲ ਕਰਨ ਵਾਲੇ ਅਤੇ ਪਾਲਣਹਾਰ ਹਨ।.

> ਤਾਂ ਅਬਰਾਹਾਮ ਨੇ ਉਸ ਥਾਂ ਦਾ ਨਾਉਂ **ਯਹੋਵਾਹ ਯਿਰਹ** ਰੱਖਿਆ [ਉਤ 22:14a]

c. *ਯਹੋਵਾਹ ਰਾਫਾ* (ਕੂਚ 15:26) ਦਾ ਅਰਥ ਹੈ "ਚੰਗਾ ਕਰਨ ਵਾਲੇ ਯਹੋਵਾਹ"। ਉਹ ਆਤਮਿਕ ਅਤੇ ਸਰੀਰਿਕ ਚੰਗਿਆਈ ਦੋਵਾਂ ਦੇ ਸਰੋਤ ਹਨ।

> ਕਿਉਂ ਜੋ **ਮੈਂ ਯਹੋਵਾਹ ਤੁਹਾਨੂੰ ਨਿਰੋਇਆ ਕਰਨ ਵਾਲਾ** ਹਾਂ [ਕੂਚ 15:26]

d. *ਯਹੋਵਾਹ ਨਿੱਸੀ* (ਕੂਚ 17:15) ਦਾ ਅਰਥ ਹੈ "ਯਹੋਵਾਹ ਮੇਰਾ ਝੰਡਾ" ਹਨ। ਇਸ ਨਾਮ ਵਿੱਚ "ਸੈਨਾਂ ਦੇ ਯਹੋਵਾਹ" ਦਾ ਵੀ ਵਿਚਾਰ ਸ਼ਾਮਲ ਹੈ। ਯਹੋਵਾਹ ਆਪਣੇ ਲੋਕਾਂ ਦੀ ਰੱਖਿਆ ਕਰਦੇ ਹਨ ਅਤੇ ਉਹਨਾਂ ਦੇ ਲਈ ਲੜਦੇ ਹਨ।

> ਮੂਸਾ ਨੇ ਜਗਵੇਦੀ ਬਣਾਈ ਅਰ ਉਸ ਦਾ ਨਾਉਂ **ਯਹੋਵਾਹ ਨਿੱਸੀ ਰੱਖਿਆ** [ਕੂਚ 17:15]

e. *ਯਹੋਵਾਹ ਸ਼ਾਲੋਮ* (ਨਿਆਂਈ 6:24) ਦਾ ਅਰਥ ਹੈ "ਯਹੋਵਾਹ ਸਾਡੀ

6 ਆਇਬਿਡ., 1:210-11.

7 ਆਇਬਿਡ., 2:750.

ਸ਼ਾਂਤੀ ਹਨ।" ਯਹੋਵਾਹ ਸਾਡੇ ਜੀਵਨ ਵਿੱਚ ਸ਼ਾਂਤੀ ਭੇਜਦੇ ਹਨ। ਉਹ ਮੁਕਤੀ ਵਿੱਚ ਆਪਣੇ ਨਾਲ ਸ਼ਾਂਤੀ ਪ੍ਰਦਾਨ ਕਰਦੇ ਹਨ (ਰੋਮੀ 5:1)।

ਮਸੀਹੀ ਵਿਕਾਸ ਵਿੱਚ ਉਹ ਸਾਡੇ ਦਿਲਾਂ ਵਿੱਚ ਆਪਣੀ ਸ਼ਾਂਤੀ ਦਿੰਦੇ ਹਨ (ਫ਼ਿਲਿੱਪੀ 4:7)।

> ਤਦ ਗਿਦਾਊਨ ਨੇ ਉੱਥੇ ਯਹੋਵਾਹ ਦੇ ਲਈ ਜਗਵੇਦੀ ਬਣਾਈ ਅਰ ਉਸ ਦਾ ਨਾਉਂ **ਯਹੋਵਾਹ ਸ਼ਲੋਮ** ਧਰਿਆ [ਨਿਆਂਈ 6:24]

f. *ਯਹੋਵਾਹ-ਰੋਈ* (ਜ਼ਬੂਰ 23:1) ਦਾ ਅਰਥ ਹੈ "ਯਹੋਵਾਹ ਮੇਰੇ ਅਯਾਲੀ ਹਨ।" ਯਹੋਵਾਹ ਸਾਡੇ ਮਾਰਗਦਰਸ਼ਕ, ਸਾਡੇ ਰਖਵਾਲੇ ਅਤੇ ਸਾਡੇ ਦਾਤਾ ਹਨ।

> ਯਹੋਵਾਹ ਮੇਰੇ ਅਯਾਲੀ ਹਨ…[ਜ਼ਬੂ. 23:l]

g. *ਯਹੋਵਾਹ ਸਿਦਕੇਨੂ* (ਯਿਰ. 23:6) ਦਾ ਅਰਥ ਹੈ "ਯਹੋਵਾਹ ਸਾਡੀ ਧਾਰਮਿਕਤਾ ਹਨ"। ਪਰਮੇਸ਼ਰ ਪੁੱਤਰ ਪ੍ਰਭੂ ਯਿਸੂ ਸਾਡੀ ਧਾਰਮਿਕਤਾ ਹਨ ਜਦੋਂ ਅਸੀਂ ਉਹਨਾਂ ਵਿੱਚ ਭਰੋਸਾ ਰੱਖਦੇ ਹਾਂ (2 ਕੁਰਿੰਥ 5:21)।

> …ਅਤੇ ਉਹ ਦਾ ਏਹ ਨਾਮ ਹੋਵੇਗਾ ਜਿਹ ਦੇ ਨਾਲ ਉਹ ਪੁਕਾਰਿਆ ਜਾਵੇਗਾ, "**ਯਹੋਵਾਹ ਸਾਡੀ ਧਾਰਮਿਕਤਾ**" [ਯਿਰ 23:6]

### *C. ਆਦੋਨਾਈ*

ਪੁਰਾਣੇ ਨੇਮ ਵਿੱਚ ਪਰਮੇਸ਼ਰ ਸ਼ਬਦ ਦਾ ਅਨੁਵਾਦ ਯਹੋਵਾਹ (YHWH) ਕੀਤਾ ਗਿਆ ਹੈ। ਯਹੋਵਾਹ ਸ਼ਬਦ (ਛੋਟੇ ਸ਼ਬਦਾਂ ਵਿੱਚ) ਦਾ ਅਨੁਵਾਦ ਆਦੋਨਾਈ ਹੁੰਦਾ ਹੈ। ਆਦੋਨਾਈ ਤਕਨੀਕੀ ਤੌਰ ਤੇ ਕੋਈ ਨਾਮ ਨਹੀਂ ਹੈ। ਇਹ ਉਚਾਰਨ ਦਾ ਇੱਕ ਰੂਪ ਹੈ, ਜਿਸ ਦਾ ਅਰਥ ਹੈ "ਮਾਲਕ"। ਇਹ ਸ਼ਬਦ ਮਨੁੱਖੀ ਮਾਲਕਾਂ ਜਾਂ ਦੈਵੀ ਮਾਲਕ ਦੋਵਾਂ ਦੇ ਲਈ ਵਰਤਿਆ ਜਾ ਸਕਦਾ ਹੈ। ਇਸ ਨੂੰ ਲਗਭਗ 300 ਵਾਰ ਪਰਮੇਸ਼ਰ ਦੇ ਲਈ ਵਰਤਿਆ ਗਿਆ ਹੈ ਅਤੇ ਇਹ ਸਾਨੂੰ ਸਿਖਾਉਂਦਾ ਹੈ ਕਿ ਸਾਡੇ ਜੀਵਨ ਵਿੱਚ ਪਰਮੇਸ਼ਰ ਦਾ ਸੰਪੂਰਨ ਅਧਿਕਾਰ ਹੈ।

## VI. ਪਰਮੇਸ਼ਰ ਦੇ ਗੁਣ

ਪਰਮੇਸ਼ਰ ਦੇ ਗੁਣ ਉਹ ਗੁਣ ਹਨ ਜੋ ਉਹਨਾਂ ਦੇ ਵਿਅਕਤੀਤਵ ਦੀਆਂ ਜ਼ਰੂਰੀ, ਸਥਾਈ ਅਤੇ ਵਿਲੱਖਣ ਵਿਸ਼ੇਸ਼ਤਾਵਾਂ ਹਨ। ਪਰਮੇਸ਼ਰ ਦੇ ਗੁਣਾਂ ਨੂੰ ਸ਼੍ਰੇਣੀਬੱਧ ਕਰਨ ਦਾ ਇੱਕ ਸੰਤੁਸ਼ਟੀਜਨਕ ਤਰੀਕਾ ਇਹ ਹੈ ਕਿ ਉਹਨਾਂ ਦੇ ਨੈਤਿਕ ਗੁਣਾਂ ਨੂੰ ਉਹਨਾਂ ਦੇ ਗ਼ੈਰ-ਨੈਤਿਕ ਗੁਣਾਂ ਤੋਂ ਵੱਖਰਾ ਕੀਤਾ ਜਾਵੇ। ਇੱਕ ਹੋਰ ਤਰੀਕਾ ਇਹ ਹੋ ਸਕਦਾ ਹੈ ਕਿ ਉਹਨਾਂ ਦੇ ਸਾਰੇ ਗੁਣਾਂ ਨੂੰ "ਅਨੰਤਤਾ" ਜਾਂ "ਭਲਿਆਈ" ਦੇ ਤਹਿਤ ਸੂਚੀਬੱਧ ਕੀਤਾ ਜਾਵੇ। ਤੀਜਾ ਤਰੀਕਾ ਇਹ ਹੋ ਸਕਦਾ ਹੈ ਕਿ ਇਹਨਾਂ ਗੁਣਾਂ ਨੂੰ ਅਸੰਚਾਰਿਤ (ਗੁਣ ਜੋ ਮਨੁੱਖ ਕਦੇ ਸਾਂਝਾ ਨਹੀਂ ਕਰ ਸਕਦੇ) ਜਾਂ ਸੰਚਾਰਿਤ (ਸੰਚਾਰ ਯੋਗ) ਦੇ ਤਹਿਤ ਸ਼੍ਰੇਣੀਬੱਧ ਕੀਤਾ ਜਾਵੇ।

### A. ਪਰਮੇਸ਼ਰ ਦੇ ਗ਼ੈਰ-ਨੈਤਿਕ ਗੁਣ

#### 1. ਪਰਮੇਸ਼ਰ ਆਤਮਾ ਹਨ

ਹਾਲਾਂਕਿ ਪਰਮੇਸ਼ਰ ਸਰੀਰਿਕ ਰੂਪ ਧਾਰਨ ਕਰ ਸਕਦੇ ਹਨ (ਜਿਵੇਂ ਕਿ ਅਸਥਾਈ ਤੌਰ ਤੇ ਯਹੋਵਾਹ ਦੇ ਸਵਰਗਦੂਤ ਦੇ ਰੂਪ ਵਿੱਚ ਜਾਂ ਸਥਾਈ ਤੌਰ ਤੇ ਮਸੀਹ ਦੇ ਰੂਪ ਵਿੱਚ), ਫਿਰ ਵੀ ਪਰਮੇਸ਼ਰ ਇੱਕ ਸਰੀਰਕ ਵਿਅਕਤੀ ਨਹੀਂ ਹਨ। ਪਰਮੇਸ਼ਰ ਨੂੰ ਨਾ ਤਾਂ ਸਰੀਰ ਦੀ ਲੋੜ ਹੈ, ਅਤੇ ਨਾ ਹੀ ਉਹਨਾਂ ਦੇ ਸੰਪੂਰਨ ਤੱਤ ਨੂੰ ਇੱਕ ਸਰੀਰ ਵਿੱਚ ਰੱਖਿਆ ਜਾ ਸਕਦਾ ਹੈ। ਪਰਮੇਸ਼ਰ ਦਾ ਆਤਮਿਕ ਚਰਿੱਤਰ ਉਹਨਾਂ ਦੇ ਅਦਿੱਖ ਹੋਣ ਨਾਲ ਵੀ ਜੁੜਿਆ ਹੈ।

> ਪਰਮੇਸ਼ਰ **ਆਤਮਾ ਹੈ**…[ਯੂਹੰਨਾ 4:24]
>
> ਮਸੀਹ **ਅਣਦੇਖੇ ਪਰਮੇਸ਼ਰ** ਦੇ ਦੇਖੇ ਜਾਣ ਵਾਲੇ ਸਰੂਪ ਹਨ [ਕੁਲੁੱਸੀ 1:15]
>
> ਉਸ ਅਨੰਤ ਮਹਾਰਾਜ, ਅਵਿਨਾਸ਼ੀ, **ਅਣਦੇਖੇ** ਅਤੇ ਕੇਵਲ ਇੱਕ ਪਰਮੇਸ਼ਰ ਦਾ ਆਦਰ ਅਤੇ ਵਡਿਆਈ ਯੁੱਗਾਂ ਤੱਕ ਹੁੰਦੀ ਰਹੇ…[1 ਤਿਮੋਥਿ 1:17]
>
> … ਜਿਹਨਾਂ ਨੂੰ ਨਾ ਕਦੀ ਕਿਸੇ ਨੇ ਦੇਖਿਆ ਹੈ ਅਤੇ ਨਾ ਹੀ ਕਦੀ ਦੇਖ ਸਕਦਾ ਹੈ [1 ਤਿਮੋਥਿ 6:16]

#### 2. ਪਰਮੇਸ਼ਰ ਸਦੀਪਕ ਹਨ

ਪਰਮੇਸ਼ਰ ਸਮੇਂ ਦੇ ਸੰਬੰਧ ਵਿੱਚ ਸਦੀਪਕ ਹਨ। ਉਹਨਾਂ ਦੀ ਨਾ ਤਾਂ ਕੋਈ ਸ਼ੁਰੂਆਤ ਹੈ ਅਤੇ ਨਾ ਹੀ ਕੋਈ ਅੰਤ ਹੈ। ਸਦੀਪਕ ਹੋਣ ਦਾ ਅਰਥ ਸਿਰਫ਼ ਇਹੀ ਨਹੀਂ ਹੈ ਕਿ ਪਰਮੇਸ਼ਰ ਸਦੀਪਕ ਅਤੀਤ ਤੋਂ ਲੈ ਕੇ ਸਦੀਪਕ ਭਵਿੱਖ ਤੱਕ ਦੀ ਬੇਅੰਤ ਮਿਆਦ ਵਿੱਚ ਵੱਸਦੇ ਹਨ, ਪਰ ਇਸ ਦਾ ਅਰਥ ਇਹ ਵੀ ਹੈ ਕਿ ਉਹ ਸਮੇਂ ਤੋਂ ਬਾਹਰ ਕਿਸੇ ਹੋਰ ਵਿਸਤਾਰ ਵਿੱਚ ਵੱਸਦੇ ਹਨ। ਪਰਮੇਸ਼ਰ ਲਈ ਸਾਰਾ ਇਤਿਹਾਸ ਅਤੀਤ ਹੈ। ਲੇਲੇ ਨੂੰ ਸੰਸਾਰ ਦੀ ਨੀਂਹ ਤੋਂ ਪਹਿਲਾਂ ਮਾਰ ਦਿੱਤਾ ਗਿਆ ਸੀ (ਪ੍ਰਕਾਸ਼ 13:8)। ਧਰਮੀ ਠਹਿਰਾਏ ਗਏ ਲੋਕ ਪਹਿਲਾਂ ਹੀ ਮਹਿਮਾ ਦੇ ਹਿੱਸੇਦਾਰ ਬਣਾਏ ਗਏ ਹਨ (ਰੋਮੀ 8:30 ਵਿੱਚ ਭੂਤਕਾਲ ਵਾਕ ਦੇਖੋ)। ਪਰਮੇਸ਼ਰ ਦੇ ਲਈ ਸਾਰਾ ਇਤਿਹਾਸ ਵਰਤਮਾਨ ਵੀ ਹੈ (ਕੂਚ 3:14; ਯੂਹੰਨਾ 8:58)। ਅਸੀਂ ਸੜਕ ਦੇ ਕੋਨੇ ਤੋਂ ਪ੍ਰਦਰਸ਼ਨ ਦੇਖਦੇ ਹਾਂ। ਪਰਮੇਸ਼ਰ ਅਤੀਤ, ਵਰਤਮਾਨ ਅਤੇ ਭਵਿੱਖ ਦੇ ਸਾਰੇ ਪ੍ਰਦਰਸ਼ਨ ਨੂੰ ਇੱਕੋ ਸਮੇਂ ਦੇਖਦੇ ਹਨ। ਸਦੀਪਕਤਾ ਇੱਕ "ਅਨੰਤ" ਗੁਣ ਹੈ ਜੋ ਅੰਸ਼ਕ ਤੌਰ ਤੇ ਵਿਸ਼ਵਾਸੀਆਂ ਦੇ ਲਈ ਸੰਚਾਰ ਯੋਗ ਹੈ। (ਦੇਖੋ, ਉਤ 21:33; ਕੂਚ 3:14; ਬਿਵਸਥਾ 32:40; ਅਯੂਬ 36:26; ਜ਼ਬੂਰ 90:2; 93:2; 102:27; ਯਸਾ 9:6; 40:28; 41:4; 57:15; ਮੀਕਾਹ 5:2; ਯੂਹੰਨਾ 1:1; 8:58; ਰੋਮੀ 16:26; 1 ਤਿਮੋਥਿ 1:17; 6:16; ਇਬ 1:10-12; 2 ਪਤਰਸ 3:8; ਪ੍ਰਕਾਸ਼ 1:4, 8; 10:6;

15:7)।

…**ਆਦ ਤੋਂ ਅੰਤ ਤੱਕ** ਤੂੰ ਹੀ ਪਰਮੇਸ਼ਰ ਹੈ [ਜ਼ਬੂਰ 90:2]

ਕੀ ਤੂੰ ਨਹੀਂ ਜਾਣਿਆ, ਕੀ ਤੂੰ ਨਹੀਂ ਸੁਣਿਆ, ਕਿ **ਅਨਾਦੀ ਪਰਮੇਸ਼ਰ** ਯਹੋਵਾਹ ਜੋ ਧਰਤੀ ਦਿਆਂ ਬੰਨਿਆ ਦਾ ਕਰਤਾ ਹੈ, ਨਾ ਹੁੱਸਦਾ ਹੈ, ਨਾ ਥੱਕਦਾ ਹੈ...[ਯਸਾਯਾਹ 40:28]

ਮਹਾਨ ਅਤੇ ਉੱਤਮ ਪੁਰਖ **ਜੋ ਸਦਾ ਕਾਇਮ ਹੈ**…[ਯਸਾਯਾਹ 57:15]

ਉਸ **ਅਨੰਤ** ਮਹਾਰਾਜ…[1 ਤਿਮੋਥਿ 1:17]

…ਪਰ ਤੁਸੀਂ ਹਮੇਸ਼ਾਂ ਇੱਕੋ ਜਿਹੇ ਰਹਿੰਦੇ ਹੋ, **ਤੁਹਾਡੇ ਜੀਵਨ ਦਾ ਅੰਤ ਨਹੀਂ ਹੋਵੇਗਾ** [ਇਬਰਾਨੀਆਂ 1:12]

"ਪ੍ਰਭੂ ਪਰਮੇਸ਼ਰ ਕਹਿੰਦੇ ਹਨ, "ਮੈਂ ਆਦਿ ਅਤੇ ਅੰਤ ਹਾਂ। ਮੈਂ ਸਰਵਸ਼ਕਤੀਮਾਨ ਹਾਂ, **ਜਿਹੜਾ ਹੈ, ਜਿਹੜਾ ਸੀ, ਅਤੇ ਜਿਹੜਾ ਆਉਣ ਵਾਲਾ ਹੈ**" [ਪ੍ਰਕਾਸ਼ ਦੀ ਪੋਥੀ 1:8]

### 3.ਪਰਮੇਸ਼ਰ ਸਰਵ-ਵਿਆਪਕ ਹਨ

ਪਰਮੇਸ਼ਰ ਨਾ ਸਿਰਫ਼ ਸਮੇਂ ਦੇ ਸੰਦਰਭ ਵਿੱਚ ਸਦੀਪਕ ਹਨ, ਉਹ ਸਥਾਨ ਦੇ ਸੰਦਰਭ ਵਿੱਚ ਵੀ ਸਦੀਪਕ ਹਨ। ਪਰਮੇਸ਼ਰ ਸਮੇਂ ਦੇ ਅਧੀਨ ਨਹੀਂ ਹਨ, ਅਤੇ ਉਹ ਕਿਸੇ ਸਥਾਨ ਦੇ ਵੀ ਅਧੀਨ ਨਹੀਂ ਹਨ। ਉਹ ਸਮੇਂ ਅਤੇ ਸਥਾਨ ਦੋਵਾਂ ਵਿੱਚ ਸਦਾ ਮੌਜੂਦ ਹਨ, ਅਤੇ ਉਹ ਸਮੇਂ ਅਤੇ ਸਥਾਨ ਤੋਂ ਵੀ ਮਹਾਨ ਹਨ। ਫਿਰ ਵੀ, ਬਾਈਬਲ ਸਾਨੂੰ ਸਿਖਾਉਂਦੀ ਹੈ ਕਿ ਕੁਝ ਥਾਵਾਂ ਉੱਤੇ ਪਰਮੇਸ਼ਰ ਦੀ ਖ਼ਾਸ ਮੌਜੂਦਗੀ ਰਹਿੰਦੀ ਹੈ: ਸਵਰਗ (ਮੱਤੀ 6:9; ਕੁਲੁੱਸੀ 3:1; ਇਬ 1:3; 12:2), ਤੰਬੂ (ਕੂਚ 25:8; 40:34-35), ਹੈਕਲ (ਮੱਤੀ 23:21),ਕਰੂਬੀਆਂ ਦੇ ਵਿਚਕਾਰ (ਜ਼ਬੂਰ 80:1), ਯਰੂਸ਼ਲਮ ਵਿੱਚ (ਮੱਤੀ 5:35), ਵਿਸ਼ਵਾਸੀਆਂ ਵਿੱਚ (ਯੂਹੰਨਾ 14:16-17, 23; ਰੋਮੀਆਂ 8:9-10; 1 ਕੁਰਿੰਥ 6:19-20), ਅਤੇ ਨਿਮਰ ਲੋਕਾਂ ਨਾਲ (ਯਾਕੂਬ 4:6-8; ਯਸਾ 57:15)। ਬਾਈਬਲ ਇਹ ਵੀ ਸਿਖਾਉਂਦੀ ਹੈ ਕਿ ਪਰਮੇਸ਼ਰ ਦੀ ਮੌਜੂਦਗੀ ਦੁਸ਼ਟ ਅਤੇ ਹੰਕਾਰੀ ਲੋਕਾਂ ਤੋਂ ਦੂਰ ਰਹਿੰਦੀ ਹੈ (ਯਸਾ. 59:1-2; ਇਬ.1:13; 2 ਥੱਸਲੁ 1:8-9; 1 ਪਤਰਸ 3:12)। ਇਸ ਤਰ੍ਹਾਂ, ਭਾਵੇਂ ਇਹ ਸਮਝਣਾ ਮੁਸ਼ਕਲ ਹੋਵੇ, ਪਰ ਸਾਨੂੰ ਪਰਮੇਸ਼ਰ ਦੀ ਸਾਰੀਆਂ ਥਾਵਾਂ ਵਿੱਚ ਆਮ ਮੌਜੂਦਗੀ ਅਤੇ ਉਹਨਾਂ ਦੀ ਕੁਝ ਖ਼ਾਸ ਥਾਵਾਂ ਵਿੱਚ ਖ਼ਾਸ ਮੌਜੂਦਗੀ ਦੇ ਵਿਚਕਾਰ ਫ਼ਰਕ ਨੂੰ ਜਾਣਨਾ ਚਾਹੀਦਾ ਹੈ। ਪਰਮੇਸ਼ਰ ਦੀ ਸਰਵ-ਵਿਆਪਕਤਾ ਦੇ ਲਈ ਕੁਝ ਵਚਨ ਹਨ: (1 ਰਾਜਿਆਂ 8:27; 2 ਇਤਿ 2:6; 6:18; ਜ਼ਬੂਰ 139:7ff.; ਕਹਾਉਤਾਂ 15:3; ਯਸਾ. 66:1; ਯਿਰ. 23:24; ਮੱਤੀ 18:20; 28:20; ਰਸੂਲਾਂ. 17:27; ਇਬ. 4:13; 13:5)।

ਭਲਾ, ਪਰਮੇਸ਼ਰ ਸੱਚ-ਮੁੱਚ ਧਰਤੀ ਉੱਤੇ ਵਾਸ ਕਰੇਗਾ? ਵੇਖ, **ਸਵਰਗ ਸਗੋਂ ਸਵਰਗਾਂ ਦੇ ਸਵਰਗ ਤੈਨੂੰ ਨਹੀਂ ਸੰਭਾਲ ਸਕੇ**, ਫਿਰ ਕਿਵੇਂ ਇਹ ਭਵਨ ਜੋ ਮੈਂ ਬਣਾਇਆ? [1 ਰਾਜਿਆਂ 8:27]

ਮੈਂ ਤੇਰੇ ਆਤਮਾ ਤੋਂ ਕਿੱਧਰ ਜਾਂਵਾਂ, **ਅਤੇ ਤੇਰੀ ਹਜ਼ੂਰੀ ਤੋਂ ਕਿੱਧਰ ਨੱਠਾਂ?** ਜੇ ਮੈਂ ਅਕਾਸ਼ ਉੱਤੇ ਚੜ੍ਹ ਜਾਂਵਾਂ, ਤੂੰ ਉੱਥੇ ਹੈਂ, ਜੇ ਮੈਂ ਪਤਾਲ ਵਿੱਚ ਬਿਸਤਰਾ ਵਿਛਾਵਾਂ, ਵੇਖ, ਤੂੰ ਉੱਥੇ ਹੈਂ! [ਜ਼ਬੂਰ 139:7-8]

ਯਹੋਵਾਹ ਦੀਆਂ ਅੱਖਾਂ **ਸਾਰੇ ਸਥਾਨਾਂ ਉੱਤੇ** ਲੱਗੀਆਂ ਰਹਿੰਦੀਆਂ ਹਨ, ਅਤੇ ਬੁਰੇ ਭਲੇ ਦੋਹਾਂ ਨੂੰ ਤੱਕਦੀਆਂ ਹਨ [ਕਹਾਉਤਾਂ 15:3]

ਕੀ ਕੋਈ ਮਨੁੱਖ ਆਪਣੇ ਆਪ ਨੂੰ ਪੜਦੇ ਵਿੱਚ ਲੁਕਾ ਲਵੇਗਾ ਕਿ ਮੈਂ ਉਹ ਨੂੰ ਨਾ ਵੇਖਾਂ? ਯਹੋਵਾਹ ਦਾ ਵਾਕ ਹੈ। **ਕੀ ਅਕਾਸ਼ ਅਤੇ ਧਰਤੀ ਮੇਰੇ ਨਾਲ ਨਹੀਂ ਭਰੇ ਹੋਏ?** ਯਹੋਵਾਹ ਦਾ ਵਾਕ ਹੈ [ਯਿਰ 23:24]

### 4. ਪਰਮੇਸ਼ਰ ਅਟੱਲ ਹਨ

ਹਾਲਾਂਕਿ ਪਰਮੇਸ਼ਰ ਆਪਣੇ ਕੰਮਾਂ ਨੂੰ ਬਦਲ ਸਕਦੇ ਹਨ ਅਤੇ ਬਦਲਦੇ ਹਨ, ਫਿਰ ਵੀ ਉਹ ਆਪਣੇ ਗੁਣਾਂ ਵਿੱਚ ਕਦੇ ਵੀ ਨਹੀਂ ਬਦਲਦੇ ਹਨ। ਉਹ ਪਹਿਲਾਂ ਹੀ ਇੱਕ ਸਦੀਪਕ ਰੂਪ ਵਿੱਚ ਸੰਪੂਰਨ ਹਨ। ਉਹ ਹੋਰ ਚੰਗੇ ਹੋਣ ਦੇ ਲਈ ਨਹੀਂ ਬਦਲ ਸਕਦੇ ਹਨ, ਕਿਉਂਕਿ ਉਹ ਪਹਿਲਾਂ ਹੀ ਸੰਪੂਰਨ ਹਨ। ਉਹ ਬੁਰੇ ਹੋਣ ਦੇ ਲਈ ਨਹੀਂ ਬਦਲ ਸਕਦੇ, ਕਿਉਂਕਿ ਫਿਰ ਉਹ ਸੰਪੂਰਨ ਨਹੀਂ ਰਹਿਣਗੇ। ਇਹ ਗੁਣ ਪਰਮੇਸ਼ਰ ਦੇ ਵਾਅਦਿਆਂ ਦੀ ਭਰੋਸੇਯੋਗਤਾ ਅਤੇ ਉਹਨਾਂ ਦੇ ਮਿਆਰਾਂ ਦੇ ਨਿਸ਼ਚਿਤ ਹੋਣ ਨਾਲ ਸੰਬੰਧਿਤ ਹੈ (ਮਲਾਕੀ 3:6; ਯਾਕੂਬ 1:17; ਇਬ 1:12, 13:8)।

ਕਿਉਂ ਜੋ ਮੈਂ ਯਹੋਵਾਹ **ਅਟੱਲ** ਹਾਂ। ਇਸੇ ਕਾਰਨ, ਹੇ ਯਾਕੂਬ ਦੇ ਪੁੱਤਰੋ, ਤੁਸੀਂ ਨਾਸ ਨਹੀਂ ਹੋਏ [ਮਲਾਕੀ 3:6]

…ਪਰ ਤੁਸੀਂ ਹਮੇਸ਼ਾ **ਇੱਕੋ ਜਿਹੇ** ਰਹਿੰਦੇ ਹੋ…[ਇਬ.1:12]

ਯਿਸੂ ਮਸੀਹ **ਕੱਲ੍ਹ, ਅੱਜ ਅਤੇ ਅਨੰਤਕਾਲ ਤੱਕ ਇੱਕੋ ਜਿਹੇ ਹਨ** [ਇਬ.13:8]

ਹਰ ਉੱਤਮ ਅਤੇ ਸੰਪੂਰਨ ਵਰਦਾਨ ਉਪਰੋਂ ਪਿਤਾ ਪਰਮੇਸ਼ਰ ਦੇ ਕੋਲੋਂ ਆਉਂਦਾ ਹੈ ਜੋ ਸਭ ਸਵਰਗੀ ਪ੍ਰਕਾਸ਼ਾਂ ਦੇ ਸਿਰਜਣਹਾਰ ਹਨ, ਜਿਹੜੇ ਪਰਛਾਵੇਂ ਦੇ ਵਾਂਗ **ਬਦਲਦੇ ਨਹੀਂ** [ਯਾਕੂਬ 1:17]

### 5. ਪਰਮੇਸ਼ਰ ਸਰਵ-ਗਿਆਨੀ ਹਨ

ਪਰਮੇਸ਼ਰ ਦਾ ਗਿਆਨ ਬੇਅੰਤ ਹੈ। ਉਹ ਨਿਰਜੀਵ ਸ੍ਰਿਸ਼ਟੀ (ਜ਼ਬੂਰ

147:4) ਜਾਨਵਰਾਂ (ਮੱਤੀ 10:29), ਪਤਾਲ (ਅੱਯੂਬ 26:6; ਜ਼ਬੂਰ 139:8; ਕਹਾਉਤਾਂ 15:11) ਮਨੁੱਖ ਦੇ ਜੀਵਨ ਦੇ ਦਿਨਾਂ (ਅੱਯੂਬ 14:5; ਜ਼ਬੂਰ 139:16) ਅਤੇ ਸਿਰ ਦੇ ਵਾਲਾਂ (ਮੱਤੀ 10:30) ਨੂੰ ਜਾਣਦੇ ਹਨ। ਪਰਮੇਸ਼ਰ ਭਵਿੱਖ ਬਾਰੇ (ਯਸਾ 41:22; 42:9; 44:7; 46:10; ਰਸੂਲਾਂ 2:23) ਅਤੇ ਸਾਡੀਆਂ ਉਹਨਾਂ ਲੋੜਾਂ ਬਾਰੇ ਜਾਣਦੇ ਹਨ ਜਿਹਨਾਂ ਦਾ ਸਾਨੂੰ ਪਤਾ ਵੀ ਨਹੀਂ ਹੈ (ਮੱਤੀ 6:8, 32)। ਪਰਮੇਸ਼ਰ ਭਵਿੱਖ ਦੀਆਂ ਸਾਰੀਆਂ ਗੱਲਾਂ ਨੂੰ ਵੀ ਜਾਣਦੇ ਹਨ (1 ਸਮੂ 23:11-12; 2 ਸਮੂ 12:8; 2 ਰਾਜਿਆਂ 13:19; ਜ਼ਬੂਰ 81:14-15; ਯਿਰ 1:5; 38:17-20; ਹਿਜ਼ਕੀ 3:5- 7; ਮੱਤੀ 11:21-24)। ਪਰਮੇਸ਼ਰ ਸਭ ਤੋਂ ਗੁਪਤ ਵਿਚਾਰਾਂ ਨੂੰ ਵੀ ਜਾਣਦੇ ਹਨ (1 ਸਮੂ. 16:7; 1 ਰਾਜਿਆਂ 8:39; 2 ਇਤ. 16:9; ਅੱਯੂਬ 34:22; ਜ਼ਬੂਰ 44:21; 139:1,4,23-24; ਕਹਾਉਤਾਂ 16:2 ਯਿਰ 11:20; 17:9-10; 20:12; ਹਿਜ਼ਕੀ 11:5; ਲੂਕਾ 16:15; ਰੋਮੀ 8:27; 1 ਕੁਰਿੰਥ 3:20)। ਪਰਮੇਸ਼ਰ ਦੇ ਸਰਵ-ਗਿਆਨ ਨੂੰ ਅੱਗੇ ਦਿੱਤੇ ਵਚਨਾਂ ਵਿੱਚ ਲਿਖਿਆ ਗਿਆ ਹੈ (ਜ਼ਬੂਰ 147:5; ਯਸਾ. 40:13-14,28; ਯੂਹੰਨਾ 2:24; 16:30; 21:17; ਰੋਮੀ. 11:33-34; 1 ਯੂਹੰਨਾ 3:20)।

> ਸਾਡਾ ਪ੍ਰਭੂ ਮਹਾਨ ਅਤੇ ਬਹੁਤ ਸ਼ਕਤੀਮਾਨ ਹੈ, **ਉਹ ਦੀ ਸਮਝ ਦਾ ਕੋਈ ਪਾਰਾਵਾਰ ਨਹੀਂ ਹੈ**। [ਜ਼ਬੂਰ 147:5]
>
> **...ਉਹ ਦੀ** ਸਮਝ ਅਥਾਹ ਹੈ [ਯਸਾ 40:28]
>
> ...ਪ੍ਰਭੂ ਜੀ, ਤੁਸੀਂ ਤਾਂ ਸਭ ਕੁਝ ਜਾਣਦੇ ਹੋ...[ ਯੂਹੰਨਾ 21:17]
>
> ਪਰਮੇਸ਼ਰ ਦੀਆਂ ਅਸੀਸਾਂ ਕਿੰਨੀਆਂ ਮਹਾਨ ਹਨ! **ਉਹਨਾਂ ਦੀ ਬੁੱਧ ਅਤੇ ਗਿਆਨ ਕਿੰਨੇ ਡੂੰਘੇ ਹਨ** ! ਉਹਨਾਂ ਦੇ ਫ਼ੈਸਲਿਆਂ ਦਾ **ਭੇਤ ਕੌਣ ਪਾ ਸਕਦਾ** ਹੈ? ਉਹਨਾਂ ਦੇ ਰਾਹਾਂ ਨੂੰ **ਕੌਣ ਸਮਝ ਸਕਦਾ** ਹੈ? [ਰੋਮੀ 11:33].
>
> ...**ਪਰਮੇਸ਼ਰ** ਸਾਡੇ ਦਿਲਾਂ ਨਾਲੋਂ ਵੱਡੇ ਹਨ ਅਤੇ ਉਹ **ਸਭ ਕੁਝ ਜਾਣਦੇ ਹਨ** [1 ਯੂਹੰਨਾ 3:20]

### 6. ਪਰਮੇਸ਼ਰ ਕਿਸੇ ਉੱਤੇ ਨਿਰਭਰ ਨਹੀਂ ਹਨ

ਕੁਝ ਲੋਕ ਇਸ ਨੂੰ "ਅਸੈਟੀ" ਕਹਿੰਦੇ ਹਨ, ਕਿ ਪਰਮੇਸ਼ਰ ਆਤਮ-ਨਿਰਭਰ ਹਨ। ਉਹ ਆਪਣੀ ਹੋਂਦ ਦੇ ਲਈ ਕਦੇ ਵੀ ਕਿਸੇ ਉੱਤੇ ਨਿਰਭਰ ਨਹੀਂ ਰਹੇ ਹਨ। ਉਹ ਸਿਰਜਣਾ ਦਾ ਪਹਿਲਾ ਕਾਰਨ (ਬਣਾਉਣ ਵਾਲੇ) ਹਨ, ਅਤੇ ਆਤਮ-ਨਿਰਭਰਤਾ ਵਿੱਚ ਅਨੰਤ ਹਨ।

> ਕਿਉਂਕਿ ਜਿਸ ਤਰ੍ਹਾਂ ਪਿਤਾ **ਜੀਵਨ ਦੇ ਸ੍ਰੋਤ** ਹਨ...[ਯੂਹੰਨਾ 5:26]
>
> **ਮੈਂ ਹਾਂ** ਜੋ ਮੈਂ ਹਾਂ...[ਕੂਚ 3:14 (ਦੇਖੋ ਯੂਹੰਨਾ 8:58)]

ਉਹ ਹੀ ਸਭ ਚੀਜ਼ਾਂ ਦੇ ਸਿਰਜਨਹਾਰ ਹਨ, ਉਹਨਾਂ ਦੇ ਦੁਆਰਾ ਸਭ ਚੀਜ਼ਾਂ ਦੀ ਹੋਂਦ ਹੈ, ਉਹਨਾਂ ਦੇ ਲਈ ਹੀ ਸਭ ਚੀਜ਼ਾਂ ਹਨ...[ਰੋਮੀ 11:36]

...ਉਹਨਾਂ ਦੀ **ਸ੍ਰਿਸ਼ਟੀ ਵਿੱਚ ਸਭ ਤੋਂ ਪਹਿਲੀ ਥਾਂ ਹੈ** ਸਭ ਕੁਝ ਪਰਮੇਸ਼ਰ ਨੇ ਮਸੀਹ ਦੇ ਦੁਆਰਾ ਅਤੇ ਉਹਨਾਂ ਦੇ ਲਈ ਪੈਦਾ ਕੀਤਾ ਸੀ...[ਕੁਲੁੱਸੀ 1:15-16]

### 7. ਪਰਮੇਸ਼ਰ ਸਰਵ-ਸ਼ਕਤੀਮਾਨ ਹਨ

ਪਰਮੇਸ਼ਰ ਕੋਲ ਅਨੰਤ ਸ਼ਕਤੀ ਹੈ। ਇਹ ਵਿਚਾਰ ਮੰਨਦਾ ਹੈ ਕਿ ਉਹ ਆਪਣੇ ਸੁਭਾਅ ਦੇ ਉਲਟ ਕੁਝ ਨਹੀਂ ਕਰਨਗੇ। ਉਹ ਖ਼ੁਦ ਆਪਣਾ ਇਨਕਾਰ ਨਹੀਂ ਕਰਦੇ (2 ਤਿਮੋਥਿ 2:13), ਝੂਠ ਨਹੀਂ ਬੋਲਦੇ (ਗਿਣਤੀ 23:19 1 ਸਮੂ. 15:29; ਤੀਤੁਸ 1:2; ਇਬ 6:18), ਬੁਰਾਈ ਨਾਲ ਪਰਤਾਏ ਨਹੀਂ ਜਾਂਦੇ (ਯਾਕੂਬ 1:13), ਬਦਲਦੇ ਨਹੀਂ (ਯਾਕੂਬ 1:17), ਜਾਂ ਪਾਪ ਨੂੰ ਸਹਿਣ ਨਹੀਂ ਕਰਦੇ ਹਨ (ਇਬ 1:13)। ਇਸ ਨਾਲ ਕੁਝ ਦਿਲਚਸਪ ਸਵਾਲ ਪੈਦਾ ਹੁੰਦੇ ਹਨ। ਕੀ ਪਰਮੇਸ਼ਰ ਇੱਕ ਛੋਟੀ ਜਿਹੀ ਜਗ੍ਹਾ ਵਿੱਚ ਫਿੱਟ ਹੋ ਸਕਦੇ ਹਨ? ਕੀ ਪਰਮੇਸ਼ਰ ਇੰਨੀ ਵੱਡੀ ਚੱਟਾਨ ਬਣਾ ਸਕਦੇ ਹਨ ਕਿ ਜਿਸ ਨੂੰ ਉਹ ਖ਼ੁਦ ਨਹੀਂ ਚੁੱਕ ਸਕਦੇ ਹਨ? ਪਰਮੇਸ਼ਰ ਦੇ ਸਰਵ-ਸ਼ਕਤੀਮਾਨ ਦੇ ਬਾਰੇ ਕੁਝ ਹੋਰ ਵਚਨ ਉਹਨਾਂ ਦੇ ਨਾਮਾਂ ਦੇ ਅਧਿਐਨ ਵਿੱਚ ਪਾਏ ਜਾ ਸਕਦੇ ਹਨ (ਦੇਖੋ, ਉਤ.17:1; 18:14; ਕੂਚ 6:3; ਅੱਯੂਬ 42:2; ਜ਼ਬੂਰ 62:11; ਯਸਾ. 9:6; 26:4; ਯਿਰ 32:17, 27; ਮੱਤੀ 19:26; 28:18; ਲੂਕਾ 1:37; 18:27; ਅਫ਼ਸੀ 3:20; ਪ੍ਰਕਾਸ਼ 1:8; 4:8, 11; 16:14; 17:14; 19:6, 15-16)।

> **ਭਲਾ, ਯਹੋਵਾਹ ਲਈ ਕੋਈ ਗੱਲ ਔਖੀ ਹੈ?**...[ ਉਤ. 18:14]
>
> ਹੇ ਪ੍ਰਭੂ ਯਹੋਵਾਹ, ਵੇਖ! ਤੂੰ ਅਕਾਸ਼ ਅਤੇ ਧਰਤੀ ਨੂੰ ਵੱਡੀ ਸ਼ਕਤੀ ਅਤੇ ਪਸਾਰੀ ਹੋਈ ਬਾਂਹ ਨਾਲ ਬਣਾਇਆ ਅਤੇ ਤੇ**ਰੇ ਲਈ ਕੋਈ ਕੰਮ ਔਖਾ ਨਹੀਂ ਹੈ** [ਯਿਰ 32:17]
>
> ਵੇਖ, ਮੈਂ ਸਾਰੇ ਬਸ਼ਰ ਦਾ ਯਹੋਵਾਹ ਪਰਮੇਸ਼ਰ ਹਾਂ। **ਕੀ ਕੋਈ ਕੰਮ ਮੇਰੇ ਲਈ ਔਖਾ ਹੈ?** [ਯਿਰ 32:27]
>
> ...“ਇਹ ਮਨੁੱਖਾਂ ਦੇ ਲਈ ਕਰਨਾ ਅਸੰਭਵ ਹੈ ਪਰ ਪਰਮੇਸ਼ਰ ਦੇ ਲਈ ਸਭ ਕੁਝ ਸੰਭਵ ਹੈ” [ਮੱਤੀ 19:26]
>
> **ਕਿਉਂਕਿ ਪਰਮੇਸ਼ਰ ਦੇ ਲਈ ਕੁਝ ਵੀ ਅਸੰਭਵ ਨਹੀਂ ਹੈ** [ਲੂਕਾ 1:37]
>
> ਹੁਣ ਉਹ ਪਰਮੇਸ਼ਰ ਜਿਹੜੇ ਆਪਣੀ ਉਸ ਸਮਰੱਥਾ ਨਾਲ ਜੋ ਸਾਡੇ ਵਿੱਚ ਕੰਮ ਕਰ ਰਹੀ ਹੈ **ਸਾਡੇ ਮੰਗਣ ਅਤੇ ਸੋਚਣ ਤੋਂ ਵੀ ਵਧੇਰੇ ਕਰ ਸਕਦੇ ਹਨ** [ਅਫ਼ਸੀਆਂ 3:20]
>
> ਉਹ ਦਿਨ ਰਾਤ ਬਿਨਾਂ ਅਰਾਮ ਕੀਤੇ ਕਹਿੰਦੇ ਸਨ, “ਪਵਿੱਤਰ, ਪਵਿੱਤਰ, ਪਵਿੱਤਰ, **ਸਰਵ ਸ਼ਕਤੀਮਾਨ** ਪ੍ਰਭੂ

ਪਰਮੇਸ਼ਰ, ਜਿਹੜੇ ਸੀ, ਜਿਹੜੇ ਹਨ, ਅਤੇ ਜਿਹੜੇ ਆ ਰਹੇ ਹਨ ।" [ਪ੍ਰਕਾਸ਼ 4:8]

"ਹਾਲੇਲੂਯਾਹ! ਕਿਉਂਕਿ ਸਾਡੇ ਸਰਵ **ਸ਼ਕਤੀਮਾਨ**, ਪ੍ਰਭੂ ਪਰਮੇਸ਼ਰ ਰਾਜ ਕਰਦੇ ਹਨ।" [ਪ੍ਰਕਾਸ਼ 19:6]

…**ਸਰਵ ਸ਼ਕਤੀਮਾਨ** ਪਰਮੇਸ਼ਰ...ਉਸ ਦੇ ਚੋਗੇ ਅਤੇ ਪੱਟ ਉੱਤੇ ਇਹ ਲਿਖਿਆ ਹੋਇਆ ਸੀ, "**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ**।" [ਪ੍ਰਕਾਸ਼ 19:15, 16]

### 8. ਪਰਮੇਸ਼ਰ ਏਕਤਾ ਵਿੱਚ ਹਨ

(ਦੇਖੋ "ਪਰਮੇਸ਼ਰ ਦੀ ਏਕਤਾ ਅਤੇ ਤ੍ਰਿਏਕਤਾ, ਭਾਗ IV)

## B. ਪਰਮੇਸ਼ਰ ਦੇ ਨੈਤਿਕ ਗੁਣ

### 1. ਪਰਮੇਸ਼ਰ ਪਵਿੱਤਰ ਹਨ

ਪਵਿੱਤਰਤਾ ਦਾ ਅਰਥ ਹੈ ਕਿ ਪਰਮੇਸ਼ਰ ਆਪਣੇ ਸਾਰੇ ਸਿਰਜੇ ਪ੍ਰਾਣੀਆਂ ਤੋਂ ਅਲੱਗ ਅਤੇ ਵੱਖਰੇ ਹਨ, ਉਹ ਸਭ ਤੋਂ ਉੱਚੇ ਅਤੇ ਉੱਤਮ ਹਨ। ਪਵਿੱਤਰਤਾ ਦਾ ਅਰਥ ਇਹ ਵੀ ਹੈ ਕਿ ਪਰਮੇਸ਼ਰ ਪਾਪ ਅਤੇ ਅਸ਼ੁੱਧਤਾ ਤੋਂ ਪੂਰੀ ਤਰ੍ਹਾਂ ਅਲੱਗ ਹਨ। ਕੁਝ ਬਾਈਬਲ ਵਿਦਵਾਨ "ਪਰਤਾਪੀ ਪਵਿੱਤਰਤਾ" ਨੂੰ "ਨੈਤਿਕ ਪਵਿੱਤਰਤਾ" ਤੋਂ ਵੱਖ ਕਰਦੇ ਹਨ। ਪਰਤਾਪੀ ਪਵਿੱਤਰਤਾ ਦਾ ਅਰਥ ਹੈ ਕਿ ਪਰਮੇਸ਼ਰ ਅਲੱਗ ਹਨ, ਅਤੇ ਆਪਣੇ ਸਿਰਜੇ ਹੋਏ ਪ੍ਰਾਣੀਆਂ ਤੋਂ ਉੱਪਰ ਹਨ। ਨੈਤਿਕ ਪਵਿੱਤਰਤਾ ਦਾ ਅਰਥ ਹੈ ਕਿ ਉਹ ਹਰੇਕ ਪਾਪ ਤੋਂ ਅਲੱਗ ਹਨ। ਪੁਰਾਣੇ ਨੇਮ ਵਿੱਚ ਪਵਿੱਤਰ ਸ਼ਬਦ 699 ਵਾਰ ਵਰਤਿਆ ਗਿਆ ਹੈ ਜਿਹਨਾਂ ਵਿੱਚੋਂ 111 ਵਾਰ ਇਹ ਪਰਮੇਸ਼ਰ ਦੇ ਇੱਕ ਗੁਣ ਦੇ ਰੂਪ ਵਿੱਚ ਵਰਤਿਆ ਗਿਆ ਹੈ। ਨਵੇਂ ਨੇਮ ਵਿੱਚ ਪਵਿੱਤਰਤਾ ਦੇ 230 ਹਵਾਲੇ ਹਨ (ਇਹਨਾਂ ਵਿੱਚੋਂ 94 ਪਵਿੱਤਰ ਆਤਮਾ ਬਾਰੇ, 6 ਪਰਮੇਸ਼ਰ ਪਿਤਾ ਬਾਰੇ ਅਤੇ 3 ਪਰਮੇਸ਼ਰ ਪੁੱਤਰ ਬਾਰੇ ਹਨ)। ਇਸ ਸੂਚੀ ਵਿੱਚ ਪਰਮੇਸ਼ਰ ਦੀ ਪਵਿੱਤਰਤਾ ਬਾਰੇ ਆਖ਼ਰੀ 4 ਹਵਾਲਿਆਂ ਵਿੱਚ ਪਵਿੱਤਰ ਸ਼ਬਦ ਨਹੀਂ ਹੈ, ਪਰ ਉਹ ਇਹ ਕਹਿੰਦੇ ਹਨ ਕਿ ਪਰਮੇਸ਼ਰ ਪੁੱਤਰ "ਪਾਪ ਰਹਿਤ" ਹਨ (ਕੂਚ 15:11; ਲੇਵੀਆਂ 11:44; 19:2; 20:26; 21:8; ਯਹੋਸ਼ੁ 24:19; 1 ਸਮੂ 2:2; 6:20; ਅੱਯੂਬ 6:10; ਜ਼ਬੂਰ 22:3; 30:4; 47:8; 60:6; 89:35; 92:15; 97:12; 99:3, 5, 9; 145:17; ਯਸਾ 5:16; 6:3; 43:14; 47:4; 49:7; 57:15; ਹਿਜ਼ਕੀ 39:7; ਹੋਸ਼ੇਆ 11:9; ਹਬੱਕੂਕ 1:12-13; ਲੂਕਾ 1:49; ਯੂਹੰਨਾ 17:11; ਇਬ 12:10; 1 ਪਤਰਸ 1:15-16; ਪ੍ਰਕਾਸ਼ 4:8; 15:4; ਮਰਕੁਸ 1:24; ਲੂਕਾ 4:34; ਯੂਹੰਨਾ 6:69; 8:46; 2 ਕੁਰਿੰਥ 5:21; ਇਬ 4:15; 1 ਪਤਰਸ 2:22)।

…ਕੌਣ ਹੈ ਤੇਰੇ ਵਰਗਾ **ਪਵਿੱਤਰਤਾਈ ਵਿੱਚ ਪਰਤਾਪ ਵਾਲਾ…**? [ਕੂਚ 15:11]

…ਪਵਿੱਤਰ ਬਣੋ, ਕਿਉਂ ਜੋ ਮੈਂ ਪਵਿੱਤਰ ਹਾਂ…[ਲੇਵੀਆਂ 11:44]

ਉਹ ਇੱਕ ਦੂਜੇ ਨੂੰ ਪੁਕਾਰ-ਪੁਕਾਰ ਕੇ ਆਖਦੇ ਸਨ, "**ਸੈਨਾਂ ਦਾ ਯਹੋਵਾਹ ਪਵਿੱਤਰ, ਪਵਿੱਤਰ, ਪਵਿੱਤਰ,** ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ" [ਯਸਾ 6:3]

ਮਹਾਨ ਅਤੇ ਉੱਤਮ ਪੁਰਖ ਜੋ ਸਦਾ ਕਾਇਮ ਹੈ, **ਜਿਸ ਦਾ ਨਾਮ ਪਵਿੱਤਰ ਹੈ**, ਇਹ ਆਖਦਾ ਹੈ [ਯਸਾ 57:15]

"ਹੇ ਮੇਰੇ ਪ੍ਰਭੂ ਯਹੋਵਾਹ, ਹੇ ਮੇ**ਰੇ ਪਵਿੱਤਰ ਪਰਮੇਸ਼ਰ**, ਕੀ ਤੂੰ ਸਦੀਪਕ ਕਾਲ ਤੋਂ ਨਹੀਂ ਹੈਂ?...ਤੂੰ ਜਿਸ ਦੀਆਂ ਅੱਖਾਂ **ਅਜਿਹੀਆਂ ਸ਼ੁੱਧ ਹਨ ਕਿ ਤੂੰ ਬਦੀ ਨੂੰ ਵੇਖ ਹੀ ਨਹੀਂ ਸਕਦਾ**" [ਹਬੱਕੂਕ 1:12-13]

… "ਹੇ ਯਿਸੂ ਨਾਸਰੀ, ਤੁਹਾਡਾ ਸਾਡੇ ਨਾਲ ਕੀ ਕੰਮ? ਕੀ ਤੁਸੀਂ ਸਾਡਾ ਨਾਸ਼ ਕਰਨ ਆਏ ਹੋ? ਮੈਂ ਜਾਣਦੀ ਹਾਂ ਕਿ ਤੁਸੀਂ ਕੌਣ ਹੋ, ਤੁਸੀਂ ਪਰਮੇਸ਼ਰ ਦੇ ਭੇਜੇ ਹੋਏ **ਪਵਿੱਤਰ ਮਨੁੱਖ ਹੋ**!" [ਮਰਕੁਸ1:24]

…**ਹੇ ਪਵਿੱਤਰ ਪਿਤਾ**, ਆਪਣੇ ਨਾਮ ਦੇ ਰਾਹੀਂ… [ਯੂਹੰਨਾ 17:11]

…"ਉਹਨਾਂ ਨੇ **ਕੋਈ ਪਾਪ ਨਾ ਕੀਤਾ**, ਅਤੇ ਨਾ ਹੀ ਉਹਨਾਂ ਦੇ ਮੂੰਹ ਦੇ ਵਿੱਚੋਂ ਕਪਟ ਦੇ ਸ਼ਬਦ ਨਿਕਲੇ" [1 ਪਤਰਸ 2:22]

### 2. ਪਰਮੇਸ਼ਰ ਸੱਚੇ ਹਨ

ਇਹ ਕਹਿਣਾ ਵਿੱਚ, ਪਰਮੇਸ਼ਰ ਸੱਚੇ ਹਨ, ਘੱਟੋ-ਘੱਟ ਤਿੰਨ ਵੱਖਰੀਆਂ ਧਾਰਨਾਵਾਂ ਸ਼ਾਮਲ ਹਨ। ਪਹਿਲੀ, ਪਰਮੇਸ਼ਰ ਵਾਸਤਵਿਕ ਸੱਚਾਈ ਦਿੰਦੇ ਹਨ। ਦੂਜੀ, ਉਹ ਇਸ ਅਰਥ ਵਿੱਚ ਸੱਚੇ ਹਨ ਜਿਵੇਂ ਕਿ "ਇੱਕ ਸੱਚਾ ਮਿੱਤਰ" ਭਰੋਸੇਯੋਗ ਅਤੇ ਵਿਸ਼ਵਾਸਯੋਗ ਹੁੰਦਾ ਹੈ। ਤੀਜੀ, ਪਰਮੇਸ਼ਰ ਨੂੰ ਸੱਚਾ ਕਹਿਣ ਦਾ ਅਰਥ ਹੈ ਕਿ ਉਹ ਝੂਠੇ ਜਾਂ ਨਕਲੀ ਦੇਵਤਿਆਂ ਦੀ ਤੁਲਨਾ ਵਿੱਚ ਅਸਲੀ ਅਤੇ ਸੱਚੇ ਪਰਮੇਸ਼ਰ ਹਨ। ਕੋਈ ਇਹ ਕਹਿ ਸਕਦਾ ਹੈ ਕਿ ਪਰਮੇਸ਼ਰ ਵਾਸਤਵਿਕ, ਨੈਤਿਕ, ਅਤੇ ਅਲੌਕਿਕ ਤੌਰ ਤੇ ਸੱਚੇ ਹਨ। ਪਰਮੇਸ਼ਰ ਦੇ ਵਾਸਤਵਿਕ ਅਤੇ ਨੈਤਿਕ ਤੌਰ ਤੇ ਸੱਚੇ ਹੋਣ ਦੇ ਵਚਨ ਇੱਕ ਦੂਜੇ ਨਾਲ ਮੇਲ ਖਾਂਦੇ ਹਨ।

a. ਪਰਮੇਸ਼ਰ ਵਾਸਤਵਿਕ ਤੌਰ ਤੇ ਸੱਚੇ ਹਨ (ਕੂਚ 34:6; ਯੂਹੰਨਾ 14:6, 17; 15:26; 16:13; 17:17; 1 ਯੂਹੰਨਾ 4:6)। ਇਹਨਾਂ ਆਇਤਾਂ ਵਿੱਚ ਅੱਗੇ ਦਿੱਤੇ ਵਾਕਾਂਸ਼ ਹਨ: "ਮੈਂ ਹੀ ਰਾਹ, **ਮੈਂ ਹੀ ਸੱਚ ਹਾਂ**," "**ਸੱਚ ਦਾ ਆਤਮਾ**", ਅਤੇ "**ਤੇਰਾ ਵਚਨ ਸੱਚਾ ਹੈ**"। ਪਰਮੇਸ਼ਰ ਵਾਸਤਵਿਕ ਵਿੱਚ ਕੋਈ ਗ਼ਲਤੀ ਨਹੀਂ ਕਰ ਸਕਦੇ ਹਨ; ਉਹ ਹਮੇਸ਼ਾ ਹੀ ਸਹੀ ਹੁੰਦੇ ਹਨ ।

b. ਪਰਮੇਸ਼ਰ ਨੈਤਿਕ ਤੌਰ ਤੇ ਸੱਚੇ ਹਨ। ਪਰਮੇਸ਼ਰ ਵਿਸ਼ਵਾਸਯੋਗ

ਅਤੇ ਭਰੋਸੇਯੋਗ ਹਨ। ਉਹਨਾਂ ਦੀ ਨੈਤਿਕ ਸੱਚਾਈ ਉਹਨਾਂ ਦੀ ਵਫ਼ਾਦਾਰੀ ਦੇ ਬਰਾਬਰ ਹੈ। ਪਰਮੇਸ਼ਰ ਕਦੇ ਵੀ ਸਾਡੇ ਨਾਲ ਝੂਠ ਨਹੀਂ ਬੋਲਣਗੇ ਅਤੇ ਨਾ ਹੀ ਸਾਨੂੰ ਕਦੇ ਗੁੰਮਰਾਹ ਕਰਨਗੇ। ਉਹ ਨਾ ਸਿਰਫ਼ ਵਾਸਤਵਿਕ ਤੌਰ ਤੇ ਸੱਚੇ ਹਨ, ਪਰ ਉਹ ਆਪਣੇ ਵਾਅਦਿਆਂ ਪ੍ਰਤੀ ਵੀ ਵਫ਼ਾਦਾਰ ਹਨ (ਗਿਣਤੀ 23:19; ਬਿਵਸਥਾ 32:4; 1 ਸਮੂ 15:29; 2 ਸਮੂ 7:28; ਜ਼ਬੂਰ. 19:9; 25:10; 31:5; 33:4; 36:5; 57:3; 89:14; 111:7; 119:86, 142, 151; 138:2; ਯਸਾ 25:1; ਯਿਰ 5:3; ਵਿਰਲਾਪ 3:23; ਰੋਮੀ 1:25; 3:4; 1 ਕੁਰਿੰਥ l:9; 2 ਕੁਰਿੰਥ 1:20; 1 ਥੱਸਲੁ. 5:24; ਤੀਤੁਸ 1:2; ਇਬ 6:18)।

> ਪਰਮੇਸ਼ਰ ਇਨਸਾਨ **ਨਹੀਂ** ਕਿ **ਝੂਠ ਬੋਲੇ**, ਨਾ ਆਦਮੀ ਦੁਆਰਾ ਜੰਮਿਆ ਹੈ ਕਿ ਉਹ ਪਛਤਾਵੇ। ਕੀ ਉਸ ਨੇ ਕੁਝ ਆਖਿਆ ਹੋਵੇ ਅਤੇ ਨਾ ਕਰੇ? ਜਾਂ ਉਹ ਬੋਲਿਆ ਹੋਵੇ ਅਤੇ ਉਹ ਪੂਰਾ ਨਾ ਹੋਇਆ ਹੋਵੇ? [ਗਿਣਤੀ 23:19]
>
> **ਇਸਰਾਏਲ ਦਾ ਸ਼ਕਤੀਮਾਨ ਝੂਠ ਨਹੀਂ ਬੋਲਦਾ** ਅਤੇ ਪਛਤਾਉਂਦਾ ਨਹੀਂ ਕਿਉਂ ਜੋ ਉਹ ਮਨੁੱਖ ਨਹੀਂ ਜੋ ਪਛਤਾਵੇ। [1 ਸਮੂ 15:29]
>
> ਹੇ ਯਹੋਵਾਹ, ਤੇਰੀ ਦਯਾ ਸਵਰਗ ਵਿੱਚ ਹੈ, ਅਤੇ **ਤੇਰੀ ਵਫ਼ਾਦਾਰੀ ਬੱਦਲਾਂ ਤੱਕ ਹੈ।** [ਜ਼ਬੂਰ 36:5]
>
> ਉਹ ਹਰ ਸਵੇਰ ਨੂੰ ਨਵੀਂ ਹੁੰਦੀ ਜਾਂਦੀ ਹੈ, **ਤੇਰੀ ਵਫ਼ਾਦਾਰੀ ਵੱਡੀ ਮਹਾਨ ਹੈ।** [ਵਿਰਲਾਪ 3:23]
>
> …ਭਾਵੇਂ ਸਾਰੇ ਮਨੁੱਖ ਝੂਠੇ ਹੋ ਜਾਣ ਪਰ **ਪਰਮੇਸ਼ਰ ਹਮੇਸ਼ਾ ਸੱਚੇ ਹੀ ਰਹਿਣਗੇ**।…[ਰੋਮੀ 3:4].
>
> ਪਰਮੇਸ਼ਰ **ਭਰੋਸੇਯੋਗ** ਹਨ…[1 ਕੁਰਿੰਥ 1:9]
>
> ਪਰਮੇਸ਼ਰ ਜਿਹਨਾਂ ਨੇ ਤੁਹਾਨੂੰ ਸੱਦਿਆ ਹੈ ਉਹ **ਭਰੋਸੇਯੋਗ** ਹਨ ਅਤੇ ਉਹ ਇਹ ਕਰਨਗੇ। [1 ਥੱਸਲੁ 5:24]
>
> …ਉਹ ਆਪਣੇ ਵਚਨ ਨੂੰ ਪੂਰਾ ਕਰਨ ਵਿੱਚ **ਭਰੋਸੇਯੋਗ** ਹਨ…[ਤੀਤੁਸ 1:2]
>
> … **ਪਰਮੇਸ਼ਰ ਦਾ ਝੂਠ ਬੋਲਣਾ ਅਸੰਭਵ ਹੈ**…[ਇਬ 6:18]

c. ਪਰਮੇਸ਼ਰ ਅਲੌਕਿਕ ਤੌਰ ਤੇ ਸੱਚੇ ਹਨ। ਪਰਮੇਸ਼ਰ ਅਸਲੀ ਅਤੇ ਸੱਚੇ ਹਨ। ਬਾਕੀਆਂ ਦੇ ਦੇਵਤੇ ਹੋਣ ਦੇ ਸਾਰੇ ਦਾਅਵੇ ਝੂਠੇ ਹਨ।

> ਪਰ ਯਹੋਵਾਹ **ਸੱਚੇ ਪਰਮੇਸ਼ਰ** ਹਨ…[ਯਿਰ 10:10]
>
> ਅਨੰਤ ਜੀਵਨ ਇਹ ਹੈ ਕਿ ਉਹ ਤੁਹਾਨੂੰ **ਇੱਕੋ ਇੱਕ ਸੱਚੇ ਪਰਮੇਸ਼ਰ** ਨੂੰ ਜਾਨਣ…[ਯੂਹੰਨਾ 17:3]
>
> …ਕਿਸ ਤਰ੍ਹਾਂ ਤੁਸੀਂ ਮੂਰਤੀਆਂ ਨੂੰ ਛੱਡ ਕੇ ਪਰਮੇਸ਼ਰ ਦੇ ਵੱਲ ਮੁੜੇ ਅਤੇ **ਉਸ ਸੱਚੇ** ਅਤੇ ਜਿਉਂਦੇ ਪਰਮੇਸ਼ਰ ਦੇ ਸੇਵਕ ਬਣੇ [1 ਥੱਸਲੁ l: 9]
>
> …ਉਹ ਹੀ **ਸੱਚੇ ਪਰਮੇਸ਼ਰ** ਅਤੇ ਅਨੰਤ ਜੀਵਨ ਹਨ [1 ਯੂਹੰਨਾ 5:20]

### 3. ਪਰਮੇਸ਼ਰ ਭਲੇ ਹਨ

ਇਹ ਵਿਚਾਰ ਕਿ ਪਰਮੇਸ਼ਰ ਭਲੇ ਹਨ, ਆਪਣੇ ਆਪ ਵਿੱਚ ਇੱਕ ਵਿਸ਼ਾਲ ਸੱਚ ਅਤੇ ਕਈ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕੀਤੇ ਹੋਇਆ ਹੈ (ਦਇਆ, ਧੀਰਜ, ਕਿਰਪਾ, ਪਿਆਰ, ਦਿਆਲਤਾ, ਨਿਮਰਤਾ, ਅਤੇ ਸੰਭਵ ਤੌਰ ਤੇ ਨੈਤਿਕ ਪਵਿੱਤਰਤਾ ਜੋ ਪਾਪ ਰਹਿਤ ਹੋਣ ਅਤੇ ਨੈਤਿਕ ਸੱਚ ਦੇ ਬਰਾਬਰ ਹੈ)। ਹਾਲਾਂਕਿ ਕੁਝ ਲੋਕ ਇਹਨਾਂ ਵਿੱਚੋਂ ਹਰੇਕ ਨੂੰ ਇੱਕ ਵੱਖਰੇ ਗੁਣ ਦੇ ਰੂਪ ਵਿੱਚ ਸ਼੍ਰੇਣੀਬੱਧ ਕਰਨਗੇ, ਫਿਰ ਵੀ ਇਹਨਾਂ ਨੂੰ ਸ਼ਾਇਦ ਪਰਮੇਸ਼ਰ ਦੀ ਭਲਿਆਈ ਦੇ ਵਿਸਤਾਰ ਦੇ ਰੂਪ ਵਿੱਚ ਦੇਖਣਾ ਹੀ ਜ਼ਿਆਦਾ ਤਰਕਪੂਰਨ ਹੋਵੇਗਾ।

> **ਯਹੋਵਾਹ ਤਾਂ ਭਲਾ ਹੈ,** ਉਹ ਦੀ ਦਯਾ ਸਦੀਪਕ ਹੈ, ਅਤੇ ਉਹ ਦੀ ਵਫ਼ਾਦਾਰੀ ਪੀੜ੍ਹੀਓਂ ਪੀੜ੍ਹੀ ਤੱਕ ਹੈ। [ਜ਼ਬੂਰ 100:5]
>
> **ਯਹੋਵਾਹ** ਸਭਨਾਂ ਦੇ ਲਈ **ਭਲਾ ਹੈ**, ਅਤੇ ਉਹ ਦੀਆਂ ਰਹਿਮਤਾਂ ਉਹ ਦੇ ਸਾਰੇ ਕੰਮਾਂ ਉੱਤੇ ਹਨ। [ਜ਼ਬੂਰ 145:9].
>
> ਯਿਸੂ ਨੇ ਕਿਹਾ, "ਤੂੰ ਮੈਨੂੰ ਨੇਕ ਕਿਉਂ ਕਹਿੰਦਾ ਹੈਂ? **ਇੱਕ ਪਰਮੇਸ਼ਰ ਤੋਂ ਸਿਵਾਏ ਹੋਰ ਕੋਈ ਨੇਕ ਨਹੀਂ ਹੈ**"[ਮਰਕੁਸ 10:18]
>
> **ਹਰ ਉੱਤਮ ਅਤੇ ਸੰਪੂਰਨ ਵਰਦਾਨ** ਉਪਰੋਂ **ਪਿਤਾ ਪਰਮੇਸ਼ਰ ਦੇ ਕੋਲੋਂ** ਆਉਂਦਾ ਹੈ ਜੋ ਸਭ ਸਵਰਗੀ ਪ੍ਰਕਾਸ਼ਾਂ ਦੇ ਸਿਰਜਣਹਾਰ ਹਨ…[ਯਾਕੂਬ 1:17]

a. ਪਰਮੇਸ਼ਰ ਦਿਆਲੂ ਹਨ। ਪਰਮੇਸ਼ਰ ਦੀ ਦਇਆ ਉਹਨਾਂ ਲੋਕਾਂ ਪ੍ਰਤੀ ਪਰਮੇਸ਼ਰ ਦੀ ਭਲਿਆਈ ਦਾ ਪ੍ਰਗਟਾਵਾ ਹੈ ਜੋ ਦੁੱਖ ਜਾਂ ਸੰਕਟ ਵਿੱਚ ਹੁੰਦੇ ਹਨ। ਇਹ ਤਰਸ ਜਾਂ ਹਮਦਰਦੀ ਦੀ ਤਰ੍ਹਾਂ ਹੀ ਹੈ (ਜ਼ਬੂਰ 103:13; 116:5; ਯਸਾ 55:7; ਵਿਰਲਾਪ 3:22; ਮੱਤੀ 9:13, 36; ਲੂਕਾ 1:50; ਰੋਮੀ 11:32; 12:1; 15:9; 2 ਕੁਰਿੰਥ 1:3-4; ਅਫ਼ਸੀ 2:4; ਫਿਲਿੱਪੀ 1:8; ਤੀਤੁਸ 3:5; ਇਬ 2:17; 4:16; ਯਾਕੂਬ 5:11; 1 ਪਤਰਸ 1:3)।

> ਜਿਵੇਂ ਪਿਤਾ ਆਪਣੇ ਬੱਚਿਆਂ ਦਾ ਤਰਸ ਖਾਂਦਾ ਹੈ, ਤਿਵੇਂ **ਯਹੋਵਾਹ** ਆਪਣੇ ਡਰਨ ਵਾਲਿਆਂ ਦਾ **ਤਰਸ ਖਾਂਦਾ** ਹੈ। [ਜ਼ਬੂਰ 103:13]
>
> ਇਹ ਯਹੋਵਾਹ ਦੀ **ਅੱਤ ਦਇਆ** ਹੈ ਕਿ ਅਸੀਂ ਮੁੱਕ ਨਹੀਂ ਗਏ, ਕਿਉਂ ਜੋ ਉਸ ਦੀ ਦਯਾ ਅਟੁੱਟ ਹੈ! [ਵਿਰਲਾਪ 3:22]
>
> ਜਦੋਂ ਯਿਸੂ ਨੇ ਲੋਕਾਂ ਦੀ ਭੀੜ ਦੇਖੀ ਤਾਂ ਉਹਨਾਂ ਨੂੰ ਲੋਕਾਂ ਉੱਤੇ

ਬਹੁਤ **ਤਰਸ ਆਇਆ**…[ਮੱਤੀ 9:36]

…ਕਿ ਉਹ **ਸਭ ਉੱਤੇ ਆਪਣੀ ਕਿਰਪਾ** ਪ੍ਰਗਟ ਕਰ ਸਕਣ [ਰੋਮੀ 11:32]

ਪਰ ਪਰਮੇਸ਼ਰ ਦੀ **ਦਇਆ ਕਿੰਨੀ ਵੱਡੀ** ਹੈ…[ਅਫ਼ਸੀ 2:4]

ਉਹਨਾਂ ਨੇ ਸਾਨੂੰ ਮੁਕਤੀ ਦਿੱਤੀ। ਇਹ ਸਾਡੇ ਕਿਸੇ ਨੇਕ ਕੰਮਾਂ ਦੇ ਕਾਰਨ ਨਹੀਂ ਸੀ ਸਗੋਂ ਇਸ ਲਈ ਕਿ ਉਹ ਆਪ **ਦਇਆਵਾਨ** ਹਨ…[ਤੀਤੁਸ 3:5]

ਇਸ ਲਈ ਆਓ, ਅਸੀਂ ਦਲੇਰੀ ਦੇ ਨਾਲ ਕਿਰਪਾ ਦੇ ਸਿੰਘਾਸਣ ਦੇ ਨੇੜੇ ਜਾਈਏ ਤਾਂ ਜੋ ਅਸੀਂ **ਦਇਆ** ਅਤੇ ਲੋੜ ਦੇ ਸਮੇਂ ਕਿਰਪਾ ਪ੍ਰਾਪਤ ਕਰੀਏ। [ਇਬ 4:16]

…ਜਿਹਨਾਂ ਨੇ ਆਪਣੀ ਮਹਾਨ **ਦਇਆ** ਦੇ ਨਾਲ ਸਾਨੂੰ ਨਵਾਂ ਜਨਮ ਦਿੱਤਾ [1 ਪਤਰਸ 1:3]

b. ਪਰਮੇਸ਼ਰ ਧੀਰਜਵਾਨ ਹਨ। ਧੀਰਜ ਰੱਖਣਾ ਉਹਨਾਂ ਲੋਕਾਂ ਪ੍ਰਤੀ ਪਰਮੇਸ਼ਰ ਦੀ ਭਲਿਆਈ ਦਾ ਪ੍ਰਗਟਾਵਾ ਹੈ ਜੋ ਸਜ਼ਾ ਦੇ ਹੱਕਦਾਰ ਹਨ। ਪਰਮੇਸ਼ਰ ਉਹਨਾਂ ਪਤ੍ਰੀ ਧੀਰਜ ਰੱਖਦੇ ਹਨ ਜਿਹੜੇ ਤੁਰੰਤ ਹੀ ਸਜ਼ਾ ਦੇ ਹੱਕਦਾਰ ਹਨ (ਕੂਚ 34:6; ਗਿਣਤੀ 14:18; ਨਹਮ 9:17; ਜ਼ਬੂਰ 86:15; 103:8; 145:8; ਯੋਏਲ 2:13; ਯੂਨਾਹ 4:2; ਨਹੂਮ 1:3; ਰੋਮੀ 2:4; 3:25; 9:22; 1 ਤਿਮੋਥਿ 1:16; 2:4; 2 ਪਤਰਸ 3:9,15)।

…"ਯਹੋਵਾਹ ਦਿਆਲੂ ਅਤੇ ਕਿਰਪਾਲੂ ਪਰਮੇਸ਼ਰ ਹੈ **ਕ੍ਰੋਧ ਵਿੱਚ ਧੀਰਜੀ**…" [ਕੂਚ 34:6]

ਯਹੋਵਾਹ ਦਿਆਲੂ ਤੇ ਕਿਰਪਾਲੂ ਹੈ, **ਕ੍ਰੋਧ ਵਿੱਚ ਧੀਰਜਵਾਨ** ਅਤੇ ਦਯਾ ਨਾਲ ਭਰਪੂਰ [ਜ਼ਬੂਰ 103:8].

ਯਹੋਵਾਹ ਕ੍ਰੋਧ ਵਿੱਚ **ਧੀਰਜਵਾਨ**...[ਨਹੂਮ 1:3]

ਜਾਂ ਕੀ ਤੂੰ ਉਸ ਦੀ ਕਿਰਪਾ, **ਸਹਿਣਸ਼ੀਲਤਾ ਅਤੇ ਧੀਰਜ** ਨੂੰ ਤੁੱਛ ਸਮਝਦਾ ਹੈ?… [ਰੋਮੀ 2:4]

ਮਸੀਹ ਯਿਸੂ ਨੇ ਦਇਆ ਇਸ ਲਈ ਕੀਤੀ ਹੈ ਕੀ ਉਹ ਸਭ ਤੋਂ ਪਹਿਲਾਂ ਮੇਰੇ ਉੱਤੇ ਆਪਣੇ **ਪੂਰੇ ਧੀਰਜ** ਨੂੰ ਪ੍ਰਗਟ ਕਰਨ…[1 ਤਿਮੋਥਿ 1:16]

ਪ੍ਰਭੂ ਆਪਣੇ ਕੀਤੇ ਹੋਵੇ ਵਾਅਦੇ ਨੂੰ ਪੂਰਾ ਕਰਨ ਲਈ ਦੇਰ ਨਹੀਂ ਕਰ ਰਹੇ, ਜਿਸ ਤਰ੍ਹਾਂ ਕੁਝ ਲੋਕ ਸੋਚਦੇ ਹਨ ਸਗੋਂ ਉਹ ਤੁਹਾਡੇ ਨਾਲ **ਧੀਰਜਵਾਨ** ਹਨ ਉਹ ਨਹੀਂ ਚਾਹੁੰਦੇ ਕਿ ਕੋਈ ਨਾਸ਼ ਹੋਵੇ ਸਗੋਂ ਚਾਹੁੰਦੇ ਹਨ ਕਿ ਸਾਰੇ ਆਪਣੇ ਪਾਪਾਂ ਤੋਂ ਤੋਬਾ ਕਰਨ [2 ਪਤਰਸ 3:9].

a. ਪਰਮੇਸ਼ਰ ਕਿਰਪਾਲੂ ਹਨ। ਪਰਮੇਸ਼ਰ ਦੀ ਕਿਰਪਾ ਵੀ ਉਹਨਾਂ ਲੋਕਾਂ ਪ੍ਰਤੀ ਪਰਮੇਸ਼ਰ ਦੀ ਕਿਰਪਾ ਦਾ ਪ੍ਰਗਟਾਵਾ ਹੈ ਜੋ ਸਜ਼ਾ ਦੇ ਹੱਕਦਾਰ ਹਨ। ਪਰ ਧੀਰਜ ਰੱਖਣ ਅਤੇ ਕਿਰਪਾਲੂ ਹੋਣ ਵਿੱਚ ਇੱਕ ਅੰਤਰ ਹੈ। ਧੀਰਜ ਰੱਖਣ ਵਿੱਚ ਪਰਮੇਸ਼ਰ ਉਹਨਾਂ ਦੀ ਸਜ਼ਾ ਨੂੰ ਰੋਕਦੇ ਹਨ ਜੋ ਸਜ਼ਾ ਦੇ ਹੱਕਦਾਰ ਹਨ। ਦੂਜੇ ਪਾਸੇ, ਕਿਰਪਾਲੂ ਹੋਣ ਵਿੱਚ ਸਿਰਫ਼ ਇੱਕ ਨਕਾਰਾਤਮਕ ਤੌਰ ਤੇ ਸਜ਼ਾ ਰੋਕਣਾ ਹੀ ਨਹੀਂ ਹੈ, ਪਰ ਇਹ ਉਹਨਾਂ ਲੋਕਾਂ ਉੱਤੇ ਦਿਆਲਤਾ ਅਤੇ ਮਿਹਰਬਾਨੀ ਹੈ ਜੋ ਸਜ਼ਾ ਦੇ ਹੱਕਦਾਰ ਹਨ। ਪਰਮੇਸ਼ਰ ਦੀ ਕਿਰਪਾ ਅਪਾਰ ਕਿਰਪਾ ਅਤੇ ਅਪਾਰ ਦਿਆਲਤਾ ਹੈ (ਕੂਚ 34:6; ਯੂਹੰਨਾ 1:14,17; ਰੋਮੀ 3:24; 5:20; ਅਫ਼ਸੀ 2:7-9; ਤੀਤੁਸ 2:11; 1 ਪਤਰਸ 5:10)।

…"ਯਹੋਵਾਹ ਦਿਆਲੂ ਅਤੇ **ਕਿਰਪਾਲੂ** ਪਰਮੇਸ਼ਰ ਹੈ…" [ਕੂਚ 34:6]

…ਅਸੀਂ ਉਹਨਾਂ ਦਾ ਪ੍ਰਤਾਪ ਦੇਖਿਆ ਜਿਹੜਾ ਕਿਰਪਾ ਅਤੇ ਸੱਚਾਈ ਨਾਲ ਭਰਪੂਰ ਸੀ.…ਪਰਮੇਸ਼ਰ ਨੇ ਵਿਵਸਥਾ ਤਾਂ ਮੂਸਾ ਦੇ ਦੁਆਰਾ ਦਿੱਤੀ ਪਰ ਕਿਰਪਾ ਅਤੇ ਸੱਚਾਈ ਯਿਸੂ ਮਸੀਹ ਦੇ ਦੁਆਰਾ ਆਏ [ਯੂਹੰਨਾ 1:14, 17]

…**ਅਤਿ ਮਹਾਨ ਕਿਰਪਾ** ਨੂੰ ਪ੍ਰਗਟ ਕਰਨ…[ਅਫ਼ਸੀ 2:7]

…**ਸੰਪੂਰਨ ਕਿਰਪਾ ਦੇ ਪਰਮੇਸ਼ਰ**…[1 ਪਤਰਸ 5:10]

b. ਪਰਮੇਸ਼ਰ ਪਿਆਰ ਹਨ। ਪਰਮੇਸ਼ਰ ਦਾ ਪਿਆਰ ਉਹਨਾਂ ਦੀ ਭਲਿਆਈ ਦਾ ਪ੍ਰਗਟਾਵਾ ਹੈ। ਇਹ ਦਰਦ ਜਾਂ ਕੀਮਤ ਦੀ ਪਰਵਾਹ ਕੀਤੇ ਬਿਨਾਂ ਆਪਣੇ ਪਿਆਰੇ ਲੋਕਾਂ ਦੇ ਲਈ ਸਭ ਤੋਂ ਵਧੀਆ ਕੰਮ ਕਰਨ ਦੀ ਵਚਨਬੱਧਤਾ ਹੈ। ਪਰਮੇਸ਼ਰ ਦਾ ਪਿਆਰ ਸਦੀਪਕ, ਬਲੀਦਾਨ ਵਾਲਾ, ਅਤੇ ਬਿਨਾਂ ਸ਼ਰਤ ਦਾ ਹੈ। ਦਿਆਲਤਾ ਅਤੇ ਨਿਮਰਤਾ ਨੂੰ ਪਿਆਰ ਦੇ ਅਧੀਨ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ (ਯੂਹੰਨਾ 3:16; 15:13; ਰੋਮੀ 5:8; ਗਲਾਤੀ 2:20; 1 ਯੂਹੰਨਾ 3:1; 4:8-10)।

ਕਿਉਂਕਿ ਪਰਮੇਸ਼ਰ ਨੇ ਸੰਸਾਰ ਨਾਲ ਇੰਨਾ **ਪਿਆਰ** ਕੀਤਾ…[ਯੂਹੰਨਾ 3:16]

ਇਸ ਤੋਂ ਵੱਧ ਕੇ ਹੋਰ ਕੋਈ **ਪਿਆਰ** ਨਹੀਂ ਕਿ ਕੋਈ ਆਪਣੇ ਮਿੱਤਰਾਂ ਦੇ ਲਈ ਆਪਣੀ ਜਾਨ ਦੇ ਦੇਵੇ [ਯੂਹੰਨਾ 15:13]

ਪਰ ਪਰਮੇਸ਼ਰ ਨੇ ਸਾਡੇ ਨਾਲ ਆਪਣੇ **ਪਿਆਰ** ਦਾ ਇਹ ਸਬੂਤ ਦਿੱਤਾ ਹੈ ਕਿ ਜਦੋਂ ਅਜੇ ਅਸੀਂ ਪਾਪੀ ਹੀ ਸੀ ਤਾਂ ਮਸੀਹ ਸਾਡੇ ਲਈ ਮਰੇ [ਰੋਮੀ 5:8]

…ਜਿਹਨਾਂ ਨੇ ਮੇਰੇ ਨਾਲ **ਪਿਆਰ** ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ [ਗਲਾਤੀਆਂ 2:20].

…**ਪਰਮੇਸ਼ਰ ਪਿਆਰ ਹਨ** [1 ਯੂਹੰਨਾ 4:8]

### 4. ਪਰਮੇਸ਼ਰ ਧਰਮੀ ਜਾਂ ਨਿਆਈਂ ਹਨ

ਕੁਝ ਲੋਕ ਧਰਮੀ ਅਤੇ ਪਵਿੱਤਰਤਾ (ਨੈਤਿਕ ਪਵਿੱਤਰਤਾ) ਦੇ ਗੁਣਾਂ ਨੂੰ ਇਕੱਠਾ ਜੋੜਦੇ ਹਨ। ਪਰ, ਇਬਰਾਨੀ ਅਤੇ ਯੂਨਾਨੀ ਦੋਵਾਂ ਭਾਸ਼ਾਵਾਂ ਵਿੱਚ ਧਰਮੀ ਸ਼ਬਦ ਪਵਿੱਤਰਤਾ ਤੋਂ ਵੱਖਰਾ ਹੈ। ਧਰਮੀ ਹੋਣਾ ਅਜਿਹੇ ਕੰਮ ਨੂੰ ਦਰਸਾਉਂਦਾ ਹੈ ਜੋ ਪਵਿੱਤਰਤਾ ਵਾਂਗ ਨਹੀਂ ਹੈ। ਪਰਮੇਸ਼ਰ ਨੂੰ ਪਵਿੱਤਰ ਕਹਿਣ ਦਾ ਅਰਥ ਹੈ ਕਿ ਉਹ ਪਾਪ ਤੋਂ ਅਲੱਗ ਹਨ। ਪਰਮੇਸ਼ਰ ਨੂੰ ਧਰਮੀ ਕਹਿਣ ਦਾ ਅਰਥ ਹੈ ਕਿ ਪਰਮੇਸ਼ਰ ਧਾਰਮਿਕਤਾ ਨਾਲ ਕੰਮ ਕਰਦੇ ਹਨ ਅਤੇ ਉਹ ਚਾਹੁੰਦੇ ਹਨ ਕਿ ਸਾਰੇ ਲੋਕ ਵੀ ਅਜਿਹਾ ਕਰਨ। ਪਵਿੱਤਰਤਾ ਜ਼ਿਆਦਾ ਅੰਦਰੂਨੀ ਹੁੰਦੀ ਹੈ ਅਤੇ ਪਰਮੇਸ਼ਰ ਦੀ ਮਹਾਨਤਾ ਨਾਲ ਸੰਬੰਧਿਤ ਹੈ। ਇਹ ਉਹ ਹੈ ਜੋ ਪਰਮੇਸ਼ਰ ਹਨ। ਧਾਰਮਿਕਤਾ ਨੂੰ ਪਰਮੇਸ਼ਰ ਦੀ "ਬਾਹਰੀ ਪਵਿੱਤਰਤਾ" ਕਿਹਾ ਗਿਆ ਹੈ। ਇਸ ਵਿੱਚ ਉਹ ਸ਼ਾਮਲ ਹੈ ਜੋ ਪਵਿੱਤਰ ਪਰਮੇਸ਼ਰ ਕਰਦੇ ਹਨ ਅਤੇ ਇਹ ਸਾਰੇ ਲੋਕਾਂ ਨੂੰ ਇਹ ਕਰਨ ਦੇ ਲਈ ਜ਼ੋਰ ਦਿੰਦਾ ਹੈ। ਇਹ ਪਰਮੇਸ਼ਰ ਦੀ ਸਰਵ-ਵਿਆਪਕਤਾ ਨਾਲ ਜ਼ਿਆਦਾ ਸੰਬੰਧ ਰੱਖਦਾ ਹੈ।[8] ਪਰਮੇਸ਼ਰ ਦੀ ਧਾਰਮਿਕਤਾ ਅਤੇ ਨਿਆਂ ਤੋਂ ਸਾਡਾ ਅਰਥ ਇਹ ਹੈ ਕਿ ਇਹ ਪਰਮੇਸ਼ਰ ਦੀ ਪਵਿੱਤਰਤਾ ਦਾ ਉਹ ਪੜਾਅ ਹੈ ਜਿਸ ਵਿੱਚ ਉਹਨਾਂ ਨੂੰ ਆਪਣੀ ਸਿਰਜੇ ਹੋਏ ਲੋਕਾਂ ਨਾਲ ਵਿਵਹਾਰ ਕਰਦੇ ਹੋਏ ਦੇਖਿਆ ਜਾ ਸਕਦਾ ਹੈ। ਪਰਮੇਸ਼ਰ ਨੂੰ ਪੁਰਾਣੇ ਨੇਮ ਵਿੱਚ 112 ਵਾਰ ਅਤੇ ਨਵੇਂ ਨੇਮ ਵਿੱਚ 44 ਵਾਰ ਧਰਮੀ ਕਿਹਾ ਗਿਆ ਹੈ (ਦੇਖੋ, ਵਿਵਸਥਾ 10:17; 32:4; ਅੱਯੂਬ 37:23; ਜ਼ਬੂਰ 19:9; 33:5; 89:14; 92:15; 96:13; 103:6; 111:7; ਯਿਰ 9:23-24; ਯੂਹੰਨਾ 17:25; ਰਸੂਲਾਂ 3:14; 17:31; ਰੋਮੀ 3:26; 2 ਥੱਸਲੁ l:5-9; ਅਤੇ 1 ਯੂਹੰਨਾ 2:1)।

> **ਕਿਉਂ ਜੋ ਉਸ ਦੇ ਸਾਰੇ ਮਾਰਗ ਨਿਆਂ ਦੇ ਹਨ**। ਉਹ ਸਚਿਆਈ ਦਾ ਪਰਮੇਸ਼ਰ ਹੈ, ਉਸ ਵਿੱਚ ਬੁਰਿਆਈ ਹੈ ਨਹੀਂ, ਉਹ ਨੇਕ ਅਤੇ ਸੱਚਾ ਹੈ। [ਬਿਵਸਥਾ32:4]
>
> ਉਹ **ਧਰਮੀ** ਅਤੇ **ਨਿਆਂ** ਨਾਲ ਪ੍ਰੀਤ ਰੱਖਦਾ ਹੈ…[ਜ਼ਬੂਰ 33:5]
>
> **ਧਾਰਮਿਕਤਾ ਤੇ ਨਿਆਂ** ਤੇਰੀ ਰਾਜ ਗੱਦੀ ਦੇ ਨੀਂਹ ਹਨ…[ਜ਼ਬੂਰ 89:14]
>
> …ਉਹ ਦੇ ਵਿੱਚ ਕੋਈ **ਅਨੇਕੀ** ਨਹੀਂ ਹੈ [ਜ਼ਬੂਰ 92:15]
>
> …ਮੈਂ ਯਹੋਵਾਹ ਹਾਂ ਜਿਹੜਾ ਧਰਤੀ ਉੱਤੇ ਦਯਾ, ਇਨਸਾਫ਼ ਅਤੇ **ਧਾਰਮਿਕਤਾ** ਦੇ ਕੰਮ ਕਰਦਾ ਹਾਂ…[ਯਿਰ 9:24]
>
> ਹੇ **ਧਰਮੀ** ਪਿਤਾ…[ਯੂਹੰਨਾ 17:25]

8 ਜੈਰਜ ਪਾਰਡਿੰਗਟਨ, *ਆਊਟਲਾਈਨ ਸਟੱਡੀਜ਼ ਇਨ ਕ੍ਰਿਸਚੀਅਨ ਡੈਕਟ੍ਰੀਨ* (ਹੈਰਿਸਬਰਗ, ਪੈਨਸਿਲਵੇਨੀਆ: ਕ੍ਰਿਸਚੀਅਨ ਪਬਲੀਕੇਸ਼ਨਜ਼, ਇੰਕ., 1926) 80].

> ਪਰ ਤੁਸੀਂ ਪਵਿੱਤਰ ਅਤੇ **ਧਰਮੀ** ਪੁਰਖ ਨੂੰ ਰੱਦ ਦਿੱਤਾ…[ਰਸੂਲਾਂ 3:14]
>
> …ਪਿਤਾ ਦੇ ਕੋਲ ਸਾਡੇ ਲਈ ਇੱਕ ਮਦਦਗਾਰ ਹਨ ਭਾਵ ਯਿਸੂ ਮਸੀਹ ਜਿਹੜੇ **ਧਰਮੀ** ਹਨ [1 ਯੂਹੰਨਾ 2:1]

### 5. ਪਰਮੇਸ਼ਰ ਬੁੱਧਵਾਨ ਹਨ

ਪਰਮੇਸ਼ਰ ਨੂੰ ਬੁੱਧਵਾਨ ਕਹਿਣਾ ਪਰਮੇਸ਼ਰ ਦੇ ਸਰਵ-ਗਿਆਨੀ ਹੋਣ ਤੋਂ ਵੱਖਰਾ ਹੈ। ਪਰਮੇਸ਼ਰ ਇੱਕ "ਅਨੰਤ ਕੰਪਿਊਟਰ" ਤੋਂ ਵੱਧਕੇ ਹਨ। ਪਰਮੇਸ਼ਰ ਇਸ ਅਰਥ ਵਿੱਚ ਬੁੱਧਵਾਨ ਹਨ ਕਿ ਉਹ ਆਪਣੇ ਸਰਵ-ਗਿਆਨ ਨੂੰ ਆਪਣੇ ਸਾਰੇ ਸੰਸਾਰ ਨੂੰ ਸਭ ਤੋਂ ਚੰਗੀ ਤਰ੍ਹਾਂ ਨਿਯੰਤਰਣ ਕਰਨ ਵਿੱਚ ਵਰਤ ਸਕਦੇ ਹਨ (ਜ਼ਬੂਰ 19:7; ਕਹਾਉਤਾਂ 1:7; 8:22, 27; ਰੋਮੀ 16:27; 1 ਕੁਰਿੰਥ 1:24, 30)।

> ਯਹੋਵਾਹ ਨੇ ਆਪਣੇ ਕੰਮ ਦੇ ਅਰੰਭ ਵਿੱਚ ਮੈਨੂੰ (ਬੁੱਧ) ਰਚਿਆ…. ਜਦ ਉਹ ਨੇ ਅਕਾਸ਼ ਸਥਿਰ ਕੀਤੇ, ਮੈਂ ਉੱਥੇ ਹੀ ਸੀ…[ਕਹਾਉਂਤਾਂ 8:22, 27]
>
> …ਮਸੀਹ ਸਾਡੀ **ਬੁੱਧੀ** ਬਣੇ ਹਨ…[1 ਕੁਰਿੰਥ 1:30]

### 6. ਪਰਮੇਸ਼ਰ ਧੰਨ ਹਨ

ਪਰਮੇਸ਼ਰ ਦੇ ਅੰਦਰੂਨੀ ਚਰਿੱਤਰ ਦੇ ਬਾਰੇ ਗੱਲ ਕਰੀਏ ਤਾਂ ਧੰਨ ਦਾ ਅਰਥ ਹੈ ਕਿ ਪਰਮੇਸ਼ਰ ਖ਼ੁਦ ਨਾਲ ਪੂਰੀ ਤਰ੍ਹਾਂ ਅਤੇ ਇੱਕ ਸਦੀਪਕ ਰੂਪ ਵਿੱਚ ਸੰਤੁਸ਼ਟ ਹਨ। ਉਹ ਆਪਣੀ ਸੰਪੂਰਨਤਾ ਨਾਲ ਖ਼ੁਸ਼ ਅਤੇ ਸੰਤੁਸ਼ਟ ਹਨ। ਇਸ ਨੂੰ ਇੱਕ ਗੁਣ ਦੇ ਰੂਪ ਵਿੱਚ ਨਾ ਦੇਖਣਾ ਹੀ ਠੀਕ ਹੈ। ਇਸ ਦੀ ਬਜਾਏ, ਪਰਮੇਸ਼ਰ ਆਪਣੇ ਗੁਣਾਂ ਦੀ ਸੰਪੂਰਨਤਾਂ ਦੇ ਕਾਰਨ ਅੰਦਰੂਨੀ ਤੌਰ ਤੇ ਧੰਨ ਹਨ। ਮਨੁੱਖੀ ਖ਼ੁਸ਼ੀ ਦਾ ਮੂਲ ਪਰਮੇਸ਼ਰ ਦੇ ਵਿਅਕਤੀਤਵ ਦੇ ਇਸ ਪਹਿਲੂ ਵਿੱਚ ਹੈ। ਸਾਡੇ ਪਰਮੇਸ਼ਰ ਜੋ ਵਿਅਕਤੀਗਤ ਰੂਪ ਅਤੇ ਆਪਣੇ ਕੰਮਾਂ ਵਿੱਚ ਸੰਪੂਰਨ ਹਨ, ਉਹ ਸਾਡੇ ਜੀਵਨ ਵਿੱਚ ਸਾਡੀ ਸੰਤੁਸ਼ਟੀ ਦਾ ਸਰੋਤ ਹਨ। ਉਹਨਾਂ ਦੇ ਗੁਣਾਂ ਦਾ ਜੋੜ ਸੰਪੂਰਨਤਾ ਹੈ। ਇਹੀ ਸੰਪੂਰਨਤਾ ਉਹਨਾਂ ਨੂੰ ਅੰਦਰੂਨੀ ਤੌਰ ਤੇ "ਧੰਨ" ਬਣਾਉਂਦੀ ਹੈ।

> …**ਧੰਨ ਪਰਮੇਸ਼ਰ** ਦੀ ਮਹਿਮਾ ਵਾਲਾ ਸ਼ੁਭ ਸਮਾਚਾਰ ਹੈ…[1 ਤਿਮੋਥਿ 1:11]
>
> …ਉਹ ਹੀ **ਧੰਨ**, ਰਾਜਿਆਂ ਦੇ ਰਾਜਾ ਅਤੇ ਪ੍ਰਭੂਆਂ ਦੇ ਪ੍ਰਭੂ ਹਨ। [1 ਤਿਮੋਥਿ 6:15]

### 7. ਪਰਮੇਸ਼ਰ ਪ੍ਰਤਾਪੀ ਹਨ

ਪਰਮੇਸ਼ਰ ਦੀ ਸੰਪੂਰਨਤਾ ਦੇ ਜੋੜ ਦਾ ਨਤੀਜਾ ਉਹਨਾਂ ਦਾ ਅੰਦਰੂਨੀ ਤੌਰ ਤੇ ਧੰਨ ਹੋਣਾ ਅਤੇ ਉਹਨਾਂ ਦੀ ਬਾਹਰੀ ਮਹਿਮਾ ਵੀ ਹੈ। ਫਿਰ ਤੋਂ, ਮਹਿਮਾ ਸਹੀ ਅਰਥਾਂ ਵਿੱਚ ਇੱਕ ਗੁਣ ਨਹੀਂ ਹੈ। ਪਰਮੇਸ਼ਰ ਆਪਣੇ

ਸਾਰੇ ਗੁਣਾਂ ਵਿੱਚ ਪ੍ਰਤਾਪੀ ਹਨ। ਮਨੁੱਖਾਂ ਨੂੰ ਪਰਮੇਸ਼ਰ ਦੀ ਮਹਿਮਾ ਨੂੰ ਪਛਾਣਨਾ ਚਾਹੀਦਾ ਹੈ ਅਤੇ ਉਹਨਾਂ ਦੀ ਵਡਿਆਈ ਕਰਨੀ ਚਾਹੀਦੀ ਹੈ (ਜ਼ਬੂਰ. 24:7-10; 96:3; 138:5; ਯਸਾ 6:3; 42:8; ਮੱਤੀ 25:31; ਯੂਹੰਨਾ 1:14; 17:5; ਰੋਮੀ. 3:23 ਅਫ਼ਸੀ 1:17 ਇਬ. 1:3 ਯਾਕੂਬ 2:1)।

> ਮੈਂ ਯਹੋਵਾਹ ਹਾਂ, ਇਹੋ ਹੀ ਮੇਰਾ ਨਾਮ ਹੈ, ਅਤੇ ਮੈਂ **ਆਪਣਾ ਪ੍ਰਤਾਪ** ਦੂਜੇ ਨੂੰ ਨਹੀਂ ਦਿਆਂਗਾ…[ਯਸਾ 42:8]
>
> ਸ਼ਬਦ ਨੇ ਦੇਹ ਧਾਰ ਕੇ ਸਾਡੇ ਵਿੱਚਕਾਰ ਵਾਸ ਕੀਤਾ। ਅਸੀਂ ਉਹਨਾਂ ਦਾ **ਪ੍ਰਤਾਪ** ਦੇਖਿਆ ਜਿਹੜਾ ਕਿਰਪਾ ਅਤੇ ਸੱਚਾਈ ਨਾਲ ਭਰਪੂਰ ਸੀ। ਇਹ ਪ੍ਰਤਾਪ ਉਹਨਾਂ ਨੂੰ ਪਿਤਾ ਦੇ ਇੱਕਲੌਤੇ ਪੁੱਤਰ ਹੋਣ ਦੇ ਕਾਰਨ ਮਿਲਿਆ ਸੀ। [ਯੂਹੰਨਾ 1:14]
>
> …ਸਾਡੇ ਪ੍ਰਭੂ ਯਿਸੂ ਮਸੀਹ ਦੇ ਪਰਮੇਸ਼ਰ ਜੋ **ਮਹਿਮਾ ਵਾਲੇ ਪਿਤਾ** ਹਨ…[ਅਫ਼ਸੀਆਂ 1:17]
>
> ਪ੍ਰਭੂ ਯਿਸੂ ਪਰਮੇਸ਼ਰ ਦੀ **ਮਹਿਮਾ ਦੇ ਤੇਜ** ਅਤੇ ਉਹਨਾਂ ਦੇ ਤੱਤ ਦਾ ਪ੍ਰਗਟਾਵਾ ਹਨ।…[ਇਬ 1:3]
>
> ਮੇਰੇ ਭਰਾਵੋ ਅਤੇ ਭੈਣੋ, ਜੋ ਸਾਡੇ **ਮਹਿਮਾ ਵਾਲੇ** ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਰੱਖਦੇ ਹੋ, ਪੱਖਪਾਤ ਨਾ ਕਰੋ। [ਯਾਕੂਬ 2:1]

ਅਧਿਆਇ 3

# ਸਵਰਗਦੂਤਾਂ ਦਾ ਸਿਧਾਂਤ

**ਰੂਪ-ਰੇਖਾ**


I. ਸਵਰਗਦੂਤਾਂ ਦੀ ਮੌਜੂਦਗੀ **31**

II. ਸਵਰਗਦੂਤਾਂ ਦੀ ਉਤਪਤੀ **32**

- A. ਸਾਰੀਆਂ ਚੀਜ਼ਾਂ ਪਰਮੇਸ਼ਰ ਦੁਆਰਾ ਬਣਾਈਆਂ ਗਈਆਂ
- B. ਸਿਰਜਣਾਤਮਕ ਕੰਮ ਵਿੱਚ ਸਵਰਗਦੂਤਾਂ ਦਾ ਜ਼ਿਕਰ
- C. ਸਵਰਗਦੂਤਾਂ ਦੀ ਸਿਰਜਣਾ ਦਾ ਸਮਾਂ
- D. ਸਵਰਗਦੂਤਾਂ ਨੂੰ ਸਵਰਗਦੂਤਾਂ ਦੇ ਰੂਪ ਵਿੱਚ ਸਿਰਜਿਆ ਗਿਆ
- E. ਸਵਰਗਦੂਤਾਂ ਦੀ ਸੰਖਿਆ
  1. ਸਵਰਗ ਦੀ ਸੈਨਾਂ **33**
  2. ਅਣਗਿਣਤ ਸਵਰਗਦੂਤ
  3. ਮਸੀਹ ਦੇ ਸਵਰਗਦੂਤਾਂ ਦੀਆਂ ਬਾਰ੍ਹਾਂ ਤੋਂ ਵੱਧ ਫੌਜਾਂ
- F. ਸਵਰਗਦੂਤਾਂ ਦੀ ਸਿਰਜਣਾ ਦਾ ਉਦੇਸ਼
- G. ਸਵਰਗਦੂਤ ਅਤੇ ਪਾਪ
- H. ਸਵਰਗਦੂਤਾਂ ਦੀਆਂ ਸੀਮਾਵਾਂ

III. ਸਵਰਗਦੂਤਾਂ ਦਾ ਚਰਿੱਤਰ

- A. ਸਵਰਗਦੂਤ ਅਤੇ ਵਿਅਕਤੀਤਵ
- B. ਸਵਰਗਦੂਤ ਅਤੇ ਪਵਿੱਤਰਤਾ
- C. ਸਵਰਗਦੂਤ ਅਤੇ ਸ਼ਕਤੀ **34**
  1. ਮਨੁੱਖਾਂ ਦੇ ਸੰਦਰਭ ਵਿੱਚ
  2. ਪਰਮੇਸ਼ਰ ਦੇ ਸੰਦਰਭ ਵਿੱਚ
- D. ਸਵਰਗਦੂਤ ਅਤੇ ਸਰੀਰਕ ਸਮੱਗਰੀ
- E. ਸਵਰਗਦੂਤਾਂ ਦੀ ਅਮਰਤਾ ਅਤੇ ਲਿੰਗ **35**

IV. ਸਵਰਗਦੂਤਾਂ ਦਾ ਸਰੂਪ

- A. ਧਰਤੀ ਉੱਤੇ
- B. ਧਰਤੀ ਤੋਂ ਇਲਾਵਾ ਜਗ੍ਹਾਵਾਂ ਉੱਤੇ
  1. ਸਰਾਫ਼ੀਮ
  2. ਕਰੂਬੀ
  3. ਜੀਵਤ ਪ੍ਰਾਣੀ
  4. ਪ੍ਰਕਾਸ਼ ਦੀ ਪੋਥੀ 10:1-3 ਦਾ ਸਵਰਗਦੂਤ

V. ਸਵਰਗਦੂਤਾਂ ਦੇ ਨਾਮ ਅਤੇ ਵਰਗੀਕਰਣ

- A. ਆਮ ਨਾਮ
- B. ਖ਼ਾਸ ਨਾਮ ਅਤੇ ਵਰਗੀਕਰਣ **36**
  1. ਕਰੂਬੀ
  2. ਸਰਾਫ਼ੀਮ
  3. ਮੀਕਾਏਲ
  4. ਜਿਬਰਾਏਲ

VI. ਸਵਰਗਦੂਤਾਂ ਦਾ ਨਿਵਾਸ-ਸਥਾਨ

VII. ਸਵਰਗਦੂਤਾਂ ਦੇ ਕੰਮ

- A. ਅਤੀਤ ਦੇ ਕੰਮ
- B. ਵਰਤਮਾਨ ਦੇ ਕੰਮ
  1. ਵਿਸ਼ਵਾਸੀਆਂ ਦੀ ਰੱਖਿਆ ਕਰਦੇ
  2. ਪ੍ਰਾਰਥਨਾ ਦੇ ਜਵਾਬਾਂ ਵਿੱਚ ਸਹਾਇਤਾ ਕਰਦੇ **37**
  3. ਆਤਮਾਵਾਂ ਨੂੰ ਸਵਰਗ ਵਿੱਚ ਲੈ ਕੇ ਜਾਣਾ
  4. ਸਿਵਲ ਸਰਕਾਰ ਨਾਲ ਜੁੜਨਾ
- C. ਭਵਿੱਖ ਦੇ ਕੰਮ


## *ਸਵਰਗਦੂਤਾਂ ਦਾ ਸਿਧਾਂਤ*

### I. ਸਵਰਗਦੂਤਾਂ ਦੀ ਮੌਜੂਦਗੀ

ਸਵਰਗਦੂਤ ਪਵਿੱਤਰ ਬਾਈਬਲ ਦੇ ਮੁੱਖ ਪਾਤਰ ਨਹੀਂ ਹਨ। ਫਿਰ ਵੀ, ਜੇਕਰ ਉਹਨਾਂ ਨੂੰ ਬਾਈਬਲ ਵਿੱਚੋਂ ਕੱਢ ਦਿੱਤਾ ਜਾਵੇ, ਤਾਂ ਬਾਈਬਲ ਦੇ ਬਹੁਤ ਸਾਰੇ ਮਹੱਤਵਪੂਰਣ ਹਵਾਲੇ ਬਹੁਤ ਬਦਲ ਜਾਣਗੇ (ਜਿਵੇਂ ਕਿ, ਮਸੀਹ ਦਾ ਜਨਮ, ਪਰਤਾਵਾ, ਬਾਗ਼ ਵਿੱਚ ਦੁੱਖ, ਜੀਅ-ਉੱਠਣਾ, ਅਤੇ ਸਵਰਗ ਉਠਾਏ ਜਾਣਾ)। ਬਾਈਬਲ ਦੀਆਂ 66 ਪੁਸਤਕਾਂ ਵਿੱਚੋਂ 34 ਪੁਸਤਕਾਂ (ਹਰੇਕ ਨੇਮ ਦੀਆਂ 17 ਪੁਸਤਕਾਂ) ਵਿੱਚ ਸਵਰਗਦੂਤਾਂ ਅਤੇ ਕਰੂਬੀਆਂ ਦੇ ਹਵਾਲੇ ਹਨ। ਸਵਰਗਦੂਤ ਦੇ ਲਈ ਇਬਰਾਨੀ ਸ਼ਬਦ *ਮਲਕ* ਦਾ ਸੰਬੰਧ ਮਲਾਕੀ ਨਾਲ ਹੈ, ਜਿਸ ਦਾ ਅਰਥ "ਮੇਰਾ ਸੰਦੇਸ਼ਵਾਹਕ ਹੈ"। ਚੈਫਰ ਨੇ ਪੁਰਾਣੇ ਨੇਮ ਵਿੱਚ ਸਵਰਗਦੂਤਾਂ ਦੇ ਘੱਟੋ-ਘੱਟ 108 ਹਵਾਲੇ ਗਿਣੇ ਹਨ।[1] ਸਵਰਗਦੂਤ ਦੇ ਲਈ ਯੂਨਾਨੀ ਸ਼ਬਦ *ਏਂਗੇਲੋਸ* ਹੈ ਜਿਸ ਤੋਂ ਸ਼ਬਦ ਪ੍ਰਚਾਰ ਲਿਆ ਗਿਆ ਹੈ। ਨਵੇਂ ਨੇਮ ਵਿੱਚ ਸਵਰਗਦੂਤ ਲਗਭਗ 165 ਵਾਰ ਆਉਂਦੇ ਹਨ।[2] ਪ੍ਰਭੂ ਯਿਸੂ ਮਸੀਹ ਨੇ ਸਵਰਗਦੂਤਾਂ ਦੀ ਹੋਂਦ ਨੂੰ ਸਪੱਸ਼ਟ ਤੌਰ ਤੇ ਸਿਖਾਇਆ ਹੈ। ਸਦੂਕੀ ਪੰਥ ਦੇ ਲੋਕ ਨਾ ਤਾਂ ਜੀਅ-ਉੱਠਣ ਵਿੱਚ ਅਤੇ ਨਾ ਹੀ ਸਵਰਗਦੂਤਾਂ ਵਿੱਚ ਵਿਸ਼ਵਾਸ ਕਰਦੇ ਸਨ। ਮਸੀਹ ਨੇ ਦੋਵਾਂ ਗੱਲਾਂ ਦੇ ਲਈ ਇੱਕ ਹੀ ਗੱਲ ਵਿੱਚ ਇਹ ਕਹਿ ਕੇ ਉਹਨਾਂ ਦੀ ਆਲੋਚਨਾ ਕੀਤੀ ਕਿ ਪੁਨਰ-ਉਥਾਨ ਵਿੱਚ ਲੋਕ ਵਿਆਹ ਦੇ ਸੰਦਰਭ ਵਿੱਚ ਸਵਰਗਦੂਤਾਂ ਵਰਗੇ ਹੋਣਗੇ (ਮੱਤੀ 22:30)। ਪ੍ਰਭੂ ਨੇ ਕਿਹਾ ਕਿ ਉਹਨਾਂ ਦੇ ਦੁਬਾਰਾ ਵਾਪਸ ਆਉਣ ਵੇਲੇ ਸਵਰਗਦੂਤ ਉਹਨਾਂ ਦੇ ਨਾਲ ਆਉਣਗੇ (ਮੱਤੀ 24:31; 25:31)।

[1] ਲੂਈਸ ਸਪੈਰੀ ਚੈਫਰ, *ਸਿਸਟਮੈਟਿਕ ਥਿਉਲੋਜੀ*, ਵੋਲ. 2 (ਡੱਲਾਸ: ਡੱਲਾਸ ਸੈਮਿਨਰੀ ਪ੍ਰੈਸ, 1947) 3.

[2] ਆਇਬਿਡ

ਉਹਨਾਂ ਨੇ ਕਿਹਾ ਕਿ ਉਹ ਖ਼ੁਦ ਨੂੰ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਰੋਕਣ ਦੇ ਲਈ ਸਵਰਗਦੂਤਾਂ ਦੀਆਂ 12 ਫੌਜਾਂ ਨੂੰ ਬੁਲਾ ਸਕਦੇ ਹਨ (ਮੱਤੀ 26:53)। ਜਿਹੜੇ ਲੋਕ ਪ੍ਰਭੂ ਯਿਸੂ ਮਸੀਹ ਨੂੰ ਮੰਨਦੇ ਹਨ, ਉਹ ਸਵਰਗਦੂਤਾਂ ਦੀ ਮੌਜੂਦਗੀ ਨੂੰ ਸਵੀਕਾਰ ਕਰਦੇ ਹਨ।

## II. ਸਵਰਗਦੂਤਾਂ ਦੀ ਉਤਪਤੀ

### A. ਸਾਰੀਆਂ ਚੀਜ਼ਾਂ ਪਰਮੇਸ਼ਰ ਦੁਆਰਾ ਬਣਾਈਆਂ ਗਈਆਂ ਹਨ

ਪਰਮੇਸ਼ਰ ਨੇ ਹੀ ਸਾਰੀਆਂ ਚੀਜ਼ਾਂ ਨੂੰ ਬਣਾਇਆ ਹੈ, ਕਿਉਂਕਿ ਸਿਰਫ਼ ਉਹੀ ਹਨ ਜੋ ਅਮਰ ਹਨ। ਇਸ ਦੇ ਸਿੱਟੇ ਵਜੋਂ, ਸਵਰਗਦੂਤਾਂ ਸਮੇਤ ਸਾਰੇ ਜੀਵਾਂ ਦੀ ਸਿਰਜਣਾ ਹੋਈ ਹੈ।

> ਉਸ ਦੇ ਰਾਹੀਂ ਪਰਮੇਸ਼ਰ ਨੇ ਸਾਰੀਆਂ ਚੀਜ਼ਾਂ ਦੀ ਰਚਨਾ ਕੀਤੀ… [ਯੂਹੰਨਾ 1:3]
>
> ਕਿਉਂਕਿ ਉਹਨਾਂ ਦੇ ਰਾਹੀਂ ਪਰਮੇਸ਼ਰ ਨੇ **ਅਕਾਸ਼** ਵਿੱਚ ਅਤੇ ਧਰਤੀ ਉੱਤੇ ਸਭ ਦੇਖੀਆਂ ਅਤੇ **ਅਣਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ**। ਸਾਰੀਆਂ ਆਤਮਿਕ ਤਾਕਤਾਂ, ਸਰਕਾਰਾਂ, ਹਕੂਮਤਾਂ ਅਤੇ ਅਧਿਕਾਰੀ, ਇਹ ਸਭ ਪਰਮੇਸ਼ਰ ਨੇ ਮਸੀਹ ਦੇ ਦੁਆਰਾ ਅਤੇ ਉਹਨਾਂ ਦੇ ਲਈ ਪੈਦਾ ਕੀਤੇ ਸਨ। [ਕੁਲੁੱਸੀ 1:16]
>
> ਕੇਵਲ ਉਹ ਹੀ ਅਮਰ ਹਨ… [1 ਤਿਮੋਥਿ 6:16]

### B. ਪਰਮੇਸ਼ਰ ਦੇ ਸਿਰਜਣਾਤਮਕ ਕੰਮ ਵਿੱਚ ਸਵਰਗਦੂਤਾਂ ਦਾ ਜ਼ਿਕਰ ਹੈ

> ਹੇ ਉਹ ਦੇ ਸਾਰੇ **ਸਵਰਗਦੂਤੋ**, ਉਹ ਦੀ ਉਸਤਤ ਕਰੋ, ਹੇ ਉਹ ਦੀਓ ਸਾਰੀਓ ਸੈਨਾਵੋ, ਉਹ ਦੀ ਉਸਤਤ ਕਰੋ! ...ਇਹ ਯਹੋਵਾਹ ਦੇ ਨਾਮ ਦੀ ਉਸਤਤ ਕਰਨ, ਕਿਉਂ ਜੋ ਉਸ ਹੁਕਮ ਦਿੱਤਾ ਅਤੇ **ਓਹ ਉਤਪੰਨ ਹੋਏ** [ਜ਼ਬੂਰ 148:2, 5]

### C. ਸਵਰਗਦੂਤਾਂ ਦੀ ਸਿਰਜਣਾ ਦਾ ਸਮਾਂ

ਅੱਯੂਬ ਦੇ ਅਧਿਆਇ 1 ਅਤੇ 2 ਵਿੱਚ, ਉਹਨਾਂ ਆਤਮਾਵਾਂ ਦੇ ਲਈ *ਪਰਮੇਸ਼ਰ ਦੇ ਪੁੱਤਰ* ਵਾਕਾਂਸ਼ ਦੀ ਵਰਤੋਂ ਹੋਈ ਹੈ ਜਿਹਨਾਂ ਵਿੱਚ ਸ਼ੈਤਾਨ ਵੀ ਸ਼ਾਮਲ ਸੀ। ਅਤੇ, ਅਜਿਹਾ ਲੱਗਦਾ ਹੈ ਕਿ ਅਕਸਰ ਸਵਰਗੀ ਸੈਨਾਂ ਦੇ ਵਾਕਾਂਸ਼ ਵਿੱਚ ਤਾਰਿਆਂ ਅਤੇ ਸਵਰਗਦੂਤਾਂ ਨੂੰ ਇਕੱਠੇ ਸਮੂਹਬੱਧ ਕੀਤਾ ਜਾਂਦਾ ਹੈ।[3] ਇਹ ਦੋਵੇਂ ਤੱਥ ਇਹ ਮੰਨਣ ਵੱਲ ਅਗਵਾਈ ਕਰਦੇ ਹਨ ਕਿ ਅੱਯੂਬ 38:4-7 ਇਹ ਸਿਖਾ ਰਿਹਾ ਹੈ ਕਿ ਸਵਰਗਦੂਤ ਧਰਤੀ ਦੇ ਸਿਰਜੇ ਜਾਣ ਤੋਂ ਪਹਿਲਾਂ ਸਿਰਜੇ ਗਏ ਸਨ।

> "ਜਦ ਮੈਂ ਧਰਤੀ ਦੀ ਨੀਂਹ ਰੱਖੀ ਤਾਂ ਤੂੰ ਕਿੱਥੇ ਸੀ? ਜੇ ਤੂੰ ਸਮਝ ਰੱਖਦਾ ਹੈ ਤਾਂ ਜਵਾਬ ਦੇ!...ਜਦ **ਸਵੇਰ ਦੇ ਤਾਰੇ** ਮਿਲ ਕੇ ਜੈਕਾਰੇ ਗਜਾਉਂਦੇ ਸਨ, ਅਤੇ **ਪਰਮੇਸ਼ਰ ਦੇ ਸਾਰੇ ਪੁੱਤਰ** ਨਾਰੇ ਮਾਰਦੇ ਸਨ?" [ਅੱਯੂਬ 38:4, 7]

ਜੇਕਰ ਅੱਯੂਬ 38 ਵਿੱਚ *ਪਰਮੇਸ਼ਰ ਦੇ ਪੁੱਤਰ* ਸਵਰਗਦੂਤ ਨਹੀਂ ਹਨ ਤਾਂ ਫਿਰ ਉਹ ਕੌਣ ਹਨ? ਉਹ ਮਨੁੱਖ ਨਹੀਂ ਹੋ ਸਕਦੇ ਕਿਉਂਕਿ ਉਹ ਧਰਤੀ ਤੋਂ ਪਹਿਲਾਂ ਮੌਜੂਦ ਹਨ। ਜ਼ਬੂਰ 148:2ff ਸਵਰਗਦੂਤਾਂ ਦੀ ਸਿਰਜਣਾ ਨੂੰ ਬਾਕੀ ਭੌਤਿਕ ਬ੍ਰਹਿਮੰਡ ਦੀ ਸਿਰਜਣਾ ਨਾਲ ਜੋੜਦਾ ਹੈ। ਕੂਚ 20:11 ਇਹ ਸਿਖਾਉਂਦਾ ਹੈ, "ਛੇ ਦਿਨਾਂ ਵਿੱਚ ਯਹੋਵਾਹ ਨੇ **ਅਕਾਸ਼** ਅਤੇ ਧਰਤੀ, ਸਮੁੰਦਰ ਅਤੇ ਉਹ ਸਭ ਕੁਝ ਜੋ ਉਹਨਾਂ ਵਿੱਚ ਹੈ, ਸਿਰਜਿਆ।" ਇਸ ਲਈ, ਇਹ ਮੰਨ ਲੈਣਾ ਠੀਕ ਹੋਵੇਗਾ ਕਿ ਸਵਰਗਦੂਤਾਂ ਦੀ ਸਿਰਜਣਾ ਸ੍ਰਿਸ਼ਟੀ ਦੀ ਸਿਰਜਣਾ ਦੇ ਪਹਿਲੇ ਦਿਨ, ਸ਼ਾਇਦ ਸਵਰਗ ਦੀ ਸਿਰਜਣਾ ਦੇ ਬਾਅਦ, ਪਰ ਧਰਤੀ ਦੀ ਸਿਰਜਣਾ ਤੋਂ ਪਹਿਲਾਂ ਹੋਈ ਸੀ।

### D. ਸਵਰਗਦੂਤਾਂ ਨੂੰ ਸਵਰਗਦੂਤਾਂ ਦੇ ਰੂਪ ਵਿੱਚ ਹੀ ਸਿਰਜਿਆ ਗਿਆ ਹੈ

ਕੁੱਝ ਲੋਕ ਮੂਰਖਤਾ ਨਾਲ ਇਹ ਮੰਨਦੇ ਹਨ ਕਿ ਸਵਰਗਦੂਤ ਉੱਚੇ ਜਾਂ ਵਡਿਆਈ ਵਾਲੇ ਮਨੁੱਖ ਹਨ। ਬਾਈਬਲ ਇਹ ਸਿਖਾਉਂਦੀ ਹੈ ਕਿ ਸਵਰਗਦੂਤ ਕਿਸੇ ਹੋਰ ਚੀਜ਼ ਵਿੱਚੋਂ ਬਦਲ ਕੇ ਸਵਰਗਦੂਤ ਨਹੀਂ ਬਣੇ ਹਨ, ਪਰ ਉਹਨਾਂ ਦੀ ਸਿਰਜਣਾ ਸਵਰਗਦੂਤਾਂ ਦੇ ਰੂਪ ਵਿੱਚ ਹੀ ਹੋਈ ਹੈ। ਇਬਰਾਨੀਆਂ 12:22-23 ਸਵਰਗ ਵਿੱਚ ਰਹਿਣ ਵਾਲਿਆਂ ਦੀ ਸੂਚੀ ਦਿੰਦਾ ਹੈ ਅਤੇ ਇਹ "ਅਣਗਿਣਤ ਸਵਰਗਦੂਤਾਂ" ਦੀ ਸੂਚੀ ਨੂੰ "ਸੰਪੂਰਨ ਹੋਏ ਧਰਮੀ ਮਨੁੱਖਾਂ ਦੀਆਂ ਆਤਮਾਵਾਂ" ਤੋਂ ਵੱਖ ਕਰਦਾ ਹੈ। ਪ੍ਰਕਾਸ਼ ਦੀ ਪੋਥੀ 21-22 ਵਿਚਲੇ ਸਵਰਗ ਦੇ ਵਰਣਨ ਵਿੱਚ, ਸਵਰਗਦੂਤ ਅਤੇ ਮਨੁੱਖ ਇੱਕ-ਦੂਜੇ ਤੋਂ ਵੱਖਰੇ ਹਨ। ਮਨੁੱਖ ਭਵਿੱਖ ਵਿੱਚ ਸਵਰਗਦੂਤ ਨਹੀਂ ਬਣਨਗੇ, ਪਰ ਵਿਸ਼ਵਾਸੀ ਮਨੁੱਖ ਸਵਰਗਦੂਤਾਂ ਦਾ ਨਿਆਂ ਕਰਨਗੇ (1 ਕੁਰਿੰਥ 6:3)।

### E. ਸਵਰਗਦੂਤਾਂ ਦੀ ਸੰਖਿਆ

ਸਿਰਜਣਾ ਦੇ ਸਮੇਂ ਹੀ ਸਵਰਗਦੂਤਾਂ ਦੀ ਗਿਣਤੀ ਹਮੇਸ਼ਾ ਦੇ ਲਈ ਨਿਰਧਾਰਤ ਕੀਤੀ ਗਈ ਸੀ। ਉਹ ਕਦੇ ਨਹੀਂ ਮਰਦੇ ਹਨ। ਉਹ ਸੰਤਾਨ ਉਤਪੰਨ ਨਹੀਂ ਕਰਦੇ ਹਨ (ਮੱਤੀ 22:30; ਮਰਕੁਸ 12:25; ਲੂਕਾ 20:35-36)। ਕਿਉਂਕਿ ਉਤਪਤ ਦਾ ਅਧਿਆਇ 2 ਇਹ ਸੰਕੇਤ ਦਿੰਦਾ ਹੈ ਕਿ ਪਰਮੇਸ਼ਰ ਹੁਣ ਸਿਰਜਣਾਤਮਕ ਕੰਮ ਵਿੱਚ ਸ਼ਾਮਲ ਨਹੀਂ ਹਨ, ਇਸ ਲਈ ਸਵਰਗਦੂਤਾਂ ਦੀ ਸੰਖਿਆ ਜੋ ਹੈ ਉਹੀ ਰਹਿਣੀ ਚਾਹੀਦੀ ਹੈ।

> "ਪਰ ਜਿਹੜੇ ਇਸ ਯੋਗ ਗਿਣੇ ਜਾਂਦੇ ਹਨ ਕਿ ਉਹ ਉਸ ਯੁੱਗ ਨੂੰ ਅਤੇ ਮੁਰਦਿਆਂ ਦੇ ਪੁਨਰ-ਉਥਾਨ ਨੂੰ ਪ੍ਰਾਪਤ ਕਰਨ,

[3] ਬਿਵਸਥਾ 4:19 ਅਤੇ ਸਫ਼ਨਯਾਹ 1:5 ਵਿੱਚ *ਸੈਨਾਂ* ਦਾ ਅਰਥ *ਤਾਰੇ* ਹੈ, ਪਰ 1 ਰਾਜਿਆਂ 22:19 ਅਤੇ ਲੂਕਾ 2:13 ਵਿੱਚ *ਸੈਨਾਂ* ਦਾ ਅਰਥ *ਸਵਰਗਦੂਤ* ਹੈ। ਪ੍ਰਕਾਸ਼ ਦੀ ਪੋਥੀ 12:1-4 ਵੀ ਦੇਖੋ।

> ਉਹਨਾਂ ਵਿੱਚ ਵਿਆਹ ਨਹੀਂ ਹੋਣਗੇ। ਉਹ ਸਵਰਗਦੂਤਾਂ ਦੇ ਵਾਂਗ ਹੋਣਗੇ। ਇਸ ਲਈ ਉਹਨਾਂ ਦੀ ਫਿਰ ਮੌਤ ਨਹੀਂ ਹੋਵੇਗੀ।" [ਲੂਕਾ 20:35-36]

ਸਵਰਗਦੂਤਾਂ ਦੀ ਸਹੀ ਸੰਖਿਆ ਇੱਕ ਰਹੱਸ ਹੈ, ਪਰ ਅਜਿਹੇ ਬਹੁਤ ਸਾਰੇ ਸੰਕੇਤ ਹਨ ਕਿ ਉਹਨਾਂ ਦੀ ਇੱਕ ਬਹੁਤ ਵੱਡੀ ਸੰਖਿਆ ਹੈ।

1. ਕਿਉਂਕਿ "ਸਵਰਗ ਦੀ ਸੈਨਾਂ" ਤਾਰਿਆਂ ਜਾਂ ਸਵਰਗਦੂਤਾਂ ਨੂੰ ਦਰਸਾ ਸਕਦੀ ਹੈ, ਇਸ ਲਈ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਜਿਵੇਂ ਤਾਰਿਆਂ ਦੀ ਗਿਣਤੀ ਕਰਨਾ ਅਸੰਭਵ ਹੈ, ਉਸੇ ਤਰ੍ਹਾਂ ਸਵਰਗਦੂਤਾਂ ਨੂੰ ਗਿਣਨਾ ਵੀ ਅਸੰਭਵ ਹੈ।

2. ਇਬਰਾਨੀਆਂ 12:22 "ਅਣਗਿਣਤ ਸਵਰਗਦੂਤਾਂ" ਦਾ ਜ਼ਿਕਰ ਕਰਦਾ ਹੈ। ਉਹਨਾਂ ਨੂੰ 10,000 ਦੇ ਸਮੂਹਾਂ ਵਿੱਚ ਵੰਡਿਆ ਜਾ ਸਕਦਾ ਹੈ। ਇਹ ਜ਼ਬੂਰ 68:17, ਦਾਨੀਏਲ 7:10 ਅਤੇ ਪ੍ਰਕਾਸ਼ ਦੀ ਪੋਥੀ 5:11 ਅਨੁਸਾਰ ਵੀ ਸਹੀ ਹੈ। 2 ਰਾਜਿਆਂ 6:17 ਅਤੇ ਲੂਕਾ 2:13 ਸਵਰਗਦੂਤਾਂ ਦੀ "ਭੀੜ" ਬਾਰੇ ਗੱਲ ਕਰਨ ਲਈ ਆਮ ਸ਼ਬਦਾਂ ਦੀ ਵਰਤੋਂ ਕਰਦੇ ਹਨ।

> ਪਰਮੇਸ਼ਰ ਦੇ ਰਥ ਵੀਹ ਹਜ਼ਾਰ ਸਗੋਂ ਹਜ਼ਾਰਾਂ ਹਜ਼ਾਰ ਹਨ [ਜ਼ਬੂਰ 68:17]
>
> "...ਹਜ਼ਾਰਾਂ ਹੀ ਹਜ਼ਾਰ ਉਹ ਦੀ ਸੇਵਾ ਕਰਦੇ ਸਨ, ਅਤੇ ਲੱਖਾਂ ਉਹ ਦੇ ਸਾਹਮਣੇ ਖੜੇ ਸਨ!..." [ਦਾਨੀਏਲ 7:10]
>
> ਫਿਰ ਮੈਂ ਦੇਖਿਆ ਅਤੇ ਸਵਰਗਦੂਤਾਂ ਦੀ ਆਵਾਜ਼ ਸੁਣੀ, ਜਿਹੜੇ ਸਿੰਘਾਸਣ, ਪ੍ਰਾਣੀਆਂ ਅਤੇ ਬਜ਼ੁਰਗਾਂ ਦੇ ਆਲੇ-ਦੁਆਲੇ ਖੜ੍ਹੇ ਸਨ। ਉਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ। [ਪ੍ਰਕਾਸ਼ 5:11]

3. ਮਸੀਹ ਨੇ ਇਹ ਸੰਕੇਤ ਦਿੱਤਾ ਕਿ ਉਹਨਾਂ ਦੇ ਕੋਲ ਸਵਰਗਦੂਤਾਂ ਦੀਆਂ 12 ਤੋਂ ਵੱਧ ਫੌਜਾਂ ਮੌਜੂਦ ਸਨ (ਮੱਤੀ 26:53)

### F. ਸਵਰਗਦੂਤਾਂ ਦੀ ਸਿਰਜਣਾ ਦਾ ਉਦੇਸ਼

ਸਵਰਗਦੂਤਾਂ ਨੂੰ ਪਰਮੇਸ਼ਰ ਦੇ ਸੇਵਕ ਬਣਨ ਦੇ ਲਈ ਸਿਰਜਿਆ ਗਿਆ ਸੀ। ਇਸ ਦਾ ਅੰਦਾਜ਼ਾ ਸ੍ਰਿਸ਼ਟੀ ਬਾਰੇ ਦਿੱਤੇ ਬਿਆਨਾਂ ਤੋਂ ਲਗਾਇਆ ਜਾ ਸਕਦਾ ਹੈ (ਰੋਮੀ 11:36; ਕੁਲੁੱਸੀ 1:16; ਪ੍ਰਕਾਸ਼ 4:11)। ਪਰ ਬਾਈਬਲ ਸਵਰਗਦੂਤਾਂ ਦੀ ਸਿਰਜਣਾ ਬਾਰੇ ਖ਼ਾਸ ਜਾਣਕਾਰੀ ਦਿੰਦੀ ਹੈ।

> "ਉਹ ਆਪਣੇ ਸਵਰਗਦੂਤਾਂ ਨੂੰ ਹਵਾਵਾਂ ਬਣਾਉਂਦੇ ਹਨ ਅਤੇ ਆਪਣੇ ਸੇਵਕਾਂ ਨੂੰ ਅੱਗ ਦੀਆਂ ਲਾਟਾਂ"...ਸਵਰਗਦੂਤ ਸੇਵਕ ਆਤਮਾਵਾਂ ਹਨ **ਜੋ ਉਹਨਾਂ ਲੋਕਾਂ ਦੀ ਮਦਦ ਦੇ ਲਈ ਭੇਜੀਆਂ ਜਾਂਦੀਆਂ ਹਨ, ਜੋ ਮੁਕਤੀ ਪ੍ਰਾਪਤ ਕਰਨਗੇ।** [ਇਬ 1:7, 14]

### G. ਸਵਰਗਦੂਤ ਅਤੇ ਪਾਪ

ਕਿਉਂਕਿ ਪਰਮੇਸ਼ਰ ਨੂੰ ਨਾ ਤਾਂ ਬੁਰਾਈ ਨਾਲ ਪਰਖਿਆ ਸਕਦਾ ਹੈ (ਯਾਕੂਬ 1:13) ਅਤੇ ਨਾ ਹੀ ਉਹ ਪਾਪ ਦੇ ਸਾਹਮਣੇ ਖੜ੍ਹੇ ਹੋ ਸਕਦੇ ਹਨ (ਹਬੱਕੂਕ 1:12-13), ਇਸ ਲਈ ਇਹ ਨਿਸ਼ਚਿਤ ਹੈ ਕਿ ਉਹਨਾਂ ਨੇ ਸਵਰਗਦੂਤਾਂ ਨੂੰ ਪਾਪ ਤੋਂ ਰਹਿਤ ਬਣਾਇਆ ਸੀ; ਉਹ ਸਾਰੇ ਪਵਿੱਤਰ ਬਣਾਏ ਗਏ ਸਨ।

### H. ਸਵਰਗਦੂਤਾਂ ਦੀਆਂ ਸੀਮਾਵਾਂ

ਹੇਠਾਂ ਦਿੱਤੇ ਹਵਾਲੇ (ਦੇਖੋ C.1.) ਇਹ ਸਥਾਪਿਤ ਕਰਨਗੇ ਕਿ ਸਵਰਗਦੂਤਾਂ ਵਿੱਚ ਅਲੌਕਿਕ ਯੋਗਤਾਵਾਂ ਹਨ। ਫਿਰ ਵੀ, ਉਹ ਸਿਰਜੇ ਹੋਏ ਪ੍ਰਾਣੀ ਹੀ ਹਨ। ਉਹ ਇੱਕ ਸਮੇਂ ਵਿੱਚ ਇੱਕ ਤੋਂ ਵੱਧ ਥਾਵਾਂ ਤੇ ਨਹੀਂ ਹੋ ਸਕਦੇ ਹਨ। ਜ਼ਿਬਰਾਏਲ ਨੂੰ ਯਾਤਰਾ ਕਰਨ ਵਿੱਚ ਸਮਾਂ ਲੱਗਾ ਸੀ (ਦਾਨੀ 9:21-23)। ਇੱਕ ਬੇਨਾਮ ਸਵਰਗਦੂਤ ਨੂੰ ਉਸ ਦੀ ਯਾਤਰਾ ਵਿੱਚ ਦੇਰੀ ਹੋਈ। ਇਸ ਤਰ੍ਹਾਂ, ਸਵਰਗਦੂਤਾਂ ਦੀ ਤਾਕਤ ਦੀਆਂ ਸੀਮਾਵਾਂ ਹਨ (ਦਾਨੀ 10:13)। ਪ੍ਰਕਾਸ਼ 12:7 ਪਵਿੱਤਰ ਅਤੇ ਅਪਵਿੱਤਰ ਸਵਰਗਦੂਤਾਂ ਵਿਚਕਾਰ ਸੰਘਰਸ਼ ਦਾ ਜ਼ਿਕਰ ਕਰਦਾ ਹੈ। ਅਤੇ, ਸਵਰਗਦੂਤਾਂ ਦੇ ਗਿਆਨ ਦੀ ਵੀ ਸੀਮਾ ਹੁੰਦੀ ਹੈ। ਉਹ ਪ੍ਰਭੂ ਦੇ ਦੁਬਾਰਾ ਆਉਣ ਦੇ ਸਮੇਂ ਨੂੰ ਨਹੀਂ ਜਾਣਦੇ ਹਨ (ਮੱਤੀ 24:36)। ਉਹ ਕਲੀਸਿਯਾ ਨੂੰ ਦੇਖਣ ਦੁਆਰਾ ਸਿੱਖਦੇ ਹਨ (ਅਫ਼ਸੀ 3:10 1 ਤਿਮੋਥਿ 3:16; 5:21; 1 ਪਤਰਸ 1:12; 1 ਕੁਰਿੰਥ 11:10)। ਜੇਕਰ ਸੰਖੇਪ ਵਿੱਚ ਕਿਹਾ ਜਾਵੇ ਤਾਂ ਸਵਰਗਦੂਤ ਸਿਰਜੇ ਹੋਏ ਪ੍ਰਾਣੀ ਹਨ ਅਤੇ ਉਹ ਸਰਵ-ਵਿਆਪਕ, ਸਰਵ-ਸ਼ਕਤੀਮਾਨ ਜਾਂ ਸਰਵ-ਗਿਆਨੀ ਨਹੀਂ ਹਨ।

## III. ਸਵਰਗਦੂਤਾਂ ਦਾ ਚਰਿੱਤਰ

### A. ਸਵਰਗਦੂਤ ਅਤੇ ਵਿਅਕਤੀਤਵ

ਇੱਕ ਵਿਅਕਤੀ ਹੋਣ ਦੀ ਆਮ ਵਿਆਖਿਆ ਇਹ ਹੈ ਕਿ ਉਹ ਇੱਕ ਸਵੈ-ਚੇਤੰਨ ਪ੍ਰਾਣੀ ਹੁੰਦਾ ਹੈ ਜਿਸ ਵਿੱਚ ਬੁੱਧ, ਭਾਵਨਾਵਾਂ ਅਤੇ ਇੱਛਾ ਸ਼ਕਤੀ ਹੁੰਦੀ ਹੈ। ਇਸ ਵਿਆਖਿਆ ਅਨੁਸਾਰ, ਸਵਰਗਦੂਤਾਂ ਨੂੰ ਵਿਅਕਤੀ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਉਹਨਾਂ ਕੋਲ ਸਿੱਖਣ ਦੇ ਲਈ ਬੁੱਧ (ਅਫ਼ਸੀ 3:10; 1 ਪਤਰਸ 1:12), ਪ੍ਰਸ਼ੰਸਾ ਅਤੇ ਅਰਾਧਨਾ ਕਰਨ ਦੀਆਂ ਭਾਵਨਾਵਾਂ (ਅੱਯੂਬ 38:7; ਯਸਾ 6:3; ਪ੍ਰਕਾਸ਼ 5:11-12), ਅਤੇ ਪਰਮੇਸ਼ਰ ਦੇ ਆਨੰਦ ਦੀ ਕਦਰ (ਲੂਕਾ 15:10) ਅਤੇ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਇੱਛਾ (ਮੱਤੀ 24:31; ਇਬ 1:6) ਹੋਣੀ ਚਾਹੀਦੀ ਹੈ।

### B. ਸਵਰਗਦੂਤ ਅਤੇ ਪਵਿੱਤਰਤਾ

ਇੱਕ ਪਵਿੱਤਰ ਪਰਮੇਸ਼ਰ ਨੇ ਪਵਿੱਤਰ ਸਵਰਗਦੂਤਾਂ ਨੂੰ ਸਿਰਜਿਆ ਸੀ। ਕਿਉਂਕਿ ਸਵਰਗਦੂਤਾਂ ਨੂੰ *ਪਰਮੇਸ਼ਰ ਦੇ ਪੁੱਤਰ* ਕਿਹਾ ਗਿਆ ਹੈ (ਅੱਯੂਬ 1:6; 2:1; 38:7), ਤਾਂ ਉਹ ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਗਏ ਸਨ। ਬਾਈਬਲ ਇਹ ਸਿਖਾਉਂਦੀ ਹੈ ਕਿ ਕੁਝ ਸਵਰਗਦੂਤ ਅਜੇ ਵੀ ਪਵਿੱਤਰ ਹਨ ਅਤੇ ਮਸੀਹ ਦੇ ਦੁਬਾਰਾ ਆਉਣ ਵੇਲੇ ਵੀ ਪਵਿੱਤਰ

ਹੀ ਹੋਣਗੇ (ਮਰਕੁਸ 8:38; ਲੂਕਾ 9:26; ਰਸੂਲਾਂ 10:22; ਪ੍ਰਕਾਸ਼ 14:10)। ਕੁਝ ਸਵਰਗਦੂਤਾਂ ਨੂੰ *ਉਸ ਦੇ ਚੁਣੇ ਹੋਏ ਸਵਰਗਦੂਤ* ਕਿਹਾ ਗਿਆ ਹੈ (1 ਤਿਮੋਥਿ 5:21), ਅਤੇ ਉਹ ਮਸੀਹ ਦੇ ਦੁਬਾਰਾ ਆਉਣ ਤੱਕ ਵੀ ਪਵਿੱਤਰ ਹੋਣਗੇ, ਇਹ ਤੱਥ ਜ਼ਿਆਦਾਤਰ ਬਾਈਬਲ ਵਿਦਵਾਨਾਂ ਦੇ ਇਹ ਸਿੱਟਾ ਕੱਢਣ ਦਾ ਕਾਰਨ ਬਣਦਾ ਹੈ ਕਿ ਪਵਿੱਤਰ ਸਵਰਗਦੂਤਾਂ ਦੀ ਪਵਿੱਤਰਤਾ ਵਿੱਚ ਪੁਸ਼ਟੀ ਹੋ ਗਈ ਹੈ। ਇਹਨਾਂ ਸਵਰਗਦੂਤਾਂ ਦੇ ਲਈ ਹੁਣ ਪਰਮੇਸ਼ਰ ਦੇ ਵਿਰੁੱਧ ਪਾਪ ਕਰਨਾ ਜਾਂ ਬਗਾਵਤ ਕਰਨਾ ਸੰਭਵ ਨਹੀਂ ਹੈ। ਚੰਗੇ ਸਵਰਗਦੂਤਾਂ ਦੇ ਪਾਪ ਕਰਨ ਦੀ ਹੁਣ ਕੋਈ ਸੰਭਾਵਨਾ ਹੀ ਨਹੀਂ ਹੈ।

### C. ਸਵਰਗਦੂਤ ਅਤੇ ਸ਼ਕਤੀ

#### 1. ਮਨੁੱਖਾਂ ਦੇ ਸੰਦਰਭ ਵਿੱਚ

ਬਾਈਬਲ ਸਿੱਧੇ ਤੌਰ ਤੇ ਇਹ ਸਿਖਾਉਂਦੀ ਹੈ ਕਿ ਸਵਰਗਦੂਤਾਂ ਕੋਲ ਅਲੌਕਿਕ ਸ਼ਕਤੀਆਂ ਹੁੰਦੀਆਂ ਹਨ। ਇਬ 2:7 ਅਤੇ 9 ਇਹ ਦੱਸਦਾ ਹੈ ਕਿ ਮਨੁੱਖਾਂ ਨੂੰ ਸਵਰਗਦੂਤਾਂ ਤੋਂ "ਥੋੜ੍ਹਾ" ਘੱਟ (ਸ਼ਾਇਦ ਥੋੜ੍ਹੇ ਸਮੇਂ ਦੇ ਲਈ ਘੱਟ) ਬਣਾਇਆ ਗਿਆ ਹੈ। ਸਵਰਗਦੂਤਾਂ ਨੇ ਸਦੂਮ ਨੂੰ ਤਬਾਹ ਕੀਤਾ ਸੀ (ਉਤ 19)। ਇੱਕ ਦੂਤ ਨੇ ਅੱਸ਼ੂਰੀ ਸੈਨਾਂ ਦੇ 1,85,000 ਲੋਕਾਂ ਨੂੰ ਮਾਰ ਦਿੱਤਾ ਸੀ (ਯਸਾ 37), ਅਤੇ ਬਾਈਬਲ ਦੱਸਦੀ ਹੈ ਕਿ ਇੱਕ ਸਵਰਗਦੂਤ ਨੇ 70,000 ਇਸਰਾਏਲੀਆਂ ਨੂੰ ਮਾਰ ਦਿੱਤਾ ਸੀ (2 ਸਮੂ 24)। ਇੱਕ ਸਵਰਗਦੂਤ ਯਰੂਸ਼ਲਮ ਸ਼ਹਿਰ ਨੂੰ ਤਬਾਹ ਕਰ ਸਕਦਾ ਸੀ (2 ਸਮੂ 24)। ਅਲੀਸ਼ਾ ਨੇ ਪ੍ਰਾਰਥਨਾ ਕੀਤੀ ਅਤੇ ਉਸ ਦੇ ਸੇਵਕ ਨੇ ਦੇਖਿਆ ਕਿ ਅਰਾਮ ਦੀ ਸੈਨਾਂ ਪਰਮੇਸ਼ਰ ਦੀ ਸੈਨਾਂ ਦਾ ਮੁਕਾਬਲਾ ਨਹੀਂ ਕਰ ਸਕੇਗੀ (2 ਰਾਜਿਆਂ 6)। ਪ੍ਰਕਾਸ਼ ਦੀ ਪੋਥੀ ਵਿੱਚ ਸਵਰਗਦੂਤਾਂ ਦਾ ਜ਼ਿਕਰ ਕਿਸੇ ਵੀ ਹੋਰ ਪੁਸਤਕ ਨਾਲੋਂ ਜ਼ਿਆਦਾ ਕੀਤਾ ਗਿਆ ਹੈ। ਅੰਤ ਦੇ ਦਿਨਾਂ ਵਿੱਚ ਉਹਨਾਂ ਦੀਆਂ ਸ਼ਕਤੀਆਂ ਸੱਚਮੁੱਚ ਅਵਿਸ਼ਵਾਸ਼ਯੋਗ ਹੋਣਗੀਆਂ। ਉਹਨਾਂ ਕੋਲ ਹਵਾਂ ਉੱਤੇ ਸ਼ਕਤੀ, ਅੱਗ ਉੱਤੇ ਸ਼ਕਤੀ ਅਤੇ ਸੂਰਜ ਉੱਤੇ ਸ਼ਕਤੀ ਹੋਵੇਗੀ (ਪ੍ਰਕਾਸ਼ 7:1; 14:18-19; 16:8-9), ਅਤੇ ਉਹ ਅਰਮਾਗਿੱਦੋਨ ਦੀ ਲੜਾਈ ਵਿੱਚ ਮਸੀਹ-ਵਿਰੋਧੀ ਨੂੰ ਨਸ਼ਟ ਕਰਨ ਵਿੱਚ ਸਹਾਇਤਾ ਕਰਨਗੇ (ਪ੍ਰਕਾਸ਼ 14:18)। ਭਵਿੱਖ ਵਿੱਚ, ਮਨੁੱਖ ਸਵਰਗਦੂਤਾਂ ਨਾਲੋਂ ਉੱਤਮ ਹੋਣ ਜਾ ਰਹੇ ਹਨ (ਇਬ 2:5ff.; ਰੋਮੀ 8:17)।[4]

> ਹੇ ਉਹ ਦੇ ਸਵਰਗਦੂਤੋ, ਯਹੋਵਾਹ ਨੂੰ ਮੁਬਾਰਕ ਆਖੋ, ਤੁਸੀਂ ਜਿਹੜੇ **ਸ਼ਕਤੀ ਵਿੱਚ ਬਲਵਾਨ ਹੋ**, ਅਤੇ ਉਹ ਦਾ ਸ਼ਬਦ ਸੁਣ ਕੇ ਉਹ ਨੂੰ ਪੂਰਿਆਂ ਕਰਦੇ ਹੋ! [ਜ਼ਬੂਰ 103:20]
>
> ਪਰ ਸਵਰਗਦੂਤ ਜਿਹੜੇ **ਬਲ ਅਤੇ ਸਮਰੱਥਾ ਵਿੱਚ ਇਹਨਾਂ ਨਾਲੋਂ ਵੱਧ ਕੇ ਹਨ**...[2 ਪਤਰਸ 2:11]

#### 2. ਪਰਮੇਸ਼ਰ ਸੰਦਰਭ ਵਿੱਚ

ਹਾਲਾਂਕਿ ਸਵਰਗਦੂਤ ਸ਼ਕਤੀਸ਼ਾਲੀ ਹੁੰਦੇ ਹਨ, ਪਰ ਉਹਨਾਂ ਦੀਆਂ ਸੀਮਾਵਾਂ ਹੁੰਦੀਆਂ ਹਨ ਅਤੇ ਉਹ ਪਰਮੇਸ਼ਰ ਦੇ ਅਧਿਕਾਰ ਦੇ ਅਧੀਨ ਹੁੰਦੇ ਹਨ (2 ਸਮੂ 24:16; ਪ੍ਰਕਾਸ਼ 7:1-4)। ਸਵਰਗਦੂਤਾਂ ਵਿਚਕਾਰ ਹੋਣ ਵਾਲੇ ਸੰਘਰਸ਼ ਉਹਨਾਂ ਦੀ ਸ਼ਕਤੀ ਦੇ ਸੀਮਿਤ ਹੋਣ ਨੂੰ ਪ੍ਰਗਟ ਕਰਦੇ ਹਨ (ਦਾਨੀ 10:13, 20; ਯਹੂਦਾਹ 9; ਪ੍ਰਕਾਸ਼ 12:7-9)। ਇਬਰਾਨੀਆਂ 1:4ff ਦੀ ਮੁੱਖ ਗੱਲ ਇਹ ਹੈ ਕਿ ਮਸੀਹ ਸਵਰਗਦੂਤਾਂ ਨਾਲੋਂ ਉੱਤਮ ਹਨ।

> ...**ਉੱਥੋਂ ਹੀ ਮਸੀਹ** ਸਭ ਸ਼ਾਸਕਾਂ, ਅਧਿਕਾਰੀਆਂ, ਸ਼ਕਤੀਆਂ ਅਤੇ ਹਾਕਮਾਂ ਉੱਤੇ ਰਾਜ ਕਰਦੇ ਹਨ...[ਅਫ਼ਸੀ 1:20-21]
>
> ਉਹ ਸਵਰਗ ਦੇ ਵਿੱਚ ਜਾ ਕੇ ਪਰਮੇਸ਼ਰ ਦੇ ਸੱਜੇ ਹੱਥ ਵਿਰਾਜਮਾਨ ਹਨ ਅਤੇ **ਸਵਰਗਦੂਤਾਂ**, ਅਧਿਕਾਰੀਆਂ ਅਤੇ ਸ਼ਕਤੀਆਂ ਨੂੰ **ਉਹਨਾਂ ਦੇ ਅਧੀਨ ਕੀਤਾ ਗਿਆ ਹੈ**। [1 ਪਤਰਸ 3:22]

### D. ਸਵਰਗਦੂਤ ਅਤੇ ਸਰੀਰਕ ਸਮੱਗਰੀ

ਹਾਲਾਂਕਿ ਸਵਰਗਦੂਤ ਸਰੀਰਕ ਰੂਪ ਵਿੱਚ ਪ੍ਰਗਟ ਹੋ ਸਕਦੇ ਹਨ, ਪਰ ਉਹ ਆਪਣੇ ਚਰਿੱਤਰ ਵਿੱਚ ਆਤਮਿਕ ਪ੍ਰਾਣੀ ਹਨ (ਦੇਖੋ, ਜ਼ਬੂਰ 104:4; ਇਬ 1:7,14; ਅਤੇ ਡਿੱਗੇ ਸਵਰਗਦੂਤਾਂ ਦੇ ਲਈ, ਅਫ਼ਸੀ 6:12)। ਜੇਕਰ ਅਸੀਂ ਇਹ ਮੰਨ ਲਈਏ ਕਿ ਅਸ਼ੁੱਧ ਆਤਮਾਵਾਂ ਡਿੱਗੇ ਹੋਏ ਸਵਰਗਦੂਤ ਹਨ, ਤਾਂ ਅਸੀਂ ਇਹ ਅਨੁਮਾਨ ਲਗਾ ਸਕਦੇ ਹਾਂ ਪਵਿੱਤਰ ਸਵਰਗਦੂਤਾਂ ਦੀ ਵੀ ਇੱਕ ਫੌਜ ਹੋ ਸਕਦੀ ਹੈ (ਮਰਕੁਸ 5:9, 13; ਲੂਕਾ 8:30)। ਇਸ ਤਰ੍ਹਾਂ ਉਹ ਧਰਤੀ ਵਿੱਚ ਸੀਮਿਤ ਸਰੀਰਕ ਪ੍ਰਾਣੀ ਨਹੀਂ ਹਨ। ਸਵਰਗਦੂਤਾਂ ਦੇ ਆਤਮਿਕ ਪ੍ਰਾਣੀ ਹੋਣ ਦਾ ਇਹ ਅਰਥ ਨਹੀਂ ਹੈ ਕਿ ਉਹ ਸਰਵ-ਵਿਆਪਕ ਹਨ। ਇੱਕ ਸਵਰਗਦੂਤ ਨੂੰ ਯਾਤਰਾ ਕਰਨ ਦੇ ਲਈ ਤਿੰਨ ਹਫ਼ਤੇ ਲੱਗੇ ਅਤੇ ਦੂਜੇ ਨੂੰ ਦੇਰੀ ਹੋਈ ਸੀ (ਦਾਨੀ 10:12ff., ਅਤੇ ਦਾਨੀ 9:21-23 ਵੀ ਦੇਖੋ)।

> ਆਪਣੇ ਸਵਰਗਦੂਤਾਂ ਦੇ ਬਾਰੇ ਉਹਨਾਂ ਨੇ ਕਿਹਾ, "ਉਹ ਆਪਣੇ **ਸਵਰਗਦੂਤਾਂ ਨੂੰ ਹਵਾਵਾਂ** ਬਣਾਉਂਦੇ ਹਨ ਅਤੇ ਆਪਣੇ ਸੇਵਕਾਂ ਨੂੰ **ਅੱਗ ਦੀਆਂ ਲਾਟਾਂ**...ਉਹ ਸੇਵਕ **ਆਤਮਾਵਾਂ** ਹਨ ਜੋ ਉਹਨਾਂ ਲੋਕਾਂ ਦੀ ਮਦਦ ਦੇ ਲਈ ਭੇਜੀਆਂ ਜਾਂਦੀਆਂ ਹਨ, ਜੋ ਮੁਕਤੀ ਪ੍ਰਾਪਤ ਕਰਨਗੇ। [ਇਬ

[4] ਕਿਉਂਕਿ "ਯਹੋਵਾਹ ਦੇ ਸਵਰਗਦੂਤ" ਅਤੇ "ਪ੍ਰਭੂ ਦੇ ਸਵਰਗਦੂਤ" ਲਈ ਇਬਰਾਨੀ ਸ਼ਬਦ ਇੱਕੋ ਜਿਹਾ ਹੈ, ਇਸ ਲਈ ਕਈ ਵਾਰ ਇਹ ਦੱਸਣਾ ਮੁਸ਼ਕਲ ਹੁੰਦਾ ਹੈ ਕਿ ਕੀ ਪਰਮੇਸ਼ਰ ਦੇ ਪੁੱਤਰ "ਯਹੋਵਾਹ ਦੇ ਸਵਰਗਦੂਤ" ਵਜੋਂ ਵਿਨਾਸ਼ ਕਰ ਰਿਹਾ ਹੈ ਜਾਂ ਫਿਰ ਇੱਕ ਆਮ ਸਵਰਗਦੂਤ ਇਹ ਕਰ ਰਿਹਾ ਹੈ। ਹਾਲਾਂਕਿ ਵੱਡੇ ਵਿਨਾਸ਼ ਦੀਆਂ ਇਹਨਾਂ ਉਦਾਹਰਣਾਂ ਵਿੱਚੋਂ ਕੁਝ ਉਦਾਹਰਣਾਂ ਆਮ ਸਵਰਗਦੂਤਾਂ ਦੀਆਂ ਨਹੀਂ ਪਰ ਪਰਮੇਸ਼ਰ ਦੇ ਪੁੱਤਰ ਦੀਆਂ ਹਨ, ਫਿਰ ਵੀ ਇਸ ਗੱਲ ਦੇ ਕਾਫੀ ਸਬੂਤ ਹਨ ਕਿ ਸਵਰਗਦੂਤ ਮਨੁੱਖਾਂ ਨਾਲੋਂ ਸ਼ਕਤੀਸ਼ਾਲੀ ਹਨ।

1:7, 14]

### E. ਸਵਰਗਦੂਤਾਂ ਦੀ ਅਮਰਤਾ ਅਤੇ ਲਿੰਗ

ਸਵਰਗਦੂਤ ਅਮਰ ਹਨ (ਲੂਕਾ 20:35-36)। ਹਾਲਾਂਕਿ ਉਹ ਪੁਰਸ਼ਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ ਅਤੇ ਉਹਨਾਂ ਦੇ ਲਈ ਪੁਰਸ਼ ਸਰਵਨਾਮਾਂ ਦੀ ਵਰਤੋਂ ਕੀਤੀ ਜਾਂਦੀ ਹੈ (ਉਤ 19), ਫਿਰ ਵੀ ਇਹ ਸੰਭਵ ਹੈ ਕਿ ਅਸਲ ਵਿੱਚ ਉਹ ਲਿੰਗ ਤੋਂ ਬਿਨਾਂ ਹਨ। ਪਵਿੱਤਰ ਆਤਮਾ ਦੇ ਲਈ ਵੀ ਪੁਰਸ਼ ਸਰਵਨਾਮ ਵਰਤੇ ਗਏ ਹਨ, ਪਰ ਉਹ ਇੱਕ ਮਨੁੱਖ ਨਹੀਂ ਹੈ। ਸਵਰਗਦੂਤਾਂ ਦੀ ਸੰਤਾਨ ਪੈਦਾ ਕਰਨ ਵਿੱਚ ਅਯੋਗਤਾ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਪੁਰਸ਼ ਹੋਣ ਦੀ ਬਜਾਏ ਉਹ ਲਿੰਗਹੀਣ ਹਨ। ਇਹ ਜ਼ਰੂਰੀ ਹੈ ਕਿ ਆਤਮਿਕ ਪ੍ਰਾਣੀਆਂ ਦੇ ਸਰੂਪ ਅਤੇ ਉਹਨਾਂ ਦੀ ਮੂਲ-ਰਚਨਾ ਦੇ ਵਿਚਕਾਰ ਫ਼ਰਕ ਕੀਤਾ ਜਾਵੇ।[5]

## IV. ਸਵਰਗਦੂਤਾਂ ਦਾ ਸਰੂਪ

ਸਵਰਗਦੂਤ ਆਤਮਿਕ ਪ੍ਰਾਣੀ ਹਨ ਅਤੇ ਆਮ ਤੌਰ ਤੇ ਦਿਖਾਈ ਨਹੀਂ ਦਿੰਦੇ ਹਨ। ਫਿਰ ਵੀ ਜੇਕਰ ਪਰਮੇਸ਼ਰ ਚਾਹੁਣ ਕਿ ਉਹ ਦਿਖਾਈ ਦੇਣ ਤਾਂ ਉਹ ਮਨੁੱਖ ਨੂੰ ਦਿਖ ਸਕਦੇ ਹਨ।

### A. ਧਰਤੀ ਉੱਤੇ

ਜਦੋਂ ਸਵਰਗਦੂਤਾਂ ਨੂੰ ਧਰਤੀ ਉੱਤੇ ਦੇਖਿਆ ਜਾਂਦਾ ਹੈ, ਤਾਂ ਉਹ ਆਮ ਤੌਰ ਤੇ ਮਨੁੱਖਾਂ ਵਰਗੇ ਅਤੇ ਹਮੇਸ਼ਾਂ ਪੁਰਸ਼ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ (ਸਿਰਫ਼ ਜ਼ਕਰਯਾਹ 5:9ff ਨੂੰ ਛੱਡ ਕੇ)। ਜਦੋਂ ਕੁਝ ਸਵਰਗਦੂਤ ਅਬਰਾਹਮ ਅਤੇ ਸਾਰਾਹ ਨੂੰ ਮਿਲਣ ਆਏ, ਤਾਂ ਉਹ ਆਮ ਮਨੁੱਖਾਂ ਦੀ ਤਰ੍ਹਾਂ ਬੈਠੇ, ਤੁਰੇ, ਖਾਣਾ ਖਾਂਦੇ, ਅਤੇ ਬੋਲੇ ਸਨ (ਉਤ 18)। ਇਬਰਾਨੀਆਂ ਦੀ ਪੁਸਤਕ ਦੇ ਲੇਖਕ ਦੇ ਮਨ ਵਿੱਚ ਸ਼ਾਇਦ ਇਹੀ ਘਟਨਾ ਸੀ ਜਦੋਂ ਉਸ ਨੇ ਕਿਹਾ, "ਕੁਝ ਲੋਕਾਂ ਨੇ ਬਿਨਾਂ ਜਾਣੇ ਸਵਰਗਦੂਤਾਂ ਦੀ ਸੇਵਾ ਕੀਤੀ ਹੈ" (ਇਬ 13:2)। ਸਵਰਗਦੂਤ ਐਨੇ ਮਨੁੱਖੀ ਦਿਖਾਈ ਦਿੰਦੇ ਸਨ ਕਿ ਸਦੂਮੀ ਲੋਕ ਉਹਨਾਂ ਨਾਲ ਜਿਨਸੀ ਸ਼ੋਸ਼ਣ ਕਰਨਾ ਚਾਹੁੰਦੇ ਸਨ (ਉਤ 19:1, 5)। ਸਵਰਗਦੂਤਾਂ ਦੇ ਮਨੁੱਖਾਂ ਦੇ ਰੂਪ ਵਿੱਚ ਪ੍ਰਗਟ ਹੋਣ ਦੇ ਹੋਰ ਮੌਕਿਆਂ ਵਿੱਚ ਮਰਕੁਸ 16:5; ਲੂਕਾ 24:4; ਅਤੇ ਰਸੂਲਾਂ 1:10 ਸ਼ਾਮਲ ਹਨ। ਅਕਸਰ ਜਦੋਂ ਸਵਰਗਦੂਤ ਪੁਰਸ਼ਾਂ ਦੇ ਰੂਪ ਵਿੱਚ ਪ੍ਰਗਟ ਹੋਏ ਹਨ, ਤਾਂ ਉਹ ਚਮਕਦਾਰ ਕੱਪੜਿਆਂ ਵਿੱਚ ਅਲੌਕਿਕ ਪੁਰਸ਼ਾਂ ਦੇ ਰੂਪ ਵਿੱਚ ਪ੍ਰਗਟ ਹੋਏ ਸਨ (ਦਾਨੀ 10:5ff.; ਮੱਤੀ 28:3; ਲੂਕਾ 24:4)।

### B. ਧਰਤੀ ਤੋਂ ਇਲਾਵਾ ਜਗ੍ਹਾਵਾਂ ਉੱਤੇ

ਜਦੋਂ ਸਵਰਗਦੂਤ ਧਰਤੀ ਉੱਤੇ ਪ੍ਰਗਟ ਹੁੰਦੇ ਹਨ, ਉਹ ਮੂਲ ਰੂਪ ਵਿੱਚ ਮਨੁੱਖਾਂ ਵਾਂਗ ਦਿਖਾਈ ਦਿੰਦੇ ਹਨ; ਪਰ ਜਦੋਂ ਉਹ ਹੋਰ ਜਗ੍ਹਾਵਾਂ ਉੱਤੇ ਪ੍ਰਗਟ ਹੁੰਦੇ ਹਨ, ਤਾਂ ਉਹ ਅਸਾਧਾਰਣ ਪ੍ਰਾਣੀਆਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ।

1. ਯਸਾਯਾਹ 6 ਵਿੱਚ ਸਰਾਫ਼ੀਮ ਦੇ ਛੇ ਖੰਭ ਹਨ।
2. ਹਿਜ਼ਕੀਏਲ ਦੇ ਪਹਿਲੇ ਅਤੇ ਦਸਵੇਂ ਅਧਿਆਈਆਂ ਵਿੱਚ ਕਰੂਬੀਆਂ ਦੀਆਂ ਹੇਠਾਂ ਲਿਖੀਆਂ ਵਿਸ਼ੇਸ਼ਤਾਵਾਂ ਹਨ:
   - ਇੱਕ ਸਿਰ ਉੱਤੇ ਚਾਰ ਚਿਹਰੇ (ਮਨੁੱਖ, ਬੱਬਰ ਸ਼ੇਰ, ਬਲਦ, ਉਕਾਬ)
   - ਚਾਰ ਖੰਭ
   - ਅੱਖਾਂ ਨਾਲ ਭਰੇ
   - ਗੋਡੇ ਦੇ ਜੋੜਾਂ ਤੋਂ ਬਿਨਾਂ
   - ਖੁਰ ਵਾਲੇ ਪੈਰ
   - ਉਹਨਾਂ ਦੇ ਹੇਠਾਂ ਇੱਕ ਚੱਕਰ ਤਾਂ ਜੋ ਉਹ ਕਦੇ ਨਾ ਮੁੜਨ
   - ਖੰਭਾਂ ਹੇਠ ਮਨੁੱਖੀ ਹੱਥ
3. ਪ੍ਰਕਾਸ਼ 4:6-8 ਵਿਚਲੇ ਪ੍ਰਾਣੀਆਂ ਦੀਆਂ ਹੇਠਾਂ ਲਿਖੀਆਂ ਵਿਸ਼ੇਸ਼ਤਾਵਾਂ ਹਨ:
   - ਬਹੁਤ ਸਾਰੀਆਂ ਅੱਖਾਂ
   - ਛੇ ਖੰਭ
   - ਇੱਕ ਆਦਮੀ, ਬੱਬਰ ਸ਼ੇਰ, ਵੱਛੇ, ਉਕਾਬ ਦੇ ਚਿਹਰੇ
4. ਪ੍ਰਕਾਸ਼ 10:1-3 ਵਿੱਚ ਸਵਰਗਦੂਤ
   - ਬੱਦਲ ਲਪੇਟਿਆ ਹੋਇਆ ਸੀ
   - ਉਸ ਦੇ ਸਿਰ ਦੇ ਉੱਪਰ ਸਤਰੰਗੀ ਪੀਂਘ ਸੀ

## V. ਸਵਰਗਦੂਤਾਂ ਦੇ ਨਾਮ ਅਤੇ ਵਰਗੀਕਰਣ

### A. ਆਮ ਨਾਮ

- *ਸਵਰਗਦੂਤ* = ਸੰਦੇਸ਼ਵਾਹਕ
- *ਸੇਵਾ ਕਰਨ ਵਾਲੀਆਂ ਆਤਮਾਵਾਂ* (ਇਬ. 1:14) = ਸੇਵਕ
- *ਸਵਰਗੀ ਸੈਨਾਂ* (ਲੂਕਾ 2:13) = ਪਰਮੇਸ਼ਰ ਦੀ ਸੈਨਾ
- *ਰਾਖੇ* (ਦਾਨੀ 4:13-17) = ਨਿਗਰਾਨੀ ਵਾਲੇ ਅਤੇ ਸਿਵਲ ਸਰਕਾਰਾਂ ਦੇ ਨਿਰਦੇਸ਼ਕ
- *ਪਰਮੇਸ਼ਰ ਦੇ ਪੁੱਤਰ* (ਅੱਯੂਬ 1: 6; 2:1; 38:7) = ਪਰਮੇਸ਼ਰ ਦੇ ਸਰੂਪ ਵਿੱਚ ਮੂਲ ਪਾਤਰ
- *ਤਾਰੇ* (ਪ੍ਰਕਾਸ਼ 12:3-4,9) = ਉਹ ਜਿਹੜੇ ਸਵਰਗ ਵਿੱਚ ਰਹਿੰਦੇ ਹਨ

[5] ਸਵਰਗਦੂਤ ਆਤਮਾਵਾਂ ਹਨ (ਇਬ 1:14)। ਪਰਿਭਾਸ਼ਾ ਅਨੁਸਾਰ, ਇੱਕ ਆਤਮਾ ਵਿੱਚ ਮਾਸ ਅਤੇ ਖ਼ੂਨ ਨਹੀਂ ਹੁੰਦਾ ਹੈ (ਲੂਕਾ 24:39 ਵਿੱਚ ਮਸੀਹ ਦੀਆਂ ਟਿੱਪਣੀਆਂ ਨੂੰ ਦੇਖੋ)। ਧਰਤੀ ਦੇ ਆਲੇ-ਦੁਆਲੇ, ਸਵਰਗਦੂਤ ਹਮੇਸ਼ਾਂ ਪੁਰਸ਼ਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਪਰ, ਜਦੋਂ ਉਹ ਸਵਰਗੀ ਜਗ੍ਹਾਵਾਂ ਵਿੱਚ ਦਿਖਾਈ ਦਿੰਦੇ ਹਨ, ਤਾਂ ਉਹ ਪੁਰਸ਼ਾਂ ਵਰਗੇ ਦਿਖਾਈ ਨਹੀਂ ਦਿੰਦੇ ਹਨ। ਉਹਨਾਂ ਦੀ ਅਸਲੀਅਤ ਲਿੰਗ ਤੋਂ ਬਿਨਾਂ ਹੈ। ਇਸ ਤੋਂ ਇਲਾਵਾ, ਇਹ ਮੰਨਣਾ ਵਧੇਰੇ ਸਹੀ ਹੋਵੇਗਾ ਕਿ ਪਰਮੇਸ਼ਰ ਨੇ ਸਵਰਗਦੂਤਾਂ ਨੂੰ ਲਿੰਗ ਰਹਿਤ ਬਣਾਇਆ ਹੈ (ਇਸ ਲਈ ਉਹ ਸੰਤਾਨ ਪੈਦਾ ਕਰਨ ਦੇ ਯੋਗ ਨਹੀਂ ਹਨ)।

### A. ਖ਼ਾਸ ਨਾਮ ਅਤੇ ਵਰਗੀਕਰਣ

1. ਪੁਰਾਣੇ ਨੇਮ ਵਿੱਚ ਕਰੂਬੀਆਂ (ਇੱਕਵਚਨ, ਕਰੂਬੀ) ਦੇ ਬਹੁਤ ਹਵਾਲੇ ਹਨ (90 ਤੋਂ ਵੀ ਜ਼ਿਆਦਾ)। ਬਾਈਬਲ ਵਿੱਚ ਸਭ ਤੋਂ ਪਹਿਲਾਂ ਪ੍ਰਗਟ ਹੋਏ ਸਵਰਗਦੂਤ ਕਰੂਬੀ ਹਨ ਜਿਹਨਾਂ ਨੇ ਅਦਨ ਦੀ ਰਾਖੀ ਕੀਤੀ ਤਾਂ ਜੋ ਮਨੁੱਖ ਉਸ ਵਿੱਚ ਵਾਪਸ ਨਾ ਆ ਸਕੇ (ਉਤ 3:24)। ਤੰਬੂ ਦੇ ਪਰਪੋਸ਼ ਉੱਤੇ ਕਰੂਬੀਆਂ ਦੀ ਕਢਾਈ ਕੀਤੀ ਗਈ ਸੀ, ਅਤੇ ਨੇਮ ਦੇ ਸੰਦੂਕ ਵਿੱਚ ਸੋਨੇ ਦੇ ਕਰੂਬੀ ਬਣਾਏ ਹੋਏ ਸਨ (ਕੂਚ 25:17-22; 26:1, 31)। ਕਰੂਬੀਆਂ ਦੇ ਸਰੂਪ ਦਾ ਵਰਣਨ ਹਿਜ਼ਕੀਏਲ 10:1ff ਅਤੇ ਸ਼ਾਇਦ 1:4-28 ਵਿੱਚ ਕੀਤਾ ਗਿਆ ਹੈ। ਪਰਮੇਸ਼ਰ ਦੀ ਮੌਜੂਦਗੀ ਦਾ ਸੰਕੇਤ ਅਕਸਰ ਕਰੂਬੀਆਂ ਉੱਤੇ ਸਿੰਘਾਸਣ ਉੱਤੇ ਬੈਠੇ ਜਾਂ ਕਰੂਬੀਆਂ ਉੱਤੇ ਬੈਠੇ ਹੋਏ ਹੋਣ ਦੇ ਰੂਪ ਵਿੱਚ ਦਿੱਤਾ ਗਿਆ ਹੈ (ਦੇਖੋ 1 ਸਮੂ 4:4; 2 ਸਮੂ 6:2; 2 ਰਾਜਿਆਂ 19:15; 1 ਇਤਿਹਾਸ 13:6; ਜ਼ਬੂਰ 80:1; 99:1; ਅਤੇ ਜ਼ਬੂਰ 18:9-10 ਵੀ ਦੇਖੋ)। ਉਤ 3:24 ਦਾ ਸੰਕੇਤ ਇਹ ਹੈ ਕਿ ਕਰੂਬੀ ਪਰਮੇਸ਼ਰ ਦੀ ਪਵਿੱਤਰਤਾ ਦੀ ਰਾਖੀ ਕਰਦੇ ਹਨ। ਉਹ ਪਰਮੇਸ਼ਰ ਦੀ ਮੌਜੂਦਗੀ ਦੇ ਸੰਕੇਤਕ ਵੀ ਹਨ। ਸਵਰਗ ਵਿੱਚ ਤੰਬੂ ਦਾ ਇੱਕ ਪ੍ਰਤੀਕ ਹੈ। ਜਿਵੇਂ ਕਰੂਬੀਆਂ ਨੇ ਸੰਦੂਕ ਦੇ ਉੱਪਰ ਪਰਮੇਸ਼ਰ ਦੀ ਮੌਜੂਦਗੀ ਨੂੰ ਘੇਰਿਆ ਸੀ, ਉਸੇ ਤਰ੍ਹਾਂ ਉਹ ਸਵਰਗੀ ਸਿੰਘਾਸਣ ਉੱਤੇ ਪਰਮੇਸ਼ਰ ਦੀ ਮੌਜੂਦਗੀ ਨੂੰ ਵੀ ਘੇਰਦੇ ਹਨ।

2. ਸਵਰਗਦੂਤਾਂ ਦੇ ਸੰਦਰਭ ਵਿੱਚ, *ਸਰਾਫ਼ੀਮ* ਦੀ ਵਰਤੋਂ ਸਿਰਫ਼ ਦੋ ਵਾਰ ਕੀਤੀ ਗਈ ਹੈ (ਯਸਾ. 6:2, 6)। ਅਜਿਹਾ ਲੱਗਦਾ ਹੈ ਕਿ ਇਸ ਦਾ ਮੂਲ ਉਹ ਇਬਰਾਨੀ ਸ਼ਬਦ ਹੈ ਜਿਸ ਦਾ ਅਰਥ ਜਲਾਉਣਾ ਹੁੰਦਾ ਹੈ। ਉਹ ਬਿਜਲੀ ਵਰਗੀ ਚਮਕ ਵਾਲੇ ਅਗਨੀ ਪ੍ਰਾਣੀ ਹਨ। ਉਹਨਾਂ ਦਾ ਕੰਮ ਪਰਮੇਸ਼ਰ ਦੀ ਉਪਾਸਨਾ ਕਰਨਾ ਹੈ।

3. ਮੀਕਾਏਲ ਉਹਨਾਂ ਦੋ ਸਵਰਗਦੂਤਾਂ ਵਿੱਚੋ ਇੱਕ ਹੈ ਜਿਹਨਾਂ ਦੇ ਨਾਮ ਬਾਈਬਲ ਵਿੱਚ ਦਰਜ ਹਨ। ਇਸ ਨਾਮ ਦਾ ਅਰਥ ਹੈ " ਪਰਮੇਸ਼ਰ ਵਰਗਾ ਕੌਣ ਹੈ?" ਅਤੇ ਇਹ ਬਾਈਬਲ ਵਿੱਚ 5 ਵਾਰ ਵਰਤਿਆ ਗਿਆ ਹੈ (ਦਾਨੀ 10:13, 21; 12:1; ਯਹੂਦਾਹ 9; ਪ੍ਰਕਾਸ਼ 12:7)।

ਸਵਰਗਦੂਤਾਂ ਨੂੰ ਇੱਕ ਫੌਜੀ ਸੰਗਠਨ ਦਰਜਾ ਦਿੱਤਾ ਗਿਆ ਜਾਪਦਾ ਹੈ (ਰੋਮੀ 8:38 ਅਫ਼ਸੀ 1:21; 3:10; 6:12; ਕੁਸੁੱਲੀ 1:16; 2:10,15)। ਮਾਈਕਲ ਨੂੰ ਦਾਨੀਏਲ 10:13 ਵਿੱਚ ਸਵਰਗਦੂਤਾਂ ਦੇ ਪ੍ਰਧਾਨਾਂ ਵਿੱਚੋਂ ਇੱਕ ਕਿਹਾ ਗਿਆ ਹੈ। ਅਤੇ, ਸਿਰਫ਼ ਉਹੀ ਅਜਿਹਾ ਸਵਰਗਦੂਤ ਹੈ ਜਿਸ ਨੂੰ ਪ੍ਰਧਾਨ ਸਵਰਗਦੂਤ ਕਿਹਾ ਗਿਆ ਹੈ (ਯਹੂਦਾਹ 9), ਅਤੇ ਉਹ ਬਿਪਤਾ ਦੇ ਸਮੇਂ ਵਿੱਚ ਸ਼ੈਤਾਨ ਦੇ ਵਿਰੁੱਧ ਸਵਰਗਦੂਤਾਂ ਦੀਆਂ ਫੌਜਾਂ ਦੀ ਅਗਵਾਈ ਕਰੇਗਾ (ਪ੍ਰਕਾਸ਼ 12:7ff.)। ਸ਼ਾਇਦ ਉਸ ਨਾਲ ਤੁਲਨਾਤਮਕ ਹੋਰ ਸਵਰਗਦੂਤ ਵੀ ਹਨ, ਪਰ ਉਹ ਇਸ ਅਰਥ ਵਿੱਚ ਪ੍ਰਧਾਨ ਸਵਰਗਦੂਤ ਹੈ ਕਿਉਂਕਿ ਉਸ ਨੂੰ ਇਸਰਾਏਲ ਦੀ ਰੱਖਿਆ ਕਰਨ ਦਾ ਕੰਮ ਸੌਂਪਿਆ ਗਿਆ ਹੈ (ਦਾਨੀ 10:21; 12:1)। ਮਾਈਕਲ ਸ਼ਾਇਦ ਕਲੀਸਿਯਾ ਦੇ ਉਠਾਏ ਜਾਣ ਦੀ ਘੋਸ਼ਣਾ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਏਗਾ (1 ਥੱਸਲੁ 4:16)।

4. ਜਿਬਰਾਏਲ "ਪਰਮੇਸ਼ਰ ਦਾ ਸ਼ਕਤੀਸ਼ਾਲੀ ਸਵਰਗਦੂਤ" ਦਾ ਬਾਈਬਲ ਵਿੱਚ 4 ਵਾਰ ਪ੍ਰਗਟ ਹੋਇਆ ਹੈ (ਦਾਨੀ 8:16; 9:21; ਲੂਕਾ 1:19, 26)। ਜਿਬਰਾਏਲ ਨੂੰ ਪ੍ਰਧਾਨ ਸਵਰਗਦੂਤ ਨਹੀਂ ਕਿਹਾ ਗਿਆ ਹੈ। ਉਹ ਇੱਕ ਖ਼ਾਸ ਸੰਦੇਸ਼ਵਾਹਕ ਜਾਪਦਾ ਹੈ। ਉਸ ਨੇ ਦਾਨੀਏਲ ਦੇ ਦਰਸ਼ਨਾਂ ਦੀ ਵਿਆਖਿਆ ਕੀਤੀ ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਮਸੀਹ ਦੇ ਜਨਮ ਦੀ ਘੋਸ਼ਣਾ ਕੀਤੀ ਸੀ।

## VI. ਸਵਰਗਦੂਤਾਂ ਦਾ ਨਿਵਾਸ ਸਥਾਨ

ਹਾਲਾਂਕਿ ਸਵਰਗਦੂਤ ਧਰਤੀ ਉੱਤੇ ਆਉਂਦੇ ਹਨ ਅਤੇ ਸ਼ਾਇਦ ਉਹ ਤਾਰਿਆਂ ਦੇ ਅਕਾਸ਼ ਵਿੱਚ ਰਹਿੰਦੇ ਹਨ ਜਾਂ ਉੱਥੇ ਆਉਂਦੇ-ਜਾਂਦੇ ਹਨ (ਕਿਉਂਕਿ ਤਾਰਿਆਂ ਅਤੇ ਸਵਰਗਦੂਤਾਂ ਨੂੰ ਇੱਕ ਜੋੜੀ ਦੇ ਰੂਪ ਵਿੱਚ ਦਿਖਾਇਆ ਗਿਆ ਹੈ), ਪਰ ਬਾਈਬਲ ਉਹਨਾਂ ਦੇ ਮੁੱਖ ਨਿਵਾਸ-ਸਥਾਨ ਨੂੰ ਸਵਰਗ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਲੂਕਾ 1:19 ਦੱਸਦਾ ਹੈ ਕਿ "ਮੈਂ ਜਿਬਰਾਏਲ ਹਾਂ ਜਿਹੜਾ ਪਰਮੇਸ਼ਰ ਦੇ ਸਾਹਮਣੇ ਖੜ੍ਹਾ ਰਹਿੰਦਾ ਹਾਂ" (ਲੂਕਾ 15:10 ਵੀ ਦੇਖੋ)। ਇਸ ਸੰਦਰਭ ਵਿੱਚ ਹੋਰ ਵਾਕਾਂਸ਼ ਹਨ: "ਸਵਰਗ ਦੇ ਸਵਰਗਦੂਤ" (ਮੱਤੀ. 22:30) ਅਤੇ "ਸਵਰਗ ਤੋਂ ਕੋਈ ਸਵਰਗਦੂਤ" (ਗਲਾਤੀਆਂ 1:8)।

## VII. ਸਵਰਗਦੂਤਾਂ ਦੇ ਕੰਮ

### A. ਅਤੀਤ ਦੇ ਕੰਮ

ਬੀਤੇ ਸਮੇਂ ਵਿੱਚ ਸਵਰਗਦੂਤਾਂ ਦੁਆਰਾ ਕੀਤੇ ਗਏ ਕੰਮ ਐਨੇ ਜ਼ਿਆਦਾ ਹਨ ਕਿ ਉਹਨਾਂ ਨੂੰ ਵਿਸਤ੍ਰਿਤ ਰੂਪ ਵਿੱਚ ਨਹੀਂ ਦੱਸਿਆ ਜਾ ਸਕਦਾ ਹੈ। ਉਹ ਸ੍ਰਿਸ਼ਟੀ ਦੀ ਸਿਰਜਣਾ ਦੇ ਗਵਾਹ ਹਨ (ਅੱਯੂਬ 38:7)। ਉਹਨਾਂ ਨੇ ਮਿਸਰ ਉੱਤੇ ਬਿਪਤਾ ਲਿਆਉਣ ਵਿੱਚ ਸਹਾਇਤਾ ਕੀਤੀ ਅਤੇ ਬਿਵਸਥਾ ਦੇ ਦਿੱਤੇ ਜਾਣ ਵੇਲੇ ਮੌਜੂਦ ਸਨ (ਜ਼ਬੂਰ 78:43, 49; ਗਲਾਤੀਆਂ 3:19; ਇਬ 2:2)। ਉਹਨਾਂ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਅਤੇ ਮਸੀਹ ਦੇ ਜਨਮ ਦੀ ਘੋਸ਼ਣਾ ਕੀਤੀ ਸੀ (ਲੂਕਾ 1:11-13, 26-37)। ਉਹਨਾਂ ਨੇ ਮਸੀਹ ਦੇ ਪਰਤਾਵੇ ਅਤੇ ਗਥਸਮਨੀ ਵਿੱਚ ਮਸੀਹ ਨੂੰ ਤਾਕਤ ਦਿੱਤੀ (ਮੱਤੀ 4:11; ਲੂਕਾ 22:43)। ਉਹਨਾਂ ਨੇ ਮਸੀਹ ਦੇ ਜੀਅ-ਉੱਠਣ ਦਾ ਐਲਾਨ ਕੀਤਾ (ਮੱਤੀ 28:1-2, 6) ਅਤੇ ਉਹ ਮਸੀਹ ਦੇ ਸਵਰਗ ਜਾਣ ਵੇਲੇ ਮੌਜੂਦ ਸਨ (ਰਸੂਲਾਂ 1:10)।

### B. ਵਰਤਮਾਨ ਦੇ ਕੰਮ

1. ਸਵਰਗਦੂਤ ਵਿਸ਼ਵਾਸੀਆਂ ਦੀ ਰੱਖਿਆ ਕਰਦੇ ਹਨ। ਇਹ ਜਾਣਕਾਰੀ ਨਹੀਂ ਹੈ ਕਿ ਉਹ ਹਰ ਸਮੇਂ ਮੌਜੂਦ ਹੁੰਦੇ ਹਨ ਅਤੇ ਹਰੇਕ ਵਿਸ਼ਵਾਸੀ ਦੇ ਲਈ ਇੱਕ ਖ਼ਾਸ ਸਵਰਗਦੂਤ ਨਿਯੁਕਤ ਕੀਤਾ ਗਿਆ ਹੈ। ਅਸੀਂ ਜਾਣਦੇ ਹਾਂ ਕਿ ਜਦੋਂ ਖ਼ਤਰਾ ਪੈਦਾ ਹੁੰਦਾ ਹੈ ਤਾਂ ਵਿਸ਼ਵਾਸੀਆਂ

ਦੀ ਰੱਖਿਆ ਅਤੇ ਸਹਾਇਤਾ ਕਰਨਾ ਸਵਰਗਦੂਤ ਦਾ ਫਰਜ਼ ਹੁੰਦਾ ਹੈ।

> ਯਹੋਵਾਹ ਦਾ ਦੂਤ **ਉਸ ਤੋਂ ਸਾਰੇ ਡਰਨ ਵਾਲਿਆ ਦੇ ਦੁਆਲੇ ਡੇਰਾ ਲਾਉਂਦਾ ਹੈ**, ਅਤੇ ਉਨ੍ਹਾਂ ਨੂੰ ਛੁਟਕਾਰਾ ਦਿੰਦਾ ਹੈ। [ਜ਼ਬੂਰ 34:7]
>
> ਉਹ ਤਾਂ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਕਿ **ਤੇਰਿਆਂ ਸਾਰਿਆਂ ਰਾਹਾਂ ਵਿੱਚ ਤੇਰੀ ਰੱਖਿਆ ਕਰਨ।** ਓਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ, ਮਤੇ ਪੱਥਰ ਨਾਲ ਤੇਰੇ ਪੈਰ ਨੂੰ ਸੱਟ ਲੱਗੇ। [ਜ਼ਬੂਰ 91:11-12]
>
> "ਤੁਸੀਂ ਇਹਨਾਂ ਛੋਟਿਆਂ ਵਿੱਚੋਂ ਕਿਸੇ ਨੂੰ ਤੁੱਛ ਨਾ ਸਮਝਣਾ ਕਿਉਂਕਿ ਮੈਂ ਤੁਹਾਨੂੰ ਦੱਸਦਾ ਹਾਂ ਕਿ **ਇਹਨਾਂ ਦੇ ਸਵਰਗਦੂਤ ਸਵਰਗ ਵਿੱਚ** ਮੇਰੇ ਪਿਤਾ ਦੇ ਦਰਸ਼ਨ ਹਮੇਸ਼ਾ ਕਰਦੇ ਰਹਿੰਦੇ ਹਨ।" [ਮੱਤੀ 18:10]
>
> ਇਸ ਤਰ੍ਹਾਂ ਇਹ ਸਾਰੇ ਸਵਰਗਦੂਤ ਪਰਮੇਸ਼ਰ ਦੀਆਂ ਸੇਵਕ ਆਤਮਾਵਾਂ ਹਨ ਜੋ **ਉਹਨਾਂ ਲੋਕਾਂ ਦੀ ਮਦਦ ਦੇ ਲਈ ਭੇਜੀਆਂ ਜਾਂਦੀਆਂ ਹਨ, ਜੋ ਮੁਕਤੀ ਪ੍ਰਾਪਤ ਕਰਨਗੇ।** [ਇਬ 1:14]

2. ਸਵਰਗਦੂਤ ਸ਼ਾਇਦ ਪ੍ਰਾਰਥਨਾ ਦੇ ਲਈ ਪਰਮੇਸ਼ਰ ਦੇ ਜਵਾਬਾਂ ਵਿੱਚ ਸਹਾਇਤਾ ਕਰਦੇ ਹਨ। ਇਸ ਨੂੰ ਦਾਨੀਏਲ ਦੇ ਜੀਵਨ ਤੋਂ ਦੇਖਿਆ ਜਾ ਸਕਦਾ ਹੈ। ਇੱਕ ਪ੍ਰਾਣੀ ਜਿਹੜਾ ਦਾਨੀਏਲ ਦੀ ਪ੍ਰਾਰਥਨਾ ਦਾ ਜਵਾਬ ਦੇਣ ਦੇ ਲਈ ਭੇਜਿਆ ਗਿਆ ਸੀ, ਦਾਨੀ 10:13 ਵਿੱਚ, ਆਪਣੇ ਇੱਕ ਸਾਥੀ ਦੇ ਰੂਪ ਵਿੱਚ ਮੀਕਾਏਲ ਦਾ ਜ਼ਿਕਰ ਕਰਦਾ ਹੈ। ਇਸ ਲਈ, ਇਹ ਮੰਨਣਾ ਸਹੀ ਹੋਵੇਗਾ ਕਿ ਪਰਮੇਸ਼ਰ ਅੱਜ ਵੀ ਇਸੇ ਤਰ੍ਹਾਂ ਕੰਮ ਕਰਦੇ ਹਨ।

> "**ਜਿਸ ਵੇਲੇ ਤੂੰ ਬੇਨਤੀ ਕਰਨ ਲੱਗਾ ਉਸ ਵੇਲੇ ਇਹ ਆਗਿਆ ਨਿੱਕਲੀ ਅਤੇ ਮੈਂ ਆਇਆ ਜੋ ਤੈਨੂੰ ਵਿਖਾਵਾਂ** ਕਿਉਂ ਜੋ ਤੂੰ ਵੱਡਾ ਪਿਆਰਾ ਹੈਂ..." [ਦਾਨੀ 9:23]
>
> ਤਦ ਉਸ ਨੇ ਮੈਨੂੰ ਆਖਿਆ, ਹੇ ਦਾਨੀਏਲ, ਨਾ ਡਰ ਕਿਉਂ ਜੋ ਪਹਿਲੇ ਹੀ ਦਿਨ ਤੋਂ ਜਦ ਤੂੰ ਆਪਣਾ ਮਨ ਸਮਝਣ ਲਈ ਅਤੇ ਆਪਣੇ ਪਰਮੇਸ਼ਰ ਦੇ ਅੱਗੇ ਅਧੀਨਗੀ ਕਰਨ ਲਈ ਲਾਇਆ, **ਸੋ ਤੇਰੀਆਂ ਗੱਲਾਂ ਸੁਣੀਆਂ ਗਈਆਂ ਅਤੇ ਤੇਰੀਆਂ ਗੱਲਾਂ ਦੇ ਲਈ ਹੀ ਮੈਂ ਆਇਆ ਹਾਂ**। [ਦਾਨੀ 10:12]

3. ਸਵਰਗਦੂਤਾਂ ਦਾ ਇੱਕ ਕੰਮ ਆਤਮਾਵਾਂ ਨੂੰ ਸਵਰਗ ਵਿੱਚ ਲੈ ਕੇ ਜਾਣਾ ਹੈ। ਅਮੀਰ ਆਦਮੀ ਅਤੇ ਲਾਜ਼ਰ ਦੀ ਕਹਾਣੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਵਰਗਦੂਤ ਵਿਸ਼ਵਾਸੀਆਂ ਦੀਆਂ ਆਤਮਾਵਾਂ ਨੂੰ ਸਵਰਗ ਵਿੱਚ ਲੈ ਜਾਂਦੇ ਹਨ।

> "ਇੱਕ ਦਿਨ ਉਹ ਗ਼ਰੀਬ ਆਦਮੀ ਮਰ ਗਿਆ। ਉਸ ਨੂੰ ਸਵਰਗਦੂਤਾਂ ਨੇ ਲੈ ਜਾ ਕੇ ਸਵਰਗ ਵਿੱਚ ਅਬਰਾਹਾਮ ਦੀ ਗੋਦ ਵਿੱਚ ਪਹੁੰਚਾ ਦਿੱਤਾ।..." [ਲੂਕਾ 16:22]

4. ਸਵਰਗਦੂਤਾਂ ਦਾ ਇੱਕ ਹੋਰ ਕੰਮ ਨਾਗਰਿਕ ਪ੍ਰਸ਼ਾਸਨ ਵਿੱਚ ਸ਼ਾਮਲ ਰਹਿਣਾ ਹੈ। ਅਜਿਹਾ ਲੱਗਦਾ ਹੈ ਕਿ ਚੁਣੇ ਹੋਏ ਸਵਰਗਦੂਤਾਂ ਅਤੇ ਦੁਸ਼ਟ ਦੂਤਾਂ ਦੋਵਾਂ ਦੇ ਵਿਚਕਾਰ ਅਜਿਹੇ ਸਦੱਸ ਹਨ ਜਿਹਨਾਂ ਨੂੰ ਸੰਸਾਰ ਦੇ ਰਾਜਾਂ ਨੂੰ ਪ੍ਰਭਾਵਿਤ ਕਰਨ ਦੇ ਲਈ ਨਿਯੁਕਤ ਕੀਤਾ ਗਿਆ ਹੈ। ਦਾਨੀਏਲ 10:13 ਅਤੇ 20 "ਫ਼ਾਰਸ ਦੇ ਰਾਜ ਦੇ ਦੁਸ਼ਟ ਪ੍ਰਧਾਨ" ਅਤੇ "ਯੂਨਾਨ ਦੇ ਦੁਸ਼ਟ ਪ੍ਰਧਾਨ" ਦਾ ਜ਼ਿਕਰ ਕਰਦਾ ਹੈ। ਮੀਕਾਏਲ ਇਸਰਾਏਲ ਨੂੰ ਦਿੱਤਾ ਗਿਆ ਪਵਿੱਤਰ ਸਵਰਗਦੂਤ ਹੈ (ਦਾਨੀਏਲ 10:21; 12:1)।

### C. ਭਵਿੱਖ ਦੇ ਕੰਮ

ਸਵਰਗਦੂਤ ਸੰਤਾਂ ਦੇ ਸਵਰਗ ਵਿੱਚ ਉਠਾਏ ਜਾਣ (ਰੈਪਚਰ) ਵਿੱਚ ਸ਼ਾਮਲ ਹੋਣਗੇ (1 ਥੱਸਲੁ 4:16)। ਉਹਨਾਂ ਦਾ ਨਿਆਂ ਮਨੁੱਖਾਂ ਦੁਆਰਾ ਕੀਤਾ ਜਾਵੇਗਾ (1 ਕੁਰਿੰਥ 6:3)। ਉਹ ਬਿਪਤਾ ਦੇ ਸਮੇਂ ਵਿੱਚ ਪਰਮੇਸ਼ਰ ਦੇ ਨਿਆਂ ਨੂੰ ਲਾਗੂ ਕਰਨ ਵਿੱਚ ਸ਼ਾਮਲ ਹੋਣਗੇ (ਪ੍ਰਕਾਸ਼ 8:2ff.; 16:1ff.)। ਸਵਰਗਦੂਤਾਂ ਦੀ ਸੈਨਾਂ ਅਰਮਾਗਿੱਦੋਨ ਦੀ ਲੜਾਈ ਵਿੱਚ ਸਹਾਇਤਾ ਕਰੇਗੀ (ਪ੍ਰਕਾਸ਼ 14:18-19), ਉਹ ਮਸੀਹ ਦੇ ਨਾਲ ਵਾਪਸ ਆਉਣਗੇ ਅਤੇ ਨਿਆਂ ਦੇ ਲਈ ਸੰਸਾਰ ਦੇ ਲੋਕਾਂ ਨੂੰ ਇਕੱਠਾ ਕਰਨਗੇ (ਮੱਤੀ 24:31; 25:31)। ਬਾਈਬਲ ਦੇ ਅੰਤ ਵਿੱਚ, ਯੂਹੰਨਾ ਇੱਕ ਅਜਿਹੇ ਸਵਰਗਦੂਤ ਬਾਰੇ ਲਿਖਦਾ ਹੈ ਜੋ ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਬੰਨ੍ਹਦਾ ਹੈ (ਪ੍ਰਕਾਸ਼ 20:1-2)।

ਅਧਿਆਇ 4

# ਸ਼ੈਤਾਨ ਦਾ ਸਿਧਾਂਤ

**ਰੂਪ-ਰੇਖਾ**


I. ਸ਼ੈਤਾਨ ਦੀ ਮੌਜੂਦਗੀ **40**

II. ਸ਼ੈਤਾਨ ਦਾ ਵਿਅਕਤੀਤਵ

A. ਵਿਅਕਤੀਤਵ ਦੇ ਤੱਤ

B. ਨਿੱਜੀ ਸਰਵਨਾਮ

C. ਨੈਤਿਕ ਜਵਾਬਦੇਹੀ

III. ਸ਼ੈਤਾਨ ਦੇ ਨਾਮ ਅਤੇ ਸਿਰਲੇਖ

A. ਲੂਸੀਫਰ

B. ਸ਼ੈਤਾਨ

C. ਇਬਲੀਸ/ਸ਼ੈਤਾਨ **41**

1. ਡੀਆਬੋਲੋਸ ਦੀ ਵਰਤੋਂ

2. ਡੀਆਬੋਲੋਸ ਸ਼ਬਦ ਦੀ ਸ਼ੁਰੂਆਤ

D. ਪੁਰਾਣਾ ਸੱਪ

E. ਵਿਨਾਸ਼ਕ

F. ਵੱਡਾ ਅਜਗਰ

G. ਦੁਸ਼ਟ

H. ਬਲਿਆਲ **42**

I. ਮਸਹ ਕੀਤਾ ਹੋਇਆ ਕਰੂਬ

J. ਸੰਸਾਰ ਦਾ ਹਾਕਮ

K. ਅਕਾਸ਼ੀ ਸ਼ਕਤੀਆਂ ਦਾ ਅਧਿਕਾਰੀ

L. ਇਸ ਯੁੱਗ ਜਾਂ ਸੰਸਾਰ ਦਾ ਦੇਵਤਾ

M. ਬਾਲਜ਼ਬੂਲ

N. ਪਰਤਾਉਣ ਵਾਲਾ **43**

O. ਭਰਾਵਾਂ ਉੱਤੇ ਦੋਸ਼ ਲਗਾਉਣ ਵਾਲਾ

IV. ਸ਼ੈਤਾਨ ਦੀ ਸ਼ੁਰੂਆਤ, ਮੂਲ ਅਵਸਥਾ ਅਤੇ ਪਹਿਲਾ ਪਾਪ

A. ਸ਼ੈਤਾਨ ਦੀ ਮੂਲ ਅਵਸਥਾ

B. ਸ਼ੈਤਾਨ ਦੇ ਪਹਿਲੇ ਪਾਪ ਦਾ ਚਰਿੱਤਰ **44**

C. ਸ਼ੈਤਾਨ ਦੇ ਪਹਿਲੇ ਪਾਪ ਦੇ ਨਤੀਜੇ **45**

D. ਸਵਰਗਦੂਤਾਂ ਦੇ ਲਈ ਇਸ ਦੇ ਨਤੀਜੇ

E. ਸ਼ੈਤਾਨ ਦੇ ਪਹਿਲੇ ਪਾਪ ਦਾ ਸਮਾਂ

V. ਸ਼ੈਤਾਨ ਦੇ ਕੰਮ

A. ਸ਼ੈਤਾਨ ਦੇ ਅਤੀਤ ਦੇ ਕੰਮ

1. ਆਦਮ ਅਤੇ ਹੱਵਾਹ ਨੂੰ ਝੂਠ ਬੋਲਿਆ

2. ਮਨੁੱਖਜਾਤੀ ਨੂੰ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਕੀਤੀ

3. ਅੱਯੂਬ ਨੂੰ ਦੁੱਖ ਦਿੱਤਾ

4. ਮੀਕਾਏਲ ਨਾਲ ਲੜਾਈ ਕੀਤੀ

5. ਇਸਰਾਏਲ ਦੇ ਵਿਰੁੱਧ ਉੱਠਿਆ (ਦਾਊਦ ਨੂੰ ਉਕਸਾਇਆ)

6. ਯਹੋਸ਼ੁਆ ਉੱਤੇ ਦੋਸ਼ ਲਾਇਆ

7. ਮਸੀਹ ਨੂੰ ਪਰਤਾਇਆ

8. ਪਤਰਸ ਨੂੰ ਪਰਖਿਆ ਅਤੇ ਯਹੂਦਾ ਨੂੰ ਆਪਣੇ ਅਧੀਨ ਕੀਤਾ

9. ਪੌਲੁਸ ਨੂੰ ਰੋਕਿਆ

10. ਹਨਾਨਿਯਾ ਅਤੇ ਸਫ਼ੀਰਾ ਨੂੰ ਝੂਠ ਬੋਲਣ ਲਈ ਪ੍ਰਭਾਵਿਤ ਕੀਤਾ

B. ਸ਼ੈਤਾਨ ਦੇ ਮੌਜੂਦਾ ਕੰਮ **46**

1. ਅਵਿਸ਼ਵਾਸੀਆਂ ਨੂੰ ਅੰਨ੍ਹਾ ਕਰ ਦਿੰਦਾ ਹੈ

a. ਨਕਲੀ ਧਰਮਾਂ ਰਾਹੀਂ

(1) ਝੂਠੇ ਸਿਧਾਂਤਾਂ ਦੁਆਰਾ

(2) ਝੂਠੀਆਂ ਸੇਵਕਾਈਆਂ ਦੁਆਰਾ

(3) ਝੂਠੇ ਮਸੀਹ ਦੁਆਰਾ

(4) ਝੂਠੇ ਭਗਤਾਂ ਦੁਆਰਾ

(5) ਝੂਠੇ ਸ਼ੁਭ-ਸਮਾਚਾਰ ਦੁਆਰਾ **47**

(6) ਝੂਠੇ ਚਮਤਕਾਰਾਂ ਦੁਆਰਾ

b. ਮਸੀਹੀ ਲੋਕਾਂ ਦੇ ਵਿਰੋਧੀਆਂ ਦੁਆਰਾ

(1) ਪਦਾਰਥਵਾਦ

(2) ਭੋਗ ਵਿਲਾਸ

(3) ਆਤਮਾਵਾਂ ਦੁਆਰਾ

(a) ਸ਼ੈਤਾਨ ਦੀ ਪੂਜਾ

(b) ਮੂਰਤੀ ਪੂਜਾ

(c) ਖ਼ੁਦ ਦੀ ਪੂਜਾ, ਮਨੁੱਖਤਾਵਾਦ

2. ਸ਼ੈਤਾਨ ਪਰਮੇਸ਼ਰ ਦੇ ਲੋਕਾਂ ਦਾ ਵਿਰੋਧ ਕਰਦਾ ਹੈ **48**

a. ਪਰਤਾਵਿਆਂ ਰਾਹੀਂ

(1) ਪਦਾਰਥਵਾਦ ਦਾ ਪਰਤਾਵਾ

(2) ਅਨੈਤਿਕਤਾ ਦਾ ਪਰਤਾਵਾ

(3) ਹੰਕਾਰ ਦਾ ਪਰਤਾਵਾ

(4) ਝੂਠ ਦਾ ਪਰਤਾਵਾ

(5) ਸ਼ੱਕ ਦਾ ਪਰਤਾਵਾ

b. ਫੁੱਟ ਪੈਦਾ ਕਰਕੇ

c. ਵਿਸ਼ਵਾਸੀਆਂ ਉੱਤੇ ਦੋਸ਼ ਲਾ ਕੇ **49**

d. ਆਗੂਆਂ ਨੂੰ ਤਬਾਹ ਕਰਕੇ

e. ਕਲੀਸਿਯਾ ਵਿੱਚ ਅਵਿਸ਼ਵਾਸੀਆਂ ਨੂੰ ਮਿਲਾ ਕੇ

f. ਸਰੀਰਕ ਸਮੱਸਿਆਵਾਂ ਪੈਦਾ ਕਰਕੇ

g. ਸਰਕਾਰਾਂ ਅਤੇ ਅਤਿਆਚਾਰਾਂ ਰਾਹੀਂ

h. ਕਈ ਤਰੀਕਿਆਂ ਨਾਲ: ਝੂਠ, ਝੂਠੇ ਚਮਤਕਾਰ

C. ਸ਼ੈਤਾਨ ਦੇ ਭਵਿੱਖ ਦੇ ਕੰਮ

# ਸ਼ੈਤਾਨ ਦਾ ਸਿਧਾਂਤ

## I. ਸ਼ੈਤਾਨ ਦੀ ਮੌਜੂਦਗੀ

ਪੁਰਾਣੇ ਨੇਮ ਵਿੱਚ ਸ਼ੈਤਾਨ ਉੱਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਗਿਆ ਹੈ, ਹਾਲਾਂਕਿ ਉਸ ਦੀ ਮੌਜੂਦਗੀ ਦੀ ਪੁਸ਼ਟੀ ਕਰਨ ਦੇ ਲਈ ਇਸ ਵਿੱਚ ਕਾਫ਼ੀ ਸਮੱਗਰੀ ਹੈ। ਇਬਰਾਨੀ ਵਿੱਚ ਸ਼ੈਤਾਨ ਨਾਲ ਮੇਲ ਖਾਂਦਾ ਕੋਈ ਸ਼ਬਦ ਨਹੀਂ ਹੈ। ਸ਼ੈਤਾਨ ਉਹ ਸ਼ਬਦ ਹੈ ਜੋ ਪੁਰਾਣੇ ਨੇਮ ਦੇ 3 ਹਵਾਲਿਆਂ ਵਿੱਚ ਪਰਮੇਸ਼ਰ ਦੇ ਦੁਸ਼ਟ ਵਿਰੋਧੀ ਦੇ ਲਈ 16 ਵਾਰ ਵਰਤਿਆ ਗਿਆ ਹੈ (1 ਇਤਿਹਾਸ 21:1; ਅੱਯੂਬ 1-2; ਜ਼ਕਰ 3)। ਉਤਪਤ 3 ਦੇ ਸੱਪ ਨੂੰ ਪੁਰਾਣੇ ਨੇਮ ਵਿੱਚ ਸ਼ੈਤਾਨ ਨਹੀਂ ਕਿਹਾ ਗਿਆ ਹੈ, ਪਰ ਪ੍ਰਕਾਸ਼ 12:9 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਤਪਤ ਦਾ ਸੱਪ ਸ਼ੈਤਾਨ ਹੀ ਹੈ। ਨਵਾਂ ਨੇਮ ਸ਼ੈਤਾਨ ਦੀ ਮੌਜੂਦਗੀ ਉੱਤੇ ਜ਼ਿਆਦਾ ਜ਼ੋਰ ਦਿੰਦਾ ਹੈ। ਨਵੇਂ ਨੇਮ ਦਾ ਹਰ ਲੇਖਕ "ਇਬਲੀਸ" ਜਾਂ "ਸ਼ੈਤਾਨ" ਦਾ ਹਵਾਲਾ ਦਿੰਦਾ ਹੈ। 27 ਵਿੱਚੋਂ 19 ਪੁਸਤਕਾਂ ਸ਼ੈਤਾਨ ਦਾ ਕਿਸੇ ਨਾ ਕਿਸੇ ਨਾਮ ਨਾਲ ਜ਼ਿਕਰ ਕਰਦੀਆਂ ਹਨ। 27 ਵਿੱਚੋਂ 23 ਜਾਂ ਤਾਂ ਸ਼ੈਤਾਨ ਜਾਂ ਦੁਸ਼ਟ ਆਤਮਾਵਾਂ ਦਾ ਜ਼ਿਕਰ ਕਰਦੀਆਂ ਹਨ। ਮਸੀਹ ਨੇ ਸ਼ੈਤਾਨ ਦਾ 25 ਵਾਰ ਜ਼ਿਕਰ ਕੀਤਾ ਹੈ।[1] ਜਿਹੜੇ ਬਾਈਬਲ ਅਤੇ ਮਸੀਹ ਦੇ ਅਧਿਕਾਰ ਦਾ ਆਦਰ ਕਰਦੇ ਹਨ, ਉਹਨਾਂ ਦੇ ਲਈ ਸ਼ੈਤਾਨ ਦਾ ਮੁੱਦਾ ਪੂਰੀ ਤਰ੍ਹਾਂ ਨਾਲ ਸਪੱਸ਼ਟ ਹੈ।

## II. ਸ਼ੈਤਾਨ ਦਾ ਵਿਅਕਤੀਤਵ

ਕੁਝ ਲੋਕ ਸੋਚਦੇ ਹਨ ਕਿ "ਸ਼ੈਤਾਨ" ਇੱਕ ਵਿਅਕਤੀਗਤ ਪ੍ਰਾਣੀ ਨਾ ਹੋ ਕੇ ਕੋਈ ਸ਼ਕਤੀ ਜਾਂ ਪ੍ਰਭਾਵ ਹੈ। ਅਕਸਰ ਇਹ ਮੰਨਿਆ ਜਾਂਦਾ ਹੈ ਕਿ ਸ਼ੈਤਾਨ ਸਿਰਫ਼ ਬੁਰਾਈ ਜਾਂ ਪਰਤਾਵੇ ਦਾ ਦੂਜਾ ਨਾਮ ਹੈ। ਬਾਈਬਲ ਇਹ ਸਿਖਾਉਂਦੀ ਹੈ ਕਿ ਸ਼ੈਤਾਨ ਇੱਕ ਵਿਅਕਤੀਗਤ ਪ੍ਰਾਣੀ ਹੈ।

### A. ਵਿਅਕਤੀਤਵ ਦੇ ਤੱਤ

ਸ਼ੈਤਾਨ ਕੋਲ ਬੁੱਧ ਹੈ। ਉਹ ਸਿਆਣਪ ਨਾਲ ਭਰਪੂਰ ਹੈ (ਹਿਜ਼ਕੀ 28:12,17)। ਉਹ ਚਾਲਾਂ ਚਲਾਉਂਦਾ ਹੈ ਅਤੇ ਧੋਖਾ ਦਿੰਦਾ ਹੈ (ਉਤ 3:1ff.; 2 ਕੁਰਿੰਥ 11:3; ਪ੍ਰਕਾਸ਼ 12:9)। ਸ਼ੈਤਾਨ ਵਿੱਚ ਭਾਵਨਾਵਾਂ ਹੁੰਦੀਆਂ ਹਨ। ਜਦੋਂ ਉਸ ਦਾ ਸਮਾਂ ਥੋੜ੍ਹਾ ਰਹਿ ਜਾਵੇਗਾ, ਤਾਂ ਉਹ "ਗੁੱਸੇ" ਨਾਲ ਭਰ ਜਾਵੇਗਾ (ਪ੍ਰਕਾਸ਼ 12:12)। ਸ਼ੈਤਾਨ ਕੋਲ ਇੱਛਾ ਹੁੰਦੀ ਹੈ। ਪਰਤਾਉਣ ਵਾਲਾ ਹੋਣ ਦੇ ਨਾਤੇ, ਉਹ ਸਾਡੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦਾ ਹੈ (ਜਿਵੇਂ ਕਿ., ਲੂਕਾ 4:3, 9)। ਉਹ ਪਰਮੇਸ਼ਰ ਦਾ ਵਿਰੋਧ ਕਰਨ ਵਿੱਚ ਬਹੁਤ ਦ੍ਰਿੜ੍ਹ ਅਤੇ ਜ਼ਿੱਦੀ ਹੋਵੇਗਾ ਹਾਲਾਂਕਿ ਉਹ ਜਾਣਦਾ ਹੈ ਕਿ ਉਸ ਦਾ ਇਹ ਕੰਮ ਵਿਅਰਥ ਹੈ (ਪ੍ਰਕਾਸ਼ 20:7-9)।

[1] ਸੀ. ਫ੍ਰੈਡ ਡਿਕਸਨ, *ਐਂਜਲਸ ਇਲੈਕਟ ਐਂਡ ਈਵਿਲ* (ਸ਼ਿਕਾਗੋ: ਮੂਡੀ ਪ੍ਰੈਸ, 1975) 116.

### B. ਨਿੱਜੀ ਸਰਵਨਾਮ

ਬਾਈਬਲ ਸ਼ੈਤਾਨ ਦਾ ਜ਼ਿਕਰ ਕਰਨ ਦੇ ਲਈ ਨਿੱਜੀ ਸਰਵਨਾਵ ਦੀ ਵਰਤੋਂ ਕਰਦੀ ਹੈ (ਮੱਤੀ 4:10; ਯੂਹੰਨਾ 8:44; 2 ਕੁਰਿੰਥ 11:14-15)।

### C. ਨੈਤਿਕ ਜਵਾਬਦੇਹੀ

ਬੇਜਾਨ ਚੀਜ਼ਾਂ ਦੀ ਕੋਈ ਨੈਤਿਕ ਜਵਾਬਦੇਹੀ ਨਹੀਂ ਹੁੰਦੀ ਹੈ, ਪਰ ਸ਼ੈਤਾਨ ਨੂੰ ਸਜ਼ਾ ਦਿੱਤੀ ਜਾਵੇਗੀ (ਮੱਤੀ 25:41; ਯੂਹੰਨਾ 12:31; 16:11)।

## III. ਸ਼ੈਤਾਨ ਦੇ ਨਾਮ ਅਤੇ ਸਿਰਲੇਖ

### A. ਲੂਸੀਫਰ (ਯਸਾ 14:12-14)

ਇਹ ਇਬਰਾਨੀ ਸ਼ਬਦ *ਹੇਲੇਲ* ਦਾ ਕਿੰਗ ਜੇਮਜ਼ ਵਰਜ਼ਨ ਦਾ ਅਨੁਵਾਦ ਹੈ, ਜਿਸ ਦਾ ਅਰਥ "ਚਮਕਣ ਵਾਲਾ", "ਸਵੇਰ ਦਾ ਪੁੱਤਰ", ਜਾਂ "ਦਿਨ ਦਾ ਤਾਰਾ" ਹੈ। ਯਸਾਯਾਹ 14 ਸ਼ਾਇਦ ਸ਼ੈਤਾਨ ਦੇ ਸੰਬੰਧ ਵਿੱਚ ਗੱਲ ਕਰਦਾ ਹੈ (ਹਾਲਾਂਕਿ ਇਹ ਵਿਵਾਦਪੂਰਨ ਹੈ)। ਜੇਕਰ ਯਸਾਯਾਹ 14 ਸ਼ੈਤਾਨ ਦਾ ਹਵਾਲਾ ਹੈ, ਤਾਂ "ਚਮਕਣ ਵਾਲਾ" ਨਾਮ ਸ਼ੈਤਾਨ ਦੀ ਮੂਲ ਮਹਿਮਾ ਅਤੇ ਮਹਾਨਤਾ ਦੀ ਗੱਲ ਕਰਦਾ ਹੈ। ਭਾਵੇਂ ਯਸਾਯਾਹ 14 ਬਾਬਲ ਦੇ ਰਾਜੇ ਦੇ ਪਿੱਛੇ ਸ਼ੈਤਾਨ ਦੀ ਸ਼ਕਤੀ ਨੂੰ ਕੰਮ ਕਰਨ ਵਾਲਾ ਨਾ ਵੀ ਕਹਿੰਦਾ ਹੋਵੇ, ਫਿਰ ਵੀ ਪੌਲੁਸ 2 ਕੁਰਿੰਥ 11:14 ਵਿੱਚ ਇਹ ਸਿਖਾਉਂਦਾ ਹੈ ਕਿ ਸ਼ੈਤਾਨ "ਚਮਕਣ ਵਾਲਾ" ਹੈ।

> "ਤੂੰ ਅਕਾਸ਼ ਤੋਂ ਕਿਵੇਂ ਡਿੱਗ ਪਿਆ, ਹੇ ਦਿਨ ਦੇ ਤਾਰੇ..." [ਯਸਾ 14:12 ]

### B. ਸ਼ੈਤਾਨ

*ਸ਼ੈਤਾਨ* ਇੱਕ ਇਬਰਾਨੀ ਸ਼ਬਦ ਹੈ ਜਿਸ ਦਾ ਅਰਥ "ਵਿਰੋਧ ਕਰਨਾ, ਵਿਰੋਧੀ ਬਣਨਾ, ਤਰੱਕੀ ਨੂੰ ਰੋਕਣਾ" ਹੁੰਦਾ ਹੈ। ਪੁਰਾਣੇ ਨੇਮ ਵਿੱਚ ਇਹ ਸ਼ਬਦ ਕੁੱਲ 25 ਵਾਰ ਵਰਤਿਆ ਗਿਆ ਹੈ (ਇਹਨਾਂ ਵਿੱਚੋਂ 16 ਵਾਰ ਇਹ ਸ਼ੈਤਾਨ ਦੇ ਲਈ ਵਰਤਿਆ ਗਿਆ ਹੈ) ਅਤੇ ਨਵੇਂ ਨੇਮ ਵਿੱਚ 36 ਵਾਰ ਵਰਤਿਆ ਗਿਆ ਹੈ।[2] ਉਹ ਵਚਨ ਜੋ *ਸ਼ੈਤਾਨ* ਸ਼ਬਦ ਨੂੰ "ਵਿਰੋਧ" ਦੇ ਮੂਲ ਅਰਥ ਵਿੱਚ ਵਰਤਦੇ ਹਨ, ਉਹ ਸ਼ੈਤਾਨ ਦੇ ਚਰਿੱਤਰ ਦੀ ਸਮਝ ਪ੍ਰਦਾਨ ਕਰਦੇ ਹਨ।

> ਅਤੇ ਉਸ ਦੇ ਜਾਣ ਦੇ ਕਾਰਨ ਪਰਮੇਸ਼ਰ ਦਾ ਕ੍ਰੋਧ ਭੜਕ ਉੱਠਿਆ ਅਤੇ ਯਹੋਵਾਹ ਦਾ ਦੂਤ ਉਸ [ਬਿਲਆਮ] ਦਾ **ਵਿਰੋਧ ਕਰਨ** [ਇਬਰਾਨੀ ਵਿੱਚ ਸ਼ੈਤਾਨ] ਲਈ ਉਸ ਦੇ ਰਸਤੇ ਵਿੱਚ ਖੜ੍ਹਾ ਹੋਇਆ। [ਗਿਣਤੀ 22:22; 32 ਵੀ ਦੇਖੋ]
>
> "...ਕੀ ਜਾਈਏ ਜੋ ਉਹ [ਦਾਊਦ] ਲੜਾਈ ਵੇਲੇ ਸਾਡੇ ਨਾਲ **ਵੈਰ ਕਰੇ** [ਇਬਰਾਨੀ ਵਿੱਚ ਸ਼ੈਤਾਨ]..."[1 ਸਮੂਏਲ 29:4]

[2] ਇਸ ਵਿੱਚ ਜ਼ਬੂਰ 109:6 ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ।

…ਸ਼ੈਤਾਨ ਉਸ ਨਾਲ **ਵਿਰੋਧ ਕਰਨ** [ਇਬਰਾਨੀ ਵਿੱਚ ਸ਼ੈਤਾਨ] ਦੇ ਲਈ ਉਸ ਦੇ ਸੱਜੇ ਪਾਸੇ ਖੜ੍ਹਾ ਹੈ [ਜ਼ਕਰ 3:1]

### C. ਇਬਲੀਸ/ਸ਼ੈਤਾਨ

ਸ਼ਬਦ ਇਬਲੀਸ ਪੁਰਾਣੇ ਨੇਮ ਵਿੱਚ ਨਹੀਂ ਹੈ। ਇਬਲੀਸ/ਸ਼ੈਤਾਨ/ਦੁਸ਼ਟ ਪੂਰੀ ਤਰ੍ਹਾਂ ਨਵੇਂ ਨੇਮ ਦਾ ਸ਼ਬਦ ਹੈ ਜੋ 38 ਵਾਰ ਆਉਂਦਾ ਹੈ ਅਤੇ 35 ਵਾਰ ਕਿਸੇ ਵਿਅਕਤੀ ਬਾਰੇ ਗੱਲ ਕਰਦਾ ਹੈ। ਪ੍ਰਕਾਸ਼ 12:9 ਇੱਕ ਸਪੱਸ਼ਟ ਰੂਪ ਵਿੱਚ ਇਬਲੀਸ ਨੂੰ ਸ਼ੈਤਾਨ ਦੱਸਦਾ ਹੈ, ਜਿਵੇਂ ਕਿ ਮੱਤੀ 4:1-11, ਮਰਕੁਸ 4:15 ਅਤੇ ਲੂਕਾ 8:12 ਦੱਸਦੇ ਹਨ। ਯੂਨਾਨੀ ਸ਼ਬਦ *ਡੀਆਬੋਲੋਸ* ਤੋਂ "ਸ਼ੈਤਾਨ" ਸ਼ਬਦ ਲਿਆ ਗਿਆ ਹੈ। ਇਬਲੀਸ ਦਾ ਅਰਥ "ਨਿੰਦਿਆ ਕਰਨਾ ਵਾਲਾ" ਜਾਂ "ਦੋਸ਼ ਲਗਾਉਣ ਵਾਲਾ" ਹੈ। ਪ੍ਰਕਾਸ਼ 12:10 ਵਿੱਚ ਸ਼ੈਤਾਨ ਨੂੰ "ਭਰਾਵਾਂ ਉੱਤੇ ਦੋਸ਼ ਲਗਾਉਣ ਵਾਲਾ" ਕਿਹਾ ਗਿਆ ਹੈ। *ਡੀਆਬੋਲੋਸ* ਦਾ ਮੂਲ ਅਰਥ ਸ਼ੈਤਾਨ ਦੇ ਚਰਿੱਤਰ ਦੀ ਇੱਕ ਸਮਝ ਪ੍ਰਦਾਨ ਕਰਦਾ ਹੈ।

#### 1. *ਡੀਆਬੋਲੋਸ ਦੀ ਵਰਤੋਂ*

…ਉਹ **ਦੋਸ਼ ਲਾਉਣ** ਵਾਲੀਆਂ ਨਾ ਹੋਣ (ਯੂਨਾਨੀ ਸ਼ਬਦ ਡੀਆਬੋਲੋਸ ਹੈ)…[1 ਤਿਮੋਥਿ 3:11]

… ਅੰਤਿਮ ਸਮੇਂ ਵਿੱਚ ਸੰਕਟ ਭਰੇ ਦਿਨ ਆਉਣਗੇ। ਲੋਕ **ਦੋਸ਼ ਲਾਉਣ** ਵਾਲੇ (ਯੂਨਾਨੀ ਸ਼ਬਦ ਡੀਆਬੋਲੋਸ ਹੈ)…[2 ਤਿਮੋਥਿ 3:1-3]

ਇਸੇ ਤਰ੍ਹਾਂ ਬਜ਼ੁਰਗ ਔਰਤਾਂ ਦਾ ਆਚਰਨ ਪਵਿੱਤਰ ਹੋਵੇ। ਉਹ ਦੂਜਿਆਂ ਦੀ ਨਿੰਦਾ ਕਰਨ ਵਾਲੀਆਂ ਨਾ ਹੋਣ (ਯੂਨਾਨੀ ਸ਼ਬਦ ਡੀਆਬੋਲੋਸ ਹੈ)…[ਤੀਤੁਸ 2:3]

#### 2. *ਡੀਆਬੋਲੋਸ* ਸ਼ਬਦ ਦੀ ਸ਼ੁਰੂਆਤ

*ਡੀਆ* ਦਾ ਅਰਥ " ਵਿੱਚੋਂ ਜਾਂ ਦੁਆਰਾ" ਹੁੰਦਾ ਹੈ, ਜਿਵੇਂ ਕਿ "ਡਾਇਐਮਟਰ" ਵਿੱਚ, ਜੋ ਇੱਕ ਚੱਕਰ ਦੇ ਕੇਂਦਰ ਵਿੱਚੋਂ ਲੰਘਦੀ ਰੇਖਾ ਹੈ। *ਬੋਲੋਸ* ਬੈਲੋ ਨਾਲ ਸੰਬੰਧਿਤ ਹੈ, ਜਿਸ ਦਾ ਅਰਥ ਸੁੱਟਣਾ ਜਾਂ ਦੂਰ ਕਰ ਦੇਣਾ ਹੁੰਦਾ ਹੈ। ਇਸ ਤਰ੍ਹਾਂ, ਇੱਕ ਮੂਲ ਰੂਪ ਵਿੱਚ, *ਡੀਆਬੋਲੋਸ* ਇੱਕ ਅਜਿਹਾ ਵਿਅਕਤੀ ਸੀ ਜੋ ਸ਼ਬਦਾਂ ਦਾ ਬਰਛਾ ਸੁੱਟਦਾ ਸੀ ਜਾਂ ਦੂਜਿਆਂ ਵਿਚਕਾਰ ਪਾੜਾ ਪਾਉਂਦਾ ਸੀ। ਸ਼ੈਤਾਨ ਝੂਠ ਦੁਆਰਾ (ਇੱਥੋਂ ਤੱਕ ਕਿ ਸੱਚ ਨਾਲ ਵੀ) ਲੋਕਾਂ ਨੂੰ ਵੱਖ ਕਰਨ ਦੇ ਲਈ ਦੋਸ਼ ਲਗਾਉਂਦਾ ਹੈ। ਉਹ ਚਾਹੁੰਦਾ ਹੈ ਕਿ ਵਿਸ਼ਵਾਸੀ ਪਰਮੇਸ਼ਰ ਨਾਲ, ਭਰਾ ਨਾਲ, ਅਤੇ ਆਪਣੇ ਆਪ ਨਾਲ ਦੋਸ਼ੀ ਠਹਿਰੇ।

### D. ਪੁਰਾਣਾ ਸੱਪ (ਪ੍ਰਕਾਸ਼ 12:9; 20:2)

ਸ਼ੈਤਾਨ ਨੂੰ ਪ੍ਰਕਾਸ਼ 12:9 ਅਤੇ 20:2 ਵਿੱਚ ਪੁਰਾਣਾ ਸੱਪ ਕਹਿ ਕੇ, ਯੂਹੰਨਾ ਉਸ ਨੂੰ ਉਤਪਤ 3 ਦੇ ਪਾਪ ਨਾਲ ਜੋੜਦਾ ਹੈ, ਅਤੇ ਸਾਨੂੰ ਉਸ ਦੇ ਇੱਕ ਮੁੱਖ ਗੁਣ ਨੂੰ ਯਾਦ ਦਿਵਾਉਂਦਾ ਹੈ। ਸ਼ੈਤਾਨ ਚਤੁਰ, ਧੋਖੇਬਾਜ਼, ਚਾਲਾਕ ਅਤੇ ਛਲ ਕਰਨ ਵਾਲਾ ਹੈ। ਉਹ ਸੱਚ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ (ਉਤ. 3:1; 2 ਕੁਰਿੰਥ 11:3; 1 ਤਿਮੋਥਿ 2:14)। ਇੱਥੋਂ ਤੱਕ ਕਿ ਉਹ ਪਰਮੇਸ਼ਰ ਦੇ ਵਚਨਾਂ ਨੂੰ ਗ਼ਲਤ ਤਰੀਕੇ ਨਾਲ ਵਰਤ ਸਕਦਾ ਹੈ (ਉਤ. 3:1; ਮੱਤੀ 4:6)।

ਉਸ ਨੇ ਅਜਗਰ, ਉਸ **ਪੁਰਾਣੇ ਸੱਪ** ਨੂੰ ਜਿਹੜਾ ਇਬਲੀਸ ਜਾਂ ਸ਼ੈਤਾਨ ਹੈ ਫੜ ਕੇ ਸੰਗਲ ਨਾਲ ਇੱਕ ਹਜ਼ਾਰ ਸਾਲ ਦੇ ਲਈ ਬੰਨ੍ਹ ਦਿੱਤਾ। [ਪ੍ਰਕਾਸ਼ 20:2]

### E. ਵਿਨਾਸ਼ਕ

ਯੂਹੰਨਾ ਨੇ ਪ੍ਰਕਾਸ਼ 9:11 ਵਿੱਚ ਸ਼ੈਤਾਨ ਦੇ ਦੋ ਨਾਮ ਦੇਣ ਦੇ ਲਈ ਇਬਰਾਨੀ ਅਤੇ ਯੂਨਾਨੀ ਦੇਵਾਂ ਦੀ ਵਰਤੋਂ ਕੀਤੀ ਹੈ। ਇਬਰਾਨੀ ਸ਼ਬਦ *ਅੱਬਦੋਨ* ਹੈ। ਯੂਨਾਨੀ ਸ਼ਬਦ *ਅਪੋਲਿਓਨ* ਹੈ। ਦੇਵਾਂ ਦਾ ਅਰਥ ਵਿਨਾਸ਼ਕ ਹੁੰਦਾ ਹੈ। ਸ਼ੈਤਾਨ ਪਰਮੇਸ਼ਰ ਅਤੇ ਉਹਨਾਂ ਦੇ ਰਾਜ ਨੂੰ ਨਸ਼ਟ ਕਰਨਾ ਚਾਹੁੰਦਾ ਹੈ। ਫਿਰ ਵੀ, ਅਸਲ ਵਿੱਚ ਉਹ ਆਪਣੇ ਲਈ ਅਤੇ ਉਸ ਦੀ ਪਾਲਣਾ ਕਰਨ ਵਾਲੇ ਸਾਰੇ ਲੋਕਾਂ ਦੇ ਲਈ ਵਿਨਾਸ਼ ਦੇ ਰਾਹ ਉੱਤੇ ਚੱਲ ਰਿਹਾ ਹੈ।

ਉਹਨਾਂ ਦਾ ਰਾਜਾ ਅਥਾਹ ਕੁੰਡ ਦਾ ਸਵਰਗਦੂਤ ਸੀ, ਜਿਸ ਦਾ ਨਾਂ ਇਬਰਾਨੀ ਵਿੱਚ **ਅੱਬਦੋਨ** ਅਤੇ ਯੂਨਾਨੀ ਵਿੱਚ **ਅਪੋਲਿਓਨ**, ਜਿਸ ਦਾ ਅਰਥ ਵਿਨਾਸ਼ਕ ਹੈ। [ਪ੍ਰਕਾਸ਼ 9:11]

### F. ਵੱਡਾ ਅਜਗਰ (ਪ੍ਰਕਾਸ਼ 12: 3, 7, 9)

ਸ਼ੈਤਾਨ ਨੂੰ ਅਜਗਰ ਕਹਿਣਾ, ਉਸ ਨੂੰ ਇੱਕ ਵਿਨਾਸ਼ਕ ਦੇ ਰੂਪ ਵਿੱਚ ਦਰਸਾਉਣਾ ਵੀ ਹੈ। ਉਹ ਆਪਣੇ ਚਰਿੱਤਰ ਵਿੱਚ ਭਿਆਨਕ, ਹਿੰਸਕ, ਅਤੇ ਦਰਿੰਦਾ ਹੈ। ਉਹ ਇੱਕ ਕਾਤਲ ਹੈ।

ਇਸ ਲਈ ਉਹ **ਵੱਡਾ ਅਜਗਰ**, ਉਹ ਪੁਰਾਣਾ ਸੱਪ ਜਿਸ ਨੂੰ ਇਬਲੀਸ ਜਾਂ ਸ਼ੈਤਾਨ ਵੀ ਕਿਹਾ ਜਾਂਦਾ ਹੈ ਜਿਹੜਾ ਸਾਰੇ ਸੰਸਾਰ ਨੂੰ ਕੁਰਾਹੇ ਪਾਉਂਦਾ ਹੈ, ਉਸ ਦੇ ਸਵਰਗਦੂਤਾਂ ਸਮੇਤ ਹੇਠ ਧਰਤੀ ਉੱਤੇ ਸੁੱਟ ਦਿੱਤਾ ਗਿਆ। [ਪ੍ਰਕਾਸ਼ 12:9]

### G. ਦੁਸ਼ਟ (ਯੂਹੰਨਾ 17:15; 1 ਯੂਹੰਨਾ 5:18-19)

ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ ਦੁਸ਼ਟ ਨੂੰ ਸ਼ੈਤਾਨ ਮੰਨਿਆ ਗਿਆ ਹੈ (ਮੱਤੀ l3:19, 38-39; ਮਰਕੁਸ 4:15 ਅਤੇ ਲੂਕਾ 8:12)। ਸ਼ੈਤਾਨ ਸਿਰਫ਼ ਬੁਰਾਈ ਕਰਨ ਨਾਲ ਹੀ ਸੰਤੁਸ਼ਟ ਨਹੀਂ ਹੁੰਦਾ ਹੈ, ਪਰ ਉਹ ਬੁਰਾਈ ਨੂੰ ਵਧਾਵਾ ਦੇਣ ਅਤੇ ਦੂਜਿਆਂ ਨੂੰ ਉਸ ਦੀ ਬੁਰਾਈ ਵਿੱਚ ਸ਼ਾਮਲ ਹੋਣ ਦੇ ਲਈ ਪ੍ਰਭਾਵਿਤ ਕਰਨ ਦੀ ਇੱਛਾ ਰੱਖਦਾ ਹੈ। ਉਹ ਭ੍ਰਿਸ਼ਟ ਕਰਨਾ ਵਾਲਾ ਹੈ।

ਅਸੀਂ ਜਾਣਦੇ ਹਾਂ ਕਿ ਅਸੀਂ ਪਰਮੇਸ਼ਰ ਤੋਂ ਹਾਂ ਅਤੇ ਸਾਰਾ

ਸੰਸਾਰ ਸ਼ੈਤਾਨ (ਦੁਸ਼ਟ) ਦੇ ਵੱਸ ਵਿੱਚ ਹੈ। [1 ਯੂਹੰਨਾ 5:19]

**H. ਬਲਿਆਲ (2 ਕੁਰਿੰਥ 6:15)**

ਇਬਰਾਨੀ ਸ਼ਬਦ *ਬਲਿਆਲ* ਦਾ ਅਰਥ ਹੈ " ਬੇਕਾਰ ਜਾਂ ਨਿਕੰਮਾ"। ਨਵੇਂ ਨੇਮ ਦੇ ਸਮੇਂ ਤੱਕ ਇਹ ਸ਼ੈਤਾਨ ਦਾ ਨਾਮ ਬਣ ਗਿਆ ਸੀ। ਇਹ ਨਾਮ ਸਾਨੂੰ ਦੱਸਦਾ ਹੈ ਕਿ ਪਰਮੇਸ਼ਰ ਸ਼ੈਤਾਨ ਦੇ ਚਰਿੱਤਰ ਬਾਰੇ ਕੀ ਸੋਚਦੇ ਹਨ। ਇਹ ਕਿ ਉਹ "ਬੇਕਾਰ" ਹੈ।

> ਕੀ ਮਸੀਹ ਅਤੇ ਸ਼ੈਤਾਨ (**ਬਲਿਆਲ**) ਦਾ ਆਪਸ ਵਿੱਚ ਕੋਈ ਸੰਬੰਧ ਹੋ ਸਕਦਾ ਹੈ?…[2 ਕੁਰਿੰਥ 6:15]

**I. ਮਸਹ ਕੀਤਾ ਹੋਇਆ ਰੱਖਿਅਕ ਕਰੂਬ (ਹਿਜ਼ਕੀ 28:14, 16)**

ਇੱਕ ਮਸਹ ਕੀਤੇ ਹੋਏ ਕਰੂਬ ਦੇ ਰੂਪ ਵਿੱਚ, ਸ਼ੈਤਾਨ ਸਭ ਤੋਂ ਉੱਚੇ ਸਵਰਗਦੂਤਾਂ ਵਿੱਚੋਂ ਇੱਕ ਸੀ। ਇੱਕ ਕਰੂਬ ਦੇ ਰੂਪ ਵਿੱਚ, ਉਸ ਨੇ ਪਰਮੇਸ਼ਰ ਦੀ ਮੌਜੂਦਗੀ ਦੀ ਪਛਾਣ ਕਰਨ ਅਤੇ ਉਸ ਦੀ ਰਾਖੀ ਕਰਨ ਦੀ ਸੇਵਾ ਕੀਤੀ ਸੀ। ਜ਼ਿਆਦਾਤਰ ਵਿਆਖਿਆਕਾਰ ਸ਼ੈਤਾਨ ਨੂੰ ਹੀ ਹਿਜ਼ਕੀਏਲ 28:11-19 ਦਾ ਵਿਸ਼ਾ ਮੰਨਦੇ ਹਨ। ਸੂਰ ਦੇ ਰਾਜੇ ਦੇ ਪਿੱਛੇ ਦੀ ਸ਼ਕਤੀ ਸ਼ੈਤਾਨ ਹੀ ਸੀ। ਨਹੀਂ ਤਾਂ ਮਸਹ ਕੀਤੇ ਹੋਏ ਕਰੂਬ ਦੀ ਪਛਾਣ ਦਾ ਕੋਈ ਸੰਕੇਤ ਨਹੀਂ ਹੋ ਸਕਦਾ ਹੈ।

> "ਤੂੰ **ਮਸਹ ਕੀਤਾ ਹੋਇਆ ਕਰੂਬੀ** ਸੀ…" [ਹਿਜ਼ਕੀ 28:14]

**J. ਸੰਸਾਰ ਦਾ ਹਾਕਮ (ਯੂਹੰਨਾ 12:31; 14:30; ਅਤੇ 16:11)**

ਸ਼ੈਤਾਨ ਉਸ ਦੁਸ਼ਟ ਪ੍ਰਣਾਲੀ ਦਾ ਮੁੱਖੀ ਹੈ ਜਿਸ ਵਿੱਚ ਡਿੱਗੇ ਹੋਏ ਸਵਰਗਦੂਤ ਅਤੇ ਮੁਕਤੀ ਨਾ ਪਾਏ ਹੋਏ ਮਨੁੱਖ ਹਨ। ਹਾਲਾਂਕਿ ਉਹ ਪਰਮੇਸ਼ਰ ਦੁਆਰਾ ਤਹਿ ਕੀਤੀਆਂ ਸੀਮਾਵਾਂ ਵਿੱਚ ਸੀਮਿਤ ਹੈ(ਦੇਖੋ, ਅੱਯੂਬ 1-2; 2 ਥੱਸਲੁ 2:6), ਪਰ ਸ਼ੈਤਾਨ ਇੱਕ ਅਰਥ ਵਿੱਚ ਸੰਸਾਰ ਉੱਤੇ ਰਾਜ ਕਰਦਾ ਹੈ। ਉਹ ਮੁਕਤੀ ਨਾ ਪਾਏ ਹੋਏ ਲੋਕਾਂ ਦਾ ਪਿਤਾ ਹੈ (ਯੂਹੰਨਾ 8:44)। ਸਾਰਾ ਸੰਸਾਰ ਉਸ ਦੇ ਨਿਯੰਤਰਣ ਵਿੱਚ ਹੈ (1 ਯੂਹੰਨਾ 5:19)। ਇੱਕ ਸੰਪੂਰਨ ਰੂਪ ਵਿੱਚ ਤਾਂ ਸੰਸਾਰ ਦੇ ਰਾਜਾਂ ਉੱਤੇ ਪਰਮੇਸ਼ਰ ਦਾ ਹੀ ਅਧਿਕਾਰ ਹੈ (ਦਾਨੀ 4:17 ਰੋਮੀ 13:1-4), ਫਿਰ ਵੀ ਉਹਨਾਂ ਉੱਤੇ ਸ਼ੈਤਾਨ ਦਾ ਵੀ ਕੁਝ ਅਧਿਕਾਰ ਹੈ (ਮੱਤੀ 4:8-9; ਦਾਨੀ 10:13ff)। ਮਸੀਹ ਸ਼ੈਤਾਨ ਨੂੰ ਨਸ਼ਟ ਕਰਨ ਦੇ ਲਈ ਆਏ ਸੀ (1 ਯੂਹੰਨਾ 3:8; ਇਬ 2:14-15)। ਇਸ ਤਰ੍ਹਾਂ, ਯੂਹੰਨਾ 12:31 ਵਿੱਚ ਉਸ ਦੀ ਹੀ ਗੱਲ ਹੋ ਰਹੀ ਹੈ।

> "ਹੁਣ ਇਸ ਸੰਸਾਰ ਦੇ ਨਿਆਂ ਦਾ ਸਮਾਂ ਆ ਗਿਆ ਹੈ। **ਇਸ ਸੰਸਾਰ ਦਾ ਹਾਕਮ** ਕੱਢ ਦਿੱਤਾ ਜਾਵੇਗਾ।" [ਯੂਹੰਨਾ 12:31]

**K. ਅਕਾਸ਼ੀ ਸ਼ਕਤੀਆਂ ਦਾ ਅਧਿਕਾਰੀ (ਅਫ਼ਸੀ 2:2)**

ਇਸ ਆਤਮਾ ਨੂੰ ਸ਼ੈਤਾਨ ਦੇ ਰੂਪ ਵਿੱਚ ਹੀ ਜਾਣਨਾ ਚਾਹੀਦਾ ਹੈ। ਧਰਤੀ ਉੱਤੇ ਇੱਕ ਸੀਮਿਤ ਅਧਿਕਾਰ ਹੋਣ ਤੋਂ ਇਲਾਵਾ, ਅਜਿਹਾ ਲੱਗਦਾ ਹੈ ਕਿ ਜਿਵੇਂ ਸ਼ੈਤਾਨ ਕੋਲ ਵਾਯੂਮੰਡਲ ਅਤੇ ਤਾਰਿਆਂ ਵਾਲੇ ਅਕਾਸ਼ ਉੱਤੇ ਵੀ ਕੁਝ ਅਧਿਕਾਰ ਹੈ। ਇੱਥੇ, ਸ਼ੈਤਾਨ ਦੇ ਦੂਤ ਸਵਰਗਦੂਤਾਂ ਨਾਲ ਸੰਘਰਸ਼ ਕਰਦੇ ਹਨ (ਦਾਨੀ 10)।

> …ਉਸ ਸਮੇਂ ਤੁਸੀਂ ਇਸ ਸੰਸਾਰ ਦੇ ਬੁਰੇ ਰਾਹਾਂ ਉੱਤੇ ਚੱਲਦੇ ਸੀ ਅਤੇ ਉਸ ਆਤਮਾ ਦੇ ਅਧੀਨ ਸੀ ਜੋ **ਅਕਾਸ਼ੀ ਸ਼ਕਤੀਆਂ ਦੀ ਅਧਿਕਾਰੀ ਹੈ**।…[ਅਫ਼ਸੀ 2:2]

**L. ਇਸ ਯੁੱਗ ਜਾਂ ਸੰਸਾਰ ਦਾ ਦੇਵਤਾ (2 ਕੁਰਿੰਥ 4:4)**

ਅਸੀਂ *ਅਕਾਸ਼ ਯੁੱਗ* ਅਤੇ *ਪ੍ਰਮਾਣੂ ਯੁੱਗ* ਵਰਗੇ ਸ਼ਬਦਾਂ ਦੀ ਵਰਤੋਂ ਇੱਕ ਮਹੱਤਵਪੂਰਣ ਵਿਚਾਰ ਨੂੰ ਦਰਸਾਉਣ ਦੇ ਲਈ ਕਰਦੇ ਹਾਂ ਜਿਸ ਨੇ ਇੱਕ ਖ਼ਾਸ ਸਮੇਂ ਵਿੱਚ ਮਨੁੱਖੀ ਵਿਚਾਰ ਅਤੇ ਕੋਸ਼ਿਸ਼ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਸ਼ੈਤਾਨ ਨੂੰ ਇਸ ਯੁੱਗ ਦਾ ਦੇਵਤਾ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਆਪਣੀ ਪੂਜਾ ਚਾਹੁੰਦਾ ਹੈ (ਮੱਤੀ 4:9), ਲੋਕਾਂ ਨੂੰ ਸ਼ੁਭ-ਸਮਾਚਾਰ ਵੱਲੋਂ ਅੰਨ੍ਹਾ ਕਰਦਾ ਹੈ (ਮਰਕੁਸ 4:15) ਅਤੇ ਸੰਸਾਰ ਨੂੰ ਆਪਣੇ ਕਾਬੂ ਵਿੱਚ ਰੱਖਦਾ ਹੈ (1 ਯੂਹੰਨਾ 5:19)। ਵਰਤਮਾਨ ਸਮੇਂ ਨੂੰ ਪਰਮੇਸ਼ਰ **ਸ਼ੈਤਾਨੀ ਯੁੱਗ** ਕਹਿੰਦੇ ਹਨ। ਬਾਈਬਲ ਤੋਂ ਬਿਨਾਂ ਦੇ ਸਾਰੇ ਵਿਚਾਰ ਸਿੱਧੇ ਜਾਂ ਅਸਿੱਧੇ ਤੌਰ ਤੇ ਸ਼ੈਤਾਨ ਜਾਂ ਸ਼ੈਤਾਨ ਦੀ ਪੂਜਾ ਨੂੰ ਉਤਸ਼ਾਹਿਤ ਕਰਦੇ ਹਨ।

> ਇਸ **ਯੁੱਗ ਦੇ ਦੇਵਤੇ ਨੇ** ਇਹਨਾਂ ਅਵਿਸ਼ਵਾਸੀਆਂ ਦੇ ਮਨਾਂ ਨੂੰ ਹਨੇਰਾ ਕਰ ਦਿੱਤਾ ਹੈ…[2 ਕੁਰਿੰਥ 4:4]

**M. ਅਸ਼ੁੱਧ ਆਤਮਾਵਾਂ ਦਾ ਹਾਕਮ, ਬਾਲਜ਼ਬੂਲ (ਮੱਤੀ 12:24; ਲੂਕਾ 11:15)**

ਪ੍ਰਾਚੀਨ ਇਬਰਾਨੀ ਲੋਕ ਇੱਕ ਫ਼ਲਿਸਤੀ ਦੇਵਤਾ ਨੂੰ "ਬਆਲ-ਜ਼ਬੂਬ" ਕਹਿੰਦੇ ਸਨ (2 ਰਾਜਿਆਂ 1:2)। ਇਸ ਦਾ ਅਰਥ "ਮੱਖੀਆਂ ਦਾ ਦੇਵਤਾ" ਹੈ, ਸ਼ਾਇਦ ਇਹ ਦੇਵਤਾ ਦੇ ਅਸਲ ਨਾਮ ਦੀ ਇੱਕ ਸੋਧ ਸੀ ਜਿਸ ਦਾ ਉਦੇਸ਼ ਉਸ ਦਾ ਅਪਮਾਨ ਕਰਨਾ ਸੀ। ਨਵੇਂ ਨੇਮ ਵਿੱਚ ਇਸ ਨੂੰ "ਬਾਲਜ਼ਬੂਲ" ਬੋਲਿਆ ਗਿਆ ਹੈ। ਕੁਝ ਲੋਕ ਇਹ ਕਹਿਣਗੇ ਕਿ ਇਹ "ਮੱਖੀਆਂ ਦੇ ਦੇਵਤਾ" ਦਾ ਹੀ ਨਾਮ ਹੈ। ਪਰ ਬਾਲਜ਼ਬੂਲ ਦਾ ਅਰਥ ਸ਼ਾਇਦ "ਘਰ ਦਾ ਮਾਲਕ" ਹੈ। ਇਹ ਸੋਚਣਾ ਜ਼ਿਆਦਾ ਵਧੀਆ ਲੱਗਦਾ ਹੈ ਕਿ ਝੂਠੇ ਦੇਵਤਾ ਦਾ ਮੂਲ ਨਾਮ ਬਆਲ-ਜ਼ਬੂਬ ਸੀ ਜਿਸ ਨੂੰ ਮਖੌਲ ਨਾਲ ਬਾਲਜ਼ਬੂਲ ਬਣਾ ਦਿੱਤਾ ਗਿਆ ਸੀ। ਮੱਤੀ 10:25 ਅਨੁਸਾਰ ਇਸ ਦਾ ਅਰਥ "ਘਰ ਦਾ ਮਾਲਕ" ਹੈ, ਅਤੇ ਮੱਤੀ 12 ਅਤੇ ਲੂਕਾ 11 ਦੋਵਾਂ ਵਿੱਚ ਮਸੀਹ ਬਾਲਜ਼ਬੂਲ ਬਾਰੇ ਗੱਲ ਕਰਨ ਤੋਂ ਤੁਰੰਤ ਬਾਅਦ "ਘਰ ਵਿੱਚ ਫੁੱਟ ਪੈਣ" ਦੀ ਗੱਲ ਕਰਦੇ ਹਨ। ਬਾਲਜ਼ਬੂਲ ਨੂੰ "ਅਸ਼ੁੱਧ ਆਤਮਾਵਾਂ ਦਾ ਹਾਕਮ" ਕਿਹਾ ਗਿਆ ਹੈ। ਅਤੇ, ਬਾਲਜ਼ਬੂਲ ਕਹੇ ਜਾਣ ਤੋਂ ਬਾਅਦ, ਪ੍ਰਭੂ ਨੇ ਜਵਾਬ ਦਿੰਦੇ ਹੋਏ ਸ਼ੈਤਾਨ ਬਾਰੇ ਗੱਲ ਕੀਤੀ ਸੀ।

ਇਹਨਾਂ ਦੋ ਕਾਰਨਾਂ ਕਰਕੇ ਬਾਲਜ਼ਬੂਲ ਨੂੰ ਅਕਸਰ ਸ਼ੈਤਾਨ ਦਾ ਇੱਕ ਨਾਮ ਮੰਨਿਆ ਜਾਂਦਾ ਹੈ। ਅਜਿਹਾ ਲੱਗਦਾ ਹੈ ਜਿਵੇਂ ਪ੍ਰਾਚੀਨ ਯਹੂਦੀਆਂ ਨੇ ਸਮਝਿਆ ਸੀ ਕਿ ਝੂਠਾ ਦੇਵਤਾ (ਸ਼ੈਤਾਨ) ਹੀ ਸਾਰੇ ਝੂਠੇ ਦੇਵਤਿਆਂ ਦੇ ਪਿੱਛੇ ਸੀ।

> ਪਰ ਉਹਨਾਂ ਵਿੱਚੋਂ ਕੁਝ ਲੋਕ ਕਹਿਣ ਲੱਗੇ, "ਉਹ **ਅਸ਼ੁੱਧ ਆਤਮਾਵਾਂ ਦੇ ਹਾਕਮ ਬਾਲਜ਼ਬੂਲ** ਦੀ ਮਦਦ ਨਾਲ ਅਸ਼ੁੱਧ ਆਤਮਾਵਾਂ ਨੂੰ ਕੱਢਦਾ ਹੈ।" [ਲੂਕਾ 11:15]

**N. ਪਰਤਾਉਣ ਵਾਲਾ (ਮੱਤੀ 4:3; 1 ਥੱਸਲੁ 3:5)**

ਇਹ ਸਿਰਲੇਖ ਸ਼ੈਤਾਨ ਦੀਆਂ ਸਭ ਤੋਂ ਮੂਲ ਗਤੀਵਿਧੀਆਂ ਵਿੱਚੋਂ ਇੱਕ ਨੂੰ ਨਾਮ ਦਿੰਦਾ ਹੈ। ਉਸ ਦਾ ਪਰਤਾਵਾ ਬੁਰਾਈ ਦੇ ਲਈ ਉਕਸਾਉਣਾ ਅਤੇ ਅਸਫਲਤਾ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਹੁੰਦਾ ਹੈ।

> ਉਸ ਸਮੇਂ **ਸ਼ੈਤਾਨ** ਨੇ ਆ ਕੇ ਉਹਨਾਂ ਨੂੰ ਕਿਹਾ, "ਜੇਕਰ ਤੂੰ ਪਰਮੇਸ਼ਰ ਦਾ ਪੁੱਤਰ ਹੈਂ ਤਾਂ ਇਹਨਾਂ ਪੱਥਰਾਂ ਨੂੰ ਕਹਿ ਕਿ ਇਹ ਰੋਟੀਆਂ ਬਣ ਜਾਣ।" [ਮੱਤੀ 4:3]

**O. ਭਰਾਵਾਂ ਉੱਤੇ ਦੋਸ਼ ਲਗਾਉਣ ਵਾਲਾ (ਪ੍ਰਕਾਸ਼ 12:10)**

ਸ਼ੈਤਾਨ ਦਾ ਇਹ ਸਿਰਲੇਖ ਉਸ ਦੇ ਦੁਸ਼ਟ ਹੋਣ ਦੇ ਚਰਿੱਤਰ ਨਾਲ ਜੁੜਿਆ ਹੋਇਆ ਹੈ। ਇਹ ਉਸ ਦੇ "ਕਣਕ ਦੀ ਤਰ੍ਹਾਂ ਛੱਟਣ" ਦੇ ਯਤਨਾਂ ਨਾਲ ਵੀ ਸੰਬੰਧਿਤ ਹੋ ਸਕਦਾ ਹੈ (ਲੂਕਾ 22:31)। ਸ਼ੈਤਾਨ ਵਿਸ਼ਵਾਸੀ ਦੇ ਜੀਵਨ ਵਿੱਚ ਤੂੜੀ ਅਤੇ ਅਸ਼ੁੱਧੀਆਂ ਨੂੰ ਪ੍ਰਦਰਸ਼ਿਤ ਕਰਨਾ ਪਸੰਦ ਕਰਦਾ ਹੈ। ਅਜਿਹੇ ਦੋਸ਼ਾਂ ਨਾਲ ਉਹ ਸਾਨੂੰ ਬਦਨਾਮ ਅਤੇ ਨਿਰਾਸ਼ ਦੋਵੇਂ ਕਰ ਸਕਦਾ ਹੈ।

> ਤਦ ਮੈਂ ਸਵਰਗ ਵਿੱਚੋਂ ਇੱਕ ਉੱਚੀ ਆਵਾਜ਼ ਇਹ ਕਹਿੰਦੀ ਹੋਈ ਸੁਣੀ, "ਹੁਣ ਸਾਡੇ ਪਰਮੇਸ਼ਰ ਦੀ ਮੁਕਤੀ, ਸਮਰੱਥਾ ਅਤੇ ਰਾਜ ਅਤੇ ਉਹਨਾਂ ਦੇ ਮਸੀਹ ਦਾ ਅਧਿਕਾਰ ਪ੍ਰਗਟ ਹੋਇਆ ਹੈ ਕਿਉਂਕਿ **ਸਾਡੇ ਭਰਾਵਾਂ ਅਤੇ ਭੈਣਾਂ ਉੱਤੇ** ਪਰਮੇਸ਼ਰ ਦੇ ਸਾਹਮਣੇ ਦਿਨ ਰਾਤ **ਦੋਸ਼ ਲਾਉਣ ਵਾਲਾ** ਹੇਠਾਂ ਸੁੱਟ ਦਿੱਤਾ ਗਿਆ ਹੈ। [ਪ੍ਰਕਾਸ਼ 12:10]

**IV. ਸ਼ੈਤਾਨ ਦੀ ਸ਼ੁਰੂਆਤ, ਮੂਲ ਅਵਸਥਾ ਅਤੇ ਪਹਿਲਾ ਪਾਪ**

**A. ਸ਼ੈਤਾਨ ਦੀ ਮੂਲ ਅਵਸਥਾ**

> ਯਹੋਵਾਹ ਦਾ ਵਚਨ ਮੇਰੇ ਕੋਲ ਆਇਆ ਕਿ ਹੇ ਮਨੁੱਖ ਦੇ ਪੁੱਤਰ, ਸੂਰ ਦੇ ਰਾਜੇ ਤੇ ਵੈਣ ਪਾ ਅਤੇ ਤੂੰ ਉਹ ਨੂੰ ਆਖ, ਪ੍ਰਭੂ ਯਹੋਵਾਹ ਇਹ ਆਖਦਾ ਹੈ, ਤੂੰ ਉੱਤਮਤਾਈ ਦੀ ਮੋਹਰ ਹੈਂ, ਬੁੱਧੀ ਨਾਲ ਭਰਪੂਰ ਤੇ ਸੁੰਦਰਤਾ ਵਿੱਚ ਸੰਪੂਰਨ ਹੈਂ। ਤੂੰ ਅਦਨ ਵਿੱਚ ਪਰਮੇਸ਼ਰ ਦੇ ਬਾਗ਼ ਵਿੱਚ ਸੀ, ਹਰੇਕ ਵੱਡਮੁੱਲਾ ਪੱਥਰ ਤੇਰੇ ਢੱਕਣ ਲਈ ਸੀ, ਜਿਵੇਂ ਲਾਲ ਅਕੀਕ, ਸੁਨਹਿਲਾ ਅਤੇ ਦੂਧਿਯਾ ਬਿਲੌਰ, ਬੈਰੂਜ, ਸੁਲੇਮਾਨੀ ਅਤੇ ਯਸ਼ਬ, ਨੀਲਮ, ਪੰਨਾ ਅਤੇ ਜ਼ਬਰਜਦ ਅਤੇ ਸੋਨਾ। ਤੇਰੇ ਤਮੂਰੇ ਅਤੇ ਤੇਰੀਆਂ ਬੰਸਰੀਆਂ ਦੀ ਕਾਰੀਗਰੀ ਤੇਰੇ ਵਿੱਚ ਸੀ, ਤੇਰੇ ਉਤਪਤ ਕੀਤੇ ਜਾਣ ਦੇ ਦਿਨ ਤੋਂ ਉਹ ਤਿਆਰ ਕੀਤੀਆਂ ਗਈਆਂ। ਤੂੰ ਮਸਹ ਕੀਤਾ ਹੋਇਆ ਕਰੂਬੀ ਸੀ, ਜਿਹੜਾ ਢੱਕਦਾ ਸੀ ਅਤੇ ਮੈਂ ਤੈਨੂੰ ਪਰਮੇਸ਼ਰ ਦੇ ਪਵਿੱਤਰ ਪਰਬਤ ਉੱਤੇ ਰੱਖਿਆ, ਤੂੰ ਉੱਥੇ ਅੱਗ ਵਾਲੇ ਪੱਥਰਾਂ ਵਿੱਚ ਤੁਰਦਾ ਫਿਰਦਾ ਸੀ। ਤੂੰ ਆਪਣੇ ਜਨਮ ਦੇ ਦਿਨ ਤੋਂ ਆਪਣੇ ਮਾਰਗਾਂ ਵਿੱਚ ਪੂਰਾ ਸੀ, ਇੱਥੋਂ ਤੱਕ ਕਿ ਤੇਰੇ ਵਿੱਚ ਬੇਇਨਸਾਫੀ ਪਾਈ ਗਈ। ਤੇਰੇ ਵਪਾਰ ਦੇ ਵਾਧੇ ਦੇ ਕਾਰਨ ਉਹਨਾਂ ਤੇਰੇ ਵਿੱਚ ਜ਼ੁਲਮ ਭਰ ਦਿੱਤਾ ਅਤੇ ਤੂੰ ਪਾਪ ਕੀਤਾ। ਇਸ ਲਈ ਮੈਂ ਤੈਨੂੰ ਪਰਮੇਸ਼ਰ ਦੇ ਪਰਬਤ ਉੱਤੋਂ ਨਾਪਾਕੀ ਵਾਂਗੂੰ ਸੁੱਟ ਦਿੱਤਾ ਅਤੇ ਤੇਰੇ ਢੱਕਣ ਵਾਲੇ ਕਰੂਬੀ ਨੂੰ ਅੱਗ ਵਾਲੇ ਪੱਥਰਾਂ ਦੇ ਵਿੱਚਕਾਰ ਨਾਸ ਕਰ ਦਿੱਤਾ। ਤੇਰਾ ਦਿਲ ਤੇਰੇ ਸੁਹੱਪਣ ਵਿੱਚ ਘਮੰਡੀ ਸੀ, ਤੂੰ ਆਪਣੀ ਸ਼ਾਨ ਦੇ ਕਾਰਨ ਆਪਣੀ ਬੁੱਧੀ ਨਾਸ ਕਰ ਲਈ, ਮੈਂ ਤੈਨੂੰ ਧਰਤੀ ਤੇ ਪਟਕ ਦਿੱਤਾ ਅਤੇ ਰਾਜਿਆਂ ਦੇ ਅੱਗੇ ਰੱਖ ਦਿੱਤਾ ਹੈ, ਤਾਂ ਜੋ ਉਹ ਤੈਨੂੰ ਤੱਕ ਲੈਣ। ਤੂੰ ਆਪਣਿਆਂ ਬਹੁਤਿਆਂ ਪਾਪਾਂ ਦੇ ਕਾਰਨ ਅਤੇ ਵਪਾਰ ਵਿੱਚ ਬੇਇਨਸਾਫੀ ਦੇ ਕਰਕੇ, ਆਪਣੇ ਪਵਿੱਤਰ ਸਥਾਨਾਂ ਨੂੰ ਅਪਵਿੱਤਰ ਕੀਤਾ ਹੈ। ਇਸ ਲਈ ਮੈਂ ਤੇਰੇ ਅੰਦਰੋਂ ਅੱਗ ਕੱਢੀ, ਜਿਸ ਨੇ ਤੈਨੂੰ ਖਾ ਲਿਆ ਅਤੇ ਮੈਂ ਤੇਰੇ ਸਾਰੇ ਵੇਖਣ ਵਾਲਿਆਂ ਦੀਆਂ ਅੱਖਾਂ ਦੇ ਸਾਹਮਣੇ, ਤੈਨੂੰ ਧਰਤੀ ਉੱਤੇ ਸੁਆਹ ਬਣਾ ਦਿੱਤਾ। ਉੱਮਤਾਂ ਦੇ ਵਿੱਚੋਂ ਉਹ ਸਾਰੇ ਜੋ ਤੈਨੂੰ ਜਾਣਦੇ ਹਨ, ਤੈਨੂੰ ਵੇਖ ਕੇ ਹੈਰਾਨ ਹੋਣਗੇ, ਤੂੰ ਹੈਰਾਨੀ ਦਾ ਕਾਰਨ ਹੋਇਆ ਅਤੇ ਤੂੰ ਸਦਾ ਲਈ ਖ਼ਤਮ ਹੋਵੇਂਗਾ।" [ਹਿਜ਼ਕੀ 28:11-19]

ਇਹ ਮੰਨ ਲੈਣਾ ਤਰਕਪੂਰਨ ਹੈ ਕਿ ਸ਼ੈਤਾਨ ਇੱਕ ਸਿਰਜਿਆ ਹੋਇਆ ਪ੍ਰਾਣੀ ਹੈ, ਅਤੇ ਇਹ ਕਿ ਉਸ ਨੂੰ ਪਾਪ-ਰਹਿਤ ਸਿਰਜਿਆ ਗਿਆ ਸੀ। ਬਾਈਬਲ ਇਹ ਸਿਖਾਉਂਦੀ ਹੈ ਕਿ ਪਰਮੇਸ਼ਰ ਨੇ ਸਭ ਕੁਝ ਦੀ ਸਿਰਜਣਾ ਕੀਤੀ ਹੈ (ਯੂਹੰਨਾ 1:3; ਕੁਲੁੱਸੀ 1:16-17) ਜਿਸ ਵਿੱਚ ਸਵਰਗਦੂਤ ਵੀ ਸ਼ਾਮਲ ਹਨ (ਜ਼ਬੂਰ 148:2-5)। ਤਰਕ ਇਹ ਵੀ ਕਹਿੰਦਾ ਹੈ ਕਿ ਪਰਮੇਸ਼ਰ ਨੇ ਸਾਰੇ ਪ੍ਰਾਣੀਆਂ ਨੂੰ ਪਾਪ-ਰਹਿਤ ਬਣਾਇਆ ਹੈ। ਇਸ ਤਰ੍ਹਾਂ, ਸ਼ੈਤਾਨ ਦੀ ਸਿਰਜਣਾ ਅਤੇ ਉਸ ਦੇ ਪਾਪ ਨੂੰ ਕਿਸੇ ਖ਼ਾਸ ਵਚਨ ਦੀ ਮਦਦ ਦੇ ਬਿਨਾਂ ਹੀ ਸਮਝਿਆ ਜਾ ਸਕਦਾ ਹੈ।

ਫਿਰ ਵੀ, ਹਿਜ਼ਕੀਏਲ 28 ਇੱਕ ਖ਼ਾਸ ਤੌਰ ਤੇ ਸ਼ੈਤਾਨ ਦੇ ਮੂਲ ਬਾਰੇ ਗੱਲ ਨਹੀਂ ਕਰਦਾ ਹੈ। ਜੇਕਰ ਹਿਜ਼ਕੀ 28:11-19 ਸ਼ੈਤਾਨ ਦੇ ਬਾਰੇ ਨਹੀਂ ਹੈ, ਤਾਂ ਇਸ ਵਚਨ ਨੂੰ ਸਮਝਣਾ ਮੁਸ਼ਕਲ ਹੈ। ਉਸ ਨੂੰ ਦੋ ਵਾਰ ਕਰੂਬ ਕਿਹਾ ਗਿਆ ਹੈ (ਆਇਤਾਂ 14 ਅਤੇ 16), ਅਤੇ ਹਿਜ਼ਕੀ 28:15 ਇਹ ਕਹਿੰਦਾ ਹੈ ਕਿ ਉਹ ਆਪਣੇ "**ਸਿਰਜੇ ਜਾਣ ਦੇ ਦਿਨ" ਨਿਰਦੋਸ਼**

ਸੀ। ਸ਼ੈਤਾਨ ਨੂੰ ਬਾਈਬਲ ਦੇ ਹੋਰ ਵਚਨਾਂ ਵਿੱਚ ਵੀ ਸਵਰਗਦੂਤਾਂ ਦੇ ਨਾਲ ਜੋੜਿਆ ਗਿਆ ਹੈ (ਜਿਵੇਂ ਕਿ., ਮੱਤੀ 25:41; ਪ੍ਰਕਾਸ਼ 12:7, 9)। ਉਹਨਾਂ ਦੀ ਤਰ੍ਹਾਂ, ਸ਼ੈਤਾਨ ਵੀ ਇੱਕ ਸਿਰਜਿਆ ਹੋਇਆ ਪ੍ਰਾਣੀ ਹੈ।

ਇੱਕ ਸਵਰਗਦੂਤ ਹੋਣ ਦੇ ਨਾਤੇ, ਸ਼ੁਰੂ ਵਿੱਚ ਸ਼ੈਤਾਨ ਵਿੱਚ ਸਾਰੇ ਸਵਰਗਦੂਤਾਂ ਵਾਂਗ ਵਿਸ਼ੇਸ਼ਤਾਵਾਂ ਸਨ, ਜੋ ਕਿ ਅਸੀਂ ਪਿੱਛਲੇ ਅਧਿਆਇ ਵਿੱਚ ਦੇਖੀਆਂ ਸਨ। (ਪਰ ਉਸ ਨੇ ਆਪਣੀ ਪਵਿੱਤਰਤਾ ਗੁਆ ਲਈ ਸੀ; ਫਿਰ ਵੀ ਉਸ ਵਿੱਚ ਸਵਰਗਦੂਤਾਂ ਦੇ ਨੈਤਿਕ ਨਹੀਂ ਪਰ ਕੁਦਰਤੀ ਗੁਣ ਹੁਣ ਵੀ ਮੌਜੂਦ ਹਨ)। ਉਸ ਦੀ ਸਿਰਜਣਾ ਇੱਕ ਪਾਪ ਰਹਿਤ ਆਤਮਾ ਦੇ ਰੂਪ ਵਿੱਚ ਮਨੁੱਖਾਂ ਤੋਂ ਜ਼ਿਆਦਾ ਬੁੱਧ ਅਤੇ ਸ਼ਕਤੀ ਦੇ ਨਾਲ ਹੋਈ ਸੀ। ਹੁਣ ਵੀ ਸ਼ੈਤਾਨ ਸੁੰਦਰ (2 ਕੁਰਿੰਥ 11:14-15) ਅਤੇ ਸ਼ਕਤੀਸ਼ਾਲੀ (ਯਹੂਦਾਹ 9) ਹੈ।

ਸ਼ੈਤਾਨ ਨੂੰ ਸਿਰਫ਼ ਇੱਕ ਸਵਰਗਦੂਤ ਦੇ ਰੂਪ ਵਿੱਚ ਹੀ ਨਹੀਂ ਦਰਸਾਇਆ ਗਿਆ ਹੈ, ਬਲਕਿ ਉਹ ਸਵਰਗਦੂਤਾਂ ਦੀ ਇੱਕ ਵਿਸ਼ੇਸ਼ ਸ਼੍ਰੇਣੀ (ਮਸਹ ਕੀਤੇ ਹੋਏ ਕਰੂਬ) ਵਿੱਚੋਂ ਲੱਗਦਾ ਹੈ ਅਤੇ ਸ਼ਾਇਦ ਉਹ ਸਵਰਗਦੂਤਾਂ ਵਿੱਚੋਂ ਸਭ ਤੋਂ ਮਹਾਨ ਸੀ। ਹਿਜ਼ਕੀ 28 ਸਾਨੂੰ ਸਿਖਾਉਂਦਾ ਹੈ ਕਿ ਉਹ ਇੱਕ ਰਾਖੀ ਕਰਨ ਵਾਲਾ ਕਰੂਬ ਸੀ (ਆਇਤਾਂ 14 ਅਤੇ 16), ਉਹ ਸਿਆਣਪ ਅਤੇ ਸੁੰਦਰਤਾ ਵਿੱਚ ਸੰਪੂਰਨ ਸੀ (ਆਇਤ 12), ਉਹ ਸਵਰਗ ਵਿੱਚ ਰਹਿੰਦਾ ਸੀ (ਆਇਤ 13), ਅਤੇ ਉਹ ਪਾਪ-ਰਹਿਤ ਸੀ (ਆਇਤ 15)। ਹਾਲਾਂਕਿ ਮਿਕਾਏਲ ਲੜ੍ਹ ਕੇ ਉਸ ਨੂੰ ਹਰਾ ਦਿੱਤਾ ਸੀ (ਪ੍ਰਕਾਸ਼ 12:7 ff), ਫਿਰ ਵੀ ਅਜਿਹਾ ਲੱਗਦਾ ਹੈ ਕਿ ਜਿਵੇਂ ਉਹ ਸ਼ੈਤਾਨ ਦਾ ਇਹ ਜਾਣਦੇ ਹੋਏ ਸਤਿਕਾਰ ਕਰਦਾ ਹੈ ਕਿ ਸ਼ੈਤਾਨ ਸ਼ਕਤੀ ਵਿੱਚ ਉਸ ਦੇ ਬਰਾਬਰ ਜਾਂ ਇੱਥੋਂ ਤੱਕ ਕਿ ਸ਼ਕਤੀ ਵਿੱਚ ਉਸ ਤੋਂ ਵੱਧ ਕੇ ਹੈ (ਯਹੂਦਾਹ 9)। ਸਿਰਜੇ ਹੋਏ ਪ੍ਰਾਣੀਆਂ ਵਿੱਚੋਂ, ਸ਼ੈਤਾਨ ਸ਼ਾਇਦ ਹੁਣ ਵੀ ਸਭ ਤੋਂ ਜ਼ਿਆਦਾ ਬੁੱਧੀਮਾਨ ਅਤੇ ਸ਼ਕਤੀਸ਼ਾਲੀ ਪ੍ਰਾਣੀ ਹੈ।

### B. ਸ਼ੈਤਾਨ ਦੇ ਪਹਿਲੇ ਪਾਪ ਦਾ ਚਰਿੱਤਰ

ਜੇਕਰ ਸ਼ੈਤਾਨ ਦੇ ਪਹਿਲੇ ਪਾਪ ਬਾਰੇ ਦੱਸਣ ਵਾਲਾ ਕੋਈ ਸਿੱਧਾ ਵਚਨ ਨਹੀਂ ਹੁੰਦਾ, ਫਿਰ ਵੀ ਸਾਨੂੰ ਤਰਕਪੂਰਨ ਰੂਪ ਵਿੱਚ ਇੱਕ ਅਜਿਹੇ ਪਾਪ ਦਾ ਅਨੁਮਾਨ ਲਗਾ ਲੈਣਾ ਪੈਂਦਾ। ਪਰ ਹਿਜ਼ਕੀ 28 ਸ਼ਾਇਦ ਸਾਨੂੰ ਕੁਝ ਖ਼ਾਸ ਜਾਣਕਾਰੀ ਦਿੰਦਾ ਹੈ। ਇਹ ਬਾਈਬਲ ਦਾ ਇੱਕੋ-ਇੱਕ ਵਚਨ ਹੈ ਜੋ ਸ਼ੈਤਾਨ ਦੇ ਪਹਿਲੇ ਪਾਪ ਦਾ ਇੱਕ ਸਪੱਸ਼ਟ ਵੇਰਵਾ ਦਿੰਦਾ ਹੈ।[3] ਹਿਜ਼ਕੀ 28:17 ਇਹ ਸਿਖਾਉਂਦਾ ਹੈ ਕਿ ਪਹਿਲਾ ਪਾਪ ਮੂਲ ਰੂਪ ਵਿੱਚ ਹੰਕਾਰ ਸੀ (1 ਤਿਮੋਥਿ 3:16 ਵੀ ਦੇਖੋ)।

> "**ਤੇਰਾ ਦਿਲ ਤੇਰੇ ਸੁਹੱਪਣ ਵਿੱਚ ਘਮੰਡੀ ਸੀ**, ਤੂੰ ਆਪਣੀ ਸ਼ਾਨ ਦੇ ਕਾਰਨ ਆਪਣੀ ਬੁੱਧੀ ਨਾਸ ਕਰ ਲਈ..." [ਹਿਜ਼ਕੀ 28:17]

---

[3] ਹਿਜ਼ਕੀ 28:2 ਵਿੱਚ ਸੂਰ ਦੇ ਸਰਦਾਰ ਦੀ ਗੱਲ ਹੋ ਰਹੀ ਹੈ। ਹਿਜ਼ਕੀ 28:12 ਵਿੱਚ ਸੂਰ ਦੇ ਰਾਜੇ ਨੂੰ ਸੰਬੋਧਿਤ ਕੀਤਾ ਜਾ ਰਿਹਾ ਹੈ। ਕੁਝ ਵਿਆਖਿਆਕਾਰ ਇਸ ਪੂਰੇ ਅਧਿਆਇ ਵਿੱਚ ਸ਼ੈਤਾਨ ਦਾ ਕੋਈ ਹਵਾਲਾ ਨਹੀਂ ਦੇਖਦੇ ਹਨ। ਪਹਿਲੀਆਂ 10 ਆਇਤਾਂ ਸਿਰਫ਼ ਇੱਕ ਧਰਤੀ ਦੇ ਸ਼ਾਸਕ ਦਾ ਹਵਾਲਾ ਦਿੰਦੀਆਂ ਜਾਪਦੀਆਂ ਹਨ (ਦੇਖੋ ਆਇਤਾਂ 2 ਅਤੇ 9)। ਹਾਲਾਂਕਿ, ਆਇਤ 11 ਦੀ ਸ਼ੁਰੂਆਤ ਵਿੱਚ ਇਹ ਅਧਿਆਇ ਇੱਕ ਅਲੌਕਿਕ ਪ੍ਰਾਣੀ ਦੀ ਵੀ ਗੱਲ ਕਰਦਾ ਹੈ ਜੋ ਧਰਤੀ ਦੇ ਸ਼ਾਸਕ ਨੂੰ ਉਤਸ਼ਾਹਿਤ ਕਰਦਾ ਹੈ। ਅਜਿਹੀ ਭੂਮਿਕਾ ਨੂੰ ਨਿਭਾਉਣ ਦੇ ਲਈ ਇੱਕੋ-ਇੱਕ ਜਾਣਿਆ ਉਮੀਦਵਾਰ ਸ਼ੈਤਾਨ ਹੀ ਹੈ। ਆਇਤਾਂ 14 ਅਤੇ 16 ਵਿੱਚ, ਰਾਜਾ ਨੂੰ ਇੱਕ ਕਰੂਬ ਕਿਹਾ ਗਿਆ ਹੈ; ਆਇਤ 12 ਵਿੱਚ ਉਸ ਨੂੰ ਬੁੱਧ ਅਤੇ ਸੁੰਦਰਤਾ ਵਿੱਚ ਸੰਪੂਰਨ ਦੱਸਿਆ ਗਿਆ ਹੈ; ਆਇਤ 13 ਵਿੱਚ ਕਿਹਾ ਗਿਆ ਹੈ ਕਿ ਉਹ ਅਦਨ ਵਿੱਚ ਰਹਿੰਦਾ ਸੀ; ਅਤੇ ਆਇਤਾਂ 14 ਅਤੇ 16 ਅਨੁਸਾਰ ਉਹ ਪਰਮੇਸ਼ਰ ਦੇ ਪਰਬਤ ਉੱਤੇ ਰਹਿੰਦਾ ਸੀ। ਆਇਤ 15 ਅਨੁਸਾਰ ਉਹ ਪਾਪ-ਰਹਿਤ ਸਿਰਜਿਆ ਗਿਆ ਸੀ। ਇਹ ਵਰਣਨ ਕੁਝ ਟਿੱਪਣੀਕਾਰਾਂ ਨੂੰ ਇਹ ਸਿੱਟਾ ਕੱਢਣ ਲਈ ਮਜਬੂਰ ਕਰਦੇ ਹਨ ਕਿ ਹਿਜ਼ਕੀ 28:11ff ਸਿਰਫ਼ ਸੂਰ ਦੇ ਮਨੁੱਖੀ ਰਾਜੇ ਬਾਰੇ ਹੀ ਨਹੀਂ, ਸਗੋਂ ਉਸ ਦੇ ਪਿੱਛੇ ਕੰਮ ਕਰਨ ਵਾਲੀ ਇੱਕ ਅਲੌਕਿਕ ਸ਼ਕਤੀ ਬਾਰੇ ਵੀ ਗੱਲ ਕਰ ਰਹੇ ਹਨ। ਇਸ ਤਰ੍ਹਾਂ ਹਿਜ਼ਕੀ 28 ਸ਼ਾਇਦ ਸ਼ੈਤਾਨ ਦੀ ਮੂਲ ਅਵਸਥਾ ਅਤੇ ਪਹਿਲੇ ਪਾਪ ਬਾਰੇ ਸਿੱਖਿਆ ਦਿੰਦਾ ਹੈ।

ਯਸਾ 14:4 "ਬਾਬਲ ਦੇ ਰਾਜੇ" ਨੂੰ ਸੰਬੋਧਿਤ ਹੈ। ਜੇਕਰ ਯਸਾ 14 ਸਿਰਫ਼ ਬਾਬਲ ਦੇ ਪਿਛਲੇ ਰਾਜੇ ਦਾ ਜ਼ਿਕਰ ਕਰਦਾ ਹੈ, ਤਾਂ ਇਹ ਸ਼ਾਇਦ ਸ਼ੈਤਾਨ ਦਾ ਜ਼ਿਕਰ ਨਹੀਂ ਕਰਦਾ ਹੈ। ਹਿਜ਼ਕੀ 28 ਦੀ ਤੁਲਨਾ ਵਿੱਚ, ਇਸ ਵਚਨ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਪਾਠਕ ਨੂੰ ਇਹ ਸਿੱਟਾ ਕੱਢਣ ਲਈ ਮਜਬੂਰ ਕਰੇ ਕਿ ਯਸਾਯਾਹ ਧਰਤੀ ਦੇ ਇੱਕ ਰਾਜੇ ਦੀ ਨਿੰਦਾ ਰਾਹੀਂ ਉਸ ਆਤਮਾ ਬਾਰੇ ਗੱਲ ਕਰ ਰਿਹਾ ਹੈ ਜੋ ਉਸ ਰਾਜੇ ਨੂੰ ਉਰਜਾਵਾਨ ਕਰ ਰਹੀ ਸੀ। ਇਹ ਮੰਨਿਆ ਜਾ ਸਕਦਾ ਹੈ ਕਿ ਯਸਾ 14 ਦੋ ਲੋਕਾਂ ਦਾ ਹਵਾਲਾ ਦਿੰਦਾ ਹੈ। ਫਿਰ ਇਹ ਨਾ ਸਿਰਫ਼ ਬਾਬਲ ਦੇ ਇੱਕ ਪਿਛਲੇ ਰਾਜੇ ਦੀ ਗੱਲ ਹੋਵੇਗੀ, ਪਰ ਇੱਕ ਭਵਿੱਖ ਦੇ ਰਾਜੇ ਦੀ ਵੀ ਗੱਲ ਹੋਵੇਗੀ। ਯਸਾ 13 ਅਤੇ 14 ਦੋਵੇਂ ਭਵਿੱਖ ਦੇ ਨਿਆਂ ਦੀ ਗੱਲ ਕਰਦੇ ਹਨ (ਦੇਖੋ, ਯਸਾ 13:4,6,9,10,11,13,20; 14:2,3,7,15,17) ਅਤੇ ਪ੍ਰਕਾਸ਼ 17-18 ਵਿੱਚ ਵੀ ਭਵਿੱਖ ਵਿੱਚ ਬਾਬਲ ਦੇ ਨਿਆਂ ਦੀ ਗੱਲ ਕੀਤੀ ਗਈ ਹੈ। ਜੇਕਰ ਯਸਾਯਾਹ ਵਿੱਚ ਅੰਤ ਦੇ ਸਮੇਂ ਵਿੱਚ ਹੋਣ ਵਾਲੇ ਬਾਬਲ ਦੇ ਵਿਨਾਸ਼ ਦਾ ਹਵਾਲਾ ਹੈ, ਤਾਂ ਸ਼ੈਤਾਨ ਨੂੰ ਬਾਬਲ ਦੇ ਰਾਜੇ ਦੇ ਪਿੱਛੇ ਦੀ ਅਲੌਕਿਕ ਸ਼ਕਤੀ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ (ਪਰ, ਪ੍ਰਕਾਸ਼ 17:16 ਵਿੱਚ ਅਜਿਹਾ ਲੱਗਦਾ ਹੈ ਜਿਵੇਂ ਸ਼ੈਤਾਨੀ ਪਸ਼ੂ ਬਾਬਲ ਨਾਲ ਨਫ਼ਰਤ ਕਰਦਾ ਹੈ)। ਪਰ ਜੇਕਰ ਇਹ ਅੰਦਾਜ਼ੇ ਸਹੀ ਹਨ, ਤਾਂ ਯਸਾਯਾਹ 14 ਅਤੀਤ ਦਾ ਨਹੀਂ ਪਰ ਭਵਿੱਖ ਵਿੱਚ ਸਵਰਗ ਤੋਂ ਸ਼ੈਤਾਨ ਦੇ ਡਿੱਗਣ ਦਾ ਜ਼ਿਕਰ ਕਰ ਰਿਹਾ ਹੈ (ਪ੍ਰਕਾਸ਼ 12:7ff. ਦੇਖੋ, ਜੋ ਭਵਿੱਖ ਵਿੱਚ ਡਿੱਗਣ ਦੀ ਗੱਲ ਕਰਦਾ ਹੈ)। ਇਸ ਤਰ੍ਹਾਂ, ਸਾਡੇ ਇਸ ਅਧਿਐਨ ਵਿੱਚ ਯਸਾਯਾਹ 14 ਨੂੰ ਸ਼ੈਤਾਨ ਦੀ ਮੂਲ ਅਵਸਥਾ ਬਾਰੇ ਸਿੱਖਿਆਵਾਂ ਦੇਣ ਦੇ ਲਈ ਨਹੀਂ ਵਰਤਿਆ ਜਾਵੇਗਾ।

### C. ਸ਼ੈਤਾਨ ਦੇ ਪਹਿਲੇ ਪਾਪ ਦੇ ਨਤੀਜੇ

ਹਿਜ਼ਕੀ 28:16-17 ਸਾਨੂੰ ਇਹ ਸਿਖਾਉਂਦਾ ਹੈ ਕਿ ਸ਼ੈਤਾਨ ਨੂੰ ਪਰਮੇਸ਼ਰ ਦੇ ਪਰਬਤ ਤੋਂ ਧਰਤੀ ਉੱਤੇ ਸੁੱਟ ਦਿੱਤਾ ਗਿਆ ਸੀ। ਉਸ ਦੇ ਹੰਕਾਰ ਨੇ ਉਸ ਦੇ ਕੰਮ ਤੋਂ ਹਟਾ ਦਿੱਤਾ ਗਿਆ ਜੋ ਇੱਕ ਕਰੂਬੀ ਦੇ ਰੂਪ ਵਿੱਚ ਪਰਮੇਸ਼ਰ ਦੀ ਮੌਜੂਦਗੀ ਦੀ ਰਾਖੀ ਕਰਨਾ ਸੀ। ਇਸ ਅਰਥ ਵਿੱਚ ਸ਼ੈਤਾਨ ਸਵਰਗ ਤੋਂ "ਡਿੱਗਿਆ" ਸੀ। ਪਰ ਅਜੇ ਵੀ ਸ਼ੈਤਾਨ ਕੋਲ ਸਵਰਗੀ ਸਥਾਨਾਂ ਵਿੱਚ ਕੁਝ ਹੱਦ ਤੱਕ ਸੀਮਿਤ ਪਹੁੰਚ ਹੈ, ਇਹ ਸੇਵਾ ਦੇ ਲਈ ਨਹੀਂ ਪਰ ਸੰਚਾਰ ਦੇ ਉਦੇਸ਼ਾਂ ਦੇ ਲਈ ਹੈ (ਅੱਯੂਬ 1:6, 2:1; ਜ਼ਕਰ 3:1; ਪ੍ਰਕਾਸ਼ 12:10)। ਉਹ ਬਿਪਤਾ ਦੇ ਦੌਰਾਨ ਸਵਰਗ ਵਿੱਚ ਯੁੱਧ ਕਰੇਗਾ (ਪ੍ਰਕਾਸ਼ 12:7), ਅਤੇ ਉਸ ਸਮੇਂ ਉਹ ਨੂੰ ਸਵਰਗ ਤੋਂ ਪੂਰੀ ਤਰ੍ਹਾਂ ਨਾਲ ਸੁੱਟ ਦਿੱਤਾ ਜਾਵੇਗਾ। ਸ਼ੈਤਾਨ ਨੈਤਿਕ ਅਰਥ ਵਿੱਚ ਤਾਂ ਪੂਰੀ ਤਰ੍ਹਾਂ ਡਿੱਗਿਆ ਹੈ, ਫਿਰ ਵੀ "ਡਿੱਗਣਾ" ਸ਼ਬਦ ਸਵਰਗ ਤੋਂ ਭਵਿੱਖ ਵਿੱਚ ਪੂਰੀ ਤਰ੍ਹਾਂ ਬੇਦਖਲੀ ਦਾ ਸੰਕੇਤ ਹੋ ਸਕਦਾ ਹੈ, ਇਸ ਲਈ "ਸ਼ੈਤਾਨ ਦੇ ਡਿੱਗਣ" ਨੂੰ ਉਸ ਦੇ ਮੂਲ ਪਾਪ ਤੋਂ ਵੱਖਰਾ ਸਮਝਿਆ ਗਿਆ ਹੈ।

### D. ਸ਼ੈਤਾਨ ਦਾ ਪਹਿਲਾ ਪਾਪ ਅਤੇ ਸਵਰਗਦੂਤਾਂ ਦੇ ਲਈ ਇਸ ਦੇ ਨਤੀਜੇ

ਅਸੀਂ ਨਿਸ਼ਚਿਤ ਤੌਰ ਤੇ ਜਾਣਦੇ ਹਾਂ ਕਿ ਸ਼ੈਤਾਨ ਹੋਰ ਦੁਸ਼ਟ ਸਵਰਗਦੂਤਾਂ ਦਾ ਆਗੂ ਹੈ (ਮੱਤੀ 25:41; ਪ੍ਰਕਾਸ਼ 12:7- 9)। ਪ੍ਰਕਾਸ਼ 12:4 ਵਿੱਚ ਇਹ ਸੰਕੇਤ ਹੈ ਕਿ ਇੱਕ ਤਿਹਾਈ ਸਵਰਗਦੂਤ ਸ਼ੈਤਾਨ ਦੇ ਨਾਲ ਮਿਲ ਗਏ ਸਨ। ਇਸ ਬਾਰੇ ਸਾਡੇ ਕੋਲ ਬਹੁਤ ਘੱਟ ਜਾਣਕਾਰੀ ਹੈ। ਅਸੀਂ ਜਾਣਦੇ ਹਾਂ ਕਿ ਹੋਰ ਸਵਰਗਦੂਤਾਂ ਨੇ ਵੀ ਪਾਪ ਕੀਤਾ ਸੀ। ਅਸੀਂ ਇਹ ਜਾਣਦੇ ਹਾਂ ਕਿ ਹੁਣ ਸ਼ੈਤਾਨ ਉਹਨਾਂ ਦਾ ਆਗੂ ਹੈ। ਇਸ ਧਾਰਨਾ ਦੇ ਅਧਾਰ ਤੇ ਕਿ ਸ਼ੈਤਾਨ ਦੇ ਪਹਿਲੇ ਪਾਪ ਦੇ ਨਤੀਜੇ ਨੂੰ ਦੇਖਦੇ ਹੋਏ ਬਾਕੀ ਸਵਰਗਦੂਤਾਂ ਨੇ ਪਾਪ ਨਹੀਂ ਕੀਤਾ ਹੋਵੇਗਾ, ਤਾਂ ਇਹ ਮੰਨ ਲੈਣਾ ਸਹੀ ਹੋਵੇਗਾ ਕਿ ਬਾਕੀ ਸਵਰਗਦੂਤਾਂ ਨੇ ਭਰਮਾਏ ਜਾਣ ਤੋਂ ਬਾਅਦ ਸ਼ੈਤਾਨ ਦੇ ਉਸ ਦੇ ਪਾਪ ਵਿੱਚ ਹਿੱਸਾ ਲਿਆ।

### E. ਸ਼ੈਤਾਨ ਦੇ ਪਹਿਲੇ ਪਾਪ ਦਾ ਸਮਾਂ

ਜੇਕਰ ਕੂਚ 20:11 ਅਤੇ ਜ਼ਬੂਰ 148:2-5 ਅਨੁਸਾਰ ਸਵਰਗਦੂਤਾਂ ਨੂੰ ਵੀ ਬਾਕੀ ਪਦਾਰਥਕ ਸ੍ਰਿਸ਼ਟੀ ਦੇ ਨਾਲ ਸਿਰਜਿਆ ਗਿਆ ਸੀ, ਤਾਂ ਸ਼ੈਤਾਨ ਧਰਤੀ ਦੀ ਸਿਰਜਣਾ ਤੋਂ ਪਹਿਲਾਂ, ਸਿਰਜਣਾ ਦੇ ਪਹਿਲੇ ਦਿਨ ਸਿਰਜਿਆ ਗਿਆ ਸੀ (ਅੱਯੂਬ 38:7)। ਉਸ ਦਾ ਪਹਿਲਾ ਪਾਪ ਉਤਪਤ 3:1 ਵਿੱਚ ਉਸ ਦੇ ਹੱਵਾਹ ਨੂੰ ਪਰਤਾਵੇ ਵਿੱਚ ਪਾਉਣ ਤੋਂ ਪਹਿਲਾਂ ਹੋਇਆ ਹੋਵੇਗਾ। ਇਸ ਤਰ੍ਹਾਂ ਸ਼ੈਤਾਨ ਨੇ ਸ੍ਰਿਸ਼ਟੀ ਦੀ ਸਿਰਜਣਾ ਦੇ ਪਹਿਲੇ ਦਿਨ ਅਤੇ ਮਨੁੱਖ ਦੇ ਪਾਪ ਵਿੱਚ ਡਿੱਗਣ ਦੇ ਵਿਚਕਾਰ ਕਿਸੇ ਸਮੇਂ ਪਾਪ ਕੀਤਾ ਹੋਵੇਗਾ। ਸ੍ਰਿਸ਼ਟੀ ਦੀ ਸਿਰਜਣਾ ਦੇ ਪੂਰੇ ਹਫ਼ਤੇ ਦੌਰਾਨ, ਪਰਮੇਸ਼ਰ ਨੇ ਆਪਣੀ ਸ੍ਰਿਸ਼ਟੀ ਨੂੰ ਚੰਗਾ ਕਿਹਾ ਅਤੇ ਛੇਵੇਂ ਦਿਨ ਦੇ ਅੰਤ ਵਿੱਚ ਉਹਨਾਂ ਨੇ ਸ੍ਰਿਸ਼ਟੀ ਨੂੰ "ਬਹੁਤ ਚੰਗਾ" ਕਿਹਾ (ਉਤ 1:31)। ਜੇਕਰ ਸ੍ਰਿਸ਼ਟੀ ਪਹਿਲਾਂ ਹੀ ਇੱਕ ਬਹੁਤ ਵੱਡੇ ਸੰਘਰਸ਼ ਨਾਲ ਪ੍ਰਭਾਵਿਤ ਹੋ ਚੁੱਕੀ ਸੀ, ਤਾਂ ਉਸ ਨੂੰ "ਬਹੁਤ ਵਧੀਆ" ਮੰਨਣਾ ਹੋਰ ਵੀ ਮੁਸ਼ਕਲ ਹੋਵੇਗਾ। ਇਸ ਲਈ, ਸ਼ੈਤਾਨ ਦੇ ਪਹਿਲੇ ਪਾਪ ਦਾ ਸਹੀ ਸਮਾਂ, ਸ੍ਰਿਸ਼ਟੀ ਦੀ ਸਿਰਜਣਾ ਤੋਂ, ਪਰ ਹੱਵਾਹ ਦੇ ਪਰਤਾਵੇ ਤੋਂ ਪਹਿਲਾਂ ਮੰਨਣਾ ਚਾਹੀਦਾ ਹੈ। ਅਸੀਂ ਮਨੁੱਖ ਦੀ ਸਿਰਜਣਾ ਅਤੇ ਉਸ ਦੇ ਪਾਪ ਵਿੱਚ ਡਿੱਗਣ ਦੇ ਵਿਚਕਾਰ ਦੇ ਸਮੇਂ ਨੂੰ ਨਹੀਂ ਜਾਣਦੇ ਹਾਂ।[4] ("ਗੈਪ ਥਿਊਰੀ" ਦਾ ਇਹ ਮੰਨਦੇ ਹੋਏ ਇਨਕਾਰ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਨਾ ਤਾਂ ਇਬਰਾਨੀ ਭਾਸ਼ਾ ਦਾ ਚੰਗਾ ਅਨੁਵਾਦ ਹੈ ਅਤੇ ਨਾ ਹੀ ਚੰਗਾ ਵਿਗਿਆਨ ਹੈ)।

## V. ਸ਼ੈਤਾਨ ਦੇ ਕੰਮ

ਸ਼ੈਤਾਨ ਦੇ ਕੰਮਾਂ ਬਾਰੇ ਬਾਈਬਲ ਵਿੱਚ ਬਹੁਤ ਸਾਰੀ ਜਾਣਕਾਰੀ ਹੈ। ਸਾਡਾ ਇਹ ਅਧਿਐਨ ਉਸ ਦੇ ਅਤੀਤ ਅਤੇ ਭਵਿੱਖ ਦੇ ਕੰਮਾਂ ਨੂੰ ਸੰਖੇਪ ਨਾਲ ਸੂਚੀਬੱਧ ਕਰਦੇ ਹੋਏ ਉਸ ਦੇ ਮੌਜੂਦਾ ਕੰਮਾਂ ਉੱਤੇ ਜ਼ੋਰ ਦੇਵੇਗਾ।

### A. ਸ਼ੈਤਾਨ ਦੇ ਅਤੀਤ ਦੇ ਕੰਮ

1. ਸ਼ੈਤਾਨ ਨੇ ਆਦਮ ਅਤੇ ਹੱਵਾਹ ਨੂੰ ਝੂਠ ਬੋਲਿਆ ਅਤੇ ਮੌਤ ਸੰਸਾਰ ਵਿੱਚ ਆਈ (ਉਤ 3:1ff.; ਯੂਹੰਨਾ 8:44; 1 ਯੂਹੰਨਾ 3:8)।
2. ਸ਼ਾਇਦ ਸ਼ੈਤਾਨ ਨੇ ਮਨੁੱਖਜਾਤੀ ਨੂੰ ਭ੍ਰਿਸ਼ਟ ਕਰਨ ਦੀ ਕੋਸ਼ਿਸ਼ ਕੀਤੀ ਕਿ ਮਸੀਹ ਦਾ ਜਨਮ ਨਾ ਹੋ ਸਕੇ (ਉਤ 6:1-4)।
3. ਸ਼ੈਤਾਨ ਨੇ ਅੱਯੂਬ ਉੱਤੇ ਦੇਸ਼ ਲਾਇਆ ਅਤੇ ਉਸ ਨੂੰ ਦੁੱਖ ਦੇਣ ਦੀ ਆਗਿਆ ਮਿਲੀ। ਉਸ ਕੋਲ ਹਵਾ ਦਾ ਤੂਫਾਨ ਲਿਆਉਣ, ਸਵਰਗ ਤੋਂ ਅੱਗ ਲਿਆਉਣ ਅਤੇ ਬਿਮਾਰੀ ਲਿਆਉਣ ਦੀ ਸ਼ਕਤੀ ਸੀ (ਅੱਯੂਬ 2)।
4. ਸ਼ੈਤਾਨ ਨੇ ਮੂਸਾ ਦੀ ਦੇਹ ਦੇ ਲਈ ਮੀਕਾਏਲ ਨਾਲ ਲੜਾਈ ਕੀਤੀ (ਯਹੂਦਾਹ 9)।
5. ਸ਼ੈਤਾਨ ਇਸਰਾਏਲ ਦੇ ਵਿਰੁੱਧ ਉੱਠਿਆ ਅਤੇ ਦਾਊਦ ਗਿਣਤੀ ਕਰਨ ਲਈ ਉਕਸਾਇਆ (1 ਇਤਿਹਾਸ 21:1)।
6. ਉਸ ਨੇ ਪ੍ਰਧਾਨ ਜਾਜਕ ਯਹੋਸ਼ੁਆ ਉੱਤੇ ਦੋਸ਼ ਲਾਇਆ (ਜ਼ਕਰ 3:1-3)।
7. ਸ਼ੈਤਾਨ ਨੇ ਮਸੀਹ ਨੂੰ ਪਰਤਾਇਆ (ਮੱਤੀ 4:1-11; ਮਕੁਸ 1:12-13; ਲੂਕਾ 4:1-13)।
8. ਉਸ ਨੇ ਪਤਰਸ ਨੂੰ ਪਰਖਿਆ ਅਤੇ ਯਹੂਦਾ ਨੂੰ ਆਪਣੇ ਅਧੀਨ ਕਰ ਲਿਆ (ਮੱਤੀ 16:22-23; ਮਰਕੁਸ 8:33; ਲੂਕਾ 22:31-32)।

[4] ਹਿਜ਼ਕੀਏਲ 28:13 ਦੱਸਦਾ ਹੈ ਕਿ ਸ਼ੈਤਾਨ ਅਦਨ ਵਿੱਚ ਚੱਲਦਾ ਸੀ। ਪਰ ਅਦਨ ਦਾ ਅਰਥ "ਸਵਰਗ" ਹੈ। ਇਹ ਅਦਨ ਦੇ ਬਾਗ ਦਾ ਨਹੀਂ ਪਰ ਪਰਮੇਸ਼ਰ ਦੀ ਮੌਜੂਦਗੀ ਦਾ ਸੰਕੇਤ ਹੋ ਸਕਦਾ ਹੈ। ਹਿਜ਼ਕੀਏਲ 28 ਵਿੱਚ ਅਦਨ ਪਰਮੇਸ਼ਰ ਦੀ ਮੌਜੂਦਗੀ ਦੇ ਬਰਾਬਰ ਹੋ ਸਕਦਾ ਹੈ। ਇਸ ਲਈ ਅਦਨ ਵਿੱਚ ਸ਼ੈਤਾਨ ਦੀ ਮੌਜੂਦਗੀ ਆਪਣੇ ਆਪ ਵਿੱਚ ਇਹ ਸਾਬਤ ਨਹੀਂ ਕਰੇਗੀ ਕਿ ਧਰਤੀ ਸ਼ੈਤਾਨ ਦੇ ਪਹਿਲੇ ਪਾਪ ਤੋਂ ਪਹਿਲਾਂ ਬਣਾਈ ਗਈ ਸੀ।

9. ਸ਼ੈਤਾਨ ਨੇ ਪੌਲੁਸ ਨੂੰ ਰੋਕਿਆ ਅਤੇ ਉਸ ਨੂੰ ਸਰੀਰਕ ਤੌਰ ਤੇ ਦੁਖੀ ਕੀਤਾ (1 ਥੱਸਲੁ 2:18; 2 ਕੁਰਿੰਥ 12:7)।
10. ਉਸ ਨੇ ਹਨਾਨਿਯਾ ਅਤੇ ਸਫ਼ੀਰਾ ਨੂੰ ਝੂਠ ਬੋਲਣ ਦੇ ਲਈ ਪ੍ਰਭਾਵਿਤ ਕੀਤਾ (ਰਸੂਲਾਂ 5:3-4, 8)।

ਸ਼ੈਤਾਨ ਦੇ ਅਤੀਤ ਦੇ ਸੰਬੰਧ ਵਿੱਚ ਸਾਨੂੰ ਇਸ ਤੱਥ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਕਿ ਮਸੀਹ ਦੁਆਰਾ ਸਲੀਬ ਉੱਤੇ ਪਾਪਾ ਨੂੰ ਹਰਾਉਣ ਨਾਲ ਸ਼ੈਤਾਨ ਦਾ ਵਿਨਾਸ਼ ਨਿਸ਼ਚਿਤ ਹੋ ਗਿਆ ਹੈ। ਪ੍ਰਭੂ ਦੀ ਮੌਤ ਤੋਂ ਪਹਿਲਾਂ, ਪਰਮੇਸ਼ਰ ਦੀ ਪਵਿੱਤਰਤਾ ਦੇ ਕਾਰਨ ਸ਼ੈਤਾਨ ਦੇ ਨਾਲ-ਨਾਲ ਸਾਰੇ ਮਨੁੱਖਾਂ ਦਾ ਵਿਨਾਸ਼ ਵੀ ਜ਼ਰੂਰੀ ਸੀ। ਪਰ ਸਲੀਬ ਦੁਆਰਾ ਮਸੀਹ ਨੇ ਮਨੁੱਖਾਂ ਨੂੰ ਸ਼ੈਤਾਨ ਤੋਂ ਬਚਾਉਣ ਦਾ ਇੱਕ ਰਾਹ ਤਿਆਰ ਕੀਤਾ ਹੈ। ਇਸ ਤਰ੍ਹਾਂ ਸ਼ੈਤਾਨ ਦਾ ਅਟੱਲ ਨਿਆਂ ਕਲਵਰੀ ਤੋਂ ਸ਼ੁਰੂ ਹੋਇਆ ਸੀ। ਜਦੋਂ ਮੁਕਤੀ ਦਾ ਕੰਮ ਪੂਰਾ ਹੋ ਜਾਵੇਗਾ, ਤਾਂ ਪਰਮੇਸ਼ਰ ਸ਼ੈਤਾਨ ਨੂੰ ਨਸ਼ਟ ਕਰ ਦੇਣਗੇ (ਯੂਹੰਨਾ 12:31; 16:11; ਕੁਲੁੱਸੀ 2:14-15; ਇਬ 2:14-15; 1 ਯੂਹੰਨਾ 3:8)।

## B. ਸ਼ੈਤਾਨ ਦੇ ਮੌਜੂਦਾ ਕੰਮ

ਸ਼ੈਤਾਨ ਦਾ ਸਿਧਾਂਤ ਸੰਤੁਲਿਤ ਹੋਣਾ ਚਾਹੀਦਾ ਹੈ। ਉਹ ਸ਼ਕਤੀਸ਼ਾਲੀ ਹੈ, ਫਿਰ ਵੀ ਉਹ ਸੀਮਿਤ ਹੈ, ਅਤੇ ਉਸ ਦਾ ਵਿਨਾਸ਼ ਨਿਸ਼ਚਿਤ ਹੈ। ਸ਼ੈਤਾਨ ਅਜੇ ਵੀ ਇੱਕ ਕਾਤਲ, ਝੂਠਾ ਅਤੇ ਪਾਪੀ ਹੈ ਜਿਵੇਂ ਕਿ ਉਹ ਸ਼ੁਰੂ ਵਿੱਚ ਸੀ (ਯੂਹੰਨਾ 8:44; 1 ਯੂਹੰਨਾ 3:8)। ਉਹ ਅਜੇ ਵੀ ਪਰਮੇਸ਼ਰ ਅਤੇ ਉਹਨਾਂ ਦੇ ਲੋਕਾਂ ਦਾ ਵਿਰੋਧ ਕਰਦਾ ਹੈ (1 ਪਤਰਸ 5:8)। ਹਾਲਾਂਕਿ ਉਹ ਇਸ ਸੰਸਾਰ ਦਾ ਹਾਕਮ (ਯੂਹੰਨਾ 12:31; 16:11; 1 ਯੂਹੰਨਾ 5:19), ਇਸ ਯੁੱਗ ਦਾ ਦੇਵਤਾ (2 ਕੁਰਿੰਥੀਆਂ 4:4), ਡਿੱਗੇ ਹੋਏ ਸਵਰਗਦੂਤਾਂ ਦਾ ਹਾਕਮ (ਮੱਤੀ 25:41; ਪਰਕਾਸ਼ 12:9), ਅਤੇ ਅਸ਼ੁੱਧ ਆਤਮਾਵਾਂ ਦਾ ਹਾਕਮ (ਮੱਤੀ 12:24; ਲੂਕਾ 11:15) ਹੈ, ਫਿਰ ਵੀ ਉਹ ਕਾਬੂ ਵਿੱਚ ਹੈ (2 ਥੱਸਲੁ 2:6), ਅਤੇ ਉਸ ਨੂੰ ਪਰਮੇਸ਼ਰ ਦੇ ਅਧਿਕਾਰ ਦੀ ਅਧੀਨਤਾ ਵਿੱਚ ਹੀ ਕੰਮ ਕਰਨਾ ਪੈਂਦਾ ਹੈ (ਅੱਯੂਬ 1:12; 2:6; ਯੂਹੰਨਾ 17:15; 1 ਯੂਹੰਨਾ 4:4; 5:18)।

ਹਾਲਾਂਕਿ ਸ਼ੈਤਾਨ ਦਾ ਅਧਿਕਾਰ ਸੀਮਿਤ ਹੈ, ਫਿਰ ਵੀ ਉਸ ਦੇ ਕੰਮ ਕਰਨ ਦਾ ਖੇਤਰ ਬਹੁਤ ਵੱਡਾ ਹੈ।

1. **ਅਵਿਸ਼ਵਾਸੀਆਂ ਨੂੰ ਅੰਨ੍ਹਾ ਕਰ ਦਿੰਦਾ ਹੈ** (ਮੱਤੀ 13:19; ਮਰਕੁਸ 4:15; ਲੂਕਾ 8:12; 2 ਕੁਰਿੰਥ 4:4)।

> "ਰਾਹ ਦੇ ਕੰਢੇ ਡਿੱਗਣ ਵਾਲੇ ਬੀਜ ਉਹ ਲੋਕ ਹਨ ਜਿਹਨਾਂ ਵਿੱਚ ਪਰਮੇਸ਼ਰ ਦਾ ਵਚਨ ਬੀਜਿਆ ਤਾਂ ਜਾਂਦਾ ਹੈ ਪਰ ਉਹਨਾਂ ਦੇ ਸੁਣਦੇ ਸਾਰ ਹੀ ਸ਼ੈਤਾਨ ਆ ਕੇ ਬੀਜੇ ਹੋਏ ਵਚਨ ਨੂੰ ਲੈ ਜਾਂਦਾ ਹੈ।" [ਮਰਕੁਸ 4:15]
>
> ਇਸ ਯੁੱਗ ਦੇ ਦੇਵਤੇ ਨੇ ਇਹਨਾਂ ਅਵਿਸ਼ਵਾਸੀਆਂ ਦੇ ਮਨਾਂ ਨੂੰ ਹਨੇਰਾ ਕਰ ਦਿੱਤਾ ਹੈ ਤਾਂ ਜੋ ਉਹ ਸ਼ੁਭ ਸਮਾਚਾਰ ਦੇ ਚਾਨਣ ਨੂੰ ਭਾਵ ਮਸੀਹ ਦੇ ਤੇਜ ਨੂੰ ਨਾ ਦੇਖਣ ਜੋ ਪਰਮੇਸ਼ਰ ਦਾ ਸਰੂਪ ਹਨ। [2 ਕੁਰਿੰਥ 4:4]

**a. ਸ਼ੈਤਾਨ ਨਕਲੀ ਧਰਮਾਂ ਰਾਹੀਂ ਅੰਨ੍ਹਾ ਕਰਦਾ ਹੈ ਜੋ ਸੱਚੀ ਮਸੀਹਤ ਦੀ ਨਕਲ ਕਰਦੇ ਹਨ।**

**(1) ਝੂਠੇ ਸਿਧਾਂਤਾਂ ਦੁਆਰਾ** (1 ਤਿਮੋਥਿ 4:1)

ਪਵਿੱਤਰ ਆਤਮਾ ਸਾਫ਼ ਕਹਿੰਦਾ ਹੈ ਕਿ ਅੰਤਿਮ ਸਮਿਆਂ ਵਿੱਚ ਕੁਝ ਲੋਕ ਆਪਣੇ ਵਿਸ਼ਵਾਸ ਨੂੰ ਤਿਆਗ ਦੇਣਗੇ, ਉਹ ਝੂਠੀਆਂ ਆਤਮਾਵਾਂ ਅਤੇ **ਸ਼ੈਤਾਨੀ ਸਿੱਖਿਆਵਾਂ** ਦੇ ਪਿੱਛੇ ਲੱਗ ਜਾਣਗੇ। [1 ਤਿਮੋਥਿ 4:1]

(2) **ਝੂਠੀਆਂ ਸੇਵਕਾਈਆਂ ਦੁਆਰਾ** (ਮੱਤੀ 7:15, 21-23; 2 ਕੁਰਿੰਥ 11:13-15)

ਪਰ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿਉਂਕਿ ਸ਼ੈਤਾਨ ਆਪ ਵੀ ਚਾਨਣ ਦੇ ਸਵਰਗਦੂਤ ਵਰਗਾ ਭੇਸ ਬਦਲ ਲੈਂਦਾ ਹੈ। ਫਿਰ ਇਹ ਕੋਈ ਵੱਡੀ ਗੱਲ ਨਹੀਂ ਹੈ ਕਿ **ਉਸ ਦੇ ਸੇਵਕ ਨੇਕੀ ਦੇ ਸੇਵਕ ਹੋਣ ਦਾ ਢੌਂਗ ਰਚਦੇ ਹਨ**। ਅੰਤ ਵਿੱਚ ਉਹ ਆਪਣੇ ਕੀਤੇ ਕੰਮਾਂ ਦਾ ਫਲ ਪਾਓਣਗੇ [2 ਕੁਰਿੰਥ 11:14-15]

**(3) ਝੂਠੇ ਮਸੀਹ ਦੁਆਰਾ** (ਮੱਤੀ 24:23-24; 1 ਯੂਹੰਨਾ 2:18, 22; 4:3)

ਮੇਰੇ ਬੱਚਿਓ, ਇਹ ਅੰਤ ਦਾ ਸਮਾਂ ਹੈ! ਤੁਸੀਂ ਇਹ ਸੁਣਿਆ ਹੀ ਹੈ ਕਿ ਮਸੀਹ ਦਾ ਵਿਰੋਧੀ ਆ ਰਿਹਾ ਹੈ ਅਤੇ **ਹੁਣ ਤੱਕ ਮਸੀਹ ਦੇ ਕਈ ਵਿਰੋਧੀ ਆ ਚੁੱਕੇ ਹਨ**। ਇਹ ਇਸ ਗੱਲ ਦਾ ਸਬੂਤ ਹੈ ਕਿ ਅੰਤ ਦਾ ਸਮਾਂ ਆ ਚੁੱਕਾ ਹੈ। [1 ਯੂਹੰਨਾ 2:18]

ਪਿਆਰੇ ਮਿੱਤਰੋ, ਉਹਨਾਂ ਸਾਰਿਆਂ ਦੇ ਉੱਤੇ ਵਿਸ਼ਵਾਸ ਨਾ ਕਰੋ ਸਗੋਂ ਉਹਨਾਂ ਨੂੰ ਪਰਖੋ ਕਿ ਉਹ ਪਰਮੇਸ਼ਰ ਦੇ ਵੱਲੋਂ ਹਨ ਜਾਂ ਨਹੀਂ ਕਿਉਂਕਿ ਬਹੁਤ ਸਾਰੇ **ਝੂਠੇ ਨਬੀ** ਸੰਸਾਰ ਵਿੱਚ ਉੱਠ ਖੜ੍ਹੇ ਹੋਏ ਹਨ। [1 ਯੂਹੰਨਾ 4:1]

ਪਰ ਜਿਹੜਾ ਇਹ ਸਵੀਕਾਰ ਨਹੀਂ ਕਰਦਾ ਕਿ ਉਸ ਦੇ ਵਿੱਚ ਪਰਮੇਸ਼ਰ ਦਾ ਆਤਮਾ ਨਹੀਂ ਹੈ ਸਗੋਂ **ਉਹ ਮਸੀਹ ਦੇ ਵਿਰੋਧੀ ਦਾ ਹੈ** ਜਿਸ ਦੇ ਬਾਰੇ ਤੁਸੀਂ ਸੁਣ ਚੁੱਕੇ ਹੋ ਕਿ ਉਹ ਆ ਰਿਹਾ ਹੈ ਅਤੇ ਹੁਣ ਉਹ ਇਸ ਸੰਸਾਰ ਦੇ ਵਿੱਚ ਹੈ। [1 ਯੂਹੰਨਾ 4:3]

**(4) ਝੂਠੇ ਭਗਤਾਂ ਦੁਆਰਾ** (ਮੱਤੀ 13:25, 36-39)

"...ਜੰਗਲੀ ਬੂਟੀ ਦਾ ਅਰਥ ਉਹ ਲੋਕ ਹਨ ਜਿਹਨਾਂ ਦਾ **ਸੰਬੰਧ ਸ਼ੈਤਾਨ ਨਾਲ ਹੈ**। ਵੈਰੀ ਜਿਸ ਨੇ ਜੰਗਲੀ ਬੂਟੀ ਬੀਜੀ,

ਸ਼ੈਤਾਨ ਹੈ…" [ਮੱਤੀ 13:38-39]

**(5) ਇੱਕ ਝੂਠੇ, ਗੁੰਝਲਦਾਰ ਅਤੇ ਗ਼ਲਤ ਸ਼ੁਭ ਸਮਾਚਾਰ ਦੁਆਰਾ** (2 ਕੁਰਿੰਥ 11:3-4; ਗਲਾਤੀ 1:8)

ਪਰ ਮੈਨੂੰ ਡਰ ਹੈ ਕਿ ਜਿਸ ਤਰ੍ਹਾਂ ਸੱਪ ਨੇ ਆਪਣੀ ਚਤੁਰਾਈ ਨਾਲ ਹੱਵਾਹ ਨੂੰ ਧੋਖਾ ਦਿੱਤਾ, ਉਸੇ ਤਰ੍ਹਾਂ ਤੁਹਾਡੇ ਵਿਚਾਰ ਵੀ ਭ੍ਰਿਸ਼ਟ ਨਾ ਹੋ ਜਾਣ ਅਤੇ ਤੁਸੀਂ ਵੀ ਮਸੀਹ ਲਈ ਸੱਚੀ ਅਤੇ ਸੁੱਚੀ ਸ਼ਰਧਾ ਨਾ ਗੁਆ ਲਵੋ। ਜੇਕਰ ਕੋਈ ਤੁਹਾਡੇ ਕੋਲ ਆਏ ਅਤੇ ਕਿਸੇ ਹੋਰ ਯਿਸੂ ਦਾ ਪ੍ਰਚਾਰ ਕਰੇ ਜਿਸ ਦਾ ਪ੍ਰਚਾਰ ਅਸੀਂ ਨਹੀਂ ਕੀਤਾ ਸੀ ਜਾਂ ਜੇਕਰ ਤੁਸੀਂ ਉਸ ਆਤਮਾ ਤੋਂ ਇਲਾਵਾ ਕੋਈ ਦੂਜਾ ਆਤਮਾ ਪ੍ਰਾਪਤ ਕਰੋ ਜੋ ਤੁਸੀਂ ਪਹਿਲਾਂ ਨਹੀਂ ਪ੍ਰਾਪਤ ਕੀਤਾ ਸੀ ਜਾਂ ਤੁਸੀਂ ਕੋਈ ਹੋਰ ਸ਼ੁਭ ਸਮਾਚਾਰ ਸਵੀਕਾਰ ਕਰੋ ਜੋ ਤੁਸੀਂ ਪਹਿਲਾਂ ਸਵੀਕਾਰ ਨਹੀਂ ਕੀਤਾ ਸੀ ਤਾਂ ਤੁਸੀਂ ਉਸ ਨੂੰ ਅਸਾਨੀ ਨਾਲ ਸਵੀਕਾਰ ਕਰਦੇ ਹੋ। [2 ਕੁਰਿੰਥ 11:3-4]

**(6) ਝੂਠੇ ਚਮਤਕਾਰਾਂ ਦੁਆਰਾ**

ਇਹ ਸੰਭਵ ਹੈ ਕਿ ਸ਼ੈਤਾਨ ਲੋਕਾਂ ਨੂੰ "ਚਮਤਕਾਰ" ਕਰਨ ਦੀ ਆਗਿਆ ਦਿੰਦਾ ਹੈ ਤਾਂ ਜੋ ਉਹ ਅਲੌਕਿਕ ਸ਼ਕਤੀ ਵਾਲੇ ਦਿਖਾਈ ਦੇਣ (ਮੱਤੀ 12:27; 2 ਤਿਮੋਥਿ 3:8; ਪ੍ਰਕਾਸ਼ 2:9)

"ਤੁਸੀਂ ਕਹਿੰਦੇ ਹੋ ਕਿ ਮੈਂ ਬਾਲਜ਼ਬੂਲ ਦੀ ਮਦਦ ਨਾਲ ਅਸ਼ੁੱਧ ਆਤਮਾਵਾਂ ਨੂੰ ਕੱਢਦਾ ਹਾਂ। ਜੇਕਰ ਇਹ ਸੱਚ ਹੈ ਤਾਂ ਤੁਹਾਡੇ ਚੇਲੇ ਕਿਸ ਦੀ ਮਦਦ ਨਾਲ ਅਸ਼ੁੱਧ ਆਤਮਾਵਾਂ ਨੂੰ ਕੱਢਦੇ ਹਨ? ਉਹ ਹੀ ਸਿੱਧ ਕਰਦੇ ਹਨ ਕਿ ਤੁਸੀਂ ਗ਼ਲਤ ਹੋ।" [ਮੱਤੀ 12:27]

"ਤੇਰੇ ਦੁੱਖ ਅਤੇ ਗ਼ਰੀਬੀ ਨੂੰ ਜਾਣਦਾ ਹਾਂ, ਪਰ ਅਸਲ ਵਿੱਚ ਤੂੰ ਅਮੀਰ ਹੈਂ! ਮੈਂ ਤੇਰੀ ਉਸ ਨਿੰਦਾ ਨੂੰ ਵੀ ਜਾਣਦਾ ਹਾਂ ਜਿਹੜੀ ਉਹਨਾਂ ਦੇ ਦੁਆਰਾ ਹੋ ਰਹੀ ਹੈ ਜਿਹੜੇ ਆਪਣੇ ਆਪ ਨੂੰ ਯਹੂਦੀ ਕਹਿੰਦੇ ਹਨ ਪਰ ਯਹੂਦੀ ਨਹੀਂ ਹਨ। ਉਹ ਅਸਲ ਵਿੱਚ ਸ਼ੈਤਾਨ ਦੀ ਸਭਾ ਹਨ।" [ਪ੍ਰਕਾਸ਼ 2:9]

**b. ਸ਼ੈਤਾਨ ਉਹਨਾਂ ਧਰਮਾਂ ਅਤੇ ਗਿਆਨਾਂ ਨਾਲ ਅੰਨ੍ਹਾ ਕਰਦਾ ਹੈ ਜੋ ਖੁੱਲ੍ਹੇ ਤੌਰ ਤੇ ਮਸੀਹ ਵਿਰੋਧੀ ਹਨ।**

(1) **ਪਦਾਰਥਵਾਦ ਦੁਆਰਾ, ਅੱਖਾਂ ਦੀ ਲਾਲਸਾ**

ਜੇਕਰ "ਧਨ ਦਾ ਮੋਹ ਹੀ ਸਭ ਤਰ੍ਹਾਂ ਦੀਆਂ ਬੁਰਾਈਆਂ ਦੀ ਜੜ੍ਹ ਹੈ" ਜਿਵੇਂ ਕਿ 1 ਤਿਮੋਥਿਉਸ 6:10 ਵਿੱਚ ਕਿਹਾ ਗਿਆ ਹੈ, ਤਾਂ ਪਦਾਰਥਵਾਦ ਦਾ ਪ੍ਰਚਾਰ ਦੁਸ਼ਟ ਵੱਲੋਂ ਹੋਣਾ ਸਹੀ ਹੋਵੇਗਾ। 1 ਯੂਹੰਨਾ 2:15ff ਦੇ ਅਨੁਸਾਰ ਪਰਮੇਸ਼ਰ ਇਸ ਸੰਸਾਰ ਦੇ ਨਾਲ ਪਿਆਰ ਦੀ ਨਿੰਦਾ ਕਰਦੇ ਹਨ, ਜਿਸ ਵਿੱਚ ਪਦਾਰਥਵਾਦ ਵੀ ਸ਼ਾਮਲ ਹੈ, ਅਤੇ 1 ਯੂਹੰਨਾ 5:19 ਅਨੁਸਾਰ ਇਹ ਸ਼ੈਤਾਨ ਦੇ ਦਬਦਬੇ ਵਾਲੇ ਸੰਸਾਰ ਨਾਲ ਪਿਆਰ ਹੈ। ਇਸ ਤੋਂ ਇਲਾਵਾ, ਜੇਕਰ ਮੂਰਤੀ ਪੂਜਾ ਅਸ਼ੁੱਧ ਆਤਮਾਵਾਂ ਦੀ ਪੂਜਾ ਹੈ ਅਤੇ ਜੇਕਰ ਲੋਭ ਮੂਰਤੀ ਪੂਜਾ ਹੈ (ਕੁਲੁੱਸੀ 3:5), ਤਾਂ ਫਿਰ ਪਦਾਰਥਵਾਦ ਪਰਮੇਸ਼ਰ ਦੀ ਅਰਾਧਨਾ ਨੂੰ ਰੋਕਦਾ ਹੈ। ਸ਼ੈਤਾਨ ਵੱਲੋਂ ਪਦਾਰਥਵਾਦ ਨੂੰ ਉਤਸ਼ਾਹਿਤ ਕਰਨ ਦੀ ਸਭ ਤੋਂ ਵੱਡੀ ਮਿਸਾਲ ਯਹੂਦਾ ਇਸਕਰਿਯੋਤੀ ਹੈ।

ਯਿਸੂ ਅਤੇ ਉਹਨਾਂ ਦੇ ਚੇਲੇ ਭੋਜਨ ਕਰ ਰਹੇ ਸਨ। **ਸ਼ੈਤਾਨ ਪਹਿਲਾਂ ਹੀ ਸ਼ਮਊਨ ਦੇ ਪੁੱਤਰ ਯਹੂਦਾ ਇਸਕਰਿਯੋਤੀ ਦੇ ਦਿਲ ਵਿੱਚ ਇਹ ਵਿਚਾਰ ਪਾ ਚੁੱਕਾ ਸੀ** ਕਿ ਉਹ ਯਿਸੂ ਨੂੰ ਫੜਵਾਏ।… [ਯੂਹੰਨਾ 13:2]

ਬੁਰਕੀ ਲੈਂਦੇ ਹੀ ਸ਼ੈਤਾਨ ਉਸ ਵਿੱਚ ਸਮਾ ਗਿਆ [ਯੂਹੰਨਾ 13:27]

(2) **ਭੋਗ ਵਿਲਾਸ ਅਤੇ ਸਰੀਰ ਦੀ ਲਾਲਸਾ ਦੁਆਰਾ** (ਅਫ਼ਸੀ 2:1-3; ਯੂਹੰਨਾ 3:19-20)

ਤੁਸੀਂ ਆਪਣੇ ਅਪਰਾਧਾਂ ਅਤੇ ਪਾਪਾਂ ਦੇ ਕਾਰਨ ਆਤਮਿਕ ਤੌਰ ਤੇ ਮੁਰਦਾ ਸੀ। ਉਸ ਸਮੇਂ ਤੁਸੀਂ ਇਸ ਸੰਸਾਰ ਦੇ ਬੁਰੇ ਰਾਹਾਂ ਉੱਤੇ ਚੱਲਦੇ ਸੀ ਅਤੇ ਉਸ ਆਤਮਾ ਦੇ ਅਧੀਨ ਸੀ ਜੋ ਅਕਾਸ਼ੀ ਸ਼ਕਤੀਆਂ ਦੀ ਅਧਿਕਾਰੀ ਹੈ। **ਇਹ ਆਤਮਾ ਇਸ ਸਮੇਂ ਉਹਨਾਂ ਲੋਕਾਂ ਦੇ ਵਿੱਚ ਕੰਮ ਕਰਦੀ ਹੈ ਜੋ ਪਰਮੇਸ਼ਰ ਦੇ ਹੁਕਮ ਨਹੀਂ ਮੰਨਦੇ**। ਇੱਕ ਸਮਾਂ ਸੀ ਜਦੋਂ ਅਸੀਂ ਵੀ ਉਹਨਾਂ ਵਰਗੇ ਸੀ। ਅਸੀਂ ਵੀ ਆਪਣੀਆਂ ਸਰੀਰਕ ਕਾਮਨਾਵਾਂ ਦੇ ਵਿੱਚ ਫਸੇ ਹੋਏ ਸੀ ਅਤੇ **ਆਪਣੇ ਸਰੀਰ ਅਤੇ ਮਨ ਦੀ ਇੱਛਾ ਦੇ ਅਨੁਸਾਰ ਚੱਲਦੇ ਸੀ**। ਇਸ ਤਰ੍ਹਾਂ ਅਸੀਂ ਵੀ ਦੂਜਿਆਂ ਵਾਂਗ ਪਰਮੇਸ਼ਰ ਦੇ ਕ੍ਰੋਧ ਦੇ ਹੱਕਦਾਰ ਸੀ। [ਅਫ਼ਸੀ 2:1-3]

(3) **ਆਤਮਾਵਾਂ ਦੁਆਰਾ** (ਜਾਦੂਗਰੀ ਬਾਰੇ ਜਾਣਕਾਰੀ ਨੂੰ ਪਾਠ 5 "ਅਸ਼ੁੱਧ ਆਤਮਾਵਾਂ ਦੇ ਸਿਧਾਂਤ" ਵਿੱਚ ਸ਼ਾਮਲ ਕੀਤਾ ਗਿਆ ਹੈ)।

**(a) ਸਿੱਧੇ ਤੌਰ ਤੇ ਸ਼ੈਤਾਨ ਦੀ ਪੂਜਾ ਦੁਆਰਾ** (ਲੇਵੀ 19:31; 20:6, 27; ਬਿਵਸਥਾ 18:9-12)

**(b) ਮੂਰਤੀ ਪੂਜਾ**

ਮੂਰਤੀ ਪੂਜਾ ਅਸ਼ੁੱਧ ਆਤਮਾਵਾਂ ਦੀ ਹੀ ਪੂਜਾ ਹੈ (ਬਿਵਸਥਾ 32:16-17; ਜ਼ਬੂਰ 106:36-37)। **ਸਾਰੇ ਝੂਠੇ ਧਰਮ ਮੂਰਤੀ ਪੂਜਾ ਹੀ ਹਨ।** ਅਸਲ ਵਿੱਚ, ਕੋਈ ਵੀ ਚੀਜ਼ ਜੋ ਪਰਮੇਸ਼ਰ ਦੀ ਅਰਾਧਨਾ ਵਿੱਚ ਰੁਕਾਵਟ ਪਾਉਂਦੀ ਹੈ ਉਹ ਮੂਰਤੀ ਹੀ ਹੈ।

**(c) ਖ਼ੁਦ ਦੀ ਪੂਜਾ, ਮਨੁੱਖਤਾਵਾਦ, ਜੀਵਨ ਦਾ ਹੰਕਾਰ**

ਸਮੂਏਲ ਨੇ ਬਗਾਵਤ ਦੀ ਤੁਲਨਾ ਜਾਦੂਗਰੀ ਦੇ ਪਾਪ ਨਾਲ ਕੀਤੀ ਸੀ (1 ਸਮੂ 15:23)। ਖ਼ੁਦ ਦੀ ਪੂਜਾ ਮੂਰਤੀ ਪੂਜਾ ਦਾ ਹੀ ਇੱਕ ਰੂਪ ਹੈ,

ਅਤੇ ਸਾਰੀ ਮੂਰਤੀ ਪੂਜਾ ਅਸਿੱਧੇ ਤੌਰ ਤੇ ਸ਼ੈਤਾਨ ਦੀ ਪੂਜਾ ਹੈ। ਇਸ ਤੋਂ ਇਲਾਵਾ, ਸ਼ੈਤਾਨ ਮੁਕਤੀ ਨਾ ਪਾਈ ਹੋਈ ਮਨੁੱਖਜਾਤੀ ਦਾ ਮਾਲਕ ਹੈ (1 ਯੂਹੰਨਾ 5:19; ਅਫ਼ਸੀ 2:2)। ਇਸ ਤਰ੍ਹਾਂ, ਖ਼ੁਦ ਦੀ ਜਾਂ ਮਨੁੱਖਜਾਤੀ ਦੀ ਪੂਜਾ ਇਸ ਸੰਸਾਰ ਦੀ ਪ੍ਰਣਾਲੀ ਦੇ ਹਾਕਮ ਦੀ ਪੂਜਾ ਹੈ। ਅੰਤ ਵਿੱਚ, ਮਨੁੱਖੀ ਆਤਮਾ ਇੱਕ ਆਤਮਾ ਹੀ ਹੈ। ਇਸ ਲਈ ਮਨੁੱਖਤਾ ਦੀ ਪੂਜਾ (ਮਨੁੱਖਤਾਵਾਦ) ਆਤਮਾ ਦੀ ਪੂਜਾ ਦਾ ਹੀ ਇੱਕ ਰੂਪ ਹੈ।

**2. ਸ਼ੈਤਾਨ ਪਰਮੇਸ਼ਰ ਦੇ ਲੋਕਾਂ ਦਾ ਵਿਰੋਧ ਕਰਦਾ ਹੈ** (ਮੱਤੀ 16:23; 2 ਕੁਰਿੰਥ 2:11; ਅਫ਼ਸੀ 6:11-12)

> ਕਿਉਂਕਿ ਅਸੀਂ ਸ਼ੈਤਾਨ ਦੀਆਂ ਸਭ ਚਾਲਾਂ ਨੂੰ ਜਾਣਦੇ ਹਾਂ, ਇਸ ਲਈ ਸਾਨੂੰ ਚਾਹੀਦਾ ਹੈ ਕਿ **ਉਹ ਸਾਡੇ ਉੱਤੇ ਭਾਰੂ ਨਾ ਹੋਵੇ।** [2 ਕੁਰਿੰਥ 2:11]

> ਪਰਮੇਸ਼ਰ ਦੇ ਸਾਰੇ ਸ਼ਸਤਰ-ਬਸਤਰ ਧਾਰ ਲਵੋ ਤਾਂ ਜੋ ਤੁਸੀਂ ਸ਼ੈਤਾਨ ਦੀਆਂ ਖ਼ਤਰਨਾਕ ਚਾਲਾਂ ਦਾ ਮੁਕਾਬਲਾ ਕਰ ਸਕੋ। **ਸਾਡਾ ਯੁੱਧ ਮਨੁੱਖਾਂ ਦੇ ਵਿਰੁੱਧ ਨਹੀਂ** ਸਗੋਂ ਇਸ ਹਨੇਰੇ ਸੰਸਾਰ ਦੇ ਹਾਕਮਾਂ, ਅਧਿਕਾਰੀਆਂ ਅਤੇ **ਅਕਾਸ਼ੀ ਦੁਸ਼ਟ ਆਤਮਿਕ ਸ਼ਕਤੀਆਂ** ਦੇ ਵਿਰੁੱਧ ਹੈ [ਅਫ਼ਸੀ 6:11-12]

a. ਸ਼ੈਤਾਨ ਪਰਤਾਵਿਆਂ ਰਾਹੀਂ ਵਿਸ਼ਵਾਸੀਆਂ ਦਾ ਵਿਰੋਧ ਕਰਦਾ ਹੈ (ਮੱਤੀ 4:1; 1 ਥੱਸਲੁ 3:5)

**(1) ਪਦਾਰਥਵਾਦ ਦਾ ਪਰਤਾਵਾ** (ਮੱਤੀ. 6:24; 1 ਯੂਹੰਨਾ 2:15-17)

ਹਾਲਾਂਕਿ ਪ੍ਰਭੂ ਪੈਸੇ ਦੀ ਤੁਲਨਾ ਇੱਕ ਮਾਲਕ ਨਾਲ ਕਰਦੇ ਹਨ, ਤਾਂ ਸ਼ੈਤਾਨ ਉਹ ਮਾਲਕ ਹੈ ਜੋ ਮਨੁੱਖਾਂ ਨੂੰ ਕਾਬੂ ਵਿੱਚ ਕਰਨ ਦੇ ਲਈ ਪੈਸੇ ਨਾਲ ਪਿਆਰ ਦੀ ਵਰਤੋਂ ਕਰਦਾ ਹੈ। ਸ਼ੈਤਾਨ ਉਸ ਸੰਸਾਰ ਦਾ ਹਾਕਮ ਹੈ ਜਿਸ ਨਾਲ ਪਿਆਰ ਨਾ ਕਰਨ ਦੇ ਲਈ ਵਿਸ਼ਵਾਸੀਆਂ ਨੂੰ ਕਿਹਾ ਗਿਆ ਹੈ (1 ਯੂਹੰਨਾ 2:15-17; 5:19), ਅਤੇ ਉਹ ਪਦਾਰਥਵਾਦ ਸਮੇਤ ਸਾਰੀ ਮੂਰਤੀ ਪੂਜਾ ਦੀ ਨੀਂਹ ਹੈ (ਕੁਲੁੱਸੀ 3:5)।

> "ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ। ਉਹ ਇੱਕ ਦੇ ਨਾਲ ਨਫ਼ਰਤ ਕਰੇਗਾ ਅਤੇ ਦੂਜੇ ਦੇ ਨਾਲ ਪਿਆਰ ਜਾਂ ਇੱਕ ਦਾ ਆਦਰ ਕਰੇਗਾ ਅਤੇ ਦੂਜੇ ਨੂੰ ਤੁੱਛ ਜਾਣੇਗਾ। ਤੁਸੀਂ ਪਰਮੇਸ਼ਰ ਅਤੇ ਧਨ, ਦੋਵਾਂ ਦੀ ਸੇਵਾ ਨਹੀਂ ਕਰ ਸਕਦੇ।" [ਮੱਤੀ 6:24]

**(2) ਅਨੈਤਿਕਤਾ ਦਾ ਪਰਤਾਵਾ**

> ਇੱਕ ਦੂਜੇ ਨੂੰ ਵੰਚਿਤ ਨਾ ਕਰੋ। ਜੇਕਰ ਇਸ ਤਰ੍ਹਾਂ ਕਰੋ ਵੀ, ਤਾਂ ਕੁਝ ਸਮੇਂ ਦੇ ਲਈ ਇੱਕ ਦੂਜੇ ਦੀ ਸਲਾਹ ਨਾਲ ਕਰੋ ਕਿ ਤੁਹਾਨੂੰ ਪ੍ਰਾਰਥਨਾ ਲਈ ਸਮਾਂ ਮਿਲ ਸਕੇ। ਪਰ ਇਸ ਦੇ ਬਾਅਦ ਫਿਰ ਇਕੱਠੇ ਰਹੋ ਤਾਂ ਜੋ ਤੁਹਾਡੇ **ਸੰਜਮ ਵਿੱਚ ਨਾ ਹੋਣ** ਦੇ ਕਾਰਨ **ਸ਼ੈਤਾਨ ਤੁਹਾਨੂੰ ਪਰਤਾਵੇ ਵਿੱਚ** ਨਾ ਪਾ ਦੇਵੇ। [1 ਕੁਰਿੰਥ 7:5]

**(3) ਹੰਕਾਰ ਅਤੇ ਸਵੈ-ਨਿਰਭਰਤਾ ਦਾ ਪਰਤਾਵਾ**

ਸ਼ੈਤਾਨ ਨੇ ਦਾਊਦ ਨੂੰ ਇਸਰਾਏਲ ਦੀ ਗਿਣਤੀ ਕਰਨ ਦੇ ਲਈ ਇਸੇ ਤਰੀਕੇ ਦੀ ਵਰਤੋਂ ਕੀਤੀ ਸੀ (1 ਇਤਿਹਾਸ 21:1ff)।

> …ਉਹ ਨਵਾਂ ਵਿਸ਼ਵਾਸੀ ਨਾ ਹੋਵੇ, ਕਿ ਕਿਤੇ **ਉਹ ਘਮੰਡ ਵਿੱਚ ਫੁੱਲ ਕੇ ਸ਼ੈਤਾਨ ਵਾਲੀ ਸਜ਼ਾ ਪਾਵੇ।** [1 ਤਿਮੋਥਿ 3:6]

**(4) ਝੂਠ ਦਾ ਪਰਤਾਵਾ**

ਉਹ ਝੂਠਿਆਂ ਦਾ ਪਿਤਾ ਹੈ (ਯੂਹੰਨਾ 8:44ff.)

> ਤਦ ਪਤਰਸ ਨੇ ਕਿਹਾ, "ਹਨਾਨਿਯਾ, ਤੇਰੇ ਦਿਲ ਵਿੱਚ ਸ਼ੈਤਾਨ ਕਿਉਂ ਆਇਆ ਕਿ ਤੂੰ ਝੂਠ ਬੋਲੇ?" [ਰਸੂਲਾਂ 5:3]

**(5) ਸ਼ੱਕ ਦਾ ਪਰਤਾਵਾ**

ਸ਼ੈਤਾਨ ਨਾ ਸਿਰਫ਼ ਇਹ ਚਾਹੁੰਦਾ ਸੀ ਕਿ ਆਦਮ ਅਤੇ ਹੱਵਾਹ ਪਰਮੇਸ਼ਰ ਦੇ ਵਚਨ ਦੀ ਸੱਚਾਈ ਉੱਤੇ ਸ਼ੱਕ ਕਰਨ, ਪਰ ਉਸ ਨੇ ਇਹ ਸੰਕੇਤ ਵੀ ਦਿੱਤਾ ਕਿ ਉਹਨਾਂ ਨੂੰ ਪਰਮੇਸ਼ਰ ਦੇ ਹੁਕਮਾਂ ਦੀ ਨਿਰਪੱਖਤਾ ਉੱਤੇ ਸ਼ੱਕ ਕਰਨਾ ਚਾਹੀਦਾ ਹੈ। ਉਸ ਦੇ ਕਹਿਣ ਦਾ ਇਹ ਅਰਥ ਸੀ ਕਿ ਸ਼ਾਇਦ ਪਰਮੇਸ਼ਰ ਨੇ ਅਜਿਹਾ ਕੁਝ ਨਹੀਂ ਕਿਹਾ ਸੀ, ਅਤੇ ਸ਼ਾਇਦ ਉਹ ਆਪਣੀ ਗੱਲ ਵਿੱਚ ਗ਼ਲਤ ਸਨ, ਜਾਂ ਸ਼ਾਇਦ ਪਰਮੇਸ਼ਰ ਉਹਨਾਂ ਉੱਤੇ ਇਸ ਲਈ ਪਾਬੰਦੀਆਂ ਲਗਾ ਰਹੇ ਸਨ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਮਨੁੱਖ ਪਾਪ ਦੇ ਸੁੱਖਾਂ ਦਾ ਅਨੰਦ ਲਵੇ।

> ਸੱਪ ਸਭ ਜੰਗਲੀ ਜਾਨਵਰਾਂ ਨਾਲੋਂ, ਜਿਹਨਾਂ ਨੂੰ ਯਹੋਵਾਹ ਪਰਮੇਸ਼ਰ ਨੇ ਬਣਾਇਆ ਸੀ, ਚਲਾਕ ਸੀ ਅਤੇ ਉਸ ਨੇ ਇਸਤਰੀ ਨੂੰ ਆਖਿਆ, ਭਲਾ, **ਪਰਮੇਸ਼ਰ ਨੇ ਸੱਚ-ਮੁੱਚ ਆਖਿਆ ਹੈ** ਕਿ ਬਾਗ਼ ਦੇ ਕਿਸੇ ਰੁੱਖ ਦਾ ਫਲ ਤੁਸੀਂ ਨਾ ਖਾਓ? ਇਸਤਰੀ ਨੇ ਸੱਪ ਨੂੰ ਆਖਿਆ, ਬਾਗ਼ ਦੇ ਸਾਰੇ ਰੁੱਖਾਂ ਦੇ ਫਲ ਤਾਂ ਅਸੀਂ ਖਾ ਸਕਦੇ ਹਾਂ ਪਰ ਜਿਹੜਾ ਰੁੱਖ ਬਾਗ਼ ਦੇ ਵਿੱਚਕਾਰ ਹੈ ਉਸ ਦੇ ਫਲ ਨੂੰ ਪਰਮੇਸ਼ਰ ਨੇ ਆਖਿਆ, ਤੁਸੀਂ ਨਾ ਖਾਓ ਨਾ ਉਹ ਨੂੰ ਹੱਥ ਲਾਓ, ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ। ਪਰ ਸੱਪ ਨੇ ਇਸਤਰੀ ਨੂੰ ਆਖਿਆ ਕਿ **ਤੁਸੀਂ ਕਦੀ ਨਹੀਂ ਮਰੋਗੇ। ਸਗੋਂ ਪਰਮੇਸ਼ਰ ਜਾਣਦਾ ਹੈ** ਕਿ ਜਿਸ ਦਿਨ ਤੁਸੀਂ ਉਸ ਫਲ ਨੂੰ ਖਾਓਗੇ ਤੁਹਾਡੀਆਂ ਅੱਖਾਂ ਖੁੱਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ਰ ਦੀ ਤਰ੍ਹਾਂ ਭਲੇ ਬੁਰੇ ਦੀ ਸਮਝ ਵਾਲੇ ਹੋ ਜਾਓਗੇ। [ਉਤ 3:1-5]

b. ਸ਼ੈਤਾਨ ਆਪਸੀ ਫੁੱਟ ਪੈਦਾ ਕਰਕੇ ਵਿਸ਼ਵਾਸੀਆਂ ਦਾ ਵਿਰੋਧ ਕਰਦਾ ਹੈ। ਉਹ ਗੁੱਸੇ ਅਤੇ ਈਰਖੇ ਵਰਤੋਂ ਕਰਨਾ ਪਸੰਦ ਕਰਦਾ ਹੈ।

> ਤੁਸੀਂ ਗੁੱਸਾ ਤਾਂ ਕਰੋ ਪਰ ਪਾਪ ਨਾ ਕਰੋ। ਸੂਰਜ ਡੁੱਬਣ ਤੋਂ ਪਹਿਲਾਂ ਆਪਣਾ ਗੁੱਸਾ ਖ਼ਤਮ ਕਰ ਦਿਓ। **ਤੁਸੀਂ ਸ਼ੈਤਾਨ ਨੂੰ**

**ਮੌਕਾ ਨਾ ਦਿਓ।** [ਅਫ਼ਸੀ 4:26-27]

ਪਰ ਜੇਕਰ ਤੁਹਾਡੇ ਦਿਲਾਂ ਵਿੱਚ ਈਰਖਾ ਦਾ ਕੌੜਾਪਣ ਅਤੇ ਸੁਆਰਥ ਹੈ ਤਾਂ ਇਸ ਦਾ ਘਮੰਡ ਨਾ ਕਰੋ ਅਤੇ ਨਾ ਹੀ ਸੱਚ ਦਾ ਵਿਰੋਧ ਕਰ ਕੇ ਝੂਠ ਬੋਲੋ। ਅਜਿਹੀ ਬੁੱਧ ਸਵਰਗ ਤੋਂ ਨਹੀਂ ਆਉਂਦੀ, ਸਗੋਂ ਇਹ ਸੰਸਾਰਕ, ਸਰੀਰਕ ਅਤੇ **ਸ਼ੈਤਾਨੀ** ਹੈ। ਕਿਉਂਕਿ ਜਿੱਥੇ ਈਰਖਾ ਅਤੇ ਸੁਆਰਥ ਹੈ, ਉੱਥੇ ਗੜਬੜ ਅਤੇ ਹਰ ਤਰ੍ਹਾਂ ਦੀ ਬੁਰਾਈ ਹੈ। [ਯਾਕੂਬ 3:14-16]

c. ਸ਼ੈਤਾਨ ਵਿਸ਼ਵਾਸੀਆਂ ਉੱਤੇ ਦੋਸ਼ ਲਗਾਉਣ ਦੁਆਰਾ ਉਹਨਾਂ ਦਾ ਵਿਰੋਧ ਕਰਦਾ ਹੈ ਅਤੇ ਇਸ ਤਰ੍ਹਾਂ ਉਹਨਾਂ ਨੂੰ ਨਿਰਾਸ਼ ਕਰਦਾ ਹੈ। ਸ਼ਾਇਦ "ਕਣਕ ਦੀ ਤਰ੍ਹਾਂ ਛੱਟੇ" ਵਿੱਚ ਇਹ ਸੰਕੇਤ ਹੈ ਕਿ ਸ਼ੈਤਾਨ ਸਾਡੇ ਅੰਦਰ ਦੀ "ਤੂੜੀ" (ਜਿਵੇਂ ਕਿ., ਜੀਵਨ ਦੇ ਬੇਕਾਰ ਪਹਿਲੂਆਂ) ਉੱਤੇ ਜ਼ੋਰ ਦੇਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਜੋ ਅਸੀਂ ਨਿਰਾਸ਼ ਮਹਿਸੂਸ ਕਰੀਏ (ਲੂਕਾ 22:31)। ਮਸੀਹ ਸਾਡੇ ਸਹਾਇੱਕ ਅਤੇ ਬਚਾਅ ਹਨ (1 ਯੂਹੰਨਾ 2:1-2)। 1 ਪਤਰਸ 5:7 ਸਾਨੂੰ ਆਪਣੀ ਸਾਰੀ ਚਿੰਤਾ ਪਰਮੇਸ਼ਰ ਉੱਤੇ ਛੱਡਣ ਦੇ ਲਈ ਦੱਸਦਾ ਹੈ ਅਤੇ ਉਸ ਤੋਂ ਬਾਅਦ 1 ਪਤਰਸ 5:8 ਇਹ ਸਿਖਾਉਂਦਾ ਹੈ ਕਿ ਸ਼ੈਤਾਨ ਵਿਸ਼ਵਾਸੀਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। *ਡੀਆਬੋਲੋਸ* ਨਿੰਦਿਆ ਕਰਨ ਵਾਲਾ, ਝੂਠਾ ਅਤੇ ਦੋਸ਼ ਲਗਾਉਣ ਵਾਲਾ ਹੈ ਜੋ ਚਾਹੁੰਦਾ ਹੈ ਕਿ ਅਸੀਂ ਹਮੇਸ਼ਾਂ ਨਿਰਾਸ਼ ਅਤੇ ਚਿੰਤਾ ਵਿੱਚ ਰਹੀਏ (ਦੇਖੋ, ਪ੍ਰਕਾਸ਼ 12:10)।

"ਸ਼ਮਊਨ, ਸ਼ਮਊਨ! ਦੇਖ, ਸ਼ੈਤਾਨ ਨੇ ਤੁਹਾਨੂੰ ਸਾਰਿਆਂ ਨੂੰ ਪਰਖਣ ਲਈ ਆਗਿਆ ਪ੍ਰਾਪਤ ਕੀਤੀ ਹੈ ਕਿ ਉਹ ਤੁਹਾਨੂੰ ਕਣਕ ਦੀ ਤਰ੍ਹਾਂ ਛੱਟੇ ਪਰ ਮੈਂ ਤੇਰੇ ਲਈ ਪ੍ਰਾਰਥਨਾ ਕੀਤੀ ਹੈ ਕਿ ਤੇਰਾ ਵਿਸ਼ਵਾਸ ਨਾ ਡਗਮਗਾਏ ਅਤੇ ਜਦੋਂ ਤੂੰ ਮੇਰੇ ਵੱਲ ਮੁੜੇਂ, ਆਪਣੇ ਭਰਾਵਾਂ ਨੂੰ ਸਹਾਰਾ ਦੇਵੀਂ।" [ਲੂਕਾ 22:31-32]

d. ਸ਼ੈਤਾਨ ਮਸੀਹੀ ਆਗੂਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਕੇ ਵਿਸ਼ਵਾਸੀਆਂ ਦਾ ਵਿਰੋਧ ਕਰਦਾ ਹੈ (1 ਇਤਿਹਾਸ 21:1, ਅਤੇ 1 ਤਿਮੋਥਿ 3:7)

**ਸ਼ੈਤਾਨ ਇਸਰਾਏਲ ਦੇ ਵਿਰੁੱਧ ਉੱਠਿਆ** ਅਤੇ ਉਸ ਨੇ **ਦਾਊਦ ਨੂੰ ਉਕਸਾਇਆ** ਕਿ ਉਹ ਇਸਰਾਏਲ ਦੀ ਗਿਣਤੀ ਕਰੇ। [1 ਇਤਿਹਾਸ 21:1]

e. ਸ਼ੈਤਾਨ ਕਲੀਸਿਯਾ ਵਿੱਚ ਅਵਿਸ਼ਵਾਸੀਆਂ ਨੂੰ ਮਿਲਾਉਣ ਦੁਆਰਾ ਵਿਸ਼ਵਾਸੀਆਂ ਦਾ ਵਿਰੋਧ ਕਰਦਾ ਹੈ (ਮੱਤੀ 13:25, 36-39; ਰਸੂਲਾਂ 20:29)

"ਝੂਠੇ ਨਬੀਆਂ ਤੋਂ ਸਾਵਧਾਨ ਰਹੋ। ਉਹ ਤੁਹਾਡੇ ਕੋਲ ਭੇਡਾਂ ਦੇ ਭੇਸ ਵਿੱਚ ਆਉਂਦੇ ਹਨ ਪਰ ਅੰਦਰੋਂ ਉਹ ਪਾੜ ਖਾਣ ਵਾਲੇ ਬਘਿਆੜ ਹਨ।" [ਮੱਤੀ 7:15]

"ਮੈਂ ਜਾਣਦਾ ਹਾਂ ਕਿ ਮੇਰੇ ਜਾਣ ਬਾਅਦ ਭਿਅੰਕਰ ਬਘਿਆੜ ਤੁਹਾਡੇ ਵਿੱਚ ਆ ਜਾਣਗੇ, ਜਿਹੜੇ ਝੁੰਡ ਨੂੰ ਨਾ ਛੱਡਣਗੇ।" [ਰਸੂਲਾਂ 20:29]

f. ਸ਼ੈਤਾਨ ਸਰੀਰਕ ਸਮੱਸਿਆਵਾਂ ਪੈਦਾ ਕਰਕੇ ਵਿਸ਼ਵਾਸੀਆਂ ਦਾ ਵਿਰੋਧ ਕਰ ਸਕਦਾ ਹੈ (ਅੱਯੂਬ 1-2; ਲੂਕਾ 13:11, 16; 2 ਕੁਰਿੰਥ 12:7)।

ਤਦ **ਸ਼ੈਤਾਨ** ਯਹੋਵਾਹ ਦੇ ਅੱਗੋਂ ਚਲਿਆ ਗਿਆ ਅਤੇ ਅੱਯੂਬ ਨੂੰ ਪੈਰ ਦੀ ਤਲੀ ਤੋਂ ਲੈ ਕੇ ਸਿਰ ਦੀ ਖੋਪੜੀ ਤੱਕ **ਬੁਰੇ ਫੋੜਿਆਂ ਨਾਲ ਮਾਰਿਆ।** [ਅੱਯੂਬ 2:7]

… **ਮੇਰੇ ਸਰੀਰ ਵਿੱਚ ਇੱਕ ਕੰਡਾ ਚੋਭਿਆ** ਗਿਆ ਹੈ **ਜੋ ਸ਼ੈਤਾਨ ਦਾ ਦੂਤ ਹੈ**, ਉਹ ਮੈਨੂੰ ਸਤਾਉਂਦਾ ਹੈ ਕਿ ਮੈਂ ਫੁੱਲ ਨਾ ਜਾਵਾਂ। [2 ਕੁਰਿੰਥ 12:7]

g. ਸ਼ੈਤਾਨ ਸਰਕਾਰਾਂ ਅਤੇ ਅਤਿਆਚਾਰਾਂ ਰਾਹੀਂ ਵਿਸ਼ਵਾਸੀਆਂ ਦਾ ਵਿਰੋਧ ਕਰ ਸਕਦਾ ਹੈ (ਦਾਨੀ 10:10ff.; ਪ੍ਰਕਾਸ਼ 2:10)।

"ਉਸ ਦੁੱਖ ਤੋਂ ਨਾ ਡਰ ਜਿਹੜਾ ਤੇਰੇ ਉੱਤੇ ਆਉਣ ਵਾਲਾ ਹੈ। **ਸ਼ੈਤਾਨ** ਤੁਹਾਨੂੰ ਪਰਤਾਵੇਗਾ ਅਤੇ ਤੁਹਾਡੇ ਵਿੱਚੋਂ **ਕੁਝ ਨੂੰ ਕੈਦ ਵਿੱਚ ਸੁੱਟ ਦੇਵੇਗਾ**। ਤੁਹਾਡੇ ਉੱਤੇ ਇਹ ਦੁੱਖ ਦਸ ਦਿਨ ਤੱਕ ਰਹਿਣਗੇ। ਮੌਤ ਤੱਕ ਮੇਰਾ ਵਫ਼ਾਦਾਰ ਰਹਿ ਤਾਂ ਮੈਂ ਤੈਨੂੰ ਜੀਵਨ ਦਾ ਤਾਜ ਦੇਵਾਂਗਾ।" [ਪ੍ਰਕਾਸ਼ 2:10]

h. ਸ਼ੈਤਾਨ ਕਈ ਤਰੀਕਿਆਂ ਨਾਲ ਵਿਸ਼ਵਾਸੀਆਂ ਦਾ ਵਿਰੋਧ ਕਰਦਾ ਹੈ ਜਿਵੇਂ ਕਿ ਝੂਠ (ਯੂਹੰਨਾ 8:44), ਝੂਠੇ ਚਮਤਕਾਰ (2 ਥੱਸਲੁ 2:9), ਅਤੇ ਹੋਰ ਅਨਿਸ਼ਚਿਤ ਰੁਕਾਵਟਾਂ (1 ਥੱਸਲੁ 2:18)

(ਅਧਿਆਇ 5, "ਅਸ਼ੁੱਧ-ਆਤਮਾਵਾਂ ਦੇ ਸਿਧਾਂਤ" ਵਿੱਚ ਵਿਸ਼ਵਾਸੀਆਂ ਦਾ ਨਾਸ਼ ਕਰਨ ਵਿੱਚ ਸ਼ੈਤਾਨ ਦੇ "ਕੰਮ" ਦੀਆਂ ਸੀਮਾਵਾਂ ਦਾ ਬਿਆਨ ਹੈ)।

## C. ਸ਼ੈਤਾਨ ਦੇ ਭਵਿੱਖ ਦੇ ਕੰਮ

ਸ਼ੈਤਾਨ ਦੇ ਭਵਿੱਖ ਦੇ ਕੰਮਾਂ ਦੀ ਪੂਰੀ ਸੂਚੀ ਇਸ ਅਧਿਆਇ ਨੂੰ ਜ਼ਰੂਰਤ ਤੋਂ ਜ਼ਿਆਦਾ ਲੰਬਾ ਕਰ ਦੇਵੇਗੀ, ਇਸ ਜਾਣਕਾਰੀ ਦੇ ਲਈ ਦੇਖੋ, ਅਧਿਆਇ 12 "ਅੰਤ ਦੇ ਸਮੇਂ ਦੇ ਸਿਧਾਂਤ"। ਕਲੀਸਿਯਾ ਦੇ ਯੁੱਗ ਦੇ ਪੂਰਾ ਹੋਣ ਤੋਂ ਬਾਅਦ, ਸ਼ੈਤਾਨ ਮਸੀਹ-ਵਿਰੋਧੀ ਰਾਹੀਂ ਲਾਗੂ ਕੀਤੀ ਸਰਕਾਰ ਦੁਆਰਾ ਸੰਸਾਰ ਉੱਤੇ ਕਾਬੂ ਪਾਉਣ ਦੇ ਯੋਗ ਹੋ ਜਾਵੇਗਾ (2 ਥੱਸਲੁ 2:3-10; ਪ੍ਰਕਾਸ਼ 13:3- 4)। ਉਹ ਵਿਸ਼ਵਾਸੀਆਂ ਨੂੰ ਦੁੱਖ ਦੇਵੇਗਾ (ਪ੍ਰਕਾਸ਼. 13:7-8) ਅਤੇ ਅਰਮਾਗਿੱਦੋਨ ਦੀ ਲੜਾਈ ਵਿੱਚ ਮਸੀਹ ਦੇ ਦੁਬਾਰਾ ਆਉਣ ਦਾ ਵਿਰੋਧ ਕਰੇਗਾ (ਪ੍ਰਕਾਸ਼ 17:14; 19:11- 20:3)। ਬਿਪਤਾ ਤੋਂ ਬਾਅਦ, ਸ਼ੈਤਾਨ ਇੱਕ ਹਜ਼ਾਰ ਸਾਲ ਦੇ ਲਈ ਅਥਾਹ ਕੁੰਡ ਵਿੱਚ ਬੰਨ੍ਹਿਆ ਜਾਵੇਗਾ (ਪ੍ਰਕਾਸ਼ 20:1-3)। ਉਹ ਹਜ਼ਾਰ ਸਾਲ ਦੇ ਰਾਜ ਤੋਂ

ਬਾਅਦ ਇੱਕ ਹੋਰ ਵਿਦਰੋਹ ਦੀ ਕੋਸ਼ਿਸ਼ ਕਰੇਗਾ, ਅਤੇ ਫਿਰ ਸਦੀਪਕ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇਗਾ (ਪ੍ਰਕਾਸ਼ 20:7-10)।

ਅਧਿਆਇ 5

# ਅਸ਼ੁੱਧ ਆਤਮਾਵਾਂ ਦਾ ਸਿਧਾਂਤ

**ਰੂਪ-ਰੇਖਾ**


I. ਅਸ਼ੁੱਧ ਆਤਮਾਵਾਂ ਦੀ ਮੌਜੂਦਗੀ 51

II. ਅਸ਼ੁੱਧ ਆਤਮਾਵਾਂ ਦੀ ਉਤਪਤੀ 52

A. ਆਦਮ ਤੋਂ ਪਹਿਲਾਂ ਦੇ ਲੋਕਾਂ ਦੀਆਂ ਆਤਮਾਵਾਂ

B. ਦੈਂਤਾਂ ਦੇ ਬੱਚਿਆਂ ਦੀਆਂ ਆਤਮਾਵਾਂ

C. ਪਾਪੀ ਦੂਤ

III. ਅਸ਼ੁੱਧ ਆਤਮਾਵਾਂ ਦਾ ਵਿਅਕਤੀਤਵ 53

IV. ਅਸ਼ੁੱਧ ਆਤਮਾਵਾਂ ਦੀਆਂ ਵਿਸ਼ੇਸ਼ਤਾਵਾਂ

A. ਅਸ਼ੁੱਧ ਆਤਮਾਵਾਂ ਆਤਮਾ ਹਨ

B. ਅਸ਼ੁੱਧ ਆਤਮਾਵਾਂ ਨੈਤਿਕ ਤੌਰ ਤੇ ਭ੍ਰਿਸ਼ਟ ਹਨ

C. ਅਸ਼ੁੱਧ ਆਤਮਾਵਾਂ ਦਿਖਾਈ ਨਹੀਂ ਦਿੰਦੀਆਂ ਹਨ, ਪਰ ਉਹ ਪ੍ਰਗਟ ਹੋਣ ਦੇ ਯੋਗ ਹਨ

V. ਅਸ਼ੁੱਧ ਆਤਮਾਵਾਂ ਦੀਆਂ ਸ਼ਕਤੀਆਂ

A. ਉਹਨਾਂ ਕੋਲ ਅਲੌਕਿਕ ਸ਼ਕਤੀ ਹੈ ਪਰ ਇਹ ਸ਼ਕਤੀ ਸੀਮਿਤ ਹੈ

B. ਉਹਨਾਂ ਕੋਲ ਅਲੌਕਿਕ ਬੁੱਧ ਹੈ, ਪਰ ਇਹ ਬੁੱਧ ਸੀਮਿਤ ਹੈ

C. ਉਹ ਸਥਾਨ ਦੇ ਸੰਬੰਧਾਂ ਵਿੱਚ ਅਲੌਕਿਕ ਹਨ 54

VI. ਅਸ਼ੁੱਧ ਆਤਮਾਵਾਂ ਦੇ ਕੰਮ

A. ਆਮ ਕੰਮ

1. ਸ਼ੈਤਾਨ ਦੀ ਸ਼ਕਤੀਆਂ ਨੂੰ ਵਧਾਉਂਦੀਆਂ ਹਨ
2. ਸੰਸਾਰ ਦੇ ਨੇਤਾਵਾਂ ਦੇ ਵਿਚਾਰਾਂ ਅਤੇ ਕੰਮਾਂ ਨੂੰ ਪ੍ਰਭਾਵਿਤ ਕਰਦੀਆਂ ਹਨ
3. ਝੂਠੇ ਧਰਮਾਂ ਨੂੰ ਫੈਲਾਉਂਦੀਆਂ ਹਨ
4. ਅਨੈਤਿਕਤਾ ਫੈਲਾਉਂਦੀਆਂ ਹਨ
5. ਮਨੁੱਖੀ ਮਨ ਅਤੇ ਸਰੀਰ ਨੂੰ ਦੁੱਖੀ ਕਰ ਸਕਦੀਆਂ ਹਨ

B. ਅਸ਼ੁੱਧ ਆਤਮਾਵਾਂ ਅਤੇ ਤੰਤਰ ਵਿੱਦਿਆ

1. ਫ਼ਾਲ ਪਾਉਣਾ ਜਾਂ ਕਿਸਮਤ ਦੱਸਣਾ
   a. ਭਵਿੱਖ ਦੱਸਣ ਬਾਰੇ ਦੇ ਬਾਈਬਲ ਦੇ ਵਚਨ 55
   b. ਜੋਤਿਸ਼ ਵਿੱਦਿਆ ਬਾਰੇ ਬਾਈਬਲ ਦੇ ਵਚਨ
   c. ਸਿੱਟਾ
2. ਆਤਮਵਾਦ 56
3. ਜਾਦੂ
4. ਨਸ਼ੀਲੇ ਪਦਾਰਥਾਂ ਦੀ ਵਰਤੋਂ 57

VII. ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣਾ

A. ਪਰਿਭਾਸ਼ਾ ਅਤੇ ਕਾਰਨ

B. ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣ ਦੇ ਲੱਛਣ

1. ਅਸ਼ੁੱਧ ਆਤਮਾਵਾਂ ਨਾਲ ਜਕੜਨ ਬਾਰੇ ਵਚਨ
   a. ਅਜੀਬ ਸਰੀਰਕ ਤਾਕਤ
   b. ਲੋਕਾਂ ਤੋਂ ਅਲੱਗ ਰਹਿਣਾ
   c. ਬਹੁਤ ਜ਼ਿਆਦਾ ਗੁੱਸਾ
   d. ਦੋ ਤਰ੍ਹਾਂ ਦਾ ਵਿਅਕਤੀਤਵ
   e. ਆਤਮਿਕ ਗੱਲਾਂ ਦਾ ਵਿਰੋਧ
   f. ਅਲੌਕਿਕ ਸਮਝ
   g. ਆਵਾਜ਼ ਵਿੱਚ ਤਬਦੀਲੀਆਂ
   h. ਦੌਰੇ ਅਤੇ ਮੂੰਹ ਵਿੱਚੋਂ ਨਿਕਲਣਾ
   i. ਅਸ਼ੁੱਧਤਾ
   j. ਆਤਮ ਹੱਤਿਆ ਦੇ ਰੁਝਾਨ
2. ਸਲਾਹਕਾਰਾਂ ਅਤੇ ਮਿਸ਼ਨਰੀਆਂ ਦੁਆਰਾ ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣ ਦੇ ਲੱਛਣ

C. ਅਸ਼ੁੱਧ ਆਤਮਾ ਨਾਲ ਜੜਕਣਾ ਅਤੇ ਮਸੀਹੀ ਲੋਕ 58

1. ਸ਼ੈਤਾਨ ਦਾ ਵਿਨਾਸ਼
2. ਵਿਸ਼ਵਾਸੀਆਂ ਦਾ ਛੁਟਕਾਰਾ ਅਤੇ ਸੰਭਾਲ
3. ਸਿੱਟਾ 59


## *ਅਸ਼ੁੱਧ ਆਤਮਾਵਾਂ ਦਾ ਸਿਧਾਂਤ*

### I. ਅਸ਼ੁੱਧ ਆਤਮਾਵਾਂ ਦੀ ਮੌਜੂਦਗੀ

ਪੁਰਾਣੇ ਨੇਮ ਵਿੱਚ ਅਸ਼ੁੱਧ ਆਤਮਾਵਾਂ ਇੰਨੀਆਂ ਪ੍ਰਮੁੱਖ ਨਹੀਂ ਹਨ ਜਿੰਨੀਆਂ ਇਹ ਨਵੇਂ ਨੇਮ ਵਿੱਚ ਹਨ, ਪਰ ਫਿਰ ਵੀ ਇਹਨਾਂ ਦਾ ਜ਼ਿਕਰ ਕੀਤਾ ਗਿਆ ਹੈ (ਬਿਵਸਥਾ 32:17; ਜ਼ਬੂਰ 106:37)। ਨਵੇਂ ਨੇਮ ਵਿੱਚ ਅਸ਼ੁੱਧ ਆਤਮਾਵਾਂ ਦਾ ਜ਼ਿਕਰ 100 ਤੋਂ ਵੱਧ ਵਾਰ ਕੀਤਾ ਗਿਆ ਹੈ: ਲਗਭਗ 63 ਵਾਰ ਅਸ਼ੁੱਧ ਆਤਮਾਵਾਂ, 13 ਵਾਰ ਕਿਸੇ ਵਿੱਚ ਅਸ਼ੁੱਧ ਆਤਮਾ ਦਾ ਆਉਣਾ, ਅਤੇ 43 ਵਾਰ ਕਿਸੇ ਕਿਸਮ ਦੀ ਅਸ਼ੁੱਧ ਜਾਂ ਦੁਸ਼ਟ ਆਤਮਾ। ਇਬਰਾਨੀਆਂ ਦੇ ਲੇਖਕ ਤੋਂ ਇਲਾਵਾ, ਨਵੇਂ ਨੇਮ ਦੇ ਬਾਕੀ ਸਾਰੇ ਲੇਖਕ ਅਸ਼ੁੱਧ ਆਤਮਾਵਾਂ ਦਾ ਹਵਾਲਾ ਦਿੰਦੇ ਹਨ।

ਯਿਸੂ ਮਸੀਹ ਦੇ ਕਾਰਨ ਅਸੀਂ ਅਸ਼ੁੱਧ ਆਤਮਾਵਾਂ ਦੀ ਮੌਜੂਦਗੀ ਵਿੱਚ ਵਿਸ਼ਵਾਸ ਕਰ ਸਕਦੇ ਹਾਂ। ਉਹਨਾਂ ਨੇ ਅਸ਼ੁੱਧ ਆਤਮਾਵਾਂ ਨਾਲ ਗੱਲ ਕੀਤੀ (ਮੱਤੀ 8:29), ਅਤੇ ਉਹਨਾਂ ਨੇ ਇਹਨਾਂ ਉੱਤੇ ਆਪਣੇ ਚੇਲਿਆਂ ਨੂੰ ਅਧਿਕਾਰ ਦਿੱਤਾ (ਮੱਤੀ 10:1ff), ਅਤੇ ਪ੍ਰਭੂ ਨੇ ਸ਼ੈਤਾਨ ਨੂੰ "ਅਸ਼ੁੱਧ ਆਤਮਾਵਾਂ ਦਾ ਹਾਕਮ" ਕਿਹਾ (ਮੱਤੀ 12:24-30)।

## II. ਅਸ਼ੁੱਧ ਆਤਮਾਵਾਂ ਦੀ ਉਤਪਤੀ

ਬਾਈਬਲ ਸਿੱਧੇ ਤੌਰ ਤੇ ਅਸ਼ੁੱਧ ਆਤਮਾਵਾਂ ਦੀ ਉਤਪਤੀ ਬਾਰੇ ਨਹੀਂ ਸਿਖਾਉਂਦੀ ਹੈ। ਉਹਨਾਂ ਦੀ ਉਤਪਤੀ ਦੇ ਬਾਰੇ ਮਤਭੇਦ ਹਨ, ਹਾਲਾਂਕਿ ਬਾਈਬਲ ਦੇ ਵਿਦਿਆਰਥੀ ਇਸ ਵਿਚਾਰ ਨੂੰ ਸਵੀਕਾਰ ਕਰਦੇ ਹਨ ਕਿ ਅਸ਼ੁੱਧ ਆਤਮਾਵਾਂ ਡਿੱਗੇ ਹੋਏ ਸਵਰਗਦੂਤ ਹਨ।

### A. ਆਦਮ ਤੋਂ ਪਹਿਲਾਂ ਦੇ ਲੋਕਾਂ ਦੀਆਂ ਆਤਮਾਵਾਂ

ਕੁਝ ਲੋਕ ਜੋ ਉਤਪਤ 1:1 ਅਤੇ 1:2 ਦੇ ਵਿਚਕਾਰ ਸਮੇਂ ਦੇ ਅੰਤਰਾਲ ਨੂੰ ਸਵੀਕਾਰ ਕਰਦੇ ਹਨ, ਇਹ ਕਹਿੰਦੇ ਹਨ ਕਿ ਅਸ਼ੁੱਧ ਆਤਮਾਵਾਂ ਆਦਮ ਤੋਂ ਪਹਿਲਾਂ ਦੀ ਨਸਲ ਦੀਆਂ ਆਤਮਾਵਾਂ ਹਨ ਜੋ ਮਨੁੱਖਜਾਤੀ ਦੀ ਸਿਰਜਣਾ ਤੋਂ ਪਹਿਲਾਂ ਰਹਿੰਦੇ ਸਨ। ਪਰਮੇਸ਼ਰ ਨੇ ਉਸ ਸੰਸਾਰ ਨੂੰ ਸਜ਼ਾ ਦਿੱਤੀ ਸੀ, ਅਤੇ ਮਰੀਆਂ ਅਤੇ ਸਰੀਰ ਤੋਂ ਵੱਖ ਆਤਮਾਵਾਂ ਹੁਣ ਸਰੀਰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਵਿਚਾਰ ਅਨੁਸਾਰ ਡਿੱਗੇ ਹੋਏ ਸਵਰਗਦੂਤ ਅਤੇ ਅਸ਼ੁੱਧ ਆਤਮਾਵਾਂ ਵੱਖਰੇ ਹਨ। ਸਮੇਂ ਦੇ ਅੰਤਰਾਲ ਦਾ ਵਿਚਾਰ ਬਹੁਤ ਕਮਜ਼ੋਰ ਹੈ, ਪਰ ਇਹ ਅਸ਼ੁੱਧ ਆਤਮਾਵਾਂ ਬਾਰੇ ਅਸਪਸ਼ਟਤਾ ਵਿੱਚ ਅਨੁਮਾਨ ਨੂੰ ਜੋੜਦਾ ਹੈ।

### B. ਦੈਂਤਾਂ ਦੇ ਬੱਚਿਆਂ ਦੀਆਂ ਆਤਮਾਵਾਂ ਜੋ ਡਿੱਗੇ ਹੋਏ ਸਵਰਗਦੂਤਾਂ ਅਤੇ ਔਰਤਾਂ ਦੇ ਸੰਬੰਧ ਤੋਂ ਪੈਦਾ ਹੋਏ ਸਨ।

ਉਤਪਤ 6 ਵਿੱਚ ਅਜਿਹਾ ਲੱਗਦਾ ਹੈ ਕਿ ਡਿੱਗੇ ਹੋਏ ਸਵਰਗਦੂਤਾਂ ਨੇ ਮਨੁੱਖੀ ਰੂਪ ਧਾਰਨ ਕੀਤਾ ਜਾਂ ਪੁਰਸ਼ਾਂ ਦੇ ਸਰੀਰਾਂ ਵਾਸ ਵਿੱਚ ਕੀਤਾ ਅਤੇ ਔਰਤਾਂ ਨਾਲ ਵਿਆਹ ਕੀਤਾ ਜਿਸ ਤੋਂ ਮਿਸ਼ਰਤ ਸੰਤਾਨ ਪੈਦਾ ਹੋਈ।[1] ਕੁਝ ਲੋਕ ਇਸ ਵਿਚਾਰ ਨੂੰ ਇੱਕ ਕਦਮ ਅੱਗੇ ਵਧਾਉਂਦੇ ਹਨ ਅਤੇ ਕਹਿੰਦੇ ਹਨ ਕਿ ਜਦੋਂ ਇਹ ਮਿਸ਼ਰਤ ਨਸਲ ਜਲ-ਪਰਲੋ ਵਿੱਚ ਡੁੱਬ ਗਈ, ਤਾਂ ਉਹਨਾਂ ਦੀਆਂ ਆਤਮਾਵਾਂ ਅਸ਼ੁੱਧ ਆਤਮਾਵਾਂ ਬਣ ਗਈਆਂ। ਇਸ ਦਾ ਕੋਈ ਸਬੂਤ ਨਹੀਂ ਹੈ। ਇਹ ਧਿਆਨ ਦਿਓ ਕਿ ਪਾਪੀ ਦੂਤ ਅਸ਼ੁੱਧ ਆਤਮਾਵਾਂ ਨਹੀਂ, ਪਰ ਅਸ਼ੁੱਧ ਆਤਮਾਵਾਂ ਨਾਲ ਸੰਬੰਧਿਤ ਆਤਮਾਵਾਂ ਹੋਣਗੇ।

### C. ਪਾਪੀ ਦੂਤ

ਜਦੋਂ ਬਾਈਬਲ ਸਿੱਧੇ ਤੌਰ ਤੇ ਕਿਸੇ ਮੁੱਦੇ ਉੱਤੇ ਸਿੱਖਿਆ ਨਹੀਂ ਦਿੰਦੀ ਹੈ, ਤਾਂ ਅਗਲਾ ਸਭ ਤੋਂ ਵਧੀਆ ਤਰੀਕਾ ਬਾਈਬਲ ਵਿੱਚੋਂ ਮਿਲਣ ਵਾਲੇ ਸੰਕੇਤਾਂ ਉੱਤੇ ਭਰੋਸਾ ਕਰਨਾ ਹੁੰਦਾ ਹੈ। ਬਾਈਬਲ ਸਿੱਧੇ ਤੌਰ ਤੇ ਇਹ ਨਹੀਂ ਕਹਿੰਦੀ ਕਿ ਅਸ਼ੁੱਧ ਆਤਮਾਵਾਂ ਡਿੱਗੇ ਹੋਏ ਪਾਪੀ ਦੂਤ ਹਨ, ਪਰ ਬਾਈਬਲ ਵਿੱਚੋਂ ਜੋ ਵੀ ਸਬੂਤ ਮਿਲਦੇ ਹਨ, ਉਹਨਾਂ ਦੇ ਅਨੁਸਾਰ ਇਹੀ ਵਿਆਖਿਆ ਸਭ ਤੋਂ ਜ਼ਿਆਦਾ ਸੰਭਾਵਿਤ ਵਿਆਖਿਆ ਹੈ। ਸ਼ੈਤਾਨ ਨੂੰ ਅਸ਼ੁੱਧ ਆਤਮਾਵਾਂ (ਮੱਤੀ 12:24ff) ਅਤੇ ਦੁਸ਼ਟ ਦੂਤਾਂ (ਮੱਤੀ 25:41; ਪ੍ਰਕਾਸ਼ 12:7-9) ਦਾ ਹਾਕਮ ਕਿਹਾ ਗਿਆ ਹੈ। ਅਸ਼ੁੱਧ ਆਤਮਾਵਾਂ (ਮੱਤੀ. 8:16; ਲੂਕਾ 10:17-20) ਅਤੇ ਸਵਰਗਦੂਤਾਂ ਨੂੰ ਆਤਮਿਕ ਪ੍ਰਾਣੀ ਕਿਹਾ ਗਿਆ ਹੈ (ਇਬ 1:14)। ਪਾਪੀ ਦੂਤ ਅਤੇ ਸ਼ੈਤਾਨ ਮਨੁੱਖਾਂ ਵਿੱਚ ਦਾਖ਼ਲ ਹੋ ਸਕਦੇ ਹਨ ਜਾਂ ਉਹਨਾਂ ਨੂੰ ਕਾਬੂ ਕਰ ਸਕਦੇ ਹਨ (ਲੂਕਾ 22:3; ਯੂਹੰਨਾ 13:27) ਅਤੇ ਅਸ਼ੁੱਧ ਆਤਮਾਵਾਂ ਮਨੁੱਖਾਂ ਵਿੱਚ ਦਾਖ਼ਲ ਹੋਣ ਅਤੇ ਉਹਨਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ (ਮੱਤੀ 12:22ff.; ਲੂਕਾ 11:14-15)। ਹਾਲਾਂਕਿ ਅਸ਼ੁੱਧ ਆਤਮਾਵਾਂ ਅਤੇ ਦੁਸ਼ਟ ਦੂਤਾਂ ਨੂੰ ਪੂਰੀ ਤਰ੍ਹਾਂ ਇੱਕੋ ਨਹੀਂ ਕਿਹਾ ਗਿਆ ਹੈ, ਫਿਰ ਵੀ ਇਹ ਸਮਾਨਤਾਵਾਂ ਜ਼ਿਆਦਾਤਰ ਲੋਕਾਂ ਨੂੰ ਇਸ ਸਿੱਟੇ ਉੱਤੇ ਪਹੁੰਚਾਉਂਦੀਆਂ ਹਨ ਕਿ ਦੁਸ਼ਟ ਆਤਮਾਵਾਂ ਡਿੱਗੇ ਹੋਏ ਪਾਪੀ ਦੂਤ ਹਨ।

ਇਹ ਮੰਨਦੇ ਹੋਏ ਕਿ ਅਸ਼ੁੱਧ ਆਤਮਾਵਾਂ ਹੀ ਦੁਸ਼ਟ ਦੂਤ ਹਨ, ਤਾਂ ਉਹ ਅਸ਼ੁੱਧ ਆਤਮਾਵਾਂ ਉਦੋਂ ਬਣੇ ਸਨ ਜਦੋਂ ਉਹਨਾਂ ਨੇ ਪਹਿਲੀ ਵਾਰ ਪਾਪ ਕੀਤਾ ਸੀ। ਇਸ ਬਾਰੇ ਬਹੁਤ ਜਾਣਕਾਰੀ ਉਪਲਬਧ ਨਹੀਂ ਹੈ, ਪਰ ਇਹ ਮੰਨਣਾ ਠੀਕ ਹੋਵੇਗਾ ਕਿ ਇਹਨਾਂ ਸਵਰਗਦੂਤਾਂ (ਸ਼ਾਇਦ ਸਾਰੇ ਦੂਤਾਂ ਦਾ ਇੱਕ ਤਿਹਾਈ, ਦੇਖੋ, ਪ੍ਰਕਾਸ਼ 12:4) ਨੇ ਸ਼ੈਤਾਨ ਨਾਲ ਮਿਲਕੇ ਪਾਪ ਕੀਤਾ ਸੀ। ਉਹ ਉਹਨਾਂ ਦਾ ਆਗੂ ਹੈ, ਅਤੇ ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਸ਼ੈਤਾਨ ਦੇ ਅਨੁਭਵ ਵਿੱਚ ਪਾਪ ਦੇ ਨਤੀਜੇ ਦੇਖਣ ਤੋਂ ਬਾਅਦ ਉਹਨਾਂ ਨੇ ਪਰਮੇਸ਼ਰ ਵਿਰੁੱਧ ਬਗਾਵਤ ਕੀਤੀ ਹੋਵੇ।

ਦੁਸ਼ਟ ਦੂਤਾਂ ਦੀਆਂ ਦੋ ਸ਼੍ਰੇਣੀਆਂ ਹਨ: ਕੁਝ ਧਰਤੀ ਉੱਤੇ ਘੁੰਮਣ ਦੇ ਲਈ ਸੁਤੰਤਰ ਹਨ ਜੋ ਸ਼ੈਤਾਨ ਦਾ ਕੰਮ ਕਰ ਰਹੇ ਹਨ ਜਿਵੇਂ ਕਿ ਇੰਜੀਲਾਂ ਵਿੱਚ ਅਸ਼ੁੱਧ ਆਤਮਾਵਾਂ ਦੀ ਗਤੀਵਿਧੀ ਦੁਆਰਾ ਦਰਸਾਇਆ ਗਿਆ ਹੈ, ਪਰ ਦੂਜੇ ਅਥਾਹ ਕੁੰਡ ਵਿੱਚ ਬੰਦ ਹਨ (2 ਪਤਰਸ 2:4 ਯਹੂਦਾਹ 6; ਪ੍ਰਕਾਸ਼. 9:2ff) ਜੋ ਸਵਰਗਦੂਤਾਂ ਦੇ ਲਈ ਨਿਆਂ ਦਾ ਵਿਚਕਾਰਲਾ ਸਥਾਨ ਹੈ ਕਿਉਂਕਿ ਉਹ ਅੱਗ ਦੀ ਝੀਲ ਵਿੱਚ ਅੰਤਿਮ ਸਜ਼ਾ ਦੀ ਉਡੀਕ ਕਰ ਰਹੇ ਹਨ (ਲੂਕਾ 8:31)। ਇਹ ਸੰਭਵ ਹੈ ਕਿ ਪਾਪੀ ਦੂਤਾਂ ਨੇ ਇੱਕ ਮਿਸ਼ਰਤ ਨਸਲ ਪੈਦਾ ਕਰਨ ਦੇ ਲਈ ਔਰਤਾਂ ਨਾਲ ਅੰਤਰ-ਵਿਆਹ ਹੋਵੇ, ਅਤੇ ਇਹ ਕਿ ਉਹ ਪਾਪੀ ਦੂਤ ਜ਼ੰਜੀਰਾਂ ਨਾਲ ਬੰਨ੍ਹ ਕੇ ਅਥਾਹ ਕੁੰਡ ਵਿੱਚ ਬੰਦ

[1] ਪਵਿੱਤਰ ਸਵਰਗਦੂਤ ਸੰਤਾਨ ਪੈਦਾ ਨਹੀਂ ਕਰਦੇ ਹਨ (ਦੇਖੋ ਪਾਠ 3 ਅਤੇ ਲੂਕਾ 20:35-36)। ਅਸੀਂ ਜਾਂ ਤਾਂ ਇਹ ਮੰਨ ਸਕਦੇ ਹਾਂ ਕਿ ਸਾਰੇ ਸਵਰਗਦੂਤ ਮਰਦ ਹਨ (ਜਿਹਨਾਂ ਵਿੱਚ ਕੋਈ ਔਰਤ ਨਹੀਂ ਹੈ), ਜਾਂ ਉਹ ਅਸਲ ਵਿੱਚ ਕਿਸੇ ਲਿੰਗ ਤੋਂ ਬਿਨਾਂ ਹਨ। ਉਹ ਧਰਤੀ ਉੱਤੇ ਸਿਰਫ਼ ਪੁਰਸ਼ਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਪਰ, ਪਵਿੱਤਰ ਸਵਰਗਦੂਤਾਂ ਦੇ ਕੰਮ ਸ਼ਾਇਦ ਡਿੱਗੇ ਹੋਏ ਦੂਤਾਂ ਵਿੱਚ ਸੰਤਾਨ ਪੈਦਾ ਕਰਨ ਨੂੰ ਰੋਕ ਨਹੀਂ ਸਕਦੇ ਹਨ। ਸ਼ਾਇਦ ਜਦੋਂ ਸਵਰਗਦੂਤ ਧਰਤੀ ਦੇ ਰੂਪਾਂ ਵਿੱਚ ਪ੍ਰਗਟ ਹੁੰਦੇ ਹਨ, ਤਾਂ ਉਹ ਕਾਲਪਨਿਕ ਰੂਪ ਵਿੱਚ ਸੰਤਾਨ ਪੈਦਾ ਕਰ ਸਕਦੇ ਹਨ, ਜਾਂ ਡਿੱਗੇ ਹੋਏ ਦੂਤ ਮਨੁੱਖਾਂ ਦੇ ਸਰੀਰ ਨੂੰ ਪ੍ਰਾਪਤ ਕਰ ਸਕਦੇ ਹਨ ਅਤੇ ਜਿਨਸੀ ਤਬਦੀਲੀਆਂ ਕਰ ਸਕਦੇ ਹਨ। ਇਹ ਵਿਚਾਰ ਕਿ ਉਤਪਤ 6 ਵਿੱਚ ਡਿੱਗੇ ਹੋਏ ਦੂਤਾਂ ਅਤੇ ਔਰਤਾਂ ਦਾ ਮਿਸ਼ਰਣ ਸ਼ਾਮਲ ਹੈ, ਇਹ ਵਿਚਾਰ ਇਸ ਅਧਾਰ ਉੱਤੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਪਵਿੱਤਰ ਸਵਰਗਦੂਤ ਸੰਤਾਨ ਪੈਦਾ ਨਹੀਂ ਕਰਦੇ ਹਨ। ਪਰ, ਅਸ਼ੁੱਧ ਆਤਮਾਵਾਂ ਦੀ ਉਤਪਤੀ ਦੇ ਲਈ ਇਹ ਇੱਕ ਬੁਰੀ ਵਿਆਖਿਆ ਹੈ।

ਕਰਕੇ ਰੱਖੇ ਹੋਣ।

### III. ਅਸ਼ੁੱਧ ਆਤਮਾਵਾਂ ਦਾ ਵਿਅਕਤੀਤਵ

ਕੁਝ ਲੋਕ ਸੋਚਦੇ ਹਨ ਕਿ *ਅਸ਼ੁੱਧ ਆਤਮਾਵਾਂ* ਬੁਰਾਈ ਦਾ ਪ੍ਰਭਾਵ ਹੁੰਦਾ ਹੈ, ਜਾਂ ਇਹ ਪ੍ਰਾਚੀਨਕਾਲ ਦੇ ਬੇਸਮਝ ਲੋਕਾਂ ਦੁਆਰਾ ਮਾਨਸਿਕ ਬਿਮਾਰੀਆਂ ਦੇ ਲਈ ਵਰਤਿਆ ਜਾਣ ਵਾਲਾ ਸ਼ਬਦ ਹੈ।[2] ਫਿਰ ਵੀ, ਬਾਈਬਲ ਇਹ ਸਿਖਾਉਂਦੀ ਹੈ ਕਿ ਅਸ਼ੁੱਧ ਆਤਮਾਵਾਂ ਬੁੱਧ, ਭਾਵਨਾ ਅਤੇ ਇੱਛਾ ਸ਼ਕਤੀ ਦੇ ਅਰਥ ਵਿੱਚ ਵਿਅਕਤੀ ਹਨ। ਉਹਨਾਂ ਕੋਲ ਬੁੱਧ ਹੈ, ਅਤੇ ਉਹ ਪ੍ਰਮੁੱਖ ਮਸੀਹੀਆਂ ਤੋਂ ਜਾਣੂ ਹਨ (ਮਰਕੁਸ 1:24, 34; ਲੂਕਾ 4:34; 8:28; ਰਸੂਲਾਂ 19:15)। ਉਹਨਾਂ ਕੋਲ ਪਰਮੇਸ਼ਰ ਦਾ ਗਿਆਨ ਹੈ (ਯਾਕੂਬ 2:19)। ਉਹਨਾਂ ਵਿੱਚ ਭਾਵਨਾਵਾਂ ਹੁੰਦੀਆਂ ਹਨ। ਬਾਈਬਲ ਇਸ ਗੱਲ ਉੱਤੇ ਜ਼ੋਰ ਦਿੰਦੀ ਹੈ ਕਿ ਉਹ ਡਰਦੀਆਂ ਹਨ (ਲੂਕਾ 8:28; ਯਾਕੂਬ 2:19)। ਉਹਨਾਂ ਵਿੱਚ ਇੱਛਾ ਵੀ ਹੁੰਦੀ ਹੈ। ਉਹਨਾਂ ਨੇ ਅਥਾਹ ਕੁੰਡ ਵਿੱਚ ਜਾਣ ਦੀ ਬਜਾਏ ਸੂਰਾਂ ਵਿੱਚ ਜਾਣ ਦੀ ਚੋਣ ਕੀਤੀ ਸੀ (ਲੂਕਾ 8:32)। ਉਹਨਾਂ ਦੀਆਂ ਇੱਛਾਵਾਂ ਮਸੀਹ ਦੇ ਅਧਿਕਾਰ ਦੇ ਅਧੀਨ ਹਨ (ਮੱਤੀ 8:16; 10:1; ਮਰਕੁਸ 1:27)। ਅਸ਼ੁੱਧ ਆਤਮਾਵਾਂ ਦੇ ਵਿਅਕਤੀਤਵ ਦਾ ਇੱਕ ਹੋਰ ਸਬੂਤ ਇਹ ਹੈ ਕਿ ਉਹਨਾਂ ਦੇ ਲਈ ਨਿੱਜੀ ਸਵਰਨਾਮਾਂ ਦੀ ਵਰਤੋਂ ਕੀਤੀ ਗਈ ਹੈ।

> "ਹੇ ਯਿਸੂ ਨਾਸਰੀ, ਤੁਹਾਡਾ ਸਾਡੇ ਨਾਲ ਕੀ ਕੰਮ? ਕੀ ਤੁਸੀਂ ਸਾਡਾ ਨਾਸ਼ ਕਰਨ ਆਏ ਹੋ? ਮੈਂ ਜਾਣਦੀ ਹਾਂ ਕਿ ਤੁਸੀਂ ਕੌਣ ਹੋ, ਤੁਸੀਂ ਪਰਮੇਸ਼ਰ ਦੇ ਭੇਜੇ ਹੋਏ ਪਵਿੱਤਰ ਮਨੁੱਖ ਹੋ!" [ਮਰਕੁਸ 1:24]

### IV. ਅਸ਼ੁੱਧ ਆਤਮਾਵਾਂ ਦੀਆਂ ਵਿਸ਼ੇਸ਼ਤਾਵਾਂ

### A. ਅਸ਼ੁੱਧ ਆਤਮਾਵਾਂ ਆਤਮਾ ਹਨ

ਅਸ਼ੁੱਧ ਆਤਮਾਵਾਂ ਨੂੰ ਨਵੇਂ ਨੇਮ ਵਿੱਚ ਲਗਭਗ 43 ਵਾਰ ਆਤਮਾਵਾਂ ਕਿਹਾ ਗਿਆ ਹੈ (ਮੱਤੀ 8:16; ਲੂਕਾ 10:17-20)। ਉਹ ਮਾਸ ਅਤੇ ਖ਼ੂਨ ਤੋਂ ਅਲੱਗ ਹਨ (ਅਫ਼ਸੀ 6:12)। ਆਤਮਾ ਹੋਣ ਦੇ ਨਾਤੇ, ਉਹ ਆਮ ਤੌਰ ਤੇ ਦਿਖਾਈ ਨਹੀਂ ਦਿੰਦੀਆਂ ਹਨ, ਅਤੇ ਉਹ ਸਥਾਨਿਕ ਸੀਮਾਵਾਂ ਦੇ ਅਧੀਨ ਨਹੀਂ ਹਨ। ਇੰਝ ਲੱਗਦਾ ਹੈ ਕਿ ਇੱਕ ਮਨੁੱਖੀ ਸਰੀਰ ਵਿੱਚ 2000 ਤੋਂ ਵੱਧ ਅਸ਼ੁੱਧ ਆਤਮਾਵਾਂ ਰਹਿ ਸਕਦੀਆਂ ਹਨ (ਦੇਖੋ, ਮਰਕੁਸ 5:9ff.)।

### B. ਅਸ਼ੁੱਧ ਆਤਮਾਵਾਂ ਨੈਤਿਕ ਤੌਰ ਤੇ ਭ੍ਰਿਸ਼ਟ ਹਨ

ਉਹ ਕੇਵਲ ਆਤਮਾਵਾਂ ਹੀ ਨਹੀਂ ਹਨ, ਪਰ ਇਹ ਅਸ਼ੁੱਧ ਆਤਮਾਵਾਂ (ਮੱਤੀ 10:1; ਮਰਕੁਸ 1:23; ਲੂਕਾ 11:24), ਦੁਸ਼ਟ ਆਤਮਾਵਾਂ (ਲੂਕਾ 7:21), ਅਤੇ ਆਤਮਿਕ ਬੁਰਾਈ ਵਿੱਚ ਹਨੇਰੇ ਦੇ ਹਾਕਮ ਹਨ (ਅਫ਼ਸੀ 6:12)। ਕੁਝ ਦੁਸ਼ਟ ਆਤਮਾਵਾਂ ਦੂਜੀਆਂ ਨਾਲੋਂ ਵਧੇਰੇ ਦੁਸ਼ਟ ਹਨ (ਮੱਤੀ 12:45)।

### C. ਅਸ਼ੁੱਧ ਆਤਮਾਵਾਂ ਦਿਖਾਈ ਨਹੀਂ ਦਿੰਦੀਆਂ ਹਨ, ਪਰ ਉਹ ਪ੍ਰਗਟ ਹੋਣ ਦੇ ਯੋਗ ਹਨ।

ਅਸ਼ੁੱਧ ਆਤਮਾਵਾਂ ਆਤਮਿਕ ਪ੍ਰਾਣੀ ਹਨ, ਇਸ ਲਈ ਉਹ ਦਿਖਾਈ ਨਹੀਂ ਦਿੰਦੀਆਂ ਹਨ। ਉਹ ਚਾਨਣ ਦੇ ਸਵਰਗਦੂਤ ਵਰਗਾ ਭੇਸ ਬਦਲ ਸਕਦੀਆਂ ਹਨ (2 ਕੁਰਿੰਥ 11:14)। ਫਿਰ ਵੀ, ਜਦੋਂ ਭਵਿੱਖਬਾਣੀ ਦੀਆਂ ਘਟਨਾਵਾਂ ਵਿੱਚ ਅਸ਼ੁੱਧ ਆਤਮਾਵਾਂ ਪ੍ਰਗਟ ਹੁੰਦੀਆਂ ਹਨ, ਤਾਂ ਉਹ ਬਦਸੂਰਤ ਅਤੇ ਭਿਆਨਕ ਰੂਪ ਵਿੱਚ ਦਿਖਾਈ ਦਿੰਦੀਆਂ ਹਨ (ਪ੍ਰਕਾਸ਼ 9:7-10, 17; 16:13-16)।

### V. ਅਸ਼ੁੱਧ ਆਤਮਾਵਾਂ ਦੀਆਂ ਸ਼ਕਤੀਆਂ

### A. ਅਸ਼ੁੱਧ ਆਤਮਾਵਾਂ ਕੋਲ ਅਲੌਕਿਕ ਸ਼ਕਤੀ ਹੈ, ਪਰ ਇਹ ਸੀਮਿਤ ਹੈ।

ਅਸ਼ੁੱਧ ਆਤਮਾ ਨਾਲ ਗ੍ਰਸਤ ਲੋਕਾਂ ਵਿੱਚ ਅਲੌਕਿਕ ਤਾਕਤ ਹੁੰਦੀ ਹੈ। ਉਹ ਜ਼ੰਜੀਰਾਂ ਤੋੜ ਸਕਦੇ ਹਨ (ਮਰਕੁਸ 5:3-4; ਲੂਕਾ 8:29)। ਰਸੂਲਾਂ 19:16 ਵਿੱਚ, ਅਸ਼ੁੱਧ ਆਤਮਾਵਾਂ ਨੇ ਆਸਾਨੀ ਨਾਲ ਜਾਦੂਗਰਾਂ ਨੂੰ ਆਪਣੇ ਵੱਸ ਵਿੱਚ ਕਰ ਲਿਆ ਸੀ। ਬਿਪਤਾ ਦੇ ਸਮੇਂ, ਜਦੋਂ ਅਸ਼ੁੱਧ ਆਤਮਾਵਾਂ ਦਾ ਝੁੰਡ ਅਥਾਹ ਕੁੰਡ ਵਿੱਚੋਂ ਬਾਹਰ ਨਿਕਲੇਗਾ, ਤਾਂ ਪਰਮੇਸ਼ਰ ਉਹਨਾਂ ਨੂੰ ਲੋਕਾਂ ਨੂੰ ਮਾਰਨ ਦੀ ਆਗਿਆ ਨਹੀਂ ਦੇਣਗੇ। ਫਿਰ ਵੀ, ਉਹਨਾਂ ਦਾ ਦੁੱਖ ਇੰਨਾ ਅਸਹਿਣਸ਼ੀਲ ਹੋਵੇਗਾ ਕਿ ਲੋਕ ਮੌਤ ਨੂੰ ਪਸੰਦ ਕਰਨਗੇ (ਪ੍ਰਕਾਸ਼ 9:1-11)। ਅਸ਼ੁੱਧ ਆਤਮਾਵਾਂ ਕੋਲ ਅਲੌਕਿਕ ਸ਼ਕਤੀ ਹੁੰਦੀ ਹੈ, ਪਰ ਉਹਨਾਂ ਕੋਲ ਚਮਤਕਾਰ ਕਰਨ ਦੀ ਸੀਮਿਤ ਸ਼ਕਤੀ ਹੈ (ਕੂਚ 7-8 ਦਾ ਜਾਦੂਗਰ; ਮੱਤੀ. 7:21-23; 24:24; ਰਸੂਲਾਂ 8:9ff; 16:16; 2 ਥੱਸਲੁ 2:9; 2 ਤਿਮੋਥਿ 3:8; ਪ੍ਰਕਾਸ਼ 13:13; 16:13-14)।

> ਤਦ ਮੈਂ ਤਿੰਨ ਭ੍ਰਿਸ਼ਟ ਆਤਮਾਵਾਂ ਨੂੰ ਅਜਗਰ, ਪਸ਼ੂ ਅਤੇ ਝੂਠੇ ਨਬੀ ਦੇ ਮੂੰਹਾਂ ਵਿੱਚੋਂ ਡੱਡੂਆਂ ਦੀ ਤਰ੍ਹਾਂ ਨਿਕਲਦੇ ਦੇਖਿਆ। ਇਹ ਸ਼ੈਤਾਨ ਦੇ ਆਤਮਾ ਹਨ ਜਿਹੜੇ ਚਮਤਕਾਰ ਦਿਖਾਉਂਦੇ ਹਨ। ਇਹ ਸਾਰੇ ਸੰਸਾਰ ਦੇ ਰਾਜਿਆਂ ਕੋਲ ਜਾ ਕੇ ਉਹਨਾਂ ਨੂੰ ਸਰਵਸ਼ਕਤੀਮਾਨ ਪਰਮੇਸ਼ਰ ਦੇ ਮਹਾਨ ਦਿਨ ਨੂੰ ਲੜਨ ਲਈ ਇਕੱਠੇ ਕਰਦੇ ਹਨ। [ਪ੍ਰਕਾਸ਼ 16:13- 14]

### B. ਅਸ਼ੁੱਧ ਆਤਮਾਵਾਂ ਕੋਲ ਅਲੌਕਿਕ ਬੁੱਧ ਹੈ, ਪਰ ਉਹਨਾਂ ਦੀ ਬੁੱਧ ਸੀਮਿਤ ਹੈ।

ਕਿਉਂਕਿ ਅਸ਼ੁੱਧ ਆਤਮਾਵਾਂ ਸ੍ਰਿਸ਼ਟੀ ਦੀ ਸਿਰਜਣਾ ਤੋਂ ਹੀ ਮੌਜੂਦ ਹਨ, ਇਸ ਲਈ ਉਹਨਾਂ ਨੂੰ ਮਨੁੱਖਾਂ ਨਾਲੋਂ ਜ਼ਿਆਦਾ ਸਿੱਖਣ ਦਾ ਮੌਕਾ

[2] ਮਾਨਸਿਕ ਬਿਮਾਰੀ ਅਤੇ ਅਸ਼ੁੱਧ ਆਤਮਾਵਾਂ ਦੇ ਕਬਜ਼ੇ ਵਿੱਚਕਾਰ ਅੰਤਰ ਦੇ ਲਈ ਦੇਖੋ, ਸਟੀਵਨ ਵਾਟਰਹਾਊਸ, *ਲਾਈਫ਼ਜ਼ ਟਫ਼ ਕਵੈਸਚਨਜ਼* (ਅਮਰੀਲੋ, ਟੈਕਸਾਸ: ਵੈਸਟਕਲਿਫ ਪ੍ਰੈਸ, 2005), 79-119

ਮਿਲਿਆ ਹੈ। ਜਿਵੇਂ ਸਵਰਗਦੂਤ ਸਮਝ ਵਿੱਚ ਮਨੁੱਖਾਂ ਨਾਲੋਂ ਵੱਧ ਕੇ ਹੁੰਦੇ ਹਨ, ਉਵੇਂ ਹੀ ਦੁਸ਼ਟ ਆਤਮਾਵਾਂ ਵੀ ਹਨ (2 ਸਮੂ 14:20)।

### C. ਸਥਾਨ ਦੇ ਸੰਬੰਧ ਵਿੱਚ ਅਸ਼ੁੱਧ ਆਤਮਾਵਾਂ ਅਲੌਕਿਕ ਹਨ।

ਕਿਉਂਕਿ ਦੋ ਹਜ਼ਾਰ ਤੋਂ ਵੱਧ ਅਸ਼ੁੱਧ ਆਤਮਾਵਾਂ ਇੱਕੋ ਜਗ੍ਹਾ ਰਹਿ ਸਕਦੀਆਂ ਹਨ, ਇਸ ਲਈ ਉਹ ਸਥਾਨ ਦੁਆਰਾ ਸੀਮਿਤ ਨਹੀਂ ਹਨ (ਮਰਕੁਸ 5:9ff.)। ਇਸ ਤੋਂ ਇਲਾਵਾ, ਸਰੀਰ ਨੂੰ ਆਪਣੇ ਵੱਸ ਵਿੱਚ ਕਰਨਾ ਦਰਸਾਉਂਦਾ ਹੈ ਕਿ ਅਸ਼ੁੱਧ ਆਤਮਾਵਾਂ ਸਰੀਰਕ ਰੁਕਾਵਟਾਂ ਵਿੱਚੋਂ ਲੰਘ ਸਕਦੀਆਂ ਹਨ। ਫਿਰ ਵੀ, ਉਹ ਸਰਵ-ਵਿਆਪਕ ਨਹੀਂ ਹਨ, ਜਿਵੇਂ ਕਿ ਸਵਰਗਦੂਤ ਸਰਵ-ਵਿਆਪਕ ਨਹੀਂ ਹਨ।

## VI. ਅਸ਼ੁੱਧ ਆਤਮਾਵਾਂ ਦੇ ਕੰਮ

### A. ਆਮ ਕੰਮ

1. ਅਸ਼ੁੱਧ ਆਤਮਾਵਾਂ ਸ਼ੈਤਾਨ ਦੇ ਅਧੀਨ ਹੋਣ ਦੇ ਕਾਰਨ (ਮੱਤੀ 12:24; 25:41; ਪ੍ਰਕਾਸ਼ 12:7), ਅਤੇ ਉਸ ਦੇ ਨਾਲ ਅਤੇ ਇੱਕ-ਦੂਜੇ ਦੇ ਨਾਲ ਮਿਲ ਕੇ ਕੰਮ ਕਰਨ ਦੇ ਕਾਰਨ, ਉਸ ਦੀ ਸ਼ਕਤੀ ਨੂੰ ਵਧਾਉਂਦੀਆਂ ਹਨ (ਮੱਤੀ 12:26, 45; ਅਫ਼ਸੀ 6:11-12; 1 ਤਿਮੋਥਿ 4:1)। ਜਿਵੇਂ ਕਿ ਫਰੈਂਕਲਿਨ ਨੇ ਕਿਹਾ ਸੀ, ਖ਼ਾਲੀ ਮਨ (ਆਲਸ) "ਸ਼ੈਤਾਨ ਦੇ ਕੰਮ ਦਾ ਘਰ" ਹੋ ਸਕਦਾ ਹੈ, ਪਰ ਸ਼ੈਤਾਨ ਆਪ ਕਦੇ ਵੀ ਆਲਸੀ ਨਹੀਂ ਰਹਿੰਦਾ ਹੈ। ਅੱਯੂਬ 1:7 ਵਿੱਚ ਸ਼ੈਤਾਨ ਧਰਤੀ ਉੱਤੇ ਉੱਪਰ ਅਤੇ ਹੇਠਾਂ ਜਾਂਦਾ ਹੈ। 1 ਪਤਰਸ 5:8 ਉਸ ਨੂੰ ਗਰਜਦਾ ਹੋਇਆ ਸ਼ੇਰ ਕਹਿੰਦਾ ਹੈ। ਆਪਣੀਆਂ ਅਸ਼ੁੱਧ ਆਤਮਾਵਾਂ ਦੁਆਰਾ, ਸ਼ੈਤਾਨ ਆਪਣੇ ਪ੍ਰਭਾਵ ਨੂੰ ਬਹੁਤ ਸਾਰੀਆਂ ਥਾਵਾਂ ਉੱਤੇ ਅਤੇ ਬਹੁਤ ਜ਼ਿਆਦਾ ਸ਼ਕਤੀ ਨਾਲ ਮਹਿਸੂਸ ਕਰਵਾ ਸਕਦਾ ਹੈ।

2. ਅਸ਼ੁੱਧ ਆਤਮਾਵਾਂ ਵਿਸ਼ਵ ਨੇਤਾਵਾਂ ਦੇ ਵਿਚਾਰਾਂ ਅਤੇ ਕੰਮਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਦਾਨੀਏਲ 10 ਫ਼ਾਰਸ ਦੇ ਸ਼ੈਤਾਨੀ ਸ਼ਾਸਕ (ਆਇਤ 13) ਅਤੇ ਯੂਨਾਨ ਦੇ ਸ਼ੈਤਾਨੀ ਸ਼ਾਸਕ (ਆਇਤ 20) ਦੋਵਾਂ ਦਾ ਜ਼ਿਕਰ ਕਰਦਾ ਹੈ। ਫ਼ਾਰਸੀ ਅਤੇ ਯੂਨਾਨੀ ਦੋਵੇਂ ਸਮਾਜ ਜਾਦੂਗਰੀ ਵਿੱਚ ਬਹੁਤ ਜ਼ਿਆਦਾ ਸ਼ਾਮਲ ਸਨ। ਇਹ ਸੰਭਵ ਹੈ ਕਿ "ਇਸ ਸੰਸਾਰ ਦੇ ਦੇਵਤੇ" ਦੀਆਂ ਦੁਸ਼ਟ ਆਤਮਾਵਾਂ ਅੱਜ ਵੀ ਸੰਸਾਰਿਕ ਸਰਕਾਰਾਂ ਨੂੰ ਪ੍ਰਭਾਵਿਤ ਕਰ ਰਹੀਆਂ ਹੋਣ।

3. ਅਸ਼ੁੱਧ ਆਤਮਾਵਾਂ ਝੂਠੇ ਧਰਮਾਂ ਨੂੰ ਫੈਲਾਉਂਦੀਆਂ ਹਨ। ਬਿਵਸਥਾ 32:17; ਜ਼ਬੂਰ 106:36-38; ਅਤੇ 1 ਕੁਰਿੰਥ 10:20 ਇਹ ਸਿਖਾਉਂਦੇ ਹਨ ਕਿ ਬਾਈਬਲ ਦੇ ਸਮੇਂ ਦੇ ਮੂਰਤੀ-ਪੂਜਕ ਧਰਮਾਂ ਦੇ ਪਿੱਛੇ ਅਸਲ ਵਿੱਚ ਅਸ਼ੁੱਧ ਆਤਮਾਵਾਂ ਦੀ ਪੂਜਾ ਸੀ। ਇਹ ਮੰਨਣਾ ਸਹੀ ਹੋਵੇਗਾ ਕਿ ਅੱਜ ਵੀ ਝੂਠੇ ਧਰਮਾਂ ਦੇ ਪਿੱਛੇ ਅਸ਼ੁੱਧ ਆਤਮਾਵਾਂ ਕੰਮ ਕਰ ਰਹੀਆਂ ਹਨ ਹਨ।

4. ਅਸ਼ੁੱਧ ਆਤਮਾਵਾਂ ਅਨੈਤਿਕਤਾ ਫੈਲਾਉਂਦੀਆਂ ਹਨ। ਅਫ਼ਸੀ 2:1-3 ਇਹ ਸਿਖਾਉਂਦਾ ਹੈ ਕਿ ਸ਼ੈਤਾਨ ਅਨੈਤਿਕਤਾ ਨੂੰ ਫੈਲਾਉਂਦਾ ਹੈ। ਇਹ ਅੰਦਾਜ਼ਾ ਲਗਾਉਣਾ ਵੀ ਸਹੀ ਹੈ ਕਿ ਇਸ ਕੰਮ ਵਿੱਚ ਅਸ਼ੁੱਧ ਆਤਮਾਵਾਂ ਵੀ ਸ਼ਾਮਲ ਹਨ।

5. ਅਸ਼ੁੱਧ ਆਤਮਾਵਾਂ ਮਨੁੱਖੀ ਮਨ ਅਤੇ ਸਰੀਰ ਨੂੰ ਦੁੱਖੀ ਕਰ ਸਕਦੀਆਂ ਹਨ। ਪੌਲੁਸ ਨੇ ਸ਼ੈਤਾਨ ਦੇ ਇੱਕ ਦੂਤ ਬਾਰੇ ਲਿਖਿਆ ਹੈ ਜੋ ਉਸ ਨੂੰ ਸਰੀਰਕ ਤੌਰ ਤੇ ਦੁੱਖ ਦਿੰਦਾ ਸੀ (2 ਕੁਰਿੰਥ 12:7)। ਇਸ ਤੋਂ ਇਲਾਵਾ, ਲੂਕਾ 13:11 ਵਿੱਚ ਵੀ ਇੱਕ ਅਜਿਹੀ ਬਿਮਾਰੀ ਦਾ ਜ਼ਿਕਰ ਹੈ ਜਿਸ ਨੂੰ ਅਸ਼ੁੱਧ ਆਤਮਾ ਨੇ ਭੇਜਿਆ ਸੀ (ਆਇਤ 16)। ਬਾਈਬਲ ਇਹ ਨਹੀਂ ਦੱਸਦੀ ਹੈ ਕਿ ਹਰੇਕ ਬਿਮਾਰੀ ਦਾ ਕਾਰਨ ਅਸ਼ੁੱਧ ਆਤਮਾਵਾਂ ਹੀ ਹਨ। ਪਰ, ਇਹ ਕੁਝ ਖ਼ਾਸ ਤਰ੍ਹਾਂ ਦੇ ਅੰਨ੍ਹੇਪਣ, ਬੋਲ਼ੇਪਣ, ਰੋਗ, ਅਤੇ ਦੌਰੇ ਨੂੰ ਇੱਕ ਸ਼ੈਤਾਨੀ ਸ਼ੁਰੂਆਤ ਨਾਲ ਜੋੜਦੀ ਹੈ (ਮੱਤੀ 12:22; ਮਰਕੁਸ 9:20-29; ਲੂਕਾ 13:11)। ਸਰੀਰ ਨੂੰ ਦੁਖੀ ਕਰਨ ਤੋਂ ਇਲਾਵਾ, ਅਸ਼ੁੱਧ ਆਤਮਾਵਾਂ ਲੋਕਾਂ ਨੂੰ ਮਾਨਸਿਕ ਤੌਰ ਤੇ ਵੀ ਨੁਕਸਾਨ ਪਹੁੰਚਾ ਸਕਦੀਆਂ ਹਨ। ਸ਼ੁਭ-ਸਮਾਚਾਰਾਂ ਵਿੱਚ ਅਸ਼ੁੱਧ ਆਤਮਾਵਾਂ ਦੇ ਕਬਜ਼ੇ ਵਿੱਚ ਆਏ ਲੋਕ ਅਲੱਗ ਰਹਿਣ ਵਾਲੇ, ਅਸ਼ੁੱਧ (ਨੰਗੇ, ਕਬਰਸਤਾਨ ਵਿੱਚ ਰਹਿਣ ਵਾਲੇ) ਅਤੇ ਆਤਮ ਹੱਤਿਆ ਕਰਨ ਵਾਲੇ ਸਨ (ਮਰਕੁਸ 5:3, 5; ਮਰਕੁਸ 9:22; ਲੂਕਾ 8:27; 9:39)।

> ਉਹ **ਕਬਰਾਂ** ਵਿੱਚ ਰਹਿੰਦਾ ਸੀ। ਉਸ ਨੂੰ ਲੋਕ ਸੰਗਲਾਂ ਨਾਲ ਵੀ ਨਹੀਂ ਬੰਨ੍ਹ ਸਕਦੇ ਸਨ। ਉਹ ਦਿਨ ਰਾਤ ਕਬਰਾਂ ਅਤੇ ਪਹਾੜਾਂ ਵਿੱਚ ਫਿਰਦਾ, ਚੀਕਾਂ ਮਾਰਦਾ ਅਤੇ ਆਪਣੇ ਆਪ ਨੂੰ ਪੱਥਰਾਂ ਨਾਲ **ਜ਼ਖ਼ਮੀ ਕਰਦਾ** ਰਹਿੰਦਾ ਸੀ। [ਮਰਕੁਸ 5:3, 5]
>
> "ਕਈ ਵਾਰ ਅਸ਼ੁੱਧ ਆਤਮਾ ਨੇ ਇਸ ਨੂੰ **ਅੱਗ ਵਿੱਚ ਜਾਂ ਪਾਣੀ ਵਿੱਚ ਸੁੱਟ ਕੇ** ਮਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲਈ ਜੇਕਰ ਤੁਸੀਂ ਕੁਝ ਕਰ ਸਕਦੇ ਹੋ ਸਾਡੇ ਉੱਤੇ ਰਹਿਮ ਕਰ ਕੇ ਸਾਡੀ ਮਦਦ ਕਰੋ।" [ਮਰਕੁਸ 9:22]

### B. ਅਸ਼ੁੱਧ ਆਤਮਾਵਾਂ ਅਤੇ ਤੰਤਰ ਵਿੱਦਿਆ

ਤੰਤਰ ਵਿੱਦਿਆ ਇੱਕ ਲਾਤੀਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ, "ਲੁਕਿਆ, ਗੁਪਤ ਜਾਂ ਰਹੱਸਮਈ"। ਤੰਤਰ ਵਿੱਦਿਆ ਦੁਆਰਾ ਸ਼ੈਤਾਨ ਲੋਕਾਂ ਨੂੰ ਪਰਮੇਸ਼ਰ ਦੀ ਸੱਚਾਈ ਤੋਂ ਭਟਕਾਉਣ ਦੇ ਲਈ ਅਸ਼ੁੱਧ ਆਤਮਾਵਾਂ ਦੀ ਵਰਤੋਂ ਕਰਦਾ ਹੈ।

ਫ਼ਾਲ ਪਾਉਣਾ ਜਾਂ ਕਿਸਮਤ ਦੱਸਣਾ, ਭਵਿੱਖ ਬਾਰੇ ਦੱਸਣਾ ਹੈ। ਤੰਤਰ ਵਿੱਦਿਆ ਕਰਨ ਵਾਲੇ ਬਹੁਤ ਸਾਰੇ ਤਰੀਕਿਆਂ ਨਾਲ ਭਵਿੱਖ ਦੱਸਣ ਦਾ ਦਾਅਵਾ ਕਰਦੇ ਹਨ, ਜਿਵੇਂ ਕਿ: ਜੋਤਿਸ਼ ਵਿੱਦਿਆ, ਡੰਡੇ ਉੱਤੇ ਲਟਕਣ ਵਾਲੇ ਮੋਤੀ, ਹੱਥ ਦੇਖਣਾ, ਚਿੰਨ੍ਹ ਅਤੇ ਫ਼ਾਲ, ਪੁੱਛਾ ਕੱਢਣਾ, ਸੁਪਨੇ ਅਤੇ ਦਰਸ਼ਨ ਆਦਿ। ਬਾਈਬਲ ਆਮ ਤੌਰ ਤੇ ਕਿਸੇ ਤਰੀਕੇ ਨਾਲ ਭਵਿੱਖ ਦੱਸਣ ਅਤੇ ਜੋਤਿਸ਼ ਵਿੱਦਿਆ ਦੀ ਨਿੰਦਾ ਕਰਦੀ ਹੈ।

ਪਰਮੇਸ਼ਰ ਭਵਿੱਖ ਦੱਸਣ ਦਾ ਸਖ਼ਤ ਵਿਰੋਧ ਕਰਦੇ ਹਨ।

a. ਭਵਿੱਖ ਦੱਸਣ ਬਾਰੇ ਦੇ ਬਾਈਬਲ ਦੇ ਵਚਨ ਹੇਠਾਂ ਦਿੱਤੇ ਹਨ:

"...ਨਿਸ਼ਾਨ ਵਿਅਰਥ ਕਰਦਾ ਹਾਂ, ਅਤੇ **ਭਵਿੱਖ ਦੱਸਣ ਵਾਲਿਆਂ ਨੂੰ ਮੂਰਖ ਬਣਾਉਂਦਾ ਹਾਂ**..." [ਯਸਾ 44:25]

"ਕਿਉਂ ਜੋ ਸੈਨਾਂ ਦਾ ਯਹੋਵਾਹ ਇਸਰਾਏਲ ਦਾ ਪਰਮੇਸ਼ਰ ਇਸ ਤਰ੍ਹਾਂ ਆਖਦਾ ਹੈ ਕਿ ਤੁਹਾਡੇ ਨਬੀ ਜਿਹੜੇ ਤੁਹਾਡੇ ਵਿੱਚ ਹਨ ਅਤੇ ਤੁਹਾਡੇ **ਫ਼ਾਲ ਪਾਉਣ ਵਾਲੇ** ਤੁਹਾਨੂੰ ਕੁਰਾਹੇ ਨਾ ਪਾਉਣ ਅਤੇ ਆਪਣੇ ਸੁਫ਼ਨੇ ਜਿਹੜੇ ਤੁਸੀਂ ਵੇਖਦੇ ਹੋ ਨਾ ਮੰਨੋ ਕਿਉਂ ਜੋ ਉਹ ਮੇਰੇ ਨਾਮ ਉੱਤੇ ਝੂਠ ਅਗੰਮ ਵਾਚਦੇ ਹਨ, **ਮੈਂ ਉਹਨਾਂ ਨੂੰ ਨਹੀਂ ਭੇਜਿਆ**, ਯਹੋਵਾਹ ਦਾ ਵਾਕ ਹੈ।" [ਯਿਰ 29:8-9]

ਤਰਾਫ਼ੀਮ ਤਾਂ ਖੋਖਲੀਆਂ ਗੱਲਾਂ ਕਰਦੇ ਹਨ, **ਪੁੱਛਾਂ ਦੇਣ ਵਾਲੇ ਝੂਠ ਵੇਖਦੇ** ਹਨ, ਸੁਫ਼ਨੇ ਦੇਖਣ ਵਾਲੇ ਵਿਅਰਥ ਗੱਲਾਂ ਕਰਦੇ ਹਨ ਅਤੇ ਖਾਲੀ ਤਸੱਲੀ ਦਿੰਦੇ ਹਨ, ਇਸ ਲਈ ਉਹ ਭੇਡਾਂ ਵਾਂਗੂੰ ਭਟਕਦੇ ਫਿਰਦੇ ਹਨ ਅਤੇ ਉਹ ਦੁੱਖ ਪਾਉਂਦੇ ਹਨ ਕਿਉਂ ਜੋ ਅਯਾਲੀ ਕੋਈ ਨਹੀਂ ਹੈ। [ਜ਼ਕਰ 10:2]

ਜਦੋਂ ਅਸੀਂ ਪ੍ਰਾਰਥਨਾ ਕਰਨ ਵਾਲੀ ਥਾਂ ਵੱਲ ਜਾ ਰਹੇ ਸੀ ਤਦ ਸਾਨੂੰ ਇੱਕ ਗ਼ੁਲਾਮ ਲੜਕੀ ਮਿਲੀ ਜਿਸ ਵਿੱਚ ਅਸ਼ੁੱਧ ਆਤਮਾ ਸੀ ਅਤੇ ਉਹ ਭਵਿੱਖਬਾਣੀ ਦੁਆਰਾ ਆਪਣੇ ਮਾਲਕਾਂ ਲਈ ਬਹੁਤ ਪੈਸਾ ਕਮਾ ਲੈਂਦੀ ਸੀ। [ਰਸੂਲਾਂ16:16]

(ਹਿਜ਼ਕੀਏਲ 21:21ff ਵੀ ਦੇਖੋ)

b. ਜੋਤਿਸ਼ ਵਿੱਦਿਆ ਬਾਰੇ ਬਾਈਬਲ ਦੇ ਵਚਨ ਹੇਠਾਂ ਹਨ:

ਜੇਕਰ ਤੁਹਾਡੇ ਫਾਟਕਾਂ ਦੇ ਅੰਦਰ, ਜਿਹੜੇ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਨੂੰ ਦੇਣ ਵਾਲਾ ਹੈ, ਕੋਈ ਅਜਿਹਾ ਪੁਰਖ ਜਾਂ ਇਸਤਰੀ ਪਾਈ ਜਾਵੇ, ਜਿਸ ਨੇ ਯਹੋਵਾਹ ਤੁਹਾਡੇ ਪਰਮੇਸ਼ਰ ਦੇ ਨੇਮ ਦੀ ਉਲੰਘਣਾ ਕਰਕੇ ਕੋਈ ਅਜਿਹਾ ਕੰਮ ਕੀਤਾ ਹੋਵੇ ਜੋ ਉਸ ਦੀ ਨਜ਼ਰ ਵਿੱਚ ਬੁਰਾ ਹੈ ਅਤੇ ਜਾ ਕੇ ਦੂਜੇ ਦੇਵਤਿਆਂ ਦੀ ਜਾਂ **ਸੂਰਜ, ਚੰਦ ਅਤੇ ਅਕਾਸ਼** ਦੀ ਸੈਨਾਂ ਦੀ **ਪੂਜਾ ਕੀਤੀ ਹੋਵੇ** ਅਤੇ ਉਹਨਾਂ ਦੇ ਅੱਗੇ ਮੱਥਾ ਟੇਕਿਆ ਹੋਵੇ, ਜਿਸ ਦਾ ਮੈਂ ਹੁਕਮ ਨਹੀਂ ਦਿੱਤਾ ਸੀ ... ਤਾਂ ਤੁਸੀਂ ਉਸ ਪੁਰਖ ਜਾਂ ਇਸਤਰੀ ਨੂੰ ਜਿਸ ਨੇ ਇਹ ਬੁਰਾ ਕੰਮ ਕੀਤਾ ਹੋਵੇ, ਉਹਨਾਂ ਨੂੰ ਆਪਣੇ ਫਾਟਕਾਂ ਦੇ ਕੋਲ ਲੈ ਜਾ ਕੇ ਅਜਿਹਾ **ਪਥਰਾਓ ਕਰਿਓ ਕਿ ਉਹ ਮਰ ਜਾਵੇ**। [ਬਿਵਸਥਾ 17:2-3, 5]

"...**ਅਕਾਸ਼ ਦੇ ਜਾਂਚਣ ਵਾਲੇ**, **ਤਾਰਿਆਂ ਦੇ ਦੇਖਣ ਵਾਲੇ,** ਨਵੇਂ ਚੰਦ ਦੇ ਟੇਵੇ ਲਾਉਣ ਵਾਲੇ, ਉਹ ਖੜ੍ਹੇ ਹੋ ਜਾਣ ਅਤੇ ਤੈਨੂੰ ਉਹਨਾਂ ਗੱਲਾਂ ਤੋਂ ਬਚਾਉਣ, ਜਿਹੜੀਆਂ ਤੇਰੇ ਉੱਤੇ ਬੀਤਣਗੀਆਂ! ਦੇਖੋ, ਉਹ ਕੱਖ ਵਾਂਗੂੰ ਹੋਣਗੇ, **ਅੱਗ ਉਨ੍ਹਾਂ ਨੂੰ ਸਾੜੇਗੀ**, ਉਹ ਆਪਣੇ ਆਪ ਨੂੰ ਲੰਬ ਦੇ ਜ਼ੋਰ ਤੋਂ ਨਹੀਂ ਛੁਡਾ ਸਕਣਗੇ, ਇਹ ਕੋਲੇ ਸੇਕਣ ਲਈ ਨਹੀਂ ਹੋਣਗੇ, ਨਾ ਅਜਿਹੀ ਅੱਗ ਜਿਸ ਦੇ ਨੇੜੇ ਕੋਈ ਬੈਠ ਸਕੇ" [ਯਸਾ 47:13-14]

ਯਹੋਵਾਹ ਇਸ ਤਰ੍ਹਾਂ ਆਖਦਾ ਹੈ - ਤੁਸੀਂ ਕੌਮਾਂ ਦੀ ਚਾਲ ਨਾ ਸਿੱਖੋ, **ਨਾ ਅਕਾਸ਼ ਦੇ ਨਿਸ਼ਾਨਾਂ ਤੋਂ ਘਬਰਾਓ,** ਕਿਉਂ ਜੋ ਕੌਮਾਂ ਉਹਨਾਂ ਤੋਂ ਘਬਰਾਉਂਦੀਆਂ ਹਨ" [ਯਿਰ 10:2]

ਮੈਂ ਆਪਣਾ ਹੱਥ ਯਹੂਦਾਹ ਉੱਤੇ ਅਤੇ ਯਰੂਸ਼ਲਮ ਦੇ ਸਾਰੇ ਵਾਸੀਆਂ ਦੇ ਵਿਰੁੱਧ ਚੁੱਕਾਂਗਾ, ਅਤੇ ਇਸ ਸਥਾਨ ਤੋਂ ਬਆਲ ਦੇ ਬਚੇ ਹੋਇਆਂ ਨੂੰ ਅਤੇ ਜਾਜਕਾਂ ਸਮੇਤ ਦੇਵਤਿਆਂ ਦੇ ਪੁਜਾਰੀਆਂ ਦੇ ਨਾਮ ਨੂੰ ਨਾਸ ਕਰ ਦਿਆਂਗਾ, ਉਹਨਾਂ ਨੂੰ ਵੀ ਜੋ ਆਪਣੇ ਘਰਾਂ ਦੀਆਂ ਛੱਤਾਂ ਉੱਤੇ ਅਕਾਸ਼ ਦੀ ਸੈਨਾਂ ਅੱਗੇ **ਮੱਥਾ ਟੇਕਦੇ ਹਨ**, ਜੋ ਯਹੋਵਾਹ ਅੱਗੇ ਮੱਥਾ ਟੇਕਦੇ ਅਤੇ ਸਹੁੰ ਖਾਂਦੇ ਹਨ, ਨਾਲੇ ਮਲਕਾਮ ਦੀ ਵੀ ਸਹੁੰ ਖਾਂਦੇ ਹਨ [ਸਫ਼ਨ 1:4-5]

(2 ਰਾਜਿਆਂ 23:1ff.; ਆਮੋਸ 5:26; ਰਸੂਲਾਂ 7:41-43 ਵੀ ਦੇਖੋ)

### c. ਸਿੱਟਾ

ਬਾਈਬਲ ਦੇ ਦੋਵੇਂ ਨੇਮ ਵਿਸ਼ਵਾਸੀਆਂ ਨੂੰ ਝੂਠੇ ਨਬੀਆਂ ਬਾਰੇ ਚੇਤਾਵਨੀ ਦਿੰਦੇ ਹਨ। ਇਹ ਕਿਹਾ ਗਿਆ ਹੈ ਕਿ ਉਹ ਬਹੁਤ ਸਾਰੇ ਹਨ, ਅਤੇ ਕਈ ਵਾਰ ਉਹਨਾਂ ਦੀਆਂ ਭਵਿੱਖਬਾਣੀਆਂ ਸੱਚੀਆਂ ਵੀ ਹੋਣਗੀਆਂ। ਪਰ ਸ਼ੈਤਾਨ ਭਵਿੱਖ ਨੂੰ ਚੰਗੀ ਤਰ੍ਹਾਂ ਨਹੀਂ ਜਾਣਦਾ ਹੈ। ਇਸ ਲਈ, ਉਸ ਦੀਆਂ ਭਵਿੱਖਬਾਣੀਆਂ ਹਮੇਸ਼ਾਂ ਸਹੀ ਨਹੀਂ ਹੋਣਗੀਆਂ। ਪੁਰਾਣੇ ਨੇਮ ਦੇ ਲੋਕ ਇੱਕ ਝੂਠੇ ਨਬੀ ਨੂੰ ਇਸ ਤਰ੍ਹਾਂ ਪਰਖਦੇ ਸਨ: ਉਹ ਦੇਖਦੇ ਸਨ ਕਿ ਕੀ ਉਸ ਦਾ ਸੰਦੇਸ਼ ਵਚਨ ਦੇ ਅਨੁਕੂਲ ਹੈ, ਅਤੇ ਕੀ ਉਸ ਦੀਆਂ ਭਵਿੱਖਬਾਣੀਆਂ ਹਮੇਸ਼ਾਂ ਸਹੀ ਹੁੰਦੀਆਂ ਹਨ (ਬਿਵਸਥਾ 13:1-5; 18:20-22; ਯਸਾ 8:19-20)। ਕਲੀਸਿਯਾ ਪ੍ਰਣਾਲੀ ਦੇ ਅਨੁਸਾਰ, ਸਾਨੂੰ ਇੱਕ ਨਬੀ ਹੋਣ ਦੇ ਸਾਰੇ ਦਾਅਵਿਆਂ ਨੂੰ ਰੱਦ ਕਰਨਾ ਚਾਹੀਦਾ ਹੈ ਕਿਉਂਕਿ ਰਸੂਲ ਅਤੇ ਨਬੀ ਕਲੀਸਿਯਾ ਦੀ ਸਥਾਪਨਾ ਦਾ ਹਿੱਸਾ ਸਨ (ਅਫ਼ਸੀ 2:20)। ਅਕਸਰ ਜਿਹੜੇ ਲੋਕ ਅੱਜ ਪਰਮੇਸ਼ਰ ਦੇ ਪ੍ਰਕਾਸ਼ਨ ਦੁਆਰਾ ਭਵਿੱਖਬਾਣੀ ਕਰਨ ਦਾ ਦਾਅਵਾ ਕਰਦੇ ਹਨ, ਉਹ ਮਸੀਹ ਨੂੰ ਨਹੀਂ ਜਾਣਦੇ ਹਨ (ਮੱਤੀ 7:15; 24:24)। (ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹਨਾਂ ਦੀਆਂ ਕੁਝ ਭਵਿੱਖਬਾਣੀਆਂ ਸਹੀ ਵੀ ਸਾਬਤ ਹੋਣ! ਪੁਰਾਣਾ ਨੇਮ ਇਹ ਮੰਨਦਾ ਹੈ ਕਿ ਝੂਠੇ ਨਬੀ ਕਈ ਵਾਰ ਸਹੀ ਭਵਿੱਖਬਾਣੀ ਕਰ ਸਕਦੇ ਹਨ)। ਅਸ਼ੁੱਧ ਆਤਮਾਵਾਂ ਝੂਠੇ ਸੰਦੇਸ਼ ਦੇਣ ਦੇ ਲਈ ਮਨੁੱਖੀ ਝੂਠੇ ਨਬੀਆਂ ਦੀ ਵਰਤੋਂ ਕਰਦੀਆਂ ਹਨ। ਅਜਿਹੇ ਹਲਾਤਾਂ ਵਿੱਚ ਜਿੱਥੇ ਨਬੀ ਹੋਣ ਦਾ ਦਾਅਵਾ ਨਹੀਂ ਕੀਤਾ ਜਾਂਦਾ ਹੈ, ਉੱਥੇ ਵੀ ਸੰਦੇਸ਼ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ ਕਿ ਕੀ ਇਹ

ਬਾਈਬਲ ਅਨੁਸਾਰ ਹੈ (1 ਯੂਹੰਨਾ 4:1ff.)।

1. **ਆਤਮਵਾਦ**

ਆਤਮਵਾਦ ਮੁਰਦਿਆਂ ਨਾਲ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਨੂੰ ਦਰਸਾਉਂਦਾ ਹੈ। ਜਿਹੜੇ ਲੋਕ ਮੁਰਦਿਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹਨਾਂ ਨੂੰ ਮਾਧਿਅਮ ਜਾਂ ਜਾਦੂਗਰ ਕਿਹਾ ਜਾਂਦਾ ਹੈ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਮਰੇ ਲੋਕਾਂ ਨਾਲ ਬਿਲਕੁਲ ਵੀ ਸੰਪਰਕ ਨਹੀਂ ਹੋ ਸਕਦਾ ਹੈ। ਅਮੀਰ ਆਦਮੀ ਅਤੇ ਲਾਜ਼ਰ ਦੀ ਕਹਾਣੀ ਇਹ ਸਿਖਾਉਂਦੀ ਹੈ ਕਿ ਮਰੇ ਲੋਕਾਂ ਦੀਆਂ ਆਤਮਾਵਾਂ ਦਾ ਧਰਤੀ ਉੱਤੇ ਕੋਈ ਸੰਚਾਰ ਨਹੀਂ ਹੁੰਦਾ ਹੈ (ਲੂਕਾ 16:24ff.; ਜ਼ਬੂਰ 88:10; ਇਬ 9:27 ਵੀ ਦੇਖੋ)।[3] ਜੋ ਵੀ ਗੱਲਬਾਤ ਹੁੰਦੀ ਹੈ, ਉਹ ਅਸ਼ੁੱਧ ਆਤਮਾਵਾਂ ਦੇ ਨਾਲ ਹੀ ਹੁੰਦੀ ਹੈ। ਅਸ਼ੁੱਧ ਆਤਮਾਵਾਂ ਧਰਤੀ ਦੀ ਸਿਰਜਣਾ ਤੋਂ ਹੀ ਮੌਜੂਦ ਹਨ, ਅਤੇ ਇਹਨਾਂ ਕੋਲ ਉਹਨਾਂ ਮਨੁੱਖਾਂ ਦੇ ਜੀਵਨ ਬਾਰੇ ਬਹੁਤ ਸਾਰੀ ਜਾਣਕਾਰੀ ਹੈ ਜੋ ਅਤੀਤ ਵਿੱਚ ਰਹਿ ਚੁੱਕੇ ਹਨ, ਅਤੇ ਇਹ ਸ਼ਾਇਦ ਉਹਨਾਂ ਦੀਆਂ ਆਵਾਜ਼ਾਂ ਦੀ ਨਕਲ ਵੀ ਕਰ ਸਕਦੀਆਂ ਹਨ। ਆਤਮਾਵਾਦ ਦੁਆਰਾ, ਅਸ਼ੁੱਧ ਆਤਮਾਵਾਂ ਮਨੁੱਖਾਂ ਦੇ ਮਨਾਂ ਨੂੰ ਸਲੀਬ ਦੀ ਬਚਾਉਣ ਵਾਲੀ ਸ਼ਕਤੀ ਨਾਲੋਂ ਜ਼ਿਆਦਾ ਤੰਤਰ ਵਿੱਦਿਆ ਦੀ ਸ਼ਕਤੀ ਵਿੱਚ ਦਿਲਚਸਪੀ ਰੱਖਣ ਵਾਲੇ ਬਣਾ ਦਿੰਦੀਆਂ ਹਨ। ਕਿਉਂਕਿ ਅਸੀਂ ਮੂਸਾ ਦੀ ਬਿਵਸਥਾ ਦੇ ਅਧੀਨ ਨਹੀਂ ਹਾਂ, ਇਸ ਲਈ ਤੰਤਰ ਵਿੱਦਿਆ ਦੇ ਲਈ ਸਾਡੇ ਉੱਤੇ ਮੌਤ ਦੀ ਸਜ਼ਾ ਲਾਗੂ ਨਹੀਂ ਹੋ ਸਕਦੀ ਹੈ। ਫਿਰ ਵੀ, ਬਿਵਸਥਾ ਦੇ ਵਚਨ ਅਜਿਹੀਆਂ ਜਾਦੂਗਰੀ ਗਤੀਵਿਧੀਆਂ ਪ੍ਰਤੀ ਪਰਮੇਸ਼ਰ ਦੇ ਰਵੱਈਏ ਨੂੰ ਦਿਖਾਉਂਦੇ ਹਨ (ਦੇਖੋ, 1 ਸਮੂ 28:7ff.; 1 ਇਤਿ. 10:13-14; 2 ਰਾਜਿਆਂ 23:24)।

> "ਤੁਸੀਂ **ਝਾੜਾ-ਟੂਕੀ ਕਰਨ ਵਾਲਿਆਂ** ਅਤੇ **ਭੂਤ ਕੱਢਣ ਵਾਲਿਆਂ** ਵੱਲ ਨਾ ਮੁੜਨਾ ਅਤੇ ਉਹਨਾਂ ਦੇ ਪਿੱਛੇ ਲੱਗ ਕੇ ਭਰਿਸ਼ਟ ਨਾ ਹੋ ਜਾਣਾ। ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।" [ਲੇਵੀਆਂ 19:31]
>
> ਅਤੇ ਜਿਹੜਾ **ਝਾੜਾ-ਟੂਕੀ ਕਰਨ ਵਾਲਿਆਂ ਜਾਂ ਭੂਤ ਕੱਢਣ ਵਾਲਿਆਂ** ਦੇ ਪਿੱਛੇ ਲੱਗ ਕੇ ਵਿਭਚਾਰ ਕਰੇ ਤਾਂ ਮੈਂ **ਉਸ ਮਨੁੱਖ ਦਾ ਵਿਰੋਧੀ ਬਣ ਕੇ** ਉਸ ਨੂੰ ਉਸ ਦੇ ਲੋਕਾਂ ਵਿੱਚੋਂ ਨਾਸ ਕਰ ਦਿਆਂਗਾ। [ਲੇਵੀਆਂ 20:6]
>
> "ਜੇਕਰ ਕੋਈ ਪੁਰਖ ਜਾਂ ਇਸਤਰੀ **ਝਾੜਾ-ਟੂਕੀ ਕਰਨ ਵਾਲੇ** ਜਾਂ **ਭੂਤ ਕੱਢਣ ਵਾਲੇ ਹੋਣ**, ਤਾਂ **ਉਹ ਜ਼ਰੂਰ ਹੀ ਮਾਰੇ ਜਾਣ।** ਉਹਨਾਂ ਨੂੰ ਪੱਥਰਾਂ ਨਾਲ ਮਾਰ ਸੁੱਟਣਾ ਅਤੇ ਉਹਨਾਂ ਦਾ ਖੂਨ ਉਹਨਾਂ ਦੇ ਜੁੰਮੇ ਹੋਵੇਗਾ।" [ਲੇਵੀਆਂ 20:27]

[3] 1 ਸਮੂਏਲ 28 ਵਿੱਚ ਸਮੂਏਲ ਨਬੀ ਨਾਲ ਸੰਚਾਰ ਨੂੰ ਪਰਮੇਸ਼ਰ ਦੇ ਦੁਆਰਾ ਆਗਿਆ ਦਿੱਤੀ ਜਾਣਾ ਇੱਕ ਵਿਸ਼ੇਸ਼ ਛੋਟ ਸੀ। ਧਿਆਨ ਦਿਓ ਕਿ ਏਨ-ਦੋਰ ਦੀ ਜਾਦੂਗਰਨੀ ਸਮੂਏਲ ਦੇ ਦੇਖ ਕੇ ਹੈਰਾਨ ਸੀ (1 ਸਮੂ 28:12)।

> ਜਦ ਲੋਕ ਤੁਹਾਨੂੰ ਆਖਣ ਕਿ ਆਓ **ਭੂਤਾਂ ਨੂੰ ਕੱਢਣ ਵਾਲਿਆਂ** ਜਾਂ **ਜਿੰਨ੍ਹ ਤੋਂ ਪੁੱਛਾਂ ਲੈਣ ਵਾਲਿਆਂ** ਤੋਂ ਪੁੱਛੋ, ਜਿਹੜੇ ਘੁਸਰ-ਮੁਸਰ ਅਤੇ ਬੁੜ-ਬੁੜ ਕਰਦੇ ਹਨ, ਤਦ ਤੁਸੀਂ ਇਹ ਉੱਤਰ ਦੇਣਾ - ਭਲਾ, ਲੋਕ ਆਪਣੇ ਪਰਮੇਸ਼ਰ ਨੂੰ ਨਾ ਪੁੱਛਣ? ਕੀ ਜੀਉਂਦਿਆਂ ਦੇ ਲਈ ਮੁਰਦਿਆਂ ਨੂੰ ਪੁੱਛਣਾ ਚਾਹੀਦਾ ਹੈ? ਪਰਮੇਸ਼ਰ ਦੀ ਬਿਵਸਥਾ ਅਤੇ ਚੇਤਾਵਨੀ ਦੀਆਂ ਸਾਖੀਆਂ ਤੋਂ ਸਲਾਹ ਲਓ! ਜੇ ਉਹ ਇਸ ਵਚਨ ਅਨੁਸਾਰ ਨਾ ਆਖਣ ਤਾਂ ਸੱਚ-ਮੁੱਚ ਉਹਨਾਂ ਲਈ ਪਹੁ ਨਾ ਫਟੇਗੀ। [ਯਸਾ 8:19-20]

2. **ਜਾਦੂ**

ਜਦੋਂ ਜਾਦੂ ਨੂੰ ਤੰਤਰ ਵਿੱਦਿਆ ਦੇ ਸੰਦਰਭ ਵਿੱਚ ਵਰਤਿਆ ਜਾਂਦਾ ਹੈ, ਤਾਂ ਇਹ ਅੱਖਾਂ ਦਾ ਧੋਖਾ ਨਹੀਂ, ਪਰ ਇਹ ਅਸ਼ੁੱਧ ਆਤਮਾਵਾਂ ਦਾ ਮਨੁੱਖ ਦੀ ਆਮ ਸਮਰੱਥਾ ਤੋਂ ਬਾਹਰ ਕੁਝ ਕੰਮ ਕਰਨਾ ਹੁੰਦਾ ਹੈ। ਬਾਈਬਲ ਅਜਿਹੇ ਜਾਦੂਈ ਅਭਿਆਸਾਂ ਨੂੰ ਕਰਨ ਵਾਲੇ ਲੋਕਾਂ ਨੂੰ "ਜਾਦੂਗਰ", ਜਾਂ "ਜਾਦੂ-ਟੂਣਾ ਕਰਨ ਵਾਲੇ" ਕਹਿੰਦੀ ਹੈ। ਇਸ ਵਿੱਚ ਕਾਲਾ ਜਾਦੂ, ਮੰਤਰ, ਪ੍ਰਜਨਨ ਸ਼ਕਤੀ ਅਤੇ ਨਸ਼ੀਲੇ ਪਦਾਰਥ, ਤਵੀਤ, ਪਿਆਰ ਦੀ ਦਵਾਈ ਅਤੇ ਸੰਮੋਹਨ ਸ਼ਾਮਲ ਹਨ। ਬਾਈਬਲ ਪੂਰੀ ਤਰ੍ਹਾਂ ਇਹ ਮੰਨਦੀ ਹੈ ਕਿ ਸ਼ੈਤਾਨ ਅਤੇ ਅਸ਼ੁੱਧ ਆਤਮਾਵਾਂ ਚਮਤਕਾਰ ਕਰਨ ਦੀ ਸ਼ਕਤੀ ਰੱਖਦੀਆਂ ਹਨ (ਅਸ਼ੁੱਧ ਆਤਮਾਵਾਂ ਦੀਆਂ ਸ਼ਕਤੀਆਂ ਬਾਰੇ ਇਸ ਅਧਿਆਇ ਦਾ ਭਾਗ 5 ਦੇਖੋ, ਅਤੇ 2 ਰਾਜਿਆਂ 21:6; 2 ਇਤ 33:6)

> "ਤੂੰ **ਜਾਦੂਗਰਨੀ** ਨੂੰ ਜਿਉਂਦੀ ਨਾ ਛੱਡ।" [ਕੂਚ 22:18]
>
> "ਜੇਕਰ ਤੁਹਾਡੇ ਵਿੱਚ ਕੋਈ ਨਬੀ ਜਾਂ ਸੁਫ਼ਨਾ ਵੇਖਣ ਵਾਲਾ ਉੱਠੇ ਅਤੇ ਉਹ ਤੁਹਾਨੂੰ ਕੋਈ **ਨਿਸ਼ਾਨ** ਜਾਂ **ਅਚਰਜ਼ ਕੰਮ** ਵਿਖਾਵੇ, ਅਤੇ ਉਹ ਨਿਸ਼ਾਨ ਜਾਂ ਅਚਰਜ਼ ਕੰਮ ਪੂਰਾ ਹੋ ਜਾਵੇ ਜਿਸ ਦੇ ਵਿਖੇ ਉਹ ਤੁਹਾਡੇ ਨਾਲ ਬੋਲਿਆ ਸੀ ਕਿ ਆਓ, ਅਸੀਂ ਦੂਜੇ ਦੇਵਤਿਆਂ ਦੇ ਪਿੱਛੇ ਚੱਲੀਏ, (ਜਿਹਨਾਂ ਨੂੰ ਤੁਸੀਂ ਨਹੀਂ ਜਾਣਦੇ) ਅਤੇ ਉਹਨਾਂ ਦੀ ਪੂਜਾ ਕਰੀਏ, ਤਾਂ ਤੁਸੀਂ ਉਸ ਨਬੀ ਜਾਂ ਸੁਫ਼ਨੇ ਵੇਖਣ ਵਾਲੇ ਦੀਆਂ ਗੱਲਾਂ ਨੂੰ ਨਾ ਸੁਣਿਓ ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਨੂੰ ਪਰਖੇਗਾ ਤਾਂ ਜੋ ਉਹ ਜਾਣੇ ਕਿ ਤੁਸੀਂ ਯਹੋਵਾਹ ਪਰਮੇਸ਼ਰ ਨੂੰ ਆਪਣੇ ਸਾਰੇ ਮਨ ਅਤੇ ਆਪਣੀ ਸਾਰੀ ਜਾਨ ਨਾਲ ਪ੍ਰੇਮ ਕਰਦੇ ਹੋ ਜਾਂ ਨਹੀਂ। ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਪਿੱਛੇ ਚੱਲਿਓ, ਉਸੇ ਤੋਂ ਡਰਿਓ, ਉਸੇ ਦੇ ਹੁਕਮਾਂ ਦੀ ਪਾਲਨਾ ਕਰਿਓ, ਉਸੇ ਦੀ ਆਵਾਜ਼ ਨੂੰ ਸੁਣਿਓ, ਉਸੇ ਦੀ ਉਪਾਸਨਾ ਕਰਿਓ ਅਤੇ ਉਸ ਦੇ ਨਾਲ ਲੱਗੇ ਰਹਿਓ। [ਬਿਵ 13:1-4]
>
> "**ਤੁਹਾਡੇ ਵਿੱਚ ਅਜਿਹਾ ਕੋਈ ਨਾ ਪਾਇਆ ਜਾਵੇ** ਜਿਹੜਾ ਆਪਣੇ ਪੁੱਤਰ ਜਾਂ ਧੀ ਨੂੰ ਅੱਗ ਦੇ ਵਿੱਚੋਂ ਦੀ ਲੰਘਾਵੇ, ਜਾਂ

ਭਵਿੱਖ ਦੱਸਣ ਵਾਲਾ, ਜਾਂ ਮਹੂਰਤ ਵੇਖਣ ਵਾਲਾ, ਜਾਂ ਮੰਤਰ ਪੜ੍ਹਨ ਵਾਲਾ, ਜਾਂ **ਜਾਦੂਗਰ**, ਜਾਂ ਝਾੜਾ-ਫੂਕੀ ਕਰਨ ਵਾਲਾ,ਜਾਂ ਜਿੰਨ੍ਹ ਤੋਂ ਪੁੱਛਾਂ ਲੈਣ ਵਾਲਾ, ਜਾਂ ਭੂਤਾਂ ਨੂੰ ਕੱਢਣ ਵਾਲਾ, ਜਾਂ ਮਰਿਆਂ ਹੋਇਆਂ ਨੂੰ ਜਗਾਉਣ ਵਾਲਾ ਹੋਵੇ।" [ਬਿਵਸਥਾ 18:10-11]

### 4. ਨਸ਼ੀਲੇ ਪਦਾਰਥਾਂ ਦੀ ਵਰਤੋਂ

ਬਾਈਬਲ ਜਾਦੂਗਰੀ ਦੀਆਂ ਗਤੀਵਿਧੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਨਾਜਾਇਜ਼ ਵਰਤੋਂ ਨਾਲ ਜੋੜਦੀ ਹੈ। ਅਸੀਂ ਇਸ ਨੂੰ ਉਦੋਂ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕਦੇ ਹਾਂ ਜਦੋਂ ਅਸੀਂ ਇੱਕ "ਤਾਂਤਰਿਕ" ਜਾਂ "ਜਾਦੂਗਰ" ਦੁਆਰਾ ਕੀਤੇ ਜਾਣ ਵਾਲੇ ਅਭਿਆਸਾਂ ਉੱਤੇ ਵਿਚਾਰ ਕਰਦੇ ਹਾਂ। ਅਸ਼ੁੱਧ ਆਤਮਾਵਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਮਨੁੱਖ ਦੇ ਮਨਾਂ ਨੂੰ ਬੜੀ ਅਸਾਨੀ ਨਾਲ ਪ੍ਰਭਾਵਿਤ ਅਤੇ ਕਾਬੂ ਕਰ ਸਕਦੀਆਂ ਹਨ। ਇਹ ਕੋਈ ਇਤਫ਼ਾਕ ਨਹੀਂ ਹੈ ਕਿ ਹਾਲ ਹੀ ਦੀਆਂ ਪੀੜ੍ਹੀਆਂ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਜਾਦੂਗਰੀ ਗਤੀਵਿਧੀਆਂ ਵਿੱਚ ਇੱਕੋ ਸਮੇਂ ਵਾਧਾ ਹੋਇਆ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਜਾਦੂਗਰੀ ਦੇ ਵਿਚਕਾਰ ਸੰਬੰਧ ਨੂੰ ਸਭ ਤੋਂ ਚੰਗੀ ਤਰ੍ਹਾਂ ਯੂਨਾਨੀ ਸ਼ਬਦ*ਫਾਰਮਾਕਿਆ* ਵਿੱਚ ਦੇਖਿਆ ਜਾ ਸਕਦਾ ਹੈ, ਜਿਸ ਤੋਂ ਸ਼ਬਦ *ਫਾਰਮੇਸੀ* ਲਿਆ ਗਿਆ ਹੈ। ਜਾਦੂ=ਟੂਣੇ ਦੇ ਲਈ ਵਰਤਿਆ ਜਾਣ ਵਾਲਾ ਇਹ ਸ਼ਬਦ ਹੀ ਸਾਨੂੰ ਜਾਦੂ-ਟੂਣੇ ਵਿੱਚ ਵਰਤੇ ਜਾਣ ਵਾਲੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਬਾਰੇ ਦੱਸਦਾ ਹੈ (ਦੇਖੋ, ਪ੍ਰਕਾਸ਼ 9:21; 18:23)।

ਸਰੀਰ ਦੇ ਕੰਮ ਤਾਂ ਪ੍ਰਗਟ ਹਨ, ਵਿਭਚਾਰ, **ਜਾਦੂ-ਟੂਣਾ**... (*ਫਾਰਮਾਕਿਆ*) [ਗਲਾਤੀ 5:19-20]

ਪਰ ਡਰਪੋਕਾਂ, ਅਵਿਸ਼ਵਾਸੀਆਂ, ਘਿਨਾਉਣਿਆਂ, ਕਾਤਲਾਂ, ਵਿਭਚਾਰੀਆਂ, **ਜਾਦੂ-ਟੂਣਾ ਕਰਨ ਵਾਲਿਆਂ** (*ਫਾਰਮਾਕੋਈ*), ਮੂਰਤੀ ਪੂਜਕਾਂ ਅਤੇ ਸਾਰੇ ਝੂਠ ਬੋਲਣ ਵਾਲਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ। ਇਹ ਦੂਜੀ ਮੌਤ ਹੈ।" [ਪ੍ਰਕਾਸ਼ 21:8]

ਪਰ ਕੁੱਤੇ, **ਜਾਦੂ-ਟੂਣਾ ਕਰਨ ਵਾਲੇ** (*ਫਾਰਮਾਕੋਈ*), ਵਿਭਚਾਰੀ, ਕਾਤਲ, ਮੂਰਤੀ ਪੂਜਕ, ਝੂਠ ਨੂੰ ਪਿਆਰ ਕਰਨ ਵਾਲੇ ਅਤੇ ਉਸ ਉੱਤੇ ਚੱਲਣ ਵਾਲੇ, ਸਾਰੇ ਬਾਹਰ ਹੀ ਰਹਿਣਗੇ। [ਪ੍ਰਕਾਸ਼ 22:15]

## VII. ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣਾ

### A. ਪਰਿਭਾਸ਼ਾ ਅਤੇ ਕਾਰਨ

ਅਸ਼ੁੱਧ ਆਤਮਾ ਨਾਲ ਜਕੜੇ ਜਾਣਾ ਇੱਕ ਅਜਿਹੀ ਸਥਿਤੀ ਹੈ ਜਿਸ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਸ਼ੁੱਧ ਆਤਮਾਵਾਂ ਇੱਕ ਮਨੁੱਖ ਦੇ ਸਰੀਰ ਵਿੱਚ ਰਹਿੰਦੀਆਂ ਅਤੇ ਉਸ ਨੂੰ ਕਾਬੂ ਕਰਦੀਆਂ ਹਨ। ਬਾਈਬਲ ਅਸ਼ੁੱਧ ਆਤਮਾਵਾਂ ਨਾਲ ਜਕੜਣ ਦਾ ਕੋਈ ਖ਼ਾਸ ਕਾਰਨ ਨਹੀਂ ਦਿੰਦੀ ਹੈ, ਪਰ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਇੱਕ ਵਿਅਕਤੀ ਜਾਦੂਗਰੀ ਗਤੀਵਿਧੀਆਂ ਵਿੱਚ ਸ਼ੁਰੂਆਤੀ ਦਿਲਚਸਪੀ ਦਿਖਾਉਣ ਜਾਂ ਸਵੈ-ਇੱਛਾ ਨਾਲ ਆਪਣੇ ਮਨ ਨੂੰ ਅਲੌਕਿਕ ਤਾਕਤਾਂ ਦੇ ਹਵਾਲੇ ਕਰਨ ਦੇ ਲਈ ਜ਼ਿੰਮੇਵਾਰ ਹੁੰਦਾ ਹੈ। ਨਾਬਾਲਗ ਬੱਚਿਆਂ ਦੇ ਮਾਮਲੇ ਵਿੱਚ, ਇਹ ਸ਼ਾਇਦ ਮਾਪਿਆਂ ਦਾ ਜਾਦੂਗਰੀ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਹੈ ਜੋ ਇਸ ਸਥਿਤੀ ਨੂੰ ਜਨਮ ਦਿੰਦਾ ਹੈ (ਮਰਕੁਸ 9:21)।

### B. ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣ ਦੇ ਲੱਛਣ

ਮਨੁੱਖੀ ਦਿਲ ਇੰਨਾ ਦੁਸ਼ਟ ਹੈ ਕਿ ਉਹ ਕਿਸੇ ਅਸ਼ੁੱਧ ਆਤਮਾ ਦੇ ਪ੍ਰਭਾਵ ਤੋਂ ਬਿਨਾਂ ਹੀ ਪਾਪ ਵਿੱਚ ਸ਼ਾਮਲ ਹੋ ਸਕਦਾ ਹੈ (ਯਿਰ 17:9; ਮੱਤੀ 15:19ff.)। ਅਸ਼ੁੱਧ ਆਤਮਾ ਨਾਲ ਜਕੜੇ ਹੋਏ ਦੀ ਜਾਂਚ ਬਹੁਤ ਸਾਵਧਾਨੀ ਨਾਲ ਕੀਤੀ ਜਾਣੀ ਚਾਹੀਦੀ ਹੈ। ਇੱਕ ਵਿਅਕਤੀ ਨੂੰ ਉਹਨਾਂ ਮੂਰਖ ਮਸੀਹੀਆਂ ਦੁਆਰਾ ਬਹੁਤ ਨੁਕਸਾਨ ਪਹੁੰਚਾਇਆ ਜਾ ਸਕਦਾ ਹੈ ਜੋ ਹਰੇਕ ਸਮੱਸਿਆਵਾਂ ਨੂੰ ਅਸ਼ੁੱਧ ਆਤਮਾਵਾਂ ਨਾਲ ਜੋੜਦੇ ਹਨ। ਸ਼ੁਭ-ਸਮਾਚਾਰਾਂ ਵਿੱਚ ਅਸ਼ੁੱਧ ਆਤਮਾਵਾਂ ਨਾਲ ਜਕੜੇ ਲੋਕਾਂ ਦਾ ਵਰਣਨ ਕੁਝ ਖ਼ਾਸ ਤਰ੍ਹਾਂ ਦੇ ਲੱਛਣਾਂ ਨਾਲ ਕੀਤਾ ਗਿਆ ਹੈ।

1. ਬਾਈਬਲ ਵਿੱਚ, ਅਸ਼ੁੱਧ ਆਤਮਾਵਾਂ ਨਾਲ ਜਕੜੇ ਹੋਏ ਹੋਣ ਦੇ ਲੱਛਣ ਅੱਗੇ ਦਿੱਤੇ ਵਚਨਾਂ ਵਿੱਚ ਦਿੱਤੇ ਗਏ ਹਨ: ਮੱਤੀ 8:28ff; ਮਰਕੁਸ 5:1ff; 9:17ff; ਲੂਕਾ 8:26ff। ਅਸ਼ੁੱਧ ਆਤਮਾਵਾਂ ਨਾਲ ਜਕੜੇ ਇੱਕ ਵਿਅਕਤੀ ਵਿੱਚ ਹੇਠਾਂ ਦਿੱਤੇ ਗਏ ਲੱਛਣ ਦਿਖਾਈ ਦਿੰਦੇ ਹਨ।

a. ਅਜੀਬ ਸਰੀਰਕ ਤਾਕਤ (ਜ਼ੰਜੀਰਾਂ ਵਿੱਚ ਬੰਨਿਆ ਨਹੀਂ ਜਾ ਸਕਦਾ)

b. ਲੋਕਾਂ ਤੋਂ ਅਲੱਗ ਰਹਿਣਾ (ਕਬਰਸਤਾਨ ਵਿੱਚ ਰਹਿਣਾ)

c. ਬਹੁਤ ਜ਼ਿਆਦਾ ਗੁੱਸਾ (ਚੀਕਾਂ ਮਾਰਨਾ)

d. ਦੋ ਤਰ੍ਹਾਂ ਦਾ ਵਿਅਕਤੀਤਵ (ਪ੍ਰਭੂ ਯਿਸੂ ਦੀ ਉਪਾਸਨਾ ਕਰਨਾ, ਪਰ ਉਸੇ ਸਮੇਂ ਉਹਨਾਂ ਦਾ ਵਿਰੋਧ ਵੀ ਕਰਨਾ)

e. ਆਤਮਿਕ ਗੱਲਾਂ ਦਾ ਵਿਰੋਧ (ਇਹ ਇੱਛਾ ਰੱਖਣਾ ਕਿ ਪ੍ਰਭੂ ਉਸ ਨੂੰ ਇਕੱਲਾ ਛੱਡ ਦੇਣ)

f. ਅਲੌਕਿਕ ਸਮਝ (ਮਸੀਹ ਬਾਰੇ ਜਾਣਦਾ ਹੈ)

g. ਆਵਾਜ਼ ਵਿੱਚ ਤਬਦੀਲੀਆਂ (ਸਰੀਰ ਵਿੱਚੋਂ ਅਸ਼ੁੱਧ ਆਤਮਾਵਾਂ ਦਾ ਬੋਲਣਾ)

h. ਦੌਰੇ ਅਤੇ ਮੂੰਹ ਵਿੱਚੋਂ ਨਿਕਲਣਾ (ਮਰਕੁਸ 9:18ff)

i. ਅਸ਼ੁੱਧਤਾ (ਨੰਗਾ ਰਹਿਣਾ ਅਤੇ ਕਬਰਸਤਾਨ ਵਿੱਚ ਰਹਿਣਾ)

j. ਆਤਮ ਹੱਤਿਆ ਦੇ ਰੁਝਾਨ (ਪੱਥਰਾਂ ਨਾਲ ਕੱਟਣਾ, ਪਾਣੀ ਅਤੇ ਅੱਗ ਵਿੱਚ ਜਾਣਾ)

2. ਸਲਾਹਕਾਰਾਂ ਅਤੇ ਮਿਸ਼ਨਰੀਆਂ ਦੁਆਰਾ ਅਸ਼ੁੱਧ ਆਤਮਾਵਾਂ ਨਾਲ

ਜਕੜੇ ਜਾਣ ਦੇ ਲੱਛਣਾਂ ਦਾ ਸੁਝਾਅ ਦਿੱਤਾ ਗਿਆ ਹੈ। ਹੇਠਾਂ ਉਹਨਾਂ ਲੱਛਣਾਂ ਦੀ ਸੂਚੀ ਦਿੱਤੀ ਗਈ ਹੈ ਜੋ ਉਹਨਾਂ ਲੋਕਾਂ ਵਿੱਚ ਦੇਖੇ ਗਏ ਹਨ ਜਿਹਨਾਂ ਨੂੰ ਅਸ਼ੁੱਧ ਆਤਮਾਵਾਂ ਨੇ ਜਤਰਕਿਆ ਸੀ:

- ਇੱਕ ਨਵਾਂ ਵਿਅਕਤੀਤਵ ਦਿਖਾਉਣਾ
- ਅਣਜਾਣ ਭਾਸ਼ਾਵਾਂ ਵਿੱਚ ਬੋਲਣ ਦੀ ਯੋਗਤਾ ਸਮੇਤ ਅਲੌਕਿਕ ਗਿਆਨ
- ਅਲੌਕਿਕ ਤਾਕਤ
- ਨੈਤਿਕ ਬੁਰਾਈ
- ਬਹੁਤ ਜ਼ਿਆਦਾ ਚਿੰਤਾ
- ਮਦਹੋਸ਼ ਜਾਂ ਬੁਰਾ ਵਿਵਹਾਰ
- ਬੇਹੋਸ਼ੀ ਵਿੱਚ ਮੰਤਰ ਬੋਲਣਾ
- ਮੂੰਹ ਵਿੱਚੋਂ ਝੱਗ ਨਿਕਲਣਾ
- ਪ੍ਰਾਰਥਨਾ ਜਾਂ ਵਚਨ ਦਾ ਵਿਰੋਧ ਕਰਨਾ
- ਪ੍ਰਭੂ ਯਿਸੂ ਦੇ ਨਾਮ ਤੇ ਪ੍ਰਤਿਕ੍ਰਿਆ ਕਰਨਾ
- ਡਰ
- ਕਿਸੇ ਬਿਮਾਰੀ ਜਾਂ ਸੱਟ ਦੇ ਬਿਨਾਂ ਹੀ ਦਰਦ[4]

### C. ਅਸ਼ੁੱਧ ਆਤਮਾ ਨਾਲ ਜਤਰਕਣਾ ਅਤੇ ਮਸੀਹੀ ਲੋਕ

ਕੱਟੜ ਬਾਈਬਲ ਸਿੱਖਿਅਕ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ ਕਿ ਮਸੀਹੀ ਲੋਕ ਅਸ਼ੁੱਧ ਆਤਮਾਵਾਂ ਨਾਲ ਜਕੜ ਸਕਦੇ ਹਨ। ਕਿਉਂਕਿ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਵਿੱਚ ਵੱਸਦੇ ਹਨ, ਤਾਂ ਇਹ ਇਸ ਗੱਲ ਦਾ ਸਬੂਤ ਹੈ ਕਿ ਮਸੀਹੀ ਅਸ਼ੁੱਧ ਆਤਮਾ ਦੁਆਰਾ ਜਕੜੇ ਨਹੀਂ ਜਾ ਸਕਦੇ ਹਨ। ਪਰ ਇਸੇ ਗੱਲ ਨੂੰ ਇਹ ਦਲੀਲ ਦੇਣ ਦੇ ਲਈ ਵੀ ਵਰਤਿਆ ਜਾ ਸਕਦਾ ਹੈ ਕਿ ਫਿਰ ਤਾਂ ਇੱਕ ਵਿਸ਼ਵਾਸੀ ਵਿੱਚ ਪਾਪ ਵੀ ਨਹੀਂ ਰਹਿ ਸਕਦਾ ਹੈ। ਕਿਉਂਕਿ ਪਵਿੱਤਰ ਆਤਮਾ ਸਪੱਸ਼ਟ ਤੌਰ ਤੇ ਪਾਪ ਦੀ ਮੌਜੂਦਗੀ ਵਿੱਚ ਵੱਸਦੇ ਹਨ, ਇਸ ਲਈ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਦੀ ਮੌਜੂਦਗੀ ਦਾ ਵਿਚਾਰ ਅਸ਼ੁੱਧ ਆਤਮਾ ਦੁਆਰਾ ਨਾ ਜਕੜੇ ਜਾਣ ਦੇ ਵਿਚਾਰ ਦੇ ਲਈ ਕਾਫ਼ੀ ਨਹੀਂ ਹੋਵੇਗਾ। ਇਸ ਲਈ ਇਹ ਸਿੱਟਾ ਕੱਢਣਾ ਸਹੀ ਹੋਵੇਗਾ ਕਿ ਭਾਵੇਂ ਮਸੀਹੀ ਅਸ਼ੁੱਧ ਆਤਮਾਵਾਂ ਨਾਲ ਜਕੜੇ ਜਾਣ, ਫਿਰ ਵੀ ਇਹ ਕੁਝ ਸਮੇਂ ਦੇ ਲਈ ਹੋਵੇਗਾ, ਜਿਸ ਵਿੱਚ ਮੁਕਤੀ ਦਾ ਨੁਕਸਾਨ ਨਹੀਂ ਹੋਵੇਗਾ, ਅਤੇ ਇਹ ਵਿਸ਼ਵਾਸੀ ਦੇ ਸਵੈਇੱਛੁਕ ਸਹਿਯੋਗ ਦੁਆਰਾ ਸ਼ੁਰੂ ਹੋਵੇਗਾ।

1. ਬਾਈਬਲ ਇਹ ਸਿਖਾਉਂਦੀ ਹੈ ਕਿ ਮਸੀਹ ਦੀ ਸਲੀਬ ਨੇ ਸ਼ੈਤਾਨ ਅਤੇ ਅਸ਼ੁੱਧ ਆਤਮਾਵਾਂ ਨੂੰ ਹਰਾਇਆ ਹੈ:

> "ਹੁਣ ਇਸ ਸੰਸਾਰ ਦੇ ਨਿਆਂ ਦਾ ਸਮਾਂ ਆ ਗਿਆ ਹੈ। **ਇਸ ਸੰਸਾਰ ਦਾ ਹਾਕਮ ਕੱਢ ਦਿੱਤਾ ਜਾਵੇਗਾ।**" [ਯੂਹੰਨਾ 12:31]
>
> …ਨਿਆਂ ਦੇ ਬਾਰੇ ਕਿਉਂਕਿ **ਦੁਨੀਆਂ ਦਾ ਹਾਕਮ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ**। [ਯੂਹੰਨਾ 16:11]
>
> ਉਹਨਾਂ ਨੇ ਸਭ ਆਤਮਿਕ ਸ਼ਾਸਕਾਂ ਅਤੇ ਅਧਿਕਾਰੀਆਂ ਨੂੰ ਖ਼ਤਮ ਕਰ ਦਿੱਤਾ ਅਤੇ ਖੁਲ੍ਹੇਆਮ ਉਹਨਾਂ ਦਾ ਤਮਾਸ਼ਾ ਬਣਾਇਆ ਅਤੇ ਸਲੀਬ ਦੇ ਰਾਹੀਂ **ਉਹਨਾਂ ਉੱਤੇ ਜਿੱਤ ਪ੍ਰਾਪਤ ਕੀਤੀ**। [ਕੁਲੁੱਸ 2:15]
>
> ਕਿਉਂਕਿ ਸੰਤਾਨ ਵਿੱਚ ਖ਼ੂਨ ਅਤੇ ਮਾਸ ਹਨ, ਇਸ ਲਈ ਯਿਸੂ ਨੇ ਵੀ ਮਨੁੱਖ ਬਣ ਕੇ ਸਾਡੇ ਨਾਲ ਇਹ ਸਾਂਝ ਰੱਖੀ। ਉਹਨਾਂ ਨੇ ਇਹ ਇਸ ਲਈ ਕੀਤਾ ਕਿ ਉਹ ਆਪਣੀ ਮੌਤ ਦੇ ਰਾਹੀਂ **ਸ਼ੈਤਾਨ ਦਾ ਨਾਸ਼ ਕਰਨ ਜਿਸ ਦਾ ਮੌਤ ਉੱਤੇ ਅਧਿਕਾਰ ਹੈ** [ਇਬ 2:14]
>
> ਪਰਮੇਸ਼ਰ ਦੇ ਪੁੱਤਰ ਭਾਵ ਯਿਸੂ ਮਸੀਹ ਇਸੇ ਲਈ ਪ੍ਰਗਟ ਹੋਏ ਕਿ **ਉਹ ਸ਼ੈਤਾਨ ਦੇ ਕੰਮਾਂ ਨੂੰ ਨਾਸ਼ ਕਰਨ।** [1 ਯੂਹੰਨਾ 3:8]

2. ਸਲੀਬ ਦੁਆਰਾ ਸ਼ੈਤਾਨ ਦੀ ਹਾਰ ਨੇ ਪਰਮੇਸ਼ਰ ਦੇ ਲੋਕਾਂ ਨੂੰ ਸ਼ੈਤਾਨ ਦੇ ਕਾਬੂ ਤੋਂ ਬਚਾਉਣ ਦਾ ਇੱਕ ਜਾਇਜ਼ ਆਧਾਰ ਪ੍ਰਦਾਨ ਕੀਤਾ ਹੈ। ਮਨੁੱਖ ਦੇ ਪਾਪ ਦਾ ਭੁਗਤਾਨ ਹੋਣ ਤੋਂ ਪਹਿਲਾਂ, ਸ਼ੈਤਾਨ ਦਾ ਪਾਪੀ ਮਨੁੱਖਤਾ ਉੱਤੇ ਇੱਕ ਕਾਨੂੰਨੀ ਹੱਕ ਸੀ। ਪਰ ਸਲੀਬ ਨੇ ਮੁਕਤੀ ਦੇ ਲਈ ਇੱਕ ਜਾਇਜ਼ ਆਧਾਰ ਨੂੰ ਸੰਭਵ ਬਣਾਇਆ ਕਿਉਂਕਿ ਮਸੀਹ ਨੇ ਪਾਪ ਦੀ ਸਜ਼ਾ ਦਾ ਪੂਰੀ ਤਰ੍ਹਾਂ ਭੁਗਤਾਨ ਕੀਤਾ, ਅਤੇ ਇਸ ਤਰ੍ਹਾਂ ਸ਼ੈਤਾਨ ਦੇ ਮਨੁੱਖਾਂ ਉੱਤੇ ਅਧਿਕਾਰ ਦੇ ਹਰੇਕ ਦਾਅਵੇ ਨੂੰ ਨਾਸ਼ ਕਰ ਦਿੱਤਾ। ਹਾਲਾਂਕਿ ਅਸ਼ੁੱਧ ਆਤਮਾਵਾਂ ਅਜੇ ਵੀ ਕੰਮ ਕਰ ਰਹੀਆਂ ਹਨ, ਪਰ ਸਲੀਬ ਨੇ ਪਹਿਲਾਂ ਹੀ ਇਹਨਾਂ ਦੀ ਸ਼ਕਤੀ ਨੂੰ ਨਸ਼ਟ ਕਰ ਦਿੱਤਾ ਹੈ।

ਵਿਸ਼ਵਾਸੀ ਨੂੰ ਸ਼ੈਤਾਨ ਅਤੇ ਉਸ ਦੇ ਦੂਤਾਂ ਦੇ ਬੇਇਖਤਿਆਰ ਰਾਜ ਤੋਂ ਮੁਕਤ ਕੀਤਾ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਹੁਣ ਅਸ਼ੁੱਧ ਆਤਮਾਵਾਂ ਉਸ ਦੀ ਇੱਛਾ ਦੇ ਬਿਨਾਂ ਉਸ ਨੂੰ ਆਪਣੇ ਵੱਸ ਵਿੱਚ ਨਹੀਂ ਕਰ ਸਕਦੀਆਂ। **ਇੱਕ ਵਿਸ਼ਵਾਸੀ ਆਪਣੀ ਸਵੈ-ਇੱਛਾ ਜਾਂ ਸਹਿਯੋਗ ਦੇ ਬਿਨਾਂ ਅਸ਼ੁੱਧ ਆਤਮਾਵਾਂ ਦੁਆਰਾ ਜਕੜਿਆ ਨਹੀਂ ਜਾ ਸਕਦਾ ਹੈ।** ਜੇਕਰ ਇੱਕ ਵਿਸ਼ਵਾਸੀ ਨੂੰ ਅਸ਼ੁੱਧ ਆਤਮਾ ਜਕੜ ਸਕਦੀ ਹੈ, ਤਾਂ ਇਹ ਉਸ ਮਸੀਹੀ ਦੇ ਜੀਵਨ ਵਿੱਚ ਹੋਵੇਗਾ ਜੋ ਉਸ ਨੂੰ ਸਵੀਕਾਰ ਕਰਨ ਦੇ ਲਈ ਆਪਣੀ ਇੱਛਾ ਵਿੱਚ ਤਿਆਰ ਹੋਵੇਗਾ ਅਤੇ ਉਸ ਨੂੰ ਆਪਣਾ ਸਹਿਯੋਗ ਦੇਵੇਗਾ।

ਇਸ ਤੋਂ ਇਲਾਵਾ, ਮਸੀਹੀ ਫਿਰ ਤੋਂ ਕਦੇ ਵੀ ਹਨੇਰੇ ਦੇ ਰਾਜ ਵਿੱਚ ਵਾਪਸ ਨਹੀਂ ਆ ਸਕਦੇ ਜਾਂ ਸ਼ੈਤਾਨ ਨੂੰ ਆਪਣਾ ਮਾਲਕ ਨਹੀਂ ਬਣਾ ਸਕਦੇ ਹਨ। ਵਿਸ਼ਵਾਸੀ ਦੀ ਸਥਿਤੀ ਉਸ ਦਾ ਮਸੀਹ ਯਿਸੂ ਦੇ ਰਾਜ ਵਿੱਚ ਹੋਣਾ ਅਤੇ ਉਹਨਾਂ ਦਾ ਸੇਵਕ ਹੋਣਾ ਹੈ। ਇੱਕ ਵਿਸ਼ਵਾਸੀ ਦਾ

[4] ਦੇਖੋ ਦੇਖੋ ਸੀ. ਫ੍ਰੈਡ ਡਿਕਸਨ, ਐਂਜਲਸ: ਇਲੈਕਟ ਐਂਡ ਈਵਿਲ (ਸ਼ਿਕਾਗੋ: ਮੂਡੀ ਪ੍ਰੈਸ, 1975) 185-86.C.

ਸ਼ੈਤਾਨ ਦੇ ਰਾਜ ਵਿੱਚ ਹੋਣਾ ਜਾਂ ਉਸ ਦਾ ਗ਼ੁਲਾਮ ਹੋਣਾ ਸੰਭਵ ਨਹੀਂ ਹੈ। ਇਸ ਤਰ੍ਹਾਂ, ਜੇਕਰ **ਇੱਕ ਵਿਸ਼ਵਾਸੀ ਦਾ ਅਸ਼ੁੱਧ ਆਤਮਾ ਨਾਲ ਜਕੜਿਆ ਜਾਣਾ ਸੰਭਵ ਹੈ, ਤਾਂ ਇਸ ਨੂੰ ਸਿਰਫ਼ ਇੱਕ ਥੋੜ੍ਹੇ ਸਮੇਂ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ, ਅਤੇ ਇਹ ਪ੍ਰਭੂ ਯਿਸੂ ਵਿੱਚ ਉਸ ਦੀ ਸਥਿਤੀ ਨੂੰ ਬਦਲਦਾ ਨਹੀਂ ਹੈ।** ਇਹ ਮੰਨਦੇ ਹੋਏ ਕਿ ਬਾਈਬਲ ਇੱਕ ਮਸੀਹੀ ਦੇ ਅਸ਼ੁੱਧ ਆਤਮਾ ਦੁਆਰਾ ਜਕੜੇ ਜਾਣ ਨੂੰ ਰੱਦ ਨਹੀਂ ਕਰਦੀ ਹੈ, ਤਾਂ ਇਸ ਤਰ੍ਹਾਂ ਦੀ ਸਥਿਤੀ ਸਿਰਫ਼ ਉਦੋਂ ਹੀ ਹੋਵੇਗੀ ਜਦੋਂ ਇੱਕ ਵਿਸ਼ਵਾਸੀ ਉਸ ਦਾ ਸਵਾਗਤ ਕਰੇਗਾ ਅਤੇ ਇਹ ਸਿਰਫ਼ ਕੁਝ ਸਮੇਂ ਦੇ ਲਈ ਹੀ ਹੋ ਸਕਦੀ ਹੈ।

> "ਇਸ ਤਰ੍ਹਾਂ ਤੁਸੀਂ ਸੱਚ ਨੂੰ ਜਾਣੋਗੇ ਅਤੇ ਸੱਚ ਤੁਹਾਨੂੰ **ਮੁਕਤ ਕਰੇਗਾ**"... "ਇਸ ਲਈ ਜੇਕਰ ਪੁੱਤਰ ਤੁਹਾਨੂੰ **ਮੁਕਤ ਕਰਦਾ ਹੈ** ਤਾਂ ਤੁਸੀਂ ਅਸਲ ਵਿੱਚ **ਮੁਕਤ ਹੋਵੋਗੇ।**" [ਯੂਹੰਨਾ 8:32, 36]
>
> "ਮੈਂ ਇਹ ਪ੍ਰਾਰਥਨਾ ਨਹੀਂ ਕਰਦਾ ਕਿ ਤੁਸੀਂ ਉਹਨਾਂ ਨੂੰ ਇਸ ਸੰਸਾਰ ਵਿੱਚੋਂ ਚੁੱਕ ਲਵੇ ਸਗੋਂ ਇਹ ਕਿ ਤੁਸੀਂ ਉਹਨਾਂ ਨੂੰ **ਸ਼ੈਤਾਨ ਤੋਂ ਸੁਰੱਖਿਅਤ ਰੱਖੋ।**" [ਯੂਹੰਨਾ 17:15]
>
> ਪਰਮੇਸ਼ਰ ਦਾ ਧੰਨਵਾਦ ਹੋਵੇ ! ਤੁਸੀਂ ਜਿਹੜੇ ਇੱਕ ਸਮੇਂ ਪਾਪ ਦੇ ਗ਼ੁਲਾਮ ਸੀ, ਹੁਣ ਆਪਣੇ ਪੂਰੇ ਦਿਲ ਨਾਲ ਉਸ ਸਿੱਖਿਆ ਨੂੰ, ਜਿਹੜੀ ਤੁਹਾਨੂੰ ਦਿੱਤੀ ਗਈ ਹੈ, ਮੰਨਦੇ ਹੋ। ਇਸ ਤਰ੍ਹਾਂ ਪਾਪ ਤੋਂ **ਛੁਟਕਾਰਾ ਪਾ ਕੇ** ਤੁਸੀਂ ਨੇਕੀ ਦੇ ਗ਼ੁਲਾਮ ਬਣ ਗਏ ਹੋ। ...ਜਦੋਂ ਤੁਸੀਂ ਪਾਪ ਦੇ ਗ਼ੁਲਾਮ ਸੀ ਤਾਂ ਉਸ ਸਮੇਂ ਤੁਸੀਂ ਨੇਕੀ ਦੀ ਅਧੀਨਤਾ ਤੋਂ ਸੁਤੰਤਰ ਸੀ। [ਰੋਮੀ 6:17-18, 20]
>
> ਮੇਰਾ ਪੂਰਾ ਵਿਸ਼ਵਾਸ ਹੈ ਕਿ ਸਾਨੂੰ ਕੋਈ ਚੀਜ਼ ਉਹਨਾਂ ਦੇ ਪਿਆਰ ਤੋਂ ਅਲੱਗ ਨਹੀਂ ਕਰ ਸਕਦੀ, ਨਾ ਮੌਤ, ਨਾ ਜੀਵਨ, **ਨਾ ਸਵਰਗਦੂਤ, ਨਾ ਸ਼ੈਤਾਨ ਦੀਆਂ ਸ਼ਕਤੀਆਂ**, ਨਾ ਵਰਤਮਾਨ, ਨਾ ਭਵਿੱਖ, ਨਾ ਸ਼ਕਤੀਆਂ, ਨਾ ਅਕਾਸ਼, ਨਾ ਪਾਤਾਲ ਸਗੋਂ **ਸਾਰੀ ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਸਾਨੂੰ ਪਰਮੇਸ਼ਰ ਦੇ ਪਿਆਰ ਤੋਂ**, ਜੋ ਸਾਡੇ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਸਾਡੇ ਉੱਤੇ ਪ੍ਰਗਟ ਕੀਤਾ ਗਿਆ ਹੈ, **ਅਲੱਗ ਨਹੀਂ ਕਰ ਸਕਦੀ।** [ਰੋਮੀ 8:38-39]
>
> **ਪਹਿਲਾਂ ਤੁਸੀਂ ਹਨੇਰੇ ਵਿੱਚ** ਸੀ ਪਰ ਹੁਣ ਤੁਸੀਂ ਪ੍ਰਭੂ ਵਿੱਚ ਆ ਕੇ ਚਾਨਣ ਵਿੱਚ ਆ ਗਏ ਹੋ। ਇਸ ਲਈ ਹੁਣ ਤੁਸੀਂ ਚਾਨਣ ਦੀ ਸੰਤਾਨ ਦੀ ਤਰ੍ਹਾਂ ਜੀਵਨ ਗੁਜ਼ਾਰੋ। [ਅਫ਼ਸੀ 5:8]
>
> ਉਹ ਹੀ ਸਾਨੂੰ ਹਨੇਰੇ ਦੇ ਅਧਿਕਾਰ ਤੋਂ **ਬਚਾ ਕੇ** ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਲੈ ਆਏ ਹਨ [ਕੁਲੁੱਸੀ 1:13]
>
> ਇਸ ਲਈ ਪਰਮੇਸ਼ਰ ਦੇ ਅਧੀਨ ਹੋਵੋ। **ਸ਼ੈਤਾਨ ਦਾ ਮੁਕਾਬਲਾ ਕਰੋ** ਅਤੇ ਉਹ ਤੁਹਾਡੇ ਕੋਲੋਂ **ਦੌੜ ਜਾਵੇਗਾ।** [ਯਾਕੂਬ 4:7]
>
> ...ਅਤੇ ਉਹਨਾਂ ਨੂੰ **ਛੁਟਕਾਰਾ ਦੇਣ**, ਜੋ ਆਪਣੇ ਸਾਰੇ ਜੀਵਨ ਵਿੱਚ, ਮੌਤ ਤੋਂ ਡਰ ਕੇ ਉਸ ਦੀ ਗ਼ੁਲਾਮੀ ਕਰਦੇ ਹਨ। [ਇਬ 2:15]
>
> ਸਾਵਧਾਨ ਰਹੋ ਅਤੇ ਜਾਗਦੇ ਰਹੋ! ਤੁਹਾਡਾ ਵੈਰੀ **ਸ਼ੈਤਾਨ**, ਗਰਜਦੇ ਹੋਏ ਸ਼ੇਰ ਦੀ ਤਰ੍ਹਾਂ ਇੱਧਰ-ਉੱਧਰ ਲੱਭਦਾ ਰਹਿੰਦਾ ਹੈ ਕਿ ਉਹ ਕਿਸ ਨੂੰ ਨਿਗਲ ਲਵੇ। ਤੁਸੀਂ ਵਿਸ਼ਵਾਸ ਵਿੱਚ ਅਟੱਲ ਰਹੋ ਅਤੇ ਉਸ ਦਾ **ਮੁਕਾਬਲਾ ਡੱਟ ਕੇ ਕਰੋ**...[1 ਪਤਰਸ 5:8-9]
>
> ...ਕਿਉਂਕਿ **ਪਰਮੇਸ਼ਰ ਜਿਹੜੇ ਤੁਹਾਡੇ ਵਿੱਚ ਹਨ**, ਮਸੀਹ ਦੇ ਵਿਰੋਧੀ ਤੋਂ **ਮਹਾਨ ਹਨ** ਜਿਹੜਾ ਸੰਸਾਰ ਵਿੱਚ ਹੈ। [1 ਯੂਹੰਨਾ 4:4]
>
> ... ਕਿਉਂਕਿ ਪਰਮੇਸ਼ਰ ਦੇ ਪੁੱਤਰ ਭਾਵ ਯਿਸੂ ਮਸੀਹ ਉਸ ਦੀ **ਰੱਖਿਆ ਕਰਦੇ ਹਨ** ਅਤੇ **ਸ਼ੈਤਾਨ ਉਸ ਦਾ ਕੋਈ ਨੁਕਸਾਨ ਨਹੀਂ ਕਰ ਸਕਦਾ** [1 ਯੂਹੰਨਾ 5:18b]

### 3. ਸਿੱਟਾ

ਇੱਕ ਮਸੀਹੀ ਦੇ ਅਸ਼ੁੱਧ ਆਤਮਾ ਨਾਲ ਜਕੜੇ ਜਾਣ ਬਾਰੇ ਭਾਵੇਂ ਕੋਈ ਵੀ ਵਿਚਾਰ ਹੋਵੇ, ਪਰ ਸਾਰੇ ਲੋਕ ਇਹ ਮੰਨਦੇ ਹਨ ਕਿ ਅਸ਼ੁੱਧ ਆਤਮਾਵਾਂ ਦੁਆਰਾ ਵਿਸ਼ਵਾਸੀ ਸ਼ੈਤਾਨ ਰਾਹੀਂ ਪ੍ਰਭਾਵਿਤ ਹੋ ਸਕਦੇ ਹਨ (2 ਕੁਰਿੰਥ 11:13-15; ਅਫ਼ਸੀ 4:27 ਯਾਕੂਬ 3:15)। ਇੱਕ ਵਫ਼ਾਦਾਰ ਵਿਸ਼ਵਾਸੀ ਹੀ ਜਾਦੂ-ਟੂਣੇ ਦੀਆਂ ਸਾਰੀਆਂ ਉਲਝਣਾਂ ਤੋਂ ਬਚਣ ਦੀ ਕੋਸ਼ਿਸ਼ ਕਰੇਗਾ। ਫਿਰ ਇੱਕ ਵਿਸ਼ਵਾਸੀ ਦੇ ਲਈ ਅਸ਼ੁੱਧ ਆਤਮਾ ਦੁਆਰਾ ਜਕੜੇ ਜਾਣਾ ਕਦੇ ਵੀ ਇੱਕ ਵਿਵਹਾਰਿਕ ਸਮੱਸਿਆ ਨਹੀਂ ਬਣੇਗਾ ਪਰ ਸਿਰਫ਼ ਇੱਕ ਸਿਧਾਂਤਕ ਮੁੱਦਾ ਹੋਣ ਤੱਕ ਹੀ ਸੀਮਿਤ ਰਹੇਗਾ।

ਅਧਿਆਇ 6

# ਮਨੁੱਖ ਦਾ ਸਿਧਾਂਤ

**ਰੂਪ-ਰੇਖਾ**


I. ਮਨੁੱਖ ਦੀ ਸਿਰਜਣਾ **61**

A. ਸਿਰਜਣਾ ਦੇ ਤੱਥ

B. ਸਿਰਜਣਾ ਦਾ ਸਮਾਂ **62**

II. ਮਨੁੱਖ ਦੀ **ਮੂਲ ਸਥਿਤੀ**

A. ਪਰਮੇਸ਼ਰ ਦੇ ਸਰੂਪ ਉੱਤੇ ਬਣਾਇਆ ਗਿਆ

B. ਪਰਮੇਸ਼ਰ ਦੇ ਸਰੂਪ ਦੇ ਸੰਬੰਧ ਵਿੱਚ ਮਨੁੱਖ ਦੀ ਵਰਤਮਾਨ ਸਥਿਤੀ **63**

1. ਮਨੁੱਖ ਪਰਮੇਸ਼ਰ ਦੇ ਨੈਤਿਕ ਸਰੂਪ ਵਿੱਚ
2. ਮਨੁੱਖ ਪਰਮੇਸ਼ਰ ਦੇ ਵਿਅਕਤੀਗਤ ਸਰੂਪ ਵਿੱਚ

III. ਮਨੁੱਖ ਦਾ ਪਾਪ ਵਿੱਚ ਡਿੱਗਣਾ **64**

A. ਪਾਪ ਵਿੱਚ ਡਿੱਗਣ ਦੇ ਤੱਥ

B. ਪਾਪ ਵਿੱਚ ਡਿੱਗਣ ਦੇ ਨਤੀਜੇ

1. ਪਰਮੇਸ਼ਰ ਤੋਂ ਵੱਖ ਹੋਣਾ
2. ਸਰੀਰਕ ਮੌਤ
3. ਆਤਮਿਕ ਮੌਤ **65**
   a. ਆਦਮ ਨੇ ਆਤਮਿਕ ਮੌਤ ਨੂੰ ਸ਼ੁਰੂ ਕੀਤਾ **67**
   b. ਸਾਰੇ ਆਤਮਿਕ ਤੌਰ ਤੇ ਮਰੇ ਹੋਏ ਪੈਦਾ ਹੁੰਦੇ ਹਨ
   c. ਆਤਮਿਕ ਮੌਤ ਨਾਲ ਨਿੱਜੀ ਪਾਪ ਦਾ ਸੰਬੰਧ
   d. ਆਤਮਿਕ ਮੌਤ ਉੱਤੇ ਹੋਰ ਵਚਨ
4. ਵਿਸ਼ਵ-ਵਿਆਪੀ ਅਤੇ ਪੂਰੀ ਬੁਰਾਈ
   a. ਇਹ ਦਿਲ ਦੀ ਸਮੱਸਿਆ ਹੈ **68**
   b. ਇਹ ਇੱਕ ਵਿਸ਼ਵ-ਵਿਆਪੀ ਸਮੱਸਿਆ ਹੈ
5. ਔਰਤ ਦੇ ਪਾਪ ਵਿੱਚ ਡਿੱਗਣ ਦੇ ਨਤੀਜੇ **69**
6. ਆਦਮੀ ਦੇ ਪਾਪ ਵਿੱਚ ਡਿੱਗਣ ਦੇ ਨਤੀਜੇ
7. ਬਾਕੀ ਦੀ ਸ੍ਰਿਸ਼ਟੀ ਉੱਤੇ ਪਾਪ ਦੇ ਨਤੀਜੇ **70**

IV. ਆਤਮਾ ਦੀ ਉਤਪਤੀ

V. ਮਨੁੱਖ ਦੇ ਅਭੌਤਿਕ ਸੁਭਾਅ ਦੀ ਰਚਨਾ

A. ਦੋ ਭਾਗ ਦ੍ਰਿਸ਼ਟੀਕੋਣ ਦੇ ਸਬੂਤ

1. ਸ਼ਬਦ *ਪ੍ਰਾਣ* ਅਤੇ *ਆਤਮਾ* ਦੀ ਇੱਕ-ਦੂਜੇ ਦੇ ਲਈ ਵਰਤੋਂ
2. ਸਰੀਰ ਅਤੇ ਆਤਮਾ ਪੂਰੇ ਮਨੁੱਖ ਨੂੰ ਦਰਸਾਉਂਦੇ ਹਨ
3. ਤਿੰਨ ਭਾਗ ਮਨੁੱਖ ਦੇ ਵਿਚਾਰ ਦਾ ਖੰਡਨ **71**

B. ਤਿੰਨ ਭਾਗ ਵਿਚਾਰ ਦੇ ਸਬੂਤ

C. ਇਸ ਮੁੱਦੇ ਉੱਤੇ ਵਿਚਾਰ

VI. ਮਨੁੱਖ ਦੀ ਸਰੀਰਕ ਹੋਂਦ **72**


## *ਮਨੁੱਖ ਦਾ ਸਿਧਾਂਤ*

### I. ਮਨੁੱਖ ਦੀ ਸਿਰਜਣਾ

ਵਿਕਾਸਵਾਦ ਦੇ ਸਿਧਾਂਤ ਵਿੱਚ ਵਿਗਿਆਨਕ ਕਮੀਆਂ ਦਾ ਅਧਿਐਨ, ਬਾਈਬਲ ਦੇ ਸਿਧਾਂਤ ਦੀ ਬਜਾਏ ਮਸੀਹੀ ਰੱਖਿਆ ਅਧਿਐਨ ਦੇ ਖੇਤਰ ਵਿੱਚ ਆਉਂਦਾ ਹੈ। ਜਿਹੜੇ ਲੋਕ ਸ੍ਰਿਸ਼ਟੀਵਾਦ ਦੇ ਸਮਰਥਨ ਵਿੱਚ ਵਿਗਿਆਨਕ ਸੱਚਾਈ ਚਾਹੁੰਦੇ ਹਨ, ਉਹਨਾਂ ਨੂੰ ਸ੍ਰਿਸ਼ਟੀ ਵਿਗਿਆਨ ਜਾਂ ਬੁੱਧੀਮਾਨ ਬਣਤਰ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੰਸਥਾਵਾਂ ਤੋਂ ਪ੍ਰਕਾਸ਼ਨਾਂ ਦੀ ਸੂਚੀ ਦੀ ਬੇਨਤੀ ਕਰਨੀ ਚਾਹੀਦੀ ਹੈ। ਬਾਈਬਲ ਦੇ ਸਿਧਾਂਤ ਦੇ ਵਿਦਿਆਰਥੀਆਂ ਦੇ ਰੂਪ ਵਿੱਚ, ਸਾਡੀ ਦਿਲਚਸਪੀ ਮਨੁੱਖ ਬਾਰੇ ਬਾਈਬਲ ਦੀ ਸਿੱਖਿਆ ਦੇਣਾ ਹੈ। ਬਾਈਬਲ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਪਰਮੇਸ਼ਰ ਨੇ ਬਿਨਾਂ ਵਿਕਾਸਵਾਦੀ ਵਿਧੀ ਦੇ ਮਨੁੱਖ ਦੀ ਸਿਰਜਣਾ ਕੀਤੀ ਸੀ।

#### A. ਸਿਰਜਣਾ ਦੇ ਤੱਥ

ਮਨੁੱਖ ਦੀ ਸਿਰਜਣਾ ਨੂੰ ਬਾਈਬਲ ਵਿੱਚ ਇੰਨਾ ਸਪੱਸ਼ਟ ਅਤੇ ਵਾਰ-ਵਾਰ ਸਿਖਾਇਆ ਗਿਆ ਹੈ ਕਿ ਇਸ ਸਿਧਾਂਤ ਦਾ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਪ੍ਰਭੂ ਯਿਸੂ ਨੇ ਵੀ ਪਹਿਲੇ ਮਨੁੱਖ (ਆਦਮ) ਦੀ ਸ਼ਾਬਦਿਕ ਸਿਰਜਣਾ ਵਿੱਚ ਵਿਸ਼ਵਾਸ ਕੀਤਾ ਅਤੇ ਇਸ ਬਾਰੇ ਸਿਖਾਇਆ (ਦੇਖੋ, ਅੱਯੂਬ 38; ਜ਼ਬੂਰ 8 ਅਤੇ 148; ਮਰਕੁਸ 10:6; ਇਬ 2:7)।

> ਪਰਮੇਸ਼ਰ ਨੇ ਆਖਿਆ ਕਿ **ਅਸੀਂ ਮਨੁੱਖ ਨੂੰ** ਆਪਣੇ ਸਰੂਪ ਵਿੱਚ ਅਤੇ ਆਪਣੇ ਵਰਗਾ **ਬਣਾਈਏ**…" [ਉਤ 1:26]
>
> ਯਹੋਵਾਹ ਪਰਮੇਸ਼ਰ ਨੇ **ਮਨੁੱਖ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ** ਅਤੇ ਉਸ ਦੀਆਂ ਨਾਸਾਂ ਵਿੱਚ ਜੀਵਨ ਦਾ ਸਾਹ ਫੂਕਿਆ, ਇਸ ਤਰ੍ਹਾਂ ਮਨੁੱਖ ਜੀਉਂਦਾ ਪ੍ਰਾਣੀ ਬਣ ਗਿਆ। [ਉਤ 2:7]
>
> "ਕਿਉਂ ਜੋ ਛੇਆਂ ਦਿਨਾਂ ਵਿੱਚ **ਯਹੋਵਾਹ ਨੇ ਅਕਾਸ਼ ਅਤੇ ਧਰਤੀ ਨੂੰ, ਸਮੁੰਦਰ ਨੂੰ ਅਤੇ ਸਭ ਕੁਝ ਜੋ ਉਹਨਾਂ ਦੇ ਵਿੱਚ ਹੈ ਬਣਾਇਆ**…" [ਕੂਚ 20:11]
>
> "ਤੂੰ, ਹਾਂ ਤੂੰ ਹੀ ਕੇਵਲ ਇੱਕ ਯਹੋਵਾਹ ਹੈਂ, ਤੂੰ ਸਵਰਗ ਸਗੋਂ ਸਭ ਤੋਂ ਉੱਚੇ ਸਵਰਗ ਅਤੇ ਉਹਨਾਂ ਦੀ ਸਾਰੀ ਸੈਨਾਂ, ਧਰਤੀ ਅਤੇ ਉਸ ਦੀਆਂ ਸਾਰੀਆਂ ਚੀਜ਼ਾਂ, ਅਤੇ ਸਮੁੰਦਰ ਅਤੇ ਜੋ

ਕੁਝ ਉਹਨਾਂ ਦੇ ਵਿੱਚ ਹੈ, ਸਭ ਕੁਝ ਤੂੰ ਹੀ ਬਣਾਇਆ ਹੈ, **ਤੂੰ ਹੀ ਸਾਰਿਆਂ ਦਾ ਜੀਵਨ ਦਾਤਾ ਹੈਂ** ਅਤੇ ਸਵਰਗ ਦੀ ਸਾਰੀ ਸੈਨਾਂ ਤੈਨੂੰ ਹੀ ਮੱਥਾ ਟੇਕਦੀ ਹੈ" [ਨਹਮ 9:6]

ਯਹੋਵਾਹ ਦੇ ਸ਼ਬਦ ਨਾਲ ਅਕਾਸ਼ ਬਣਾਏ ਗਏ, ਅਤੇ ਉਹਨਾਂ ਦੀ ਸਾਰੀ ਵੱਸੋਂ ਉਹ ਦੇ ਮੂੰਹ ਦੇ ਸਵਾਸ ਨਾਲ...**ਕਿਉਂ ਜੋ ਉਸ ਨੇ ਆਖਿਆ ਅਤੇ ਉਹ ਹੋ ਗਿਆ**, ਉਸ ਨੇ ਹੁਕਮ ਦਿੱਤਾ ਤਾਂ ਉਹ ਬਣ ਗਿਆ। [ਜ਼ਬੂਰ 33:6, 9]

ਯਿਸੂ ਨੇ ਉੱਤਰ ਦਿੱਤਾ, "ਕੀ ਤੁਸੀਂ ਪਵਿੱਤਰ-ਗ੍ਰੰਥ ਵਿੱਚ ਨਹੀਂ ਪੜ੍ਹਿਆ ਹੈ ਕਿ ਆਦਿ ਵਿੱਚ ਹੀ ਸਿਰਜਣਹਾਰ ਨੇ **ਉਹਨਾਂ ਨੂੰ ਨਰ ਅਤੇ ਨਾਰੀ ਬਣਾਇਆ?"** [ਮੱਤੀ 19:4]

ਇਸ ਲਈ ਜਿਵੇਂ **ਇੱਕ ਆਦਮੀ** ਦੇ ਦੁਆਰਾ ਪਾਪ ਇਸ ਸੰਸਾਰ ਵਿੱਚ ਆਇਆ ਅਤੇ ਪਾਪ ਦੇ ਦੁਆਰਾ ਮੌਤ ਆਈ । ਇਸ ਤਰ੍ਹਾਂ ਮੌਤ ਸਾਰੀ ਮਨੁੱਖਜਾਤੀ ਵਿੱਚ ਫੈਲ ਗਈ ਕਿਉਂਕਿ ਸਭ ਨੇ ਪਾਪ ਕੀਤਾ...ਪਰ ਫਿਰ ਵੀ ਮੌਤ ਨੇ **ਆਦਮ** ਤੋਂ ਲੈ ਕੇ ਮੂਸਾ ਤੱਕ, ਸਭ ਲੋਕਾਂ ਉੱਤੇ ਰਾਜ ਕੀਤਾ [ਰੋਮੀ 5:12, 14a]

ਜਿਸ ਤਰ੍ਹਾਂ **ਆਦਮ** ਵਿੱਚ ਸਭ ਮਰਦੇ ਹਨ, ਉਸੇ ਤਰ੍ਹਾਂ ਮਸੀਹ ਵਿੱਚ ਸਭ ਫਿਰ ਜੀਅ ਉੱਠਣਗੇ।...ਇਸੇ ਲਈ ਪਵਿੱਤਰ ਗ੍ਰੰਥ ਕਹਿੰਦਾ ਹੈ, "**ਪਹਿਲਾ ਆਦਮੀ ਭਾਵ ਆਦਮ ਜਿਊਂਦਾ ਪ੍ਰਾਣੀ** ਬਣਿਆ [1 ਕੁਰਿੰਥ 15:22, 45]

"ਹੇ ਸਾਡੇ ਪ੍ਰਭੂ ਅਤੇ ਪਰਮੇਸ਼ਰ, ਤੁਸੀਂ ਹੀ ਮਹਿਮਾ, ਆਦਰ, ਅਤੇ ਸਮਰੱਥਾ ਪ੍ਰਾਪਤ ਕਰਨ ਦੇ ਯੋਗ ਹੋ, ਕਿਉਂਕਿ **ਤੁਸੀਂ ਸਾਰੀਆਂ ਚੀਜ਼ਾਂ ਦੀ ਰਚਨਾ ਕੀਤੀ ਹੈ,** ਤੁਹਾਡੀ ਇੱਛਾ ਤੋਂ ਹੀ ਉਹਨਾਂ ਨੂੰ ਹੋਂਦ ਮਿਲੀ ਅਤੇ ਉਹ ਰਚੀਆਂ ਗਈਆਂ ਹਨ।" [ਪ੍ਰਕਾਸ਼ 4:11]

### B. ਸਿਰਜਣਾ ਦਾ ਸਮਾਂ

*ਬੇਗਤ* ਦੇ ਇਬਰਾਨੀ ਵਿਚਾਰ ਦਾ ਅਰਥ ਹੈ "ਕਿਸੇ ਦਾ ਪੂਰਵਜ ਬਣਨਾ"। ਇਸੇ ਤਰ੍ਹਾਂ, ਮਨੁੱਖ ਦੇ *ਪੁੱਤਰ* ਦਾ ਅਰਥ ਉਸ ਦੀ "ਔਲਾਦ" ਹੋਣਾ ਹੈ ("ਪਿਤਾ ਅਬਰਾਹਾਮ" ਜਾਂ "ਦਾਊਦ ਦਾ ਪੁੱਤਰ" ਵਾਕਾਂਸ਼ ਉੱਤੇ ਵਿਚਾਰ ਕਰੋ)। ਬਾਈਬਲ ਦੀਆਂ ਵੰਸ਼ਾਵਲੀਆਂ ਵਿੱਚ ਕਿਤੇ-ਕਿਤੇ ਕੁਝ ਨਾਮ ਨਹੀਂ ਹਨ (ਜਿਵੇਂ ਕਿ., ਮੱਤੀ 1:8 ਵਿੱਚ ਉੱਜ਼ੀਯਾਹ ਦਾ ਯੋਰਾਮ ਉੱਜ਼ੀਯਾਹ ਕਿਹਾ ਗਿਆ ਹੈ, ਜਦੋਂ ਕਿ ਉਹ ਉਸ ਦਾ ਪੜਪੋਤਾ ਸੀ)।[1] ਜ਼ਾਹਰ ਹੈ ਕਿ ਲੇਖਕ ਇੱਕ ਵੰਸ਼ਾਵਲੀ ਦੀ ਹਰੇਕ ਪੀੜ੍ਹੀ ਨੂੰ ਨਹੀਂ ਪਰ ਸਿਰਫ਼ ਉਸ ਦੇ ਮੁੱਖ ਲੋਕਾਂ ਦੇ ਹੀ ਨਾਮ ਸੂਚੀਬੱਧ ਕਰਨਾ ਚਾਹੁੰਦਾ ਸੀ।

[1] ਵੰਸ਼ਾਵਲੀਆਂ ਬਾਰੇ ਵਧੀਆ ਜਾਣਕਾਰੀ ਲਈ ਦੇਖੋ : ਜੇ. ਡਵਾਈਟ ਪੈਂਟੀਕੋਸਟ, ਦ ਵਰਡਜ਼ ਐਂਡ ਵਰਕਸ ਆਫ ਜੀਸਸ ਕ੍ਰਾਈਸਟ (ਗ੍ਰੈਂਡ ਰੈਪਿਡਜ਼, ਜ਼ੋਂਡਰਵੈਨ ਪਬਲਿਸ਼ਿੰਗ, 1981) 33-39.

ਇਹ ਮੰਨਣਾ ਜ਼ਰੂਰੀ ਨਹੀਂ ਹੈ ਕਿ ਮਨੁੱਖ ਦੀ ਸਿਰਜਣਾ 4004 ਈਸਾ ਪੂਰਵ ਵਿੱਚ ਹੋਈ ਸੀ, ਜਿਵੇਂ ਕਿ ਬਿਸ਼ਪ ਉਸ਼ੇਰ ਨੇ ਉਤਪਤ 5 ਅਤੇ 11 ਦੀ ਵੰਸ਼ਾਵਲੀ ਦਾ ਅਧਿਐਨ ਕਰਕੇ ਕਿਹਾ ਸੀ। ਫਿਰ ਵੀ, ਵੰਸ਼ਾਵਲੀ ਵਿੱਚ ਸਿਰਫ਼ ਉਹਨਾਂ ਦੇ ਪ੍ਰਮੁੱਖ ਲੋਕਾਂ ਨੂੰ ਸੂਚੀਬੱਧ ਕਰਨ ਨਾਲ, ਮਨੁੱਖਜਾਤੀ ਦੇ ਬਹੁਤ ਲੰਬੇ ਸਮੇਂ ਤੋਂ ਮੌਜੂਦ ਹੋਣ ਦੇ ਵਿਚਾਰ ਨੂੰ ਸਮਰਥਨ ਨਹੀਂ ਮਿਲ ਸਕਦਾ ਹੈ। ਮਨੁੱਖਤਾ ਨੂੰ ਇੱਕ ਲੱਖ ਸਾਲ ਪੁਰਾਣੀ ਬਣਾਉਣ ਦੇ ਲਈ ਆਦਮ ਤੋਂ ਅਬਰਾਹਾਮ ਤੱਕ ਹਰੇਕ ਨਾਮ ਵਿਚਕਾਰ ਲਗਭਗ 50,000 ਸਾਲਾਂ ਦੇ ਅੰਤਰ ਦੀ ਕਲਪਨਾ ਕਰਨੀ ਹੋਵੇਗੀ, ਜੋ ਕਿ ਠੀਕ ਨਹੀਂ ਹੋਵੇਗਾ। ਵੰਸ਼ਾਵਲੀ ਵਿੱਚ ਅਗਿਆਤ ਵਿੱਥਾਂ ਮਨੁੱਖ ਨੂੰ 4004 ਈਸਾ ਪੂਰਵ ਤੋਂ ਕੁਝ ਹਜ਼ਾਰ ਸਾਲ ਪੁਰਾਣਾ ਹੋਣ ਦੀ ਆਗਿਆ ਦੇ ਸਕਦੀਆਂ ਹਨ। ਕੁਝ ਲੋਕਾਂ ਦੇ ਨਾਮ ਸ਼ਾਮਲ ਨਾ ਕੀਤੇ ਜਾਣ ਨੂੰ ਵੀ ਗਿਣਦੇ ਹੋਏ, ਮਨੁੱਖਜਾਤੀ ਐਨੀ ਜ਼ਿਆਦਾ ਪੁਰਾਣੀ ਨਹੀਂ ਹੈ।

## II. ਮਨੁੱਖ ਦੀ ਮੂਲ ਸਥਿਤੀ

### A. ਪਰਮੇਸ਼ਰ ਦੇ ਸਰੂਪ ਉੱਤੇ ਬਣਾਇਆ ਗਿਆ

ਜਾਨਵਰਾਂ ਦੇ ਲਈ ਯੂਨਾਨੀ ਅਤੇ ਇਬਰਾਨੀ ਦੋਵਾਂ ਹੀ ਭਾਸ਼ਾਵਾਂ ਵਿੱਚ ਪ੍ਰਾਣ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ (ਉਤ 1:20-21,24,30; ਪਰਕਾਸ਼ 8.9; 16:3) ਅਤੇ ਜਾਨਵਰਾਂ ਬਾਰੇ ਕਿਹਾ ਗਿਆ ਹੈ ਕਿ ਉਹਨਾਂ ਵਿੱਚ "ਜੀਵਨ ਦਾ ਸਾਹ" ਹੈ (ਉਤ 6:17; 7:15, 22)।[2] ਇਸ ਲਈ, ਮਨੁੱਖਾਂ ਅਤੇ ਜਾਨਵਰਾਂ ਵਿੱਚ ਅਸਲੀ ਫ਼ਰਕ ਇਹ ਹੈ ਕਿ ਮਨੁੱਖਾਂ ਦੀ ਤਰ੍ਹਾਂ, ਜਾਨਵਰਾਂ ਨੂੰ ਪਰਮੇਸ਼ਰ ਦੇ ਸਰੂਪ ਵਿੱਚ ਨਹੀਂ ਬਣਾਇਆ ਗਿਆ ਹੈ।

ਇਹ ਤੱਥ ਕਿ ਪਰਮੇਸ਼ਰ ਨੇ ਮਨੁੱਖ ਨੂੰ ਬਣਾਉਣ ਦੇ ਲਈ ਮਿੱਟੀ ਵਿੱਚ ਸਾਹ ਫੂਕਿਆ, ਇਹ ਦਰਸਾਉਂਦਾ ਹੈ ਕਿ ਮਨੁੱਖ ਜਾਨਵਰਾਂ ਨਾਲੋਂ ਵਧੇਰੇ ਮਹੱਤਵਪੂਰਣ ਹੈ (ਉਤ 2:7)। ਪਰ ਮਨੁੱਖ ਦੀ ਮੁੱਖ ਅਤੇ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਉਹ ਪਰਮੇਸ਼ਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ (ਉਤ 1:26)। ਪਰਮੇਸ਼ਰ ਦੇ ਸਰੂਪ ਉੱਤੇ ਬਣਾਏ ਜਾਣ ਦੀ ਵਿਆਖਿਆ ਨੂੰ ਉਹਨਾਂ ਆਇਤਾਂ ਵਿੱਚ ਸਪਸ਼ੱਟ ਤੌਰ ਤੇ ਸਮਝਿਆ ਗਿਆ ਹੈ ਜੋ ਪਾਪ ਵਿੱਚ ਡਿੱਗਣ ਦੁਆਰਾ ਉਸ ਸਰੂਪ ਦੇ ਨੁਕਸਾਨ ਨਾਲ ਸੰਬੰਧਿਤ ਹਨ।

> ਪਰਮੇਸ਼ਰ ਨੇ ਆਖਿਆ ਕਿ **ਅਸੀਂ ਮਨੁੱਖ ਨੂੰ ਆਪਣੇ ਸਰੂਪ ਵਿੱਚ ਅਤੇ ਆਪਣੇ ਵਰਗਾ ਬਣਾਈਏ** [ਉਤ 1:26]

[2] ਇਸ ਨੂੰ ਕਿਸੇ ਵੀ ਤਰੀਕੇ ਨਾਲ ਇਹ ਸਿਖਾਉਣ ਲਈ ਨਹੀਂ ਸਮਝਿਆ ਜਾ ਸਕਦਾ ਕਿ ਜਾਨਵਰਾਂ ਵਿੱਚ ਮਨੁੱਖਾਂ ਵਾਂਗ ਹੀ ਪ੍ਰਾਣ ਹੁੰਦੇ ਹਨ, ਪਰ ਇਹ ਵਿਚਾਰ ਇਹ ਸਥਾਪਿਤ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਜਾਨਵਰਾਂ ਉੱਤੇ ਮਨੁੱਖ ਦੀ ਮੁੱਢਲੀ ਉੱਤਮਤਾ ਪਰਮੇਸ਼ਰ ਦੇ ਸਰੂਪ ਵਿੱਚ ਉਸ ਦੀ ਸਿਰਜਣਾ ਕਾਰਨ ਹੈ।

### B. ਪਰਮੇਸ਼ਰ ਦੇ ਸਰੂਪ ਦੇ ਸੰਬੰਧ ਵਿੱਚ ਮਨੁੱਖ ਦੀ ਵਰਤਮਾਨ ਸਥਿਤੀ

ਉਤ 9:6; 1 ਕੁਰਿੰਥ 11:7 ਅਤੇ ਯਾਕੂਬ 3:9 ਇਹ ਸਿਖਾਉਂਦੇ ਹਨ ਕਿ ਮਨੁੱਖ ਦੇ ਪਾਪ ਵਿੱਚ ਡਿੱਗਣ ਤੋਂ ਬਾਅਦ ਵੀ, ਮਨੁੱਖ ਵਿੱਚ ਪਰਮੇਸ਼ਰ ਦੇ ਸਰੂਪ ਦੇ ਕੁਝ ਤੱਤ ਬਚੇ ਹਨ। ਇਸ ਲਈ, ਸਰਾਪ ਦੇਣਾ ਅਤੇ ਕਤਲ ਕਰਨਾ ਪਰਮੇਸ਼ਰ ਨੂੰ ਮਨਜ਼ੂਰ ਨਹੀਂ ਹਨ, ਕਿਉਂਕਿ ਇੱਕ ਅਵਿਸ਼ਵਾਸੀ ਵਿੱਚ ਵੀ ਪਰਮੇਸ਼ਰ ਦੀ ਸਰੂਪ ਦਾ ਹਿੱਸਾ ਹੈ। ਮਨੁੱਖੀ ਸਮਾਜ ਜਿਸ ਹੱਦ ਤੱਕ ਇਸ ਸਿੱਖਿਆ ਦਾ ਵਿਦਰੋਹ ਕਰੇਗਾ, ਉਸ ਹੱਦ ਤੱਕ ਉਹ ਮਨੁੱਖੀ ਜੀਵਨ ਦੇ ਲਈ ਸਨਮਾਨ ਨੂੰ ਵੀ ਗੁਆ ਦੇਵੇਗਾ। ਮਨੁੱਖ ਦਾ ਮੁੱਲ ਉਸ ਦੀ ਪਰਮੇਸ਼ਰ ਦੇ ਸਰੂਪ ਵਿੱਚ ਸਿਰਜਣਾ ਵਿੱਚ ਹੈ।

> "ਜੋ ਮਨੁੱਖ ਦਾ ਖ਼ੂਨ ਵਹਾਵੇਗਾ, ਉਸ ਦਾ ਖ਼ੂਨ ਮਨੁੱਖ ਦੇ ਹੱਥੋਂ ਵਹਾਇਆ ਜਾਵੇਗਾ ਕਿਉਂਕਿ **ਪਰਮੇਸ਼ਰ ਨੇ ਮਨੁੱਖ ਨੂੰ ਆਪਣੇ ਹੀ ਸਰੂਪ ਵਿੱਚ** ਰਚਿਆ ਸੀ।" [ਉਤ 9:6]
>
> ਹਾਂ, ਆਦਮੀ ਦੇ ਲਈ ਆਪਣਾ ਸਿਰ ਢੱਕਣਾ ਠੀਕ ਨਹੀਂ ਹੈ ਕਿਉਂਕਿ ਉਸ ਤੋਂ **ਪਰਮੇਸ਼ਰ ਦਾ ਸਰੂਪ** ਅਤੇ ਮਹਿਮਾ ਪ੍ਰਗਟ ਹੁੰਦੇ ਹਨ। [1 ਕੁਰਿੰਥ 11:7]
>
> ਅਸੀਂ ਇਸੇ ਜੀਭ ਦੇ ਨਾਲ ਆਪਣੇ ਪ੍ਰਭੂ ਅਤੇ ਪਿਤਾ ਦੀ ਉਸਤਤ ਕਰਦੇ ਹਾਂ ਅਤੇ ਇਸੇ ਦੇ ਨਾਲ ਮਨੁੱਖ ਨੂੰ ਸਰਾਪ ਦਿੰਦੇ ਹਾਂ ਜਿਹੜੇ **ਪਰਮੇਸ਼ਰ ਦੇ ਸਰੂਪ ਵਿੱਚ** ਬਣਾਏ ਗਏ ਹਨ। [ਯਾਕੂਬ 3:9]

ਹਾਲਾਂਕਿ ਉੱਪਰ ਦਿੱਤੀਆਂ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਪਾਪ ਵਿੱਚ ਡਿੱਗੇ ਹੋਏ ਮਨੁੱਖ ਵਿੱਚ (ਅਵਿਸ਼ਵਾਸੀ ਵਿੱਚ ਵੀ) ਪਰਮੇਸ਼ਰ ਦੇ ਸਰੂਪ ਦੇ ਕੁਝ ਤੱਤ ਬਚੇ ਹੋਏ ਹਨ, ਪਰ ਅਫ਼ਸੀਆ 4:24 ਅਤੇ ਕੁਲੁੱਸੀਆਂ 3:10 ਇਹ ਵੀ ਸਿਖਾਉਂਦੇ ਹਨ ਕਿ ਇੱਕ ਵਿਸ਼ਵਾਸੀ ਨੇ ਪਰਮੇਸ਼ਰ ਦੇ ਮੂਲ ਸਰੂਪ ਦਾ ਇੱਕ ਹਿੱਸਾ ਮੁੜ ਪ੍ਰਾਪਤ ਕਰ ਲਿਆ ਹੈ, ਅਤੇ ਉਹ ਲਗਾਤਾਰ ਪਰਮੇਸ਼ਰ ਦੇ ਸਰੂਪ ਦੇ ਨੇੜੇ ਆ ਰਿਹਾ ਹੈ। ਇਹ ਦੋਵੇਂ ਵਚਨ, **ਸੱਚਾਈ ਅਤੇ ਪਵਿੱਤਰਤਾ** ਦੇ ਉਹਨਾਂ ਖੇਤਰਾਂ ਨੂੰ ਵੀ **ਪਰਮੇਸ਼ਰ ਦੇ ਸਰੂਪ ਨਾਲ ਜੋੜਦੇ ਹਨ** ਜਿਹਨਾਂ ਨੂੰ ਮਨੁੱਖਾਂ ਨੇ **ਪਾਪ ਵਿੱਚ ਡਿੱਗਣ** ਦੁਆਰਾ ਗੁਆ ਦਿੱਤਾ ਸੀ।

> ਤੁਹਾਡੇ ਦਿਲ ਅਤੇ ਮਨ **ਨਵੇਂ ਬਣਦੇ ਜਾਣ** ਅਤੇ ਤੁਸੀਂ ਉਸ ਨਵੀਂ ਮਨੁੱਖਤਾ ਨੂੰ ਪਹਿਨ ਲਵੋ ਜੋ **ਪਰਮੇਸ਼ਰ ਦੇ ਸਰੂਪ** ਵਿੱਚ **ਨੇਕੀ ਅਤੇ ਪਵਿੱਤਰਤਾ** ਦੇ ਦੁਆਰਾ ਰਚੀ ਗਈ ਹੈ। [ਅਫ਼ਸੀ 4:23-24]
>
> ਅਤੇ ਨਵੀਂ ਮਨੁੱਖਤਾ ਪਹਿਨ ਲਈ ਹੈ ਜੋ ਲਗਾਤਾਰ ਆਪਣੇ **ਸਿਰਜਨਹਾਰ ਦੇ ਸਰੂਪ ਦੇ ਅਨੁਸਾਰ ਨਵੀਂ ਹੁੰਦੀ ਅਤੇ ਉਹਨਾਂ ਦੀ ਪਛਾਣ ਵਿੱਚ ਵੱਧਦੀ ਜਾਂਦੀ ਹੈ।** [ਕੁਲੁੱਸੀ 3:10]

ਇਹ ਸਾਰੇ ਵਚਨ ਇਕੱਠੇ ਪਰਮੇਸ਼ਰ ਦੇ ਸਰੂਪ ਦੇ ਉਹਨਾਂ ਪਹਿਲੂਆਂ ਵਿਚਕਾਰ ਅੰਤਰ ਬਣਾਉਂਦੇ ਹਨ ਜੋ ਮਨੁੱਖ ਨੇ ਪਾਪ ਦੁਆਰਾ ਗੁਆ ਲਏ ਅਤੇ ਜੋ ਉਸ ਨੇ ਬਰਕਰਾਰ ਰੱਖੇ। ਇਹਨਾਂ ਦੋਵਾਂ ਦੀ ਵਧੀਆ ਵਿਆਖਿਆ ਇਹੀ ਹੈ ਕਿ ਇਹ **ਪਰਮੇਸ਼ਰ ਦਾ ਨੈਤਿਕ ਸਰੂਪ ਅਤੇ ਪਰਮੇਸ਼ਰ ਦਾ ਵਿਅਕਤੀਗਤ ਸਰੂਪ** ਹਨ। ਮਨੁੱਖ ਨੇ ਪਹਿਲੇ ਨੂੰ ਗੁਆ ਦਿੱਤਾ ਹੈ ਜਿਸ ਨੂੰ ਉਹ ਮਸੀਹ ਵਿੱਚ ਮੁੜ ਪ੍ਰਾਪਤ ਕਰ ਸਕਦਾ ਹੈ। ਦੂਜੇ ਨੂੰ ਉਸ ਨੇ ਕਦੇ ਨਹੀਂ ਗੁਆਇਆ ਸੀ। ਇਸ ਲਈ, ਸਾਰੇ ਲੋਕ ਅੱਜ ਵੀ ਕੀਮਤੀ ਹਨ।

#### 1. ਮਨੁੱਖ ਪਰਮੇਸ਼ਰ ਦੇ ਨੈਤਿਕ ਸਰੂਪ ਵਿੱਚ

ਪਾਪ ਦੇ ਕਾਰਨ ਮਨੁੱਖ ਵਿੱਚ **ਪਰਮੇਸ਼ਰ ਦਾ ਨੈਤਿਕ ਸਰੂਪ** ਖ਼ਤਮ ਹੋ ਗਿਆ ਸੀ। ਕੁਲੁੱਸੀਆਂ 3:10 ਦੇ ਅਨੁਸਾਰ ਮਨੁੱਖ ਪਰਮੇਸ਼ਰ ਅਤੇ ਉਸ ਦੀ ਸੱਚਾਈ (ਸਹੀ ਅਤੇ ਗ਼ਲਤ ਸਮੇਤ) ਦਾ ਸੱਚਾ ਗਿਆਨ ਗੁਆ ਚੁੱਕਾ ਹੈ। ਅਫ਼ਸੀਆਂ 4:24 ਅਨੁਸਾਰ ਮਨੁੱਖ ਨੇ ਪਵਿੱਤਰਤਾ ਅਤੇ ਧਾਰਮਿਕਤਾ ਗੁਆ ਚੁਕਾ ਹੈ। ਮਨੁੱਖ ਦੀ ਮੂਲ ਸਥਿਤੀ ਵਿੱਚ, ਪਰਮੇਸ਼ਰ ਦੇ ਸਰੂਪ ਦਾ ਅਰਥ ਹੈ ਕਿ ਮਨੁੱਖ ਨੂੰ ਪਰਮੇਸ਼ਰ ਅਤੇ ਉਹਨਾਂ ਦੀ ਸਿਰਜਣਾ ਬਾਰੇ ਬਹੁਤ ਜ਼ਿਆਦਾ ਗਿਆਨ ਨਾਲ ਬਣਾਇਆ ਗਿਆ ਸੀ। ਉਸ ਨੂੰ ਪਵਿੱਤਰਤਾ ਅਤੇ ਧਾਰਮਿਕਤਾ ਵਿੱਚ ਪਰਮੇਸ਼ਰ ਵਾਂਗ ਬਣਾਇਆ ਗਿਆ ਸੀ। ਜਦੋਂ ਮਨੁੱਖ ਨੇ ਪਾਪ ਕੀਤਾ, ਤਾਂ ਉਹ ਆਤਮਿਕ ਗਿਆਨ, ਪਵਿੱਤਰਤਾ ਅਤੇ ਧਾਰਮਿਕਤਾ ਵਿੱਚ ਪਰਮੇਸ਼ਰ ਦੇ ਸਰੂਪ ਤੋਂ ਬਹੁਤ ਵੱਖਰਾ ਹੋ ਗਿਆ।

#### 2. ਮਨੁੱਖ ਪਰਮੇਸ਼ਰ ਦੇ ਵਿਅਕਤੀਗਤ ਸਰੂਪ ਵਿੱਚ

ਸਾਨੂੰ ਇਹ ਸਿਖਾਇਆ ਗਿਆ ਹੈ ਕਿ ਪਾਪੀ ਮਨੁੱਖ ਵਿੱਚ ਅਜੇ ਵੀ ਪਰਮੇਸ਼ਰ ਦੇ ਵਿਅਕਤੀਗਤ ਸਰੂਪ ਦੇ ਕੁਝ ਅੰਸ਼ ਬਾਕੀ ਹਨ। ਇਸ ਦਾ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਫਿਰ ਵੀ, ਪਰਮੇਸ਼ਰ ਦੀ ਮਨੁੱਖ ਨਾਲ ਤੁਲਨਾ ਕਰਨ ਤੇ ਕਾਫ਼ੀ ਤਰਕਪੂਰਨ ਸਿੱਟੇ ਨਿਕਲਦੇ ਹਨ। ਪਰਮੇਸ਼ਰ ਇੱਕ ਵਿਅਕਤੀ ਹਨ (ਬੁੱਧ, ਭਾਵਨਾ, ਅਤੇ ਇੱਛਾ)। ਮਨੁੱਖ ਇੱਕ ਵਿਅਕਤੀ ਹੈ (ਬੁੱਧ, ਭਾਵਨਾ, ਅਤੇ ਇੱਛਾ)। ਪਰਮੇਸ਼ਰ ਇੱਕ ਆਤਮਾ ਹਨ। ਮਨੁੱਖ ਵੀ ਮੂਲ ਰੂਪ ਵਿੱਚ ਇੱਕ ਆਤਮਾ ਹੈ। ਪਰਮੇਸ਼ਰ ਅਮਰ ਹਨ। ਮਨੁੱਖ ਦੀ ਆਤਮਾ ਅਮਰ ਹੈ। ਪਰਮੇਸ਼ਰ ਸਾਰੇ ਸੰਸਾਰ ਦੇ ਮਾਲਕ ਹਨ। ਮਨੁੱਖ ਵੀ ਇਸ ਅਰਥ ਵਿੱਚ ਪਰਮੇਸ਼ਰ ਵਰਗਾ ਹੈ ਕਿਉਂਕਿ ਉਸ ਦੇ ਕੋਲ ਰਾਜ ਦਾ ਅਧਿਕਾਰ ਹੈ।

ਜਿਵੇਂ ਪਰਮੇਸ਼ਰ ਗੱਲਬਾਤ ਕਰਦੇ ਹਨ, ਅਤੇ ਇੱਕ ਸਮਾਜਿਕ ਵਿਅਕਤੀ ਹਨ, ਉਸੇ ਤਰ੍ਹਾਂ, ਪਰਮੇਸ਼ਰ ਦੇ ਸਰੂਪ ਵਿੱਚ ਮਨੁੱਖ ਵੀ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਗੱਲਬਾਤ ਕਰਦਾ ਹੈ। ਪਾਪ ਵਿੱਚ ਡਿੱਗਣ ਦੇ ਬਾਅਦ ਵੀ, ਮਨੁੱਖ ਇੱਕ ਸਦੀਪਕ ਆਤਮਾ ਹੈ, ਅਤੇ ਪਰਮੇਸ਼ਰ ਦੇ ਵਿਅਕਤੀਗਤ ਸਰੂਪ ਦੇ ਕੁਝ ਤੱਤਾਂ ਨੂੰ ਬਰਕਰਾਰ ਰੱਖਦਾ ਹੈ। ਇਸ ਲਈ, ਹਰ ਮਨੁੱਖ (ਵਿਸ਼ਵਾਸੀ ਜਾਂ ਅਵਿਸ਼ਵਾਸੀ) ਅਨਮੋਲ ਅਤੇ

ਕੀਮਤੀ ਹੈ।[3]

## III. ਮਨੁੱਖ ਦਾ ਪਾਪ ਵਿੱਚ ਡਿੱਗਣਾ

### A. ਪਾਪ ਵਿੱਚ ਡਿੱਗਣ ਦੇ ਤੱਥ

ਮਨੁੱਖ ਦਾ ਸਿਧਾਂਤ, ਪਾਪ ਦੇ ਸਿਧਾਂਤ ਦੇ ਨਾਲ ਇੰਨਾ ਜੁੜਿਆ ਹੋਇਆ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਵੱਖ ਕਰਨਾ ਅਸੰਭਵ ਹੈ। ਮਨੁੱਖ ਦੇ ਪਾਪ ਵਿੱਚ ਡਿੱਗਣ ਦੀ ਅਸਲੀਅਤ ਦੀ ਸਮੀਖਿਆ ਇਸ ਬਿੰਦੂ ਉੱਤੇ ਵਿਸ਼ਵ-ਵਿਆਪੀ ਪਾਪ ਦੇ ਉਪਭਾਗਾਂ ਦੇ ਅਧੀਨ ਕਈ ਵਿਸਤ੍ਰਿਤ ਵਚਨਾਂ ਨਾਲ ਕੀਤੀ ਜਾਵੇਗੀ।

> ਸੱਪ ਸਭ ਜੰਗਲੀ ਜਾਨਵਰਾਂ ਨਾਲੋਂ, ਜਿਹਨਾਂ ਨੂੰ ਯਹੋਵਾਹ ਪਰਮੇਸ਼ਰ ਨੇ ਬਣਾਇਆ ਸੀ, ਚਲਾਕ ਸੀ ਅਤੇ ਉਸ ਨੇ ਇਸਤਰੀ ਨੂੰ ਆਖਿਆ, ਭਲਾ, ਪਰਮੇਸ਼ਰ ਨੇ ਸੱਚ-ਮੁੱਚ ਆਖਿਆ ਹੈ ਕਿ ਬਾਗ਼ ਦੇ ਕਿਸੇ ਰੁੱਖ ਦਾ ਫਲ ਤੁਸੀਂ ਨਾ ਖਾਓ? ਇਸਤਰੀ ਨੇ ਸੱਪ ਨੂੰ ਆਖਿਆ, ਬਾਗ਼ ਦੇ ਸਾਰੇ ਰੁੱਖਾਂ ਦੇ ਫਲ ਤਾਂ ਅਸੀਂ ਖਾ ਸਕਦੇ ਹਾਂ ਪਰ ਜਿਹੜਾ ਰੁੱਖ ਬਾਗ਼ ਦੇ ਵਿੱਚਕਾਰ ਹੈ ਉਸ ਦੇ ਫਲ ਨੂੰ ਪਰਮੇਸ਼ਰ ਨੇ ਆਖਿਆ, ਤੁਸੀਂ ਨਾ ਖਾਓ ਨਾ ਉਹ ਨੂੰ ਹੱਥ ਲਾਓ, ਅਜਿਹਾ ਨਾ ਹੋਵੇ ਕਿ ਤੁਸੀਂ ਮਰ ਜਾਓ। ਪਰ ਸੱਪ ਨੇ ਇਸਤਰੀ ਨੂੰ ਆਖਿਆ ਕਿ ਤੁਸੀਂ ਕਦੀ ਨਹੀਂ ਮਰੋਗੇ। ਸਗੋਂ ਪਰਮੇਸ਼ਰ ਜਾਣਦਾ ਹੈ ਕਿ ਜਿਸ ਦਿਨ ਤੁਸੀਂ ਉਸ ਫਲ ਨੂੰ ਖਾਓਗੇ ਤੁਹਾਡੀਆਂ ਅੱਖਾਂ ਖੁੱਲ੍ਹ ਜਾਣਗੀਆਂ ਅਤੇ ਤੁਸੀਂ ਪਰਮੇਸ਼ਰ ਦੀ ਤਰ੍ਹਾਂ ਭਲੇ ਬੁਰੇ ਦੀ ਸਮਝ ਵਾਲੇ ਹੋ ਜਾਓਗੇ। ਜਦ ਇਸਤਰੀ ਨੇ ਦੇਖਿਆ ਕਿ ਉਸ ਰੁੱਖ ਦਾ ਫਲ ਖਾਣ ਲਈ ਚੰਗਾ ਹੈ ਅਤੇ ਅੱਖੀਆਂ ਨੂੰ ਭਾਉਂਦਾ ਹੈ ਅਤੇ ਉਸ ਰੁੱਖ ਦਾ ਫਲ ਬੁੱਧ ਦੇਣ ਦੇ ਯੋਗ ਹੈ ਤਾਂ ਉਸ ਨੇ ਉਹ ਦੇ ਫਲ ਨੂੰ ਲਿਆ ਤੇ ਆਪ ਖਾਧਾ ਅਤੇ ਆਪਣੇ ਪਤੀ ਨੂੰ ਵੀ ਦਿੱਤਾ ਅਤੇ ਉਸ ਨੇ ਵੀ ਖਾਧਾ। [ਉਤ 3:1-6]

### B. ਪਾਪ ਵਿੱਚ ਡਿੱਗਣ ਦੇ ਨਤੀਜੇ

ਇਸ ਭਾਗ ਵਿੱਚ ਪਾਪ ਦੇ ਦੁੱਖਦਾਈ ਨਤੀਜਿਆਂ ਨੂੰ ਦੱਸਿਆ ਜਾਵੇਗਾ। ਆਦਮ ਦਾ ਪਾਪ ਸਾਰੀ ਮਨੁੱਖਜਾਤੀ ਵਿੱਚ ਕਿਵੇਂ ਗਿਆ, ਇਸ ਮੁਸ਼ਕਲ ਮੁੱਦੇ ਦੀ ਵਿਆਖਿਆ ਅਧਿਆਇ 7 "ਪਾਪ ਦੇ ਸਿਧਾਂਤ" ਵਿੱਚ ਕੀਤੀ ਗਈ ਹੈ

[3] ਕੁਝ ਲੋਕ ਕਹਿੰਦੇ ਹਨ ਕਿ ਕਿਉਂਕਿ ਪਰਮੇਸ਼ਰ ਤਿੰਨ ਵਿਅਕਤੀਆਂ ਨੂੰ ਮਿਲਾ ਕੇ ਬਣੇ ਹੋਏ ਹਨ, ਉਸੇ ਤਰ੍ਹਾਂ ਮਨੁੱਖ ਵੀ ਸਰੀਰ, ਪ੍ਰਾਣ ਅਤੇ ਆਤਮਾ ਦਾ ਬਣਿਆ ਹੋਇਆ ਹੈ। ਇਹ ਤੁਲਨਾ ਇੱਕ ਸਹੀ ਬਰਾਬਰੀ ਨਹੀਂ ਜਾਪਦੀ ਹੈ। ਹਰੇਕ ਮਨੁੱਖ ਅਜਿਹੇ ਤਿੰਨ ਵਿਅਕਤੀਆਂ ਨੂੰ ਮਿਲਾ ਕੇ ਬਣਾਇਆ ਗਿਆ ਇੱਕ ਵਿਅਕਤੀ ਨਹੀਂ ਹੈ ਜੋ ਇੱਕ-ਦੂਜੇ ਦੇ ਨਾਲ ਮਿਲ ਕੇ ਗੱਲ ਕਰਦੇ ਅਤੇ ਕੰਮ ਕਰਦੇ ਹਨ।

#### 1. ਪਰਮੇਸ਼ਰ ਤੋਂ ਵੱਖ ਹੋਣਾ

ਪਹਿਲਾ ਮਨੁੱਖੀ ਜੋੜਾ ਬਾਗ਼ ਤੋਂ, ਜੀਵਨ ਦੇ ਰੁੱਖ ਤੋਂ, ਅਤੇ ਪਰਮੇਸ਼ਰ ਤੋਂ ਵੱਖ ਹੋ ਗਿਆ ਸੀ (ਉਤ 3:22-24)।

#### 2. ਸਰੀਰਕ ਮੌਤ

ਸਰੀਰਕ ਮੌਤ ਆਤਮਾ ਦਾ ਸਰੀਰ ਤੋਂ ਵੱਖ ਹੋਣਾ ਹੈ (ਯਾਕੂਬ 2:26)। ਪਰਮੇਸ਼ਰ ਨੇ ਆਦਮ ਨੂੰ ਕਿਹਾ ਸੀ ਕਿ ਉਸ ਦੇ ਪਾਪ ਦਾ ਇੱਕ ਨਤੀਜਾ ਇਹ ਹੋਵੇਗਾ ਕਿ ਉਹ ਮਿੱਟੀ ਵਿੱਚ ਵਾਪਸ ਚਲਾ ਜਾਵੇਗਾ (ਉਤ 3:19; 5:5)। ਸੰਤ ਪੌਲੁਸ ਇਹ ਸਿਖਾਉਂਦਾ ਹੈ ਕਿ ਆਦਮ ਦਾ ਪਾਪ ਸਾਰੀ ਮਨੁੱਖਤਾ ਉੱਤੇ ਸਰੀਰਕ ਮੌਤ ਲਿਆਇਆ ਹੈ (ਰੋਮੀ 5:12-14; 1 ਕੁਰਿੰਥ 15:21-22)।

> ਇਸ ਲਈ ਜਿਵੇਂ ਇੱਕ ਆਦਮੀ ਦੇ ਦੁਆਰਾ ਪਾਪ **ਇਸ ਸੰਸਾਰ** ਵਿੱਚ ਆਇਆ ਅਤੇ ਪਾਪ ਦੇ ਦੁਆਰਾ ਮੌਤ ਆਈ । ਇਸ ਤਰ੍ਹਾਂ ਮੌਤ **ਸਾਰੀ ਮਨੁੱਖਜਾਤੀ ਵਿੱਚ** ਫੈਲ ਗਈ ਕਿਉਂਕਿ ਸਭ ਨੇ ਪਾਪ ਕੀਤਾ।...ਪਰ ਫਿਰ ਵੀ ਮੌਤ ਨੇ ਆਦਮ ਤੋਂ ਲੈ ਕੇ ਮੂਸਾ ਤੱਕ, ਸਭ ਲੋਕਾਂ ਉੱਤੇ ਰਾਜ ਕੀਤਾ। ਇੱਥੋਂ ਤੱਕ ਕਿ ਉਹਨਾਂ ਲੋਕਾਂ ਉੱਤੇ ਵੀ ਜਿਹਨਾਂ ਨੇ ਆਦਮ ਦੀ ਤਰ੍ਹਾਂ ਪਰਮੇਸ਼ਰ ਦੇ ਹੁਕਮ ਨੂੰ ਤੋੜ ਕੇ ਪਾਪ ਨਹੀਂ ਕੀਤਾ ਸੀ। [ਰੋਮੀ 5:12, 14]
>
> **ਕਿਉਂਕਿ ਜਿਸ ਤਰ੍ਹਾਂ ਇੱਕ ਮਨੁੱਖ ਦੇ ਕਾਰਨ ਮੌਤ ਇਸ ਸੰਸਾਰ ਵਿੱਚ ਆਈ,** ਇਸੇ ਤਰ੍ਹਾਂ ਇੱਕ ਮਨੁੱਖ ਦੁਆਰਾ ਹੀ ਮਰਿਆ ਹੋਇਆ ਦਾ ਪੁੱਨਰ ਉੱਥਾਨ ਹੋਇਆ। ਜਿਸ ਤਰ੍ਹਾਂ ਆਦਮ ਵਿੱਚ ਸਭ ਮਰਦੇ ਹਨ [1 ਕੁਰਿੰਥ 15:21-22]

ਕੁਝ ਹੋਰ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਪਾਪ ਦੇ ਕਾਰਨ ਮੌਤ ਆਉਂਦੀ ਹੈ, ਪਰ ਸਿੱਧੇ ਤੌਰ ਤੇ ਇਹ ਸਿਖਾਉਣ ਦੀ ਬਜਾਏ ਕਿ ਆਦਮ ਦਾ ਪਾਪ ਸਰੀਰਕ ਮੌਤ ਦਾ ਕਾਰਨ ਬਣਿਆ, ਉਹ ਆਮ ਰੂਪ ਵਿੱਚ ਮੌਤ ਦੇ ਲਈ ਪਾਪ ਨੂੰ ਜ਼ਿਮੇਵਾਰ ਠਹਿਰਾਉਂਦੀਆਂ ਹਨ, ਭਾਵੇਂ ਇਹ ਆਦਮ ਤੋਂ ਮਿਲਿਆ ਪਾਪ, ਅੰਦਰੂਨੀ ਪਾਪ ਦਾ ਸਿਧਾਂਤ, ਜਾਂ ਵਿਅਕਤੀਗਤ ਪਾਪ ਹੋਵੇ। ਬਿਵਸਥਾ ਤੋਂ ਪਹਿਲਾਂ ਵਿਅਕਤੀਗਤ ਪਾਪ ਦਾ ਦੋਸ਼ ਨਹੀਂ ਲਗਾਇਆ ਗਿਆ ਸੀ (ਰੋਮੀ 5:14)। ਫਿਰ ਵੀ, ਬਿਵਸਥਾ ਤੋਂ ਪਹਿਲਾਂ ਦੇ ਲੋਕ **ਆਦਮ ਦੇ ਪਾਪ ਕਾਰਨ** ਮਰ ਰਹੇ ਸਨ। ਬਿਵਸਥਾ ਦੇ ਲਾਗੂ ਹੋਣ ਦੇ ਬਾਅਦ, ਸਰੀਰਕ ਮੌਤ ਅੱਗੇ ਦਿੱਤੇ **ਕਿਸੇ ਜਾਂ ਸਾਰੇ** ਪਾਪਾਂ ਦਾ ਨਤੀਜਾ ਹੋ ਸਕਦੀ ਹੈ: ਆਦਮ ਦੇ ਪਾਪ ਦਾ ਦੋਸ਼, ਹਰੇਕ ਵਿਅਕਤੀ ਵਿੱਚ "ਪਾਪੀ ਸੁਭਾਵ" ਅਤੇ ਨਿੱਜੀ ਪਾਪ।[4]

[4] ਸੰਭਵ ਹੈ ਕਿ "ਪਾਪ ਦਾ ਸੁਭਾਅ" ਅਤੇ ਪਾਪ ਦੇ ਕੰਮ ਅਵਿਸ਼ਵਾਸੀ ਲੋਕਾਂ ਦੇ ਲਈ ਸਰੀਰਕ ਮੌਤ ਦਾ ਕਾਰਨ ਹਨ। ਵਿਸ਼ਵਾਸੀਆਂ ਦੇ ਪਾਪ ਮਾਫ਼ ਕੀਤੇ ਗਏ ਹਨ। ਫਿਰ ਵੀ, ਉਹ ਸਰੀਰਕ ਤੌਰ ਤੇ ਮਰ ਜਾਂਦੇ ਹਨ। ਇੱਕ ਆਤਮਿਕ ਵਿਅਕਤੀ ਦੀ ਸਰੀਰਕ ਮੌਤ ਦਾ ਮੁੱਖ ਕਾਰਨ ਸ਼ਾਇਦ ਆਦਮ ਤੋਂ ਮਿਲਿਆ

"ਸਾਡਾ ਪਿਤਾ ਉਜਾੜ ਵਿੱਚ ਮਰ ਗਿਆ ਪਰ ਉਹ ਉਸ ਟੋਲੀ ਵਿੱਚ ਨਹੀਂ ਸੀ ਜਿਹੜੇ ਕੋਰਹ ਦੀ ਮੰਡਲੀ ਨਾਲ ਰਲ ਕੇ ਯਹੋਵਾਹ ਦੇ ਵਿਰੁੱਧ ਹੋ ਗਏ ਸਨ। **ਉਹ ਤਾਂ ਆਪਣੇ ਹੀ ਪਾਪ ਨਾਲ ਮਰਿਆ** ਅਤੇ ਉਸ ਦੇ ਪੁੱਤਰ ਨਹੀਂ ਸਨ।" [ਗਿਣਤੀ 27:3]

"ਇਸੇ ਲਈ ਮੈਂ ਤੁਹਾਨੂੰ ਕਿਹਾ ਸੀ ਕਿ **ਤੁਸੀਂ ਆਪਣੇ ਪਾਪਾਂ ਵਿੱਚ ਮਰੋਗੇ**। ਜੇਕਰ ਤੁਸੀਂ ਵਿਸ਼ਵਾਸ ਨਹੀਂ ਕਰੋਗੇ ਕਿ 'ਮੈਂ ਉਹ ਹੀ ਹਾਂ ਜੋ ਹਾਂ,' **ਤਾਂ ਤੁਸੀਂ ਆਪਣੇ ਪਾਪਾਂ ਦੇ ਵਿੱਚ ਜ਼ਰੂਰ ਮਰੋਗੇ।** [ਯੂਹੰਨਾ 8:24]

…**ਪਾਪ ਦੇ ਕਾਰਨ ਤੁਹਾਡਾ ਸਰੀਰ ਮੁਰਦਾ**…[ਰੋਮੀ 8:10]

**ਮੌਤ ਦਾ ਡੰਗ ਪਾਪ ਹੈ**… [1 ਕੁਰਿੰਥ 15:56]

### 3. ਆਤਮਿਕ ਮੌਤ

ਪਰਮੇਸ਼ਰ ਨੇ ਪਹਿਲੇ ਜੋੜੇ ਨੂੰ ਇਹ ਚੇਤਾਵਨੀ ਦਿੱਤੀ ਸੀ ਕਿ ਜਿਸ ਦਿਨ ਉਹਨਾਂ ਨੇ ਆਗਿਆ ਨੂੰ ਤੋੜਿਆ, ਉਹ ਉਸ ਦਿਨ ਮਰ ਜਾਣਗੇ (ਉਤ 2:17)। ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ, ਤਾਂ ਉਹ ਆਤਮਿਕ ਤੌਰ ਤੇ ਮਰ ਗਏ, ਅਤੇ ਆਤਮਿਕ ਮੌਤ ਦੇ ਨਤੀਜੇ ਮਨੁੱਖਜਾਤੀ ਵਿੱਚ ਪੈਦਾ ਹੋਏ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇੱਕ ਮਨੁੱਖ ਆਤਮਿਕ ਤੌਰ ਤੇ ਮੁਰਦਾ ਪੈਦਾ ਹੁੰਦਾ ਹੈ, ਜਿਸ ਦਾ ਅਰਥ ਹੈ ਕਿ ਉਹ ਪਰਮੇਸ਼ਰ ਤੋਂ ਵੱਖ ਹੁੰਦਾ ਹੈ। ਲੂਕਾ 15:24 ਅਤੇ 32 ਇਸ ਗੱਲ ਦਾ ਸਬੂਤ ਦਿੰਦੇ ਹਨ ਕਿ ਮੌਤ ਦਾ ਅਰਥ ਪਰਮੇਸ਼ਰ ਤੋਂ ਦੂਰ ਹੋਣਾ ਹੈ। ਇੱਕ ਸਦੀਪਕ ਮੌਤ ਉੱਤੇ ਆਧਾਰਿਤ ਅਧਿਐਨ ਇਸ ਬਿੰਦੂ ਦੀ ਰੂਪਰੇਖਾ ਦੇ ਨਾਲ ਮੇਲ ਨਹੀਂ ਖਾਵੇਗਾ, ਪਰ ਬਾਈਬਲ ਦਾ ਅਧਿਐਨ ਕਰਨ ਵਾਲੇ ਹੇਠਾਂ ਦਿੱਤੀ ਸਮੱਗਰੀ ਉੱਤੇ ਵਿਚਾਰ ਕਰਨਗੇ।[5]

---

ਪਾਪ ਹੈ। ਇੱਕ ਵਿਸ਼ਵਾਸੀ ਦੀ ਮੌਤ ਨੂੰ ਇੱਕ ਸਜ਼ਾ ਨਹੀਂ ਪਰ ਅਕਸਰ ਇੱਕ ਬਰਕਤ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ (ਫ਼ਿਲਿੱਪੀ 1:23; ਪ੍ਰਕਾਸ਼ 14:13)। ਇਹ ਸਜ਼ਾ ਦੀ ਬਜਾਏ ਪਾਪ ਦਾ ਇੱਕ ਕੁਦਰਤੀ ਨਤੀਜਾ ਹੈ। ਪਰਮੇਸ਼ਰ ਪਾਪ ਦੇ ਕੁਦਰਤੀ ਨਤੀਜਿਆਂ ਨੂੰ ਨਹੀਂ ਬਦਲਦੇ ਹਨ। ਇਸ ਦੀ ਬਜਾਏ, ਉਹ ਇਸ ਨੂੰ ਮਹਿਮਾ ਦੇ ਸਾਧਨ ਵਿੱਚ ਤਬਦੀਲ ਕਰਦੇ ਹਨ। ਹਾਲਾਂਕਿ, ਅਜੇ ਵੀ ਇਸ ਗੱਲ ਦੀ ਸੰਭਾਵਨਾ ਹੈ ਕਿ ਤੋਬਾ ਨਾ ਕੀਤਾ ਅਤੇ ਨਿਰੰਤਰ ਨਿੱਜੀ ਪਾਪ ਇੱਕ ਵਿਸ਼ਵਾਸੀ ਦੀ ਸਰੀਰਕ ਮੌਤ ਦਾ ਕਾਰਨ ਹੋਵੇ (1 ਕੁਰਿੰਥ 11:30; 1 ਯੂਹੰਨਾ 5:16)।

[5] ਹਾਲਾਂਕਿ ਲੇਖਕ ਸਦੀਪਕ ਸਜ਼ਾ ਦੇ ਸਿਧਾਂਤ ਵਿੱਚ ਵਿਸ਼ਵਾਸ ਰੱਖਦਾ ਹੈ, ਪਰ ਉਹ ਚੰਗੀ ਤਰ੍ਹਾਂ ਇਸ ਨੂੰ ਪਾਪ ਵਿੱਚ ਡਿੱਗਣ ਦੇ ਨਤੀਜੇ ਵਜੋਂ ਸ਼੍ਰੇਣੀਬੱਧ ਨਹੀਂ ਕਰ ਸਕਦਾ ਹੈ। ਬਹੁਤ ਸਾਰੇ ਲੋਕ ਨਰਕ ਵਿੱਚ ਸਦੀਪਕ ਸਜ਼ਾ ਨੂੰ ਆਦਮ ਦੇ ਪਾਪ ਜਾਂ ਨਿੱਜੀ ਪਾਪ ਦਾ ਇੱਕ ਨਤੀਜਾ ਮੰਨਦੇ ਹਨ। ਲੇਖਕ ਇਹ ਮੰਨਦਾ ਹੈ ਕਿ ਸਦੀਪਕ ਮੌਤ ਦਾ ਇੱਕੋ-ਇੱਕ ਆਧਾਰ ਪ੍ਰਭੂ ਯਿਸੂ ਮਸੀਹ ਨੂੰ ਸਵੀਕਾਰ ਨਹੀਂ ਕਰਨਾ ਹੈ। ਇੱਕ ਮਨੁੱਖ ਦਾ ਸਦੀਪਕ ਭਵਿੱਖ ਉਸ ਦੇ ਆਪਣੇ ਉੱਤੇ ਨਿਰਧਾਰਤ ਹੁੰਦਾ ਹੈ, ਅਤੇ ਇਸ ਦਾ ਆਧਾਰ ਇਹ ਨਹੀਂ ਹੁੰਦਾ ਕਿ ਆਦਮ ਨੇ ਕੀ ਕੀਤਾ ਸੀ ਜਾਂ ਕੀ ਨਹੀਂ ਕੀਤਾ ਸੀ। ਰੋਮੀਆਂ 5:12-20 ਵਿੱਚ ਬਾਈਬਲ ਦੇ ਕੁਝ ਸਭ ਤੋਂ ਮੁਸ਼ਕਲ ਰਹੱਸ ਹਨ। ਇੱਕ ਗੱਲ ਤਾਂ ਸਪੱਸ਼ਟ ਰਹਿੰਦੀ ਹੈ ਕਿ ਸਿਰਫ਼ ਇੱਕ ਹੀ ਹੈ ਜੋ ਜੀਵਨ ਦੇ ਸਕਦਾ ਹੈ। ਆਦਮ ਬਾਰੇ ਦਿੱਤੀਆਂ ਗਈਆਂ ਆਇਤਾਂ ਇਸ ਗੱਲ ਦੀ ਉਦਾਹਰਣ ਹੈ ਕਿ ਇੱਕ ਜੀਵਨ ਸਾਰੀ ਮਨੁੱਖਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ। ਪੌਲੁਸ ਮੁੱਖ ਤੌਰ ਤੇ ਆਦਮ ਬਾਰੇ ਕੋਈ ਭਾਸ਼ਣ ਨਹੀਂ ਦੇ ਰਿਹਾ ਹੈ। ਆਦਮ ਦੀ ਉਦਾਹਰਣ, ਜੋ ਇਹ ਸਾਬਤ ਕਰਦੀ ਹੈ ਕਿ ਇੱਕ ਜੀਵਨ ਪੂਰੇ ਸੰਸਾਰ ਨੂੰ ਪ੍ਰਭਾਵਿਤ ਕਰ ਸਕਦਾ ਹੈ, ਇਹ ਪਾਠਕਾਂ ਨੂੰ ਇਹ ਦਿਖਾਉਂਦਾ ਹੈ ਕਿ ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇੱਕ ਮੁਕਤੀਦਾਤਾ ਸਾਰੇ ਸੰਸਾਰ ਨੂੰ ਜੀਵਨ ਦੇ ਸਕਦਾ ਹੈ। ਪੌਲੁਸ ਵਿਰਾਸਤ ਵਿੱਚ ਮਿਲੇ ਪਾਪ ਬਾਰੇ ਸਾਰੀਆਂ ਗੁੰਝਲਾਂ ਦਾ ਜਵਾਬ ਦੇਣ ਦੇ ਲਈ ਇਸ ਤੁਲਨਾ ਨੂੰ ਜਾਰੀ ਨਹੀਂ ਰੱਖਦਾ ਹੈ। ਰੋਮੀਆਂ 5 ਵਿੱਚ ਆਦਮ ਬਾਰੇ ਗੱਲਾਂ ਤੋਂ ਬਾਈਬਲ ਵਿਦਵਾਨਾਂ ਅੱਗੇ ਬਹੁਤ ਸਾਰੇ ਸਵਾਲ ਉੱਠਦੇ ਹਨ। ਮਨੁੱਖੀ ਆਤਮਾ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਕਿਵੇਂ ਸੰਚਾਰਿਤ ਹੁੰਦੀ ਹੈ? ਜਨਮ ਨਿਯੰਤਰਣ ਜਾਂ ਗਰਭਪਾਤ ਉੱਤੇ ਇਸ ਦਾ ਕੀ ਅਸਰ ਹੁੰਦਾ ਹੈ? ਮੌਤ ਤੋਂ ਬਾਅਦ ਬੱਚੇ ਦੀ ਮੁਕਤੀ ਦੇ ਲਈ ਵਿਰਾਸਤ ਵਿੱਚ ਮਿਲੇ ਪਾਪ ਦੇ ਦੋਸ਼ ਦਾ ਕੀ ਅਰਥ ਹੁੰਦਾ ਹੈ? ਉਹ ਕਿਹੜਾ ਕਾਨੂੰਨੀ ਮੁੱਦਾ ਹੈ ਜਿਸ ਦੇ ਕਾਰਨ ਸਦੀਪਕ ਸਜ਼ਾ ਦਿੱਤੀ ਜਾਂਦੀ ਹੈ, ਉਹਨਾਂ ਸਵਾਲਾਂ ਵਿੱਚੋਂ ਇੱਕ ਹੋ ਸਕਦਾ ਹੈ ਜਿਹਨਾਂ ਦਾ ਜਵਾਬ ਰੋਮੀਆਂ 5 ਵਿੱਚ ਪੂਰੀ ਤਰ੍ਹਾਂ ਨਹੀਂ ਮਿਲਦਾ ਹੈ। ਰੋਮੀਆਂ 5 ਇਹ ਸਿਖਾਉਂਦਾ ਹੈ ਕਿ ਇੱਕ ਮਨੁੱਖ ਦੇ ਪਾਪ ਨੇ ਮਨੁੱਖਤਾ ਨੂੰ ਮੌਤ ਦਿੱਤੀ ਹੈ। ਜਿਵੇਂ ਆਦਮ ਨੇ ਸੰਸਾਰ ਵਿੱਚ ਸਰੀਰਕ ਅਤੇ ਆਤਮਿਕ ਮੌਤ ਲਿਆਂਦੀ, ਉਵੇਂ ਹੀ ਮਸੀਹ ਪੂਰੀ ਮਨੁੱਖਜਾਤੀ ਦੇ ਲਈ ਜੀਵਨ ਦਾ ਸਰੋਤ ਹਨ। ਅਸਲ ਵਿੱਚ, ਆਇਤ 14 ਵਿੱਚ ਪੌਲੁਸ ਦੀ ਵਿਆਖਿਆ ਵਿੱਚ ਸਦੀਪਕ ਮੌਤ ਸ਼ਾਮਲ ਨਹੀਂ ਹੋ ਸਕਦੀ ਹੈ। ਹਨੋਕ ਤੋਂ ਇਲਾਵਾ, ਆਦਮ ਤੋਂ ਲੈ ਕੇ ਮੂਸਾ ਤੱਕ ਸਾਰੇ ਸਰੀਰਕ ਤੌਰ ਤੇ ਮਰ ਗਏ ਅਤੇ ਸਾਰੇ ਆਤਮਿਕ ਤੌਰ ਤੇ ਮਰੇ ਹੋਏ (ਪਰਮੇਸ਼ਰ ਤੋਂ ਵੱਖ) ਪੈਦੇ ਹੋਏ ਸਨ। ਫਿਰ ਵੀ, ਸਦੀਪਕ ਮੌਤ ਨੇ ਇਸ ਸਮੇਂ ਤੋਂ ਹਰ ਕਿਸੇ ਉੱਤੇ ਵਿਸ਼ਵ-ਵਿਆਪੀ ਤੌਰ ਤੇ ਰਾਜ ਨਹੀਂ ਕੀਤਾ ਸੀ। ਇਬਰਾਨੀਆਂ 11:1-22 ਇਸ ਦੇ ਉਲਟ ਪ੍ਰਸਿੱਧ ਨਾਮਾਂ ਦਾ ਜ਼ਿਕਰ ਕਰਦਾ ਹੈ। ਜੇਕਰ ਆਇਤ 14 ਵਿੱਚ ਮੌਤ ਦਾ ਸੰਦਰਭ ਸਿਰਫ਼ ਸਰੀਰਕ ਜਾਂ ਆਤਮਿਕ ਮੌਤ ਹੈ, ਤਾਂ ਆਇਤ 12 ਵਿੱਚ ਉਸ ਦਾ ਜ਼ਿਕਰ ਵੀ ਇਸੇ ਸੰਦਰਭ ਵਿੱਚ ਹੋਵੇਗਾ।

ਰੋਮੀਆਂ 5 ਇਹ ਸਿਖਾਉਂਦਾ ਹੈ ਕਿ ਮਸੀਹ ਤੋਂ ਬਿਨਾਂ ਆਦਮ ਤੋਂ ਮਿਲਿਆ ਪਾਪ ਵਿਸ਼ਵ-ਵਿਆਪੀ ਪੱਧਰ ਤੇ ਆਤਮਿਕ ਮੌਤ (ਪਰਮੇਸ਼ਰ ਤੋਂ ਵੱਖ ਹੋਣਾ) ਲਿਆਉਂਦਾ ਹੈ, ਅਤੇ ਵਰਤਮਾਨ ਸਮੇਂ ਵਿੱਚ ਸਾਡੇ ਨਿਆਈਂ ਪਰਮੇਸ਼ਰ ਦੇ ਸਾਹਮਣੇ ਦੋਸ਼ੀ ਠਹਿਰਾਉਂਦਾ ਹੈ (16 ਅਤੇ 18)। ਹਰੇਕ ਮਨੁੱਖ ਦੀ ਕੁਦਰਤੀ ਸਥਿਤੀ ਇਹ ਹੈ ਕਿ ਉਹ ਮਰ ਚੁੱਕਾ ਹੈ ਅਤੇ ਪਾਪ ਦੇ ਲਈ ਦੋਸ਼ੀ ਹੈ। ਇਹ ਸੱਚਾਈ ਨਿਸ਼ਚਿਤ ਤੌਰ ਤੇ ਸਦੀਪਕ ਮੌਤ ਨਾਲ ਸੰਬੰਧਿਤ ਹੈ। ਪੌਲੁਸ ਇਹ ਉਮੀਦ ਕਰਦਾ ਹੈ ਕਿ ਅਸੀਂ ਇਹ ਸਮਝੀਏ ਕਿ ਆਦਮ ਤੋਂ ਵਿਰਾਸਤ ਵਿੱਚ ਮਿਲੀ ਸਾਡੀ ਕੁਦਰਤੀ ਸਥਿਤੀ ਸਾਨੂੰ ਸਦੀਪਕ ਮੌਤ ਦਾ

ਸ਼ਿਕਾਰ ਹੋਣ ਦੇ ਲਈ ਤਿਆਰ ਕਰ ਦਿੰਦੀ ਹੈ, ਅਤੇ ਪ੍ਰਭੂ ਯਿਸੂ ਮਸੀਹ ਦੁਆਰਾ ਮਿਲਣ ਵਾਲੇ ਜੀਵਨ ਨੂੰ ਅਸਵੀਕਾਰ ਕਰਨ ਦਾ ਨਤੀਜਾ ਇਹੀ ਹੋਵੇਗਾ। ਸਾਡੀ ਸਾਰਿਆਂ ਦੀ ਕੁਦਰਤੀ ਸਥਿਤੀ ਇਹ ਹੈ ਕਿ ਸਦੀਪਕ ਮੌਤ ਵਿੱਚ ਜਾਣ ਦੇ ਲਈ ਸਾਨੂੰ ਕੁਝ ਵੀ ਕਰਨ ਦੀ ਜ਼ਰੂਰਤ ਨਹੀਂ ਹੈ। ਅਸਲ ਵਿੱਚ, ਰੋਮੀਆਂ 5 ਨੂੰ ਇਸ ਤਰ੍ਹਾਂ ਸਮਝਣਾ ਸੰਭਵ ਹੈ ਕਿ ਵਿਰਾਸਤ ਵਿੱਚ ਮਿਲਿਆ ਪਾਪ ਹੀ ਉਹ ਕਾਨੂੰਨੀ ਦੋਸ਼ ਹੈ ਜੋ ਸਾਨੂੰ ਸਦੀਪਕ ਸਜ਼ਾ ਵੱਲ ਲੈ ਜਾਂਦਾ ਹੈ। ਪਰ ਪੌਲੁਸ ਦੀ ਇਹ ਦਲੀਲ ਕਾਫ਼ੀ ਹੈ ਕਿ ਭਾਵੇਂ ਅਸੀਂ ਕੁਝ ਵੀ ਨਹੀਂ ਕਰਦੇ ਹਾਂ, ਸਾਡੀ ਵਿਰਾਸਤ ਦੀ ਸਥਿਤੀ ਸਾਨੂੰ ਸਦੀਪਕ ਮੌਤ ਦੇ ਖ਼ਤਰੇ ਵਿੱਚ ਪਾਉਂਦੀ ਹੈ, ਅਤੇ ਰੋਮੀਆਂ 5 ਵਿੱਚ ਪੌਲੁਸ ਪਰਮੇਸ਼ਰ ਦੀ ਅਦਾਲਤ ਵਿੱਚ ਸਜ਼ਾ ਦੇ ਵਿਸ਼ੇਸ਼ ਕਾਰਨ ਦੇ ਵੇਰਵੇ ਵਿੱਚ ਨਹੀਂ ਜਾਂਦਾ ਹੈ। ਉੱਪਰ ਚਰਚਾ ਕੀਤੀ ਗਈ ਵਿਸ਼ੇਸ਼ ਜਾਣਕਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ, ਲੇਖਕ ਰੋਮੀਆਂ 5 ਨੂੰ ਉਸ ਸਦੀਪਕ ਮੌਤ ਦੇ ਖ਼ਤਰੇ ਦੀ ਚੇਤਾਵਨੀ ਦੇ ਰੂਪ ਵਿੱਚ ਮੰਨ ਰਿਹਾ ਹੈ ਜੋ ਸਾਡੀ ਕੁਦਰਤੀ ਸਥਿਤੀ ਵਿੱਚੋਂ ਪੈਦਾ ਹੁੰਦੀ ਹੈ, ਪਰ ਉਸ ਦਾ ਇਹ ਵਿਚਾਰ ਹੈ ਕਿ ਹੋਰ ਵਚਨ ਸਦੀਪਕ ਮੌਤ ਦੇ ਬਾਰੇ ਜ਼ਿਆਦਾ ਸਪੱਸ਼ਟ ਆਧਾਰ ਦਿੰਦੇ ਹਨ। ਮੁੱਖ ਮੁੱਦੇ ਸਿਰਫ਼ ਇਹ ਹਨ ਕਿ ਸਾਰੇ ਆਦਮ ਦੇ ਕਾਰਨ ਆਤਮਿਕ ਤੌਰ ਤੇ ਮਰੇ ਹੋਏ ਅਤੇ ਦੋਸ਼ੀ ਹਨ, ਅਤੇ ਸਿਰਫ਼ ਇੱਕ ਹੀ ਹੈ ਜੋ ਜੀਵਨ ਦੇ ਸਕਦਾ ਹੈ। ਉਹ ਜਿਹੜੇ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦਾ ਇਨਕਾਰ ਕਰਦੇ ਹਨ (ਰੋਮੀ. 5:1), ਉਹ "ਕਿਰਪਾ ਦੀ ਭਰਪੂਰਤਾ ਅਤੇ ਧਾਰਮਿਕਤਾ ਦੀ ਦਾਤ ਨੂੰ ਪ੍ਰਾਪਤ ਨਹੀਂ ਕਰਨਗੇ" (ਰੋਮੀ 5:17), ਅਤੇ ਪਰਮੇਸ਼ਰ ਦੇ ਕ੍ਰੋਧ ਅਧੀਨ ਖ਼ਤਮ ਹੋ ਜਾਣਗੇ (ਰੋਮੀ 5:9), ਕਿਉਂਕਿ ਉਹ "ਉਸ ਦੇ ਜੀਵਨ ਦੁਆਰਾ ਬਚਾਏ ਨਹੀਂ ਜਾਣਗੇ" (ਰੋਮੀ 5:10)। ਜੇਕਰ ਸਦੀਪਕ ਸਜ਼ਾ ਅਸਲ ਵਿੱਚ ਹੁੰਦੀ ਹੈ, ਤਾਂ ਪਰਮੇਸ਼ਰ ਦੀ ਨਿਆਂ ਪ੍ਰਣਾਲੀ ਦੇ ਅਧੀਨ ਸਹੀ ਕਾਨੂੰਨੀ ਦੋਸ਼ ਕੀ ਹੋਵੇਗਾ? ਨਿਸ਼ਚਿਤ ਤੌਰ ਤੇ ਆਦਮ ਨੇ ਪੂਰੀ ਮਨੁੱਖਜਾਤੀ ਨੂੰ ਸਦੀਪਕ ਤਬਾਹੀ ਦਿੱਤੀ। ਜੇਕਰ ਸਾਡਾ ਕੁਦਰਤੀ ਖ਼ਤਰਾ ਹਕੀਕਤ ਬਣ ਜਾਂਦਾ ਹੈ, ਤਾਂ ਕੀ ਇੱਕ ਵਿਅਕਤੀ ਇਸ ਲਈ ਸਜ਼ਾ ਨਹੀਂ ਪਵੇਗਾ ਕਿਉਂਕਿ ਉਹ ਆਪ ਆਪਣੀ ਸਦੀਪਕ ਕਿਸਮਤ ਦੇ ਲੀਏ ਜ਼ਿੰਮੇਵਾਰ ਸੀ ਅਤੇ ਉਸ ਨੇ ਉਸ ਦੇ ਨਾਲ ਸੰਬੰਧ ਨਹੀਂ ਬਣਾਇਆ ਜੋ ਜੀਵਨ ਦਿੰਦਾ ਹੈ? ਇਹ ਅਸਫਲਤਾ ਸਿੱਧੇ ਤੌਰ ਤੇ ਉਸ ਨੂੰ ਸਵੀਕਾਰ ਨਾ ਕਰਨ, ਲਾਪਰਵਾਹ ਹੋਣ, ਜਾਂ ਪਰਮੇਸ਼ਰ ਦੇ ਉਸ ਪੂਰਵ-ਗਿਆਨ ਦੁਆਰਾ ਆ ਸਕਦੀ ਹੈ ਕਿ ਉਹ ਵਿਅਕਤੀ ਕਦੇ ਮਸੀਹ ਨੂੰ ਸਵੀਕਾਰ ਨਹੀਂ ਕਰੇਗਾ। ਆਦਮ ਨੇ ਹਰੇਕ ਨੂੰ ਨਰਕ ਦੇ ਰਾਹ ਉੱਤੇ ਪਾ ਦਿੱਤਾ, ਪਰ ਜੇਕਰ ਇੱਕ ਵਿਅਕਤੀ ਇਸ ਕੁਦਰਤੀ ਰਾਹ ਉੱਤੇ ਚੱਲਦਾ ਰਹਿੰਦਾ ਹੈ, ਤਾਂ ਇਹ ਕਿਸ ਦੀ ਗ਼ਲਤੀ ਹੋਵੇਗੀ? ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦੇ ਸਾਹਮਣੇ ਲਗਾਇਆ ਜਾਣ ਵਾਲਾ ਖ਼ਾਸ ਕਾਨੂੰਨੀ ਦੋਸ਼ "ਮਨੁੱਖਤਾ ਦੀ ਕੁਦਰਤੀ ਸਥਿਤੀ" ਦੀ ਬਜਾਏ "ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਨਾਮ ਨਾ ਹੋਣਾ" ਹੋਵੇਗਾ। ਪਿਛਲੇ ਪਾਪਾਂ ਨੂੰ ਮੌਤ ਨਾਲ ਜੋੜਣ ਵਾਲੀਆਂ ਆਇਤਾਂ ਨੂੰ ਵੀ ਇਸੇ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇੱਕ ਅਵਿਸ਼ਵਾਸੀ ਦੇ ਜੀਵਨ ਵਿੱਚ ਵਿਅਕਤੀਗਤ ਪਾਪ ਇੱਕ ਸਰੀਰਕ ਮੌਤ ਦਾ ਕਾਰਨ ਬਣਦੇ ਹਨ, ਜਿਸ ਤੋਂ ਬਾਅਦ ਕੋਈ ਮਹਿਮਾਮਈ ਪੁਨਰ-ਉਥਾਨ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਰੋਮੀਆਂ 6:16, 21, 23, ਅਤੇ ਯਾਕੂਬ 1:15 ਦਾ ਜ਼ੋਰ ਉਹ ਪਾਪ ਹੋ ਸਕਦਾ ਹੈ ਜੋ ਇਸ ਵਰਤਮਾਨ ਜੀਵਨ ਵਿੱਚ ਆਤਮਿਕ ਮੌਤ ਦਾ ਕਾਰਨ ਬਣਦਾ ਹੈ (ਜੋ ਕਿ ਪਰਮੇਸ਼ਰ ਤੋਂ ਅਲੱਗ ਹੋਣਾ ਹੈ), ਅਤੇ ਸਾਨੂੰ ਸਦੀਪਕ ਮੌਤ ਦੇ ਰਾਹ ਵਿੱਚ ਪਹੁੰਚਾ ਦਿੰਦਾ ਹੈ (ਜੋ ਨਰਕ ਵਿੱਚ ਆਤਮਾ ਦਾ ਪਰਮੇਸ਼ਰ ਤੋਂ ਹਮੇਸ਼ਾਂ ਲਈ ਅਲੱਗ ਹੋਣਾ ਹੈ)। ਪਾਠਕਾਂ ਨੂੰ ਇਹ ਸਮਝਣਾ ਹੋਵੇਗਾ ਕਿ ਨਿੱਜੀ ਪਾਪ ਸਾਨੂੰ ਇੱਕ ਨਿਰਾਸ਼ ਅਤੇ ਖ਼ਤਰਨਾਕ ਸਥਿਤੀ ਵਿੱਚ ਪਾ ਦਿੰਦਾ ਹੈ ਜਿਸ ਨੂੰ ਮਸੀਹ ਵਿੱਚ ਵਿਸ਼ਵਾਸ ਦੁਆਰਾ ਬਦਲਣ ਦੀ ਜ਼ਰੂਰਤ ਹੈ। ਭਾਵੇਂ ਸਾਡੇ ਉੱਤੇ ਨਿੱਜੀ ਪਾਪਾਂ ਦਾ ਦੋਸ਼ ਨਾ ਵੀ ਲਗਾਇਆ ਜਾ ਰਿਹਾ ਹੋਵੇ, ਫਿਰ ਵੀ ਸਦਾ ਪਾਪੀ ਜੀਵਨ ਸਦੀਪਕ ਮੌਤ ਵਿੱਚ ਬਦਲ ਜਾਵੇਗਾ। ਭਾਵੇਂ ਇਹ ਵਚਨ ਸਾਨੂੰ ਇਹ ਸਿਖਾਉਣ ਦਾ ਇਰਾਦਾ ਰੱਖਦੇ ਹਨ ਕਿ ਨਿੱਜੀ ਪਾਪ ਸਦੀਪਕ ਮੌਤ ਦਾ ਕਾਰਨ ਬਣਦਾ ਹੈ, ਫਿਰ ਵੀ ਇਹ ਹੋ ਸਕਦਾ ਹੈ ਕਿ ਮਸੀਹ ਦਾ ਇਨਕਾਰ ਕਰਨਾ ਇੱਕ ਮੁੱਢਲਾ ਜਾਂ ਵਿਲੱਖਣ ਨਿੱਜੀ ਪਾਪ ਹੈ ਜੋ ਸਦੀਪਕ ਮੌਤ ਲਿਆਉਂਦਾ ਹੈ। ਨਿੱਜੀ ਪਾਪ ਨਰਕ ਵਿੱਚ ਦਿੱਤੀ ਜਾਣ ਵਾਲੀ ਸਜ਼ਾ ਦਾ ਪੱਧਰ ਤਹਿ ਕਰਦਾ ਹੈ, ਅਤੇ ਇਸ ਜੀਵਨ ਵਿੱਚ ਪਰਮੇਸ਼ਰ ਦਾ ਅਸਥਾਈ ਕ੍ਰੋਧ (ਸਜ਼ਾ) ਲਿਆਉਂਦਾ ਹੈ। ਪਰਮੇਸ਼ਰ ਦੇ ਲਈ ਇਹ ਜਾਇਜ਼ ਹੋਵੇਗਾ ਕਿ ਉਹ ਸਾਨੂੰ ਵਿਰਾਸਤ ਵਿੱਚ ਮਿਲੇ ਪਾਪ ਜਾਂ ਨਿੱਜੀ ਪਾਪ ਦੇ ਲਈ ਸਜ਼ਾ ਦੇਣ। ਬਾਈਬਲ ਇਹ ਮੰਨਦੀ ਹੈ ਕਿ ਜੇਕਰ ਮਸੀਹ ਨਾ ਆਏ ਹੁੰਦੇ, ਤਾਂ ਮਨੁੱਖ ਨੂੰ ਉਸ ਦੇ ਨਿੱਜੀ ਪਾਪ ਅਤੇ/ਜਾਂ ਆਦਮ ਤੋਂ ਵਿਰਾਸਤ ਵਿੱਚ ਮਿਲੇ ਪਾਪ ਦੇ ਆਧਾਰ ਉੱਤੇ ਪਰਮੇਸ਼ਰ ਸਦੀਪਕ ਸਜ਼ਾ ਦੇ ਸਕਦੇ ਸਨ (ਦੇਖੋ, ਅਧਿਆਇ 7 "ਪਾਪ ਦਾ ਸਿਧਾਂਤ)। ਫਿਰ ਵੀ, ਬਾਈਬਲ ਪੂਰੀ ਤਰ੍ਹਾਂ ਨਾਲ ਇਹ ਨਹੀਂ ਕਹਿੰਦੀ ਹੈ ਕਿ ਪਰਮੇਸ਼ਰ ਮਨੁੱਖ ਨੂੰ ਇੱਕ ਸਦੀਪਕ ਅਰਥ ਵਿੱਚ ਉਸ ਦੇ ਪਾਪ ਦੇ ਕੰਮਾਂ ਦੇ ਲਈ ਸਜ਼ਾ ਦਿੰਦੇ ਹਨ ਜਾਂ ਫਿਰ ਆਦਮ ਦੇ ਪਾਪ ਦੇ ਲਈ ਸਜ਼ਾ ਦਿੰਦੇ ਹਨ। ਇੱਕ ਵਿਅਕਤੀ ਆਪਣੇ ਵਿਅਕਤੀਗਤ ਪਾਪ ਦੇ ਕੰਮਾਂ ਦੇ ਲਈ ਨਹੀਂ, ਪਰ ਮਸੀਹ ਦਾ ਇਨਕਾਰ ਕਰਨ ਦੇ ਲਈ ਨਰਕ ਵਿੱਚ ਜਾਂਦਾ ਹੈ। ਇਹ ਇਸ ਤਰ੍ਹਾਂ ਹੈ ਕਿ ਜਿਵੇਂ ਪਰਮੇਸ਼ਰ ਮਨੁੱਖ ਨੂੰ ਵੱਡੀ ਉਲੰਘਣਾ ਦੇ ਲਈ ਸਜ਼ਾ ਦਿੰਦੇ ਹਨ ਜੋ ਕਿ ਮਸੀਹ ਦਾ ਇਨਕਾਰ ਹੈ, ਅਤੇ ਫਿਰ ਨਿੱਜੀ ਪਾਪਾਂ ਜਾਂ ਆਦਮ ਤੋਂ ਮਿਲੇ ਪਾਪ ਦੇ ਲਈ ਮੁਕੱਦਮਾ ਚਲਾਉਣ ਦੀ ਖੇਚਲ ਨਹੀਂ ਕਰਦੇ ਹਨ। ਯੂਹੰਨਾ 3:18 ਅਤੇ 2 ਥੱਸਲੁ 1:8-9 ਇਹ ਸਿਖਾਉਂਦੇ ਹਨ ਕਿ ਸਦੀਪਕ ਮੌਤ ਦਾ ਆਧਾਰ ਮਸੀਹ ਦਾ ਇਨਕਾਰ ਕਰਨਾ ਹੈ (ਯੂਹੰਨਾ 3:36 ਵੀ, ਦੇਖੋ, ਏ ਗ੍ਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਬਾਈ ਬਾਉਰ, ਆਰੰਡਟ, ਐਂਡ ਗਿੰਗਰਿਚ, ਪੇਜ਼ 82, ਐਨ ਅਪੀਥਿਓ, ਸੈਕਸ਼ਨ 3)। "...ਪਰ ਜਿਹੜਾ ਪੁੱਤਰ ਵਿੱਚ ਵਿਸ਼ਵਾਸ ਨਹੀਂ ਕਰਦਾ ਉਹ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਕਿਉਂਕਿ ਉਸ ਨੇ ਪਰਮੇਸ਼ਰ ਦੇ ਇੱਕਲੌਤੇ ਪੁੱਤਰ ਵਿੱਚ ਵਿਸ਼ਵਾਸ ਨਹੀਂ ਕੀਤਾ"...(ਯੂਹੰਨਾ 3:18)। ਯੂਹੰਨਾ 16:9 ਸਾਨੂੰ ਦੱਸਦਾ ਹੈ ਕਿ ਪਵਿੱਤਰ ਆਤਮਾ ਜਿਸ ਪਾਪ ਦਾ ਸੰਸਾਰ ਨੂੰ ਦੋਸ਼ੀ ਠਹਿਰਾਉਂਦਾ ਹੈ, ਉਹ ਮਸੀਹ ਵਿੱਚ ਵਿਸ਼ਵਾਸ ਕਰਨ ਤੋਂ ਇਨਕਾਰ ਕਰਨਾ ਹੈ। ਇਹ ਉਹ ਪਾਪ ਹੈ ਜਿਸ ਵਿੱਚ ਪਰਮੇਸ਼ਰ ਦੀ ਸਭ ਤੋਂ ਜ਼ਿਆਦਾ ਦਿਲਚਸਪੀ ਹੈ। ਨਿੱਜੀ ਪਾਪ ਨੂੰ ਸਦੀਪਕ ਕ੍ਰੋਧ ਦਾ ਆਧਾਰ ਨਾ ਮੰਨਣ ਦਾ

### a. ਆਦਮ ਨੇ ਆਤਮਿਕ ਮੌਤ ਨੂੰ ਸ਼ੁਰੂ ਕੀਤਾ

ਇਸ ਲਈ ਜਿਵੇਂ ਇੱਕ ਆਦਮੀ ਦੇ ਦੁਆਰਾ ਪਾਪ ਇਸ ਸੰਸਾਰ ਵਿੱਚ ਆਇਆ ਅਤੇ ਪਾਪ ਦੇ ਦੁਆਰਾ ਮੌਤ ਆਈ। ਇਸ ਤਰ੍ਹਾਂ ਮੌਤ ਸਾਰੀ ਮਨੁੱਖਜਾਤੀ ਵਿੱਚ ਫੈਲ ਗਈ ਕਿਉਂਕਿ ਸਭ ਨੇ ਪਾਪ ਕੀਤਾ। [ਰੋਮੀ 5:12][6]

### b. ਸਾਰੇ ਆਤਮਿਕ ਤੌਰ ਤੇ ਮਰੇ ਹੋਏ ਪੈਦਾ ਹੁੰਦੇ ਹਨ

ਕਿਉਂਕਿ ਪਾਪ ਵਿਸ਼ਵ-ਵਿਆਪਕ ਹੈ, ਅਤੇ ਗਰਭ ਤੋਂ ਸ਼ੁਰੂ ਹੁੰਦਾ ਹੈ, ਅਤੇ ਆਤਮਿਕ ਮੌਤ ਦਾ ਆਧਾਰ ਹੁੰਦਾ ਹੈ, ਇਸ ਲਈ ਇਹ ਹੋਣਾ ਚਾਹੀਦਾ ਹੈ ਕਿ ਸਾਰੇ ਮਨੁੱਖ ਆਤਮਿਕ ਤੌਰ ਤੇ ਮਰੇ ਹੋਏ ਪੈਦਾ ਹੋਣ।

---

ਇੱਕ ਕਾਰਨ ਇਹ ਹੈ ਕਿ 1 ਯੂਹੰਨਾ 2:2 ਇਹ ਕਹਿੰਦਾ ਹੈ ਕਿ ਪਰਮੇਸ਼ਰ ਨੇ ਸਾਰੇ ਸੰਸਾਰ ਦੇ ਮਨੁੱਖਾਂ ਦੇ ਲਈ ਪ੍ਰਾਸਚਿਤ ਕੀਤਾ ਹੈ। ਇਸ ਲਈ ਇੱਕ ਵਿਆਖਿਆਕਾਰ ਇਹ ਦੇਖ ਸਕਦਾ ਹੈ ਕਿ ਮਨੁੱਖ ਨਿੱਜੀ ਪਾਪ ਦੇ ਕੰਮਾਂ ਦਾ ਦੋਸ਼ੀ ਹੈ, ਅਤੇ ਉਹਨਾਂ ਦੇ ਕਾਰਨ ਸਦੀਪਕ ਸਜ਼ਾ ਦੇ ਯੋਗ ਹੈ, ਪਰ ਸਾਨੂੰ ਆਪਣੇ ਅਧਿਆਤਮਿਕ ਗਿਆਨ ਵਿੱਚ ਸੁਧਾਰ ਕਰਦੇ ਹੋਏ ਇਹ ਦੇਖਣਾ ਹੈ ਕਿ ਪਰਮੇਸ਼ਰ ਮਨੁੱਖ ਦੇ ਨਿੱਜੀ ਪਾਪਾਂ ਕਾਰਨ ਇੱਕ ਸਦੀਪਕ ਰੂਪ ਵਿੱਚ ਗੁੱਸਾ ਨਹੀਂ ਹਨ। ਪਰਮੇਸ਼ਰ ਸੰਸਾਰ ਦੇ ਪਾਪਾਂ ਦਾ ਲੇਖਾ ਉਹਨਾਂ ਦੇ ਵਿਰੁੱਧ ਨਹੀਂ ਰੱਖਦੇ ਹਨ (2 ਕੁਰਿੰਥ 5:19), ਅਤੇ ਯੂਹੰਨਾ 1:29 ਅਨੁਸਾਰ ਯਿਸੂ ਨੇ ਸੰਸਾਰ ਦੇ ਪਾਪ ਨੂੰ ਆਪਣੇ ਉੱਪਰ ਲੈ ਲਿਆ ਹੈ।

ਜਦੋਂ ਇਹ ਕਿਹਾ ਜਾਂਦਾ ਹੈ ਕਿ ਪਰਮੇਸ਼ਰ ਪਾਪ ਉੱਤੇ ਗੁੱਸਾ ਹਨ, ਜਾਂ ਮਨੁੱਖ ਨੂੰ ਆਪਣੇ ਨਿੱਜੀ ਪਾਪ ਦੇ ਕਰਨ ਸਜ਼ਾ ਪ੍ਰਾਪਤ ਕਰਦਾ ਹੈ (ਰੋਮੀ 1:18; ਅਫ਼ਸੀ 5:6; ਕੁਲੁੱਸੀ 3:6), ਤਾਂ 1 ਯੂਹੰਨਾ 2:2; 2 ਕੁਰਿੰਥੀਆਂ 5:19 ਅਤੇ ਯੂਹੰਨਾ 1:29 ਦੀ ਸਿੱਖਿਆ ਇਹ ਮੰਗ ਕਰਦੀ ਹੈ ਕਿ ਅਸੀਂ ਸਮਝੀਏ ਕਿ ਇਹ ਗੁੱਸੇ ਨੂੰ ਆਰਜ਼ੀ ਗੁੱਸੇ ਹੈ (ਜਿਵੇਂ ਕਿ., ਇਸ ਜੀਵਨ ਵਿੱਚ ਸਜ਼ਾ)। ਕਈ ਵਾਰ (ਜਿਵੇਂ ਕਿ., ਰੋਮੀਆਂ 2 ਵਿੱਚ) ਇਹ ਹੋ ਸਕਦਾ ਹੈ ਕਿ ਲੇਖਕ ਸਦੀਪਕ ਕ੍ਰੋਧ ਬਾਰੇ ਗੱਲ ਕਰ ਰਿਹਾ ਹੋਵੇ, ਪਰ ਕਾਲਪਨਿਕ ਅਰਥ ਵਿੱਚ, ਉਹ ਇਹ ਦਰਸਾਉਂਦਾ ਹੈ ਕਿ ਜੇਕਰ ਮਨੁੱਖ ਦੇ ਲਈ ਇੱਕ ਅਲੱਗ ਭਵਿੱਖ ਤਿਆਰ ਕਰਨ ਦੇ ਲਈ ਮਸੀਹ ਨਾ ਆਏ ਹੁੰਦੇ, ਤਾਂ ਕੀ ਹੋਇਆ ਹੁੰਦਾ। (ਇਸ ਦ੍ਰਿਸ਼ਟੀਕੋਣ ਦੇ ਅਨੁਸਾਰ, ਨਵੇਂ ਜੰਮੇ ਬੱਚਿਆਂ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਲੋਕਾਂ ਦੀ ਮੁਕਤੀ ਬਾਰੇ ਵਿਚਾਰ ਕਰੋ)। ਸਦੀਪਕ ਸਜ਼ਾ ਦੇ ਆਧਾਰ ਉੱਤੇ ਇਸੇ ਤਰ੍ਹਾਂ ਦੇ ਸਿੱਟੇ ਦੇ ਲਈ ਦੇਖੋ, ਲੂਇਸ ਸਪੈਰੀ ਚੇਫ਼ਰ, *ਟਰੂ ਇਵੈਂਜਲਿਜ਼ਮ*, ਰੀਪ੍ਰਿੰਟ ਐਡੀਸ਼ਨ (ਗ੍ਰੈਂਡ ਰੈਪਿਡਜ਼: ਜ਼ੋਂਡਰਵੈਨ, 1973), 33–34, 64.

[6] ਆਦਮ ਤੋਂ ਆਤਮਿਕ ਮੌਤ ਦੇ ਤੱਥ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪਾਪ (ਮੌਤ ਦਾ ਕਾਰਨ) ਵਿਸ਼ਵ-ਵਿਆਪਕ ਹੈ, ਇਹ ਗਰਭ ਤੋਂ ਸ਼ੁਰੂ ਹੁੰਦਾ ਹੈ, ਅਤੇ ਇਸ ਨੇ ਸੰਸਾਰ ਵਿੱਚ ਆਦਮ ਦੇ ਦੁਆਰਾ ਪ੍ਰਵੇਸ਼ ਕੀਤਾ ਹੈ। ਰੋਮੀਆਂ 5: 12, 14 ਸ਼ਾਇਦ ਇਹ ਸਿਖਾ ਰਿਹਾ ਹੈ ਕਿ ਸਰੀਰਕ ਮੌਤ ਅਤੇ ਆਤਮਿਕ ਮੌਤ ਦੋਵੇਂ ਆਦਮ ਵਿੱਚ ਸ਼ੁਰੂ ਹੋਈਆਂ ਸਨ। ਆਇਤ 18 ਅਤੇ 21 ਦਾ ਵਿਸ਼ਾ ਸਦੀਪਕ ਜੀਵਨ ਹੈ। ਇਸ ਲਈ, ਆਇਤ 17 ਵਿੱਚ ਸਦੀਪਕ ਜੀਵਨ ਦੀ ਢੁਕਵੀਂ ਤੁਲਨਾ ਆਤਮਿਕ ਮੌਤ ਹੀ ਹੋਣੀ ਚਾਹੀਦੀ ਹੈ।

> ਤੁਸੀਂ ਆਪਣੇ ਅਪਰਾਧਾਂ ਅਤੇ **ਪਾਪਾਂ ਦੇ ਕਾਰਨ ਆਤਮਿਕ ਤੌਰ ਤੇ ਮੁਰਦਾ ਸੀ।** [ਅਫ਼ਸੀ 2:1]
>
> ਅਸੀਂ ਜਾਣਦੇ ਹਾਂ ਕਿ ਅਸੀਂ **ਮੌਤ ਤੋਂ ਪਾਰ ਲੰਘ ਕੇ ਜੀਵਨ ਵਿੱਚ ਪਹੁੰਚ ਚੁੱਕੇ ਹਾਂ**...[1 ਯੂਹੰਨਾ 3:14]

(ਜ਼ਬੂਰ 51:5; 58:3; ਅੱਯੂਬ 14:4; 15:14; ਅਤੇ ਭਾਗ III.B.4 ਵੀ ਦੇਖੋ)।

### c. ਆਤਮਿਕ ਮੌਤ ਨਾਲ ਨਿੱਜੀ ਪਾਪ ਦਾ ਸੰਬੰਧ

ਰੋਮੀਆਂ 6:23 ਅਤੇ ਯਾਕੂਬ 1:15 ਆਦਮ ਦੇ ਸਾਰੇ ਲੋਕਾਂ ਵਿੱਚ ਪਾਪ ਜਾਂ ਲੋਕਾਂ ਦੇ ਨਿੱਜੀ ਪਾਪ ਵਿੱਚ ਫ਼ਰਕ ਨਹੀਂ ਕਰਦੇ ਹਨ। ਉਹ ਇੱਕ ਵਿਅਕਤੀ ਦੇ ਪਾਪ ਦੇ "ਸੁਭਾਅ" ਅਤੇ ਪਾਪ ਦੇ ਕੰਮਾਂ ਉੱਤੇ ਜ਼ੋਰ ਦਿੰਦੇ ਹਨ। ਦੋਵੇਂ ਹੀ ਪਾਪ ਆਤਮਿਕ ਮੌਤ ਦੇ ਕਾਰਨ ਹਨ।

> ਇਸ ਲਈ ਉਹਨਾਂ ਚੀਜ਼ਾਂ ਦਾ ਤੁਹਾਨੂੰ ਕੀ ਲਾਭ ਹੋਇਆ ਹੈ ਜਿਹਨਾਂ ਤੋਂ ਹੁਣ ਤੁਸੀਂ ਸ਼ਰਮਿੰਦਾ ਹੋ ? ਉਹਨਾਂ ਚੀਜ਼ਾਂ [ਜਿਵੇਂ ਕਿ., ਨਿੱਜੀ ਪਾਪਾਂ] ਦਾ **ਨਤੀਜਾ ਮੌਤ ਹੈ।** [ਰੋਮੀ 6:21]
>
> ਕਿਉਂਕਿ **ਪਾਪ ਦੀ ਮਜ਼ਦੂਰੀ ਤਾਂ ਮੌਤ ਹੈ**…[ਰੋਮੀ 6:23]
>
> ਤਦ ਇੱਛਾ ਗਰਭਵਤੀ ਹੋ ਕੇ **ਪਾਪ ਨੂੰ ਜਨਮ** ਦਿੰਦੀ ਹੈ ਅਤੇ ਪਾਪ ਵੱਡਾ ਹੋ ਕੇ **ਮੌਤ ਨੂੰ ਜਨਮ** ਦਿੰਦਾ ਹੈ। [ਯਾਕੂਬ 1:15]

### d. ਆਤਮਿਕ ਮੌਤ ਉੱਤੇ ਹੋਰ ਵਚਨ

> “ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ। ਉਹ ਦੋਸ਼ੀ ਨਹੀਂ ਠਹਿਰਦਾ ਸਗੋਂ **ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।** ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਸਮਾਂ ਆ ਰਿਹਾ ਹੈ ਸਗੋਂ ਆ ਚੁੱਕਾ ਹੈ ਜਦੋਂ ਮੁਰਦੇ ਪਰਮੇਸ਼ਰ ਦੇ ਪੁੱਤਰ ਦੀ ਆਵਾਜ਼ ਸੁਣਨਗੇ ਅਤੇ ਜਿਹੜੇ ਸੁਣਨਗੇ ਜੀਵਨ ਪ੍ਰਾਪਤ ਕਰਨਗੇ।” [ਯੂਹੰਨਾ 5:24-25]
>
> ਉਹਨਾਂ ਦੇ ਮਨ ਹਨੇਰੇ ਹੋ ਗਏ ਹਨ ਅਤੇ **ਉਹ ਉਸ ਜੀਵਨ ਤੋਂ ਦੂਰ ਹਨ ਜੋ ਪਰਮੇਸ਼ਰ ਦਿੰਦੇ ਹਨ** ਕਿਉਂਕਿ ਉਹ ਅਗਿਆਨੀ ਹਨ ਅਤੇ ਉਹਨਾਂ ਦੇ ਦਿਲ ਕਠੋਰ ਹਨ। [ਅਫ਼ਸੀ 4:18]

(ਮੱਤੀ 8:22; ਯੂਹੰਨਾ 8:51; 11:26 ਵੀ ਦੇਖੋ)

## 4. ਵਿਸ਼ਵ-ਵਿਆਪੀ ਅਤੇ ਪੂਰੀ ਬੁਰਾਈ

ਆਦਮ ਅਤੇ ਹੱਵਾਹ ਦੇ ਪਾਪ ਦੇ ਨਤੀਜੇ ਵਜੋਂ ਮੌਤ ਆਈ, ਪਰ ਇਸ ਦਾ ਇੱਕ ਨਤੀਜਾ ਵਿਸ਼ਵ-ਵਿਆਪੀ ਬੁਰਾਈ ਵੀ ਸੀ। ਵਿਸ਼ਵ-ਵਿਆਪੀ ਪ੍ਰਭੂ ਯਿਸੂ ਮਸੀਹ ਤੋਂ ਬਿਨਾਂ ਮਨੁੱਖ ਦੀ ਪੂਰੀ ਤਰ੍ਹਾਂ ਨਿਰਾਸ਼ ਸਥਿਤੀ ਦੇ

ਦਾਇਰੇ ਨੂੰ ਦਰਸਾਉਂਦਾ ਹੈ। ਮਨੁੱਖ ਵਿੱਚ ਪਾਪ ਕਰਨ ਦਾ ਰੁਝਾਨ ਹੈ। ਉਹ ਪਾਪ ਦੇ ਪੱਖ ਵਿੱਚ ਰਹਿੰਦਾ ਹੈ, ਅਤੇ ਉਸ ਦੀ ਦਿਲਚਸਪੀ ਪਾਪ ਵਿੱਚ ਹੁੰਦੀ ਹੈ। ਉਹ ਕਦੇ ਨਾ ਸੁਧਰਨ ਵਾਲਾ ਵਿਦਰੋਹੀ ਹੈ ਜੋ ਆਪਣੀ ਕਿਸੇ ਵੀ ਯੋਗਤਾ ਨਾਲ ਪਰਮੇਸ਼ਰ ਨੂੰ ਕਦੇ ਵੀ ਖੁਸ਼ ਨਹੀਂ ਕਰ ਸਕਦਾ ਹੈ। ਪਾਪ ਕਰਨ ਦੀ ਇਹ ਆਦਤ ਆਦਮ ਤੋਂ ਸ਼ੁਰੂ ਹੁੰਦੀ ਹੈ, ਅਤੇ ਇਸ ਦਾ ਪਤਾ ਬਾਈਬਲ ਦੀ ਉਸ ਸਿੱਖਿਆ ਤੋਂ ਲੱਗਦਾ ਹੈ ਜੋ ਕਹਿੰਦੀ ਹੈ ਕਿ ਇਹ ਹਰ ਮਨੁੱਖ ਵਿੱਚ ਹੈ। ਸਾਰੇ ਮਨੁੱਖ ਇਸ ਆਦਤ ਨਾਲ ਪੈਦਾ ਹੁੰਦੇ ਹਨ (ਦੇਖੋ, ਭਾਗ III.B.3)। ਪਰ ਰੋਮੀਆਂ 5:12 ਇਹ ਸਿਖਾਉਂਦਾ ਹੈ ਕਿ ਸਾਰੇ ਪਾਪ ਨੇ ਆਦਮ ਦੁਆਰਾ ਸੰਸਾਰ ਵਿੱਚ ਪ੍ਰਵੇਸ਼ ਕੀਤਾ ਸੀ। ਪਾਪ ਦਾ ਇਕਵਚਨ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਪਾਪ ਇੱਕ ਸਿਧਾਂਤ ਹੈ (ਜਿਵੇਂ ਕਿ ਹਰੇਕ ਵਿਅਕਤੀ ਦੇ ਅੰਦਰ ਪਾਪੀ "ਸੁਭਾਅ") ਜਿਸ ਦੀ ਸ਼ੁਰੂਆਤ ਅਦਨ ਵਿੱਚ ਪਾਪ ਤੋਂ ਹੋਈ ਸੀ। ਪਾਪ ਦੇ ਸਾਰੇ ਵਿਸ਼ੇਸ਼ ਕੰਮ ਮਨੁੱਖਜਾਤੀ ਦੀ ਉਸ ਵਿਸ਼ਵ-ਵਿਆਪੀ ਬੁਰਾਈ ਤੋਂ ਪੈਦਾ ਹੁੰਦੇ ਹਨ ਜੋ ਆਦਮ ਦੇ ਸ਼ੁਰੂਆਤੀ ਪਾਪ ਦਾ ਨਤੀਜਾ ਹੈ।[7]

### a. ਇਹ ਦਿਲ ਦੀ ਸਮੱਸਿਆ ਹੈ

ਹੇਠ ਲਿਖੀਆਂ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਮਨੁੱਖ ਦੇ ਪਾਪ ਦੇ ਹਰੇਕ ਕੰਮ ਉਸ ਦਿਲ ਵਿੱਚੋਂ ਪੈਦਾ ਹੁੰਦੇ ਹਨ ਜੋ ਰੁਝਾਨ ਵਿੱਚ ਪਾਪੀ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਉਹ ਨਾ ਸਿਰਫ਼ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਮਨੁੱਖ ਪਾਪ ਕਰਦਾ ਹੈ, ਬਲਕਿ ਇਹ ਵੀ ਕਹਿੰਦੇ ਹਨ ਕਿ ਉਹ ਕੁਦਰਤੀ ਤੌਰ ਤੇ ਕਦੇ ਨਾ ਸੁਧਰਨ ਵਾਲਾ ਇੱਕ ਪਾਪੀ ਹੈ ਜੋ ਪਾਪ ਦੇ ਰਾਜ ਦਾ ਗ਼ੁਲਾਮ ਹੈ। ਹਾਲਾਂਕਿ ਜ਼ਿਆਦਾਤਰ ਆਇਤਾਂ ਵਿੱਚ ਆਦਮ ਦੇ ਨਾਮ ਦਾ ਜ਼ਿਕਰ ਨਹੀਂ ਹੈ, ਪਰ ਵਿਸ਼ਵ-ਵਿਆਪੀ ਬੁਰਾਈ ਦੀ ਇਹ ਸਥਿਤੀ ਉਸ ਤੋਂ ਪੈਦਾ ਹੋਈ ਹੈ (ਦੇਖੋ, ਉਤ 8:21; ਜ਼ਬੂਰ 51:5; 58:3; ਮੱਤ 12:33-35; ਲੂਕਾ 6:43-45; ਰੋਮੀ 7:5, 14-24; ਅਫ਼ਸੀ 2:3; ਕੁਲੁੱਸ 3:5-7; ਤੀਤੁਸ 3:3; 1 ਪਤਰਸ 4:4)।

> ਫੇਰ ਯਹੋਵਾਹ ਨੇ ਦੇਖਿਆ ਕਿ ਆਦਮੀ ਦੀ **ਬੁਰਿਆਈ** ਧਰਤੀ ਉੱਤੇ **ਵੱਧ ਗਈ ਹੈ** ਅਤੇ **ਉਹਨਾਂ ਦੇ ਮਨ ਵਿੱਚ ਪੈਦਾ ਹੋਣ ਵਾਲਾ ਹਰੇਕ ਵਿਚਾਰ ਬੁਰਿਆਈ ਨਾਲ ਭਰਿਆ ਹੁੰਦਾ ਹੈ**। [ਉਤ 6:5]
>
> "ਦਿਲ ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ, ਉਹ **ਪੁੱਜ ਕੇ ਖ਼ਰਾਬ ਹੈ**, ਉਹ ਨੂੰ ਕੌਣ ਜਾਣ ਸਕਦਾ ਹੈ?" [ਯਿਰ 17:9]
>
> "ਪਰ ਜੋ ਕੁਝ **ਮੂੰਹ ਦੇ ਵਿੱਚੋਂ ਬਾਹਰ ਆਉਂਦਾ** ਹੈ, ਉਹ ਅਸਲ ਵਿੱਚ ਉਸ ਦੇ ਦਿਲ ਦੇ ਵਿੱਚੋਂ ਆਉਂਦਾ ਹੈ, ਇਹ ਹੀ **ਉਸ ਨੂੰ ਅਪਵਿੱਤਰ ਕਰਦਾ ਹੈ**। ਦਿਲ ਵਿੱਚੋਂ ਬੁਰੇ ਵਿਚਾਰ ਨਿਕਲਦੇ ਹਨ ਜਿਵੇਂ ਹੱਤਿਆ, ਵਿਭਚਾਰ, ਹਰਾਮਕਾਰੀ, ਚੋਰੀ, ਝੂਠੀ ਗਵਾਹੀ, ਨਿੰਦਾ ਆਦਿ।" [ਮੱਤੀ 15:18-19]
>
> "ਜਦੋਂ ਕਿ ਤੁਸੀਂ **ਬੁਰੇ ਹੋ ਕੇ** ਵੀ ਆਪਣੇ ਬੱਚਿਆਂ ਨੂੰ ਚੰਗੀਆਂ ਚੀਜ਼ਾਂ ਦੇਣਾ ਜਾਣਦੇ ਹੋ ਤਾਂ ਤੁਹਾਡੇ ਸਵਰਗੀ ਪਿਤਾ ਹੋਰ ਵੀ ਵੱਧ ਕੇ ਦੇਣਗੇ" [ਲੂਕਾ11:13]
>
> ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ **ਹਰ ਕੋਈ ਜਿਹੜਾ ਪਾਪ ਕਰਦਾ ਹੈ, ਉਹ ਪਾਪ ਦਾ ਗ਼ੁਲਾਮ ਹੈ।**" [ਯੂਹੰਨਾ 8:34]
>
> ਪਰਮੇਸ਼ਰ ਦਾ ਧੰਨਵਾਦ ਹੋਵੇ ! ਤੁਸੀਂ ਜਿਹੜੇ ਇੱਕ ਸਮੇਂ **ਪਾਪ ਦੇ ਗ਼ੁਲਾਮ ਸੀ**...[ ਰੋਮੀ 6:17]
>
> ਜਦੋਂ ਤੁਸੀਂ **ਪਾਪ ਦੇ ਗ਼ੁਲਾਮ ਸੀ**... [ਰੋਮੀ 6:20]

### b. ਇਹ ਇੱਕ ਵਿਸ਼ਵ-ਵਿਆਪੀ ਸਮੱਸਿਆ ਹੈ

ਹੇਠਾਂ ਦਿੱਤੀਆਂ ਆਇਤਾਂ ਮਨੁੱਖ ਦੇ ਬੁਰੇ ਦਿਲ ਦੇ **ਵਿਸ਼ਵ-ਵਿਆਪੀ** ਦਾਇਰੇ ਉੱਤੇ ਜ਼ੋਰ ਦਿੰਦੀਆਂ ਹਨ। ਬੁਰਾਈ ਦਾ ਅਰਥ ਇਹ ਨਹੀਂ ਹੈ ਕਿ ਹਰੇਕ ਮਨੁੱਖ ਜਿੰਨਾ ਹੋ ਸਕੇ ਬਹੁਤ ਹੀ ਬੁਰਾ ਅਤੇ ਦੁਸ਼ਟ ਹੈ (ਉਦਾਹਰਣ ਦੇ ਲਈ, ਰਸੂਲਾਂ 10:1-2 ਵਿੱਚ ਅਵਿਸ਼ਵਾਸੀ ਕੁਰਨੇਲਿਯੁਸ ਨੂੰ ਭਗਤ ਕਿਹਾ ਗਿਆ ਹੈ ਅਤੇ ਰੋਮੀਆਂ 2:14-15)। ਬੁਰਾਈ ਦਾ ਅਰਥ ਹੈ ਕਿ ਹਰੇਕ ਅਵਿਸ਼ਵਾਸੀ ਵਿਅਕਤੀ ਇੱਕ ਵਿਦਰੋਹੀ ਹੈ, ਅਤੇ ਉਸ ਦਾ ਭਲਾ ਕੰਮ ਵੀ ਪਰਮੇਸ਼ਰ ਨੂੰ ਪ੍ਰਸੰਨ ਨਹੀਂ ਕਰਦਾ ਹੈ ਕਿਉਂਕਿ ਉਹ ਇੱਕ ਵਿਦਰੋਹੀ ਦਿਲ ਨਾਲ ਕੀਤਾ ਜਾਂਦਾ ਹੈ (ਕਹਾਉਤਾਂ 15:8; 21:4; 21:27)। ਇੱਥੋਂ ਤੱਕ ਕਿ ਪਰਮੇਸ਼ਰ ਦੀ ਨਜ਼ਰ ਵਿੱਚ ਮਨੁੱਖ ਦੇ ਧਾਰਮਿਕਤਾ ਦੇ ਕੰਮ ਵੀ ਗੰਦੇ ਕੱਪੜਿਆਂ ਵਰਗੇ ਹਨ (ਯਸਾ 64:6)। ਬੁਰਾਈ ਦਾ ਅਰਥ ਇਹ ਨਹੀਂ ਹੈ ਕਿ ਇੱਕ ਆਦਮੀ ਜਿੰਨਾ ਸੰਭਵ ਹੋ ਸਕੇ ਉਹ ਓਨਾ ਬੁਰਾ ਹੈ, ਪਰ ਇਹ ਹੈ ਕਿ ਹਰੇਕ ਮਨੁੱਖ ਅਜਿਹਾ ਵਿਦਰੋਹੀ ਹੈ ਜੋ ਪਰਮੇਸ਼ਰ ਤੋਂ ਦੂਰ ਭਟਕਣ ਵਾਲੇ ਦਿਲ ਦਾ ਗ਼ੁਲਾਮ ਹੈ। ਕੋਈ ਵੀ ਪਰਮੇਸ਼ਰ ਦੇ ਤਰੀਕੇ ਨਾਲ ਪਰਮੇਸ਼ਰ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਹੈ। ਕੋਈ ਵੀ ਆਪਣੇ ਕੰਮਾਂ ਨਾਲ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਹੈ। ਵਿਅਰਥ ਪਦਾਰਥਵਾਦੀ, ਜੋ ਕੰਮਾਂ ਰਾਹੀਂ ਮੁਕਤੀ ਪ੍ਰਾਪਤ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ ,ਅਤੇ ਇੱਕ ਖੁੱਲ੍ਹੇ ਵਿਚਾਰਾਂ ਵਾਲੀ ਕਲੀਸਿਯਾ ਵਿੱਚ ਜਾਂਦਾ ਹੈ, ਉਸ ਨੂੰ ਮਨੁੱਖੀ ਮਿਆਰਾਂ ਦੁਆਰਾ ਦੁਸ਼ਟ ਨਹੀਂ ਮੰਨਿਆ ਜਾਂਦਾ ਹੈ, ਪਰ ਪਰਮੇਸ਼ਰ ਉਸ ਨੂੰ ਉਸ ਤਰ੍ਹਾਂ ਹੀ ਅਸਵੀਕਾਰ ਕਰਦੇ ਹਨ ਜਿਵੇਂ ਇੱਕ ਬੱਚੇ ਦਾ ਬਲਾਤਕਾਰੀ, ਅਤੇ ਉਹ ਇੱਕ ਅਜਿਹੇ ਰਾਹ ਦਾ ਪਿੱਛਾ

[7] ਮਨੁੱਖ ਦੀ ਬੁਰਾਈ ਨੇ ਮਨ ਨੂੰ ਹਨੇਰਾ ਕਰ ਦਿੱਤਾ ਹੈ ਤਾਂ ਜੋ ਮਨੁੱਖ ਆਤਮਿਕ ਚੀਜ਼ਾਂ ਤੋਂ ਅੰਨ੍ਹਾ ਹੋ ਜਾਵੇ (1 ਕੁਰਿੰਥ 1:18; 2:14; 2 ਕੁਰਿੰਥ 4:4; ਅਫ਼ਸੀ 4:18)।

ਕਰਦਾ ਹੈ ਅਤੇ ਉਹ ਪਰਮੇਸ਼ਰ ਦੇ ਬਿਲਕੁਲ ਉਲਟ ਹੈ (ਉਹ ਸ਼ਾਇਦ ਵਧੇਰੇ ਦੁਸ਼ਟਤਾ ਵਾਲੇ ਪਾਪ ਨਾ ਕਰਦਾ ਹੋਵੇ)।[8]

> "ਜੇ ਉਹ ਪਾਪ ਕਰਨ ਕਿਉਂ ਜੋ **ਕੋਈ ਮਨੁੱਖ ਅਜਿਹਾ ਨਹੀਂ ਜੋ ਪਾਪ ਨਾ ਕਰੇ**..." [1ਰਾਜਿਆਂ 8:46]
>
> ਯਹੋਵਾਹ ਨੇ ਸਵਰਗ ਤੋਂ ਆਦਮ ਵੰਸ਼ ਉੱਤੇ ਦ੍ਰਿਸ਼ਟੀ ਕੀਤੀ, ਤਾਂ ਉਹ ਵੇਖੇ ਕਿ ਕੋਈ ਬੁੱਧਵਾਨ, ਪਰਮੇਸ਼ਰ ਦਾ ਖੋਜ਼ੀ ਹੈ ਜਾਂ ਨਹੀਂ? ਉਹ ਸੱਭੇ ਕੁਰਾਹੇ ਪੈ ਗਏ, ਉਹ ਸਭ ਦੇ ਸਭ ਭਰਿਸ਼ਟ ਹੋ ਗਏ ਹਨ। **ਕੋਈ ਭਲਾ ਕਰਨ ਵਾਲਾ ਨਹੀਂ, ਇੱਕ ਵੀ ਨਹੀਂ!** [ਜ਼ਬੂਰ 14:2-3]
>
> ਉਹ ਸਾਰੇ ਕੁਰਾਹੇ ਪੈ ਗਏ ਹਨ, ਉਹ ਸਭ ਦੇ ਸਭ ਫਿਰ ਗਏ ਹਨ, **ਕੋਈ ਭਲਾ ਕਰਨ ਵਾਲਾ ਨਹੀਂ, ਇੱਕ ਵੀ ਨਹੀਂ!** [ਜ਼ਬੂਰ 53:3]
>
> ਹੇ ਯਹੋਵਾਹ, ਜੇ ਤੂੰ ਬਦੀਆਂ ਦਾ ਲੇਖਾ ਕਰਦਾ, ਤਾਂ ਹੇ ਪ੍ਰਭੂ, ਕੌਣ ਖੜ੍ਹਾ ਰਹਿ ਸਕਦਾ? [ਜ਼ਬੂਰ 130:3]
>
> ਆਪਣੇ ਦਾਸ ਨੂੰ ਅਦਾਲਤ ਵਿੱਚ ਨਾ ਲਿਆ, **ਕਿਉਂ ਜੋ ਤੇਰੇ ਹਜ਼ੂਰ ਕੋਈ ਧਰਮੀ ਨਹੀਂ ਠਹਿਰ ਸਕਦਾ।** [ਜ਼ਬੂਰ 143:2]
>
> ਕੌਣ ਆਖ ਸਕਦਾ ਹੈ ਭਈ ਮੈਂ ਆਪਣੇ ਮਨ ਨੂੰ ਪਵਿੱਤਰ ਕੀਤਾ ਹੈ, ਮੈਂ ਪਾਪ ਤੋਂ ਸ਼ੁੱਧ ਹੋ ਗਿਆ ਹਾਂ? [ਕਹਾਉਤਾਂ 20:9]
>
> **ਧਰਤੀ ਉੱਤੇ ਅਜਿਹਾ ਧਰਮੀ ਮਨੁੱਖ ਕੋਈ ਨਹੀਂ,** ਜੋ ਭਲਿਆਈ ਹੀ ਕਰੇ ਅਤੇ ਪਾਪ ਨਾ ਕਰੇ। [ਉਪਦੇਸ਼ਕ 7:20]
>
> **ਅਸੀਂ ਸਾਰੇ ਦੇ ਸਾਰੇ ਭੇਡਾਂ ਵਾਂਗੂੰ ਭੁੱਲੇ ਫਿਰਦੇ ਸੀ**, ਅਸੀਂ ਆਪਣੇ-ਆਪਣੇ ਰਾਹਾਂ ਨੂੰ ਮੁੜੇ, ਅਤੇ ਯਹੋਵਾਹ ਨੇ ਸਾਡੀ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ। [ਯਸਾਯਾਹ 53:6]
>
> ਇਸ ਦਾ ਅਰਥ ਕੀ ਹੋਇਆ? ਕੀ ਅਸੀਂ ਯਹੂਦੀ ਪਰਾਈਆਂ ਕੌਮਾਂ ਨਾਲੋਂ ਚੰਗੇ ਹਾਂ? ਨਹੀਂ, ਬਿਲਕੁਲ ਨਹੀਂ! ਮੈਂ ਪਹਿਲਾਂ ਹੀ ਸਾਰਿਆਂ ਉੱਤੇ ਭਾਵ ਯਹੂਦੀਆਂ ਅਤੇ ਪਰਾਈਆਂ ਕੌਮਾਂ ਉੱਤੇ ਦੋਸ਼ ਲਾ ਚੁੱਕਾ ਹਾਂ ਕਿ **ਸਭ ਦੇ ਸਭ ਪਾਪ ਦੇ ਬੰਧਨ ਵਿੱਚ ਜਕੜੇ ਹੋਏ ਹਨ**, ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਵੀ ਕਿਉਂਕਿ **ਸਭ ਨੇ ਪਾਪ ਕੀਤਾ ਹੈ** ਅਤੇ ਸਭ ਪਰਮੇਸ਼ਰ ਦੀ ਮਹਿਮਾ ਤੋਂ ਵਾਂਝੇ ਹਨ। [ਰੋਮੀ 3:23]
>
> ਪਰ ਪਵਿੱਤਰ-ਗ੍ਰੰਥ ਕਹਿੰਦਾ ਹੈ ਕਿ **ਸਭ ਪਾਪ ਦੀ ਕੈਦ ਵਿੱਚ ਜਾ ਚੁੱਕੇ ਹਨ**...[ਗਲਾਤੀਆਂ 3:22]
>
> ਕਿਉਂਕਿ **ਸਾਡੇ ਸਾਰਿਆਂ ਦੇ ਕੋਲੋਂ ਕਈ ਵਾਰ ਗ਼ਲਤੀ ਹੁੰਦੀ ਹੈ**... [ਯਾਕੂਬ 3:2]
>
> **ਜੇਕਰ ਅਸੀਂ ਕਹਿੰਦੇ ਹਾਂ ਕਿ ਸਾਡੇ ਵਿੱਚ ਪਾਪ ਨਹੀਂ ਹੈ ਤਾਂ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ** ਅਤੇ ਸਾਡੇ ਵਿੱਚ ਸੱਚਾਈ ਨਹੀਂ ਹੈ। ਪਰ ਜੇਕਰ ਅਸੀਂ ਕਹਿੰਦੇ ਹਾਂ ਕਿ ਅਸੀਂ ਪਾਪ ਨਹੀਂ ਕੀਤਾ ਤਾਂ ਅਸੀਂ ਪਰਮੇਸ਼ਰ ਨੂੰ ਝੂਠਾ ਸਿੱਧ ਕਰਦੇ ਹਾਂ ਅਤੇ ਉਹਨਾਂ ਦਾ ਵਚਨ ਸਾਡੇ ਵਿੱਚ ਨਹੀਂ ਹੈ। [1 ਯੂਹੰਨਾ 1:8,10]

### 5. ਔਰਤ ਦੇ ਪਾਪ ਵਿੱਚ ਡਿੱਗਣ ਦੇ ਨਤੀਜੇ

ਔਰਤ ਨੂੰ ਬੱਚੇ ਦੇ ਜਨਮ ਵੇਲੇ ਪੀੜਾ ਹੋਵੇਗੀ ਅਤੇ ਉਸ ਨੂੰ ਆਪਣੇ ਪਤੀ ਦੇ ਅਧੀਨ ਰਹਿਣਾ ਹੋਵੇਗਾ, ਪਰ ਇਹ ਹੁਣ ਪਾਪ ਦੇ ਰੁਝਾਨ ਕਰਕੇ ਇੱਕ ਗੁੰਝਲਦਾਰ ਗੱਲ ਹੋਵੇਗੀ।

> ਉਸ ਨੇ ਇਸਤਰੀ ਨੂੰ ਆਖਿਆ ਕਿ ਮੈਂ ਤੇਰੇ ਗਰਭ ਦੀ ਪੀੜ ਬਹੁਤ ਵਧਾਵਾਂਗਾ। ਪੀੜ ਨਾਲ ਤੂੰ ਬੱਚੇ ਜਣੇਂਗੀ ਅਤੇ ਤੇਰੇ ਪਤੀ ਵੱਲ ਤੇਰੀ ਚਾਹ ਹੋਵੇਗੀ ਅਤੇ ਉਹ ਤੇਰੇ ਉੱਤੇ ਹੁਕਮ ਚਲਾਵੇਗਾ। [ਉਤ 3:16]

### 6. ਆਦਮੀ ਦੇ ਪਾਪ ਵਿੱਚ ਡਿੱਗਣ ਦੇ ਨਤੀਜੇ

ਆਦਮੀ ਨੂੰ ਹੁਣ ਮਜ਼ਦੂਰੀ ਕਰਨੀ ਪਵੇਗੀ ਜੋ ਉਸ ਨੂੰ ਚੰਗੀ ਨਹੀਂ ਲੱਗੇਗੀ, ਪਰ ਉਹ ਇਸ ਨਾਲ ਜਿਊਂਦਾ ਰਹਿ ਸਕਦਾ ਹੈ।

> ਫੇਰ ਉਸ ਨੇ ਆਦਮ ਨੂੰ ਆਖਿਆ ਕਿਉਂਕਿ ਤੂੰ ਆਪਣੀ ਪਤਨੀ ਦੀ ਗੱਲ ਸੁਣੀ ਅਤੇ ਉਸ ਰੁੱਖ ਦਾ ਫਲ ਖਾਧਾ ਜਿਸ ਦੇ ਵਿਖੇ ਮੈਂ ਤੈਨੂੰ ਹੁਕਮ ਦਿੱਤਾ ਸੀ ਕਿ ਉਸ ਤੋਂ ਨਾ ਖਾਵੀਂ ਇਸ ਲਈ ਜ਼ਮੀਨ ਤੇਰੇ ਕਾਰਨ ਸਰਾਪਤ ਹੋਈ। ਤੂੰ ਇਸ ਦੀ ਉਪਜ ਆਪਣੀ ਸਾਰੀ ਜ਼ਿੰਦਗੀ ਦੁੱਖ ਨਾਲ ਖਾਇਆ ਕਰੇਂਗਾ। ਉਹ ਤੇਰੇ ਲਈ ਕੰਡੇ, ਕੰਡਿਆਲੇ ਉਪਜਾਵੇਗੀ ਅਤੇ ਤੂੰ ਪੈਲੀ ਦਾ ਸਾਗ ਪੱਤ ਖਾਵੇਂਗਾ। ਤੂੰ ਮੱਥੇ ਦੇ ਪਸੀਨੇ ਨਾਲ ਰੋਟੀ ਖਾਇਆ ਕਰੇਂਗਾ ਜਦ ਤੱਕ ਤੂੰ ਮਿੱਟੀ ਵਿੱਚ ਫੇਰ ਨਾ ਮਿਲ ਜਾਵੇਂ ਕਿਉਂ ਜੋ ਤੂੰ ਉਸ ਵਿੱਚੋਂ ਹੀ ਕੱਢਿਆ ਗਿਆ ਸੀ। ਤੂੰ ਮਿੱਟੀ ਹੈਂ ਅਤੇ ਮਿੱਟੀ ਵਿੱਚ ਹੀ ਮੁੜ ਜਾਵੇਂਗਾ। [ਉਤ 3:17-19]

---

[8] ਉਹ ਆਇਤਾਂ ਜੋ ਮਸੀਹ ਤੋਂ ਬਿਨਾਂ ਵਿਸ਼ਵ-ਵਿਆਪੀ ਸਜ਼ਾ ਦੀ ਗੱਲ ਕਰਦੀਆਂ ਹਨ, ਉਹ ਵੀ ਵਿਸ਼ਵ-ਵਿਆਪੀ ਬੁਰਾਈ ਨੂੰ ਸਾਬਤ ਕਰਦੀਆਂ ਹਨ (ਯੂਹੰਨਾ 3:18,36; ਰੋਮੀ 11:32; ਗਲਾਤੀ 3:22; 1 ਯੂਹੰਨਾ 5:12)। ਵਿਸ਼ਵ-ਵਿਆਪੀ ਬੁਰਾਈ ਦਾ ਇਹ ਦ੍ਰਿਸ਼ਟੀਕੋਣ, ਕਾਨੂੰਨ ਅਤੇ ਸਰਕਾਰ ਵਿੱਚ ਸਹੀ ਫ਼ੈਸਲੇ ਲੈਣ ਦੇ ਲਈ ਜ਼ਰੂਰੀ ਹੈ। ਜੇਕਰ ਮਨੁੱਖ ਬਾਰੇ ਦ੍ਰਿਸ਼ਟੀਕੋਣ ਬਾਈਬਲ ਅਨੁਸਾਰ ਨਹੀਂ ਹੋਵੇਗਾ, ਤਾਂ ਸ਼ਾਸਨ ਕਰਨ ਵਾਲੇ ਮਨੁੱਖ ਹਰ ਤਰ੍ਹਾਂ ਦੇ ਮੂਰਖਤਾ ਵਾਲੇ ਫ਼ੈਸਲੇ ਲੈਂਦੇ ਰਹਿਣਗੇ।

### 7. ਬਾਕੀ ਦੀ ਸ੍ਰਿਸ਼ਟੀ ਉੱਤੇ ਪਾਪ ਦੇ ਨਤੀਜੇ

ਪਾਪ ਦੇ ਕਾਰਨ ਧਰਤੀ ਉੱਤੇ ਸ਼ਰਾਪ ਆਇਆ, ਅਤੇ ਸਾਰੇ ਜਾਨਵਰਾਂ ਦੇ ਜੀਵਨ ਦੇ ਲਈ ਪੀੜਾ ਅਤੇ ਮੌਤ ਆਈ। ਇਸ ਸਰਾਪ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਅੰਸ਼ਕ ਤੌਰ ਤੇ ਹਟਾ ਦਿੱਤਾ ਜਾਵੇਗਾ (ਅਤੇ ਇਸ ਦੇ ਨਾਲ ਰਾਜ ਵਿੱਚ ਉਪਜਾਊ ਖੇਤੀ ਸ਼ਕਤੀ ਬਾਰੇ ਵੀ ਦੇਖੋ, ਯਸਾ 11:6ff; 65:25)।

> "…ਇਸ ਲਈ **ਜ਼ਮੀਨ ਤੇਰੇ ਕਾਰਨ ਸਰਾਪਤ ਹੋਈ**…" [ਉਤ 3:17]
>
> ਅਸੀਂ ਜਾਣਦੇ ਹਾਂ ਕਿ ਸਾਰੀ **ਸ੍ਰਿਸ਼ਟੀ ਹੁਣ ਤੱਕ ਜਣੇਪੇ ਦੀਆਂ ਪੀੜਾਂ** ਦੇ ਨਾਲ ਕਰਾਹ ਰਹੀ ਹੈ। [ਰੋਮੀ 8:22]

## IV. ਆਤਮਾ ਦੀ ਉਤਪਤੀ

ਮਨੁੱਖ ਦੀ ਰਚਨਾ ਦੇ ਅਭੌਤਿਕ ਭਾਗ ਦੀ ਉਤਪਤੀ ਜਾਂ ਤਾਂ ਮਨੁੱਖ ਦੇ ਸਿਧਾਂਤ ਜਾਂ ਪਾਪ ਦੇ ਸਿਧਾਂਤ ਦਾ ਵਿਸ਼ਾ ਹੈ। ਜਦੋਂ ਵੀ ਇੱਕ ਬੱਚਾ ਪੈਦਾ ਹੁੰਦਾ ਹੈ ਤਾਂ ਕੀ ਪਰਮੇਸ਼ਰ ਹਰ ਵਾਰ ਇੱਕ ਨਵੀਂ ਆਤਮਾ ਦੀ ਸਿਰਜਣਾ ਕਰਦੇ ਹਨ? ਕੀ ਕੋਈ ਅਜਿਹੀ ਪ੍ਰਕਿਰਿਆ ਹੈ ਜਿਸ ਦੁਆਰਾ ਮਾਤਾ-ਪਿਤਾ ਇੱਕ ਬੱਚੇ ਦੇ ਸਰੀਰ ਦੇ ਨਾਲ-ਨਾਲ ਇੱਕ ਨਵੀਂ ਮਨੁੱਖੀ ਆਤਮਾ ਨੂੰ ਵੀ ਪੈਦੇ ਕਰਦੇ ਹਨ? ਆਤਮਾ ਦੀ ਉਤਪਤੀ ਦੇ ਵਿਸ਼ੇ ਦੀ ਚਰਚਾ ਅਧਿਆਇ 7 "ਪਾਪ ਦੇ ਸਿਧਾਂਤ" ਵਿੱਚ ਕੀਤੀ ਗਈ ਹੈ ਜਿਸ ਵਿੱਚ ਮਨੁੱਖ ਦੀ ਪਾਪੀ ਸਥਿਤੀ ਦੀ ਉਤਪਤੀ ਬਾਰੇ ਵੀ ਗੱਲ ਕੀਤੀ ਜਾਵੇਗੀ।

## V. ਮਨੁੱਖ ਦੇ ਅਭੌਤਿਕ ਸੁਭਾਅ ਦੀ ਰਚਨਾ

ਕੱਟੜਵਾਦੀ ਮਸੀਹੀਆਂ ਵਿੱਚ ਮਨੁੱਖ ਦੇ ਅਭੌਤਿਕ ਸੁਭਾਅ ਦੀ ਬਣਤਰ ਬਾਰੇ ਦੋ ਵਿਚਾਰ ਹੁੰਦੇ ਹਨ। ਕੁੱਝ ਲੋਕ ਮੰਨਦੇ ਹਨ ਕਿ ਮਨੁੱਖ ਸਿਰਫ਼ ਦੋ ਅੰਗਾਂ, ਸਰੀਰ ਅਤੇ ਆਤਮਾ ਦਾ ਸੁਮੇਲ ਹੈ, ਜਿਸ ਵਿੱਚ ***ਆਤਮਾ ਅਤੇ ਪ੍ਰਾਣ*** ਸ਼ਬਦ ਇੱਕ ਦੂਜੇ ਦੇ ਲਈ ਵਰਤੇ ਜਾਂਦੇ ਹਨ। ਇਸ ਵਿਚਾਰ ਨੂੰ **ਦੋ ਭਾਗ ਦ੍ਰਿਸ਼ਟੀਕੋਣ** ਕਿਹਾ ਜਾਂਦਾ ਹੈ। ਦੂਜੇ ਅਜਿਹਾ ਮੰਨਦੇ ਹਨ ਕਿ ਮਨੁੱਖ ***ਸਰੀਰ, ਪ੍ਰਾਣ ਅਤੇ ਆਤਮਾ*** ਬਣਿਆ ਹੋਇਆ ਹੈ। ਇਸ ਵਿਚਾਰ ਨੂੰ **ਤਿੰਨ ਭਾਗ ਦ੍ਰਿਸ਼ਟੀਕੋਣ** ਕਿਹਾ ਜਾਂਦਾ ਹੈ।

### A. ਦੋ ਭਾਗ ਦ੍ਰਿਸ਼ਟੀਕੋਣ ਦੇ ਸਬੂਤ

1. **ਪ੍ਰਾਣ ਅਤੇ ਆਤਮਾ ਅਕਸਰ ਇੱਕ ਦੂਜੇ ਦੇ ਲਈ ਵਰਤੇ ਗਏ ਹਨ** (ਉਤ 41:8 ਦੀ ਤੁਲਨਾ ਜ਼ਬੂਰ 42:6 ਨਾਲ ਕਰੋ)।

> ਤਾਂ ਐਉਂ ਹੋਇਆ ਕਿ ਸਵੇਰੇ ਹੀ ਉਸ ਦਾ **ਆਤਮਾ** ਘਾਬਰ ਗਿਆ ਤਾਂ ਉਸ ਨੇ ਮਿਸਰ ਦੇ ਸਾਰੇ ਜਾਦੂਗਰ ਅਰ ਸਾਰੇ ਸਿਆਣੇ ਸੱਦ ਘੱਲੇ ਤਾਂ ਫ਼ਿਰਊਨ ਨੇ ਉਹਨਾਂ ਨੂੰ ਆਪਣਾ ਸੁਫਨਾ ਦੱਸਿਆ ਪਰ ਕੋਈ ਵੀ ਫ਼ਿਰਊਨ ਨੂੰ ਉਹਨਾਂ ਦਾ ਅਰਥ ਨਾ ਦੱਸ ਸੱਕਿਆ [ਉਤ 41:8]
>
> ਹੇ ਮੇਰੇ ਪਰਮੇਸ਼ਰ, ਮੇਰਾ ਜੀਅ ਮੇਰੇ ਅੰਦਰ ਝੁਕਿਆ ਹੋਇਆ ਹੈ…[ਜ਼ਬੂਰ 42:6]

ਯੂਹੰਨਾ 12:27 ਦੀ ਤੁਲਨਾ 13:21 ਨਾਲ ਕਰੋ।

> "ਮੇਰਾ **ਆਤਮਾ** ਦੁਖੀ ਹੈ..."[ਯੂਹੰਨਾ 12:27]
>
> ਇਸ ਤੋਂ ਬਾਅਦ ਯਿਸੂ ਆਪਣੇ **ਮਨ** ਵਿੱਚ ਬਹੁਤ ਦੁਖੀ ਹੋਏ...[ ਯੂਹੰਨਾ 13:21]

ਮੱਤੀ 20:28 ਦੀ ਤੁਲਨਾ ਮੱਤੀ 27:50 ਨਾਲ ਕਰੋ।

> "ਜਿਵੇਂ ਮਨੁੱਖ ਦਾ ਪੁੱਤਰ ਸੇਵਾ ਕਰਵਾਉਣ ਲਈ ਨਹੀਂ ਸਗੋਂ ਸੇਵਾ ਕਰਨ ਲਈ ਆਇਆ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਮੁਕਤੀ ਦਾ ਮੁੱਲ ਚੁਕਾਉਣ ਦੇ ਲਈ ਆਪਣੀ ਜਾਨ [ਯੂਨਾਨੀ ਭਾਸ਼ਾ ਵਿੱਚ ਪ੍ਰਾਣ] ਦੇਣ ਲਈ ਆਇਆ ਹੈ।" [ਮੱਤੀ 20:28]
>
> ਤਦ ਯਿਸੂ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਪ੍ਰਾਣ ਤਿਆਗ ਦਿੱਤੇ। [ਮੱਤੀ 27:50]

ਪ੍ਰਕਾਸ਼ ਦੀ ਪੋਥੀ 6:9 ਦੀ ਤੁਲਨਾ ਇਬਰਾਨੀਆਂ 12:23 ਨਾਲ ਕਰੋ।

> ਫਿਰ ਜਦੋਂ ਮੇਮਣੇ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਵੇਦੀ ਦੇ ਹੇਠ ਉਹਨਾਂ ਮਨੁੱਖਾਂ ਦੀਆਂ **ਆਤਮਾਵਾਂ** ਦੇਖੀਆਂ ਜਿਹੜੇ ਪਰਮੇਸ਼ਰ ਦੇ ਸੰਦੇਸ਼ ਦੇ ਕਾਰਨ ਅਤੇ ਆਪਣੀ ਗਵਾਹੀ ਉੱਤੇ ਪੱਕੇ ਰਹਿਣ ਦੇ ਕਾਰਨ ਕਤਲ ਕੀਤੇ ਗਏ ਸਨ। [ਪ੍ਰਕਾਸ਼ 6:9]
>
> ਤੁਸੀਂ ਉਸ ਦੇ ਜੋਠਿਆਂ ਦੀ ਕਲੀਸੀਆ ਦੇ ਕੋਲ ਪਹੁੰਚ ਗਏ ਹੋ ਜਿਹਨਾਂ ਦੇ ਨਾਂ ਸਵਰਗ ਵਿੱਚ ਲਿਖੇ ਜਾ ਚੁੱਕੇ ਹਨ। ਤੁਸੀਂ ਪਰਮੇਸ਼ਰ ਜੋ ਸਾਰਿਆਂ ਦੇ ਨਿਆਂਕਾਰ ਹਨ ਅਤੇ ਉਹਨਾਂ ਨੇਕ ਲੋਕਾਂ ਦੀਆਂ **ਆਤਮਾਵਾਂ** ਦੇ ਸਾਹਮਣੇ ਜੋ ਸੰਪੂਰਨ ਕੀਤੀਆਂ ਜਾ ਚੁੱਕੀਆਂ ਹਨ [ਇਬ 12:23]

2. **ਕਈ ਵਾਰ "ਸਰੀਰ ਅਤੇ ਆਤਮਾ", ਜਾਂ "ਸਰੀਰ ਅਤੇ ਪ੍ਰਾਣ" ਨੂੰ ਪੂਰੇ ਮਨੁੱਖ ਦੀ ਬਣਤਰ ਕਿਹਾ ਜਾਂਦਾ ਹੈ।**

> "ਤੁਸੀਂ ਉਹਨਾਂ ਤੋਂ ਨਾ ਡਰੋ ਜਿਹੜੇ ਕੇਵਲ **ਸਰੀਰ** ਨੂੰ ਹੀ ਮਾਰ ਸਕਦੇ ਹਨ ਪਰ **ਆਤਮਾ** ਦਾ ਕੁਝ ਵੀ ਨਹੀਂ ਵਿਗਾੜ ਸਕਦੇ। ਹਾਂ, ਪਰਮੇਸ਼ਰ ਤੋਂ ਜ਼ਰੂਰ ਡਰੋ ਜਿਹੜੇ ਸਰੀਰ ਅਤੇ ਆਤਮਾ ਦੋਨਾਂ ਦਾ ਨਰਕ ਕੁੰਡ ਵਿੱਚ ਨਾਸ਼ ਕਰ ਸਕਦੇ ਹਨ।" [ਮੱਤੀ10:28]
>
> ਭਾਵੇਂ ਮੈਂ **ਸਰੀਰਕ** ਤੌਰ ਤੇ ਤੁਹਾਡੇ ਤੋਂ ਦੂਰ ਹਾਂ ਪਰ ਮੈਂ **ਆਤਮਿਕ** ਤੌਰ ਤੇ ਤੁਹਾਡੇ ਨਾਲ ਹਾਂ। ਇਸ ਤਰ੍ਹਾਂ ਤੁਹਾਡੇ ਵਿੱਚ ਆਪਣੇ ਆਪ ਨੂੰ ਹਾਜ਼ਰ ਮੰਨਦੇ ਹੋਏ, ਮੈਂ ਉਸ ਬੁਰੇ ਕੰਮ ਕਰਨ ਵਾਲੇ ਦੇ ਵਿਰੁੱਧ ਆਪਣਾ ਫ਼ੈਸਲਾ ਦੇ ਚੁੱਕਾ ਹਾਂ। [1

ਕੁਰਿੰਥ 5:3]

ਮੇਰੇ ਪਿਆਰੇ ਮਿੱਤਰ, ਮੇਰੀ ਤੇਰੇ ਲਈ ਪ੍ਰਾਰਥਨਾ ਹੈ ਕਿ ਜਿਵੇਂ ਤੂੰ **ਆਤਮਿਕ** ਤਰੱਕੀ ਕਰ ਰਿਹਾ ਹੈਂ ਉਸੇ ਤਰ੍ਹਾਂ ਤੂੰ ਸਾਰੀਆਂ ਗੱਲਾਂ ਦੇ ਵਿੱਚ ਤਰੱਕੀ ਕਰੇਂ ਅਤੇ **ਤੰਦਰੁਸਤ** ਰਹੇਂ। [3 ਯੂਹੰਨਾ 1:2]

### 3. ਤਿੰਨ ਭਾਗ ਮਨੁੱਖ ਦੇ ਵਿਚਾਰ ਦਾ ਖੰਡਨ

ਤਿੰਨ ਭਾਗ ਵਿਚਾਰ ਵਾਲੇ ਲੋਕ ਅਕਸਰ ਇਹ ਸਿਖਾਉਂਦੇ ਹਨ ਕਿ ਮਨੁੱਖ ਦੀ ਆਤਮਾ ਉਸ ਦੇ ਅਭੌਤਿਕ ਸੁਭਾਅ ਦਾ ਧਾਰਮਿਕ ਭਾਗ ਹੈ, ਜਦੋਂ ਕਿ ਪ੍ਰਾਣ ਜਾਂ ਮਨ ਵਿੱਚ ਬੁੱਧ, ਭਾਵਨਾਵਾਂ ਅਤੇ ਇੱਛਾ ਸ਼ਕਤੀ ਹੁੰਦੀ ਹੈ। ਪਰ ਦੋ ਭਾਗ ਵਿਚਾਰ ਵਾਲੇ ਇਸ ਗੱਲ ਉੱਤੇ ਵੀ ਜ਼ੋਰ ਦਿੰਦੇ ਹਨ ਕਿ ਉਪਦੇਸ਼ਕ 3:21 ਵਿੱਚ ਅਜਿਹਾ ਕਿਹਾ ਗਿਆ ਹੈ ਕਿ ਜਾਨਵਰਾਂ ਦੀ ਵੀ ਆਤਮਾ ਹੁੰਦੀ ਹੈ, ਅਤੇ ਧਰਮ ਦੇ ਉੱਚ ਅਭਿਆਸ ਆਤਮਾ ਨਾਲ ਜੋੜੇ ਗਏ ਹਨ (ਮਰਕੁਸ 12:30; ਲੂਕਾ 1:46; ਇਬ 6:18-19; ਅਤੇ ਯਾਕੂਬ 1:21)। ਪਰਮੇਸ਼ਰ ਇੱਕ ਆਤਮਾ ਹਨ, ਪਰ ਅਜਿਹਾ ਕਿਹਾ ਜਾਂਦਾ ਹੈ ਕਿ ਉਹਨਾਂ ਵਿੱਚ ਪ੍ਰਾਣ ਵੀ ਹੈ (ਆਮੋਸ 6:8 ਇਬਰਾਨੀ ਭਾਸ਼ਾ ਵਿੱਚ)। ਮਰੇ ਹੋਏ ਲੋਕ ਜੋ ਸਵਰਗ ਵਿੱਚ ਹਨ, ਉਹਨਾਂ ਦੀਆਂ ਆਤਮਾਵਾਂ ਹਨ (ਪ੍ਰਕਾਸ਼ 6:9; 20:4)। ਇਸ ਲਈ, ਬਾਈਬਲ ਵਿੱਚ ਅਜਿਹੀ ਕੋਈ ਸਪੱਸ਼ਟ ਵੰਡ ਨਹੀਂ ਹੈ ਜਿੱਥੇ ਆਤਮਾ ਸਿਰਫ਼ ਮਨੁੱਖ ਦੇ ਪਰਮੇਸ਼ਰ ਨਾਲ ਸੰਬੰਧਾਂ ਬਾਰੇ ਹੈ, ਅਤੇ ਪ੍ਰਾਣ ਸਿਰਫ਼ ਦੂਜੇ ਮਨੁੱਖਾਂ ਦੇ ਨਾਲ ਸੰਬੰਧ ਬਾਰੇ ਦੱਸਣ ਵਾਲਾ ਭਾਗ ਹੈ। ਇੱਕ ਸਪੱਸ਼ਟ ਰੂਪ ਵਿੱਚ, ਪ੍ਰਾਣ ਵੀ ਮਨੁੱਖ ਦਾ ਇੱਕ ਅਜਿਹਾ ਹਿੱਸਾ ਹੈ ਜੋ ਆਤਮਿਕ ਗੱਲਾਂ ਨਾਲ ਜੁੜਿਆ ਹੁੰਦਾ ਹੈ।

ਦੋ ਭਾਗ ਵਿਚਾਰ ਵਾਲਿਆਂ ਦੇ ਲਈ, 1 ਥੱਸਲੁ 5:23 ਇਹ ਸਾਬਤ ਨਹੀਂ ਕਰਦਾ ਹੈ ਕਿ ਪ੍ਰਾਣ ਅਤੇ ਆਤਮਾ ਇੱਕ-ਦੂਜੇ ਤੋਂ ਵੱਖ ਹੈ। ਸ਼ਬਦ "ਸਰੀਰ, ਪ੍ਰਾਣ ਅਤੇ ਆਤਮਾ" ਵਿੱਚ ਆਖ਼ਰੀ ਦੋ ਸ਼ਬਦਾਂ ਨੂੰ ਉਵੇਂ ਹੀ ਇੱਕ ਰੂਪ ਵਿੱਚ ਦੇਖਿਆ ਜਾਂਦਾ ਹੈ ਜਿਵੇਂ ਮਰਕੁਸ 12:30 ਵਿੱਚ ਦੇਖਿਆ ਗਿਆ ਹੈ ("ਪ੍ਰਭੂ ਆਪਣੇ ਪਰਮੇਸ਼ਰ ਨੂੰ ਆਪਣੇ ਸਾਰੇ ਦਿਲ ਨਾਲ, ਆਪਣੀ ਸਾਰੀ ਜਾਨ ਨਾਲ, ਆਪਣੀ ਸਾਰੀ ਬੁੱਧ ਨਾਲ ਅਤੇ ਆਪਣੇ ਸਾਰੇ ਬਲ ਨਾਲ ਪਿਆਰ ਕਰ")। ਇਸੇ ਤਰ੍ਹਾਂ, ਦੋ ਭਾਗ ਵਿਚਾਰ ਦੇ ਲਈ ਇਬਰਾਨੀਆਂ 4:12 ਵੀ ਪ੍ਰਾਣ/ਜਾਨ ਅਤੇ ਆਤਮਾ ਬਾਰੇ ਇੱਕੋ ਜਿਹੇ ਰੂਪ ਵਿੱਚ ਗੱਲ ਕਰਦਾ ਹੈ। ਇਹ ਕਹਿਣਾ ਕਿ ਪਰਮੇਸ਼ਰ ਦਾ ਵਚਨ ਪ੍ਰਾਣ ਅਤੇ ਆਤਮਾ ਨੂੰ ਅਲੱਗ ਕਰਦਾ ਹੈ, ਸ਼ਾਇਦ ਇਹ ਇਸ ਤਰ੍ਹਾਂ ਕਹਿਣਾ ਨਹੀਂ ਹੈ ਕਿ ਇਹ ਪ੍ਰਾਣ ਨੂੰ ਆਤਮਾ ਤੋਂ ਵੰਡਦਾ ਹੈ। ਇਹ ਸਿਰਫ਼ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਪਰਮੇਸ਼ਰ ਦਾ ਵਚਨ ਮਨੁੱਖ ਦੀ ਦਿਖਾਈ ਨਾ ਦੇਣ ਵਾਲੀ ਹੋਂਦ ਨੂੰ ਵੰਡਦਾ ਹੈ, ਜਿਸ ਨੂੰ ਪ੍ਰਾਣ ਜਾਂ ਆਤਮਾ ਕਿਹਾ ਜਾ ਸਕਦਾ ਹੈ।

### B. ਤਿੰਨ ਭਾਗ ਵਿਚਾਰ ਦੇ ਸਬੂਤ

ਕਈ ਵਾਰ ਆਤਮਾ ਅਤੇ ਪ੍ਰਾਣ ਨੂੰ ਵੰਡਿਆ ਗਿਆ ਹੈ, ਅਤੇ ਕਈ ਵਾਰ ਇਹਨਾਂ ਵਿੱਚ ਇੱਕ ਅੰਤਰ ਦਿਖਾਈ ਦਿੰਦਾ ਹੈ।

ਹੁਣ ਪਰਮੇਸ਼ਰ ਆਪ, ਜੋ ਸ਼ਾਂਤੀ ਦੇ ਦਾਤਾ ਹਨ, ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰਨ ਅਤੇ ਤੁਹਾਡੀ ਸੰਪੂਰਨ **ਆਤਮਾ, ਪ੍ਰਾਣ/ਮਨ** ਅਤੇ ਸਰੀਰ ਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਤੱਕ ਨਿਰਦੋਸ਼ ਰੱਖਣ। [1 ਥੱਸਲੁ 5:23]

ਪਰਮੇਸ਼ਰ ਦਾ ਵਚਨ ਜਿਉਂਦਾ ਅਤੇ ਪ੍ਰਭਾਵਸ਼ਾਲੀ ਹੈ। ਇਹ ਹਰ ਦੋਧਾਰੀ ਤਲਵਾਰ ਤੋਂ ਵੀ ਤਿੱਖਾ ਹੈ। **ਇਹ ਜਾਨ ਅਤੇ ਆਤਮਾ,** ਜੋੜ-ਜੋੜ ਅਤੇ ਗੁੱਦੇ-ਗੁੱਦੇ ਨੂੰ ਵਿੰਨ੍ਹ ਕੇ ਆਰ ਪਾਰ ਹੋ ਜਾਂਦਾ ਹੈ। ਇਹ ਦਿਲ ਦੇ ਵਿਚਾਰਾਂ ਅਤੇ ਇਰਾਦਿਆਂ ਦੀ ਜਾਂਚ ਕਰਦਾ ਹੈ। [ਇਬ 4:12]

ਪਰ **ਸਰੀਰਕ** ਮਨੁੱਖ.... ਪਰ **ਆਤਮਿਕ** ਮਨੁੱਖ...[1 ਕੁਰਿੰਥ 2:14-15]

ਇਹ **ਸੰਸਾਰਕ** ਸਰੀਰ ਨਾਲ ਦੱਬਿਆ ਜਾਂਦਾ, ਪਰ **ਆਤਮਿਕ** ਸਰੀਰ ਨਾਲ ਜਿਉਂਦਾ ਕੀਤਾ ਜਾਂਦਾ ਹੈ...[1 ਕੁਰਿੰਥ 15:44]

1 ਥੱਸਲੁਨੀਕੀਆਂ 5:23 ਵਿੱਚ ਪੌਲੁਸ ਮਨੁੱਖ ਨੂੰ ਤਿੰਨ ਹਿੱਸਿਆਂ ਵਾਲਾ ਮੰਨਦਾ ਹੈ। ਇਸੇ ਤਰ੍ਹਾਂ, ਇਬਰਾਨੀਆਂ ਦਾ ਲੇਖਕ ਇਬ. 4:12 ਵਿੱਚ ਪ੍ਰਾਣ ਨੂੰ ਆਤਮਾ ਤੋਂ ਅਲੱਗ ਦੇਖਦਾ ਹੈ। 1 ਕੁਰਿੰਥੀਆਂ ਅਧਿਆਇ 2 ਅਤੇ 15 ਵਿੱਚ ਪ੍ਰਾਣ ਅਤੇ ਆਤਮਾ ਵਿੱਚ ਫ਼ਰਕ ਬਾਰੇ ਇੱਕ ਸੰਕੇਤ ਦਿੱਤਾ ਗਿਆ ਹੈ। ਪ੍ਰਾਣ ਮਨੁੱਖ ਦੇ ਗ਼ੈਰ-ਸਵਰਗੀ ਅਤੇ ਕੁਦਰਤੀ ਸੰਬੰਧਾਂ ਨੂੰ ਦਰਸਾਉਂਦਾ ਹੈ। ਆਤਮਾ ਮਨੁੱਖ ਦੇ ਸਵਰਗੀ ਸੰਬੰਧਾਂ ਨੂੰ ਦਰਸਾਉਂਦਾ ਹੈ। ਤਿੰਨ ਭਾਗ ਵਿਚਾਰ ਵਿਚਾਰ ਦੱਸਦਾ ਹੈ ਕਿ ਪ੍ਰਾਣ ਮਨੁੱਖ ਦੀ ਅਭੌਤਿਕ ਪ੍ਰਕਿਰਤੀ ਦਾ ਉਹ ਹਿੱਸਾ ਹੈ ਜੋ ਦੂਜੇ ਮਨੁੱਖਾਂ ਅਤੇ ਸਿਰਜੇ ਹੋਏ ਸੰਸਾਰ ਨਾਲ ਸੰਬੰਧਿਤ ਹੈ। ਆਤਮਾ ਮਨੁੱਖ ਦੇ ਅਭੌਤਿਕ ਸੁਭਾਅ ਦਾ ਉਹ ਹਿੱਸਾ ਹੈ ਜੋ ਉਸ ਵਿੱਚ ਇੱਕ ਧਾਰਮਿਕ ਸੰਬੰਧ ਦੀ ਸਮਰੱਥਾ ਪੈਦਾ ਕਰਦਾ ਹੈ।[9]

### C. ਇਸ ਮੁੱਦੇ ਉੱਤੇ ਵਿਚਾਰ

ਦੋਵੇਂ ਵਿਚਾਰਾਂ ਦੀਆਂ ਸਕਾਰਾਤਮਕ ਗੱਲਾਂ ਹਨ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਕਿਸੇ ਗੱਲ ਨੂੰ ਦੋ ਹਿੱਸਿਆਂ ਵਿੱਚ ਵੰਡਣ ਅਤੇ ਫਿਰ ਉਹਨਾਂ ਹਿੱਸਿਆਂ ਦੇ ਵੱਖ-ਵੱਖ ਕੰਮਾਂ ਨੂੰ ਸਮਝਣ ਵਿੱਚ ਅਸਫਲ ਹੋ ਜਾਂਦੇ ਹਾਂ। ਚਾਕਲੇਟ ਆਈਸ ਕਰੀਮ ਵਿੱਚੋਂ ਚਾਕਲੇਟ ਨੂੰ ਵਨੀਲਾ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ, ਪਰ ਦੋਵਾਂ ਵਿਚਕਾਰ ਅੰਤਰ ਨੂੰ

[9] ਲੇਖਕ ਦਾ ਇਹ ਮੰਨਣਾ ਹੈ ਕਿ ਇੱਕ ਅਵਿਸ਼ਵਾਸੀ ਵਿਅਕਤੀ ਵਿੱਚ ਵੀ ਆਤਮਾ ਹੋ ਸਕਦਾ ਹੈ। ਉਸ ਕੋਲ ਇੱਕ ਆਤਮਾ ਹੈ, ਪਰ ਇਹ ਸਹੀ ਤਰ੍ਹਾਂ ਕੰਮ ਨਹੀਂ ਕਰ ਰਿਹਾ ਹੈ। ਇੱਕ ਕਾਰ ਰੱਖਣ ਅਤੇ ਇੱਕ ਚੱਲਣ ਵਾਲੀ ਕਾਰ ਰੱਖਣ ਵਿੱਚ ਅੰਤਰ ਹੈ। ਅਵਿਸ਼ਵਾਸੀ ਲੋਕਾਂ ਦਾ ਅਜੇ ਵੀ ਇੱਕ ਆਤਮਿਕ ਪੱਖ ਹੁੰਦਾ ਹੈ, ਪਰ ਉਹ ਝੂਠੀ ਅਰਾਧਨਾ ਕਰ ਸਕਦੇ ਹਨ। (ਇੱਕ ਦੁਸ਼ਟ ਆਤਮਾ ਦੇ ਬਾਰੇ ਵਿਚਾਰ ਕਰੋ, ਅਤੇ ਇੱਕ "ਆਤਮਾ " ਦੇ ਦੁਸ਼ਟ ਹੋਣ ਬਾਰੇ ਦੇਖੋ, 1 ਕੁਰਿੰਥ 2:11; 2 ਕੁਰਿੰਥ 7:1 ਇਬ 12:9; ਯਾਕੂਬ 4:5)।

ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਦੋ ਭਾਗ ਵਿਚਾਰ ਵਿੱਚ ਇਹ ਸੱਚਾਈ ਹੈ ਕਿ ਮਨੁੱਖ ਦੇ ਅਭੌਤਿਕ ਸੁਭਾਅ ਨੂੰ ਪ੍ਰਾਣ ਅਤੇ ਆਤਮਾ ਵਿੱਚ ਵੰਡਿਆ ਨਹੀਂ ਜਾਂਦਾ ਹੈ। ਮਨੁੱਖ ਦਾ ਅਭੌਤਿਕ ਸੁਭਾਅ ਇੱਕ ਸੰਯੁਕਤ ਤੱਤ ਹੈ। ਇਸ ਲਈ, ਜਦੋਂ ਮਨੁੱਖ ਦੇ ਅਭੌਤਿਕ ਸੁਭਾਅ ਬਾਰੇ ਆਮ ਸ਼ਬਦਾਂ ਵਿੱਚ ਗੱਲ ਕੀਤੀ ਜਾਂਦੀ ਹੈ, ਤਾਂ *ਪ੍ਰਾਣ ਅਤੇ ਆਤਮਾ* ਸ਼ਬਦਾਂ ਦੀ ਇੱਕ-ਦੂਜੇ ਦੇ ਲਈ ਵਰਤੋਂ ਕਰਨਾ ਸਹੀ ਹੈ। ਬਾਈਬਲ ਦੇ ਲੇਖਕਾਂ ਨੇ ਅਕਸਰ ਅਜਿਹਾ ਕੀਤਾ ਹੈ।

ਪਰ, ਅਜਿਹਾ ਵੀ ਲੱਗਦਾ ਹੈ ਕਿ ਜੇਕਰ ਇੱਕ ਵਿਅਕਤੀ ਕਿਸੇ ਉਚਿਤ ਭਾਸ਼ਾ ਦੀ ਵਰਤੋਂ ਕਰਨਾ ਚਾਹੁੰਦਾ ਹੈ, ਤਾਂ *ਪ੍ਰਾਣ ਅਤੇ ਆਤਮਾ* ਨੂੰ ਇੱਕ-ਦੂਜੇ ਤੋਂ ਅਲੱਗ ਵੀ ਕੀਤਾ ਜਾ ਸਕਦਾ ਹੈ। ਕੁਝ ਸੰਦਰਭਾਂ ਵਿੱਚ, ਬਾਈਬਲ ਦਾ ਲੇਖਕ ਪਰਿਭਾਸ਼ਿਕ ਅਤੇ ਸਟੀਕ ਹੋਣਾ ਚਾਹੁੰਦਾ ਹੈ। ਇਸ ਲਈ, ਉਹ ਪ੍ਰਾਣ ਅਤੇ ਆਤਮਾ ਵਿੱਚ ਫ਼ਰਕ ਕਰਦਾ ਹੈ। ਅਜਿਹੇ ਸੰਦਰਭਾਂ ਵਿੱਚ, *ਪ੍ਰਾਣ* ਨੂੰ ਮਨੁੱਖ ਦੀ ਅਭੌਤਿਕ ਰਚਨਾ (ਬੁੱਧ, ਭਾਵਨਾ ਅਤੇ ਇੱਛਾ) ਦੇ ਸੰਦਰਭ ਵਿੱਚ ਦੇਖਣਾ ਸਭ ਤੋਂ ਵਧੀਆ ਹੋਵੇਗਾ, ਜਿਸ ਵਿੱਚ ਉਹ ਸੰਸਾਰ ਦੇ ਨਾਲ, ਆਪਣੇ ਆਪ ਦੇ ਨਾਲ, ਅਤੇ ਦੂਜੇ ਮਨੁੱਖਾਂ ਦੇ ਨਾਲ ਸੰਬੰਧ ਰੱਖਦਾ ਹੈ। ਆਤਮਾ ਮਨੁੱਖ ਦੀ ਅਭੌਤਿਕ ਰਚਨਾ (ਬੁੱਧੀ, ਭਾਵਨਾ ਅਤੇ ਇੱਛਾ) ਦਾ ਉਹ ਹਿੱਸਾ ਹੈ ਜਿਸ ਵਿੱਚ ਉਹ ਗ਼ੈਰ-ਧਰਤੀ (ਅਲੌਕਿਕ ਚੀਜ਼ਾਂ) ਨਾਲ ਸੰਬੰਧ ਰੱਖਦਾ ਹੈ। ਤਿੰਨ ਭਾਗ ਵਿੱਚ ਸੱਚਾਈ ਇਹ ਹੈ ਕਿ ਮਨੁੱਖ ਦੇ ਅਭੌਤਿਕ ਸੁਭਾਅ ਦੇ ਕੰਮਾਂ ਨੂੰ ਵੱਖ ਕੀਤਾ ਜਾ ਸਕਦਾ ਹੈ ਭਾਵੇਂ ਮਨੁੱਖ ਦੇ ਅਭੌਤਿਕ ਸੁਭਾਅ ਨੂੰ ਦੋ ਵਿਰੋਧੀ ਹਿੱਸਿਆਂ ਵਿੱਚ ਨਹੀਂ ਵੰਡਿਆ ਗਿਆ ਹੋਵੇ।

## VI. ਮਨੁੱਖ ਦੀ ਸਰੀਰਕ ਹੋਂਦ

ਇੱਕ ਦੋਹਰੇ ਵਿਚਾਰ ਦੇ ਉਲਟ ਜਿੱਥੇ ਭੌਤਿਕਤਾ ਨੂੰ ਦੁਸ਼ਟ ਅਤੇ ਆਤਮਾ ਨੂੰ ਚੰਗਾ ਮੰਨਿਆ ਜਾਂਦਾ ਹੈ, ਬਾਈਬਲ ਭੌਤਿਕ ਸਰੀਰ ਨੂੰ ਸਿਰਫ਼ ਇਸ ਕਾਰਨ ਦੋਸ਼ੀ ਨਹੀਂ ਠਹਿਰਾਉਂਦੀ ਕਿਉਂਕਿ ਇਹ ਸਰੀਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਰੀਰ ਪਾਪ ਦੇ ਕਾਬੂ ਵਿੱਚ ਹੋ ਸਕਦਾ ਹੈ (ਰੋਮੀ 6:12-13), ਪਰ ਮਸੀਹੀਆਂ ਨੂੰ ਸਰੀਰ ਨੂੰ ਕੁਦਰਤੀ ਤੌਰ ਤੇ ਬੁਰਾ ਨਹੀਂ ਸਮਝਣਾ ਚਾਹੀਦਾ ਹੈ। ਮੁੱਖ ਗੱਲ ਇਹ ਹੈ ਕਿ ਇੱਕ ਵਿਅਕਤੀ ਆਪਣੇ ਸਰੀਰ ਦੀ ਵਰਤੋਂ ਕਿਵੇਂ ਕਰਦਾ ਹੈ। ਇਹ ਪਰਮੇਸ਼ਰ ਅੱਗੇ "ਪਵਿੱਤਰ ਬਲੀਦਾਨ" ਵਜੋਂ ਚੜਾਇਆ ਜਾਣਾ ਚਾਹੀਦਾ ਹੈ (ਰੋਮੀ 12:1-2), ਅਤੇ ਵਿਸ਼ਵਾਸੀਆਂ ਦੇ ਲਈ ਇਹ ਪਵਿੱਤਰ ਆਤਮਾ ਦੀ ਹੈਕਲ ਹੈ ਜਿਸ ਵਿੱਚ ਉਹ ਵੱਸਦਾ ਹੈ (1 ਕੁਰਿੰਥ 6:19-20)।[10]

[10] ਅਣਜੰਮੇ ਅਤੇ ਛੋਟੇ ਬੱਚਿਆਂ ਦੀ ਮੁਕਤੀ ਨਾਲ ਸੰਬੰਧਿਤ ਵਚਨਾਂ ਦੇ ਲਈ, ਕਿਰਪਾ ਕਰਕੇ ਵੈਸਟਕਲਿਫ ਬਾਈਬਲ ਚਰਚ ਟੇਪ ਦੀ ਸਲਾਹ ਲਓ, ਜਿਸ ਦਾ ਸਿਰਲੇਖ ਹੈ *ਪਰਮੇਸ਼ਰ ਦਾ ਅਣਜੰਮੇ ਪ੍ਰਤੀ ਨਜ਼ਰੀਆ* (ਮਾਰਚ 10,1985), ਅਤੇ 2 ਸਮੂਏਲ 12:15-31 ਵੀ ਦੇਖੋ (ਜੂਨ, 17, 1987), ਸਟੀਵਨ ਵਾਟਰਹਾਊਸ, *ਲਾਈਫਜ਼ ਟਫ ਕਵੈਸ਼ਚਨਜ਼* (ਅਮਰਿਲੋ ਟੀਐਕਸ, ਵੈਸਟਕਲਿਫ ਪ੍ਰੈਸ, 2005) ਅਧਿਆਇ 44.

ਅਧਿਆਇ 7

# ਪਾਪ ਦਾ ਸਿਧਾਂਤ

**ਰੂਪ ਰੇਖਾ**


I. ਪਾਪ ਦੀ ਪਰਿਭਾਸ਼ਾ 73
  A. ਬਾਈਬਲ ਦੇ ਅਨੁਸਾਰ ਪਾਪ ਦੀ ਪਰਿਭਾਸ਼ਾ
    1. ਬਿਵਸਥਾ ਦਾ ਵਿਰੋਧ ਕਰਨਾ
    2. ਅਧਰਮ
    3. ਜੋ ਵਿਸ਼ਵਾਸ ਤੇ ਆਧਾਰਿਤ ਨਹੀਂ ਹੈ
    4. ਘਮੰਡੀ ਅੱਖਾਂ ਅਤੇ ਹੰਕਾਰੀ ਮਨ
    5. ਸਹੀ ਕੰਮ ਜਾਣ ਕੇ ਉਸ ਅਨੁਸਾਰ ਨਹੀਂ ਕਰਨਾ
    6. ਆਪਣੀ ਜਾਨ ਦਾ ਨੁਕਸਾਨ ਕਰਨਾ 74
  B. ਬਾਈਬਲ ਵਿੱਚੋਂ ਪਾਪ ਦੇ ਲਈ ਚੁਣੇ ਹੋਏ ਸ਼ਬਦਾਂ ਦਾ ਅਧਿਐਨ
    1. ਪਾਪ ਬਾਰੇ ਸਿਖਾਉਣ ਵਾਲੇ ਇਬਰਾਨੀ ਸ਼ਬਦ
      a. *ਹਾਤਾ* (ਪਾਪ)
      b. *ਪਾਸ਼ਾ* (ਉਲੰਘਣਾ)
      c. *ਅਵੋਨ* (ਬਦੀ)
      d. *ਰਾ* (ਬੁਰਾ)
      e. ਪੁਰਾਣੇ ਨੇਮ ਦੇ ਸ਼ਬਦਾਂ ਦਾ ਸਾਰ
    2. ਪਾਪ ਬਾਰੇ ਸਿਖਾਉਣ ਵਾਲੇ ਯੂਨਾਨੀ ਸ਼ਬਦ 75
      a. *ਹਾਮਾਰਟੀਆ* ਅਤੇ *ਹਾਰਮਾਰਤਾਨੇ* (ਪਾਪ)
      *b.* *ਹਾਮਾਰਟੀਆ* ਤੋਂ ਇਲਾਵਾ ਸ਼ਬਦ
        (1) *ਅਦਿੱਕੀਓ, ਅਦਿੱਕੀਆ* (ਦੁਸ਼ਟਤਾ)
        (2) *ਪੈਰਾਪਟੋਮਾ* (ਦੋਸ਼, ਅਪਰਾਧ)
        (3) *ਐਨੋਮੀਆ* (ਕੁਧਰਮ, ਬਦੀ)
        (4) *ਪੈਰਾਬੇਸਿਸ* (ਉਲੰਘਣਾ)
        (5) *ਅਸੀਬੀਆ* (ਅਪਵਿੱਤਰ) 76
        (6) *ਕਾਕੋਸ* (ਬੁਰਾ)
        (7) *ਪੋਨਰੋਸ* (ਬੁਰਾ)
    3. ਸਾਰ
II. ਪਾਪ ਦੀ ਸ਼ੁਰੂਆਤ
  A. ਧਰਤੀ ਉੱਤੇ ਪਾਪ ਦੀ ਸ਼ੁਰੂਆਤ
  B. ਮਨੁੱਖਜਾਤੀ ਵਿੱਚ ਪਾਪ ਦੀ ਸ਼ੁਰੂਆਤ
  C. ਵਿਅਕਤੀਗਤ ਆਤਮਾ ਵਿੱਚ ਪਾਪ ਦੀ ਸ਼ੁਰੂਆਤ
    1. ਹਰੇਕ ਪੀੜ੍ਹੀ ਵਿੱਚ ਪਾਪ ਦਾ ਸੰਚਾਰ
      a. ਸਿਰਜਣਾਵਾਦ ਵਿਚਾਰ 77
      b. ਮਾਪਿਆਂ ਤੋਂ ਆਤਮਾ ਦੇ ਮਿਲਣ ਦਾ ਵਿਚਾਰ
    2. ਸਾਡੇ ਉੱਤੇ ਆਦਮ ਦੇ ਪਾਪ ਦਾ ਦੋਸ਼ 78
      a. ਪੇਲੇਜੀਅਨ ਵਿਚਾਰ
      b. ਅੱਧ-ਪੈਲੇਜੀਅਨ ਵਿਚਾਰ
      c. ਸੰਘੀ ਪ੍ਰਤਿਨਿਧਿਤਾ ਵਿਚਾਰ
      d. ਅਗਸਟੀਨੀਅਨ, ਕੁਦਰਤੀ, ਜਾਂ ਬੀਜ ਰੂਪ ਵਿਚਾਰ 79
      e. ਸਾਡੇ ਉੱਤੇ ਆਦਮ ਦੇ ਪਾਪ ਦੇ ਦੋਸ਼ ਬਾਰੇ ਸਿੱਟੇ
III. ਪਾਪ ਦੀ ਹੱਦ
IV. ਇੱਕ ਵਿਸ਼ਵਾਸੀ ਦੇ ਦੋ ਸੁਭਾਅ 80
  A. *ਸੁਭਾਅ* ਸ਼ਬਦ ਦੀ ਪਰਿਭਾਸ਼ਾ
  B. ਪੁਰਾਣਾ ਸੁਭਾਅ
  C. ਨਵਾਂ ਸੁਭਾਅ 81


## *ਪਾਪ ਦਾ ਸਿਧਾਂਤ*

### I. ਪਾਪ ਦੀ ਪਰਿਭਾਸ਼ਾ

### A. ਬਾਈਬਲ ਦੇ ਅਨੁਸਾਰ ਪਾਪ ਦੀ ਪਰਿਭਾਸ਼ਾ

ਬਾਈਬਲ ਪਾਪ ਦੀ ਇੱਕ ਵਿਆਪਕ ਪਰਿਭਾਸ਼ਾ ਨਹੀਂ ਦਿੰਦੀ ਹੈ, ਪਰ ਇਹ ਪਾਪ ਦੇ ਕਈ ਵਰਣਨ ਦਿੰਦੀ ਹੈ।

#### 1. ਬਿਵਸਥਾ ਦਾ ਵਿਰੋਧ ਕਰਨਾ

... ਬਿਵਸਥਾ ਦਾ ਵਿਰੋਧ ਪਾਪ ਹੈ [1 ਯੂਹੰਨਾ 3:4]

#### 2. ਅਧਰਮ

ਹਰ ਗ਼ਲਤ ਕੰਮ ਪਾਪ ਹੈ...[1 ਯੂਹੰਨਾ 5:17]

#### 3. ਜੋ ਵਿਸ਼ਵਾਸ ਉੱਤੇ ਆਧਾਰਿਤ ਨਹੀਂ ਹੈ

... ਜੋ ਕੁਝ ਵਿਸ਼ਵਾਸ ਉੱਤੇ ਆਧਾਰਿਤ ਨਹੀਂ ਹੈ, ਉਹ ਪਾਪ ਹੈ [ਰੋਮੀ 14:23]

#### 4. ਘਮੰਡੀ ਅੱਖਾਂ ਅਤੇ ਹੰਕਾਰੀ ਮਨ

ਘਮੰਡੀ ਅੱਖਾਂ, ਹੰਕਾਰੀ ਮਨ ਅਤੇ ਦੁਸ਼ਟਾਂ ਦਾ ਦੀਵਾ, ਪਾਪ ਹਨ। [ਕਹਾਉਤਾਂ 21:4]

#### 5. ਸਹੀ ਕੰਮ ਜਾਣ ਕੇ ਉਸ ਅਨੁਸਾਰ ਨਹੀਂ ਕਰਨਾ

“ਇਸ ਲਈ ਜੋ ਕੋਈ ਭਲਾਈ ਕਰਨੀ ਜਾਣਦਾ ਹੈ ਅਤੇ ਨਹੀਂ ਕਰਦਾ, ਉਹ ਪਾਪ ਕਰਦਾ ਹੈ। [ਯਾਕੂਬ 4:17]

### 6. ਆਪਣੀ ਜਾਨ ਦਾ ਨੁਕਸਾਨ ਕਰਨਾ

"ਪਰ ਜੋ ਮੇਰਾ ਪਾਪ ਕਰਦਾ ਹੈ ਉਹ ਆਪਣੀ ਜਾਨ ਦਾ ਨੁਕਸਾਨ ਕਰਦਾ ਹੈ" [ਕਹਾਉਤਾਂ. 8:36a]।

## B. ਬਾਈਬਲ ਵਿੱਚੋਂ ਪਾਪ ਦੇ ਲਈ ਚੁਣੇ ਹੋਏ ਸ਼ਬਦਾਂ ਦਾ ਅਧਿਐਨ

### 1. ਪਾਪ ਬਾਰੇ ਸਿਖਾਉਣ ਵਾਲੇ ਇਬਰਾਨੀ ਸ਼ਬਦ

#### a. *ਹਾਤਾ*– ਇਸ ਨੂੰ ਕਾਤਾ ਬੋਲਿਆ ਜਾਂਦਾ ਹੈ (ਪਾਪ)

ਇਹ ਪੁਰਾਣੇ ਨੇਮ ਵਿੱਚ ਪਾਪ ਦੇ ਲਈ ਸਭ ਤੋਂ ਆਮ ਸ਼ਬਦ ਹੈ। ਇਹ ਲਗਭਗ 580 ਵਾਰ ਆਉਂਦਾ ਹੈ। ਧਰਮ-ਨਿਰਪੱਖ ਸੰਦਰਭ ਵਿੱਚ, ਇਹ ਇੱਕ ਨਿਸ਼ਾਨ ਜਾਂ ਇੱਕ ਰਾਹ ਨੂੰ ਗੁਆ ਦੇਣਾ ਹੈ। ਨਿਆਂਈਆਂ 20:16 ਖੱਬੇ ਹੱਥ ਦੇ ਜੁਆਨਾਂ ਦੀ ਗੱਲ ਕਰਦਾ ਹੈ ਜੋ ਗੁਲੇਲ ਨਾਲ ਪੱਥਰ ਦਾ ਨਿਸ਼ਾਨਾ ਲਗਾਉਂਦੇ ਸਨ ਅਤੇ ਕਦੀ ਚੂਕਦੇ ਨਹੀਂ ਸਨ (ਇਹ ਸ਼ਾਬਦਿਕ ਤੌਰ ਤੇ ਪਾਪ ਨਹੀਂ ਹੈ!) ਕਹਾਉਤਾਂ 19:2 ਕਾਹਲੀ ਕਰਨ ਵਾਲੇ ਆਦਮੀ ਦੀ ਗੱਲ ਕਰਦਾ ਹੈ ਜੋ ਆਪਣੇ ਪੈਰਾਂ ਨਾਲ ਪਾਪ ਕਰਦਾ ਹੈ, ਜਿਵੇਂ ਕਿ., ਉਹ ਸਹੀ ਰਾਹ ਤੋਂ ਭਟਕ ਜਾਂਦਾ ਹੈ। ਇਹ ਸ਼ਬਦ ਨੈਤਿਕ ਸੰਦਰਭ ਵਿੱਚ "ਉਮੀਦਾਂ ਅਨੁਸਾਰ ਖਰੇ ਨਾ ਰਹਿਣ," "ਦੂਜਿਆਂ ਦੇ ਅਧਿਕਾਰਾਂ ਅਤੇ ਹਿੱਤਾਂ ਦਾ ਸਨਮਾਨ ਨਾ ਕਰਨ" ਅਤੇ "ਮਜ਼ਬੂਤ ਨਿੱਜੀ ਵਿਰੋਧ" ਦੀ ਗੱਲ ਕਰਦਾ ਹੈ।[1]

#### b. *ਪਾਸ਼ਾ* (ਉਲੰਘਣਾ)

ਇਹ ਸ਼ਬਦ ਲਗਭਗ 93 ਵਾਰ ਇੱਕ ਨਾਮ ਦੇ ਰੂਪ ਵਿੱਚ, ਅਤੇ 41 ਵਾਰ ਇੱਕ ਕਿਰਿਆ ਦੇ ਰੂਪ ਵਿੱਚ ਆਉਂਦਾ ਹੈ। ਰਾਜਨੀਤਿਕ ਸੰਦਰਭ ਵਿੱਚ ਇਸ ਦਾ ਅਰਥ ਅਧਿਕਾਰੀਆਂ ਦੇ ਵਿੱਰੁਧ ਬਗਾਵਤ ਕਰਨਾ ਹੁੰਦਾ ਹੈ (1 ਰਾਜਿਆਂ 12:19; 2 ਰਾਜਿਆਂ 3:7; 8:20)। ਪਰਮੇਸ਼ਰ ਨਾਲ ਸੰਬੰਧਿਤ ਸੰਦਰਭ ਵਿੱਚ, ਇਸ ਦਾ ਅਰਥ "ਪਰਮੇਸ਼ਰ ਦੇ ਅਧਿਕਾਰ ਨੂੰ ਰੱਦ ਕਰਨਾ" ਜਾਂ "ਪਰਮੇਸ਼ਰ ਪ੍ਰਤੀ ਵਫ਼ਾਦਾਰੀ ਦਾ ਤਿਆਗ" ਹੁੰਦਾ ਹੈ।

#### c. *ਅਵੋਨ* (ਬਦੀ)

ਇਹ ਨਾਮ ਦੇ ਰੂਪ ਵਿੱਚ 231 ਵਾਰ ਅਤੇ ਕਿਰਿਆ ਦੇ ਰੂਪ ਵਿੱਚ 17 ਵਾਰ ਆਉਂਦਾ ਹੈ।[2] ਇਸ ਦਾ ਮੂਲ ਅਰਥ "ਝੁਕਣਾ, ਮੁੜਣਾ, ਵਿਗੜਨਾ" ਹੈ। ਜ਼ਬੂਰ 38:6 ਦੱਸਦਾ ਹੈ ਕਿ "**ਮੈਂ ਕੁੱਬਾ** ਹੋ ਗਿਆ ਹਾਂ…." ਵਿਰਲਾਪ 3:9 ਪਰਮੇਸ਼ਰ ਦੀ ਸਜ਼ਾ ਬਾਰੇ ਗੱਲ ਕਰਦਾ ਹੈ ਕਿ "ਉਹ ਨੇ ਮੇਰੇ ਰਾਹ ਨੂੰ ਘੜ੍ਹੇ ਹੋਏ ਪੱਥਰਾਂ ਨਾਲ ਬੰਦ ਕੀਤਾ, **ਉਸ ਨੇ ਮੇਰੇ ਰਾਹਾਂ ਨੂੰ ਟੇਢਾ ਕਰ ਦਿੱਤਾ ਹੈ**।" ਨੈਤਿਕ ਵਿਵਹਾਰ ਦੇ ਸੰਦਰਭ ਵਿੱਚ, ਇਸ ਦਾ ਅਰਥ "ਟੇਢਾ ਵਿਵਹਾਰ, ਵਿਗਾੜ, ਅਪਰਾਧ, ਬਦੀ" ਸੀ। ਇਹ ਬਹੁਤ ਦਿਲਚਸਪ ਗੱਲ ਹੈ ਕਿ ਇਬਰਾਨੀ ਮਨ ਵਿੱਚ ਦੁਸ਼ਟ ਕੰਮ ਅਤੇ ਇਸ ਦੀ ਸਜ਼ਾ ਦੇ ਵਿਚਕਾਰ ਇੱਕ ਮਜ਼ਬੂਤ ਅਤੇ ਲਾਜ਼ਮੀ ਸੰਬੰਧ ਹੈ। ਇਸ ਸ਼ਬਦ ਦੇ ਕਈ ਅਰਥ ਹਨ ਜਿਸ ਵਿੱਚ **ਕੰਮ ਅਤੇ ਸਜ਼ਾ** ਦੋਵਾਂ ਦੇ ਵਿਚਾਰ ਸ਼ਾਮਲ ਹਨ, ਜਿਵੇਂ ਕਿ., ਯਸਾ 53:6, "ਅਸੀਂ ਸਾਰੇ ਦੇ ਸਾਰੇ ਭੇਡਾਂ ਵਾਂਗੂੰ ਭੁੱਲੇ ਫਿਰਦੇ ਸੀ, ਅਸੀਂ ਆਪਣੇ-ਆਪਣੇ ਰਾਹਾਂ ਨੂੰ ਮੁੜੇ, ਅਤੇ ਯਹੋਵਾਹ ਨੇ ਸਾਡੀ ਸਾਰਿਆਂ ਦੀ ਬਦੀ [ਬਦੀ ਦੇ ਕੰਮਾਂ ਦੀ ਸਜ਼ਾ] ਉਸ ਉੱਤੇ ਲੱਦੀ।"[3] ਬਦੀ ਇੱਕ ਸਮੂਹਿਕ ਸ਼ਬਦ ਹੈ ਜੋ ਅਕਸਰ ਪਾਪ ਦੇ ਇੱਕ ਕੰਮ ਦੀ ਬਜਾਏ ਮਨੁੱਖ ਦੇ ਸਾਰੇ ਬੁਰੇ ਕੰਮਾਂ ਦੇ ਜੋੜ ਬਾਰੇ ਦੱਸਦਾ ਹੈ।

#### d. *ਰਾ* (ਬੁਰਾ)

ਇਹ ਸ਼ਬਦ ਲਗਭਗ 444 ਵਾਰ ਵਰਤਿਆ ਗਿਆ ਹੈ।[4] ਇਹ ਇਬਰਾਨੀ ਸ਼ਬਦ *ਚੰਗੇ* (*ਤੋਵ*) ਦੇ ਉਲਟ ਹੈ (ਉਤ 3:5; ਕਹਾਉਤਾਂ 14:22)। ਬਾਈਬਲ ਤੋਂ ਬਾਹਰ ਦੀ ਵਰਤੋਂ ਵਿੱਚ ਇਸ ਦਾ ਅਰਥ "ਤਬਾਹੀ," "ਸੱਟ" ਜਾਂ "ਸੰਕਟ" ਹੁੰਦਾ ਹੈ। *ਰਾ* ਬਿਮਾਰ ਜਾਂ ਕਮਜ਼ੋਰ ਪਸ਼ੂਆਂ (ਉਤ 41:21, 27), ਅਸ਼ੁੱਧ ਪਾਣੀ ਜਾਂ ਖਾਣੇ (2 ਰਾਜਿਆਂ 2:19; 4:41), ਬਿਪਤਾ (ਯਸਾ 45:7), "ਖਰਾਬ" ਵਪਾਰ (ਕਹਾਉਤਾਂ 20:14) ਜਾਂ ਇੱਕ ਬੁਰੇ ਸੰਦੇਸ਼ਵਾਹਕ (ਕਹਾਉਤਾਂ 13:17) ਦਾ ਵਰਣਨ ਕਰਦਾ ਹੈ। ਇਸ ਸ਼ਬਦ ਤੋਂ ਅਸੀਂ ਇਹ ਦੇਖਦੇ ਹਾਂ ਕਿ ਪਾਪ ਖ਼ੁਦ ਨੂੰ ਅਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਇਸ ਲਈ *ਰਾ* ਪਰਮੇਸ਼ਰ ਨੂੰ ਸਵੀਕਾਰ ਨਹੀਂ ਹੈ (ਮਲਾਕੀ 2:17)। ਪਰਮੇਸ਼ਰ ਅਤੇ ਉਹਨਾਂ ਦੇ ਲੋਕਾਂ ਨੂੰ ਇਸ ਤੋਂ ਅਤੇ ਇਸ ਨਾਲ ਹੋਣ ਵਾਲੇ ਨੁਕਸਾਨ ਤੋਂ ਨਫ਼ਰਤ ਕਰਨੀ ਚਾਹੀਦੀ ਹੈ (ਜ਼ਬੂਰ 97:10; ਕਹਾਉਤਾਂ 8:13)।

#### e. ਪੁਰਾਣੇ ਨੇਮ ਦੇ ਸ਼ਬਦਾਂ ਦਾ ਸਾਰ

ਪਾਪ ਦੇ ਲਈ ਪੁਰਾਣੇ ਨੇਮ ਵਿੱਚ ਵਰਤਿਆ ਗਿਆ ਸ਼ਬਦ ਇੱਕ ਮਿਆਰ ਤੋਂ ਭਟਕ ਜਾਣਾ ਹੈ। ਪਾਪ ਮਿਆਰ ਤੋਂ ਖੁੰਝਣਾ ਹੈ। "ਉਲੰਘਣਾ" ਦਾ ਅਰਥ ਵਿਦਰੋਹ ਕਰਨਾ ਜਾਂ ਮਿਆਰ ਤੋਂ ਬਾਹਰ ਨਿਕਲਣਾ ਹੈ। "ਬਦੀ" ਦਾ ਅਰਥ ਮਿਆਰ ਨੂੰ ਬਦਲਣਾ ਜਾਂ ਇੱਕ ਗ਼ਲਤ ਜੀਵਨ-ਸ਼ੈਲੀ ਦੀ ਚੋਣ ਕਰਨਾ ਹੈ।

---

[1] ਹੈਰਿਸ, ਆਰਚਰ ਐਂਡ ਵਾਲਟਕੀ, ਐਡੀਟਰਸ, *ਥੀਓਲੋਜੀਕਲ ਵਰਡ ਬੁੱਕ ਆਫ਼ ਦ ਓਲਡ ਟੈਸਟਾਮੈਂਟ*, 2 ਵੋਲਸ, (ਮੂਡੀ ਪ੍ਰੈਸ, 1980) 1:277-79.

[2] ਇਬਿਡ., 2:650-51

[3] ਪਾਪ ਦੇ ਲਈ ਸ਼ਬਦ *ਹਾਤਾ* ਦੇ ਅਰਥ ਵਿੱਚ ਵੀ ਸਜ਼ਾ ਦੇ ਵਿਚਾਰ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਗਿਣਤੀ 32:23 ਦੱਸਦਾ ਹੈ ਕਿ "ਤੁਹਾਡਾ ਪਾਪ ਤੁਹਾਡੇ ਉੱਤੇ ਆ ਪਵੇਗਾ।" ਇਸ ਵਿੱਚ ਇਹ ਵਿਚਾਰ ਸ਼ਾਮਲ ਹੈ ਕਿ ਤੁਹਾਡੇ ਪਾਪ ਦੀ ਸਜ਼ਾ ਤੁਹਾਡੇ ਉੱਤੇ ਆ ਪਵੇਗੀ। ਇਹ ਇੱਕ ਮਹੱਤਵਪੂਰਣ ਗੱਲ ਹੈ ਕਿ ਸਜ਼ਾ ਅਤੇ ਪਾਪ ਇੰਨੇ ਸਪੱਸ਼ਟ ਰੂਪ ਵਿੱਚ ਜੁੜੇ ਹੋਏ ਹਨ ਕਿ ਪਾਪ ਦੇ ਲਈ ਵਰਤੇ ਗਏ ਸ਼ਬਦ ਸਜ਼ਾ ਦੁਆਰਾ ਪਰਿਭਾਸ਼ਿਤ ਹੁੰਦੇ ਹਨ।

[4] ਚਾਰਲਸ ਸੀ. ਰਾਈਰੀ, *ਬੇਸਿਕ ਥੀਓਲੋਜੀ* (ਵੀਟਨ, ਆਈਐੱਲ: ਵਿਕਟਰ ਬੁੱਕਸ, 1986) 209.

## 2. ਪਾਪ ਬਾਰੇ ਸਿਖਾਉਣ ਵਾਲੇ ਯੂਨਾਨੀ ਸ਼ਬਦ

### a. *ਹਾਮਾਰਟੀਆ* ਅਤੇ *ਹਾਰਮਾਰਤਾਨੇ* (ਪਾਪ)

*ਹਾਮਾਰਟੀਆ* ਪਾਪ ਦੇ ਲਈ ਨਵੇਂ ਨੇਮ ਦਾ ਸਭ ਤੋਂ ਆਮ ਸ਼ਬਦ ਹੈ। ਇਸ ਦੀ ਕਿਰਿਆ ਲਗਭਗ 43 ਵਾਰ ਅਤੇ ਨਾਂਵ 174 ਵਾਰ ਆਉਂਦਾ ਹੈ। ਸੈਪਟੂਜਿੰਟ ਵਿੱਚ *ਹਾਮਾਰਟੀਆ* ਅਕਸਰ ਇਬਰਾਨੀ ਸ਼ਬਦ ਹਾਤਾ ਦਾ ਅਨੁਵਾਦ ਕਰਦਾ ਹੈ (ਤਕਰੀਬਨ 238 ਵਾਰ)।[5] ਇਹ "ਨਿਸ਼ਾਨ ਤੋਂ ਖੁੰਝਣ" ਦੇ ਇੱਕ ਬੁਨਿਆਦੀ ਅਰਥ ਦਰਸਾਉਂਦਾ ਹੈ।

ਯੂਨਾਨੀ ਭਾਸ਼ਾ ਦਾ ਪ੍ਰਾਚੀਨ ਧਰਮ-ਨਿਰਪੱਖ ਸਾਹਿਤ ਵੀ ਇਸ ਸ਼ਬਦ ਦੀ ਇਸੇ ਵਿਆਖਿਆ ਦੀ ਪੁਸ਼ਟੀ ਕਰਦਾ ਹੈ। ਹੋਮਰ ਨੇ ਇਸ ਸ਼ਬਦ ਦੀ ਵਰਤੋਂ ਇੱਕ ਯੋਧਾ ਦੇ ਲਈ 100 ਤੋਂ ਵੱਧ ਵਾਰ ਕੀਤੀ ਜਿਸ ਨੇ ਆਪਣਾ ਬਰਛਾ ਸੁੱਟਿਆ, ਪਰ ਉਹ ਉਸ ਨੂੰ ਟੀਚੇ ਤੇ ਮਾਰਨ ਵਿੱਚ ਅਸਫ਼ਲ ਰਿਹਾ ਸੀ। ਥੂਸੀਡਾਈਡਜ਼ ਨੇ ਇਸ ਸ਼ਬਦ ਦੀ ਵਰਤੋਂ ਇੱਕ ਕਵੀ ਦੀ ਕਿਸੇ ਖ਼ਾਸ ਵਿਸ਼ੇ ਬਾਰੇ ਚੰਗੀ ਤਰ੍ਹਾਂ ਨਾ ਲਿਖਣ ਵਿੱਚ ਅਸਮਰੱਥਾ ਦਾ ਵਰਣਨ ਕਰਨ ਦੇ ਲਈ ਕੀਤੀ। ਪਲੈਟੋ ਅਤੇ ਜ਼ੇਨੋਫੋਨ ਨੇ ਇਸ ਸ਼ਬਦ ਦੀ ਵਰਤੋਂ ਨੈਤਿਕ ਅਸਫ਼ਲਤਾ ਦਾ ਬਿਆਨ ਕਰਨ ਲਈ ਕੀਤੀ ਹੈ।[6]

ਪ੍ਰਾਚੀਨ ਇਬਰਾਨੀ ਅਤੇ ਪ੍ਰਾਚੀਨ ਯੂਨਾਨੀ ਦੋਵੇਂ ਹੀ ਭਾਸ਼ਾਵਾਂ ਦੇ ਪਿਛੋਕੜ ਵਿੱਚ, ਇਸ ਸ਼ਬਦ ਦੇ ਅਰਥ ਦੀ ਵਿਆਖਿਆ "ਨਿਸ਼ਾਨੇ ਤੋਂ ਖੁੰਝਣ" ਵਜੋਂ ਕੀਤੀ ਗਈ ਹੈ। ਰੋਮੀਆਂ 3:23 ਇਸ ਦੀ ਸਭ ਤੋਂ ਸਪੱਸ਼ਟ ਉਦਾਹਰਣ ਹੈ।

> ਕਿਉਂਕਿ ਸਭ ਨੇ ਪਾਪ ਕੀਤਾ ਹੈ ਅਤੇ ਸਭ ਪਰਮੇਸ਼ਰ ਦੀ ਮਹਿਮਾ ਤੋਂ **ਵਾਂਝੇ ਹਨ**। [ਰੋਮੀ 3:23]

### b. *ਹਾਮਾਰਟੀਆ* ਤੋਂ ਇਲਾਵਾ ਸ਼ਬਦ

#### (1) *ਅਦਿੱਕੀਓ, ਅਦਿੱਕੀਆ* (ਦੁਸ਼ਟਤਾ)

ਇਸ ਸ਼ਬਦ ਨੂੰ ਕਿਰਿਆ ਦੇ ਰੂਪ ਵਿੱਚ 26 ਵਾਰ, ਅਤੇ ਇੱਕ ਨਾਂਵ ਦੇ ਰੂਪ ਵਿੱਚ 26 ਵਾਰ ਵਰਤਿਆ ਗਿਆ ਹੈ। ਇਸ ਸ਼ਬਦ ਦਾ ਅਰਥ "ਦੁਸ਼ਟਤਾ" ਜਾਂ "ਗ਼ਲਤ ਕੰਮ" ਹੈ। ਇਹ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਵਿਚਾਰ ਦਾ ਵੀ ਸੰਕੇਤ ਕਰ ਸਕਦਾ ਹੈ। ਇਹ ਪਰਮੇਸ਼ਰ ਦੀ ਧਾਰਮਿਕਤਾ, ਚਰਿੱਤਰ ਜਾਂ ਮਿਆਰ ਦੇ ਉਲਟ ਸ਼ਬਦ ਹੈ। ਇਸ ਸ਼ਬਦ ਦੇ ਅੱਗੇ (ਅ) ਨਾਕਾਰਾਤਮਕ ਨੂੰ ਦਰਸਾਉਂਦਾ ਹੈ।

#### (2) *ਪੈਰਾਪਟੋਮਾ* (ਦੋਸ਼, ਅਪਰਾਧ)

ਇਹ ਸ਼ਬਦ ਨਵੇਂ ਨੇਮ ਵਿੱਚ 21 ਵਾਰ ਵਰਤਿਆ ਗਿਆ ਹੈ। ਇਸ ਦੇ ਮੂਲ ਸਬਦ ਦਾ ਅਰਥ "ਕੋਲ ਡਿੱਗਣਾ" ਹੁੰਦਾ ਹੈ (*ਪੈਰਾਪਪਟੋ*)। ਇਹ ਪ੍ਰਾਚੀਨ ਯੂਨਾਨੀ ਭਾਸ਼ਾ ਵਿੱਚ ਸ਼ਾਇਦ ਹੀ ਵਰਤਿਆ ਗਿਆ ਹੈ, ਪਰ ਇਹ ਕਈ ਵਾਰ ਸਾਹਿਤਕ ਗ਼ਲਤੀ ਦੇ ਲਈ ਵੀ ਵਰਤਿਆ ਗਿਆ ਹੈ। ਪੌਲੀਬਿਉਸ ਨੇ ਇਸ ਦੀ ਵਰਤੋਂ " ਗ਼ਲਤ, ਦੋਸ਼" ਦੇ ਰੂਪ ਵਿੱਚ ਕੀਤੀ ਹੈ।[7]

ਨਵੇਂ ਨੇਮ ਦਾ ਸ਼ਬਦ ਅਜਿਹੇ ਪਾਪਾਂ ਦੇ ਲਈ ਵਰਤਿਆ ਜਾ ਸਕਦਾ ਹੈ ਜੋ ਬਹੁਤ ਗੰਭੀਰ ਨਹੀਂ ਹਨ (ਗਲਾਤੀ 6:1), ਪਰ ਹਰੇਕ ਜਗ੍ਹਾ ਅਜਿਹਾ ਨਹੀਂ ਹੁੰਦਾ ਹੈ (ਅਫ਼ਸੀ 2:1)। ਅੰਗਰੇਜ਼ੀ ਅਨੁਵਾਦਕਾਂ ਨੇ ਇਸ ਸ਼ਬਦ ਦਾ ਅਨੁਵਾਦ "ਦੋਸ਼" ਜਾਂ "ਅਪਰਾਧ" ਹੀ ਕੀਤਾ ਹੈ। ਅਜਿਹਾ ਲੱਗਦਾ ਹੈ ਕਿ "ਕੋਲ ਹੇਠਾਂ ਡਿੱਗਣ" ਦਾ ਅਰਥ "ਨਿਸ਼ਾਨੇ ਤੋਂ ਭਟਕਣ" ਨਾਲ ਮਿਲਦਾ ਹੈ। "ਅਪਰਾਧ" ਦਾ ਅਰਥ "ਠੇਕਰ ਖਾਣਾ" ਜਾਂ "ਗ਼ਲਤੀ ਕਰਨਾ" ਹੁੰਦਾ ਹੈ।

#### (3) *ਐਨੋਮੀਆ* (ਕੁਧਰਮ, ਬਦੀ)

ਇਹ ਸ਼ਬਦ 15 ਵਾਰ ਵਰਤਿਆ ਗਿਆ ਹੈ। ਇਸ ਦਾ ਅਰਥ "ਬਿਵਸਥਾ ਦੇ ਉਲਟ ਕੰਮ ਕਰਨਾ ਜਾਂ ਬਿਨਾਂ ਬਿਵਸਥਾ ਦੇ ਰਹਿਣਾ" ਹੈ।

#### (4) *ਪੈਰਾਬੇਸਿਸ* (ਉਲੰਘਣਾ)

*ਪੈਰਾਬੇਸਿਸ*, ਜਿਵੇਂ ਪਾਪ ਦੇ ਮਾਮਲੇ ਵਿੱਚ ਨਹੀਂ ਹੈ, ਇਹ ਉਦੋਂ ਹੀ ਹੁੰਦਾ ਹੈ ਜਦੋਂ ਉਲੰਘਣਾ ਕਰਨ ਦੇ ਲਈ ਕੋਈ ਕਾਨੂੰਨ ਹੋਵੇ।[8] ਰੋਮੀਆਂ 4:15 ਇਹ ਸਿਖਾਉਂਦਾ ਹੈ ਕਿ "ਜਿੱਥੇ ਬਿਵਸਥਾ ਨਹੀਂ ਉੱਥੇ ਇਸ ਦੀ ਉਲੰਘਣਾ ਵੀ ਨਹੀਂ ਹੈ।" ਇਸ ਤਰ੍ਹਾਂ, ਉਲੰਘਣਾ ਸ਼ਬਦ ਇਹ ਸਪੱਸ਼ਟ ਕਰਦਾ ਹੈ ਕਿ ਮਨੁੱਖੀ ਪਾਪ ਨੂੰ ਸਿਰਫ਼ ਇੱਕ ਇਮਾਨਦਾਰੀ ਨਾਲ ਕੀਤੀ ਗਈ ਗ਼ਲਤੀ ਜਾਂ ਇੱਕ ਕੁਦਰਤੀ ਮਨੁੱਖੀ ਨੁਕਸ ਦੇ ਰੂਪ ਵਿੱਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ। ਇਹ ਇੱਕ ਜਾਣੇ-ਪਛਾਣੇ ਕਾਨੂੰਨ ਦੀ ਜਾਣਬੁੱਝ ਕੇ ਕੀਤੀ ਗਈ ਉਲੰਘਣਾ ਵੀ ਹੈ। ਪ੍ਰਾਚੀਨ ਯੂਨਾਨੀ ਭਾਸ਼ਾ

---

[5] ਜੀ. ਕਿਟਲ ਅਤੇ ਜੀ. ਫ੍ਰਾਈਡ੍ਰਿਕ, ਸੰਪਾਦਕ, *ਦ ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ*, 10 ਵੋਲਯੂਮਜ਼, (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1967) 1:268.

[6] ਇਬਿਡ., 1:293; ਅਤੇ ਦੇਖੋ ਰਿਚਰਡ ਸੀ. ਟ੍ਰੈਂਚ, *ਸਿਨੋਨਿਮਜ਼ ਆਫ਼ ਦ ਨਿਊ ਟੈਸਟਾਮੈਂਟ*, ਰੀਪ੍ਰਿੰਟ ਐਡ. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1976) 241.

[7] ਇਬਿਡ. 246.

[8] ਰੋਮੀ 5:13 ਇਹ ਸਿਖਾਉਂਦਾ ਹੈ ਕਿ ਬਿਵਸਥਾ ਦੀ ਗ਼ੈਰ-ਮੌਜੂਦਗੀ ਵਿੱਚ ਪਾਪ ਹੁੰਦਾ ਹੈ। ਪਰ, ਪਰਮੇਸ਼ਰ ਦਿਆਲੂ ਸਨ ਅਤੇ ਉਹਨਾਂ ਨੇ ਮੂਸਾ ਦੀ ਬਿਵਸਥਾ ਤੋਂ ਗ਼ੈਰ-ਮੌਜੂਦਗੀ ਵਿੱਚ ਨਿੱਜੀ ਪਾਪਾਂ ਉੱਤੇ ਦੋਸ਼ ਨਹੀਂ ਲਗਾਇਆ। ਬਿਵਸਥਾ ਦੇ ਦਿੱਤੇ ਜਾਣ ਤੋਂ ਪਹਿਲਾਂ, ਲੋਕ ਨਿੱਜੀ ਪਾਪਾਂ ਦੇ ਕਾਰਨ ਨਹੀਂ, ਪਰ ਆਦਮ ਦੇ ਪਾਪ ਕਾਰਨ ਮਰ ਰਹੇ ਸਨ। ਹਾਲਾਂਕਿ ਬਿਵਸਥਾ ਦੀ ਗ਼ੈਰ-ਮੌਜੂਦਗੀ ਵਿੱਚ ਵੀ ਪਾਪ ਹੋ ਸਕਦਾ ਹੈ, ਪਰ ਅਪਰਾਧ ਇਹ ਸੰਕੇਤ ਦਿੰਦਾ ਹੈ ਕਿ ਇੱਕ ਨੈਤਿਕ ਸੀਮਾ (ਬਿਵਸਥਾ) ਸਥਾਪਿਤ ਕੀਤੀ ਗਈ ਸੀ।

ਵਿੱਚ, ਇਹ ਸ਼ਬਦ ਇੱਕ ਸਮਝੌਤੇ ਨੂੰ ਤੋੜਣ ਦੇ ਲਈ ਵਰਤਿਆ ਜਾਂਦਾ ਸੀ, ਜਿਵੇਂ ਕਿ., ਇੱਕ ਆਤਮ-ਸਮਰਪਣ ਜਾਂ ਸ਼ਾਂਤੀ ਸਮਝੌਤਾ।[9] *ਪੈਰਾਬੇਸਿਸ* ਦਾ ਆਮ ਤੌਰ ਉੱਤੇ ਅਨੁਵਾਦ "ਉਲੰਘਣਾ" ਕੀਤਾ ਜਾਂਦਾ ਹੈ। ਇਹ 7 ਵਾਰ ਪਾਇਆ ਗਿਆ ਹੈ ਜਦੋਂ ਕਿ ਇਸੇ ਤਰ੍ਹਾਂ ਦਾ ਸ਼ਬਦ, *ਪੈਰਾਬੇਟਿਸ* 5 ਵਾਰ ਵਰਤਿਆ ਗਿਆ ਹੈ।

**(5) *ਅਸੀਬੀਆ* (ਅਪਵਿੱਤਰ)**

ਇਹ ਰਵੱਈਏ ਅਤੇ ਕੰਮ ਦੋਵਾਂ ਦੇ ਸੰਦਰਭ ਵਿੱਚ ਪਰਮੇਸ਼ਰ ਨੂੰ ਉਹ ਦੇਣ ਵਿੱਚ ਅਸਫ਼ਲ ਹੋ ਜਾਣਾ ਹੈ ਜੋ ਉਹਨਾਂ ਨੂੰ ਦੇਣਾ ਚਾਹੀਦਾ ਹੈ। ਇਹ ਸ਼ਬਦ 6 ਵਾਰ ਵਰਤਿਆ ਗਿਆ ਹੈ।

**(6) *ਕਾਕੋਸ* (ਬੁਰਾ)**

ਗ਼ਰੀਬ ਲਾਜ਼ਰ ਨੂੰ ਉਸ ਦੇ ਜੀਵਨ ਵਿੱਚ "ਬੁਰੀਆਂ" ਚੀਜ਼ਾਂ ਮਿਲੀਆਂ ਸਨ, ਪਰ ਅਵਿਸ਼ਵਾਸੀ ਅਮੀਰ ਆਦਮੀ ਨੂੰ ਚੰਗੀਆਂ ਚੀਜ਼ਾਂ ਮਿਲੀਆਂ ਸਨ (ਲੂਕਾ 16:25)। ਇਸ ਤੋਂ ਇਲਾਵਾ, ਕਾਕੋਸ "ਬੁਰੀ" ਸਿਹਤ ਵੀ ਹੋ ਸਕਦਾ ਹੈ (ਮਰਕੁਸ 1:32)। ਨੈਤਿਕ ਅਰਥਾਂ ਵਿੱਚ, ਇਹ ਸ਼ਬਦ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਾਪ ਖ਼ੁਦ ਨੂੰ ਅਤੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜਦੋਂ ਪਾਪੀ ਲੋਕ ਆਪਣੀ ਪਾਪ ਕਰਨ ਦੀ ਆਜ਼ਾਦੀ ਉੱਤੇ ਜ਼ੋਰ ਦਿੰਦੇ ਹਨ, ਤਾਂ ਉਹ ਸੱਚਮੁੱਚ ਖ਼ੁਦ ਨੂੰ ਅਤੇ ਦੂਜਿਆਂ ਨੂੰ ਤਬਾਹ ਕਰਨ ਦੀ ਆਜ਼ਾਦੀ ਚਾਹੁੰਦੇ ਹਨ। ਪੈਸੇ ਦਾ ਪਿਆਰ ਕਈ ਤਰ੍ਹਾਂ ਦੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ (1 ਤਿਮੋਥਿ 6:10)।

**(7) *ਪੋਨੇਰੋਸ* (ਬੁਰਾ)**

ਇਹ ਪਿਛਲੇ ਸ਼ਬਦ ਨਾਲ ਮਿਲਦਾ ਜੁਲਦਾ ਹੈ। ਪਰ, ਇਸ ਵਿੱਚ ਅਕਸਰ ਦੂਜਿਆਂ ਨੂੰ ਪਾਪ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਜੋ ਬੁਰਾਈ ਨੂੰ ਹੋਰ ਫੈਲਾਇਆ ਜਾ ਸਕੇ। ਇੱਕ "ਬੁਰਾ" ਵਿਅਕਤੀ ਇਕੱਲੇ ਹੀ ਪਾਪ ਕਰਨ ਨਾਲ ਸੰਤੁਸ਼ਟ ਨਹੀਂ ਹੁੰਦਾ ਹੈ। ਉਹ ਬੁਰਾਈ ਨੂੰ ਫੈਲਣਾਉਣਾ ਅਤੇ ਦੂਜਿਆਂ ਨੂੰ ਇਸ ਵਿੱਚ ਸ਼ਾਮਲ ਕਰਨਾ ਚਾਹੁੰਦਾ ਹੈ। ਸ਼ੈਤਾਨ ਦਾ ਇੱਕ ਨਾਮ "ਦੁਸ਼ਟ" ਵੀ ਹੈ (ਮੱਤੀ 13:19, 38; 1 ਯੂਹੰਨਾ 2:13,14; 5:18)

### 3. ਸਾਰ

ਬਾਈਬਲ ਵਿਦਵਾਨਾਂ ਦੁਆਰਾ ਪਾਪ ਦੇ ਲਈ ਕਈ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਅੱਗੇ ਦਿੱਤੀ ਪਰਿਭਾਸ਼ਾ ਪਾਪ ਬਾਰੇ ਸੱਚਾਈ ਨੂੰ ਇੱਕ ਵਾਕ ਵਿੱਚ ਲਿਆਉਂਦੀ ਹੈ: "ਪਰਮੇਸ਼ਰ ਦੇ ਪਵਿੱਤਰ ਚਰਿੱਤਰ ਦੀ ਉਲੰਘਣਾ ਜਾਂ ਇਸ ਅਨੁਸਾਰ ਨਾ ਚੱਲਣਾ ਪਾਪ ਹੈ।"

[9] ਜੀ. ਕਿਟਲ ਅਤੇ ਜੀ. ਫ੍ਰਾਈਡ੍ਰਿਕ, ਸੰਪਾਦਕ, *ਦ ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ,* 10 ਵੋਲਯੂਮਜ਼, (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1967), 5:736

## II. ਪਾਪ ਦੀ ਸ਼ੁਰੂਆਤ

### A. ਧਰਤੀ ਉੱਤੇ ਪਾਪ ਦੀ ਸ਼ੁਰੂਆਤ

ਮਨੁੱਖ ਦੀ ਸਿਰਜਣਾ ਦੇ ਸਮੇਂ, ਪਰਮੇਸ਼ਰ ਦੇ ਪੁੱਤਰਾਂ (ਸਵਰਗਦੂਤਾਂ) ਨੇ ਆਨੰਦ ਨਾਲ ਗਾਇਆ ਸੀ (ਅੱਯੂਬ 38:7)। ਇਸ ਲਈ, ਅਜਿਹਾ ਲੱਗਦਾ ਹੈ ਕਿ ਉਸ ਸਮੇਂ ਕੋਈ ਪਾਪ ਨਹੀਂ ਹੋਇਆ ਸੀ। ਕਿਉਂਕਿ ਪਰਮੇਸ਼ਰ ਨੇ ਛੇਵੇਂ ਦਿਨ ਵੀ ਸਭ ਕੁਝ "ਬਹੁਤ ਚੰਗਾ" ਹੋਣ ਦਾ ਐਲਾਨ ਕੀਤਾ ਸੀ (ਉਤ 1:31), ਤਾਂ ਇਹ ਸੰਭਵ ਹੈ ਕਿ ਉਸ ਸਮੇਂ ਧਰਤੀ ਉੱਤੇ ਕੋਈ ਪਾਪ ਨਹੀਂ ਹੋਇਆ ਸੀ। ਸ਼ੈਤਾਨ ਨੂੰ ਝੂਠ ਦਾ ਪਿਤਾ ਅਤੇ ਪਹਿਲਾ ਕਾਤਲ ਕਿਹਾ ਗਿਆ ਹੈ (ਯੂਹੰਨਾ 8:44)। ਉਹ ਬਾਈਬਲ ਦਾ ਪਹਿਲਾ ਅਜਿਹਾ ਵਿਅਕਤੀ ਹੈ ਜਿਸ ਨੂੰ ਪਾਪ ਕਰਨ ਵਾਲਾ ਦਰਸਾਇਆ ਗਿਆ ਹੈ (ਉਤ 3:1; ਪ੍ਰਕਾਸ਼ 12:9)। ਸਮੇਂ ਦੇ ਹਿਸਾਬ ਨਾਲ, ਪਹਿਲਾ ਪਾਪ ਸ਼ਾਇਦ ਮਨੁੱਖ ਦੀ ਸਿਰਜਣਾ ਤੋਂ ਬਾਅਦ ਹੋਇਆ ਸੀ, ਪਰ ਇਹ ਯਕੀਨੀ ਤੌਰ ਤੇ ਬਾਗ਼ ਵਿੱਚ ਮਨੁੱਖ ਦੇ ਪਰਤਾਵੇ ਤੋਂ ਪਹਿਲਾਂ ਹੋਇਆ ਸੀ। ਧਰਤੀ ਉੱਤੇ ਪਾਪ ਦੀ ਉਤਪਤੀ ਦੇ ਸਹੀ ਸਮੇਂ ਬਾਰੇ ਕੁਝ ਸ਼ੱਕ ਹੋ ਸਕਦਾ ਹੈ, ਪਰ ਪਾਪ ਸ਼ੁਰੂ ਕਰਨ ਵਾਲੇ ਦੇ ਬਾਰੇ ਵਿੱਚ ਕੋਈ ਸ਼ੱਕ ਨਹੀਂ ਹੈ। ਸ਼ੈਤਾਨ ਨੂੰ ਸੰਪੂਰਨ ਬਣਾਇਆ ਗਿਆ ਸੀ, ਪਰ ਉਸ ਵਿੱਚ ਬਦੀ ਪਾਈ ਗਈ ਸੀ (ਹਿਜ਼ਕੀ 28:12ff.)। ਹਿਜ਼ਕੀਏਲ 28:17 ਖ਼ਾਸ ਤੌਰ ਤੇ ਦੱਸਦਾ ਹੈ, "ਤੇਰਾ ਦਿਲ ਤੇਰੇ ਸੁਹੱਪਣ ਵਿੱਚ ਘਮੰਡੀ ਸੀ, ਤੂੰ ਆਪਣੀ ਸ਼ਾਨ ਦੇ ਕਾਰਨ ਆਪਣੀ ਬੁੱਧੀ ਨਾਸ਼ ਕਰ ਲਈ…"

### B. ਮਨੁੱਖਜਾਤੀ ਵਿੱਚ ਪਾਪ ਦੀ ਸ਼ੁਰੂਆਤ

ਮਨੁੱਖਜਾਤੀ ਵਿੱਚ ਪਾਪ ਦੀ ਸ਼ੁਰੂਆਤ ਆਦਮ ਦੁਆਰਾ ਹੋਈ ਸੀ। ਇਸ ਨੂੰ ਅਧਿਆਇ 6, "ਮਨੁੱਖ ਦੇ ਸਿਧਾਂਤ", ਵਿੱਚ ਸਿਖਾਇਆ ਗਿਆ ਹੈ (ਦੇਖੋ, ਉਤ 3; ਰੋਮੀ 5:12ff.;1 ਕੁਰਿੰਥ 15:21ff.; 1 ਤਿਮੋਥਿ 2:14)।

### C. ਵਿਅਕਤੀ ਦੇ ਆਤਮਾ ਵਿੱਚ ਪਾਪ ਦੀ ਸ਼ੁਰੂਆਤ

ਵਿਅਕਤੀਗਤ ਤੌਰ ਤੇ ਇੱਕ ਵਿਅਕਤੀ ਵਿੱਚ ਪਾਪ ਦਾ ਹੋਣਾ ਦੋ ਵੱਖਰੇ ਸਵਾਲ ਪੈਦਾ ਕਰ ਦਿੰਦਾ ਹੈ। ਪਹਿਲਾ, ਪਾਪ ਦਾ ਸੁਭਾਅ ਸੰਸਾਰ ਵਿੱਚ ਜਨਮ ਲੈਣ ਵਾਲੇ ਹਰੇਕ ਵਿਅਕਤੀ ਵਿੱਚ ਕਿਵੇਂ ਸੰਚਾਰਿਤ ਹੁੰਦਾ ਹੈ? ਦੂਜਾ, ਇਹ ਕਿਵੇਂ ਹੋ ਸਕਦਾ ਹੈ ਕਿ ਬਾਗ਼ ਵਿੱਚ ਆਦਮ ਦੇ ਪਾਪ ਦਾ ਅੱਜ ਜਿਊਂਦੇ ਲੋਕਾਂ ਉੱਤੇ ਦੋਸ਼ ਲਾਇਆ ਗਿਆ ਹੈ?

#### 1. ਹਰੇਕ ਪੀੜ੍ਹੀ ਵਿੱਚ ਪਾਪ ਦਾ ਸੰਚਾਰ

ਇਹ ਸਮਝਣ ਦੇ ਲਈ ਕਿ ਬਾਈਬਲ ਪਾਪ ਦੇ ਸੰਚਾਰ ਬਾਰੇ ਕੀ ਕਹਿੰਦੀ ਹੈ, ਇਹ ਜ਼ਰੂਰੀ ਹੋਵੇਗਾ ਕਿ ਪਹਿਲਾਂ ਮਨੁੱਖੀ ਆਤਮਾ ਦੀ ਉਤਪਤੀ (ਸੰਚਾਰ) ਦੇ ਵਿਆਪਕ ਵਿਸ਼ੇ ਨੂੰ ਡੂੰਘਾਈ ਨਾਲ ਸਮਝਿਆ

ਜਾਵੇ। ਆਤਮਾ ਦੀ ਉਤਪਤੀ ਬਾਰੇ ਦੋ ਬੁਨਿਆਦੀ ਵਿਚਾਰ ਹਨ।

### a. ਸਿਰਜਣਾਵਾਦ ਵਿਚਾਰ

ਸਿਰਜਣਾਵਾਦ ਵਿਚਾਰ ਇਹ ਕਹਿੰਦਾ ਹੈ ਕਿ ਇੱਕ ਮਾਤਾ ਅਤੇ ਪਿਤਾ ਇੱਕ ਮਨੁੱਖ ਦੇ ਸਰੀਰ ਦੀ ਸਿਰਜਣਾ ਪ੍ਰਜਣਨ ਦੇ ਕੁਦਰਤੀ ਨਿਯਮਾਂ ਅਨੁਸਾਰ ਕਰਦੇ ਹਨ। ਪਰ ਸਿਰਜਣਾਵਾਦ ਦਾ ਇਹ ਮੰਨਣਾ ਹੈ ਕਿ ਜਦੋਂ ਇੱਕ ਔਰਤ ਗਰਭਵਤੀ ਹੁੰਦੀ ਹੈ, ਤਾਂ ਪਰਮੇਸ਼ਰ ਆਤਮਾ ਦੀ ਸਿਰਜਣਾ ਦਾ ਇੱਕ ਖ਼ਾਸ ਕੰਮ ਕਰਦੇ ਹਨ, ਅਤੇ ਇਸ ਆਤਮਾ ਨੂੰ ਉਸ ਬਣ ਰਹੇ ਸਰੀਰ ਵਿੱਚ ਸੰਚਾਰਿਤ ਕਰਦੇ ਹਨ। ਇਸ ਵਿਚਾਰ ਦਾ ਸਮਰਥਨ ਕਰਨ ਦੇ ਲਈ ਵਰਤੀਆਂ ਜਾਣ ਵਾਲੀਆਂ ਆਇਤਾਂ ਅਕਸਰ ਪਰਮੇਸ਼ਰ ਨੂੰ "ਆਤਮਾਵਾਂ ਦਾ ਪਿਤਾ" ਦੱਸਦੀਆਂ ਹਨ (ਗਿਣਤੀ 16:22; ਉਪਦੇਸ਼ਕ 12:7; ਯਸਾ 57:16; ਜ਼ਕਰ 12:1; ਇਬ 12:9)।[10]

ਆਤਮਾ ਦੀ ਉਤਪਤੀ ਦੇ ਸੰਬੰਧ ਵਿੱਚ ਸਿਰਜਣਾਵਾਦ ਵਿਚਾਰ ਵਿੱਚ ਕੁਝ ਵੱਡੀਆਂ ਕਮਜ਼ੋਰੀਆਂ ਹਨ। ਉੱਪਰ ਦਿੱਤੀਆਂ ਆਇਤਾਂ ਸਿਰਫ਼ ਇਹ ਕਹਿ ਸਕਦੀਆਂ ਹਨ ਕਿ ਪਰਮੇਸ਼ਰ ਨੇ ਮਨੁੱਖੀ ਆਤਮਾ ਨੂੰ ਕੁਦਰਤੀ ਪ੍ਰਜਣਨ ਦੁਆਰਾ ਸਿਰਜਿਆ ਹੈ। ਇੱਕ ਅਣਜੰਮੇ ਬੱਚੇ ਦੇ ਸਰੀਰਕ ਵਿਕਾਸ ਵਿੱਚ ਅਜਿਹਾ ਹੀ ਹੁੰਦਾ ਹੈ। ਮਾਤਾ-ਪਿਤਾ ਕੁਦਰਤੀ ਤੌਰ ਤੇ ਆਪਣੇ ਬੱਚਿਆਂ ਦੇ ਸਰੀਰ ਬਣਾਉਂਦੇ ਹਨ, ਪਰ ਬਾਈਬਲ ਅਨੁਸਾਰ ਇਹ ਵੀ ਸੱਚ ਹੈ ਕਿ ਪਰਮੇਸ਼ਰ ਹੀ ਇੱਕ ਬੱਚੇ ਦੇ ਸਰੀਰ ਦਾ ਅੰਤਿਮ ਸਿਰਜਣਹਾਰ ਹਨ (ਜ਼ਬੂਰ 139:13-16)। ਇਸ ਤੋਂ ਇਲਾਵਾ, ਉਤਪਤ 2:1ff. ਅਤੇ ਇਬਰਾਨੀਆਂ 4:4ff. ਇਹ ਸਿਖਾਉਂਦੇ ਹਨ ਕਿ ਪਰਮੇਸ਼ਰ ਆਪਣੇ ਸਿਰਜਣਾਤਮਕ ਕੰਮ ਨੂੰ ਪੂਰਾ ਕਰਕੇ ਹੁਣ ਆਰਾਮ ਕਰ ਰਹੇ ਹਨ। ਇਸ ਨਾਲ ਇਹ ਵਿਸ਼ਵਾਸ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਪਰਮੇਸ਼ਰ ਹਰ ਰੋਜ਼ ਹਜ਼ਾਰਾਂ ਨਵੀਆਂ ਆਤਮਾਵਾਂ ਦੀ ਸਿਰਜਣਾ ਕਰਦੇ ਹਨ। ਅੰਤ ਵਿੱਚ, ਸਿਰਜਣਾਵਾਦ ਵਿਚਾਰ ਦੇ ਵਿਰੁੱਧ ਸਭ ਤੋਂ ਵੱਡਾ ਇਤਰਾਜ਼ ਇਹ ਹੈ ਕਿ ਇਸ ਵਿਚਾਰ ਅਨੁਸਾਰ ਪਰਮੇਸ਼ਰ ਉਹ ਹੋਣੇ ਚਾਹੀਦੇ ਹਨ ਜੋ ਜਾਂ ਤਾਂ ਪਾਪ ਦੇ ਸੁਭਾਅ ਨੂੰ ਬਣਾਉਂਦੇ ਹਨ ਜਾਂ ਇਸ ਨੂੰ ਹਰੇਕ ਵਿਅਕਤੀ ਵਿੱਚ ਵੱਸਣ ਵਾਲਾ ਬਣਾਉਂਦੇ ਹਨ।

### b. ਮਾਪਿਆਂ ਤੋਂ ਆਤਮਾ ਦੇ ਮਿਲਣ ਦਾ ਵਿਚਾਰ

ਮਾਪਿਆਂ ਤੋਂ ਆਤਮਾ ਦੇ ਮਿਲਣ ਦਾ ਵਿਚਾਰ ਇਹ ਹੈ ਕਿ ਮਾਤਾ-ਪਿਤਾ ਇੱਕ ਨਵੀਂ ਆਤਮਾ ਦੀ ਉਤਪਤੀ ਵਿੱਚ ਮੁੱਖ ਕਾਰਕ ਹੁੰਦੇ ਹਨ। ਇਹ ਵਿਚਾਰ ਮਾਤਾ-ਪਿਤਾ ਤੋਂ ਪਾਪੀ ਸੁਭਾਅ ਮਿਲਣ ਬਾਰੇ ਸਹੀ ਹੋਵੇਗਾ। ਇਹ ਵਿਚਾਰ ਪਰਮੇਸ਼ਰ ਦੇ ਆਪਣੇ ਸਿਰਜਣਾਤਮਕ ਕੰਮ ਨੂੰ ਬੰਦ ਕਰਨ ਬਾਰੇ ਵੀ ਸਹੀ ਹੋਵੇਗਾ।

[10] ਕੈਲਵਿਨ ਪਰੰਪਰਾ ਵਾਲੇ ਲੋਕ ਸਿਰਜਣਾਵਾਦੀ ਹੁੰਦੇ ਹਨ।

ਇਹ ਵਿਚਾਰ ਦੱਸਦਾ ਹੈ ਕਿ ਮਾਪੇ (ਇੱਕ ਅਣਜਾਣ ਪ੍ਰਕਿਰਿਆ ਦੁਆਰਾ) ਮਨੁੱਖ ਵਿੱਚ ਭੌਤਿਕ ਅਤੇ ਅਭੌਤਿਕ ਤੱਤ ਪੈਦਾ ਕਰਦੇ ਹਨ। ਅਜਿਹੀਆਂ ਬਹੁਤ ਸਾਰੀਆਂ ਆਇਤਾਂ ਹਨ ਜੋ ਇਸ ਵਿਚਾਰ ਦਾ ਸਮਰਥਨ ਕਰਦੀਆਂ ਹਨ (ਪਰ ਇਸ ਨੂੰ ਸਾਬਤ ਨਹੀਂ ਕਰਦੀਆਂ ਹਨ)। ਉਤਪਤ 2:7 ਇਹ ਸਿਖਾਉਂਦਾ ਹੈ ਕਿ "ਪਰਮੇਸ਼ਰ ਨੇ ਆਦਮ ਦੀਆਂ ਨਾਸਾਂ ਵਿੱਚ ਜੀਵਨ ਦਾ ਸਾਹ (ਬਹੁਵਚਨ) ਫੂਕਿਆ। ਇਸ ਵਿੱਚ ਬਹੁਵਚਨ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਆਦਮ ਦੇ ਅੰਦਰ ਇਹ ਸਮਰੱਥਾ ਸੀ ਕਿ ਉਸ ਵਿੱਚੋਂ ਪੈਦਾ ਹੋਣ ਵਾਲੇ ਸਾਰੇ ਮਨੁੱਖਾਂ ਵਿੱਚ ਉਹ ਭੌਤਿਕ ਸੁਭਾਅ ਨੂੰ ਉਤਪੰਨ ਕਰ ਸਕੇ। ਉਤਪਤ 5:3 ਇਹ ਸਿਖਾਉਂਦਾ ਹੈ ਕਿ ਆਦਮ ਤੋਂ ਉਸ ਦੇ ਵਰਗਾ ਇੱਕ ਪੁੱਤਰ ਪੈਦਾ ਹੋਇਆ। ਇਹ ਸਰੀਰਕ ਵਿਸ਼ੇਸ਼ਤਾਵਾਂ ਤੋਂ ਵੱਧ ਦਾ ਹਵਾਲਾ ਦਿੰਦਾ ਹੈ। ਆਦਮ ਨੇ ਆਪਣੇ ਵਰਗੇ ਪੁੱਤਰ ਨੂੰ ਪੈਦਾ ਕੀਤਾ ਜਿਸ ਦੀ ਪਾਪੀ ਸਥਿਤੀ ਉਸ ਵਰਗੀ ਹੀ ਸੀ। ਬਹੁਤ ਸਾਰੀਆਂ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਲੋਕ ਪਾਪ ਵਿੱਚ ਗਰਭਵਤੀ ਹੁੰਦੇ ਅਤੇ ਜਨਮ ਲੈਂਦੇ ਹਨ (ਜ਼ਬੂਰ 51:5; 58:3; ਅੱਯੂਬ 14:1, 4; 15:14; ਅਫ਼ਸੀ 2:1)। ਇਹ ਕਦੇ ਨਹੀਂ ਕਿਹਾ ਗਿਆ ਹੈ ਕਿ ਪਰਮੇਸ਼ਰ ਆਤਮਾ ਦੀ ਸਿਰਜਣਾ ਕਰਦੇ ਸਮੇਂ ਇਸ ਪਾਪ ਨੂੰ ਉਸ ਦੇ ਅੰਦਰ ਰੱਖ ਦਿੰਦੇ ਹਨ। ਇਸ ਦੇ ਉਲਟ, ਪਾਠਕ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਅਣਜੰਮੇ ਬੱਚਿਆਂ ਨੂੰ ਆਪਣੇ ਮਾਪਿਆਂ ਤੋਂ ਪਾਪ ਵਿਰਾਸਤ ਵਿੱਚ ਮਿਲਦਾ ਹੈ। ਇਬਰਾਨੀਆਂ 7:9, 10 ਇਹ ਦਰਸਾਉਂਦਾ ਹੈ ਕਿ ਪਰਮੇਸ਼ਰ ਅਣਜੰਮੇ ਬੱਚਿਆਂ ਦੀਆਂ ਆਤਮਾਵਾਂ ਨੂੰ ਉਹਨਾਂ ਦੇ ਮਾਪਿਆਂ ਅੰਦਰ ਦੇਖ ਸਕਦੇ ਹਨ। (ਪਰਮੇਸ਼ਰ ਨੇ ਲੇਵੀ ਨੂੰ ਉਸ ਦੇ ਪੜਦਾਦੇ (ਅਬਰਾਹਮ) ਦੁਆਰਾ ਮਲਕਿਸਿਦਕ ਨੂੰ ਦਸਵੰਧ ਦਿੰਦੇ ਹੋਏ ਦੇਖਿਆ ਸੀ)। ਇਹ ਇਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਬੱਚਿਆਂ ਦੀਆਂ ਆਤਮਾਵਾਂ ਪਰਮੇਸ਼ਰ ਦੁਆਰਾ ਸਿੱਧੇ ਤੌਰ ਤੇ ਸਿਰਜੇ ਜਾਣ ਦੀ ਬਜਾਏ ਕਿਸੇ ਤਰ੍ਹਾਂ ਮਾਪਿਆਂ ਦੁਆਰਾ ਪੈਦਾ ਕੀਤੀਆਂ ਜਾਂਦੀਆਂ ਹਨ। ਪਾਪ ਦੇ ਸਿਧਾਂਤ ਦੀ ਮੁੱਖ ਆਇਤ ਰੋਮੀ 5:12 ਹੈ।[11]

> ਇਸ ਲਈ ਜਿਵੇਂ ਇੱਕ ਆਦਮੀ ਦੇ ਦੁਆਰਾ ਪਾਪ ਇਸ ਸੰਸਾਰ ਵਿੱਚ ਆਇਆ ਅਤੇ ਪਾਪ ਦੇ ਦੁਆਰਾ ਮੌਤ ਆਈ। ਇਸ ਤਰ੍ਹਾਂ ਮੌਤ ਸਾਰੀ ਮਨੁੱਖਜਾਤੀ ਵਿੱਚ ਫੈਲ ਗਈ **ਕਿਉਂਕਿ ਸਭ ਨੇ ਪਾਪ ਕੀਤਾ** [ਰੋਮੀ 5:12]

ਆਖ਼ਰੀ ਵਾਕੰਸ਼, "ਕਿਉਂਕਿ ਸਭ ਨੇ ਪਾਪ ਕੀਤਾ" ਆਦਮ ਦੇ ਪਾਪ ਵਿੱਚ ਹਿੱਸੇ ਬਾਰੇ ਗੱਲ ਕਰਦਾ ਹੈ। ਇਹ ਮਾਪਿਆਂ ਤੋਂ ਆਤਮਾ ਮਿਲਣ ਦੇ ਵਿਚਾਰ ਨਾਲ ਠੀਕ ਬੈਠਦਾ ਹੈ।[12]

[11] ਰੋਮੀ 5:12 ਦੀ ਵਿਆਖਿਆ ਸਿਰਜਣਾਵਾਦ ਦੇ ਨਾਲ ਕੀਤੀ ਜਾ ਸਕਦੀ ਹੈ

[12] ਲੂਥਰਨ ਸਿਧਾਂਤ ਟਰਾਡੂਸੀਅਨ ਦੇ ਪੱਖ ਵਿੱਚ ਹੈ

ਮਾਪਿਆਂ ਤੋਂ ਆਤਮਾ ਮਿਲਣ ਦਾ ਵਿਚਾਰ ਹੀ ਅਜਿਹਾ ਵਿਚਾਰ ਹੈ ਜੋ ਮਨੁੱਖੀ ਆਤਮਾ ਦੇ ਸੰਚਾਰ ਦੀ ਸਭ ਤੋਂ ਵਧੀਆ ਵਿਆਖਿਆ ਕਰਦਾ ਹੈ, ਅਤੇ ਇਹ ਵਿਅਕਤੀ ਦੇ ਅੰਦਰ ਪਾਪ ਦੀ ਸ਼ੁਰੂਆਤ ਦੇ ਲਈ ਵੀ ਸਭ ਤੋਂ ਵਧੀਆ ਵਿਆਖਿਆ ਹੈ। ਪਾਪ ਕਰਨ ਦਾ ਅੰਦਰੂਨੀ ਰੁਝਾਨ ਮਾਪਿਆਂ ਤੋਂ ਬੱਚਿਆਂ ਵਿੱਚ ਉਵੇਂ ਫੈਲਦਾ ਹੈ ਜਿਵੇਂ ਮਨੁੱਖ ਦੇ ਅੰਦਰੂਨੀ ਸੁਭਾਅ ਦੇ ਬਾਕੀ ਸਾਰੇ ਬੁਨਿਆਦੀ ਹਿੱਸੇ ਮਾਪਿਆਂ ਤੋਂ ਮਿਲਦੇ ਹਨ। ਸਿਰਫ਼ ਪ੍ਰਭੂ ਯਿਸੂ ਹੀ ਇਸ ਤੋਂ ਅਲੱਗ ਹਨ ਕਿਉਂਕਿ ਉਹ ਪਵਿੱਤਰ ਆਤਮਾ ਤੋਂ ਪੈਦਾ ਹੋਏ ਸਨ ਅਤੇ ਪਵਿੱਤਰ ਆਤਮਾ ਨੇ ਮਰਿਯਮ ਉੱਤੇ ਛਾਇਆ ਕੀਤੀ ਸੀ ਤਾਂ ਜੋ ਮਸੀਹ ਪਾਪ ਰਹਿਤ ਪੈਦਾ ਹੋਣ। ਬਾਕੀ ਸਾਰੇ ਲੋਕਾਂ ਵਿੱਚ ਪਾਪ ਉਹਨਾਂ ਦੇ ਮਾਪਿਆਂ ਤੋਂ ਆਉਂਦਾ ਹੈ, ਅਤੇ ਪਾਪ ਗਰਭਧਾਰਨ ਸਮੇਂ ਮੌਜੂਦ ਹੁੰਦਾ ਹੈ।[13]

### 2. ਸਾਡੇ ਉੱਤੇ ਆਦਮ ਦੇ ਪਾਪ ਦਾ ਦੋਸ਼

ਥੀਸਨ ਇਹ ਸਿਖਾਉਂਦਾ ਹੈ ਕਿ ਆਤਮਾ ਦੀ ਉਤਪਤੀ ਦਾ ਮਾਪਿਆਂ ਤੋਂ ਆਤਮਾ ਮਿਲਣ ਦਾ ਸਿਧਾਂਤ ਇਸ ਗੱਲ ਦਾ ਜਵਾਬ ਦੇਣ ਦੇ ਲਈ ਕਾਫ਼ੀ ਹੈ ਕਿ ਆਦਮ ਦੇ ਪਾਪ ਦਾ ਦੋਸ਼ ਸਾਡੇ ਉੱਤੇ ਕਿਵੇਂ ਲੱਗਿਆ ਹੈ।[14] ਇਹ ਕਾਫ਼ੀ ਹੱਦ ਤੱਕ ਸੱਚ ਹੈ। ਜੇਕਰ ਮਾਤਾ-ਪਿਤਾ ਇੱਕ ਬੱਚੇ ਦੇ ਸਰੀਰ ਦੀ ਤਰ੍ਹਾਂ ਉਸ ਦੀ ਆਤਮਾ ਨੂੰ ਵੀ ਪੈਦਾ ਕਰਦੇ ਹਨ, ਤਾਂ ਅਸੀਂ ਸਾਰੇ ਉਸ ਸਮੇਂ ਆਦਮ ਵਿੱਚ ਕਿਸੇ ਰਹੱਸਮਈ ਤਰੀਕੇ ਨਾਲ ਮੌਜੂਦ ਸੀ ਜਦੋਂ ਉਸ ਨੇ ਪਾਪ ਕੀਤਾ ਸੀ। ਹਾਲਾਂਕਿ ਇਸ ਦੀ ਪੂਰੀ ਵਿਆਖਿਆ ਇੱਕ ਰਹੱਸ ਹੈ, ਪਰ ਇਹ ਪਿਤਾ ਆਦਮ ਦੇ ਨਾਲ ਸਾਡੀ ਮੌਜੂਦਗੀ ਸੀ ਜਿਸ ਨੇ ਕਿਸੇ ਤਰ੍ਹਾਂ ਸਾਡੇ ਉੱਤੇ ਪਾਪ ਦਾ ਦੋਸ਼ ਲਗਾਉਣ ਵਿੱਚ ਯੋਗਦਾਨ ਪਾਇਆ। ਸਦੀਆਂ ਤੋਂ ਪਾਪ ਦੇ ਦੋਸ਼ ਬਾਰੇ ਕਈ ਵਿਚਾਰਾਂ ਦਾ ਸਮਰਥਨ ਕੀਤਾ ਗਿਆ ਹੈ। ਇਸ ਲਈ ਇਹ ਮੁਸ਼ਕਲ ਪਰ ਮਹੱਤਵਪੂਰਣ ਵਿਸ਼ੇ ਉੱਤੇ ਜ਼ਿਆਦਾ ਵਿਸਥਾਰ ਨਾਲ ਵਿਚਾਰ ਕਰਨ ਨਾਲ ਕਾਫ਼ੀ ਮਦਦ ਮਿਲੇਗੀ।

#### a. ਪੇਲੇਜੀਅਨ ਵਿਚਾਰ

ਪੇਲੇਜੀਅਨ ਵਿਚਾਰ ਇਹ ਹੈ ਕਿ ਆਦਮ ਦੇ ਪਾਪ ਨੇ ਸਿਰਫ਼ ਉਸ ਨੂੰ ਹੀ ਪ੍ਰਭਾਵਿਤ ਕੀਤਾ ਸੀ। ਸਾਡੇ ਨਾਲ ਉਸ ਦਾ ਇੱਕੋ-ਇੱਕ ਰਿਸ਼ਤਾ ਇਹ ਹੈ ਕਿ ਉਹ ਸਾਡੇ ਲਈ ਇੱਕ ਬੁਰੀ ਮਿਸਾਲ ਹੈ। ਇਸ ਵਿਚਾਰ ਵਾਲੇ ਲੋਕ ਇਹ ਮੰਨਦੇ ਹਨ ਕਿ ਹਰ ਆਤਮਾ ਨੂੰ ਨਿਰਦੋਸ਼ ਬਣਾਇਆ ਗਿਆ ਹੈ ਜਿਸ ਵਿੱਚ ਪਾਪ ਕਰਨ ਦਾ ਕੋਈ ਰੁਝਾਨ ਨਹੀਂ ਹੈ। ਸਿਰਫ਼ ਨਿੱਜੀ ਅਤੇ ਹੋਸ਼ ਵਿੱਚ ਕੀਤਾ ਸਿਰਫ਼ ਪਾਪ ਹੀ ਇੱਕ ਵਿਅਕਤੀ ਨੂੰ ਦੋਸ਼ੀ ਠਹਿਰਾ ਸਕਦਾ ਹੈ। ਇਹ ਵਿਚਾਰ ਪੂਰੀ ਤਰ੍ਹਾਂ ਬਾਈਬਲ ਦੇ ਵਿਰੁੱਧ ਹੈ (ਮਨੁੱਖ ਦੀ ਵਿਸ਼ਵ-ਵਿਆਪੀ ਬੁਰਾਈ ਦੇ ਲਈ ਅਧਿਆਇ 6 ਵਿੱਚ ਮਨੁੱਖ ਦਾ ਸਿਧਾਂਤ ਦੇਖੋ)।

#### a. ਅੱਧ-ਪੈਲੇਜੀਅਨ ਵਿਚਾਰ

ਅੱਧ-ਪੈਲੇਜੀਅਨ ਵਿਚਾਰ ਵਾਲੇ ਲੋਕ ਇਹ ਮੰਨਦੇ ਹਨ ਕਿ ਹਰੇਕ ਮਨੁੱਖ ਇੱਕ ਬੁਰੇ ਸੁਭਾਅ ਨਾਲ ਪੈਦਾ ਹੁੰਦਾ ਹੈ, ਪਰ ਉਸ ਨੂੰ ਉਦੋਂ ਤੱਕ ਦੋਸ਼ੀ ਨਹੀਂ ਠਹਿਰਿਆ ਨਹੀਂ ਜਾਂਦਾ ਹੈ ਜਦੋਂ ਤੱਕ ਕਿ ਇਹ ਪਾਪ ਦੇ ਨਿੱਜੀ ਅਤੇ ਹੋਸ਼ ਵਿੱਚ ਕੀਤੇ ਗਏ ਕੰਮਾਂ ਉੱਤੇ ਆਧਾਰਿਤ ਨਹੀਂ ਹੁੰਦਾ ਹੈ। ਜਦੋਂ ਕਿ ਆਦਮ ਦੇ ਪਾਪ ਨੇ ਪਾਪ ਦੇ ਸੁਭਾਅ ਨੂੰ ਪੈਦਾ ਕੀਤਾ ਸੀ, ਪਰ ਉਸ ਦੇ ਪਾਪ ਦੇ ਕਾਰਨ ਲੋਕਾਂ ਉੱਤੇ ਕੋਈ ਦੋਸ਼ ਜਾਂ ਸਜ਼ਾ ਨਹੀਂ ਆਈ ਸੀ।

ਰੋਮੀ 5:14 ਇਸ ਗੱਲ ਨੂੰ ਅੱਗੇ ਵਧਾਉਂਦਾ ਹੈ ਕਿ ਮੂਸਾ ਦੀ ਬਿਵਸਥਾ ਦੇ ਦਿੱਤੇ ਜਾਣ ਤੋਂ ਪਹਿਲਾਂ ਦੇ ਸਾਰੇ ਲੋਕਾਂ ਨੇ ਆਦਮ ਦੇ ਪਾਪ ਦੇ ਕਾਰਨ ਸਰੀਰਕ ਮੌਤ ਦਾ ਅਨੁਭਵ ਕੀਤਾ ਸੀ। ਜਦੋਂ ਕੋਈ ਬਿਵਸਥਾ ਨਹੀਂ ਸੀ, ਤਾਂ ਉਦੋਂ ਲੋਕਾਂ ਨੂੰ ਉਹਨਾਂ ਦੇ ਨਿੱਜੀ ਪਾਪਾਂ ਦੇ ਲਈ ਜਵਾਬਦੇਹ ਨਹੀਂ ਠਹਿਰਾਇਆ ਜਾ ਰਿਹਾ ਸੀ (ਦੇਖੋ, ਰੋਮੀ 4:15; 5:13), ਪਰ ਲੋਕ ਉਦੋਂ ਵੀ ਆਦਮ ਦੇ ਪਾਪ ਦੇ ਕਾਰਨ ਸਰੀਰਕ ਤੌਰ ਤੇ ਮਰੇ ਸਨ। ਇਸ ਲਈ, ਆਦਮ ਦੇ ਪਾਪ ਨੇ ਨਾ ਸਿਰਫ਼ ਮਨੁੱਖਜਾਤੀ ਵਿੱਚ ਬੁਰਾਈ ਕਰਨ ਦਾ ਨੈਤਿਕ ਸੁਭਾਅ ਨੂੰ ਪੈਦਾ ਕੀਤਾ ਸੀ, ਬਲਕਿ ਇਹ ਸਰੀਰਕ ਅਤੇ ਆਤਮਿਕ ਦੋਵੇਂ ਤਰ੍ਹਾਂ ਦੇ ਅਪਰਾਧ, ਸਜ਼ਾ, ਅਤੇ ਮੌਤ ਦਾ ਮੁੱਖ ਕਾਰਨ ਵੀ ਹੋਇਆ ਸੀ। ਅੱਧ-ਪੈਲੇਜੀਅਨ ਵਿਚਾਰ ਬਾਈਬਲ ਦੀ ਚੰਗੀ ਵਿਆਖਿਆ ਨਾਲੋਂ ਤਰਕ ਉੱਤੇ ਜ਼ਿਆਦਾ ਆਧਾਰਿਤ ਹੈ।[15]

#### b. ਸੰਘੀ ਪ੍ਰਤਿਨਿਧਿਤਾ ਵਿਚਾਰ

ਜਿਹੜੇ ਲੋਕ ਇਸ ਵਿਚਾਰ ਦਾ ਸਮਰਥਨ ਕਰਦੇ ਹਨ, ਉਹ ਮੰਨਦੇ ਹਨ ਕਿ ਆਦਮ ਦਾ ਪਾਪ ਪੂਰੀ ਮਨੁੱਖਜਾਤੀ ਦੀ ਬਰਬਾਦੀ ਦਾ ਕਾਰਨ ਹੈ। ਇਸ ਦੇ ਕਾਰਨ ਪਾਪ ਦਾ ਸੁਭਾਅ, ਸਰੀਰਕ ਮੌਤ, ਅਤੇ ਆਤਮਿਕ ਮੌਤ ਆਈ। ਅਦਨ ਵਿੱਚ ਪਾਪ ਵਿੱਚ ਡਿੱਗਣ ਦੇ ਕਾਰਨ ਹੀ ਸਾਡੇ ਉੱਤੇ ਦੋਸ਼ ਅਤੇ ਸਜ਼ਾ ਆਏ।

ਦੋਸ਼ ਲਗਾਉਣ ਦੇ ਸੰਘੀ ਪ੍ਰਤਿਨਿਧਿਤਾ ਵਿਚਾਰ ਦਾ ਇਹ ਮੰਨਣਾ ਹੈ ਕਿ ਆਦਮ ਪੂਰੀ ਮਨੁੱਖਜਾਤੀ ਦਾ **ਪ੍ਰਤਿਨਿਧ** ਸੀ। ਪਰਮੇਸ਼ਰ ਨੇ ਆਦਮ ਨਾਲ ਇੱਕ ਨੇਮ ਬੰਨਿਆ ਸੀ ਕਿ ਉਹ ਸਾਰੀ ਮਨੁੱਖਜਾਤੀ ਦਾ ਪ੍ਰਤਿਨਿਧ ਹੋਵੇਗਾ। ਇਸ ਤਰ੍ਹਾਂ, ਆਦਮ ਨੇ ਸਾਡੇ ਲਈ ਉਸੇ ਤਰ੍ਹਾਂ

[13] ਲੇਖਕ ਦਾ ਮੰਨਣਾ ਹੈ ਕਿ ਮਾਂ ਪਾਪ ਦੇ ਸੁਭਾਅ ਨੂੰ ਓਨਾ ਹੀ ਸੰਚਾਰਿਤ ਕਰਦੀ ਹੈ ਜਿੰਨਾ ਪਿਤਾ ਕਰਦਾ ਹੈ। ਅਸਲ ਵਿੱਚ, ਇਹ "ਪਵਿੱਤਰ ਆਤਮਾ ਦੀ ਛਾਇਆ" ਸੀ ਜਿਸ ਨੇ ਮਰਿਯਮ ਤੋਂ ਪਾਪ ਨੂੰ ਉਸ ਦੇ ਪੁੱਤਰ ਵਿੱਚ ਜਾਣ ਤੋਂ ਰੋਕਿਆ ਸੀ। ਸ਼ਾਇਦ ਭਵਿੱਖ ਦਾ ਵਿਗਿਆਨ ਮਰਦਾਂ ਦੀ ਭਾਗੀਦਾਰੀ ਤੋਂ ਬਿਨਾਂ ਬੱਚਿਆਂ ਨੂੰ ਪੈਦਾ ਕਰਨ ਦੇ ਯੋਗ ਹੋਵੇਗਾ। ਫਿਰ ਵੀ ਅਜਿਹੇ ਬੱਚਿਆਂ ਵਿੱਚ ਪਾਪ ਦਾ ਸੁਭਾਅ ਹੋਵੇਗਾ।

[14] ਹੈਨਰੀ ਥੀਸਨ, ਲੈਕਚਰਜ਼ ਇਨ ਸਿਸਟੇਮੈਟਿਕ ਥੀਓਲੋਜੀ, (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ, 1949), 260.

[15] ਅੱਧ-ਪੈਲੇਜੀਅਨ ਵਿਚਾਰ ਬਹੁਤ ਸਾਰੇ ਮੈਥੋਡਿਸਟ ਦੁਆਰਾ ਮੰਨਿਆ ਜਾਂਦਾ ਹੈ।

"ਵੋਟ" ਦਿੱਤੀ ਸੀ ਜਿਵੇਂ ਸੰਸਦ ਵਿੱਚ ਸੰਸਦ ਦਾ ਇੱਕ ਵਿਅਕਤੀ ਸਾਡੇ ਲਈ ਕਾਨੂੰਨਾਂ ਉੱਤੇ ਵੋਟ ਦਿੰਦਾ ਹੈ। ਵਿਅਕਤੀਗਤ ਤੌਰ ਤੇ, ਕਾਨੂੰਨ ਨੂੰ ਬਣਾਉਣ ਵਿੱਚ ਸਾਡਾ ਕੋਈ ਯੋਗਦਾਨ ਨਹੀਂ ਹੈ, ਪਰ ਸਾਡਾ ਪ੍ਰਤਿਨਿਧ ਜੋ ਵੀ ਫੈਸਲਾ ਲੈਂਦਾ ਹੈ ਉਹ ਸਾਨੂੰ ਪ੍ਰਭਾਵਿਤ ਕਰਦਾ ਹੈ। ਜਦੋਂ ਆਦਮ ਨੇ ਪਾਪ ਕੀਤਾ, ਤਾਂ ਉਸ ਨੇ ਸਾਡੇ ਲਈ ਇੱਕ ਚੋਣ ਕੀਤੀ। ਇਸ ਤੋਂ ਬਾਅਦ, ਪਰਮੇਸ਼ਰ ਨੇ ਸਾਰੇ ਮਨੁੱਖਾਂ ਨੂੰ ਪਾਪ ਦੇ ਦੋਸ਼ੀ ਮੰਨਿਆ ਅਤੇ ਹਰੇਕ ਆਤਮਾ ਨੂੰ ਇੱਕ ਜਮਾਂਦਰੂ ਪਾਪ ਦੇ ਸੁਭਾਅ ਨਾਲ ਬਣਾਇਆ। ਇਹ ਸਾਡੇ ਪ੍ਰਤਿਨਿਧ ਦੇ ਫ਼ੈਸਲੇ ਦੇ ਕਾਰਨ ਹੀ ਹੈ ਕਿ ਅਸੀਂ ਵਿਰਾਸਤ ਵਿੱਚ ਦੋਸ਼, ਸਜ਼ਾ, ਪਾਪ ਦੇ ਸੁਭਾਅ, ਅਤੇ ਮੌਤ ਨੂੰ ਪ੍ਰਾਪਤ ਕਰਦੇ ਹਾਂ। ਕਿਉਂਕਿ ਸੰਘੀ ਪ੍ਰਤਿਨਿਧ ਵਿਚਾਰ ਆਮ ਤੌਰ ਤੇ ਇਹ ਮੰਨਦਾ ਹੈ ਕਿ ਅਸੀਂ ਪਾਪ ਵਿੱਚ ਡਿੱਗਣ ਵੇਲੇ ਆਦਮ ਵਿੱਚ ਮੌਜੂਦ ਨਹੀਂ ਸੀ, ਇਸ ਲਈ ਸੰਘੀ ਵਿਚਾਰ ਨੂੰ ਅਕਸਰ ਆਤਮਾ ਦੀ ਉਤਪਤੀ ਬਾਰੇ ਇੱਕ ਸਿਰਜਣਾਵਾਦ ਵਿਚਾਰ ਨਾਲ ਮਿਲਾ ਦਿੱਤਾ ਜਾਂਦਾ ਹੈ (ਹਾਲਾਂਕਿ ਦੋਸ਼ ਬਾਰੇ ਮਾਪਿਆਂ ਤੋਂ ਆਤਮਾ ਮਿਲਣ ਵਾਲਾ ਵਿਚਾਰ ਅਤੇ ਸੰਘੀ ਪ੍ਰਤਿਨਿਧ ਵਿਚਾਰ ਇੱਕ ਦੂਜੇ ਤੋਂ ਅਲੱਗ ਨਹੀਂ ਹੋ ਸਕਦੇ ਹਨ)।

ਦੋਸ਼ ਬਾਰੇ ਸੰਘੀ ਪ੍ਰਤਿਨਿਧ ਵਿਚਾਰ ਨਿਸ਼ਚਿਤ ਤੌਰ ਤੇ ਬਾਈਬਲ ਆਧਾਰਿਤ ਸਿਧਾਂਤ ਹੈ ਅਤੇ ਇਸ ਵਿੱਚ ਸੱਚਾਈ ਦਾ ਇੱਕ ਤੱਤ ਹੈ। ਸ਼ਾਇਦ ਆਦਮ ਇੱਕ ਪ੍ਰਤਿਨਿਧ ਸੀ। ਫਿਰ ਵੀ, ਇਸ ਵਿਚਾਰ ਵਿੱਚ ਕਈ ਕਮੀਆਂ ਹਨ। ਬਾਈਬਲ ਵਿੱਚ ਪਰਮੇਸ਼ਰ ਅਤੇ ਆਦਮ ਦੇ ਵਿਚਕਾਰ ਅਜਿਹੇ ਕਿਸੇ ਨੇਮ ਦਾ ਕੋਈ ਜ਼ਿਕਰ ਨਹੀਂ ਹੈ ਕਿ ਆਦਮ ਪੂਰੀ ਮਨੁੱਖਜਾਤੀ ਦਾ ਪ੍ਰਤਿਨਿਧ ਹੋਵੇਗਾ। ਇਸ ਤੋਂ ਇਲਾਵਾ, ਇਹ ਵਿਚਾਰ ਹਰੇਕ ਆਤਮਾ ਨੂੰ ਉਸ ਦੇ ਪਾਪ ਦੇ ਸੁਭਾਅ ਵਿੱਚ ਬਣਾਏ ਜਾਣ ਲਈ ਮਾਪਿਆਂ ਨੂੰ ਨਹੀਂ ਪਰ ਸਿੱਧੇ ਤੌਰ ਤੇ ਪਰਮੇਸ਼ਰ ਨੂੰ ਜ਼ਿੰਮੇਵਾਰ ਬਣਾਉਂਦਾ ਹੈ।

ਅੰਤ ਵਿੱਚ, ਰੋਮੀਆਂ 5:12 ਇਹ ਨਹੀਂ ਕਹਿੰਦਾ ਹੈ ਕਿ ਸਭ ਨੂੰ ਇਸ ਲਈ ਪਾਪੀ ਮੰਨਿਆ ਗਿਆ ਹੈ ਕਿਉਂਕਿ ਆਦਮ ਸਾਡਾ ਪ੍ਰਤਿਨਿਧ ਸੀ। ਇਹ ਕਹਿੰਦਾ ਹੈ, "....ਇਸ ਤਰ੍ਹਾਂ ਮੌਤ ਸਾਰੀ ਮਨੁੱਖਜਾਤੀ ਵਿੱਚ ਫੈਲ ਗਈ ਕਿਉਂਕਿ **ਸਭ ਨੇ** ਪਾਪ ਕੀਤਾ।" ਜਦੋਂ ਆਦਮ ਨੇ ਪਾਪ ਕੀਤਾ ਤਾਂ "ਸਭ" ਮਨੁੱਖਾਂ ਦੀ ਉਸ ਵਿੱਚ ਕਿਸੇ ਨਾਲ ਕਿਸੇ ਪੱਧਰ ਉੱਤੇ ਨਿੱਜੀ ਭਾਗੀਦਾਰੀ ਸੀ। ਇਹ ਸੱਚ ਹੈ ਕਿ ਇਸ ਨੂੰ ਪਾਪ ਦੇ ਦੋਸ਼ ਦੇ ਕਿਸੇ ਵੀ ਸਿਧਾਂਤ ਦੇ ਤਹਿਤ ਸਮਝਾਉਣਾ ਮੁਸ਼ਕਲ ਹੈ, ਪਰ ਅਗਲਾ ਵਿਚਾਰ ਸੰਘੀ ਵਿਚਾਰ ਤੋਂ ਜ਼ਿਆਦਾ ਵਧੀਆ ਸਮਝਾਉਂਦਾ ਹੈ।

### c. ਅਗਸਟੀਨੀਅਨ, ਕੁਦਰਤੀ, ਜਾਂ ਬੀਜ ਰੂਪ ਵਿਚਾਰ

ਇਹ ਵਿਚਾਰ ਸਿਖਾਉਂਦਾ ਹੈ ਕਿ ਜਦੋਂ ਆਦਮ ਨੇ ਪਾਪ ਕੀਤਾ ਤਾਂ ਮਨੁੱਖਜਾਤੀ ਦੀ ਏਕਤਾ ਦੇ ਕਾਰਨ ਅਸੀਂ ਸਾਰੇ ਉਸ ਵਿੱਚ ਇੱਕ ਲੁਕਵੇਂ ਰੂਪ ਵਿੱਚ ਮੌਜੂਦ ਸੀ। ਅਸੀਂ ਅਸਲ ਵਿੱਚ ਉਸ ਦੇ ਪਾਪ ਵਿੱਚ ਹਿੱਸਾ ਲਿਆ ਸੀ। ਇਸ ਲਈ, ਆਦਮ ਦੇ ਪਾਪ ਦੇ ਕਾਰਨ ਅਸੀਂ ਪਾਪ ਦਾ ਸੁਭਾਅ, ਦੋਸ਼ ਅਤੇ ਮੌਤ ਵਿਰਾਸਤ ਵਿੱਚ ਪ੍ਰਾਪਤ ਕਰਦੇ ਹਾਂ।

ਇਸ ਵਿਚਾਰ ਦਾ ਇਹ ਫਾਇਦਾ ਹੈ ਕਿ ਆਤਮਾ ਦੀ ਉਤਪਤੀ ਬਾਰੇ ਇਸ ਨੂੰ ਸਿਰਜਣਾਵਾਦ ਵਿਚਾਰ ਦਾ ਸਹਾਰਾ ਨਹੀਂ ਲੈਣਾ ਪੈਂਦਾ ਹੈ। ਇਹ ਵਿਚਾਰ ਪਹਿਲੇ ਮਨੁੱਖੀ ਪਾਪ ਵਿੱਚ ਸਾਡੀ ਕੋਈ ਨਾ ਕੋਈ ਭਾਗੀਦਾਰੀ ਨੂੰ ਵੀ ਦੇਖਦਾ ਹੈ। ਇਹ ਸਮਝਣਾ ਬਹੁਤ ਮੁਸ਼ਕਲ ਹੈ ਕਿ ਜਦੋਂ ਸਾਡੇ ਪਹਿਲੇ ਪਿਤਾ ਨੇ ਪਾਪ ਕੀਤਾ ਸੀ ਤਾਂ ਇੱਕ ਭਰੂਣ ਰੂਪ ਵਿੱਚ ਉਸ ਦੇ ਅੰਦਰ ਮੌਜੂਦ ਹੋਣ ਦੇ ਕਾਰਨ ਸਾਨੂੰ ਕਿਵੇਂ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਪਰ, ਅਗਸਤਿਨੀਅਨ ਵਿਚਾਰ ਪਾਪ ਵਿੱਚ ਡਿੱਗਣ ਵਿੱਚ ਸਾਡੀ ਕੋਈ ਨਾ ਕੋਈ ਭਾਗੀਦਾਰੀ ਦੀ ਆਗਿਆ ਦਿੰਦਾ ਹੈ, ਅਤੇ ਇਸ ਕਾਰਨ ਇਹ ਵਿਚਾਰ ਰੋਮੀਆਂ 5:12 ਵਿੱਚ ਨਿਆਂ ਦੀ ਭਾਵਨਾ ਅਤੇ ਅਸਲ ਭਾਗੀਦਾਰੀ ਦੇ ਅਨੁਸਾਰ ਬਿਹਤਰ ਢੰਗ ਨਾਲ ਮੇਲ ਖਾਂਦਾ ਹੈ। ਬੀਜ ਰੂਪ ਵਿਚਾਰ ਨੂੰ ਇਬਰਾਨੀਆਂ 7:9, 10 ਵਿੱਚ ਸਥਾਪਿਤ ਕੀਤਾ ਗਿਆ ਹੈ। ਆਗਸਟੀਨੀਅਨ ਜਾਂ ਬੀਜ ਰੂਪ ਵਿਚਾਰ ਆਤਮਾ ਦੀ ਉਤਪਤੀ ਅਤੇ ਪਾਪੀ ਸੁਭਾਅ ਦੇ ਸੰਚਾਰ ਬਾਰੇ ਮਾਪਿਆਂ ਤੋਂ ਆਤਮਾ ਮਿਲਣ ਦੇ ਵਿਚਾਰ ਨਾਲ ਸਭ ਤੋਂ ਵਧੀਆ ਮੇਲ ਖਾਂਦਾ ਹੈ।

### d. ਸਾਡੇ ਉੱਤੇ ਆਦਮ ਦੇ ਪਾਪ ਦੇ ਦੋਸ਼ ਬਾਰੇ ਸਿੱਟੇ

ਆਦਮ ਦੇ ਪਾਪ ਦਾ ਦੋਸ਼ ਸਾਡੇ ਉੱਪਰ ਕਿਵੇਂ ਆਇਆ, ਇਸ ਨੂੰ ਸਮਝਾਉਣ ਦੇ ਲਈ ਭਾਵੇਂ ਕੋਈ ਵੀ ਵਿਚਾਰ ਅਪਣਾਇਆ ਜਾਵੇ, ਪਰ ਇਹ ਇੱਕ ਬਾਈਬਲ ਆਧਾਰਿਤ ਤੱਥ ਹੈ ਕਿ ਮਨੁੱਖਜਾਤੀ ਦੀ ਪੈਦਾਇਸ਼ੀ ਬੁਰਾਈ, ਦੋਸ਼ ਅਤੇ ਸਰੀਰਕ/ਆਤਮਿਕ ਮੌਤ ਦਾ ਆਧਾਰ ਅਤੇ ਕਾਰਨ ਆਦਮ ਹੀ ਹੈ। ਕੋਈ ਵੀ ਸਿਧਾਂਤ ਜੋ ਇਸ ਤੱਥ ਨੂੰ ਸਮਝਾਉਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਇਸ ਮੁਸ਼ਕਲ ਨਾਲ ਜੂਝਣਾ ਹੋਵੇਗਾ ਕਿ ਸਾਨੂੰ ਆਦਮ ਦੇ ਪਾਪ ਦੇ ਲਈ ਕਿਵੇਂ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਜੇਕਰ ਉਹ ਸਾਡਾ ਪ੍ਰਤਿਨਿਧ ਸੀ, ਤਾਂ ਅਸੀਂ ਉਸ ਨੂੰ ਆਪਣਾ ਪ੍ਰਤਿਨਿਧ ਹੋਣ ਦੇ ਲਈ ਨਹੀਂ ਚੁਣਿਆ ਸੀ। ਜੇਕਰ ਅਸੀਂ ਕਿਸੇ ਰਹੱਸਮਈ ਢੰਗ ਨਾਲ ਆਦਮ ਦੇ ਪਾਪ ਕਰਨ ਵੇਲੇ ਮੌਜੂਦ ਸੀ, ਤਾਂ ਅਸੀਂ ਆਦਮ ਦੇ ਫ਼ੈਸਲੇ ਵਿੱਚ ਹਿੱਸਾ ਲੈਣ ਦੇ ਲਈ ਪੂਰੇ ਹੋਸ਼ ਵਿੱਚ ਨਹੀਂ ਸੀ। ਬਾਈਬਲ ਦਾ ਉਹ ਵਿਦਿਆਰਥੀ ਜੋ ਇਹ ਗੱਲ ਧਿਆਨ ਵਿੱਚ ਰੱਖਦਾ ਹੈ ਕਿ ਮਨੁੱਖ ਦਾ ਪੈਦਾਇਸ਼ੀ ਪਾਪ ਸਦੀਪਕ ਸਜ਼ਾ ਦਾ ਆਧਾਰ **ਨਹੀਂ** ਹੋਵੇਗਾ, ਉਹ ਆਦਮ ਦੇ ਪਾਪ ਦੇ ਸਾਡੇ ਉੱਤੇ ਦੋਸ਼ ਵਿੱਚ ਪਰਮੇਸ਼ਰ ਦੇ ਨਿਆਂ ਬਾਰੇ ਪੈਦਾ ਹੋਣ ਵਾਲੀ ਕਿਸੇ ਵੀ ਸਮੱਸਿਆ ਦਾ ਹੱਲ ਕਰਨ ਵਿੱਚ ਕਾਫ਼ੀ ਅੱਗੇ ਤੱਕ ਜਾ ਸਕੇਗਾ।[16]

## III. ਪਾਪ ਦੀ ਹੱਦ

ਇਸ ਵਿਸ਼ੇ ਦੇ ਲਈ ਅਧਿਆਇ 6 "ਮਨੁੱਖ ਦਾ ਸਿਧਾਂਤ" ਦੇਖੋ।

[16] ਅਧਿਆਇ 6 ਦਾ ਫੁਟਨੋਟ 5 ਦੇਖੋ।

## IV. ਵਿਸ਼ਵਾਸੀ ਦੇ ਦੋ ਸੁਭਾਅ

### A. *ਸੁਭਾਅ* ਸ਼ਬਦ ਦੀ ਸਹੀ ਵਿਆਖਿਆ

*ਪੁਰਾਣੇ ਸੁਭਾਅ* ਅਤੇ *ਨਵੇਂ ਸੁਭਾਅ* ਸ਼ਬਦਾਂ ਦੀ ਵਰਤੋਂ ਕਰਨ ਤੋਂ ਪਹਿਲਾਂ, ਸਾਡੇ ਲਈ ਸੁਭਾਅ ਸ਼ਬਦ ਦੇ ਅਰਥ ਦੀ ਵਿਆਖਿਆ ਕਰਨਾ ਜ਼ਿਆਦਾ ਵਧੀਆ ਹੋਵੇਗਾ। ਜੇਕਰ *ਸੁਭਾਅ* ਤੋਂ ਅਸੀਂ ਮਨੁੱਖ ਦੀ ਕੇਵਲ ਅਭੌਤਿਕ ਹੋਂਦ ਦੀ ਗੱਲ ਕਰਦੇ ਹਾਂ, ਤਾਂ ਫਿਰ ਅਸੀਂ ਇਸ ਵਿਸ਼ੇ ਵਿੱਚ *ਸੁਭਾਅ* ਸ਼ਬਦ ਦੀ ਸਹੀ ਵਰਤੋਂ ਨਹੀਂ ਕਰ ਰਹੇ ਹਾਂ। ਅਜਿਹਾ ਨਹੀਂ ਹੁੰਦਾ ਹੈ ਕਿ ਜਦੋਂ ਇੱਕ ਵਿਅਕਤੀ ਪ੍ਰਭੂ ਯਿਸੂ ਨੂੰ ਸਵੀਕਾਰ ਕਰਦਾ ਹੈ, ਤਾਂ ਪਰਮੇਸ਼ਰ "ਆਤਮਾ" ਦਾ ਇੱਕ ਨਵਾਂ ਹਿੱਸਾ ਬਣਾਉਂਦੇ ਹਨ, ਅਤੇ ਇਸ ਨੂੰ ਆਤਮਾ ਦੇ ਪਿੱਛਲੇ ਹਿੱਸਿਆਂ ਨਾਲ ਜੋੜਦੇ ਹਨ। ਇਸੇ ਤਰ੍ਹਾਂ, ਮੌਤ ਜਾਂ ਮਹਿਮਾਮਈ ਹੋਣ ਦੇ ਸਮੇਂ ਇਸ ਤਰ੍ਹਾਂ ਨਹੀਂ ਹੁੰਦਾ ਹੈ ਕਿ ਸਾਡੀ ਅਭੌਤਿਕ ਹੋਂਦ (ਪੁਰਾਣੇ ਪਾਪ ਦਾ ਸੁਭਾਅ) ਦਾ ਇੱਕ ਹਿੱਸਾ ਧਰਤੀ ਉੱਤੇ ਜਾਂ ਨਰਕ ਵਿੱਚ ਪਿੱਛੇ ਰਹਿਣ ਲਈ ਛੱਡ ਦਿੱਤਾ ਜਾਂਦਾ ਹੈ।

ਕਿਉਂਕਿ ਪਰਮੇਸ਼ਰ ਨੇ ਆਪਣੇ ਸਿਰਜਣਾਤਮਕ ਕੰਮ ਨੂੰ ਪੂਰਾ ਕਰ ਦਿੱਤਾ ਹੈ, ਇਸ ਲਈ ਸਾਨੂੰ ਇਸ ਤਰ੍ਹਾਂ ਨਹੀਂ ਦੇਖਣਾ ਚਾਹੀਦਾ ਕਿ ਉਹ ਮਨ-ਪਰਿਵਰਤਨ ਦੇ ਵੇਲੇ ਮਨੁੱਖੀ ਆਤਮਾ ਦੇ ਇੱਕ ਨਵੇਂ ਹਿੱਸੇ (ਨਵਾਂ ਸੁਭਾਅ) ਦੀ ਸਿਰਜਣਾ ਕਰਦੇ ਅਤੇ ਇਸ ਨੂੰ ਪੁਰਾਣੀ ਆਤਮਾ ਨਾਲ ਮਿਲਾਉਂਦੇ ਹਨ। ਅਤੇ ਨਾ ਹੀ ਮਸੀਹੀਆਂ ਨੂੰ ਆਪਣੇ ਆਪ ਨੂੰ ਸਿਰਫ਼ ਕੁਝ ਸਮੇਂ ਦੇ ਲਈ ਬਚਾਏ ਗਏ ਦੇਖਣਾ ਚਾਹੀਦਾ ਹੈ, ਜਿਵੇਂ ਕਿ., ਨਵਾਂ ਸੁਭਾਅ (ਆਤਮਾ ਦਾ ਹਿੱਸਾ) ਬਚਾਇਆ ਗਿਆ ਹੈ, ਅਤੇ ਸਵਰਗ ਜਾਵੇਗਾ, ਪਰ ਸਾਡਾ ਪੁਰਾਣਾ ਸੁਭਾਅ (ਆਤਮਾ ਦਾ ਹਿੱਸਾ) ਨਾ ਤਾਂ ਬਚਾਇਆ ਗਿਆ ਹੈ ਅਤੇ ਨਾ ਹੀ ਸਵਰਗ ਜਾਵੇਗਾ। ਜੇਕਰ ਸੁਭਾਅ ਸ਼ਬਦ ਦੀ ਧਿਆਨ ਨਾਲ ਵਿਆਖਿਆ ਨਾ ਕੀਤੀ ਜਾਵੇ, ਤਾਂ ਅਜਿਹੀਆਂ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਪੈਦਾ ਹੋ ਸਕਦੀਆਂ ਹਨ।

*ਪੁਰਾਣੇ ਪਾਪੀ ਸੁਭਾਅ* ਸ਼ਬਦ ਦਾ ਅਸਲ ਵਿੱਚ ਅਰਥ ਵਿਵਹਾਰ ਦੀ ਉਹ ਪ੍ਰਕਿਰਿਆ ਹੈ ਜੋ ਮੁਕਤੀ ਤੋਂ ਪਹਿਲਾਂ ਦੇ ਜੀਵਨ ਵਿੱਚ ਕੰਮ ਕਰ ਰਹੀ ਸੀ। ਮਸੀਹ ਵਿੱਚ ਵਿਸ਼ਵਾਸ ਕਰਨ ਤੋਂ ਪਹਿਲਾਂ ਸਿਰਫ਼ ਇਹੀ ਵਿਵਹਾਰਿਕ ਪ੍ਰਕਿਰਿਆ ਸੀ ਜੋ ਕੰਮ ਕਰ ਰਹੀ ਸੀ। *ਨਵਾਂ ਸੁਭਾਅ* ਇੱਕ ਨਵੀਂ ਵਿਵਹਾਰਿਕ ਪ੍ਰਕਿਰਿਆ ਜਾਂ ਵਿਧੀ ਬਾਰੇ ਦੱਸਦਾ ਹੈ ਜੋ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਕੰਮ ਕਰ ਸਕਦੀ ਹੈ। ਮੁਕਤੀ ਪਾਇਆ ਹੋਇਆ ਵਿਅਕਤੀ ਪਾਪ ਦੇ ਅਟੱਲ ਪ੍ਰਭਾਵ ਉੱਤੇ ਜਿੱਤ ਪਾਉਣ ਦੇ ਯੋਗ ਹੁੰਦਾ ਹੈ ਅਤੇ ਫਿਰ ਉਹ ਪੁਰਾਣੀ ਵਿਵਹਾਰਿਕ ਪ੍ਰਕਿਰਿਆ ਦੇ ਅਨੁਸਾਰ ਜੀਵਨ ਬਤੀਤ ਨਹੀਂ ਕਰਦਾ ਹੈ। ਵਿਵਹਾਰਿਕ ਪ੍ਰਕਿਰਿਆਵਾਂ ਦੀ ਵਿਆਖਿਆ ਕਰਨ ਦੇ ਲਈ ਕਈ ਸ਼ਬਦਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਜੋ ਆਸਾਨੀ ਨਾਲ ਗ਼ਲਤਫ਼ਹਿਮੀਆਂ ਨੂੰ ਜਨਮ ਨਹੀਂ ਦਿੰਦੇ ਹਨ:

| ਪੁਰਾਣਾ ਸੁਭਾਅ | ਨਵਾਂ ਸੁਭਾਅ |
|---|---|
| ਵਿਧੀ | ਵਿਧੀ |
| ਪੁਰਾਣੀ ਪਾਪੀ ਸਥਿਤੀ | ਨਵੀਂ ਸਥਿਤੀ |
| ਪੁਰਾਣਾ ਕੰਮ | ਨਵਾਂ ਕੰਮ |
| ਪੁਰਾਣੀ ਪ੍ਰਕਿਰਿਆ | ਨਵੀਂ ਪ੍ਰਕਿਰਿਆ |

ਪੁਰਾਣਾ ਸੁਭਾਅ ਅਤੇ ਨਵਾਂ ਸੁਭਾਅ ਸ਼ਬਦ ਇਸ ਅਧਿਐਨ ਵਿੱਚ ਬਣੇ ਰਹਿਣਗੇ ਕਿਉਂਕਿ ਇਹਨਾਂ ਦੀ ਆਮ ਵਰਤੋਂ ਕੀਤੀ ਜਾਵੇਗੀ। ਫਿਰ ਵੀ, ਇਹਨਾਂ ਨੂੰ ਮਨੁੱਖੀ ਆਤਮਾ ਦੇ ਠੋਸ ਭਾਗ ਦੀ ਬਜਾਏ ਵਿਵਹਾਰਿਕ ਵਿਧੀਆਂ ਜਾਂ ਪ੍ਰਕਿਰਿਆਵਾਂ ਹੀ ਮੰਨਣਾ ਚਾਹੀਦਾ ਹੈ।

### B. ਪੁਰਾਣਾ ਸੁਭਾਅ

ਪਿਛਲੀ ਸਮੱਗਰੀ ਨੇ ਇਹ ਪ੍ਰਗਟ ਕੀਤਾ ਹੈ ਕਿ ਹਰੇਕ ਵਿਅਕਤੀ ਬੁਰਾਈ ਕਰਨ ਦੇ ਰੁਝਾਨ ਨਾਲ ਪੈਦਾ ਹੋਇਆ ਹੈ। ਅਵਿਸ਼ਵਾਸੀ ਲੋਕਾਂ ਵਿੱਚ ਪਾਪ ਦਾ ਸੁਭਾਅ ਰਾਜ ਕਰਦਾ ਹੈ। ਪ੍ਰਭੂ ਯਿਸੂ (ਯੂਹੰਨਾ 8:34-36) ਅਤੇ ਪੌਲੁਸ (ਰੋਮੀ 6:14, 16-18, 20-22; 7:15, 25) ਅਵਿਸ਼ਵਾਸੀ ਲੋਕਾਂ ਨੂੰ "ਪਾਪ ਦੇ ਗ਼ੁਲਾਮ" ਕਹਿੰਦੇ ਹਨ।[17] ਰੋਮੀਆਂ 7:5 ਇਹ ਸਿਖਾਉਂਦਾ ਹੈ ਕਿ "ਜਦੋਂ ਅਸੀਂ ਸਰੀਰਕ ਸੁਭਾਅ ਦੇ ਅਨੁਸਾਰ ਜੀਵਨ ਗੁਜ਼ਾਰਦੇ ਸੀ [ਜਿਵੇਂ ਕਿ., ਅਵਿਸ਼ਵਾਸੀ, ਦੇਖੋ ਰੋਮੀ 8:9a], ਤਾਂ ਪਾਪ ਦੀਆਂ ਕਾਮਨਾਵਾਂ ਵਿਵਸਥਾ ਤੋਂ ਪ੍ਰੇਰਨਾ ਲੈ ਕੇ ਸਾਡੇ ਅੰਗਾਂ ਵਿੱਚ ਕੰਮ ਕਰ ਰਹੀਆਂ ਸਨ ਜਿਸ ਦਾ ਅੰਤ ਮੌਤ ਸੀ।" ਰੋਮੀਆਂ 6:14 ਇਹ ਸੰਕੇਤ ਦਿੰਦਾ ਹੈ ਕਿ ਮੁਕਤੀ ਤੋਂ ਪਹਿਲਾਂ ਲੋਕ ਪੂਰੀ ਤਰ੍ਹਾਂ ਪਾਪੀ ਵਿਧੀ ਦੇ ਵੱਸ ਵਿੱਚ ਹੁੰਦੇ ਹਨ।

ਕੀ ਇਹ *ਪੁਰਾਣਾ ਸੁਭਾਅ* ਜਾਂ ਇਹ ਪੁਰਾਣੀ ਵਿਵਹਾਰਿਕ ਵਿਧੀ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਵੀ ਜਾਰੀ ਰਹਿੰਦੀ ਹੈ? ਇਸ ਦਾ ਇੱਕ ਸਪੱਸ਼ਟ ਜਵਾਬ "ਹਾਂ" ਹੈ। ਇੱਕ ਅਵਿਸ਼ਵਾਸੀ ਵਿਅਕਤੀ ਦੇ ਜੀਵਨ ਵਿੱਚ ਕੰਮ ਕਰਨ ਵਾਲੀ ਪੁਰਾਣੀ ਵਿਵਹਾਰਿਕ ਵਿਧੀ, ਇਸ ਅਰਥ ਵਿੱਚ ਇੱਕ ਮਸੀਹੀ ਵਿੱਚ ਮੌਜੂਦ ਹੁੰਦੀ ਹੈ ਕਿ ਇਸ ਅਨੁਸਾਰ ਕੰਮ ਕਰਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਪਰ ਇਹ ਸਹੀ ਨਹੀਂ ਹੋਵੇਗਾ ਕਿ ਪਾਪ ਦੀ ਵਿਧੀ ਨੂੰ ਉਸੇ ਤਰ੍ਹਾਂ ਕੰਮ ਕਰਦਿਆਂ ਦੇਖਿਆ ਜਾਵੇ ਜਿਵੇਂ ਇਹ ਮੁਕਤੀ ਤੋਂ ਪਹਿਲਾਂ ਕੰਮ ਕਰਦੀ ਸੀ। ਇੱਕ ਮਸੀਹੀ ਦੇ ਲਈ ਹੁਣ ਇਹ ਬਹੁਤ ਵੱਖਰੀ ਸਥਿਤੀ ਹੁੰਦੀ ਹੈ ਕਿਉਂਕਿ ਹੁਣ ਉਸ ਕੋਲ ਵਿਵਹਾਰ ਦੇ ਲਈ ਇੱਕ ਨਵੀਂ ਬਦਲਵੀਂ ਵਿਧੀ ਹੁੰਦੀ ਹੈ। ਮੁਕਤੀ ਤੋਂ ਪਹਿਲਾਂ, ਪਾਪ ਦਾ ਰਾਜ ਅਟੱਲ ਸੀ; ਮੁਕਤੀ ਤੋਂ ਬਾਅਦ ਪਾਪ ਦਾ ਨਿਯੰਤਰਣ ਸੰਭਵ ਤਾਂ ਹੈ ਪਰ ਇਹ ਅਟੱਲ ਨਹੀਂ ਹੈ, ਅਤੇ ਪਾਪ ਦਾ ਨਿਯੰਤਰਣ ਹਮੇਸ਼ਾ ਵਿਸ਼ਵਾਸੀ ਦੀ ਸਹਿਮਤੀ ਨਾਲ ਹੀ ਹੁੰਦਾ ਹੈ। ਇੱਕ

[17] ਰੋਮੀ 7:25 ਦੀ ਵਿਆਖਿਆ ਇੱਕ ਅਲੱਗ ਤਰੀਕੇ ਨਾਲ ਵੀ ਕੀਤੀ ਜਾ ਸਕਦੀ ਹੈ, ਪਰ ਇੱਕ ਦਲੀਲ ਨਾਲ, ਇਹ ਪੌਲੁਸ ਦੇ ਮਨ-ਪਰਿਵਰਤਨ ਤੋਂ ਪਹਿਲਾਂ ਉਸ ਦੇ ਪਾਪ ਦਾ ਦਾਸ ਹੋਣ ਬਾਰੇ ਵੀ ਹੈ।

ਵਿਸ਼ਵਾਸੀ ਦੀ ਸਥਿਤੀ ਵਿੱਚ ਤਬਦੀਲੀ ਦੀ ਉਦਾਹਰਣ ਇਸ ਵਿਸ਼ੇ ਨੂੰ ਸਮਝਣ ਵਿੱਚ ਮਦਦ ਕਰ ਸਕਦੀ ਹੈ। ਅਮਰੀਕੀ ਸਿਵਲ ਯੁੱਧ ਤੋਂ ਪਹਿਲਾਂ ਗ਼ੁਲਾਮਾਂ ਨੂੰ ਆਪਣੇ ਮਾਲਕਾਂ ਦੀ ਸੇਵਾ ਕਰਨ ਦੇ ਲਈ ਕਾਨੂੰਨੀ ਤੌਰ ਤੇ ਖਰੀਦਿਆ ਜਾਂਦਾ ਸੀ। ਉਹਨਾਂ ਦਾ ਆਪਣਾ ਕੋਈ ਵਿਚਾਰ ਨਹੀਂ ਹੁੰਦਾ ਸੀ। ਉਹ ਲਾਜ਼ਮੀ ਤੌਰ ਤੇ ਆਪਣੇ ਮਾਲਕ ਦੇ ਰਾਜ ਅਧੀਨ ਸਨ।

ਪਰ ਉਹਨਾਂ ਦੀ ਮੁਕਤੀ ਦੀ ਘੋਸ਼ਣਾ ਹੋ ਜਾਣ ਤੋਂ ਬਾਅਦ, ਗ਼ੁਲਾਮ ਦੀ ਕਾਨੂੰਨੀ ਸਥਿਤੀ ਬਦਲ ਗਈ। ਹੁਣ ਉਹ ਉਸ ਪੁਰਾਣੇ ਮਾਲਕ ਦੀ ਸੇਵਾ ਕਰਨ ਲਈ ਪਾਬੰਦ ਨਹੀਂ ਸੀ, ਅਤੇ ਹੁਣ ਉਹ ਅਸਲ ਵਿੱਚ ਕਾਨੂੰਨੀ ਜਾਂ ਸਥਿਤੀ ਦੇ ਅਰਥਾਂ ਵਿੱਚ ਉਸ ਦਾ ਮਾਲਕ ਨਹੀਂ ਸੀ। ਪਰ, ਆਜ਼ਾਦੀ ਮਿਲਣ ਅਤੇ ਜਿੱਤ ਹਾਸਲ ਕਰਨ ਤੋਂ ਬਾਅਦ ਵੀ ਬਹੁਤ ਸਾਰੇ ਗ਼ੁਲਾਮ ਆਪਣੇ ਪੁਰਾਣੇ ਮਾਲਕਾਂ ਦੀ ਸੇਵਾ ਕਰਦੇ ਰਹੇ ਹਨ। ਕਾਨੂੰਨੀ ਤੌਰ ਤੇ ਉਹਨਾਂ ਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਸੀ, ਪਰ ਵਿਹਾਰਕ ਅਰਥਾਂ ਵਿੱਚ ਉਹਨਾਂ ਨੇ ਅਜਿਹਾ ਕਰਨ ਦੀ ਸਹਿਮਤੀ ਦਿੱਤੀ, ਅਤੇ ਆਜ਼ਾਦ ਹੋਣ ਤੋਂ ਬਾਅਦ ਵੀ ਆਪਣੇ ਪੁਰਾਣੇ ਮਾਲਕਾਂ ਨੂੰ ਆਪਣੇ ਉੱਤੇ ਰਾਜ ਕਰਨ ਦਿੱਤਾ।

ਆਤਮਿਕ ਖੇਤਰਾਂ ਵਿੱਚ ਇਸ ਵਰਗੀਆਂ ਕਈ ਉਦਾਹਰਣਾਂ ਹਨ। ਮਸੀਹੀ ਹੁਣ ਪਾਪ ਦੀ ਪ੍ਰਭੂਸੱਤਾ ਦੇ ਅਧੀਨ ਨਹੀਂ ਹਨ। ਉਹਨਾਂ ਦੇ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਪੁਰਾਣੀ ਵਿਵਹਾਰਿਕ ਵਿਧੀ ਨੂੰ ਕੰਮ ਕਰਨ ਦੀ ਆਗਿਆ ਦਿੰਦੇ ਰਹਿਣ। ਉਹਨਾਂ ਕੋਲ ਹੁਣ ਇੱਕ ਨਵੀਂ ਵਿਵਹਾਰਿਕ ਵਿਧੀ ਹੈ ਜੋ ਅਵਿਸ਼ਵਾਸੀ ਲੋਕਾਂ ਵਿੱਚ ਨਹੀਂ ਹੈ। ਹਾਲਾਂਕਿ, ਮਸੀਹੀਆਂ ਕੋਲ ਅਜੇ ਵੀ ਉਸ ਪੁਰਾਣੇ ਮਾਲਕ ਦੀ ਸੇਵਾ ਕਰਨ ਦੀ ਚੋਣ ਕਰਨ ਦਾ ਵਿਕਲਪ ਹੈ ਜੋ ਹੁਣ ਅਸਲ ਵਿੱਚ ਕਾਨੂੰਨੀ ਜਾਂ ਸਥਿਤੀ ਦੇ ਅਰਥਾਂ ਵਿੱਚ ਉਹਨਾਂ ਦਾ ਮਾਲਕ ਨਹੀਂ ਹੈ। ਪੁਰਾਣੀ ਵਿਵਹਾਰਿਕ ਵਿਧੀ, ਪੁਰਾਣੀਆਂ ਸਥਿਤੀਆਂ, ਪੁਰਾਣਾ ਸੁਭਾਅ ਅਜੇ ਵੀ ਵਿਸ਼ਵਾਸੀਆਂ ਵਿੱਚ ਮੌਜੂਦ ਹੈ, ਪਰ ਇਹਨਾਂ ਦੀ ਅਟੱਲ ਸ਼ਕਤੀ ਅਤੇ ਅਧਿਕਾਰ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਅੱਗੇ ਦਿੱਤੇ ਕੁਝ ਵਚਨ ਸਿਖਾਉਂਦੇ ਹਨ ਕਿ ਵਿਸ਼ਵਾਸੀ ਵਿੱਚ ਪਾਪ ਕਰਨ ਦੀ ਸੰਭਾਵਨਾ ਅਜੇ ਵੀ ਮੌਜੂਦ ਹੈ: (ਰੋਮੀ 6:12,13; ਗਲਾਤੀ 5:13,16-17; ਫ਼ਿਲਿੱਪੀ 3:12-15; ਯਾਕੂਬ 3:2 a; 1 ਯੂਹੰਨਾ 1:8,10)। ਨਵੇਂ ਨੇਮ ਵਿੱਚ ਪਾਪ ਦੇ ਵਿਰੁੱਧ ਦਿੱਤੇ ਗਏ ਸਾਰੇ ਹੁਕਮ, ਅਤੇ ਪਵਿੱਤਰ ਆਤਮਾ ਦੀ ਸ਼ਕਤੀ ਦੀ ਜ਼ਰੂਰਤ ਬਾਰੇ ਸਾਰੀਆਂ ਸਿੱਖਿਆਵਾਂ ਇਹ ਦਰਸਾਉਂਦੀਆਂ ਹਨ ਕਿ ਵਿਸ਼ਵਾਸੀ ਅਜੇ ਵੀ ਪਾਪ ਕਰਦੇ ਹਨ।

### C. ਨਵਾਂ ਸੁਭਾਅ

ਜਦੋਂ ਲੋਕ ਮਸੀਹ ਉੱਤੇ ਭਰੋਸਾ ਰੱਖਦੇ ਹਨ, ਤਾਂ ਉਹ ਨਵਾਂ ਜਨਮ ਪ੍ਰਾਪਤ ਕਰਦੇ ਹਨ (ਯੂਹੰਨਾ 3:3-7; ਤੀਤੁਸ 3:5; ਯਾਕੂਬ 1:18; 1 ਪਤਰਸ 1:3,23; ਰੋਮੀ 6:4), ਅਤੇ ਉਹ ਪਰਮੇਸ਼ਰ ਦੇ ਬੱਚੇ ਬਣ ਜਾਂਦੇ ਹਨ (ਯੂਹੰਨਾ 1:12; 1 ਯੂਹੰਨਾ 5:1, 4; ਅਤੇ ਰੋਮੀ 8:15, 16; ਅਤੇ ਗਲਾਤੀ 4:5-7 ਵਿੱਚ ਗੋਦ ਲੈਣ ਦੀ ਤਸਵੀਰ ਵੀ ਦੇਖੋ)। ਨਵੇਂ ਜਨਮ ਦਾ ਅਰਥ ਇਹ ਹੈ ਕਿ ਇੱਕ ਵਿਸ਼ਵਾਸੀ ਨੂੰ ਮਸੀਹ ਦੇ ਜੀਅ-ਉੱਠਣ ਦੇ ਜੀਵਨ ਵਿੱਚ ਹਿੱਸਾ ਲੈਣ ਨਾਲ ਪਰਮੇਸ਼ਰ ਦੇ ਜੀਵਨ ਵਿੱਚ ਹਿੱਸਾ ਦਿੱਤਾ ਜਾਂਦਾ ਹੈ (ਦੇਖੋ, ਰੋਮੀ 6:1ff.)। ਕਿਉਂਕਿ ਇੱਕ ਨਵਾਂ ਵਿਸ਼ਵਾਸੀ ਮਸੀਹ ਦੇ ਜੀਵਨ ਵਿੱਚ ਹਿੱਸਾ ਲੈਂਦਾ ਹੈ ਅਤੇ ਉਸ ਵਿੱਚ ਪਵਿੱਤਰ ਆਤਮਾ ਹੁੰਦਾ ਹੈ, ਇਸ ਲਈ ਹੁਣ ਉਸ ਦੇ ਲਈ ਇੱਕ ਨਵੀਂ ਪ੍ਰਣਾਲੀ ਉਪਲਬਧ ਹੋ ਗਈ ਹੈ ਜਿਸ ਦੁਆਰਾ ਉਹ ਪਿਛਲੇ ਸਮੇਂ ਨਾਲੋਂ ਬਿਲਕੁਲ ਵੱਖਰੇ ਤਰੀਕਿਆਂ ਨਾਲ ਕੰਮ ਕਰ ਸਕਦਾ ਹੈ, ਅਤੇ ਆਪਣਾ ਜੀਵਨ ਬਤੀਤ ਕਰ ਸਕਦਾ ਹੈ। ਉਹ ਇੱਕ ਸਰਗਰਮ ਰੂਪ ਵਿੱਚ ਆਪਣੇ ਆਪ ਨੂੰ ਪਰਮੇਸ਼ਰ ਦੇ ਅਧੀਨ ਕਰ ਸਕਦਾ ਹੈ, ਅਤੇ ਮਸੀਹ ਦੇ ਜੀਵਨ ਨੂੰ ਜੀਉਣ ਦੀ ਸਮਰੱਥਾ ਦੇ ਲਈ ਪਵਿੱਤਰ ਆਤਮਾ ਉੱਤੇ ਨਿਰਭਰ ਕਰ ਸਕਦਾ ਹੈ (ਰੋਮੀ 6:11-13; ਗਲਾਤੀ 5:22-25)।

ਵਿਵਹਾਰ ਦੀ ਇਸ ਨਵੀਂ ਵਿਧੀ ਨੂੰ ਆਮ ਤੌਰ ਤੇ ਨਵਾਂ ਸੁਭਾਅ ਕਿਹਾ ਗਿਆ ਹੈ (ਦੇਖੋ, ਰੋਮੀ 6:4-6; ਅਫ਼ਸੀ 4:24; ਕੁਲੁੱਸੀ 3:10)। ਇੱਕ ਮਸੀਹੀ ਵਿੱਚ ਇਸ ਅਰਥ ਵਿੱਚ ਦੋ ਸੁਭਾਅ ਹੁੰਦੇ ਹਨ ਕਿ ਹੁਣ ਉਸ ਕੋਲ ਇਹ ਚੋਣ ਜਾਂ ਵਿਕਲਪ ਹੈ ਕਿ ਉਹ ਜਾਂ ਤਾਂ ਵਿਵਹਾਰ ਦੀ ਉਸ ਪੁਰਾਣੀ ਪ੍ਰਣਾਲੀ ਅਨੁਸਾਰ ਵਿਵਹਾਰ ਕਰੇ ਜੋ ਨਵੇਂ ਜਨਮ ਤੋਂ ਪਹਿਲਾਂ ਉਸ ਉੱਤੇ ਰਾਜ ਕਰਦੀ ਸੀ, ਜਾਂ ਫਿਰ ਉਹ ਉਸ ਵਿੱਚ ਵੱਸ ਰਹੇ ਮਸੀਹ ਅਤੇ ਪਵਿੱਤਰ ਆਤਮਾ ਦੀ ਸਮਰੱਥਾ ਦੇ ਅਧੀਨ ਹੋ ਕੇ ਆਪਣੇ ਵਿਵਹਾਰ ਨੂੰ ਇੱਕ ਨਵੇਂ ਤਰੀਕੇ ਨਾਲ ਕੰਮ ਕਰਨ ਵਾਲਾ ਬਣਾ ਦੇਵੇ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਹ **ਪਾਪ ਕਰਨ ਦੇ ਯੋਗ** ਹੈ, ਪਰ **ਉਹ ਪਾਪ ਕਰਨ ਦੇ ਯੋਗ ਨਹੀਂ ਵੀ ਹੈ** (ਯੂਹੰਨਾ 8:36; ਰੋਮੀ 6:14; 1 ਕੁਰਿੰਥ 10:13)। ਵਿਆਪਕ ਸੀਮਾਵਾਂ ਦੇ ਅੰਦਰ, ਵਿਸ਼ਵਾਸੀ ਇਹ ਫੈਸਲਾ ਕਰ ਸਕਦਾ ਹੈ ਕਿ ਉਹ ਆਪਣੇ ਸਰੀਰ ਅਤੇ ਆਤਮਾ ਨੂੰ ਕਿਹੜੀ ਪ੍ਰਕਿਰਿਆ ਨਾਲ ਨਿਯੰਤਰਿਤ ਕਰਨਾ ਚਾਹੁੰਦਾ ਹੈ।[18] ਇੱਕ ਮਸੀਹੀ ਇਸ ਅਰਥ ਵਿੱਚ ਆਜ਼ਾਦ ਨਹੀਂ ਹੈ ਕਿ ਹੁਣ ਉਸ ਦਾ ਕੋਈ ਮਾਲਕ ਨਹੀਂ ਹੈ। ਪਰ ਉਹ ਇਸ ਅਰਥ ਵਿੱਚ ਆਜ਼ਾਦ ਹੈ ਕਿ ਹੁਣ ਉਹ ਆਪਣੇ ਨਵੇਂ ਮਾਲਕ ਦੀ ਆਗਿਆ ਮੰਨਣ ਦੀ ਚੋਣ ਕਰ ਸਕਦਾ ਹੈ ਅਤੇ ਹੁਣ ਉਹ ਪੁਰਾਣੇ ਮਾਲਕ ਦਾ ਗ਼ੁਲਾਮ ਨਹੀਂ ਹੈ।

[18] ਜੇਕਰ ਇੱਕ ਵਿਸ਼ਵਾਸੀ ਦਾ ਵਿਵਹਾਰ ਬਹੁਤ ਬੁਰਾ ਹੋ ਜਾਵੇਗਾ, ਤਾਂ ਪਰਮੇਸ਼ਰ ਉਸ ਦੀ ਤਾੜਨਾ ਕਰਨਗੇ। ਪਰ, ਸੀਮਾਵਾਂ ਦੇ ਅੰਦਰ ਪਰਮੇਸ਼ਰ ਇੱਕ ਵਿਸ਼ਵਾਸੀ ਨੂੰ ਧਾਰਮਿਕਤਾ ਉੱਤੇ ਪਾਪ ਦੀ ਚੋਣ ਕਰਨ ਦੀ ਆਜ਼ਾਦੀ ਦਿੰਦੇ ਹਨ।

ਅਧਿਆਇ 8

# ਮਸੀਹ ਦਾ ਸਿਧਾਂਤ

**ਰੂਪ ਰੇਖਾ**


I. ਪ੍ਰਭੂ ਯਿਸੂ ਦੀ ਪੂਰਵ-ਹੋਂਦ ਅਤੇ ਸਦੀਪਕਤਾ **84**
   A. ਮਸੀਹ ਦੀ ਪੂਰਵ-ਹੋਂਦ ਬਾਰੇ ਸਪੱਸ਼ਟ ਬਿਆਨ
   B. ਮਸੀਹ ਦੀ ਪੂਰਵ-ਹੋਂਦ ਬਾਰੇ ਅਸਪਸ਼ਟ ਸਬੂਤ
II. ਅਵਤਾਰ ਅਤੇ ਕੁਆਰੀ ਤੋਂ ਜਨਮ **85**
   A. ਅਵਤਾਰ, ਮਨੁੱਖੀ ਸਰੀਰ ਨੂੰ ਧਾਰਨ ਕਰਨਾ
   B. ਕੁਆਰੀ ਦੁਆਰਾ ਜਨਮ
      1. ਕੁਆਰੀ ਦੁਆਰਾ ਜਨਮ ਦੇ ਸਬੂਤ
      2. ਕੁਆਰੀ ਤੋਂ ਜਨਮ ਦਾ ਮਹੱਤਵ
III. ਮਸੀਹ ਦਾ ਪਰਮੇਸ਼ਰ ਹੋਣਾ **86**
   A. ਕਈ ਵਚਨਾਂ ਵਿੱਚ ਮਸੀਹ ਨੂੰ ਸਪੱਸ਼ਟ ਤੌਰ ਤੇ "ਪਰਮੇਸ਼ਰ" ਕਿਹਾ ਗਿਆ
   B. ਪੁਰਾਣੇ ਨੇਮ ਦੇ ਪਰਮੇਸ਼ਰ ਦੀ ਬਰਾਬਰੀ ਨਵੇਂ ਨੇਮ ਦੇ ਮਸੀਹ ਨਾਲ ਕੀਤੀ ਗਈ
      1. ਯਸਾ 40:3/ ਲੂਕਾ 1:76
      2. ਜ਼ਬੂਰ 102:24-28/ਇਬ 1:8a, 10-12 **87**
      3. ਜ਼ਕਰ 12:10/ ਪ੍ਰਕਾਸ਼ 1:7
      4. ਜ਼ਬੂਰ 68:17-18/ ਅਫ਼ਸੀ 4:7-8
      5. ਯਸਾ 8:13-14/1 ਪਤਰਸ 2:7-8
      6. ਯਸਾ 6:1, 3/ਯੂਹੰਨਾ 12:41-42
      7. ਯੋਏਲ 3:1-2/ ਮੱਤੀ 25:31-32 **88**
      8. ਯਸਾ 44:6/ ਪ੍ਰਕਾਸ਼ 22:13
   C. ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਅਤੇ ਮਸੀਹ ਸੀ
   D. ਮਸੀਹ ਸਬਤ ਦੇ ਦਿਨ ਦੇ ਪ੍ਰਭੂ ਹਨ
   E. ਮਸੀਹ ਪਰਮੇਸ਼ਰ ਦੇ ਕੰਮ ਕਰਦੇ ਹਨ
      1. ਮਸੀਹ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਹਨ
      2. ਮਸੀਹ ਸਾਰੀਆਂ ਚੀਜ਼ਾਂ ਨੂੰ ਕਾਇਮ ਰੱਖਦੇ ਹਨ
      3. ਮਸੀਹ ਜੀਵਨ ਦੇਣ ਵਾਲੇ ਹਨ
      4. ਮਸੀਹ ਸਾਰੀ ਧਰਤੀ ਦਾ ਨਿਆਂ ਕਰਨਗੇ **89**
      5. ਮਸੀਹ ਪਾਪ ਮਾਫ਼ ਕਰਦੇ ਹਨ
   F. ਮਸੀਹ ਵਿੱਚ ਪਰਮੇਸ਼ਰ ਦੇ ਗੁਣ ਹਨ
      1. ਮਸੀਹ ਸਦੀਪਕ ਅਤੇ ਸਵੈ-ਮੌਜੂਦ ਦੋਵੇਂ ਹਨ
      2. ਮਸੀਹ ਕਦੇ ਬਦਲਦੇ ਨਹੀਂ ਹਨ **90**
      3. ਮਸੀਹ ਹਰ ਜਗ੍ਹਾ ਮੌਜੂਦ ਹਨ
      4. ਮਸੀਹ ਸਰਵ-ਗਿਆਨੀ ਹਨ
      5. ਮਸੀਹ ਸਰਵ-ਸ਼ਕਤੀਮਾਨ ਹਨ
   G. ਮਸੀਹ ਨੇ ਲੋਕਾਂ ਦੁਆਰਾ ਅਰਾਧਨਾ ਨੂੰ ਸਵੀਕਾਰ ਕੀਤਾ
   H. ਤ੍ਰਿਏਕ ਸਿਧਾਂਤ ਮਸੀਹ ਨੂੰ ਤ੍ਰਿਏਕ ਪਰਮੇਸ਼ਰ ਨਾਲ ਜੋੜਦਾ ਹੈ **91**
IV. ਮਸੀਹ ਦੀ ਮਨੁੱਖਤਾ **92**
   **A.** ਮਸੀਹ ਦੀ ਮਨੁੱਖਤਾ ਬਾਰੇ ਬਿਆਨ
   **B.** ਮਸੀਹ ਦੇ ਮਨੁੱਖ ਹੋਣ ਦੇ ਸਬੂਤ
      1. ਬਚਪਨ ਤੋਂ ਜਵਾਨੀ ਤੱਕ ਵੱਡੇ ਹੋਏ
      2. ਮਨੁੱਖੀ ਭੁੱਖ ਦਾ ਅਨੁਭਵ ਕੀਤਾ ਅਤੇ ਖਾਣਾ ਖਾਦਾ
      3. ਥੱਕੇ
      4. ਰੋਏ
      5. ਆਮ ਆਦਮੀ ਦੇ ਰੂਪ ਵਿੱਚ ਦਿਖਾਈ ਦਿੱਤੇ
      6. ਉਹਨਾਂ ਕੋਲ ਇੱਕ ਸਰੀਰ
      7. ਦੁੱਖ, ਖ਼ੂਨ ਵਹਿਣਾ, ਅਤੇ ਮੌਤ ਉਹਨਾਂ ਦੇ ਮਨੁੱਖ ਹੋਣ ਨੂੰ ਸਥਾਪਿਤ ਕਰਦੀ ਹੈ
   ***C.*** *ਕੈਨੋਸਿਸ* ਦਾ ਅਰਥ
   **D.** ਮਸੀਹ ਦਾ ਮਨੁੱਖੀ ਰੂਪ ਸਦਾ ਦੇ ਲਈ ਹੈ
      1. ਉਹਨਾਂ ਦਾ ਜੀਅ ਉੱਠਣ ਤੋਂ ਬਾਅਦ ਦਿਖਾਈ ਦੇਣਾ
      2. ਉਹਨਾਂ ਦਾ ਸਵਰਗ ਜਾਣ ਵੇਲੇ ਅਤੇ ਉਸ ਤੋਂ ਬਾਅਦ ਦੇ ਦਰਸ਼ਨਾਂ ਵਿੱਚ ਦਿਖਾਈ ਦੇਣਾ
      3. ਕਿਉਂਕਿ ਉਹ ਸਾਡੇ ਮਹਾਂ-ਜਾਜਕ ਹਨ **93**
      4. "ਦਾਊਦ ਦੇ ਪੁੱਤਰ" ਅਤੇ "ਮਨੁੱਖ ਦੇ ਪੁੱਤਰ" ਵਜੋਂ ਵਾਪਸ ਆਉਣਗੇ
      5. ਵਿਸ਼ਵਾਸੀ ਸਵਰਗ ਉਠਾਏ ਜਾਣ (ਰੈਪਚਰ) ਸਮੇਂ ਮਸੀਹ ਵਰਗੇ ਹੋਣਗੇ, ਇਸ ਲਈ ਮਸੀਹ ਅਜੇ ਵੀ ਮਨੁੱਖ ਹਨ
V. ਮਸੀਹ ਦਾ ਪਰਤਾਇਆ ਜਾਣਾ
VI. ਮਸੀਹ ਦੇ ਮੁੱਖ ਨਾਮ
   **A.** ਪ੍ਰਭੂ
   **B.** ਯਿਸੂ
   **C.** ਮਸੀਹ **94**
   **D.** ਪਰਮੇਸ਼ਰ ਦਾ ਪੁੱਤਰ
   **E.** ਮਨੁੱਖ ਦਾ ਪੁੱਤਰ
   **F.** ਵਚਨ ਜਾਂ ਪਰਮੇਸ਼ਰ ਦਾ ਵਚਨ
   **G.** ਮੁਕਤੀਦਾਤਾ
   **H.** ਪਰਮੇਸ਼ਰ ਦਾ ਲੇਲਾ
   **I.** ਗੁਰੂ

VII. ਮਸੀਹ ਦੇ ਮੁੱਖ ਕੰਮ ਅਤੇ ਅਹੁਦੇ **95**
A. ਉਹ ਨਬੀ ਹਨ
B. ਉਹ ਜਾਜਕ ਹਨ
C. ਉਹ ਰਾਜਾ ਹਨ
D. ਮਸੀਹ ਦੇ ਹੋਰ ਅਹੁਦੇ, ਕੰਮ, ਅਤੇ ਸਿਰਲੇਖ
E. ਮਸੀਹ ਬਿਵਸਥਾ ਨੂੰ ਪੂਰਾ ਕਰਨ ਵਾਲੇ ਹਨ **96**
F. ਮਸੀਹ ਦੀ ਮੌਤ ਦੇ ਕੰਮ
G. ਮਸੀਹ ਦਾ ਜੀਅ ਉੱਠਣਾ
1. ਮਸੀਹ ਦੇ ਜੀਅ ਉੱਠਣ ਬਾਰੇ ਬਾਈਬਲ ਦੇ ਤੱਥ
2. ਮਸੀਹ ਦੇ ਜੀਅ ਉੱਠਣ ਦੀ ਮਹੱਤਤਾ
a. ਮਸੀਹ ਦੇ ਪਰਮੇਸ਼ਰ ਹੋਣ ਨੂੰ ਦਿਖਾਇਆ **97**
b. ਸਾਬਤ ਕੀਤਾ ਕਿ ਪਰਮੇਸ਼ਰ ਸੰਤੁਸ਼ਟ ਹੋਏ ਹਨ
c. ਵਿਸ਼ਵਾਸੀਆਂ ਦੇ ਸਰੀਰਾਂ ਦੇ ਜੀਅ ਉੱਠਣ ਦਾ ਆਧਾਰ ਬਣਦਾ ਹੈ
d. ਕਿ ਮਸੀਹ ਜਿਊਂਦੇ ਹਨ
e. ਵਿਸ਼ਵਾਸੀ ਕਦੇ ਵੀ ਸਦਾ ਲਈ ਨਹੀਂ ਮਰ ਸਕਦੇ ਹਨ
f. ਕਿ ਮਸੀਹ ਦੁਬਾਰਾ ਆਉਣਗੇ
3. ਮਸੀਹ ਦੇ ਜੀਅ ਉੱਠੇ ਸਰੀਰ ਦਾ ਰੂਪ
H. ਮਸੀਹ ਦਾ ਸਵਰਗ ਜਾਣਾ, ਉੱਚਾ ਕੀਤਾ ਜਾਣਾ, ਅਤੇ ਵਰਤਮਾਨ ਦੀ ਸੇਵਕਾਈ
1. ਮਸੀਹ ਕਲੀਸਿਯਾ ਦੇ ਸਿਰ ਹਨ
2. ਪ੍ਰਧਾਨ ਜਾਜਕ ਅਤੇ ਸਿਫ਼ਾਰਸ਼ ਕਰਨ ਵਾਲੇ ਹਨ **98**
3. ਸਾਡੇ ਵਕੀਲ ਹਨ
4. ਪਵਿੱਤਰ ਆਤਮਾ ਦੁਆਰਾ ਵਰਦਾਨ ਦਿੰਦੇ ਹਨ
I. ਦੁਬਾਰਾ ਵਾਪਸ ਆਉਣ ਵੇਲੇ ਮਸੀਹ ਦੇ ਕੰਮ

# *ਮਸੀਹ ਦਾ ਸਿਧਾਂਤ*

## I. ਪ੍ਰਭੂ ਯਿਸੂ ਦੀ ਪੂਰਵ-ਹੋਂਦ ਅਤੇ ਸਦੀਪਕਤਾ

### A. ਮਸੀਹ ਦੀ ਪੂਰਵ-ਹੋਂਦ ਬਾਰੇ ਸਪੱਸ਼ਟ ਬਿਆਨ

ਬਾਈਬਲ ਇਸ ਗੱਲ ਨੂੰ ਪੱਕਾ ਕਰਦੀ ਹੈ ਕਿ ਮਸੀਹ ਨੇ ਆਪਣੀ ਹੋਂਦ ਦੀ ਸ਼ੁਰੂਆਤ ਬੈਤਲਹਮ ਵਿੱਚ ਇੱਕ ਬੱਚੇ ਦੇ ਰੂਪ ਵਿੱਚ ਨਹੀਂ ਕੀਤੀ ਸੀ। ਪ੍ਰਭੂ ਯਿਸੂ ਮਸੀਹ ਸਦੀਪਕ ਅਤੀਤ ਵਿੱਚ ਪਹਿਲਾਂ ਤੋਂ ਹੀ ਮੌਜੂਦ ਸਨ। ਕਈ ਵਾਰ ਮਸੀਹ ਨੇ ਆਪ ਇਹ ਦਾਅਵਾ ਕੀਤਾ ਕਿ ਉਹ ਪਹਿਲਾਂ ਤੋਂ ਮੌਜੂਦ ਸਨ, ਅਤੇ ਸਵਰਗ ਵਿੱਚੋਂ ਪਰਮੇਸ਼ਰ ਦੇ ਕੋਲੋਂ ਆਏ ਸਨ (ਯੂਹੰਨਾ 3:13; 6:38, 41, 42, 50, 51, 58; 7:29; 8:23, 42)। ਪ੍ਰਕਾਸ਼ ਦੀ ਪੋਥੀ ਵਿੱਚ ਮਸੀਹ ਨੂੰ "**ਪਹਿਲਾ** ਅਤੇ ਆਖ਼ਰੀ, **ਆਦਿ** ਅਤੇ ਅੰਤ" ਕਿਹਾ ਗਿਆ ਹੈ (ਪ੍ਰਕਾਸ਼ 1:8, 17; 2:8; 21:6; 22:13)।

ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ **ਬਖ਼ਸ਼ਿਆ ਗਿਆ**, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਹ ਸੱਦਿਆ ਜਾਵੇਗਾ, "ਅਚਰਜ਼ ਸਲਾਹਕਾਰ, ਸ਼ਕਤੀਮਾਨ ਪਰਮੇਸ਼ਰ, **ਅਨਾਦੀ ਪਿਤਾ**, ਸ਼ਾਂਤੀ ਦਾ ਰਾਜਕੁਮਾਰ। [ਯਸਾ 9:6]

"ਪਰ ਹੇ ਬੈਤਲਹਮ ਅਫਰਾਥਾਹ, ਭਾਵੇਂ ਤੂੰ ਯਹੂਦਾਹ ਦੇ ਹਜ਼ਾਰਾਂ ਵਿੱਚ ਛੋਟਾ ਹੈਂ, ਤਾਂ ਵੀ ਤੇਰੇ ਵਿੱਚੋਂ ਮੇਰੇ ਲਈ ਇੱਕ ਪੁਰਖ ਨਿੱਕਲੇਗਾ, ਜੋ ਇਸਰਾਏਲ ਵਿੱਚ ਹਾਕਮ ਹੋਵੇਗਾ, **ਜਿਸ ਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ, ਸਗੋਂ ਅਨਾਦੀ ਤੋਂ ਹੈ**।" [ਮੀਕਾ 5:2]

ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਸ਼ਬਦ ਪਰਮੇਸ਼ਰ ਦੇ ਨਾਲ ਸੀ ਅਤੇ ਸ਼ਬਦ ਹੀ ਪਰਮੇਸ਼ਰ ਸੀ। **ਉਹ ਸ਼ੁਰੂ ਤੋਂ ਹੀ ਪਰਮੇਸ਼ਰ ਦੇ ਨਾਲ ਸੀ**। ਉਸ ਦੇ ਰਾਹੀਂ ਪਰਮੇਸ਼ਰ ਨੇ ਸਾਰੀਆਂ ਚੀਜ਼ਾਂ ਦੀ ਰਚਨਾ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ। [ਯੂਹੰਨਾ 1:1-3]

ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਪੈਦਾ ਹੋਣ ਤੋਂ **ਪਹਿਲਾਂ ਮੈਂ ਹਾਂ**!" [ਯੂਹੰਨਾ 8:58]

ਕਿਉਂਕਿ ਉਹਨਾਂ ਦੇ ਰਾਹੀਂ ਪਰਮੇਸ਼ਰ ਨੇ ਅਕਾਸ਼ ਵਿੱਚ ਅਤੇ ਧਰਤੀ ਉੱਤੇ ਸਭ ਦੇਖੀਆਂ ਅਤੇ ਅਣਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ। ਸਾਰੀਆਂ ਆਤਮਿਕ ਤਾਕਤਾਂ, ਸਰਕਾਰਾਂ, ਹਕੂਮਤਾਂ ਅਤੇ ਅਧਿਕਾਰੀ, ਇਹ ਸਭ ਪਰਮੇਸ਼ਰ ਨੇ ਮਸੀਹ ਦੇ ਦੁਆਰਾ ਅਤੇ ਉਹਨਾਂ ਦੇ ਲਈ ਪੈਦਾ ਕੀਤੇ ਸਨ। **ਉਹ ਸਭ ਚੀਜ਼ਾਂ ਤੋਂ ਪਹਿਲਾਂ ਮੌਜੂਦ ਸਨ** ਅਤੇ ਸਭ ਚੀਜ਼ਾਂ ਉਹਨਾਂ ਵਿੱਚ ਕਾਇਮ ਰਹਿੰਦੀਆਂ ਹਨ। [ਕੁਲੁੱਸੀ 1:16-17]

ਉਹ ਆਦਿ ਤੋਂ ਹੀ ਪਰਮੇਸ਼ਰ ਦਾ ਸਰੂਪ ਸਨ...[ ਫ਼ਿਲਿੱਪੀ 2:6]

ਪਰ **ਪੁੱਤਰ** ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ..."ਹੇ ਪ੍ਰਭੂ, **ਆਦਿ** ਵਿੱਚ ਤੁਸੀਂ ਧਰਤੀ ਦੀ ਨੀਂਹ ਰੱਖੀ ਹੈ, ਤੁਹਾਡੇ ਹੱਥਾਂ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ।" [ਇਬ 1:8, 10]

### B. ਮਸੀਹ ਦੀ ਪੂਰਵ-ਹੋਂਦ ਬਾਰੇ ਅਸਪਸ਼ਟ ਸਬੂਤ

ਪੁਰਾਣੇ ਨੇਮ ਵਿੱਚ ਯਹੋਵਾਹ ਦੇ ਦੂਤ ਨੂੰ ਪਰਮੇਸ਼ਰ ਕਿਹਾ ਗਿਆ ਹੈ।[1] ਫਿਰ ਵੀ 1 ਯੂਹੰਨਾ 1:18 ਇਹ ਸਿਖਾਉਂਦਾ ਹੈ ਕਿ ਕਿਸੇ ਨੇ ਵੀ ਪਰਮੇਸ਼ਰ ਪਿਤਾ ਨੂੰ ਕਦੇ ਨਹੀਂ ਦੇਖਿਆ ਸੀ ਅਤੇ ਕੇਵਲ ਪਰਮੇਸ਼ਰ

[1] ਦੇਖੋ, ਉਤ 16:13, 22:11-12; ਕੂਚ 3:2,6; ਨਿਆਂਈਆਂ 2:1, 6:11-16, 13:21-22

ਪੁੱਤਰ ਨੇ ਪਿਤਾ ਨੂੰ ਪ੍ਰਗਟ ਕੀਤਾ ਹੈ।[2] ਇਸ ਲਈ, ਪੁਰਾਣੇ ਨੇਮ ਵਿੱਚ ਯਹੋਵਾਹ ਦਾ ਦੂਤ ਪਹਿਲਾਂ ਤੋਂ ਮੌਜੂਦ ਮਸੀਹ ਹਨ (ਅਧਿਆਇ 2 ਵਿੱਚ "ਪਰਮੇਸ਼ਰ ਦਾ ਸਿਧਾਂਤ" ਦੇਖੋ)।

## II. ਅਵਤਾਰ ਅਤੇ ਕੁਆਰੀ ਤੋਂ ਜਨਮ

ਪਰਮੇਸ਼ਰ ਦੇ ਪਹਿਲਾਂ ਤੋਂ ਮੌਜੂਦ ਪੁੱਤਰ ਨੇ ਇੱਕ ਕੁਆਰੀ ਤੋਂ ਪੈਦਾ ਹੋ ਕੇ ਮਨੁੱਖੀ ਸਰੀਰ ਧਾਰਨ ਕੀਤਾ। ਇਸ ਤੋਂ ਇਲਾਵਾ, ਇਹ ਅਵਤਾਰ ਹਮੇਸ਼ਾਂ ਲਈ ਹੈ, ਇਸ ਲਈ ਮਸੀਹ ਅਜੇ ਵੀ ਮਨੁੱਖ ਹਨ।

ਉਹਨਾਂ ਦਾ ਹਮੇਸ਼ਾਂ ਲਈ ਮਨੁੱਖੀ ਸੁਭਾਅ ਅਤੇ ਮਹਿਮਾਮਈ ਸਰੀਰ ਹੋਵੇਗਾ (ਜ਼ਕਰ 12:10; ਰਸੂਲਾਂ 1:11)।

### A. ਅਵਤਾਰ, ਮਨੁੱਖੀ ਸਰੀਰ ਨੂੰ ਧਾਰਨ ਕਰਨਾ

ਮਸੀਹ ਦੇ ਦੇਹ ਧਾਰਨ ਬਾਰੇ ਸਿਖਾਉਣ ਵਾਲੇ ਵਚਨ ਇੱਥੇ ਲਿਖਣ ਲਈ ਬਹੁਤ ਜ਼ਿਆਦਾ ਹਨ, ਪਰ ਕੁਝ ਹੀ ਵਚਨ ਅੱਗੇ ਲਿਖੇ ਗਏ ਹਨ: (ਉਤ 3:15; ਯਸਾ 9:6-7 ; ਮੱਤੀ 1:23; ਲੂਕਾ 2:11; ਯੂਹੰਨਾ 1:14; ਰੋਮੀ 8:3 ਗਲਾਤੀ 4:4 ਫ਼ਿਲਿੱਪੀ 2:6ff; ਕੁਲੁੱਸੀ 1:22; 2:9; 1 ਤਿਮੋਥਿ 3:16; ਇਬ 2:14; 10:5)।

> ਸ਼ਬਦ ਨੇ **ਦੇਹ ਧਾਰ ਕੇ** ਸਾਡੇ ਵਿੱਚਕਾਰ ਵਾਸ ਕੀਤਾ। ਅਸੀਂ ਉਹਨਾਂ ਦਾ ਪ੍ਰਤਾਪ ਦੇਖਿਆ ਜਿਹੜਾ ਕਿਰਪਾ ਅਤੇ ਸੱਚਾਈ ਨਾਲ ਭਰਪੂਰ ਸੀ। ਇਹ ਪ੍ਰਤਾਪ ਉਹਨਾਂ ਨੂੰ ਪਿਤਾ ਦੇ ਇੱਕਲੌਤੇ ਪੁੱਤਰ ਹੋਣ ਦੇ ਕਾਰਨ ਮਿਲਿਆ ਸੀ। [ਯੂਹੰਨਾ 1:14]
>
> ਪਰ ਜਦੋਂ ਠਹਿਰਾਇਆ ਹੋਇਆ ਸਮਾਂ ਪੂਰਾ ਹੋਇਆ ਤਾਂ ਪਰਮੇਸ਼ਰ ਨੇ ਆਪਣੇ ਪੁੱਤਰ ਨੂੰ ਭੇਜਿਆ। ਉਹ ਇੱਕ **ਔਰਤ ਤੋਂ ਪੈਦਾ ਹੋਏ** ਅਤੇ ਵਿਵਸਥਾ ਦੇ ਅਧੀਨ ਰਹੇ [ਗਲਾਤੀ 4:4]
>
> ਕਿਉਂਕਿ ਸੰਤਾਨ ਵਿੱਚ **ਖ਼ੂਨ ਅਤੇ ਮਾਸ** ਹਨ, ਇਸ ਲਈ ਯਿਸੂ ਨੇ ਵੀ ਮਨੁੱਖ ਬਣ ਕੇ ਸਾਡੇ ਨਾਲ **ਇਹ ਸਾਂਝ ਰੱਖੀ**। ਉਹਨਾਂ ਨੇ ਇਹ ਇਸ ਲਈ ਕੀਤਾ ਕਿ ਉਹ ਆਪਣੀ ਮੌਤ ਦੇ ਰਾਹੀਂ ਸ਼ੈਤਾਨ ਦਾ ਨਾਸ਼ ਕਰਨ ਜਿਸ ਦਾ ਮੌਤ ਉੱਤੇ ਅਧਿਕਾਰ ਹੈ [ਇਬ 2:14]

### B. ਕੁਆਰੀ ਦੁਆਰਾ ਜਨਮ

#### 1. ਕੁਆਰੀ ਦੁਆਰਾ ਜਨਮ ਦੇ ਸਬੂਤ

ਯਸਾ 7:14 ਸਪੱਸ਼ਟ ਤੌਰ ਤੇ ਇੱਕ ਕੁਆਰੀ ਦੁਆਰਾ ਜਨਮ ਦੀ ਭਵਿੱਖਬਾਣੀ ਕਰਦਾ ਹੈ। ਇਬਰਾਨੀ ਸ਼ਬਦ *ਅਲਮਾਹ* ਦੇ ਕਈ ਅਰਥ ਹਨ ਜਿਸ ਵਿੱਚ ਕੁਆਰੀ ਸ਼ਾਮਲ ਹੈ। ਉਤ 24:16 ਵਿੱਚ ਰਿਬਕਾਹ ਨੂੰ ਇੱਕ *ਬੈਤੂਲਾਹ* ਕਿਹਾ ਗਿਆ ਹੈ, ਜਿਸ ਦਾ ਅਰਥ ਵੀ ਕੁਆਰੀ ਹੈ। ਫਿਰ ਆਇਤ 43 ਵਿੱਚ ਉਸ ਨੂੰ ਅਲਮਾਹ ਕਿਹਾ ਗਿਆ ਹੈ। ਇਸ ਲਈ ਇਬਰਾਨੀ ਸ਼ਬਦ ਅਲਮਾਹ ਦਾ ਅਰਥ ਕੁਆਰੀ ਹੋ ਸਕਦਾ ਹੈ।[3] ਇਬਰਾਨੀ ਭਾਸ਼ਾ ਦੇ ਯੂਨਾਨੀ ਅਨੁਵਾਦ ,ਸੈਪਟੂਜਿੰਟ ਦੇ ਅਨੁਵਾਦਕਾਂ ਨੇ ਯਸਾਯਾਹ 7:14 ਵਿੱਚ ਅਲਮਾਹ ਨੂੰ *ਪਾਰਥੀਨੋਸ* ਕਿਹਾ, ਜਿਸ ਦਾ ਅਰਥ ਕੁਆਰੀ ਹੈ। ਉਹ ਸਮਝਦੇ ਸਨ ਕਿ ਯਸਾਯਾਹ ਦਾ ਸੰਦਰਭ ਇੱਕ ਅਨੋਖੇ ਨਿਸ਼ਾਨ ਦੀ ਮੰਗ ਕਰ ਰਿਹਾ ਹੈ। ਇਸ ਮੰਗ ਦੀ ਤੁਲਨਾ ਇੱਕ ਅਜਿਹੀ ਗੱਲ ਨਾਲ ਹੀ ਹੋ ਸਕਦੀ ਸੀ, ਜਿਵੇਂ ਕਿ "ਸ਼ੀਓਲ ਜਿੰਨੇ ਡੂੰਘੇ ਅਤੇ ਸਵਰਗ ਜਿੰਨੇ ਉੱਚੇ" (ਯਸਾ 7:11)। ਇੱਕ ਜਵਾਨ ਲੜਕੀ ਦਾ ਗਰਭਵਤੀ ਹੋਣਾ ਅਤੇ ਪੁੱਤਰ ਨੂੰ ਜਨਮ ਦੇਣਾ ਕੋਈ ਅਨੋਖੀ ਗੱਲ ਨਾ ਹੁੰਦੀ, ਕਿਉਂਕਿ ਯਸਾਯਾਹ ਨੇ ਕੁਆਰੀ ਦੁਆਰਾ ਬੱਚੇ ਨੂੰ ਜਨਮ ਦੇਣ ਦੀ ਭਵਿੱਖਬਾਣੀ ਕੀਤੀ ਹੈ।

ਨਵਾਂ ਨੇਮ ਮਰਿਯਮ ਦੇ ਲਈ 3 ਵਾਰ *ਪਾਰਥੀਨੋਸ* (ਕੁਆਰੀ) ਦੀ ਵਰਤੋਂ ਕਰਦਾ ਹੈ (ਮੱਤੀ 1:23 ਅਤੇ 2 ਵਾਰ ਲੂਕਾ 1:27 ਵਿੱਚ)। ਇਸ ਤੋਂ ਇਲਾਵਾ, ਅਜਿਹੇ ਵਿਆਖਿਆਤਮਿਕ ਸ਼ਬਦ ਹਨ ਜੋ ਸ਼ੱਕ ਵਾਲੇ ਪਾਠਕ ਦੇ ਲਈ *ਪਾਰਥੀਨੋਸ* ਦੇ ਅਰਥ ਨੂੰ ਸਪੱਸ਼ਟ ਕਰ ਦਿੰਦੇ ਹਨ। ਇਹਨਾਂ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੈ:

> ...ਉਹਨਾਂ ਦੇ ਵਿਆਹ ਤੋਂ ਪਹਿਲਾਂ ਹੀ...[ਮੱਤੀ 1:18]
>
> ਪਰ ਉਸ ਨਾਲ ਸੰਗ ਨਾ ਕੀਤਾ...[ਮੱਤੀ 1:25]
>
> "ਇਹ ਕਿਸ ਤਰ੍ਹਾਂ ਹੋ ਸਕਦਾ ਹੈ, ਮੈਂ ਅਜੇ ਕੁਆਰੀ ਹਾਂ?" [ਲੂਕਾ 1:34 ]

ਕੁਆਰੀ ਦੁਆਰਾ ਜਨਮ ਦੀ ਗੱਲ ਨੂੰ ਇਮਾਨਦਾਰੀ ਨਾਲ ਕੀਤੀ ਗਈ ਵਿਆਖਿਆਤਮਕ ਗ਼ਲਤੀ ਦੇ ਰੂਪ ਵਿੱਚ ਸ਼੍ਰੇਣੀਬੱਧ ਨਹੀਂ ਕੀਤਾ ਜਾ ਸਕਦਾ ਹੈ। ਇਹ ਸੱਚੀ ਬਾਈਬਲ ਦੇ ਵਾਰ-ਵਾਰ ਦੁਹਰਾਏ ਅਤੇ ਸਪੱਸ਼ਟ ਸਿਧਾਂਤ ਦਾ ਇਨਕਾਰ ਕਰਨਾ ਹੋਵੇਗਾ।

#### 2. ਕੁਆਰੀ ਦੁਆਰਾ ਜਨਮ ਦਾ ਮਹੱਤਵ

ਕੁਝ ਲੋਕ ਸ਼ਾਇਦ ਘੱਟ ਗਿਆਨ ਦੇ ਕਾਰਨ ਕੁਆਰੀ ਤੋਂ ਜਨਮ ਨੂੰ ਇੱਕ ਘੱਟ ਮਹੱਤਵਪੂਰਣ ਸਿਧਾਂਤ ਸਮਝ ਸਕਦੇ ਹਨ। ਪਰ ਸੱਚਾਈ ਇਹ ਹੈ ਕਿ ਕੁਆਰੀ ਤੋਂ ਜਨਮ ਨੂੰ ਮਸੀਹ ਬਾਰੇ ਮੁੱਖ ਸਿਧਾਂਤਾਂ ਤੋਂ ਵੱਖਰਾਂ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਕੁਆਰੀ ਤੋਂ ਜਨਮ ਦਾ ਇਨਕਾਰ ਕੀਤਾ ਜਾਵੇਗਾ, ਤਾਂ ਮਸੀਹ ਦੇ ਪਰਮੇਸ਼ਰ ਹੋਣ ਦਾ ਵੀ ਇਨਕਾਰ ਕਰਨਾ ਪਵੇਗਾ, ਕਿਉਂਕਿ ਫਿਰ ਤਾਂ ਮਸੀਹ ਹੋਰ ਮਨੁੱਖਾਂ

---

[2] ਇਸ ਮੁੱਦੇ ਬਾਰੇ ਕਿ ਪਰਮੇਸ਼ਰ ਪਿਤਾ ਨੂੰ ਕਿਸੇ ਨੇ ਨਹੀਂ ਦੇਖਿਆ ਹੈ, 1 ਤਿਮੋਥਿ 1:17,6:16; ਯੂਹੰਨਾ 6:46; 1 ਯੂਹੰਨਾ 4:12 ਵੀ ਦੇਖੋ। ਯੂਹੰਨਾ 8:58 ਦੀ ਕੁਚ 3:14 ਨਾਲ ਤੁਲਨਾ ਵੀ ਮਸੀਹ ਦੀ ਪੂਰਵ-ਅਵਤਾਰ ਹੋਂਦ ਨੂੰ ਦਰਸਾਉਂਦੀ ਹੈ।

[3] ਉਗਾਰਟਿਕ ਸ਼ਬਦ, "*ਅਲਮਾਹ* ਵੀ ਕੁਆਰੀ ਦਾ ਹਵਾਲਾ ਦੇ ਸਕਦਾ ਹੈ, ਦੇਖੋ ਸਾਇਰਸ ਐੱਚ. ਗੋਰਡਨ, *ਉਗਾਰਟਿਕ ਹੈਂਡ-ਬੁੱਕ*, (ਰੋਮ: ਪੌਂਟਿਫਿਕਲ ਬਾਈਬਲ ਇੰਸਟੀਚਿਊਟ, 1965) 183.

ਵਾਂਗ ਹੀ ਹੋਣਗੇ। ਕੁਆਰੀ ਦੁਆਰਾ ਜਨਮ ਤੋਂ ਬਿਨਾਂ, ਅਤੇ ਪਵਿੱਤਰ ਆਤਮਾ ਦੀ "ਛਾਇਆ" ਦੁਆਰਾ ਗਰਭ ਧਾਰਨ ਤੋਂ ਬਿਨਾਂ, ਮਸੀਹ ਦੇ ਪਾਪ-ਰਹਿਤ ਹੋਣ ਦੇ ਵਿਚਾਰ ਨੂੰ ਕਾਇਮ ਰੱਖਣਾ ਅਸੰਭਵ ਹੋਵੇਗਾ। ਇਹ ਦੋਵੇਂ ਗੱਲਾਂ ਸਲੀਬ ਉੱਤੇ ਮਸੀਹ ਦੇ ਪ੍ਰਾਸਚਿਤ ਦੇ ਸਿਧਾਂਤ ਨੂੰ ਪ੍ਰਭਾਵਿਤ ਕਰਦੀਆਂ ਹਨ। ਜੇਕਰ ਉਹ ਪਰਮੇਸ਼ਰ ਨਹੀਂ ਹਨ, ਤਾਂ ਉਹਨਾਂ ਵਿੱਚ ਸਾਰੇ ਮਨੁੱਖਾਂ ਦੇ ਲਈ ਮਰਨ ਜਾਂ ਸਦੀਪਕ ਸਜ਼ਾ ਨੂੰ ਕੁਝ ਘੰਟਿਆਂ ਵਿੱਚ ਸਹਿਣ ਕਰਨ ਦੀ ਸਮਰੱਥਾ ਨਾ ਹੁੰਦੀ। ਜੇਕਰ ਉਹ ਪਾਪ ਰਹਿਤ ਨਾ ਹੁੰਦੇ, ਤਾਂ ਉਹਨਾਂ ਵਿੱਚ ਮੁਕਤੀਦਾਤਾ ਬਣਨ ਦੀ ਯੋਗਤਾ ਨਾ ਹੁੰਦੀ। ਇਸ ਲਈ ਇਹ ਉਚਿਤ ਹੀ ਹੈ ਕਿ ਕੁਆਰੀ ਦੁਆਰਾ ਜਨਮ ਨੂੰ ਵਿਸ਼ਵਾਸ ਦੇ ਬੁਨਿਆਦੀ ਤੱਤਾਂ ਵਿੱਚੋਂ ਇੱਕ ਹੋਣ ਦੇ ਰੂਪ ਵਿੱਚ ਸ਼੍ਰੇਣੀਵੱਧ ਕੀਤਾ ਗਿਆ ਹੈ।

### III. ਮਸੀਹ ਦਾ ਪਰਮੇਸ਼ਰ ਹੋਣਾ

ਇੱਕ ਝੂਠੇ ਪੰਥ ਦੀ ਮੁੱਖ ਵਿਸ਼ੇਸ਼ਤਾ ਇਹੀ ਹੁੰਦੀ ਹੈ ਕਿ ਇਹ ਮਸੀਹ ਦੇ ਪਰਮੇਸ਼ਰ ਹੋਣ ਦਾ ਇਨਕਾਰ ਕਰਦਾ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ, ਕਿਉਂਕਿ ਮਸੀਹ ਦੇ ਪਰਮੇਸ਼ਰ ਹੋਣ ਦੇ ਬਾਈਬਲ ਵਿੱਚ ਬਹੁਤ ਸਾਰੇ ਸਬੂਤ ਹਨ।

### A. ਕਈ ਵਚਨਾਂ ਵਿੱਚ ਮਸੀਹ ਨੂੰ ਸਪੱਸ਼ਟ ਤੌਰ ਤੇ "ਪਰਮੇਸ਼ਰ" ਕਿਹਾ ਗਿਆ ਹੈ।

ਬਹੁਤ ਸਾਰੇ ਬਾਈਬਲ ਦੇ ਵਚਨਾਂ ਵਿੱਚ ਮਸੀਹ ਨੂੰ ਸਿੱਧੇ ਤੌਰ ਤੇ ਜਾਂ ਸੰਕੇਤਕ ਸ਼ਬਦਾਂ ਦੁਆਰਾ ਪਰਮੇਸ਼ਰ ਕਿਹਾ ਗਿਆ ਹੈ (ਦੇਖੋ, ਯਸਾ 7:14 ਜ਼ਬੂਰ 110:1 ਯਿਰ 23:5-6; ਮੱਤੀ 1:23; ਯੂਹੰਨਾ 5:18; 8:58; 10:30; 14:9; ਰਸੂਲਾਂ 16:31-34; ਰੋਮੀ 9:5; 2 ਕੁਰਿੰਥ 4:4; ਫ਼ਿਲਿੱਪੀ 2:5-8; ਕੁਲੁੱਸੀ 1:15; ਇਬ 3:4 ਦੇ ਸੰਦਰਭ ਨੂੰ ਸਮਝ ਕੇ; 2 ਪਤਰਸ. 1:1; 2:20)।

> ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਹ ਸੱਦਿਆ ਜਾਵੇਗਾ, "ਅਚਰਜ਼ ਸਲਾਹਕਾਰ, **ਸ਼ਕਤੀਮਾਨ ਪਰਮੇਸ਼ਰ**, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ।" [ਯਸਾ 9:6]
>
> ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ। ਸ਼ਬਦ ਪਰਮੇਸ਼ਰ ਦੇ ਨਾਲ ਸੀ ਅਤੇ **ਸ਼ਬਦ ਹੀ ਪਰਮੇਸ਼ਰ ਸੀ**। [ਯੂਹੰਨਾ 1:1]
>
> ਪਰਮੇਸ਼ਰ ਨੂੰ ਕਿਸੇ ਨੇ ਕਦੀ ਨਹੀਂ ਦੇਖਿਆ, ਕੇਵਲ **ਪਰਮੇਸ਼ਰ ਦੇ ਇੱਕਲੌਤੇ ਨੇ** ਜਿਹੜੇ ਆਪ ਪਰਮੇਸ਼ਰ ਹਨ ਅਤੇ ਪਿਤਾ ਦੇ ਨਾਲ ਹਨ, ਉਹਨਾਂ ਨੇ ਹੀ ਪਿਤਾ ਨੂੰ ਸਾਡੇ ਉੱਤੇ ਪ੍ਰਗਟ ਕੀਤਾ। [ਯੂਹੰਨਾ 1:18]
>
> ਥੋਮਾ ਨੇ ਉਹਨਾਂ ਨੂੰ ਕਿਹਾ, "ਮੇਰੇ ਪ੍ਰਭੂ, ਮੇਰੇ ਪਰਮੇਸ਼ਰ!" [ਯੂਹੰਨਾ 20:28]
>
> "ਆਪਣਾ ਅਤੇ ਆਪਣੇ ਝੁੰਡ ਦਾ ਖਿਆਲ ਰੱਖਣਾ, ਜਿਸ ਦਾ ਨਿਗਹਾਬਾਨ ਪਵਿੱਤਰ ਆਤਮਾ ਨੇ ਤੁਹਾਨੂੰ ਨਿਯੁਕਤ ਕੀਤਾ ਹੈ। ਤੁਸੀਂ ਪਰਮੇਸ਼ਰ ਦੇ ਲੋਕਾਂ ਦੀ ਸੁਰੱਖਿਆ ਕਰੋ **ਜਿਹਨਾਂ ਨੂੰ ਉਹਨਾਂ ਨੇ ਆਪਣੇ ਲਈ ਆਪਣੇ ਖ਼ੂਨ ਦੁਆਰਾ ਪ੍ਰਾਪਤ ਕੀਤਾ ਹੈ**" [ਰਸੂਲਾਂ 20:28]
>
> ਮਸੀਹ ਵਿੱਚ **ਪਰਮੇਸ਼ਰ ਦੀ ਸਾਰੀ ਪੂਰਨਤਾ ਸਰੀਰਕ ਰੂਪ ਵਿੱਚ ਵਾਸ ਕਰਦੀ ਹੈ** [ਕੁਲੁੱਸੀ 2: 9]
>
> ਜਦੋਂ ਕਿ ਅਸੀਂ ਉਸ ਸ਼ੁਭ ਆਸ ਦੇ ਪੂਰੇ ਹੋਣ ਦੀ ਉਡੀਕ ਵਿੱਚ ਹਾਂ। ਉਸ ਸਮੇਂ **ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ ਯਿਸੂ ਮਸੀਹ** ਦੀ ਮਹਿਮਾ ਪ੍ਰਗਟ ਹੋਵੇਗੀ। [ਤੀਤੁਸ 2:13]
>
> ਉਹ ਪਰਮੇਸ਼ਰ ਦੀ ਮਹਿਮਾ ਦੇ ਤੇਜ ਅਤੇ ਉਹਨਾਂ ਦੇ ਤੱਤ ਦਾ ਪ੍ਰਗਟਾਵਾ ਹਨ। [ਇਬ 1:3]
>
> ਪਰ **ਪੁੱਤਰ** ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ, "**ਹੇ ਪਰਮੇਸ਼ਰ**, ਤੁਹਾਡਾ ਸਿੰਘਾਸਣ ਅਨੰਤਕਾਲ ਤੱਕ ਸਥਿਰ ਰਹੇਗਾ, ਤੁਸੀਂ ਆਪਣੇ ਲੋਕਾਂ ਉੱਤੇ ਨਿਆਂ ਨਾਲ ਰਾਜ ਕਰਦੇ ਹੋ।" [ਇਬ 1:8]
>
> ਅਸੀਂ ਇਹ ਵੀ ਜਾਣਦੇ ਹਾਂ ਕਿ ਪਰਮੇਸ਼ਰ ਦੇ ਪੁੱਤਰ ਭਾਵ ਯਿਸੂ ਮਸੀਹ ਆ ਚੁੱਕੇ ਹਨ ਅਤੇ ਉਹਨਾਂ ਨੇ ਸਾਨੂੰ ਸਮਝ ਦਿੱਤੀ ਹੈ ਕਿ ਅਸੀਂ ਉਹਨਾਂ ਨੂੰ ਜਾਣੀਏ ਜਿਹੜੇ ਸੱਚੇ ਪਰਮੇਸ਼ਰ ਹਨ। ਅਸੀਂ ਸੱਚੇ ਪਰਮੇਸ਼ਰ ਵਿੱਚ ਅਤੇ **ਉਹਨਾਂ ਦੇ ਪੁੱਤਰ ਯਿਸੂ ਮਸੀਹ** ਵਿੱਚ ਹਾਂ। ਉਹ ਹੀ **ਸੱਚੇ ਪਰਮੇਸ਼ਰ** ਅਤੇ ਅਨੰਤ ਜੀਵਨ ਹਨ। [1 ਯੂਹੰਨਾ 5:20]

### B. ਪੁਰਾਣੇ ਨੇਮ ਦੇ ਪਰਮੇਸ਼ਰ ਦੀ ਬਰਾਬਰੀ ਨਵੇਂ ਨੇਮ ਦੇ ਮਸੀਹ ਨਾਲ ਕੀਤੀ ਗਈ ਹੈ।

ਕਈ ਪ੍ਰਸੰਗਾਂ ਵਿੱਚ ਪੁਰਾਣੇ ਨੇਮ ਦੇ ਪਰਮੇਸ਼ਰ ਨੂੰ ਨਵੇਂ ਨੇਮ ਦੇ ਯਿਸੂ ਮਸੀਹ ਦੇ ਬਰਾਬਰ ਮੰਨਿਆ ਜਾਂਦਾ ਹੈ।[4]

**1. ਯਸਾ 40:3/ ਲੂਕਾ 1:76**

> ਇੱਕ ਅਵਾਜ਼ ਪੁਕਾਰਦੀ ਹੈ, ਉਜਾੜ ਵਿੱਚ **ਯਹੋਵਾਹ** ਦਾ ਰਾਹ ਤਿਆਰ ਕਰੋ, ਬਿਆਬਾਨ ਵਿੱਚ ਸਾਡੇ **ਪਰਮੇਸ਼ਰ** ਲਈ ਇੱਕ ਸ਼ਾਹੀ ਮਾਰਗ ਨੂੰ ਸਿੱਧਾ ਕਰੋ।"

[4] ਯਿਰ 23:1-6; 33:15-16 ਅਤੇ 1 ਕੁਰਿੰਥ 1:30 ਵਿਚਕਾਰ ਇੱਕ ਹੋਰ ਸੰਭਵ ਸਮਾਨਤਾ ਹੈ, ਜਿੱਥੇ ਪੁਰਾਣੇ ਨੇਮ ਦੇ ਯਹੋਵਾਹ ਅਤੇ ਨਵੇਂ ਨੇਮ ਦੇ ਮਸੀਹ ਦੋਵਾਂ ਨੂੰ "ਧਰਮੀ" ਕਿਹਾ ਗਿਆ ਹੈ"।

" ਹੇ ਮੇਰੇ ਬੱਚੇ, ਤੂੰ ਪਰਮ ਪ੍ਰਧਾਨ ਪਰਮੇਸ਼ਰ ਦਾ ਨਬੀ ਅਖਵਾਏਂਗਾ। ਤੂੰ **ਪ੍ਰਭੂ ਦਾ ਰਾਹ ਤਿਆਰ ਕਰਨ** ਦੇ ਲਈ ਉਹਨਾਂ ਦੇ ਅੱਗੇ ਜਾਵੇਂਗਾ।"

ਜਦੋਂ ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਦੇ ਲਈ ਲੋਕਾਂ ਦੇ ਦਿਲਾਂ ਨੂੰ ਤਿਆਰ ਕਰ ਰਿਹਾ ਸੀ, ਤਾਂ ਉਹ ਪਰਮੇਸ਼ਰ ਦੇ ਆਉਣ ਦਾ ਐਲਾਨ ਕਰ ਰਿਹਾ ਸੀ।

2. **ਜ਼ਬੂਰ 102:24-28/ਇਬ 1:8a, 10-12**

ਮੈਂ ਆਖਿਆ, ਹੇ ਮੇਰੇ **ਪਰਮੇਸ਼ਰ**, ਮੇਰੀ ਅੱਧੀ ਆਯੂ ਵਿੱਚ ਮੈਨੂੰ ਉਠਾ ਨਾ ਲੈ, ਪੀੜ੍ਹੀਓਂ ਪੀੜ੍ਹੀ ਤੇਰੇ ਵਰ੍ਹੇ ਹਨ! ਮੁੱਢੋਂ ਹੀ ਤੂੰ ਧਰਤੀ ਦੀ ਨੀਂਹ ਧਰੀ, ਅਤੇ ਅਕਾਸ਼ ਤੇਰੇ ਹੱਥਾਂ ਦੀ ਕਾਰੀਗਰੀ ਹਨ। ਉਹ ਨਾਸ ਹੋ ਜਾਣਗੇ, ਪਰ ਤੂੰ ਅਟੱਲ ਰਹੇਂਗਾ, ਉਹ ਸਾਰੇ ਕੱਪੜੇ ਵਾਂਗੂੰ ਪੁਰਾਣੇ ਹੋ ਜਾਣਗੇ, ਤੂੰ ਉਨ੍ਹਾਂ ਨੂੰ ਲਿਬਾਸ ਦੀ ਨਿਆਈਂ ਬਦਲ ਦੇਵੇਂਗਾ, ਸੋ ਉਹ ਬਦਲ ਜਾਣਗੇ! ਪਰ ਤੂੰ ਉਹ ਹੀ ਹੈਂ, ਅਤੇ ਤੇਰੇ ਜੀਵਨ ਦੇ ਵਰ੍ਹਿਆਂ ਦਾ ਅੰਤ ਨਹੀਂ ਹੋਵੇਗਾ। ਤੇਰੇ ਦਾਸਾਂ ਦੀ ਅੰਸ ਵੱਸੀ ਰਹੇਗੀ, ਅਤੇ ਉਹਨਾਂ ਦੀ ਨਸਲ ਤੇਰੇ ਸਨਮੁਖ ਕਾਇਮ ਰਹੇਗੀ।।"

ਪਰ **ਪੁੱਤਰ** ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ, "ਹੇ **ਪ੍ਰਭੂ**, ਆਦਿ ਵਿੱਚ ਤੁਸੀਂ ਧਰਤੀ ਦੀ ਨੀਂਹ ਰੱਖੀ ਹੈ, ਤੁਹਾਡੇ ਹੱਥਾਂ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ। ਉਹ ਖ਼ਤਮ ਹੋ ਜਾਣਗੇ ਪਰ ਤੁਸੀਂ ਅਟੱਲ ਰਹੋਗੇ, ਉਹ ਕੱਪੜੇ ਦੀ ਤਰ੍ਹਾਂ ਪੁਰਾਣੇ ਹੋ ਜਾਣਗੇ। ਤੁਸੀਂ ਉਹਨਾਂ ਨੂੰ ਚਾਦਰ ਦੀ ਤਰ੍ਹਾਂ ਲਪੇਟ ਦੇਵੋਗੇ, ਉਹ ਕੱਪੜੇ ਦੀ ਤਰ੍ਹਾਂ ਬਦਲ ਜਾਣਗੇ, ਪਰ ਤੁਸੀਂ ਹਮੇਸ਼ਾ ਇੱਕੋ ਜਿਹੇ ਰਹਿੰਦੇ ਹੋ, ਤੁਹਾਡੇ ਜੀਵਨ ਦਾ ਅੰਤ ਨਹੀਂ ਹੋਵੇਗਾ।"

3. **ਜ਼ਕਰ 12:10/ ਪ੍ਰਕਾਸ਼ 1:7**

"ਮੈਂ ਦਾਊਦ ਦੇ ਘਰਾਣੇ ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ ਕਿਰਪਾ ਅਤੇ ਦਯਾ ਦਾ ਆਤਮਾ ਵਹਾਵਾਂਗਾ, **ਉਹ ਮੇਰੀ ਵੱਲ ਜਿਸ ਨੂੰ ਉਨ੍ਹਾਂ ਨੇ ਵਿੰਨ੍ਹਿਆ ਸੀ ਤੱਕਣਗੇ** ਅਤੇ ਉਸ ਦੇ ਲਈ ਵਿਰਲਾਪ ਕਰਨਗੇ ਜਿਵੇਂ ਕੋਈ ਆਪਣੇ ਇੱਕਲੌਤੇ ਦੇ ਲਈ ਵਿਰਲਾਪ ਕਰਦਾ ਹੈ ਅਤੇ ਉਹ ਉਸ ਦੇ ਲਈ ਪਿੱਟਣਗੇ ਜਿਵੇਂ ਕੋਈ ਆਪਣੇ ਪਹਿਲੌਠੇ ਪੁੱਤਰ ਲਈ ਪਿੱਟਦਾ ਹੈ।"

ਦੇਖੋ ! ਉਹ ਬੱਦਲਾਂ ਦੇ ਉੱਤੇ ਆ ਰਹੇ ਹਨ ! ਹਰ ਇੱਕ ਅੱਖ **ਉਹਨਾਂ ਨੂੰ** ਦੇਖੇਗੀ ਅਤੇ ਉਹ ਵੀ ਜਿਹਨਾਂ ਨੇ **ਉਹਨਾਂ ਨੂੰ** ਵਿੰਨ੍ਹਿਆ ਸੀ। ਧਰਤੀ ਦੀਆਂ ਸਾਰੀਆਂ ਕੌਮਾਂ **ਉਹਨਾਂ ਦੇ** ਲਈ ਸੋਗ ਮਨਾਉਣਗੀਆਂ। ਹਾਂ ਇਹ ਸੱਚ ਹੈ! ਆਮੀਨ।

4. **ਜ਼ਬੂਰ 68:17-18/ ਅਫ਼ਸੀ 4:7-8**

**ਪਰਮੇਸ਼ਰ** ਦੇ ਰਥ ਵੀਹ ਹਜ਼ਾਰ ਸਗੋਂ ਹਜ਼ਾਰਾਂ ਹਜ਼ਾਰ ਹਨ, ਪ੍ਰਭੂ ਉਹਨਾਂ ਦੇ ਵਿੱਚ ਹੈ ਜਿਵੇਂ ਸੀਨਈ ਪਵਿੱਤਰ ਸਥਾਨ ਵਿੱਚ ਹੈ। ਤੂੰ ਉਤਾਹਾਂ ਉਠਾਇਆ ਗਿਆ, ਤੂੰ ਬੰਦੀਆਂ ਨੂੰ ਬੰਨ੍ਹ ਲਿਆ, ਤੂੰ ਆਦਮੀਆਂ ਵਿੱਚ ਸਗੋਂ ਆਕੀਆਂ ਵਿੱਚ ਵੀ ਦਾਨ ਲਏ, ਕਿ ਯਾਹ **ਪਰਮੇਸ਼ਰ** ਉੱਥੇ ਵੱਸੇ।

**ਮਸੀਹ ਨੇ** ਸਾਨੂੰ ਹਰ ਇੱਕ ਨੂੰ ਆਪਣੇ ਮਾਪ ਦੇ ਅਨੁਸਾਰ ਕਿਰਪਾ ਦਾ ਵਰਦਾਨ ਦਿੱਤਾ ਹੈ। ਇਸੇ ਲਈ ਪਵਿੱਤਰ-ਗ੍ਰੰਥ ਕਹਿੰਦਾ ਹੈ, "ਜਦੋਂ **ਉਹ** ਉਚਾਈਆਂ ਉੱਤੇ ਚੜ੍ਹ ਗਏ, ਤਾਂ ਉਹ ਆਪਣੇ ਨਾਲ ਬੰਦੀਆਂ ਨੂੰ ਲੈ ਗਏ, ਉਹਨਾਂ ਨੇ ਮਨੁੱਖਾਂ ਨੂੰ ਵਰਦਾਨ ਦਿੱਤੇ।"

5. **ਯਸਾ 8:13-14/1 ਪਤਰਸ 2:7-8**

"**ਸੈਨਾਂ ਦੇ ਯਹੋਵਾਹ** ਨੂੰ ਹੀ ਪਵਿੱਤਰ ਮੰਨੋ ਅਤੇ ਉਸੇ ਤੋਂ ਡਰੋ ਅਤੇ ਉਸੇ ਦੇ ਸਾਹਮਣੇ ਕੰਬੋ। ਉਹ ਪਵਿੱਤਰ ਅਸਥਾਨ ਹੋਵੇਗਾ, ਪਰ ਇਸਰਾਏਲ ਦੇ ਯਹੂਦਾਹ ਦੇ ਘਰਾਣਿਆਂ ਲਈ **ਠੇਕਰ ਦਾ ਪੱਥਰ** ਅਤੇ **ਠੇਡਾ ਖਾਣ ਦੀ ਚਟਾਨ**..."

ਯਸਾਯਾਹ ਵਿੱਚ ਪੱਥਰ ਸੈਨਾ ਦੇ ਯਹੋਵਾਹ ਹਨ

ਤੁਹਾਡੇ ਲਈ ਜਿਹੜੇ ਵਿਸ਼ਵਾਸ ਕਰਦੇ ਹੋ ਇਹ ਬਹੁਮੁੱਲਾ ਪੱਥਰ ਹੈ ਪਰ ਉਹ ਜਿਹੜੇ ਵਿਸ਼ਵਾਸ ਨਹੀਂ ਕਰਦੇ, ਉਹਨਾਂ ਦੇ ਲਈ, "ਜਿਸ ਪੱਥਰ ਨੂੰ ਰਾਜ ਮਿਸਤਰੀਆਂ ਨੇ ਰੱਦ ਕੀਤਾ, ਉਹ ਹੀ ਕੋਨੇ ਦਾ ਪੱਥਰ ਬਣਿਆ ਹੈ। "ਅਤੇ "**ਠੇਕਰ ਦਾ ਪੱਥਰ**, ਅਤੇ ਠੇਡਾ ਖਾਣ ਦੀ ਚਟਾਨ ਬਣ ਗਿਆ।"

1 ਪਤਰਸ ਵਿੱਚ ਪੱਥਰ ਮਸੀਹ ਹਨ

6. **ਯਸਾ 6:1, 3/ਯੂਹੰਨਾ 12:41-42**

ਉੱਜ਼ੀਯਾਹ ਰਾਜਾ ਦੀ ਮੌਤ ਦੇ ਸਾਲ ਮੈਂ ਪ੍ਰਭੂ ਨੂੰ ਬਹੁਤ ਉੱਚੇ ਸਿੰਘਾਸਣ ਉੱਤੇ ਬਿਰਾਜਮਾਨ ਦੇਖਿਆ ਅਤੇ ਉਹ ਦੇ ਬਸਤਰ ਦੇ ਪੱਲੇ ਨਾਲ ਭਵਨ ਭਰ ਗਿਆ। ਉਹ ਇੱਕ ਦੂਜੇ ਨੂੰ ਪੁਕਾਰ-ਪੁਕਾਰ ਕੇ ਆਖਦੇ ਸਨ, - "**ਸੈਨਾਂ ਦਾ ਯਹੋਵਾਹ** ਪਵਿੱਤਰ, ਪਵਿੱਤਰ, ਪਵਿੱਤਰ, ਸਾਰੀ ਧਰਤੀ ਉਹ ਦੇ ਪਰਤਾਪ ਨਾਲ ਭਰੀ ਹੋਈ ਹੈ।"

**ਯਸਾਯਾਹ ਨਬੀ** ਨੇ ਇਹ ਕਿਹਾ ਕਿਉਂਕਿ ਉਸ ਨੇ ਯਿਸੂ ਦੀ ਮਹਿਮਾ ਦੇਖੀ [ਯਸਾਯਾਹ ਨੇ ਪ੍ਰਭੂ ਯਿਸੂ ਨੂੰ ਦੇਖਿਆ] ਅਤੇ **ਉਹਨਾਂ ਦੇ ਬਾਰੇ ਕਿਹਾ।** ਫਿਰ ਵੀ ਬਹੁਤ ਸਾਰੇ ਅਧਿਕਾਰੀਆਂ ਨੇ ਯਿਸੂ ਵਿੱਚ ਵਿਸ਼ਵਾਸ ਕੀਤਾ ਪਰ ਫ਼ਰੀਸੀਆਂ ਦੇ ਡਰ ਦੇ ਕਾਰਨ **ਸਵੀਕਾਰ ਨਾ ਕੀਤਾ** ਕਿ ਕਿਤੇ ਉਹ ਪ੍ਰਾਰਥਨਾ ਘਰ ਵਿੱਚੋਂ ਕੱਢ ਨਾ ਦਿੱਤੇ ਜਾਣ।

**7. ਯੋਏਲ 3:1-2/ ਮੱਤੀ 25:31-32**

"ਕਿਉਂ ਜੋ ਦੇਖੋ, ਉਹਨਾਂ ਦਿਨਾਂ ਵਿੱਚ ਮੈਂ [ਪਰਮੇਸ਼ਰ] **ਸਾਰੀਆਂ ਕੌਮਾਂ ਨੂੰ ਇਕੱਠਿਆਂ ਕਰਾਂਗਾ...**"

"ਜਦੋਂ **ਮਨੁੱਖ ਦਾ ਪੁੱਤਰ ਆਪਣੀ ਮਹਿਮਾ** ਅਤੇ ਆਪਣੇ ਸਾਰੇ ਸਵਰਗਦੂਤਾਂ ਦੇ ਨਾਲ ਆਵੇਗਾ ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ। ਉਸ ਸਮੇਂ **ਧਰਤੀ ਦੀਆਂ ਸਾਰੀਆਂ ਕੌਮਾਂ ਉਸ ਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ।** ਉਹ ਉਹਨਾਂ ਨੂੰ ਦੋ ਹਿੱਸਿਆਂ ਵਿੱਚ ਵੰਡੇਗਾ, ਜਿਸ ਤਰ੍ਹਾਂ ਚਰਵਾਹਾ ਭੇਡਾਂ ਨੂੰ ਬੱਕਰੀਆਂ ਤੋਂ ਵੱਖਰਾ ਕਰਦਾ ਹੈ।

**8. ਯਸਾ 44:6/ ਪ੍ਰਕਾਸ਼ 22:13**

"...**ਮੈਂ ਆਦ ਹਾਂ** ਅਤੇ **ਮੈਂ ਅੰਤ ਹਾਂ**, ਮੇਰੇ ਬਿਨ੍ਹਾਂ ਹੋਰ ਕੋਈ ਪਰਮੇਸ਼ਰ ਨਹੀਂ।"

(ਯਸਾ 41:4 ਅਤੇ 48:12 ਵੀ ਦੇਖੋ)

"ਮੈਂ ਹੀ **ਅਲਫ਼ਾ** ਅਤੇ **ਓਮੇਗਾ**, **ਆਦਿ** ਅਤੇ **ਅੰਤ**, ਸ਼ੁਰੂ ਅਤੇ ਆਖ਼ਰ ਹਾਂ।"

(ਪ੍ਰਕਾਸ਼ 1:8, 17 ਵੀ ਦੇਖੋ)

## C. ਪੁਰਾਣੇ ਨੇਮ ਵਿੱਚ ਯਹੋਵਾਹ ਦਾ ਸਵਰਗਦੂਤ ਪਰਮੇਸ਼ਰ ਅਤੇ ਮਸੀਹ ਸੀ।

ਮਸੀਹ ਨੇ ਇਹ ਮੰਨਿਆ ਕਿ ਕਿਸੇ ਮਨੁੱਖ ਨੇ ਕਦੇ ਵੀ ਪਰਮੇਸ਼ਰ ਪਿਤਾ ਨੂੰ ਨਹੀਂ ਦੇਖਿਆ ਹੈ (ਯੂਹੰਨਾ 1:18, 6:46)।[5] ਫਿਰ ਵੀ ਪੁਰਾਣੇ ਨੇਮ ਵਿੱਚ ਅਜਿਹੀਆਂ ਸਥਿਤੀਆਂ ਹਨ ਜਿੱਥੇ ਪਰਮੇਸ਼ਰ ਦਿਖਾਈ ਦਿੱਤੇ ਹਨ (ਉਤ 16:13; 18:1; 31:13; 32:30; ਕੂਚ. 3:6; ਨਿਆਂਈਆਂ 2:1; 6:14-16; 13:22)।[6] ਪੁਰਾਣੇ ਨੇਮ ਵਿੱਚ ਜਿੱਥੇ ਵੀ ਪਰਮੇਸ਼ਰ ਦਿਖਾਈ ਦਿੱਤੇ (ਯਹੋਵਾਹ ਦੇ ਸਵਰਗਦੂਤ ਸਮੇਤ), ਉਹ ਸਭ ਮਸੀਹ ਦੇ ਪ੍ਰਗਟਾਵੇ ਹੋਣੇ ਚਾਹੀਦੇ ਹਨ। ਇਹ ਤੱਥ ਇੱਕ ਅਸਿੱਧੇ ਤੌਰ ਤੇ ਇਹ ਸਥਾਪਿਤ ਕਰਦਾ ਹੈ ਕਿ ਮਸੀਹ ਪਰਮੇਸ਼ਰ ਹਨ।

## D. ਮਸੀਹ ਸਬਤ ਦੇ ਦਿਨ ਦੇ ਪ੍ਰਭੂ ਹਨ

ਪੁਰਾਣੇ ਨੇਮ ਵਿੱਚ ਸਬਤ ਦੇ ਪ੍ਰਮੁੱਖ ਸਥਾਨ ਦੇ ਕਾਰਨ "ਸਬਤ ਦਾ ਪ੍ਰਭੂ" ਸਿਰਲੇਖ ਸਭ ਤੋਂ ਪ੍ਰਭਾਵਸ਼ਾਲੀ ਸਿਰਲੇਖ ਹੈ। ਸਬਤ ਦੇ ਦਿਨ ਉੱਤੇ ਅਧਿਕਾਰ ਹੋਣ ਦਾ ਦਾਅਵਾ ਖ਼ੁਦ ਵਿੱਚ ਪਰਮੇਸ਼ਰ ਦੇ ਅਧਿਕਾਰ ਹੋਣ ਦਾ ਦਾਅਵਾ ਹੈ (ਮੱਤੀ 12:8; ਲੂਕਾ 6:5)।

ਇਸ ਲਈ ਮਨੁੱਖ ਦਾ ਪੁੱਤਰ ਸਬਤ ਦਾ ਵੀ ਮਾਲਕ ਹੈ।" [ਮਰਕੁਸ 2:28]

## E. ਮਸੀਹ ਪਰਮੇਸ਼ਰ ਦੇ ਕੰਮ ਕਰਦੇ ਹਨ

### 1. ਮਸੀਹ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਹਨ

ਪਰਮੇਸ਼ਰ ਨੇ ਆਖਿਆ ਕਿ **ਅਸੀਂ** ਮਨੁੱਖ ਨੂੰ ਆਪਣੇ ਸਰੂਪ ਵਿੱਚ ਅਤੇ **ਆਪਣੇ** ਵਰਗਾ ਬਣਾਈਏ..." [ਉਤ 1:26]

ਉਸ ਦੇ ਰਾਹੀਂ ਪਰਮੇਸ਼ਰ ਨੇ ਸਾਰੀਆਂ ਚੀਜ਼ਾਂ ਦੀ ਰਚਨਾ ਕੀਤੀ। ਸ੍ਰਿਸ਼ਟੀ ਦੀ ਕੋਈ ਵੀ ਚੀਜ਼ ਉਸ ਦੇ ਬਿਨਾਂ ਨਾ ਰਚੀ ਗਈ। [ਯੂਹੰਨਾ 1:3]

ਕਿਉਂਕਿ ਉਹਨਾਂ ਦੇ ਰਾਹੀਂ ਪਰਮੇਸ਼ਰ ਨੇ ਅਕਾਸ਼ ਵਿੱਚ ਅਤੇ ਧਰਤੀ ਉੱਤੇ ਸਭ ਦੇਖੀਆਂ ਅਤੇ ਅਣਦੇਖੀਆਂ ਚੀਜ਼ਾਂ ਦੀ ਰਚਨਾ ਕੀਤੀ। ਸਾਰੀਆਂ ਆਤਮਿਕ ਤਾਕਤਾਂ, ਸਰਕਾਰਾਂ, ਹਕੂਮਤਾਂ ਅਤੇ ਅਧਿਕਾਰੀ, ਇਹ ਸਭ ਪਰਮੇਸ਼ਰ ਨੇ ਮਸੀਹ ਦੇ ਦੁਆਰਾ ਅਤੇ ਉਹਨਾਂ ਦੇ ਲਈ ਪੈਦਾ ਕੀਤੇ ਸਨ। [ਕੁਲੁੱਸੀ 1:16]

ਪਰ **ਪੁੱਤਰ** ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ..."ਹੇ ਪ੍ਰਭੂ, ਆਦਿ ਵਿੱਚ ਤੁਸੀਂ ਧਰਤੀ ਦੀ **ਨੀਂਹ ਰੱਖੀ** ਹੈ, ਤੁਹਾਡੇ ਹੱਥਾਂ ਦੁਆਰਾ ਅਕਾਸ਼ ਦੀ ਰਚਨਾ ਹੋਈ ਹੈ।" [ਇਬ 1:8a, 10]

### 2. ਮਸੀਹ ਸਾਰੀਆਂ ਚੀਜ਼ਾਂ ਨੂੰ ਕਾਇਮ ਰੱਖਦੇ ਹਨ

ਉਹ ਸਭ ਚੀਜ਼ਾਂ ਤੋਂ ਪਹਿਲਾਂ ਮੌਜੂਦ ਸਨ ਅਤੇ **ਸਭ ਚੀਜ਼ਾਂ ਉਹਨਾਂ ਵਿੱਚ ਕਾਇਮ ਰਹਿੰਦੀਆਂ ਹਨ**। [ਕੁਲੁੱਸੀ 1:17]

ਉਹ ਪਰਮੇਸ਼ਰ ਦੀ ਮਹਿਮਾ ਦੇ ਤੇਜ ਅਤੇ ਉਹਨਾਂ ਦੇ ਤੱਤ ਦਾ ਪ੍ਰਗਟਾਵਾ ਹਨ। ਉਹ ਹੀ ਆਪਣੇ ਸ਼ਕਤੀਸ਼ਾਲੀ ਸ਼ਬਦਾਂ ਦੇ ਦੁਆਰਾ **ਸਾਰੀ ਸ੍ਰਿਸ਼ਟੀ ਨੂੰ ਸੰਭਾਲਦੇ ਹਨ**। [ਇਬ 1:3]

### 3. ਮਸੀਹ ਜੀਵਨ ਦੇਣ ਵਾਲੇ ਹਨ

**ਉਸ ਵਿੱਚ ਜੀਵਨ ਸੀ** ਅਤੇ ਇਹ ਜੀਵਨ ਮਨੁੱਖਤਾ ਦਾ ਚਾਨਣ ਸੀ [ਯੂਹੰਨਾ 1:4]

ਕਿਉਂਕਿ ਜਿਸ ਤਰ੍ਹਾਂ ਪਿਤਾ ਜੀਵਨ ਦੇ ਸ੍ਰੋਤ ਹਨ, ਉਸੇ ਤਰ੍ਹਾਂ ਉਹਨਾਂ ਨੇ **ਪੁੱਤਰ ਨੂੰ ਵੀ ਜੀਵਨ ਦਾ ਸ੍ਰੋਤ ਬਣਾਇਆ ਹੈ**। [ਯੂਹੰਨਾ 5:26]

ਯਿਸੂ ਨੇ ਉਸ ਨੂੰ ਫਿਰ ਕਿਹਾ, "ਮੈਂ ਹੀ ਪੁਨਰ-ਉਥਾਨ ਅਤੇ **ਜੀਵਨ** ਹਾਂ। ਜਿਹੜਾ ਕੋਈ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ,

---

[5] ਫੁਟਨੋਟ 2 ਵਿੱਚ ਦਿੱਤੀਆਂ ਆਇਤਾਂ ਨੂੰ ਦੇਖੋ।

[6] ਫੁਟਨੋਟ 1 ਵਿੱਚ ਦਿੱਤੀਆਂ ਆਇਤਾਂ ਵੀ ਦੇਖੋ। ਪੁਰਾਣੇ ਨੇਮ ਵਿੱਚ ਪਰਮੇਸ਼ਰ ਦੇ ਕੁਝ ਪ੍ਰਗਟਾਵੇ *ਯਹੋਵਾਹ ਦੇ ਸਵਰਗਦੂਤ* ਨਾਮ ਦੀ ਵਰਤੋਂ ਨਹੀਂ ਕਰਦੇ ਹਨ। ਇਸ ਲਈ ਇੱਥੇ ਕੁਝ ਹੋਰ ਆਇਤਾਂ ਦੀ ਵਰਤੋਂ ਕੀਤੀ ਗਈ ਹੈ।

ਭਾਵੇਂ ਉਹ ਮਰ ਵੀ ਜਾਵੇ, ਉਹ ਫਿਰ ਵੀ ਜੀਵੇਗਾ" [ਯੂਹੰਨਾ 11:25]

ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਮੈਂ ਹੀ ਰਾਹ, ਮੈਂ ਹੀ ਸੱਚ ਅਤੇ ਮੈਂ ਹੀ **ਜੀਵਨ** ਹਾਂ। ਮੇਰੇ ਤੋਂ ਬਿਨਾਂ ਕੋਈ ਵੀ ਪਿਤਾ ਦੇ ਕੋਲ ਨਹੀਂ ਪਹੁੰਚ ਸਕਦਾ।" [ਯੂਹੰਨਾ 14:6]

ਇਸ ਤਰ੍ਹਾਂ ਤੁਸੀਂ ਉਸ ਨੂੰ ਮਾਰ ਦਿੱਤਾ ਜੋ **ਜੀਵਨ ਦਾ ਸ੍ਰੋਤ** ਸੀ। ਪਰ ਪਰਮੇਸ਼ਰ ਨੇ ਉਸ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕਰ ਦਿੱਤਾ ਜਿਸ ਦੇ ਅਸੀਂ ਗਵਾਹ ਹਾਂ। [ਰਸੂਲਾਂ 3:15]

ਜਿਸ ਤਰ੍ਹਾਂ ਆਦਮ ਵਿੱਚ ਸਭ ਮਰਦੇ ਹਨ, **ਉਸੇ ਤਰ੍ਹਾਂ ਮਸੀਹ ਵਿੱਚ** ਸਭ ਫਿਰ **ਜੀਅ ਉੱਠਣ**ਗੇ। [1 ਕੁਰਿੰਥ 15:22]

### 4. ਮਸੀਹ ਸਾਰੀ ਧਰਤੀ ਦਾ ਨਿਆਂ ਕਰਨਗੇ

ਧਿਆਨ ਦਿਓ ਕਿ ਉਤਪਤ 18:25 ਅਤੇ ਜ਼ਬੂਰ 9:7-8 ਵਿੱਚ ਪਰਮੇਸ਼ਰ ਨਿਆਂਈ ਹਨ, ਪਰ ਸਾਰੇ ਨਿਰਣੇ ਪੁੱਤਰ ਦੇ ਹੱਥ ਦਿੱਤੇ ਗਏ ਹਨ। ਇਸ ਲਈ, **ਪੁੱਤਰ** ਹੀ ਪਰਮੇਸ਼ਰ ਹੋਣੇ ਚਾਹੀਦੇ ਹਨ।

"ਜਦੋਂ **ਮਨੁੱਖ ਦਾ ਪੁੱਤਰ** ਆਪਣੀ ਮਹਿਮਾ ਅਤੇ ਆਪਣੇ ਸਾਰੇ ਸਵਰਗਦੂਤਾਂ ਦੇ ਨਾਲ ਆਵੇਗਾ ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ। ਉਸ ਸਮੇਂ ਧਰਤੀ ਦੀਆਂ ਸਾਰੀਆਂ ਕੌਮਾਂ ਉਸ ਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ..." [ਮੱਤੀ 25:31- 32]

"ਪਿਤਾ ਕਿਸੇ ਦਾ ਨਿਆਂ ਨਹੀਂ ਕਰਦੇ, ਉਹਨਾਂ ਨੇ **ਨਿਆਂ ਕਰਨ ਦਾ ਸਾਰਾ ਅਧਿਕਾਰ** ਪੱਤਰ ਦੇ ਹੱਥ ਵਿੱਚ ਸੌਂਪ ਦਿੱਤਾ ਹੈ" [ਯੂਹੰਨਾ 5:22]

"ਕਿਉਂਕਿ ਉਹਨਾਂ ਨੇ ਇੱਕ ਦਿਨ ਨਿਸ਼ਚਿਤ ਕੀਤਾ ਹੈ, ਜਦੋਂ ਉਹ ਪਹਿਲੇ ਹੀ ਨਿਯੁਕਤ ਕੀਤੇ **ਮਨੁੱਖ ਦੁਆਰਾ** ਸੰਸਾਰ ਦਾ ਸੱਚਾਈ ਨਾਲ **ਨਿਆਂ ਕਰਨਗੇ।** ਉਹਨਾਂ ਨੇ ਉਸ ਆਦਮੀ ਨੂੰ ਮੁਰਦਿਆਂ ਵਿੱਚੋਂ ਜਿ**ਉਂਦਾ ਕਰ ਕੇ** ਸਾਰਿਆਂ ਨੂੰ ਇਸ ਗੱਲ ਦਾ ਸਬੂਤ ਦੇ ਦਿੱਤਾ ਹੈ" [ਰਸੂਲਾਂ 17:31]

ਅਤੇ ਤੁਸੀਂ ਜੋ ਦੁੱਖਾਂ ਵਿੱਚ ਹੋ, ਤੁਹਾਨੂੰ ਅਤੇ ਸਾਨੂੰ ਰਾਹਤ ਦੇਣਗੇ। ਇਹ ਉਹ ਸਮੇਂ ਹੋਵੇਗਾ, ਜਦੋਂ **ਪ੍ਰਭੂ ਯਿਸੂ** ਆਪਣੇ ਸ਼ਕਤੀਸ਼ਾਲੀ ਸਵਰਗਦੂਤਾਂ ਦੇ ਨਾਲ ਸਵਰਗ ਤੋਂ ਬਲਦੀ ਅੱਗ ਦੇ ਵਿੱਚਕਾਰ ਪ੍ਰਗਟ ਹੋਣਗੇ। ਤਦ ਉਹ ਉਹਨਾਂ ਨੂੰ **ਸਜ਼ਾ ਦੇਣਗੇ** ਜੋ ਪਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਜੋ ਸਾਡੇ ਪ੍ਰਭੂ ਯਿਸੂ ਦੇ ਸ਼ੁਭ ਸਮਾਚਾਰ ਨੂੰ ਨਹੀਂ ਮੰਨਦੇ। [2 ਥੱਸਲੁ 1:7-8]

### 5. ਮਸੀਹ ਪਾਪ ਮਾਫ਼ ਕਰਦੇ ਹਨ

ਯਿਸੂ ਨੇ ਉਹਨਾਂ ਦਾ ਵਿਸ਼ਵਾਸ ਦੇਖ ਕੇ ਉਸ ਆਦਮੀ ਨੂੰ ਕਿਹਾ, "ਮਿੱਤਰ, **ਤੇਰੇ ਪਾਪ ਮਾਫ਼ ਹੋਏ।**" ਇਹ ਸੁਣ ਕੇ ਫ਼ਰੀਸੀ ਅਤੇ ਵਿਵਸਥਾ ਦੇ ਸਿੱਖਿਅਕ ਆਪਣੇ ਦਿਲਾਂ ਵਿੱਚ ਇਸ ਤਰ੍ਹਾਂ ਸੋਚਣ ਲੱਗੇ, "ਇਹ ਕੌਣ ਹੈ ਜਿਹੜਾ ਪਰਮੇਸ਼ਰ ਦੀ ਨਿੰਦਾ ਕਰ ਰਿਹਾ ਹੈ? **ਸਿਵਾਏ ਇੱਕ ਪਰਮੇਸ਼ਰ ਤੋਂ ਹੋਰ ਕੋਈ ਪਾਪ ਮਾਫ਼ ਨਹੀਂ ਕਰ ਸਕਦਾ!"** ਉਹਨਾਂ ਦੀਆਂ ਸੋਚਾਂ ਨੂੰ ਜਾਣਦੇ ਹੋਏ ਯਿਸੂ ਨੇ ਉਹਨਾਂ ਨੂੰ ਕਿਹਾ, "ਤੁਸੀਂ ਆਪਣੇ ਦਿਲਾਂ ਵਿੱਚ ਇਸ ਤਰ੍ਹਾਂ ਕਿਉਂ ਸੋਚ ਰਹੇ ਹੋ? ਕੀ ਕਹਿਣਾ ਸੌਖਾ ਹੈ, 'ਤੇਰੇ ਪਾਪ ਮਾਫ਼ ਹੋਏ' ਜਾਂ ਇਹ ਕਹਿਣਾ, 'ਉੱਠ ਅਤੇ ਚੱਲ ਫਿਰ?' ਪਰ ਇਸ ਤੋਂ ਤੁਸੀਂ ਜਾਣ ਜਾਓ ਕਿ **ਮਨੁੱਖ ਦੇ ਪੁੱਤਰ ਨੂੰ ਇਸ ਧਰਤੀ ਉੱਤੇ ਪਾਪ ਮਾਫ਼ ਕਰਨ ਦਾ ਅਧਿਕਾਰ ਹੈ।**" [ਲੂਕਾ 5:20-24]

ਫਿਰ ਯਿਸੂ ਨੇ ਉਸ ਔਰਤ ਵੱਲ ਇਸ਼ਾਰਾ ਕਰਦੇ ਹੋਏ ਸ਼ਮਊਨ ਨੂੰ ਕਿਹਾ, "ਕੀ ਤੂੰ ਇਸ ਔਰਤ ਨੂੰ ਦੇਖ ਰਿਹਾ ਹੈਂ? ਮੈਂ ਤੇਰੇ ਘਰ ਆਇਆ ਹਾਂ। ਤੂੰ ਮੇਰੇ ਪੈਰ ਧੋਣ ਲਈ ਪਾਣੀ ਤੱਕ ਨਾ ਦਿੱਤਾ ਪਰ ਇਸ ਔਰਤ ਨੇ ਆਪਣੇ ਹੰਝੂਆਂ ਨਾਲ ਮੇਰੇ ਪੈਰ ਭਿਉਂਏ ਅਤੇ ਆਪਣੇ ਸਿਰ ਦੇ ਵਾਲਾਂ ਨਾਲ ਪੂੰਝੇ। ਤੂੰ ਮੇਰੇ ਸੁਆਗਤ ਵਿੱਚ ਮੈਨੂੰ ਚੁੰਮਿਆ ਤੱਕ ਨਹੀਂ ਪਰ ਇਹ ਔਰਤ ਜਦੋਂ ਤੋਂ ਮੈਂ ਆਇਆਂ ਹਾਂ, ਮੇਰੇ ਪੈਰਾਂ ਨੂੰ ਚੁੰਮ ਰਹੀ ਹੈ। ਤੂੰ ਮੇਰੇ ਸਿਰ ਉੱਤੇ ਤੇਲ ਨਹੀਂ ਲਾਇਆ ਪਰ ਇਸ ਨੇ ਮੇਰੇ ਪੈਰਾਂ ਉੱਤੇ ਅਤਰ ਲਾਇਆ ਹੈ। ਮੈਂ ਤੈਨੂੰ ਦੱਸਦਾ ਹਾਂ ਕਿ ਇਸ ਦਾ ਬਹੁਤਾ ਪਿਆਰ ਇਹ ਹੀ ਸਿੱਧ ਕਰਦਾ ਹੈ ਕਿ ਇਸ ਦੇ ਬਹੁਤੇ ਪਾਪ ਮਾਫ਼ ਹੋ ਗਏ ਹਨ ਪਰ ਜਿਸ ਦੇ ਥੋੜ੍ਹੇ ਪਾਪ ਮਾਫ਼ ਹੋਏ ਹਨ, ਉਹ ਥੋੜ੍ਹਾ ਪਿਆਰ ਕਰਦਾ ਹੈ ।" ਯਿਸੂ ਨੇ ਉਸ ਔਰਤ ਨੂੰ ਕਿਹਾ, "**ਤੇਰੇ ਪਾਪ ਮਾਫ਼ ਹੋ ਗਏ ਹਨ।**" ਜਿਹੜੇ ਯਿਸੂ ਦੇ ਨਾਲ ਭੋਜਨ ਕਰ ਰਹੇ ਸਨ, ਆਪਸ ਵਿੱਚ ਕਹਿਣ ਲੱਗੇ, **"ਇਹ ਕੌਣ ਹੈ ਜਿਹੜਾ ਪਾਪ ਵੀ ਮਾਫ਼ ਕਰਦਾ ਹੈ?** [ਲੂਕਾ 7:44-49]

(ਮੱਤੀ 9:1-6; ਮਰਕੁਸ 2:5ff. ਵੀ ਦੇਖੋ)

## F. ਮਸੀਹ ਵਿੱਚ ਪਰਮੇਸ਼ਰ ਦੇ ਗੁਣ ਹਨ

### 1. ਮਸੀਹ ਸਦੀਪਕ ਅਤੇ ਸਵੈ-ਮੌਜੂਦ ਦੋਵੇਂ ਹਨ

"ਪਰ ਹੇ ਬੈਤਲਹਮ ਅਫਰਾਥਾਹ, ਭਾਵੇਂ ਤੂੰ ਯਹੂਦਾਹ ਦੇ ਹਜ਼ਾਰਾਂ ਵਿੱਚ ਛੋਟਾ ਹੈਂ, ਤਾਂ ਵੀ ਤੇਰੇ ਵਿੱਚੋਂ ਮੇਰੇ ਲਈ ਇੱਕ ਪੁਰਖ ਨਿੱਕਲੇਗਾ, ਜੋ ਇਸਰਾਏਲ ਵਿੱਚ ਹਾਕਮ ਹੋਵੇਗਾ, ਜਿਸ ਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ, ਸਗੋਂ **ਅਨਾਦੀ ਤੋਂ ਹੈ।**" [ਮੀਕਾਹ 5:2]

**ਸ੍ਰਿਸ਼ਟੀ ਦੇ ਰਚੇ ਜਾਣ ਤੋਂ ਪਹਿਲਾਂ ਸ਼ਬਦ ਸੀ।** ਸ਼ਬਦ ਪਰਮੇਸ਼ਰ ਦੇ ਨਾਲ ਸੀ ਅਤੇ ਸ਼ਬਦ ਹੀ ਪਰਮੇਸ਼ਰ ਸੀ। [ਯੂਹੰਨਾ 1:1]

ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਅਬਰਾਹਾਮ ਦੇ ਪੈਦਾ ਹੋਣ ਤੋਂ ਪਹਿਲਾਂ ਮੈਂ ਹਾਂ!" [ਯੂਹੰਨਾ 8:58]

"ਮੈਂ ਹੀ ਅਲਫ਼ਾ ਅਤੇ ਓਮੇਗਾ, **ਆਦਿ** ਅਤੇ **ਅੰਤ**, **ਸ਼ੁਰੂ** ਅਤੇ **ਆਖ਼ਰ** ਹਾਂ" [ਪ੍ਰਕਾਸ਼ 22:13]

(ਯਸਾ 9:6; ਯੂਹੰਨਾ 5:26 ਵੀ ਦੇਖੋ)

**2. ਮਸੀਹ ਕਦੇ ਬਦਲਦੇ ਨਹੀਂ ਹਨ**

ਪਰ **ਪੁੱਤਰ** ਦੇ ਬਾਰੇ ਉਹ ਇਸ ਤਰ੍ਹਾਂ ਕਹਿੰਦੇ ਹਨ, "**ਪਰ ਤੁਸੀਂ ਹਮੇਸ਼ਾ ਇੱਕੋ ਜਿਹੇ ਰਹਿੰਦੇ ਹੋ**, ਤੁਹਾਡੇ ਜੀਵਨ ਦਾ ਅੰਤ ਨਹੀਂ ਹੋਵੇਗਾ।" [ਇਬ 1:8a, 12b]

**ਯਿਸੂ ਮਸੀਹ** ਕੱਲ੍ਹ, ਅੱਜ ਅਤੇ ਅਨੰਤਕਾਲ ਤੱਕ **ਇੱਕੋ ਜਿਹੇ ਹਨ**। [ਇਬ 13:8]

**3. ਮਸੀਹ ਹਰ ਜਗ੍ਹਾ ਮੌਜੂਦ ਹਨ**

"ਕਿਉਂਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਵਿੱਚ ਇਕੱਠੇ ਹੁੰਦੇ ਹਨ, **ਉੱਥੇ ਮੈਂ ਵੀ ਉਹਨਾਂ ਦੇ ਨਾਲ ਹੁੰਦਾ ਹਾਂ**।" [ਮੱਤੀ 18:20]'

"ਅਤੇ ਉਹਨਾਂ ਨੂੰ ਇਹਨਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨੀ ਸਿਖਾਓ ਜਿਹਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਦੇਖੋ, ਯੁੱਗ ਦੇ ਅੰਤ ਤੱਕ **ਮੈਂ ਹਮੇਸ਼ਾ ਤੁਹਾਡੇ ਨਾਲ ਹਾਂ**।" [ਮੱਤੀ 28:20]

ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਉਪਦੇਸ਼ ਦੀ ਪਾਲਣਾ ਕਰੇਗਾ ਅਤੇ ਮੇਰੇ ਪਿਤਾ ਉਸ ਨੂੰ ਪਿਆਰ ਕਰਨਗੇ। ਮੇਰੇ ਪਿਤਾ ਅਤੇ ਮੈਂ ਉਸ ਦੇ ਕੋਲ ਆਵਾਂਗੇ ਅਤੇ ਉਸ ਦੇ ਨਾਲ ਰਹਾਂਗੇ।" [ਯੂਹੰਨਾ 14:23]

...ਜੋ ਸਭ ਕੁਝ ਪੂਰਨ ਕਰਦੇ ਹਨ [ਅਫ਼ਸੀ 1:23] (ਇਬ 13:5b ਦੇਖੋ)

**4. ਮਸੀਹ ਸਰਵ-ਗਿਆਨੀ ਹਨ**

ਪਰ ਯਿਸੂ ਨੇ ਉਹਨਾਂ ਦਾ ਭਰੋਸਾ ਨਾ ਕੀਤਾ ਕਿਉਂਕਿ **ਉਹ ਸਾਰਿਆਂ ਨੂੰ ਜਾਣਦੇ ਸਨ।** [ਯੂਹੰਨਾ 2:24]

"ਹੁਣ ਅਸੀਂ ਜਾਣ ਗਏ ਹਾਂ ਕਿ **ਤੁਸੀਂ ਸਭ ਕੁਝ ਜਾਣਦੇ ਹੋ**..." [ਯੂਹੰਨਾ 16:30]

... ਇਸ ਲਈ ਪਤਰਸ ਨੇ ਕਿਹਾ, "ਪ੍ਰਭੂ ਜੀ, **ਤੁਸੀਂ ਤਾਂ ਸਭ ਕੁਝ ਜਾਣਦੇ ਹੋ**..." [ਯੂਹੰਨਾ 21:17]

(ਮਸੀਹ ਦੀ ਮਨ ਦੀਆਂ ਗੱਲਾਂ ਨੂੰ ਪੜ੍ਹਨ ਦੀ ਸਮਰੱਥਾ ਬਾਰੇ ਦੇਖੋ, ਮੱਤੀ 12:25; ਮਰਕੁਸ 2:8; 9:34; ਲੂਕਾ 5:22; 6:8; 7:39ff.; 9:47; 11:17; ਯੂਹੰਨਾ 1:47-48; 4:17-19)।

**5. ਮਸੀਹ ਸਰਵ-ਸ਼ਕਤੀਮਾਨ ਹਨ**

ਫਿਰ ਯਿਸੂ ਨੇ ਉਹਨਾਂ ਦੇ ਕੋਲ ਆ ਕੇ ਕਿਹਾ, "ਸਵਰਗ ਵਿੱਚ ਅਤੇ ਧਰਤੀ ਦੇ ਉੱਤੇ **ਸਾਰਾ ਅਧਿਕਾਰ** ਮੈਨੂੰ ਦਿੱਤਾ ਗਿਆ ਹੈ।" [ਮੱਤੀ 28:18]

"ਤੁਸੀਂ ਉਸ ਨੂੰ **ਸਾਰੇ ਲੋਕਾਂ ਦੇ ਉੱਤੇ ਅਧਿਕਾਰ** ਦਿੱਤਾ ਹੈ ਤਾਂ ਜੋ ਉਹ ਉਹਨਾਂ ਸਭ ਨੂੰ ਜਿਹੜੇ ਤੁਸੀਂ ਉਸ ਨੂੰ ਦਿੱਤੇ ਹਨ, ਅਨੰਤ ਜੀਵਨ ਦੇਵੇ।" [ਯੂਹੰਨਾ 17:2]

ਉੱਥੋਂ ਹੀ ਮਸੀਹ **ਸਭ ਸ਼ਾਸਕਾਂ, ਅਧਿਕਾਰੀਆਂ**, ਸ਼ਕਤੀਆਂ ਅਤੇ ਹਾਕਮਾਂ ਉੱਤੇ ਰਾਜ ਕਰਦੇ ਹਨ। ਉਹਨਾਂ ਦਾ ਨਾਮ ਸਭ ਨਾਵਾਂ ਤੋਂ ਨਾ ਕੇਵਲ ਇਸ ਯੁੱਗ ਵਿੱਚ ਸਗੋਂ ਆਉਣ ਵਾਲੇ ਯੁੱਗਾਂ ਤੱਕ **ਉੱਚਾ ਹੈ**। [ਅਫ਼ਸੀ 1:21]

ਉਹ ਹੀ ਸਾਡੇ ਨਾਸ਼ਵਾਨ ਸਰੀਰਾਂ ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਾਰੀਆਂ ਚੀਜ਼ਾਂ ਨੂੰ ਆਪਣੇ ਉਦੇਸ਼ ਦੀ ਪੂਰਤੀ ਦੇ ਲਈ **ਆਪਣੇ ਅਧੀਨ ਰੱਖਦੇ ਹਨ**, ਆਪਣੇ ਤੇਜਵਾਨ ਸਰੀਰ ਦੀ ਤਰ੍ਹਾਂ ਬਦਲ ਦੇਣਗੇ। [ਫ਼ਿਲਿੱਪੀ 3:21]

ਅਤੇ ਮਸੀਹ ਵਿੱਚ ਹੀ ਤੁਸੀਂ ਪੂਰਨਤਾ ਪ੍ਰਾਪਤ ਕਰਦੇ ਹੋ ਜਿਹੜੇ ਸੰਸਾਰ ਦੀਆਂ ਸਾਰੀਆਂ ਸ਼ਕਤੀਆਂ ਅਤੇ ਅਧਿਕਾਰੀਆਂ ਦੇ **ਸਿਰ ਹਨ।** [ਕੁਲੁੱਸੀ 2:10]

ਉਹ ਪਰਮੇਸ਼ਰ ਦੀ ਮਹਿਮਾ ਦੇ ਤੇਜ ਅਤੇ ਉਹਨਾਂ ਦੇ ਤੱਤ ਦਾ ਪ੍ਰਗਟਾਵਾ ਹਨ। ਉਹ ਹੀ ਆਪਣੇ **ਸ਼ਕਤੀਸ਼ਾਲੀ ਸ਼ਬਦਾਂ ਦੇ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਸੰਭਾਲਦੇ ਹਨ**...[ ਇਬ 1:3]

"ਪ੍ਰਭੂ ਪਰਮੇਸ਼ਰ ਕਹਿੰਦੇ ਹਨ, "ਮੈਂ ਆਦਿ ਅਤੇ ਅੰਤ ਹਾਂ। **ਮੈਂ ਸਰਵਸ਼ਕਤੀਮਾਨ ਹਾਂ**, ਜਿਹੜਾ ਹੈ, ਜਿਹੜਾ ਸੀ ਅਤੇ ਜਿਹੜਾ ਆਉਣ ਵਾਲਾ ਹੈ।" [ਪ੍ਰਕਾਸ਼ 1:8; ਇਸ ਆਇਤ ਵਿੱਚ ਯਿਸੂ ਦੀ ਗੱਲ ਹੋ ਰਹੀ ਹੈ ਇਸ ਲਈ ਪ੍ਰਕਾਸ਼ 1:17 ਅਤੇ 22:13 ਨੂੰ ਵੀ ਦੇਖੋ]

**G. ਮਸੀਹ ਨੇ ਲੋਕਾਂ ਦੁਆਰਾ ਅਰਾਧਨਾ ਨੂੰ ਸਵੀਕਾਰ ਕੀਤਾ, ਪਰ ਫਿਰ ਵੀ ਸਿਖਾਇਆ ਕਿ ਕੇਵਲ ਪਰਮੇਸ਼ਰ ਦੀ ਅਰਾਧਨਾ ਕੀਤੀ ਜਾਣੀ ਚਾਹੀਦੀ ਹੈ**

ਪਰ ਯਿਸੂ ਨੇ ਸ਼ੈਤਾਨ ਨੂੰ ਉੱਤਰ ਦਿੱਤਾ, "ਸ਼ੈਤਾਨ, ਮੇਰੇ ਕੋਲੋਂ

ਦੂਰ ਹੋ ਜਾ! ਕਿਉਂਕਿ ਪਵਿੱਤਰ-ਗ੍ਰੰਥ ਵਿੱਚ ਇਹ ਲਿਖਿਆ ਹੋਇਆ ਹੈ, 'ਤੂੰ ਆਪਣੇ ਪ੍ਰਭੂ ਪਰਮੇਸ਼ਰ ਦੀ ਹੀ **ਭਗਤੀ ਕਰ**, ਅਤੇ ਕੇਵਲ **ਉਹਨਾਂ ਦੀ ਹੀ ਸੇਵਾ ਕਰ।**'" [ਮੱਤੀ 4:10]

ਕਿਸ਼ਤੀ ਵਿੱਚ ਸਾਰੇ ਚੇਲਿਆਂ ਨੇ **ਯਿਸੂ ਨੂੰ ਮੱਥਾ ਟੇਕਿਆ** ਅਤੇ ਕਿਹਾ, "ਤੁਸੀਂ ਸੱਚਮੁੱਚ ਪਰਮੇਸ਼ਰ ਦੇ ਪੁੱਤਰ ਹੋ!" [ਮੱਤੀ 14:33]

ਯਿਸੂ ਨੇ ਸੁਣਿਆ ਕਿ ਉਹਨਾਂ ਨੇ ਉਸ ਆਦਮੀ ਨੂੰ ਬਾਹਰ ਕੱਢ ਦਿੱਤਾ ਹੈ। ਇਸ ਲਈ ਉਸ ਨੂੰ ਲੱਭ ਕੇ ਉਸ ਤੋਂ ਪੁੱਛਿਆ, "ਕੀ ਤੂੰ ਮਨੁੱਖ ਦੇ ਪੁੱਤਰ ਵਿੱਚ ਵਿਸ਼ਵਾਸ ਕਰਦਾ ਹੈਂ?" ਉਸ ਆਦਮੀ ਨੇ ਯਿਸੂ ਤੋਂ ਪੁੱਛਿਆ, "ਸ੍ਰੀਮਾਨ ਜੀ, ਉਹ ਕੌਣ ਹਨ? ਮੈਨੂੰ ਦੱਸੋ ਤਾਂ ਜੋ ਮੈਂ ਉਹਨਾਂ ਵਿੱਚ ਵਿਸ਼ਵਾਸ ਕਰਾਂ।" ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਤੂੰ ਉਸ ਨੂੰ ਦੇਖ ਚੁੱਕਾ ਹੈਂ ਅਤੇ ਇਹ ਉਹ ਹੀ ਹੈ ਜਿਹੜਾ ਤੇਰੇ ਨਾਲ ਗੱਲਾਂ ਕਰ ਰਿਹਾ ਹੈ।" ਉਸ ਆਦਮੀ ਨੇ ਕਿਹਾ, "ਪ੍ਰਭੂ ਜੀ, ਮੈਂ ਵਿਸ਼ਵਾਸ ਕਰਦਾ ਹਾਂ" ਅਤੇ ਉਸ ਨੇ ਝੁੱਕ ਕੇ ਉਹਨਾਂ ਨੂੰ **ਮੱਥਾ ਟੇਕਿਆ।** [ਯੂਹੰਨਾ 9:35-38]

ਥੋਮਾ ਨੇ ਉਹਨਾਂ ਨੂੰ ਕਿਹਾ, "ਮੇਰੇ ਪ੍ਰਭੂ, ਮੇਰੇ ਪਰਮੇਸ਼ਰ!" [ਯੂਹੰਨਾ 20:28]

(ਕੂਚ 34:14; ਯਸਾ 42:8 ਵੀ ਦੇਖੋ)।

**H. ਤ੍ਰਿਏਕ ਪਰਮੇਸ਼ਰ ਸਿਧਾਂਤ ਜੋ ਮਸੀਹ ਨੂੰ ਤ੍ਰਿਏਕ ਪਰਮੇਸ਼ਰ ਨਾਲ ਜੋੜਦਾ ਹੈ, ਉਹ ਵੀ ਮਸੀਹ ਦੇ ਪਰਮੇਸ਼ਰ ਹੋਣ ਦਾ ਸਮਰਥਨ ਕਰਦਾ ਹੈ।** (ਇਸ ਬਾਰੇ ਅਧਿਆਇ 2 "ਪਰਮੇਸ਼ਰ ਦਾ ਸਿਧਾਂਤ" ਵਿੱਚ ਗੱਲ ਕੀਤੀ ਗਈ ਹੈ)[7]

[7] ਕੁੱਝ ਪੰਥ "ਪਹਿਲੈਠਾ ਪੁੱਤਰ" (ਰੋਮੀ 8:29; ਕੁਲੁੱਸੀ 1:15,18; ਇਬ 1:6; ਪ੍ਰਕਾਸ਼. 1:5) ਅਤੇ "ਇੱਕਲੈਤੇ ਪੁੱਤਰ" (ਯੂਹੰਨਾ 1:14,18; 3:16,18; 1 ਯੂਹੰਨਾ 4:9) ਸ਼ਬਦਾਂ ਦੀ ਦੁਰਵਰਤੋਂ ਇਹ ਸਿਖਾਉਣ ਦੇ ਲਈ ਕਰਦੇ ਹਨ ਕਿ ਮਸੀਹ ਸਿਰਜੇ ਗਏ ਪ੍ਰਾਣੀਆਂ ਵਿੱਚੋਂ ਪਹਿਲਾ ਸੀ।

ਇਸ ਗੱਲ ਦੀ ਕੋਈ ਦਲੀਲ ਨਹੀਂ ਹੈ ਕਿ "ਪਹਿਲੈਠਾ ਪੁੱਤਰ" ਸ਼ਬਦ ਸਰੀਰਕ ਜਨਮ ਨੂੰ ਦਰਸਾ ਸਕਦਾ ਹੈ। ਮੱਤੀ 1:25 ਅਤੇ ਲੂਕਾ 2:7 ਵਿੱਚ ਇਸ ਤਰ੍ਹਾਂ ਹੀ ਹੈ। ਫਿਰ ਵੀ, ਕੁਝ ਸੰਦਰਭਾਂ ਵਿੱਚ ਇਸ ਸ਼ਬਦ ਦਾ ਜਨਮ ਜਾਂ ਸ਼ੁਰੂਆਤ ਨਾਲ ਕੋਈ ਸੰਬੰਧ ਨਹੀਂ ਹੈ। ਉੱਥੇ ਇਸ ਦਾ ਅਰਥ "ਸਰਵਉੱਚ, ਪ੍ਰਮੁੱਖ, ਸਨਮਾਨ ਵਾਲਾ" ਹੈ। ਅੱਯੂਬ 18:13 ਵਿੱਚ, ਪਹਿਲੈਠੇ ਸ਼ਬਦ ਦਾ ਅਰਥ "ਮੌਤ ਦਾ ਪਹਿਲੈਠਾ", ਅਤੇ ਯਸਾਯਾਹ 14:30 ਵਿੱਚ "ਗਰੀਬਾਂ ਦਾ ਪਹਿਲੈਠਾ" ਹੈ। ਇਹਨਾਂ ਵਿੱਚੋਂ ਹਰੇਕ ਮਾਮਲੇ ਵਿੱਚ, ਜਨਮ ਦੇ ਸਮੇਂ ਦਾ ਵਿਚਾਰ ਸਰਵਉੱਚ ਦੇ ਵਿਚਾਰ ਵਿੱਚ ਚਲਾ ਜਾਂਦਾ ਹੈ, ਕਿਉਂਕਿ ਇਬਰਾਨੀ ਸੋਚ ਵਿੱਚ "ਪਹਿਲੈਠਾ" ਵਿਰਾਸਤ ਦੇ ਮਾਮਲਿਆਂ ਵਿੱਚ ਸਰਵਉੱਚਤਾ ਦਾ ਵਿਚਾਰ ਦਿੰਦਾ ਹੈ।

ਅੱਯੂਬ 18:13 ਵਿੱਚ, "ਮੌਤ ਦਾ ਪਹਿਲੈਠਾ" ਦਾ ਅਰਥ "ਸਭ ਤੋਂ ਘਾਤਕ ਬਿਮਾਰੀ" ਅਤੇ ਯਸਾਯਾਹ 14:30 ਵਿੱਚ "ਗਰੀਬਾਂ ਦਾ ਪਹਿਲੈਠਾ" ਦਾ ਅਰਥ "ਸਭ ਤੋਂ ਗ਼ਰੀਬ" ਹੈ। ਇਬਰਾਨੀ ਬਾਈਬਲ ਦੇ ਯੂਨਾਨੀ ਅਨੁਵਾਦ ਵਿੱਚ ਪ੍ਰੋਟੋਟੋਕੋਸ ਕਈ ਵਾਰ ਸਥਿਤੀ ਉੱਤੇ ਜ਼ੋਰ ਦਿੰਦਾ ਹੈ, ਅਤੇ ਇਸ ਦਾ ਸ਼ੁਰੂਆਤ ਨਾਲ ਬਹੁਤ ਘੱਟ ਜਾਂ ਕੁਝ ਵੀ ਲੈਣਾ ਦੇਣਾ ਨਹੀਂ ਹੁੰਦਾ ਹੈ, ਇਹ ਉਹੀ ਸ਼ਬਦ ਹੈ ਜੋ ਮਸੀਹ ਦੇ ਲਈ ਨਵੇਂ ਨੇਮ ਵਿੱਚ ਵਰਤਿਆ ਗਿਆ ਹੈ। ਇਸਰਾਏਲ ਕੌਮਾਂ ਦਾ "ਪਹਿਲੈਠਾ" ਹੈ, ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਸਮੇਂ ਅਨੁਸਾਰ ਸਭ ਤੋਂ ਪਹਿਲੀ ਕੌਮ ਸੀ। ਇਸ ਸ਼ਬਦ ਦਾ ਅਰਥ ਹੈ ਕਿ ਇਸਰਾਏਲ ਹੋਰ ਕੌਮਾਂ ਨਾਲੋਂ ਸਰਵਉੱਚ ਹੈ (ਕੂਚ 4:22; ਯਿਰ 31:9; 38:9)। ਬਿਵਸਥਾ ਸਾਰ 21:16 ਵਿੱਚ ਦੂਜੇ ਪੁੱਤਰ ਨੂੰ ਪਹਿਲੈਠੇ ਹੋਣ ਦਾ ਅਹੁਦਾ ਦੇਣ ਬਾਰੇ ਗੱਲ ਕੀਤੀ ਗਈ ਹੈ। ਜ਼ਬੂਰ. 89:27 ਇਹ ਸਿਖਾਉਂਦਾ ਹੈ ਕਿ ਪਰਮੇਸ਼ਰ ਦਾਊਦ (ਅਤੇ ਉਸ ਦੀ ਸੰਤਾਨ) ਨੂੰ ਆਪਣਾ ਪਹਿਲੈਠਾ ਬਣਾਉਣਗੇ। ਇਹ ਦਾਊਦ ਦੇ ਸਰਵਉੱਚ ਅਹੁਦੇ ਨੂੰ ਦਰਸਾਉਂਦਾ ਹੈ, ਅਤੇ ਇਸ ਦਾ ਜਨਮ ਜਾਂ ਸ਼ੁਰੂਆਤ ਦੇ ਸਮੇਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਬਾਈਬਲ ਤੋਂ ਬਾਹਰ ਇਸ ਸ਼ਬਦ ਦੀ ਵਰਤੋਂ ਇਸ ਦੇ ਬਹੁਤ ਸਾਰੇ ਅਰਥ ਹੋਣ ਉੱਤੇ ਚਾਨਣਾ ਪਾਉਂਦੀ ਹੈ। 4 ਏਸਦਰਾਸ 6:58 ਵਿੱਚ, ਇਸਰਾਏਲ ਨੂੰ "ਮੇਰਾ ਪਹਿਲੈਠਾ, ਇੱਕੋ-ਇੱਕ, ਚੁਣਿਆ ਹੋਇਆ, ਅਤੇ ਪਿਆਰਾ" ਕਿਹਾ ਗਿਆ ਹੈ। ਇੱਕ ਵਾਰ ਫਿਰ *ਪ੍ਰੋਟੋਟੋਕੋਸ* ਸ਼ਬਦ ਅਹੁਦੇ, ਸਥਿਤੀ, ਸਰਵਉੱਚਤਾ ਦੀ ਗੱਲ ਕਰਦਾ ਹੈ। ਰੱਬੀ ਬੇਚਾਈ ਨੇ ਲਿਖਿਆ, "ਪਰਮੇਸ਼ਰ ਸੰਸਾਰ ਦੇ ਪਹਿਲੈਠੇ ਹਨ" [ਦੇਖੋ . ਜੇ. ਬੀ. ਲਾਈਟਫੁੱਟ, *ਸੇਂਟ ਪੌਲਜ਼ ਐਪਿਸਟਲਜ਼ ਟੂ ਦ ਕੋਲੋਸੀਅਨਜ਼ ਐਂਡ ਟੂ ਫਿਲੀਮੋਨ.* ਰੀਵ. ਐਡ. (ਗ੍ਰੈਂਡ ਰੈਪਿਡਸ: ਜ਼ੋਂਡਰਵੈਨ, 1977), 146-47]। ਇਸ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ਰ ਦਾ ਜਨਮ ਹੋਇਆ ਸੀ, ਪਰ ਇਹ ਕਿ ਪਰਮੇਸ਼ਰ ਸਰਵਉੱਚ ਹਨ। ਸ਼ੁਰੂਆਤੀ ਕਲੀਸਿਯਾ ਨੇ ਧਰਮ ਵਿਰੋਧੀ ਮਾਰਸੀਅਨ ਨੂੰ "ਸ਼ੈਤਾਨ ਦਾ ਪਹਿਲੈਠਾ" ਕਿਹਾ ਸੀ। ਇਸ ਦਾ ਅਰਥ ਹੈ ਕਿ ਉਹ ਸ਼ੈਤਾਨ ਦੇ ਕਾਮਿਆਂ ਦਾ ਮੁੱਖੀਆਂ ਹੈ, ਅਤੇ ਇਸ ਦਾ ਜਨਮ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਅੰਤ ਵਿੱਚ, ਗੋਦ ਲਏ ਬੱਚਿਆਂ ਨੂੰ ਵੀ ਪਹਿਲੈਠਾ ਕਿਹਾ ਜਾ ਸਕਦਾ ਹੈ। *ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਗੋਦ ਲੈਣ ਦੇ ਇੱਕ ਸ਼ੁਰੂਆਤੀ ਦਸਤਾਵੇਜ਼ ਦਾ ਹਵਾਲਾ ਦਿੰਦਾ ਹੈ। ਦੇਖੋ ਵਿਲਹੈਲਮ ਮਿਖਾਈਲਿਸ, *ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ*, ਐਡਿਟਡ ਬਾਏ ਗੇਰਹਾਰਡ ਕਿਟਲ ਐਂਡ ਗੇਰਹਾਰਡ ਫ੍ਰਾਈਡ੍ਰਿਕ, ਟ੍ਰਾਂਸਲੇਟੇਡ ਬਾਏ ਜਿਓਫ੍ਰੀ ਬ੍ਰੋਮਿਲੀ, (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1968), VI 872. ਇਹ ਸਾਰੇ ਹਵਾਲੇ ਇਹ ਸਥਾਪਿਤ ਕਰਦੇ ਹਨ ਕਿ "ਪਹਿਲੈਠੇ" ਸ਼ਬਦ ਦੇ ਬਹੁਤ ਸਾਰੇ ਅਰਥ ਹੁੰਦੇ ਹਨ, ਜਿਹਨਾਂ ਵਿੱਚ ਸਰਵਉੱਚ ਹੋਣ ਦਾ ਵਿਚਾਰ ਵੀ ਸ਼ਾਮਲ ਹੈ। ਕੁਲੁੱਸੀਆਂ 1:15 ਦੇ ਸੰਦਰਭ ਵਿੱਚ, ਆਇਤ 16 ਆਇਤ 15 ਵਿਚਲੇ ਬਿਆਨ ਦਾ ਕਾਰਨ ਦੇ ਰਹੀ ਹੈ। ਆਇਤ 16 ਵਿੱਚ ਲਿਖਿਆ ਹੈ, "ਕਿਉਂਕਿ ਸਾਰੀਆਂ ਚੀਜ਼ਾਂ ਉਹਨਾਂ ਦੁਆਰਾ ਬਣਾਈਆਂ ਗਈਆਂ ਸਨ।" ਮਸੀਹ

## IV. ਮਸੀਹ ਦੀ ਮਨੁੱਖਤਾ

### A. ਮਸੀਹ ਦੀ ਮਨੁੱਖਤਾ ਬਾਰੇ ਬਿਆਨ

(ਇਸ ਅਧਿਆਇ ਦੇ ਭਾਗ II.A. ਅਤੇ B., ਵਿੱਚ ਅਵਤਾਰ ਅਤੇ ਕੁਆਰੀ ਤੋਂ ਜਨਮ ਨੂੰ ਦੇਖੋ)।

### B. ਮਸੀਹ ਦੇ ਮਨੁੱਖ ਹੋਣ ਦੇ ਸਬੂਤ

1. ਉਹ ਬਚਪਨ ਤੋਂ ਜਵਾਨੀ ਤੱਕ ਵੱਡੇ ਹੋਏ (ਲੂਕਾ 2:40, 52)।
2. ਉਹਨਾਂ ਨੇ ਮਨੁੱਖੀ ਭੁੱਖ ਦਾ ਅਨੁਭਵ ਕੀਤਾ ਅਤੇ ਖਾਣਾ ਖਾਦਾ (ਮੱਤੀ 4:2; ਮਰਕੁਸ 11:12; ਲੂਕਾ 22:19ff.; 24:30; ਯੂਹੰਨਾ 21:12ff.)।
3. ਉਹ ਥੱਕੇ ਵੀ ਸਨ (ਮੱਤੀ 8:24; ਮਰਕੁਸ 4:38; ਯੂਹੰਨਾ 4:6)।
4. ਉਹ ਰੋਏ ਸਨ (ਮੱਤੀ 23:37; ਯੂਹੰਨਾ 11:35)।
5. ਉਹ ਇੱਕ ਆਮ ਆਦਮੀ ਦੇ ਰੂਪ ਵਿੱਚ ਦਿਖਾਈ ਦਿੱਤੇ (ਯਸਾ 53:2ff.; ਯੂਹੰਨਾ 4:9; ਫ਼ਿਲਿੱਪੀ 2:7-8)।
6. ਉਹਨਾਂ ਕੋਲ ਇੱਕ ਸਰੀਰ (ਯੂਹੰਨਾ 1:14), ਪ੍ਰਾਣ (ਮੱਤੀ 26:38), ਅਤੇ ਆਤਮਾ ਸੀ (ਲੂਕਾ 23:46)।
7. ਉਹਨਾਂ ਦਾ ਦੁੱਖ, ਖ਼ੂਨ ਵਹਿਣਾ, ਅਤੇ ਮੌਤ ਉਹਨਾਂ ਦੇ ਮਨੁੱਖ ਹੋਣ ਨੂੰ ਸਥਾਪਿਤ ਕਰਦੀ ਹੈ (ਮੱਤੀ 26:26-29)।

### C. *ਕੇਨੋਸਿਸ* ਦਾ ਅਰਥ

*ਕੇਨੋਸਿਸ* ਸ਼ਬਦ ਫ਼ਿਲਿੱਪੀ 2:7 ਵਿੱਚ ਕਿਰਿਆ *ਕੇਨਾਓ* ਤੋਂ ਆਇਆ ਹੈ। ਇਸ ਦਾ ਅਰਥ ਖਾਲੀ ਕਰਨਾ ਹੁੰਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਮਨੁੱਖ ਬਣਨ ਵਿੱਚ ਮਸੀਹ ਨੇ ਆਪਣੇ ਪਰਮੇਸ਼ਰ ਹੋਣ ਨੂੰ ਖਾਲੀ ਕਰ ਦਿੱਤਾ ਸੀ। ਇਸ ਵਚਨ ਦਾ ਨਾ ਤਾਂ ਸੰਦਰਭ ਅਤੇ ਨਾ ਹੀ ਮਸੀਹ ਦੇ ਸੁਭਾਅ ਬਾਰੇ ਕੋਈ ਹੋਰ ਬਿਆਨ ਇਸ ਤਰ੍ਹਾਂ ਦੀ ਗ਼ਲਤ ਵਿਆਖਿਆ ਦੀ ਆਗਿਆ ਦਿੰਦੇ ਹਨ।

ਇਹ ਪਰਮੇਸ਼ਰ ਦਾ ਗੁਣ ਹੈ ਕਿ ਉਹ ਕਦੇ ਬਦਲਦੇ ਨਹੀਂ ਹਨ (ਮਲਾਕੀ 3:6; ਯਾਕੂਬ 1:17)। ਪਰਮੇਸ਼ਰ ਹੋਣ ਦੇ ਨਾਤੇ, ਯਿਸੂ ਵੀ ਕਦੇ ਬਦਲ ਨਹੀਂ ਸਕਦੇ ਹਨ (ਇਬ 1:8-12; 13:8)। ਇਸ ਲਈ, ਇਹ ਅਸੰਭਵ ਹੈ ਕਿ ਫ਼ਿਲਿੱਪੀ 2:7 ਮਸੀਹ ਦੇ ਆਪਣੇ ਪਰਮੇਸ਼ਰੀ ਗੁਣਾਂ ਨੂੰ ਖਾਲੀ ਕਰਨ ਬਾਰੇ ਸਿਖਾਉਂਦਾ ਹੈ।

ਇਸ ਦੇ ਸੰਦਰਭ ਵਿੱਚ, ਫ਼ਿਲਿੱਪੀ 2:7 ਦੀ ਸਭ ਤੋਂ ਸਰਲ ਵਿਆਖਿਆ ਇਹ ਹੋਵੇਗੀ ਕਿ ਮਸੀਹ ਨੇ ਮਨੁੱਖ ਬਣਨ ਦੇ ਲਈ ਆਪਣੇ ਨਿੱਜੀ ਹਿੱਤਾਂ ਨੂੰ ਪਾਸੇ ਰੱਖਿਆ। ਬਹੁਤ ਸਾਰੇ ਵਚਨ ਮਸੀਹ ਦੀ ਨਿਮਰਤਾ ਬਾਰੇ ਸਿਖਾਉਂਦੇ ਹਨ (ਮੱਤੀ 11:29; ਯੂਹੰਨਾ 13:3ff.)। ਇਸ ਆਇਤ ਦੀਆਂ ਕੁਝ ਹੋਰ ਸੰਭਵ ਵਿਆਖਿਆਵਾਂ ਇਹ ਹੋ ਸਕਦੀਆਂ ਹਨ ਕਿ ਮਸੀਹ ਨੇ ਆਪਣੀ ਦਿਖਾਈ ਦੇਣ ਵਾਲੀ ਮਹਿਮਾ ਨੂੰ ਅਤੇ/ਜਾਂ ਅਪਣੇ ਪਰਮੇਸ਼ਰੀ ਗੁਣਾਂ ਦੀ ਸੁਤੰਤਰ ਵਰਤੋਂ ਨੂੰ ਪਾਸੇ ਰੱਖ ਦਿੱਤਾ ਸੀ। ਕਦੇ ਨਾ ਬਦਲਣ ਵਾਲੇ ਗੁਣ ਦੇ ਕਾਰਨ, ਇਹ ਹੋਣਾ ਚਾਹੀਦਾ ਹੈ ਕਿ ਮਸੀਹ ਪਰਮੇਸ਼ਰ ਹੋਣ ਦੇ ਗੁਣ ਨੂੰ ਛੱਡੇ ਬਿਨਾਂ ਹੀ ਮਨੁੱਖ ਬਣ ਕੇ ਆਏ ਸਨ।

### D. ਮਸੀਹ ਦਾ ਮਨੁੱਖੀ ਰੂਪ ਸਦਾ ਦੇ ਲਈ ਹੈ

ਇਹ ਸੱਚ ਨਹੀਂ ਹੈ ਕਿ ਮਸੀਹ ਨੇ ਸਵਰਗ ਜਾਣ ਤੋਂ ਬਾਅਦ ਮਨੁੱਖ ਹੋਣਾ ਛੱਡ ਦਿੱਤਾ ਹੈ। ਸਾਰੇ ਬਾਈਬਲ ਦੇ ਸਬੂਤ ਇਸ ਸਿੱਟੇ ਵੱਲ ਇਸ਼ਾਰਾ ਕਰਦੇ ਹਨ ਕਿ ਮਸੀਹ ਮਨੁੱਖ ਹਨ ਅਤੇ ਹਮੇਸ਼ਾਂ ਰਹਿਣਗੇ।

1. ਜੀਅ-ਉੱਠਣ ਤੋਂ ਬਾਅਦ ਦਿਖਾਈ ਦੇਣ ਸਮੇਂ ਮਸੀਹ ਮਨੁੱਖ ਹੀ ਸਨ (ਮੱਤੀ 28:9; ਲੂਕਾ 24:39; ਯੂਹੰਨਾ 20:14-15)
2. ਉਹਨਾਂ ਦੇ ਸਵਰਗ ਜਾਣ ਵੇਲੇ ਅਤੇ ਉਸ ਤੋਂ ਬਾਅਦ ਦੇ ਦਰਸ਼ਨਾਂ ਵਿੱਚ, ਮਸੀਹ ਮਨੁੱਖੀ ਰੂਪ ਵਿੱਚ ਦਿਖਾਈ ਦਿੱਤੇ ਸਨ। ਉਹ ਉਸੇ ਤਰ੍ਹਾਂ ਵਾਪਸ ਆਉਣਗੇ ਜਿਵੇਂ ਉਹ ਗਏ ਸਨ (ਰਸੂਲਾਂ 1:11; ਰਸੂਲਾਂ 7:56 ਵਿੱਚ ਮਨੁੱਖ ਦਾ ਪੁੱਤਰ, ਅਤੇ ਪ੍ਰਕਾਸ਼ 1:13 ਵਿੱਚ ਮਨੁੱਖ ਦੇ ਪੁੱਤਰ

---

ਇਸ ਲਈ ਪਹਿਲੇਠੇ ਹੈ ਕਿਉਂਕਿ ਉਹਨਾਂ ਨੇ ਸਾਰੀਆਂ ਚੀਜ਼ਾਂ ਨੂੰ ਬਣਾਇਆ ਹੈ। ਅਜਿਹੇ ਸੰਦਰਭ ਵਿੱਚ ਸਰਵਉੱਚ ਦਾ ਅਰਥ ਚੰਗੀ ਤਰ੍ਹਾਂ ਮੇਲ ਖਾਂਦਾ ਹੈ। ਫਿਰ ਵੀ, ਮਸੀਹ ਦੇ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਹੋਣ ਦੇ ਵਿਚਾਰ ਦੁਆਰਾ ਉਹਨਾਂ ਦੇ ਸਭ ਤੋਂ ਪਹਿਲੇ ਬਣਾਏ ਗਏ ਪ੍ਰਾਣੀ ਹੋਣ ਦੇ ਵਿਚਾਰ ਨੂੰ ਬਾਹਰ ਕੱਢਿਆ ਗਿਆ ਹੈ। ਕੁਲੁੱਸੀਆਂ 1:15 ਇਹ ਸਿਖਾਉਂਦਾ ਹੈ ਕਿ ਮਸੀਹ ਸਾਰੀ ਸ੍ਰਿਸ਼ਟੀ ਉੱਤੇ ਸਰਵਉੱਚ ਹਨ। ਇਹ ਅਜਿਹਾ ਸਾਨੂੰ ਅਜਿਹਾ ਨਹੀਂ ਸਿਖਾ ਰਿਹਾ ਹੈ ਕਿ ਉਹਨਾਂ ਦੀ ਸਮੇਂ ਵਿੱਚ ਕੋਈ ਸ਼ੁਰੂਆਤ ਸੀ। ਇਸੇ ਤਰ੍ਹਾਂ, "ਇੱਕਲੌਤੇ" ਸ਼ਬਦ ਨੂੰ ਇਹ ਸਿਖਾਉਣ ਲਈ ਨਹੀਂ ਲਿਆ ਜਾਣਾ ਚਾਹੀਦਾ ਹੈ ਕਿ ਮਸੀਹ ਦੀ ਸਮੇਂ ਵਿੱਚ ਕੋਈ ਸ਼ੁਰੂਆਤ ਸੀ। ਜ਼ਰੂਰੀ ਨਹੀਂ ਹੈ ਕਿ ਇਹ ਸ਼ਬਦ (ਮੋਨੋਜੀਨੀਜ਼) ਜਨਮ ਜਾਂ ਸ਼ੁਰੂਆਤ ਦਾ ਵੇਰਵਾ ਦੇਵੇ। "ਪਹਿਲੇਠੇ" ਦੀ ਤਰ੍ਹਾਂ ਇਹ ਸ਼ਬਦ ਇੱਕ ਵੱਡੇ ਅਹੁਦੇ ਦੀ ਗੱਲ ਕਰਦਾ ਹੈ। ਇਬਰਾਨੀਆਂ 11:17 ਵਿੱਚ ਇਸਹਾਕ ਨੂੰ ਅਬਰਾਹਾਮ ਦਾ ਇੱਕਲੌਤਾ ਪੁੱਤਰ ਕਿਹਾ ਗਿਆ ਹੈ। ਪਰ ਅਬਰਾਹਾਮ ਨੇ ਇਸ਼ਮਾਏਲ (ਉਤ 16:16) ਅਤੇ ਘੱਟੋ-ਘੱਟ ਛੇ ਹੋਰ ਪੁੱਤਰਾਂ ਨੂੰ ਵੀ ਜਨਮ ਦਿੱਤਾ ਸੀ (ਉਤ 25:1-2)। ਇਸ ਤਰ੍ਹਾਂ, ਇਸਹਾਕ ਇਸ ਅਰਥ ਵਿੱਚ ਇਕਲੌਤਾ ਨਹੀਂ ਸੀ ਕਿ ਉਹ ਇਕੱਲਾ ਹੀ ਅਬਰਾਹਾਮ ਤੋਂ ਪੈਦਾ ਹੋਇਆ ਸੀ, ਪਰ ਇਹ ਉਸ ਦੀ ਵਿਲੱਖਣ ਸਥਿਤੀ ਅਤੇ ਪ੍ਰਾਥਮਿਕਤਾ ਦੇ ਅਰਥ ਵਿੱਚ ਸੀ। ਮਸੀਹ ਪਿਤਾ ਦੇ ਇੱਕਲੌਤੇ ਪੁੱਤਰ ਹਨ ਇਸ ਦਾ ਅਰਥ ਇਹ ਨਹੀਂ ਹੈ ਕਿ ਉਹਨਾਂ ਦਾ ਜਨਮ ਹੋਇਆ ਸੀ, ਜਾਂ ਉਹਨਾਂ ਦੀ ਕੋਈ ਸ਼ੁਰੂਆਤ ਸੀ। ਇਸ ਦੀ ਬਜਾਏ, ਉਹ ਪਿਤਾ ਦੇ ਖ਼ਾਸ ਪੁੱਤਰ ਹਨ।

ਇਸ ਦਾ ਅਨੁਵਾਦ "ਵਿਲੱਖਣ" ਜਾਂ "ਪਿਤਾ ਦੇ ਵਰਗਾ ਇੱਕਲੌਤਾ ਪੁੱਤਰ" ਵੀ ਹੋ ਸਕਦਾ ਹੈ। ਯੂਹੰਨਾ ਚਾਹੁੰਦਾ ਸੀ ਕਿ ਅਸੀਂ ਇਹ ਜਾਣ ਸਕੀਏ ਕਿ ਮਸੀਹ ਵਿਲੱਖਣ ਅਰਥਾਂ ਵਿੱਚ ਪਰਮੇਸ਼ਰ ਦੇ ਪੁੱਤਰ ਹਨ ਜੋ ਕਿ ਇੱਕ ਵਿਸ਼ਵਾਸੀ ਨੂੰ ਪੁੱਤਰ ਕਹਿਣ ਤੋਂ ਵੱਖਰਾ ਹੈ (ਯੂਹੰਨਾ 1:12; 1 ਯੂਹੰਨਾ5:1)। ਪੌਲੁਸ ਦਾ ਇਸ ਅੰਤਰ ਨੂੰ ਦਰਸਾਉਣ ਦਾ ਤਰੀਕਾ ਇਹ ਸੀ ਕਿ ਉਹ ਵਿਸ਼ਵਾਸੀਆਂ ਨੂੰ ਗੋਦ ਲਏ ਹੋਏ ਪੁੱਤਰ ਕਹਿੰਦਾ ਹੈ (ਰੋਮੀ 8:15; ਗਲਾਤੀ 4:5-6)।

ਸ਼ਬਦ ਤੇ ਧਿਆਨ ਕਰੋ)।

3. ਕਿਉਂਕਿ ਮਸੀਹ ਸਾਡੇ ਮਹਾਂ-ਜਾਜਕ ਹਨ , ਇਸ ਲਈ ਉਹ ਅਜੇ ਵੀ ਮਨੁੱਖ ਹੋਣੇ ਚਾਹੀਦੇ ਹਨ (ਰੋਮੀ 8:34; ਇਬ 3:1; 4:14-16; 7:23ff.; 9:24ff.)।

4. ਮਸੀਹ "ਦਾਊਦ ਦੇ ਪੁੱਤਰ" ਅਤੇ "ਮਨੁੱਖ ਦੇ ਪੁੱਤਰ" ਦੇ ਰੂਪ ਵਿੱਚ ਵਾਪਸ ਆਉਣਗੇ। ਸਾਰੀਆਂ ਅੱਖਾਂ ਮਸੀਹ ਨੂੰ ਦੇਖਣਗੀਆਂ ਜਿਸ ਨੂੰ ਵਿੰਨ੍ਹਿਆ ਗਿਆ ਸੀ (2 ਸਮੂ 7:12- 16; ਜ਼ਬੂਰ 89:2-4; 132:11; ਯਸਾ 9:6,7; ਯਿਰ 23:5- 6; ਦਨੀਏਲ 7:13,14; ਜ਼ਕਰ 12:10; ਮੱਤੀ 24:30; 25:31, 26:64; ਅਤੇ ਪ੍ਰਕਾਸ਼ 1:7)।

5. ਵਿਸ਼ਵਾਸੀ ਸਵਰਗ ਉਠਾਏ ਜਾਣ (ਰੈਪਚਰ) ਸਮੇਂ ਮਸੀਹ ਵਰਗੇ ਹੋਣਗੇ। ਇਸ ਲਈ, ਮਸੀਹ ਅਜੇ ਵੀ ਮਨੁੱਖ ਹਨ (ਰੋਮੀ 8:29; 1 ਕੁਰਿੰਥ 15:49; ਫ਼ਿਲਿੱਪੀ 3:21; 1 ਯੂਹੰਨਾ 3:2)।

### V. ਮਸੀਹ ਦਾ ਪਰਤਾਇਆ ਜਾਣਾ

ਬਾਈਬਲ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਇਸ ਬਾਰੇ ਪੂਰੀ ਤਰ੍ਹਾਂ ਸਹਿਮਤ ਹੁੰਦੇ ਹਨ ਕਿ ਮਸੀਹ ਨੂੰ ਪਰਤਾਇਆ ਗਿਆ ਸੀ (ਮੱਤੀ 4:1; ਮਰਕੁਸ 1:12. ਲੂਕਾ 4:1; ਇਬ 2:18; 4:15), ਅਤੇ ਇਹ ਕਿ ਉਹਨਾਂ ਨੇ ਆਪਣੀ ਪਾਪ ਰਹਿਤ ਸੰਪੂਰਨਤਾ ਵਿੱਚ ਸਾਰੇ ਪਰਤਾਵਿਆਂ ਨੂੰ ਹਰਾ ਦਿੱਤਾ ਸੀ (2 ਕੁਰਿੰਥ 5:21; ਇਬ 4:15; 1 ਪਤਰਸ 2:22)। ਇਹ ਪਰਤਾਵਾ ਸਿਰਫ਼ ਉਹਨਾਂ ਦੇ ਮਨੁੱਖੀ ਸੁਭਾਅ ਦੇ ਵਿਰੁੱਧ ਹੀ ਹੋ ਸਕਦਾ ਹੈ, ਕਿਉਂਕਿ ਪਰਮੇਸ਼ਰ ਨੂੰ ਬੁਰਾਈ ਨਾਲ ਪਰਤਾਇਆ ਨਹੀਂ ਜਾ ਸਕਦਾ ਹੈ (ਯਾਕੂਬ 1:13)। ਮਰਿਯਮ ਪਵਿੱਤਰ ਆਤਮਾ ਦੁਆਰਾ ਗਰਭਵਤੀ ਹੋਈ ਸੀ ਅਤੇ ਇਸ ਲਈ ਮਸੀਹ ਵਿੱਚ ਪਾਪ ਦਾ ਸੁਭਾਅ ਨਹੀਂ ਸੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਪ੍ਰਭੂ ਪਾਪ ਕਰ ਸਕਦੇ ਸਨ? ਕੀ ਉਹਨਾਂ ਵਿੱਚ ਪਾਪ ਕਰਨ ਦੀ ਯੋਗਤਾ ਸੀ ਜਾਂ ਨਹੀਂ?[8] ਕੀ ਇਹ ਪਰਤਾਵਾ ਇੱਕ ਅਸਲੀ ਪਰਤਾਵਾ ਸੀ?

ਜਦੋਂ ਤੱਕ ਅਸੀਂ ਮਸੀਹ ਦੇ ਦੋਵੇਂ ਸੁਭਾਅ (ਮਨੁੱਖੀ ਅਤੇ ਪਰਮੇਸ਼ਰੀ)[9] ਨੂੰ ਵੱਖ ਨਹੀਂ ਕਰਦੇ ਹਾਂ, ਉਦੋਂ ਤੱਕ ਉਹਨਾਂ ਦਾ ਪਰਮੇਸ਼ਰ ਰੂਪ ਇਹ ਮੰਗ ਕਰਦਾ ਹੈ ਕਿ ਉਹ ਪਾਪ ਕਰਨ ਦੇ ਯੋਗ ਨਹੀਂ ਸਨ। ਹਾਲਾਂਕਿ ਸੱਚੇ ਪਰਤਾਵੇ ਦੀ ਸੰਭਾਵਨਾ ਇਸ ਗੱਲ ਵਿੱਚ ਹੈ ਕਿ ਇਹ ਉਹਨਾਂ ਵਿੱਚ ਮਨੁੱਖੀ ਸੁਭਾਅ ਸੀ। ਉਹਨਾਂ ਵਿੱਚ ਪਾਪ ਕਰਨ ਦੇ ਯੋਗ ਸੁਭਾਅ ਸੀ ਜੋ ਇਸ ਪਰਤਾਵੇ ਨੂੰ ਅਸਲੀ ਬਣਾਉਂਦਾ ਹੈ, ਪਰ ਉਹ ਆਪਣੇ ਪੂਰੇ ਰੂਪ ਵਿੱਚ ਪਾਪ ਕਰਨ ਦੇ ਅਯੋਗ ਸਨ। ਪਾਪ ਕਰਨ ਦੇ ਅਯੋਗ ਵਿਅਕਤੀ ਨੂੰ ਪਰਤਾਇਆ ਨਹੀਂ ਜਾ ਸਕਦਾ ਹੈ। ਇਹ ਇਸ ਤਰ੍ਹਾਂ ਹੈ ਕਿ ਜਿਵੇਂ ਇੱਕ ਇਕੱਲੀ ਸੋਟੀ ਤੋੜੀ ਜਾਂ ਮੋੜੀ ਜਾ ਸਕਦੀ ਹੈ, ਪਰ ਜਦੋਂ ਕਈ ਸੋਟੀਆਂ ਨੂੰ ਜੋੜਿਆ ਜਾਂਦਾ ਹੈ ਤਾਂ ਕੋਈ ਵੀ ਇਹਨਾਂ ਨੂੰ ਤੋੜ ਨਹੀਂ ਸਕਦਾ ਹੈ। ਜਿਵੇਂ ਕਿ ਕਾਗਜ਼ ਦਾ ਇੱਕ ਟੁਕੜਾ ਪਾੜਿਆ ਜਾ ਸਕਦਾ ਹੈ, ਪਰ ਜਦੋਂ ਬਹੁਤ ਸਾਰੇ ਟੁੱਕੜੇ ਜੋੜੇ ਜਾਂਦੇ ਹਨ ਤਾਂ ਇਹਨਾਂ ਨੂੰ ਪਾੜਿਆ ਨਹੀਂ ਜਾ ਸਕਦਾ ਹੈ। ਇਸੇ ਤਰ੍ਹਾਂ, ਮਸੀਹ ਦਾ ਮਨੁੱਖੀ ਸੁਭਾਅ ਪਰਤਾਵੇ ਵਿੱਚ ਆਉਣ ਦੇ ਯੋਗ ਸੀ, ਪਰ ਉਹਨਾਂ ਦੇ ਦੋ ਗੁਣਾਂ ਕਾਰਨ ਉਹ ਪਾਪ ਕਰਨ ਦੇ ਅਯੋਗ ਸਨ।

> ਕਿਉਂਕਿ ਉਹਨਾਂ ਦੀ ਆਪ ਪਰੀਖਿਆ ਹੋਈ ਅਤੇ ਉਹਨਾਂ ਨੇ ਦੁੱਖ ਸਹੇ ਇਸ ਲਈ ਹੁਣ ਉਹ ਉਹਨਾਂ ਦੀ ਮਦਦ ਕਰ ਸਕਦੇ ਹਨ ਜਿਹਨਾਂ ਦੀ ਪਰੀਖਿਆ ਹੁੰਦੀ ਹੈ। [ਇਬ 2:18]
>
> ਸਾਡੇ ਮਹਾਂ-ਪੁਰੋਹਿਤ ਯਿਸੂ ਅਜਿਹੇ ਨਹੀਂ ਹਨ ਜਿਹੜੇ ਸਾਡੇ ਨਾਲ ਸਾਡੀਆਂ ਕਮਜ਼ੋਰੀਆਂ ਵਿੱਚ ਹਮਦਰਦ ਨਾ ਹੋ ਸਕਣ। ਪਰ ਉਹ ਆਪ ਸਾਡੇ ਵਾਂਗ ਹਰ ਗੱਲ ਵਿੱਚ ਪਰਖੇ ਗਏ, ਤਾਂ ਵੀ ਉਹ ਨਿਰਦੋਸ਼ ਰਹੇ। [ਇਬ 4:15]

### VI. ਮਸੀਹ ਦੇ ਮੁੱਖ ਨਾਮ

ਮਸੀਹ ਦੇ ਨਾਮਾਂ ਉੱਤੇ ਇੱਕ ਸੰਪੂਰਨ ਅਧਿਐਨ ਇਸ ਪੁਸਤਕ ਨੂੰ ਬਹੁਤ ਵੱਡਾ ਬਣਾ ਦੇਵੇਗਾ। ਫਿਰ ਵੀ, ਪ੍ਰਭੂ ਦੇ ਮੁੱਖ ਨਾਮਾਂ ਨੂੰ ਪਰਿਭਾਸ਼ਤ ਕੀਤਾ ਜਾਣਾ ਜ਼ਰੂਰੀ ਹੈ।

#### A. ਪ੍ਰਭੂ

ਸਿਰਲੇਖ *ਪ੍ਰਭੂ* ਯੂਨਾਨੀ ਭਾਸ਼ਾ (*ਕੁਰੀਯੋਸ*) ਤੋਂ ਆਇਆ ਹੈ। ਇਸ ਦੇ ਕਈ ਅਰਥ ਹਨ ਜਿਵੇਂ ਕਿ "ਸ੍ਰੀਮਾਨ ਜੀ" (ਯੂਹੰਨਾ 4:11; 20:15) ਅਤੇ ਪਰਮੇਸ਼ਰ ਦੇ ਲਈ ਹਵਾਲੇ (ਮੱਤੀ 4:10; ਪ੍ਰਕਾਸ਼ 1:8)। ਕਈ ਵਾਰ ਨਵੇਂ ਨੇਮ ਦੇ ਯਿਸੂ ਨੂੰ ਪੁਰਾਣੇ ਨੇਮ ਦੇ ਪ੍ਰਭੂ/ਯਹੋਵਾਹ ਨਾਲ ਜੋੜਿਆ ਗਿਆ ਹੈ। ਅਜਿਹਾ ਇਹ ਪੱਕਾ ਕਰਨ ਦੇ ਲਈ ਕੀਤਾ ਗਿਆ ਹੈ ਕਿ ਜਦੋਂ ਵੀ ਪ੍ਰਭੂ ਸ਼ਬਦ ਮਸੀਹ ਦਾ ਇੱਕ ਨਾਮ ਹੋਣ ਦੇ ਲਈ ਵਰਤਿਆ ਜਾਂਦਾ ਹੈ, ਤਾਂ ਉਸ ਨੂੰ **ਪਰਮੇਸ਼ਰ** ਬਾਰੇ ਦੱਸਣ ਵਾਲਾ ਸ਼ਬਦ ਹੀ ਸਮਝਿਆ ਜਾਵੇ (ਇਸ ਅਧਿਆਇ ਦੇ ਭਾਗ III.B. ਨੂੰ ਦੇਖੋ)।

#### B. ਯਿਸੂ

ਯਿਸੂ ਨਾਮ ਵਿੱਚ ਮਨੁੱਖੀ ਅਤੇ ਪਰਮੇਸ਼ਰ ਹੋਣ ਦੇ ਦੋਵੇਂ ਪ੍ਰਭਾਵ ਹਨ। ਯੂਨਾਨੀ ਨਾਮ (*ਇਸੂਉਸ*) ਇਬਰਾਨੀ *ਯੇਸ਼ੂਆ* (*ਯਹੋਸ਼ੁਆ*) ਦਾ ਇੱਕ ਰੂਪ ਹੈ। ਇਸ ਦਾ ਮੂਲ ਅਰਥ ਹੈ "*ਯਹੋਵਾਹ* ਬਚਾਉਂਦੇ ਹਨ" ਜਾਂ "ਮੁਕਤੀ *ਯਹੋਵਾਹ* ਤੋਂ ਹੈ"। ਇੱਕ ਅਸਿੱਧੇ ਰੂਪ ਵਿੱਚ, ਇਹ ਮਸੀਹ ਨੂੰ ਇੱਕ ਬਚਾਉਣ ਵਾਲੇ ਪਰਮੇਸ਼ਰ ਵਜੋਂ ਦੱਸਦਾ ਹੈ। ਫਿਰ ਵੀ, ਇੱਕ ਮੂਲ ਰੂਪ ਵਿੱਚ "ਯਿਸੂ" ਮਸੀਹ ਦਾ **ਮਨੁੱਖੀ** ਨਾਮ ਹੈ।

---

[8] ਇੱਥੇ ਦੋ ਵਿਚਾਰ ਹਨ, ਇੱਕ ਕਿ ਉਹ ਪਾਪ ਕਰਨ ਦੇ ਯੋਗ ਹਨ, ਅਤੇ ਦੂਜਾ ਕਿ ਪਾਪ ਕਰਨ ਦੇ ਯੋਗ ਨਹੀਂ ਹਨ।

[9] ਮਸੀਹ ਪਰਮੇਸ਼ਰ ਅਤੇ ਮਨੁੱਖ ਦੇ ਵਿਚਕਾਰ ਵਿਚੋਲਾ ਹਨ (1 ਤਿਮੋਥਿ 2:5)। ਇਸ ਲਈ, ਉਹ ਪਰਮੇਸ਼ਰ ਅਤੇ ਮਨੁੱਖ ਹਨ। ਇੱਕ ਹੀ ਮਨੁੱਖ ਵਿੱਚ ਦੋ ਸੁਭਾਅ ਹਨ।

### C. ਮਸੀਹ

ਇਬਰਾਨੀ ਸ਼ਬਦ ਮਸੀਹ ਦੇ ਲਈ ਯੂਨਾਨੀ ਸ਼ਬਦ *ਕ੍ਰਿਸਟੋਸ* ਹੈ ਜਿਸ ਦਾ ਅਰਥ "ਮਸਹ ਕੀਤਾ ਹੋਇਆ" ਹੈ। ਪੁਰਾਣੇ ਨੇਮ ਵਿੱਚ *ਮਸੀਹ* ਦਾ ਸਿਰਲੇਖ ਅਕਸਰ ਮਸਹ ਕੀਤੇ ਹੋਏ ਜਾਜਕਾਂ ਅਤੇ ਰਾਜਿਆਂ ਦੇ ਲਈ ਵਰਤਿਆ ਜਾਂਦਾ ਸੀ (ਜਿਵੇਂ ਕਿ., ਲੇਵੀਆਂ 4:3, 5, 16; 1 ਸਮੂ 16:6; 2 ਸਮੂ 23:1)। ਪਰ, ਦਾਨੀਏਲ 9:25-26 ਅਤੇ ਜ਼ਬੂਰ 2:2 ਵਿੱਚ **ਮਸੀਹ** ਦੇ ਹਵਾਲੇ ਨੇ ਇਸ ਸਿਰਲੇਖ ਨੂੰ ਪਰਮੇਸ਼ਰ ਦੇ ਇੱਕ ਮੁੱਖ ਮਸਹ ਕੀਤੇ ਹੋਏ ਵਿਅਕਤੀ ਤੱਕ ਹੀ ਸੀਮਿਤ ਕਰ ਦਿੱਤਾ ਸੀ। ਨਵੇਂ ਨੇਮ ਦੇ ਸਮੇਂ ਵੇਲੇ ਸਿਰਲੇਖ ਕ੍ਰਿਸਟੋਸ (ਮਸਹ ਕੀਤਾ ਹੋਇਆ) ਇੱਕ **ਮਸਹ ਕੀਤੇ ਹੋਏ ਮੁਕਤੀਦਾਤਾ** ਦੇਲਈ ਸੀ ਜਿਸ ਦਾ ਵਾਅਦਾ ਪੁਰਾਣੇ ਨੇਮ ਵਿੱਚ ਸਪੱਸ਼ਟ ਤੌਰ ਤੇ ਕੀਤਾ ਗਿਆ ਸੀ।

### D. ਪਰਮੇਸ਼ਰ ਦਾ ਪੁੱਤਰ

ਇਸ ਸਿਰਲੇਖ ਦਾ ਅਰਥ ਇਹ ਨਹੀਂ ਹੈ ਕਿ ਪਰਮੇਸ਼ਰ ਨੇ ਇੱਕ ਪਤਨੀ ਨਾਲ ਵਿਆਹ ਕੀਤਾ ਅਤੇ ਉਸ ਤੋਂ ਇੱਕ ਪੁੱਤਰ ਨੂੰ ਪੈਦਾ ਕੀਤਾ। ਇਰਸਰਾਏਲ ਦੇ ਲੋਕ ਆਮ ਤੌਰ ਤੇ ਕਿਸੇ ਚੀਜ਼ ਦੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਦੇ ਲਈ "ਉਸ ਦਾ ਪੁੱਤਰ" ਦੇ ਮੁਹਾਵਰੇ ਦੀ ਵਰਤੋਂ ਕਰਦੇ ਸਨ। ਪੁਰਾਣਾ ਨੇਮ ਅਤੇ ਨਵਾਂ ਨੇਮ ਦੋਵੇਂ ਇਸ ਦੀਆਂ ਉਦਾਹਰਣਾਂ ਨਾਲ ਭਰੇ ਹੋਏ ਹਨ:

- ਬਿਵਸਥਾ 25:2 -"ਮਾਰ ਖਾਣ ਦਾ ਪੁੱਤਰ" ਅਰਥਾਤ ਉਹ ਮਾਰ ਖਾਣ ਦੇ ਯੋਗ ਇੱਕ ਅਪਰਾਧੀ ਹੈ
- 2 ਸਮੂ 13:28-"ਮਜ਼ਬੂਤੀ ਦੇ ਪੁੱਤਰ" ਅਰਥਾਤ ਹਿੰਮਤ ਰੱਖਣ ਵਾਲਾ
- ਅੱਯੂਬ 41:34-"ਹੰਕਾਰ ਦੇ ਪੁੱਤਰ" ਅਰਥਾਤ ਹੰਕਾਰੀ ਲੋਕ
- ਯਿਰ 48:45-"ਹੰਗਾਮੇ ਦੇ ਪੁੱਤਰ" ਅਰਥਾਤ ਹੰਗਾਮੇ ਵਿੱਚ ਸ਼ਾਮਲ ਲੋਕ
- ਮਰਕੁਸ 3:17-"ਗਰਜਨ ਦੇ ਪੁੱਤਰ" ਅਰਥਾਤ ਗੁੱਸੇ ਵਾਲੇ ਸੁਭਾਅ
- ਰਸੂਲਾਂ 4:36-" ਉਤਸ਼ਾਹ ਦਾ ਪੁੱਤਰ" ਅਰਥਾਤ ਹੌਸਲਾ ਦੇਣ ਵਾਲਾ

ਜਦੋਂ ਮਸੀਹ ਨੂੰ *ਪਰਮੇਸ਼ਰ ਦਾ ਪੁੱਤਰ* ਕਿਹਾ ਜਾਂਦਾ ਹੈ, ਤਾਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਉਹਨਾਂ ਵਿੱਚ **ਪਰਮੇਸ਼ਰ ਦੀਆਂ ਵਿਸ਼ੇਸ਼ਤਾਵਾਂ/ਗੁਣ** ਹਨ। ਯਹੂਦੀ ਅਧਿਕਾਰੀਆਂ "ਪਰਮੇਸ਼ਰ ਦੇ ਪੁੱਤਰ" ਸਿਰਲੇਖ ਦੇ ਪ੍ਰਭਾਵਾਂ ਨੂੰ ਪੂਰੀ ਤਰ੍ਹਾਂ ਸਮਝਦੇ ਸਨ।

> ਇਹ ਸੁਣ ਕੇ ਯਹੂਦੀ ਹੋਰ ਵੀ ਜ਼ਿਆਦਾ ਯਿਸੂ ਨੂੰ ਮਾਰਨ ਦੀ ਕੋਸ਼ਿਸ਼ ਕਰਨ ਲੱਗੇ ਕਿਉਂਕਿ ਪ੍ਰਭੂ ਯਿਸੂ ਕੇਵਲ ਸਬਤ ਦੀ ਉਲੰਘਣਾ ਹੀ ਨਹੀਂ ਕਰਦੇ ਸਨ ਸਗੋਂ **ਪਰਮੇਸ਼ਰ ਨੂੰ ਆਪਣਾ ਪਿਤਾ ਕਹਿ ਕੇ ਆਪਣੇ ਆਪ ਨੂੰ ਪਰਮੇਸ਼ਰ ਦੇ ਬਰਾਬਰ ਬਣਾਉਂਦੇ ਸਨ।** [ਯੂਹੰਨਾ 5:18]

### E. ਮਨੁੱਖ ਦਾ ਪੁੱਤਰ

ਇਹ ਮਸੀਹ ਦਾ ਆਪਣੇ ਲਈ ਸਭ ਤੋਂ ਪਸੰਦੀਦਾ ਸਿਰਲੇਖ ਸੀ। ਹਾਲਾਂਕਿ ਇਹ ਨਾਮ ਉਹਨਾਂ ਦੇ ਮਨੁੱਖ ਹੋਣ ਦਾ ਦਾਅਵਾ ਕਰਦਾ ਹੈ, ਫਿਰ ਵੀ ਇਹ ਸ਼ਬਦ ਕਿਸੇ ਹੋਰ ਗੱਲ ਉੱਤੇ ਜ਼ੋਰ ਦਿੰਦਾ ਹੈ। ਦਾਨੀਏਲ 7:13-14 ਵਿੱਚ "ਮਨੁੱਖ ਦਾ ਪੁੱਤਰ" **ਆਉਣ ਵਾਲਾ ਸ਼ਾਸਕ ਹੈ** ਜਿਸ ਕੋਲ ਸੰਸਾਰਿਕ ਅਤੇ ਸਦੀਪਕ ਰਾਜ ਦੋਵੇਂ ਹਨ। ਇਸ ਕਰਕੇ ਹੀ ਮਸੀਹ ਇਸ ਸਿਰਲੇਖ ਦੀ ਵਰਤੋਂ ਕਰਦੇ ਸਨ (ਦੇਖੋ, ਮੱਤੀ 24:30; 25:31; 26:64; ਯੂਹੰਨਾ 1:51)।

> "ਮੈਂ ਰਾਤ ਦੇ ਇਸ ਦਰਸ਼ਣ ਵਿੱਚ ਦੇਖਿਆ ਅਤੇ ਦੇਖੋ, ਇੱਕ ਜਣਾ **ਮਨੁੱਖ ਦੇ ਪੁੱਤਰ** ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅੱਤ ਪ੍ਰਾਚੀਨ ਤੱਕ ਪਹੁੰਚਿਆ, ਅਤੇ ਉਹ ਉਸ ਨੂੰ ਉਹ ਦੇ ਅੱਗੇ ਲਿਆਏ। ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ **ਉਹ ਨੂੰ ਦਿੱਤਾ ਗਿਆ**, ਜੋ **ਸੱਭੇ ਕੌਮਾਂ ਅਤੇ ਲੋਕ** ਅਤੇ ਬੋਲੀਆਂ **ਉਹ ਦੀ ਸੇਵਾ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ,** ਜਿਹੜਾ ਮਿਟੇਗਾ ਨਾ, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ।" [ਦਾਨੀਏਲ. 7:13-14]

**F. ਵਚਨ ਜਾਂ ਪਰਮੇਸ਼ਰ ਦਾ ਵਚਨ** (ਯੂਹੰਨਾ 1:1,14; ਪ੍ਰਕਾਸ਼ 19:13)

ਯੂਹੰਨਾ ਦੁਆਰਾ ਇਸ ਸਿਰਲੇਖ ਦੀ ਵਰਤੋਂ ਦੇ ਬਹੁਤ ਸਾਰੇ ਸੰਭਵ ਸਰੋਤ ਹਨ। ਇਸ ਦੀ ਸਹੀ ਸ਼ੁਰੂਆਤ ਭਾਵੇਂ ਕੋਈ ਵੀ ਹੋਵੇ, ਪਰ ਯੂਹੰਨਾ ਇਹ ਸਿਖਾਉਣਾ ਚਾਹੁੰਦਾ ਹੈ ਕਿ ਯਿਸੂ ਮਸੀਹ **ਪਰਮੇਸ਼ਰ ਦੇ ਅੰਦਰੂਨੀ ਮਨ ਅਤੇ ਸੋਚ ਦਾ ਬਾਹਰੀ ਪ੍ਰਗਟਾਵਾ ਅਤੇ ਖੁਲਾਸਾ ਹਨ।**

**G. ਮੁਕਤੀਦਾਤਾ** (ਤੀਤੁਸ 2:13; ਫ਼ਿਲਿੱਪੀ 3:20)

*ਮੁਕਤੀ* ਸ਼ਬਦ ਉੱਤੇ ਅਧਿਆਇ 9 "ਮੁਕਤੀ ਦੇ ਸਿਧਾਂਤ" ਵਿੱਚ ਵੱਖਰੇ ਤੌਰ ਤੇ ਵਿਚਾਰ ਕੀਤਾ ਗਿਆ ਹੈ। ਮਸੀਹ ਨੂੰ ਮੁਕਤੀਦਾਤਾ ਕਹਿਣ ਦਾ ਅਰਥ ਇਹ ਹੈ ਕਿ ਉਹ ਪਾਪ ਦੀ ਸਜ਼ਾ ਅਤੇ ਸ਼ਕਤੀ ਤੋਂ ਮੁਕਤੀ ਦੇਣ ਵਾਲੇ ਹਨ। ਅੰਤ ਵਿੱਚ, ਉਹ ਵਿਸ਼ਵਾਸੀਆਂ ਨੂੰ ਪਾਪ ਤੋਂ ਮੌਜੂਦਗੀ ਤੋਂ ਵੀ ਮੁਕਤ ਕਰਨਗੇ।

**H. ਪਰਮੇਸ਼ਰ ਦਾ ਲੇਲਾ** (ਯੂਹੰਨਾ 1:29; 1 ਪਤਰਸ 1:18-19; ਪ੍ਰਕਾਸ਼ 5:6ff)

**ਪਾਪ ਦਾ ਪ੍ਰਾਸਚਿਤ ਕਰਨ ਦੇ ਲਈ ਖ਼ੂਨ ਦਾ ਬਲੀਦਾਨ** ਕਰਨ ਦੇ ਪੁਰਾਣੇ ਨੇਮ ਦੇ ਅਭਿਆਸ ਦੇ ਆਧਾਰ ਉੱਤੇ ਨਵਾਂ ਨੇਮ ਮਸੀਹ ਨੂੰ "ਲੇਲਾ" ਕਹਿੰਦਾ ਹੈ।

**I. ਗੁਰੂ** (ਯੂਹੰਨਾ 13:13)

ਇਸ ਯੂਨਾਨੀ ਸ਼ਬਦ ਦਾ ਮੂਲ ਅਰਥ "ਗੁਰੂ/ ਸਿੱਖਿਆ ਦੇਣ ਵਾਲਾ" ਹੈ।

## VII. ਮਸੀਹ ਦੇ ਮੁੱਖ ਕੰਮ ਅਤੇ ਅਹੁਦੇ

### A. ਉਹ ਨਬੀ ਹਨ

ਮਸੀਹ ਇੱਕ ਮਹਾਨ ਨਬੀ ਦੇ ਆਉਣ ਬਾਰੇ ਪੁਰਾਣੇ ਨੇਮ ਦੀ ਭਵਿੱਖਬਾਣੀ ਦੀ ਪੂਰਤੀ ਹਨ (ਬਿਵਸਥਾ 18:15; ਯੂਹੰਨਾ 1:21, 45; 6:14; ਰਸੂਲਾਂ 3:22; 7:37)। ਪ੍ਰਭੂ ਯਿਸੂ ਉਹ ਅੰਤਿਮ ਨਬੀ ਸਨ ਜਿਹਨਾਂ ਨੇ ਪਰਮੇਸ਼ਰ ਨੂੰ ਮਨੁੱਖ ਸਾਹਮਣੇ ਪੇਸ਼ ਕੀਤਾ (ਯੂਹੰਨਾ 1:18; ਇਬ 1:1-2; ਪ੍ਰਕਾਸ਼ 1:1; 19:10)। ਉਹਨਾਂ ਨੇ ਧਰਤੀ ਉੱਤੇ ਰਹਿੰਦੇ ਹੋਏ ਭਵਿੱਖਬਾਣੀ ਕੀਤੀ (ਦੇਖੋ, ਮੱਤੀ ਅਧਿਆਇ 13, 24, ਅਤੇ 25) ਅਤੇ ਸਵਰਗ ਜਾਣ ਤੋਂ ਬਾਅਦ ਪਵਿੱਤਰ ਆਤਮਾ ਦੁਆਰਾ ਆਪਣੇ ਭਵਿੱਖਬਾਣੀ ਦੇ ਕੰਮ ਨੂੰ ਜਾਰੀ ਰੱਖਿਆ (ਯੂਹੰਨਾ 16:13)।

> "ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਡੇ ਵਿੱਚੋਂ ਅਰਥਾਤ ਤੁਹਾਡੇ ਭਰਾਵਾਂ ਵਿੱਚੋਂ ਮੇਰੇ ਵਰਗਾ **ਇੱਕ ਨਬੀ** ਖੜ੍ਹਾ ਕਰੇਗਾ, ਤੁਸੀਂ ਉਸ ਦੀ ਸੁਣਿਓ।" [ਬਿਵਸਥਾ18:15]
>
> **ਪਰਮੇਸ਼ਰ** ਨੇ ਪੁਰਾਣੇ ਸਮੇਂ ਵਿੱਚ ਸਾਡੇ ਪੁਰਖਿਆਂ ਦੇ ਨਾਲ ਕਈ ਵਾਰ ਅਤੇ ਕਈ ਵੱਖ ਵੱਖ ਢੰਗਾਂ ਦੇ ਨਾਲ ਨਬੀਆਂ ਦੇ ਦੁਆਰਾ ਗੱਲ ਕੀਤੀ। ਪਰ ਇਹਨਾਂ ਅੰਤਿਮ ਦਿਨਾਂ ਵਿੱਚ **ਉਹਨਾਂ ਨੇ ਸਾਡੇ ਨਾਲ ਆਪਣੇ ਪੁੱਤਰ ਦੇ ਦੁਆਰਾ ਗੱਲ ਕੀਤੀ**। [ਇਬ1:1-2]

### B. ਉਹ ਜਾਜਕ ਹਨ

ਜ਼ਬੂਰ 110:4 ਨੇ ਭਵਿੱਖਬਾਣੀ ਕੀਤੀ ਸੀ ਕਿ ਦਾਊਦ ਦਾ ਮਹਾਨ ਪੁੱਤਰ ਲੇਵੀ ਦੀ ਪਦਵੀ ਅਨੁਸਾਰ ਨਹੀਂ ਪਰ ਮਲਕਿਸਿਦਕ ਦੀ ਪਦਵੀ ਅਨੁਸਾਰ ਜਾਜਕ ਹੋਵੇਗਾ। ਸਾਡੇ ਪ੍ਰਧਾਨ-ਜਾਜਕ ਦੇ ਰੂਪ ਵਿੱਚ ਮਸੀਹ ਬਲੀਦਾਨ ਦੇਣ ਵਾਲੇ ਅਤੇ ਖ਼ੁਦ ਹੀ ਬਲੀਦਾਨ ਸਨ ਜਿਹਨਾਂ ਨੇ ਇੱਕੋ ਅੰਤਿਮ ਬਲੀਦਾਨ ਦਿੱਤਾ ਜਿਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਸੀ (1 ਕੁਰਿੰਥ 15:3-4; ਇਬ 1:3; 7:27; 9:12, 28; 10:10-14, 18; 1 ਪਤਰਸ 3:18)। ਇਸ ਤੋਂ ਇਲਾਵਾ, ਪ੍ਰਧਾਨ-ਜਾਜਕ ਦੇ ਰੂਪ ਵਿੱਚ ਉਹਨਾਂ ਦਾ ਕੰਮ ਸਿਫ਼ਾਰਸ਼ ਕਰਨਾ (ਰੋਮੀ 8:34; ਇਬ 7:25), ਅਤੇ ਵਿਚੋਲਾ ਹੋਣਾ ਹੈ। ਮਸੀਹ ਦੀ ਸਿਫ਼ਾਰਸ਼ ਕਰਨ ਵਾਲੀ ਸੇਵਕਾਈ ਸਲੀਬ ਤੋਂ ਪਹਿਲਾਂ ਵੀ ਚੱਲ ਰਹੀ ਸੀ (ਲੂਕਾ 22:32; ਯੂਹੰਨਾ 17)। ਮਸੀਹ ਸਦਾ ਦੇ ਲਈ ਪ੍ਰਧਾਨ-ਜਾਜਕ ਹਨ (ਜ਼ਬੂਰ 110:4; ਇਬ 5:6, 9-10; 7:16-17, 23-25)।[10]

[10] ਜਾਜਕ ਦੇ ਰੂਪ ਵਿੱਚ ਮਸੀਹ ਦੀ ਸਦੀਪਕ ਭੂਮਿਕਾ ਉਹਨਾਂ ਦੀ ਮਨੁੱਖਤਾ ਦੀ ਸਦੀਪਕਤਾ ਨੂੰ ਦਰਸਾਉਂਦੀ ਹੈ। ਇਹ ਸੁਰੱਖਿਆ ਦੇ ਸਿਧਾਂਤ ਨਾਲ ਵੀ ਜੁੜਿਆ ਹੋਇਆ ਹੈ। ਕਿਉਂਕਿ ਉਹ ਹਮੇਸ਼ਾਂ ਲਈ ਸਾਡੇ ਜਾਜਕ ਹਨ, ਇਸ ਲਈ ਉਹ ਹਮੇਸ਼ਾਂ ਸਿਫ਼ਾਰਸ਼ ਕਰਦੇ ਹਨ, ਅਤੇ ਉਹਨਾਂ ਦਾ ਖ਼ੂਨ ਹਮੇਸ਼ਾਂ ਲਈ ਪ੍ਰਾਸਚਿਤ ਹੈ (ਇਬ 7:25)।

ਮਸੀਹ ਵਿੱਚ ਸਾਰੇ ਵਿਸ਼ਵਾਸੀ ਵੀ ਜਾਜਕ ਹਨ (1 ਪਤਰਸ 2:5, 9; ਪ੍ਰਕਾਸ਼ 1:6; 5:10; 20:6)। ਇਸ ਲਈ, ਸਾਡੇ ਕੋਲ ਦੇਣ ਦੇ ਲਈ ਬਲੀਦਾਨ ਹਨ: ਸਾਡੇ ਸਰੀਰ (ਰੋਮੀ 12:1,2), ਵਡਿਆਈ (ਇਬ 13:15), ਅਤੇ ਧਨ-ਦੌਲਤ (ਫ਼ਿਲਿੱਪੀ 4:18)। ਜਾਜਕ ਹੋਣ ਦੇ ਨਾਤੇ, ਅਸੀਂ ਪਰਮੇਸ਼ਰ ਕੋਲ ਕਿਸੇ ਮਨੁੱਖੀ ਵਿਚੋਲੇ ਤੋਂ ਬਿਨਾਂ ਜਾ ਸਕਦੇ ਹਾਂ (ਯੂਹੰਨਾ 14:13-14; 16:24; ਅਫ਼ਸੀ 2:18; ਇਬ 4:16; 10:19-22)।

> ਯਹੋਵਾਹ ਨੇ ਸਹੁੰ ਖਾਧੀ ਅਤੇ ਉਹ ਨਹੀਂ ਮੁੱਕਰੇਗਾ, ਤੂੰ ਮਲਕਿਸਿਦਕ ਦੀ ਪਦਵੀ ਦੇ ਅਨੁਸਾਰ **ਸਦਾ ਤੱਕ ਦਾ ਜਾਜਕ ਹੈਂ**। [ਜ਼ਬੂਰ 110:4]
>
> ... ਉਹ ਉਹਨਾਂ ਸਾਰਿਆਂ ਦੇ ਲਈ ਜੋ ਉਹਨਾਂ ਦੀ ਆਗਿਆ ਦਾ ਪਾਲਣ ਕਰਦੇ ਹਨ, ਅਨੰਤ ਮੁਕਤੀ ਦਾ ਕਾਰਨ ਬਣੇ ਅਤੇ ਪਰਮੇਸ਼ਰ ਨੇ ਉਹਨਾਂ ਨੂੰ ਮਲਕਿਸਿਦਕ ਦੀ ਰੀਤ ਦੇ ਅਨੁਸਾਰ **ਮਹਾਂ-ਪੁਰੋਹਿਤ** ਦੀ ਪਦਵੀ ਦਿੱਤੀ। [ਇਬ 5:9-10]

### C. ਉਹ ਰਾਜਾ ਹਨ

ਮਸੀਹ ਅੱਜ ਸੰਸਾਰ ਵਿੱਚ ਇੱਕ ਆਤਮਿਕ ਰਾਜ ਦੇ ਸਿਰ ਹਨ, ਅਰਥਾਤ ਕਲੀਸਿਯਾ ਦੇ (ਰੋਮੀ 14:17; 1 ਕੁਰਿੰਥ 4:20; ਕੁਲੁੱਸੀ 1:13; 4:11)। ਪਰ, ਜਦੋਂ ਵੀ ਉਹ ਯਰੂਸ਼ਲਮ ਵਿੱਚ ਦਾਊਦ ਦੇ ਸਿੰਘਾਸਣ ਉੱਤੇ ਅਧਿਕਾਰ ਸੰਭਾਲਣ ਲਈ ਦੁਬਾਰਾ ਆਉਣਗੇ, ਤਾਂ ਉਹ ਇੱਕ ਵਿਸ਼ਵ-ਵਿਆਪੀ ਰਾਜਨੀਤਿਕ ਰਾਜ ਦੇ ਰਾਜਾ ਹੋਣਗੇ (2 ਸਮੂ 7:12-16; ਜ਼ਬੂਰ 2, 45, 72, 89; ਯਸਾ 9:6-7; 33:22; ਯਿਰ 23:5- 6; 33:22; ਦਾਨੀ 7:13-14; ਮੀਕਾਹ 5:2; ਜ਼ਕਰ 9:9; 14:9; ਮੱਤੀ 2:2; ਲੂਕਾ 1:32-33; ਯੂਹੰਨਾ 1:49; ਰੋਮੀ 11:26; 1 ਕੁਰਿੰਥ 15:25; ਪ੍ਰਕਾਸ਼ 1:5-6; 17:14; 19:16)।

> ਯਹੋਵਾਹ ਤਾਂ ਸਾਡਾ ਨਿਆਈਂ ਹੈ, ਯਹੋਵਾਹ ਸਾਡਾ ਬਿਧੀਆਂ ਦੇਣ ਵਾਲਾ ਹੈ, ਯਹੋਵਾਹ ਸਾਡਾ **ਰਾਜਾ** ਹੈ, ਉਹ ਸਾਨੂੰ ਬਚਾਵੇਗਾ। [ਯਸਾ 33:22]
>
> "ਉਹ ਮਹਾਨ ਹੋਣਗੇ। ਉਹ ਪਰਮ ਪ੍ਰਧਾਨ ਪਰਮੇਸ਼ਰ ਦੇ ਪੁੱਤਰ ਅਖਵਾਉਣਗੇ। ਪ੍ਰਭੂ ਪਰਮੇਸ਼ਰ ਉਹਨਾਂ ਦੇ ਪੁਰਖੇ ਦਾਊਦ ਦੀ **ਰਾਜ-ਗੱਦੀ** ਉਹਨਾਂ ਨੂੰ ਦੇਣਗੇ। ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ **ਰਾਜ ਕਰਨਗੇ**। ਉਹਨਾਂ ਦੇ **ਰਾਜ** ਦਾ ਅੰਤ ਨਹੀਂ ਹੋਵੇਗਾ।" [ਲੂਕਾ 1:32-33]

### D. ਮਸੀਹ ਦੇ ਹੋਰ ਅਹੁਦੇ, ਕੰਮ, ਅਤੇ ਸਿਰਲੇਖ

- ਦੂਜਾ, ਅੰਤਿਮ (1 ਕੁਰਿੰਥ 15:21ff.)
- ਨਵੀਂ ਸ੍ਰਿਸ਼ਟੀ ਦਾ ਸਿਰ (2 ਕੁਰਿੰਥ 5:17)

- ਸਰੀਰ ਦਾ ਸਿਰ (1 ਕੁਰਿੰਥ 12:12ff.; ਅਫ਼ਸੀ 4:15,16)
- ਭੇਡਾਂ ਦਾ ਮਹਾਨ ਚਰਵਾਹਾ (ਯੂਹੰਨਾ 10:11ff.; ਇਬ 13:20; 1 ਪਤਰਸ 5:4)
- ਟਹਿਣੀਆਂ ਦੇ ਲਈ ਅੰਗੂਰ ਦੀ ਵੇਲ (ਯੂਹੰਨਾ 15)
- ਇਮਾਰਤ ਦਾ ਕੋਨੇ ਦਾ ਪੱਥਰ (ਮੱਤੀ 21:42; 1 ਕੁਰਿੰਥ 3:11; ਅਫ਼ਸੀ 2:20; 1 ਪਤਰਸ 2:5ff.)
- ਲਾੜੀ ਦਾ ਲਾੜਾ (ਅਫ਼ਸੀ 5:22ff.)

### E. ਮਸੀਹ ਬਿਵਸਥਾ ਨੂੰ ਪੂਰਾ ਕਰਨ ਵਾਲੇ ਹਨ

ਮਸੀਹ ਬਿਵਸਥਾ ਨੂੰ ਪੂਰਾ ਕਰਨ ਆਏ ਸਨ (ਮੱਤੀ 5:17)। ਉਹਨਾਂ ਨੇ ਬਿਵਸਥਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਸੀ (2 ਕੁਰਿੰਥ 5:21; ਇਬ 4:15; 1 ਪਤਰਸ 2:22)। ਮਸੀਹ ਦੀ ਸੰਪੂਰਨ ਧਾਰਮਿਕਤਾ ਉਹਨਾਂ ਵਿੱਚ ਵਿਸ਼ਵਾਸ ਕਰਨ ਵਾਲੇ ਲੋਕਾਂ ਦੇ ਲਈ ਵੀ ਗਿਣੀ ਜਾਂਦੀ ਹੈ (2 ਕੁਰਿੰਥ 5:21)। ਇਸ ਲਈ, ਮਸੀਹ ਦੀ ਬਿਵਸਥਾ ਨੂੰ ਪੂਰਾ ਕਰਨ ਦੀ ਭੂਮਿਕਾ ਵਿਸ਼ਵਾਸੀਆਂ ਦੇ ਲਈ ਮਹੱਤਵਹੀਣ ਨਹੀਂ ਹੈ। ਰੋਮੀ 5:10 ਸਿਖਾਉਂਦਾ ਹੈ, "ਅਸੀਂ ਮਸੀਹ ਦੇ ਜੀਵਨ ਦੁਆਰਾ ਬਚਾਏ ਜਾਵਾਂਗੇ।" ਕਿਉਂਕਿ ਮਸੀਹ ਪੂਰੀ ਤਰ੍ਹਾਂ ਅਤੇ ਸਦਾ ਦੇ ਲਈ ਧਰਮੀ ਹਨ, ਅਤੇ ਕਿਉਂਕਿ ਅਸੀਂ ਉਹਨਾਂ ਦੀ ਧਾਰਮਿਕਤਾ ਨਾਲ ਮੁਕਤੀ ਪਾਉਂਦੇ ਹਾਂ, ਇਸ ਲਈ ਵਿਸ਼ਵਾਸੀਆਂ ਕੋਲ ਸਦੀਪਕ ਅਤੇ ਸੰਪੂਰਨ ਮੁਕਤੀ ਹੈ।

### F. ਮਸੀਹ ਦੀ ਮੌਤ ਦੇ ਕੰਮ

ਪ੍ਰਾਸਚਿਤ ਬਾਰੇ ਅਧਿਆਇ 9, "ਮੁਕਤੀ ਦਾ ਸਿਧਾਂਤ" ਵਿੱਚ ਚੰਗੀ ਤਰ੍ਹਾਂ ਗੱਲ ਕੀਤੀ ਗਈ ਹੈ।

### G. ਮਸੀਹ ਦਾ ਜੀਅ ਉੱਠਣਾ

#### 1. ਮਸੀਹ ਦੇ ਜੀਅ ਉੱਠਣ ਬਾਰੇ ਬਾਈਬਲ ਦੇ ਤੱਥ

ਸਾਰੇ ਸ਼ੁਭ-ਸਮਾਚਾਰ ਸਪੱਸ਼ਟ ਤੌਰ ਤੇ ਮਸੀਹ ਦੇ ਸਰੀਰਕ ਤੌਰ ਤੇ ਜੀਅ ਉੱਠਣ ਦੀ ਸਿੱਖਿਆ ਦਿੰਦੇ ਹਨ (ਮੱਤੀ 28:5ff.; ਮਰਕੁਸ 16:6ff.; ਲੂਕਾ 24:1ff.; ਯੂਹੰਨਾ 20-21)। ਮਸੀਹ ਜੀਅ ਉੱਠਣ ਤੋਂ ਬਾਅਦ ਮਰਿਯਮ ਨੂੰ, ਕਬਰ ਤੋਂ ਵਾਪਸ ਆਉਂਦੀਆਂ ਹੋਰ ਔਰਤਾਂ ਨੂੰ, ਪਤਰਸ ਨੂੰ, ਇਮਾਊਸ ਜਾਂਦੇ ਚੇਲਿਆਂ ਨੂੰ, ਥੋਮਾ ਤੋਂ ਇਲਾਵਾ ਬਾਕੀ ਚੇਲਿਆਂ ਨੂੰ, ਥੋਮਾ ਦੇ ਨਾਲ ਬਾਕੀ ਚੇਲਿਆਂ ਨੂੰ, ਗਲੀਲ ਦੀ ਝੀਲ ਦੇ ਕੰਢੇ ਸੱਤ ਚੇਲਿਆਂ ਨੂੰ, ਯਾਕੂਬ ਨੂੰ, ਅਤੇ ਪੰਜ ਸੌ ਤੋਂ ਵੀ ਵੱਧ ਲੋਕਾਂ ਨੂੰ ਦਿਖਾਈ ਦਿੱਤੇ ਸਨ (ਦੇਖੋ, 1 ਕੁਰਿੰਥ 15:1-8)।[11]

[11] ਮਸੀਹ ਦੇ ਜੀਅ ਉੱਠਣ ਦੇ ਇਤਿਹਾਸਕ ਸਬੂਤ ਬਾਈਬਲ ਸਿਧਾਂਤ ਦੀ ਬਜਾਏ ਮਸੀਹੀ ਪ੍ਰਮਾਣ ਦੇ ਵਿਸ਼ੇ ਨਾਲ ਵਧੇਰੇ ਸੰਬੰਧਿਤ ਹਨ। ਸੰਖੇਪ ਵਿੱਚ, ਇਹ ਵਿਚਾਰ ਕਰੋ ਕਿ ਮਸੀਹ ਦੀ ਕਬਰ ਖਾਲੀ ਹੋਣੀ ਚਾਹੀਦੀ ਸੀ, ਨਹੀਂ ਤਾਂ ਉਹਨਾਂ ਦੇ ਦੁਸ਼ਮਣਾਂ ਨੇ ਜੀਅ ਉੱਠਣ ਦੇ ਦਾਅਵਿਆਂ ਨੂੰ ਦਬਾਇਆ ਹੋਣਾ ਸੀ। ਜੇਕਰ ਉਹ ਮਸੀਹ ਦੇ ਮਰੇ ਹੋਏ ਸਰੀਰ ਨੂੰ ਸਭ ਦੇ ਸਾਹਮਣੇ ਪੇਸ਼ ਕਰ

> "ਉਹ ਇੱਥੇ ਨਹੀਂ ਹਨ। ਉਹ ਆਪਣੇ ਵਚਨ ਦੇ ਅਨੁਸਾਰ ਜੀਅ ਉੱਠੇ ਹਨ। ਆਓ, ਉਹ ਥਾਂ ਦੇਖੋ ਜਿੱਥੇ ਉਹ ਰੱਖੇ ਗਏ ਸਨ।" [ਮੱਤੀ 28:6]

#### 2. ਮਸੀਹ ਦੇ ਜੀਅ ਉੱਠਣ ਦੀ ਮਹੱਤਤਾ

ਮਸੀਹ ਦਾ ਜੀਅ ਉੱਠਣਾ ਮਸੀਹਤ ਦਾ ਮੁੱਖ ਸਿਧਾਂਤ ਹੈ (1 ਕੁਰਿੰਥ 15:14ff.)। ਇਹ ਸ਼ੁਰੂਆਤੀ ਕਲੀਸਿਯਾ ਦੇ ਸੰਦੇਸ਼ ਦਾ ਇੱਕ ਮੁੱਖ ਹਿੱਸਾ ਸੀ। ਰਸੂਲਾਂ ਦੇ ਕਰਤੱਬ ਵਿੱਚ ਗਵਾਹ ਸ਼ਬਦ ਦੀ ਜਾਂਚ ਤੋਂ

---

ਪਾਉਂਦੇ, ਤਾਂ ਉਹ ਜ਼ਰੂਰ ਅਜਿਹਾ ਕਰਦੇ। ਕਬਰ ਖਾਲੀ ਕਿਵੇਂ ਹੋ ਗਈ ਸੀ? ਮਸੀਹ ਦੇ ਜੀਅ ਉੱਠਣ ਤੋਂ ਇਲਾਵਾ, ਤਰਕ ਬਾਕੀ ਸਾਰੇ ਵਿਕਲਪਾਂ ਨੂੰ ਰੱਦ ਕਰਦਾ ਹੈ। ਜੇਕਰ ਚੇਲੇ ਗ਼ਲਤ ਕਬਰ ਤੇ ਗਏ ਹੁੰਦੇ ਜਾਂ ਉਹਨਾਂ ਨੂੰ ਭਰਮ ਹੋ ਰਹੇ ਹੁੰਦੇ, ਤਾਂ ਮਸੀਹ ਦਾ ਸਰੀਰ ਅਜੇ ਵੀ ਸਹੀ ਕਬਰ ਵਿੱਚ ਸੀ ਅਤੇ ਉਸ ਨੂੰ ਸਾਹਮਣੇ ਲਿਆਇਆ ਜਾ ਸਕਦਾ ਸੀ। ਇਹ ਦਾਅਵਾ ਕਿ ਚੇਲਿਆਂ ਨੇ ਮਸੀਹ ਦੇ ਸਰੀਰ ਨੂੰ ਚੋਰੀ ਕੀਤਾ ਸੀ, ਇਹ ਝੂਠੀ ਕਹਾਣੀ ਸੀ ਕਿਉਂਕਿ ਪਿਲਾਤੁਸ ਨੇ ਸਬੂਤਾਂ ਦੀ ਘਾਟ ਕਾਰਨ ਕਿਸੇ ਨੂੰ ਵੀ ਇਸ ਲੁੱਟ ਦੇ ਲਈ ਗ੍ਰਿਫਤਾਰ ਨਹੀਂ ਕੀਤਾ ਸੀ। ਸਭ ਤੋਂ ਪਹਿਲਾਂ, ਉਹਨਾਂ ਸਮਿਆਂ ਦੇ ਸਿਪਾਹੀ ਡਿਊਟੀ ਵੇਲੇ ਸੌਂਦੇ ਨਹੀਂ ਸਨ। ਇੱਕ ਰੋਮੀ ਸਿਪਾਹੀ ਦੇ ਲਈ ਇਸ ਦੀ ਸਜ਼ਾ ਮੌਤ ਸੀ। ਸੁੱਤੇ ਹੋਏ ਯਹੂਦੀ ਸਿਪਾਹੀਆਂ ਦੇ ਕੱਪੜੇ ਸਾੜ ਦਿੱਤੇ ਜਾਂਦੇ ਸਨ (ਪ੍ਰਕਾਸ਼ 16:15)। ਇਸ ਤੋਂ ਬਾਅਦ, ਸੁੱਤੇ ਹੋਏ ਲੋਕ ਕੁਝ ਵੀ ਦੇਖ ਨਹੀਂ ਸਕਦੇ ਹਨ ਅਤੇ ਇਹ ਦੋਸ਼ ਨਹੀਂ ਲਗਾ ਸਕਦੇ ਹਨ ਕਿ ਉਹਨਾਂ ਨੇ ਇਹ ਲੁੱਟ ਹੁੰਦੇ ਦੇਖਿਆ ਹੈ। ਨਾਲੇ, ਕੋਈ ਵੀ ਬਿਨਾਂ ਕਿਸੇ ਰੌਲੇ ਦੇ ਵਿਸ਼ਾਲ ਪੱਥਰ ਨੂੰ ਨਹੀਂ ਹਟਾ ਸਕਦਾ ਸੀ ਕਿਉਂਕਿ ਇਸ ਨਾਲ ਸਿਪਾਹੀ ਜਾਗ ਜਾਣੇ ਸੀ। ਇਹ ਸਪੱਸ਼ਟ ਹੈ ਕਿ ਪਿਲਾਤੁਸ ਨੇ ਵੀ ਸਿਪਾਹੀਆਂ ਦੀ ਕਹਾਣੀ ਉੱਤੇ ਵਿਸ਼ਵਾਸ ਨਹੀਂ ਕੀਤਾ ਸੀ।

ਮਸੀਹ ਦੇ ਜੀਅ ਉੱਠਣ ਤੇ ਇੱਕ ਹੋਰ ਇਤਰਾਜ਼ "ਬੇਹੋਸ਼ ਹੋਣ ਦਾ" ਵਿਚਾਰ ਹੈ। ਇਹ ਵਿਚਾਰ ਸਿਖਾਉਂਦਾ ਹੈ ਕਿ ਪ੍ਰਭੂ ਯਿਸੂ ਸਲੀਬ ਉੱਤੇ ਮਰੇ ਨਹੀਂ ਸਨ, ਅਤੇ ਉਹਨਾਂ ਨੇ ਬਾਅਦ ਵਿੱਚ ਤਾਕਤ ਪ੍ਰਾਪਤ ਕੀਤੀ ਅਤੇ ਜੀਅ ਉੱਠਣ ਦਾ ਦਾਅਵਾ ਕੀਤਾ। ਪਰ, ਪਿਲਾਤੁਸ ਦੇ ਸਿਪਾਹੀਆਂ ਨੇ ਮਸੀਹ ਦੀ ਮੌਤ ਦੀ ਪੁਸ਼ਟੀ ਕੀਤੀ ਸੀ (ਮਰਕੁਸ 15:43- 45; ਯੂਹੰਨਾ 19:34)। ਇਸ ਵਿਚਾਰ ਉੱਤੇ ਆਧਾਰਿਤ ਵਿਆਖਿਆਵਾਂ ਆਧੁਨਿਕ ਡਾਕਟਰੀ ਗਿਆਨ ਦੇ ਉਲਟ ਲੱਗਦੀਆਂ ਹਨ, ਦੇਖੋ ਐਡਵਰਡਸ ਐਟ ਅਲ, "ਔਨ ਦ ਫਿਜ਼ੀਕਲ ਡੈਥ ਆਫ਼ ਜੀਸਸ ਕ੍ਰਾਈਸਟ," *ਜਰਨਲ ਆਫ਼ ਦ ਅਮੈਰੀਕਨ ਮੈਡੀਕਲ ਐਸੋਸੀਏਸ਼ਨ*, ਮਾਰਚ 21, 1986, ਵੈਲ. 255, ਨੰਬਰ 11; 146.

ਖਾਲੀ ਕਬਰ ਦੀ ਸਭ ਤੋਂ ਵਧੀਆ ਵਿਆਖਿਆ ਮਸੀਹ ਦਾ ਜੀਅ ਉੱਠਣਾ ਹੈ। ਚੇਲੇ ਨੈਤਿਕ ਆਦਮੀ ਸਨ ਜੋ ਇਹ ਦਾਅਵਾ ਕਰਦੇ ਹੋਏ ਮਰ ਵੀ ਗਏ ਕਿ ਯਿਸੂ ਜੀਅ ਉੱਠੇ ਹਨ। ਇਤਿਹਾਸ ਦੀ ਕਿਸੇ ਘਟਨਾ ਦੀ ਪੁਸ਼ਟੀ ਕਰਨ ਦੇ ਲਈ ਇਸ ਤੋਂ ਵੱਧ ਭਰੋਸੇਯੋਗ ਗਵਾਹਾਂ ਜਾਂ ਹੋਰ ਸਬੂਤਾਂ ਦੀ ਮੰਗ ਨਹੀਂ ਕੀਤੀ ਜਾ ਸਕਦੀ ਹੈ।

ਪਤਾ ਲੱਗਦਾ ਹੈ ਕਿ ਸ਼ੁਰੂਆਤੀ ਕਲੀਸਿਯਾ ਮੁੱਖ ਤੌਰ ਤੇ ਮਸੀਹ ਦੇ ਜੀਅ ਉੱਠਣ ਦੇ ਤੱਥ ਦੀ ਗਵਾਹ ਸੀ (ਦੇਖੋ, ਰਸੂਲਾਂ 2:32; 3:15; 5:30-32)।

a. ਜੀਅ-ਉੱਠਣ ਨੇ ਮਸੀਹ ਦੇ ਪਰਮੇਸ਼ਰ ਹੋਣ ਨੂੰ ਦਿਖਾਇਆ (ਰੋਮੀ 1:4)।

> ਮੁਰਦਿਆਂ ਵਿੱਚੋਂ ਜੀਅ ਉੱਠਣ ਦੇ ਕਰਨ ਸਮਰੱਥਾ ਦੇ ਨਾਲ **ਪਰਮੇਸ਼ਰ ਦੇ ਪੁੱਤਰ ਘੋਸ਼ਿਤ ਕੀਤੇ ਗਏ** [ਰੋਮੀ 1:4]

b. ਮਸੀਹ ਦੇ ਜੀਅ ਉੱਠਣ ਨੇ ਸਾਬਤ ਕੀਤਾ ਕਿ ਪਰਮੇਸ਼ਰ ਸੰਤੁਸ਼ਟ ਹੋਏ ਹਨ, ਅਤੇ ਧਰਮੀ ਠਹਿਰਾਉਣ ਦਾ ਇੱਕ ਤਰੀਕਾ ਸੁਰੱਖਿਅਤ ਕੀਤਾ ਗਿਆ (ਰੋਮੀ 4:25)।

> ਉਹ ਸਾਡੇ ਅਪਰਾਧਾਂ ਦੇ ਕਾਰਨ ਫੜਵਾਏ ਗਏ ਅਤੇ ਸਾਨੂੰ **ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਾਉਣ ਦੇ ਲਈ ਫਿਰ ਜੀਅ ਉੱਠੇ** [ਰੋਮੀ 4:25]

c. ਮਸੀਹ ਦਾ ਜੀਅ ਉੱਠਣਾ ਵਿਸ਼ਵਾਸੀਆਂ ਦੇ ਸਰੀਰਾਂ ਦੇ ਜੀਅ ਉੱਠਣ ਦਾ ਆਧਾਰ ਬਣਦਾ ਹੈ (ਯੂਹੰਨਾ 14:19; 1 ਕੁਰਿੰਥ 15:20)।

> ...ਪਰ ਤੁਸੀਂ ਮੈਂ ਦੇਖੋਗੇ **ਕਿਉਂਕਿ ਮੈਂ ਜਿਉਂਦਾ ਹਾਂ ਇਸ ਲਈ ਤੁਸੀਂ ਵੀ ਜੀਓਗੇ** [ਯੂਹੰਨਾ 14:19]
>
> ਪਰ ਸੱਚਾਈ ਇਹ ਕਿ **ਮਸੀਹ ਮੁਰਦਿਆਂ ਵਿੱਚੋਂ ਜਿਉਂਦੇ ਕੀਤੇ ਗਏ ਹਨ**। ਉਹ ਉਹਨਾਂ ਸਭ ਵਿੱਚੋਂ ਜੋ ਮਰ ਗਏ ਹਨ, **ਪਹਿਲੇ ਫਲ ਹਨ।** [1 ਕੁਰਿੰਥ 15:20]

d. ਜੀਅ ਉੱਠਣ ਦਾ ਅਰਥ ਇਹ ਹੈ ਮਸੀਹ ਯਿਸੂ ਸਾਡੇ ਪ੍ਰਧਾਨ ਜਾਜਕ ਹੋਣ ਅਤੇ ਸਿਫ਼ਾਰਸ਼ ਕਰਨ ਵਾਲੇ ਵਜੋਂ ਜਿਉਂਦੇ ਹਨ (ਇਬ 7:25)।

> ਇਸ ਲਈ ਉਹ ਜਿਹੜੇ ਪ੍ਰਭੂ ਯਿਸੂ ਦੇ ਦੁਆਰਾ ਪਰਮੇਸ਼ਰ ਦੇ ਕੋਲ ਆਉਂਦੇ ਹਨ ਉਹ ਉਹਨਾਂ ਨੂੰ ਮੁਕਤੀ ਦੇ ਸਕਦੇ ਹਨ ਕਿਉਂਕਿ ਪ੍ਰਭੂ ਯਿਸੂ ਉਹਨਾਂ ਦੇ ਲਈ ਪਰਮੇਸ਼ਰ ਦੇ ਅੱਗੇ **ਹਮੇਸ਼ਾ ਸਿਫ਼ਾਰਸ਼ ਕਰਨ ਦੇ ਲਈ ਜਿਉਂਦੇ ਹਨ**। [ਇਬ 7:25]

e. ਮਸੀਹ ਦੇ ਜੀਅ ਉੱਠਣ ਦਾ ਅਰਥ ਹੈ ਕਿ ਵਿਸ਼ਵਾਸੀ ਕਦੇ ਵੀ ਸਦਾ ਦੇ ਲਈ ਨਹੀਂ ਮਰ ਸਕਦੇ ਹਨ। ਅਸੀਂ ਮਸੀਹ ਦਾ ਜੀਵਨ ਸਾਂਝਾ ਕਰਦੇ ਹਾਂ ਅਤੇ ਉਹਨਾਂ ਦਾ ਜੀਵਨ ਕਦੇ ਖ਼ਤਮ ਨਹੀਂ ਹੋਵੇਗਾ (ਯੂਹੰਨਾ 11:25-26; ਰੋਮੀ 6:9-10)।

> ਅਸੀਂ ਇਹ ਵੀ ਜਾਣਦੇ ਹਾਂ ਕਿ ਮਸੀਹ ਮੁਰਦਿਆਂ ਵਿੱਚੋਂ ਜਿਉਂਦੇ ਕੀਤੇ ਗਏ ਹਨ ਅਤੇ ਉਹ ਹੁਣ ਫਿਰ ਕਦੀ ਨਹੀਂ ਮਰਨਗੇ। ਇਸ ਮੌਤ ਦਾ ਮਸੀਹ ਉੱਤੇ ਹੁਣ ਕੋਈ ਅਧਿਕਾਰ ਨਹੀਂ ਰਿਹਾ। [ਰੋਮੀ 6:9]

f. ਮਸੀਹ ਦੇ ਜੀਅ ਉੱਠਣ ਦਾ ਅਰਥ ਹੈ ਕਿ ਉਹ ਦੁਬਾਰਾ ਆਉਣਗੇ (ਰਸੂਲਾਂ 1:11) ਅਤੇ ਮਨੁੱਖ ਦੇ ਪੁੱਤਰ ਦੇ ਰੂਪ ਵਿੱਚ ਸਾਰੇ ਮਨੁੱਖੀ ਸੰਸਾਰ ਉੱਤੇ ਰਾਜ ਕਰਨਗੇ (ਯਸਾ 9:6- 7; ਦਾਨੀ 7:13-14; ਲੂਕਾ l:32-33)

> ਉਹਨਾਂ ਨੇ ਕਿਹਾ, “ਹੇ ਗਲੀਲੀ ਆਦਮੀਓ, ਤੁਸੀਂ ਖੜ੍ਹੇ ਅਕਾਸ਼ ਵੱਲ ਕਿਉਂ ਦੇਖ ਰਹੇ ਹੋ? ਇਹ ਹੀ ਯਿਸੂ ਜਿਹੜੇ ਤੁਹਾਡੇ ਕੋਲੋਂ ਸਵਰਗ ਵਿੱਚ ਉੱਪਰ ਉਠਾ ਲਏ ਗਏ ਹਨ, ਇਸੇ ਤਰ੍ਹਾਂ ਫਿਰ ਆਉਣਗੇ ਜਿਸ ਤਰ੍ਹਾਂ ਤੁਸੀਂ ਉਹਨਾਂ ਨੂੰ ਸਵਰਗ ਵਿੱਚ ਉੱਪਰ ਜਾਂਦੇ ਦੇਖਿਆ ਹੈ।” [ਰਸੂਲਾਂ 1:11]

3. **ਮਸੀਹ ਦੇ ਜੀਅ ਉੱਠੇ ਸਰੀਰ ਦਾ ਰੂਪ**

ਕਿਉਂਕਿ ਵਿਸ਼ਵਾਸੀਆਂ ਕੋਲ ਯਿਸੂ ਮਸੀਹ ਦੇ ਵਾਂਗ ਇੱਕ ਮਹਿਮਾਮਈ ਸਰੀਰ ਹੋਵੇਗਾ (1 ਕੁਰਿੰਥ 15:49; 1 ਯੂਹੰਨਾ 3:2), ਇਸ ਲਈ ਮਸੀਹ ਦੇ ਜੀਅ ਉੱਠੇ ਸਰੀਰ ਦੇ ਰੂਪ ਉੱਤੇ ਵਿਚਾਰ ਕਰਨਾ ਇੱਕ ਦਿਲਚਸਪ ਵਿਸ਼ਾ ਹੋਵੇਗਾ। ਇਹ ਮਾਸ ਅਤੇ ਹੱਡੀਆਂ ਦਾ ਬਣਿਆ ਹੋਇਆ ਸੀ (ਲੂਕਾ 24:39)। ਪਰ, ਇਹ ਤੇਜ਼ੀ ਨਾਲ ਅੱਗੇ ਵੱਧ ਸਕਦਾ ਸੀ, ਅਤੇ ਸਰੀਰਕ ਰੁਕਾਵਟ ਇਸ ਨੂੰ ਰੋਕ ਨਹੀਂ ਸਕਦੀ ਸੀ (ਯੂਹੰਨਾ 20:19,26)। ਮਸੀਹ ਦੇ ਜੀਅ ਉੱਠੇ ਸਰੀਰ ਨੇ ਭੋਜਨ ਦਾ ਅਨੰਦ ਮਾਣਿਆ (ਲੂਕਾ 24:30; ਯੂਹੰਨਾ 21:12-13) ਅਤੇ ਇਹ ਮਹਿਮਾਮਈ ਸੀ (ਫ਼ਿਲਿੱਪੀ 3:21)।

## H. ਮਸੀਹ ਦਾ ਸਵਰਗ ਜਾਣਾ, ਉੱਚਾ ਕੀਤਾ ਜਾਣਾ, ਅਤੇ ਵਰਤਮਾਨ ਦੀ ਸੇਵਕਾਈ

ਰਸੂਲਾਂ ਦੇ ਕਰਤੱਬ 1:11ff ਵਿੱਚ ਮਸੀਹ ਦੇ ਸਵਰਗ ਜਾਣ ਬਾਰੇ ਦੱਸਿਆ ਗਿਆ ਹੈ। ਸਲੀਬ ਉੱਤੇ ਚੜਾਏ ਜਾਣ ਤੋਂ ਪਹਿਲਾਂ ਮਸੀਹ ਨੇ ਪ੍ਰਾਰਥਨਾ ਕੀਤੀ ਕਿ ਉਹਨਾਂ ਦੀ ਪਿਛਲੀ ਮਹਿਮਾ ਬਹਾਲ ਹੋ ਜਾਵੇ (ਯੂਹੰਨਾ 17:1, 5)। ਬਾਈਬਲ ਇਹ ਸਿਖਾਉਂਦੀ ਹੈ ਕਿ ਮਸੀਹ ਹੁਣ ਪਰਮੇਸ਼ਰ ਦੇ ਸੱਜੇ ਹੱਥ ਬੈਠੇ ਹਨ (ਰਸੂਲਾਂ 7:56; ਕੁਲੁੱਸੀ 3:1; ਇਬ 1:3; 8:1; 12:2)। ਮਸੀਹ ਹੁਣ ਵੀ ਕੰਮ ਕਰ ਰਹੇ ਹਨ।

1. **ਮਸੀਹ ਕਲੀਸਿਯਾ ਦੇ ਸਿਰ ਹਨ** (ਅਫ਼ਸੀ 1:20-23; ਕੁਲੁੱਸੀ 2:10)

> ਜਿਸ ਸਮਰੱਥਾ ਦੁਆਰਾ, ਉਹਨਾਂ ਨੇ ਮਸੀਹ ਨੂੰ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਅਤੇ ਉਹਨਾਂ ਨੂੰ ਸਵਰਗ ਵਿੱਚ ਆਪਣੇ ਸੱਜੇ ਹੱਥ ਵਿਰਾਜਮਾਨ ਕੀਤਾ ਹੈ। ਉੱਥੋਂ ਹੀ ਮਸੀਹ ਸਭ ਸ਼ਾਸਕਾਂ, ਅਧਿਕਾਰੀਆਂ, ਸ਼ਕਤੀਆਂ ਅਤੇ ਹਾਕਮਾਂ ਉੱਤੇ ਰਾਜ ਕਰਦੇ ਹਨ । ਉਹਨਾਂ ਦਾ ਨਾਮ ਸਭ ਨਾਵਾਂ ਤੋਂ ਨਾ ਕੇਵਲ ਇਸ ਯੁੱਗ ਵਿੱਚ ਸਗੋਂ ਆਉਣ ਵਾਲੇ ਯੁੱਗਾਂ ਤੱਕ ਉੱਚਾ ਹੈ। ਪਰਮੇਸ਼ਰ ਨੇ ਸਭ ਚੀਜ਼ਾਂ ਮਸੀਹ ਦੇ ਪੈਰਾਂ ਹੇਠ ਕਰ ਦਿੱਤੀਆਂ ਅਤੇ ਉਹਨਾਂ ਨੂੰ ਸਰਤਾਜ ਬਣਾ ਕੇ ਕਲੀਸਿਯਾ ਨੂੰ

ਦਿੱਤਾ ਹੈ। ਕਲੀਸਿਯਾ ਉਹਨਾਂ ਦਾ ਸਰੀਰ ਹੈ, ਉਹ ਹੀ ਉਸ ਦੀ ਭਰਪੂਰੀ ਹਨ ਜੋ ਸਭ ਕੁਝ ਪੂਰਨ ਕਰਦੇ ਹਨ। [ਅਫ਼ਸੀ 1:20-23]

2. **ਉਹ ਸਾਡੇ ਪ੍ਰਧਾਨ ਜਾਜਕ ਅਤੇ ਸਿਫ਼ਾਰਸ਼ ਕਰਨ ਵਾਲੇ ਹਨ** (ਰੋਮੀ 8:34; ਇਬ 7:25)

ਇਸ ਲਈ ਉਹਨਾਂ ਉੱਤੇ ਕੌਣ ਦੋਸ਼ ਲਾ ਸਕਦਾ ਹੈ? ਇਹ **ਯਿਸੂ ਮਸੀਹ** ਹਨ ਜੋ ਮਰ ਗਏ ਇੰਨਾਂ ਹੀ ਨਹੀਂ ਸਗੋਂ ਉਹ ਜਿਊਂਦੇ ਵੀ ਕੀਤੇ ਗਏ ਅਤੇ ਪਰਮੇਸ਼ਰ ਦੇ ਸੱਜੇ ਹੱਥ ਵਿਰਾਜਮਾਨ ਹਨ। ਹੁਣ ਉਹ **ਸਾਡੇ ਲਈ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਦੇ ਹਨ।** [ਰੋਮੀ 8:34]

3. **ਉਹ ਸਾਡੇ ਵਕੀਲ ਹਨ, ਉਹ ਸ਼ੈਤਾਨ ਦੇ ਦੋਸ਼ਾਂ ਦੇ ਵਿਰੁੱਧ ਸਾਡੇ ਸਹਾਇੱਕ ਅਤੇ ਬਚਾਅ ਕਰਨ ਵਾਲੇ ਹਨ** (1 ਯੂਹੰਨਾ 2:1)

ਮੇਰੇ ਬੱਚਿਓ, ਮੈਂ ਤੁਹਾਨੂੰ ਇਹ ਗੱਲਾਂ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਪਾਪ ਨਾ ਕਰੋ। ਪਰ ਜੇਕਰ ਕੋਈ ਪਾਪ ਕਰਦਾ ਹੈ ਤਾਂ **ਪਿਤਾ ਦੇ ਕੋਲ ਸਾਡੇ ਲਈ ਇੱਕ ਮਦਦਗਾਰ ਹਨ** ਭਾਵ ਯਿਸੂ ਮਸੀਹ ਜਿਹੜੇ ਨੇਕ ਹਨ। [1 ਯੂਹੰਨਾ 2:1]

4. **ਉਹ ਪਵਿੱਤਰ ਆਤਮਾ ਦੁਆਰਾ ਵਰਦਾਨ ਦਿੰਦੇ ਹਨ** (ਅਫ਼ਸੀ 4:7)

ਮਸੀਹ ਨੇ ਸਾਨੂੰ ਹਰ ਇੱਕ ਨੂੰ ਆਪਣੇ ਮਾਪ ਦੇ ਅਨੁਸਾਰ ਕਿਰਪਾ ਦਾ ਵਰਦਾਨ ਦਿੱਤਾ ਹੈ। [ਅਫ਼ਸੀ 4:7]

### I. ਦੁਬਾਰਾ ਵਾਪਸ ਆਉਣ ਵੇਲੇ ਮਸੀਹ ਦੇ ਕੰਮ

ਅਧਿਆਇ 12 "ਅੰਤ ਦੇ ਸਮੇਂ ਦੇ ਸਿਧਾਂਤ" ਵਿੱਚ ਮਸੀਹ ਦੇ ਭਵਿੱਖ ਦੇ ਕੰਮ ਦਾ ਜ਼ਿਕਰ ਕੀਤਾ ਗਿਆ ਹੈ।

ਅਧਿਆਇ 9

# ਮੁਕਤੀ ਦਾ ਸਿਧਾਂਤ

## *ਭਾਗ 1:*
## *ਮੁਕਤੀ ਦਾ ਪ੍ਰਬੰਧ ਕੀਤਾ ਗਿਆ*

### ਰੂਪ ਰੇਖਾ


I. *ਮੁਕਤੀ* ਸ਼ਬਦ ਦਾ ਅਧਿਐਨ **100**
  *A.* *ਮੁਕਤੀ* ਸ਼ਬਦ ਦੀ ਵਰਤੋਂ
    *1.* *ਬਚਾਉਣਾ*
    *2.* *ਮੁਕਤੀ*
    *3.* *ਮੁਕਤੀਦਾਤਾ*
    *4.* *ਮੁਕਤੀ*
  *B.* *ਮੁਕਤੀ* ਦਾ ਅਰਥ
    1. ਗ਼ੈਰ-ਅਧਿਆਤਮਿਕ ਵਰਤੋਂ
      a. ਬਿਮਾਰੀ ਤੋਂ ਛੁਟਕਾਰਾ
      b. ਅਸ਼ੁੱਧ ਆਤਮਾਵਾਂ ਤੋਂ ਛੁਟਕਾਰਾ **101**
      c. ਦੁਸ਼ਮਣਾਂ ਤੋਂ ਬਚਾਉਣਾ
      d. ਮੌਤ ਤੋਂ ਛੁਟਕਾਰਾ
      e. ਖ਼ਤਰੇ ਤੋਂ ਬਚਾਉਣਾ
    2. ਅਧਿਆਤਮਿਕ ਵਰਤੋਂ
      a. ਪਾਪ ਤੋਂ ਬਚਾਏ ਗਏ
      b. ਪਰਮੇਸ਼ਰ ਦੇ ਕ੍ਰੋਧ, ਸਜ਼ਾ, ਅਤੇ ਨਿੰਦਿਆ ਤੋਂ ਬਚਾਏ ਗਏ
      c. ਦੁਸ਼ਟ ਪੀੜ੍ਹੀ ਤੋਂ ਬਚਾਏ ਗਏ
      d. ਗੁਆਚੇ ਜਾਣ ਤੋਂ ਬਚਾਏ ਗਏ
      e. ਮੌਤ ਤੋਂ ਬਚਾਏ ਗਏ
      f. ਨਾਸ਼ ਹੋਣ ਤੋਂ ਬਚਾਏ ਗਏ
  C. ਮੁਕਤੀ ਦਾ ਸਮਾਂ **102**
    1. ਅਤੀਤ ਵਿੱਚ, ਵਿਸ਼ਵਾਸੀ ਪਾਪ ਦੀ ਸਜ਼ਾ ਤੋਂ ਮੁਕਤ ਕੀਤੇ ਗਏ
    2. ਵਰਤਮਾਨ ਵਿੱਚ, ਵਿਸ਼ਵਾਸੀ ਪਾਪ ਦੀ ਸ਼ਕਤੀ ਤੋਂ ਮੁਕਤ ਹੋ ਰਹੇ ਹਨ
    3. ਭਵਿੱਖ ਵਿੱਚ, ਵਿਸ਼ਵਾਸੀ ਪਾਪ ਦੀ ਮੌਜੂਦਗੀ ਤੋਂ ਅਤੇ ਪਰਮੇਸ਼ਰ ਦੇ ਸਾਰੇ ਕ੍ਰੋਧ ਤੋਂ ਮੁਕਤ ਕੀਤੇ ਜਾਣਗੇ
  D. ਸਾਰ
II. ਪ੍ਰਤਿਸਥਾਪਨ (ਦੂਜੇ ਲਈ) ਪ੍ਰਾਸਚਿਤ
  A. ਪ੍ਰਾਸਚਿਤ ਦਾ ਦੁਰਘਟਨਾ ਦਾ ਵਿਚਾਰ
  B. ਪ੍ਰਾਸਚਿਤ ਦੀ ਮਿਸਾਲ ਦਾ ਵਿਚਾਰ
  C. ਪ੍ਰਾਸਚਿਤ ਦੇ ਨੈਤਿਕ ਪ੍ਰਭਾਵ ਦਾ ਵਿਚਾਰ **103**
  D. ਪ੍ਰਾਸਚਿਤ ਦਾ ਸ਼ਾਸਨ ਵਿਚਾਰ
  E. ਪ੍ਰਾਸਚਿਤ ਦੇ ਪ੍ਰਤਿਸਥਾਪਨ (ਦੂਜੇ ਦੇ ਥਾਂ ਤੇ) ਵਿਚਾਰ ਦਾ ਬਚਾਅ
    1. ਸ਼ਬਦ ਐਂਟੀ (anti) **104**
    *2.* ਸ਼ਬਦ ਹੂਪਰ (huper)
    3. ਕਿਸੇ ਦੀ ਥਾਂ ਜਾਨ ਦੇਣ ਦੇ ਵਿਚਾਰ ਨੂੰ ਐਂਟੀ ਅਤੇ ਹੂਪਰ ਤੋਂ ਇਲਾਵਾ ਵੀ ਸਥਾਪਿਤ ਕੀਤਾ ਗਿਆ ਹੈ **105**
    4. ਸਿੱਟਾ 106
III. ਛੁਟਕਾਰਾ: ਪ੍ਰਾਸਚਿਤ ਦਾ ਪਾਪ ਦਾ ਪਹਿਲੂ
  **A.** ਐਗੋਰਾਜ਼ੋ
    1. ਧਰਮ-ਨਿਰਪੱਖ ਵਰਤੋਂ
    2. ਬਾਈਬਲ ਵਿੱਚ ਇਸ ਦੀ ਵਰਤੋਂ
    3. ਸਿੱਟਾ **107**
  **B.** ਐਕਸਾਗੋਰਾਜ਼ੋ
    1. ਧਰਮ-ਨਿਰਪੱਖ ਵਰਤੋਂ
    2. ਬਾਈਬਲ ਵਿੱਚ ਇਸ ਦੀ ਵਰਤੋਂ
  **C.** ਲੁਤਰਾਓ
    1. ਧਰਮ-ਨਿਰਪੱਖ ਵਰਤੋਂ
    2. ਬਾਈਬਲ ਵਿੱਚ ਇਸ ਦੀ ਵਰਤੋਂ **108**
  ***D.*** *ਲੁਤਰੋਨ*
    1. ਧਰਮ-ਨਿਰਪੱਖ ਵਰਤੋਂ
    2. ਬਾਈਬਲ ਵਿੱਚ ਇਸ ਦੀ ਵਰਤੋਂ
  **E.** ਲੁਤਰੋਸਿਸ **109**
  **F.** ਅਪੋਲੁਤਰੋਸਿਸ
    1. ਧਰਮ-ਨਿਰਪੱਖ ਵਰਤੋਂ
    2. ਬਾਈਬਲ ਵਿੱਚ ਇਸ ਦੀ ਵਰਤੋਂ
  **G.** ਛੁਟਕਾਰੇ ਦਾ ਸਾਰ ਅਤੇ ਸਿੱਟੇ **110**
    1. ਛੁਟਕਾਰੇ ਦੀ ਕੀਮਤ ਕਿਸ ਨੂੰ ਚੁਕਾਈ ਗਈ ਹੈ
    2. ਛੁਟਕਾਰਾ, ਪ੍ਰਾਸਚਿਤ ਦਾ ਪਾਪ ਦਾ ਪਹਿਲੂ ਹੈ
    3. ਇਹਨਾਂ ਸ਼ਬਦਾਂ ਵਿੱਚ ਛੋਟੇ ਅੰਤਰ
      a. ਐਗੋਰਾਜ਼ੋ
      b. ਲੁਤਰਾਓ **111**
IV. ਮੇਲ-ਮਿਲਾਪ: ਪ੍ਰਾਸਚਿਤ ਦਾ ਮਨੁੱਖੀ ਪਹਿਲੂ
  **A.** ਮੇਲ-ਮਿਲਾਪ ਵਿਚਾਰ ਦਾ ਪਿਛੋਕੜ

**B.** ਮੇਲ-ਮਿਲਾਪ ਸ਼ਬਦ ਦਾ ਅਰਥ
1. ਪ੍ਰਾਚੀਨ ਧਰਮ ਨਿਰਪੱਖ ਸੰਸਾਰ ਵਿੱਚ ਵਰਤੋਂ
2. ਬਾਈਬਲ ਵਿੱਚ ਇਸ ਦੀ ਵਰਤੋਂ **112**
a. ਗ਼ੈਰ-ਮੁਕਤੀ ਦੇ ਸੰਦਰਭਾਂ ਵਿੱਚ
b. ਮੁਕਤੀ ਦੇ ਸੰਦਰਭਾਂ

C. ਮੇਲ-ਮਿਲਾਪ ਦੇ ਸਿਧਾਂਤ ਬਾਰੇ ਵੇਰਵੇ
1. ਮੇਲ ਦੇ ਦੋ ਪਹਿਲੂ
2. ਮੇਲ ਦੇ ਦੋ ਪਹਿਲੂਆਂ ਦੀ ਵਿਆਖਿਆ **113**
a. ਸਰਵ-ਵਿਆਪਕ ਮੇਲ ਸਲੀਬ ਉੱਤੇ ਹੋਇਆ
b. ਵਿਅਕਤੀਗਤ ਮੇਲ ਮੁਕਤੀ ਮਿਲਣ ਦੇ ਸਮੇਂ ਹੁੰਦਾ ਹੈ
3. ਪਰਮੇਸ਼ਰ ਮੇਲ ਕਰਨ ਦੀ ਪਹਿਲ ਕਰਦੇ ਹਨ
4. ਸਾਰ **114**

V. ਸੰਤੁਸ਼ਟ ਕਰਨਾ: ਪ੍ਰਾਸਚਿਤ ਦਾ ਪਰਮੇਸ਼ਰ ਦਾ ਪਹਿਲੂ
*A.* ਸੰਤੁਸ਼ਟ ਕਰਨ ਦੀ ਪਰਿਭਾਸ਼ਾ **115**
1. ਪ੍ਰਾਚੀਨ ਧਰਮ ਨਿਰਪੱਖ ਵਰਤੋਂ
*2.* ਬਾਈਬਲ ਵਿੱਚ ਇਸ ਸ਼ਬਦ ਦੀ ਵਰਤੋਂ
a. ਪਰਮੇਸ਼ਰ ਪਾਪ ਤੋਂ ਗੁੱਸਾ ਹਨ
b. ਸੈਪਟੂਜਿੰਟ ਵਿੱਚ ਸੰਤੁਸ਼ਟ ਕਰਨ ਦਾ ਵਿਚਾਰ
c. ਨਵੇਂ ਨੇਮ ਵਿੱਚ ਸੰਤੁਸ਼ਟ ਕਰਨ ਦਾ ਵਿਚਾਰ **116**

B. ਸੰਤੁਸ਼ਟ ਕਰਨ ਦੇ ਤਿੰਨ ਕਾਰਜ ਜਾਂ ਪੜਾਅ **117**
1. ਸਲੀਬ ਉੱਤੇ ਪੂਰੇ ਸੰਸਾਰ ਲਈ ਪ੍ਰਾਸਚਿਤ ਕੀਤਾ ਗਿਆ
2. ਪ੍ਰਾਸਚਿਤ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸਮੇਂ ਹੁੰਦਾ ਹੈ
3. ਪਰਮੇਸ਼ਰ ਦਾ ਕ੍ਰੋਧ ਉਦੋਂ ਸੰਤੁਸ਼ਟ ਹੁੰਦਾ ਹੈ ਜਦੋਂ ਇੱਕ ਵਿਸ਼ਵਾਸੀ ਆਪਣੇ ਪਾਪ ਨੂੰ ਸਵੀਕਾਰ ਕਰਦਾ ਹੈ **118**

C. ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਸਿਧਾਂਤ ਦੇ ਵੱਡੇ ਪ੍ਰਭਾਵ

VI. ਪ੍ਰਾਸਚਿਤ ਵਿੱਚ ਮਸੀਹ ਦੇ ਖ਼ੂਨ ਦੀ ਭੂਮਿਕਾ
A. ਬਾਈਬਲ ਵਿੱਚ ਖ਼ੂਨ ਬਾਰੇ ਨਿਰੀਖਣ
B. ਪ੍ਰਾਸਚਿਤ ਵਿੱਚ ਮਸੀਹ ਦੇ ਖ਼ੂਨ ਦੀ ਭੂਮਿਕਾ ਦੇ ਸਿੱਟੇ **120**
1. ਖ਼ੂਨ ਇੱਕ ਪ੍ਰਤੀਕ ਤੋਂ ਵੱਧਕੇ ਹੈ
2. ਮੁਕਤੀ ਪ੍ਰਦਾਨ ਕਰਨ ਵਿੱਚ ਹੋਰ ਕੰਮ

VII. ਪ੍ਰਾਸਚਿਤ ਦਾ ਅਰਥ ਅਤੇ ਹੱਦ **121**
*A.* ਪੁਰਾਣੇ ਨੇਮ ਵਿੱਚ ਪ੍ਰਾਸਚਿਤ ਸ਼ਬਦ
1. ਪਾਪ ਨੂੰ ਢੱਕਣਾ
2. ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ
3. ਕਿਰਪਾ ਪ੍ਰਾਪਤ ਕਰਨ ਲਈ ਕੀਤਾ ਗਿਆ ਭੁਗਤਾਨ
4. ਮੇਲ-ਮਿਲਾਪ ਕਰਨਾ **122**
5. ਸਾਰ

B. ਇੱਕ ਅਧਿਆਤਮਿਕ ਸ਼ਬਦ ਵਜੋਂ ਪ੍ਰਾਸਚਿਤ ਦੀ ਵਰਤੋਂ **123**
C. ਪ੍ਰਾਸਚਿਤ ਦੀ ਹੱਦ
D. ਪ੍ਰਾਸਚਿਤ ਦਾ ਮੁਕੰਮਲ ਹੋਣਾ

## *ਭਾਗ 1:*
## *ਮੁਕਤੀ ਦਾ ਪ੍ਰਬੰਧ ਕੀਤਾ ਜਾਣਾ*

### I. ਮੁਕਤੀ ਸ਼ਬਦ ਦਾ ਅਧਿਐਨ

### A. ਮੁਕਤੀ ਸ਼ਬਦ ਦੀ ਵਰਤੋਂ

1. *ਮੁਕਤੀ ਦੇਣਾ/ਬਚਾਉਣਾ (ਸੋਜ਼ੋ)* ਨਵੇਂ ਨੇਮ ਵਿੱਚ ਲਗਭਗ 106-108 ਵਾਰ ਵਰਤਿਆ ਗਿਆ ਹੈ ਜੋ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਹੜੀਆਂ ਹੱਥ-ਲਿਖਤਾਂ ਵਿੱਚ ਗਿਣ ਰਹੇ ਹੋ।

2. *ਮੁਕਤੀ (ਸੋਟੇਰੀਆ)* ਨੂੰ ਨਵੇਂ ਨੇਮ ਵਿੱਚ ਲਗਭਗ 45 ਜਾਂ 46 ਵਾਰ ਵਰਤਿਆ ਗਿਆ ਹੈ।

3. *ਮੁਕਤੀਦਾਤਾ (ਸੋਟੇਰ)* ਨੂੰ ਨਵੇਂ ਨੇਮ ਵਿੱਚ ਲਗਭਗ 24 ਵਾਰ ਵਰਤਿਆ ਗਿਆ ਹੈ।

4. *ਮੁਕਤੀ (ਸੋਟੇਰੀਅਨ)* ਨੂੰ ਚਾਰ ਵਾਰ ਵਰਤਿਆ ਗਿਆ ਹੈ।
ਸਾਰੇ ਚਾਰ ਸ਼ਬਦਾਂ ਦਾ ਕੁੱਲ ਜੋੜ ਲਗਭਗ 180 ਵਾਰ ਹੈ।

### B. ਮੁਕਤੀ ਦਾ ਅਰਥ

1. ਆਮ ਤੌਰ ਤੇ ਮੁਕਤੀ ਨੂੰ ਕਈ ਤਰੀਕਿਆਂ ਨਾਲ ਵਰਤਿਆ ਗਿਆ ਹੈ ਜੋ ਪਾਪ ਦੀ ਸਜ਼ਾ ਤੋਂ ਮੁਕਤੀ ਦੀ ਗੱਲ ਨਹੀਂ ਕਰਦੇ ਹਨ। ਇਸ ਨਾਲ ਇਹ ਸਾਬਤ ਕਰਨ ਵਿੱਚ ਮਦਦ ਮਿਲਦੀ ਹੈ ਕਿ ਇਸ ਸਬਦ ਦਾ ਮੂਲ ਅਰਥ "ਬਚਾਉਣਾ, ਛੁਟਕਾਰਾ ਦੇਣਾ" ਹੈ।

a. ਨਵੇਂ ਨੇਮ ਵਿੱਚ, ਖ਼ਾਸ ਤੌਰ ਤੇ ਸ਼ੁਭ-ਸਮਾਚਾਰਾਂ ਵਿੱਚ "ਬਿਮਾਰੀ ਤੋਂ ਛੁਟਕਾਰੇ" ਨੂੰ ਮੁਕਤੀ ਕਹਿਣਾ ਆਮ ਗੱਲ ਹੈ। ਮੁਕਤੀ ਸਿਹਤ ਦੀ ਬਹਾਲੀ ਨੂੰ ਵੀ ਦਰਸਾ ਸਕਦੀ ਹੈ - ਇੱਕ ਵਿਅਕਤੀ ਦੀ ਸਿਹਤ ਚੰਗੀ ਹੋ ਗਈ (ਦੇਖੋ, ਮੱਤੀ 9:21-22; ਮਰਕੁਸ 3:4; 5:23, 28, 34; 6:56; 10:52; ਲੂਕਾ 6:9; 7:50; 17:19; 18:42; ਯੂਹੰਨਾ 11:12; ਰਸੂਲਾਂ 4:9; 14:9; 27:34; 2 ਕੁਰਿੰਥ 1:6; ਯਾਕੂਬ 5:15)।

> …ਉਸ ਨੇ ਆਪਣੇ ਮਨ ਵਿੱਚ ਨਿਸ਼ਚਾ ਕੀਤੀ ਸੀ, "ਜੇਕਰ ਕੇਵਲ ਮੈਂ ਉਹਨਾਂ ਦਾ ਚੋਗਾ ਹੀ ਛੂਹ ਲਵਾਂਗੀ, ਤਾਂ ਚੰਗੀ ਹੋ ਜਾਵਾਂਗੀ" (ਯੂਨਾਨੀ, ਬਚ ਜਾਵਾਂਗੀ)। ਇਸ ਲਈ ਯਿਸੂ ਨੇ ਪਿੱਛੇ ਮੁੜ ਕੇ ਉਸ ਨੂੰ ਦੇਖਿਆ ਅਤੇ ਕਿਹਾ, "ਧੀਰਜ ਰੱਖ ਬੇਟੀ, ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ ਹੈ" (ਯੂਨਾਨੀ, ਬਚਾਇਆ ਹੈ)। ਉਸੇ ਘੜੀ ਉਹ ਔਰਤ

ਚੰਗੀ ਹੋ ਗਈ (ਯੂਨਾਨੀ, ਬਚ ਗਈ) [ਮੱਤੀ 9:21-22]

…ਵਿਸ਼ਵਾਸ ਨਾਲ ਕੀਤੀ ਹੋਈ ਪ੍ਰਾਰਥਨਾ ਬਿਮਾਰ ਨੂੰ ਚੰਗਾ ਕਰੇਗੀ (ਯੂਨਾਨੀ, ਬਚਾਏਗੀ) [ਯਾਕੂਬ 5:15a]

b. *ਮੁਕਤੀ* ਦੀ ਵਰਤੋਂ ਅਸ਼ੁੱਧ ਆਤਮਾਵਾਂ ਤੋਂ ਛੁਟਕਾਰੇ ਦੇ ਲਈ ਵੀ ਕੀਤੀ ਜਾ ਸਕਦੀ ਹੈ (ਲੂਕਾ 8:36)।

c. ਮੁਕਤੀ ਦੀ ਵਰਤੋਂ ਦੁਸ਼ਮਣਾਂ ਤੋਂ ਬਚਾਉਣ ਜਾਂ ਛੁਟਕਾਰਾ ਦੇਣ ਦੇ ਲਈ ਕੀਤੀ ਜਾ ਸਕਦੀ ਹੈ (ਲੂਕਾ 1:71; ਰਸੂਲਾਂ 7:25)

"ਵੈਰੀਆਂ ਤੋਂ ਸਾਨੂੰ ਬਚਾਉਣਗੇ…" [ਲੂਕਾ1:71a]

d. ਯਿਸੂ ਮਸੀਹ ਨੇ ਬਚਾਏ ਜਾਣ ਦੇ ਲਈ ਪ੍ਰਾਰਥਨਾ ਕੀਤੀ ਸੀ। ਇਹ ਅਜਿਹਾ ਦਰਸਾਉਣ ਵਿੱਚ ਮਦਦ ਕਰਦਾ ਹੈ ਕਿ ਇਸ ਸ਼ਬਦ ਦਾ ਅਰਥ "ਮੌਤ ਤੋਂ ਛੁਟਕਾਰਾ" ਹੈ।

"ਮੇਰਾ ਆਤਮਾ ਦੁਖੀ ਹੈ, ਮੈਂ ਕੀ ਕਹਾਂ? 'ਹੇ ਪਿਤਾ, ਮੈਨੂੰ ਇਸ ਦੁੱਖਾਂ ਦੀ ਘੜੀ ਤੋਂ **ਬਚਾਓ**?' ਨਹੀਂ, ਇਸੇ ਘੜੀ ਲਈ ਤਾਂ ਮੈਂ ਆਇਆ ਹਾਂ।" [ਯੂਹੰਨਾ 12:27]

ਯਿਸੂ ਨੇ ਆਪਣੇ ਮਨੁੱਖੀ ਜੀਵਨ ਵਿੱਚ ਉੱਚੀ ਆਵਾਜ਼ ਨਾਲ ਪੁਕਾਰ ਪੁਕਾਰ ਕੇ ਅਤੇ ਅੱਥਰੂ ਵਹਾ ਵਹਾ ਕੇ ਪਰਮੇਸ਼ਰ ਦੇ ਅੱਗੇ ਪ੍ਰਾਰਥਨਾਵਾਂ ਅਤੇ ਬੇਨਤੀਆਂ ਕੀਤੀਆਂ, ਜਿਹੜੇ ਉਹਨਾਂ ਨੂੰ ਮੌਤ ਤੋਂ **ਬਚਾ** ਸਕਦੇ ਸਨ। ਕਿਉਂਕਿ ਯਿਸੂ ਆਗਿਆਕਾਰੀ ਸਨ ਇਸ ਲਈ ਉਹਨਾਂ ਦੀ ਸੁਣੀ ਗਈ। [ਇਬ 5:7]

e. *ਮੁਕਤੀ* ਸ਼ਬਦ ਦੀ ਵਰਤੋਂ ਕਈ ਤਰ੍ਹਾਂ ਦੇ ਖ਼ਤਰਿਆਂ ਤੋਂ ਬਚਾਉਣ ਦੇ ਲਈ ਕੀਤੀ ਗਈ ਹੈ ਜਿਵੇਂ ਕਿ, ਸਮੁੰਦਰ ਵਿੱਚ ਤੂਫ਼ਾਨ ਤੋਂ ਬਚਾਉਣਾ (ਮੱਤੀ 8:25; 14:30; ਰਸੂਲਾਂ 27:20, 31); ਬਿਪਤਾ ਦੇ ਸਮੇਂ ਦੇ ਅੰਤ ਵਿੱਚ ਛੁਟਕਾਰਾ (ਮੱਤੀ 10:22; 24:13, 22; ਮਰਕੁਸ 13:13, 20); ਸਲੀਬ ਤੋਂ ਬਚਾਉਣਾ (ਮੱਤੀ 27:40, 42, 49; ਮਰਕੁਸ 15:30, 31; ਲੂਕਾ 23:35, 37, 39); ਮੁਸੀਬਤ ਤੋਂ ਬਚਾਉਣਾ (1 ਤਿਮੋਥਿ 4:16); ਕੈਦ ਤੋਂ ਬਚਾਉਣਾ (ਫ਼ਿਲਿੱਪੀ 1:19); ਮਿਸਰ ਦੀ ਗੁਲਾਮੀ ਤੋਂ ਬਚਾਉਣਾ (ਯਹੂਦਾਹ 5); ਪਾਣੀ ਦੀ ਪਰਲੋ ਤੋਂ ਬਚਾਉਣਾ (ਇਬ 11: 7)।

ਨਵੇਂ ਨੇਮ ਦੇ ਮਸੀਹੀ ਲੇਖਕਾਂ ਦੁਆਰਾ "ਮੁਕਤੀ" ਸ਼ਬਦ ਦੀ ਵਰਤੋਂ ਕਰਨ ਤੋਂ ਪਹਿਲਾਂ, ਇਸ ਦੀ ਵਰਤੋਂ ਮਨੁੱਖ ਉੱਤੇ ਆਉਣ ਵਾਲੇ ਆਮ ਖ਼ਤਰਿਆਂ ਦੇ ਲਈ ਕੀਤੀ ਜਾਂਦੀ ਸੀ। ਮੁਕਤੀ ਦਾ ਅਰਥ "ਛੁਟਕਾਰਾ, ਬਚਾਅ, ਰੱਖਿਆ, ਮਦਦ, ਸਹਾਇਤਾ, ਮੁਸੀਬਤ ਤੋਂ ਬਚਾਅ" ਹੈ।

2. **ਬਾਈਬਲ ਦੇ ਲੇਖਕਾਂ ਨੇ ਇੱਕ ਆਮ ਸ਼ਬਦ ਲਿਆ ਜਿਸ ਦਾ ਅਰਥ "ਛੁਟਕਾਰਾ/ਬਚਾਅ" ਹੈ ਅਤੇ ਇਸ ਨੂੰ ਆਤਮਿਕ ਅਰਥਾਂ ਵਿੱਚ ਵਰਤਿਆ।** ਵਿਸ਼ਵਾਸੀਆਂ ਨੂੰ ਕਈ ਮੁਸੀਬਤਾਂ ਤੋਂ "ਬਚਾਇਆ" ਗਿਆ ਹੈ।

a. ਵਿਸ਼ਵਾਸੀ ਪਾਪ ਤੋਂ ਬਚਾਏ ਗਏ ਹਨ (ਮੱਤੀ 1:21; ਲੂਕਾ 1:77, 7:50; 1 ਤਿਮੋਥਿ 1:15)।

"ਉਹ ਇੱਕ ਪੁੱਤਰ ਨੂੰ ਜਨਮ ਦੇਵੇਗੀ। ਤੂੰ ਉਹਨਾਂ ਦਾ ਨਾਮ ਯਿਸੂ ਰੱਖਣਾ ਕਿਉਂਕਿ **ਉਹ ਆਪਣੇ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਮੁਕਤੀ ਦੇਣਗੇ**।" [ਮੱਤੀ 1:21]

ਇਹ ਵਚਨ ਸੱਚਾ ਅਤੇ ਪੂਰੀ ਤਰ੍ਹਾਂ ਭਰੋਸੇਯੋਗ ਹੈ ਕਿ **ਮਸੀਹ ਯਿਸੂ** ਇਸ ਸੰਸਾਰ ਵਿੱਚ **ਪਾਪੀਆਂ ਨੂੰ ਮੁਕਤੀ ਦੇਣ** ਦੇ ਲਈ ਆਏ, ਜਿਹਨਾਂ ਵਿੱਚੋਂ ਸਭ ਤੋਂ ਵੱਡਾ ਪਾਪੀ ਮੈਂ ਹਾਂ। [1 ਤਿਮੋਥਿ 1:15]

b. ਵਿਸ਼ਵਾਸੀ ਪਰਮੇਸ਼ਰ ਦੇ ਕ੍ਰੋਧ, ਸਜ਼ਾ, ਅਤੇ ਨਿੰਦਿਆ ਤੋਂ ਬਚਾਏ ਗਏ ਹਨ (ਯੂਹੰਨਾ 3:17; ਰੋਮੀ 1:16, 18; 5:9; 1 ਥੱਸਲੁ 5:9; 1 ਪਤਰਸ 4:17-18)।

ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ **ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਂਗੇ**। [ਰੋਮੀ 5:9]

c. ਵਿਸ਼ਵਾਸੀ ਦੁਸ਼ਟ ਪੀੜ੍ਹੀ (ਦੁਸ਼ਟ ਸੰਸਾਰ) ਤੋਂ ਬਚਾਏ ਗਏ ਹਨ (ਰਸੂਲਾਂ 2:40)।

…ਇਸ ਦੁਸ਼ਟ ਪੀੜ੍ਹੀ ਤੋਂ ਬਚਾਓ [ਰਸੂਲਾਂ 2:40]

d. ਵਿਸ਼ਵਾਸੀ ਇਸ ਸੰਸਾਰ ਵਿੱਚ ਗੁਆਚੇ ਜਾਣ ਤੋਂ ਬਚਾਏ ਗਏ ਹਨ (ਲੂਕਾ 19:10)।

"ਕਿਉਂਕਿ ਮਨੁੱਖ ਦਾ ਪੁੱਤਰ **ਗੁਆਚੇ ਹੋਇਆਂ ਨੂੰ ਲੱਭਣ ਅਤੇ ਉਹਨਾਂ ਨੂੰ ਮੁਕਤੀ ਦੇਣ ਆਇਆ ਹੈ**।" [ਲੂਕਾ 19:10]

e. ਵਿਸ਼ਵਾਸੀ ਮੌਤ ਤੋਂ ਬਚਾਏ ਗਏ ਹਨ (ਮੱਤੀ 16:25; ਮਰਕੁਸ 8:35; ਲੂਕਾ 9:24)। ਅੱਗੇ ਦਿੱਤੀਆਂ ਆਇਤਾਂ ਵੀ ਦੇਖੋ ਜੋ ਮੌਤ ਤੋਂ ਮੁਕਤੀ ਦੀ ਗੱਲ ਕਰਦੀਆਂ ਹਨ, ਪਰ ਉਹ ਮੁਕਤੀ ਸ਼ਬਦ ਦੀ ਵਰਤੋਂ ਨਹੀਂ ਕਰਦੀਆਂ ਹਨ: ਯੂਹੰਨਾ 5:24; ਰੋਮੀ 6:23; ਅਫ਼ਸੀ 2:1

"ਜਿਹੜਾ ਆਪਣਾ ਪ੍ਰਾਣ ਬਚਾਉਣਾ ਚਾਹੁੰਦਾ ਹੈ, ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਆਪਣਾ **ਪ੍ਰਾਣ ਮੇਰੇ ਲਈ ਗੁਆਵੇਗਾ, ਉਹ ਉਸ ਨੂੰ ਬਚਾਵੇਗਾ**।" [ਲੂਕਾ 9:24]

f. ਵਿਸ਼ਵਾਸੀ ਨਾਸ਼ ਹੋਣ ਤੋਂ ਬਚਾਏ ਗਏ ਹਨ (1 ਕੁਰਿੰਥ 1:18; 2 ਕੁਰਿੰਥ 2:15-16; ਯਾਕੂਬ 4:12)

ਕਿਉਂਕਿ ਅਸੀਂ ਮਸੀਹ ਦੇ ਦੁਆਰਾ ਪਰਮੇਸ਼ਰ ਦੇ ਲਈ **ਮੁਕਤੀ** ਦੀ ਰਾਹ ਤੇ ਚੱਲਣ ਵਾਲਿਆਂ ਅਤੇ **ਨਾਸ਼** ਦੀ ਰਾਹ ਤੇ ਚੱਲਣ ਵਾਲਿਆਂ ਵਿੱਚਕਾਰ ਸੁਗੰਧ ਹਾਂ [2 ਕੁਰਿੰਥ 2:15]

ਵਿਵਸਥਾ ਦੇ ਦੇਣ ਵਾਲੇ ਅਤੇ ਨਿਆਂ ਕਰਨ ਵਾਲੇ ਇੱਕ ਹੀ ਹਨ ਜੋ **ਬਚਾਉਣ ਅਤੇ ਨਾਸ਼ ਕਰਨ** ਦੀ ਸਮਰੱਥਾ ਰੱਖਦੇ ਹਨ। ਫਿਰ ਤੂੰ ਆਪਣੇ ਗੁਆਂਢੀ ਦੇ ਉੱਤੇ ਦੋਸ਼ ਲਾਉਣ ਵਾਲਾ ਕੌਣ ਹੁੰਦਾ ਹੈਂ? [ਯਾਕੂਬ 4:12]

### C. ਮੁਕਤੀ ਦਾ ਸਮਾਂ

ਬਾਈਬਲ ਦੇ ਇੱਕ ਵਿਦਿਆਰਥੀ ਨੂੰ ਇਸ ਤੱਥ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਬਾਈਬਲ ਮੁਕਤੀ ਬਾਰੇ ਕਦੇ ਅਤੀਤ, ਕਦੇ ਵਰਤਮਾਨ, ਅਤੇ ਕਦੇ ਭਵਿੱਖ ਵਿੱਚ ਗੱਲ ਕਰਦੀ ਹੈ।

1. **ਅਤੀਤ ਵਿੱਚ, ਵਿਸ਼ਵਾਸੀ ਪਾਪ ਦੀ ਸਜ਼ਾ ਤੋਂ ਮੁਕਤ ਕੀਤੇ ਗਏ ਹਨ** (ਰੋਮੀ 8:24; ਅਫ਼ਸੀ 2:5, 8; 2 ਤਿਮੋਥਿ 1:9; ਤੀਤੁਸ 3:5)

> ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ **ਮੁਕਤ ਕੀਤੇ ਗਏ ਹੋ [ਅਤੀਤ]**। ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ। [ਅਫ਼ਸੀ 2:8]
>
> ਉਹਨਾਂ ਨੇ ਸਾਨੂੰ **ਮੁਕਤੀ ਦਿੱਤੀ** [ਅਤੀਤ]। ਇਹ ਸਾਡੇ ਕਿਸੇ ਨੇਕ ਕੰਮਾਂ ਦੇ ਕਾਰਨ ਨਹੀਂ ਸੀ ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹਨ। ਉਹਨਾਂ ਨੇ ਸਾਡੇ ਦਿਲਾਂ ਨੂੰ ਸ਼ੁੱਧ ਕਰ ਕੇ ਨਵਾਂ ਜਨਮ ਅਤੇ ਪਵਿੱਤਰ ਆਤਮਾ ਦੇ ਰਾਹੀਂ ਨਵਾਂ ਜੀਵਨ ਦਿੱਤਾ ਹੈ [ਤੀਤੁਸ 3:5]

2. **ਵਰਤਮਾਨ ਵਿੱਚ, ਵਿਸ਼ਵਾਸੀ ਪਾਪ ਦੀ ਸ਼ਕਤੀ ਤੋਂ ਮੁਕਤ ਹੋ ਰਹੇ ਹਨ** (ਫ਼ਿਲਿੱਪੀ 2:12; 1 ਪਤਰਸ 2:2)

> ਇਸ ਲਈ ਭਰਾਵੋ ਅਤੇ ਭੈਣੋ, ਜਿਸ ਤਰ੍ਹਾਂ ਮੇਰੇ ਨਾਲ ਰਹਿੰਦੇ ਹੋਏ ਤੁਸੀਂ ਹਮੇਸ਼ਾ ਮੇਰੇ ਆਗਿਆਕਾਰੀ ਰਹੇ ਹੋ, ਉਸੇ ਤਰ੍ਹਾਂ ਹੁਣ ਮੇਰੇ ਤੋਂ ਦੂਰ ਰਹਿੰਦੇ ਹੋਏ ਉਸ ਤੋਂ ਵੀ ਜ਼ਿਆਦਾ ਆਗਿਆਕਾਰੀ ਰਹੋ, ਤੁਸੀਂ ਡਰਦੇ ਅਤੇ ਕੰਬਦੇ ਹੋਏ **ਆਪਣੀ ਮੁਕਤੀ ਦੀ ਪੂਰਤੀ ਦੇ ਲਈ ਕੋਸ਼ਿਸ਼ ਕਰਦੇ ਰਹੋ**। [ਫ਼ਿਲਿੱਪੀ 2:12]

3. **ਭਵਿੱਖ ਵਿੱਚ, ਵਿਸ਼ਵਾਸੀ ਪਾਪ ਦੀ ਮੌਜੂਦਗੀ ਤੋਂ** ਅਤੇ ਪਰਮੇਸ਼ਰ ਦੇ ਸਾਰੇ ਕ੍ਰੋਧ ਤੋਂ ਮੁਕਤ ਕੀਤੇ ਜਾਣਗੇ (ਰੋਮੀ 5:10; 13:11; 1 ਥੱਸਲੁ 5:9; 2 ਤਿਮੋਥਿ 4:18; ਇਬ 1:14; 9:28; 1 ਪਤਰਸ 1:5; 4:18)

> …ਅਸੀਂ ਮਸੀਹ ਦੇ ਜੀਵਨ ਦੁਆਰਾ ਬਚਾਏ ਜਾਵਾਂਗੇ [ਭਵਿੱਖ ਵਿੱਚ] [ਰੋਮੀ 5:10]

### D. ਸਾਰ

*ਮੁਕਤੀ* ਦਾ *ਅਰਥ* "ਬਚਾਉਣਾ, ਛੁਟਕਾਰਾ ਦੇਣਾ, ਮਦਦ ਕਰਨਾ, ਸਹਾਇਤਾ ਕਰਨਾ ਆਦਿ" ਹੁੰਦਾ ਹੈ। ਇਹ ਗ਼ੈਰ-ਅਧਿਆਤਮਿਕ ਸੰਦਰਭਾਂ ਵਿੱਚ ਵੀ ਵਰਤਿਆ ਗਿਆ ਹੈ (ਬਿਮਾਰੀ, ਅਸ਼ੁੱਧ ਆਤਮਾਵਾਂ, ਦੁਸ਼ਮਣਾਂ, ਤੂਫਾਨਾਂ, ਗੁਲਾਮੀ ਤੋਂ ਛੁਟਕਾਰਾ)। ਅਧਿਆਤਮਿਕ ਸੰਦਰਭਾਂ ਵਿੱਚ ਵੀ ਇਸ ਦਾ ਅਰਥ ਇਹੀ ਹੈ। ਮਸੀਹੀ ਲੋਕ ਪਾਪ, ਪਰਮੇਸ਼ਰ ਦੇ ਕ੍ਰੋਧ, ਨਿਆਂ, ਸਜ਼ਾ, ਦੁਸ਼ਟ ਸੰਸਾਰ, ਗੁਆਚੇ ਜਾਣ, ਮੌਤ, ਅਤੇ ਨਾਸ਼ ਹੋਣ ਤੋਂ ਮੁਕਤ ਕੀਤੇ ਗਏ ਹਨ। ਵਿਸ਼ਵਾਸੀ ਪਾਪ ਦੀ ਸਜ਼ਾ ਤੋਂ **ਮੁਕਤ ਕੀਤੇ ਗਏ ਹਨ**, ਇਸ ਦੀ ਸ਼ਕਤੀ ਤੋਂ **ਮੁਕਤ ਹੋ ਰਹੇ ਹਨ**, ਅਤੇ ਇਸ ਦੀ ਮੌਜੂਦਗੀ ਤੋਂ **ਮੁਕਤ ਕੀਤੇ ਜਾਣਗੇ।**

## II. ਪ੍ਰਤਿਸਥਾਪਨ (ਦੂਜੇ ਲਈ) ਪ੍ਰਾਸਚਿਤ

ਪ੍ਰਾਸਚਿਤ ਇੱਕ ਅਧਿਆਤਮਿਕ ਸ਼ਬਦ ਹੈ ਇਹ ਉਸ ਕੰਮ ਨੂੰ ਦਰਸਾਉਂਦਾ ਹੈ ਜੋ ਮਸੀਹ ਨੇ ਸਲੀਬ ਉੱਤੇ ਕੀਤਾ ਸੀ। ਪ੍ਰਾਸਚਿਤ ਦਾ ਪੂਰਾ ਅਧਿਐਨ ਇਸ ਅਧਿਆਇ ਦੇ ਭਾਗ III ਤੋਂ VII ਵਿੱਚ ਕੀਤਾ ਗਿਆ ਹੈ। ਪਰ ਇਹ ਭਾਗ ਬਹੁਤ ਸੀਮਿਤ ਹੈ। ਇਸ ਵਿੱਚ ਸਿਰਫ਼ ਇਹਨਾਂ ਸਵਾਲਾਂ ਉੱਤੇ ਵਿਚਾਰ ਕੀਤਾ ਗਿਆ ਹੈ: ਮਸੀਹ ਦੀ ਮੌਤ ਦਾ ਉਦੇਸ਼ ਕੀ ਸੀ? ਉਹ ਸਲੀਬ ਉੱਤੇ ਕੀ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ? ਕਈ ਸਿਧਾਂਤ ਸਾਹਮਣੇ ਆਏ ਹਨ ਜੋ ਜਾਂ ਤਾਂ ਕਾਫ਼ੀ ਨਹੀਂ ਹਨ ਅਤੇ ਜਾਂ ਗ਼ਲਤ ਹਨ।

### A. ਪ੍ਰਾਸਚਿਤ ਦਾ ਦੁਰਘਟਨਾ ਦਾ ਵਿਚਾਰ

ਪ੍ਰਾਸਚਿਤ ਦਾ ਦੁਰਘਟਨਾ ਦਾ ਵਿਚਾਰ ਬੁਨਿਆਦੀ ਤੌਰ ਤੇ ਇੱਕ ਖੁੱਲ੍ਹੇ ਵਿਚਾਰ ਵਾਲਾ ਵਿਚਾਰ ਹੈ। ਇਸ ਵਿਚਾਰ ਵਾਲੇ ਲੋਕ ਇਹ ਮੰਨਦੇ ਹਨ ਕਿ ਮਸੀਹ ਇੱਕ ਮਹਾਨ ਨੈਤਿਕ ਗੁਰੂ ਸੀ, ਪਰ ਕਿਸਮਤ ਨੇ ਉਸ ਦੀ ਜ਼ਿੰਦਗੀ ਨੂੰ ਦੁਖਦਾਈ ਢੰਗ ਨਾਲ ਖ਼ਤਮ ਕਰ ਦਿੱਤਾ ਸੀ। ਲਿੰਕਨ, ਕੈਨੇਡੀ, ਮਾਰਟਿਨ ਲੂਥਰ ਕਿੰਗ ਜਾਂ ਗਾਂਧੀ ਦੀ ਤਰ੍ਹਾਂ ਉਸ ਦੀ ਮੌਤ ਬੇਅਸਰ ਅਤੇ ਉਦੇਸ਼ਹੀਣ ਸੀ। ਇਹ ਵਿਚਾਰ ਪੂਰੀ ਤਰ੍ਹਾਂ ਬਾਈਬਲ ਦੇ ਉਲਟ ਹੈ।

### B. ਪ੍ਰਾਸਚਿਤ ਦੀ ਮਿਸਾਲ ਦਾ ਵਿਚਾਰ

ਜੇਕਰ ਪ੍ਰਾਸਚਿਤ ਦੀ ਮਿਸਾਲ ਦਾ ਵਿਚਾਰ ਸੱਚਾ ਹੈ, ਤਾਂ ਮਸੀਹ ਇੱਕ ਸ਼ਹੀਦ ਵਜੋਂ ਮਰੇ ਤਾਂ ਕਿ ਸਾਨੂੰ ਸੱਚ ਅਤੇ ਕਰਤੱਬ ਪ੍ਰਤੀ ਸਮਰਪਣ ਦੀ ਸਰਵਉੱਚ ਮਿਸਾਲ ਦੇਣ। ਜਿਹੜੇ ਲੋਕ ਇਸ ਵਿਚਾਰ ਨੂੰ ਮੰਨਦੇ ਹਨ ਉਹ ਆਮ ਤੌਰ ਤੇ ਇਹ ਕਹਿੰਦੇ ਹਨ ਕਿ ਮਸੀਹ ਜਾਣਬੁੱਝ ਕੇ ਇੱਕ ਸ਼ਹੀਦ ਬਣੇ ਤਾਂ ਜੋ ਸਾਨੂੰ ਇਹ ਦਿਖਾ ਸਕਣ ਕਿ ਸਾਨੂੰ ਆਪਣੇ ਸਿਧਾਂਤਾਂ ਦੇ ਲਈ ਮਰਨ ਅਤੇ ਮਸੀਹੀ ਵਿਸ਼ਵਾਸ ਦੇ ਉਦੇਸ਼ ਪ੍ਰਤੀ ਵੱਡਾ ਸਮਰਪਣ ਜਗਾਉਣ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ।

ਇਹ ਸੱਚ ਹੈ ਕਿ ਮਸੀਹ ਸਾਡੇ ਲਈ ਇੱਕ ਮਿਸਾਲ ਹਨ। ਪਰ ਇੱਕ ਯੋਜਨਾਬੱਧ ਸ਼ਹੀਦੀ ਨੂੰ ਹੀ ਉਹਨਾਂ ਦੇ ਮਰਨ ਦੇ ਇੱਕਲੌਤੇ ਜਾਂ ਮੁੱਖ ਉਦੇਸ਼ ਦੇ ਰੂਪ ਵਿੱਚ ਦੇਖਣਾ ਕਾਫ਼ੀ ਨਹੀਂ ਹੈ। ਇਹ ਵਿਚਾਰ ਮਸੀਹ ਨੂੰ ਇੱਕ ਅਜਿਹਾ ਧਾਰਮਿਕ ਕੱਟੜਵਾਦੀ ਬਣਾਉਂਦਾ ਹੈ ਜੋ ਸ਼ਹਾਦਤ ਦੀ ਮਹਿਮਾ ਵਿੱਚ ਦਾਖਲ ਹੋਣ ਦੇ ਲਈ ਮਰਦਾ ਹੈ।

### C. ਪ੍ਰਾਸਚਿਤ ਦੇ ਨੈਤਿਕ ਪ੍ਰਭਾਵ ਦਾ ਵਿਚਾਰ

ਨੈਤਿਕ ਪ੍ਰਭਾਵ ਦਾ ਵਿਚਾਰ ਮਿਸਾਲ ਦੇ ਵਿਚਾਰ ਦੇ ਵਰਗਾ ਹੀ ਹੈ। ਇਸ ਵਿਚਾਰ ਦੇ ਅਨੁਸਾਰ, ਯਿਸੂ ਦੀ ਮੌਤ ਸਾਡੇ ਲਈ ਇਸ ਤਰ੍ਹਾਂ ਸੀ ਜਿਵੇਂ ਇੱਕ ਡਾਕਟਰ ਮਹਾਂਮਾਰੀ ਵਿੱਚ ਮਦਦ ਕਰਦੇ ਹੋਏ ਮਰਦਾ ਹੈ, ਜਾਂ ਸਮੁੰਦਰੀ ਤੱਟ ਰੱਖਿਅਕ ਜਹਾਜ਼ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਮਰਦਾ ਹੈ। ਇਹ ਵਿਚਾਰ ਦੱਸਦਾ ਹੈ ਕਿ ਮਸੀਹ ਦੀ ਮੌਤ ਦਾ ਉਦੇਸ਼ ਕਿਸੇ ਖ਼ਾਸ ਕਾਰਨ ਦੇ ਲਈ ਸ਼ਹੀਦ ਹੋਣਾ ਨਹੀਂ ਸੀ, ਪਰ ਉਹਨਾਂ ਦੇ ਮਹਾਨ ਪਿਆਰ ਦਾ ਪ੍ਰਦਰਸ਼ਨ ਕਰਨਾ ਸੀ। ਉਹਨਾਂ ਦੀ ਮੌਤ ਦਾ ਉਦੇਸ਼ ਉਹਨਾਂ ਦੇ ਪਿਆਰ ਦੇ ਪ੍ਰਭਾਵ ਨਾਲ ਸਾਡੇ ਦਿਲਾਂ ਨੂੰ ਨਰਮ ਕਰਨਾ ਸੀ। ਇਸ ਤਰ੍ਹਾਂ, ਉਹਨਾਂ ਨੂੰ ਉਮੀਦ ਸੀ ਕਿ ਉਹਨਾਂ ਦੀ ਮੌਤ ਸਾਨੂੰ ਸਾਡੇ ਬੁਰੇ ਕੰਮਾਂ ਨੂੰ ਛੱਡ ਦੇਣ ਦੇ ਲਈ ਪ੍ਰੇਰਿਤ ਕਰੇਗੀ, ਅਤੇ ਇੱਕ ਪਵਿੱਤਰ ਜੀਵਨ ਨਾਲ ਆਪਣੀ ਮੁਕਤੀ ਨੂੰ ਪ੍ਰਾਪਤ ਕਰਨ ਵਾਲੇ ਬਣਾ ਦੇਵੇਗੀ।

ਮਸੀਹ ਦੀ ਮੌਤ ਉਹਨਾਂ ਦੇ ਪਿਆਰ ਦਾ ਪ੍ਰਦਰਸ਼ਨ ਸੀ, ਅਤੇ ਇਸ ਨਾਲ ਸਾਡਾ ਜੀਵਨ ਬਦਲਣਾ ਚਾਹੀਦਾ ਹੈ। ਪਰ, ਇਹ ਵਿਚਾਰ ਪਾਪ ਉੱਤੇ ਪਰਮੇਸ਼ਰ ਦੇ ਕ੍ਰੋਧ ਅਤੇ ਪਾਪ ਦੇ ਲਈ ਮਸੀਹ ਦੇ ਭੁਗਤਾਨ ਨੂੰ ਮਿਟਾ ਦਿੰਦਾ ਹੈ। ਇਹ ਵਿਚਾਰ ਪਿਆਰ ਦੇ ਪ੍ਰਦਰਸ਼ਨ ਨੂੰ ਮਸੀਹ ਦਾ ਮੌਤ ਦਾ ਇੱਕਲੌਤਾ ਉਦੇਸ਼ ਬਣਾਉਂਦਾ ਹੈ ਅਤੇ ਇਸ ਲਈ, ਇਹ ਬਾਈਬਲ ਦੇ ਅਨੁਸਾਰ ਨਹੀਂ ਹੈ।

### D. ਪ੍ਰਾਸਚਿਤ ਦਾ ਸ਼ਾਸਨ ਵਿਚਾਰ

ਪ੍ਰਾਸਚਿਤ ਦਾ ਸ਼ਾਸਨ ਵਿਚਾਰ ਉਹਨਾਂ ਲੋਕਾਂ ਵਿੱਚ ਪ੍ਰਸਿੱਧ ਹੈ ਜੋ ਕੰਮਾਂ ਦੁਆਰਾ ਮੁਕਤੀ ਪ੍ਰਾਪਤ ਕਰਨ ਵਿੱਚ ਵਿਸ਼ਵਾਸ ਕਰਦੇ ਹਨ। ਇਸ ਸਿਧਾਂਤ ਅਨੁਸਾਰ, ਪਰਮੇਸ਼ਰ ਦੀ ਇੱਕ ਸਰਕਾਰ ਹੈ ਜਿਸ ਦੇ ਅਪਣੇ ਕਾਨੂੰਨ ਹਨ। ਜੇਕਰ ਮਸੀਹ ਇਹਨਾਂ ਕਾਨੂੰਨਾਂ ਦਾ ਆਦਰ ਕਰਨ ਦੇ ਲਈ ਨਹੀਂ ਮਰੇ ਹੁੰਦੇ, ਤਾਂ ਮਨੁੱਖਜਾਤੀ ਵਿੱਚ ਪਰਮੇਸ਼ਰ ਅਤੇ ਉਹਨਾਂ ਦੇ ਕਾਨੂੰਨਾਂ ਦਾ ਨਿਰਾਦਰ ਵੱਧ ਜਾਂਦਾ। ਪਰ ਅਸਲ ਵਿੱਚ, ਇਹਨਾਂ ਕਾਨੂੰਨਾਂ ਦਾ ਲਾਗੂ ਨਾ ਕੀਤਾ ਜਾਣਾ ਹੀ ਇਹਨਾਂ ਦੀ ਉਲੰਘਣਾ ਵੱਲ ਲੈ ਜਾਂਦਾ ਹੈ। ਇਹ ਵਿਚਾਰ ਮੰਨਦਾ ਹੈ ਕਿ ਮਸੀਹ ਇੱਕ ਨਾਰਾਜ਼ ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦੇ ਲਈ ਨਹੀਂ ਮਰੇ, ਪਰ ਉਹਨਾਂ ਦੀ ਮੌਤ ਦਾ ਉਦੇਸ਼ ਅਜਿਹੇ ਲੋਕਾਂ ਨੂੰ ਕਾਨੂੰਨਾਂ ਦੀ ਪਾਲਣਾ ਦੇ ਲਈ ਹੋਰ ਵੀ ਜ਼ਿਆਦਾ ਸੁਚੇਤ ਕਰਨਾ ਹੈ ਜੋ ਕੰਮਾਂ ਦੁਆਰਾ ਮੁਕਤੀ ਪਾਉਣਾ ਚਾਹੁੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਕੁਝ ਲੋਕ ਮਸੀਹ ਦੀ ਮੌਤ ਤੋਂ ਬਿਨਾਂ ਬਚਾਏ ਜਾ ਸਕਦੇ ਹਨ, ਪਰ ਮਸੀਹ ਦੀ ਮੌਤ ਦੇ ਨਾਲ ਲੋਕ ਮੁਕਤੀ ਪ੍ਰਾਪਤ ਕਰਨ ਦੇ ਲਈ ਕਾਨੂੰਨ ਦੀ ਹੋਰ ਜ਼ਿਆਦਾ ਪਾਲਣਾ ਕਰਨਗੇ। ਇਸ ਲਈ, ਮਸੀਹ ਦੀ ਮੌਤ ਪਰਮੇਸ਼ਰ ਦੇ ਕਾਨੂੰਨ ਪ੍ਰਤੀ ਆਦਰ ਨੂੰ ਉਤਸ਼ਾਹਿਤ ਕਰਨ ਦੇ ਲਈ ਸੀ। ਮਸੀਹ ਦੀ ਮੌਤ ਦੇ ਨਤੀਜੇ ਵਜੋਂ, ਲੋਕ ਮੁਕਤੀ ਪ੍ਰਾਪਤ ਕਰਨ ਦੇ ਲਈ ਕਾਨੂੰਨ ਦੀ ਹੋਰ ਜ਼ਿਆਦਾ ਪਾਲਣਾ ਕਰਨਗੇ। ਇਹ ਵਿਚਾਰ ਕੁਝ ਲੋਕਾਂ ਨੂੰ ਬਾਈਬਲ ਆਧਾਰਿਤ ਲੱਗਦਾ ਹੈ, ਪਰ ਇਸ ਵਿੱਚ ਬਹੁਤ ਕਮੀਆਂ ਹਨ। ਮਸੀਹ ਦੀ ਮੌਤ ਸਿਰਫ਼ ਇਸ ਲਈ ਨਹੀਂ ਹੋਈ ਸੀ ਕਿ ਪਰਮੇਸ਼ਰ ਦੇ ਕਾਨੂੰਨ ਦੇ ਆਦਰ ਨਾਲ ਉਹਨਾਂ ਦਾ ਸ਼ਾਸਨ ਨਿਰਵਿਘਨ ਜਾਰੀ ਰਹੇ। ਪਰ ਇਸ ਗੱਲ ਦਾ ਕੋਈ ਇਰਾਦਾ ਨਹੀਂ ਸੀ ਕਿ ਕਾਨੂੰਨ ਪ੍ਰਤੀ ਇਹ ਵਧਿਆ ਹੋਇਆ ਆਦਰ ਲੋਕਾਂ ਨੂੰ ਮੁਕਤੀ ਲਈ ਕੰਮ ਕਰਨ ਦੇ ਲਈ ਪ੍ਰੇਰਿਤ ਕਰੇਗਾ। ਇਹ ਵਿਚਾਰ ਮਸੀਹ ਦੀ ਮੌਤ ਨੂੰ ਇੱਕ ਵਿਕਲਪ ਬਣਾਉਂਦਾ ਹੈ, ਅਤੇ ਕੰਮਾਂ ਦੁਆਰਾ ਮੁਕਤੀ ਪ੍ਰਾਪਤ ਕਰਨ ਨੂੰ ਉਤਸ਼ਾਹਿਤ ਕਰਦਾ ਹੈ। ਇਹ ਵਿਚਾਰ ਇਹ ਨਹੀਂ ਦੇਖਦਾ ਹੈ ਕਿ ਮਸੀਹ ਮਸੀਹ ਦੀ ਮੌਤ ਮੁਕਤੀ ਦੇ ਲਈ ਬਹੁਤ ਹੀ ਜ਼ਰੂਰੀ ਸੀ, ਅਤੇ ਅਪਰਾਧ ਸਿਰਫ਼ ਕਾਨੂੰਨ ਦੀ ਉਲੰਘਣਾ ਹੀ ਨਹੀਂ ਸੀ, ਪਰ ਇਹ ਪਰਮੇਸ਼ਰ ਦੇ ਚਰਿੱਤਰ ਦੇ ਵਿਰੁੱਧ ਅਪਰਾਧ ਸੀ। ਮਸੀਹ ਦੀ ਮੌਤ ਸਿਰਫ਼ ਕੰਮਾਂ ਦੁਆਰਾ ਮੁਕਤੀ ਨੂੰ ਉਤਸ਼ਾਹਿਤ ਕਰਨ ਵਿੱਚ ਲਾਭਦਾਇੱਕ ਨਹੀਂ ਸੀ; ਪਰ ਇਹ ਉਹ ਮੁਕਤੀ ਪ੍ਰਾਪਤ ਕਰਨ ਦੇ ਲਈ ਜ਼ਰੂਰੀ ਸੀ ਜੋ ਕੰਮਾਂ ਨਾਲ ਕਦੇ ਪ੍ਰਾਪਤ ਨਹੀਂ ਹੋਣੀ ਸੀ। ਮਸੀਹ ਦੀ ਮੌਤ ਸਿਰਫ਼ ਪਰਮੇਸ਼ਰ ਦੇ ਕਾਨੂੰਨਾਂ ਦਾ ਆਦਰ ਵਧਾਉਣ ਦੇ ਲਈ ਨਹੀਂ ਸੀ, ਪਰ ਇਹ ਉਹਨਾਂ ਦੀ ਉਲੰਘਣਾ ਦੀ ਸਜ਼ਾ ਦਾ ਭੁਗਤਾਨ ਕਰਨ ਦੇ ਲਈ ਸੀ।

### E. ਪ੍ਰਾਸਚਿਤ ਦੇ ਪ੍ਰਤਿਸਥਾਪਨ (ਦੂਜੇ ਦੇ ਥਾਂ ਤੇ) ਵਿਚਾਰ ਦਾ ਬਚਾਅ

ਪ੍ਰਾਸਚਿਤ ਦੇ ਹੋਰ ਵਿਚਾਰਾਂ ਵਿੱਚ ਅੰਸ਼ਕ ਸੱਚਾਈਆਂ ਹਨ। ਮਸੀਹ ਸਾਡੀ ਮਿਸਾਲ ਹਨ। ਉਹਨਾਂ ਨੇ ਇੱਕ ਉਦੇਸ਼ ਨੂੰ ਪੂਰਾ ਕਰਨ ਦੇ ਲਈ ਆਪਣੇ ਕੰਮ ਦਾ ਪ੍ਰਦਸ਼ਨ ਕੀਤਾ। ਉਹਨਾਂ ਨੇ ਪਿਆਰ ਦਾ ਪ੍ਰਦਰਸ਼ਨ ਕੀਤਾ। ਮਸੀਹ ਦੀ ਮੌਤ ਨੇ ਪਰਮੇਸ਼ਰ ਦੇ ਕਾਨੂੰਨ ਦੀ ਮਹੱਤਤਾ ਨੂੰ ਦਰਸਾਇਆ ਅਤੇ ਇਸ ਦੇ ਆਦਰ ਨੂੰ ਉਤਸ਼ਾਹਿਤ ਕੀਤਾ। ਫਿਰ ਵੀ, ਇਹਨਾਂ ਵਿੱਚੋਂ ਕੋਈ ਵੀ ਵਿਚਾਰ ਬੁਨਿਆਦੀ ਅਤੇ ਸੰਪੂਰਨ ਨਹੀਂ ਹੈ।

ਪ੍ਰਾਸਚਿਤ ਬਾਰੇ ਬਾਈਬਲ ਦਾ ਵਿਚਾਰ ਇਹ ਹੈ ਕਿ ਮਸੀਹ ਸਾਡੇ **ਬਦਲੇ** ਮਰੇ। ਉਹ ਸਾਡੀ ਸਜ਼ਾ ਲੈ ਕੇ ਸਾਡੀ ਜਗ੍ਹਾ ਮਰ ਗਏ; ਅਤੇ ਇਸ ਤਰ੍ਹਾਂ ਉਹਨਾਂ ਨੇ ਗੁੱਸਾ ਹੋਏ ਪਰਮੇਸ਼ਰ ਨੂੰ ਸੰਤੁਸ਼ਟ ਕੀਤਾ। ਉਹਨਾਂ ਦੀ ਮੌਤ ਦੇ ਹੋਰ ਉਦੇਸ਼ ਇਸ ਤੋਂ ਛੋਟੇ ਹਨ।

ਦੂਜਿਆਂ ਦੇ ਬਦਲੇ ਪ੍ਰਾਸਚਿਤ ਦੇ ਸਿਧਾਂਤ ਨੂੰ ਸਥਾਪਿਤ ਕਰਨ ਦੇ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ "ਮਸੀਹ ਸਾਡੇ ਲਈ ਮਰੇ" ਵਰਗੇ ਵਾਕਾਂਸ਼ਾਂ ਵਿੱਚ "ਲਈ" ਦਾ ਅਰਥ ਦੂਜਿਆਂ ਦੇ ਬਦਲੇ (ਜਾਂ ਜਗ੍ਹਾ ਤੇ) ਹੋ ਸਕਦਾ ਹੈ। ਖੁੱਲ੍ਹੇ ਵਿਚਾਰਾਂ ਜਾਂ ਕੰਮਾਂ ਦੁਆਰਾ ਮੁਕਤੀ ਪ੍ਰਾਪਤ ਕਰਨ ਵਾਲੇ ਵਿਚਾਰ ਵਾਲੇ ਵਿਅਕਤੀ ਦੇ ਲਈ "ਮਸੀਹ ਸਾਡੇ ਲਈ ਮਰੇ" ਵਾਕ ਦਾ ਅਰਥ ਸਿਰਫ਼ ਇਹ ਹੋਵੇਗਾ "ਮਸੀਹ ਸਾਡੇ ਲਾਭ ਲਈ ਮਰੇ"। ਇੱਕ ਵਿਅਕਤੀ ਇਹ ਕਿਵੇਂ ਜਾਣ ਸਕਦਾ ਹੈ ਕਿ ਦੂਜਿਆਂ ਦੇ ਬਦਲੇ ਪ੍ਰਾਸਚਿਤ ਨੂੰ ਬਾਈਬਲ ਦੇ ਉਹਨਾਂ ਵਚਨਾਂ ਵਿੱਚ ਸ਼ਾਮਲ ਕੀਤਾ

ਗਿਆ ਹੈ ਜੋ ਸਿਖਾਉਂਦੇ ਹਨ ਕਿ "ਮਸੀਹ ਸਾਡੇ ਲਈ ਮਰੇ?"

1. ਇੱਕ ਯੂਨਾਨੀ ਸ਼ਬਦ ਜੋ ਨਿਸ਼ਚਤ ਤੌਰ ਤੇ ਦੂਜੇ ਦੀ ਬਦਲੇ ਕੁਝ ਕਰਨ ਦੀ ਗੱਲ ਕਰਦਾ ਹੈ ਉਹ ਐਂਟੀ (*anti*) ਹੈ। ਮਸੀਹ-ਵਿਰੋਧੀ ਯਿਸੂ ਮਸੀਹ ਦੀ ਜਗ੍ਹਾ ਲਵੇਗਾ। ਇਸ ਸ਼ਬਦ ਦੀਆਂ ਕਈ ਉਦਾਹਰਣਾਂ ਜਿਹਨਾਂ ਵਿੱਚ ਇਸ ਦਾ ਅਰਥ "ਦੇ ਬਦਲੇ/ਦੀ ਜਗ੍ਹਾ" ਹੈ:

> "… 'ਅੱਖ **ਦੇ ਬਦਲੇ** (ਦੀ ਜਗ੍ਹਾ) ਅੱਖ, ਅਤੇ ਦੰਦ **ਦੇ ਬਦਲੇ** ਦੰਦ" [ਮੱਤੀ 5:38]
>
> "…ਕੀ ਉਹ ਉਸ ਨੂੰ ਮੱਛੀ ਦੀ **ਥਾਂ** ਸੱਪ ਦੇਵੇਗਾ?" [ਲੂਕਾ 11:11]
>
> "…ਬੁਰਾਈ **ਦੇ ਬਦਲੇ** ਬੁਰਾਈ…" [ਰੋਮੀ 12:17]
>
> …ਬੁਰਾਈ **ਦਾ ਬਦਲਾ** ਬੁਰਾਈ ਨਾਲ…[1 ਥੱਸਲੁ 5:15]
>
> …ਬੁਰਾਈ **ਦੇ ਬਦਲੇ** ਬੁਰਾਈ, ਬੇਇੱਜ਼ਤੀ **ਦੇ ਬਦਲੇ** ਬੇਇੱਜ਼ਤੀ…[1 ਪਤਰਸ 3:9]
>
> …ਇੱਕ ਸਮੇਂ ਦੇ ਭੋਜਨ **ਦੇ ਬਦਲੇ** ਆਪਣਾ ਜੇਠੇ ਹੋਣ ਦਾ ਹੱਕ ਵੇਚ ਦਿੱਤਾ [ਇਬ 12:16]

ਦੂਜਿਆਂ ਦੇ ਬਦਲੇ ਪ੍ਰਾਸਚਿਤ ਦਾ ਸਿਧਾਂਤ ਦੇ ਲਈ ਮੱਤੀ 20:28 ਅਤੇ ਮਰਕੁਸ 10:45 ਮੁੱਖ ਵਚਨ ਹਨ। ਕਿਉਂਕਿ *ਐਂਟੀ* ਦਾ ਅਰਥ ਦੂਜੇ ਦੇ ਬਦਲੇ ਹੁੰਦਾ ਹੈ, ਤਾਂ "ਬਹੁਤ ਸਾਰੇ ਲੋਕਾਂ ਲਈ ਜਾਨ ਦੇਣ" ਦਾ ਅਰਥ ਹੈ ਕਿ ਮਸੀਹ ਨੇ ਬਹੁਤ ਸਾਰੇ ਲੋਕਾਂ **ਦੇ ਬਦਲੇ** ਆਪਣੀ ਜਾਨ ਦਿੱਤੀ।[1] ਉਹ ਪਾਪੀਆਂ **ਦੀ ਥਾਂ** ਮਾਰੇ ਗਏ। ਉਹਨਾਂ ਦਾ ਜੀਵਨ ਸਾਡੇ ਜੀਵਨਾਂ ਦੇ **ਬਦਲੇ** ਵਿੱਚ ਦਿੱਤਾ ਗਿਆ ਸੀ ਜੋ ਇੱਕ ਮੁਆਵਜ਼ਾ ਸੀ।

> "…ਜਿਵੇਂ ਮਨੁੱਖ ਦਾ ਪੁੱਤਰ ਸੇਵਾ ਕਰਵਾਉਣ ਲਈ ਨਹੀਂ ਸਗੋਂ ਸੇਵਾ ਕਰਨ ਲਈ ਆਇਆ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਮੁਕਤੀ ਦਾ **ਮੁੱਲ ਚੁਕਾਉਣ ਦੇ ਲਈ** ਆਪਣੀ ਜਾਨ ਦੇਣ ਲਈ ਆਇਆ ਹੈ।" [ਮੱਤੀ 20:28]
>
> "ਕਿਉਂਕਿ ਮਨੁੱਖ ਦਾ ਪੁੱਤਰ ਵੀ ਸੇਵਾ ਕਰਵਾਉਣ ਦੇ ਲਈ ਨਹੀਂ ਆਇਆ ਸਗੋਂ ਉਹ ਸੇਵਾ ਕਰਨ ਅਤੇ ਬਹੁਤ ਸਾਰੇ ਲੋਕਾਂ ਦੀ ਮੁਕਤੀ ਦੇ ਲਈ ਆਪਣੀ ਜਾਨ ਦੇਣ **ਲਈ** ਆਇਆ ਹੈ।" [ਮਰਕੁਸ 10:45]
>
> ਕਿਉਂਕਿ ਪਰਮੇਸ਼ਰ ਇੱਕ ਹਨ ਅਤੇ ਪਰਮੇਸ਼ਰ ਅਤੇ ਲੋਕਾਂ ਦੇ ਵਿੱਚ ਵਿਚੋਲਾ ਵੀ ਇੱਕ ਹੀ ਮਨੁੱਖ ਹੈ ਜੋ ਮਸੀਹ ਯਿਸੂ ਹਨ, ਜਿਹਨਾਂ ਨੇ ਆਪਣੇ ਆਪ ਨੂੰ ਸਾਰੇ ਲੋਕਾਂ ਦੇ ਛੁਟਕਾਰੇ ਦੇ **ਲਈ** ਬਲੀਦਾਨ ਕਰ ਦਿੱਤਾ …[1 ਤਿਮੋਥਿ 2:5-6]

2. ਇੱਕ ਹੋਰ ਸ਼ਬਦ ਜਿਸ ਦਾ ਅਨੁਵਾਦ "ਦੇ ਲਈ" ਹੁੰਦਾ ਹੈ ਉਹ *ਹੂਪਰ* (*huper*) ਹੈ। ਇਸ ਸ਼ਬਦ ਦਾ ਅਰਥ "ਦੂਜੇ ਦੇ ਲਾਭ ਲਈ" ਹੋ ਸਕਦਾ ਹੈ, ਪਰ ਇਸ ਦਾ ਅਰਥ "ਕਿਸੇ ਹੋਰ ਦੀ ਥਾਂ" ਵੀ ਹੋ ਸਕਦਾ ਹੈ। ਫ਼ਿਲੇਮੋਨ ਆਇਤ 13 ਅਤੇ 2 ਕੁਰਿੰਥ 5:14-15 ਅਜਿਹੇ ਦੋ ਮਹੱਤਵਪੂਰਣ ਵਚਨ ਹਨ ਜੋ ਇਹ ਸਥਾਪਿਤ ਕਰਦੇ ਹਨ ਕਿ *ਹੂਪਰ* "ਕਿਸੇ ਦੀ ਥਾਂ ਤੇ" ਨੂੰ ਵੀ ਦਰਸਾ ਸਕਦਾ ਹੈ। ਜਦੋਂ ਪੌਲੁਸ ਕਹਿੰਦਾ ਹੈ ਕਿ "ਮੈਂ ਉਸ ਨੂੰ ਆਪਣੇ ਨਾਲ ਰੱਖਣਾ ਚਾਹੁੰਦਾ ਹਾਂ ਜਿੱਥੇ ਮੈਂ ਸ਼ੁਭ ਸਮਾਚਾਰ ਦੇ ਕਾਰਨ ਕੈਦ ਵਿੱਚ ਹਾਂ ਤਾਂ ਜੋ ਉਹ ਇਸ ਕੰਮ ਵਿੱਚ **ਤੇਰੀ ਥਾਂ** (ਹੂਪਰ) ਤੇ ਮੇਰੇ ਮਦਦ ਕਰਦਾ" [ਫ਼ਿਲੇਮੋਨ 13], ਤਾਂ ਉਹ ਇਹ ਕਹਿ ਰਿਹਾ ਹੈ ਕਿ ਉਹ ਚਾਹੁੰਦਾ ਹੈ ਕਿ ਫ਼ਿਲੇਮੋਨ ਦੀ ਗ਼ੈਰ-ਮੌਜੂਦਗੀ ਵਿੱਚ ਉਨੇਸਿਮੁਸ **ਉਸ ਦੀ ਥਾਂ** ਸੇਵਾ ਕਰੇ।

ਹੇਠਾਂ ਦਿੱਤਾ 2 ਕੁਰਿੰਥੀਆਂ ਦਾ ਵਚਨ ਸ਼ਾਇਦ ਹੋਰ ਵੀ ਜ਼ਿਆਦਾ ਮਹੱਤਵਪੂਰਣ ਹੈ। ਇਹ ਸਾਬਤ ਕਰਦਾ ਹੈ ਕਿ *ਹੂਪਰ* ਮਸੀਹ ਦੀ ਮੌਤ ਦੇ ਸੰਦਰਭਾਂ ਵਿੱਚ ਦੂਜਿਆਂ ਦੇ ਬਦਲੇ ਜਾਨ ਦੇਣ ਦੀ ਗੱਲ ਕਰਨ ਵਾਲਾ ਸ਼ਬਦ ਹੋ ਸਕਦਾ ਹੈ।

> ਇਹ ਮਸੀਹ ਦਾ ਪਿਆਰ ਹੈ ਜੋ ਸਾਨੂੰ ਮਜਬੂਰ ਕਰਦਾ ਹੈ ਕਿਉਂਕਿ ਸਾਰ ਇਹ ਹੈ ਕਿ ਇੱਕ ਆਦਮੀ ਸਭ ਦੇ ਲਈ (*ਹੂਪਰ*) ਮਰਿਆ ਇਸ ਲਈ ਸਭ ਮਰ ਗਏ। ਮਸੀਹ ਸਾਰਿਆਂ ਦੇ ਲਈ (*ਹੂਪਰ*) ਮਰੇ ਤਾਂ ਜੋ ਜਿਹੜੇ ਜਿਊਂਦੇ ਹਨ, ਉਹ ਆਪਣੇ ਲਈ ਨਹੀਂ ਸਗੋਂ ਮਸੀਹ ਦੇ ਲਈ ਜਿਊਣ ਜੋ ਉਹਨਾਂ ਦੇ ਲਈ ਮਰੇ ਅਤੇ ਜਿਊਂਦੇ ਕੀਤੇ ਗਏ। [2 ਕੁਰਿੰਥ 5:14-15]

ਇਸ ਸੰਦਰਭ ਵਿੱਚ ਪੌਲੁਸ ਦਾ ਇਹ ਤਰਕ ਹੈ ਕਿ ਸਾਰੇ ਮਸੀਹ ਦੇ ਨਾਲ ਮਰ ਗਏ ਕਿਉਂਕਿ ਉਹ ਸਾਰਿਆਂ **ਦੇ ਲਈ** ਮਰੇ। ਇਸ ਦਾ ਅਰਥ ਹੈ ਕਿ ਮਸੀਹ **ਸਾਰਿਆਂ ਦੀ ਥਾਂ** ਮਰੇ। ਇਸ ਲਈ, ਸਾਰੇ ਉਹਨਾਂ ਦੇ ਨਾਲ ਮਰੇ। ਇਸ ਤੋਂ ਇਲਾਵਾ, ਪੌਲੁਸ ਇਹ ਵੀ ਕਹਿੰਦਾ ਹੈ ਕਿ ਕਿਉਂਕਿ ਮਸੀਹ ਨੇ ਸਾਡੇ ਲਈ ਆਪਣੀ ਜਾਨ ਦਿੱਤੀ, ਤਾਂ ਜੋ ਜਿਹੜੇ ਜਿਊਂਦੇ ਹਨ, ਉਹ ਆਪਣੇ ਜੀਵਨ ਦੇ ਲਈ ਮਸੀਹ ਦੇ ਦੇਣਦਾਰ ਹਨ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਮਸੀਹ ਨੇ ਸਾਡੇ ਬਦਲੇ ਆਪਣੀ ਜਾਨ ਦਿੱਤੀ, ਇਸ ਲਈ ਵਿਸ਼ਵਾਸੀ ਵੀ ਇਸ ਦੇ ਬਦਲੇ ਵਿੱਚ ਅਪਣੇ ਜੀਵਨਾਂ ਦੇ ਲਈ ਮਸੀਹ ਦੇ ਦੇਣਦਾਰ ਹਨ।

ਮੱਤੀ 20:28 ਅਤੇ ਮਰਕੁਸ 10:45 ਸਪੱਸ਼ਟ ਤੌਰ ਤੇ ਹੇਠਾਂ ਦਿੱਤੇ ਉਪਭਾਗ 3 ਵਿਚਲੇ ਵਚਨਾਂ ਵਾਂਗ ਦੂਜਿਆਂ ਦੀ ਥਾਂ ਪ੍ਰਾਸਚਿਤ ਨੂੰ ਸਿਖਾਉਂਦੇ ਹਨ। ਫ਼ਿਲੇਮੋਨ 13 ਅਤੇ 2 ਕੁਰਿੰਥ 5:14-,15 ਇਹ ਦਿਖਾਉਂਦੇ ਹਨ ਕਿ ਜਿਹੜੇ ਵਚਨ *ਹੂਪਰ* ਸ਼ਬਦ ਦੀ ਵਰਤੋਂ ਕਰਦੇ ਹਨ, ਉਹ ਦੂਜਿਆਂ ਦੀ ਥਾਂ ਪ੍ਰਾਸਚਿਤ ਦਾ ਹਵਾਲਾ ਦਿੰਦੇ ਹਨ। ਬਹੁਤ

[1] ਇਹਨਾਂ ਵਚਨਾਂ ਵਿੱਚ ਬਹੁਤ ਸਾਰੇ ਲੋਕ **ਚੁਣੇ ਹੋਏ ਲੋਕਾਂ ਤੱਕ** ਸੀਮਿਤ ਹੋ ਸਕਦਾ ਹੈ। ਹੋਰ ਆਇਤਾਂ ਇਹ ਦਲੀਲ ਦਿੰਦੀਆਂ ਹਨ ਕਿ ਮਸੀਹ ਸਾਰੇ ਸੰਸਾਰ ਲਈ ਮਰੇ। ਇੱਥੇ ਸਾਡੀ ਮੁੱਖ ਗੱਲ ਇਹ ਹੈ ਕਿ ਪ੍ਰਭੂ ਦੀ ਮੌਤ ਦੂਜਿਆਂ ਦੀ ਜਗ੍ਹਾ ਵਿੱਚ ਸੀ।

ਸਾਰੇ ਵਚਨ ਪ੍ਰਾਸਚਿਤ ਦੇ ਸੰਦਰਭ ਵਿੱਚ ਹੂਪਰ ਦੀ ਵਰਤੋਂ ਕਰਦੇ ਹਨ। ਉੱਪਰ ਦਿੱਤੇ ਵਚਨਾਂ ਦੇ ਸਬੂਤ ਤੋਂ ਬਿਨਾਂ, ਇਹ ਜਾਣਨਾ ਮੁਸ਼ਕਲ ਹੋਵੇਗਾ ਕਿ ਕੀ ਇਹਨਾਂ ਹਵਾਲਿਆਂ ਦਾ ਅਰਥ ਇਹ ਹੈ ਕਿ ਮਸੀਹ ਸਾਡੀ ਥਾਂ ਤੇ ਮਰੇ ਜਾਂ ਸਿਰਫ਼ ਇਹ ਕਿ ਮਸੀਹ ਸਾਡੇ ਵੱਲੋਂ ਮਰੇ। ਪਰ, ਫ਼ਿਲੇਮੋਨ 1:13 ਅਤੇ 2 ਕੁਰਿੰਥ 5:14-15 ਦੇ ਕਾਰਨ, ਲੇਖਕ ਦਾ ਇਹ ਮੰਨਣਾ ਹੈ ਕਿ ਹੋਰ ਬਹੁਤ ਸਾਰੀਆਂ ਘੱਟ ਸਪੱਸ਼ਟ ਆਇਤਾਂ ਵਿੱਚ ਵੀ ਦੂਜਿਆਂ ਦੀ ਥਾਂ ਪ੍ਰਾਸਚਿਤ ਦੇ ਵਿਚਾਰ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸ਼ਾਇਦ ਉਹਨਾਂ ਵਿੱਚੋਂ ਜ਼ਿਆਦਾਤਰ ਆਇਤਾਂ ਦਾ ਅਰਥ ਇਹ **ਵੀ** ਹੈ ਕਿ ਮਸੀਹ "ਸਾਡੇ ਲਈ" ਮਰੇ, ਪਰ ਬਾਈਬਲ ਆਧਾਰਿਤ ਪ੍ਰਾਸਚਿਤ ਵਿਚਾਰ ਇਹ ਹੋਣਾ ਚਾਹੀਦਾ ਹੈ ਕਿ **ਮਸੀਹ ਸਾਡੇ ਲਈ ਸਾਡੀ ਥਾਂ ਤੇ ਮਰੇ।** ਇਸ ਨੂੰ ਹੇਠ ਦਿੱਤੇ ਵਚਨਾਂ ਦੇ ਅਰਥ ਦੇ ਹਿੱਸੇ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ:

"ਕਿਉਂਕਿ ਇਹ ਮੇਰਾ ਨਵੇਂ ਨੇਮ ਦਾ ਖ਼ੂਨ ਹੈ ਜਿਹੜਾ ਬਹੁਤਿਆਂ ਦੇ **ਲਈ** ਵਹਾਇਆ ਜਾਂਦਾ ਹੈ …" [ਮੱਤੀ 26:28]

"…ਇਹ ਨੇਮ ਦਾ ਮੇਰਾ ਖ਼ੂਨ ਹੈ, ਜਿਹੜਾ ਬਹੁਤ ਸਾਰੇ ਲੋਕਾਂ ਦੇ **ਲਈ** ਵਹਾਇਆ ਜਾ ਰਿਹਾ ਹੈ" [ਮਰਕੁਸ 14:24]

"…ਇਹ ਪਿਆਲਾ ਮੇਰੇ ਖ਼ੂਨ ਦਾ ਨਵਾਂ ਨੇਮ ਹੈ ਜਿਹੜਾ ਤੁਹਾਡੇ **ਲਈ** ਵਹਾਇਆ ਜਾਂਦਾ ਹੈ" [ਲੂਕਾ 22:20]

"…ਉਹ ਮੇਰੇ ਆਪਣਾ ਸਰੀਰ ਹੈ ਜੋ ਮੈਂ ਸੰਸਾਰ ਨੂੰ ਜੀਵਨ ਦੇਣ ਦੇ **ਲਈ** (ਬਦਲੇ ਵਿੱਚ ਅਤੇ ਲਾਭ ਦੇ ਲਈ) ਦੇਵਾਂਗਾ" [ਯੂਹੰਨਾ 6:51]

"…ਚੰਗਾ ਚਰਵਾਹਾ ਭੇਡਾਂ ਦੇ **ਲਈ** ਆਪਣੀ ਜਾਨ ਦਿੰਦਾ ਹੈ" [ਯੂਹੰਨਾ 10:11]

"ਇਸ ਤੋਂ ਵੱਧ ਕੇ ਹੋਰ ਕੋਈ ਪਿਆਰ ਨਹੀਂ ਕਿ ਕੋਈ ਆਪਣੇ ਮਿੱਤਰਾਂ ਦੇ **ਲਈ** ਆਪਣੀ ਜਾਨ ਦੇ ਦੇਵੇ।" [ਯੂਹੰਨਾ 15:13]

…ਮਸੀਹ ਸਾਡੇ ਪਾਪੀਆਂ **ਲਈ** ਮਰੇ [ਰੋਮੀ 5:6]

…ਜਦੋਂ ਅਜੇ ਅਸੀਂ ਪਾਪੀ ਹੀ ਸੀ ਤਾਂ ਮਸੀਹ ਸਾਡੇ **ਲਈ** ਮਰੇ। [ਰੋਮੀ 5:8]

ਉਹਨਾਂ ਨੇ ਆਪਣੇ ਪੁੱਤਰ ਨੂੰ ਵੀ ਨਾ ਛੱਡਿਆ ਸਗੋਂ ਸਾਡੇ ਸਾਰਿਆਂ ਦੇ **ਲਈ** ਉਸ ਨੂੰ ਕੁਰਬਾਨ ਕਰ ਦਿੱਤਾ…[ਰੋਮੀ 8:32]

…ਮਸੀਹ ਸਾਡੇ ਪਾਪਾਂ ਦੇ **ਲਈ** ਪਵਿੱਤਰ-ਗ੍ਰੰਥ ਵਿੱਚ ਲਿਖੇ ਅਨੁਸਾਰ ਮਾਰੇ ਗਏ[2] [1 ਕੁਰਿੰਥ 15:3]

ਮਸੀਹ ਵਿੱਚ ਪਾਪ ਨਹੀਂ ਸੀ ਫਿਰ ਵੀ ਪਰਮੇਸ਼ਰ ਨੇ ਉਹਨਾਂ ਨੂੰ ਸਾਡੇ ਕਾਰਨ ਪਾਪਾਂ ਦੇ ਵਿੱਚ ਸਾਂਝੀ ਬਣਾਇਆ…[2 ਕੁਰਿੰਥ 5:21]

ਆਪਣੇ ਆਪ ਨੂੰ ਸਾਡੇ ਪਾਪਾਂ ਦੀ **ਖ਼ਾਤਰ** ਦੇ ਦਿੱਤਾ…[ਗਲਾਤੀ 1:4]

ਮੈਂ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਇਆ ਜਾ ਚੁੱਕਾ ਹਾਂ..ਜਿਹਨਾਂ ਨੇ ਮੇਰੇ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਮੇਰੇ **ਲਈ** ਦੇ ਦਿੱਤਾ [ਗਲਾਤੀ 2:20]

ਮਸੀਹ ਨੇ ਸਾਨੂੰ ਬਿਵਸਥਾ ਦੇ ਸਰਾਪ ਤੋਂ ਮੁਕਤ ਕੀਤਾ, ਉਹਨਾਂ ਨੇ ਸਾਡਾ ਸਰਾਪ ਆਪਣੇ ਉੱਤੇ ਲੈ ਲਿਆ…[ਗਲਾਤੀ 3:13]

ਉਹਨਾਂ ਨੇ ਆਪਣੇ ਆਪ ਨੂੰ ਸਾਡੇ **ਲਈ** ਦੇ ਦਿੱਤਾ…[ਤੀਤੁਸ 2:14]

…ਪਰਮੇਸ਼ਰ ਦੀ ਕਿਰਪਾ ਦੇ ਨਾਲ ਉਹ ਸਾਰਿਆਂ ਦੀ **ਖ਼ਾਤਰ** ਮੌਤ ਦਾ ਸੁਆਦ ਚੱਖਣ [ਇਬ 2:9]

ਮਸੀਹ ਨੇ ਸਾਡੇ ਪਾਪਾਂ ਦੇ **ਲਈ** ਇੱਕ ਹੀ ਵਾਰ ਦੁੱਖ ਸਹਿਆ...[1 ਪਤਰਸ 3:18]

V. ਕਿਸੇ ਦੀ ਥਾਂ ਜਾਨ ਦੇਣ ਦੇ ਵਿਚਾਰ ਨੂੰ *ਐਂਟੀ* ਅਤੇ *ਹੂਪਰ* ਤੋਂ ਇਲਾਵਾ ਵੀ ਸਥਾਪਿਤ ਕੀਤਾ ਜਾ ਸਕਦਾ ਹੈ। ਮਸੀਹ ਦੇ ਪਰਮੇਸ਼ਰ ਦਾ ਲੇਲਾ ਹੋਣ ਦਾ ਵਿਚਾਰ ਵੀ ਮਸੀਹ ਦੇ ਦੂਜਿਆਂ ਦੀ ਥਾਂ ਜਾਨ ਦੇਣ ਦਾ ਸਮਰਥਨ ਕਰਦਾ ਹੈ। ਰੋਮੀ 6 ਵੀ ਇਹ ਸਿਖਾਉਂਦਾ ਹੈ ਕਿ ਜਦੋਂ ਮਸੀਹ ਸਲੀਬ ਉੱਤੇ ਮਰੇ, ਉਦੋਂ ਵਿਸ਼ਵਾਸੀ ਵੀ ਉਹਨਾਂ ਦੇ ਨਾਲ ਮਰੇ। ਇਹ ਤੱਥ ਇਸ ਵਿਚਾਰ ਨਾਲ ਜੁੜਿਆ ਹੋਇਆ ਹੈ ਕਿ ਉਹ ਸਾਡੀ ਥਾਂ ਤੇ ਮਰ ਰਹੇ ਸਨ।

ਸੱਚ-ਮੁੱਚ ਉਹਨਾਂ ਨੇ ਸਾਡੇ ਰੋਗ **ਚੁੱਕ ਲਏ** ਅਤੇ ਸਾਡੇ ਦੁੱਖ ਉਠਾਏ…[ਯਸਾ 53:4]

ਅਸੀਂ ਸਾਰੇ ਦੇ ਸਾਰੇ ਭੇਡਾਂ ਵਾਂਗੂੰ ਭੁੱਲੇ ਫਿਰਦੇ ਸੀ, ਅਸੀਂ ਆਪਣੇ-ਆਪਣੇ ਰਾਹਾਂ ਨੂੰ ਮੁੜੇ, ਅਤੇ ਯਹੋਵਾਹ ਨੇ **ਸਾਡੀ ਸਾਰਿਆਂ ਦੀ ਬਦੀ ਉਸ ਉੱਤੇ ਲੱਦੀ।** [ਯਸਾ 53:6]

…**ਮੇਰੀ ਪਰਜਾ ਦੇ ਅਪਰਾਧ ਦੇ ਕਾਰਨ** ਉਸ ਨੂੰ ਮਾਰ ਪਈ [ਯਸਾ 53:8b]

ਪਰ ਯਹੋਵਾਹ ਨੂੰ ਭਾਇਆ ਕਿ ਉਸ ਨੂੰ ਕੁਚਲੇ ਅਤੇ ਸੋਗ ਵਿੱਚ ਪਾਵੇ। ਜਦ ਤੂੰ ਉਸ ਦੀ ਜਾਨ ਨੂੰ **ਦੋਸ਼ ਦੀ ਬਲੀ**

[2] ਸ਼ਾਇਦ ਇਸ ਦਾ ਅਰਥ ਇਹ ਹੈ ਕਿ ਮਸੀਹ ਪਾਪ ਦੇ ਸੰਬੰਧ ਵਿੱਚ ਸਾਨੂੰ "ਲਾਭ ਦੇਣ ਲਈ" ਮਰੇ, ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਮਸੀਹ ਪਾਪ ਦੇ ਲਾਭ ਲਈ ਮਰੇ। ਫਿਰ ਵੀ, ਇਹ ਬਿਆਨ ਵਧੇਰੇ ਸਪੱਸ਼ਟ ਹੋ ਜਾਂਦਾ ਹੈ ਜੇਕਰ ਇਸ ਦਾ ਅਰਥ ਇਹ ਹੋਵੇਗਾ ਕਿ ਮਸੀਹ "ਸਾਡੇ ਦੋਸ਼ ਦੇ ਬਦਲੇ" ਮਰੇ ਅਤੇ ਉਹਨਾਂ ਨੇ ਸਾਡਾ ਦੋਸ਼ ਲੈ ਲਿਆ (ਦੇਖੋ, ਗਲਾਤੀ 1:4)।

ਠਹਿਰਾਵੇਂ… [ਯਸਾ 53:10a]

ਉਹਨਾਂ ਨੇ ਆਪ **ਸਾਡੇ ਪਾਪਾਂ ਨੂੰ ਆਪਣੇ ਸਰੀਰ ਵਿੱਚ ਸਲੀਬ ਦੇ ਉੱਤੇ ਚੁੱਕ ਲਿਆ**…[1 ਪਤਰਸ 2:24a]

ਇਸੇ ਤਰ੍ਹਾਂ ਮਸੀਹ ਨੇ ਵੀ ਆਪਣੇ ਆਪ ਨੂੰ ਬਲੀ ਕੀਤਾ ਕਿ ਉਹ **ਬਹੁਤ ਲੋਕਾਂ ਦੇ ਪਾਪਾਂ ਨੂੰ ਚੁੱਕ ਲੈਣ**…[ਇਬ 9:28]

ਕਿਉਂਕਿ ਜੇਕਰ ਅਸੀਂ **ਮਸੀਹ ਦੀ ਮੌਤ ਦੀ ਤਰ੍ਹਾਂ ਮਰ ਕੇ ਉਹਨਾਂ ਨਾਲ ਇੱਕ ਹੋਏ ਹਾਂ**, ਤਾਂ ਇਸੇ ਤਰ੍ਹਾਂ ਉਹਨਾਂ ਦੀ ਤਰ੍ਹਾਂ ਜਿਊਂਦਾ ਹੋ ਕੇ ਵੀ ਉਹਨਾਂ ਨਾਲ ਇੱਕ ਹੋਵਾਂਗੇ। ਅਸੀਂ ਇਹ ਜਾਣਦੇ ਹਾਂ ਕਿ **ਸਾਡੀ ਪੁਰਾਣੀ ਮਨੁੱਖਤਾ ਮਸੀਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਜਾ** ਚੁੱਕੀ ਹੈ ਤਾਂ ਜੋ ਸਰੀਰ ਦਾ ਪਾਪੀ ਸੁਭਾਅ ਨਾਸ਼ ਹੋ ਜਾਵੇ ਅਤੇ ਅਸੀਂ ਅੱਗੇ ਤੋਂ ਪਾਪ ਦੇ ਗ਼ੁਲਾਮ ਨਾ ਰਹੀਏ। [ਰੋਮੀ 6:5-6]

VI. **ਸਿੱਟਾ**: ਹਾਲਾਂਕਿ ਪ੍ਰਾਸਚਿਤ ਦੇ ਹੋਰ ਸਿਧਾਂਤਾ ਵਿੱਚ ਕੁਝ ਸੱਚਾਈ ਹੈ, ਪਰ ਬਾਈਬਲ ਇਸ ਗੱਲ ਵਿੱਚ ਸਪੱਸ਼ਟ ਹੈ ਕਿ ਮਸੀਹ ਦੀ ਮੌਤ ਦਾ ਮੁੱਖ ਉਦੇਸ਼ ਸਾਡੇ ਬਦਲੇ ਮਰਨਾ ਸੀ। ਦੂਜਿਆਂ ਦੇ ਬਦਲੇ ਪ੍ਰਾਸਚਿਤ ਨੂੰ ਮਸੀਹੀ ਵਿਸ਼ਵਾਸ ਦੇ ਬੁਨਿਆਦੀ ਤੱਤਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

## III. ਛੁਟਕਾਰਾ: ਪ੍ਰਾਸਚਿਤ ਦਾ ਪਾਪ ਦਾ ਪਹਿਲੂ

ਹਾਲਾਂਕਿ **ਛੁਟਕਾਰਾ** ਪਰਮੇਸ਼ਰ ਅਤੇ ਮਨੁੱਖ ਨਾਲ ਸੰਬੰਧਿਤ ਹੈ, ਪਰ ਇਸ ਨੂੰ ਮੁੱਖ ਤੌਰ ਤੇ ਪ੍ਰਾਸਚਿਤ ਦਾ ਪਾਪ ਦਾ ਪਹਿਲੂ ਕਿਹਾ ਜਾ ਸਕਦਾ ਹੈ। ਮਸੀਹ ਨੇ ਪਾਪ ਦੀ ਕੀਮਤ ਦਾ ਭੁਗਤਾਨ ਕੀਤਾ, ਅਤੇ ਮਨੁੱਖ ਨੂੰ ਪਾਪ ਦੀ ਗ਼ੁਲਾਮੀ ਤੋਂ ਮੁਕਤ ਕੀਤਾ ਹੈ। ਮਸੀਹ ਦਾ ਸਾਨੂੰ ਪਾਪਾ ਤੋਂ ਛੁਡਾਉਣ ਦਾ ਅਰਥ ਇਹ ਹੈ ਕਿ ਉਹਨਾਂ ਨੇ ਸਾਨੂੰ ਖਰੀਦ ਲਿਆ ਹੈ। ਇਸ ਦਾ ਵਿਸ਼ੇਸ਼ ਤੌਰ ਤੇ ਅਰਥ ਇਹ ਹੈ ਕਿ ਉਹਨਾਂ ਨੇ ਸਾਨੂੰ ਪਾਪ (ਅਤੇ ਕਾਨੂੰਨ ਦੇ ਸਰਾਪ) ਤੋਂ ਇੱਕ ਕੀਮਤ ਦੇ ਭੁਗਤਾਨ ਦੁਆਰਾ ਛੁਟਕਾਰਾ ਦਿੱਤਾ, ਜਿਵੇਂ ਕੋਈ ਬੰਧਕ, ਗ਼ੁਲਾਮ, ਜਾਂ ਜੰਗੀ ਕੈਦੀ ਮੁਆਵਜ਼ਾ ਦਿੰਦਾ ਹੈ। ਛੁਟਕਾਰੇ ਵਿੱਚ ਇੱਕ ਕੀਤਮ ਦਾ ਭੁਗਤਾਨ, ਅਤੇ ਪੂਰੇ ਅਰਥਾਂ ਵਿੱਚ ਬੰਧਕ ਦੀ ਰਿਹਾਈ ਦੋਵੇਂ ਸ਼ਾਮਲ ਹੁੰਦੇ ਹਨ।

ਸ਼ਬਦ ਛੁਟਕਾਰੇ ਦੇ ਲਈ ਬਹੁਤ ਸਾਰੇ ਯੂਨਾਨੀ ਰੂਪ ਹਨ। ਕਿਉਂਕਿ ਇਹ ਸ਼ਬਦ ਪ੍ਰਾਚੀਨ ਸੰਸਾਰ ਵਿੱਚ ਆਮ ਤੌਰ ਤੇ ਵਰਤਿਆ ਜਾਂਦਾ ਸੀ, ਇਸ ਲਈ ਇਸ ਦੀ ਮਸੀਹੀ ਅਤੇ ਗ਼ੈਰ-ਮਸੀਹੀ ਵਰਤੋਂ ਦਾ ਅਧਿਐਨ ਕਰਨਾ ਮਦਦਗਾਰ ਹੋਵੇਗਾ। ਨਵੇਂ ਨੇਮ ਦੇ ਲੇਖਕਾਂ ਨੇ ਸੰਸਾਰ ਵਿੱਚ ਵਰਤੋਂ ਕੀਤੇ ਜਾਣ ਵਾਲੇ ਸ਼ਬਦਾਂ ਨੂੰ ਲਿਆ, ਅਤੇ ਉਹਨਾਂ ਨੂੰ ਅਧਿਆਤਮਿਕ ਅਰਥ ਦਿੱਤਾ।

### A. *ਐਗੋਰਾਜ਼ੋ* (ਕਿਰਿਆ) – ਮੁੱਲ ਲੈਣਾ, ਖਰੀਦਣਾ, ਛੁਡਾਉਣਾ

1. ਧਰਮ-ਨਿਰਪੱਖ ਵਰਤੋਂ – *ਐਗੋਰਾਜ਼ੋ* ਸ਼ਬਦ ਦਾ ਸੰਬੰਧ *ਆਗੋਰਾ* "ਬਜ਼ਾਰ ਦੇ ਸਥਾਨ" ਨਾਲ ਹੈ (ਰਸੂਲਾਂ 17:17)। ਇਹ ਵਿਕਰੀ ਦੇ ਕੰਮਾਂ ਵਿੱਚ ਵਰਤਿਆ ਜਾਣ ਵਾਲਾ ਆਮ ਸ਼ਬਦ ਸੀ।[3] ਇਸ ਦੀ ਵਰਤੋਂ ਗ਼ੁਲਾਮਾਂ, ਕਣਕ, ਅਤੇ ਘਰਾਂ ਦੀ ਖਰੀਦ ਦੇ ਲਈ ਕੀਤੀ ਜਾਂਦੀ ਸੀ। ਹਾਲਾਂਕਿ *ਐਗੋਰਾਜ਼ੋ* ਦੀ ਵਰਤੋਂ ਗ਼ੁਲਾਮ ਨੂੰ ਖ਼ਰੀਦਣ ਦੇ ਲਈ ਵੀ ਕੀਤੀ ਜਾ ਸਕਦੀ ਹੈ, ਪਰ ਇਹ ਚੀਜ਼ਾਂ ਖ਼ਰੀਦਣ ਦੇ ਲਈ ਵਰਤਿਆ ਜਾਣ ਵਾਲਾ ਇੱਕ ਆਮ ਸ਼ਬਦ ਸੀ।[4]

2. ਬਾਈਬਲ ਵਿੱਚ ਇਸ ਦੀ ਵਰਤੋਂ: -ਸੈਪਟੂਜਿੰਟ ਵਿੱਚ *ਐਗੋਰਾਜ਼ੋ* ਦੀ ਵਰਤੋਂ ਕੁਝ ਵੀ ਖ਼ਰੀਦਣ ਦੇ ਲਈ ਕੀਤੀ ਗਈ ਹੈ (ਉਦਾਹਰਣ ਦੇ ਲਈ, ਉਤ 41-44 ਵਿੱਚ ਯੂਸੁਫ਼ ਦੇ ਭਰਾਵਾਂ ਦਾ ਉਸ ਤੋਂ ਅਨਾਜ ਖਰੀਦਣਾ)। ਨਵੇਂ ਨੇਮ ਵਿੱਚ ਇਸ ਦੀ ਵਰਤੋਂ ਲਗਭਗ 30-31 ਵਾਰ ਕੀਤੀ ਗਈ ਹੈ। ਇਸ ਦਾ ਅਰਥ ਕੁਝ ਖਰੀਦਣਾ ਜਾਂ ਮੁੱਲ ਲੈਣਾ ਹੁੰਦਾ ਹੈ, ਅਤੇ ਆਮ ਤੌਰ ਤੇ ਇਹ ਧਰਮ-ਨਿਰਪੱਖ ਵਰਤੋਂ ਸੀ (ਜਿਵੇਂ ਕਿ, ਇੱਕ ਖੇਤ ਜਾਂ ਮੋਤੀ ਖਰੀਦਣਾ -ਮੱਤੀ 13:44, 46; 27:7; ਖਾਣਾ ਖਰੀਦਣਾ – ਮੱਤੀ 14:15; ਯਿਸੂ ਨੂੰ ਦਫ਼ਨਾਉਣ ਦੇ ਲਈ ਚੀਜ਼ਾਂ ਖਰੀਦਣਾ – ਮਰਕੁਸ 15:46; 16:1; ਹੈਕਲ ਵਿੱਚ ਚੀਜ਼ਾਂ ਨੂੰ ਖਰੀਦਣਾ ਅਤੇ ਵੇਚਣਾ – ਮਰਕੁਸ 11:15; ਜ਼ਮੀਨ ਅਤੇ ਬਲਦ ਨੂੰ ਖਰੀਦਣਾ – ਲੂਕਾ 14:18-19)।

ਕਈ ਵਾਰ ਨਵੇਂ ਨੇਮ ਦੇ ਲੇਖਕਾਂ ਨੇ ਵਿਸ਼ਵਾਸੀਆਂ ਦੀ ਮੁਕਤੀ ਦੇ ਸੰਦਰਭਾਂ ਵਿੱਚ ਐਗੋਰਾਜ਼ੋ ਦੀ ਵਰਤੋਂ ਕੀਤੀ ਹੈ (1 ਕੁਰਿੰਥ 6:20; 7:23; ਪ੍ਰਕਾਸ਼ 5:9; 14:3,4)। ਇਹ ਸਾਰੇ ਹਵਾਲੇ ਅਤੀਤ ਵਿੱਚ ਛੁਟਕਾਰੇ ਦੀ ਗੱਲ ਕਰਦੇ ਹਨ। ਸਿਰਫ਼ ਇੱਕ ਵਾਰ ਐਗੋਰਾਜ਼ੋ ਦੀ ਵਰਤੋਂ ਅਵਿਸ਼ਵਾਸੀਆਂ ਦੇ ਲਈ ਕੀਤੀ ਗਈ ਹੈ (2 ਪਤਰਸ 2:1)।

ਤੁਸੀਂ ਮੁੱਲ ਦੇ ਕੇ **ਖ਼ਰੀਦੇ ਗਏ ਹੋ**।…[1 ਕੁਰਿੰਥ 6:20]

ਉਹ ਇਹ ਨਵਾਂ ਭਜਨ ਗਾ ਰਹੇ ਸਨ, "ਤੁਸੀਂ ਸਕ੍ਰੋਲ ਨੂੰ ਖੋਲ੍ਹਣ ਅਤੇ ਮੋਹਰਾਂ ਨੂੰ ਤੋੜਨ ਦੇ ਯੋਗ ਹੋ ਕਿਉਂਕਿ ਤੁਸੀਂ ਬਲੀਦਾਨ ਦੇ ਲਈ ਕਤਲ ਕੀਤੇ ਗਏ ਸੀ ਅਤੇ ਤੁਸੀਂ ਆਪਣੇ ਖ਼ੂਨ ਦੇ ਦੁਆਰਾ ਪਰਮੇਸ਼ਰ ਦੇ ਲਈ ਹਰ ਕਬੀਲੇ, ਭਾਸ਼ਾ ਅਤੇ ਕੌਮ ਦੇ ਮਨੁੱਖ **ਖ਼ਰੀਦੇ** ਹਨ।" [ਪ੍ਰਕਾਸ਼ 5:9]

ਪੁਰਾਣੇ ਸਮੇਂ ਵਿੱਚ ਪਰਮੇਸ਼ਰ ਦੇ ਲੋਕਾਂ ਵਿੱਚ ਝੂਠੇ ਨਬੀ ਸਨ, ਉਸੇ ਤਰ੍ਹਾਂ ਤੁਹਾਡੇ ਵਿੱਚ ਵੀ ਝੂਠੇ ਸਿੱਖਿਅਕ ਹੋਣਗੇ। ਉਹ ਨਾਸ਼ ਕਰਨ ਵਾਲੀਆਂ ਸਿੱਖਿਆਵਾਂ ਗੁਪਤ ਰੂਪ ਵਿੱਚ

[3] ਜੇਮਜ਼ ਹੋਪ ਮੌਲਟਨ ਅਤੇ ਜਾਰਜ ਮਿਲੀਗਨ, *ਦ ਵੋਕੈਬੁਲਰੀ ਆਫ਼ ਦ ਗ੍ਰੀਕ ਟੈਸਟਾਮੈਂਟ* (1930; ਗਲਾਸਗੋ, ਸਕਾਟਲੈਂਡ: ਹੈਡਰ ਐਂਡ ਸਟ੍ਰਾਟਨ ਲਿਮਿਟਿਡ, 1972) 6.

[4] ਲਿਓਨ ਮੌਰਿਸ, *ਦ ਅਪੋਸਟਲਿਕ ਪ੍ਰੀਚਿੰਗ ਆਫ਼ ਦ ਕ੍ਰਾਸ*, 3rd ਐਡ. (1965; ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨ ਪਬਲਿਸ਼ਿੰਗ ਕੰਪਨੀ, 1980) 53-55.

ਲੈ ਕੇ ਆਉਣਗੇ। ਇੱਥੋਂ ਤੱਕ ਕਿ ਉਹ ਉਸ ਮਾਲਕ ਦਾ ਵੀ ਇਨਕਾਰ ਕਰਨਗੇ ਜਿਹਨਾਂ ਨੇ ਉਹਨਾਂ ਨੂੰ **ਮੁੱਲ ਦੇ ਕੇ ਛੁਟਕਾਰਾ** ਦਿੱਤਾ ਅਤੇ ਇਸ ਤਰ੍ਹਾਂ ਉਹ ਬਹੁਤ ਛੇਤੀ ਆਪਣੇ ਉੱਤੇ ਨਾਸ਼ ਲਿਆਉਣਗੇ। [2 ਪਤਰਸ 2:1]

3. ਸਿੱਟਾ: ਐਗੋਰਾਜ਼ੋ ਇੱਕ ਆਮ ਸ਼ਬਦ ਹੈ ਜਿਸ ਦਾ ਅਰਥ "ਕੁਝ ਖਰੀਦਣਾ" ਹੈ। ਇਸ ਦੀ ਵਰਤੋਂ ਲੋਕਾਂ ਨੂੰ ਖ਼ਰੀਦਣ ਦੇ ਲਈ ਕੀਤੀ ਜਾ ਸਕਦੀ ਹੈ, ਪਰ ਇਹ ਆਮ ਤੌਰ ਤੇ ਕਿਸੇ ਜ਼ਮੀਨ ਨੂੰ ਖ਼ਰੀਦਣ ਦੇ ਲਈ ਵਰਤਿਆ ਜਾਂਦਾ ਹੈ। ਐਗੋਰਾਜ਼ੋ ਇੱਕ ਕੀਮਤ ਦੇ ਭੁਗਤਾਨ (ਮਸੀਹ ਦਾ ਟੁੱਟਿਆ ਸਰੀਰ ਅਤੇ ਵਹਾਇਆ ਖ਼ੂਨ), ਅਤੇ ਮਾਲਕ ਦੇ ਬਦਲਣ ਤੇ ਜ਼ੋਰ ਦਿੰਦਾ ਹੈ। ਪਰ, ਇਹ ਗ਼ੁਲਾਮੀ ਤੋਂ ਫਿਰ ਤੋਂ ਛੁਡਾਉਣ ਉੱਤੇ ਜ਼ੋਰ ਨਹੀਂ ਦਿੰਦਾ ਹੈ ਜਿਵੇਂ ਛੁਟਕਾਰੇ ਦੇ ਲਈ ਅੱਗੇ ਦਿੱਤੇ ਗਏ ਸ਼ਬਦ ਜ਼ੋਰ ਦਿੰਦੇ ਹਨ। ਇਸ ਲਈ, ਇਹ ਸ਼ਬਦ ਨਾ ਬਚਾਏ ਗਏ ਲੋਕਾਂ ਦੇ "ਛੁਟਕਾਰੇ" ਦੇ ਲਈ ਸਹੀ ਢੰਗ ਵਰਤਿਆ ਜਾਂਦਾ ਹੈ। ਮਸੀਹ ਨੇ ਕੀਮਤ ਦਾ ਭੁਗਤਾਨ ਕਰ ਦਿੱਤਾ ਹੈ। ਮਸੀਹ ਨੇ ਉਹਨਾਂ ਨੂੰ ਖਰੀਦਿਆ, ਅਤੇ ਉਹਨਾਂ ਦੇ ਮਾਲਕ ਹਨ। ਫਿਰ ਵੀ, ਉਹ ਮੁਕਤ ਨਹੀਂ ਹੋਏ ਹਨ।

**B. *ਐਕਸਾਗੋਰਾਜ਼ੋ* (ਕਿਰਿਆ)** – ਇਹ ਸ਼ਬਦ ਐਗੋਰਾਜ਼ੋ ਹੀ ਹੈ ਪਰ ਇਸ ਦੇ ਅੱਗੇ ਐਕਸ *Ex* (ਬਹੁਤ ਕੱਢਣਾ) ਜੁੜਿਆ ਹੋਇਆ ਹੈ। ਇਸ ਦਾ ਅਰਥ ਵੀ "ਮੁੱਲ ਲੈਣਾ, ਖਰੀਦਣਾ, ਛੁਡਾਉਣਾ" ਹੈ।

1. ਧਰਮ-ਨਿਰਪੱਖ ਵਰਤੋਂ ਦੇ ਸੰਦਰਭਾਂ ਵਿੱਚ, ਇਸ ਸ਼ਬਦ ਦਾ ਅਰਥ ਹਾਰੀ ਜਾਂ ਗੁਆਚੀ ਹੋਈ ਚੀਜ਼ ਨੂੰ ਵਾਪਸ ਖਰੀਦਣਾ ਹੋ ਸਕਦਾ ਹੈ। ਬਾਈਬਲ ਵਿਦਵਾਨ ਇਸ ਗੱਲ ਨੂੰ ਤੇਜ਼ੀ ਨਾਲ ਦੱਸਦੇ ਹਨ ਕਿ ਮਸੀਹ ਨੇ ਉਹਨਾਂ ਲੋਕਾਂ ਨੂੰ ਵਾਪਸ ਖਰੀਦ ਲਿਆ ਜੋ ਮਸੀਹ ਦੇ ਸਨ, ਪਰ ਪਾਪ ਨੇ ਉਹਨਾਂ ਨੂੰ ਗ਼ੁਲਾਮ ਬਣਾ ਲਿਆ ਸੀ।[5]

2. ਨਵੇਂ ਨੇਮ ਵਿੱਚ ਇਸ ਸ਼ਬਦ ਦੀ ਵਰਤੋਂ ਸਿਰਫ਼ ਚਾਰ ਵਾਰ ਕੀਤੀ ਗਈ ਹੈ। ਦੋ ਵਾਰ ਇਸ ਦਾ ਅਰਥ ਸਮੇਂ ਦੀ ਮਾਲਕੀਅਤ ਬਣਾਈ ਰੱਖਣ ਦੇ ਲਈ ਕੀਮਤ ਦਾ ਭੁਗਤਾਨ ਕਰਨਾ ਹੈ (ਸਮੇਂ ਦਾ ਸਹੀ ਉਪਯੋਗ - ਅਫ਼ਸੀ 5:16; ਕੁਲੁੱਸੀ 4:5)।

ਬਾਕੀ ਦੋ ਵਰਤੋਂ ਮੁਕਤੀ ਦੇ ਸਿਧਾਂਤ ਦੇ ਲਈ ਮਹੱਤਵਪੂਰਣ ਹਨ। ਉਹ ਸਿਖਾਉਂਦੇ ਹਨ ਕਿ ਮਸੀਹ ਨੇ ਵਿਸ਼ਵਾਸੀਆਂ ਨੂੰ ਬਿਵਸਥਾ ਦੇ ਸਰਾਪ ਤੋਂ ਛੁਟਕਾਰਾ ਦਿੱਤਾ ਹੈ (ਗਲਾਤੀ 3:13; 4:5)। ਇਹ ਪਾਪ ਤੋਂ ਮੁਕਤੀ ਦੀ ਗੱਲ ਕਰਨ ਦੇ ਸਮਾਨ ਹੈ ਕਿਉਂਕਿ ਪਾਪ ਹੀ ਬਿਵਸਥਾ ਦੇ ਸਰਾਪ ਦਾ ਕਾਰਨ ਬਣਦਾ ਹੈ। ਦੋਵੇਂ ਆਇਤਾਂ ਵਿੱਚ, ਵਿਸ਼ਵਾਸੀਆਂ ਦੇ ਲਈ ਮੁਕਤੀ ਪਹਿਲਾਂ ਹੀ ਹੋ ਚੁੱਕੀ ਹੈ। ਮਸੀਹ ਨੇ ਮੁਕਤੀ ਦੀ ਕੀਮਤ ਦਾ ਭੁਗਤਾਨ ਕੀਤਾ ਹੈ, ਇਸ ਲਈ ਵਿਸ਼ਵਾਸੀ ਬਿਵਸਥਾ ਦੇ ਸਰਾਪ ਤੋਂ (ਅਤੇ ਬਿਵਸਥਾ ਤੋਂ ਵੀ) ਮੁਕਤ ਹੋ ਗਏ ਹਨ।

> ਪਰ ਮਸੀਹ ਜੋ ਸਾਡੇ ਲਈ ਸਰਾਪ ਬਣੇ ਉਹਨਾਂ ਨੇ ਸਾਨੂੰ ਵਿਵਸਥਾ ਦੇ ਸਰਾਪ ਤੋਂ ਮੁੱਲ ਦੇ ਕੇ **ਮੁਕਤ ਕਰ ਦਿੱਤਾ ਹੈ**...[ਗਲਾਤੀ 3:13a]

> ਕਿ ਉਹ ਉਹਨਾਂ ਨੂੰ ਜੋ ਬਿਵਸਥਾ ਦੇ ਅਧੀਨ ਹਨ ਮੁੱਲ ਦੇ ਕੇ **ਮੁਕਤ ਕਰਨ**...[ਗਲਾਤੀ 4:5a]

ਐਗੋਰਾਜੋ ਤੋਂ ਅਲੱਗ, ਐਕਸਾਗੋਰਾਜ਼ੋ ਸਿਰਫ਼ **ਵਿਸ਼ਵਾਸੀਆਂ** ਦੇ ਲਈ ਵਰਤਿਆ ਗਿਆ ਹੈ, ਅਤੇ ਇਹ ਇੱਕ **ਮੁਕੰਮਲ ਛੁਟਕਾਰੇ** ਦੀ ਗੱਲ ਕਰਦਾ ਹੈ।

**C. *ਲੁਤਰਾਓ* (ਕਿਰਿਆ)** – ਇਹ ਸ਼ਬਦ ਵਧੇਰੇ ਸਪੱਸ਼ਟ ਤੌਰ ਤੇ ਮੁਕਤ ਕਰਾਉਣ ਦੇ ਲਈ ਭੁਗਤਾਨ ਕਰਨ ਦਾ ਵਿਚਾਰ ਦਿੰਦਾ ਹੈ। ਇਸ ਦਾ ਅਰਥ "ਮੁੱਲ ਦੇ ਕੇ ਛੁਡਾਉਣਾ" ਹੈ।

1. ਧਰਮ-ਨਿਰਪੱਖ ਵਰਤੋਂ ਵਿੱਚ ਲੁਤਰਾਓ ਦਾ ਅਰਥ ਅਕਸਰ ਉਸ ਚੀਜ਼ ਨੂੰ ਵਾਪਸ ਖਰੀਦਣਾ ਹੁੰਦਾ ਹੈ ਜਿਸ ਦੇ ਤੁਸੀਂ ਪਹਿਲਾ ਮਾਲਕ ਸੀ। ਅੱਗੇ ਕੁਝ ਉਦਾਹਰਣਾਂ ਦਿੱਤੀਆਂ ਹਨ: "ਗਿਰਵੀ ਰੱਖੇ ਕੱਪੜੇ ਨੂੰ ਅਜੇ ਤੱਕ ਛੁਡਾਇਆ ਨਹੀਂ ਗਿਆ ਸੀ," "ਮੇਰੇ ਕੱਪੜਿਆਂ ਨੂੰ ਛੁਡਾਓ," ਅਤੇ "ਕਿਰਪਾ ਕਰਕੇ ਜ਼ਮੀਨ ਨੂੰ ਛੱਡ ਦਿਓ।"[6] ਇਸ ਵਿੱਚ ਨਾ ਸਿਰਫ਼ ਵਾਪਸ ਖ਼ਰੀਦਣ ਉੱਤੇ ਜ਼ੋਰ ਦਿੱਤਾ ਗਿਆ ਹੈ, ਪਰ *ਲੁਤਰਾਓ* ਗ਼ੁਲਾਮਾਂ ਦੀ **ਆਜ਼ਾਦੀ** ਲਈ ਦਿੱਤੀ ਕੀਤਮ ਉੱਤੇ ਵੀ ਜ਼ੋਰ ਦਿੰਦਾ ਹੈ। ਮੌਰਿਸ ਇਹ ਸਿਖਾਉਂਦਾ ਹੈ ਕਿ ਜੇਕਰ ਪਹਿਲੀ ਸਦੀ ਵਿੱਚ ਕੋਈ ਇਸ ਸ਼ਬਦ ਨੂੰ ਸੁਣਦਾ, ਤਾਂ ਉਹ ਸੁਭਾਵਿਕ ਤੌਰ ਤੇ ਗ਼ੁਲਾਮਾਂ ਨੂੰ ਗ਼ੁਲਾਮੀ ਤੋਂ ਮੁਕਤ ਕਰਨ ਦੇ ਲਈ ਦਿੱਤੀ ਗਈ ਕੀਮਤ ਬਾਰੇ ਸੋਚਦਾ।[7] ਜੋਸੀਫ਼ਸ ਦਾ ਅੱਗੇ ਦਿੱਤਾ ਹਵਾਲਾ ਇੱਕ ਬੰਧਕ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਦੇ ਲਈ ਮੁਆਵਜ਼ੇ ਦੀ ਕੀਮਤ ਦਾ ਭੁਗਤਾਨ ਕਰਨ ਦੇ ਵਿਚਾਰ ਨੂੰ ਦਰਸਾਉਂਦਾ ਹੈ: "ਇਹ ਨਾ ਜਾਣਦੇ ਹੋਏ ਕਿ ਉਸ [ਮਹਾਨ ਹੋਰੋਦੇਸ] ਦੇ ਭਰਾ ਨਾਲ ਕੀ ਹੋਇਆ ਸੀ, ਪਰ ਉਹ ਉਸ ਨੂੰ ਆਪਣੇ ਦੁਸ਼ਮਣਾਂ ਦੇ ਹੱਥੋਂ ਛੁਡਾਉਣ (*ਲੁਤਰਾਓ*) ਦੇ ਲਈ ਛੇਤੀ ਵਿੱਚ ਸੀ, ਉਹ ਉਸ ਦੇ ਛੁਟਕਾਰੇ ਦੇ ਲਈ ਤਿੰਨ ਸੌ ਸੋਨੇ ਦੀਆਂ ਥੈਲੀਆਂ ਦੇਣ ਦੇ ਲਈ ਤਿਆਰ ਸੀ।"[8]

ਲੁਤਰਾਓ ਦੀ ਧਰਮ-ਨਿਰਪੱਖ ਵਰਤੋਂ ਇੱਕ ਗ਼ੁਲਾਮ, ਕੈਦੀ, ਜਾਂ ਇੱਕ ਬੰਧਕ ਦੀ ਆਜ਼ਾਦੀ ਨੂੰ ਸੁਰੱਖਿਅਤ ਕਰਨ ਦੇ ਲਈ ਇੱਕ ਕੀਮਤ ਦੇ

[5] **ਮੋਲਟਨ ਐਂਡ ਮਿਲੀਗਨ** 220; **ਐਂਡ ਵਾਲਟਰ ਬਾਉਰ**, ***ਦ ਗ੍ਰੀਕ-ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸ਼ਚੀਅਨ ਲਿਟਰੇਚਰ***, ਅਨੁ. **ਵਿਲੀਅਮ ਐੱਫ. ਆਰੰਡਟ ਐਂਡ ਐੱਫ. ਵਿਲਬਰ ਗਿੰਗਰਿਚ** (**ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ**, 1957), 271.

[6] ਮੋਲਟਨ ਐਂਡ ਮਿਲੀਗਨ 383.

[7] ਮੌਰਿਸ 14.

[8] ਜੋਸੇਫਸ, *ਦ ਵਰਕਸ ਆਫ਼ ਜੋਸੇਫਸ*, ਅਨੁ. ਵਿਲੀਅਮ ਵ੍ਹਿਸਟਨ, (ਪੀਬੈਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1985) 308.

ਭੁਗਤਾਨ ਉੱਤੇ ਜ਼ੋਰ ਦਿੰਦੀ ਹੈ। ਇਹ ਨਵੇਂ ਨੇਮ ਵਿੱਚ ਧਰਮ-ਨਿਰਪੱਖ ਅਰਥ ਵਿੱਚ ਪ੍ਰਚਲਿਤ ਹੈ ਜਿਸ ਵਿੱਚ ਲਗਭਗ ਹਮੇਸ਼ਾਂ ਲੁਤਰਾਓ ਸ਼ਬਦ ਦੇ ਸੰਦਰਭ ਵਿੱਚ ਇੱਕ ਮੁਆਵਜ਼ੇ ਦੀ ਕੀਤਮ ਦੱਸੀ ਗਈ ਹੈ।[9]

2. ਨਵਾਂ ਨੇਮ ਤਿੰਨ ਥਾਵਾਂ ਉੱਤੇ *ਲੁਤਰਾਓ* ਦੀ ਵਰਤੋਂ ਕਰਦਾ ਹੈ (ਲੂਕਾ 24:21; ਤੀਤੁਸ 2:14; ਅਤੇ 1 ਪਤਰਸ 1:18-19)।

> ਉਹਨਾਂ ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਕਿ ਉਹ ਸਾਨੂੰ ਸਾਰੀ ਦੁਸ਼ਟਤਾ ਤੋਂ **ਛੁਟਕਾਰਾ ਦੇਣ** ਤਾਂ ਜੋ ਉਹ ਸਾਨੂੰ ਆਪਣੇ ਲੋਕ ਹੋਣ ਦੇ ਲਈ ਸ਼ੁੱਧ ਕਰਨ ਅਤੇ ਹਰ ਤਰ੍ਹਾਂ ਦੀ ਭਲਾਈ ਕਰਨ ਦੇ ਲਈ ਤਿਆਰ ਕਰਨ [ਤੀਤੁਸ 2:14]
>
> ਤੁਸੀਂ ਜਾਣਦੇ ਹੋ ਕਿ ਤੁਹਾਡਾ ਵਿਅਰਥ ਜੀਵਨ ਜਿਹੜਾ ਤੁਹਾਨੂੰ ਤੁਹਾਡੇ ਪੁਰਖਿਆਂ ਤੋਂ ਮਿਲਿਆ ਸੀ, ਉਸ ਦਾ **ਛੁਟਕਾਰਾ** ਕਿਸੇ ਸੋਨੇ ਚਾਂਦੀ ਜਿਹੀਆਂ ਨਾਸ਼ਵਾਨ ਚੀਜ਼ਾਂ ਦੇ ਦੁਆਰਾ ਨਹੀਂ ਹੋਇਆ ਸਗੋਂ ਤੁਹਾਡਾ ਛੁਟਕਾਰਾ ਮਸੀਹ ਦੇ ਬਹੁਮੁੱਲੇ ਖ਼ੂਨ ਦੇ ਦੁਆਰਾ ਹੋਇਆ ਹੈ ਜੋ ਮੇਮਣੇ ਦੀ ਤਰ੍ਹਾਂ ਨਿਹਕਲੰਕ ਅਤੇ ਨਿਰਦੋਸ਼ ਸਨ। [1 ਪਤਰਸ 1:18-19]

ਧਿਆਨ ਦਿਓ ਕਿ ਦੋਵੇਂ ਹਵਾਲਿਆਂ ਵਿੱਚ, ਛੁਟਕਾਰੇ ਦੀ ਕੀਮਤ ਦੱਸੀ ਗਈ ਹੈ। ਤੀਤੁਸ 2:14 ਕਹਿੰਦਾ ਹੈ ਕਿ ਮਸੀਹ ਨੇ **ਆਪਣੇ ਆਪ** ਨੂੰ ਸਾਡੇ ਛੁਟਕਾਰੇ ਲਈ ਦੇ ਦਿੱਤਾ। 1 ਪਤਰਸ 1:18 ਅਨੁਸਾਰ ਮੁਕਤੀ "**ਅਨਮੋਲ ਖ਼ੂਨ**" ਦੀ ਕੀਮਤ ਉੱਤੇ ਨਿਰਭਰ ਕਰਦੀ ਹੈ। ਖੁੱਲ੍ਹੇ ਵਿਚਾਰਵਾਦੀ ਲੋਕ ਛੁਟਕਾਰੇ ਨੂੰ ਸਿਰਫ਼ ਰਿਹਾਈ ਦੇ ਰੂਪ ਵਿੱਚ ਸੋਚਦੇ ਹਨ। ਇਹ ਰਿਹਾਈ ਨਾਲ ਸੰਬੰਧ ਰੱਖਦਾ ਹੈ, ਪਰ, ਨਵਾਂ ਨੇਮ ਇਸ ਰਿਹਾਈ ਨੂੰ ਹਾਸਲ ਕਰਨ ਦੇ ਲਈ ਦਿੱਤੀ ਗਈ **ਕੀਮਤ** ਉੱਤੇ ਵੀ ਜ਼ੋਰ ਦਿੰਦਾ ਹੈ। ਤੀਤੁਸ 2 ਅਤੇ 1 ਪਤਰਸ 1 ਦੋਵਾਂ ਵਿੱਚ, ਛੁਟਕਾਰਾ ਵਿਸ਼ਵਾਸੀ ਦੇ ਲਈ ਅਤੀਤ ਵਿੱਚ ਪੂਰਾ ਹੋ ਗਿਆ ਹੈ, ਜੋ ਕਿ 1 ਪਤਰਸ 1:18-19 ਵਿੱਚ ਨਿਸ਼ਚਤ ਤੌਰ ਤੇ ਵਧੇਰੇ ਸਪੱਸ਼ਟ ਹੈ। (ਤੀਤੁਸ 2 ਦਾ ਅਰਥ ਵਰਤਮਾਨ ਵਿੱਚ ਪਾਪ ਦੀ ਸ਼ਕਤੀ ਤੋਂ ਛੁਟਕਾਰਾ ਹੈ)।

ਬਾਈਬਲ ਗੁਆਚੇ ਹੋਏ ਲੋਕਾਂ ਨੂੰ ਪਾਪ ਦੇ ਗ਼ੁਲਾਮ (ਯੂਹੰਨਾ 8:34; ਰੋਮੀ 6:6, 14, 17, 20; 7:14ff.), ਅਤੇ ਮੌਤ ਦੇ ਡਰ ਦੀ ਗ਼ੁਲਾਮੀ ਵਿੱਚ ਦਰਸਾਉਂਦੀ ਹੈ (ਇਬ 2:14- 15)। ਕਿਉਂਕਿ ਲੁਤਰਾਓ ਦੀ ਵਰਤੋਂ ਆਮ ਤੌਰ ਤੇ ਗ਼ੁਲਾਮਾਂ ਨੂੰ ਛੁਡਾਉਣ ਲਈ ਕੀਤੀ ਜਾਂਦੀ ਸੀ, ਅਤੇ ਬਾਈਬਲ ਸਿਖਾਉਂਦੀ ਹੈ ਕਿ ਮਨੁੱਖ ਪਾਪ ਦੇ ਗ਼ੁਲਾਮ ਹੈ, ਅਤੇ ਕਿਉਂਕਿ ਤੀਤੁਸ 2 ਅਤੇ 1 ਪਤਰਸ 1 ਮਨੁੱਖ ਦੀ ਪੁਰਾਣੀ ਦੁਸ਼ਟਤਾ ਦੀ ਗ਼ੁਲਾਮੀ ਤੋਂ ਛੁਟਕਾਰੇ ਦੀ ਗੱਲ ਕਰਦੇ ਹਨ,[10] ਤਾਂ ਜਦੋਂ ਬਾਈਬਲ ਦੇ ਲੇਖਕ ਇਸ ਸ਼ਬਦ ਨੂੰ ਛੁਟਕਾਰੇ ਦੇ ਲਈ ਵਰਤਦੇ ਹਨ ਉਹ ਇੱਕ ਕੈਦੀ ਜਾਂ ਗ਼ੁਲਾਮ ਨੂੰ ਛੁਡਾਉਣ ਦੀ ਹੀ ਕਲਪਨਾ ਕਰ ਰਹੇ ਹਨ। ਮਸੀਹ ਨੇ ਗ਼ੁਲਾਮਾਂ ਨੂੰ ਪਾਪ ਤੋਂ ਖ਼ਰੀਦਣ ਅਤੇ ਉਹਨਾਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਦੇ ਲਈ ਕੀਮਤ ਅਦਾ ਕੀਤੀ ਹੈ।

*ਐਗੋਰਾਜ਼ੋ* ਖ਼ਰੀਦੀ ਹੋਈ ਚੀਜ਼ ਦੀ ਕੀਮਤ ਅਤੇ ਮਾਲਕੀਅਤ ਦੇ ਬਦਲਣ ਉੱਤੇ ਜ਼ੋਰ ਦਿੰਦਾ ਹੈ, ਪਰ ਇਹ ਆਜ਼ਾਦੀ/ਰਿਹਾਈ ਉੱਤੇ ਜ਼ੋਰ ਨਹੀਂ ਦਿੰਦਾ ਹੈ। ਇਸ ਲਈ, ਇਹ ਅਵਿਸ਼ਵਾਸੀਆਂ ਦੇ ਲਈ ਵੀ ਵਰਤਿਆ ਜਾ ਸਕਦਾ ਹੈ। *ਲੁਤਰਾਓ* **ਕੀਮਤ ਅਤੇ ਰਿਹਾਈ** ਉੱਤੇ ਜ਼ੋਰ ਦਿੰਦਾ ਹੈ। ਇਸ ਤਰ੍ਹਾਂ, ਇਸ ਦੀ ਵਰਤੋਂ ਕਦੇ ਵੀ ਅਵਿਸ਼ਵਾਸੀਆਂ ਲਈ ਨਹੀਂ ਕੀਤੀ ਗਈ ਸੀ।

**D. ਲੁਤਰੋਨ (ਨਾਂਵ)** – ਇਸ ਸ਼ਬਦ ਦਾ ਅਰਥ "ਮੁਆਵਜ਼ਾ," "ਰਿਹਾਈ ਨੂੰ ਸੁਰੱਖਿਅਤ ਰੱਖਣ ਦੇ ਲਈ ਅਦਾ ਕੀਤੀ ਕੀਮਤ" ਹੈ।

1. ਧਰਮ-ਨਿਰਪੱਖ ਵਰਤੋਂ ਵਿੱਚ, ਇਹ ਉਹ ਸ਼ਬਦ ਸੀ ਜੋ ਪ੍ਰਾਚੀਨ ਕਾਲ ਦੇ ਲੋਕ ਗ਼ੁਲਾਮਾਂ ਨੂੰ ਆਜ਼ਾਦ ਕਰਨ ਦੇ ਲਈ ਵਰਤੇ ਜਾਣ ਵਾਲੇ ਪੈਸੇ ਲਈ ਵਰਤਦੇ ਸਨ।[11] ਜੋਸੀਫ਼ਸ ਤੋਂ ਬਹੁਤ ਸਾਰੇ ਹਵਾਲੇ ਦਿੱਤੇ ਜਾ ਸਕਦੇ ਹਨ ਜਿੱਥੇ *ਲੁਤਰੋਨ* ਦਾ ਅਰਥ "ਰਿਹਾਈ ਜਾਂ ਮੁੱਲ ਚੁਕਾਉਣ ਦੀ ਕੀਮਤ" ਹੈ[12]

2. ਨਵੇਂ ਨੇਮ ਵਿੱਚ *ਲੁਤਰੋਨ* ਦੀ ਵਰਤੋਂ *ਸਿਰਫ਼* ਦੋ ਵਾਰ ਕੀਤੀ ਗਈ ਹੈ, ਪਰ ਦੋਵੇਂ ਵਚਨ ਮੁਕਤੀ ਦੇ ਸਿਧਾਂਤ ਦੇ ਲਈ ਬਹੁਤ ਮਹੱਤਵਪੂਰਣ ਹਨ। ਇਹੀ ਉਹ ਵਚਨ ਹਨ ਜੋ ਸਭ ਤੋਂ ਸਪੱਸ਼ਟ ਤੌਰ ਤੇ ਕਿਸੇ ਹੋਰ ਦੀ ਥਾਂ ਪ੍ਰਾਸਚਿਤ ਦੀ ਸਿੱਖਿਆ ਦਿੰਦੇ ਹਨ।

> "ਜਿਵੇਂ ਮਨੁੱਖ ਦਾ ਪੁੱਤਰ ਸੇਵਾ ਕਰਵਾਉਣ ਲਈ ਨਹੀਂ ਸਗੋਂ ਸੇਵਾ ਕਰਨ ਲਈ ਆਇਆ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਮੁਕਤੀ ਦਾ **ਮੁੱਲ ਚੁਕਾਉਣ** ਦੇ ਲਈ ਆਪਣੀ ਜਾਨ ਦੇਣ ਲਈ ਆਇਆ ਹੈ।" [ਮੱਤੀ 20:28]
>
> "ਕਿਉਂਕਿ ਮਨੁੱਖ ਦਾ ਪੁੱਤਰ ਵੀ ਸੇਵਾ ਕਰਵਾਉਣ ਦੇ ਲਈ ਨਹੀਂ ਆਇਆ ਸਗੋਂ ਉਹ ਸੇਵਾ ਕਰਨ ਅਤੇ ਬਹੁਤ ਸਾਰੇ ਲੋਕਾਂ ਦੀ **ਮੁਕਤੀ** ਦੇ ਲਈ ਆਪਣੀ ਜਾਨ ਦੇਣ ਲਈ ਆਇਆ ਹੈ।" [ਮਰਕੁਸ 10:45]

[9] ਲੂਕਾ 1:68, 2:38 ਅਤੇ 24:21 ਵਿੱਚ ਕੀਮਤ ਨਹੀਂ ਦੱਸੀ ਗਈ ਹੈ। ਪਰ ਇਹ ਆਇਤਾਂ ਮੁੱਖ ਤੌਰ ਤੇ ਇਸਰਾਏਲ ਦੀ ਰਾਸ਼ਟਰੀ ਮੁਕਤੀ ਦੀ ਗੱਲ ਕਰਦੀਆਂ ਹਨ।

[10] ਤੀਤੁਸ 2:14 "ਸਾਰੀ ਦੁਸ਼ਟਤਾ" ਅਤੇ 1 ਪਤਰਸ 1:1 "ਪੁਰਖਿਆਂ ਤੋਂ ਮਿਲੇ ਵਿਅਰਥ ਜੀਵਨ" ਦੀ ਗੱਲ ਕਰਦਾ ਹੈ।

[11] ਮੌਲਟਨ ਐਂਡ ਮਿਲੀਗਨ 382-383; ਬਾਉਰ, ਆਰੰਡਟ, ਐਂਡ ਗਿੰਗਰਿਚ 483-84.

[12] ਗੇਰਹਾਰਡ ਕਿਟਲ, ਐਡ., *ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ*, ਵੋਲ. 4, ਅਨੁ. ਜਿਓਫ਼ਰੀ ਡਬਲਯੂ. ਬ੍ਰੋਮਿਲੀ (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1967) 340.

ਮਸੀਹ ਨੇ ਇਹ ਸਿਖਾਇਆ ਕਿ ਮੁਕਤੀ ਦੀ ਕੀਮਤ ਉਹਨਾਂ ਦੀ ਜਾਨ ਹੋਵੇਗੀ। ਜੇਕਰ ਇੱਕ ਵਿਅਕਤੀ ਇਸ ਗੱਲ ਉੱਤੇ ਧਿਆਨ ਦਿੰਦਾ ਹੈ ਕਿ *ਐਂਟੀ anti* ਦਾ ਅਰਥ "ਕਿਸੇ ਦੇ ਬਦਲੇ ਵਿੱਚ, ਜਾਂ ਕਿਸੇ ਦੀ ਥਾਂ ਤੇ" ਹੈ, ਤਾਂ ਕੀਮਤ ਦਾ ਵਿਚਾਰ ਮਜ਼ਬੂਤ ਹੋ ਜਾਂਦਾ ਹੈ। ਮਸੀਹ ਨੇ ਸਾਡੀ ਥਾਂ ਤੇ ਇੱਕ ਰਿਹਾਈ ਦੀ ਕੀਮਤ ਦੇ ਤੌਰ ਤੇ ਆਪਣੀ ਜਾਨ ਦਿੱਤੀ, ਇਹ ਸਾਡੇ ਥਾਂ ਤੇ ਅਤੇ ਸਾਨੂੰ ਖ਼ਰੀਦਣ ਦੇ ਲਈ ਸੀ।

### E. ਲੁਤਰੋਸਿਸ (ਨਾਂਵ)

ਛੁਟਕਾਰੇ ਦੇ ਲਈ ਇਹ ਸ਼ਬਦ ਨਵੇਂ ਨੇਮ ਵਿੱਚ ਸਿਰਫ਼ ਤਿੰਨ ਵਾਰ ਵਰਤਿਆ ਗਿਆ ਹੈ (ਲੂਕਾ 1:68; 2:38; ਇਬ 9:12)। ਇਸ ਦਾ ਅਧਿਐਨ ਅੱਗੇ ਦਿੱਤੇ ਸ਼ਬਦ ਨਾਲ ਹੋ ਸਕਦਾ ਹੈ ਜੋ ਇੱਕ ਮਿਸ਼ਰਨ ਰੂਪ "*ਅਪੋਲੁਤਰੋਸਿਸ*" ਹੈ। ਇਹ ਮਹੱਤਵਪੂਰਣ ਹੈ ਕਿ ਇਬ 9:12 "ਅਨੰਤ ਛੁਟਕਾਰੇ" ਦੀ ਗੱਲ ਕਰਦਾ ਹੈ। ਜਦੋਂ ਮਸੀਹ ਇੱਕ ਵਾਰ ਪਾਪ ਦੀ ਗ਼ੁਲਾਮੀ ਤੋਂ ਮੁਕਤ ਕਰ ਦਿੰਦੇ ਹਨ, ਤਾਂ ਇੱਕ ਵਿਅਕਤੀ ਦੁਬਾਰਾ ਪਾਪ ਦੀ ਗ਼ੁਲਾਮੀ ਦੀ ਸਥਿਤੀ ਵਿੱਚ ਨਹੀਂ ਜਾ ਸਕਦਾ ਹੈ। ਇੱਕ ਵਿਸ਼ਵਾਸੀ ਪਾਪ ਦੀ ਸਥਿਤੀ ਵਿੱਚ ਤਾਂ ਹੋ ਸਕਦਾ ਹੈ, ਪਰ ਉਹ ਪਾਪ ਦੇ ਸੇਵਕ/ਗ਼ੁਲਾਮ ਬਣਨ ਦੀ ਸਥਿਤੀ ਵਿੱਚ ਨਹੀਂ ਹੋ ਸਕਦਾ ਹੈ। ਸਲੀਬ ਉੱਤੇ ਮਸੀਹ ਦਾ ਕੰਮ ਪੂਰੀ ਅਤੇ ਹਮੇਸ਼ਾਂ ਦੀ ਰਿਹਾਈ ਪ੍ਰਦਾਨ ਕਰਦਾ ਹੈ। *ਲੁਤਰੋਸਿਸ* ਦਾ ਅਨੁਵਾਦ "ਛੁਟਕਾਰਾ" ਹੈ ਜਿਸ ਦਾ ਅਰਥ "ਇੱਕ ਕੀਮਤ ਦੇ ਭੁਗਤਾਨ ਦੁਆਰਾ ਰਿਹਾਈ ਨੂੰ ਸੁਰੱਖਿਅਤ ਕੀਤਾ ਜਾਣਾ" ਹੈ।

### F. *ਅਪੋਲੁਤਰੋਸਿਸ* (ਨਾਂਵ)

ਇਸ ਸ਼ਬਦ ਦਾ ਅਰਥ ਇੱਕ ਕੀਮਤ ਦੇ ਦੁਆਰਾ ਛੁਟਕਾਰਾ ਹਾਸਲ ਕਰਨਾ ਹੈ।

1. ਪ੍ਰਾਚੀਨ ਧਰਮ-ਨਿਰਪੱਖ ਸੰਸਾਰ ਵਿੱਚ *ਅਪੋਲੁਤਰੋਸਿਸ* ਦੀ ਵਰਤੋਂ ਕਦੇ-ਕਦੇ ਕੀਤੀ ਜਾਂਦੀ ਸੀ, ਪਰ ਇਹ ਸ਼ਬਦ ਸਪੱਸ਼ਟ ਤੌਰ ਤੇ ਮੁਆਵਜ਼ੇ ਦੇ ਭੁਗਤਾਨ ਦੁਆਰਾ ਗ਼ੁਲਾਮਾਂ ਜਾਂ ਬੰਧਕਾਂ ਦੀ ਰਿਹਾਈ ਦੀ ਗੱਲ ਕਰਦਾ ਸੀ।[13] ਪਲੂਟਾਰਕ ਗ਼ੁਲਾਮ ਸ਼ਹਿਰਾਂ ਨੂੰ ਛੁਡਾਉਣ ਦੇ ਲਈ ਮੁਆਵਜ਼ੇ ਦੀ ਗੱਲ ਕਰਦਾ ਹੈ।[14] ਫਾਇਲੋ ਇੱਕ ਗ਼ੁਲਾਮ ਬਾਰੇ ਗੱਲ ਕਰਦਾ ਹੈ ਜਿਸ ਨੇ ਆਤਮ ਹੱਤਿਆ ਕਰ ਲਈ ਸੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਕੋਈ ਵੀ ਉਸ ਦੇ ਛੁਟਕਾਰੇ ਦੀ ਕੀਮਤ ਨਹੀਂ ਚੁਕਾਵੇਗਾ।[15] ਅਰਿਸਤੀਆ ਦੇ ਪੱਤਰ ਵਿੱਚ ਇਸ ਸ਼ਬਦ ਦੀ ਵਰਤੋਂ ਜੰਗੀ ਕੈਦੀਆਂ ਦੇ ਇੱਕ ਵਿਅਕਤੀ ਲਈ "ਵੀਹ ਯੂਨਾਨੀ ਡਰਾਕਮਾ" ਦੀ ਕੀਮਤ ਦੇ ਮੁਆਵਜ਼ੇ ਲਈ ਕੀਤੀ ਗਈ ਸੀ।[16] ਜੋਸੀਫ਼ਸ ਦੀ ਲਿਖਤ ਵਿੱਚ ਇੱਕ ਹਿੱਸਾ ਹੈ ਜਿੱਥੇ ਕੈਦੀਆਂ ਨੂੰ ਛੁਡਾਉਣ ਦੀ ਕੀਮਤ "ਚਾਰ ਸੌ ਤੋਂ ਵੱਧ ਸੋਨੇ ਦੀਆਂ ਥੈਲੀਆਂ" ਸੀ।[17] ਅਜਿਹੇ ਸੰਦਰਭਾਂ ਵਿੱਚ ਅਕਸਰ ਵਾਪਸ ਖ਼ਰੀਦਣ ਦੀ ਗੱਲ ਹੁੰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਦੋਂ ਨਵੇਂ ਨੇਮ ਦੇ ਪਾਠਕਾਂ ਨੇ *ਅਪੋਲੁਤਰੋਸਿਸ* ਸ਼ਬਦ ਨੂੰ ਪੜ੍ਹਿਆ ਹੋਵੇਗਾ, ਤਾਂ ਉਹਨਾਂ ਨੇ ਕੈਦੀ ਜਾਂ ਗ਼ੁਲਾਮ ਦੀ ਸਥਿਤੀ ਬਾਰੇ ਸੋਚਿਆ ਹੋਵੇਗਾ। ਇੱਕ ਵਿਅਕਤੀ ਇਸ ਲਈ ਆਜ਼ਾਦ ਸੀ, ਕਿਉਂਕਿ ਕਿਸੇ ਹੋਰ ਵਿਅਕਤੀ ਨੇ ਉਸ ਦਾ ਮੁੱਲ ਚੁਕਾਇਆ ਸੀ।

2. *ਅਪੋਲੁਤਰੋਸਿਸ* ਸ਼ਬਦ ਨਵੇਂ ਨੇਮ ਵਿੱਚ 10 ਵਾਰ ਆਉਂਦਾ ਹੈ। ਇਸ ਵਿੱਚ ਅਕਸਰ ਹੀ ਸੁਰੱਖਿਅਤ ਰਿਹਾਈ ਦੀ ਕੀਮਤ ਦਾ ਜ਼ਿਕਰ ਕੀਤਾ ਗਿਆ ਹੈ। (ਖ਼ੂਨ – ਰੋਮੀ 3:24-25; ਅਫ਼ਸੀ 1:7; ਕੁਲੁੱਸੀ 1:14[18]; ਮੌਤ ਅਤੇ ਖ਼ੂਨ – ਇਬ 9:12, 15; ਅਤੇ ਸੰਦਰਭ ਅਨੁਸਾਰ ਅਫ਼ਸੀ 1:14 ਵੀ)।

> …ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ **ਛੁਟਕਾਰੇ** ਦਾ ਸਾਧਨ, ਉਹਨਾਂ ਦੇ **ਖ਼ੂਨ** ਦੇ ਦੁਆਰਾ ਬਣਾਇਆ ਜੋ ਉਹਨਾਂ ਵਿੱਚ ਵਿਸ਼ਵਾਸ ਕਰਨ ਦੁਆਰਾ ਮਿਲਦਾ ਹੈ। …[ਰੋਮੀ 3:24-25]
>
> ਮਸੀਹ ਦੇ **ਖ਼ੂਨ** ਦੁਆਰਾ ਸਾਨੂੰ **ਮੁਕਤੀ** ਮਿਲੀ ਹੈ…[ਅਫ਼ਸੀ 1:7]
>
> ਇਸ ਲਈ ਮਸੀਹ ਨਵੇਂ ਨੇਮ ਦੇ ਵਿਚੋਲੇ ਹਨ ਕਿ ਉਹ ਸਾਰੇ ਜੋ ਸੱਦੇ ਗਏ ਹਨ ਪਰਮੇਸ਼ਰ ਦੇ ਕੀਤੇ ਹੋਏ ਵਾਅਦੇ ਦੇ ਅਨੁਸਾਰ ਅਨੰਤ ਵਿਰਸਾ ਪ੍ਰਾਪਤ ਕਰਨ ਕਿਉਂਕਿ ਉਹ ਉਹਨਾਂ ਪਾਪਾਂ ਤੋਂ **ਛੁਟਕਾਰਾ** ਦੇਣ ਦੇ ਲਈ ਮਰੇ ਜੋ ਪਹਿਲੇ ਨੇਮ ਦੇ ਹੇਠਾਂ ਕੀਤੇ ਗਏ ਸਨ [ਇਬ 9:15]

ਇਹ ਦੇਖਦੇ ਹੋਏ ਕਿ ਇਸ ਸ਼ਬਦ ਦੀ ਆਮ ਵਰਤੋਂ ਮੁੱਲ ਚੁਕਾਉਣ ਦੀ ਗੱਲ ਕਰਦੀ ਹੈ, ਇਹ ਦੇਖਦੇ ਹੋਏ ਕਿ ਇਹਨਾਂ ਆਇਤਾਂ ਵਿੱਚ ਬਾਈਬਲ ਇੱਕ ਭੁਗਤਾਨ ਕੀਤੀ ਗਈ ਕੀਮਤ ਬਾਰੇ ਗੱਲ ਕਰਦੀ ਹੈ, ਅਤੇ ਇਹ ਦੇਖਦੇ ਹੋਏ ਕਿ ਇਹ ਆਇਤਾਂ ਇੱਕ ਕੀਮਤ ਉੱਤੇ ਜ਼ੋਰ ਦਿੰਦੀਆਂ ਹਨ, ਤਾਂ ਇਹ ਸਿੱਟਾ ਕੱਢਣਾ ਸਭ ਤੋਂ ਵਧੀਆ ਰਹੇਗਾ ਕਿ ਛੁਟਕਾਰੇ ਦਾ ਜੋ ਅਰਥ ਧਰਮ ਨਿਰਪੱਖ ਸੰਦਰਭ ਵਿੱਚ ਹੈ, ਉਹੀ ਅਰਥ ਬਾਈਬਲ ਦੇ ਸੰਦਰਭ ਵਿੱਚ ਵੀ ਹੈ। ਮਸੀਹ ਨੇ ਪਾਪ ਦੇ ਗ਼ੁਲਾਮ ਲੋਕਾਂ ਨੂੰ ਖ਼ਰੀਦਣ, ਅਤੇ ਫਿਰ ਉਹਨਾਂ ਨੂੰ ਆਜ਼ਾਦ ਕਰਨ ਦੀ ਕੀਮਤ ਚੁਕਾਈ ਹੈ। ਇਸ ਦੀ ਕੀਮਤ ਮਸੀਹ ਦੀ ਜਾਨ, ਟੁੱਟਿਆ ਹੋਇਆ ਸਰੀਰ ਅਤੇ ਵਹਾਇਆ ਹੋਇਆ ਖ਼ੂਨ ਸੀ।

ਹਾਲਾਂਕਿ ਨਵਾਂ ਨੇਮ ਆਮ ਤੌਰ ਤੇ ਛੁਟਕਾਰੇ ਨੂੰ ਅਤੀਤ ਦੀ ਘਟਨਾ

---

[13] ਬਾਉਰ, ਆਰੰਡਟ, ਐਂਡ ਗਿੰਗਰਿਚ 95; ਮੌਰਿਸ 16.

[14] ਇਬਿਡ. 16.

[15] ਇਬਿਡ. 16-17.

[16] ਇਬਿਡ.

[17] ਇਬਿਡ.

[18] ਜੇਕਰ ਮੂਲ ਵਚਨ ਵਿੱਚ *ਖ਼ੂਨ* ਦਾ ਜ਼ਿਕਰ ਨਹੀਂ ਕੀਤਾ ਗਿਆ ਹੈ ਤਾਂ ਵੀ ਅਫ਼ਸੀ 1:7 ਵਾਂਗ ਖ਼ੂਨ ਹੀ ਖਰੀਦ ਦੀ ਕੀਮਤ ਹੋਵੇਗੀ।

ਦੇ ਰੂਪ ਵਿੱਚ ਦੇਖਦਾ ਹੈ, ਫਿਰ ਵੀ, *ਅਪੋਲੁਤਰੋਸਿਸ* ਦੀ ਵਰਤੋਂ ਤਿੰਨ ਵਾਰ ਭਵਿੱਖ ਵਿੱਚ ਛੁਟਕਾਰੇ ਦੇ ਲਈ ਕੀਤੀ ਗਈ ਹੈ (ਰੋਮੀ 8:23; ਅਫ਼ਸੀ 1:14; ਅਫ਼ਸੀ 4:30)। ਛੁਟਕਾਰੇ ਦਾ ਇੱਕ ਭਵਿੱਖ ਦਾ ਪਹਿਲੂ ਵੀ ਹੈ, ਕਿਉਂਕਿ ਭਵਿੱਖ ਵਿੱਚ ਹੀ ਸਾਡੇ ਸਰੀਰ ਨੂੰ ਪਾਪ ਅਤੇ ਇਸ ਦੇ ਪ੍ਰਭਾਵਾਂ ਤੋਂ ਛੁਟਕਾਰਾ ਮਿਲੇਗਾ। ਇਸ ਵਿਚਾਰ ਅਨੁਸਾਰ ਵਿਸ਼ਵਾਸੀ ਅਜੇ ਵੀ ਭਵਿੱਖ ਦੇ ਅਤੇ ਸੰਪੂਰਨ ਛੁਟਕਾਰੇ ਦੀ ਉਡੀਕ ਕਰ ਰਹੇ ਹਨ।

> ਕੇਵਲ ਸ੍ਰਿਸ਼ਟੀ ਹੀ ਨਹੀਂ ਸਗੋਂ ਅਸੀਂ ਵੀ ਜਿਹਨਾਂ ਨੂੰ ਆਤਮਾ ਦਾ ਪਹਿਲਾ ਵਰਦਾਨ ਮਿਲਿਆ ਹੈ, ਆਪਣੇ ਅੰਦਰ ਹੀ ਅੰਦਰ ਕਰਾਹਉਂਦੇ ਹਾਂ ਅਤੇ ਪਰਮੇਸ਼ਰ ਦੇ ਗੋਦ ਲੈਣ ਦੀ ਅਤੇ ਸਾਡੇ ਸਰੀਰਕ ਬੰਧਨਾਂ ਤੋਂ **ਛੁਟਕਾਰੇ** ਦੀ **ਉਮੀਦ ਕਰਦੇ ਹਾਂ।** [ਰੋਮੀ 8:23]
>
> ਇਹ ਪਵਿੱਤਰ ਆਤਮਾ ਪਰਮੇਸ਼ਰ ਨੇ ਬਿਆਨੇ ਦੇ ਤੌਰ ਤੇ ਆਪਣੇ ਵਿਰਸੇ ਦੇ ਵਾਅਦੇ ਦੇ ਅਨੁਸਾਰ ਆਪਣੇ ਲੋਕਾਂ ਦੀ **ਮੁਕਤੀ ਦੇ ਲਈ** ਦਿੱਤਾ… [ਅਫ਼ਸੀ 1:14]
>
> ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸ ਦੇ ਨਾਲ ਤੁਹਾਡੇ ਉੱਤੇ **ਛੁਟਕਾਰੇ** ਦੇ ਦਿਨ ਦੀ ਮੋਹਰ ਲਾਈ ਗਈ ਹੈ [ਅਫ਼ਸੀ 4:30]

ਛੁਟਕਾਰੇ ਦੇ ਭਵਿੱਖ ਦੇ ਪਹਿਲੂ ਦੀ ਉਡੀਕ ਕੀਤੀ ਜਾਣੀ ਚਾਹੀਦੀ ਹੈ। ਫਿਰ ਵੀ, ਇਹ ਸਲੀਬ ਉੱਤੇ ਅਤੀਤ ਦੇ ਭੁਗਤਾਨ ਅਤੇ ਉਸ ਜੀਵਨ ਪਰਿਵਰਤਨ ਉੱਤੇ ਆਧਾਰਿਤ ਹੋਵੇਗਾ ਜੋ ਵਿਅਕਤੀ ਨੇ ਪਹਿਲਾਂ ਹੀ ਅਨੁਭਵ ਕੀਤਾ ਹੈ। ਨਵੇਂ ਨੇਮ ਵਿੱਚ ਛੁਟਕਾਰੇ ਦਾ ਇਹ ਹਵਾਲਾ ਆਮ ਸੀ ਕਿ ਇਹ ਅਤੀਤ ਵਿੱਚ ਹੋਇਆ ਹੈ, ਅਤੇ ਇਸ ਦਾ ਨਤੀਜਾ ਵਰਤਮਾਨ ਦਾ ਅਧਿਕਾਰ ਹੈ (ਜਿਵੇਂ ਕਿ, ਅਫ਼ਸੀ 1:7, "ਸਾਡੇ ਕੋਲ ਛੁਟਕਾਰਾ ਹੈ"; 1 ਕੁਰਿੰਥ 1:30)। ਵਿਸ਼ਵਾਸੀ ਪਹਿਲਾਂ ਹੀ ਬਿਵਸਥਾ ਦੇ ਸਰਾਪ, ਪਾਪ ਦੀ ਸਜ਼ਾ, ਅਤੇ ਪਾਪ ਦੀ ਸ਼ਕਤੀ ਤੋਂ ਛੁਟਕਾਰਾ ਪਾ ਚੁੱਕੇ ਹਨ। ਇਹੀ ਭਵਿੱਖ ਵਿੱਚ ਪਾਪ ਦੀ ਮੌਜੂਦਗੀ ਤੋਂ ਛੁਟਕਾਰੇ ਦਾ ਆਧਾਰ ਹੈ।[19]

ਸਾਰੇ ਸੰਦਰਭਾਂ ਵਿੱਚ, *ਅਪੋਲੁਤਰੋਸਿਸ* **ਸੰਪੂਰਨ** ਛੁਟਕਾਰੇ ਦੀ ਗੱਲ ਕਰਦਾ ਹੈ। ਇਸ ਲਈ, ਐਗੋਰਾਜ਼ੋ ਦੇ ਉਲਟ, ਇਹ ਕਦੇ ਵੀ **ਅਵਿਸ਼ਵਾਸੀਆਂ ਦੇ ਲਈ ਨਹੀਂ ਵਰਤਿਆ ਗਿਆ ਹੈ।** ਕੁਝ ਲੋਕ ਸੋਚਦੇ ਹਨ ਕਿ ਰਿਹਾਈ ਦਾ ਵਿਚਾਰ ਇਸ ਸ਼ਬਦ ਦੇ ਅੱਗੇ ਲੱਗੇ ਅਪੋ *apo* ਨਾਲ ਹੋਰ ਵੱਧ ਗਿਆ ਹੈ (ਜਿਸ ਦਾ ਅਰਥ ਦੂਰ ਹੋਣਾ ਹੁੰਦਾ ਹੈ)।[20]

[19] *ਅਪੋਲੁਤਰੋਸਿਸ* ਦੇ ਬਾਕੀ ਦੇ ਹਵਾਲੇ ਲੂਕਾ 21:28 ਅਤੇ ਇਬ 11:35 ਵਿੱਚ ਹਨ। ਇਹ ਜਾਣਨਾ ਮੁਸ਼ਕਲ ਹੈ ਕਿ ਕੀ ਲੂਕਾ 21 ਇੱਕ ਵਿਅਕਤੀ ਦੇ ਭਵਿੱਖ ਦੇ ਛੁਟਕਾਰੇ ਦਾ ਜਾਂ ਇਰਸਾਏਲ ਦੇ ਉਸ ਦੇ ਦੁਸ਼ਮਣਾਂ ਤੋਂ ਰਾਸ਼ਟਰੀ ਛੁਟਕਾਰੇ ਦਾ ਹਵਾਲਾ ਦਿੰਦਾ ਹੈ। ਇਬ 11 ਧਰਮ-ਤਿਆਗ ਦਾ ਹਵਾਲਾ ਦਿੰਦਾ ਹੈ ਜੋ ਦੁੱਖ ਤੋਂ ਛੁਟਕਾਰੇ ਦੀ ਕੀਮਤ ਹੈ।

ਦੂਜੇ ਲੋਕ ਮੰਨਦੇ ਹਨ ਕਿ ਇਹ ਸਿਰਫ਼ ਸ਼ੈਲੀ ਵਿੱਚ ਪਰਿਵਰਤਨ ਹੈ ਅਤੇ ਸੰਪੂਰਨ ਰਿਹਾਈ ਅੱਗੇ ਲੱਗੇ *ਅਪੋ* ਤੋਂ ਨਹੀਂ ਪਰ ਸੰਦਰਭ ਤੋਂ ਆਉਂਦੀ ਹੈ।[21] ਪਰ, ਇਸ ਫ਼ਰਕ ਦੇ ਬਾਵਜੂਦ, *ਅਪੋਲੁਤਰੋਸਿਸ* ਦਾ ਅਰਥ ਇੱਕ ਕੀਮਤ ਜਾਂ ਮੁਆਵਜ਼ੇ ਦੇ ਭੁਗਤਾਨ ਦੁਆਰਾ ਸੁਰੱਖਿਅਤ **ਰਿਹਾਈ** ਹੈ।

### G. ਛੁਟਕਾਰੇ ਦਾ ਸਾਰ ਅਤੇ ਸਿੱਟੇ

ਬਾਈਬਲ ਇਹ ਨਹੀਂ ਦੱਸਦੀ ਕਿ ਛੁਟਕਾਰੇ ਦੀ ਕੀਮਤ ਕਿਸ ਨੂੰ ਚੁਕਾਈ ਗਈ ਹੈ। ਕੁਝ ਲੋਕ ਮੰਨਦੇ ਹਨ ਕਿ ਪਰਮੇਸ਼ਰ ਪੁੱਤਰ ਨੇ ਪਰਮੇਸ਼ਰ ਪਿਤਾ ਨੂੰ ਕੀਮਤ ਚੁਕਾਈ ਹੈ। ਦੂਜੇ ਲੋਕ ਸੋਚਦੇ ਹਨ ਕਿ ਮਸੀਹ ਨੇ ਸ਼ੈਤਾਨ ਦੀ ਕੈਦ ਤੋਂ ਮਨੁੱਖੀ ਛੁਟਕਾਰੇ ਦੇ ਲਈ ਸ਼ੈਤਾਨ ਨੂੰ ਇੱਕ ਕੀਮਤ ਚੁਕਾਈ ਹੈ। ਇਸ ਮੁੱਦੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਹੈ। ਫਿਰ ਵੀ, ਇਹ ਸਿੱਟਾ ਕੱਢਣਾ ਜਾਇਜ਼ ਹੋਵੇਗਾ ਕਿ ਬਾਈਬਲ ਕੀਮਤ ਚੁਕਾਉਣ ਦੇ ਵਿਚਾਰ ਉੱਤੇ ਜ਼ੋਰ ਦਿੰਦੀ ਹੈ। ਛੁਟਕਾਰਾ ਸਿਰਫ਼ ਰਿਹਾਈ, ਆਜ਼ਾਦੀ ਹੀ ਨਹੀਂ ਹੈ। ਇਹ ਇੱਕ ਕੀਮਤ (ਮਸੀਹ ਦੀ ਮੌਤ, ਅਤੇ ਉਹਨਾਂ ਦੇ ਖ਼ੂਨ) ਦੇ ਭੁਗਤਾਨ ਦੁਆਰਾ ਪ੍ਰਾਪਤ ਕੀਤੀ ਗਈ ਰਿਹਾਈ ਹੈ।

1. ਛੁਟਕਾਰਾ, ਪ੍ਰਾਸਚਿਤ ਦਾ ਪਾਪ ਦਾ ਪਹਿਲੂ ਹੈ। ਸਾਨੂੰ ਪਾਪ ਤੋਂ (ਰੋਮੀ 3:23-24, ਕੁਲੁੱਸੀ 1:14), ਅਪਰਾਧਾਂ ਤੋਂ (ਅਫ਼ਸੀ 1:7), ਦੁਸ਼ਟ ਕੰਮਾਂ ਤੋਂ (ਤੀਤੁਸ 2:14), ਬਦੀਆਂ ਤੋਂ (ਇਬ 9:12, 15), ਅਤੇ ਪੁਰਾਣੇ ਵਿਅਰਥ ਜੀਵਨ ਤੋਂ (1 ਪਤਰਸ 1:18-19) ਛੁਟਕਾਰਾ ਮਿਲਿਆ ਹੈ। ਇਹ ਸਿਖਾਉਣਾ ਕਿ ਵਿਸ਼ਵਾਸੀ ਬਿਵਸਥਾ ਦੇ ਸਰਾਪ ਤੋਂ ਛੁਡਾਏ ਗਏ ਹਨ, ਇਹ ਅਜਿਹਾ ਸਿਖਾਉਣ ਤੋਂ ਜ਼ਿਆਦਾ ਵੱਖਰਾ ਨਹੀਂ ਹੈ ਕਿ ਸਾਨੂੰ ਪਾਪ ਤੋਂ ਛੁਟਕਾਰਾ ਮਿਲਿਆ ਹੈ (ਗਲਾਤੀ 3:13, 4:5)। ਇਹ ਪਾਪ ਹੀ ਸੀ ਜਿਸ ਕਾਰਨ ਬਿਵਸਥਾ ਨੇ ਮਨੁੱਖ ਨੂੰ ਸਰਾਪ ਦਿੱਤਾ ਸੀ, ਅਤੇ ਪਾਪ ਨੇ ਮਨੁੱਖ ਨੂੰ ਬਿਵਸਥਾ ਦੀ ਸਜ਼ਾ ਦੇ ਲਈ ਮਜਬੂਰ ਕੀਤਾ ਸੀ।[22]

2. ਹਾਲਾਂਕਿ *ਐਗੋਰਾਜ਼ੋ* ਅਤੇ *ਲੁਤਰਾਓ* ਸ਼ਬਦਾਂ ਦਾ ਅਰਥ ਮਿਲਦਾ-ਜੁਲਦਾ ਹੈ, ਫਿਰ ਵੀ ਉਹਨਾਂ ਵਿਚਲੇ ਛੋਟੇ ਅੰਤਰ ਨੂੰ ਜਾਣਨ ਨਾਲ ਸਾਨੂੰ ਛੁਟਕਾਰੇ ਬਾਰੇ ਇੱਕ ਡੂੰਘੀ ਸਮਝ ਮਿਲਦੀ ਹੈ।

a. *ਐਗੋਰਾਜ਼ੋ* ਸ਼ਬਦ ਦੀ ਵਰਤੋਂ ਗ਼ੁਲਾਮਾਂ ਨੂੰ ਖ਼ਰੀਦਣ ਅਤੇ ਕਿਸੇ ਚੀਜ਼ ਨੂੰ ਵਾਪਸ ਖ਼ਰੀਦਣ ਲਈ ਕੀਤੀ ਜਾ ਸਕਦੀ ਹੈ, ਫਿਰ ਵੀ, ਇਹ

[20] ਰਿਚਰਡ ਚੇਨੇਵਿਕਸ ਟ੍ਰੈਂਚ, *ਸਿਨੋਨਿਮਜ਼ ਆਫ਼ ਦ ਨਿਊ ਟੈਸਟਾਮੈਂਟ* (1880; ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੰਪਨੀ, 1976) 290.

[21] ਮੌਰਿਸ, 16.

[22] ਗਲਾਤੀ 3-4 ਅਤੇ ਇਬ 9 ਦੋਵਾਂ ਦੇ ਸੰਦਰਭ ਤੋਂ ਪਤਾ ਲੱਗਦਾ ਹੈ ਕਿ ਵਿਸ਼ਵਾਸੀਆਂ ਨੂੰ ਸਿਰਫ਼ ਬਿਵਸਥਾ ਦੇ ਸਰਾਪ ਤੋਂ ਹੀ ਨਹੀਂ. ਪਰ ਬਿਵਸਥਾ ਤੋਂ ਵੀ ਛੁਟਕਾਰਾ ਮਿਲਿਆ ਹੈ।

ਕੁਝ ਵੀ ਖ਼ਰੀਦਣ ਦੇ ਲਈ ਵਰਤਿਆ ਜਾਣ ਵਾਲਾ ਆਮ ਸ਼ਬਦ ਸੀ। ਇਹ ਭੁਗਤਾਨ ਕੀਤੇ ਜਾਣ ਵਾਲੇ ਇੱਕ ਮੁੱਲ ਅਤੇ ਮਾਲਕ ਦੇ ਬਦਲਣ ਦੀ ਗੱਲ ਕਰਦਾ ਹੈ, ਪਰ ਇਹ ਰਿਹਾਈ ਦਾ ਹਵਾਲਾ ਵੀ ਸਕਦਾ ਹੈ ਜਾਂ ਨਹੀਂ ਵੀ ਦੇ ਸਕਦਾ ਹੈ। ਇਸ ਤਰ੍ਹਾਂ, ਇਹ ਪੂਰੇ ਸੰਸਾਰ ਨੂੰ ਛੁਟਕਾਰੇ ਦੇਣ ਦੀ ਗੱਲ ਕਰਦਾ ਹੈ (2 ਪਤਰਸ 2:1)। ਮਸੀਹ ਨੇ ਸਾਰੀ ਮਨੁੱਖਜਾਤੀ ਨੂੰ ਖ਼ਰੀਦਣ ਦਾ ਮੁੱਲ ਦੇ ਦਿੱਤਾ ਹੈ।

b. *ਲੁਤਰਾਓ* ਦੀ ਵਰਤੋਂ ਵਸਤੂਆਂ ਨੂੰ ਖਰੀਦਣ ਦੇ ਲਈ ਕੀਤੀ ਜਾ ਸਕਦੀ ਹੈ, ਪਰ ਇਹ *ਐਗੋਰਾਜ਼ੋ* ਨਾਲੋਂ ਜ਼ਿਆਦਾ ਸਪੱਸ਼ਟ ਹੈ ਅਤੇ ਅਕਸਰ ਮਨੁੱਖਾਂ ਜਿਵੇਂ ਕਿ ਗ਼ੁਲਾਮਾਂ, ਬੰਧਕਾਂ, ਜਾਂ ਜੰਗੀ ਕੈਦੀਆਂ ਦੀ ਖਰੀਦ ਜਾਂ ਮੁਆਵਜ਼ੇ ਨੂੰ ਦਰਸਾਉਂਦਾ ਹੈ। ਇਹ ਵਧੇਰੇ ਸਪੱਸ਼ਟ ਤੌਰ ਤੇ ਉਸ ਚੀਜ਼ ਨੂੰ ਵਾਪਸ ਖਰੀਦਣ ਦਾ ਹਵਾਲਾ ਦਿੰਦਾ ਹੈ ਜੋ ਪਹਿਲਾਂ ਵਿਅਕਤੀ ਦੀ ਆਪਣੀ ਹੀ ਸੀ। ਪ੍ਰਾਚੀਨ ਸਮੇਂ ਵਿੱਚ ਗ਼ੁਲਾਮਾਂ ਅਤੇ ਕੈਦੀਆਂ ਦੀ ਰਿਹਾਈ ਨਵੇਂ ਨੇਮ ਦੀਆਂ ਸਿੱਖਿਆਵਾਂ ਨਾਲ ਚੰਗੀ ਤਰ੍ਹਾਂ ਮੇਲ ਖਾਂਦੀ ਹੈ ਕਿ ਲੋਕ ਪਾਪ ਅਤੇ ਮੌਤ ਦੇ ਗ਼ੁਲਾਮ ਹਨ।[23] ਐਗੋਰਾਜ਼ੋ ਦੇ ਉਲਟ ਜੋ ਰਿਹਾਈ ਦੀ ਗੱਲ ਨਹੀਂ ਕਰਦਾ ਹੈ, ਲੁਤਰਾਓ (ਜਿਵੇਂ ਕਿ ਨਵੇਂ ਨੇਮ ਵਿੱਚ ਵਰਤਿਆ ਗਿਆ ਹੈ) ਹਮੇਸ਼ਾਂ ਪਾਪ ਤੋਂ ਰਿਹਾਈ, ਛੁਟਕਾਰੇ, ਅਤੇ ਆਜ਼ਾਦੀ ਦੀ ਗੱਲ ਕਰਦਾ ਹੈ। ਇਸ ਲਈ, ਇਹ ਸ਼ਬਦ ਕਦੇ ਵੀ ਅਵਿਸ਼ਵਾਸੀ ਦੇ ਲਈ ਨਹੀਂ ਵਰਤਿਆ ਗਿਆ ਹੈ। ਇਸ ਵਿੱਚ ਉਸ ਆਜ਼ਾਦੀ, ਰਿਹਾਈ, ਅਤੇ ਛੁਟਕਾਰੇ ਉੱਤੇ ਜ਼ੋਰ ਦਿੱਤਾ ਗਿਆ ਹੈ, ਜਿਸ ਦਾ ਮੁੱਲ ਮਸੀਹ ਨੇ ਚੁਕਾਇਆ ਹੈ।

## IV. ਮੇਲ-ਮਿਲਾਪ: ਪ੍ਰਾਸਚਿਤ ਦਾ ਮਨੁੱਖੀ ਪਹਿਲੂ

### A. ਮੇਲ-ਮਿਲਾਪ ਵਿਚਾਰ ਦਾ ਪਿਛੋਕੜ

ਮੇਲ-ਮਿਲਾਪ ਦੀ ਸੱਚਾਈ ਇਹ ਮੰਨਦੀ ਹੈ ਕਿ ਮਨੁੱਖ ਪਰਮੇਸ਼ਰ ਦਾ ਦੁਸ਼ਮਣ ਹੈ। ਪਰਮੇਸ਼ਰ ਪ੍ਰਤੀ ਮਨੁੱਖ ਦੀ ਦੁਸ਼ਮਣੀ ਨੂੰ ਸਿਰਫ਼ ਮੇਲ-ਮਿਲਾਪ ਦੇ ਸੰਦਰਭਾਂ (ਰੋਮੀ 5:10; ਕੁਲੁੱਸੀ 1:21- 22) ਵਿੱਚ ਹੀ ਨਹੀਂ, ਪਰ ਕਈ ਹੋਰ ਆਇਤਾਂ ਵਿੱਚ ਵੀ ਸਿਖਾਇਆ ਗਿਆ ਹੈ (ਲੂਕਾ 19:27; ਰੋਮੀ 8:7, "ਸਰੀਰਕ" ਅਵਿਸ਼ਵਾਸੀਆਂ ਦੇ ਲਈ ਹਵਾਲਾ; 1 ਕੁਰਿੰਥ 15:25; ਫ਼ਿਲਿੱਪੀ 3:18)।

> …ਕਿਉਂਕਿ ਸਰੀਰਕ ਸੁਭਾਅ ਰੱਖਣ ਵਾਲਾ (ਅਵਿਸ਼ਵਾਸੀ) **ਪਰਮੇਸ਼ਰ ਦਾ ਵੈਰੀ ਹੈ**, ਪਰਮੇਸ਼ਰ ਦੀ ਵਿਵਸਥਾ ਨੂੰ ਨਹੀਂ ਮੰਨਦਾ ਅਤੇ ਨਾ ਹੀ ਮੰਨ ਸਕਦਾ ਹੈ[24] [ਰੋਮੀ 8:7]
>
> ਮੈਂ ਤੁਹਾਨੂੰ ਅਕਸਰ ਦੱਸਿਆ ਹੈ ਅਤੇ ਹੁਣ ਇੱਕ ਵਾਰ ਫਿਰ ਅੱਥਰੂ ਵਹਾ ਕੇ ਦੱਸ ਰਿਹਾ ਹਾਂ ਕਿ ਬਹੁਤ ਸਾਰੇ ਅਜਿਹੇ ਲੋਕ ਹਨ ਜੋ ਮਸੀਹ ਦੀ **ਸਲੀਬ ਦੇ ਵੈਰੀਆਂ** ਵਾਂਗ ਜੀਵਨ ਗੁਜ਼ਾਰ ਰਹੇ ਹਨ [ਫ਼ਿਲਿੱਪੀ 3:18]

ਅਨੁਭਵ ਦੁਆਰਾ ਇਹ ਵੀ ਸਪੱਸ਼ਟ ਹੈ ਕਿ ਅਵਿਸ਼ਵਾਸੀ ਲੋਕ ਪਰਮੇਸ਼ਰ ਦੇ ਵਿਰੋਧੀ ਹੁੰਦੇ ਹਨ। ਸਾਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਪਰਮੇਸ਼ਰ ਆਪਣੇ ਦੁਸ਼ਮਣਾਂ ਨੂੰ ਪਿਆਰ ਕਰਦੇ ਹਨ (ਯੂਹੰਨਾ 3:16; ਰੋਮੀ5:8)। ਇਸ ਦੂਰੀ ਦੇ ਲਈ ਮਨੁੱਖ ਆਪ ਹੀ ਜ਼ਿੰਮੇਵਾਰ ਹੈ। ਇਹ ਮਨੁੱਖ ਹੀ ਸੀ ਜੋ ਵੱਖ ਹੋਇਆ ਸੀ। ਮਨੁੱਖ ਨੇ ਪਰਮੇਸ਼ਰ ਤੋਂ ਮੂੰਹ ਮੋੜਿਆ ਅਤੇ ਉਹਨਾਂ ਤੋਂ ਭਟਕ ਗਿਆ। ਪਰਮੇਸ਼ਰ ਨਿਰਦੋਸ਼ ਹਨ। ਪਰ, ਪਰਮੇਸ਼ਰ ਨੇ ਮਨੁੱਖ ਦੀ ਦੁਸ਼ਮਣੀ ਉੱਤੇ ਧਾਰਮਿਕਤਾ ਅਤੇ ਪਵਿੱਤਰ ਗੁੱਸੇ ਨਾਲ ਪ੍ਰਤੀਕਿਰਿਆ ਕੀਤੀ। ਇਸ ਲਈ, ਇਹ ਕਹਿਣਾ ਸੱਚ ਹੋਵੇਗਾ ਕਿ ਦੁਸ਼ਮਣੀ ਦੋਤਰਫ਼ਾ ਸੀ। ਮਨੁੱਖ ਨੇ ਪਰਮੇਸ਼ਰ ਨੂੰ ਇੱਕ ਦੁਸ਼ਮਣ ਵਜੋਂ ਦੇਖਿਆ ਅਤੇ ਪਰਮੇਸ਼ਰ ਨੇ ਵੀ ਮਨੁੱਖ ਨੂੰ ਆਪਣੇ ਦੁਸ਼ਮਣ ਦੇ ਰੂਪ ਵਿੱਚ ਦੇਖਿਆ। ਇਸ ਵਿੱਚ ਫ਼ਰਕ ਇਹ ਸੀ ਕਿ ਮਨੁੱਖ ਪਰਮੇਸ਼ਰ ਪ੍ਰਤੀ ਦੁਸ਼ਮਣੀ ਵਿੱਚ ਪਾਪੀ ਸੀ, ਜਦੋਂ ਕਿ ਪਰਮੇਸ਼ਰ ਮਨੁੱਖ ਪ੍ਰਤੀ ਆਪਣੀ ਦੁਸ਼ਮਣੀ ਵਿੱਚ ਪੂਰੀ ਤਰ੍ਹਾਂ ਧਰਮੀ ਸਨ। ਮੇਲ-ਮਿਲਾਪ ਦਾ ਸਿਧਾਂਤ ਇਸ ਗੱਲ ਉੱਤੇ ਵਿਚਾਰ ਕਰਦਾ ਹੈ ਕਿ ਸਲੀਬ ਦੇ ਕੰਮ ਨੇ ਪਰਮੇਸ਼ਰ ਅਤੇ ਮਨੁੱਖ ਦੇ ਵਿਚਕਾਰ ਤਣਾਅ ਅਤੇ ਦੁਸ਼ਮਣੀ ਦੇ ਸੰਬੰਧਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ।

### *B. ਮੇਲ-ਮਿਲਾਪ* ਸ਼ਬਦ ਅਰਥ

1. ਪ੍ਰਾਚੀਨ ਧਰਮ ਨਿਰਪੱਖ ਸੰਸਾਰ ਵਿੱਚ, *ਮੇਲ-ਮਿਲਾਪ* ਸ਼ਬਦ ਸ਼ਾਇਦ ਇੱਕ ਵਿੱਤੀ ਸ਼ਬਦ ਦੇ ਰੂਪ ਵਿੱਚ ਸ਼ੁਰੂ ਹੋਇਆ ਸੀ। ਇਸ ਦੀ ਵਰਤੋਂ ਸਿੱਕਿਆਂ ਦੇ ਲੈਣ-ਦੇਣ ਦੇ ਲਈ ਕੀਤੀ ਜਾਂਦੀ ਸੀ (ਜਿਵੇਂ ਨੂੰ ਸਿੱਕਿਆਂ ਨੂੰ ਬਦਲਣਾ ਜਾਂ ਵਿਦੇਸ਼ੀ ਪੈਸਿਆਂ ਨੂੰ ਵਟਾਉਣਾ)। ਸਮੇਂ ਦੇ ਨਾਲ-ਨਾਲ, ਇਸ ਸ਼ਬਦ ਦੀ ਵਰਤੋਂ ਲੋਕਾਂ ਵਿਚਕਾਰ ਸੰਬੰਧਾਂ ਵਿੱਚ ਤਬਦੀਲੀ ਨੂੰ ਦਰਸਾਉਣ ਦੇ ਲਈ ਹੋਣ ਲੱਗੀ, ਖ਼ਾਸ ਤੌਰ ਤੇ ਇੱਕ ਦੁਸ਼ਮਣੀ ਦੇ ਸੰਬੰਧ ਤੋਂ ਸ਼ਾਂਤੀ ਦੇ ਸੰਬੰਧ ਵਿੱਚ ਬਦਲਣ ਦੇ ਲਈ।[25] ਕੁਝ ਤਰੀਕਿਆਂ ਨਾਲ, ਇਸ ਸ਼ਬਦ ਦੀ ਧਰਮ ਨਿਰਪੱਖ ਵਰਤੋਂ ਵਿੱਚ ਜ਼ਿਆਦਾ ਬਦਲਾਵ ਨਹੀਂ ਆਇਆ ਹੈ। ਮੇਲ-ਮਿਲਾਪ ਅੱਜ ਵੀ ਵਿੱਤ (ਜਿਵੇਂ ਕਿ, ਖਾਤਿਆਂ ਦਾ ਹਿਸਾਬ ਮਿਲਾਉਣਾ), ਅਤੇ ਰਿਸ਼ਤਿਆਂ (ਜਿਵੇਂ ਕਿ, ਸਮੱਸਿਆ ਵਾਲਾ ਵਿਆਹਿਆ ਜੋੜਾ ਫਿਰ ਤੋਂ ਮੇਲ-

---

[23] ਦੇਖੋ, (ਯੂਹੰਨਾ 5:24, 8:34; ਰੋਮੀ 6:6, 14, 18, 22; 7:14, 23; 8:2; 1 ਕੁਰਿੰਥ 15:24-26; 2 ਤਿਮੋਥਿ 1:10; ਇਬ 2:14-15; 1 ਯੂਹੰਨਾ 3:14)। ਇਬ 2:14-15, ਇਹ ਆਇਤਾਂ ਮੌਤ ਤੋਂ ਛੁਟਕਾਰੇ ਦਾ ਵਿਚਾਰ ਦਿੰਦੀਆਂ ਹਨ ਪਰ *ਛੁਟਕਾਰੇ* ਸ਼ਬਦ ਦੀ ਵਰਤੋਂ ਨਹੀਂ ਕਰਦੀਆਂ ਹਨ।

[24] ਰੋਮੀ 8:9 ਦੱਸਦਾ ਹੈ ਕਿ ਜਿਹੜੇ ਸਰੀਰ ਵਿੱਚ ਹਨ ਉਹਨਾਂ ਵਿੱਚ ਪਵਿੱਤਰ ਆਤਮਾ ਨਹੀਂ ਹਨ, ਅਤੇ ਉਹ ਮਸੀਹ ਦੇ ਨਹੀਂ ਹਨ। ਇਸ ਤਰ੍ਹਾਂ, ਪੌਲੁਸ ਦੀ ਪਰਿਭਾਸ਼ਾ ਅਨੁਸਾਰ ਇਸ ਸੰਦਰਭ ਵਿੱਚ "ਸਰੀਰ ਵਿੱਚ" ਉਹਨਾਂ ਅਵਿਸ਼ਵਾਸੀ ਲੋਕਾਂ ਨੂੰ ਦਰਸਾਉਂਦਾ ਹੈ ਜਿਹਨਾਂ ਵਿੱਚ ਪਵਿੱਤਰ ਆਤਮਾ ਨਹੀਂ ਹਨ। ਇਹੀ ਕਾਰਨ ਹੈ ਕਿ ਆਇਤ 7 ਉਹਨਾਂ ਨੂੰ ਪਰਮੇਸ਼ਰ ਦੇ ਦੁਸ਼ਮਣਾਂ (ਮੇਲ-ਜੋਲ ਦੀ ਘਾਟ) ਵਜੋਂ ਸ਼੍ਰੇਣੀਬੱਧ ਕਰਦੀ ਹੈ।

[25] ਮੌਰਿਸ, 215.

ਮਿਲਾਪ) ਨੂੰ ਦਰਸਾਉਂਦਾ ਹੈ।

2. ਬਾਈਬਲ ਵਿੱਚ, *ਮੇਲ-ਮਿਲਾਪ* ਦੀ ਵਰਤੋਂ ਗ਼ੈਰ-ਮੁਕਤੀ ਅਤੇ ਮੁਕਤੀ ਦੋਵਾਂ ਦੇ ਸੰਦਰਭਾਂ ਵਿੱਚ ਕੀਤੀ ਗਈ ਹੈ।

a. ਗ਼ੈਰ-ਮੁਕਤੀ ਦੇ ਸੰਦਰਭਾਂ ਵਿੱਚ, ਇੱਕ ਸੰਬੰਧ ਦੇ ਪਹਿਲਾਂ ਨਾਲੋਂ ਬਿਹਤਰ ਹੋਣ ਜਾਣ ਦਾ ਵਿਚਾਰ ਪ੍ਰਸਿੱਧ ਹੈ: ਇੱਕ ਦੁਸ਼ਮਣੀ ਸ਼ਾਂਤੀ ਅਤੇ ਦੋਸਤੀ ਵਿੱਚ ਬਦਲਦੀ ਹੈ। ਇਸ ਵਿੱਚ ਸ਼ਬਦ *ਡਾਇਿਲਾਸੋ* ਵਰਤਿਆ ਗਿਆ ਹੈ:

> "…ਕਿਉਂ ਜੋ ਉਹ (ਦਾਊਦ) ਆਪਣੇ ਮਾਲਕ (ਸ਼ਾਊਲ) ਨਾਲ ਕਿਵੇਂ ਮੇਲ (*ਡਾਇਿਲਾਸੋ*) ਕਰੇਗਾ? ਭਲਾ, ਇਨ੍ਹਾਂ ਲੋਕਾਂ ਦੇ ਸਿਰਾਂ ਨੂੰ ਵੱਡ ਕੇ ਨਹੀਂ ਕਰੇਗਾ? [1 ਸਮੂ 29:4]
>
> "…ਪਹਿਲਾਂ ਜਾ ਕੇ ਆਪਣੇ ਭਰਾ ਨਾਲ ਸਮਝੌਤਾ ਕਰ (*ਡਾਇਿਲਾਸੋ*) ਅਤੇ ਫਿਰ ਆ ਕੇ ਆਪਣਾ ਚੜ੍ਹਾਵਾ ਚੜ੍ਹਾ। [ਮੱਤੀ 5:24]
>
> …ਜੇਕਰ ਉਹ ਹੋ ਵੀ ਜਾਵੇ ਤਾਂ ਫਿਰ ਵਿਆਹ ਨਾ ਕਰੇ, ਨਹੀਂ ਤਾਂ ਆਪਣੇ ਪਤੀ ਨਾਲ ਫਿਰ ਸੁਲਾਹ (*ਕਾਤਾਲਾਸੋ*)ਕਰ ਲਵੇ [1 ਕੁਰਿੰਥ 7:11]

b. ਜਦੋਂ ਵੀ *ਮੇਲ-ਮਿਲਾਪ* ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਲਗਭਗ ਹਮੇਸ਼ਾਂ ਹੀ ਦੁਸ਼ਮਣੀ ਦਾ ਵਿਚਾਰ ਮੌਜੂਦ ਹੁੰਦਾ ਹੈ। ਇਹ ਹਕੀਕਤ ਅਤੇ ਮਨੁੱਖ ਦੀ ਪਰਮੇਸ਼ਰ ਪ੍ਰਤੀ ਦੁਸ਼ਮਣੀ ਦੀ ਆਮ ਸਿੱਖਿਆ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਜਦੋਂ ਮੁਕਤੀ ਦੇ ਸੰਦਰਭਾਂ ਵਿੱਚ ਮੇਲ-ਮਿਲਾਪ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉੱਥੇ ਇਸ ਦੇ ਅਰਥਾਂ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ ਹੈ। ਇਹ ਰਿਸ਼ਤਿਆਂ ਵਿੱਚ ਦੁਸ਼ਮਣੀ ਤੋਂ ਸ਼ਾਂਤੀ ਵਿੱਚ ਤਬਦੀਲੀ ਦੀ ਗੱਲ ਕਰਦਾ ਹੈ।

> ਅਸੀਂ ਪਰਮੇਸ਼ਰ ਦੇ **ਵਿਰੋਧੀ** ਸੀ ਪਰ ਉਹਨਾਂ ਨੇ ਆਪਣੇ ਪੁੱਤਰ ਦੀ ਮੌਤ ਦੇ ਦੁਆਰਾ ਸਾਡੇ ਨਾਲ **ਮੇਲ** ਕੀਤਾ ਹੈ ਅਤੇ ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੇ ਜੀਵਨ ਦੁਆਰਾ ਬਚਾਏ ਜਾਵਾਂਗੇ। [ਰੋਮੀ 5:10]
>
> ਇੱਕ ਸਮਾਂ ਸੀ ਜਦੋਂ ਤੁਸੀਂ ਵੀ ਪਰਮੇਸ਼ਰ ਤੋਂ **ਦੂਰ** ਸੀ ਅਤੇ ਆਪਣੇ ਦੁਸ਼ਟ ਵਿਚਾਰਾਂ ਅਤੇ ਕੰਮਾਂ ਦੇ ਕਾਰਨ ਉਹਨਾਂ ਦੇ **ਦੁਸ਼ਮਣ** ਸੀ। ਪਰ ਪਰਮੇਸ਼ਰ ਨੇ ਤੁਹਾਡੇ ਆਪਣੇ ਨਾਲ **ਮੇਲ** ਕੀਤਾ ਹੈ… [ਕੁਲੁੱਸੀ 1:21-22]
>
> ਮਸੀਹ ਆਪ ਸਾਡਾ **ਮਿਲਾਪ** ਹਨ। ਉਹਨਾਂ ਨੇ ਯਹੂਦੀਆਂ ਅਤੇ ਪਰਾਈਆਂ ਕੌਮਾਂ ਨੂੰ ਇੱਕ ਕੀਤਾ ਹੈ। ਉਹਨਾਂ ਨੇ ਆਪਣੇ ਸਰੀਰ ਦੁਆਰਾ ਜੁਦਾਈ ਅਤੇ **ਵੈਰ-ਭਾਵ** ਦੀ ਕੰਧ ਨੂੰ ਢਾਹ ਦਿੱਤਾ ਹੈ ... ਅਤੇ ਉਹ ਸਲੀਬੀ ਮੌਤ ਦੇ ਦੁਆਰਾ ਦੋਨਾਂ ਕੌਮਾਂ ਦੇ ਵਿਚਕਾਰ ਵੈਰ ਨੂੰ ਖ਼ਤਮ ਕਰ ਕੇ, ਇੱਕ ਕੌਮ ਦੇ ਰੂਪ ਵਿੱਚ ਸਾਡਾ ਪਰਮੇਸ਼ਰ ਦੇ ਨਾਲ ਮੇਲ ਕਰਵਾਉਣ।[26] [ਅਫ਼ਸੀ 2:14-16]

ਬਾਈਬਲ *ਮੇਲ-ਮਿਲਾਪ* ਸ਼ਬਦ ਦੀ ਵਰਤੋਂ ਰਿਸ਼ਤੇ ਨੂੰ ਬਿਹਤਰ ਬਣਾਉਣ ਦੇ ਅਰਥਾਂ ਵਿੱਚ ਕਰਦੀ ਹੈ। ਇਹ ਰਿਸ਼ਤਾ ਵੈਰ ਅਤੇ ਦੁਸ਼ਮਣੀ ਤੋਂ ਦੋਸਤੀ ਅਤੇ ਸ਼ਾਂਤੀ ਵਿੱਚ ਬਦਲ ਜਾਂਦਾ ਹੈ।

### C. ਮੇਲ-ਮਿਲਾਪ ਦੇ ਸਿਧਾਂਤ ਬਾਰੇ ਵੇਰਵੇ

1. ਬਾਈਬਲ ਮੇਲ-ਮਿਲਾਪ ਦੇ ਲਈ ਦੋ ਪਹਿਲੂ, ਜਾਂ ਦੋ ਪੜਾਅ ਦਿੰਦੀ ਹੈ। ਇੱਕ ਪਹਿਲੂ ਵਿੱਚ ਮੇਲ-ਮਿਲਾਪ **ਅਤੀਤ ਵਿੱਚ** ਸਲੀਬ ਉੱਤੇ ਹੋਇਆ ਸੀ। **ਸਾਰੇ ਸੰਸਾਰ** ਨਾਲ ਮੇਲ ਕੀਤਾ ਗਿਆ ਭਾਵੇਂ ਉਹ ਵਿਸ਼ਵਾਸੀ ਜਾਂ ਅਵਿਸ਼ਵਾਸੀ ਸੀ। ਪਰ, ਦੂਜੇ ਪਹਿਲੂ ਵਿੱਚ, ਇੱਕ ਵਿਅਕਤੀ ਦਾ **ਮਨ-ਪਰਿਵਰਨ ਦੇ ਸਮੇਂ** ਪਰਮੇਸ਼ਰ ਨਾਲ ਮੇਲ ਹੁੰਦਾ ਹੈ। ਬਾਈਬਲ ਦੇ ਮੁੱਖ ਵਚਨਾਂ ਵਿੱਚ ਮੇਲ ਦੇ ਇਹਨਾਂ ਦੋਵੇਂ ਪਹਿਲੂਆਂ ਨੂੰ ਦੇਖਿਆ ਜਾ ਸਕਦਾ ਹੈ। ਮੋਟੇ ਅੱਖਰ ਸਲੀਬ ਉੱਤੇ ਸਰਵ-ਵਿਆਪਕ ਮੇਲ ਦਾ ਸੰਕੇਤ ਦਿੰਦੇ ਹਨ। ਟੇਢੇ ਅੱਖਰ ਮੁਕਤੀ ਦੇ ਲਈ ਮਸੀਹ ਉੱਤੇ ਭਰੋਸਾ ਕਰਨ ਦੇ ਸਮੇਂ ਇੱਕ ਵਿਅਕਤੀ ਦੇ ਮੇਲ ਦਾ ਸੰਕੇਤ ਦਿੰਦੇ ਹਨ।

> **ਅਸੀਂ ਪਰਮੇਸ਼ਰ ਦੇ ਵਿਰੋਧੀ ਸੀ** ਪਰ ਉਹਨਾਂ ਨੇ ਆਪਣੇ ਪੁੱਤਰ ਦੀ ਮੌਤ ਦੇ ਦੁਆਰਾ **ਸਾਡੇ ਨਾਲ ਮੇਲ ਕੀਤਾ ਹੈ** ਅਤੇ ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੇ ਜੀਵਨ ਦੁਆਰਾ ਬਚਾਏ ਜਾਵਾਂਗੇ। ਪਰ ਇਹ ਹੀ ਨਹੀਂ, ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੁਆਰਾ *ਜਿਹਨਾਂ ਦੇ ਰਾਹੀਂ ਸਾਡਾ ਮੇਲ ਹੋਇਆ ਹੈ,* ਪਰਮੇਸ਼ਰ ਵਿੱਚ ਅਨੰਦ ਮਨਾਉਂਦੇ ਹਾਂ। [ਰੋਮੀ 5:10- 11]

ਪੌਲੁਸ ਆਪਣੇ ਪਾਠਕਾਂ ਨੂੰ ਇਹ ਦੱਸਦਾ ਹੈ ਕਿ ਇੱਕ ਅਰਥ ਵਿੱਚ ਮਸੀਹ ਦੀ ਮੌਤ ਦੇ ਸਮੇਂ ਉਹਨਾਂ ਦਾ **ਅਤੀਤ ਵਿੱਚ** ਪਰਮੇਸ਼ਰ ਨਾਲ ਮੇਲ ਹੋ ਗਿਆ ਸੀ; ਪਰ ਦੂਜੇ ਅਰਥ ਵਿੱਚ, ਮੁਕਤੀ ਪਾਉਣ ਵੇਲੇ ਉਹਨਾਂ ਦਾ **ਹੁਣ** ਪਰਮੇਸ਼ਰ ਨਾਲ ਮੇਲ ਹੋਇਆ ਹੈ।

> ਸਭ ਕੁਝ ਪਰਮੇਸ਼ਰ ਵਲੋਂ ਹੈ ਜਿਹਨਾਂ ਨੇ ਮਸੀਹ ਦੇ ਦੁਆਰਾ ਸਾਡਾ ਮੇਲ ਆਪਣੇ ਨਾਲ ਕੀਤਾ ਹੈ ਅਤੇ ਹੁਣ ਇਹੋ ਮੇਲ ਦਾ ਕੰਮ ਸਾਨੂੰ ਸੌਂਪਿਆ ਹੈ। ਇਸ ਲਈ ਪਰਮੇਸ਼ਰ ਮਸੀਹ ਦੇ ਦੁਆਰਾ **ਸੰਸਾਰ ਦਾ ਮੇਲ** ਆਪਣੇ ਨਾਲ ਕਰ ਰਹੇ ਸਨ। ਉਹ ਲੋਕਾਂ ਦੇ ਪਾਪਾਂ ਦਾ ਲੇਖਾ ਉਹਨਾਂ ਦੇ ਵਿਰੁੱਧ ਨਹੀਂ ਰੱਖਦੇ ਸਗੋਂ ਉਹਨਾਂ ਨੇ ਸਾਨੂੰ ਮੇਲ ਦਾ ਸੰਦੇਸ਼ ਸੌਂਪਿਆ ਹੈ। ਇਸ ਲਈ ਅਸੀਂ ਮਸੀਹ ਦੇ ਰਾਜਦੂਤ ਹਾਂ। ਪਰਮੇਸ਼ਰ ਆਪ ਸਾਡੇ ਰਾਹੀਂ ਤੁਹਾਡੇ ਅੱਗੇ ਬੇਨਤੀ ਕਰ ਰਹੇ ਹਨ। ਇਸ ਲਈ

[26] ਅਫ਼ਸੀ 2:14-16 ਲੋਕਾਂ ਦੇ ਇੱਕ ਦੂਜੇ ਨਾਲ ਮੇਲ-ਮਿਲਾਪ (ਯਹੂਦੀ ਅਤੇ ਯੂਨਾਨੀ), ਅਤੇ ਪਰਮੇਸ਼ਰ ਨਾਲ ਵੀ ਮੇਲ-ਮਿਲਾਪ ਨੂੰ ਸ਼ਾਮਲ ਕਰਦਾ ਹੈ।

> ਅਸੀਂ ਮਸੀਹ ਦੇ ਵੱਲੋਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਕਿ *ਪਰਮੇਸ਼ਰ ਦੇ ਨਾਲ ਮੇਲ ਕਰ ਲਵੋ*[2 ਕੁਰਿੰਥ 5:18-20]

ਹਾਲਾਂਕਿ ਪਰਮੇਸ਼ਰ ਨੇ ਮਸੀਹ ਰਾਹੀਂ ਸਾਰੇ ਸੰਸਾਰ ਨਾਲ ਮੇਲ ਕੀਤਾ ਹੈ, ਫਿਰ ਵੀ, ਪੌਲੁਸ ਨੇ ਦਾਅਵਾ ਕੀਤਾ ਕਿ ਉਹ (ਪੌਲੁਸ) ਅਜੇ ਵੀ ਵਿਅਕਤੀਗਤ ਲੋਕਾਂ ਨੂੰ ਪਰਮੇਸ਼ਰ ਨਾਲ ਮੇਲ ਕਰਨ ਦੀ ਬੇਨਤੀ ਕਰ ਰਿਹਾ ਸੀ। "ਮੇਲ ਦੀ ਸੇਵਕਾਈ" ਉਹਨਾਂ ਵਿਅਕਤੀਆਂ ਦਾ ਮੇਲ ਕਰਵਾਉਣ ਦਾ ਕੰਮ ਹੈ ਜਿਹਨਾਂ ਦਾ ਸਰਵ-ਵਿਆਪਕ ਅਰਥਾਂ ਵਿੱਚ ਪਹਿਲਾਂ ਹੀ ਸਲੀਬ ਦੁਆਰਾ ਮੇਲ ਹੋ ਚੁੱਕਾ ਹੈ।

> ...**ਉਹਨਾਂ ਦੇ ਦੁਆਰਾ ਪਰਮੇਸ਼ਰ ਨੇ ਸਭ ਚੀਜ਼ਾਂ ਦਾ ਆਪਣੇ ਨਾਲ ਮੇਲ ਕਰਵਾਇਆ,** ਆਪਣੇ ਪੁੱਤਰ ਦਾ **ਸਲੀਬ ਉੱਤੇ ਖ਼ੂਨ ਵਹਾਉਣ ਦੇ ਰਾਹੀਂ ਸੁਲਾਹ** ਕਰਵਾਈ ਭਾਵੇਂ ਉਹ ਧਰਤੀ ਉੱਤੇ ਜਾਂ ਅਕਾਸ਼ ਵਿੱਚ ਹੋਣ। ਇੱਕ ਸਮਾਂ ਸੀ ਜਦੋਂ ਤੁਸੀਂ ਵੀ ਪਰਮੇਸ਼ਰ ਤੋਂ ਦੂਰ ਸੀ ਅਤੇ ਆਪਣੇ ਦੁਸ਼ਟ ਵਿਚਾਰਾਂ ਅਤੇ ਕੰਮਾਂ ਦੇ ਕਾਰਨ ਉਹਨਾਂ ਦੇ ਦੁਸ਼ਮਣ ਸੀ। ਪਰ ਪਰਮੇਸ਼ਰ ਨੇ ਆਪਣੇ ਪੁੱਤਰ ਦੀ ਸਰੀਰਕ ਮੌਤ ਦੇ ਰਾਹੀਂ *ਤੁਹਾਡਾ ਆਪਣੇ ਨਾਲ ਮੇਲ ਕੀਤਾ ਹੈ* ਕਿ ਉਹ ਤੁਹਾਨੂੰ ਆਪਣੇ ਸਾਹਮਣੇ ਪਵਿੱਤਰ, ਸ਼ੁੱਧ, ਅਤੇ ਨਿਰਦੋਸ਼ ਹਾਲਤ ਵਿੱਚ ਪੇਸ਼ ਕਰਨ। [ਕੁਲੁੱਸੀ 1:20-22]

ਆਇਤ 20 ਸਲੀਬ ਰਾਹੀਂ ਹੋਏ ਸਰਵ-ਵਿਆਪਕ ਮੇਲ ਬਾਰੇ ਗੱਲ ਕਰਦੀ ਹੈ। ਆਇਤ 22 ਇੱਕ ਵਿਅਕਤੀਗਤ ਮੇਲ ਦਾ ਹਵਾਲਾ ਦਿੰਦੀ ਹੈ ਜੋ ਮੁਕਤੀ ਦੇ ਸਮੇਂ ਵਿਸ਼ਵਾਸੀਆਂ ਨਾਲ ਹੁੰਦਾ ਹੈ।

2. **ਮੇਲ ਦੇ ਦੋ ਪਹਿਲੂ: ਸਰਵ-ਵਿਆਪਕ ਮੇਲ ਅਤੇ ਵਿਅਕਤੀਗਤ ਮੇਲ ਹਨ।**

a. ਸਰਵ-ਵਿਆਪਕ ਮੇਲ ਸਲੀਬ ਉੱਤੇ ਹੋਇਆ ਸੀ। ਜਦੋਂ ਬਾਈਬਲ ਇਹ ਸਿਖਾਉਂਦੀ ਹੈ ਕਿ ਸਾਰੇ ਸੰਸਾਰ ਦਾ ਪਰਮੇਸ਼ਰ ਦੇ ਨਾਲ ਮੇਲ ਹੋਇਆ ਹੈ, ਤਾਂ ਇਸ ਦਾ ਕੀ ਅਰਥ ਹੈ? ਇਸ ਦਾ ਇਹ ਅਰਥ ਨਹੀਂ ਹੈ ਕਿ ਸਾਰੇ ਬਚਾਏ ਗਏ ਹਨ, ਜਾਂ ਸਾਰੇ ਹੁਣ ਪਰਮੇਸ਼ਰ ਦੇ ਦੁਸ਼ਮਣ ਨਹੀਂ ਹਨ। ਸਲੀਬ ਨੇ ਕਿਹੜੇ ਅਰਥ ਵਿੱਚ ਪਰਮੇਸ਼ਰ ਨਾਲ ਮਨੁੱਖ ਦੇ ਰਿਸ਼ਤੇ ਨੂੰ ਬਹਾਲ ਕੀਤਾ ਅਤੇ ਇਸ ਨੂੰ ਬਿਹਤਰ ਸੰਬੰਧ ਬਣਾਇਆ?

ਲੇਖਕ ਦਾ ਮੰਨਣਾ ਹੈ ਕਿ ਇਸ ਦੀ ਮੁੱਖ ਗੱਲ 2 ਕੁਰਿੰਥ 5:19 ਵਿੱਚ ਹੈ ਜਿੱਥੇ ਲਿਖਿਆ ਹੈ, "ਪਰਮੇਸ਼ਰ ਮਸੀਹ ਦੇ ਦੁਆਰਾ ਸੰਸਾਰ ਦਾ ਮੇਲ ਆਪਣੇ ਨਾਲ ਕਰ ਰਹੇ ਸਨ, ਅਤੇ ਉਹ ਲੋਕਾਂ ਦੇ ਪਾਪਾਂ ਦਾ ਲੇਖਾ ਨਹੀਂ ਰੱਖਦੇ।" ਪਾਪ ਵਿੱਚ ਡਿੱਗਣ ਤੋਂ ਪਹਿਲਾਂ, ਮਨੁੱਖ ਨੂੰ ਪਾਪ ਦੇ ਕਾਰਨ ਸਦੀਪਕ ਨਰਕ ਤੋਂ ਖ਼ਤਰਾ ਨਹੀਂ ਸੀ; ਪਾਪ ਵਿੱਚ ਡਿੱਗਣ ਤੋਂ ਬਾਅਦ, ਪਾਪ ਸੰਸਾਰ ਵਿੱਚ ਦਾਖਲ ਹੋਇਆ, ਅਤੇ ਇਹ ਮਨੁੱਖ ਦੀ ਸਦੀਪਕ ਸਜ਼ਾ ਲਈ ਇੱਕ ਸੰਭਾਵੀ ਆਧਾਰ ਬਣ ਗਿਆ। ਪਾਪ ਸਦੀਪਕ ਮੌਤ ਦਾ ਆਧਾਰ ਬਣ ਗਿਆ, ਅਤੇ ਸਲੀਬ ਨੇ ਸਾਰੇ ਮਨੁੱਖਾਂ ਨੂੰ ਫਿਰ ਤੋਂ ਪਰਮੇਸ਼ਰ ਦੇ ਨਾਲ ਉਹਨਾਂ ਦੇ ਮੂਲ ਰਿਸ਼ਤੇ ਵਿੱਚ ਵਾਪਸ ਮਿਲਾ ਦਿੱਤਾ। ਸਲੀਬ ਨੇ ਪਾਪ ਨੂੰ ਇੰਨਾ ਹਰਾ ਦਿੱਤਾ ਕਿ ਸਦੀਪਕ ਮੌਤ ਦਾ ਆਧਾਰ ਹੁਣ ਪਾਪ ਨਹੀਂ, ਪਰ ਕੇਵਲ ਮਸੀਹ ਨੂੰ ਰੱਦ ਕਰਨਾ ਹੈ।[27] ਇੱਕ ਵਿਅਕਤੀ ਦੀ ਸਦੀਪਕ ਤਕਦੀਰ ਨੂੰ ਨਿਰਧਾਰਤ ਕਰਨ ਵਿੱਚ ਪਾਪ ਹੁਣ ਮੁੱਖ ਮੁੱਦਾ ਨਹੀਂ ਹੈ। ਪਰਮੇਸ਼ਰ ਨੂੰ ਇਸ ਗੱਲ ਵਿੱਚ ਦਿਲਚਸਪੀ ਹੈ ਕਿ ਇੱਕ ਵਿਅਕਤੀ ਪਰਮੇਸ਼ਰ ਦੇ ਪੁੱਤਰ, ਯਿਸੂ ਮਸੀਹ ਨਾਲ ਕੀ ਕਰਦਾ ਹੈ। ਇਸ ਸੀਮਿਤ ਪਰ ਪ੍ਰਮੁੱਖ ਗੱਲ ਉੱਤੇ, ਸਾਰੇ ਸੰਸਾਰ ਨੂੰ ਉਸ ਦੀ ਮੂਲ ਸਥਿਤੀ ਵਿੱਚ ਬਹਾਲ ਕਰ ਦਿੱਤਾ ਗਿਆ ਹੈ। ਅਵਿਸ਼ਵਾਸੀ ਅਜੇ ਵੀ ਦੋਸ਼ੀ ਹਨ, ਅਤੇ ਪਰਮੇਸ਼ਰ ਮਨੁੱਖਜਾਤੀ ਨੂੰ ਪਾਪ ਦੇ ਲਈ ਸਜ਼ਾ ਦੇ ਸਕਦੇ ਹਨ; ਪਰ ਪਰਮੇਸ਼ਰ ਸਲੀਬ ਦੇ ਦੁਆਰਾ ਨਿਆਂਈ ਅਤੇ ਦਿਆਲੂ ਹੁੰਦੇ ਹੋਏ, ਇਸ ਵਿਕਲਪ ਦੀ ਵਰਤੋਂ ਨਹੀਂ ਕਰ ਰਹੇ ਹਨ। ਕਿਸੇ ਨੂੰ ਵੀ ਆਦਮ ਦੇ ਪਾਪ ਜਾਂ ਉਸ ਦੇ ਆਪਣੇ ਵਿਅਕਤੀਗਤ ਪਾਪਾਂ ਦੇ ਲਈ ਸਦੀਪਕ ਸਜ਼ਾ ਨਹੀਂ ਮਿਲੇਗੀ। ਜੇਕਰ ਉਹ ਨਰਕ ਵਿੱਚ ਜਾਂਦਾ ਹੈ ਤਾਂ ਇਸ ਦਾ ਕਾਰਨ ਮਸੀਹ ਨੂੰ ਰੱਦ ਕਰਨਾ ਹੋਵੇਗਾ। ਜਿੱਥੋਂ ਤੱਕ ਕੇਵਲ ਪਾਪ ਦੇ ਕਾਰਨ ਹੋਈ ਸਦੀਪਕ ਸਜ਼ਾ ਦਾ ਸੰਬੰਧ ਹੈ, ਤਾਂ ਸਾਰੇ ਸੰਸਾਰ ਦਾ ਪਰਮੇਸ਼ਰ ਨਾਲ ਮੇਲ ਹੋਇਆ ਹੈ। ਸਾਰਾ ਸੰਸਾਰ ਪਰਮੇਸ਼ਰ ਦੇ ਨਾਲ ਆਪਣੇ ਮੂਲ ਸੰਬੰਧ ਵਿੱਚ ਵਾਪਸ ਆ ਗਿਆ ਹੈ।

b. ਇੱਕ ਵਿਅਕਤੀ ਦਾ ਵਿਅਕਤੀਗਤ ਮੇਲ ਮੁਕਤੀ ਮਿਲਣ ਦੇ ਸਮੇਂ ਹੁੰਦਾ ਹੈ। ਸਾਰੇ ਸੰਸਾਰ ਦਾ ਸਲੀਬ ਉੱਤੇ ਪਾਪ ਦੇ ਸੀਮਿਤ ਅਰਥਾਂ ਵਿੱਚ ਮੇਲ ਹੋਇਆ ਕੀਤਾ ਗਿਆ ਹੈ। ਪਰ, ਅਵਿਸ਼ਵਾਸੀ ਲੋਕ ਅਜੇ ਵੀ ਪਾਪ ਦੇ ਦੋਸ਼ੀ ਹਨ। ਉਹ ਅਜੇ ਵੀ ਪਰਮੇਸ਼ਰ ਦੇ ਵਿਰੋਧੀ, ਪਰਮੇਸ਼ਰ ਤੋਂ ਦੂਰ, ਅਤੇ ਪਰਮੇਸ਼ਰ ਦੇ ਦੁਸ਼ਮਣ ਹਨ। ਇਸ ਲਈ, ਇੱਕ ਅਜਿਹਾ ਵਿਅਕਤੀਗਤ ਮੇਲ ਦਾ ਹੋਣਾ ਜ਼ਰੂਰੀ ਹੈ ਜਿਸ ਨਾਲ ਉਹਨਾਂ ਸਾਰੀਆਂ ਗੱਲਾਂ ਨੂੰ ਦੂਰ ਕਰ ਦਿੱਤਾ ਜਾਵੇ ਜਿਹਨਾਂ ਵਿੱਚ ਪਰਮੇਸ਼ਰ ਅਤੇ ਮਨੁੱਖ ਵਿਚਕਾਰ ਦੂਰੀ ਹੈ।

ਮੁਕਤੀ ਪਾਉਣ ਸਮੇਂ ਹਰੇਕ ਵਿਸ਼ਵਾਸੀ ਦਾ ਇੱਕ ਵਿਅਕਤੀਗਤ ਤੌਰ ਤੇ ਪਰਮੇਸ਼ਰ ਨਾਲ ਮੇਲ ਹੁੰਦਾ ਹੈ। ਇਸ ਨੂੰ ਮੇਲ-ਮਿਲਾਪ ਦਾ ਦੂਜਾ ਪੜਾਅ ਜਾਂ ਵਿਅਕਤੀਗਤ ਮੇਲ ਕਿਹਾ ਜਾ ਸਕਦਾ ਹੈ। ਦੁਸ਼ਮਣੀ ਅਤੇ ਵੈਰ ਖ਼ਤਮ ਹੋ ਜਾਂਦਾ ਹੈ ਅਤੇ ਇਹਨਾਂ ਦੀ ਥਾਂ ਸੰਗਤੀ, ਮਿੱਤਰਤਾ ਅਤੇ ਸ਼ਾਂਤੀ ਆ ਜਾਂਦੀ ਹੈ (*ਸ਼ਾਂਤੀ* ਅਤੇ *ਮੇਲ-ਮਿਲਾਪ* ਸ਼ਬਦ ਇੱਕੋ ਸੰਦਰਭ ਵਿੱਚ ਹਨ, ਰੋਮੀ 5:1, 10-11; ਅਫ਼ਸੀ 2:14-16; ਕੁਲੁੱਸੀ 1:20)।

3. **ਬਾਈਬਲ ਹਮੇਸ਼ਾਂ ਇਹ ਕਹਿੰਦੀ ਹੈ** ਕਿ ਪਰਮੇਸ਼ਰ ਉਹ ਹਨ ਜੋ ਮੇਲ ਕਰਨ ਦੀ ਪਹਿਲ ਕਰਦੇ ਹਨ ਅਤੇ **ਮਨੁੱਖ ਉਹ ਹੈ ਜਿਸ ਨਾਲ**

[27] ਅਧਿਆਇ 6 ਵਿੱਚ "ਮਨੁੱਖ ਦੇ ਸਿਧਾਂਤ" ਦੇ ਫੁਟਨੋਟ 5 ਵਿੱਚ ਚਰਚਾ ਨੂੰ ਦੇਖੋ।

**ਮੇਲ ਕੀਤਾ ਜਾਂਦਾ ਹੈ।** ਪਰਮੇਸ਼ਰ ਮਨੁੱਖ ਦਾ ਆਪਣੇ ਨਾਲ ਮੇਲ ਕਰਦੇ ਹਨ। ਪਰਮੇਸ਼ਰ ਹੀ ਇਸ ਨੂੰ ਪੂਰਾ ਕਰਦੇ ਹਨ। ਮਨੁੱਖ ਨੂੰ ਵਿਦਰੋਹੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ ਜਿਸ ਦੀ ਪਰਮੇਸ਼ਰ ਨਾਲ ਮਿੱਤਰਤਾ ਵਿੱਚ ਕੋਈ ਦਿਲਚਸਪੀ ਨਹੀਂ ਹੈ। ਪਰਮੇਸ਼ਰ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ ਕਿ ਉਹ ਮਨੁੱਖ ਕੋਲ ਆਉਂਦੇ ਹਨ ਅਤੇ ਮੇਲ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਇਹ ਗੱਲ ਸਮਝਣ ਯੋਗ ਹੈ ਕਿ ਮਨੁੱਖ ਨੂੰ ਹਮੇਸ਼ਾਂ ਹੀ ਮੇਲ ਦੀ ਜ਼ਰੂਰਤ ਹੈ। ਉਹ ਹੀ ਹੈ ਜਿਸ ਨੇ ਸਭ ਤੋਂ ਪਹਿਲਾਂ ਰਿਸ਼ਤੇ ਨੂੰ ਤੋੜਨ ਦੀ ਪਹਿਲ ਕੀਤੀ ਸੀ।

ਹਾਲਾਂਕਿ ਬਾਈਬਲ ਅਜਿਹੇ ਕਿਸੇ ਵੀ ਵਾਕਾਂਸ਼ ਦੀ ਵਰਤੋਂ ਨਹੀਂ ਕਰਦੀ ਹੈ ਜਿੱਥੇ ਪਰਮੇਸ਼ਰ ਦਾ ਮਨੁੱਖ ਨਾਲ ਮੇਲ ਹੁੰਦਾ ਹੈ, ਪਰ ਬਾਈਬਲ ਦੇ ਵਿਦਵਾਨ ਇਸ ਗੱਲ ਉੱਤੇ ਵਿਚਾਰ ਕਰਦੇ ਹਨ ਕਿ ਕੀ ਅਜਿਹੇ ਸ਼ਬਦਾਂ ਵਿੱਚ ਸੋਚਣਾ ਉਚਿਤ ਹੈ ਜਾਂ ਨਹੀਂ। ਮਨੁੱਖ ਨੂੰ ਯਕੀਨੀ ਤੌਰ ਤੇ ਪਰਮੇਸ਼ਰ ਨਾਲ ਮੇਲ ਕਰਨ ਦੀ ਲੋੜ ਸੀ। ਉਸ ਨੇ ਦੁਸ਼ਮਣੀ ਨੂੰ ਪੈਦਾ ਕੀਤਾ ਸੀ, ਅਤੇ ਉਸ ਨੂੰ ਹੀ ਸਭ ਕੁਝ ਨੂੰ "ਬਦਲ ਕੇ ਸਹੀ ਕਰਨ" ਦੀ ਜ਼ਰੂਰਤ ਹੈ। ਪਰ, ਮਨੁੱਖ ਦੀ ਬਗਾਵਤ ਨੇ ਪਰਮੇਸ਼ਰ ਦੇ ਕੰਮ ਕਰਨ ਅਤੇ ਮਨੁੱਖ ਪ੍ਰਤੀ ਉਹਨਾਂ ਦੇ ਵਿਚਾਰ ਨੂੰ ਬਦਲ ਦਿੱਤਾ। ਇਸ ਤਰ੍ਹਾਂ, ਲੇਖਕ ਦਾ ਮੰਨਣਾ ਹੈ ਕਿ ਇਹ ਕਹਿਣਾ ਸਹੀ ਹੋਵੇਗਾ ਕਿ ਸਲੀਬ ਦੁਆਰਾ ਪਰਮੇਸ਼ਰ ਦਾ ਵੀ ਮਨੁੱਖ ਨਾਲ ਮੇਲ ਹੋਇਆ ਸੀ (ਹਾਲਾਂਕਿ ਬਾਈਬਲ ਹਮੇਸ਼ਾ ਮਨੁੱਖ ਦੇ ਪਰਮੇਸ਼ਰ ਨਾਲ ਮੇਲ ਕੀਤੇ ਜਾਣ ਦੀ ਗੱਲ ਕਰਦੀ ਹੈ)। ਸਲੀਬ ਨੇ ਪਰਮੇਸ਼ਰ ਨਾਲ ਮਨੁੱਖ ਦੇ ਰਿਸ਼ਤੇ ਨੂੰ ਬਦਲ ਦਿੱਤਾ, ਪਰ ਇਸ ਨੇ ਮਨੁੱਖ ਨਾਲ ਪਰਮੇਸ਼ਰ ਦੇ ਰਿਸ਼ਤੇ ਨੂੰ ਵੀ ਬਦਲ ਦਿੱਤਾ।

4. **ਸਾਰ:** ਮੇਲ ਕਰਨ ਦਾ ਅਰਥ ਇੱਕ ਰਿਸ਼ਤੇ ਨੂੰ ਬਦਲਣਾ ਹੈ। ਖ਼ਾਸ ਤੌਰ ਤੇ, ਇਹ ਦੁਸ਼ਮਣੀ ਅਤੇ ਵੈਰ ਨੂੰ ਸ਼ਾਂਤੀ ਅਤੇ ਮਿੱਤਰਤਾ ਵਿੱਚ ਬਦਲਣਾ ਹੈ। ਸਲੀਬ ਉੱਤੇ ਸਾਰੇ ਸੰਸਾਰ ਦਾ ਪਰਮੇਸ਼ਰ ਨਾਲ ਇਸ ਅਰਥ ਵਿੱਚ ਮੇਲ ਹੋਇਆ ਸੀ ਕਿ ਵਿਰਾਸਤ ਵਿੱਚ ਮਿਲੇ ਪਾਪ ਅਤੇ ਪਾਪ ਦੇ ਕੰਮ ਹੁਣ ਸਜ਼ਾ ਦੇ ਲਈ ਖ਼ਤਰਾ ਨਹੀਂ ਹਨ। ਮੁਕਤੀਦਾਤਾ ਦਾ ਇਨਕਾਰ ਕਰਨਾ ਸਦੀਪਕ ਸਜ਼ਾ ਲਿਆਉਂਦਾ ਹੈ। ਇਸ ਲਈ, ਸਾਨੂੰ ਅਜੇ ਵੀ ਲੋਕਾਂ ਨੂੰ ਇਹ ਬੇਨਤੀ ਕਰਨ ਦੀ ਲੋੜ ਹੈ ਕਿ ਉਹ ਮੁਕਤੀਦਾਤਾ ਦੇ ਰੂਪ ਵਿੱਚ ਮਸੀਹ ਉੱਤੇ ਭਰੋਸਾ ਕਰਨ ਅਤੇ ਇੱਕ ਅਜਿਹਾ ਵਿਅਕਤੀਗਤ ਅਤੇ ਨਿੱਜੀ ਮੇਲ ਕਰਨ ਜਿੱਥੇ ਮਨੁੱਖ ਅਤੇ ਪਰਮੇਸ਼ਰ ਦੁਸ਼ਮਣ ਨਹੀਂ ਹਨ, ਅਤੇ ਜੋ ਮਨੁੱਖ ਨੂੰ ਪਰਮੇਸ਼ਰ ਨਾਲ ਸੰਗਤੀ ਅਤੇ ਸ਼ਾਂਤੀ ਵਿੱਚ ਲਿਆਉਂਦਾ ਹੈ।

## V. ਸੰਤੁਸ਼ਟ ਕਰਨਾ: ਪ੍ਰਾਸਚਿਤ ਦਾ ਪਰਮੇਸ਼ਰ ਦਾ ਪਹਿਲੂ

ਮਸੀਹ ਦੇ ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦਾ ਅਰਥ ਇਹ ਹੈ ਕਿ ਉਹਨਾਂ ਨੇ ਪਾਪ ਦੇ ਸਾਰੇ ਅਪਰਾਧ ਨੂੰ ਦੂਰ ਕਰ ਦਿੱਤਾ, ਅਤੇ ਇਸ ਤਰ੍ਹਾਂ ਪਰਮੇਸ਼ਰ ਦਾ ਕ੍ਰੋਧ ਵੀ ਦੂਰ ਹੋ ਗਿਆ ਹੈ। ਇਸ ਵਿਚਾਰ ਨੂੰ ਸਮਝਾਉਣ ਦੇ ਹੋਰ ਤਰੀਕੇ ਅੱਗੇ ਲਿਖੇ ਹਨ: ਸਲੀਬ ਨੇ ਪਰਮੇਸ਼ਰ ਦੇ ਗੁੱਸੇ ਨੂੰ **ਸ਼ਾਂਤ ਕੀਤਾ**, ਪਰਮੇਸ਼ਰ ਦੇ ਗੁੱਸੇ ਨੂੰ **ਠੰਡਾ ਕੀਤਾ**, ਪਰਮੇਸ਼ਰ ਦੇ ਕ੍ਰੋਧ ਨੂੰ **ਸੰਤੁਸ਼ਟ ਕੀਤਾ।** ਮਸੀਹ ਦੀ ਮੌਤ ਨੇ ਪਰਮੇਸ਼ਰ ਦੇ ਧਰਮੀ ਕ੍ਰੋਧ ਨੂੰ **ਸੰਤੁਸ਼ਟ ਕੀਤਾ,** ਅਤੇ ਇਸ ਤਰ੍ਹਾਂ ਉਹਨਾਂ ਦਾ **ਕ੍ਰੋਧ** ਸਾਡੇ ਤੋਂ ਦੂਰ ਹੋ ਗਿਆ। ਇਸ ਲਈ ਪ੍ਰਾਸਚਿਤ ਵਿੱਚ ਜਿਵੇਂ ਛੁਟਕਾਰਾ ਪਾਪ ਦਾ ਪਹਿਲੂ ਹੈ, ਅਤੇ ਮੇਲ-ਮਿਲਾਪ ਮਨੁੱਖ ਦਾ ਪਹਿਲੂ ਹੈ, ਉਸੇ ਤਰ੍ਹਾਂ ਸੰਤੁਸ਼ਟ ਕਰਨਾ ਪ੍ਰਾਸਚਿਤ ਵਿੱਚ ਪਰਮੇਸ਼ਰ ਦਾ ਪਹਿਲੂ ਹੈ।

ਛੁਟਕਾਰਾ ਮਨੁੱਖ ਨੂੰ ਇੱਕ ਗ਼ੁਲਾਮ ਦੇ ਰੂਪ ਵਿੱਚ ਦਰਸਾਉਂਦਾ ਹੈ ਜੋ ਪਾਪ ਦਾ ਬੰਧਕ ਹੈ। ਮੇਲ-ਮਿਲਾਪ ਮਨੁੱਖ ਨੂੰ ਇੱਕ ਦੁਸ਼ਮਣ ਦੇ ਰੂਪ ਵਿੱਚ ਪੇਸ਼ ਕਰਦਾ ਹੈ ਜੋ ਪਰਮੇਸ਼ਰ ਤੋਂ ਦੂਰ ਹੈ। ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦਾ ਵਿਚਾਰ ਮਨੁੱਖ ਨੂੰ ਇੱਕ ਅਪਰਾਧੀ ਦੇ ਰੂਪ ਵਿੱਚ ਦਰਸਾਉਂਦਾ ਹੈ ਜਿਸ ਦੇ ਅਪਰਾਧ ਨੇ ਜੱਜ ਨੂੰ ਨਾਰਾਜ਼ ਕੀਤਾ ਹੈ।[28]

ਆਧੁਨਿਕ ਸਮੇਂ ਵਿੱਚ, ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦੇ ਅਨੁਵਾਦ ਨੂੰ ਖ਼ਤਮ ਕਰਨ ਦਾ ਰੁਝਾਨ ਰਿਹਾ ਹੈ। ਖੁੱਲ੍ਹੇ ਵਿਚਾਰ ਵਾਲੇ ਲੋਕ ਪਰਮੇਸ਼ਰ ਦੇ ਕ੍ਰੋਧ ਉੱਤੇ ਜ਼ੋਰ ਦੇਣ ਤੋਂ ਝਿਜਕਦੇ ਹਨ, ਉਹ ਮਸੀਹ ਦੀ ਮੌਤ ਨੂੰ ਸਿਰਫ਼ ਇੱਕ ਸੰਤੁਸ਼ਟ ਮੌਤ ਮੰਨਦੇ ਹਨ। ਇੱਕ ਅਸਪਸ਼ਟ ਰੂਪ ਵਿੱਚ, ਮੌਤ ਨੇ ਪਰਮੇਸ਼ਰ ਨੂੰ ਸੰਤੁਸ਼ਟ ਕੀਤਾ ਸੀ ਅਤੇ ਸਾਡੇ ਪਾਪਾਂ ਦਾ ਪ੍ਰਾਸਚਿਤ ਕੀਤਾ ਸੀ। ਇਸ ਨੇ ਪਾਪ ਦੇ ਕਾਰਨ ਸਾਡੇ ਦੋਸ਼ ਅਤੇ ਜ਼ਿੰਮੇਵਾਰੀ ਨੂੰ ਦੂਰ ਕਰ ਦਿੱਤਾ। ਇਹ ਵਿਚਾਰ ਸੱਚੇ ਹਨ, ਪਰ ਬਾਈਬਲ ਵਧੇਰੇ ਖ਼ਾਸ ਤਰੀਕੇ ਨਾਲ ਗੱਲ ਕਰਦੀ ਹੈ। ਮਸੀਹ ਦੀ ਮੌਤ ਇਸ ਲਈ ਸੰਤੁਸ਼ਟ ਕਰਨ ਵਾਲੀ ਹੈ ਕਿਉਂਕਿ ਇਸ ਨੇ ਪਰਮੇਸ਼ਰ ਦੇ ਕ੍ਰੋਧ ਨੂੰ ਦੂਰ ਕਰ ਦਿੱਤਾ ਹੈ। ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦੇ ਲਈ ਮਸੀਹ ਦਾ ਪਾਪ ਦੇ ਲਈ ਪ੍ਰਾਸਚਿਤ ਕਰਨਾ ਜ਼ਰੂਰੀ ਸੀ, ਪਰ ਜੇਕਰ ਇਸ ਵਿੱਚ ਪਰਮੇਸ਼ਰ ਦੇ ਕ੍ਰੋਧ ਨੂੰ ਦੂਰ ਕਰਨਾ ਸ਼ਾਮਲ ਨਹੀਂ ਕੀਤਾ ਜਾਂਦਾ ਹੈ, ਤਾਂ ਇਹ ਸੰਤੁਸ਼ਟ ਕਰਨ ਦੀ ਸਹੀ ਪਰਿਭਾਸ਼ਾ ਨਹੀਂ ਹੋਵੇਗੀ। ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦੀ ਪਰਿਭਾਸ਼ਾ ਨੂੰ ਸਹੀ ਢੰਗ ਨਾਲ

[28] ਆਪਣੀ ਮੌਤ ਦੁਆਰਾ ਮਸੀਹ ਨੇ ਪਾਪ ਤੋਂ ਛੁਟਕਾਰੇ ਦਾ ਮੁੱਲ ਚੁਕਾਇਆ ਹੈ। ਉਹਨਾਂ ਨੇ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕੀਤਾ ਅਤੇ ਮਨੁੱਖ ਦਾ ਪਰਮੇਸ਼ਰ ਨਾਲ ਮੇਲ ਕਰਾਇਆ। ਇਸ ਵਿੱਚ ਕੋਈ ਕ੍ਰਮ ਨਹੀਂ ਹੈ ਕਿਉਂਕਿ ਸਭ ਕੁਝ ਇੱਕੋ ਵਾਰ ਪੂਰਾ ਕੀਤਾ ਗਿਆ ਸੀ। ਪਰ ਇੱਕ ਤਰਕਪੂਰਣ ਕ੍ਰਮ ਇਹ ਹੋ ਸਕਦਾ ਹੈ, ਪਹਿਲਾ, ਮਸੀਹ ਨੇ ਪਾਪ ਦੇ ਛੁਟਕਾਰੇ ਦੇ ਲਈ ਮੁੱਲ ਚੁਕਾਇਆ; ਦੂਜਾ, ਉਹਨਾਂ ਨੇ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕੀਤਾ ਕਿਉਂਕਿ ਛੁਟਕਾਰੇ ਦਾ ਮੁੱਲ ਚੁਕਾਇਆ ਗਿਆ ਸੀ; ਤੀਜਾ, ਉਹਨਾਂ ਨੇ ਮਨੁੱਖ ਦਾ ਪਰਮੇਸ਼ਰ ਨਾਲ ਮੇਲ ਕਰਾਇਆ ਕਿਉਂਕਿ ਛੁਟਕਾਰੇ ਦਾ ਮੁੱਲ ਚੁਕਾਇਆ ਗਿਆ ਸੀ ਅਤੇ ਪਰਮੇਸ਼ਰ ਦਾ ਕ੍ਰੋਧ ਸੰਤੁਸ਼ਟ ਹੋ ਗਿਆ ਸੀ।

ਸਮਝਾਉਣਾ ਚਾਹੀਦਾ ਹੈ ਤਾਂ ਜੋ ਲੋਕ ਇਸ ਤੋਂ ਜਾਣੂ ਹੋ ਜਾਣ।[29] ਅਗਲਾ ਭਾਗ ਇਸ ਦੀ ਰਵਾਇਤੀ ਪਰਿਭਾਸ਼ਾ ਨੂੰ ਪੇਸ਼ ਕਰਦਾ ਹੈ।

### A. ਸੰਤੁਸ਼ਟ ਕਰਨ ਦੀ ਪਰਿਭਾਸ਼ਾ

1. ਬਾਈਬਲ ਤੋਂ ਬਾਹਰ ਦੀ ਯੂਨਾਨੀ ਭਾਸ਼ਾ ਵਿੱਚ ਬਹੁਤ ਸਾਰੀਆਂ ਪ੍ਰਾਚੀਨ ਉਦਾਹਰਣਾਂ ਹਨ ਜਿੱਥੇ ਇਸ ਸ਼ਬਦ ਦੀ ਵਰਤੋਂ ਗੁੱਸੇ ਨੂੰ ਸ਼ਾਂਤ ਕਰਨ ਅਤੇ ਖ਼ਾਸ ਕਰਕੇ ਦੇਵਤਿਆਂ ਦੇ ਕ੍ਰੋਧ ਨੂੰ ਸ਼ਾਂਤ ਕਰਨ ਦੇ ਲਈ ਕੀਤੀ ਗਈ ਸੀ। ਹੋਮਰ ਇਹ ਸਤਰਾਂ ਲਿਖਦਾ ਹੈ ਕਿ "ਉਹਨਾਂ ਨੇ ਸਾਰਾ ਦਿਨ ਇੱਕ ਗੀਤ ਨਾਲ ਦੇਵਤਿਆਂ ਨੂੰ **ਖੁਸ਼ ਕਰਨ** ਦੀ ਕੋਸ਼ਿਸ਼ ਕੀਤੀ," "ਕਿ ਸਾਰੇ ਦੇਵਤਿਆਂ ਤੋਂ ਪਹਿਲਾਂ ਮੈਂ ਏਥਨ ਨੂੰ ਖੁਸ਼ ਕਰ ਸਕਾ।"[30] ਜੋਸੀਫ਼ਸ 1 ਸਮੂਏਲ 14 ਦੀ ਪੁਰਾਣੇ ਨੇਮ ਦੀ ਇੱਕ ਘਟਨਾ ਨੂੰ ਲਿਖਦਾ ਹੈ ਜਿੱਥੇ ਸ਼ਾਊਲ ਨੇ ਲੜਾਈ ਦੇ ਦਿਨ ਖਾਣਾ ਖਾਣ ਵਾਲੇ ਨੂੰ ਸਰਾਪ ਦੇਣ ਦੀ ਗੱਲ ਕੀਤੀ ਸੀ। ਯੋਨਾਥਾਨ ਜੋ ਆਪਣੇ ਪਿਤਾ ਦੇ ਸਰਾਪ ਬਾਰੇ ਨਹੀਂ ਜਾਣਦਾ ਸੀ ਉਸ ਨੇ ਥੋੜ੍ਹਾ ਸ਼ਹਿਦ ਖਾਧਾ। ਸ਼ਾਊਲ ਯੋਨਾਥਾਨ ਨੂੰ ਮਾਰਨਾ ਚਾਹੁੰਦਾ ਸੀ ਅਤੇ ਇਹ ਕਰਨ ਨਾਲ ਉਹ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨਾ ਚਾਹੁੰਦਾ ਸੀ।

> ਹਾਂ ਮੈਂ ਖ਼ੁਦ ਪਰਮੇਸ਼ਰ ਦੀ ਸਹੁੰ ਖਾਂਦਾ ਹਾਂ ਕਿ ਚਾਹੇ ਮੇਰਾ ਆਪਣਾ ਪੁੱਤਰ ਯੋਨਾਥਾਨ ਵੀ ਹੋਵੇ ਜਿਸ ਨੇ ਇਹ ਪਿਤਾ ਕੀਤਾ ਹੈ, ਮੈਂ ਉਸ ਨੂੰ ਮਾਰ ਦੇਵਾਂਗਾ ਅਤੇ ਇਸ ਤਰ੍ਹਾਂ ਪਰਮੇਸ਼ਰ ਨੂੰ ਸੰਤੁਸ਼ਟ ਕਰਾਂਗਾ।[31]

ਫਿਲੋ ਜੋ ਰਸੂਲਾਂ ਦੇ ਸਮੇਂ ਜਿਊਂਦਾ ਸੀ। ਉਹ ਵੀ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨ ਦੇ ਵਿਚਾਰ ਦੀ ਵਰਤੋਂ ਕਰਦਾ ਹੈ। ਹੇਠਾਂ ਦਿੱਤੇ ਹਵਾਲੇ ਵਿੱਚ "ਮਾਲਕ" ਸ਼ਬਦ ਪਰਮੇਸ਼ਰ ਨੂੰ ਦਰਸਾਉਂਦਾ ਹੈ।

> ਕਿਉਂਕਿ ਮੈਂ ਉਸ ਨੂੰ ਸਵੀਕਾਰ ਕਰਦਾ ਹਾਂ ਜੋ ਮੇਰੀ (ਪਰਮੇਸ਼ਰ ਦੀ) ਲਾਭਕਾਰੀ ਸ਼ਕਤੀ ਦਾ ਆਨੰਦ ਲੈਣਾ ਚਾਹੁੰਦਾ ਹੈ ਅਤੇ ਉਸ ਨੂੰ ਵੀ ਸਵੀਕਾਰ ਕਰਦਾ ਹਾਂ ਜੋ ਮਾਲਕ (ਪਰਮੇਸ਼ਰ) ਦੀ ਤਾੜਨਾ ਤੋਂ ਬਚਣ ਲਈ ਉਸ ਦੇ ਰਾਜ ਅਤੇ ਅਧਿਕਾਰ ਨੂੰ ਸੰਤੁਸ਼ਟ ਕਰਦਾ ਹੈ।[32]

ਨਵੇਂ ਨੇਮ ਦੇ ਸਮੇਂ ਤੋਂ ਬਾਅਦ ਵੀ ਇਸ ਸ਼ਬਦ ਦੀ ਵਰਤੋਂ ਕ੍ਰੋਧ ਦੀ ਸੰਤੁਸ਼ਟੀ ਨੂੰ ਦਰਸਾ ਰਹੀ ਸੀ। ਲਗਭਗ ਈਸਵੀ160 ਵਿੱਚ ਹਰਮਾਸ ਦੇ ਪਾਦਰੀ ਦੀ ਲਿਖਤ ਵਿੱਚ ਇੱਕ ਭਾਗ ਹੈ ਜਿਸ ਵਿੱਚ ਲਿਖਿਆ ਹੈ: "ਜੇਕਰ ਇਹ ਪਾਪ ਮੈਨੂੰ ਸੌਂਪਿਆ ਗਿਆ ਹੈ ਤਾਂ ਮੈਂ ਕਿਵੇਂ ਬਚਾਂਗਾ, ਜਾਂ ਮੈਂ ਪਰਮੇਸ਼ਰ ਨੂੰ ਕਿਵੇਂ ਸੰਤੁਸ਼ਟ ਕਰਾਂਗਾ...?"[33] ਇਹ ਸਾਰੀਆਂ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਪ੍ਰਾਚੀਨ ਸੰਸਾਰ ਸੰਤੁਸ਼ਟ ਕਰਨ ਦੇ ਅਰਥ ਨੂੰ ਦੇਵਤਿਆਂ (ਜਾਂ ਪਰਮੇਸ਼ਰ) ਦੇ ਕ੍ਰੋਧ ਦੀ ਸੰਤੁਸ਼ਟੀ ਮੰਨਦਾ ਸੀ।

ਜਦੋਂ ਬਾਈਬਲ ਦਾ ਵਿਦਿਆਰਥੀ ਪਵਿੱਤਰ-ਗ੍ਰੰਥਾਂ ਵੱਲ ਜਾਂਦਾ ਹੈ, ਤਾਂ ਸੰਤੁਸ਼ਟ ਕਰਨ ਦੇ ਸ਼ਬਦ ਨੂੰ ਨਵੀਂ ਤਰ੍ਹਾਂ ਪਰਿਭਾਸ਼ਿਤ ਕਰਨ ਤੋਂ ਪਹਿਲਾਂ, ਉਸ ਨੂੰ ਮਜ਼ਬੂਤ ਸਬੂਤ ਦੀ ਮੰਗ ਕਰਨੀ ਚਾਹੀਦੀ ਹੈ। ਅਜਿਹੇ ਸਬੂਤਾਂ ਤੋਂ ਬਿਨਾਂ "ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਜਾਂ ਸੰਤੁਸ਼ਟ ਕਰਨ" ਦੀ ਪਰਿਭਾਸ਼ਾ ਨੂੰ ਹੀ ਬਣਾਏ ਰੱਖਣਾ ਚਾਹੀਦਾ ਹੈ।

2. ਬਾਈਬਲ ਵਿੱਚ ਇਸ ਸ਼ਬਦ ਦੀ ਵਰਤੋਂ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਲਈ ਕੀਤੀ ਗਈ ਹੈ, ਅਤੇ ਇਸ ਨੂੰ ਸੈਪਟੂਜਿੰਟ ਅਤੇ ਨਵੇਂ ਨੇਮ ਵਿੱਚ ਪਾਇਆ ਗਿਆ ਹੈ।

a. ਇਹ ਬਾਈਬਲ ਦੇ ਇੱਕ ਆਮ ਪਾਠਕ ਦੇ ਲਈ ਵੀ ਸਪੱਸ਼ਟ ਹੈ ਕਿ ਬਾਈਬਲ ਦਿਖਾਉਂਦੀ ਹੈ ਕਿ ਪਰਮੇਸ਼ਰ ਪਾਪ ਤੋਂ ਗੁੱਸਾ ਹਨ। ਇਹ ਇੰਨਾ ਆਮ ਹੈ ਕਿ ਇਸ ਦੀ ਇੱਕ ਪੂਰੀ ਸੂਚੀ ਦੇਣ ਦੀ ਲੋੜ ਨਹੀਂ ਹੈ (ਯੂਹੰਨਾ 3:36; ਰੋਮੀ 1:18,12:19; ਅਫ਼ਸੀ 5:6; ਕੁਲੁੱਸੀ 3:6; 2 ਥੱਸਲੁ 1:7-8; ਇਬ 10:31, 12:29; ਪ੍ਰਕਾਸ਼ 6:16; 19:15, 20:11-15)। ਇਸ ਸ਼ਬਦ ਦੀ ਬਾਈਬਲ ਤੋਂ ਬਾਹਰ ਦੀ ਵਰਤੋਂ ਵੀ ਦੱਸਦੀ ਹੈ ਕਿ ਪਰਮੇਸ਼ਰ ਗੁੱਸਾ ਹੋ ਸਕਦੇ ਹਨ, ਇਸ ਲਈ, ਇਹ ਗੱਲ ਵਿਆਖਿਆਕਾਰਾਂ ਨੂੰ ਇਹ ਉਮੀਦ ਕਰਨ ਵਾਲੇ ਬਣੇਗੀ ਕਿ ਇਸ ਸ਼ਬਦ ਦਾ ਅਰਥ ਕ੍ਰੋਧ ਨੂੰ ਸੰਤੁਸ਼ਟ ਕਰਨਾ ਹੈ। ਜੇਕਰ ਬਾਈਬਲ ਦੇ ਸੰਦਰਭਾਂ ਵਿੱਚ ਸੰਤੁਸ਼ਟ ਕਰਨ ਦੇ ਨਾਲ ਪਰਮੇਸ਼ਰ ਦੇ ਕ੍ਰੋਧ ਦਾ ਜ਼ਿਕਰ ਆਉਂਦਾ ਹੈ ਤਾਂ ਇਸ ਸ਼ਬਦ ਦੇ ਉੱਪਰ ਦੱਸੇ ਅਰਥ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਹੈ।

b. ਇਬਰਾਨੀ ਪੁਰਾਣੇ ਨੇਮ ਦਾ ਯੂਨਾਨੀ ਭਾਸ਼ਾ ਵਿੱਚ ਅਨੁਵਾਦ ਲਗਭਗ 200 ਈਸਾ ਪੂਰਵ ਵਿੱਚ ਕੀਤਾ ਗਿਆ ਸੀ। ਕਿਉਂਕਿ ਨਵੇਂ ਨੇਮ ਦੇ ਲੇਖਕ ਇਸ ਯੂਨਾਨੀ ਪੁਰਾਣੇ ਨੇਮ (ਸੈਪਟੂਜਿੰਟ) ਤੋਂ ਜਾਣੂ ਸਨ, ਤਾਂ ਇਸ ਵਿੱਚ ਲਿਖੇ ਸ਼ਬਦਾਂ ਦੀ ਪਰਿਭਾਸ਼ਾ ਨੇ ਉਹਨਾਂ ਦੀ ਸੋਚ ਨੂੰ ਪ੍ਰਭਾਵਿਤ ਕੀਤਾ ਸੀ। ਸੈਪਟੂਜਿੰਟ ਦੇ ਕੁਝ ਸੰਦਰਭਾਂ ਵਿੱਚ ਇਸ ਸ਼ਬਦ ਦਾ ਸਪੱਸ਼ਟ ਅਰਥ ਕ੍ਰੋਧ ਨੂੰ ਦੂਰ ਹਟਾਉਣਾ ਸੀ। ਕੂਚ 32 ਵਿੱਚ, ਮੂਸਾ ਨੂੰ ਪਤਾ ਲੱਗਦਾ ਹੈ ਕਿ ਇਸਰਾਏਲ ਦੇ ਬੱਚਿਆਂ ਨੇ ਹੁਣੇ-

---

[29] ਦ ਨਿਊ ਇੰਟਰਨੈਸ਼ਨਲ ਵਰਸਜ਼ਨ 1 ਯੂਹੰਨਾ 2:2 ਵਿੱਚ *ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ* ਕਰਨ ਦੀ ਥਾਂ *ਪ੍ਰਾਸਚਿਤ ਬਲੀਦਾਨ* ਦੀ ਵਰਤੋਂ ਕਰਦਾ ਹੈ।

[30] ਹੋਮਰ, *ਦ ਓਡੀਸੀ*, ਵੋਲ. 1 (ਲੋਬ ਕਲਾਸੀਕਲ ਲਾਇਬ੍ਰੇਰੀ) 99; ਐਂਡ ਹੋਮਰ, *ਦ ਇਲੀਐਡ*, ਵੋਲ. 1 (ਲੋਬ ਕਲਾਸੀਕਲ ਲਾਇਬ੍ਰੇਰੀ) 39.

[31] ਜੋਸੇਫਸ, *ਜੂਇਸ਼ ਐਂਟੀਕੁਟੀਜ਼*, ਵੋਲ. 5 (ਲੋਬ ਕਲਾਸੀਕਲ ਲਾਇਬ੍ਰੇਰੀ) 229.

[32] ਫਿਲੋ, ਵੋਲ. 6 (ਲੋਬ ਕਲਾਸੀਕਲ ਲਾਇਬ੍ਰੇਰੀ) 67.

[33] ਅਲੈਗਜ਼ੈਂਡਰ ਰੋਬਰਟਸ ਐਂਡ ਜੇਮਜ਼ ਡੋਨਾਲਡਸਨ, ਐਡ., *ਦ ਐਂਟੀ-ਨਾਈਸੀਨ ਫਾਦਰਜ਼*, ਵੋਲ. 2 (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ) 10. (1 ਕਲੀਮੈਂਟ 7:17 ਵੀ ਦੇਖੋ.)

ਹੁਣੇ ਸੋਨੇ ਦੇ ਵੱਛੇ ਦੀ ਪੂਜਾ ਕੀਤੀ ਹੈ। ਮੂਸਾ ਪਰਮੇਸ਼ਰ ਨੂੰ ਇਸ ਗੱਲ ਦੇ ਲਈ ਮਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਪਰਮੇਸ਼ਰ ਆਪਣੇ ਪਵਿੱਤਰ ਗੁੱਸੇ ਵਿੱਚ "ਇਸਰਾਏਲੀਆਂ ਨੂੰ ਧਰਤੀ ਤੋਂ ਨਸ਼ਟ ਨਾ ਕਰਨ"। ਫਿਰ ਸੈਪਟੂਜਿੰਟ ਦੇ ਕੂਚ 32:14 ਵਿੱਚ ਲਿਖਿਆ ਹੈ ਕਿ "ਪਰਮੇਸ਼ਰ ਨੂੰ ਆਪਣੇ ਲੋਕਾਂ ਦੀ ਰੱਖਿਆ ਕਰਨ ਦੇ ਲਈ ਸੰਤੁਸ਼ਟ ਕੀਤਾ ਗਿਆ।" ਆਪਣੀ ਪ੍ਰਾਰਥਨਾ ਦੇ ਨਾਲ ਮੂਸਾ ਨੇ ਪਰਮੇਸ਼ਰ ਦੇ ਗੁੱਸੇ ਨੂੰ ਮੂਰਤੀ ਪੂਜਾ ਕਰਨ ਵਾਲੀ ਕੌਮ ਤੋਂ ਦੂਰ ਕਰ ਦਿੱਤਾ ਸੀ। ਪੁਰਾਣੇ ਨੇਮ ਦੀ ਇੱਕ ਹੋਰ ਉਦਾਹਰਣ ਜ਼ਬੂਰ 130:3-4 ਹੈ, ਜਿੱਥੇ ਇਹ ਸ਼ਬਦ ਗੁੱਸੇ ਨੂੰ ਸ਼ਾਂਤ ਕਰਨ ਦਾ ਹਵਾਲਾ ਦਿੰਦਾ ਹੈ। ਆਇਤ 3 ਇਹ ਸਿਖਾਉਂਦੀ ਹੈ ਕਿ ਸਾਰੇ ਮਨੁੱਖ ਪਾਪ ਦੇ ਦੋਸ਼ੀ ਹਨ, ਅਤੇ ਜੇਕਰ ਪਰਮੇਸ਼ਰ ਦਿਆਲੂ ਨਾ ਹੁੰਦੇ ਤਾਂ ਕੋਈ ਵੀ ਪਰਮੇਸ਼ਰ ਦੇ ਕ੍ਰੋਧ ਦੇ ਸਾਹਮਣੇ ਖੜਾ ਨਹੀਂ ਹੋ ਸਕਦਾ ਹੈ: "ਹੇ ਯਹੋਵਾਹ, ਜੇ ਤੂੰ ਬਦੀਆਂ ਦਾ ਲੇਖਾ ਕਰਦਾ, ਤਾਂ ਹੇ ਪ੍ਰਭੂ, ਕੌਣ ਖੜ੍ਹਾ ਰਹਿ ਸਕਦਾ?" ਫਿਰ ਆਇਤ 4 ਸੰਤੁਸ਼ਟ ਕਰਨ ਦੇ ਸ਼ਬਦ ਨਾਲ ਮਿਲਦੇ ਸ਼ਬਦ ਦੀ ਵਰਤੋਂ ਇਹ ਸਮਝਾਉਣ ਦੇ ਲਈ ਕਰਦੀ ਹੈ ਕਿ ਜ਼ਰੂਰੀ ਨਹੀਂ ਹੈ ਕਿ ਪਰਮੇਸ਼ਰ ਦਾ ਕ੍ਰੋਧ ਵਿਨਾਸ਼ ਹੀ ਲਿਆਵੇ: "ਪਰ ਤੂੰ ਪ੍ਰਾਸਚਿਤ ਕਰਨ ਵਾਲਾ ਹੈਂ।" ਇਸ ਸੰਦਰਭ ਵਿੱਚ ਵਰਤੇ ਗਏ ਸ਼ਬਦ ਦਾ ਅਰਥ "ਸੰਤੁਸ਼ਟੀ ਜਾਂ ਗੁੱਸੇ ਨੂੰ ਸ਼ਾਂਤ ਕਰਨਾ" ਹੈ। ਇਸ ਸ਼ਬਦ ਦੀ ਪ੍ਰਾਚੀਨ ਧਰਮ ਨਿਰਪੱਖ ਵਰਤੋਂ, ਪਰਮੇਸ਼ਰ ਦੇ ਧਰਮੀ ਗੁੱਸੇ ਦਾ ਸਿਧਾਂਤ, ਅਤੇ ਯੂਨਾਨੀ ਪੁਰਾਣੇ ਨੇਮ ਦੇ ਪਿਛੋਕੜ ਨੂੰ ਧਿਆਨ ਵਿੱਚ ਰੱਖਦੇ ਹੋਏ, ਜੇਕਰ ਪਰਮੇਸ਼ਰ ਦੇ ਕ੍ਰੋਧ ਦਾ ਜ਼ਿਕਰ ਨਵੇਂ ਨੇਮ ਵਿੱਚ ਮਿਲਦਾ ਹੈ, ਤਾਂ ਇਸ ਦੀ ਪਰਿਭਾਸ਼ਾ ਨੂੰ ਕ੍ਰੋਧ ਦੀ ਸ਼ਾਂਤੀ ਦੇ ਰੂਪ ਵਿੱਚ ਸਮਝਿਆ ਜਾਣਾ ਚਾਹੀਦਾ ਹੈ।[34]

### c. ਨਵੇਂ ਨੇਮ ਵਿੱਚ ਸੰਤੁਸ਼ਟ ਕਰਨ ਦਾ ਵਿਚਾਰ

ਸੰਤੁਸ਼ਟ ਕਰਨ ਦੇ ਸ਼ਬਦ (ਯੂਨਾਨੀ: *ἱλάσκομαι*) ਨਾਲ ਮਿਲਦੇ ਜੁਲਦੇ ਸ਼ਬਦ ਨਵੇਂ ਨੇਮ ਵਿੱਚ ਸਿਰਫ਼ ਕੁਝ ਥਾਂਵਾਂ ਵਿੱਚ ਮਿਲਦੇ ਹਨ। ਇਸ ਦੀ ਕਿਰਿਆ ਲੂਕਾ 18:13 ਅਤੇ ਇਬ 2:17 ਵਿੱਚ ਦਿਖਾਈ ਦਿੰਦੀ ਹੈ, ਅਤੇ ਦੋ ਯੂਨਾਨੀ ਨਾਂਵ ਰੋਮੀ. 3:25; ਇਬ. 9:5; 1 ਯੂਹੰਨਾ 2:2 ਅਤੇ 4:10 ਵਿੱਚ ਮਿਲਦੇ ਹਨ। ਅੰਤ ਵਿੱਚ, ਇਸ ਦਾ ਵਿਸ਼ੇਸ਼ਣ ਇਬ. 8:12 ਅਤੇ ਮੱਤੀ 16:22 ਵਿੱਚ ਮਿਲਦਾ ਹੈ।

ਸੰਤੁਸ਼ਟ ਕਰਨ ਦੇ ਸਿਧਾਂਤ ਅਤੇ ਰੋਮੀਆਂ ਦੀ ਪੁਸਤਕ ਵਿੱਚ ਵੀ ਰੋਮੀ 3:25 ਇੱਕ ਪ੍ਰਮੁੱਖ ਆਇਤ ਹੈ: "ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ ਛੁਟਕਾਰੇ ਦਾ ਸਾਧਨ, ਉਹਨਾਂ ਦੀ ਮੌਤ ਦੇ ਦੁਆਰਾ ਬਣਾਇਆ ਜੋ ਉਹਨਾਂ ਵਿੱਚ ਵਿਸ਼ਵਾਸ ਕਰਨ ਦੁਆਰਾ ਮਿਲਦਾ ਹੈ।" ਕੀ ਇਸ ਸੰਦਰਭ ਵਿੱਚ ਪਰਮੇਸ਼ਰ ਦੇ ਕ੍ਰੋਧ ਦਾ ਵਿਚਾਰ ਹੈ? ਰੋਮੀ 1:18 ਤੋਂ ਸ਼ੁਰੂ ਕਰਦੇ ਹੋਏ, ਰੋਮੀਆਂ ਦੇ ਪਹਿਲੇ ਭਾਗ ਵਿੱਚ ਪੌਲੁਸ ਦਾ ਉਦੇਸ਼ ਇਹ ਸਾਬਤ ਕਰਨਾ ਰਿਹਾ ਹੈ ਕਿ ਸਾਰੇ ਪਾਪ ਦੇ ਦੋਸ਼ੀ ਹਨ ਅਤੇ ਪਰਮੇਸ਼ਰ ਦੇ ਪਵਿੱਤਰ ਕ੍ਰੋਧ ਦੇ ਅਧੀਨ ਹਨ। ਉਹ ਕਹਿੰਦਾ ਹੈ, "ਸਵਰਗ ਤੋਂ ਪਰਮੇਸ਼ਰ ਦਾ ਕ੍ਰੋਧ ਮਨੁੱਖ ਦੇ ਸਾਰੇ ਅਵਿਸ਼ਵਾਸ ਅਤੇ ਦੁਸ਼ਟਤਾ ਦੇ ਕਾਰਨ ਪ੍ਰਗਟ ਹੋਇਆ ਹੈ" (ਰੋਮੀ 1:18)। ਪੌਲੁਸ ਅੱਗੇ ਰੋਮੀ 2:6-8 ਵਿੱਚ ਕਹਿੰਦਾ ਹੈ, "ਉਹ ਹਰ ਇੱਕ ਮਨੁੱਖ ਨੂੰ ਉਸ ਦੇ ਕੀਤੇ ਅਨੁਸਾਰ ਫਲ ਦੇਣਗੇ...ਜਿਹੜੇ ਆਪਣੇ ਮਤਲਬ ਕੱਢਦੇ ਅਤੇ ਸੱਚ ਨੂੰ ਨਹੀਂ ਮੰਨਦੇ ਹੋਏ ਬੁਰਾਈ ਦੇ ਪਿੱਛੇ ਚੱਲਦੇ ਹਨ, ਉਹਨਾਂ ਉੱਤੇ ਪਰਮੇਸ਼ਰ ਦੀ ਸਜ਼ਾ ਅਤੇ ਗੁੱਸਾ ਹੋਵੇਗਾ।" ਇਸ ਧਰਮੀ ਪਰਮੇਸ਼ਰ ਦੇ ਸਾਹਮਣੇ ਸਾਰੇ ਲੋਕ ਪਾਪੀ (ਰੋਮੀ 3:10, 23) ਅਤੇ ਦੋਸ਼ੀ ਹਨ (ਰੋਮੀ 3:19)। ਇਸ ਸੰਦਰਭ ਵਿੱਚ, ਰੋਮੀ 3:25 ਇਹ ਦੱਸਦਾ ਹੈ ਕਿ ਮਸੀਹ ਨੇ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕੀਤਾ ਹੈ। ਇਹ ਮੰਨਣਾ ਸਹੀ ਹੈ ਕਿ ਇੱਥੇ ਕ੍ਰੋਧ ਨੂੰ ਦੂਰ ਕਰਨ ਦਾ ਵਿਚਾਰ ਹੈ। ਯਾਦ ਰੱਖੋ ਕਿ ਪੌਲੁਸ ਗ਼ੈਰ-ਯਹੂਦੀਆਂ ਨੂੰ ਲਿਖ ਰਿਹਾ ਹੈ। ਉਸ ਲਈ ਇਹ ਮੂਰਖਤਾ ਵਾਲੀ ਗੱਲ ਹੋਵੇਗੀ ਕਿ ਉਸ ਨੇ ਇੱਕ ਅਜਿਹਾ ਸ਼ਬਦ ਚੁਣਿਆ ਜਿਸ ਦਾ ਅਵਿਸ਼ਵਾਸੀ ਲੇਖਕਾਂ ਵਿੱਚ ਅਰਥ ਤਾਂ ਕ੍ਰੋਧ ਨੂੰ ਸੰਤੁਸ਼ਟ ਕਰਨਾ ਹੈ, ਪਰ ਉਹ ਉਮੀਦ ਕਰ ਰਿਹਾ ਹੈ ਕਿ ਉਸ ਦੇ ਪਾਠਕ ਇਸ ਨੂੰ ਕਿਸੇ ਹੋਰ ਅਰਥ ਨਾਲ ਸਮਝਣ।

ਲੂਕਾ 18:13 ਵੀ ਕ੍ਰੋਧ ਨੂੰ ਦੂਰ ਕਰਨ ਦੇ ਵਿਚਾਰ ਨੂੰ ਸ਼ਾਮਲ ਕਰਦਾ ਜਾਪਦਾ ਹੈ। ਇੱਕ ਵਿਅਕਤੀ ਪਾਪ ਨੂੰ ਢੱਕ ਸਕਦਾ ਹੈ ਜਾਂ ਇਸ ਦਾ ਪ੍ਰਾਸਚਿਤ ਕਰ ਸਕਦਾ ਹੈ (ਜੋ ਇੱਕ ਕੰਮ ਹੈ), ਪਰ ਉਹ ਪਰਮੇਸ਼ਰ ਨੂੰ (ਜੋ ਇੱਕ ਵਿਅਕਤੀ ਹਨ) ਸੰਤੁਸ਼ਟ ਕਰਦਾ ਹੈ। ਇਹ ਬੇਨਤੀ, "ਹੇ ਪਰਮੇਸ਼ਰ, ਮੈਂ ਪਾਪੀ ਹਾਂ, ਮੇਰੇ ਤੋਂ ਸੰਤੁਸ਼ਟ ਹੋ ਜਾਓ," ਪਰਮੇਸ਼ਰ ਤੋਂ ਪਾਪ ਨੂੰ ਢੱਕਣ ਦੀ ਮੰਗ ਨਹੀਂ ਕਰ ਰਹੀ ਹੈ। ਕਿਉਂਕਿ ਇਸ ਵਿੱਚ ਕੰਮ ਕਰਨ ਵਾਲਾ ਪਾਪ ਨਹੀਂ ਪਰ ਪਰਮੇਸ਼ਰ ਹਨ, ਇਸ ਲਈ, ਇਸ ਬੇਨਤੀ ਵਿੱਚ ਕ੍ਰੋਧ ਨੂੰ ਦੂਰ ਕਰਨਾ ਸ਼ਾਮਲ ਹੋਣਾ ਚਾਹੀਦਾ ਹੈ।

ਹਾਲਾਂਕਿ 1 ਯੂਹੰਨਾ 2:1-2 ਦੇ ਸੰਦਰਭ ਵਿੱਚ ਕ੍ਰੋਧ ਅਤੇ ਗੁੱਸਾ ਸ਼ਬਦਾਂ ਦਾ ਵਰਣਨ ਨਹੀਂ ਕੀਤਾ ਗਿਆ ਹੈ, ਪਰ ਇਹ ਅਨੁਮਾਨ ਲਗਾਉਣਾ ਪੂਰੀ ਤਰ੍ਹਾਂ ਤਰਕਪੂਰਨ ਹੈ ਕਿ ਯੂਹੰਨਾ ਦੇ ਮਨ ਵਿੱਚ ਪਰਮੇਸ਼ਰ ਦਾ ਸੰਭਾਵੀ ਕ੍ਰੋਧ ਸੀ। ਪਹਿਲੀ ਆਇਤ ਵਿੱਚ ਉਹ ਆਪਣੇ ਪਾਠਕਾਂ ਨੂੰ ਪਾਪ ਨਾ ਕਰਨ ਦੇ ਲਈ ਕਹਿੰਦਾ ਹੈ, ਪਰ ਜੇਕਰ ਉਹ ਪਾਪ ਕਰ ਵੀ ਲੈਂਦੇ ਹਨ, ਤਾਂ ਯੂਹੰਨਾ ਇਹ ਚਾਹੁੰਦਾ ਹੈ ਕਿ ਉਹਨਾਂ ਨੂੰ ਦਿਲਾਸਾ ਅਤੇ ਭਰੋਸਾ ਮਿਲੇ। ਉਹ ਪਰਮੇਸ਼ਰ ਨਾਲ ਮੇਲ ਵਿੱਚ ਰਹਿ ਸਕਦੇ ਹਾਂ ਕਿਉਂਕਿ ਦੂਜੀ ਆਇਤ ਅਨੁਸਾਰ ਮਸੀਹ ਸਾਡੇ ਪਾਪਾਂ ਦਾ ਪ੍ਰਾਸਚਿਤ (ਪਰਮੇਸ਼ਰ ਨੂੰ ਸੰਤੁਸ਼ਟ ਕਰਦੇ) ਹਨ।

ਇਸ ਤਰ੍ਹਾਂ ਲੱਗਦਾ ਹੈ ਕਿ ਪਾਪੀਆਂ ਦੀ ਮੁੱਖ ਚਿੰਤਾ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ ਹੋਣੀ ਚਾਹੀਦੀ ਹੈ। ਜੇਕਰ ਵਿਸ਼ਵਾਸੀ ਪਾਪ ਕਰਦਾ ਹੈ, ਤਾਂ ਕੀ ਨਿਆਂਕਾਰੀ ਪਰਮੇਸ਼ਰ ਉਸ ਨੂੰ ਸਜ਼ਾ ਦੇਣਗੇ? ਇਸ ਦਾ ਜਵਾਬ ਹੈ, "ਨਹੀਂ! ਮਸੀਹ ਸਾਡੇ ਵਕੀਲ ਹਨ ਅਤੇ ਉਹ ਸਾਡੇ ਲਈ ਪਰਮੇਸ਼ਰ ਨੂੰ ਸੰਤੁਸ਼ਟ ਕਰਦੇ ਹਨ।

[34] 2 ਮਕਾਬੀ 7:32-38; 4 ਮਕਾਬੀ 6:28, 9:24, 12:18 ਵੀ ਦੇਖੋ

ਜੇਕਰ ਕੋਈ ਇਹ ਸੋਚਦਾ ਹੈ ਕਿ ਪਾਪਾਂ ਨੂੰ ਢੱਕਣ ਦਾ ਵਿਚਾਰ ਹੀ ਇਸ ਸੰਦਰਭ ਦੇ ਲਈ ਕਾਫ਼ੀ ਹੈ, ਤਾਂ ਫਿਰ ਅਗਲਾ ਸਵਾਲ ਇਹ ਹੈ, "ਇੱਕ ਪਾਪੀ ਵਿਸ਼ਵਾਸੀ ਦੇ ਲਈ ਇਹ ਮਹੱਤਵਪੂਰਣ ਗੱਲ ਕਿਉਂ ਹੋਣੀ ਚਾਹੀਦੀ ਹੈ ਕਿ ਮਸੀਹ ਨੇ ਸਾਡੇ ਪਾਪਾਂ ਨੂੰ ਢੱਕ ਲਿਆ ਹੈ? ਸਾਨੂੰ ਇਹ ਰਾਹਤ ਮਿਲੀ ਹੈ ਕਿ ਉਹਨਾਂ ਨੇ ਸਾਡੇ ਪਾਪਾਂ ਨੂੰ ਢੱਕ ਦਿੱਤਾ ਹੈ, ਕਿਉਂਕਿ ਇਸ ਬਰਕਤ ਤੋਂ ਬਿਨਾਂ ਸਾਡੇ ਉੱਤੇ ਪਰਮੇਸ਼ਰ ਦਾ ਕ੍ਰੋਧ ਬਣਿਆ ਰਹਿਣਾ ਸੀ। ਪਾਪ ਕਰਨ ਵਾਲੇ ਵਿਸ਼ਵਾਸੀ ਨੂੰ ਭਰੋਸਾ ਦੇਣ ਦਾ ਕਾਰਨ ਪਰਮੇਸ਼ਰ ਦਾ ਸੰਭਾਵੀ ਕ੍ਰੋਧ ਹੀ ਹੋ ਸਕਦਾ ਹੈ। ਇਸ ਤਰ੍ਹਾਂ, ਭਾਵੇਂ *ਕ੍ਰੋਧ* ਸ਼ਬਦ ਇੱਥੇ ਦਿਖਾਈ ਨਹੀਂ ਦਿੰਦਾ ਹੈ, ਪਰ 1 ਯੂਹੰਨਾ 2:1-2 ਦੀ ਸਭ ਤੋਂ ਤਰਕਪੂਰਨ ਵਿਆਖਿਆ ਇਹ ਹੈ ਕਿ ਯੂਹੰਨਾ ਭਟਕੇ ਵਿਸ਼ਵਾਸੀਆਂ ਨੂੰ ਇਹ ਸਿਖਾ ਕੇ ਦਿਲਾਸਾ ਦੇ ਰਿਹਾ ਹੈ ਕਿ ਮਸੀਹ ਨੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰ ਦਿੱਤਾ ਹੈ।

ਪਰਮੇਸ਼ਰ ਨੂੰ ਸੰਤੁਸ਼ਟ ਕਰਨ ਦੇ ਵਿਚਾਰ ਨੂੰ ਸ਼ਾਮਲ ਕਰਨ ਵਾਲੇ ਬਾਕੀ ਅਧਿਆਤਮਿਕ ਵਚਨਾਂ (ਇਬ. 2:17; 8:12; 1 ਯੂਹੰਨਾ 4:10) ਵਿੱਚ ਕ੍ਰੋਧ ਨੂੰ ਦੂਰ ਕਰਨ ਦੇ ਵਿਚਾਰ ਨੂੰ ਨਾ ਤਾਂ ਨਿਰਣਾਇੱਕ ਤੌਰ ਤੇ ਬਾਹਰ ਕੱਢਿਆ ਜਾ ਸਕਦਾ ਹੈ, ਅਤੇ ਨਾ ਹੀ ਨਿਸ਼ਚਿਤ ਤੌਰ ਤੇ ਸਾਬਤ ਕੀਤਾ ਜਾ ਸਕਦਾ ਹੈ। ਇਹ ਆਇਤਾਂ ਪਾਪ ਨੂੰ ਢੱਕਣ ਜਾਂ ਕ੍ਰੋਧ ਨੂੰ ਦੂਰ ਕਰਨ ਦਾ ਸੰਕੇਤ ਦੇ ਸਕਦੀਆਂ ਹਨ। ਫਿਰ ਵੀ, ਜਦੋਂ ਤੱਕ ਇਸ ਦੇ ਉਲਟ ਮਜ਼ਬੂਤ ਸਬੂਤ ਨਾ ਹੋਣ, ਤਾਂ ਇਸ ਸ਼ਬਦ ਨੂੰ ਇਸ ਦੇ ਰਵਾਇਤੀ ਅਰਥ ਦਿੱਤੇ ਜਾਣੇ ਚਾਹੀਦੇ ਹਨ। ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਲਈ ਪਾਪ ਦਾ ਪ੍ਰਾਸਚਿਤ ਸੱਚਮੁੱਚ ਜ਼ਰੂਰੀ ਹੈ, ਪਰ ਪਹਿਲੇ ਵਿਚਾਰ ਉੱਤੇ ਜ਼ੋਰ ਦੇਣ ਅਤੇ ਦੂਜੇ ਨੂੰ ਨਜ਼ਰਅੰਦਾਜ਼ ਕਰਨ ਦਾ ਅਰਥ ਪ੍ਰਾਸਚਿਤ ਬਾਰੇ ਬਾਈਬਲ ਦੇ ਦ੍ਰਿਸ਼ਟੀਕੋਣ ਤੋਂ ਦੂਰ ਰਹਿਣਾ ਹੋਵੇਗਾ। ਸਲੀਬ ਉੱਤੇ ਮਸੀਹ ਨੇ ਸਾਡੇ ਪਾਪਾਂ ਦੇ ਸੰਬੰਧ ਵਿੱਚ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕੀਤਾ, ਅਤੇ ਪਰਮੇਸ਼ਰ ਦੇ ਕ੍ਰੋਧ ਨੂੰ ਦੂਰ ਕੀਤਾ ਹੈ। ਇਹੀ *ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ* ਕਰਨ ਦਾ ਅਰਥ ਹੈ।

### B. ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਤਿੰਨ ਕਾਰਜ ਜਾਂ ਪੜਾਅ

ਇਹ ਸਥਾਪਿਤ ਕੀਤਾ ਗਿਆ ਹੈ ਕਿ ਸੰਤੁਸ਼ਟ ਕਰਨਾ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨਾ ਜਾਂ ਦੂਰ ਕਰਨਾ ਹੈ। ਅਜਿਹਾ ਲੱਗਦਾ ਹੈ ਕਿ ਨਵਾਂ ਨੇਮ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਤਿੰਨ ਵੱਖ-ਵੱਖ ਪਹਿਲੂ ਦਿੰਦਾ ਹੈ।

1. ਸਲੀਬ ਉੱਤੇ ਪੂਰੇ ਸੰਸਾਰ ਦੇ ਲਈ ਪ੍ਰਾਸਚਿਤ ਕੀਤਾ ਗਿਆ ਸੀ। 1 ਯੂਹੰਨਾ 2:2 ਸਾਨੂੰ ਸਿਖਾਉਂਦਾ ਹੈ ਕਿ ਮਸੀਹ ਨੇ ਸਾਰੇ ਸੰਸਾਰ ਦੇ ਪਾਪਾਂ ਦੇ ਲਈ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕੀਤਾ ਹੈ। **ਇੱਕ ਅਰਥ ਵਿੱਚ, ਸਲੀਬ ਉੱਤੇ ਮਸੀਹ ਦੀ ਮੌਤ ਦੁਆਰਾ ਸਾਰੇ ਸੰਸਾਰ ਦੇ ਪਾਪਾਂ ਦੇ ਲਈ ਪਰਮੇਸ਼ਰ ਦਾ ਕ੍ਰੋਧ ਸੰਤੁਸ਼ਟ ਹੋ ਗਿਆ ਸੀ।** ਪਰਮੇਸ਼ਰ ਦੇ ਕ੍ਰੋਧ ਨੂੰ ਇਸ ਅਰਥ ਵਿੱਚ ਦੂਰ ਕੀਤਾ ਗਿਆ ਕਿ ਪਰਮੇਸ਼ਰ ਹੁਣ ਵਿਰਾਸਤ ਵਿੱਚ ਮਿਲੇ ਜਾਂ ਵਿਅਕਤੀਗਤ ਪਾਪਾਂ ਦੇ ਆਧਾਰ ਉੱਤੇ ਸਦੀਪਕ ਸਜ਼ਾ ਨਹੀਂ ਦਿੰਦੇ ਹਨ। ਪਾਪ ਦੇ ਆਧਾਰ ਉੱਤੇ ਦਿੱਤੀ ਜਾਣ ਵਾਲੀ ਸਜ਼ਾ ਨਾਲ ਜੁੜੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕੀਤਾ ਗਿਆ ਹੈ। ਇਹ ਅਜੇ ਵੀ ਸੱਚ ਹੈ ਕਿ ਨਾ ਬਚਾਏ ਗਏ ਲੋਕ ਪਾਪ ਦੇ ਲਈ ਦੋਸ਼ੀ ਹਨ। ਫਿਰ ਵੀ, ਸਦੀਪਕ ਕ੍ਰੋਧ ਹੁਣ ਸ਼ੁਭ-ਸਮਾਚਾਰ ਦੀ ਪਾਲਣਾ ਨਾ ਕਰਨ ਦੇ ਮੁੱਢਲੇ ਪਾਪ ਉੱਤੇ ਆਧਾਰਿਤ ਹੋ ਗਿਆ ਹੈ (2 ਥੱਸਲੁ 1:8; ਯੂਹੰਨਾ 3:18)। ਹੋਰ ਵਚਨ ਜਿਹੜੇ ਪਾਪ ਉੱਤੇ ਪਰਮੇਸ਼ਰ ਦੇ ਕ੍ਰੋਧ ਦੀ ਗੱਲ ਕਰਦੇ ਹਨ ਉਹ ਅਸਥਾਈ ਕ੍ਰੋਧ ਦੀ ਗੱਲ ਕਰ ਰਹੇ ਹਨ (ਜਿਵੇਂ ਕਿ, ਰੋਮੀ 1:18 ਜਿੱਥੇ ਸਜ਼ਾ ਨੂੰ ਨਰਕ ਨਹੀਂ ਹੈ, ਪਰ ਤਬਾਹੀ ਹੈ ਜੋ ਇੱਕ ਦੁਸ਼ਟ ਜੀਵਨ-ਸ਼ੈਲੀ ਦੇ ਕਾਰਨ ਹੈ), ਜਾਂ ਫਿਰ ਇਹ ਕਿ ਜੇਕਰ ਮਸੀਹ ਇਸ ਦਾ ਹੱਲ ਕਰਨ ਲਈ ਨਾ ਆਉਂਦੇ, ਤਾਂ ਕੀ ਹੁੰਦਾ (ਜਿਵੇਂ ਕਿ., ਰੋਮੀ 2:6-8)? ਹਾਲਾਂਕਿ ਹਰੇਕ ਵਿਅਕਤੀਗਤ ਪਾਪ ਸਜ਼ਾ ਦੀ ਹੱਦ ਨੂੰ ਨਿਰਧਾਰਤ ਕਰਨ ਵਿੱਚ ਇੱਕ ਭੂਮਿਕਾ ਨਿਭਾਵੇਗਾ (ਲੂਕਾ 12:48), ਪਰ ਸਦੀਪਕ ਸਜ਼ਾ ਦਾ ਆਧਾਰ ਵਿਰਾਸਤ ਵਿੱਚ ਮਿਲੇ ਜਾਂ ਵਿਅਕਤੀਗਤ ਪਾਪ ਨਹੀਂ, ਪਰ ਮਸੀਹ ਦਾ ਇਨਕਾਰ ਕਰਨਾ ਹੋਵੇਗਾ। ਪਰਮੇਸ਼ਰ ਦੇ ਸਦੀਪਕ ਕ੍ਰੋਧ ਦੇ ਸੰਬੰਧ ਵਿੱਚ, ਪਰਮੇਸ਼ਰ ਨੂੰ ਸਾਰੇ ਸੰਸਾਰ ਦੇ ਪਾਪ ਦੇ ਲਈ ਸੰਤੁਸ਼ਟ ਕੀਤਾ ਗਿਆ ਹੈ (1 ਯੂਹੰਨਾ 2:2; 2 ਕੁਰਿੰਥ 5:19)।

> ਉਹ ਹੀ ਸਾਡੇ ਪਾਪਾਂ ਦਾ ਪ੍ਰਾਸ਼ਚਿਤ ਹਨ, ਨਾ ਕੇਵਲ ਸਾਡੇ ਸਗੋਂ **ਸਾਰੇ ਸੰਸਾਰ** ਦੇ ਲੋਕਾਂ ਦੇ ਪਾਪਾਂ ਦੇ ਲਈ ਵੀ। [1 ਯੂਹੰਨਾ 2:2]

1 ਯੂਹੰਨਾ 2:2 ਇੱਕੋ-ਇੱਕ ਅਜਿਹੀ ਆਇਤ ਹੈ ਜੋ ਸਪੱਸ਼ਟ ਤੌਰ ਤੇ ਸਲੀਬ ਉੱਤੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਨੂੰ ਵਿਆਪਕ ਰੂਪ ਵਿੱਚ ਦਰਸਾਉਂਦੀ ਹੈ। ਹਾਲਾਂਕਿ, ਦੋ ਹੋਰ ਅਜਿਹੇ ਵਚਨ ਹਨ ਜੋ ਸਲੀਬ ਉੱਤੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਨਾਲ-ਨਾਲ ਸਾਰੇ ਲੋਕਾਂ (ਪਰਮੇਸ਼ਰ ਦੇ ਲੋਕ ਜਾਂ ਚੁਣੇ ਹੋਏ) ਦੇ ਲਈ ਲਾਭ ਦੀ ਗੱਲ ਕਰਦੇ ਹਨ (ਦੇਖੋ, ਇਬ 2:17 ਅਤੇ 1 ਯੂਹੰਨਾ 4:10)।

2. ਵਿਅਕਤੀਗਤ ਪ੍ਰਾਸਚਿਤ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸਮੇਂ ਹੁੰਦਾ ਹੈ। ਜੇਕਰ ਯੂਹੰਨਾ 1 ਯੂਹੰਨਾ 2:2 ਵਿੱਚ ਇਹ ਸਿਖਾਉਂਦਾ ਹੈ ਕਿ ਪਾਪ ਪ੍ਰਤੀ ਪਰਮੇਸ਼ਰ ਦਾ ਸਦੀਪਕ ਕ੍ਰੋਧ ਸੰਤੁਸ਼ਟ ਹੋ ਗਿਆ ਹੈ, ਤਾਂ ਫਿਰ ਉਹ ਯੂਹੰਨਾ 3:36 ਅਤੇ 16:9 ਵਿੱਚ ਸਿਖਾਉਂਦਾ ਹੈ ਕਿ ਪਰਮੇਸ਼ਰ ਉਹਨਾਂ ਲੋਕਾਂ ਨਾਲ ਸਦਾ ਦੇ ਲਈ ਗੁੱਸਾ ਹਨ ਜੋ ਉਹਨਾਂ ਦੇ ਪੁੱਤਰ ਦਾ ਇਨਕਾਰ ਕਰਦੇ ਹਨ (ਦੇਖੋ, 2 ਥੱਸਲੁ 1:8-9)। ਇਸ ਤਰ੍ਹਾਂ, ਜਦੋਂ ਕਿ ਪਾਪਾਂ ਦੇ ਲਈ ਪ੍ਰਾਸਚਿਤ ਸਲੀਬ ਉੱਤੇ ਹੋਇਆ ਸੀ, ਤਾਂ ਅਵਿਸ਼ਵਾਸ ਦੇ ਮੁੱਖ ਪਾਪ ਦੇ ਲਈ ਪ੍ਰਾਸਚਿਤ ਉਦੋਂ ਤੱਕ ਨਹੀਂ ਹੁੰਦਾ ਹੈ ਜਦੋਂ ਤੱਕ ਇੱਕ ਵਿਅਕਤੀ ਮੁਕਤੀ ਦੇ ਲਈ ਮਸੀਹ ਉੱਤੇ ਭਰੋਸਾ ਨਹੀਂ ਕਰਦਾ ਹੈ। ਰੋਮੀ 3:25 ਪ੍ਰਾਸਚਿਤ ਦੇ ਇਹਨਾਂ ਦੋਵੇਂ ਵਿਚਾਰਾਂ ਦਾ ਜ਼ਿਕਰ ਕਰਦਾ ਹੈ। ਇਹ ਆਇਤ ਸਿਖਾਉਂਦੀ ਹੈ ਕਿ ਮਸੀਹ ਆਪਣੀ ਮੌਤ ਦੇ ਸਮੇਂ ਪ੍ਰਾਸਚਿਤ ਬਣ

ਗਏ ਸੀ। ਇਸ ਵਿੱਚ ਸ਼ਾਇਦ ਇਹ ਵਿਚਾਰ ਵੀ ਸ਼ਾਮਲ ਕੀਤਾ ਜਾ ਸਕਦਾ ਹੈ ਕਿ ਮਸੀਹ ਦੀ ਮੌਤ ਨੇ ਵਿਅਕਤੀਗਤ ਅਤੇ ਵਿਰਾਸਤ ਵਿੱਚ ਮਿਲੇ ਪਾਪ ਦੇ ਲਈ ਪਰਮੇਸ਼ਰ ਦੇ ਸਦੀਪਕ ਕ੍ਰੋਧ ਨੂੰ ਸੰਤੁਸ਼ਟ ਕਰ ਦਿੱਤਾ ਸੀ। ਪਰ, ਵਾਕਾਂਸ਼ "ਵਿਸ਼ਵਾਸ ਕਰਨ ਦੁਆਰਾ" ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਪਰਮੇਸ਼ਰ ਦਾ ਕ੍ਰੋਧ ਪੂਰੀ ਤਰ੍ਹਾਂ ਮਸੀਹ ਵਿੱਚ ਵਿਸ਼ਵਾਸ ਕਰਨ ਸਮੇਂ ਹੀ ਦੂਰ ਹੁੰਦਾ ਹੈ। ਇਸ ਵਿਚਾਰ ਦੇ ਬਾਵਜੂਦ ਕਿ ਸਿਰਫ਼ ਨਿੱਜੀ ਪਾਪਾਂ ਦੇ ਲਈ ਸਦੀਪਕ ਸਜ਼ਾ ਨਹੀਂ ਦਿੱਤੀ ਜਾਂਦੀ ਹੈ, ਫਿਰ ਵੀ ਇੱਕ ਅਵਿਸ਼ਵਾਸੀ ਆਪਣੇ ਅਵਿਸ਼ਵਾਸ ਦੇ ਪਾਪ ਦੇ ਲਈ ਪਰਮੇਸ਼ਰ ਦੇ ਕ੍ਰੋਧ ਦੇ ਅਧੀਨ ਰਹਿੰਦਾ ਹੈ। ਪਰਮੇਸ਼ਰ ਦਾ ਸਦੀਪਕ ਕ੍ਰੋਧ ਉਦੋਂ ਤੱਕ ਸੰਤੁਸ਼ਟ ਨਹੀਂ ਹੁੰਦਾ ਹੈ, ਜਦੋਂ ਤੱਕ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਜਾਂਦਾ ਹੈ। ਹਾਲਾਂਕਿ ਸਲੀਬ ਉੱਤੇ ਜੋ ਹੋਇਆ ਸੀ ਉਸ ਨੇ ਪਰਮੇਸ਼ਰ ਨੇ ਸਦੀਪਕ ਕ੍ਰੋਧ ਨੂੰ ਸੰਤੁਸ਼ਟ ਕੀਤਾ ਹੈ, ਪਰ ਪਰਮੇਸ਼ਰ ਦਾ ਕ੍ਰੋਧ ਉਦੋਂ ਤੱਕ ਬਣਿਆ ਰਹਿੰਦਾ ਹੈ, ਜਦੋਂ ਤੱਕ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਜਾਂਦਾ ਹੈ।

> ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ ਛੁਟਕਾਰੇ ਦਾ ਸਾਧਨ, ਉਹਨਾਂ ਦੀ ਮੌਤ ਦੇ ਦੁਆਰਾ ਬਣਾਇਆ ਜੋ ਉਹਨਾਂ ਵਿੱਚ ਵਿਸ਼ਵਾਸ ਕਰਨ ਦੁਆਰਾ ਮਿਲਦਾ ਹੈ [ਰੋਮੀ 3:25a]

3. ਪਰਮੇਸ਼ਰ ਦਾ ਕ੍ਰੋਧ ਉਦੋਂ ਸੰਤੁਸ਼ਟ ਹੁੰਦਾ ਹੈ ਜਦੋਂ ਇੱਕ ਵਿਸ਼ਵਾਸੀ ਆਪਣੇ ਪਾਪ ਦਾ ਇਕਰਾਰ ਕਰਦਾ ਹੈ। ਮੁਕਤੀ ਤੋਂ ਪਹਿਲਾਂ ਪਰਮੇਸ਼ਰ ਇੱਕ ਵਿਅਕਤੀ ਦੇ ਨਾਲ ਇੱਕ ਨਿਆਂਈ ਦੇ ਰੂਪ ਵਿੱਚ ਜੁੜੇ ਹੁੰਦੇ ਹਨ। ਮੁਕਤੀ ਤੋਂ ਬਾਅਦ, ਪਰਮੇਸ਼ਰ ਆਪਣੇ ਆਪ ਨੂੰ ਪਿਤਾ ਦੇ ਰੂਪ ਵਿੱਚ ਇੱਕ ਨਵੀਂ ਭੂਮਿਕਾ ਵਿੱਚ ਦੇਖਦੇ ਹਨ। ਇੱਕ ਨਿਆਂਈ ਦੇ ਰੂਪ ਵਿੱਚ, ਵਿਸ਼ਵਾਸੀਆਂ ਦੇ ਸਾਰੇ ਪਾਪਾਂ ਦੇ  ਲਈ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕੀਤਾ ਗਿਆ ਹੈ। ਪਰਮੇਸ਼ਰ ਸਦੀਪਕ ਅਰਥਾਂ ਵਿੱਚ ਵਿਸ਼ਵਾਸੀ ਨਾਲ ਗੁੱਸੇ ਨਹੀਂ ਰਹਿ ਸਕਦੇ ਹਨ (ਯੂਹੰਨਾ 5:24; ਰੋਮੀ 5:9, 8:1; 1 ਥੱਸਲੁ 5:9)। ਫਿਰ ਵੀ, ਆਪਣੀ ਪਿਤਾ ਦੀ ਭੂਮਿਕਾ ਵਿੱਚ, ਪਰਮੇਸ਼ਰ ਉਦੋਂ ਦੁੱਖੀ ਅਤੇ ਗੁੱਸਾ ਹੋ ਸਕਦੇ ਹਨ ਜਦੋਂ ਇੱਕ ਵਿਸ਼ਵਾਸੀ ਪਾਪ ਕਰਦਾ ਹੈ। ਯੂਹੰਨਾ ਚਾਹੁੰਦਾ ਹੈ ਕਿ ਉਸ ਦੇ ਪਾਠਕ ਇਹ ਜਾਣ ਲੈਣ ਕਿ ਪਰਮੇਸ਼ਰ ਨੂੰ ਉਹਨਾਂ ਦੇ ਬੱਚਿਆਂ ਦੇ ਪਾਪਾਂ ਦੇ ਲਈ ਸੰਤੁਸ਼ਟ ਕੀਤਾ ਗਿਆ ਹੈ (1 ਯੂਹੰਨਾ 2:1-2)। ਕਿਉਂਕਿ ਮਸੀਹ ਸਾਡੇ ਪ੍ਰਾਸਚਿਤ ਹਨ, ਤਾਂ ਇਸ ਦੇ ਨਤੀਜੇ ਵਜੋਂ ਦੋ ਸੱਚਾਈਆਂ ਪ੍ਰਗਟ ਹਨ। ਪਹਿਲੀ, ਇਹ ਅਸੰਭਵ ਹੈ ਕਿ ਪਰਮੇਸ਼ਰ ਦੀ ਸੰਤਾਨ ਪਰਮੇਸ਼ਰ ਦੇ ਸਦੀਪਕ ਕ੍ਰੋਧ ਦਾ ਸ਼ਿਕਾਰ ਹੋਵੇ। ਇਹ ਪਾਪ ਕਰਨ ਵਾਲੇ ਵਿਸ਼ਵਾਸੀ ਦੇ ਲਈ ਭਰੋਸਾ ਪ੍ਰਦਾਨ ਕਰਦਾ ਹੈ। ਦੂਜੀ, ਪਰਮੇਸ਼ਰ ਨੂੰ ਸੰਤੁਸ਼ਟ ਕੀਤਾ ਗਿਆ ਹੈ, ਇਸ ਲਈ ਉਹ ਆਪਣੇ ਕ੍ਰੋਧ ਨੂੰ ਰੋਕਦੇ ਹਨ। ਵਿਸ਼ਵਾਸੀ ਦੇ ਪਾਪਾਂ ਦੇ ਲਈ ਮਸੀਹ ਦੇ ਪ੍ਰਾਸਚਿਤ ਕਾਰਨ, ਪਰਮੇਸ਼ਰ ਆਸਾਨੀ ਨਾਲ ਆਪਣੇ ਸਦੀਪਕ ਕ੍ਰੋਧ ਨੂੰ ਦੂਰ ਕਰਦੇ ਹਨ ਅਤੇ ਪਾਪ ਮਾਫ਼ ਕਰ ਦਿੰਦੇ ਹਨ। "ਪਰ ਜੇਕਰ ਕੋਈ ਪਾਪ ਕਰਦਾ ਹੈ," ਵਿਸ਼ਵਾਸੀਆਂ ਦੇ ਲਈ ਇਹ ਵੀ ਦਿਲਾਸਾ ਦੇਣ ਵਾਲੀ ਇੱਕ ਸੱਚਾਈ ਹੈ (1 ਯੂਹੰਨਾ 2:1)। ਸਲੀਬ ਦੇ ਸਮੇਂ ਤੋਂ ਪਰਮੇਸ਼ਰ ਦਾ ਕ੍ਰੋਧ ਹਮੇਸ਼ਾਂ ਦੇ ਲਈ ਸੰਤੁਸ਼ਟ ਕੀਤਾ ਗਿਆ ਹੈ। ਇੱਕ ਵਿਸ਼ਵਾਸੀ ਦੇ ਪਾਪਾਂ ਦੇ ਲਈ ਪਰਮੇਸ਼ਰ ਦਾ ਪਿਤਾ ਵਜੋਂ ਕ੍ਰੋਧ ਉਦੋਂ ਸੰਤੁਸ਼ਟ ਹੁੰਦਾ ਹੈ ਜਦੋਂ ਅਸੀਂ ਆਪਣੇ ਪਾਪਾਂ ਨੂੰ ਕਬੂਲ ਕਰਦੇ ਹਾਂ (1 ਯੂਹੰਨਾ 1:9)।[35]

### C.ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਸਿਧਾਂਤ ਦੇ ਵੱਡੇ ਪ੍ਰਭਾਵ

ਮਸੀਹ ਦੁਆਰਾ ਨਿੱਜੀ ਅਤੇ ਵਿਰਾਸਤ ਵਿੱਚ ਮਿਲੇ ਪਾਪ ਉੱਤੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦਾ ਪ੍ਰਭਾਵ ਬੱਚਿਆਂ ਦੀ ਮੁਕਤੀ ਦੇ ਸਿਧਾਂਤ ਅਤੇ ਸਦੀਪਕ ਸਜ਼ਾ ਦੇ ਆਧਾਰ ਦੋਵਾਂ ਉੱਤੇ ਪੈਂਦਾ ਹੈ। ਕਿਉਂਕਿ ਪਰਮੇਸ਼ਰ ਇੱਕ ਆਤਮਾ ਨੂੰ ਉਸ ਦੇ ਵਿਅਕਤੀਗਤ ਪਾਪਾਂ ਦੇ ਕਾਰਨ ਨਹੀਂ, ਪਰ ਮਸੀਹ ਦਾ ਇਨਕਾਰ ਕਰਨ ਜਾਂ ਇਸ ਕਾਰਨ ਨਰਕ ਭੇਜਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਉਸ ਆਤਮਾ ਵਿੱਚ ਵਿਸ਼ਵਾਸ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ, ਇਸ ਲਈ, ਅਸੀਂ ਭਰੋਸਾ ਕਰ ਸਕਦੇ ਹਾਂ ਕਿ ਉਹ ਉਹਨਾਂ ਪ੍ਰਤੀ ਦਿਆਲੂ ਹੋਣਗੇ ਜਿਹਨਾਂ ਵਿੱਚ ਅਜਿਹੀ ਚੋਣ ਕਰਨ ਦੀ ਯੋਗਤਾ ਨਹੀਂ ਹੁੰਦੀ ਹੈ ਜਿਵੇਂ ਕਿ ਛੋਟੇ ਬੱਚੇ। ਅਤੇ, ਸਦੀਪਕ ਅਰਥਾਂ ਵਿੱਚ, ਸਜ਼ਾ ਦਿੱਤੀ ਜਾਣ ਦਾ ਆਧਾਰ ਇੱਕ ਵਿਅਕਤੀ ਦਾ ਪ੍ਰਭੂ ਯਿਸੂ ਨੂੰ ਇਨਕਾਰ ਕਰਨਾ ਹੈ। ਇਸ ਗੱਲ ਉੱਤੇ ਅਧਿਆਇ 6 ਵਿੱਚ ਵੀ ਚਰਚਾ ਕੀਤੀ ਜਾ ਚੁਕੀ ਹੈ।

## VI. ਪ੍ਰਾਸਚਿਤ ਵਿੱਚ ਮਸੀਹ ਦੇ ਖ਼ੂਨ ਦੀ ਭੂਮਿਕਾ

ਮਸੀਹ ਦੇ ਖ਼ੂਨ ਦੀ ਸਹੀ ਭੂਮਿਕਾ ਬਾਰੇ, ਮਸੀਹ ਲੋਕਾਂ ਵਿੱਚ ਵਿਵਾਦ ਦੀ ਕੋਈ ਕਮੀ ਨਹੀਂ ਰਹੀ ਹੈ। ਕੁਝ ਲੋਕਾਂ ਨੇ ਇਹ ਦਲੀਲ ਦਿੱਤੀ ਹੈ ਕਿ ਖ਼ੂਨ ਮਸੀਹ ਦੇ ਦੁੱਖਾਂ ਅਤੇ ਮੌਤ ਦਾ ਪ੍ਰਤੀਕ ਹੈ, ਅਤੇ ਅਸਲੀ ਸਰੀਰਕ ਖ਼ੂਨ ਨੇ ਇੱਕ ਮਹੱਤਵਪੂਰਣ ਭੂਮਿਕਾ ਨਹੀਂ ਨਿਭਾਈ ਹੈ। ਇਹ ਦਲੀਲ ਦਿੱਤੀ ਜਾਂਦੀ ਹੈ ਕਿ ਮਸੀਹ ਦੇ ਸਰੀਰਕ ਖ਼ੂਨ ਨੇ ਨਹੀਂ, ਪਰ ਉਹਨਾਂ ਦੀ ਮੌਤ ਨੇ ਮੁਕਤੀ ਪ੍ਰਦਾਨ ਕੀਤੀ ਹੈ। ਕਈ ਸਵਾਲਾਂ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕੀ ਮੁਕਤੀ ਦੇਣ ਦੇ ਲਈ ਮਸੀਹ ਦਾ ਅਸਲ ਸਰੀਰਕ ਖ਼ੂਨ ਜ਼ਰੂਰੀ ਸੀ? ਜੇਕਰ ਹਾਂ, ਤਾਂ ਕੀ ਇਸ ਨਾਲ ਉਹ ਸਭ ਹੋ ਗਿਆ ਜੋ ਜ਼ਰੂਰੀ ਸੀ, ਜਾਂ ਕੀ ਉਹਨਾਂ ਦੇ ਬਲੀਦਾਨ ਦੇ ਹੋਰ ਪਹਿਲੂ ਵੀ ਸਨ?

### A. ਬਾਈਬਲ ਵਿੱਚ ਖ਼ੂਨ ਬਾਰੇ ਨਿਰੀਖਣ

*ਖ਼ੂਨ* ਸ਼ਬਦ ਨਵੇਂ ਨੇਮ ਵਿੱਚ ਲਗਭਗ 99 ਵਾਰ ਆਉਂਦਾ ਹੈ।[36] ਮਸੀਹ

---

[35] ਕੁਝ ਲੋਕਾਂ ਦਾ ਮੰਨਣਾ ਹੈ ਕਿ ਸਲੀਬ ਤੋਂ ਬਾਅਦ ਲੂਕਾ 18:13 ਦੀ ਪ੍ਰਾਰਥਨਾ ਮਹੱਤਵਹੀਣ ਹੋ ਗਈ ਹੈ। ਪ੍ਰਭੂ ਦੀ ਮੌਤ ਤੋਂ ਬਾਅਦ ਕਿਸੇ ਨੂੰ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਲਈ ਪ੍ਰਾਰਥਨਾ ਕਰਨ ਦੀ ਲੋੜ ਨਹੀਂ ਹੈ। ਕਿਉਂਕਿ ਪਰਮੇਸ਼ਰ ਅਜੇ ਵੀ ਅਵਿਸ਼ਵਾਸੀ ਦੇ ਪਾਪ ਉੱਤੇ ਗੁੱਸਾ ਹਨ (2 ਥੱਸਲੁ 1:8-9), ਇਸ ਲਈ ਲੂਕਾ 18 ਵਿੱਚ ਪਾਪੀ ਦੀ ਪ੍ਰਾਰਥਨਾ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸਮੇਂ ਉਚਿਤ ਲੱਗਦੀ ਹੈ।

[36] ਕੁਲੁੱਸੀ 1:14 ਵਿੱਚ *ਖ਼ੂਨ* ਸ਼ਬਦ ਦੇ ਲਈ ਹੋਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ।

ਦੇ ਖ਼ੂਨ ਦੇ ਲਗਭਗ 38 ਹਵਾਲੇ ਹਨ। ਬਾਕੀ ਹਵਾਲੇ ਮਨੁੱਖ ਜਾਂ ਜਾਨਵਰ ਦੇ ਖ਼ੂਨ ਦੇ ਹਨ। ਹੇਠਾਂ ਕੁਝ ਵਚਨ ਹਨ ਜੋ ਮੁਕਤੀ ਪ੍ਰਦਾਨ ਕਰਨ ਵਿੱਚ ਮਸੀਹ ਦੇ ਖ਼ੂਨ ਬਾਰੇ ਸਿਖਾਉਂਦੇ ਹਨ।

ਫਿਰ ਯਿਸੂ ਨੇ ਪਿਆਲਾ ਲਿਆ, ਪਰਮੇਸ਼ਰ ਦਾ ਧੰਨਵਾਦ ਕੀਤਾ ਅਤੇ ਉਹਨਾਂ ਨੂੰ ਇਹ ਕਹਿੰਦੇ ਹੋਏ ਦਿੱਤਾ, "ਤੁਸੀਂ ਸਾਰੇ ਇਸ ਵਿੱਚੋਂ ਪੀਓ, ਕਿਉਂਕਿ ਇਹ ਮੇਰਾ ਪਰਮੇਸ਼ਰ ਦੇ ਨਵੇਂ ਨੇਮ ਦਾ **ਖ਼ੂਨ** ਹੈ ਜਿਹੜਾ ਬਹੁਤਿਆਂ ਦੇ ਲਈ, ਉਹਨਾਂ ਦੇ ਪਾਪਾਂ ਦੀ ਮਾਫ਼ੀ ਲਈ ਵਹਾਇਆ ਜਾਂਦਾ ਹੈ।" [ਮੱਤੀ 26:27-28]
(ਮਰਕੁਸ 14:24; ਲੂਕਾ 22:20 ਵੀ ਦੇਖੋ)

ਪਰ ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ, ਜਦੋਂ ਤੱਕ ਤੁਸੀਂ ਮਨੁੱਖ ਦੇ ਪੁੱਤਰ ਦਾ ਸਰੀਰ ਨਹੀਂ ਖਾਵੋਗੇ ਅਤੇ ਉਸ ਦਾ **ਖ਼ੂਨ** ਨਹੀਂ ਪੀਵੋਗੇ, ਤੁਹਾਡੇ ਕੋਲ ਜੀਵਨ ਨਹੀਂ ਹੈ।" [ਯੂਹੰਨਾ 6:53]
(ਯੂਹੰਨਾ 6:55-56 ਵੀ ਦੇਖੋ)

....ਪਰਮੇਸ਼ਰ ਦੇ ਲੋਕਾਂ ਦੀ ਸੁਰੱਖਿਆ ਕਰੋ ਜਿਹਨਾਂ ਨੂੰ ਉਹਨਾਂ ਨੇ ਆਪਣੇ ਲਈ ਆਪਣੇ **ਖ਼ੂਨ** ਦੁਆਰਾ ਪ੍ਰਾਪਤ ਕੀਤਾ ਹੈ [ਰਸੂਲਾਂ 20:28]

ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ ਛੁਟਕਾਰੇ ਦਾ ਸਾਧਨ, ਉਹਨਾਂ ਦੇ **ਖ਼ੂਨ** ਦੇ ਦੁਆਰਾ ਬਣਾਇਆ ...[ਰੋਮੀ 3:25]
ਮਸੀਹ ਦੇ **ਖ਼ੂਨ** ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ...[ਰੋਮੀ 5:9]

ਬਰਕਤ ਦਾ ਉਹ ਪਿਆਲਾ, ਕੀ ਇਸ ਦੇ ਦੁਆਰਾ ਮਸੀਹ ਦੇ **ਖ਼ੂਨ** ਵਿੱਚ ਸਾਡੀ ਸਾਂਝ ਨਹੀਂ ਹੋਈ? [1 ਕੁਰਿੰਥ 10:16a]

ਇਸੇ ਤਰ੍ਹਾਂ ਭੋਜਨ ਦੇ ਬਾਅਦ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦੇ ਨੇਮ ਦਾ ਹੈ ਜੋ ਮੇਰੇ **ਖ਼ੂਨ** ਦੁਆਰਾ ਮੋਹਰ ਕੀਤਾ ਗਿਆ ਹੈ। ਜਦੋਂ ਕਦੀ ਵੀ ਤੁਸੀਂ ਇਸ ਵਿੱਚੋਂ ਪੀਵੋ, ਤਾਂ ਮੇਰੀ ਯਾਦ ਵਿੱਚ ਇਹ ਕਰਿਆ ਕਰੋ।" ਕਿਉਂਕਿ ਜਦੋਂ ਕਦੀ ਵੀ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿੱਚੋਂ ਪੀਂਦੇ ਹੋ ਤਾਂ ਤੁਸੀਂ ਪ੍ਰਭੂ ਦੇ ਆਉਣ ਤੱਕ ਉਹਨਾਂ ਦੀ ਮੌਤ ਦਾ ਐਲਾਨ ਕਰਦੇ ਹੋ। ਜੋ ਕੋਈ ਮਨੁੱਖ ਗ਼ਲਤ ਢੰਗ ਨਾਲ ਪ੍ਰਭੂ ਦੀ ਰੋਟੀ ਖਾਂਦਾ ਜਾਂ ਪ੍ਰਭੂ ਦੇ ਪਿਆਲੇ ਵਿੱਚੋਂ ਪੀਂਦਾ ਹੈ, ਉਹ ਪ੍ਰਭੂ ਦੇ ਸਰੀਰ ਅਤੇ **ਖ਼ੂਨ** ਦਾ ਅਪਰਾਧੀ ਠਹਿਰੇਗਾ" [1ਕੁਰਿੰਥ 11:25-27]

ਮਸੀਹ ਦੇ **ਖ਼ੂਨ** ਦੇ ਦੁਆਰਾ ਸਾਡੇ ਪਾਪ ਮਾਫ਼ ਹੋਏ ਹਨ ਅਤੇ ਸਾਨੂੰ ਮੁਕਤੀ ਮਿਲੀ ਹੈ। ਪਰਮੇਸ਼ਰ ਦੀ ਕਿਰਪਾ ਕਿੰਨੀ ਮਹਾਨ ਹੈ [ਅਫ਼ਸੀ 1:7]

ਪਰ ਹੁਣ ਮਸੀਹ ਯਿਸੂ ਦੇ ਵਿੱਚ ਤੁਸੀਂ ਜੋ ਉਸ ਸਮੇਂ ਦੂਰ ਸੀ, ਮਸੀਹ ਦੇ **ਖ਼ੂਨ** ਦੁਆਰਾ ਨੇੜੇ ਲਿਆਂਦੇ ਗਏ ਹੋ। [ਅਫ਼ਸੀ 2:13]
ਉਹਨਾਂ ਦੇ ਦੁਆਰਾ ਪਰਮੇਸ਼ਰ ਨੇ ਸਭ ਚੀਜ਼ਾਂ ਦਾ ਆਪਣੇ ਨਾਲ ਮੇਲ ਕਰਵਾਇਆ, ਆਪਣੇ ਪੁੱਤਰ ਦਾ ਸਲੀਬ ਉੱਤੇ **ਖ਼ੂਨ** ਵਹਾਉਣ ਦੇ ਰਾਹੀਂ ਸੁਲਾਹ ਕਰਵਾਈ [ਕੁਲੁੱਸੀ 1:20]

(ਬਾਈਬਲ ਦੇ ਕੁਝ ਹੋਰ ਅਨੁਵਾਦਾਂ ਵਿੱਚ ਕੁਲੁੱਸੀ 1:14 ਦੇਖੋ)

ਮਸੀਹ ਇੱਕ ਹੀ ਵਾਰ ਪਰਮ ਪਵਿੱਤਰ ਸਥਾਨ ਦੇ ਅੰਦਰ ਗਏ। ਉਹ ਆਪਣੇ ਨਾਲ਼ ਬੱਕਰਿਆਂ ਜਾਂ ਵੱਛਿਆਂ ਦਾ ਖ਼ੂਨ ਲੈ ਕੇ ਨਹੀਂ ਗਏ ਸਗੋਂ ਆਪਣਾ ਹੀ ਖ਼ੂਨ ਲੈ ਕੇ ਗਏ ਅਤੇ ਉਹਨਾਂ ਨੇ ਸਾਡੇ ਲਈ ਅਨੰਤ ਛੁਟਕਾਰਾ ਪ੍ਰਾਪਤ ਕੀਤਾ। [ਇਬ 9:12]

ਇਸ ਲਈ ਮੇਰੇ ਭਰਾਵੋ ਅਤੇ ਭੈਣੋ, ਹੁਣ ਅਸੀਂ ਦਲੇਰੀ ਦੇ ਨਾਲ ਪਰਦੇ ਦੇ ਪਾਰ ਪਰਮ ਪਵਿੱਤਰ ਸਥਾਨ ਵਿੱਚ ਯਿਸੂ ਦੇ **ਖ਼ੂਨ** ਦੇ ਰਾਹੀਂ ਜਾ ਸਕਦੇ ਹਾਂ। [ਇਬ 10:19]

ਤਾਂ ਫਿਰ ਸੋਚੋ ਕਿ ਉਸ ਮਨੁੱਖ ਦੀ ਸਜ਼ਾ ਕਿੰਨੀ ਕਠੋਰ ਹੋਵੇਗੀ, ਜਿਸ ਨੇ ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਦੇ ਹੇਠ ਲਤਾੜਿਆ ਹੈ, ਜਿਸ ਨੇ ਉਸ ਨੇਮ ਦੇ ਖ਼ੂਨ ਨੂੰ ਅਪਵਿੱਤਰ ਸਮਝਿਆ ਜਿਸ ਦੇ ਦੁਆਰਾ ਉਹ ਸ਼ੁੱਧ ਕੀਤਾ ਗਿਆ ਸੀ [ਇਬ 10:29]

ਪਾਪ ਦੇ ਵਿਰੁੱਧ ਸੰਘਰਸ਼ ਕਰਦੇ ਸਮੇਂ ਤੁਹਾਨੂੰ ਹੁਣ ਤੱਕ ਆਪਣਾ **ਖ਼ੂਨ** ਨਹੀਂ ਵਹਾਉਣਾ ਪਿਆ। [ਇਬ 12:4]

ਅਤੇ ਤੁਸੀਂ ਯਿਸੂ ਜੋ ਨਵੇਂ ਨੇਮ ਦੇ ਵਿਚੋਲੇ ਹਨ ਦੇ ਕੋਲ ਆਏ ਹੋ ਅਤੇ ਜਿਹਨਾਂ ਦਾ **ਖ਼ੂਨ** ਛਿੜਕਿਆ ਗਿਆ [ਇਬ 12:24a]

ਕਿ ਯਿਸੂ ਲੋਕਾਂ ਨੂੰ ਉਹਨਾਂ ਦੇ ਪਾਪਾਂ ਤੋਂ ਆਪਣੇ **ਖ਼ੂਨ** ਦੇ ਨਾਲ ਸ਼ੁੱਧ ਕਰਨ...[ਇਬ 13:12]

ਹੁਣ ਸ਼ਾਂਤੀ ਦੇ ਪਰਮੇਸ਼ਰ, ਜਿਹਨਾਂ ਨੇ ਭੇਡਾਂ ਦੇ ਮਹਾਨ ਚਰਵਾਹੇ, ਸਾਡੇ ਪ੍ਰਭੂ ਯਿਸੂ ਨੂੰ ਅਨੰਤ ਨੇਮ ਦੇ **ਖ਼ੂਨ** ਦੇ ਦੁਆਰਾ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ...[ਇਬ 13:20-21]
ਤੁਸੀਂ ਪਰਮੇਸ਼ਰ ਪਿਤਾ ਦੇ ਉਦੇਸ਼ ਦੇ ਅਨੁਸਾਰ ਪਹਿਲਾਂ ਹੀ ਚੁਣੇ ਗਏ ਅਤੇ ਪਵਿੱਤਰ ਆਤਮਾ ਦੇ ਦੁਆਰਾ ਪਵਿੱਤਰ ਕੀਤੇ ਗਏ ਤਾਂ ਜੋ ਯਿਸੂ ਮਸੀਹ ਦੇ ਆਗਿਆਕਾਰੀ ਬਣੋ ਜਿਹਨਾਂ ਦਾ **ਖ਼ੂਨ** ਤੁਹਾਡੇ ਉੱਤੇ ਛਿੜਕਿਆ ਗਿਆ ਹੈ...[1 ਪਤਰਸ 1:2]

ਤੁਸੀਂ ਜਾਣਦੇ ਹੋ ਕਿ ਤੁਹਾਡਾ ਵਿਅਰਥ ਜੀਵਨ ਜਿਹੜਾ ਤੁਹਾਨੂੰ ਤੁਹਾਡੇ ਪੁਰਖਿਆਂ ਤੋਂ ਮਿਲਿਆ ਸੀ, ਉਸ ਦਾ ਛੁਟਕਾਰਾ ਕਿਸੇ ਸੋਨੇ ਚਾਂਦੀ ਜਿਹੀਆਂ ਨਾਸ਼ਵਾਨ ਚੀਜ਼ਾਂ ਦੇ

ਦੁਆਰਾ ਨਹੀਂ ਹੋਇਆ ਸਗੋਂ ਤੁਹਾਡਾ ਛੁਟਕਾਰਾ ਮਸੀਹ ਦੇ ਬਹੁਮੁੱਲੇ **ਖ਼ੂਨ** ਦੇ ਦੁਆਰਾ ਹੋਇਆ ਹੈ ਜੋ ਮੇਮਣੇ ਦੀ ਤਰ੍ਹਾਂ ਨਿਹਕਲੰਕ ਅਤੇ ਨਿਰਦੋਸ਼ ਸਨ। [1 ਪਤਰਸ 1:18-19]

ਪਰ ਜੇਕਰ ਅਸੀਂ ਚਾਨਣ ਵਿੱਚ ਚੱਲਦੇ ਹਾਂ ਜਿਸ ਤਰ੍ਹਾਂ ਪਰਮੇਸ਼ਰ ਚਾਨਣ ਵਿੱਚ ਹਨ ਤਾਂ ਅਸੀਂ ਇੱਕ ਦੂਜੇ ਦੀ ਸੰਗਤ ਵਿੱਚ ਹਾਂ ਅਤੇ ਉਹਨਾਂ ਦੇ ਪੁੱਤਰ ਯਿਸੂ ਦਾ **ਖ਼ੂਨ** ਸਾਨੂੰ ਸਾਰੇ ਪਾਪਾਂ ਤੋਂ ਸ਼ੁੱਧ ਕਰਦਾ ਹੈ। [1 ਯੂਹੰਨਾ 1:7]

ਇਹ ਯਿਸੂ ਮਸੀਹ ਹੀ ਹਨ, ਜਿਹੜੇ ਪਾਣੀ ਅਤੇ **ਖ਼ੂਨ** ਦੇ ਦੁਆਰਾ ਆਏ ਸਨ। ਉਹ ਕੇਵਲ ਪਾਣੀ ਦੇ ਦੁਆਰਾ ਹੀ ਨਹੀਂ ਸਗੋਂ ਪਾਣੀ ਅਤੇ **ਖ਼ੂਨ** ਦੋਨਾਂ ਦੇ ਦੁਆਰਾ ਆਏ ਸਨ...ਆਤਮਾ, ਪਾਣੀ ਅਤੇ **ਖ਼ੂਨ** ਅਤੇ ਤਿੰਨਾਂ ਦੀ ਗਵਾਹੀ ਆਪਸ ਵਿੱਚ ਮਿਲਦੀ ਹੈ। [1 ਯੂਹੰਨਾ 5:6, 8]

ਉਹ ਜਿਹੜੇ ਸਾਨੂੰ ਪਿਆਰ ਕਰਦੇ ਅਤੇ ਜਿਹਨਾਂ ਨੇ ਸਾਨੂੰ ਆਪਣੀ **ਖ਼ੂਨ** ਦੇ ਦੁਆਰਾ ਸਾਡੇ ਪਾਪਾਂ ਤੋਂ ਛੁਟਕਾਰਾ ਦਿੱਤਾ ਹੈ [ਪ੍ਰਕਾਸ਼ 1:5b]

…ਤੁਸੀਂ ਸਕ੍ਰੋਲ ਨੂੰ ਖੋਲ੍ਹਣ ਅਤੇ ਮੋਹਰਾਂ ਨੂੰ ਤੋੜਨ ਦੇ ਯੋਗ ਹੋ ਕਿਉਂਕਿ ਤੁਸੀਂ ਬਲੀਦਾਨ ਦੇ ਲਈ ਕਤਲ ਕੀਤੇ ਗਏ ਸੀ ਅਤੇ ਤੁਸੀਂ ਆਪਣੇ ਖ਼ੂਨ ਦੇ ਦੁਆਰਾ ਪਰਮੇਸ਼ਰ ਦੇ ਲਈ ਹਰ ਕਬੀਲੇ, ਭਾਸ਼ਾ ਅਤੇ ਕੌਮ ਦੇ ਮਨੁੱਖ ਖ਼ਰੀਦੇ ਹਨ [ਪ੍ਰਕਾਸ਼ 5:9]

…ਇਹ ਉਹ ਲੋਕ ਹਨ ਜਿਹੜੇ ਵੱਡੀ ਮੁਸੀਬਤ ਵਿੱਚੋਂ ਨਿਕਲ ਕੇ ਆਏ ਹਨ। ਇਹਨਾਂ ਨੇ ਆਪਣੇ ਚੋਗੇ ਧੋ ਲਏ ਹਨ ਅਤੇ ਮੇਮਣੇ ਦੇ **ਖ਼ੂਨ** ਦੇ ਨਾਲ ਚਿੱਟੇ ਕੀਤੇ ਹਨ [ਪ੍ਰਕਾਸ਼ 7:14]

ਉਹਨਾਂ ਨੇ ਮੇਮਣੇ ਦੇ ਖ਼ੂਨ ਅਤੇ ਉਸ ਸੱਚਾਈ ਦੁਆਰਾ ਜਿੱਤ ਪ੍ਰਾਪਤ ਕੀਤੀ ਹੈ…[ਪ੍ਰਕਾਸ਼ 12:11]

### B. ਪ੍ਰਾਸਚਿਤ ਵਿੱਚ ਮਸੀਹ ਦੇ ਖ਼ੂਨ ਦੀ ਭੂਮਿਕਾ ਦੇ ਸਿੱਟੇ

1. ਖ਼ੂਨ ਇੱਕ ਪ੍ਰਤੀਕ ਤੋਂ ਵੱਧਕੇ ਹੈ। ਇਹ ਸਿੱਟਾ ਕੱਢਣਾ ਸਹੀ ਹੈ ਕਿ ਮਸੀਹ ਦੀ ਪੀੜਾ ਵਿੱਚ ਖ਼ੂਨ ਵਹਾਉਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਸੀ। ਫਿਰ ਵੀ, ਅਜਿਹਾ ਨਾ ਹੋਵੇ ਕਿ ਇਹ ਸੱਚਾਈ ਖ਼ੂਨ ਵਹਾਉਣ ਨੂੰ ਮੁਕਤੀ ਪ੍ਰਾਪਤ ਕਰਨ ਦੀ ਸੰਭਾਵਨਾ ਵਿੱਚ ਮਹੱਤਵਹੀਣ ਬਣਾ ਦੇਵੇ। ਇਹ ਹੋ ਸਕਦਾ ਹੈ ਕਿ ਖ਼ੂਨ ਵਹਾਉਣਾ ਹੀ ਮੁਕਤੀਦਾਤਾ ਦਾ ਇੱਕੋ-ਇੱਕ ਬਲੀਦਾਨ ਨਹੀਂ ਸੀ। ਫਿਰ ਵੀ, ਇਹ ਮਸੀਹ ਦੇ ਬਲੀਦਾਨ ਦਾ ਇੱਕ ਜ਼ਰੂਰੀ ਪਹਿਲੂ ਸੀ। ਖ਼ੂਨ ਦੇ ਵਹਾਏ ਜਾਣ ਤੋਂ ਬਿਨਾਂ ਮੁਕਤੀ ਨਹੀਂ ਮਿਲ ਸਕਦੀ ਸੀ। ਨਵਾਂ ਨੇਮ ਸਪੱਸ਼ਟ ਤੌਰ ਤੇ ਮਸੀਹ ਦੇ ਖ਼ੂਨ ਉੱਤੇ ਜ਼ੋਰ ਦਿੰਦਾ ਹੈ, ਅਤੇ ਇਸ ਨੂੰ ਪ੍ਰਾਸਚਿਤ ਦੇ ਸਾਰੇ ਪ੍ਰਮੁੱਖ ਪਹਿਲੂਆਂ ਨਾਲ ਜੋੜਦਾ ਹੈ (ਜਿਵੇਂ ਕਿ, ਪਾਪ ਦੀ ਮਾਫ਼ੀ - ਮੱਤੀ 26:28, ਅਫ਼ਸੀ 1:7; ਧਰਮੀ ਠਹਿਰਾਏ ਜਾਣਾ - ਰੋਮੀ 5:9; ਛੁਟਕਾਰਾ - ਅਫ਼ਸੀ 1:7, ਇਬ 9:12, 1 ਪਤਰਸ 1:19, ਪ੍ਰਕਾਸ਼ 5:9; ਪਰਮੇਸ਼ਰ ਨਾਲ ਮੇਲ - ਕੁਲੁੱਸੀ 1:20; ਅਤੇ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨਾ - ਰੋਮੀ 3:25)।

ਪਾਪ ਦੀ ਸਜ਼ਾ ਵਿੱਚ ਸਰੀਰਕ ਮੌਤ ਸ਼ਾਮਲ ਸੀ। ਸਰੀਰਕ ਖ਼ੂਨ ਵਹਾਏ ਬਿਨਾਂ ਮਨੁੱਖਜਾਤੀ ਲਈ ਮਾਫ਼ੀ, ਛੁਟਕਾਰਾ, ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ, ਪਰਮੇਸ਼ਰ ਨਾਲ ਮੇਲ, ਧਰਮੀ ਠਹਿਰਣਾ ਅਸੰਭਵ ਹੈ। ਮਸੀਹ ਦੇ ਖ਼ੂਨ ਨੂੰ ਇੱਕ ਪ੍ਰਤੀਕ ਵਜੋਂ ਜਾਂ ਮੁਕਤੀ ਪ੍ਰਦਾਨ ਕਰਨ ਦੇ ਇੱਕ ਛੋਟੇ ਹਿੱਸੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਹੈ। ਪਰ, ਇਹ ਇਸ ਗੱਲ ਤੋਂ ਇਨਕਾਰ ਕਰਨ ਦੇ ਵਾਂਗ ਨਹੀਂ ਹੈ ਕਿ ਮਸੀਹ ਨੇ ਹੋਰ ਬਲੀਦਾਨ ਵੀ ਦਿੱਤੇ ਅਤੇ ਹੋਰ ਦੁੱਖ ਵੀ ਝੱਲੇ ਜੋ ਇਸ ਦੀ ਤਰ੍ਹਾਂ ਹੀ ਮਹੱਤਵਪੂਰਣ ਸਨ। ਇਸ ਤੋਂ ਇਲਾਵਾ, ਇਹ ਵੀ ਸੰਭਵ ਹੈ ਕਿ ਜਦੋਂ ਨਵੇਂ ਨੇਮ ਦੇ ਲੇਖਕਾਂ ਨੇ ਖ਼ੂਨ ਸ਼ਬਦ ਦੀ ਵਰਤੋਂ ਕੀਤੀ, ਤਾਂ ਉਹਨਾਂ ਦਾ ਅਰਥ ਅਸਲੀ *ਖ਼ੂਨ* ਅਤੇ ਮਸੀਹ ਦੇ ਦੁੱਖਾਂ ਅਤੇ ਮੌਤ ਦੇ ਹੋਰ ਸਾਰੇ ਪਹਿਲੂ ਵੀ ਸਨ। ਖ਼ੂਨ ਦਾ ਅਰਥ ਖ਼ੂਨ ਹੈ, ਪਰ ਇਸ ਦਾ ਇੱਕ ਡੂੰਘਾ ਅਰਥ ਵੀ ਹੈ: ਇਹ ਇੱਕ ਵੱਡੀ ਮੌਤ, ਦੁੱਖ ਅਤੇ ਬਲੀਦਾਨ ਦੀ ਗੱਲ ਕਰਦਾ ਹੈ।

2. ਮਸੀਹ ਦੇ ਖ਼ੂਨ ਤੋਂ ਇਲਾਵਾ ਹੋਰ ਕੰਮ ਵੀ ਮੁਕਤੀ ਪ੍ਰਦਾਨ ਕਰਨ ਵਿੱਚ ਕੰਮ ਕਰ ਰਹੇ ਹਨ। ਸਲੀਬ ਨੂੰ ਕਦੇ ਵੀ ਪੂਰੀ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਹੈ। ਪਰ, ਅਸੀਂ ਯਕੀਨ ਕਰ ਸਕਦੇ ਹਾਂ ਕਿ ਸਲੀਬ ਉੱਤੇ ਖ਼ੂਨ ਤੋਂ ਇਲਾਵਾ ਹੋਰ ਵੀ ਤੱਥ ਕੰਮ ਕਰ ਰਹੇ ਹਨ। ਸਰੀਰਕ ਤੌਰ ਤੇ ਇੱਕ ਮਨੁੱਖ ਹੋਣ ਦੇ ਨਾਤੇ, ਸੁੰਨਤ ਵੇਲੇ ਜਾਂ ਬਚਪਣ ਵਿੱਚ ਦੰਦ ਟੁੱਟਣ ਵੇਲੇ ਯਿਸੂ ਦਾ ਖ਼ੂਨ ਵਹਿਆ ਹੋਵੇਗਾ। ਉਹਨਾਂ ਦਾ ਸ਼ਾਦਿਦ ਤਰਖਾਣ ਦੀ ਆਪਣੀ ਦੁਕਾਨ ਵਿੱਚ ਜਾਂ ਖ਼ਰਾਬ ਸੜਕਾਂ ਉੱਤੇ ਪੈਦਲ ਚੱਲਦੇ ਸਮੇਂ ਖ਼ੂਨ ਵਹਿਆ ਹੋਵੇਗਾ। ਜਦੋਂ ਪਿਲਾਤੁਸ ਦੇ ਸਿਪਾਹੀਆਂ ਨੇ ਉਹਨਾਂ ਨੂੰ ਕੋੜੇ ਮਾਰੇ ਅਤੇ ਕੰਡਿਆਂ ਨੇ ਉਹਨਾਂ ਦੇ ਸਿਰ ਨੂੰ ਵਿੰਨ੍ਹਿਆ, ਤਾਂ ਉਹਨਾਂ ਦਾ ਖ਼ੂਨ ਵਹਿਆ ਹੋਵੇਗਾ। ਫਿਰ ਵੀ, ਖ਼ੂਨ ਦੀਆਂ ਇਹ ਬੂੰਦਾਂ ਆਪਣੇ ਆਪ ਵਿੱਚ ਪ੍ਰਾਸਚਿਤ ਦੇ ਲਈ ਕਾਫ਼ੀ ਨਹੀਂ ਸਨ।

ਸਾਨੂੰ ਪਹਿਲਾਂ ਇਸ ਗੱਲ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ "ਪਾਪ ਦੀ ਮਜ਼ਦੂਰੀ ਮੌਤ ਹੈ," ਇਹ ਸ਼ਬਦ ਮੁੱਖ ਤੌਰ ਤੇ **ਆਤਮਿਕ** ਮੌਤ ਨੂੰ ਦਰਸਾਉਂਦੇ ਹਨ। ਮਸੀਹ ਨੇ ਸਰੀਰਕ ਮੌਤ ਦੀ ਸਜ਼ਾ ਦਾ ਭੁਗਤਾਨ ਕੀਤਾ ਸੀ। ਇਹ ਅਸਲ ਵਿੱਚ ਹੋਇਆ ਸੀ ਅਤੇ ਬਹੁਤ ਜ਼ਰੂਰੀ ਸੀ। ਪਰ, ਉਹਨਾਂ ਨੇ ਆਤਮਿਕ ਮੌਤ ਅਤੇ ਸਦੀਪਕ ਮੌਤ ਦਾ ਦਰਦ ਵੀ ਝੱਲਿਆ ਹੋਵੇਗਾ। ਉਹਨਾਂ ਨੇ ਆਤਮਿਕ ਮੌਤ, ਜਿਵੇਂ ਕਿ., ਪਰਮੇਸ਼ਰ ਪਿਤਾ ਤੋਂ ਵੱਖ ਹੋਣਾ (ਮੱਤੀ 27:46), ਅਤੇ ਅੱਗ ਦੀ ਝੀਲ ਵਿੱਚ ਸਦੀਪਕ ਮੌਤ ਨੂੰ ਸਹਿਣ ਕੀਤਾ। ਮਸੀਹ ਨੇ ਨਰਕ ਵਿੱਚ ਬਾਕੀ ਲੋਕਾਂ ਦੇ ਵਾਂਗ ਸਜ਼ਾ ਨਹੀਂ ਝੱਲੀ, ਪਰ ਇਹ ਉਹਨਾਂ ਦੇ ਬਰਾਬਰ ਦੀ ਸਜ਼ਾ

ਸੀ। ਕਿਸੇ ਤਰ੍ਹਾਂ, ਮਸੀਹ ਨੇ ਅਰਬਾਂ ਲੋਕਾਂ ਦੇ ਪਾਪਾਂ ਦੇ ਲਈ ਸਦੀਪਕ ਨਰਕ ਦੇ ਦੁੱਖ ਨੂੰ ਸਲੀਬ ਉੱਤੇ ਕੁਝ ਘੰਟਿਆਂ ਵਿੱਚ ਅਰਬਾਂ ਗੁਣਾਂ ਜ਼ਿਆਦਾ ਝੱਲਿਆ ਹੋਵੇਗਾ। ਖ਼ੂਨ ਦਾ ਵਹਿਣਾ ਜ਼ਰੂਰੀ ਸੀ, ਪਰ ਮਸੀਹ ਦੇ ਸੁੰਨਤ ਵੇਲੇ ਖ਼ੂਨ ਦੇ ਵਹਿਣ ਅਤੇ ਸਲੀਬ ਉੱਤੇ ਲਟਕਦੇ ਹੋਏ ਖ਼ੂਨ ਵਹਿਣ ਵਿੱਚ ਅੰਤਰ ਇਹ ਹੈ ਕਿ ਸਲੀਬ ਉੱਤੇ ਲਟਕਦੇ ਹੋਏ ਉਹਨਾਂ ਨੇ ਪਾਪ ਨੂੰ ਆਪਣੇ ਉੱਪਰ ਲਿਆ ਸੀ। ਖ਼ੂਨ ਦਾ ਵਹਿਣਾ ਜ਼ਰੂਰੀ ਸੀ, ਪਰ ਇਹ ਠੀਕ ਉਸ ਸਮੇਂ ਵਹਿਣਾ ਸੀ, **ਜਦੋਂ ਉਹਨਾਂ ਨੇ ਪਾਪ ਨੂੰ ਆਪਣੇ ਉੱਤੇ ਚੁੱਕਿਆ ਸੀ,** ਨਹੀਂ ਤਾਂ ਖ਼ੂਨ ਆਪਣੇ ਆਪ ਵਿੱਚ ਪਰਮੇਸ਼ਰ ਦੇ ਉਦੇਸ਼ ਨੂੰ ਪੂਰਾ ਨਹੀਂ ਕਰ ਸਕਦਾ ਸੀ। ਮਸੀਹ ਨੇ ਜਿਹੜੇ ਸਮੇਂ ਪਾਪ ਨੂੰ ਚੁੱਕਿਆ ਸੀ, ਉਹੀ ਉਹ ਸਮਾਂ ਸੀ ਜੋ ਮੁਕਤੀ ਦੇ ਲਈ ਬਹੁਤ ਜ਼ਰੂਰੀ ਸੀ, ਅਤੇ ਪਾਪ ਨੂੰ ਚੁੱਕਣ ਦਾ ਮਹੱਤਵ ਸਾਡੇ ਮਨਾਂ ਨੂੰ ਮਸੀਹ ਦੇ ਦੁੱਖਾਂ ਦੀ ਡੂੰਘਾਈ ਵੱਲ ਖੋਲ੍ਹਦਾ ਹੈ। ਮਸੀਹ ਦਾ ਖ਼ੂਨ ਅਸਲ ਰੂਪ ਵਿੱਚ ਜ਼ਰੂਰੀ ਸੀ, ਪਰ ਕੁਝ ਹੋਰ ਦੁੱਖ ਵੀ ਹਨ ਜਿਹਨਾਂ ਤੋਂ ਅਸੀਂ ਅਣਜਾਣ ਹਾਂ। ਅਸੀਂ ਉਹਨਾਂ ਨੂੰ ਸਮਝਣ ਵਿੱਚ ਓਨੇ ਹੀ ਅਯੋਗ ਹਾਂ ਜਿੰਨੇ ਅਸੀਂ ਸਵਰਗ ਅਤੇ ਨਰਕ ਨੂੰ ਸਮਝਣ ਦੇ ਅਯੋਗ ਹਾਂ। ਇਸ ਤਰ੍ਹਾਂ, ਬਾਈਬਲ ਖ਼ੂਨ ਨੂੰ ਮਸੀਹ ਦੇ ਦੁੱਖਾਂ ਦੇ ਸਭ ਤੋਂ ਮਹੱਤਵਪੂਰਣ ਪਹਿਲੂ ਵਜੋਂ ਪੇਸ਼ ਕਰਦੀ ਹੈ। ਖ਼ੂਨ ਜ਼ਰੂਰੀ ਸੀ,ਅਤੇ ਇਹ ਉਹ ਕਾਰਕ ਸੀ ਜਿਸ ਨੂੰ ਅਸੀਂ ਸਭ ਤੋਂ ਵਧੀਆ ਢੰਗ ਨਾਲ ਸਮਝ ਸਕਦੇ ਹਾਂ, ਪਰ ਮੁਕਤੀ ਦਾ ਵਿਸ਼ਾ ਬਹੁਤ ਗੁੰਝਲਦਾਰ ਹੈ, ਅਤੇ ਇਹ ਖ਼ੂਨ ਵਹਿਣ ਨਾਲੋਂ ਜ਼ਿਆਦਾ ਦੁਖਦਾਈ ਸੀ।

> ਪਰ ਯਹੋਵਾਹ ਨੂੰ ਭਾਇਆ ਕਿ ਉਸ ਨੂੰ ਕੁਚਲੇ ਅਤੇ ਸੋਗ ਵਿੱਚ ਪਾਵੇ। ਜਦ ਤੂੰ ਉਸ ਦੀ **ਜਾਨ** ਨੂੰ ਦੋਸ਼ ਦੀ ਬਲੀ ਠਹਿਰਾਵੇਂ…[ਯਸਾ 53:10]
>
> "…ਹੇ ਮੇਰੇ ਪਰਮੇਸ਼ਰ, ਹੇ ਮੇਰੇ ਪਰਮੇਸ਼ਰ, ਤੁਸੀਂ ਮੈਨੂੰ ਕਿਉਂ ਛੱਡ ਦਿੱਤਾ ਹੈ?" [ਮੱਤੀ 27:46]

## VII. ਪ੍ਰਾਸਚਿਤ ਦਾ ਅਰਥ ਅਤੇ ਹੱਦ

### A. ਪੁਰਾਣੇ ਨੇਮ ਵਿੱਚ *ਪ੍ਰਾਸਚਿਤ* ਸ਼ਬਦ

ਬਾਈਬਲ ਦੇ ਇੱਕ ਸ਼ਬਦ ਦੇ ਰੂਪ ਵਿੱਚ, *ਪ੍ਰਾਸਚਿਤ* ਪੁਰਾਣੇ ਨੇਮ ਦਾ ਸ਼ਬਦ ਹੈ ਜੋ ਜਾਨਵਰਾਂ ਦੀ ਬਲੀ ਬਾਰੇ ਹੈ। ਕਿਰਿਆ *ਕਾਪਰ* (ਜਿਵੇਂ ਕਿ, ਯੋਮ ਕਿਪੂਰ, ਪ੍ਰਾਸਚਿਤ ਦਾ ਦਿਨ) ਲਗਭਗ 102 ਵਾਰ ਆਉਂਦੀ ਹੈ, ਅਤੇ ਇਸ ਦੇ 3 ਵੱਖ-ਵੱਖ ਨਾਂਵ ਰੂਪਾਂ ਦੀ ਕੁੱਲ 52 ਵਾਰ ਵਰਤੋਂ ਹੋਈ ਹੈ। ਪ੍ਰਾਸਚਿਤ ਕਈ ਪਹਿਲੂਆਂ ਨਾਲ ਇੱਕ ਗੁੰਝਲਦਾਰ ਵਿਚਾਰ ਲੱਗਦਾ ਹੈ।

1. ਪ੍ਰਾਸਚਿਤ ਦਾ ਇੱਕ ਪਹਿਲੂ ਪਾਪ ਨੂੰ ਢੱਕਣਾ ਹੈ (ਜਿਵੇਂ ਕਿ., ਪਾਪ ਦੇ ਦੋਸ਼ ਅਤੇ ਜ਼ਿਮੇਵਾਰੀ ਨੂੰ ਮਿਟਾਉਣਾ)। ਉਤ 6:14 ਵਿੱਚ ਜਦੋਂ ਪਰਮੇਸ਼ਰ ਨੇ ਨੂਹ ਨੂੰ ਕਿਸ਼ਤੀ ਨੂੰ **ਢੱਕਣ** ਅਤੇ ਉਸ ਨੂੰ ਅੰਦਰੋਂ ਬਾਹਰੋਂ ਰਾਲ ਨਾਲ ਲਿੱਪਣ ਦੇ ਲਈ ਕਿਹਾ, ਤਾਂ ਇਸ ਵਿੱਚ ਕਿਰਿਆ ਅਤੇ ਨਾਂਵ ਦੋਵੇਂ ਹਨ। ਪ੍ਰਾਸਚਿਤ ਸ਼ਬਦ ਦਾ ਮੂਲ ਅਰਥ "ਢੱਕ ਦੇਣਾ" ਸ਼ਾਇਦ ਉਤਪਤ 6:14 ਤੋਂ ਹੀ ਲਿਆ ਹੋਵੇਗਾ। ਜਾਜਕਾਂ ਨੇ ਦਇਆ ਦੀ ਸੀਟ (ਇਬਰਾਨੀ ਭਾਸ਼ਾ ਵਿੱਚ: ਪ੍ਰਾਸਚਿਤ ਦਾ ਸਰਪੋਸ਼) ਨੂੰ ਖ਼ੂਨ ਨਾਲ ਢੱਕਿਆ ਹੁੰਦਾ ਸੀ। ਰੋਮੀ 3:25 ਅਤੇ ਇਬਰਾਨੀਆਂ ਅਧਿਆਇ 9-10 ਇਹ ਸਿਖਾਉਂਦੇ ਜਾਪਦੇ ਹਨ ਕਿ ਪੁਰਾਣੇ ਨੇਮ ਦੀ ਪ੍ਰਣਾਲੀ ਵਿੱਚ ਪਾਪ ਨੂੰ ਕੁਝ ਸਮੇਂ ਦੇ ਲਈ ਢੱਕਿਆ ਗਿਆ ਸੀ, ਪਰ ਇਹ ਹਮੇਸ਼ਾ ਦੇ ਲਈ ਨਹੀਂ ਸੀ। ਮਸੀਹ ਦੇ ਬਲੀਦਾਨ ਨੇ ਯਕੀਨੀ ਤੌਰ ਤੇ ਪਾਪ ਨੂੰ ਮਾਫ਼ ਕਰ ਦਿੱਤਾ ਹੈ। ਪੁਰਾਣੇ ਨੇਮ ਦੇ ਪ੍ਰਾਸਚਿਤ ਨੂੰ ਮਸੀਹ ਦੇ ਆਉਣ ਤੋਂ ਪਹਿਲਾਂ ਸਥਾਈ ਰੂਪ ਵਿੱਚ ਪਾਪ ਨੂੰ ਢੱਕਣ, ਪਾਪ ਦੀ ਜ਼ਿੰਮੇਵਾਰੀ ਨੂੰ ਹਟਾਉਣ ਦੇ ਰੂਪ ਵਿੱਚ ਦੇਖਣਾ ਸ਼ਾਇਦ ਸਮਝਦਾਰੀ ਹੈ।

2. ਪ੍ਰਾਸਚਿਤ ਦਾ ਦੂਜਾ ਪਹਿਲੂ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ ਹੈ। ਜੇਕਰ ਬਾਈਬਲ ਦੇ ਇੱਕ ਵਿਦਿਆਰਥੀ ਨੂੰ ਨਵੇਂ ਨੇਮ ਦਾ ਇੱਕ ਸ਼ਬਦ ਚੁਣਨਾ ਹੋਵੇ ਜੋ ਪੁਰਾਣੇ ਨੇਮ ਦੇ ਸ਼ਬਦ *ਪ੍ਰਾਸਚਿਤ* ਨਾਲ ਸਭ ਤੋਂ ਜ਼ਿਆਦਾ ਜੁੜਿਆ ਹੋਇਆ ਹੈ, ਤਾਂ ਇਹ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ ਹੋਣਾ ਚਾਹੀਦਾ ਹੈ। ਇਬਰਾਨੀ ਸ਼ਬਦ *ਕਾਪਰ* ਦੇ ਲਈ ਸੈਪਟੂਜਿੰਟ ਵਿੱਚ ਵਰਤਿਆ ਜਾਣ ਵਾਲਾ ਸਭ ਤੋਂ ਆਮ ਯੂਨਾਨੀ ਸ਼ਬਦ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਹੀ ਹੈ। ਇਸ ਤੋਂ ਇਲਾਵਾ, ਇਬ 2:17 ਉਹ ਮੁੱਖ ਵਚਨ ਹੈ ਜੋ (ਮਸੀਹ ਦੇ ਸੰਦਰਭ ਵਿੱਚ) ਇੱਕ ਜਾਜਕ ਦੇ ਬਲੀਦਾਨ ਚੜ੍ਹਾਉਣ ਨਾਲ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨ ਦੇ ਕੰਮ ਸੰਬੰਧ ਰੱਖਦਾ ਹੈ।

> ਇਸ ਲਈ ਯਿਸੂ ਦੇ ਲਈ ਜ਼ਰੂਰੀ ਸੀ ਕਿ ਉਹ ਹਰ ਤਰ੍ਹਾਂ ਆਪਣੇ ਭਰਾਵਾਂ ਅਤੇ ਭੈਣਾਂ ਦੀ ਤਰ੍ਹਾਂ ਬਣਨ ਕਿ ਉਹ ਦਿਆਲੂ ਅਤੇ ਵਿਸ਼ਵਾਸਯੋਗ ਮਹਾਂ-ਪੁਰੋਹਿਤ ਦੇ ਰੂਪ ਵਿੱਚ ਪਰਮੇਸ਼ਰ ਦੀ ਸੇਵਾ ਕਰਨ ਅਤੇ ਲੋਕਾਂ ਦੇ ਪਾਪਾਂ ਨੂੰ **ਮਾਫ਼ ਕਰਨ।** [ਇਬ 2:17]

ਪੁਰਾਣੇ ਨੇਮ ਦੀਆਂ ਕਈ ਉਦਾਹਰਣਾਂ ਹਨ ਜਦੋਂ *ਪ੍ਰਾਸਚਿਤ* ਨਾਲ ਮਿਲਦੇ-ਜੁਲਦੇ ਸ਼ਬਦ ਨੂੰ ਕ੍ਰੋਧ ਨੂੰ ਦੂਰ ਕਰਨ ਦੇ ਲਈ ਇੱਕ ਕੀਮਤ ਜਾਂ ਤੋਹਫ਼ਾ ਦੇਣ ਦੇ ਲਈ ਵਰਤਿਆ ਗਿਆ ਹੈ। ਜਦੋਂ ਯਾਕੂਬ ਆਪਣੇ ਵੱਖ ਹੋਏ ਭਰਾ ਏਸਾਓ ਨਾਲ ਦੁਬਾਰਾ ਮਿਲਣ ਵਾਲਾ ਸੀ, ਤਾਂ ਉਹ ਏਸਾਓ ਦੇ ਗੁੱਸੇ ਨੂੰ ਦੂਰ ਕਰਨ ਦੇ ਲਈ ਪਸ਼ੂਆਂ ਦੇ ਤੋਹਫ਼ੇ ਨੂੰ ਭੇਜਦਾ ਹੈ।

> ਕਿਉਂ ਜੋ ਉਸ ਨੇ ਆਖਿਆ ਕਿ ਇਸ ਨਜ਼ਰਾਨੇ ਨਾਲ ਜਿਹੜਾ ਮੇਰੇ ਅੱਗੇ-ਅੱਗੇ ਜਾਂਦਾ ਹੈ ਮੈਂ ਉਸ ਦਾ ਗੁੱਸਾ ਠੰਡਾ ਕਰਾਂਗਾ ਅਤੇ ਇਸ ਤੋਂ ਬਾਅਦ ਹੀ ਉਹ ਦਾ ਮੂੰਹ ਵੇਖਾਂਗਾ, ਸ਼ਾਇਦ ਉਹ ਮੈਨੂੰ ਕਬੂਲ ਕਰੇ। [ਉਤ 32:20]

ਕਹਾਉਤਾਂ 16:14 ਇੱਕ ਬੁੱਧੀਵਾਨ ਆਦਮੀ ਦਾ ਹਵਾਲਾ ਦਿੰਦਾ ਹੈ ਜੋ ਰਾਜੇ ਦੇ ਕ੍ਰੋਧ ਦਾ ਪ੍ਰਾਸਚਿਤ (ਜਾਂ ਕ੍ਰੋਧ ਨੂੰ ਠੰਡਾ) ਕਰਨਾ ਚਾਹੁੰਦਾ ਹੈ। ਪ੍ਰਾਸਚਿਤ ਦੀ ਪਰਿਭਾਸ਼ਾ ਵਿੱਚ ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨ ਦੇ ਵਿਚਾਰ ਨੂੰ ਸ਼ਾਮਲ ਕਰਨ ਦੀ ਜ਼ਰੂਰਤ ਹੈ।

3. ਪ੍ਰਾਸਚਿਤ ਦਾ ਤੀਜਾ ਪਹਿਲੂ ਕਿਰਪਾ ਜਾਂ ਛੁਟਕਾਰਾ ਪ੍ਰਾਪਤ ਕਰਨ ਦੇ ਲਈ ਕੀਤਾ ਗਿਆ ਭੁਗਤਾਨ ਹੈ। ਪ੍ਰਾਸਚਿਤ ਸ਼ਬਦ-ਸਮੂਹ ਵਿੱਚ ਇਬਰਾਨੀ ਨਾਂਵ ਦਾ ਅਨੁਵਾਦ ਅਕਸਰ *ਮੁਆਵਜ਼ੇ* ਵਜੋਂ ਕੀਤਾ ਜਾਂਦਾ ਹੈ। ਪੁਰਾਣੇ ਨੇਮ ਦੇ ਬਲੀਦਾਨ ਦੀ ਰਸਮ ਵਿੱਚ, ਇਹ ਦੇਖਣਾ ਮੁਸ਼ਕਲ ਨਹੀਂ ਹੈ ਕਿ ਇੱਕ ਨਿਰਦੋਸ਼ ਦੁਆਰਾ ਦੋਸ਼ੀ ਦੇ ਲਈ ਕੀਮਤ ਦਾ ਭੁਗਤਾਨ ਕੀਤਾ ਗਿਆ ਹੈ। ਪ੍ਰਾਸਚਿਤ ਦੇ ਲਈ ਨਾਂਵ ਰੂਪ ਦੀ ਵਰਤੋਂ ਕਰਨ ਵਾਲੇ ਪੁਰਾਣੇ ਨੇਮ ਦੇ ਵਚਨ ਇੱਕ ਕੀਮਤ ਦਾ ਭੁਗਤਾਨ ਕਰਨ ਦਾ ਹਵਾਲਾ ਦਿੰਦੇ ਹਨ। ਅਕਸਰ ਹੀ ਕਿਰਪਾ ਪਾਉਣ ਦੇ ਲਈ ਕੀਮਤ ਦਾ ਭੁਗਤਾਨ ਕੀਤਾ ਜਾਂਦਾ ਸੀ। ਕੂਚ 32:30 ਵਿੱਚ, ਮੂਸਾ ਇਸਰਾਏਲ ਦੇ ਬੱਚਿਆਂ ਨੂੰ ਕਹਿੰਦਾ ਹੈ ਕਿ ਉਹ ਸੋਨੇ ਦੇ ਵੱਛੇ ਦੇ ਪਾਪ ਦੇ ਲਈ ਪ੍ਰਾਸਚਿਤ ਕਰਨ ਦੀ ਕੋਸ਼ਿਸ਼ ਕਰੇਗਾ। ਫਿਰ ਉਹ ਇਸਰਾਏਲ ਨੂੰ ਬਚਾਉਣ ਦੇ ਬਦਲੇ ਪਰਮੇਸ਼ਰ ਨੂੰ ਆਪਣੀ ਜਾਨ ਦੇਣ ਦੇ ਲਈ ਅੱਗੇ ਵੱਧਦਾ ਹੈ। ਗਿਣਤੀ 35:31 ਕਾਨੂੰਨੀ ਅਧਿਕਾਰੀਆਂ ਨੂੰ ਹਿਦਾਇਤ ਦਿੰਦਾ ਹੈ ਕਿ ਉਹ ਇੱਕ ਕਾਤਲ ਦੇ ਜੀਵਨ ਦੇ ਲਈ ਪ੍ਰਾਸਚਿਤ ਨਾ ਲੈਣ। ਇਸ ਦਾ ਅਰਥ ਹੈ ਕਿ ਉਸ ਦੇ ਲਈ ਨਿਆਂ ਕਰਨ ਵਾਲਿਆਂ ਦੀ ਕਿਰਪਾ ਹਾਸਲ ਕਰਨ ਦੇ ਲਈ, ਉਹ ਮੁਆਵਜ਼ੇ ਦੀ ਕੀਮਤ ਨੂੰ ਨਾ ਲੈਣ। 1 ਸਮੂ 12:3 ਵੀ ਪ੍ਰਾਸਚਿਤ ਦਾ ਇਸੇ ਤਰ੍ਹਾਂ ਦਾ ਅਰਥ ਦਿੰਦਾ ਹੈ। ਸਮੂਏਲ ਇਸਰਾਏਲ ਦੇ ਰਾਜੇ ਦੀ ਪੁਸ਼ਟੀ ਕਰਨ ਵਾਲਾ ਸੀ, ਪਰ ਪਹਿਲਾਂ ਉਹ ਆਪਣੀ ਵਫ਼ਾਦਾਰੀ ਬਾਰੇ ਗੱਲ ਕਰਦਾ ਹੈ।

> "…ਮੈਂ ਕਿਸ ਨਾਲ ਕੁਧਰਮ ਕੀਤਾ ਜਾਂ ਕਿਸ ਉੱਤੇ ਅਨ੍ਹੇਰ ਮਾਰਿਆ? ਅਤੇ ਕਿਸ ਕੋਲੋਂ ਮੈਂ ਰਿਸ਼ਵਤ (ਪ੍ਰਾਸਚਿਤ ਦਾ ਪੈਸਾ) ਲਈ ਹੈ…" [1 ਸਮੂ 12:3]

ਇਸ ਆਇਤ ਵਿੱਚ ਪ੍ਰਾਸਚਿਤ ਨਾਲ ਸੰਬੰਧਿਤ ਸ਼ਬਦ ਕਿਰਪਾ ਨੂੰ ਪ੍ਰਾਪਤ ਕਰਨ ਦੇ ਲਈ ਦਿੱਤੀ ਗਈ ਕੀਮਤ ਨੂੰ ਦਰਸਾਉਂਦਾ ਹੈ। ਬਿਵਸਥਾ ਸਾਰ 32:43 ਵਿੱਚ ਮੂਸਾ ਇਹ ਵਾਅਦਾ ਕਰਦਾ ਹੈ ਕਿ ਪਰਮੇਸ਼ਰ ਆਪਣੇ ਲੋਕਾਂ ਦੇ ਦੁਸ਼ਮਣਾਂ ਨੂੰ ਮਾਰ ਕੇ ਉਹਨਾਂ ਦੇ ਖ਼ੂਨ ਦਾ ਬਦਲਾ ਲੈਣਗੇ। ਇਸ ਤਰ੍ਹਾਂ, ਉਹ "ਆਪਣੇ ਦੇਸ਼ ਅਤੇ ਆਪਣੇ ਲੋਕਾਂ ਦਾ ਪ੍ਰਾਸਚਿਤ" ਕਰਨਗੇ। ਪਰਮੇਸ਼ਰ ਇਸਰਾਏਲ ਦੇ ਦੁਸ਼ਮਣ ਨੂੰ ਇੱਕ ਕੀਮਤ ਚੁਕਾਉਣ ਦੇ ਲਈ ਮਜਬੂਰ ਕਰਨਗੇ ਜਿਸ ਨਾਲ ਦੇਸ਼ ਅਤੇ ਲੋਕਾਂ ਨੂੰ ਸੰਤੁਸ਼ਟ ਕੀਤਾ ਜਾ ਸਕੇ। ਇਹ ਵਰਤੋਂ ਸੁਝਾਅ ਦਿੰਦੀ ਹੈ ਕਿ ਪ੍ਰਾਸਚਿਤ ਦਾ ਇੱਕ ਹੋਰ ਪਹਿਲੂ ਲਾਭ ਪ੍ਰਾਪਤ ਕਰਨ ਦੇ ਲਈ ਇੱਕ ਕੀਮਤ ਨੂੰ ਚੁਕਾਉਣਾ ਵੀ ਹੈ। ਪ੍ਰਾਸਚਿਤ ਵਿੱਚ ਇੱਕ ਕੀਮਤ ਦਾ ਭੁਗਤਾਨ ਇਸ ਅਰਥ ਵਿੱਚ ਸ਼ਾਮਲ ਹੁੰਦਾ ਹੈ ਜਿਸ ਵਿੱਚ ਵਿਗੜੇ ਰਿਸ਼ਤੇ ਨੂੰ ਜੋੜਣ ਦੇ ਲਈ ਇੱਕ ਕੀਮਤ ਚੁਕਾਈ ਜਾਂਦੀ ਹੈ।[37] ਜ਼ਬੂਰ 49:7 ਵਿੱਚ ਛੁਟਕਾਰਾ ਅਤੇ ਪ੍ਰਾਸਚਿਤ ਸਮਾਨਾਂਤਰ ਰੂਪ ਵਿੱਚ ਹਨ।

4. ਪ੍ਰਾਸਚਿਤ ਦਾ ਚੌਥਾ ਪਹਿਲੂ ਮੇਲ-ਮਿਲਾਪ ਕਰਨਾ ਹੈ। ਇਹ ਸਪੱਸ਼ਟ ਹੈ ਕਿ ਪੁਰਾਣੇ ਨੇਮ ਦੇ ਬਲੀਦਾਨਾਂ ਦਾ ਉਦੇਸ਼ ਮਨੁੱਖ ਨੂੰ ਪਰਮੇਸ਼ਰ ਨਾਲ ਇੱਕ ਰਿਸ਼ਤੇ ਵਿੱਚ ਜੋੜਣਾ ਸੀ। ਕਿੰਗ ਜੇਮਜ਼ ਦੇ ਅਨੁਵਾਦਕਾਂ ਨੇ 7 ਆਇਤਾਂ ਵਿੱਚ ਪ੍ਰਾਸਚਿਤ ਦਾ ਅਰਥ ਮੇਲ-ਮਿਲਾਪ ਮੰਨਿਆ ਸੀ (ਲੇਵੀਆਂ 8:15; ਹਿਜ਼ਕੀ 45:15, 17, ਆਦਿ)।

5. ਸਾਰ: ਪ੍ਰਾਸਚਿਤ ਇੱਕ ਅਜਿਹਾ ਸ਼ਬਦ ਹੈ ਜੋ ਪੁਰਾਣੇ ਨੇਮ ਵਿੱਚ ਜਾਨਵਰਾਂ ਦੇ ਬਲੀਦਾਨ ਦੀ ਮਹੱਤਤਾ ਦਾ ਵਰਣਨ ਕਰਨ ਦੇ ਲਈ ਵਰਤਿਆ ਗਿਆ ਹੈ। ਇਸ ਵਿਚਾਰ ਵਿੱਚ ਕਈ ਤੱਥ ਸ਼ਾਮਲ ਹਨ। ਪਰਮੇਸ਼ਰ ਦੇ ਸੱਚੇ ਲੇਲੇ ਦੇ ਬਲੀਦਾਨ ਤੋਂ ਪਹਿਲਾਂ ਜਾਨਵਰਾਂ ਦਾ ਖ਼ੂਨ ਅਸਥਾਈ ਤੌਰ ਤੇ ਪਾਪਾਂ ਨੂੰ ਢੱਕਦਾ ਸੀ। ਇਸ ਵਿੱਚ ਪਾਪ ਦੇ ਦੋਸ਼ ਅਤੇ ਉਸ ਦੀ ਜਵਾਬਦੇਹੀ ਨੂੰ ਅਸਥਾਈ ਤੌਰ ਤੇ ਹਟਾ ਦਿੱਤਾ ਗਿਆ ਸੀ ਜਦੋਂ ਕਿ ਇਸ ਨੂੰ ਸਲੀਬ ਤੇ ਪੂਰੀ ਤਰ੍ਹਾਂ ਹਟਾਇਆ ਗਿਆ ਸੀ।

ਜਦੋਂ ਪੁਰਾਣੇ ਨੇਮ ਦੇ ਵਿਅਕਤੀ ਨੇ ਬਲੀਦਾਨ ਦੇ ਕੇ ਪਰਮੇਸ਼ਰ ਵਿੱਚ ਵਿਸ਼ਵਾਸ ਦਿਖਾਇਆ ਤਾਂ ਉਹ ਬਚਾਇਆ ਗਿਆ ਸੀ (ਇਹ ਹੰਕਾਰੀ ਸਵੈ-ਧਰਮੀ ਹੋ ਕੇ ਮੁਕਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਤੋਂ ਵੱਖਰਾ ਹੈ)।[38]

ਮਸੀਹ ਦੀ ਮੌਤ ਤੋਂ ਪਹਿਲਾਂ, ਪਰਮੇਸ਼ਰ ਵਿੱਚ ਵਿਸ਼ਵਾਸ ਦੇ ਪ੍ਰਗਟਾਵੇ ਵਜੋਂ ਭੇਟ ਕੀਤੇ ਜਾਨਵਰਾਂ ਦੁਆਰਾ ਹੀ ਪ੍ਰਾਸਚਿਤ ਹੁੰਦਾ ਸੀ। ਉਹ ਪਾਪ

---

[37] ਹੋਰ ਆਇਤਾਂ ਵਿੱਚ ਕੀਮਤ ਦਾ ਭੁਗਤਾਨ ਕਰਨ ਦਾ ਵਿਚਾਰ ਸ਼ਾਮਲ ਹੈ: (ਕੂਚ 30:12; ਗਿਣਤੀ 31:50; ਬਿਵਸਥਾ 21:1-9; ਯਸਾ 43:3)। ਪੁਰਾਣੇ ਨੇਮ ਵਿੱਚ ਛੁਟਕਾਰਾ ਇੱਕ ਆਮ ਵਿਚਾਰ ਸੀ। ਪਰਮੇਸ਼ਰ ਨਾਲ ਰਿਸ਼ਤੇ ਵਿੱਚ ਰਹਿਣ ਦੇ ਲਈ ਇੱਕ ਕੀਮਤ ਦਾ ਭੁਗਤਾਨ ਕਰਨਾ ਜ਼ਰੂਰੀ ਹੈ। ਨਵਾਂ ਨੇਮ ਛੁਟਕਾਰੇ ਨੂੰ ਇੱਕ ਗ਼ੁਲਾਮ ਨੂੰ ਖ਼ਰੀਦਣ ਅਤੇ ਆਜ਼ਾਦ ਕਰਨ ਨਾਲ ਜੋੜਦਾ ਹੈ।

[38] ਕੇਵਲ ਜਾਨਵਰਾਂ ਦਾ ਬਲੀਦਾਨ ਮੁਕਤੀ ਨਹੀਂ ਦੇ ਸਕਦਾ ਸੀ (ਜ਼ਬੂਰ 40:6; 51:16-17; ਯਸਾ. 1:11ff; ਆਮੋਸ 5:22; ਮੀਕਾਹ 6:6-8)। ਪੁਰਾਣੇ ਨੇਮ ਦੇ ਸੰਤ ਵਿਸ਼ਵਾਸ ਦੁਆਰਾ ਬਚਾਏ ਗਏ ਸਨ (ਉਤ 15:6; ਰੋਮੀ 4; ਇਬ 11:2ff.)। ਪਰਮੇਸ਼ਰ ਚਾਹੁੰਦੇ ਸਨ ਕਿ ਪੁਰਾਣੇ ਨੇਮ ਦੇ ਸੰਤ ਜਾਨਵਰਾਂ ਦਾ ਬਲੀਦਾਨ ਦੇ ਕੇ ਆਪਣੇ ਵਿਸ਼ਵਾਸ ਨੂੰ ਦਿਖਾਉਣ। ਜਾਨਵਰਾਂ ਦੇ ਖ਼ੂਨ ਦੀ ਸਹੀ ਭੂਮਿਕਾ ਨੂੰ ਜਾਣੇ ਬਿਨਾਂ, ਉਹ ਜਾਣਦੇ ਸਨ ਕਿ ਜਾਨਵਰਾਂ ਦਾ ਖ਼ੂਨ ਕਾਫ਼ੀ ਨਹੀਂ ਸੀ। ਜਾਨਵਰਾਂ ਦੇ ਖ਼ੂਨ ਦੀ ਸਹੀ ਭੂਮਿਕਾ ਨੂੰ ਜਾਣੇ ਬਿਨਾਂ, ਉਹ ਸਿਰਫ਼ ਪਰਮੇਸ਼ਰ ਦੀਆਂ ਮੰਗਾਂ ਨੂੰ ਪੂਰਾ ਕਰਦੇ ਸਨ, ਅਤੇ ਉਹਨਾਂ ਉੱਤੇ ਭਰੋਸਾ ਰੱਖਦੇ ਸਨ ਕਿ ਉਹ ਹੀ ਆਪਣੇ ਸਮੇਂ ਅਤੇ ਆਪਣੇ ਤਰੀਕੇ ਨਾਲ ਮੁਕਤੀ ਨੂੰ ਪੂਰਾ ਕਰ ਦੇਣਗੇ। ਸੰਖੇਪ ਵਿੱਚ, ਪਰਮੇਸ਼ਰ ਨੇ ਪੁਰਾਣੇ ਨੇਮ ਦੇ ਲੋਕਾਂ ਨੂੰ ਕਿਹਾ, " ਸਿਰਫ਼ ਜਾਨਵਰਾਂ ਦਾ ਬਲੀਦਾਨ ਤੁਹਾਨੂੰ ਪੂਰੀ ਤਰ੍ਹਾਂ ਬਚਾ ਨਹੀਂ ਸਕਦਾ ਹੈ, ਪਰ ਤੁਸੀਂ ਮੈਨੂੰ ਦਿਖਾਓ ਕਿ ਇਹਨਾਂ ਨੂੰ ਭੇਟ ਕਰਕੇ ਮੇਰੇ ਉੱਤੇ ਭਰੋਸਾ ਕਰਦੇ ਹੋ। ਤੁਸੀਂ ਮੁਕਤੀ ਦੇ ਲਈ ਲੋੜੀਂਦੇ ਸਾਰੇ ਵਾਧੂ ਪ੍ਰਬੰਧਾਂ ਨੂੰ ਪੂਰਾ ਕਰਨ ਦੇ ਲਈ ਮੇਰੇ ਉੱਤੇ ਭਰੋਸਾ ਕਰੋ।" ਜਿਹੜੇ ਲੋਕ ਪਰਮੇਸ਼ਰ ਵਿੱਚ ਵਿਸ਼ਵਾਸ ਤੋਂ ਬਿਨਾਂ ਆਪਣੀ ਧਾਰਮਿਕਤਾ ਉੱਤੇ ਭਰੋਸੇ ਕਰਕੇ ਬਲੀਦਾਨ ਦਿੰਦੇ ਸਨ, ਉਹ ਜਾਨਵਰਾਂ ਦੇ ਬਲੀਦਾਨ ਦੀ ਮੁੱਖ ਗੱਲ ਤੋਂ ਖੁੰਝ ਗਏ ਸਨ।

ਦੀ ਜਵਾਬਦੇਹੀ ਅਤੇ ਦੋਸ਼ ਨੂੰ ਅਸਥਾਈ ਤੌਰ ਤੇ ਹਟਾ ਦਿੰਦੇ ਸਨ। ਉਹਨਾਂ ਨੇ ਪਰਮੇਸ਼ਰ ਦੇ ਗੁੱਸੇ ਨੂੰ ਸ਼ਾਂਤ ਕਰਕੇ ਪਰਮੇਸ਼ਰ ਦੀ ਕਿਰਪਾ ਪ੍ਰਾਪਤ ਕਰਨ ਦੇ ਲਈ ਇੱਕ ਕੀਮਤ ਦਾ ਭੁਗਤਾਨ ਕੀਤਾ ਸੀ। ਬਲੀਦਾਨਾਂ ਵਿੱਚ ਦਿਖਾਏ ਗਏ ਵਿਸ਼ਵਾਸ ਦਾ ਨਤੀਜਾ ਪਰਮੇਸ਼ਰ ਨਾਲ ਇੱਕ ਰਿਸ਼ਤਾ (ਮੇਲ-ਮਿਲਾਪ) ਸੀ। ਪ੍ਰਾਸਚਿਤ ਇੱਕ ਅਜਿਹਾ ਸ਼ਬਦ ਹੈ ਜੋ ਜਾਨਵਰਾਂ ਦੇ ਬਲੀਦਾਨ ਦੁਆਰਾ ਕੀਤੇ ਗਏ **ਸਾਰੇ ਕੰਮਾਂ** ਨੂੰ ਦਰਸਾਉਂਦਾ ਹੈ (ਛੁਟਕਾਰਾ, ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨਾ, ਅਤੇ ਪਰਮੇਸ਼ਰ ਨਾਲ ਮੇਲ-ਮਿਲਾਪ)।

### B. ਇੱਕ ਅਧਿਆਤਮਿਕ ਸ਼ਬਦ ਵਜੋਂ ਪ੍ਰਾਸਚਿਤ ਦੀ ਵਰਤੋਂ

*ਪ੍ਰਾਸਚਿਤ* ਨਵੇਂ ਨੇਮ ਦਾ ਸ਼ਬਦ ਨਹੀਂ ਹੈ (ਇਹ ਕਿੰਗ ਜੇਮਜ਼ ਅਨੁਵਾਦ ਵਿੱਚ ਰੋਮੀ 5:11 ਦੇ ਗ਼ਲਤ ਅਨੁਵਾਦ ਵਿੱਚ ਆਉਂਦਾ ਹੈ)। ਪਰ, ਨਵਾਂ ਨੇਮ, ਖ਼ਾਸ ਕਰਕੇ ਇਬਰਾਨੀਆਂ ਦੀ ਪੁਸਤਕ ਇਹ ਸਿਖਾਉਂਦੀ ਹੈ ਕਿ ਪੁਰਾਣੇ ਨੇਮ ਦੇ ਬਲੀਦਾਨ ਮਸੀਹ ਦੇ ਬਲੀਦਾਨ ਨੂੰ ਦਰਸਾਉਂਦੇ ਹਨ। ਇਸ ਲਈ, ਬਾਈਬਲ ਵਿਦਵਾਨਾਂ ਦੇ ਲਈ ਸਲੀਬ ਦੇ ਕੰਮ ਲਈ *ਪ੍ਰਾਸਚਿਤ* ਸ਼ਬਦ ਨੂੰ ਵਰਤਣਾ ਆਮ ਗੱਲ ਹੈ। ਪ੍ਰਾਸਚਿਤ ਉਸ **ਸਭ ਕੁਝ** ਨੂੰ ਦਰਸਾਉਂਦਾ ਹੈ ਜੋ ਮਸੀਹ ਦੀ ਮੌਤ ਨੇ ਮੁਕਤੀ ਪ੍ਰਦਾਨ ਕਰਨ ਲਈ ਕੀਤਾ ਸੀ। ਜਦੋਂ ਇੱਕ ਵਿਅਕਤੀ ਸਲੀਬ ਦੇ ਕੰਮ ਕਿਸੇ ਇੱਕ ਪਹਿਲੂ ਦੀ ਬਜਾਏ ਇਸ ਦੇ ਸਾਰੇ ਕੰਮਾਂ (ਜਿਵੇਂ ਕਿ, ਛੁਟਕਾਰਾ, ਪਰਮੇਸ਼ਰ ਨਾਲ ਮੇਲ, ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ) ਉੱਤੇ ਜ਼ੋਰ ਦਿੰਦਾ ਹੈ, ਤਾਂ ਉਸ ਦੇ ਲਈ ਪ੍ਰਾਸਚਿਤ ਸ਼ਬਦ ਸਹੀ ਹੁੰਦਾ ਹੈ।

### C. ਪ੍ਰਾਸਚਿਤ ਦੀ ਹੱਦ

"ਪੰਜ-ਪੁਆਇੰਟ" ਕੈਲਵਿਨਵਾਦੀ ਇਹ ਦਾਅਵਾ ਕਰਦੇ ਹਨ ਕਿ ਮਸੀਹ ਸਿਰਫ਼ ਚੁਣੇ ਹੋਏ ਲੋਕਾਂ ਦੇ ਲਈ ਮਰੇ ਸਨ। ਹਾਲਾਂਕਿ ਬਹੁਤ ਸਾਰੇ ਚੰਗੇ ਮਸੀਹੀ ਵੀ ਇਸ "ਸੀਮਿਤ ਪ੍ਰਾਸਚਿਤ" ਵਿੱਚ ਵਿਸ਼ਵਾਸ ਕਰਦੇ ਹਨ, ਪਰ ਬਾਈਬਲ ਬਿਨਾਂ ਕਿਸੇ ਸੀਮਾ ਦੇ ਪ੍ਰਾਸਚਿਤ ਬਾਰੇ ਸਿਖਾਉਂਦੀ ਹੈ। ਇੱਕ ਅਰਥ ਵਿੱਚ ਛੁਟਕਾਰਾ (2 ਪਤਰਸ 2:1), ਪਰਮੇਸ਼ਰ ਨਾਲ ਮੇਲ (2 ਕੁਰਿੰਥ 5:19; ਕੁਲੁੱਸੀ 1:20), ਅਤੇ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਕਰਨਾ (1 ਯੂਹੰਨਾ 2:2) ਸਾਰੇ ਸੰਸਾਰ ਦੇ ਲਈ ਹੋਇਆ ਹੈ। ਬੇਅੰਤ ਪ੍ਰਾਸਚਿਤ ਦੀ ਸਿੱਖਿਆ ਦੇਣ ਵਾਲੇ ਵਚਨ ਅੱਗੇ ਲਿਖੇ ਹਨ:

> "…ਦੇਖੋ, ਪਰਮੇਸ਼ਰ ਦਾ ਲੇਲਾ ਜਿਹੜਾ **ਸੰਸਾਰ** ਦੇ ਪਾਪਾਂ ਨੂੰ ਚੁੱਕ ਕੇ ਲੈ ਜਾਂਦਾ ਹੈ!" [ਯੂਹੰਨਾ 1:29]
>
> "ਕਿਉਂਕਿ ਪਰਮੇਸ਼ਰ ਨੇ **ਸੰਸਾਰ** ਦੇ ਨਾਲ ਇੰਨਾ ਪਿਆਰ ਕੀਤਾ…" [ਯੂਹੰਨਾ 3:16]
>
> "…ਕਿ ਉਹ ਹੀ **ਸੰਸਾਰ** ਦੇ ਸੱਚੇ ਮੁਕਤੀਦਾਤਾ ਹਨ।" [ਯੂਹੰਨਾ 4:42]
>
> "…ਉਹ ਮੇਰਾ ਆਪਣਾ ਸਰੀਰ ਹੈ ਜੋ ਮੈਂ **ਸੰਸਾਰ** ਨੂੰ ਜੀਵਨ ਦੇਣ ਦੇ ਲਈ ਦੇਵਾਂਗਾ…" [ਯੂਹੰਨਾ 6:51]
>
> "ਜੇਕਰ ਮੈਂ ਧਰਤੀ ਤੋਂ ਉੱਚਾ ਕੀਤਾ ਜਾਵਾਂਗਾ ਤਾਂ **ਸਾਰਿਆਂ** ਨੂੰ ਆਪਣੇ ਵੱਲ ਖਿੱਚ ਲਵਾਂਗਾ।" [ਯੂਹੰਨਾ 12:32]
>
> "…ਮੈਂ **ਸੰਸਾਰ** ਨੂੰ ਦੋਸ਼ੀ ਠਹਿਰਾਉਣ ਦੇ ਲਈ ਨਹੀਂ ਸਗੋਂ ਮੁਕਤੀ ਦੇਣ ਦੇ ਲਈ ਆਇਆ ਹਾਂ।" [ਯੂਹੰਨਾ 12:47]
>
> "…ਪਰਮੇਸ਼ਰ ਦਾ ਹੁਕਮ ਹੈ ਕਿ ਸਭ ਮਨੁੱਖ **ਹਰ ਥਾਂ ਤੇ** ਆਪਣੇ ਬੁਰੇ ਕੰਮਾਂ ਨੂੰ ਤਿਆਗਣ।" [ਰਸੂਲਾਂ 17:30]
>
> …ਇਸ ਲਈ ਪਰਮੇਸ਼ਰ ਮਸੀਹ ਦੇ ਦੁਆਰਾ **ਸੰਸਾਰ** ਦਾ ਮੇਲ ਆਪਣੇ ਨਾਲ ਕਰ ਰਹੇ ਸਨ। ਉਹ ਲੋਕਾਂ ਦੇ ਪਾਪਾਂ ਦਾ ਲੇਖਾ ਉਹਨਾਂ ਦੇ ਵਿਰੁੱਧ ਨਹੀਂ ਰੱਖਦੇ [2 ਕੁਰਿੰਥ 5:19]
>
> ਜੋ ਚਾਹੁੰਦੇ ਹਨ ਕਿ **ਸਾਰੇ ਮਨੁੱਖ** ਮੁਕਤੀ ਪ੍ਰਾਪਤ ਕਰਨ ਅਤੇ ਸੱਚ ਨੂੰ ਜਾਨਣ [1 ਤਿਮੋਥਿ 2:4]
>
> ਜਿਹਨਾਂ ਨੇ ਆਪਣੇ ਆਪ ਨੂੰ **ਸਾਰੇ ਲੋਕਾਂ** ਦੇ ਛੁਟਕਾਰੇ ਦੇ ਲਈ ਬਲੀਦਾਨ …[1 ਤਿਮੋਥਿ 2:6]
>
> ਜਿਹੜੇ **ਸਾਰੀ ਮਨੁੱਖਜਾਤੀ** ਦੇ, ਖ਼ਾਸ ਕਰ ਕੇ ਵਿਸ਼ਵਾਸੀਆਂ ਦੇ ਮੁਕਤੀਦਾਤਾ ਹਨ। [1 ਤਿਮੋਥਿ 4:10]
>
> ਕਿਉਂਕਿ ਪਰਮੇਸ਼ਰ ਦੀ ਕਿਰਪਾ **ਸਾਰੇ ਲੋਕਾਂ** ਦੀ ਮੁਕਤੀ ਦੇ ਲਈ ਪ੍ਰਗਟ ਹੋਈ ਹੈ। [ਤੀਤੁਸ 2:11]
>
> ਪਰਮੇਸ਼ਰ ਦੀ ਕਿਰਪਾ ਦੇ ਨਾਲ ਉਹ **ਸਾਰਿਆਂ** ਦੀ ਖ਼ਾਤਰ ਮੌਤ ਦਾ ਸੁਆਦ ਚੱਖਣ। [ਇਬ 2:9]
>
> ਪੁਰਾਣੇ ਸਮੇਂ ਵਿੱਚ ਪਰਮੇਸ਼ਰ ਦੇ ਲੋਕਾਂ ਵਿੱਚ ਝੂਠੇ ਨਬੀ ਸਨ, ਉਸੇ ਤਰ੍ਹਾਂ ਤੁਹਾਡੇ ਵਿੱਚ ਵੀ ਝੂਠੇ ਸਿੱਖਿਅਕ ਹੋਣਗੇ। ਉਹ ਨਾਸ਼ ਕਰਨ ਵਾਲੀਆਂ ਸਿੱਖਿਆਵਾਂ ਗੁਪਤ ਰੂਪ ਵਿੱਚ ਲੈ ਕੇ ਆਉਣਗੇ। ਇੱਥੋਂ ਤੱਕ ਕਿ ਉਹ ਉਸ ਮਾਲਕ ਦਾ ਵੀ ਇਨਕਾਰ ਕਰਨਗੇ ਜਿਹਨਾਂ ਨੇ **ਉਹਨਾਂ ਨੂੰ** ਮੁੱਲ ਦੇ ਕੇ ਛੁਟਕਾਰਾ ਦਿੱਤਾ ਅਤੇ ਇਸ ਤਰ੍ਹਾਂ ਉਹ ਬਹੁਤ ਛੇਤੀ ਆਪਣੇ ਉੱਤੇ ਨਾਸ਼ ਲਿਆਉਣਗੇ। [2 ਪਤਰਸ 2:1]
>
> ਉਹ ਹੀ ਸਾਡੇ ਪਾਪਾਂ ਦਾ ਪ੍ਰਾਸ਼ਚਿਤ ਹਨ, ਨਾ ਕੇਵਲ ਸਾਡੇ ਸਗੋਂ **ਸਾਰੇ ਸੰਸਾਰ** ਦੇ ਲੋਕਾਂ ਦੇ ਪਾਪਾਂ ਦੇ ਲਈ ਵੀ। [1 ਯੂਹੰਨਾ 2:2]

### D. ਪ੍ਰਾਸਚਿਤ ਦਾ ਮੁਕੰਲਮ ਹੋਣਾ

ਰਿਫੋਰਮਰ ਵਿਚਾਰ ਵਾਲੇ ਲੋਕਾਂ ਨੇ ਪ੍ਰਭੂ ਭੋਜ ਬਾਰੇ ਰੋਮਨ ਕੈਥੋਲਿਕ ਵਿਚਾਰ ਨੂੰ ਅਪਮਾਨਜਨਕ ਪਾਇਆ ਕਿਉਂਕਿ ਇਸ ਤੋਂ ਇਹ ਸੰਕੇਤ ਮਿਲਦਾ ਸੀ ਕਿ ਮਸੀਹ ਨੂੰ ਵਾਰ-ਵਾਰ ਕੁਰਬਾਨ ਕੀਤਾ ਜਾਂਦਾ ਹੈ, ਕਿਉਂਕਿ ਪ੍ਰਭੂ ਦਾ ਅਸਲ ਸਰੀਰ ਅਤੇ ਖ਼ੂਨ ਹਰੇਕ ਅਰਾਧਨਾ ਸਭਾ ਵਿੱਚ

ਭੇਟ ਕੀਤਾ ਜਾਂਦਾ ਹੈ। ਪਵਿੱਤਰ ਗ੍ਰੰਥ ਇਹ ਸਿਖਾਉਂਦਾ ਹੈ ਕਿ ਸਲੀਬ ਉੱਤੇ ਕੀਤਾ ਗਿਆ ਪ੍ਰਾਸਚਿਤ ਪੂਰਾ ਅਤੇ ਅੰਤਿਮ ਸੀ। ਹੁਣ ਕਦੇ ਵੀ ਹੋਰ ਕੰਮ ਜਾਂ ਹੋਰ ਬਲੀਦਾਨ ਦੀ ਜ਼ਰੂਰਤ ਨਹੀਂ ਪਵੇਗੀ। ਅਕਸਰ ਸਲੀਬ ਦੇ ਸੰਦਰਭ ਵਿੱਚ ਸ਼ਬਦ "ਇੱਕ ਹੀ ਵਾਰ" ਵਰਤਿਆ ਗਿਆ ਹੈ। ਇਸ ਤੋਂ ਇਲਾਵਾ, ਮਸੀਹ ਦਾ ਪਰਮੇਸ਼ਰ ਦੇ "ਸੱਜੇ ਹੱਥ ਬੈਠੇ" ਹੋਣ ਦਾ ਵਿਚਾਰ ਇੱਕ ਮੁਕੰਮਲ ਕੰਮ ਨੂੰ ਦਰਸਾਉਂਦਾ ਹੈ (ਕੁਲੁੱਸੀ 3:1; ਇਬ. 1:3; 8:1, 10:12; 12:1-2), ਇਹ ਲੇਵੀ ਜਾਜਕਾਂ ਵਾਂਗ ਨਹੀਂ ਸੀ ਜਿਹਨਾਂ ਨੂੰ ਜਾਨਵਰਾਂ ਦੇ ਬਲੀਦਾਨ ਦੇ ਲਈ ਵਾਰ-ਵਾਰ ਖੜ੍ਹੇ ਹੋਣਾ ਪੈਂਦਾ ਸੀ (ਦੇਖੋ, ਰੋਮੀ 6:10; ਇਬ 7:27; 9:12; 9:26, 28; 10:10; 10:14; 1 ਪਤਰਸ 3:18)।

> ਮਸੀਹ **ਇੱਕ ਹੀ ਵਾਰ** ਪਰਮ ਪਵਿੱਤਰ ਸਥਾਨ ਦੇ ਅੰਦਰ ਗਏ। ਉਹ ਆਪਣੇ ਨਾਲ ਬੱਕਰਿਆਂ ਜਾਂ ਵੱਛਿਆਂ ਦਾ ਖ਼ੂਨ ਲੈ ਕੇ ਨਹੀਂ ਗਏ ਸਗੋਂ ਆਪਣਾ ਹੀ ਖ਼ੂਨ ਲੈ ਕੇ ਗਏ ਅਤੇ ਉਹਨਾਂ ਨੇ ਸਾਡੇ ਲਈ ਅਨੰਤ ਛੁਟਕਾਰਾ ਪ੍ਰਾਪਤ ਕੀਤਾ [ਇਬ 9:12]

ਨਹੀਂ ਤਾਂ ਸ੍ਰਿਸ਼ਟੀ ਦੇ ਆਰੰਭ ਤੋਂ ਲੈ ਕੇ ਮਸੀਹ ਨੂੰ ਕਈ ਵਾਰ ਦੁੱਖ ਸਹਿਣਾ ਪੈਂਦਾ ਸਗੋਂ ਹੁਣ ਇਹਨਾਂ ਯੁੱਗਾਂ ਦੇ ਅੰਤ ਵਿੱਚ ਉਹ **ਇੱਕ ਵਾਰ** ਪ੍ਰਗਟ ਕੀਤੇ ਗਏ ਹਨ ਕਿ ਉਹ ਆਪਣੇ ਬਲੀਦਾਨ ਦੇ ਦੁਆਰਾ ਪਾਪ ਦਾ ਅੰਤ ਕਰਨ। [ਇਬ 9:26]

ਅਤੇ ਇਸੇ ਇੱਛਾ ਦੇ ਦੁਆਰਾ ਅਸੀਂ ਯਿਸੂ ਮਸੀਹ ਦੇ ਸਰੀਰ ਦੇ **ਇੱਕ ਹੀ ਵਾਰ** ਕੀਤੇ ਗਏ ਬਲੀਦਾਨ ਦੇ ਦੁਆਰਾ ਪਵਿੱਤਰ ਕੀਤੇ ਗਏ ਹਾਂ। [ਇਬ 10:10]

ਪਰ ਮਸੀਹ ਨੇ **ਇੱਕ ਹੀ ਬਲੀਦਾਨ ਅਨੰਤਕਾਲ ਦੇ ਲਈ** ਚੜ੍ਹਾਇਆ ਅਤੇ ਫਿਰ ਉਹ ਪਰਮੇਸ਼ਰ ਦੇ ਸੱਜੇ **ਹੱਥ ਵਿਰਾਜਮਾਨ ਹੋ ਗਏ**। [ਇਬ 10:12]

ਕਿਉਂਕਿ ਉਹਨਾਂ ਨੇ **ਇੱਕ ਹੀ ਬਲੀਦਾਨ** ਦੇ ਦੁਆਰਾ ਉਹਨਾਂ ਨੂੰ ਜੋ ਪਵਿੱਤਰ ਹੋ ਚੁੱਕੇ ਹਨ, **ਅਨੰਤਕਾਲ ਦੇ ਲਈ ਸੰਪੂਰਨ ਕਰ ਦਿੱਤਾ ਹੈ।** [ਇਬ 10:14]

…"**ਪੂਰਾ ਹੋਇਆ**"… [ ਯੂਹੰਨਾ 19:30]

ਅਧਿਆਇ 9

# ਮੁਕਤੀ ਦਾ ਸਿਧਾਂਤ

## *ਭਾਗ 2:*
## *ਮੁਕਤੀ ਨੂੰ ਲਾਗੂ ਕੀਤਾ ਗਿਆ*

### ਰੂਪ ਰੇਖਾ


I. ਮੁਕਤੀ ਸਦੀਪਕ ਅਤੀਤ ਵਿੱਚ ਪਰਮੇਸ਼ਰ ਦੁਆਰਾ ਲਾਗੂ ਕੀਤੀ ਗਈ **126**

A. ਚੁਣੇ ਜਾਣ ਦੇ ਵਿਚਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਥ

1. ਪਰਮੇਸ਼ਰ ਸਾਰੇ ਸੰਸਾਰ ਨੂੰ ਪਿਆਰ ਕਰਦੇ ਹਨ
2. ਮਸੀਹ ਸਾਰੇ ਸੰਸਾਰ ਦੇ ਲਈ ਮਰੇ
3. ਮੁਕਤੀ ਦਾ ਸ਼ੁਭ-ਸਮਾਚਾਰ ਸਾਰੇ ਲੋਕਾਂ ਨੂੰ ਦਿੱਤਾ ਗਿਆ ਹੈ **127**
4. ਪਰਮੇਸ਼ਰ ਕਹਿੰਦੇ ਹਨ ਕਿ ਉਹ ਚਾਹੁੰਦੇ ਹਨ ਕਿ ਸਭ ਬਚਾਏ ਜਾਣ
5. ਸਦੀਪਕ ਸਜ਼ਾ ਦਾ ਆਧਾਰ ਮਸੀਹ ਨੂੰ ਸਵੀਕਾਰ ਨਾ ਕਰਨਾ ਹੈ
6. ਸਿੱਟਾ

B. ਪਰਮੇਸ਼ਰ ਦੇ ਲੋਕਾਂ ਨੂੰ ਪਹਿਲਾਂ ਤੋਂ ਚੁਣਨ ਦਾ ਕਾਰਨ **128**

C. ਪਰਮੇਸ਼ਰ ਦੇ ਪਹਿਲਾਂ ਤੋਂ ਚੋਣ ਕਰਨ ਦਾ ਆਧਾਰ

D. ਪਰਮੇਸ਼ਰ ਦੁਆਰਾ ਪਹਿਲਾਂ ਤੋਂ ਚੋਣ ਦਾ ਅੰਤਿਮ ਟੀਚਾ **129**

II. ਇਸ ਜੀਵਨ ਵਿੱਚ ਮੁਕਤੀ ਉਹਨਾਂ ਲੋਕਾਂ ਉੱਤੇ ਲਾਗੂ ਹੁੰਦੀ ਹੈ ਜੋ ਮੁਕਤੀ ਦੇ ਲਈ ਪਰਮੇਸ਼ਰ ਦੀ ਸ਼ਰਤ ਦੀ ਪਾਲਣਾ ਕਰਦੇ ਹਨ **131**

A. ਜਾਣ-ਪਛਾਣ

B. ਵਿਸ਼ਵਾਸ, ਭਰੋਸਾ ਅਤੇ ਨਿਹਚਾ ਕਰਨਾ

1. ਵਿਸ਼ਵਾਸ ਦੇ ਅਰਥ ਦਾ ਇਬਰਾਨੀ ਪਿਛੋਕੜ **133**
2. ਬਚਾਉਣ ਵਾਲਾ ਵਿਸ਼ਵਾਸ: ਇਹ ਕੀ ਨਹੀਂ ਹੈ **134**
3. ਬਚਾਉਣ ਵਾਲਾ ਵਿਸ਼ਵਾਸ: ਇਹ ਕੀ ਹੈ **135**

(a) ਬਚਾਉਣ ਵਾਲਾ ਵਿਸ਼ਵਾਸ: ਇਸ ਦੀ ਸਮੱਗਰੀ

(b) ਬਚਾਉਣ ਵਾਲਾ ਵਿਸ਼ਵਾਸ: ਇਸ ਦਾ ਭਰੋਸਾ ਅਤੇ ਵਚਨਬੱਧਤਾ **136**

(1) ਵਿਸ਼ਵਾਸ ਦੇ ਲਈ ਨਵੇਂ ਨੇਮ ਦਾ ਸ਼ਬਦ: ਪਿਸਤੁਓ **137**

(2) ਹੁਕਮ ਯਿਸੂ ਬਾਰੇ ਵਿਸ਼ਵਾਸ ਕਰਨਾ ਨਹੀਂ, ਬਲਕਿ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦਾ ਹੈ।

(2) ਬਚਾਉਣ ਵਾਲੇ ਵਿਸ਼ਵਾਸ ਦਾ ਅਰਥ ਭਰੋਸਾ ਹੈ

(3) ਸਮਾਨਾਰਥੀ ਵਾਕਾਂਸ਼ ਜੋ ਬਚਾਉਣ ਵਾਲੇ ਵਿਸ਼ਵਾਸ ਨੂੰ ਭਰੋਸੇ ਦੇ ਬਰਾਬਰ ਦਿਖਾਉਂਦੇ ਹਨ **138**

(4) ਨਾਮ ਵਿੱਚ ਵਿਸ਼ਵਾਸ ਕਰਨਾ ਮਸੀਹ ਦੇ ਵਿਅਕਤੀਤਵ ਵਿੱਚ ਵਿਸ਼ਵਾਸ ਨੂੰ ਦਰਸਾਉਂਦਾ ਹੈ

4. ਵਿਸ਼ਵਾਸ, ਭਰੋਸਾ ਅਤੇ ਨਿਹਚਾ ਦਾ ਸਾਰ

C. ਮੁਕਤੀ ਪਾਉਣ ਦੇ ਲਈ ਤੋਬਾ ਕਰਨ ਦੀ ਸ਼ਰਤ **139**

1. ਤੋਬਾ ਦਾ ਅਰਥ
2. ਤੋਬਾ ਮੁਕਤੀ ਦੇ ਲਈ ਜ਼ਰੂਰੀ ਹੈ
3. ਤੋਬਾ ਅਤੇ ਸ਼ੁਭ-ਸਮਾਚਾਰ ਦਾ ਪ੍ਰਚਾਰ **140**
4. ਮੁਕਤੀ ਦੇ ਲਈ ਤੋਬਾ ਕਰਨ ਤੋਂ ਪਹਿਲਾਂ "ਪਾਪ ਨੂੰ ਛੱਡਣ" ਦੀ ਸ਼ਰਤ **141**
5. ਤੋਬਾ ਅਤੇ ਪ੍ਰਭੂਸੱਤਾ ਦੀ ਮੁਕਤੀ
6. ਸਾਰ: ਮੁਕਤੀ ਦੀ ਇੱਕ ਸ਼ਰਤ ਵਜੋਂ ਤੋਬਾ **142**

D. ਮੁਕਤੀ ਦੇ ਲਈ ਜੀਵਨ ਪਰਿਵਰਤਨ ਹੋਣ ਦੀ ਸ਼ਰਤ **143**

E. ਯਿਸੂ ਨੂੰ ਮੁਕਤੀਦਾਤਾ ਵਜੋਂ ਸਵੀਕਾਰ ਕਰਨਾ

F. ਮੁਕਤੀ ਨੂੰ ਪ੍ਰਾਪਤ ਕਰਨ ਦੇ ਲਈ ਵਿਸ਼ਵਾਸ ਕਰਨਾ ਜਾਂ ਕੰਮ ਕਰਨਾ

G. ਮੁਕਤੀ ਪ੍ਰਾਪਤ ਕਰਨ ਦੇ ਲਈ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ **145**

1. ਮਰਕੁਸ 16:15-16 **146**
2. ਯੂਹੰਨਾ 3:5
3. ਰਸੂਲਾਂ 2:38 **147**
4. ਰੋਮੀਆਂ 6:3-4 **148**
5. ਕੁਲੁੱਸੀ 2:11-12 **149**
6. 1 ਪਤਰਸ 3:21 **150**
7. ਯੂਹੰਨਾ ਦਾ ਬਪਤਿਸਮਾ ਅਤੇ ਮੁਕਤੀ **151**

H. ਬਚਾਏ ਜਾਣ ਦੇ ਲਈ ਮਨੁੱਖਾਂ ਸਾਹਮਣੇ ਤੋਬਾ ਕਰਨਾ **153**

1. ਰੋਮੀ 10:9-10
2. ਮੱਤੀ 10:32-33, ਲੂਕਾ 12:8-9 **154**

a. ਰਸੂਲਾਂ ਦਾ ਵਿਚਾਰ

b. ਬਿਪਤਾ ਦਾ ਵਿਚਾਰ **155**

c. ਇਨਾਮ ਦਾ ਵਿਚਾਰ **156**
d. “ਦੇ ਹੱਦ” ਵਿਚਾਰ
e. "ਇੱਥੇ" ਬਨਾਮ "ਭਵਿੱਖ ਵਿੱਚ" ਜਾਂ "ਪਰਮੇਸ਼ਰ ਦੇ ਸਾਹਮਣੇ ਇਕਰਾਰ" ਦਾ ਵਿਚਾਰ **157**
f. ਆਮ ਵੇਰਵੇ ਦਾ ਵਿਚਾਰ
3. ਸਾਰ **158**
I. ਬਚਾਏ ਜਾਣ ਦੇ ਲਈ ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣਾ **159**
J. ਮੁਕਤੀ ਪ੍ਰਾਪਤ ਕਰਨ ਲਈ ਪਾਪਾਂ ਦਾ ਇਕਰਾਰ ਕਰਨਾ **160**
K. ਬਚਾਏ ਜਾਣ ਦੇ ਲਈ ਦੂਜਿਆਂ ਨੂੰ ਮਾਫ਼ ਕਰਨਾ
L. ਬਚਾਏ ਜਾਣ ਲਈ ਆਪਣੇ ਆਪ ਇਨਕਾਰ ਕਰਨਾ ਅਤੇ ਸਭ ਕੁਝ ਛੱਡ ਦੇਣਾ **161**
1. ਲੂਕਾ 9:23-26 **162**
(ਦੇਖੋ, ਮੱਤੀ 16:24-28; ਮਰਕੁਸ8:34-38)
a. ਗ਼ਲਤਫ਼ਹਿਮੀਆਂ
b. ਅਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ
c. ਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ **163**
2. ਲੂਕਾ 14:26-33 **165**
(ਮੱਤੀ 10:37-39 ਵੀ ਦੇਖੋ)
a. ਗ਼ਲਤਫ਼ਹਿਮੀਆਂ **166**
b. ਅਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ
c. ਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ
M. ਪ੍ਰਭੂਸੱਤਾ ਦੀ ਮੁਕਤੀ **167**
N. ਪ੍ਰਾਰਥਨਾ ਅਤੇ ਬਚਾਉਣ ਵਾਲਾ ਵਿਸ਼ਵਾਸ **169**
O. ਸਿੱਟਾ

## ਭਾਗ 2

## *ਮੁਕਤੀ ਨੂੰ ਲਾਗੂ ਕੀਤਾ ਜਾਣਾ*

### I. ਮੁਕਤੀ ਸਦੀਪਕ ਅਤੀਤ ਵਿੱਚ ਪਰਮੇਸ਼ਰ ਦੁਆਰਾ ਲਾਗੂ ਕੀਤੀ ਗਈ

ਪਰਮੇਸ਼ਰ ਕੋਲ ਯੁੱਗਾਂ ਤੋਂ ਹੀ ਇੱਕ ਪਹਿਲਾਂ ਤੋਂ ਨਿਰਧਾਰਤ ਯੋਜਨਾ ਹੈ (ਯਸਾ 46:10; ਰਸੂਲਾਂ 4:28)। ਸਲੀਬ ਉੱਤੇ ਮਸੀਹ ਦੀ ਮੌਤ ਨੇ ਪਰਮੇਸ਼ਰ ਨੂੰ ਹੈਰਾਨ ਨਹੀਂ ਕੀਤਾ ਸੀ ਕਿਉਂਕਿ ਇਸ ਦੀ ਯੋਜਨਾ ਪਰਮੇਸ਼ਰ ਨੇ ਅਨਾਦਿ ਵਿੱਚ ਹੀ ਕਰ ਲਈ ਸੀ (ਰਸੂਲਾਂ 2:23; ਇਬ 13:20; 1 ਪਤਰਸ 1:20; ਪ੍ਰਕਾਸ਼ 13:8)। ਪਰਮੇਸ਼ਰ ਸਾਰੀਆਂ ਘਟਨਾਵਾਂ ਨੂੰ ਜਾਂ ਤਾਂ ਸਿੱਧੇ ਤੌਰ ਤੇ (ਜਿੱਥੇ ਉਹ ਹਰੇਕ ਚੀਜ਼ਾਂ ਦੇ ਵਾਪਰਨ ਦਾ ਕਾਰਨ ਬਣਦੇ ਹਨ) ਅਤੇ ਜਾਂ ਅਸਿੱਧੇ ਤੌਰ ਤੇ ਨਿਰਧਾਰਤ ਕਰਦੇ ਹਨ (ਜਿੱਥੇ ਉਹ ਸਭ ਕੁਝ ਜਾਣਦੇ ਹੋਏ ਚੀਜ਼ਾਂ ਨੂੰ ਵਾਪਰਨ ਦਿੰਦੇ ਹਨ, ਪਰ ਉਸ ਨੂੰ ਬਦਲਣ ਦੇ ਲਈ ਦਖਲ ਨਹੀਂ ਦਿੰਦੇ ਹਨ)। ਰੋਜ਼ਾਨਾ ਦੇ ਜੀਵਨ ਵਿੱਚ ਅਸੀਂ ਕੁਝ ਅਜਿਹੇ ਕੰਮ ਕਰਦੇ ਹਾਂ ਅਤੇ ਫ਼ੈਸਲੇ ਲੈਂਦੇ ਹਨ ਜੋ ਸਾਨੂੰ ਲੱਗਦਾ ਹੈ ਕਿ ਉਹ ਸਾਡੀਆਂ ਚੋਣਾਂ ਦੇ ਆਧਾਰ ਉੱਤੇ ਹਨ। ਪਰ, ਹਰੇਕ ਚੀਜ਼ ਪਰਮੇਸ਼ਰ ਦੇ ਕੰਟਰੋਲ ਵਿੱਚ ਹੈ। ਕਈ ਵਾਰ ਪਰਮੇਸ਼ਰ ਸਾਡੇ ਕੰਮਾਂ ਨੂੰ ਸੀਮਿਤ ਕਰ ਦਿੰਦੇ ਹਨ ਅਤੇ ਸਾਡੇ ਕੋਲ ਅਸਲ ਵਿੱਚ ਕੋਈ ਵਿਕਲਪ ਨਾ ਹੁੰਦਾ ਹੈ। ਕਈ ਵਾਰ ਅਸੀਂ ਪਰਮੇਸ਼ਰ ਦੀ ਆਗਿਆ ਦੁਆਰਾ ਕੰਮ ਕਰਦੇ ਹਾਂ। ਪਰਮੇਸ਼ਰ ਦੀ ਪ੍ਰਭੂਸੱਤਾ ਵਿੱਚ ਸਭ ਤੋਂ ਮਹੱਤਵਪੂਰਣ ਮੁਕਤੀ ਦਾ ਦ੍ਰਿਸ਼ਟੀਕੋਣ , ਪਹਿਲਾਂ ਤੋਂ ਨਿਸ਼ਚਿਤ ਕਰਨਾ ਅਤੇ ਚੋਣ ਦੇ ਵਿਸ਼ੇ ਹਨ। ਪਰਮੇਸ਼ਰ ਕਿਹੜੇ ਅਰਥ ਵਿੱਚ ਇੱਕ ਵਿਅਕਤੀ ਨੂੰ ਮੁਕਤੀ ਪਾਉਣ ਲਈ ਦੇ ਚੁਣਦੇ ਅਤੇ ਪਹਿਲਾਂ ਤੋਂ ਨਿਸ਼ਚਿਤ ਕਰਦੇ ਹਨ?

#### A. ਚੁਣੇ ਜਾਣ ਦੇ ਵਿਚਾਰ ਨੂੰ ਪ੍ਰਭਾਵਿਤ ਕਰਨ ਵਾਲੇ ਤੱਥ

ਬਾਈਬਲ ਦੀ ਵਿਆਖਿਆ ਕਰਨ ਦਾ ਸਹੀ ਤਰੀਕਾ ਸਪੱਸ਼ਟ ਸੱਚਾਈਆਂ ਦੇ ਸੰਬੰਧ ਵਿੱਚ ਮੁਸ਼ਕਲ ਸੱਚਾਈਆਂ (ਜਿਵੇਂ ਕਿ ਚੋਣ ਅਤੇ ਪਹਿਲਾਂ ਤੋਂ ਨਿਸ਼ਚਿਤ ਕਰਨਾ) ਦੀ ਵਿਆਖਿਆ ਕਰਨਾ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਹੈ ਕਿ ਪਰਮੇਸ਼ਰ ਦੇ ਕਿਰਪਾ ਅਤੇ ਮੁਕਤੀ ਦੀ ਯੋਜਨਾ ਪੂਰੇ ਸੰਸਾਰ ਦੇ ਲਈ ਹੈ।

##### 1. ਪਰਮੇਸ਼ਰ ਸਾਰੇ ਸੰਸਾਰ ਨੂੰ ਪਿਆਰ ਕਰਦੇ ਹਨ

> “ਕਿਉਂਕਿ ਪਰਮੇਸ਼ਰ ਨੇ **ਸੰਸਾਰ** ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ।” [ਯੂਹੰਨਾ 3:16]

##### 2. ਮਸੀਹ ਸਾਰੇ ਸੰਸਾਰ ਦੇ ਲਈ ਮਰੇ

(ਅਧਿਆਇ 9 ਦੇ ਭਾਗ 1, VII.C, ਵਿੱਚ ਬੇਅੰਤ ਪ੍ਰਾਸਚਿਤ ਉੱਤੇ ਆਇਤਾਂ ਨੂੰ ਦੇਖੋ)

ਸਲੀਬ ਦਾ ਕੰਮ ਸਾਰੇ ਸੰਸਾਰ ਦੇ ਲਈ ਸੀ (ਛੁਟਕਾਰਾ, 2 ਪਤਰਸ 2:1; ਪਰਮੇਸ਼ਰ ਨਾਲ ਮੇਲ, 1 ਕੁਰਿੰਥ 5:19; ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕਰਨਾ, 1 ਯੂਹੰਨਾ 2:2)।

> “ਦੇਖੋ, ਪਰਮੇਸ਼ਰ ਦਾ ਲੇਲਾ ਜਿਹੜਾ **ਸੰਸਾਰ** ਦੇ ਪਾਪਾਂ ਨੂੰ ਚੁੱਕ ਕੇ ਲੈ ਜਾਂਦਾ ਹੈ!” [ਯੂਹੰਨਾ 1:29]

> “…ਜਿਹੜੀ ਰੋਟੀ ਮੈਂ ਉਸ ਨੂੰ ਦੇਵਾਂਗਾ ਉਹ ਮੇਰਾ ਆਪਣਾ ਸਰੀਰ ਹੈ ਜੋ ਮੈਂ **ਸੰਸਾਰ** ਨੂੰ ਜੀਵਨ ਦੇਣ ਦੇ ਲਈ ਦੇਵਾਂਗਾ।” [ਯੂਹੰਨਾ 6:51]

> “…ਉਹਨਾਂ ਦਾ ਹੁਕਮ ਹੈ ਕਿ **ਸਭ** ਮਨੁੱਖ ਹਰ ਥਾਂ ਤੇ ਆਪਣੇ

ਬੁਰੇ ਕੰਮਾਂ ਨੂੰ ਤਿਆਗਣ।" [ਰਸੂਲਾਂ 17:30]

... ਤਾਂ ਜੋ ਪਰਮੇਸ਼ਰ ਦੀ ਕਿਰਪਾ ਦੇ ਨਾਲ ਉਹ **ਸਾਰਿਆਂ** ਦੀ ਖ਼ਾਤਰ ਮੌਤ ਦਾ ਸੁਆਦ ਚੱਖਣ। [ਇਬ 2:9]

### 3. ਮੁਕਤੀ ਦਾ ਸ਼ੁਭ-ਸਮਾਚਾਰ ਸਾਰੇ ਲੋਕਾਂ ਨੂੰ ਦਿੱਤਾ ਗਿਆ ਹੈ

"ਇਸ ਲਈ ਜਾਓ, **ਸਾਰੀਆਂ ਕੌਮਾਂ** ਨੂੰ ਚੇਲੇ ਬਣਾਓ, ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ" [ਮੱਤੀ 28:19]

**ਸਾਰੀਆਂ ਕੌਮਾਂ** ਵਿੱਚ ਉਸ ਦੇ ਨਾਮ ਵਿੱਚ ਤੋਬਾ ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ..."[ ਲੂਕਾ 24:47]

"...ਤੁਸੀਂ ਯਰੂਸ਼ਲਮ ਵਿੱਚ, ਸਾਰੇ ਯਹੂਦੀਯਾ, ਸਾਮਰੀਯਾ ਅਤੇ **ਧਰਤੀ ਦੀਆਂ ਅੰਤਿਮ ਹੱਦਾਂ** ਤੱਕ ਮੇਰੇ ਗਵਾਹ ਹੋਵੋਗੇ।" [ਰਸੂਲਾਂ 1:8 ]

### 4. ਪਰਮੇਸ਼ਰ ਕਹਿੰਦੇ ਹਨ ਕਿ ਉਹ ਚਾਹੁੰਦੇ ਹਨ ਕਿ ਸਭ ਬਚਾਏ ਜਾਣ

"ਇਸੇ ਤਰ੍ਹਾਂ ਤੁਹਾਡੇ ਪਿਤਾ ਜਿਹੜੇ ਸਵਰਗ ਵਿੱਚ ਹਨ, ਇਹ **ਨਹੀਂ ਚਾਹੁੰਦੇ** ਕਿ ਇਹਨਾਂ ਛੋਟਿਆਂ ਵਿੱਚੋਂ ਕੋਈ ਇੱਕ ਵੀ **ਗੁਆਚੇ**।" [ਮੱਤੀ 18:14]

... ਜੋ ਚਾਹੁੰਦੇ ਹਨ ਕਿ **ਸਾਰੇ ਮਨੁੱਖ ਮੁਕਤੀ ਪ੍ਰਾਪਤ ਕਰਨ** [1 ਤਿਮੋਥਿ 2:4]

ਪ੍ਰਭੂ ਆਪਣੇ ਕੀਤੇ ਹੋਏ ਵਾਅਦੇ ਨੂੰ ਪੂਰਾ ਕਰਨ ਦੇ ਲਈ ਦੇਰ ਨਹੀਂ ਕਰ ਰਹੇ, ਜਿਸ ਤਰ੍ਹਾਂ ਕੁਝ ਲੋਕ ਸੋਚਦੇ ਹਨ ਸਗੋਂ ਉਹ ਤੁਹਾਡੇ ਨਾਲ ਧੀਰਜਵਾਨ ਹਨ, **ਉਹ ਨਹੀਂ ਚਾਹੁੰਦੇ ਕਿ ਕੋਈ ਨਾਸ਼ ਹੋਵੇ** ਸਗੋਂ ਉਹ ਚਾਹੁੰਦੇ ਹਨ ਕਿ **ਸਾਰੇ ਆਪਣੇ ਪਾਪਾਂ ਤੋਂ ਤੋਬਾ ਕਰਨ** [2 ਪਤਰਸ 3:9]

...**ਜਿਹੜਾ** ਚਾਹਵਾਨ ਹੈ, ਜੀਵਨ ਦਾ ਪਾਣੀ ਮੁਫ਼ਤ ਲਵੇ [ਪ੍ਰਕਾਸ਼ 22:17]

### 5. ਸਦੀਪਕ ਸਜ਼ਾ ਦਾ ਆਧਾਰ ਮਸੀਹ ਨੂੰ ਸਵੀਕਾਰ ਨਾ ਕਰਨਾ ਹੈ

(ਵਧੇਰੇ ਜਾਣਕਾਰੀ ਲਈ ਅਧਿਆਇ 6 ਦਾ ਫੁੱਟਨੋਟ 5 ਦੇਖੋ)।

ਹਰੇਕ ਵਿਅਕਤੀ ਜਵਾਬਦੇਹ ਹੁੰਦਾ ਹੈ, ਅਤੇ ਉਸ ਨੂੰ ਖ਼ੁਦ ਆਪਣੇ ਸਦੀਪਕ ਭਵਿੱਖ ਦੀ ਜ਼ਿੰਮੇਵਾਰੀ ਲੈਣੀ ਹੋਵੇਗੀ।

"ਜਿਹੜਾ ਪੁੱਤਰ ਵਿੱਚ ਵਿਸ਼ਵਾਸ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ ਪਰ ਜਿਹੜਾ ਪੁੱਤਰ ਵਿੱਚ ਵਿਸ਼ਵਾਸ ਨਹੀਂ ਕਰਦਾ ਉਹ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਕਿਉਂਕਿ ਉਸ ਨੇ ਪਰਮੇਸ਼ਰ ਦੇ ਇੱਕਲੌਤੇ ਪੁੱਤਰ ਵਿੱਚ **ਵਿਸ਼ਵਾਸ ਨਹੀਂ ਕੀਤਾ**।" [ਯੂਹੰਨਾ 3:18]

... ਜਦੋਂ ਪ੍ਰਭੂ ਯਿਸੂ ਆਪਣੇ ਸ਼ਕਤੀਸ਼ਾਲੀ ਸਵਰਗਦੂਤਾਂ ਦੇ ਨਾਲ ਸਵਰਗ ਤੋਂ ਬਲਦੀ ਅੱਗ ਦੇ ਵਿੱਚਕਾਰ ਪ੍ਰਗਟ ਹੋਣਗੇ। ਤਦ ਉਹ ਉਹਨਾਂ ਨੂੰ ਸਜ਼ਾ ਦੇਣਗੇ ਜੋ ਪਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਜੋ ਸਾਡੇ ਪ੍ਰਭੂ ਯਿਸੂ ਦੇ **ਸ਼ੁਭ ਸਮਾਚਾਰ ਨੂੰ ਨਹੀਂ ਮੰਨਦੇ**। [2 ਥੱਸਲੁ 1: 7-8]

### 6. ਸਿੱਟਾ

ਇਹਨਾਂ ਸਧਾਰਨ ਬਾਈਬਲ ਤੱਥਾਂ ਨੂੰ ਪਹਿਲਾਂ ਤੋਂ ਨਿਸ਼ਚਿਤ ਕਰਨ ਅਤੇ ਚੁਣੇ ਜਾਣ ਬਾਰੇ ਕਿਸੇ ਵਿਸ਼ੇਸ਼ ਵਿਚਾਰ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਪਰਮੇਸ਼ਰ ਚਾਹੁੰਦੇ ਹਨ ਕਿ "ਸਾਰੇ ਲੋਕ ਬਚਾਏ ਜਾਣ," ਤਾਂ ਇਹ ਮੰਨਣਾ ਮੁਸ਼ਕਲ ਹੈ ਕਿ ਉਹਨਾਂ ਨੇ ਸਿਰਫ਼ ਕੁਝ ਹੀ ਲੋਕਾਂ ਨੂੰ ਮੁਕਤੀ ਦੇ ਲਈ ਚੁਣਿਆ ਹੈ। ਕਿਉਂਕਿ ਪਰਮੇਸ਼ਰ ਨੇ ਕਿਹਾ ਹੈ ਕਿ "ਸਾਰੇ ਆਪਣੇ ਪਾਪਾਂ ਤੋਂ ਤੋਬਾ ਕਰਨ," ਤਾਂ ਇਹ ਵਿਸ਼ਵਾਸ ਕਰਨਾ ਮੁਸ਼ਕਲ ਹੈ ਕਿ ਉਹਨਾਂ ਨੇ ਇੱਕ ਅਜਿਹੀ ਪ੍ਰਣਾਲੀ ਤਿਆਰ ਕੀਤੀ ਜਿਸ ਵਿੱਚ ਤੋਬਾ ਕਰਨ ਜਾਂ ਨਾ ਕਰਨ ਦੀ ਜ਼ਿੰਮੇਵਾਰੀ ਮਨੁੱਖ ਦੀ ਨਹੀਂ ਪਰ ਪਰਮੇਸ਼ਰ ਦੀ ਹੈ। ਕਿਉਂਕਿ ਸਦੀਪਕ ਸਜ਼ਾ ਦਾ ਮੁੱਖ ਆਧਾਰ ਵਿਰਾਸਤ ਵਿੱਚ ਮਿਲਿਆ ਪਾਪ ਜਾਂ ਨਿੱਜੀ ਪਾਪ ਨਹੀਂ, ਪਰ ਮਸੀਹ ਦਾ ਇਨਕਾਰ ਕਰਨਾ ਹੈ, ਤਾਂ ਅਜਿਹੀ ਸਥਿਤੀ ਨੂੰ ਅਪਣਾਉਣਾ ਮੁਸ਼ਕਲ ਹੈ ਜਿਸ ਵਿੱਚ ਜ਼ਿਆਦਾਤਰ ਲੋਕਾਂ ਦੀ ਮਸੀਹ ਨੂੰ ਸਵੀਕਾਰ ਕਰਨ ਜਾਂ ਨਾ ਕਰਨ ਦੀ ਕੋਈ ਅਸਲ ਜ਼ਿੰਮੇਵਾਰੀ ਨਹੀਂ ਹੁੰਦੀ ਹੈ। ਜੇਕਰ ਕੈਲਵਿਨਵਾਦ ਸੱਚਾ ਹੈ, ਤਾਂ ਜ਼ਿਆਦਾਤਰ ਲੋਕ ਮਸੀਹ ਨੂੰ ਸਵੀਕਾਰ ਕਰਨ ਵਿੱਚ ਇਸ ਲਈ ਯੋਗ ਨਹੀਂ ਹਨ ਕਿਉਂਕਿ **ਪਰਮੇਸ਼ਰ** ਨੇ ਉਹਨਾਂ ਨੂੰ ਚੁਣਿਆ ਨਹੀਂ ਹੈ। ਫਿਰ, ਇਸ ਦਾ ਨਤੀਜਾ ਇਹ ਹੋਵੇਗਾ ਕਿ ਸਦੀਪਕ ਸਜ਼ਾ ਦਾ ਕੋਈ ਆਧਾਰ ਹੀ ਨਹੀਂ ਬਚੇਗਾ। ਪਰਮੇਸ਼ਰ ਪਾਪ ਦੇ ਲਈ ਸਦੀਪਕ ਸਜ਼ਾ ਨਹੀਂ ਦਿੰਦੇ ਹਨ। ਪਰਮੇਸ਼ਰ ਅਵਿਸ਼ਵਾਸੀ ਦੀ ਆਤਮਾ ਨੂੰ ਸਜ਼ਾ ਕਿਵੇਂ ਦੇ ਸਕਦੇ ਹਨ ਜੇਕਰ ਪਰਮੇਸ਼ਰ ਆਪ ਹੀ ਮੁੱਖ ਤੌਰ ਤੇ ਵਿਸ਼ਵਾਸ ਜਾਂ ਅਵਿਸ਼ਵਾਸ ਦੇ ਲਈ ਜ਼ਿੰਮੇਵਾਰ ਹਨ?

ਕੁਝ ਲੋਕ ਆਪਣੇ ਬਾਈਬਲ ਦੇ ਅਧਿਐਨ ਵਿੱਚ ਇਹਨਾਂ ਸਾਰੇ ਵਿਰੋਧਾਭਾਸਾਂ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਹਨ। ਉਹਨਾਂ ਦੇ ਲਈ ਪਹਿਲਾਂ ਤੋਂ ਚੁਣੇ ਜਾਣਾ ਅਤੇ ਨਿਯੁਕਤ ਹੋਣ ਦੇ ਸਿਧਾਂਤ ਉਲਝਣ ਵਾਲੇ ਅਤੇ ਅਜਿਹੇ ਰਹੱਸਮਈ ਸਿਧਾਂਤ ਹਨ ਕਿ ਭਾਵੇਂ ਸਮਝ ਵੀ ਨਾ ਆਉਣ, ਫਿਰ ਵੀ ਉਹਨਾਂ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਇਹ ਗੱਲ ਸਹੀ ਹੈ ਕਿ ਇੱਕ ਸਿਧਾਂਤ ਸੱਚਾ ਹੋ ਸਕਦਾ ਹੈ ਭਾਵੇਂ ਉਹ ਚੰਗੀ ਤਰ੍ਹਾਂ ਸਮਝਿਆ ਨਹੀਂ ਜਾਂਦਾ ਹੈ। ਪਰ, ਬਾਈਬਲ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਸਮੇਂ ਤੋਂ ਪਹਿਲਾਂ ਹਾਰ ਮੰਨ ਲੈਣਾ ਠੀਕ ਨਹੀਂ ਹੈ। ਪਹਿਲਾਂ ਤੋਂ ਚੁਣੇ ਜਾਣ ਅਤੇ ਨਿਯੁਕਤ ਹੋਣ ਨੂੰ ਸ਼ਾਇਦ ਇਸ ਤਰੀਕੇ ਨਾਲ ਦੇਖਣਾ ਸੰਭਵ ਹੈ ਕਿ ਉਹ ਮੁਕਤੀ ਦੇ ਬਾਰੇ ਵਿੱਚ ਪਰਮੇਸ਼ਰ ਦੀ ਵਿਸ਼ਵ-ਵਿਆਪੀ ਕਿਰਪਾ ਅਤੇ ਯੋਜਨਾ ਬਾਰੇ ਸਧਾਰਨ ਤੱਥਾਂ ਦੇ

ਅਨਕੂਲ ਹੋ ਜਾਣ।

### B. ਪਰਮੇਸ਼ਰ ਦੇ ਲੋਕਾਂ ਨੂੰ ਪਹਿਲਾਂ ਤੋਂ ਚੁਣਨ ਦਾ ਕਾਰਨ

ਸ਼ੈਤਾਨ ਅਵਿਸ਼ਵਾਸੀ ਲੋਕਾਂ ਨੂੰ ਸ਼ੁਭ-ਸਮਾਚਾਰ ਦੇ ਲਈ ਅੰਨ੍ਹਾ ਕਰ ਦਿੰਦਾ ਹੈ। ਜਦੋਂ ਤੱਕ ਪਵਿੱਤਰ ਆਤਮਾ ਇੱਕ ਸੰਸਾਰਿਕ ਵਿਅਕਤੀ ਨੂੰ ਕਾਇਲ ਨਹੀਂ ਕਰਦੇ ਹਨ, ਉਦੋਂ ਤੱਕ ਉਹ ਪ੍ਰਗਟ ਹੋਈ ਸੱਚਾਈ ਦੀ ਮਹੱਤਤਾ ਨੂੰ ਨਹੀਂ ਦੇਖ ਸਕਦਾ ਹੈ। ਉਹ ਦਿਮਾਗ ਨਾਲ ਸਲੀਬ ਅਤੇ ਮੌਤ ਬਾਰੇ ਜਾਣ ਤਾਂ ਸਕਦਾ ਹੈ, ਪਰ ਉਹ ਅੰਨ੍ਹਾਪਣ ਸੱਚਾਈ ਨੂੰ ਸਵੀਕਾਰ ਕਰਨ ਜਾਂ ਉਸ ਦੀ ਕਦਰ ਕਰਨ ਤੋਂ ਰੋਕਦਾ ਹੈ। ਇਸ ਵਿੱਚ ਸੱਚਾਈ ਦਾ ਕੋਈ ਸਵਾਗਤ ਨਹੀਂ ਹੁੰਦਾ ਹੈ। ਇਸ ਗੱਲ ਦਾ ਕੋਈ ਪ੍ਰਭਾਵ ਨਹੀਂ ਹੁੰਦਾ ਹੈ ਕਿ ਸ਼ੁਭ-ਸਮਾਚਾਰ ਮਹੱਤਵਪੂਰਣ, ਕੀਮਤੀ, ਢੁੱਕਵਾਂ ਹੈ। ਜੇਕਰ ਪਰਮੇਸ਼ਰ ਨੇ ਇਸ ਅੰਨ੍ਹੇਪਣ ਨੂੰ ਦੂਰ ਕਰਨ ਦੇ ਲਈ ਕੁਝ ਨਾ ਕੀਤਾ ਹੁੰਦਾ, ਤਾਂ ਕੋਈ ਮੁਕਤੀ ਨਹੀਂ ਹੋਣੀ ਸੀ। ਜੇਕਰ ਪਰਮੇਸ਼ਰ ਦਖਲਅੰਦਾਜ਼ੀ ਨਹੀਂ ਕਰਦੇ, ਤਾਂ ਕੋਈ ਕਦੇ ਵੀ ਸ਼ੁਭ-ਸਮਾਚਾਰ ਨੂੰ ਨਹੀਂ ਸਮਝਦਾ।

ਅਵਿਸ਼ਵਾਸੀ ਮਨੁੱਖਤਾ ਦਾ ਅੰਨ੍ਹਾਪਣ ਇੱਕ ਪ੍ਰਮੁੱਖ ਕਾਰਕ ਹੈ ਜੋ ਪਹਿਲਾਂ ਤੋਂ ਚੁਣੇ ਜਾਣ ਦੀ ਪ੍ਰਣਾਲੀ ਨੂੰ ਬਹੁਤ ਜ਼ਰੂਰੀ ਬਣਾਉਂਦਾ ਹੈ। ਪਰਮੇਸ਼ਰ ਨੂੰ ਗੁਆਚੇ ਹੋਏ ਵਿਅਕਤੀ ਦੇ ਦਿਲ ਵਿੱਚ ਹਨੇਰੇ ਅਤੇ ਅੰਨ੍ਹੇਪਣ ਨੂੰ ਦੂਰ ਕਰਨ ਦੇ ਲਈ ਪਹਿਲ ਕਰਨੀ ਪੈਂਦੀ ਹੈ। ਪਵਿੱਤਰ ਆਤਮਾ ਉਸ ਹਨੇਰੇ ਵਿੱਚ ਪ੍ਰਵੇਸ਼ ਕਰਦੇ ਹਨ, ਤਾਂ ਜੋ ਸ਼ੁਭ-ਸਮਾਚਾਰ ਨੂੰ ਸਮਝਿਆ ਜਾ ਸਕੇ। ਸਿਰਫ਼ ਉਦੋਂ ਹੀ ਇੱਕ ਵਿਅਕਤੀ ਦੇ ਲਈ ਮਸੀਹ ਵਿੱਚ ਆਪਣੇ ਵਿਸ਼ਵਾਸ ਦਾ ਅਭਿਆਸ ਕਰਨਾ ਸੰਭਵ ਹੁੰਦਾ ਹੈ। ਹੇਠਾਂ ਦਿੱਤੇ ਵਚਨਾਂ ਵਿੱਚ ਪਹਿਲਾਂ ਤੋਂ ਚੁਣੇ ਜਾਣ ਬਾਰੇ ਪਵਿੱਤਰ ਆਤਮਾ ਦੀ ਭੂਮਿਕਾ ਦੇ ਹੋਰ ਸਬੂਤ ਪੇਸ਼ ਕੀਤੇ ਜਾਣਗੇ। ਪਰਮੇਸ਼ਰ ਵਿਸ਼ਵਾਸ ਨਹੀਂ ਦਿੰਦੇ ਹਨ, ਪਰ ਉਹ ਵਿਸ਼ਵਾਸ ਕਰਨਾ ਸੰਭਵ ਬਣਾਉਂਦੇ ਹਨ। ਇਹ ਆਇਤਾਂ ਸਥਾਪਿਤ ਕਰਦੀਆਂ ਹਨ ਕਿ ਮਨੁੱਖ ਸੱਚਾਈ ਪ੍ਰਤੀ ਅੰਨ੍ਹਾ ਹੈ। ਇਸ ਲਈ, ਜੇਕਰ ਮੁਕਤੀ ਨੂੰ ਲਾਗੂ ਕਰਨਾ ਹੈ ਤਾਂ ਚੋਣ ਹੋਣੀ ਜ਼ਰੂਰੀ ਸੀ।

> "ਕੋਈ ਮੇਰੇ ਕੋਲ ਨਹੀਂ ਆ ਸਕਦਾ, **ਜਦੋਂ ਤੱਕ ਕਿ ਪਿਤਾ** ਜਿਹਨਾਂ ਨੇ ਮੈਨੂੰ ਭੇਜਿਆ ਹੈ, ਉਸ ਨੂੰ **ਮੇਰੇ ਕੋਲ ਨਹੀਂ ਲਿਆਉਂਦੇ**। ਮੈਂ ਉਸ ਨੂੰ ਅੰਤਿਮ ਦਿਨ ਜਿਊਂਦਾ ਕਰਾਂਗਾ।" [ਯੂਹੰਨਾ 6:44]
>
> ਉਹਨਾਂ ਵਿੱਚ ਲਿਦੀਯਾ ਨਾਂ ਦੀ ਇੱਕ ਔਰਤ ਸੀ ਜੋ ਥੁਆਤੀਰਾ ਸ਼ਹਿਰ ਦੀ ਰਹਿਣ ਵਾਲੀ ਅਤੇ ਜਾਮਨੀ ਰੰਗ ਦੇ ਕੱਪੜੇ ਵੇਚਣ ਵਾਲੀ ਸੀ। ਉਹ ਪਰਮੇਸ਼ਰ ਨੂੰ ਮੰਨਣ ਵਾਲੀ ਸੀ ਅਤੇ ਇਹ ਸਾਰਾ ਕੁਝ ਸੁਣ ਰਹੀ ਸੀ। **ਪ੍ਰਭੂ ਨੇ ਉਸ ਦਾ ਦਿਲ ਖੋਲ੍ਹ ਦਿੱਤਾ** ਕਿ ਉਹ ਪੌਲੁਸ ਦੇ ਵਚਨਾਂ ਉੱਤੇ ਧਿਆਨ ਲਾਵੇ। [ਰਸੂਲਾਂ 16:14]
>
> "...**ਤਾਂ ਜੋ ਤੂੰ ਉਹਨਾਂ ਦੀਆਂ ਅੱਖਾਂ ਖੋਲ੍ਹੇਂ** ਅਤੇ ਹਨੇਰੇ ਤੋਂ ਚਾਨਣ ਵੱਲ ਅਤੇ ਸ਼ੈਤਾਨ ਦੇ ਅਧਿਕਾਰ ਹੇਠੋਂ ਪਰਮੇਸ਼ਰ ਵੱਲ ਮੋੜੇਂ" [ਰਸੂਲਾਂ 26:18]
>
> ਮਸੀਹ ਦੀ ਸਲੀਬ ਦਾ ਸੰਦੇਸ਼ ਉਹਨਾਂ ਦੇ ਲਈ **ਜੋ ਬਰਬਾਦੀ ਦੇ ਰਾਹ ਉੱਤੇ ਹਨ**...[1 ਕੁਰਿੰਥ 1:18]
>
> **ਜਿਸ ਨੂੰ ਪਰਮੇਸ਼ਰ ਦਾ ਆਤਮਾ ਨਹੀਂ ਮਿਲਿਆ ਉਹ ਪਰਮੇਸ਼ਰ ਦੇ ਆਤਮਾ ਦੀਆਂ ਗੱਲਾਂ ਨਹੀਂ ਮੰਨਦਾ**। ਉਸ ਦੇ ਲਈ ਉਹ ਸਭ ਮੂਰਖਤਾ ਦੀਆਂ ਗੱਲਾਂ ਹਨ। [1 ਕੁਰਿੰਥ 2:14]
>
> ...ਇਸ ਯੁੱਗ ਦੇ ਦੇਵਤੇ ਨੇ ਇਹਨਾਂ **ਅਵਿਸ਼ਵਾਸੀਆਂ ਦੇ ਮਨਾਂ ਨੂੰ ਹਨੇਰਾ ਕਰ ਦਿੱਤਾ ਹੈ** ਤਾਂ ਜੋ ਉਹ ਸ਼ੁਭ ਸਮਾਚਾਰ ਦੇ ਚਾਨਣ ਨੂੰ ਨਾ ਦੇਖਣ...[2 ਕੁਰਿੰਥ 4:4]

### C. ਪਰਮੇਸ਼ਰ ਦੇ ਪਹਿਲਾਂ ਤੋਂ ਚੋਣ ਕਰਨ ਦਾ ਆਧਾਰ

ਪਵਿੱਤਰ ਗ੍ਰੰਥ ਚੋਣ/ਪੂਰਵ-ਨਿਯੁਕਤੀ ਅਤੇ ਪੂਰਵ-ਗਿਆਨ ਦੇ ਵਿਚਕਾਰ ਸਿੱਧਾ ਸੰਬੰਧ ਬਣਾਉਂਦਾ ਹੈ। ਪਰਮੇਸ਼ਰ ਮਨ-ਮਰਜ਼ੀ ਅਤੇ ਬਿਨਾਂ ਸ਼ਰਤ ਦੇ ਇੱਕ ਆਤਮਾ ਨੂੰ ਸਵਰਗ ਦੇ ਲਈ ਚੁਣਦੇ ਅਤੇ ਦੂਜੀ ਆਤਮਾ ਨੂੰ ਨਰਕ ਵਿੱਚ ਬੰਦ ਕਰਨ ਦੇ ਲਈ ਨਹੀਂ ਚੁਣਦੇ ਹਨ। ਪਰਮੇਸ਼ਰ ਉਹਨਾਂ ਲੋਕਾਂ ਨੂੰ ਜਾਣਦੇ ਹਨ ਕਿ ਜੇਕਰ ਉਹਨਾਂ ਨੂੰ ਪ੍ਰਕਾਸ਼ਨ ਦਿੱਤਾ ਜਾਵੇਗਾ, ਤਾਂ ਉਹ ਵਿਸ਼ਵਾਸ ਕਰਨਗੇ। ਫਿਰ ਵੀ, ਜਿਹਨਾਂ ਵਿੱਚ ਵਿਸ਼ਵਾਸ ਕਰਨ ਦੇ ਲਈ ਇੱਕ ਅਦਿੱਖ ਸਮਰੱਥਾ ਹੁੰਦੀ ਹੈ, ਉਹ ਵੀ ਉਦੋਂ ਤੱਕ ਕੋਈ ਜਵਾਬ ਨਹੀਂ ਦੇਣਗੇ ਜਦੋਂ ਤੱਕ ਪਰਮੇਸ਼ਰ ਖ਼ੁਦ ਉਹਨਾਂ ਦੇ ਅੰਨ੍ਹੇਪਣ ਨੂੰ ਨਹੀਂ ਵਿੰਨ੍ਹਦੇ ਅਤੇ ਇਸ ਨੂੰ ਦੂਰ ਨਹੀਂ ਕਰਦੇ ਹਨ, ਤਾਂ ਜੋ ਉਹ ਵਿਸ਼ਵਾਸ ਕਰ ਸਕਣ। ਇਸ ਲਈ, ਪਰਮੇਸ਼ਰ ਕੋਲ ਉਹਨਾਂ ਸਾਰੇ ਲੋਕਾਂ ਤੱਕ ਪਹੁੰਚਣ ਦੇ ਲਈ ਚੋਣ ਦਾ ਇੱਕ ਪ੍ਰੋਗਰਾਮ ਹੈ ਜਿਹਨਾਂ ਬਾਰੇ ਉਹ ਪਹਿਲਾਂ ਹੀ ਜਾਣਦੇ ਹਨ ਕਿ ਜੇਕਰ ਉਹਨਾਂ ਦੇ ਅੰਨ੍ਹੇਪਣ ਨੂੰ ਦੂਰ ਕਰ ਦਿੱਤਾ ਜਾਵੇ ਤਾਂ ਉਹ ਵਿਸ਼ਵਾਸ ਕਰਨਗੇ। ਉਹਨਾਂ ਦੀ ਚੋਣ **ਸ਼ਰਤਬੱਧ** ਹੈ। ਇਹ ਸੰਭਾਵੀ ਵਿਸ਼ਵਾਸ ਦੇ ਪੂਰਵ-ਗਿਆਨ ਉੱਤੇ ਨਿਰਭਰ ਕਰਦਾ ਹੈ। ਪਰਮੇਸ਼ਰ ਅਟੱਲ ਵਿਸ਼ਵਾਸ ਨਹੀਂ ਦਿੰਦੇ ਹਨ, ਪਰ ਉਹ ਸ਼ੁਭ-ਸਮਾਚਾਰ ਦੀ ਸਮਝ ਦਾ ਕਾਰਨ ਬਣਦੇ ਹਨ ਤਾਂ ਜੋ ਇੱਕ ਵਿਅਕਤੀ ਖ਼ੁਦ ਵਿਸ਼ਵਾਸ ਕਰ ਸਕੇ। ਪਰਮੇਸ਼ਰ ਉਹਨਾਂ ਨੂੰ ਵੀ ਜਾਣਦੇ ਹਨ ਜਿਹਨਾਂ ਵਿੱਚ ਵਿਸ਼ਵਾਸ ਕਰਨ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਹੈ। ਉਹ ਪਰਮੇਸ਼ਰ ਦੀ ਕਿਰਪਾ ਦੇ ਯਤਨਾਂ ਦੇ ਬਾਅਦ ਵੀ ਕਦੇ ਵਿਸ਼ਵਾਸ ਨਹੀਂ ਕਰਨਗੇ। ਸਪੱਸ਼ਟ ਰੂਪ ਵਿੱਚ, ਇਹਨਾਂ ਵਿੱਚੋਂ ਬਹੁਤ ਸਾਰਿਆਂ ਨੂੰ ਫਿਰ ਵੀ ਕਾਇਲ ਕੀਤਾ ਜਾਵੇਗਾ, (ਯੂਹੰਨਾ 16:8- 11); ਪਰ ਇਹਨਾਂ ਨਾ ਚੁਣੇ ਹੋਇਆਂ ਨੂੰ ਪਵਿੱਤਰ ਆਤਮਾ ਦੁਆਰਾ ਭਾਵੇਂ ਕਿੰਨਾ ਵੀ ਕਾਇਲ ਕੀਤਾ ਜਾਵੇ,

ਪਰਮੇਸ਼ਰ ਜਾਣਦੇ ਹਨ ਕਿ ਉਹ ਲੋਕ ਕਦੇ ਵੀ ਵਿਸ਼ਵਾਸ ਨਹੀਂ ਕਰਨਗੇ। ਪਰਮੇਸ਼ਰ ਉਹਨਾਂ ਵਿੱਚ ਵਿਸ਼ਵਾਸ ਦੀ ਕੋਈ ਭਾਵਨਾ ਨਾ ਹੋਣ ਦੇ ਕਾਰਨ ਉਹਨਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ, ਅਤੇ ਪਰਮੇਸ਼ਰ ਨੇ ਨਿਸ਼ਚਿਤ ਤੌਰ ਤੇ ਉਹਨਾਂ ਦੇ ਅਵਿਸ਼ਵਾਸ ਨੂੰ ਘੋਸ਼ਿਤ ਨਹੀਂ ਕੀਤਾ ਹੈ। **ਅਜਿਹਾ ਕੋਈ ਵੀ ਨਰਕ ਵਿੱਚ ਨਹੀਂ ਹੋਵੇਗਾ ਜਿਸ ਨੇ ਕਦੇ ਵਿਸ਼ਵਾਸ ਕੀਤਾ ਸੀ।**[39] ਜਿਵੇਂ ਪਰਮੇਸ਼ਰ ਦੇ ਸਰਵ-ਵਿਆਪੀ ਪਿਆਰ ਨੂੰ ਉਹਨਾਂ ਦੀ ਪ੍ਰਭੂਸੱਤਾ ਦੇ ਵਿਚਾਰਾਂ ਵਿੱਚ ਸ਼ਾਮਲ ਨਾ ਕਰਨਾ ਇੱਕ ਗ਼ਲਤੀ ਹੈ, ਉਵੇਂ ਹੀ ਪਹਿਲਾਂ ਤੋਂ ਚੁਣੇ ਜਾਣ, ਪੂਰਵ-ਨਿਯੁਕਤੀ ਅਤੇ ਪੂਰਵ-ਗਿਆਨ ਦੇ ਵਿਚਕਾਰ ਸੰਬੰਧ ਉੱਤੇ ਧਿਆਨ ਨਾ ਦੇਣਾ ਵੀ ਇੱਕ ਗੰਭੀਰ ਗ਼ਲਤੀ ਹੈ। ਪਰਮੇਸ਼ਰ ਦੇ ਪਹਿਲਾਂ ਤੋਂ ਚੋਣ ਕਰਨ ਅਤੇ ਪੂਰਵ-ਨਿਯੁਕਤੀ ਦਾ ਅਰਥ ਹੈ ਕਿ ਜਿਸ ਕਿਸੇ ਵਿੱਚ ਵੀ ਵਿਸ਼ਵਾਸ ਦੀ ਸੰਭਵਨਾ ਹੁੰਦੀ ਹੈ ਉਸ ਨੂੰ ਪਵਿੱਤਰ ਆਤਮਾ ਦੁਆਰਾ ਅੰਨ੍ਹੇਪਣ ਨੂੰ ਦੂਰ ਕਰਨ ਦਾ ਮੌਕਾ ਮਿਲੇਗਾ, ਤਾਂ ਜੋ ਉਹ ਸ਼ੁਭ-ਸਮਾਚਾਰ ਨੂੰ ਸਮਝ ਸਕੇ ਅਤੇ ਇਸ ਦਾ ਨਤੀਜਾ ਵਿਸ਼ਵਾਸ ਅਤੇ ਮੁਕਤੀ ਹੋਵੇਗਾ।

> ਕਿਉਂਕਿ ਜਿਹਨਾਂ ਨੂੰ ਪਰਮੇਸ਼ਰ ਨੇ **ਪਹਿਲਾਂ ਹੀ ਚੁਣ ਲਿਆ**, ਉਹਨਾਂ ਨੂੰ ਆਪਣੇ ਪੁੱਤਰ ਦੇ ਸਰੂਪ ਬਣਨ ਦੇ ਲਈ ਵੀ ਨਿਯੁਕਤ ਕਰ ਦਿੱਤਾ ਕਿ ਉਹਨਾਂ ਦਾ ਪੁੱਤਰ ਬਹੁਤ ਸਾਰੇ ਭਰਾਵਾਂ ਵਿੱਚ ਜੇਠਾ ਠਹਿਰੇ। [ਰੋਮੀ 8:29]
>
> … ਤੁਸੀਂ ਪਰਮੇਸ਼ਰ **ਪਿਤਾ ਦੇ ਉਦੇਸ਼ ਦੇ ਅਨੁਸਾਰ ਪਹਿਲਾਂ ਹੀ ਚੁਣੇ ਗਏ** ਅਤੇ ਪਵਿੱਤਰ ਆਤਮਾ ਦੇ ਦੁਆਰਾ ਪਵਿੱਤਰ ਕੀਤੇ ਗਏ ਤਾਂ ਜੋ ਯਿਸੂ ਮਸੀਹ ਦੇ ਆਗਿਆਕਾਰੀ ਬਣੋ ਜਿਹਨਾਂ ਦਾ ਖ਼ੂਨ ਤੁਹਾਡੇ ਉੱਤੇ ਛਿੜਕਿਆ ਗਿਆ ਹੈ [1 ਪਤਰਸ 1:1,2]

ਕਿਉਂਕਿ ਅਵਿਸ਼ਵਾਸੀ ਮਨੁੱਖ ਅੰਨ੍ਹਾ ਹੈ (1 ਕੁਰਿੰਥ 1:18; 2:14; 2 ਕੁਰਿੰਥ 4:4), ਅਤੇ ਹਨੇਰੇ ਨੂੰ ਵਿੰਨ੍ਹਣ ਦੇ ਲਈ ਪਰਮੇਸ਼ਰ ਦਾ ਕੰਮ ਜ਼ਰੂਰੀ ਹੈ (ਯੂਹੰਨਾ 6:44; 16:8-11; ਰਸੂਲਾਂ 16:14; 26:18), ਤਾਂ ਇੱਕ ਵਿਅਕਤੀ ਇਹੀ ਉਮੀਦ ਕਰੇਗਾ ਕਿ ਬਾਈਬਲ ਪਹਿਲਾਂ ਤੋਂ ਚੋਣ ਕਰਨ ਨੂੰ ਪਵਿੱਤਰ ਆਤਮਾ ਦੀ ਕਾਇਲ ਕਰਨ ਦੀ ਸੇਵਕਾਈ ਨਾਲ ਜੋੜਦੀ ਹੈ। ਇੱਕ ਵਿਅਕਤੀ ਦੇ ਮੁਕਤੀ ਦੇ ਲਈ ਚੁਣੇ ਜਾਣ ਤੋਂ ਜ਼ਿਆਦਾ, ਅਸਲ ਵਿੱਚ ਪਰਮੇਸ਼ਰ ਉਹਨਾਂ ਲੋਕਾਂ ਨੂੰ ਚੁਣਦੇ ਹਨ ਜਿਹਨਾਂ ਵਿੱਚ ਸੰਭਾਵੀ ਗੁਪਤ ਵਿਸ਼ਵਾਸ ਹੁੰਦਾ ਹੈ, ਅਤੇ ਉਹਨਾਂ ਨੂੰ ਪਵਿੱਤਰ ਆਤਮਾ ਦੁਆਰਾ ਕਾਇਲ ਕੀਤਾ ਜਾਂਦਾ ਹੈ ਤਾਂ ਜੋ ਉਹਨਾਂ ਨੂੰ ਸ਼ੁਭ-ਸਮਾਚਾਰ ਦਾ ਗਿਆਨ ਦਿੱਤਾ ਜਾ ਸਕੇ। ਫਿਰ ਇੱਕ ਵਿਅਕਤੀ ਦਾ ਗੁਪਤ ਵਿਸ਼ਵਾਸ ਇੱਕ ਪ੍ਰਗਟ ਕੀਤਾ ਗਿਆ ਵਿਸ਼ਵਾਸ ਬਣ ਜਾਂਦਾ ਹੈ। ਪਵਿੱਤਰ ਆਤਮਾ ਅਤੇ ਪਹਿਲਾਂ ਤੋਂ ਚੁਣੇ ਜਾਣ ਵਿਚਕਾਰ ਸੰਬੰਧ 2 ਥੱਸਲੁ 2:13 ਅਤੇ 1 ਪਤਰਸ 1:2 ਵਿੱਚ ਪਾਇਆ ਜਾਂਦਾ ਹੈ। ਯਾਦ ਰੱਖੋ ਕਿ ਸ਼ੁੱਧੀਕਰਨ ਦਾ ਅਰਥ "ਅਲੱਗ ਹੋਣਾ" ਹੈ। ਚੁਣੇ ਹੋਏ ਲੋਕਾਂ ਨੂੰ ਕਿਰਪਾ ਅਤੇ ਪਵਿੱਤਰ ਆਤਮਾ ਦੇ ਪ੍ਰਭਾਵ ਦੇ ਖ਼ਾਸ ਕੰਮ ਦੇ ਲਈ ਅਲੱਗ ਕੀਤਾ ਗਿਆ ਹੈ। ਪਵਿੱਤਰ ਆਤਮਾ ਅੰਨ੍ਹੇਪਣ ਨੂੰ ਵਿੰਨ੍ਹਦਾ, ਅਤੇ ਇਸ ਨੂੰ ਦੂਰ ਕਰਦਾ ਹੈ, ਅਤੇ ਫਿਰ ਵਿਸ਼ਵਾਸ ਕੀਤਾ ਜਾਂਦਾ ਹੈ।

> …ਕਿਉਂਕਿ ਪਰਮੇਸ਼ਰ ਨੇ ਤੁਹਾਨੂੰ ਆਦਿ ਤੋਂ ਮੁਕਤੀ ਪ੍ਰਾਪਤ ਕਰਨ ਦੇ ਲਈ ਚੁਣਿਆ ਹੈ। ਉਹਨਾਂ ਨੇ ਤੁਹਾਨੂੰ **ਪਵਿੱਤਰ ਆਤਮਾ ਦੇ ਰਾਹੀਂ ਸੱਚ ਵਿੱਚ ਵਿਸ਼ਵਾਸ ਕਰਨ ਦੇ ਦੁਆਰਾ ਪਵਿੱਤਰ ਕੀਤਾ ਹੈ।** [2 ਥੱਸਲੁ 2:13]
>
> …ਤੁਸੀਂ ਪਰਮੇਸ਼ਰ ਪਿਤਾ ਦੇ ਉਦੇਸ਼ ਦੇ ਅਨੁਸਾਰ ਪਹਿਲਾਂ ਹੀ ਚੁਣੇ ਗਏ ਅਤੇ **ਪਵਿੱਤਰ ਆਤਮਾ ਦੇ ਦੁਆਰਾ ਪਵਿੱਤਰ ਕੀਤੇ ਗਏ ਤਾਂ ਜੋ ਯਿਸੂ ਮਸੀਹ ਦੇ ਆਗਿਆਕਾਰੀ ਬਣੋ** ਜਿਹਨਾਂ ਦਾ ਖ਼ੂਨ ਤੁਹਾਡੇ ਉੱਤੇ ਛਿੜਕਿਆ ਗਿਆ ਹੈ।…[1 ਪਤਰਸ 1:1-2]

### D. ਪਰਮੇਸ਼ਰ ਦੁਆਰਾ ਪਹਿਲਾਂ ਤੋਂ ਚੋਣ ਦਾ ਅੰਤਿਮ ਟੀਚਾ

ਪੂਰਵ-ਨਿਯੁਕਤੀ ਅਤੇ ਚੋਣ ਦੇ ਸਿਧਾਂਤਾਂ ਦੇ ਲਈ, ਆਮ ਤੌਰ ਤੇ ਜੀਵਨ ਪਰਿਵਰਤਨ ਦੇ ਸਮੇਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਹ ਮੁਕਤੀ ਦੇ ਸਮੇਂ ਨਾਲ ਸੰਬੰਧ ਰੱਖਦੇ ਹਨ। ਫਿਰ ਵੀ, ਪੂਰਵ-ਨਿਯੁਕਤੀ ਅਤੇ ਚੋਣ ਦੀਆਂ ਸਿੱਖਿਆਵਾਂ ਦਾ ਪ੍ਰਭਾਵ, ਪ੍ਰਭੂ ਦਾ ਗਿਆਨ ਮਿਲਣ ਦੇ ਸਮੇਂ ਅਤੇ ਮਸੀਹ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਸਵੀਕਾਰ ਕਰਨ ਦੇ ਸਮੇਂ ਤੋਂ ਬਹੁਤ ਅੱਗੇ ਤੱਕ ਹੁੰਦਾ ਹੈ। ਅਫ਼ਸੀਆਂ 1:5 ਦੱਸਦਾ ਹੈ ਕਿ "ਉਹਨਾਂ ਨੇ ਸਾਨੂੰ ਗੋਦ ਲਈ ਹੋਈ ਸੰਤਾਨ ਲਈ ਪਹਿਲਾਂ ਹੀ ਚੁਣ ਲਿਆ...।" ਹਾਲਾਂਕਿ *ਗੋਦ ਲੈਣਾ* ਸ਼ਬਦ ਇੱਕ ਪਰਿਵਾਰ ਵਿੱਚ ਸ਼ਾਮਲ ਹੋਣ ਦੇ ਵਿਚਾਰ ਨੂੰ ਜਨਮ ਦਿੰਦਾ ਹੈ, ਫਿਰ ਵੀ ਬਾਈਬਲ ਦੇ ਲੇਖਕ ਇਸ ਸ਼ਬਦ ਨੂੰ ਗੋਦ ਲੈਣ ਦਾ ਆਮ ਅਰਥ ਦਿੰਦੇ ਹਨ, ਅਤੇ ਉਹ ਆਮ ਤੌਰ ਤੇ ਗੋਦ ਲੈਣ ਨੂੰ ਵਿਰਾਸਤ ਅਤੇ ਪਰਿਪੱਕਤਾ ਦੇ ਇੱਕ ਪੱਧਰ ਨਾਲ ਜੋੜਦੇ ਹਨ।

ਗਲਾਤੀਆਂ 4:5-7 ਵਿੱਚ ਗੋਦ ਲੈਣ ਦਾ ਅਰਥ ਪਰਮੇਸ਼ਰ ਦੇ ਪਰਿਵਾਰ ਵਿੱਚ ਸ਼ਾਮਲ ਹੋਣ ਅਤੇ ਇੱਕ "ਵਾਰਸ" ਬਣਨ ਦਾ ਸਮਾਂ ਹੈ (ਇੱਕ ਵਿਅਕਤੀ ਨੂੰ ਵਾਰਸ ਦੇ ਰੂਪ ਵਿੱਚ ਨਾਮ ਦਿੱਤਾ ਗਿਆ ਹੈ, ਪਰ ਉਸ

[39] ਲੇਖਕ ਮਨੁੱਖ ਦੀ ਇੱਛਾ ਨੂੰ ਪੂਰੀ ਤਰ੍ਹਾਂ ਸੁਤੰਤਰ ਨਹੀਂ ਮੰਨਦਾ ਹੈ। ਫਿਰ ਵੀ, ਪਰਮੇਸ਼ਰ ਧਾਰਮਿਕਤਾ ਨਾਲ ਇੱਕ ਵਿਅਕਤੀ ਨੂੰ ਉਸ ਦੇ ਸਦੀਪਕ ਭਵਿੱਖ ਦੇ ਲਈ ਜ਼ਿੰਮੇਵਾਰ ਠਹਿਰਾ ਸਕਦੇ ਹਨ। ਇੱਕ ਵਿਅਕਤੀ ਗਿਆਨ ਮਿਲਣ ਤੋਂ ਬਾਅਦ ਜਾਂ ਤਾਂ ਸੱਚਾਈ ਦਾ ਇਨਕਾਰ ਕਰਦਾ ਹੈ, ਅਤੇ ਜਾਂ ਪਰਮੇਸ਼ਰ ਪਹਿਲਾਂ ਹੀ ਜਾਣਦੇ ਹਨ ਕਿ ਗਿਆਨ ਦਿੱਤੇ ਜਾਣ ਤੋਂ ਬਾਅਦ ਵੀ, ਉਹ ਸੱਚਾਈ ਦਾ ਅਖ਼ੀਰ ਤੱਕ ਇਨਕਾਰ ਕਰਦਾ ਰਹੇਗਾ। ਪਰਮੇਸ਼ਰ ਜਾਣਦੇ ਹਨ ਕਿ ਉਹ ਭਾਵੇਂ ਕਿੰਨੀ ਵਾਰ ਜਾਂ ਕਿੰਨੇ ਤਰੀਕਿਆਂ ਨਾਲ ਭਲਿਆਈ ਦੇ ਯਤਨ ਕਰਨ, ਫਿਰ ਵੀ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਜਾਵੇਗਾ।

ਕੋਲ ਅਜੇ ਪੂਰੀ ਵਿਰਾਸਤ ਨਹੀਂ ਹੈ)। ਮਸੀਹ ਵਿੱਚ ਵਿਸ਼ਵਾਸੀ ਨੂੰ ਇੱਕ ਪਰਿਪੱਕ ਪੁੱਤਰ ਦੇ ਰੂਪ ਵਿੱਚ ਸਥਾਪਿਤ ਕੀਤਾ ਗਿਆ ਹੈ, ਜਦੋਂ ਕਿ ਬਿਵਸਥਾ ਦੇ ਅਧੀਨ ਹੋਣ ਵਾਲੇ ਪਰਮੇਸ਼ਰ ਦੇ "ਬੱਚਿਆਂ" ਦੀ ਪਰਿਪੱਕਤਾ ਘੱਟ ਸੀ। ਵਿਸ਼ਵਾਸੀ ਵਰਤਮਾਨ ਵਿੱਚ ਇੱਕ ਵਾਰਸ ਹੈ, ਪਰ ਉਸ ਕੋਲ ਅਜੇ ਵਿਰਾਸਤ ਦਾ ਪੂਰਾ ਅਧਿਕਾਰ ਨਹੀਂ ਹੈ।

ਪਰ ਰੋਮੀਆਂ 8:23 ਵਿੱਚ, ਸ਼ਬਦ ਗੋਦ ਲੈਣਾ ਭਵਿੱਖ ਉੱਤੇ ਜ਼ੋਰ ਦਿੰਦਾ ਹੈ। ਇਹ "ਸਾਡੇ ਸਰੀਰ ਦੇ ਛੁਟਕਾਰੇ" ਬਾਰੇ ਦੱਸਦਾ ਹੈ, ਜਿਵੇਂ ਕਿ., "ਗੋਦ ਲੈਣਾ" ਜਿਸ ਵਿੱਚ ਅਸੀਂ ਇੱਕ ਮਹਿਮਾਮਈ ਮਨੁੱਖ ਦੇ ਰੂਪ ਵਿੱਚ ਪ੍ਰਭੂ ਯਿਸੂ ਮਸੀਹ ਵਰਗੇ ਬਣ ਜਾਂਦੇ ਹਾਂ (1 ਯੂਹੰਨਾ 3:2)। ਇਸ ਭਵਿੱਖ ਦੇ ਬਿੰਦੂ ਤੇ, ਵਿਸ਼ਵਾਸੀ ਪਰਿਪੱਕ ਪੁੱਤਰ ਬਣ ਜਾਣਗੇ, ਅਤੇ ਫਿਰ ਉਹ ਸਿਰਫ਼ ਨਾਮ ਦੇ ਵਾਰਸ ਨਹੀਂ ਹੋਣਗੇ, ਪਰ ਪੂਰੀ ਵਿਰਾਸਤ ਪ੍ਰਾਪਤ ਕਰ ਲੈਣਗੇ। ਇਹ ਕ੍ਰਮ ਰੋਮੀ 8:15 ਅਤੇ ਅਗਲੇ ਵਚਨਾਂ ਦੇ ਸੰਦਰਭ ਵਿੱਚ ਮਿਲਦਾ ਹੈ। ਜਿਹਨਾਂ ਕੋਲ ਗੋਦ ਲਈ ਹੋਈ ਸੰਤਾਨ ਹੋਣ ਦਾ ਆਤਮਾ ਹੈ (ਆਇਤ 15), ਉਹ ਵਾਰਸ ਹਨ (ਆਇਤ 17)। ਫਿਰ ਵੀ, ਉਹ ਆਪਣੀ ਪੂਰੀ ਮਹਿਮਾ ਅਤੇ ਪੂਰੀ ਵਿਰਾਸਤ ਦੀ ਉਡੀਕ ਕਰ ਰਹੇ ਹਨ (ਆਇਤਾਂ 17-18)। ਆਤਮਾ ਦਾ ਪਹਿਲਾ ਵਰਦਾਨ ਜਾਂ ਅੰਸ਼ਕ ਵਿਰਾਸਤ ਪਾਉਣਾ ਇੱਕ ਹਕੀਕਤ ਹੈ (ਆਇਤ 23), ਪਰ ਇੱਕ ਸੰਪੂਰਨ "ਗੋਦ ਲੈਣਾ" ਭਵਿੱਖ ਦੀ ਇੱਕ ਘਟਨਾ ਹੈ ਜਿਸ ਵਿੱਚ ਸਾਡੇ ਸਰੀਰ ਮਸੀਹ ਦੇ ਨਮੂਨੇ ਅਨੁਸਾਰ ਪਰਮੇਸ਼ਰ ਦੇ ਪਰਿਪੱਕ ਪੁੱਤਰਾਂ ਵਰਗੇ ਬਣ ਜਾਣਗੇ (ਆਇਤ 23; 1 ਯੂਹੰਨਾ 3:2 ਵੀ ਦੇਖੋ)। ਪੂਰਵ-ਨਿਯੁਕਤੀ ਅਤੇ ਚੋਣ ਦੇ ਸਿਧਾਂਤ ਵਿੱਚ ਇੱਕ ਮਹੱਤਵ ਦੀ ਗੱਲ ਇਹ ਹੈ ਕਿ ਅੱਗੇ ਇਸ ਸੰਦਰਭ ਵਿੱਚ ਪੌਲੁਸ ਪੂਰਵ-ਨਿਯੁਕਤੀ ਦੇ ਨਤੀਜੇ ਨੂੰ ਮਸੀਹ ਦੇ ਰੂਪ ਵਿੱਚ ਬਦਲਣ (ਆਇਤ 29), ਅਤੇ ਪੂਰੀ ਮਹਿਮਾ ਪਾਉਣ (ਆਇਤ 30) ਨਾਲ ਜੋੜਦਾ ਹੈ। **ਗੋਦ ਲੈਣਾ** ਮੁਕਤੀ ਦੇ ਸਮੇਂ **ਪਰਮੇਸ਼ਰ ਦੇ ਪਰਿਵਾਰ ਵਿੱਚ ਸ਼ਾਮਲ ਹੋਣ** ਦਾ ਹਵਾਲਾ ਦਿੰਦੇ ਹੋਏ, ਇੱਕ **ਭਵਿੱਖ ਦੀ "ਪੁੱਤਰ-ਸਥਾਪਤੀ"** ਨੂੰ ਵੀ ਦਰਸਾਉਂਦਾ ਹੈ ਜਦੋਂ ਵਿਸ਼ਵਾਸੀ ਮਹਿਮਾਮਈ ਮਸੀਹ ਦੇ ਰੂਪ ਵਿੱਚ ਪਰਿਪੱਕ ਪੁੱਤਰਾਂ ਦੀ ਤਰ੍ਹਾਂ ਸਥਾਪਿਤ ਕੀਤੇ ਜਾਣਗੇ। ਪੌਲੁਸ ਰੋਮੀਆਂ 8 ਵਿੱਚ ਇਹ ਸਿਖਾਉਂਦਾ ਹੈ ਕਿ ਮਸੀਹੀ ਲੋਕ ਭਵਿੱਖ ਵਿੱਚ ਇਸ ਗੋਦ ਲਏ ਜਾਣ ਦੇ ਲਈ ਪਹਿਲਾਂ ਤੋਂ ਨਿਯੁਕਤ ਕੀਤੇ ਗਏ ਹਨ।

ਜਦੋਂ ਅਫ਼ਸੀਆਂ 1 ਦੇ ਸੰਦਰਭ ਨੂੰ ਦੇਖਿਆ ਜਾਂਦਾ ਹੈ, ਤਾਂ ਰੋਮੀ 8:23 ਵਾਂਗ ਗੋਦ ਲੈਣ ਦੇ ਸ਼ਬਦ ਨੂੰ ਭਵਿੱਖ ਦੀ ਸਥਿਤੀ ਵਿੱਚ ਹੀ ਦੇਖਣਾ ਸਭ ਤੋਂ ਵਧੀਆ ਲੱਗਦਾ ਹੈ (ਇਹ ਗਲਾਤੀ 4:5 ਅਤੇ ਰੋਮੀ 8:15 ਦੇ ਵਾਂਗ ਨਹੀਂ ਹੈ ਜੋ ਮੌਜੂਦਾ ਸਥਿਤੀ ਦੀ ਗੱਲ ਕਰਦੇ ਹਨ)। ਇਸ ਵਾਕ, "ਉਹਨਾਂ ਨੇ ਗੋਦ ਲਈ ਹੋਈ ਸੰਤਾਨ ਬਣਾਉਣ ਲਈ ਪਹਿਲਾਂ ਤੋਂ ਚੁਣ ਲਿਆ" ਦਾ ਅਰਥ ਇਹ ਹੋ ਸਕਦਾ ਹੈ ਕਿ "ਉਹਨਾਂ ਨੇ ਸਾਨੂੰ ਪੁੱਤਰਾਂ ਦੇ ਰੂਪ ਵਿੱਚ ਗੋਦ ਲੈਣ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ" ਜਾਂ "ਉਹਨਾਂ ਨੇ ਸਾਨੂੰ ਮਹਿਮਾ, ਸੰਪੂਰਨ ਵਿਰਾਸਤ, ਅਤੇ ਮਸੀਹ ਵਰਗੇ ਪਰਿਪੱਕ ਪੁੱਤਰ ਹੋ ਕੇ ਇੱਕ ਸੰਪੂਰਨ ਪੁੱਤਰ-ਸਥਾਨ ਪ੍ਰਾਪਤ ਕਰਨ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ।" ਅਫ਼ਸੀਆਂ 1 ਦੇ ਸੰਦਰਭ ਵਿੱਚ, ਪੌਲੁਸ ਵਿਰਾਸਤ ਦੇ ਵਿਸ਼ੇ ਉੱਤੇ ਗੱਲ ਕਰਦਾ ਹੈ। ਵਿਸ਼ਵਾਸੀਆਂ ਕੋਲ ਉਹਨਾਂ ਦੀ ਵਿਰਾਸਤ ਦਾ ਬਿਆਨਾ ਹੈ, ਪਰ ਵਿਰਾਸਤ ਪੂਰੀ ਤਰ੍ਹਾਂ ਭਵਿੱਖ ਵਿੱਚ ਮਿਲੇਗੀ (ਆਇਤ 14)। ਆਇਤ 14 ਵੀ ਵਿਸ਼ਵਾਸੀਆਂ ਦੇ ਸਰੀਰਾਂ ਦੇ ਛੁਟਕਾਰੇ ਬਾਰੇ ਹੈ, ਅਤੇ ਇਹ ਵਿਚਾਰ ਰੋਮੀ 8 ਦੇ ਵਿਚਾਰ ਨਾਲ ਮਿਲਦਾ ਜੁਲਦਾ ਹੈ। ਅਫ਼ਸੀ 1:5 ਅਤੇ ਰੋਮੀ 8:15ff. ਦੋਵੇਂ ਹੀ ਇਹ ਸਿਖਾਉਂਦੇ ਹਨ ਕਿ ਵਿਸ਼ਵਾਸੀਆਂ ਨੂੰ ਸੰਪੂਰਨ ਵਿਰਾਸਤ ਅਤੇ ਸਰੀਰਾਂ ਦਾ ਸੰਪੂਰਨ ਛੁਟਕਾਰਾ ਮਿਲੇਗਾ। ਰੋਮੀਆਂ 8 ਵਿੱਚ ਖ਼ਾਸ ਤੌਰ ਤੇ ਇਹ ਵਿਚਾਰ ਵੀ ਸ਼ਾਮਲ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਗੋਦ ਲੈਣਾ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ। **ਅਸਲ ਵਿੱਚ, ਪੂਰਵ-ਨਿਯੁਕਤੀ ਦਾ ਅੰਤਿਮ ਟੀਚਾ ਮਨ ਪਰਿਵਰਤਨ ਨਹੀਂ ਪਰ ਮਹਿਮਾ ਪ੍ਰਾਪਤ ਕਰਨਾ ਹੈ।** ਜਦੋਂ ਪੌਲੁਸ ਅਫ਼ਸੀਆਂ 1:5 ਵਿੱਚ ਪਹਿਲਾਂ ਤੋਂ ਗੋਦ ਲੈਣ ਦੇ ਵਿਚਾਰ ਦੀ ਗੱਲ ਕਰਦਾ ਹੈ, ਤਾਂ ਇਸ ਦੀ ਰੋਮੀਆਂ 8 ਅਤੇ ਅਫ਼ਸੀਆਂ 1 ਨਾਲ ਸਮਾਨਤਾਵਾਂ ਦੇ ਕਾਰਨ, ਭਵਿੱਖ ਦੇ ਪਹਿਲੂਆਂ ਨੂੰ ਬਾਹਰ ਕੱਢਣਾ ਮੁਸ਼ਕਲ ਹੁੰਦਾ ਹੈ। ਦੋਵੇਂ ਪੁਸਤਕਾਂ ਇੱਕੋ ਹੀ ਲੇਖਕ ਦੁਆਰਾ ਲਿਖੀਆਂ ਗਈਆਂ ਹਨ।

ਜਦੋਂ ਪੌਲੁਸ ਅਫ਼ਸੀ 1:5 ਵਿੱਚ ਪੂਰਵ-ਨਿਯੁਕਤੀ ਅਤੇ "ਗੋਦ ਲੈਣ" ਬਾਰੇ ਸਿਖਾਉਂਦਾ ਹੈ, ਤਾਂ ਉਹ ਦੇ ਮਨ ਵਿੱਚ ਸ਼ਾਇਦ ਗਲਾਤੀ 4:5ff. ਅਤੇ ਰੋਮੀ 8:15 ਦੀ ਪੁੱਤਰ-ਸਥਾਪਨਾ ਵੀ ਹੋਵੇਗੀ (ਇਹ ਸਾਡੇ ਪਰਮੇਸ਼ਰ ਦੇ ਪਰਿਵਾਰ ਵਿੱਚ ਸ਼ਾਮਲ ਕਰਨ ਦੀ ਸ਼ੁਰੂਆਤ ਹੁੰਦੀ ਹੈ)। ਪਰ, ਇੱਥੇ ਹੀ ਰੁਕਣਾ ਅਧੂਰੀ ਗੱਲ ਹੋਵੇਗੀ। ਇਹ ਅਸਲ ਵਿੱਚ ਪਰਮੇਸ਼ਰ ਦੀ ਪੂਰਵ-ਨਿਯੁਕਤੀ ਦੇ ਮੁੱਖ ਟੀਚੇ ਤੋਂ ਖੁੰਝਣਾ ਹੋਵੇਗਾ। ਪੌਲੁਸ ਇਹ ਵੀ ਸਿਖਾ ਰਿਹਾ ਹੈ ਕਿ ਵਿਸ਼ਵਾਸੀ ਸੰਪੂਰਨ ਵਿਰਾਸਤ ਭਾਵ, ਪਰਿਪੱਕ ਪ੍ਰਭੂ ਯਿਸੂ ਮਸੀਹ ਦੇ ਰੂਪ ਵਿੱਚ ਆਪਣੇ ਸਰੀਰਾਂ ਦੀ ਮਹਿਮਾ ਪ੍ਰਾਪਤ ਕਰਨ ਦੇ ਲਈ ਪਹਿਲਾਂ ਤੋਂ ਨਿਯੁਕਤ ਕੀਤੇ ਗਏ ਹਨ। ਵਿਸ਼ਵਾਸੀ ਆਪਣੀ ਵਿਰਾਸਤ ਨੂੰ ਪ੍ਰਾਪਤ ਕਰਨ ਦੇ ਲਈ ਪਹਿਲਾਂ ਤੋਂ ਨਿਯੁਕਤ ਕੀਤੇ ਗਏ ਹਨ। ਚੋਣ ਅਤੇ ਪੂਰਵ-ਨਿਯੁਕਤੀ ਦੇ ਸਿਧਾਂਤ ਨੂੰ ਭਵਿੱਖ ਉੱਤੇ ਜ਼ੋਰ ਦੇਣਾ ਜ਼ਰੂਰੀ ਹੈ। ਇਹ ਅਜਿਹੀਆਂ ਸਿੱਖਿਆਵਾਂ ਹਨ ਜੋ ਸਦੀਪਕ ਸੁਰੱਖਿਆ ਦੇ ਸਿਧਾਂਤ ਨੂੰ ਯਕੀਨੀ ਬਣਾਉਂਦੀਆਂ ਹਨ। **ਚੁਣੇ ਹੋਏ ਲੋਕ ਸਦੀਪਕ ਮਹਿਮਾ ਦੇ ਲਈ ਪਹਿਲਾਂ ਤੋਂ ਨਿਯੁਕਤ ਕੀਤੇ ਗਏ ਹਨ।**

ਸੰਖੇਪ ਵਿੱਚ, ਪਰਮੇਸ਼ਰ ਉਹਨਾਂ ਸਾਰਿਆਂ ਨੂੰ ਪਹਿਲਾਂ ਤੋਂ ਜਾਣਦੇ ਹਨ ਜਿਹਨਾਂ ਵਿੱਚ ਵਿਸ਼ਵਾਸ ਕਰਨ ਦੀ ਸੰਭਾਵਨਾ ਹੁੰਦੀ ਹੈ। ਇਹਨਾਂ ਵਿੱਚੋਂ ਕੋਈ ਵੀ ਮੁਕਤੀ ਤੋਂ ਨਹੀਂ ਖੁੰਝੇਗਾ। ਪਰਮੇਸ਼ਰ ਉਹਨਾਂ ਨੂੰ ਪਵਿੱਤਰ ਆਤਮਾ ਦੁਆਰਾ ਗਿਆਨ ਦੇ ਵਿਸ਼ੇਸ਼ ਪ੍ਰਾਪਤਕਰਤਾ ਵਜੋਂ ਚੁਣਦੇ ਹਨ।

ਅੰਨ੍ਹੇਪਣ ਨੂੰ ਹਟਾ ਦਿੱਤਾ ਜਾਂਦਾ ਹੈ ਤਾਂ ਜੋ ਵਿਅਕਤੀ ਦਾ ਵਿਸ਼ਵਾਸ ਜਵਾਬ ਦੇ ਸਕੇ। ਇਹ "ਪੁੱਤਰ ਵਜੋਂ ਗੋਦ ਲੈਣ" ਵੱਲ ਅਗਵਾਈ ਕਰਦਾ ਹੈ। ਫਿਰ ਵੀ, ਪਹਿਲਾਂ ਤੋਂ ਚੋਣ ਅਤੇ ਨਿਯੁਕਤੀ ਮਨ ਪਰਿਵਰਤਨ ਨਾਲ ਖ਼ਤਮ ਨਹੀਂ ਹੁੰਦੇ ਹਨ। ਲਾਜ਼ਮੀ ਤੌਰ ਤੇ ਵਿਸ਼ਵਾਸੀ ਗੋਦ ਲਏ ਜਾਣ ਦੇ ਨਾਲ ਭਵਿੱਖ ਵਿੱਚ "ਪੁੱਤਰ-ਸਥਾਪਨਾ" ਅਤੇ ਭਵਿੱਖ ਦੀ ਮਹਿਮਾ ਵਿੱਚ ਮਸੀਹ ਦੇ ਵਰਗੇ ਬਣਨ ਲਈ ਪਹਿਲਾਂ ਤੋਂ ਹੀ ਨਿਯੁਕਤ ਕੀਤੇ ਗਏ ਹਨ (ਰੋਮੀ 8:29-30)। ਕੁਝ ਵੀ ਜਾਂ ਕੋਈ ਵੀ ਇਸ ਨੂੰ ਰੋਕ ਨਹੀਂ ਸਕਦਾ ਹੈ ਕਿਉਂਕਿ ਇਹ ਇੱਕ ਪ੍ਰਭੂਸੱਤਾ ਵਾਲੇ ਪਰਮੇਸ਼ਰ ਦਾ ਹੁਕਮ ਹੈ।

## II. ਇਸ ਜੀਵਨ ਵਿੱਚ ਮੁਕਤੀ ਉਹਨਾਂ ਲੋਕਾਂ ਉੱਤੇ ਲਾਗੂ ਹੁੰਦੀ ਹੈ ਜੋ ਮੁਕਤੀ ਦੇ ਲਈ ਪਰਮੇਸ਼ਰ ਦੀ ਸ਼ਰਤ ਦੀ ਪਾਲਣਾ ਕਰਦੇ ਹਨ

### A. ਜਾਣ-ਪਛਾਣ

ਜੇਕਰ ਕੋਈ ਬਾਈਬਲ ਵਿੱਚ ਵਿਸ਼ਵਾਸ ਕਰਨ ਵਾਲੀ ਇੱਕ ਕਲੀਸਿਯਾ ਵਿੱਚ ਇੱਕ ਆਮ ਸ਼ੁਭ-ਸਮਾਚਾਰ ਦੇ ਟ੍ਰੈਕ ਨੂੰ ਦੇਖਦਾ ਹੈ, ਤਾਂ ਉਹ ਸ਼ਾਇਦ ਮੁਕਤੀ ਦੇ ਲਈ ਵਰਤੇ ਗਏ ਸ਼ਬਦਾਂ ਦੀ ਗਿਣਤੀ ਤੋਂ ਹੈਰਾਨ ਹੋ ਸਕਦਾ ਹੈ। ਸ਼ੁਭ-ਸਮਾਚਾਰ ਪ੍ਰਤੀ ਬੇਨਤੀਆਂ ਵੱਖ-ਵੱਖ ਰੂਪਾਂ ਵਿੱਚ ਆਉਂਦੀਆਂ ਹਨ ਜਿਵੇਂ ਕਿ, "ਵਿਸ਼ਵਾਸ ਕਰੋ," "ਤੋਬਾ ਕਰੋ," "ਪਾਪਾਂ ਨੂੰ ਸਵੀਕਾਰ ਕਰੋ," "ਆਪਣਾ ਇਨਕਾਰ ਕਰੋ," "ਸਮਰਪਣ ਕਰੋ," "ਯਿਸੂ ਮਸੀਹ ਨੂੰ ਸਵੀਕਾਰ ਕਰੋ," "ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਓ," "ਸਭ ਕੁਝ ਦਾ ਇਨਕਾਰ ਕਰੋ," ਆਦਿ। ਕਈ ਵਾਰ ਇਹਨਾਂ ਸ਼ਬਦਾਂ ਨੂੰ ਜੋੜ ਕੇ ਮੁਕਤੀ ਦੇ ਲਈ ਤਿੰਨ, ਚਾਰ, ਪੰਜ ਕਦਮ ਦਿੱਤੇ ਜਾਂਦੇ ਹਨ (ਜਿਵੇਂ ਕਿ, ਪਹਿਲਾਂ ਤੋਬਾ ਕਰੋ, ਫਿਰ ਵਿਸ਼ਵਾਸ ਕਰੋ, ਅਤੇ ਫਿਰ ਮਸੀਹ ਨੂੰ ਸਵੀਕਾਰ ਕਰੋ)। ਕੀ ਇਹਨਾਂ ਸਾਰੇ ਸ਼ਬਦਾਂ ਦਾ ਅਰਥ ਇੱਕੋ ਹੀ ਹੈ? ਕੀ ਮੁਕਤੀ ਦੇ ਲਈ ਇੱਕ ਜਾਂ ਇੱਕ ਤੋਂ ਵੱਧ ਸ਼ਰਤਾਂ ਹਨ? ਇਸ ਤੋਂ ਪਹਿਲਾਂ ਇੱਕ ਮਸੀਹੀ ਗਵਾਹੀ ਦੇਣ ਦੇ ਲਈ ਤਿਆਰ ਹੁੰਦਾ ਹੈ ਅਤੇ ਇੱਕ ਪ੍ਰਚਾਰਕ ਲੋਕਾਂ ਵਿੱਚ ਬੋਲਣ ਦੇ ਲਈ ਤਿਆਰ ਹੁੰਦਾ ਹੈ, ਇਸ ਸਵਾਲ ਦਾ ਜਵਾਬ ਸ਼ੁੱਧਤਾ ਨਾਲ ਦਿੱਤਾ ਜਾਣਾ ਚਾਹੀਦਾ ਹੈ: "ਲੋਕਾਂ ਦੇ ਬਚਾਏ ਜਾਣ ਦੇ ਲਈ ਕੀ ਕਰਨਾ ਚਾਹੀਦਾ ਹੈ?

### B. ਵਿਸ਼ਵਾਸ, ਭਰੋਸਾ, ਅਤੇ ਨਿਹਚਾ ਕਰਨਾ

ਬਾਈਬਲ ਦੇ ਬਹੁਤ ਸਾਰੇ ਵਚਨ **ਵਿਸ਼ਵਾਸ** (ਭਰੋਸਾ ਅਤੇ ਨਿਹਚਾ) **ਨੂੰ ਮੁਕਤੀ ਦੀ ਇੱਕੋ-ਇੱਕ ਸ਼ਰਤ** ਵਜੋਂ ਪੇਸ਼ ਕਰਦੇ ਹਨ। ਅਸਲ ਵਿੱਚ, ਨਵੇਂ ਨੇਮ ਦੇ 150 ਤੋਂ ਵੱਧ ਵਚਨ ਹਨ ਜਿੱਥੇ ਮੁਕਤੀ ਸਿਰਫ਼ ਵਿਸ਼ਵਾਸ ਕਰਨ ਉੱਤੇ ਨਿਰਭਰ ਕਰਦੀ ਹੈ। ਜੇਕਰ ਕੋਈ ਹੋਰ ਸ਼ਰਤ ਸ਼ਾਮਲ ਕੀਤੀ ਜਾਂਦੀ ਹੈ, ਤਾਂ ਇਹ ਵਚਨ ਅਧੂਰੇ ਅਤੇ ਗੁਮਰਾਹ ਕਰਨ ਵਾਲੇ ਹੋ ਜਾਣਗੇ। ਇਸ ਲਈ, **ਅਜਿਹੇ ਸਾਰੇ ਸ਼ਬਦ ਜੋ ਮੁਕਤੀ ਦੇ ਲਈ ਅਸਲ ਵਿੱਚ ਇੱਕ ਜ਼ਰੂਰੀ ਸ਼ਰਤ ਨੂੰ ਦਰਸਾਉਂਦੇ ਹਨ** (ਜਿਵੇਂ ਕਿ ਤੋਬਾ), **ਤਾਂ ਉਹਨਾਂ ਦੀ ਵਿਆਖਿਆ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਜਿਸ ਵਿੱਚ ਮੁਕਤੀ ਦਾ ਆਧਾਰ ਸਿਰਫ਼ ਵਿਸ਼ਵਾਸ ਹੀ ਹੈ।** ਜਿਹਨਾਂ ਸ਼ਬਦਾਂ ਨੂੰ ਮੁਕਤੀ ਦੇ ਲਈ ਸਿਰਫ਼ ਵਿਸ਼ਵਾਸ ਦੇ ਅਨੁਕੂਲ ਨਹੀਂ ਬਣਾਇਆ ਜਾ ਸਕਦਾ ਹੈ, ਉਹਨਾਂ ਦੀ ਵਰਤੋਂ ਗ਼ਲਤ ਅਤੇ ਖਤਰਨਾਕ ਢੰਗ ਨਾਲ ਕੀਤੀ ਜਾਂਦੀ ਹੈ, ਅਤੇ ਸਭ ਤੋਂ ਬੁਰੀ ਗੱਲ ਇਹ ਹੈ ਕਿ ਇਹ ਪੂਰੀ ਤਰ੍ਹਾਂ ਪਾਖੰਡ ਹੈ। ਸਾਰੇ ਪ੍ਰੋਟੈਸਟੈਂਟ ਬਾਈਬਲ ਵਿਦਵਾਨ ਇੱਕ ਬੁਨਿਆਦੀ ਸਿਧਾਂਤ ਨਾਲ ਸ਼ੁਰੂ ਕਰਦੇ ਹਨ ਜੋ **ਸਿਰਫ਼ ਵਿਸ਼ਵਾਸ** ਹੈ। ਅੱਗੇ ਕੁਝ ਮਨੁੱਖ ਵਚਨ ਦਿੱਤੇ ਗਏ ਹਨ ਜਿੱਥੇ ਬਾਈਬਲ ਐਲਾਨ ਕਰਦੀ ਹੈ ਕਿ ਸਿਰਫ਼ ਵਿਸ਼ਵਾਸ ਨਾਲ ਹੀ ਮੁਕਤੀ ਮਿਲਦੀ ਹੈ:

> "ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ **ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ**, ਨਾਸ਼ ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ" [ਯੂਹੰਨਾ 3:16]
>
> "**ਜਿਹੜਾ ਪੁੱਤਰ ਵਿੱਚ ਵਿਸ਼ਵਾਸ ਕਰਦਾ ਹੈ** ਉਹ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ ਪਰ **ਜਿਹੜਾ ਪੁੱਤਰ ਵਿੱਚ ਵਿਸ਼ਵਾਸ ਨਹੀਂ ਕਰਦਾ** ਉਹ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ ਕਿਉਂਕਿ ਉਸ ਨੇ ਪਰਮੇਸ਼ਰ ਦੇ ਇੱਕਲੌਤੇ ਪੁੱਤਰ ਵਿੱਚ ਵਿਸ਼ਵਾਸ ਨਹੀਂ ਕੀਤਾ।" [ਯੂਹੰਨਾ 3:18]
>
> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ **ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ**, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ । ਉਹ ਦੋਸ਼ੀ ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ" [ਯੂਹੰਨਾ 5:24]
>
> "ਮੇਰੇ ਪਿਤਾ ਦੀ ਇੱਛਾ ਇਹ ਹੈ ਕਿ ਹਰ ਕੋਈ ਜਿਹੜਾ ਪੁੱਤਰ ਨੂੰ ਦੇਖਦਾ ਹੈ ਅਤੇ **ਉਸ ਵਿੱਚ ਵਿਸ਼ਵਾਸ ਕਰਦਾ ਹੈ** ਅਨੰਤ ਜੀਵਨ ਪਾਵੇ ਅਤੇ ਅੰਤਿਮ ਦਿਨ ਮੈਂ ਉਸ ਨੂੰ ਫਿਰ ਜਿਉਂਦਾ ਕਰਾਂਗਾ।" [ਯੂਹੰਨਾ 6:40]
>
> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ **ਉਹ ਜਿਹੜਾ ਵਿਸ਼ਵਾਸ ਕਰਦਾ ਹੈ**, ਅਨੰਤ ਜੀਵਨ ਉਸ ਦਾ ਹੈ" [ਯੂਹੰਨਾ 6:47]
>
> ਯਿਸੂ ਨੇ ਉਸ ਨੂੰ ਫਿਰ ਕਿਹਾ, "ਮੈਂ ਹੀ ਪੁਨਰ-ਉਥਾਨ ਅਤੇ ਜੀਵਨ ਹਾਂ। **ਜਿਹੜਾ ਕੋਈ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ**, ਭਾਵੇਂ ਉਹ ਮਰ ਵੀ ਜਾਵੇ, **ਉਹ ਫਿਰ ਵੀ ਜੀਵੇਗਾ** ਅਤੇ ਉਹ ਸਾਰੇ ਜਿਹੜੇ ਜਿਉਂਦੇ ਹਨ ਅਤੇ **ਮੇਰੇ ਵਿੱਚ ਵਿਸ਼ਵਾਸ ਕਰਦੇ ਹਨ, ਕਦੀ ਨਹੀਂ ਮਰਨਗੇ।** ਕੀ ਤੂੰ ਇਸ ਵਿੱਚ ਵਿਸ ਕਰਦੀ ਹੈਂ?" [ਯੂਹੰਨਾ 11:25-26]
>
> ਯਿਸੂ ਨੇ ਹੋਰ ਵੀ ਬਹੁਤ ਸਾਰੇ ਚਮਤਕਾਰੀ ਚਿੰਨ੍ਹ ਆਪਣੇ

ਚੇਲਿਆਂ ਨੂੰ ਦਿਖਾਏ ਜਿਹੜੇ ਇਸ ਪੁਸਤਕ ਵਿੱਚ ਨਹੀਂ ਲਿਖੇ ਗਏ ਹਨ। ਪਰ ਇਹ ਇਸ ਲਈ ਲਿਖੇ ਗਏ ਹਨ ਕਿ ਤੁਸੀਂ ਵਿਸ਼ਵਾਸ ਕਰੋ ਕਿ ਯਿਸੂ ਹੀ ਪਰਮੇਸ਼ਰ ਦੇ ਪੁੱਤਰ ਮਸੀਹ ਹਨ ਅਤੇ **ਇਸ ਵਿਸ਼ਵਾਸ ਦੇ ਰਾਹੀਂ ਉਹਨਾਂ ਦੇ ਨਾਮ ਵਿੱਚ ਜੀਵਨ ਪ੍ਰਾਪਤ ਕਰੇ** [ਯੂਹੰਨਾ 20:30-31]

"ਉਹਨਾਂ ਤੋਂ ਹੀ ਹਰ ਕੋਈ ਯਿਸੂ ਵਿੱਚ **ਵਿਸ਼ਵਾਸ ਕਰਨ ਵਾਲਾ** ਮੁਕਤ ਹੁੰਦਾ ਹੈ" [ਰਸੂਲਾਂ 13:39]

"ਸ੍ਰੀਮਾਨ ਜੀ, ਮੁਕਤੀ ਪਾਉਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ ?" ਉਹਨਾਂ ਨੇ ਉੱਤਰ ਦਿੱਤਾ, "**ਪ੍ਰਭੂ ਯਿਸੂ ਵਿੱਚ ਵਿਸ਼ਵਾਸ ਕਰ** ਤਾਂ ਤੂੰ ਅਤੇ ਤੇਰਾ ਪਰਿਵਾਰ ਮੁਕਤੀ ਪਾਓਗੇ" [ਰਸੂਲਾਂ 16:30-31]

ਮੈਂ ਸ਼ੁਭ ਸਮਾਚਾਰ ਤੋਂ ਸੰਗਦਾ ਨਹੀਂ ਕਿਉਂਕਿ ਇਹ ਪਰਮੇਸ਼ਰ ਦੀ ਸਮਰੱਥਾ ਹੈ ਜਿਹੜੀ **ਹਰ ਇੱਕ ਵਿਸ਼ਵਾਸ ਕਰਨ ਵਾਲੇ ਦੀ ਮੁਕਤੀ ਲਈ ਹੈ**...[ ਰੋਮੀ 1:16]

...ਪਰਮੇਸ਼ਰ ਮਨੁੱਖ ਨੂੰ **ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ** ਦੁਆਰਾ ਨੇਕ ਠਹਿਰਾਉਂਦੇ ਹਨ। ਇਹ ਉਹਨਾਂ ਸਭ ਲਈ ਜਿਹੜੇ **ਮਸੀਹ ਵਿੱਚ ਵਿਸ਼ਵਾਸ ਕਰਦੇ** ਹਨ...[ਰੋਮੀ 3:22]

...ਪਰਮੇਸ਼ਰ ਨੇ ਯਿਸੂ ਮਸੀਹ ਨੂੰ ਪਾਪਾਂ ਦੇ ਛੁਟਕਾਰੇ ਦਾ ਸਾਧਨ, ਉਹਨਾਂ ਦੀ ਮੌਤ ਦੇ ਦੁਆਰਾ ਬਣਾਇਆ ਜੋ ਉਹਨਾਂ ਵਿੱਚ **ਵਿਸ਼ਵਾਸ ਕਰਨ ਦੁਆਰਾ** ਮਿਲਦਾ ਹੈ [ਰੋਮੀ 3:25]

ਕਿਉਂਕਿ ਅਸੀਂ ਮੰਨਦੇ ਹਾਂ ਕਿ ਮਨੁੱਖ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ **ਵਿਸ਼ਵਾਸ ਦੁਆਰਾ ਨੇਕ ਠਹਿਰਾਇਆ ਜਾਂਦਾ ਹੈ**। [ਰੋਮੀ 3:28]

...ਕਿਉਂਕਿ ਪਰਮੇਸ਼ਰ ਇੱਕੋ ਹਨ। ਇਸ ਲਈ ਉਹ ਯਹੂਦੀਆਂ ਨੂੰ ਉਹਨਾਂ ਦੇ **ਵਿਸ਼ਵਾਸ ਦੇ ਆਧਾਰ ਉੱਤੇ** ਨੇਕ ਠਹਿਰਾਉਣਗੇ ਅਤੇ ਪਰਾਈਆਂ ਕੌਮਾਂ ਨੂੰ ਵੀ ਉਹਨਾਂ ਦੇ **ਵਿਸ਼ਵਾਸ ਦੇ ਕਾਰਨ**। [ਰੋਮੀ 3:30]

ਪਰ ਦੂਜੇ ਪਾਸੇ ਜੋ ਕੰਮ ਨਹੀਂ ਕਰਦਾ ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ **ਵਿਸ਼ਵਾਸ ਕਰਦਾ** ਹੈ, **ਉਸ ਦਾ ਵਿਸ਼ਵਾਸ** ਹੀ ਨੇਕੀ ਗਿਣਿਆ ਜਾਂਦਾ ਹੈ [ਰੋਮੀ 4:5]

**ਵਿਸ਼ਵਾਸ ਦੇ ਦੁਆਰਾ** ਅਸੀਂ ਪਰਮੇਸ਼ਰ ਦੇ ਨਾਲ **ਨੇਕ ਠਹਿਰਾਏ ਗਏ** ਹਾਂ ਇਸ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ਰ ਦੇ ਨਾਲ ਸਾਡਾ ਮੇਲ ਹੋ ਗਿਆ ਹੈ। [ਰੋਮੀ 5:1]

ਇਸ ਬਾਰੇ ਪਵਿੱਤਰ-ਗ੍ਰੰਥ ਕਹਿੰਦਾ ਹੈ, "ਜੋ **ਕੋਈ ਉਹਨਾਂ ਵਿੱਚ ਵਿਸ਼ਵਾਸ ਕਰੇਗਾ**, ਸ਼ਰਮਿੰਦਾ ਨਹੀਂ ਹੋਵੇਗਾ।"....ਇਸ ਲਈ **ਵਿਸ਼ਵਾਸ** ਸੁਣਨ ਦੁਆਰਾ ਅਤੇ ਸੁਣਨਾ ਮਸੀਹ ਦੇ ਵਚਨ ਦੁਆਰਾ ਆਉਂਦਾ ਹੈ [ਰੋਮੀ 10:11,17]

"ਕਿਉਂਕਿ ਅਸੀਂ ਜਾਣਦੇ ਹਾਂ ਕਿ ਮਨੁੱਖ ਦਾ ਪਰਮੇਸ਼ਰ ਨਾਲ ਨੇਕ ਸੰਬੰਧ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ **ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਦੁਆਰਾ** ਹੁੰਦਾ ਹੈ। ਇਸੇ ਕਾਰਨ ਅਸੀਂ **ਯਿਸੂ ਮਸੀਹ ਵਿੱਚ ਵਿਸ਼ਵਾਸ ਕੀਤਾ** ਹੈ ਕਿ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ **ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ** ਸਾਡਾ ਪਰਮੇਸ਼ਰ ਦੇ ਨਾਲ ਨੇਕ ਸੰਬੰਧ ਹੋਵੇ। ਪਵਿੱਤਰ-ਗ੍ਰੰਥ ਦੇ ਅਨੁਸਾਰ, "ਕੋਈ ਵੀ ਮਨੁੱਖ ਪਰਮੇਸ਼ਰ ਦੇ ਸਾਹਮਣੇ ਵਿਵਸਥਾ ਦੇ ਕੰਮਾਂ ਦੁਆਰਾ ਨੇਕ ਨਹੀਂ ਠਹਿਰੇਗਾ।" [ਗਲਾਤੀ 2:16]

"ਅਬਰਾਹਾਮ ਨੇ ਪਰਮੇਸ਼ਰ ਦੇ ਵਿੱਚ **ਵਿਸ਼ਵਾਸ ਕੀਤਾ** ਇਸ ਲਈ ਉਹ ਨੇਕ ਠਹਿਰਾਇਆ ਗਿਆ।" ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ ਕਿ ਅਬਰਾਹਾਮ ਦੀ ਅਸਲੀ ਸੰਤਾਨ ਉਹ ਹੀ ਹਨ ਜੋ **ਵਿਸ਼ਵਾਸ** ਕਰਦੇ ਹਨ [ਗਲਾਤੀ 3:6-7]

ਇਸ ਤੋਂ ਇਹ ਸਾਫ਼ ਪ੍ਰਗਟ ਹੈ ਕਿ ਕੋਈ ਵਿਵਸਥਾ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਦਾ, "ਉਹ ਜੋ ਪਰਮੇਸ਼ਰ ਦੇ ਸਾਹਮਣੇ **ਵਿਸ਼ਵਾਸ ਦੇ ਦੁਆਰਾ** ਨੇਕ ਠਹਿਰ ਚੁੱਕਾ ਹੈ, ਉਹ ਜਿਊਂਦਾ ਰਹੇਗਾ।" [ਗਲਾਤੀ 3:11]

ਪਰ ਪਵਿੱਤਰ-ਗ੍ਰੰਥ ਕਹਿੰਦਾ ਹੈ ਕਿ ਸਭ ਪਾਪ ਦੀ ਕੈਦ ਵਿੱਚ ਜਾ ਚੁੱਕੇ ਹਨ, ਤਾਂ ਜੋ ਉਹ ਵਾਅਦਾ ਜੋ ਯਿਸੂ ਮਸੀਹ ਵਿੱਚ **ਵਿਸ਼ਵਾਸ ਦੇ ਦੁਆਰਾ** ਦਿੱਤਾ ਗਿਆ, ਉਸ ਵਿੱਚ **ਵਿਸ਼ਵਾਸ ਕਰਨ ਵਾਲਿਆਂ** ਨੂੰ ਮਿਲੇ [ਗਲਾਤੀ 3:22]

ਇਸ ਲਈ ਮਸੀਹ ਦੇ ਆਉਣ ਤੱਕ ਵਿਵਸਥਾ ਸਾਡੀ ਸਿੱਖਿਅਕ ਸੀ ਕਿ ਅਸੀਂ **ਵਿਸ਼ਵਾਸ ਦੇ ਦੁਆਰਾ ਨੇਕ ਠਹਿਰੀਏ** [ਗਲਾਤੀ 3:24]

ਹੁਣ ਤੁਸੀਂ ਸਭ **ਵਿਸ਼ਵਾਸ ਦੇ ਰਾਹੀਂ** ਮਸੀਹ ਯਿਸੂ ਦੇ ਵਿੱਚ ਹੋਣ ਕਰ ਕੇ **ਪਰਮੇਸ਼ਰ ਦੀ ਸੰਤਾਨ ਹੋ** [ਗਲਾਤੀ 3:26]

ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ **ਵਿਸ਼ਵਾਸ ਦੇ ਦੁਆਰਾ** ਮੁਕਤ ਕੀਤੇ ਗਏ ਹੋ। ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ। ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ [ਅਫ਼ਸੀ 2:8-9]

ਬਾਈਬਲ ਦੇ ਇਸ ਤੱਥ ਨੂੰ ਸਵੀਕਾਰ ਕਰਨਾ ਸੰਭਵ ਹੈ ਕਿ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਮਿਲਦੀ ਹੈ, ਪਰ ਇਹ ਵਿਸ਼ਵਾਸ ਦੀ ਇੱਕ ਗ਼ਲਤ ਵਿਆਖਿਆ ਕਰ ਰਿਹਾ ਹੈ। ਇਹ ਜ਼ਰੂਰੀ ਹੈ ਕਿ ਬਚਾਉਣ ਵਾਲੇ ਵਿਸ਼ਵਾਸ ਦੀ ਬਾਈਬਲ ਦੇ ਸੰਦਰਭ ਨਾਲ ਸਹੀ ਵਿਆਖਿਆ

ਕੀਤੀ ਜਾਵੇ।

### 1. ਵਿਸ਼ਵਾਸ ਦੇ ਅਰਥ ਦਾ ਇਬਰਾਨੀ ਪਿਛੋਕੜ

ਡਾਕਟਰ ਲੂਕਾ ਨੂੰ ਛੱਡ ਕੇ ਨਵੇਂ ਨੇਮ ਦੇ ਸਾਰੇ ਲੇਖਕ ਯਹੂਦੀ ਸਨ, ਅਤੇ ਸਾਰੇ ਪੁਰਾਣੇ ਨੇਮ ਤੋਂ ਜਾਣੂ ਸਨ। ਵਿਸ਼ਵਾਸ ਬਾਰੇ ਉਹਨਾਂ ਦੀ ਸਮਝ ਪੁਰਾਣੇ ਨੇਮ ਵਿੱਚ ਵਿਸ਼ਵਾਸ ਦੇ ਅਰਥ ਉੱਤੇ ਆਧਾਰਿਤ ਹੋਵੇਗੀ।

"ਵਿਸ਼ਵਾਸ ਕਰਨ" ਦੇ ਲਈ ਇਬਰਾਨੀ ਸ਼ਬਦ *ਅਮਾਨ* ਹੈ ਜੋ ਸਾਡੇ ਸ਼ਬਦ *ਆਮੀਨ* ਨਾਲ ਜੁੜਿਆ ਹੈ। ਇਸ ਸ਼ਬਦ ਦਾ ਅਰਥ "ਦ੍ਰਿੜ੍ਹ ਹੋਣਾ, ਸਮਰਥਨ ਕਰਨਾ, ਵਫ਼ਾਦਰ ਹੋਣਾ" ਹੈ। ਪ੍ਰਿੰਸਟਨ ਦੇ ਮਹਾਨ ਬਾਈਬਲ ਵਿਦਵਾਨ ਬੀ. ਬੀ. ਵਾਰਫੀਲਡ ਅਨੁਸਾਰ ਅਮਾਨ ਦੀ ਵਿਆਖਿਆ ਹੈ: "ਜੋ ਬਣਿਆ ਰਹਿ ਸਕੇ, ਜੋ ਸਥਿਰ ਰਹੇ, ਜਾਂ ਜਿਸ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ।"[40] ਇਹ ਪਰਿਭਾਸ਼ਾ ਇਸ ਨਿਰੀਖਣ ਉੱਤੇ ਆਧਾਰਿਤ ਹੈ ਕਿ ਪੁਰਾਣੇ ਨੇਮ ਵਿੱਚ *ਅਮਾਨ* ਦੀ ਵਰਤੋਂ ਕਿਵੇਂ ਕੀਤੀ ਗਈ ਹੈ।

*ਅਮਾਨ* ਸ਼ਬਦ ਦੀ ਵਰਤੋਂ ਉਹਨਾਂ ਲੋਕਾਂ ਦੇ ਲਈ ਕੀਤੀ ਜਾਂਦੀ ਹੈ ਜੋ ਬੱਚਿਆਂ ਦੀ ਦੇਖਭਾਲ ਕਰਦੇ ਹਨ, ਅਤੇ ਉਹਨਾਂ ਦਾ ਪਾਲਣ ਪੋਸ਼ਣ ਕਰਦੇ ਹਨ (ਜਿਸ ਵਿੱਚ ਦੇਖਭਾਲ ਉਹਨਾਂ ਨੂੰ ਚੁੱਕ ਕੇ ਚੱਲਣਾ ਜਾਂ ਵਿੱਤੀ ਮਦਦ ਕਰਨਾ ਹੈ)। ਗਿਣਤੀ 11:12; ਰੂਥ 4:16, 2 ਸਮੂ 4:4, 2 ਰਾਜਿਆਂ 10:1, 5; ਅਸਤਰ 2:7; ਯਸਾ 49:23; ਵਿਰਲਾਪ 4:5 ਵਿੱਚ ਇਸ ਸ਼ਬਦ ਦਾ ਅਰਥ "ਪਾਲਣਹਾਰ ਪਿਤਾ" ਜਾਂ "ਦਾਈ" ਹੈ।

ਇੱਕ ਦੇਖਭਾਲ ਕਰਤਾ, ਦਾਈ, ਨਰਸ, ਪਾਲਣਹਾਰ ਪਿਤਾ ਇੱਕ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਉੱਤੇ ਇੱਕ ਛੋਟਾ ਬੱਚਾ ਪੂਰੀ ਤਰ੍ਹਾਂ ਨਿਰਭਰ ਹੁੰਦਾ ਹੈ। 2 ਰਾਜਿਆਂ 18:16 ਵਿੱਚ ਅਮਾਨ ਦੀ ਵਰਤੋਂ ਦਰਵਾਜ਼ੇ ਦੀਆਂ ਚੌਕੀਆਂ ਅਤੇ ਥੰਮ੍ਹਾਂ ਦੇ ਲਈ ਕੀਤੀ ਗਈ ਹੈ ਜੋ ਸਹਾਇਕ, ਸੁਰੱਖਿਅਤ, ਦ੍ਰਿੜ੍ਹ ਹੁੰਦੇ ਹਨ, ਅਤੇ ਯਿਰ 15:18 ਦੀ ਵਰਤੋਂ ਨਕਾਰਾਤਮਕ ਰੂਪ ਵਿੱਚ ਇੱਕ ਅਵਿਸ਼ਵਾਸਯੋਗ ਧਾਰਾ ਦਾ ਵਰਣਨ ਕਰਨ ਦੇ ਲਈ ਕੀਤੀ ਗਈ ਹੈ।

*ਅਮਾਨ* (ਨਿਫਾਲ) ਦਾ ਇੱਕ ਹੋਰ ਵਿਆਕਰਣਿਕ ਰੂਪ ਵੀ ਇਹੀ ਅਰਥ ਦਿੰਦਾ ਹੈ। ਇਹ ਸ਼ਬਦ ਕਿਸੇ ਅਜਿਹੀ ਚੀਜ਼ ਨੂੰ ਦਰਸਾਉਂਦਾ ਹੈ ਜੋ ਦ੍ਰਿੜ੍ਹ, ਸਹਾਇਕ ਅਤੇ ਭਰੋਸੇਯੋਗ ਹੁੰਦੀ ਹੈ। ਯਸਾਯਾਹ ਇੱਕ ਕੰਧ ਦੇ ਲਈ ਇਸ ਸ਼ਬਦ ਦੀ ਵਰਤੋਂ ਕਰਦਾ ਹੈ ਜੋ ਯਸਾ 22:23, 25 ਵਿੱਚ ਸੁਰੱਖਿਅਤ ਢੰਗ ਨਾਲ ਇੱਕ ਕਿੱਲ ਨੂੰ ਫੜਦੀ ਹੈ, ਅਤੇ ਯਸਾ 60:4 ਵਿੱਚ ਇਹ ਬੱਚਿਆਂ ਦੇ ਸਹਿਯੋਗ ਦੇ ਲਈ ਵੀ ਇਸਤੇਮਾਲ ਹੋਇਆ ਹੈ। ਯਸਾਯਾਹ 33:16 ਵਿੱਚ ਇੱਕ ਜਲ ਧਾਰਾ ਦਾ ਹਵਾਲਾ ਹੈ ਜਿਸ ਉੱਤੇ ਪਾਣੀ ਮੁਹੱਈਆ ਕਰਵਾਉਣ ਦੇ ਲਈ ਭਰੋਸਾ ਕੀਤਾ ਜਾ ਸਕਦਾ ਹੈ ਅਤੇ ਜੋ ਸੁੱਕਦੀ ਨਹੀਂ ਹੈ, ਅਤੇ 2 ਸਮੂ 7:16 ਵਿੱਚ ਇੱਕ ਸਥਿਰ ਰਾਜ ਬਾਰੇ ਗੱਲ ਕੀਤੀ ਗਈ ਹੈ। ਜਦੋਂ ਅਮਾਨ ਦੇ ਇਸ ਰੂਪ ਨੂੰ ਵਿਅਕਤੀਆਂ ਦੇ ਲਈ ਵਰਤਿਆ ਜਾਂਦਾ ਹੈ ਤਾਂ ਇਸ ਦਾ ਅਰਥ ਇਹ ਹੈ ਕਿ ਪਰਮੇਸ਼ਰ ਉੱਤੇ ਇੱਕ ਵਾਅਦਾ ਪੂਰਾ ਕਰਨ ਦੇ ਲਈ ਭਰੋਸਾ ਕੀਤਾ ਜਾ ਸਕਦਾ ਹੈ (ਬਿਵਸਥਾ ਸਾਰ 7:9 ਜ਼ਬੂਰ. 89:28), ਅਤੇ ਇਹ ਕਿ ਇੱਕ ਖ਼ਜ਼ਾਨਚੀ ਉੱਤੇ ਪੈਸੇ ਨੂੰ ਸੰਭਾਲਣ ਦੇ ਲਈ ਭਰੋਸਾ ਕੀਤਾ ਜਾ ਸਕਦਾ ਹੈ (ਨਹਮ 13:13)। ਇਹ ਉਦਾਹਰਣਾਂ ਸਾਬਤ ਕਰਦੀਆਂ ਹਨ ਕਿ ਇਬਰਾਨੀ ਸ਼ਬਦ *ਅਮਾਨ* ਦ੍ਰਿੜ੍ਹਤਾ, ਨਿਰਭਰਤਾ, ਵਫ਼ਾਦਾਰੀ, ਵਿਸ਼ਵਾਸਯੋਗਤਾ ਅਤੇ ਭਰੋਸੇਯੋਗਤਾ ਨੂੰ ਦਰਸਾਉਂਦਾ ਹੈ।

ਇਸ ਵਰਤੋਂ ਨੂੰ ਦੇਖਦੇ ਹੋਏ ਕਿ ਇੱਕ ਵਿਅਕਤੀ *ਅਮਾਨ* ਦੇ ਕਾਰਕ ਰੂਪ (ਹਿਫ਼ਿਲ) ਦੇ ਪੱਕੇ, ਭਰੋਸੇਯੋਗ ਹੋਣ ਤੋਂ ਜ਼ਿਆਦਾ, "**ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਨੂੰ ਦਿੜ੍ਹ, ਮਜ਼ਬੂਤ, ਵਫ਼ਾਦਾਰ, ਭਰੋਸੇਯੋਗ, ਵਿਸ਼ਵਾਸਯੋਗ ਹੋਣ**" ਨੂੰ ਮੰਨ ਸਕਦਾ ਹੈ। ਇੱਥੇ ਤਬਦੀਲੀ ਇੱਕ ਵਫ਼ਾਦਾਰ ਹੋਣ ਤੋਂ ਕਿਸੇ ਹੋਰ ਨੂੰ ਵਫ਼ਾਦਾਰ ਮੰਨਣ ਵਿੱਚ ਹੈ। ਜਦੋਂ ਅਸੀਂ **ਕਿਸੇ ਹੋਰ ਨੂੰ** ਇਹਨਾਂ ਗੁਣਾਂ ਵਾਲਾ ਮੰਨਦੇ ਹਾਂ, ਤਾਂ ਅਸੀਂ ਉਹਨਾਂ ਉੱਤੇ ਭਰੋਸਾ ਕਰਦੇ ਹਾਂ, ਉਹਨਾਂ ਉੱਤੇ ਨਿਰਭਰ ਹੁੰਦੇ ਹਾਂ। ਇਹ ਵਿਸ਼ਵਾਸ ਦੇ ਇਬਰਾਨੀ ਅਰਥਾਂ ਦਾ ਇੱਕ ਬੁਨਿਆਦੀ ਅਰਥ ਹੈ। ਇਸ ਦੇ ਖ਼ਾਸ ਅਰਥ ਬੌਧਿਕ ਤੌਰ ਤੇ ਕਿਸੇ ਤੱਥ ਨੂੰ ਸਵੀਕਾਰ ਕਰਨ ਤੋਂ ਲੈ ਕੇ ਕਿਸੇ ਵਿਅਕਤੀ ਉੱਤੇ ਭਰੋਸਾ ਕਰਨ ਤੱਕ ਹੋ ਸਕਦੇ ਹਨ।

ਹਬੱਕੂਕ 1:5 ਵਿਸ਼ਵਾਸ ਦੀ ਵਰਤੋਂ ਇੱਕ ਸੰਦੇਸ਼ ਦੀ ਸੱਚਾਈ ਨੂੰ ਬੌਧਿਕ ਤੌਰ ਤੇ ਵਿਸ਼ਵਾਸ ਕਰਨ ਦੇ ਅਰਥ ਵਿੱਚ ਕਰਦਾ ਹੈ। ਅਜਿਹੀਆਂ ਆਇਤਾਂ ਜਿਹਨਾਂ ਵਿੱਚ ਵਿਸ਼ਵਾਸ ਦਾ ਵਿਚਾਰ ਹੁੰਦਾ ਹੈ, ਉਹ ਅਕਸਰ ਕਿਸੇ ਚੀਜ਼ ਵਿੱਚ ਵਿਸ਼ਵਾਸ ਕਰਨ ਦੇ ਵਾਕ ਦੀ ਵਰਤੋਂ ਕਰਦੀਆਂ ਹਨ। ਵਿਸ਼ਵਾਸ ਦਾ ਵਿਚਾਰ (ਅਮਾਨ ਦੀ ਵਰਤੋਂ ਕਰਦੇ ਹੋਏ) ਇਹਨਾਂ ਪੁਰਾਣੇ ਨੇਮ ਦੇ ਹਵਾਲਿਆਂ ਵਿੱਚ ਸ਼ਾਮਲ ਕੀਤਾ ਗਿਆ ਹੈ (ਉਤ 15:6; ਕੂਚ 14:31; ਗਿਣਤੀ 14:11; ਬਿਵਸਥਾ 1:32; 9:23; 28:66; 2 ਰਾਜਿਆਂ 17:14; 2 ਇਤਹਾਸ. 20:20; ਅੱਯੂਬ 24:22; ਜ਼ਬੂਰ. 27:13; 78:22; 106:24; ਯਸਾ 28:16; 43:10)। ਕਈ ਵਾਰ ਬੌਧਿਕ ਤੌਰ ਤੇ ਇੱਕ ਤੱਥ ਉੱਤੇ ਵਿਸ਼ਵਾਸ ਕਰਨ ਅਤੇ ਇੱਕ ਵਿਅਕਤੀ ਉੱਤੇ ਭਰੋਸਾ ਕਰਨ ਨੂੰ ਇੱਕ-ਦੂਜੇ ਨਾਲ ਜੋੜਿਆ ਜਾਂਦਾ ਹੈ। ਗਿਣਤੀ 14:11; ਬਿਵਸਥਾ 1:32, ਅਤੇ 9:23 ਵਿੱਚ ਵਿਸ਼ਵਾਸ ਕਾਦੇਸ਼-ਬਰਨੇਆ ਤੋਂ ਕਨਾਨ ਉੱਤੇ ਹਮਲਾ ਕਰਨ ਵਿੱਚ ਇਸਰਾਏਲੀਆਂ ਅਸਫਲਤਾ ਦਾ ਉਲਟ ਸ਼ਬਦ ਹੈ। ਦੂਜੇ ਸ਼ਬਦਾਂ ਵਿੱਚ, ਉਹਨਾਂ ਨੂੰ ਬੌਧਿਕ ਤੌਰ ਤੇ ਇਸ ਸੰਦੇਸ਼ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਸੀ ਕਿ ਪਰਮੇਸ਼ਰ ਉਹਨਾਂ ਨੂੰ ਉਹ ਦੇਸ਼ ਦੇਣਗੇ, ਪਰ ਨਾਲ ਹੀ ਉਹਨਾਂ ਨੂੰ ਹਮਲਾ ਸ਼ੁਰੂ ਕਰਨ ਦੇ ਲਈ ਵੀ ਪਰਮੇਸ਼ਰ ਉੱਤੇ ਕਾਫ਼ੀ ਭਰੋਸਾ ਕਰਨਾ ਚਾਹੀਦਾ ਸੀ। ਕੂਚ 4:31 ਵਿੱਚ

[40] ਬੈਂਜਾਮਿਨ ਬੀ. ਵਾਰਫੀਲਡ, *ਬਿਬਲੀਕਲ ਐਂਡ ਥੀਓਲੋਜੀਕਲ ਸਟੱਡੀਜ਼*, ਐਡ. ਸੈਮੂਅਲ ਜੀ. ਕ੍ਰੇਗ, ਰੀਪ੍ਰਿੰਟ ਐਡ. (ਫਿਲਾਡੇਲਫਿਆ: ਦ ਪ੍ਰੈਸਬਿਟੀਰੀਅਨ ਐਂਡ ਰਿਫੋਰਮਡ ਪਬਲਿਸ਼ਿੰਗ ਕੋ., 1968) 429.

ਲੋਕਾਂ ਨੇ ਮੂਸਾ ਦੇ ਸੰਦੇਸ਼ ਨੂੰ ਬੌਧਿਕ ਤੌਰ ਤੇ ਮੰਨਿਆ ਕਿ ਪਰਮੇਸ਼ਰ ਉਹਨਾਂ ਨੂੰ ਮਿਸਰ ਤੋਂ ਬਾਹਰ ਲੈ ਜਾਣਗੇ, ਪਰ ਉਹਨਾਂ ਨੇ ਵਿਸ਼ਵਾਸ ਦੀ ਭਾਵਨਾ ਵਿੱਚ ਵੀ ਭਰੋਸਾ ਕੀਤਾ। ਯਸਾ 7:9 ਵਿੱਚ ਯਸਾਯਾਹ ਇਹ ਚਾਹੁੰਦਾ ਹੈ ਕਿ ਰਾਜਾ ਆਹਾਜ਼ ਦੁਸ਼ਮਣ ਤੋਂ ਛੁਟਕਾਰੇ ਦੀ ਭਵਿੱਖਬਾਣੀ ਵਿੱਚ ਬੌਧਿਕ ਤੌਰ ਤੇ ਵਿਸ਼ਵਾਸ ਕਰੇ, ਪਰ ਉਹ ਇਹ ਵੀ ਚਾਹੁੰਦਾ ਹੈ ਕਿ ਰਾਜਾ ਪਰਮੇਸ਼ਰ ਦੇ ਦਿਆਲੂ ਵਾਅਦੇ ਵਿੱਚ ਵਿਸ਼ਵਾਸ ਅਤੇ ਭਰੋਸਾ ਰੱਖੇ।

ਭਿੰਨਤਾਵਾਂ ਅਤੇ ਸਮਾਨਤਾਵਾਂ ਇੱਕ ਸ਼ਬਦ ਦੀ ਵਿਆਖਿਆ ਕਰਦੀਆਂ ਹਨ। ਜ਼ਬੂਰ 27:13-14 ਵਿੱਚ, ਅਮਾਨ ਉਮੀਦ ਦੇ ਸਮਾਨਾਂਤਰ ਹੈ, ਅਤੇ ਜ਼ਬੂਰ 78:22 ਵਿੱਚ ਇਹ ਇੱਕ ਹੋਰ ਇਬਰਾਨੀ ਸ਼ਬਦ ਦੇ ਸਮਾਨਾਂਤਰ ਹੈ ਜਿਸ ਦਾ ਅਰਥ ਭਰੋਸਾ ਹੈ। 2 ਰਾਜਿਆਂ 17:14 ਅਤੇ ਬਿਵਸਥਾ ਸਾਰ 9:23 ਇਹ ਦਿਖਾਉਂਦੇ ਹਨ ਕਿ ਵਿਸ਼ਵਾਸ ਬਗਾਵਤ ਦੇ ਉਲਟ ਹੁੰਦਾ ਹੈ[41] ਹਬੱਕੂਕ 2:4 ਵਿੱਚ ਵਾਕ "ਧਰਮੀ ਆਪਣੇ ਵਿਸ਼ਵਾਸ ਦੇ ਕਾਰਨ ਜਿਊਂਦਾ ਰਹੇਗਾ" ਘਮੰਡੀ ਅਤੇ ਕੱਟੜ ਬਾਬਲ ਦੇ ਲੋਕਾਂ ਦੁਆਰਾ ਪ੍ਰਦਰਸ਼ਿਤ ਹੰਕਾਰ ਦੇ ਉਲਟ ਹੈ। ਇਸ ਤਰ੍ਹਾਂ, ਵਿਸ਼ਵਾਸ ਨਿਮਰ ਨਿਰਭਰਤਾ ਹੈ।

ਨਵੇਂ ਨੇਮ ਦੇ ਲੇਖਕ ਵਿਸ਼ਵਾਸ ਦੇ ਅਰਥ ਦੀਆਂ ਇਹਨਾਂ ਧਾਰਨਾਵਾਂ ਨੂੰ ਆਪਣੀਆਂ ਸਿੱਖਿਆਵਾਂ ਵਿੱਚ ਸ਼ਾਮਲ ਕਰਦੇ ਹਨ। ਇਸ ਲਈ, ਅਸੀਂ ਇਹ ਆਸ ਕਰਦੇ ਹਾਂ ਕਿ ਉਹਨਾਂ ਲਈ ਪਰਮੇਸ਼ਰ ਵਿੱਚ ਵਿਸ਼ਵਾਸ ਰੱਖਣ ਦਾ ਅਰਥ ਪਰਮੇਸ਼ਰ ਨੂੰ ਦ੍ਰਿੜ੍ਹ, ਭਰੋਸੇਯੋਗ, ਅਤੇ ਵਿਸ਼ਵਾਸਯੋਗ ਮੰਨਣਾ ਹੋਵੇਗਾ। **ਮਨੁੱਖ ਦੇ ਨਜ਼ਰੀਏ ਤੋਂ ਇਸ ਨੂੰ ਵਿਸ਼ਵਾਸ, ਭਰੋਸਾ, ਨਿਰਭਰਤਾ ਕਿਹਾ ਜਾਂਦਾ ਹੈ**।

### 2. ਬਚਾਉਣ ਵਾਲਾ ਵਿਸ਼ਵਾਸ: ਇਹ ਕੀ ਨਹੀਂ ਹੈ

ਨਵਾਂ ਨੇਮ ਇਸ ਗੱਲ ਵਿੱਚ ਸਪੱਸ਼ਟ ਹੈ ਕਿ ਬਚਾਉਣ ਵਾਲਾ ਵਿਸ਼ਵਾਸ ਯਿਸੂ ਮਸੀਹ ਜਾਂ ਮੁੱਖ ਸਿਧਾਂਤਾਂ ਬਾਰੇ ਕੁਝ ਬੌਧਿਕ ਵਿਸ਼ਵਾਸ ਤੋਂ ਵੱਧਕੇ ਹੈ (ਯਾਕੂਬ 2:19; ਯੂਹੰਨਾ 2:23-24; 3:2)। ਨਿਕੁਦੇਮੁਸ ਨੇ ਇਹ ਵਿਸ਼ਵਾਸ ਕੀਤਾ ਸੀ ਕਿ ਪਰਮੇਸ਼ਰ ਮੌਜੂਦ ਹਨ, ਅਤੇ ਇਹ ਕਿ ਉਹਨਾਂ ਨੇ ਯਿਸੂ ਨੂੰ ਭੇਜਿਆ ਹੈ ਜੋ ਚਮਤਕਾਰ ਕਰਦੇ ਹਨ, ਪਰ ਪ੍ਰਭੂ ਨੇ ਉਸ ਨੂੰ ਕਿਹਾ ਕਿ ਉਸ ਨੂੰ ਅਜੇ ਵੀ ਮੁਕਤੀ ਦੀ ਲੋੜ ਹੈ (ਯੂਹੰਨਾ 3:3ff)। ਯਾਕੂਬ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸ਼ੁੱਧ ਆਤਮਾਵਾਂ ਵੀ ਬੌਧਿਕ ਰੂਪ ਵਿੱਚ ਸਹੀ ਸਿਧਾਂਤ ਵਿੱਚ ਵਿਸ਼ਵਾਸ ਕਰਦੀਆਂ ਹਨ (ਯਾਕੂਬ 2:19; ਦੇਖੋ, ਮੱਤੀ 4:3; 8:29; ਮਰਕੁਸ 1:34; 3:11; 5:7; ਲੂਕਾ 8:28; ਰਸੂਲਾਂ 16:17; 19:15)।[42]

[41] ਇਹ ਅਧਿਐਨ ਦਲੀਲ ਦਿੰਦਾ ਹੈ ਕਿ ਬਚਾਉਣ ਵਾਲਾ ਵਿਸ਼ਵਾਸ ਇੱਕ ਅਜਿਹੇ ਦਿਲ ਵਿੱਚ ਮੌਜੂਦ ਹੋ ਸਕਦਾ ਹੈ ਜੋ ਮਸੀਹ ਦੇ ਅਧਿਕਾਰ ਤੇ ਪੂਰੀ ਤਰ੍ਹਾਂ ਸਮਰਪਿਤ ਨਾ ਹੋਵੇ। ਪਰ, ਇਸ ਦਾ ਅਰਥ ਇਹ ਵੀ ਨਹੀਂ ਹੈ ਕਿ ਬਚਾਉਣ ਵਾਲਾ ਵਿਸ਼ਵਾਸ ਪੂਰੀ ਬਗਾਵਤ ਵਿੱਚ ਵੀ ਮੌਜੂਦ ਹੋ ਸਕਦਾ ਹੈ।

[42] ਮੱਤੀ 4:3 *ਜੇਕਰ* ਦਾ ਅਰਥ "ਕਿਉਂਕਿ" ਹੈ। ਸ਼ੈਤਾਨ ਮੰਨਦਾ ਹੈ ਕਿ ਯਿਸੂ ਪਰਮੇਸ਼ਰ ਦੇ ਪੁੱਤਰ ਹਨ।

ਨਵਾਂ ਨੇਮ ਇਸ ਗੱਲ ਵਿੱਚ ਸਪੱਸ਼ਟ ਹੈ ਕਿ ਜੇਕਰ ਸਿਧਾਂਤ ਪ੍ਰਤੀ ਬੌਧਿਕ ਸਹਿਮਤੀ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ, ਤਾਂ ਉਹ ਰਵੱਈਆ ਵੀ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ ਜਿਸ ਨੂੰ ਭਾਵਨਾਤਮਕ ਜਾਂ ਅਸਥਾਈ ਵਿਸ਼ਵਾਸ ਕਿਹਾ ਜਾ ਸਕਦਾ ਹੈ। ਭਾਵਨਾਤਮਕ ਵਿਸ਼ਵਾਸ ਉਸ ਕਿਸਮ ਦਾ ਵਿਸ਼ਵਾਸ ਹੈ ਜਿਸ ਨੂੰ ਭੀੜ ਨੇ ਖਜੂਰੀ ਐਤਵਾਰ ਮਸੀਹ ਨੂੰ ਆਪਣਾ ਰਾਜਾ ਘੋਸ਼ਿਤ ਕਰਨ ਵੇਲੇ ਪ੍ਰਗਟ ਕੀਤਾ ਸੀ (ਮੱਤੀ 21:1-11; ਮਰਕੁਸ 11:1-11; ਲੂਕਾ 19:28-40; ਯੂਹੰਨਾ 12:12-19)। ਇਹਨਾਂ ਬਿਰਤਾਂਤਾਂ ਵਿੱਚ, ਮਸੀਹ ਬਾਰੇ ਵੱਡੇ ਭਾਵਨਾਤਮਕ ਦਾਅਵਿਆਂ ਬਾਰੇ ਪੜ੍ਹਿਆ ਜਾ ਸਕਦਾ ਹੈ। ਭੀੜ ਨੇ ਰੌਲਾ ਪਾ ਕੇ ਕਿਹਾ ਸੀ, "ਇਸਰਾਏਲ ਦੇ ਰਾਜਾ ਨੂੰ ਅਸੀਸ ਮਿਲੇ!" "ਧੰਨ ਹੈ ਉਹ ਜੋ ਪਰਮੇਸ਼ਰ ਦੇ ਨਾਮ ਵਿੱਚ ਆਉਂਦਾ ਹੈ" ਅਤੇ "ਹੋਸੰਨਾ, ਦਾਊਦ ਦੇ ਪੁੱਤਰ ਦੀ ਵਡਿਆਈ ਹੋਵੇ।" ਪਰ ਇੱਕ ਹਫ਼ਤੇ ਬਾਅਦ ਇਹੀ ਭੀੜ ਨੇ ਉੱਚੀ ਆਵਾਜ਼ ਵਿੱਚ ਕਿਹਾ, "ਉਸ ਨੂੰ ਸਲੀਬ ਉੱਤੇ ਚੜ੍ਹਾਓ," "ਇਸ ਦਾ ਖ਼ੂਨ ਸਾਡੇ ਅਤੇ ਸਾਡੀ ਸੰਤਾਨ ਦੇ ਉੱਤੇ ਹੋਵੇ!" (ਮੱਤੀ 27:22 ਅਤੇ 25), ਅਤੇ "ਕੈਸਰ ਤੋਂ ਸਿਵਾਏ ਸਾਡਾ ਹੋਰ ਕੋਈ ਰਾਜਾ ਨਹੀਂ" (ਯੂਹੰਨਾ 19:15)। ਇਹ ਲੋਕ ਐਨਾ ਕਿਉਂ ਬਦਲ ਗਏ?

ਖਜੂਰੀ ਐਤਵਾਰ ਨੂੰ ਯਹੂਦੀ ਲੋਕ ਭਾਵਨਾਤਮਕ ਜਾਂ ਅਸਥਾਈ ਵਿਸ਼ਵਾਸ ਨੂੰ ਪ੍ਰਗਟ ਕਰ ਰਹੇ ਸਨ। ਉਹ ਯਿਸੂ ਨੂੰ ਸਿਰਫ਼ ਆਪਣੇ ਮੌਜੂਦਾ ਦੁੱਖਾਂ, ਖ਼ਾਸ ਕਰਕੇ ਰੋਮੀ ਲੋਕਾਂ ਤੋਂ ਇੱਕ ਰਾਜਨੀਤਕ ਮੁਕਤੀਦਾਤਾ ਵਜੋਂ ਸਵੀਕਾਰ ਕਰਨਾ ਚਾਹੁੰਦੇ ਸਨ। ਪਹਿਲਾਂ ਵੀ ਮਸੀਹ ਦੀ ਸੇਵਕਾਈ ਵਿੱਚ ਲੋਕ ਜ਼ਬਰਦਸਤੀ ਉਹਨਾਂ ਨੂੰ ਰਾਜਾ ਬਣਾਉਣ ਦੀ ਇੱਛਾ ਰੱਖਦੇ ਸਨ (ਯੂਹੰਨਾ 6:15)। ਉਹ ਚਾਹੁੰਦੇ ਸਨ ਕਿ ਯਿਸੂ ਉਹਨਾਂ ਨੂੰ ਉਹਨਾਂ ਦੀਆਂ ਅਸਥਾਈ ਸਮੱਸਿਆਵਾਂ ਤੋਂ ਬਚਾਵੇ, ਪਰ ਉਹ ਮਸੀਹ ਤੋਂ ਸਿਰਫ਼ ਇਹੀ ਚਾਹੁੰਦੇ ਸਨ (ਯੂਹੰਨਾ 6:26)। ਉਹਨਾਂ ਨੂੰ ਪਾਪ ਤੋਂ ਛੁਡਾਉਣ ਵਾਲੇ ਆਤਮਿਕ ਮੁਕਤੀਦਾਤਾ ਦੀ ਕੋਈ ਪਰਵਾਹ ਨਹੀਂ ਸੀ। ਮਸੀਹ ਨੇ ਅਜਿਹੇ ਭਾਵਨਾਤਮਕ ਅਤੇ ਅਸਥਾਈ ਵਿਸ਼ਵਾਸ ਦਾ ਵਿਰੋਧ ਕੀਤਾ। ਭੀੜ ਬਹੁਤ ਉਤਸ਼ਾਹਿਤ ਹੋ ਗਈ ਸੀ ਅਤੇ ਇਹ ਵਿਸ਼ਵਾਸ ਕਰਨ ਦੇ ਲਈ ਤਿਆਰ ਸੀ ਕਿ ਉਹ ਅਸਥਾਈ ਰਾਜਨੀਤਕ ਸਮੱਸਿਆਵਾਂ ਤੋਂ ਬਚਾ ਸਕਦਾ ਹੈ, ਪਰ ਉਹਨਾਂ ਵਿੱਚ ਪਾਪ ਤੋਂ ਬਚਾਏ ਜਾਣ ਦੀ ਕੋਈ ਅਸਲ ਆਤਮਿਕ ਦਿਲਚਸਪੀ ਨਹੀਂ ਸੀ। ਇਸ ਕਿਸਮ ਦੇ ਭਾਵਨਾਤਮਕ ਵਿਸ਼ਵਾਸ ਨੂੰ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ "ਪਥਰੀਲੀ ਜ਼ਮੀਨ ਉੱਤੇ ਡਿੱਗੇ ਬੀਜ" ਵਜੋਂ ਦਰਸਾਇਆ ਗਿਆ ਹੈ। ਸੰਦੇਸ਼ ਨੂੰ ਭਾਵਨਾਤਮਕ ਆਨੰਦ ਨਾਲ ਪ੍ਰਾਪਤ ਕੀਤਾ ਜਾਂਦਾ ਹੈ, ਪਰ ਡੂੰਘਾਈ ਨਾ ਮਿਲਣ ਕਾਰਨ ਇਸ ਦੇ ਨਤੀਜੇ ਅਸਥਾਈ ਹੁੰਦੇ ਹਨ (ਮੱਤੀ 13:20- 21; ਮਰਕੁਸ 4:16-17; ਲੂਕਾ 8:13)। ਉਹ ਪਾਪ ਤੋਂ ਛੁਡਾਉਣ ਵਾਲਾ ਮੁਕਤੀਦਾਤਾ ਨਹੀਂ ਪਰ ਇੱਕ ਰਾਜਨੀਤਕ, ਜਾਂ ਡਾਕਟਰੀ, ਜਾਂ ਆਰਥਿਕ ਮੁਕਤੀਦਾਤਾ ਚਾਹੁੰਦੇ ਸਨ।

ਅੱਜ ਇੱਕ ਵਿਅਕਤੀ ਚਾਹੁੰਦਾ ਹੈ ਕਿ ਯਿਸੂ ਉਸ ਨੂੰ ਬਿਮਾਰੀ, ਟੁੱਟੇ ਰਿਸ਼ਤੇ, ਲੜਾਈ, ਵਿੱਤੀ ਬੋਝ ਆਦਿ ਤੋਂ ਬਚਾਏ, ਅਤੇ ਉਹ ਇਹ ਵਿਸ਼ਵਾਸ ਕਰ ਸਕਦਾ ਹੈ ਕਿ ਯਿਸੂ ਅਜਿਹੀਆਂ ਅਸਥਾਈ ਸਮੱਸਿਆਵਾਂ ਵਿੱਚ ਉਸ ਦੀ ਮਦਦ ਕਰ ਸਕਦੇ ਹਨ। ਉਹ ਇਸ ਬਾਰੇ ਉਤਸ਼ਾਹਿਤ ਵੀ ਹੋ ਸਕਦੇ ਹਨ। ਬੇਸ਼ੱਕ, ਇਹਨਾਂ ਪਰੀਖਿਆਵਾਂ ਦੇ ਲਈ ਮਸੀਹ ਤੋਂ ਮਦਦ ਦੀ ਮੰਗ ਕਰਨਾ ਨਾ ਤਾਂ ਗ਼ਲਤ ਹੈ ਅਤੇ ਨਾ ਹੀ ਮੂਰਖਤਾ ਹੈ, ਪਰ ਇਸ ਕਿਸਮ ਦਾ ਵਿਸ਼ਵਾਸ ਆਪਣੇ ਆਪ ਵਿੱਚ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ। ਜੇਕਰ ਇੱਕ ਵਿਅਕਤੀ ਯਿਸੂ ਮਸੀਹ ਤੋਂ ਸਿਰਫ਼ ਇਹ ਚਾਹੁੰਦਾ ਹੈ ਕਿ ਉਹ ਇੱਕ ਅਸਥਾਈ ਸਮੱਸਿਆ ਨੂੰ ਦੂਰ ਕਰ ਦੇਵੇਗਾ, ਪਰ ਉਹ ਆਪਣੇ ਪਾਪਾਂ ਤੋਂ ਬਚਾਏ ਜਾਣ ਦੀ ਪਰਵਾਹ ਨਹੀਂ ਕਰਦਾ ਹੈ, ਤਾਂ ਇਹ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ। ਇਹ ਵਿਸ਼ਵਾਸ ਕਰਨਾ ਕਿ ਯਿਸੂ ਕਿਸੇ ਸਮੱਸਿਆ ਨੂੰ ਦੂਰ ਕਰਨ ਵਿੱਚ ਮਦਦ ਕਰ ਸਕਦੇ ਹਨ, ਤਾਂ ਇਹ ਪਾਪ ਅਤੇ ਬਦੀ ਤੋਂ ਮੁਕਤੀਦਾਤਾ ਵਜੋਂ ਯਿਸੂ ਵਿੱਚ ਵਿਸ਼ਵਾਸ ਕਰਨ ਦੇ ਬਰਾਬਰ ਨਹੀਂ ਹੈ।

ਬਹੁਤ ਸਾਰੇ ਲੋਕ, ਵੱਡੇ ਦਬਾਅ ਵਾਲੀਆਂ ਸ਼ੁਭ-ਸਮਾਚਾਰ ਦੀਆਂ ਸਭਾਵਾਂ ਵਿੱਚ, ਆਪਣੀ ਭਾਵਨਾਤਮਕ ਸਮੱਸਿਆ ਜਾਂ ਉਲਝਣ ਵਿੱਚ ਜਵਾਬ ਦਿੰਦੇ ਹਨ। ਉਹ ਸਮੱਸਿਆਵਾਂ ਨਾਲ ਭਰੇ ਦਿਲਾਂ ਨਾਲ ਇਹਨਾਂ ਸਭਾਵਾਂ ਵਿੱਚ ਆਉਂਦੇ ਹਨ। ਉਹ ਇਹ ਵੀ ਮੰਨ ਸਕਦੇ ਹਨ ਕਿ ਮਸੀਹ ਇਹਨਾਂ ਸਮੱਸਿਆਵਾਂ ਨੂੰ ਹੱਲ ਕਰ ਸਕਦੇ ਹਨ ਅਤੇ ਸ਼ਾਇਦ ਅਜਿਹਾ ਕਰਨ ਲਈ ਉਹਨਾਂ ਨੂੰ ਬੇਨਤੀ ਵੀ ਕਰ ਸਕਦੇ ਹਨ। ਫਿਰ ਵੀ, ਜੇਕਰ ਇਸ ਵਿੱਚ **ਪਾਪ ਤੋਂ ਬਚਾਉਣ ਦੇ ਲਈ** ਯਿਸੂ ਮਸੀਹ ਉੱਤੇ **ਭਰੋਸਾ** ਨਹੀਂ ਹੈ, ਤਾਂ ਇਸ ਦਾ ਨਤੀਜਾ ਇੱਕ ਭਾਵਨਾਤਮਕ ਧਾਰਮਿਕ ਅਨੁਭਵ ਹੈ ਜੋ ਅਸਥਾਈ ਤੌਰ ਤੇ ਜੀਵਨ ਦੀਆਂ ਸਮੱਸਿਆਵਾਂ ਬਾਰੇ ਬਹਿਤਰ ਮਹਿਸੂਸ ਕਰਵਾਉਂਦਾ ਹੈ। ਜੀਵਨ ਨੂੰ ਬਿਹਤਰ ਬਣਾਉਣ ਦੇ ਲਈ ਯਿਸੂ ਵਿੱਚ ਅਜਿਹਾ ਭਾਵਨਾਤਮਕ ਜਾਂ ਅਸਥਾਈ ਵਿਸ਼ਵਾਸ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ, ਅਤੇ ਇਹ ਹਮੇਸ਼ਾਂ ਕਾਇਮ ਨਹੀਂ ਰਹਿਦਾ ਹੈ।

> "ਕੁਝ ਲੋਕ ਬੜੀ ਖ਼ੁਸ਼ੀ ਨਾਲ ਵਚਨ ਨੂੰ ਸੁਣਦੇ ਅਤੇ ਉਸ ਨੂੰ ਮੰਨ ਵੀ ਲੈਂਦੇ ਹਨ। ਪਰ ਜਦੋਂ ਉਹਨਾਂ ਉੱਤੇ ਵਚਨ ਦੇ ਕਾਰਨ ਪਰਤਾਵੇ ਆਉਂਦੇ ਹਨ ਤਾਂ ਉਹ ਆਪਣੇ ਵਿਸ਼ਵਾਸ ਤੋਂ ਡਿੱਗ ਪੈਂਦੇ ਹਨ। ਅਜਿਹੇ ਲੋਕ ਪਥਰੀਲੀ ਜ਼ਮੀਨ ਵਿੱਚ ਡਿੱਗੇ ਬੀਜ ਵਰਗੇ ਹਨ ਜਿਹੜੇ ਜੜ੍ਹ ਨਹੀਂ ਫੜਦੇ" [ਲੂਕਾ 8:13]

### 3. ਬਚਾਉਣ ਵਾਲਾ ਵਿਸ਼ਵਾਸ: ਇਹ ਕੀ ਹੈ

ਨਵੇਂ ਨੇਮ ਵਿੱਚ, ਕਿਰਿਆ *ਨਿਹਚਾ ਕਰਨਾ* ਅਤੇ ਨਾਂਵ *ਵਿਸ਼ਵਾਸ* ਦੇ ਲਗਭਗ 480 ਹਵਾਲੇ ਹਨ। (*ਵਿਸ਼ਵਾਸ* ਅਤੇ *ਨਿਹਚਾ* ਯੂਨਾਨੀ ਵਿੱਚ ਇੱਕੋ-ਜਿਹੇ ਸ਼ਬਦ ਹਨ)। ਸਾਡੇ ਸੀਮਿਤ ਅਧਿਐਨ ਵਿੱਚ ਇਹਨਾਂ ਵਿੱਚੋਂ ਹਰੇਕ ਦੀ ਜਾਂਚ ਕਰਨਾ ਅਸੰਭਵ ਹੈ। ਪਰ, ਇਹਨਾਂ ਨੂੰ ਸਮੂਹਾਂ ਵਿੱਚ ਸ਼੍ਰੇਣੀਬੱਧ ਕਰਕੇ ਇਹਨਾਂ ਬਾਰੇ ਤਰਕਪੂਰਨ ਢੰਗ ਨਾਲ ਚਰਚਾ ਕੀਤੀ ਜਾ ਸਕਦੀ ਹੈ।

ਬਚਾਉਣ ਵਾਲਾ ਵਿਸ਼ਵਾਸ ਕੁਝ ਤੱਥਾਂ ਦੀ ਬੌਧਿਕ ਪਾਲਣਾ ਅਤੇ ਪ੍ਰਭੂ ਯਿਸੂ ਦੇ ਲਈ ਇੱਕ ਭਾਵਨਾਤਮਕ ਖਿੱਚ ਤੋਂ ਕਿਤੇ ਵੱਧਕੇ ਹੈ। ਫਿਰ ਵੀ ਇਹ ਕਹਿਣ ਤੋਂ ਬਾਅਦ, ਇਸ ਗੱਲ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਇੱਕ ਸੱਚੇ ਬਚਾਉਣ ਵਾਲੇ ਵਿਸ਼ਵਾਸ ਵਿੱਚ ਮਨੁੱਖ ਦੇ ਤਿੰਨ ਮੁੱਖ ਭਾਗਾਂ ਦੀ ਗਤੀਵਿਧੀ ਸ਼ਾਮਲ ਹੁੰਦੀ ਹੈ: ਬੁੱਧ, ਭਾਵਨਾ, ਅਤੇ ਇੱਛਾ।

ਆਪਣੇ ਮਨ ਦੇ ਨਾਲ ਇੱਕ ਵਿਅਕਤੀ ਨੂੰ ਮਸੀਹ ਦੇ ਵਿਅਕਤੀਤਵ ਅਤੇ ਕੰਮ ਬਾਰੇ ਕੁਝ ਬੁਨਿਆਦੀ ਸੱਚਾਈਆਂ ਵਿੱਚ ਬੌਧਿਕ ਤੌਰ ਤੇ ਵਿਸ਼ਵਾਸ ਕਰਨ ਦੀ ਲੋੜ ਹੁੰਦੀ ਹੈ। ਇਹ ਬਚਾਉਣ ਵਾਲੇ ਵਿਸ਼ਵਾਸ ਦੀ **ਸਮੱਗਰੀ** ਹੈ। ਹਾਲਾਂਕਿ, ਇੱਕ ਵਿਅਕਤੀ ਆਪਣੇ ਮਨ ਨਾਲ ਇਹ ਮੰਨਦਾ ਹੈ ਕਿ ਸ਼ੁਭ-ਸਮਾਚਾਰ ਅਸਲ ਵਿੱਚ ਸੱਚਾ ਹੈ, ਪਰ ਫਿਰ ਵੀ ਉਹ ਆਪਣੀਆਂ ਭਾਵਨਾਵਾਂ ਨਾਲ ਉਹਨਾਂ ਤੱਥਾਂ ਨੂੰ ਸਵੀਕਾਰ ਕਰਨਾ ਵਾਲਾ ਬਣਦਾ ਹੈ। ਉਹ ਇਹਨਾਂ ਨੂੰ ਨਾ ਸਿਰਫ਼ ਸੱਚਾ ਮੰਨਦਾ ਹੈ ਬਲਕਿ ਇਹਨਾਂ ਨੂੰ ਆਪਣੇ ਜੀਵਨ ਵਿੱਚ ਇੱਕ ਮਹੱਤਵਪੂਰਣ ਜ਼ਰੂਰਤ ਵਜੋਂ ਵੀ ਦੇਖਦਾ ਹੈ। ਆਪਣੀਆਂ ਭਾਵਨਾਵਾਂ ਦੇ ਨਾਲ ਉਹ ਸ਼ੁਭ-ਸਮਾਚਾਰ ਦੇ ਮੁੱਲ ਨੂੰ ਸਹਿਮਤੀ ਦਿੰਦਾ ਹੈ ਅਤੇ ਇਸ ਵਿੱਚ ਇੱਕ ਨਿੱਜੀ ਤਰੀਕੇ ਨਾਲ ਵਿਸ਼ਵਾਸ ਕਰਦਾ ਹੈ। ਤੱਥਾ ਨੂੰ ਨਾ ਸਿਰਫ਼ ਸੱਚ ਮੰਨਿਆ ਜਾਂਦਾ ਹੈ ਪਰ ਉਹਨਾਂ ਨੂੰ ਨਿੱਜੀ ਤੌਰ ਤੇ ਜ਼ਰੂਰੀ ਅਤੇ ਢੁੱਕਵੇਂ ਵੀ ਮੰਨਿਆ ਜਾਂਦਾ ਹੈ।

ਮਨ ਅਤੇ ਭਾਵਨਾਵਾਂ ਦੁਆਰਾ ਪ੍ਰਗਟ ਕੀਤਾ ਗਿਆ ਵਿਸ਼ਵਾਸ ਇੱਛਾ ਦੁਆਰਾ ਪ੍ਰਗਟ ਕੀਤੇ ਗਏ ਵਿਸ਼ਵਾਸ ਤੋਂ ਬਿਨਾਂ ਅਧੂਰਾ ਹੈ। ਇੱਛਾ ਨਾਲ ਇੱਕ ਪਾਪੀ ਵਿਅਕਤੀ ਮਸੀਹ ਅਤੇ ਉਹਨਾਂ ਦੇ ਵਹਾਏ ਖ਼ੂਨ ਵਿੱਚ **ਵਿਸ਼ਵਾਸ** (ਭਰੋਸਾ, ਨਿਹਚਾ, ਨਿਰਭਰਤਾ) ਰੱਖਣ ਦੀ ਚੋਣ ਕਰਦਾ ਹੈ, ਅਤੇ ਮੁਕਤੀ ਦੇ ਲਈ ਯਿਸੂ ਮਸੀਹ ਅਤੇ ਸਲੀਬ ਵਿੱਚ ਵਿਸ਼ਵਾਸ ਕਰਦਾ ਹੈ। ਇਹ ਬਚਾਉਣ ਵਾਲੇ ਵਿਸ਼ਵਾਸ ਦਾ ਸੁਭਾਅ ਹੈ ਕਿ ਯਿਸੂ ਮਸੀਹ ਅਤੇ ਸਲੀਬ ਉੱਤੇ ਕੀਤੇ ਗਏ ਉਹਨਾਂ ਦੇ ਸੰਪੂਰਨ ਕੰਮ ਦੇ ਪ੍ਰਤੀ, ਆਤਮਾ ਦੇ ਸਦੀਪਕ ਭਵਿੱਖ ਨੂੰ ਸਮਰਪਿਤ ਕਰਨ ਦੀ ਚੋਣ ਵੀ ਸ਼ਾਮਲ ਹੋਵੇ। ਮਨ, ਭਾਵਨਾਵਾਂ, ਅਤੇ ਇੱਛਾ, ਇਹ ਸਾਰੇ ਸੱਚੇ ਬਚਾਉਣ ਵਾਲੇ ਵਿਸ਼ਵਾਸ ਵਿੱਚ ਇੱਕ ਭੂਮਿਕਾ ਨਿਭਾਉਂਦੇ ਹਨ। ਬਚਾਉਣ ਵਾਲੇ ਵਿਸ਼ਵਾਸ ਦੀ ਪਰਿਭਾਸ਼ਾ ਦਾ ਸਭ ਤੋਂ ਵਧੀਆ ਅਧਿਐਨ ਉੱਪਰ ਦੱਸੇ ਗਏ ਤਿੰਨ ਸ਼ਬਦਾਂ ਅਧੀਨ ਕੀਤਾ ਜਾ ਸਕਦਾ ਹੈ (ਸਮੱਗਰੀ, ਭਰੋਸਾ, ਅਤੇ ਵਚਨਬੱਧਤਾ)।

#### A. ਬਚਾਉਣ ਵਾਲਾ ਵਿਸ਼ਵਾਸ: ਇਸ ਦੀ ਸਮੱਗਰੀ

ਇਸ ਭਾਗ ਨੂੰ ਸ਼ੁਭ-ਸਮਾਚਾਰ ਵਿੱਚ "**ਵਿਸ਼ਵਾਸ ਕਰੋ**" ਕਿਹਾ ਜਾ ਸਕਦਾ ਹੈ। ਇੱਕ ਵਿਅਕਤੀ ਜੋ ਇਹ ਮੰਨਦਾ ਹੈ ਕਿ ਯਿਸੂ ਮਸੀਹ ਇੱਕ ਗੁਰੂ ਸਨ ਜਾਂ ਉਹ ਸਿਰਫ਼ ਇੱਕ ਮਹਾਨ ਧਾਰਮਿਕ ਗੁਰੂ ਸਨ, ਤਾਂ ਉਸ ਕੋਲ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ, ਕਿਉਂਕਿ ਉਹ "ਬਾਈਬਲ ਦੇ ਮਸੀਹ" ਵਿੱਚ ਵਿਸ਼ਵਾਸ ਨਹੀਂ ਕਰ ਰਿਹਾ ਹੈ। ਅਜਿਹੇ ਬਹੁਤ ਸਾਰੇ ਲੋਕ

ਹੋਏ ਹਨ, ਅਤੇ ਹੁਣ ਵੀ ਹਨ, ਅਤੇ ਹੋਣਗੇ ਵੀ, ਜੋ ਮਸੀਹ ਹੋਣ ਦਾ ਦਾਅਵਾ ਕਰਦੇ ਹਨ। ਅਜਿਹੇ ਵੀ ਲੋਕ ਹਨ ਜਿਹਨਾਂ ਕੋਲ ਨਾਸਰਤ ਦੇ ਯਿਸੂ ਬਾਰੇ ਬਹੁਤ ਸਾਰੀਆਂ ਗ਼ਲਤ ਧਾਰਨਾਵਾਂ ਹਨ। ਜਦੋਂ ਕਿ ਬਚਾਉਣ ਵਾਲਾ ਵਿਸ਼ਵਾਸ ਇੱਕ ਬੌਧਿਕ ਵਿਸ਼ਵਾਸ ਤੋਂ ਵੱਧ ਹੁੰਦਾ ਹੈ, ਪਰ ਪਵਿੱਤਰ ਗ੍ਰੰਥ ਇਸ ਬਾਰੇ ਸਪੱਸ਼ਟ ਹਨ ਕਿ ਬਚਾਉਣ ਵਾਲੇ ਵਿਸ਼ਵਾਸ ਦੇ ਆਪਣੇ ਬੌਧਿਕ ਪਹਿਲੂ ਹਨ। ਬਚਾਉਣ ਵਾਲੇ ਵਿਸ਼ਵਾਸ ਦੀ ਇੱਕ ਸਮੱਗਰੀ ਹੈ। ਹਾਲਾਂਕਿ, ਇੱਕ ਪਾਪੀ ਵਿਅਕਤੀ ਨੂੰ ਇੱਕ ਗੁੰਝਲਦਾਰ ਸਿਧਾਂਤਕ ਪ੍ਰਣਾਲੀ ਨੂੰ ਜਾਣਨ ਦੀ ਲੋੜ ਨਹੀਂ ਹੈ, ਪਰ ਉਸ ਨੂੰ ਯਿਸੂ ਮਸੀਹ ਅਤੇ ਸਲੀਬ ਬਾਰੇ ਕੁਝ ਬੁਨਿਆਦੀ ਸੱਚਾਈਆਂ ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ, ਤਾਂ ਜੋ ਉਹ ਆਪਣੀ ਕਲਪਨਾ ਦੇ ਜਾਂ ਮਨੁੱਖ ਦੇ ਮਨਘੜਤ ਮਸੀਹ ਵਿੱਚ ਨਹੀਂ, ਪਰ ਬਾਈਬਲ ਦੇ ਮਸੀਹ ਵਿੱਚ ਵਿਸ਼ਵਾਸ ਕਰੇ। ਬਚਾਉਣ ਵਾਲੇ ਵਿਸ਼ਵਾਸ ਦੀ ਬੌਧਿਕ ਸਮੱਗਰੀ ਨੂੰ ਵਾਕ "ਇਹ ਵਿਸ਼ਵਾਸ ਕਰੋ" ਵਿੱਚ ਦੇਖਿਆ ਜਾ ਸਕਦਾ ਹੈ। *ਵਿਸ਼ਵਾਸ* ਦੇ ਲਈ 20 ਵਾਰ ਯੂਨਾਨੀ ਸ਼ਬਦ (*ਪਿਸਟੂ*) ਤੋਂ ਬਾਅਦ "*ਇਹ*" (*hoti*) ਆਉਂਦਾ ਹੈ। ਇਹ ਰਚਨਾ ਉਹਨਾਂ ਤੱਥਾਂ ਨੂੰ ਦਰਸਾਉਂਦੀ ਹੈ ਕਿ ਮਸੀਹ ਉੱਤੇ ਭਰੋਸਾ ਕਰਨ ਦੇ ਲਈ ਬੌਧਿਕ ਤੌਰ ਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ।

ਇੱਕ ਪਾਪੀ ਵਿਅਕਤੀ ਦੇ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ "ਕਿ ਮਸੀਹ ਪਵਿੱਤਰ ਗ੍ਰੰਥ ਅਨੁਸਾਰ ਸਾਡੇ ਪਾਪਾਂ ਲਈ ਮਰੇ, ਦਫ਼ਨਾਏ ਗਏ ਅਤੇ ਫਿਰ ਪਵਿੱਤਰ-ਗ੍ਰੰਥ ਵਿੱਚ ਲਿਖੇ ਅਨੁਸਾਰ ਤੀਸਰੇ ਦਿਨ ਜਿਊਂਦੇ ਵੀ ਕੀਤੇ ਗਏ" (1 ਕੁਰਿੰਥ 15:3- 4; ਦੇਖੋ, ਰੋਮੀ 10:9-10; 1 ਥੱਸਲੁ 4:14)। ਇੱਕ ਪਾਪੀ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ "ਯਿਸੂ ਮਸੀਹ, ਪਰਮੇਸ਼ਰ ਦੇ ਪੁੱਤਰ ਹਨ" (ਯੂਹੰਨਾ 20:30-31; ਦੇਖੋ, ਯੂਹੰਨਾ 8:24; 11:27)। ਇਸ ਵਿੱਚ **ਉਹਨਾਂ ਦੇ ਪਰਮੇਸ਼ਰ ਹੋਣ ਨੂੰ ਸਵੀਕਾਰ ਕਰਨ ਦੇ ਅਰਥ ਵਿੱਚ**, ਉਹਨਾਂ ਨੂੰ ਪ੍ਰਭੂ ਵਜੋਂ ਸਵੀਕਾਰ ਕਰਨਾ ਸ਼ਾਮਲ ਹੈ (ਰੋਮੀ 10:9)। ਇੱਕ ਪਾਪੀ ਵਿਅਕਤੀ ਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਯਿਸੂ ਮਸੀਹ ਨੂੰ ਪਰਮੇਸ਼ਰ ਵੱਲੋਂ ਭੇਜਿਆ ਗਿਆ ਸੀ (ਯੂਹੰਨਾ 11:42; 16:27; 17:8, 21; 1 ਯੂਹੰਨਾ 2:22), ਅਤੇ ਇਹ ਕਿ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ ਹਨ ਜਿਹਨਾਂ ਨੇ ਮਨੁੱਖੀ ਸਰੀਰ ਨੂੰ ਅਪਣਾਇਆ ਸੀ (1 ਯੂਹੰਨਾ 4:2-3)। ਜ਼ਾਹਰ ਹੈ ਕਿ ਮੁਕਤੀ ਪ੍ਰਾਪਤ ਕਰਨ ਦੇ ਲਈ ਮਸੀਹ ਕੋਲ ਆਉਣ ਵਾਲੇ ਵਿੱਚ ਇਹ ਵਿਸ਼ਵਾਸ ਵੀ ਸ਼ਾਮਲ ਹੁੰਦਾ ਹੈ ਕਿ ਇੱਕ ਵਿਅਕਤੀ ਪਾਪੀ ਹੈ ਅਤੇ ਉਹ ਨੂੰ ਮਦਦ ਦੀ ਲੋੜ ਹੈ।

ਇਹ ਸਿਧਾਂਤ ਬਚਾਉਣ ਵਾਲੇ ਵਿਸ਼ਵਾਸ ਦੀ ਬੌਧਿਕ ਸਮੱਗਰੀ ਹੈ। ਬਚਾਉਣ ਵਾਲਾ ਵਿਸ਼ਵਾਸ ਹੋਣ ਦੇ ਲਈ ਇੱਕ ਵਿਅਕਤੀ ਨੂੰ ਬਾਈਬਲ ਦੇ ਮਸੀਹ ਵਿੱਚ ਵਿਸ਼ਵਾਸ ਕਰਨਾ ਜ਼ਰੂਰੀ ਹੁੰਦਾ ਹੈ। ਬਚਾਉਣ ਵਾਲਾ ਵਿਸ਼ਵਾਸ ਹੋਣ ਦੇ ਲਈ ਇੱਕ ਵਿਅਕਤੀ ਨੂੰ ਬੌਧਿਕ ਤੌਰ ਤੇ ਇਹ ਵਿਸ਼ਵਾਸ ਕਰਨਾ ਹੋਵੇਗਾ ਕਿ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ (ਪਰਮੇਸ਼ਰ), ਪ੍ਰਭੂ, ਅਤੇ ਮਸੀਹ ਹਨ ਜਿਹਨਾਂ ਨੂੰ ਪਰਮੇਸ਼ਰ ਨੇ ਭੇਜਿਆ ਸੀ। ਉਸ ਨੂੰ ਵਿਸ਼ਵਾਸ ਕਰਨਾ ਹੋਵੇਗਾ ਕਿ ਪਰਮੇਸ਼ਰ ਪੁੱਤਰ ਨੇ ਮਨੁੱਖੀ ਸਰੀਰ ਧਾਰਿਆ, ਉਹ ਸਾਡੇ ਪਾਪਾਂ ਲਈ ਮਰੇ, ਅਤੇ ਹੁਣ ਉਹ ਜੀਅ ਉੱਠੇ ਮੁਕਤੀਦਾਤਾ ਹਨ। ਜੇਕਰ ਕੋਈ ਪਰਮੇਸ਼ਰ ਵਿੱਚ ਵਿਸ਼ਵਾਸ ਕਰਨ ਜਾਂ ਇੱਕ ਮਸੀਹੀ ਹੋਣ ਦਾ ਦਾਅਵਾ ਕਰਦਾ ਹੈ, ਪਰ ਮਸੀਹ ਦੇ ਪਰਮੇਸ਼ਰ ਹੋਣ ਜਾਂ ਉਹਨਾਂ ਦੇ ਜੀਅ ਉੱਠਣ ਦਾ ਇਨਕਾਰ ਕਰਦਾ ਹੈ, ਤਾਂ ਉਹ ਜਾਂ ਤਾਂ ਝੂਠ ਬੋਲ ਰਿਹਾ ਹੈ ਅਤੇ ਜਾਂ ਬੁਰੀ ਤਰ੍ਹਾਂ ਧੋਖਾ ਖਾ ਚੁੱਕਾ ਹੈ।

ਧਿਆਨ ਦਿਓ ਕਿ ਬਚਾਉਣ ਵਾਲਾ ਵਿਸ਼ਵਾਸ ਇਹ ਸਵੀਕਾਰ ਕਰਦਾ ਹੈ ਕਿ ਯਿਸੂ ਪਰਮੇਸ਼ਰ ਹਨ, ਅਤੇ ਇਸ ਲਈ ਉਹ ਮਾਲਕ ਵੀ ਹਨ। **ਇਹ ਉਹਨਾਂ ਦੇ ਲਈ ਜੀਵਨ ਬਤੀਤ ਕਰਨ ਦੀ ਵਚਨਬੱਧਤਾ ਦੇ ਸਮਾਨ ਨਹੀਂ ਹੈ**, ਪਰ ਇਹ ਮੰਨਣਾ ਹੈ ਕਿ ਪ੍ਰਭੂ ਹੋਣ ਦੇ ਨਾਤੇ ਯਿਸੂ ਹੁਕਮ ਦੇਣ ਦਾ ਅਧਿਕਾਰ ਰੱਖਦੇ ਹਨ।

### B. ਬਚਾਉਣ ਵਾਲਾ ਵਿਸ਼ਵਾਸ: ਇਸ ਦਾ ਭਰੋਸਾ ਅਤੇ ਵਚਨਬੱਧਤਾ

ਬਚਾਉਣ ਵਾਲੇ ਵਿਸ਼ਵਾਸ ਦੀ ਆਪਣੀ ਬੌਧਿਕ ਸਮੱਗਰੀ ਹੁੰਦੀ ਹੈ। ਪਰ, ਇੱਕ ਮਸੀਹੀ ਦੂਜਿਆਂ ਨੂੰ ਗਵਾਹੀ ਦਿੰਦੇ ਸਮੇਂ ਇੱਕ ਅਵਿਸ਼ਵਾਸੀ ਨੂੰ ਸਿਰਫ਼ ਇਹ ਵਿਸ਼ਵਾਸ ਕਰਨ ਦੇ ਲਈ ਹੀ ਨਹੀਂ ਕਹਿੰਦਾ ਹੈ ਕਿ ਯਿਸੂ ਸੱਚ ਬੋਲਦੇ ਹਨ। ਇੱਕ ਅਵਿਸ਼ਵਾਸੀ ਤੋਂ ਇਹ ਤਾਕੀਦ ਕੀਤੀ ਜਾ ਰਹੀ ਹੈ ਕਿ ਉਹ ਯਿਸੂ ਮਸੀਹ ਵਿੱਚ ਵਿਸ਼ਵਾਸ ਕਰੇ, ਭਾਵ ਇਹ ਕਿ ਉਹ ਆਪਣਾ **ਭਰੋਸਾ**, ਨਿਹਚਾ, ਅਤੇ ਭਰੋਸਾ ਯਿਸੂ ਮਸੀਹ ਅਤੇ ਉਹਨਾਂ ਦੀ ਸਲੀਬ ਉੱਤੇ ਰੱਖੇ। ਬਚਾਉਣ ਵਾਲਾ ਵਿਸ਼ਵਾਸ ਦੀ ਆਪਣੀ ਪ੍ਰਮਾਣਿਕ ਸਮੱਗਰੀ ਹੁੰਦੀ ਹੈ, ਪਰ ਇਹ ਯਿਸੂ ਮਸੀਹ ਦੇ ਵਿਅਕਤੀਤਵ ਅਤੇ ਕੰਮ ਵਿੱਚ **ਭਰੋਸਾ** ਵੀ ਰੱਖਦਾ ਹੈ।

ਧਰਤੀ ਦੇ ਮਾਮਲਿਆਂ ਵਿੱਚ, ਇੱਕ ਵਿਅਕਤੀ ਆਪਣੀ ਆਤਮਾ ਨੂੰ ਦੂਜੇ ਵਿਅਕਤੀ ਨੂੰ ਸੌਂਪੇ ਬਿਨਾਂ ਉਸ ਉੱਤੇ ਭਰੋਸਾ ਰੱਖ ਸਕਦਾ ਹੈ। ਪਰ, ਇਹ ਬਚਾਉਣ ਵਾਲੇ ਵਿਸ਼ਵਾਸ ਦਾ ਸੁਭਾਅ ਹੈ ਕਿ ਮਸੀਹ ਵਿੱਚ ਭਰੋਸੇ ਨੂੰ ਪ੍ਰਗਟ ਕੀਤਾ ਜਾਣਾ ਚਾਹੀਦਾ ਹੈ, ਅਤੇ ਇਹ **ਮਸੀਹ ਪ੍ਰਤੀ ਆਤਮਾ ਦੇ ਸਦੀਪਕ ਭਵਿੱਖ ਦੀ ਅਟੁੱਟ ਵਚਨਬੱਧਤਾ ਹੈ**। ਭਾਵੇਂ ਇੱਕ ਵਿਅਕਤੀ ਰਸੂਲਾਂ ਦੇ ਧਰਮ-ਸਿਧਾਂਤ ਦੇ ਹਰੇਕ ਤੱਥ ਦਾ ਜਾਪ ਕਰਦਾ ਹੈ, ਪਰ ਮਸੀਹ ਵਿੱਚ ਵਿਅਕਤੀਗਤ ਭਰੋਸੇ ਅਤੇ ਆਪਣੀ ਆਤਮਾ ਨੂੰ ਉਹਨਾਂ ਦੀ ਸੁਰੱਖਿਆ ਵਿੱਚ ਸੌਂਪਣ ਤੋਂ ਬਿਨਾਂ ਕੋਈ ਮੁਕਤੀ ਨਹੀਂ ਹੁੰਦੀ ਹੈ।

ਇੱਕ ਵਿਅਕਤੀ ਇਹ ਕਿਵੇਂ ਜਾਣ ਸਕਦਾ ਹੈ ਕਿ ਸਿਰਫ਼ ਬੌਧਿਕ ਜਾਂ ਭਾਵਨਾਤਮਕ ਵਿਸ਼ਵਾਸ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ? ਇੱਕ ਵਿਅਕਤੀ ਕਿਵੇਂ ਜਾਣ ਸਕਦਾ ਹੈ ਕਿ ਬਚਾਉਣ ਵਾਲੇ ਵਿਸ਼ਵਾਸ ਦੀ ਕਿਸਮ ਮਸੀਹ ਵਿੱਚ ਭਰੋਸੇ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ?

ਹੇਠਾਂ ਦਿੱਤੀਆਂ ਕੁਝ ਗੱਲਾਂ ਇਹ ਸਥਾਪਿਤ ਕਰਦੀਆਂ ਹਨ ਕਿ ਵਿਸ਼ਵਾਸ ਦੇ ਲਈ ਯੂਨਾਨੀ ਸ਼ਬਦ ਦਾ ਅਰਥ ਖ਼ਾਸ ਤੌਰ ਤੇ ਭਰੋਸਾ, ਵਿਸ਼ਵਾਸ, ਨਿਰਭਰਤਾ ਹੈ, ਅਤੇ ਉਹ ਇਹ ਵੀ ਦਰਸਾਉਂਦੀਆਂ ਹਨ ਕਿ ਇਹ ਬਚਾਉਣ ਵਾਲੇ ਵਿਸ਼ਵਾਸ ਦੇ ਲਈ ਨਵੇਂ ਨੇਮ ਦੇ ਲੇਖਕਾਂ ਦੇ ਮਨ ਵਿੱਚ ਇਸ ਦਾ ਇਹੀ ਅਰਥ ਸੀ।

(1) *ਵਿਸ਼ਵਾਸ* ਜਾਂ *ਭਰੋਸੇ* ਦੇ ਲਈ ਨਵੇਂ ਨੇਮ ਦੇ ਸ਼ਬਦ ਪਿਸਤੁਓ (ਕਿਰਿਆ *ਪਿਸਤੁਓ*; ਨਾਂਵ *ਪਿਸਤਿਸ*) ਦਾ ਅਰਥ ਇੱਕ ਖ਼ਾਸ ਵਿਸ਼ਵਾਸ ਜਾਂ ਭਰੋਸਾ ਹੋ ਸਕਦਾ ਹੈ।

ਪਿਛਲੇ ਭਾਗ ਵਿੱਚ *ਵਿਸ਼ਵਾਸ* (ਅਮਾਨ) ਦੇ ਇਬਰਾਨੀ ਸ਼ਬਦ ਵਿੱਚ ਇਹ ਦਿਖਾਇਆ ਗਿਆ ਸੀ ਕਿ ਇਸ ਦਾ ਅਰਥ ਭਰੋਸਾ, ਨਿਹਚਾ, ਅਤੇ ਨਿਰਭਰਤਾ ਹੋ ਸਕਦਾ ਹੈ। ਜਦੋਂ ਨਵੇਂ ਨੇਮ ਦੀ ਕਿਰਿਆ *ਵਿਸ਼ਵਾਸ ਕਰਨ* ਨੂੰ ਸੈਪਟੂਜਿੰਟ ਵਿੱਚ ਵਰਤਿਆ ਜਾਂਦਾ ਹੈ, ਤਾਂ ਇਹ ਹਮੇਸ਼ਾਂ (ਕਹਾਉਤਾਂ 26:25 ਨੂੰ ਛੱਡ ਕੇ) *ਅਮਾਨ* ਦਾ ਹੀ ਅਨੁਵਾਦ ਹੁੰਦਾ ਹੈ। ਇਸ ਲਈ, ਇੱਕ ਵਿਅਕਤੀ ਇਹ ਮੰਨ ਸਕਦਾ ਹੈ ਕਿ ਨਵੇਂ ਨੇਮ ਦੇ ਲੇਖਕਾਂ ਨੇ ਮਹਿਸੂਸ ਕੀਤਾ ਕਿ *ਪਿਸਤੁਓ* ਦਾ ਅਰਥ ਭਰੋਸਾ ਹੈ।

ਬਚਾਉਣ ਵਾਲੇ ਵਿਸ਼ਵਾਸ ਵਿੱਚ ਵਚਨਬੱਧਤਾ ਸ਼ਾਮਲ ਹੁੰਦੀ ਹੈ, ਇਸ ਦਾ ਇੱਕ ਸੰਕੇਤ ਨਵੇਂ ਨੇਮ ਵਿੱਚੋਂ ਮਿਲਦਾ ਹੈ ਕਿ ਵਿਸ਼ਵਾਸ ਕਰਨ ਦੇ ਲਈ ਯੂਨਾਨੀ ਸ਼ਬਦ (ਪਿਸਤੁਓ) ਦਾ ਯੂਹੰਨਾ 2:24; ਲੂਕਾ 16:11 ਵਿੱਚ ਕੀਤਾ ਗਿਆ ਅਨੁਵਾਦ "ਸੌਂਪਣਾ" (ਕਿਰਿਆਸ਼ੀਲ ਰੂਪ ਵਿੱਚ) ਹੈ, ਅਤੇ ਰੋਮੀ 3:2; 1 ਕੁਰਿੰਥ 9:17; ਗਲਾਤੀ 2:7; 1 ਤਿਮੋਥਿ 1:11 ਅਤੇ ਤੀਤੁਸ 1:3 ਵਿੱਚ ਕੀਤਾ ਗਿਆ ਅਨੁਵਾਦ "ਸੌਂਪਣਾ" (ਕਰਮਵਾਚ ਰੂਪ ਵਿੱਚ) ਹੈ। 1 ਥੱਸਲੁ 2:4 ਵਿੱਚ ਵੀ ਇਸ ਦਾ ਇਹੀ ਅਰਥ ਹੈ ਜਿੱਥੇ ਇਸ ਦਾ ਅਨੁਵਾਦ "ਸੌਂਪਣ" ਵਜੋਂ ਕੀਤਾ ਗਿਆ ਹੈ। ਅਜਿਹੇ ਸੰਦਰਭਾਂ ਵਿੱਚ ਵਿਸ਼ਵਾਸ ਕਰਨਾ **ਆਪਣੇ ਆਪ ਨੂੰ ਸੌਂਪਣਾ** ਹੈ।

ਇਸ ਤਰ੍ਹਾਂ, ਪਿਸਤੁਓ (*ਵਿਸ਼ਵਾਸ ਕਰਨ*) ਦਾ ਪੁਰਾਣੇ ਨੇਮ ਦਾ ਪਿਛੋਕੜ ਅਤੇ ਨਵੇਂ ਨੇਮ ਦੀ ਵਰਤੋਂ ਦੋਵਾਂ ਨੇ ਇਹ ਸਥਾਪਿਤ ਕੀਤਾ ਹੈ ਕਿ ਇਸ ਸ਼ਬਦ ਦਾ ਮੁੱਢਲਾ ਅਰਥ ਭਰੋਸਾ ਕਰਨਾ ਅਤੇ ਸੌਂਪਣਾ ਹੈ (ਜਿਵੇਂ ਕਿ ਕਿਸੇ ਨੂੰ ਕੁਝ ਦੇਣ ਵਿੱਚ ਭਰੋਸਾ ਕਰਨਾ ਕਿਉਂਕਿ ਉਹ ਭਰੋਸੇਯੋਗ ਹਨ)। ਅੱਗੇ ਦਿੱਤੇ ਭਾਗ ਇਹ ਸਥਾਪਿਤ ਕਰਨਾ ਜਾਰੀ ਰੱਖਦੇ ਹਨ ਕਿ **ਭਰੋਸਾ** ਨਾ ਸਿਰਫ਼ *ਵਿਸ਼ਵਾਸ* ਸ਼ਬਦ ਦਾ ਇੱਕ ਸੰਭਵ ਅਰਥ ਹੈ, ਬਲਕਿ ਇਹੀ ਉਹ ਖ਼ਾਸ ਅਰਥ ਹੈ ਜਿਸ ਨੂੰ ਲੇਖਕ ਮੁਕਤੀ ਦੇ ਸੰਬੰਧ ਨਾਲ ਜੋੜਦੇ ਹਨ।

(2) ਹੁਕਮ ਯਿਸੂ ਬਾਰੇ ਵਿਸ਼ਵਾਸ ਕਰਨਾ ਨਹੀਂ, ਬਲਕਿ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦਾ ਹੈ। । ਇਹ ਭਰੋਸੇ ਅਤੇ ਵਿਸ਼ਵਾਸ ਬਾਰੇ ਦੱਸਦਾ ਹੈ।

*ਵਿਸ਼ਵਾਸ ਕਰਨ* ਦੇ ਲਈ ਯੂਨਾਨੀ ਕਿਰਿਆ (*ਪਿਸਤੁਓ*) ਅਕਸਰ ਪੂਰਵਸਰਗ ਨਾਲ ਦਿਖਾਈ ਦਿੰਦੀ ਹੈ। ਬੀ. ਬੀ. ਵਾਰਫੀਲਡ ਇਹਨਾਂ ਪੂਰਵਸਰਗਾਂ ਬਾਰੇ ਕਹਿੰਦਾ ਹੈ, "ਜਦੋਂ ਅਸੀਂ ਪੂਰਵਸਰਗਾਂ ਨਾਲ ਵਾਕ-ਰਚਨਾਵਾਂ ਵੱਲ ਵੱਧਦੇ ਹਾਂ, ਤਾਂ ਅਸੀਂ ਇੱਕ ਅਜਿਹੇ ਖੇਤਰ ਵਿੱਚ ਦਾਖਲ ਹੁੰਦੇ ਹਾਂ ਜਿਸ ਵਿੱਚ ਸ਼ਬਦ ਦੀ ਡੂੰਘੀ ਭਾਵਨਾ (**ਦ੍ਰਿੜ੍ਹ ਭਰੋਸੇਯੋਗ ਨਿਰਭਰਤਾ**) ਆਪਣਾ ਪੂਰਾ ਅਧਿਕਾਰ ਪਾ ਲੈਂਦੀ ਹੈ।"[43]

ਵਾਰਫੀਲਡ ਦੇ ਸਿੱਟੇ ਦੀ ਸੱਚਾਈ ਨੂੰ ਇਹ ਸੋਚ ਕੇ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਸ਼ੁਭ-ਸਮਾਚਾਰ ਦਾ ਸੱਦਾ ਸਿਰਫ਼ ਇਹ ਵਿਸ਼ਵਾਸ ਕਰਨ ਦੇ ਲਈ ਨਹੀਂ ਹੁੰਦਾ ਹੈ ਕਿ ਯਿਸੂ ਮਸੀਹ ਸੱਚ ਬੋਲਦੇ ਹਨ, ਬਲਕਿ ਇਸ ਲਈ ਹੁੰਦਾ ਹੈ ਕਿ ਮੁਕਤੀ ਪਾਉਣ ਦੇ ਲਈ **ਯਿਸੂ ਮਸੀਹ ਵਿੱਚ ਜਾਂ ਉਹਨਾਂ ਉੱਤੇ ਵਿਸ਼ਵਾਸ ਕੀਤਾ ਜਾਵੇ।** ਇਹ ਬਿਆਨ ਕਿ, "ਮੈਂ ਨੇਤਾ **ਵਿੱਚ** ਵਿਸ਼ਵਾਸ ਕਰਦਾ ਹਾਂ," ਦਾ ਅਰਥ ਨਾ ਸਿਰਫ਼ ਇਹ ਹੈ ਕਿ, "ਮੇਰਾ ਵਿਸ਼ਵਾਸ ਹੈ ਕਿ ਉਹ ਝੂਠ ਨਹੀਂ ਪਰ ਸੱਚ ਬੋਲ ਰਿਹਾ ਹੈ," ਪਰ ਇਹ ਵੀ ਹੈ ਕਿ "ਮੈਨੂੰ ਉਸ ਦੀ ਅਗਵਾਈ ਅਤੇ ਵਿਚਾਰਾਂ ਵਿੱਚ ਨਿੱਜੀ ਵਿਸ਼ਵਾਸ ਹੈ।" ਯਿਸੂ ਮਸੀਹ ਬਾਰੇ ਵਿਸ਼ਵਾਸ ਕਰਨ ਅਤੇ ਉਹਨਾਂ **ਵਿੱਚ** ਵਿਸ਼ਵਾਸ ਕਰਨ ਵਿੱਚ ਬਹੁਤ ਅੰਤਰ ਹੈ। ਇਸ ਵਾਕ ਦੀ ਦੂਜੀ ਗੱਲ ਭਰੋਸੇ ਅਤੇ ਵਿਸ਼ਵਾਸ ਨੂੰ ਦਰਸਾਉਂਦੀ ਹੈ। ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ **ਧਰਮ-ਨਿਰਪੱਖ ਯੂਨਾਨੀ ਭਾਸ਼ਾ ਵਿੱਚ** *ਕਿਸੇ ਵਿਅਕਤੀ ਵਿੱਚ ਵਿਸ਼ਵਾਸ ਕਰਨਾ* **ਗੁਮਨਾਮ ਹੈ**, ਪਰ ਨਵੇਂ ਨੇਮ ਵਿੱਚ ਇਹ **49 ਵਾਰ** ਵਿਸ਼ਵਾਸ ਦੇ ਟੀਚੇ ਜਾਂ ਕਿਸੇ ਚੀਜ਼ ਵਿੱਚ ਵਿਸ਼ਵਾਸ ਕਰਨ ਨੂੰ ਦਰਸਾਉਂਦਾ ਹੈ। ਨਵੇਂ ਨੇਮ ਦੇ ਲੇਖਕ ਯਿਸੂ ਮਸੀਹ ਬਾਰੇ ਤੱਥਾਂ ਵਿੱਚ ਨਹੀਂ ਪਰ ਯਿਸੂ ਮਸੀਹ **ਵਿੱਚ** ਵਿਸ਼ਵਾਸ ਦੀ ਮੰਗ ਕਰਦੇ ਹਨ।

ਉਹ 49 ਥਾਵਾਂ ਹਨ ਜਿਹਨਾਂ ਵਿੱਚ ਕਿਸੇ ਵਿੱਚ ਵਿਸ਼ਵਾਸ ਕਰਨਾ ਆਇਆ ਹੈ ਉਸ ਦੇ ਕੁਝ ਵਚਨ ਅੱਗੇ ਲਿਖੇ ਹਨ: (ਯੂਹੰਨਾ 1:12; 3:16,18, 36; 6:29, 40; 11:25, 26; 14:1,12; 16:9; 17:20; ਰੋਮੀ 10:14; ਗਲਾਤੀ 2:16; 1 ਪਤਰਸ 1:8-1; 1 ਯੂਹੰਨਾ 5:13)। ਅੱਗੇ ਦਿੱਤੇ ਵਚਨਾਂ ਵਿੱਚ 12 ਵਾਰ ਕਿਸੇ ਉੱਤੇ ਵਿਸ਼ਵਾਸ ਕਰਨਾ ਆਇਆ ਹੈ: (ਰੋਮੀ 4:5, 24; ਰਸੂਲਾਂ 9:42; 11:1; 16:31; 22:19)। ਇਹਨਾਂ ਵੱਖ-ਵੱਖ ਪੂਰਵਸਰਗਾਂ ਨਾਲ ਪਿਸਤੁਓ ਦੀ ਵਰਤੋਂ ਤੋਂ ਪਤਾ ਲੱਗਦਾ ਹੈ ਕਿ ਨਵੇਂ ਨੇਮ ਦੇ ਲੇਖਕ ਮੁਕਤੀ ਪਾਉਣ ਦੇ ਲਈ ਯਿਸੂ ਮਸੀਹ ਵਿੱਚ **ਵਿਸ਼ਵਾਸ** ਅਤੇ **ਭਰੋਸਾ** ਕਰਨ ਦੀ ਮੰਗ ਕਰ ਰਹੇ ਹਨ।

### (3) **ਹੋਰ ਚੀਜ਼ਾਂ ਨੂੰ ਬਾਹਰ ਕੱਢ ਦੇਣ ਤੋਂ ਬਾਅਦ, ਬਚਾਉਣ ਵਾਲੇ ਵਿਸ਼ਵਾਸ ਦਾ ਅਰਥ ਭਰੋਸਾ ਹੀ ਹੋਣਾ ਚਾਹੀਦਾ ਹੈ।**

ਬਾਈਬਲ ਜਦੋਂ ਬਚਾਉਣ ਵਾਲੇ ਵਿਸ਼ਵਾਸ ਦੀ ਗੱਲ ਕਰਦੀ ਹੈ, ਤਾਂ ਉਸ ਦਾ ਅਰਥ ਭਰੋਸਾ ਹੁੰਦਾ ਹੈ, ਇਸ ਨੂੰ ਸਥਾਪਿਤ ਕਰਨ ਦਾ ਇੱਕ ਹੋਰ

[43] ਬੈਂਜਾਮਿਨ ਬੀ. ਵਾਰਫੀਲਡ, *ਬਿਬਲੀਕਲ ਐਂਡ ਥੀਓਲੋਜੀਕਲ ਸਟੱਡੀਜ਼*, ਐਡ. ਸੈਮੂਅਲ ਜੀ. ਕ੍ਰੇਗ, ਰੀਪ੍ਰਿੰਟ ਐਡ. (ਫਿਲਾਡੇਲਫਿਆ: ਦ ਪ੍ਰੈਸਬਿਟੀਰੀਅਨ ਐਂਡ ਰਿਫੋਰਮਡ ਪਬਲਿਸ਼ਿੰਗ ਕੋ., 1968) 437.

ਤਰੀਕਾ ਉਹਨਾਂ ਵਾਕਾਂਸ਼ਾਂ ਦੀ ਪੜਤਾਲ ਕਰਨਾ ਹੈ ਜੋ ਯਿਸੂ ਉੱਤੇ ਵਿਸ਼ਵਾਸ ਕਰਨ ਦੇ ਸਮਾਨ ਹਨ ਅਤੇ ਉਹੀ ਭਾਵ ਰੱਖਦੇ ਹਨ। ਇਹ ਪਹਿਲਾਂ ਹੀ ਦਰਸਾਇਆ ਜਾ ਚੁੱਕਾ ਹੈ ਕਿ ਨਵਾਂ ਨੇਮ ਸਪੱਸ਼ਟ ਤੌਰ ਤੇ ਇਹ ਸਿਖਾਉਂਦਾ ਹੈ ਕਿ ਨਾ ਤਾਂ ਬੌਧਿਕ ਅਤੇ ਨਾ ਹੀ ਭਾਵਨਾਤਮਕ ਵਿਸ਼ਵਾਸ ਬਚਾਉਣ ਦੇ ਲਈ ਕਾਫ਼ੀ ਹੈ। ਕਿਉਂਕਿ ਬੌਧਿਕ ਅਤੇ ਭਾਵਨਾਤਮਕ ਵਿਸ਼ਵਾਸ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ ਗਿਆ ਹੈ, ਇਸ ਲਈ ਨਵੇਂ ਨੇਮ ਦੇ ਲੇਖਕ ਮੁਕਤੀ ਬਾਰੇ ਲਿਖਣ ਵੇਲੇ ਕਿਸੇ ਹੋਰ ਗੱਲ ਉੱਤੇ ਜ਼ੋਰ ਦੇ ਰਹੇ ਹਨ। ਜਦੋਂ ਉਹ ਮੁਕਤੀ ਪ੍ਰਾਪਤ ਕਰਨ ਦੇ ਸੰਬੰਧ ਵਿੱਚ *ਪਿਸਤੁਓ* ਦੀ ਵਰਤੋਂ ਕਰਦੇ ਹਨ ਤਾਂ ਉਹਨਾਂ ਦੇ ਧਿਆਨ ਵਿੱਚ **ਭਰੋਸੇ** ਇੱਕ ਵਿਸ਼ੇਸ਼ ਅਰਥ ਹੋਵੇਗਾ।

(4) **ਸਮਾਨਾਰਥੀ ਵਾਕਾਂਸ਼ ਜੋ ਬਚਾਉਣ ਵਾਲੇ ਵਿਸ਼ਵਾਸ ਨੂੰ ਭਰੋਸੇ ਦੇ ਬਰਾਬਰ ਦਿਖਾਉਂਦੇ ਹਨ**।

ਬਾਈਬਲ ਜਦੋਂ ਬਚਾਉਣ ਵਾਲੇ ਵਿਸ਼ਵਾਸ ਦੀ ਗੱਲ ਕਰਦੀ ਹੈ, ਤਾਂ ਇਸ ਦਾ ਅਰਥ ਭਰੋਸਾ ਹੁੰਦਾ ਹੈ, ਅਤੇ ਇਹ ਦਿਖਾਉਣ ਦਾ ਇੱਕ ਹੋਰ ਤਰੀਕਾ ਉਹਨਾਂ ਵਾਕਾਂਸ਼ਾਂ ਦੀ ਜਾਂਚ ਕਰਨਾ ਹੁੰਦਾ ਹੈ ਜੋ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸਮਾਨ ਹੁੰਦੇ ਹਨ ਅਤੇ ਇੱਕੋ ਜਿਹਾ ਅਰਥ ਰੱਖਦੇ ਹਨ। ਇਹ ਸਿਰਫ਼ ਬੌਧਿਕ ਵਿਸ਼ਵਾਸ ਦਾ ਨਹੀਂ ਪਰ ਭਰੋਸੇ ਅਤੇ ਸੌਂਪਣ ਦਾ ਸੰਕੇਤ ਦਿੰਦੇ ਹਨ। ਮੁਕਤੀ ਦੇ ਲਈ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਬਹੁਤ ਸਾਰੇ ਸਮਾਨਾਰਥੀ ਸ਼ਬਦ ਹਨ, ਜਿਵੇਂ ਕਿ 2 ਤਿਮੋਥਿ 1:12 ਵਿੱਚ "ਉਸ ਨੂੰ ਸੌਂਪਣਾ (ਆਪਣੇ ਆਤਮਾ ਨੂੰ ਸੌਂਪਣ ਦਾ ਸੰਕੇਤ ਹੈ), ਇਬ. 6:18 ਵਿੱਚ ਸੁਰੱਖਿਆ ਲੈਣ ਦੇ ਲਈ ਉਸ ਵੱਲ ਜਾਣਾ, ਇਬ 11:6 ਵਿੱਚ ਪ੍ਰਭੂ ਕੋਲ ਜਾਣਾ, ਯੂਹੰਨਾ 1:12 ਵਿੱਚ ਯਿਸੂ ਦਾ ਸਵੀਕਾਰ ਕਰਨਾ ਜਾਂ ਸਵਾਗਤ ਕਰਨਾ, ਯੂਹੰਨਾ 3:14 ਵਿੱਚ ਛੁਟਕਾਰੇ ਦੇ ਲਈ ਯਿਸੂ ਵੱਲ ਦੇਖਣਾ ਜਿਵੇਂ ਇਸਰਾਏਲ ਦੇ ਲੋਕਾਂ ਨੇ ਪਿੱਤਲ ਦੇ ਸੱਪ ਵੱਲ ਦੇਖਿਆ ਸੀ, ਯੂਹੰਨਾ 4 ਅਤੇ 6 ਵਿੱਚ ਯਿਸੂ ਨੂੰ ਖਾਣਾ ਅਤੇ ਪੀਣਾ। ਇਹ ਵਾਕਾਂਸ਼ ਇੱਕ ਮਸੀਹੀ ਵਿਸ਼ਵਾਸ ਪ੍ਰਣਾਲੀ ਦੀ ਬੌਧਿਕ ਪਾਲਣਾ ਨਾਲੋਂ ਬਹੁਤ ਜ਼ਿਆਦਾ ਦੀ ਗੱਲ ਕਰਦੇ ਹਨ। ਇਹ ਸਲੀਬ ਦੇ ਕੰਮ ਨੂੰ ਨਿੱਜੀ ਤੌਰ ਤੇ ਅਪਣਾਉਣ, ਨਿੱਜੀ ਰਿਸ਼ਤੇ ਦੇ ਭਰੋਸੇ, ਆਪਣੇ ਆਪ ਨੂੰ ਮੁਕਤੀ ਅਤੇ ਸੁਰੱਖਿਆ ਦੇ ਲਈ ਯਿਸੂ ਮਸੀਹ ਨੂੰ ਸੌਂਪਣ ਦੀ ਗੱਲ ਕਰਦੇ ਹਨ। ਇਸ ਲਈ, ਬਚਾਉਣ ਵਾਲੇ ਵਿਸ਼ਵਾਸ ਦੇ ਅਰਥ ਵਿੱਚ **ਮਸੀਹ ਵਿੱਚ ਨਿੱਜੀ ਭਰੋਸਾ** ਸ਼ਾਮਲ ਹੋਣਾ ਚਾਹੀਦਾ ਹੈ ਜੋ ਭਵਿੱਖ ਦੇ ਲਈ ਆਪਣੇ ਆਤਮਾ ਨੂੰ ਉਹਨਾਂ ਨੂੰ ਸੌਂਪਣ (ਵਚਨਬੱਧਤਾ) ਦੁਆਰਾ ਪ੍ਰਗਟ ਕੀਤਾ ਜਾਂਦਾ ਹੈ।

(5) ਨਾਮ ਵਿੱਚ ਵਿਸ਼ਵਾਸ ਕਰਨਾ ਮਸੀਹ ਦੇ ਵਿਅਕਤੀਤਵ ਵਿੱਚ ਵਿਸ਼ਵਾਸ (ਭਰੋਸੇ) ਨੂੰ ਦਰਸਾਉਂਦਾ ਹੈ।

*ਵਿਸ਼ਵਾਸ* ਨੂੰ ਜਦੋਂ ਬਚਾਉਣ ਵਾਲੇ ਵਿਸ਼ਵਾਸ ਵਜੋਂ ਵਰਤਿਆ ਜਾਂਦਾ ਹੈ, ਤਾਂ ਇਹ ਭਰੋਸੇ ਨੂੰ ਦਰਸਾਉਂਦਾ ਹੈ, ਇਸ ਦਾ ਆਖ਼ਰੀ ਕਾਰਨ "ਮੇਰੇ ਨਾਮ ਵਿੱਚ ਵਿਸ਼ਵਾਸ ਕਰੋ" ਦੇ ਸੱਦੇ ਵਿੱਚ ਹੈ (ਯੂਹੰਨਾ 1:12, 3:18; 1 ਯੂਹੰਨਾ 3:23; 5:13)। ਕੀ ਇਹ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਮੁਕਤੀ ਉਹਨਾਂ ਸਾਰਿਆਂ ਨੂੰ ਦਿੱਤੀ ਗਈ ਹੈ ਜੋ ਬੌਧਿਕ ਤੌਰ ਤੇ ਇਹ ਵਿਸ਼ਵਾਸ ਕਰਦੇ ਹਨ ਕਿ ਯਿਸੂ ਨਾਮ ਦਾ ਇੱਕ ਵਿਅਕਤੀ ਸੀ? ਇਹ ਇੱਕ ਮੂਰਖਤਾ ਵਾਲੀ ਵਿਆਖਿਆ ਹੋਵੇਗੀ। ਅਜਿਹੇ ਸੰਦਰਭਾਂ ਵਿੱਚ ਵਿਸ਼ਵਾਸ ਦਾ ਅਰਥ ਮਸੀਹ ਦੇ ਵਿਅਕਤੀਤਵ ਵਿੱਚ ਭਰੋਸਾ ਕਰਨਾ ਹੈ ਨਾ ਕਿ ਸਿਰਫ਼ ਇਸ ਤੱਥ ਉੱਤੇ ਵਿਸ਼ਵਾਸ ਕਰਨਾ ਕਿ ਯਿਸੂ ਮਸੀਹ ਨਾਮ ਦਾ ਇੱਕ ਵਿਅਕਤੀ ਸੀ।

### 4. ਵਿਸ਼ਵਾਸ, ਭਰੋਸਾ ਅਤੇ ਨਿਹਚਾ ਦਾ ਸਾਰ

ਬਚਾਉਣ ਵਾਲੇ ਵਿਸ਼ਵਾਸ ਵਿੱਚ ਮਨ, ਭਾਵਨਾਵਾਂ, ਅਤੇ ਇੱਛਾ ਸ਼ਾਮਲ ਹੁੰਦੇ ਹਨ। ਆਪਣੇ ਮਨ ਨਾਲ ਇੱਕ ਪਾਪੀ ਨੂੰ ਇਹ **ਵਿਸ਼ਵਾਸ ਕਰਨਾ** ਹੈ ਕਿ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ ਅਤੇ ਪ੍ਰਭੂ (ਪਰਮੇਸ਼ਰ) ਹਨ ਜਿਹਨਾਂ ਨੇ ਮਨੁੱਖੀ ਸਰੀਰ ਨੂੰ ਧਾਰਿਆ ਅਤੇ ਉਹਨਾਂ ਨੂੰ ਪਰਮੇਸ਼ਰ ਦੁਆਰਾ ਸੰਸਾਰ ਵਿੱਚ ਮਸੀਹ ਦੇ ਰੂਪ ਵਿੱਚ ਸਾਡੇ ਪਾਪਾਂ ਦੇ ਲਈ ਮਰਨ ਅਤੇ ਦੁਬਾਰਾ ਜੀਅ ਉੱਠਣ ਦੇ ਲਈ ਭੇਜਿਆ ਗਿਆ ਸੀ। ਬਚਾਉਣ ਵਾਲਾ ਵਿਸ਼ਵਾਸ ਇਹਨਾਂ ਤੱਥਾਂ ਨੂੰ ਆਪਣੀ ਸਮੱਗਰੀ ਵਜੋਂ ਸ਼ਾਮਲ ਕਰਦਾ ਹੈ। ਪਰ ਫਿਰ ਵੀ, ਬਚਾਉਣ ਵਾਲਾ ਵਿਸ਼ਵਾਸ ਬੌਧਿਕ ਤੌਰ ਤੇ ਮਸੀਹ ਬਾਰੇ ਕੁਝ ਬੁਨਿਆਦੀ ਤੱਥਾਂ ਉੱਤੇ ਵਿਸ਼ਵਾਸ ਕਰਨ ਨਾਲੋਂ ਕਿਤੇ ਵੱਧਕੇ ਹੈ। ਇਸ ਵਿੱਚ ਇੱਕ ਭਾਵਨਾਤਮਕ ਸਹਿਮਤੀ ਵੀ ਹੁੰਦੀ ਹੈ ਜਿਸ ਵਿੱਚ ਇੱਕ ਆਤਮਾ ਇਹ ਮੰਨਦੀ ਹੈ ਕਿ ਇਹ ਤੱਥ ਨਾ ਸਿਰਫ਼ ਸੱਚੇ ਹਨ ਬਲਕਿ ਲੋੜੀਂਦੇ, ਢੁੱਕਵੇਂ, ਅਤੇ ਨਿੱਜੀ ਤੌਰ ਤੇ ਜ਼ਰੂਰੀ ਵੀ ਹਨ।

ਹਾਲਾਂਕਿ ਪੂਰੀ ਤਰ੍ਹਾਂ ਬਚਾਏ ਜਾਣ ਵਾਲੇ ਵਿਸ਼ਵਾਸ ਵਿੱਚ ਯਿਸੂ ਬਾਰੇ ਤੱਥਾਂ ਦੀ ਸਮੱਗਰੀ ਵਿੱਚ ਬੌਧਿਕ ਵਿਸ਼ਵਾਸ ਵੀ ਜ਼ਰੂਰੀ ਹੈ, ਪਰ ਇਹ ਕਾਫ਼ੀ ਨਹੀਂ ਹੈ। ਸ਼ੁਭ-ਸਮਾਚਾਰ ਦਾ ਸੱਦਾ ਸਿਰਫ਼ ਯਿਸੂ ਬਾਰੇ ਤੱਥਾਂ ਤੇ ਵਿਸ਼ਵਾਸ ਕਰਨ ਜਾਂ ਇਹ ਵਿਸ਼ਵਾਸ ਕਰਨ ਦੇ ਲਈ ਨਹੀਂ ਹੈ ਕਿ ਉਹ ਸਾਡੀ ਮਦਦ ਕਰ ਸਕਦੇ ਹਨ, ਪਰ **ਮਸੀਹ ਵਿੱਚ ਵਿਸ਼ਵਾਸ ਕਰਨਾ** ਉਹਨਾਂ ਵਿੱਚ ਵਿਅਕਤੀਗਤ ਭਰੋਸਾ ਕਰਨਾ ਹੈ।

ਬਚਾਉਣ ਵਾਲਾ ਵਿਸ਼ਵਾਸ ਉਦੋਂ ਮੌਜੂਦ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਦੀ ਇੱਛਾ ਉਸ ਦੀ ਆਤਮਾ ਨੂੰ ਸਦੀਪਕ ਭਵਿੱਖ ਦੇਲਈ ਮਸੀਹ ਅਤੇ ਸਲੀਬ ਉੱਤੇ ਕੀਤੇ ਗਏ ਉਹਨਾਂ ਦੇ ਮੁਕੰਮਲ ਕੰਮ ਨੂੰ ਸੌਂਪਦੀ ਹੈ, ਜਿਵੇਂ ਕਿ ਆਪਣੀ ਇੱਛਾ ਦੇ ਦੁਆਰਾ ਇੱਕ ਵਿਅਕਤੀ ਪ੍ਰਭੂ ਯਿਸੂ ਮਸੀਹ ਵਿੱਚ ਅਤੇ ਸਲੀਬ ਦੇ ਮੁਕੰਮਲ ਕੰਮ ਵਿੱਚ ਭਰੋਸਾ ਕਰਨ ਦੀ ਚੋਣ ਕਰਦਾ ਹੈ।

ਇੱਕ ਘਾਤਕ ਬਿਮਾਰੀ ਵਾਲਾ ਵਿਅਕਤੀ ਬੌਧਿਕ ਤੌਰ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਇੱਕ ਖ਼ਾਸ ਦਵਾਈ ਉਸ ਨੂੰ ਬਚਾ ਸਕਦੀ ਹੈ। ਉਹ ਭਾਵਨਾਤਮਕ ਤੌਰ ਤੇ ਵਿਸ਼ਵਾਸ ਕਰ ਸਕਦਾ ਹੈ ਕਿ ਉਹ ਦਵਾਈ ਉਸ ਦੀ ਬਿਮਾਰੀ ਨਾਲ ਸੰਬੰਧਿਤ ਹੈ। ਪਰ, ਜਦੋਂ ਤੱਕ ਉਹ ਵਿਅਕਤੀਗਤ ਤੌਰ ਤੇ ਦਵਾਈ ਉੱਤੇ ਨਿਰਭਰ ਨਹੀਂ ਹੁੰਦਾ ਹੈ ਅਤੇ ਉਸ ਨੂੰ ਸਵੀਕਾਰ

ਨਹੀਂ ਕਰਦਾ ਹੈ, ਉਦੋਂ ਤੱਕ ਉਹ ਠੀਕ ਨਹੀਂ ਹੋ ਸਕਦਾ ਹੈ। ਮੁਕਤੀ ਵੀ ਉਦੋਂ ਹੁੰਦੀ ਹੈ ਜਦੋਂ ਇੱਕ ਵਿਅਕਤੀ ਮਸੀਹ ਦੀ ਮੌਤ ਦੇ ਲਾਭਾਂ ਨੂੰ ਵਿਅਕਤੀਗਤ ਤੌਰ ਤੇ ਲਾਗੂ ਕਰਨ ਦੀ ਭਾਵਨਾ ਵਿੱਚ ਵਿਸ਼ਵਾਸ (ਭਰੋਸਾ, ਨਿਰਭਰਤਾ, ਅਤੇ ਨਿਹਚਾ) ਕਰਦਾ ਹੈ।

ਮੁਕਤੀ ਦੀ ਇੱਕੋ-ਇੱਕ ਸ਼ਰਤ ਇਹ ਹੈ ਕਿ ਬਾਈਬਲ ਦੇ ਮਸੀਹ ਵਿੱਚ ਮੁਕਤੀਦਾਤਾ ਵਜੋਂ ਭਰੋਸਾ ਕੀਤਾ ਜਾਵੇ। ਮੁਕਤੀ ਦੇ ਲਈ ਇਸ ਇੱਕ ਸ਼ਰਤ ਨੂੰ ਦੱਸਣ ਦੇ ਸਾਰੇ ਜਾਇਜ਼ ਤਰੀਕੇ ਜਾਂ ਤਾਂ ਵਿਸ਼ਵਾਸ ਦੇ ਸਮਾਨਾਰਥੀ ਹਨ, ਅਤੇ ਜਾਂ ਵਿਸ਼ਵਾਸ ਦੇ ਇੱਕ ਖ਼ਾਸ ਪਹਿਲੂ ਨੂੰ ਦਰਸਾਉਂਦੇ ਹਨ। ਉਹ ਸਾਰੇ ਸ਼ਬਦ ਜੋ ਮੁਕਤੀ ਪਾਉਣ ਦੇ ਲਈ ਸਿਰਫ਼ ਵਿਸ਼ਵਾਸ ਦੀ ਸ਼ਰਤ ਨਾਲ ਸੰਬੰਧਿਤ ਨਹੀਂ ਹਨ, ਉਹ ਸਾਰੇ ਗ਼ਲਤ ਹਨ।

## C. ਮੁਕਤੀ ਪਾਉਣ ਦੇ ਲਈ ਤੋਬਾ ਕਰਨ ਦੀ ਸ਼ਰਤ

### 1. *ਤੋਬਾ* ਦਾ ਅਰਥ

ਨਵੇਂ ਨੇਮ ਵਿੱਚ ਕਿਰਿਆ ਤੋਬਾ (ਮੈਟਾਨੋਓ) 35 ਵਾਰ ਅਤੇ ਨਾਂਵ (ਮੈਟਾਨੋਯਾ) 22 ਵਾਰ ਆਉਂਦਾ ਹੈ। ਇਸ ਦੀ ਵਰਤੋਂ ਅਕਸਰ ਲੂਕਾ, ਰਸੂਲਾਂ ਦੇ ਕਰਤੱਬ, ਅਤੇ ਪ੍ਰਕਾਸ਼ ਦੀ ਪੋਥੀ ਵਿੱਚ ਕੀਤੀ ਗਈ ਹੈ। ਜ਼ਿਆਦਾਤਰ ਲੋਕ ਜਦੋਂ *ਤੋਬਾ* ਬਾਰੇ ਸੁਣਦੇ ਹਨ, ਤਾਂ ਉਹ "ਅਫ਼ਸੋਸ ਕਰਨ" ਜਾਂ "ਦੋਸ਼ੀ ਮਹਿਸੂਸ ਕਰਨ" ਬਾਰੇ ਸੋਚਦੇ ਹਨ। ਪਰ, ਕਈ ਵਿਚਾਰ ਦਰਸਾਉਂਦੇ ਹਨ ਕਿ ਅਫ਼ਸੋਸ ਕਰਨਾ ਤੋਬਾ ਕਰਨ ਵਾਂਗ ਨਹੀਂ ਹੈ।

ਸਭ ਤੋਂ ਪਹਿਲਾਂ, ਇਹ ਸ਼ਬਦ ਦੋ ਸ਼ਬਦਾਂ ਤੋਂ ਆਇਆ ਹੈ, *ਮੈਟਾ* ਦਾ ਅਰਥ "ਬਦਲਣਾ" ਹੈ ਅਤੇ *ਨੋਓ* ਮਨ ਨੂੰ ਦਰਸਾਉਂਦਾ ਹੈ। ਇਸ ਦੀ ਸ਼ਬਦਾਵਲੀ "ਮਨ ਨੂੰ ਬਦਲਣ" ਦਾ ਅਰਥ ਦਿੰਦੀ ਹੈ। ਬਾਈਬਲ ਦੀਆਂ ਉਦਾਹਰਣਾਂ ਵੀ ਇਸ ਪਰਿਭਾਸ਼ਾ ਦੀ ਪੁਸ਼ਟੀ ਕਰਦੀਆਂ ਹਨ। ਹਾਲਾਂਕਿ ਤੋਬਾ ਵਿੱਚ ਅਕਸਰ ਅਫ਼ਸੋਸ ਮੌਜੂਦ ਹੁੰਦਾ ਹੈ ਅਤੇ ਤੋਬਾ ਨੂੰ ਉਤਸ਼ਾਹਿਤ ਵੀ ਕਰਦਾ ਹੈ, 2 ਕੁਰਿੰਥ 7:9-10 ਅਤੇ ਇਬ 12:17 ਦਿਖਾਉਂਦੇ ਹਨ ਕਿ ਅਫ਼ਸੋਸ ਕਰਨਾ ਤੋਬਾ ਕਰਨ ਵਾਂਗ ਨਹੀਂ ਹੈ। ਕਿਉਂਕਿ ਕਿ 2 ਕੁਰਿੰਥ 7:9-10 ਇਹ ਸਿਖਾਉਂਦਾ ਹੈ ਕਿ ਅਫ਼ਸੋਸ ਅਕਸਰ ਤੋਬਾ ਵੱਲ ਲੈ ਜਾਂਦਾ ਹੈ, ਤਾਂ ਇੱਕ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਇਹ ਤੋਬਾ ਵਾਂਗ ਬਿਲਕੁਲ ਨਹੀਂ ਹੈ। ਇਬ 12:17 ਤਾਂ ਹੋਰ ਵੀ ਸਪੱਸ਼ਟ ਹੈ। ਏਸਾਓ ਨੂੰ ਆਪਣੇ ਜਨਮ ਦੇ ਅਧਿਕਾਰ ਵੇਚਣ ਬਾਰੇ ਅੱਥਰੂ ਵਹਾਉਣ ਦੀ ਹੱਦ ਤੱਕ ਅਫ਼ਸੋਸ ਕਰਨ ਵਾਲਾ ਦਰਸਾਇਆ ਗਿਆ ਹੈ। ਫਿਰ ਵੀ, ਉਹ ਦਾਲ ਦੇ ਇੱਕ ਕਟੋਰੇ ਦੇ ਲਈ ਆਪਣੇ ਜਨਮ ਅਧਿਕਾਰ ਨੂੰ ਵੇਚਣ ਤੋਂ ਤੋਂਬਾ ਕਰਨ ਵਿੱਚ ਅਸਮਰੱਥ ਸੀ (ਉਤ 25:34)। ਏਸਾਓ ਦੇ ਮਾਮਲੇ ਵਿੱਚ ਤੋਬਾ ਕਰਨ ਦਾ ਅਰਥ ਸਿਰਫ਼ ਅਫ਼ਸੋਸ ਕਰਨਾ ਨਹੀਂ ਸੀ (ਜੋ ਉਸ ਨੇ ਕੀਤਾ ਸੀ), ਪਰ ਇਸ ਦਾ ਅਰਥ ਉਸ ਸੌਦੇ ਤੋਂ ਆਪਣਾ ਮਨ ਬਦਲਣਾ ਸੀ (ਜੋ ਉਸ ਨੇ ਨਹੀਂ ਕੀਤਾ ਸੀ)। ਤੋਬਾ ਦਾ ਅਰਥ "ਅਫ਼ਸੋਸ ਕਰਨਾ" ਜਾਂ "ਦੋਸ਼ੀ ਮਹਿਸੂਸ ਕਰਨਾ" ਨਹੀਂ ਹੁੰਦਾ ਹੈ। ਇਸ ਦਾ ਅਰਥ "ਮਨ ਬਦਲਣਾ" ਹੁੰਦਾ ਹੈ।

ਕਈ ਵਾਰ ਬਾਈਬਲ ਤੋਬਾ ਨੂੰ ਪਿਛਲੀ ਸਥਿਤੀ ਨੂੰ ਤਿਆਗਣ ਨਾਲ ਜੋੜਦੀ ਹੈ। ਰਸੂਲਾਂ 3:19 ਕਹਿੰਦਾ ਹੈ "ਤੋਬਾ ਕਰੋ ਅਤੇ ਪਰਮੇਸ਼ਰ ਵੱਲ ਮੁੜੋ।" ਰਸੂਲਾਂ 26:20 ਵਿੱਚ ਇਹ ਲਿਖਿਆ ਹੈ "ਤੋਬਾ ਕਰੋ ਅਤੇ ਪਰਮੇਸ਼ਰ ਵੱਲ ਮੁੜੋ" (ਇਬ 6:1 ਅਤੇ ਰਸੂਲਾਂ 8:22 ਵੀ ਦੇਖੋ)। ਇਸ ਲਈ, ਤੋਬਾ ਕਰਨ ਵਿੱਚ ਕਿਸੇ ਇੱਕ ਚੀਜ਼ ਤੋਂ ਦੂਜੀ ਚੀਜ਼ ਵੱਲ ਮੁੜਨਾ ਸ਼ਾਮਲ ਹੁੰਦਾ ਹੈ। ਇਸ ਵਿੱਚ ਮਨ ਦੀ ਤਬਦੀਲੀ ਸ਼ਾਮਲ ਹੋਣੀ ਚਾਹੀਦੀ ਹੈ ਕਿਉਂਕਿ ਇੱਕ ਵਿਅਕਤੀ ਕਿਸੇ ਪੁਰਾਣੇ ਵਿਚਾਰ ਜਾਂ ਵਿਸ਼ਵਾਸ ਨੂੰ ਛੱਡੇ ਬਿਨਾਂ ਅਫ਼ਸੋਸ ਕਰ ਸਕਦਾ ਹੈ ਜਾਂ ਦੋਸ਼ੀ ਮਹਿਸੂਸ ਕਰ ਸਕਦਾ ਹੈ। ਜਦੋਂ ਇੱਕ ਵਿਅਕਤੀ ਆਪਣੇ ਵਿਸ਼ਵਾਸ ਜਾਂ ਵਿਵਹਾਰ ਤੋਂ ਤੋਬਾ ਕਰਦਾ ਹੈ, ਤਾਂ ਉਸ ਨੂੰ ਸਿਰਫ਼ ਅਫ਼ਸੋਸ ਹੀ ਨਹੀਂ ਕਰਨਾ ਚਾਹੀਦਾ ਬਲਕਿ ਉਸ ਮੁੱਦੇ ਬਾਰੇ ਅਪਣਾ ਮਨ ਵੀ ਬਦਲਣਾ ਚਾਹੀਦਾ ਹੈ। ਇਸ ਲਈ, ਤੋਬਾ ਮਨ ਦੇ ਬਦਲਣ ਉੱਤੇ ਜ਼ੋਰ ਦਿੰਦੀ ਹੈ ਜਿਸ ਵਿੱਚ ਕਿਸੇ ਇੱਕ ਚੀਜ਼ ਤੋਂ ਦੂਜੀ ਚੀਜ਼ ਵੱਲ ਮੁੜਨਾ ਸ਼ਾਮਲ ਹੁੰਦਾ ਹੈ।

ਇੱਥੇ ਅਸੀਂ ਤੋਬਾ ਦੀ ਵਿਆਖਿਆ ਕੀਤੀ ਹੈ। ਅਗਲਾ ਮੁੱਦਾ ਇਹ ਹੈ ਕਿ ਕੀ ਬਾਈਬਲ ਇਹ ਸਿਖਾਉਂਦੀ ਹੈ ਕਿ ਮੁਕਤੀ ਦੇ ਲਈ ਤੋਬਾ ਜ਼ਰੂਰੀ ਹੈ ਜਾਂ ਨਹੀਂ।

### 2. ਤੋਬਾ ਮੁਕਤੀ ਦੇ ਲਈ ਜ਼ਰੂਰੀ ਹੈ

ਜਦੋਂ ਤੱਕ ਇਸ ਨੂੰ ਸੋਲਾਂ ਫਿਡੇ (ਸਿਰਫ਼ ਵਿਸ਼ਵਾਸ) ਨਾਲ ਸੰਬੰਧਿਤ ਕਰਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ, ਉਦੋਂ ਤੱਕ ਤੋਬਾ ਮੁਕਤੀ ਦੀ ਸ਼ਰਤ ਨੂੰ ਪ੍ਰਗਟ ਕਰਨ ਦੇ ਲਈ ਇੱਕ ਜਾਇਜ਼ ਸ਼ਬਦ ਹੈ। ਇਹ ਅੱਗੇ ਦਿੱਤੇ ਵਚਨਾਂ ਤੋਂ ਸਪੱਸ਼ਟ ਹੁੰਦਾ ਹੈ: ਲੂਕਾ 15:7, 10; ਰਸੂਲਾਂ 2:38; 3:19; 17:30; 26:20 (ਕਿਰਿਆ ਤੋਬਾ ਕਰਨਾ); ਅਤੇ ਲੂਕਾ 15:7; 24:47; ਰਸੂਲਾਂ 11:18; 20:21; 26:20; ਰੋਮੀ 2:4; ਅਤੇ 2 ਪਤਰਸ 3:9 (ਨਾਂਵ, ਤੋਬਾ)।[44]

> "ਪਰਮੇਸ਼ਰ ਨੇ ਅਗਿਆਨਤਾ ਦੇ ਯੁੱਗਾਂ ਉੱਤੇ ਧਿਆਨ ਨਹੀਂ ਦਿੱਤਾ ਪਰ ਹੁਣ ਉਹਨਾਂ ਦਾ ਹੁਕਮ ਹੈ ਕਿ **ਸਭ ਮਨੁੱਖ ਹਰ ਤੇ ਆਪਣੇ ਬੁਰੇ ਕੰਮਾਂ ਨੂੰ ਤਿਆਗਣ**।" [ਰਸੂਲਾਂ 17:30]
>
> "ਮਸੀਹ ਦੇ ਬਾਰੇ ਪਵਿੱਤਰ-ਗ੍ਰੰਥ ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਉਹ ਦੁੱਖ ਸਹੇਗਾ ਅਤੇ ਤੀਜੇ ਦਿਨ ਮੁਰਦਿਆਂ

[44] ਉਹ ਆਇਤਾਂ ਜਿਹਨਾਂ ਵਿੱਚ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਤੋਬਾ ਦੇ ਲਈ ਸੱਦਾ ਨੂੰ ਇਸ ਭਾਗ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਹੈ। ਉਸ ਦੇ ਤੋਬਾ ਕਰਨ ਦੇ ਸੱਦੇ ਵਿੱਚ ਭਵਿੱਖ ਦੀ ਉਸ ਮੁਕਤੀ ਦੀ ਤਿਆਰੀ ਸ਼ਾਮਲ ਸੀ ਜੋ ਮਸੀਹ ਦੇਣਗੇ। ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਤੋਬਾ ਕਰਨ ਅਤੇ ਬਪਤਿਸਮਾ ਲੈਣ ਦੇ ਸੱਦੇ ਬਾਰੇ ਵਧੇਰੇ ਜਾਣਕਾਰੀ ਦੇਲਈ ਪੇਜ਼ 149-51 ਦੇਖੋ।

ਵਿੱਚੋਂ ਜੀਅ ਉੱਠੇਗਾ। ਅਤੇ ਯਰੂਸ਼ਲਮ ਤੋਂ ਸ਼ੁਰੂ ਕਰ ਕੇ ਸਾਰੀਆਂ ਕੌਮਾਂ ਵਿੱਚ ਉਸ ਦੇ ਨਾਮ ਵਿੱਚ **ਤੋਬਾ** ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ।" [ਲੂਕਾ 24:46-47]

ਪ੍ਰਭੂ ਆਪਣੇ ਕੀਤੇ ਹੋਏ ਵਾਅਦੇ ਨੂੰ ਪੂਰਾ ਕਰਨ ਦੇ ਲਈ ਦੇਰ ਨਹੀਂ ਕਰ ਰਹੇ, ਜਿਸ ਤਰ੍ਹਾਂ ਕੁਝ ਲੋਕ ਸੋਚਦੇ ਹਨ ਸਗੋਂ ਉਹ ਤੁਹਾਡੇ ਨਾਲ ਧੀਰਜਵਾਨ ਹਨ, ਉਹ ਨਹੀਂ ਚਾਹੁੰਦੇ ਕਿ ਕੋਈ ਨਾਸ਼ ਹੋਵੇ ਸਗੋਂ ਉਹ ਚਾਹੁੰਦੇ ਹਨ ਕਿ **ਸਾਰੇ ਆਪਣੇ ਪਾਪਾਂ ਤੋਂ ਤੋਬਾ ਕਰਨ** [2 ਪਤਰਸ 3:9]

ਮੁਕਤੀ ਵਿੱਚ ਤੋਬਾ ਦੀ ਭੂਮਿਕਾ ਕਈ ਸਵਾਲ ਪੈਦਾ ਕਰਦੀ ਹੈ। ਕਿਉਂਕਿ ਤੋਬਾ ਵਿੱਚ ਮਨ ਨੂੰ ਬਦਲਣਾ ਅਤੇ ਇੱਕ ਪੁਰਾਣੀ ਸਥਿਤੀ ਤੋਂ ਮੁੜਨਾ ਸ਼ਾਮਲ ਹੁੰਦਾ ਹੈ, ਤਾਂ ਉਹ ਕਿਹੜੀਆਂ ਚੀਜ਼ਾਂ ਹਨ ਜਿਹਨਾਂ ਤੋਂ ਇੱਕ ਅਵਿਸ਼ਵਾਸੀ ਵਿਅਕਤੀ ਨੂੰ ਬਚਾਏ ਜਾਣ ਦੇ ਲਈ ਮੁੜਨਾ ਚਾਹੀਦਾ ਹੈ? ਉਹ ਕਿਹੜੀਆਂ ਸੱਚਾਈਆਂ ਹਨ ਜਿਹਨਾਂ ਬਾਰੇ ਇੱਕ ਵਿਅਕਤੀ ਨੂੰ ਬਚਣ ਦੇ ਲਈ ਆਪਣਾ ਮਨ ਬਦਲਣਾ ਚਾਹੀਦਾ ਹੈ?

ਉਹ ਚੀਜ਼ ਜਿਸ ਤੋਂ ਇੱਕ ਵਿਅਕਤੀ ਨੂੰ ਤੋਬਾ ਕਰਨੀ ਚਾਹੀਦੀ ਹੈ ਉਹ ਹਰੇਕ ਵਚਨ ਵਿੱਚ ਇੱਕੋ ਜਿਹੀ ਨਹੀਂ ਹੈ। ਰਸੂਲਾਂ 2:38 ਅਤੇ 3:19 ਵਿੱਚ ਪਤਰਸ ਯਹੂਦੀਆਂ ਨੂੰ ਉਸ ਗੱਲ ਤੋਂ ਮਨ ਬਦਲਣ ਲਈ ਕਹਿੰਦਾ ਹੈ ਜੋ ਉਹਨਾਂ ਨੇ ਮਸੀਹ ਨਾਲ ਕੀਤਾ ਸੀ, ਜਿਵੇਂ ਕਿ, ਇਸ ਬਾਰੇ ਮਨ ਨੂੰ ਬਦਲਣਾ ਕਿ ਉਹ ਕੌਣ ਹਨ। ਸੰਸਾਰ ਦਾ ਹਰੇਕ ਵਿਅਕਤੀ ਪਹਿਲੀ ਸਦੀ ਦੇ ਯਹੂਦੀਆਂ ਵਾਂਗ ਮਸੀਹ ਨੂੰ ਮਰਨ ਦੇ ਲਈ ਭੇਜਣ ਦੇ ਦੋਸ਼ ਵਿੱਚ ਸਿੱਧੇ ਤੌਰ ਤੇ ਸ਼ਾਮਲ ਨਹੀਂ ਸੀ।

ਇਸ ਲਈ, ਮਸੀਹ ਨੂੰ ਸਲੀਬ ਉੱਤੇ ਚੜ੍ਹਾਉਣ ਵਿੱਚ ਹਿੱਸਾ ਲੈਣ ਬਾਰੇ ਮਨ ਨੂੰ ਬਦਲਣਾ ਹਰ ਕਿਸੇ ਉੱਤੇ ਲਾਗੂ ਨਹੀਂ ਹੋਵੇਗਾ। ਇਬ 6:1 ਮਰੇ ਕੰਮਾਂ ਤੋਂ ਮਨ ਬਦਲਣ ਦਾ ਜ਼ਿਕਰ ਕਰਦਾ ਹੈ। ਤੋਬਾ ਦੀ ਇਹ ਗੱਲ ਉਹਨਾਂ ਸਾਰੇ ਧਰਮਾਂ ਉੱਤੇ ਲਾਗੂ ਹੁੰਦੀ ਹੈ ਜੋ ਇਹ ਸਿਖਾਉਂਦੇ ਹਨ ਕਿ ਕੰਮਾਂ ਦੁਆਰਾ ਮੁਕਤੀ ਮਿਲਦੀ ਹੈ। ਹਾਲਾਂਕਿ ਨਾਸਤਿਕ ਕਦੇ ਵੀ "ਮਰੇ ਹੋਏ ਕੰਮਾਂ" ਵਿੱਚ ਵਿਸ਼ਵਾਸ ਨਹੀਂ ਕਰਦੇ ਸਨ ਕਿਉਂਕਿ ਉਹ ਕਦੇ ਵੀ ਸਵਰਗ ਦੀ ਹੋਂਦ ਵਿੱਚ ਵਿਸ਼ਵਾਸ ਨਹੀਂ ਕਰਦੇ ਸਨ ਜਿਸ ਲਈ ਮਨੁੱਖ ਕੰਮ ਕਰ ਸਕਦਾ ਹੈ। ਇਸ ਲਈ, ਇੱਕ ਨਾਸਤਿਕ ਨੂੰ ਮਰੇ ਹੋਏ ਕੰਮਾਂ ਬਾਰੇ ਆਪਣਾ ਮਨ ਬਦਲਣ ਦੀ ਕੋਈ ਲੋੜ ਨਹੀਂ ਹੈ। ਵੱਖ-ਵੱਖ ਝੂਠੇ ਧਰਮਾਂ ਅਤੇ ਵੱਖ-ਵੱਖ ਪਿਛੋਕੜ ਅਤੇ ਵਿਚਾਰਾਂ ਵਾਲੇ ਝੂਠੇ ਫ਼ਲਸਫ਼ਿਆਂ ਦੇ ਲੋਕਾਂ ਨੂੰ ਆਪਣੇ ਮਨਾਂ ਨੂੰ ਬਦਲਣ ਦੀ ਜ਼ਰੂਰਤ ਹੈ,ਜਿਵੇਂ ਕਿ., ਵੱਖ-ਵੱਖ ਗ਼ਲਤ-ਧਾਰਨਾਵਾਂ ਤੋਂ ਤੋਬਾ। ਰਸੂਲਾਂ 20:21 ਅਤੇ ਥੱਸਲੁ 1:9 ਇਹ ਕਹਿੰਦੇ ਹਨ ਕਿ, ਲੋਕਾਂ ਨੂੰ ਪਰਮੇਸ਼ਰ ਬਾਰੇ ਆਪਣੇ ਮਨ ਨੂੰ ਬਦਲਣਾ ਚਾਹੀਦਾ ਹੈ। ਪਰਮੇਸ਼ਰ ਬਾਰੇ ਤੋਬਾ ਹਰੇਕ ਮਨ ਪਰਿਵਰਤਨ ਵਿੱਚ ਸ਼ਾਮਲ ਹੁੰਦੀ ਹੈ। ਫਿਰ ਵੀ, ਇੱਕ ਪਾਪੀ ਕਿਹੜੀਆਂ ਗੱਲਾਂ ਵਿੱਚ ਮਨ ਬਦਲਦਾ ਹੈ, ਇਹਨਾਂ ਵਿੱਚ ਬਹੁਤ ਵਿਭਿੰਨਤਾਵਾਂ ਹੋਣਗੀਆਂ। ਇੱਕ ਮੂਰਤੀ-ਪੂਜਕ ਨੂੰ ਬਚਾਏ ਜਾਣ ਦੇ ਲਈ ਪਰਮੇਸ਼ਰ ਬਾਰੇ ਆਪਣੇ ਮਨ ਨੂੰ ਬਦਲਣਾ ਚਾਹੀਦਾ ਹੈ। ਉਸ ਨੂੰ ਮੂਰਤੀਆਂ ਤੋਂ ਮਨ ਬਦਲਣਾ ਹੋਵੇਗਾ (1 ਥੱਸਲੁ 1:9)। ਪਰ, ਸ਼ੈਤਾਨ ਦੇ ਉਪਾਸਕ, ਜਾਂ ਨਾਸਤਿਕ ਜਾਂ ਕੱਟੜ ਯਹੂਦੀ ਦੇਲਈ ਪਰਮੇਸ਼ਰ ਬਾਰੇ ਮਨ ਬਦਲਣ ਵਿੱਚ ਇੱਕ ਵੱਖਰਾ ਵਿਚਾਰ ਸ਼ਾਮਲ ਹੋਵੇਗਾ। ਬਚਾਏ ਜਾਣ ਦੇ ਲਈ ਸਾਰਿਆਂ ਨੂੰ ਮਸੀਹ ਵਿੱਚ ਵਿਸ਼ਵਾਸ ਕਰਨਾ ਜ਼ਰੂਰੀ ਹੈ, ਪਰ ਵਿਸ਼ਵਾਸ ਕਰਨ ਦੇ ਲਈ ਜਿਹਨਾਂ ਗ਼ਲਤ ਧਾਰਨਾਵਾਂ ਅਤੇ ਰੁਕਾਵਟਾਂ ਨੂੰ ਬਦਲਿਆ ਜਾਣਾ ਚਾਹੀਦਾ ਹੈ ਉਹ ਬਹੁਤ ਹੀ ਭਿੰਨ ਹਨ। ਕਈ ਥਾਵਾਂ ਉੱਤੇ ਜਿੱਥੇ ਤੋਬਾ ਮੁਕਤੀ ਨਾਲ ਜੁੜੀ ਹੋਈ ਹੈ, ਉੱਥੇ ਤੋਬਾ ਦਾ ਉਦੇਸ਼ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ: ਰਸੂਲਾਂ 11:18; 17:30; 26:20; ਲੂਕਾ 24:47; 2 ਪਤਰਸ 3:9

ਤਰਕ ਅਤੇ ਬਾਈਬਲ ਦੀਆਂ ਉਦਾਹਰਣਾਂ ਦੋਵੇਂ ਇਹ ਸਮਝਾਉਂਦੇ ਹਨ ਕਿ ਭਾਵੇਂ ਹਰੇਕ ਜੀਵਨ ਪਰਿਵਰਤਨ ਵਿੱਚ ਕੁਝ ਹੱਦ ਤੱਕ ਤੋਬਾ ਸ਼ਾਮਲ ਹੁੰਦੀ ਹੈ, ਪਰ ਜਿਸ ਖ਼ਾਸ ਵਿਚਾਰ ਜਾਂ ਕੰਮ ਬਾਰੇ ਇੱਕ ਵਿਅਕਤੀ ਨੂੰ ਆਪਣਾ ਮਨ ਬਦਲਣਾ ਚਾਹੀਦਾ ਹੈ, ਉਹ ਹਰੇਕ ਵਿਅਕਤੀ ਦੇ ਲਈ ਵੱਖਦਾ ਹੁੰਦਾ ਹੈ। **ਇੱਕ ਅਵਿਸ਼ਵਾਸੀ ਵਿਅਕਤੀ ਨੂੰ ਉਸ ਹਰੇਕ ਚੀਜ਼ ਬਾਰੇ ਮਨ ਬਦਲਣਾ ਪੈਂਦਾ ਹੈ ਜੋ ਮਸੀਹ ਵਿੱਚ ਉਸ ਦੇ ਵਿਸ਼ਵਾਸ ਕਰਨ ਦੇ ਰਾਹ ਵਿੱਚ ਅੜਿੱਕਾ ਬਣਦੀ ਹੈ।** ਕੁਝ ਲੋਕਾਂ ਦੇ ਲਈ ਇਹ ਫ਼ਲਸਫ਼ੇ ਨੂੰ ਬਦਲਣਾ ਹੋਵੇਗਾ, ਜਿਵੇਂ ਕਿ ਮੂਰਤੀ ਪੂਜਾ। ਦੂਜਿਆਂ ਦੇ ਲਈ ਇਹ ਪਾਪ ਬਾਰੇ ਮਨ ਨੂੰ ਬਦਲਣਾ ਹੋਵੇਗਾ, ਜਿਵੇਂ ਕਿ ਮਸੀਹ ਵਿੱਚ ਭਰੋਸਾ ਕਰਨ ਤੋਂ ਇਨਕਾਰ ਕਰਨਾ, ਕਿਉਂਕਿ ਉਹ ਜਾਣਦੇ ਹਨ ਕਿ ਮਸੀਹ ਉਹਨਾਂ ਨੂੰ ਇੱਕ ਅਨੈਤਿਕ ਜੀਵਨ ਨੂੰ ਛੱਡਣ ਦਾ ਹੁਕਮ ਦੇਣਗੇ। ਕਿਸੇ ਵੀ ਦੋ ਵਿਅਕਤੀਆਂ ਵਿੱਚ ਤੋਬਾ ਦਾ ਉਦੇਸ਼ ਸ਼ਾਇਦ ਇੱਕੋ ਜਿਹਾ ਨਹੀਂ ਹੁੰਦਾ ਹੈ। **ਇੱਕ ਵਿਅਕਤੀ ਨੂੰ ਉਸ ਗੱਲ ਤੋਂ ਤੋਬਾ ਕਰਨੀ ਚਾਹੀਦੀ ਹੈ ਜੋ ਉਸ ਨੂੰ ਮਸੀਹ ਵਿੱਚ ਵਿਸ਼ਵਾਸ ਤੋਂ ਰੋਕਦੀ ਹੈ।**

### 3. ਤੋਬਾ ਅਤੇ ਸ਼ੁਭ-ਸਮਾਚਾਰ ਦਾ ਪ੍ਰਚਾਰ

ਕਈ ਵਾਰ ਇੱਕ ਪ੍ਰਚਾਰਕ ਨੂੰ ਇਹ ਪਤਾ ਨਹੀਂ ਹੁੰਦਾ ਹੈ ਕਿ ਇੱਕ ਜੀਵਨ ਪਰਿਵਰਤਨ ਕਰਨ ਜਾ ਰਹੇ ਵਿਅਕਤੀ ਨੂੰ ਕਿਸ ਗੱਲ ਦੀ ਤੋਬਾ ਕਰਨੀ ਚਾਹੀਦੀ ਹੈ, ਤਾਂ ਇਹ ਉਸ ਨੂੰ ਉਲਝਣ ਜਾਂ ਪ੍ਰੇਸ਼ਾਨੀ ਵਿੱਚ ਪਾਉਣ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ। ਕਿਉਂਕਿ ਮੁਕਤੀ ਦੀ ਇੱਕੋ-ਇੱਕ ਸ਼ਰਤ ਵਿਸ਼ਵਾਸ ਹੈ, ਇਸ ਲਈ ਇਹ ਤਰਕਪੂਰਨ ਹੈ ਕਿ ਜੇਕਰ ਉਸ ਨੇ ਮਸੀਹ ਵਿੱਚ ਵਿਸ਼ਵਾਸ ਕੀਤਾ ਹੈ, ਤਾਂ ਪਹਿਲਾਂ ਹੀ ਉਸ ਦੀ ਤੋਬਾ ਹੋ ਚੁੱਕੀ ਹੈ। ਜਦੋਂ ਕੋਈ ਵਿਅਕਤੀ ਇਮਾਨਦਾਰੀ ਅਤੇ ਗੰਭੀਰਤਾ ਨਾਲ ਆਪਣੀ ਆਤਮਾ ਦੇ ਸਦੀਪਕ ਭਵਿੱਖ ਨੂੰ ਮਸੀਹ ਨੂੰ ਸੌਂਪਦਾ ਹੈ, ਤਾਂ ਉਸ ਵਿਅਕਤੀ ਨੇ ਉਸ ਬਾਰੇ ਆਪਣਾ ਮਨ ਵੀ ਬਦਲ ਲਿਆ ਹੈ ਜੋ ਮਸੀਹ ਦੇ ਕੋਲ ਆਉਣ ਵਿੱਚ ਉਸ ਦੇ ਲਈ ਇੱਕ ਰੁਕਾਵਟ ਸੀ। ਮੁਕਤੀ ਦੇ ਲਈ ਵਿਸ਼ਵਾਸ ਅਤੇ ਤੋਬਾ ਦੋ ਅਲੱਗ-ਅਲੱਗ ਸ਼ਰਤਾਂ ਨਹੀਂ ਹਨ। ਤੋਬਾ

ਕਰਨਾ ਬਚਾਉਣ ਵਾਲੇ ਵਿਸ਼ਵਾਸ ਇੱਕ ਖ਼ਾਸ ਪਹਿਲੂ ਹੈ। ਮਸੀਹ ਵਿੱਚ ਭਰੋਸਾ ਕਰਕੇ ਇੱਕ ਵਿਅਕਤੀ ਆਪਣੇ ਮਨ ਨੂੰ ਬਦਲਦਾ ਹੈ, ਉਦਾਹਰਣ ਦੇ ਲਈ., ਉਹ ਉਸ ਚੀਜ਼ ਤੋਂ ਮਨ ਨੂੰ ਬਦਲਦਾ ਹੈ ਜੋ ਵੀ ਉਹ ਨੂੰ ਮਸੀਹ ਨੂੰ ਮੁਕਤੀਦਾਤਾ ਸਵੀਕਾਰ ਕਰਨ ਤੋਂ ਰੋਕਦੀ ਹੈ। ਵਿਸ਼ਵਾਸ ਦੇ ਕੰਮ ਵਿੱਚ ਉਸ ਹਰੇਕ ਗੱਲ ਤੋਂ ਮਨ ਬਦਲਣਾ ਸ਼ਾਮਲ ਹੁੰਦਾ ਹੈ ਜੋ ਮੁਕਤੀ ਨੂੰ ਸੁਰੱਖਿਅਤ ਕਰਨ ਦੇ ਲਈ ਜ਼ਰੂਰੀ ਹੈ। ਮਸੀਹ ਵਿੱਚ ਵਿਸ਼ਵਾਸ ਕਰਨ ਵਿੱਚ ਉਹ ਖ਼ਾਸ ਚੀਜ਼ਾਂ ਸ਼ਾਮਲ ਹੁੰਦੀਆਂ ਹਨ ਜਿਹਨਾਂ ਤੋਂ ਮਨ ਨੂੰ ਬਦਲਣ ਦੀ ਜ਼ਰੂਰਤ ਹੁੰਦੀ ਹੈ ਅਤੇ ਤੋਬਾ ਦੀ ਇੱਕ ਸਥਿਤੀ ਵੀ ਸ਼ਾਮਲ ਹੁੰਦੀ ਹੈ ਜਿਸ ਤੱਕ ਪਹੁੰਚਣਾ ਜ਼ਰੂਰੀ ਹੁੰਦਾ ਹੈ। ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ ਇੱਕ ਆਤਮਾ ਪਹਿਲਾਂ ਹੀ ਮੁਕਤੀ ਪਾਉਣ ਦੇ ਲਈ ਜ਼ਰੂਰੀ ਗੱਲਾਂ ਨੂੰ ਪੂਰਾ ਕਰ ਚੁੱਕੀ ਹੈ, ਜੋ "ਸੋਚ ਵਿੱਚ ਬਦਲਾਵ" ਅਤੇ "ਕੁਝ ਚੀਜ਼ਾਂ ਤੋਂ ਮਨ ਬਦਲਣ" ਬਾਰੇ ਸੀ। ਇਹ ਸੱਚ ਹੈ ਕਿ ਮੁਕਤੀ ਲਈ ਹਰੇਕ ਵਿਅਕਤੀ ਨੂੰ ਤੋਬਾ ਕਰਨ ਦੀ ਲੋੜ ਹੈ, ਪਰ ਖ਼ਾਸ ਕਿਸਮ ਦੀ ਤੋਬਾ ਹਰੇਕ ਵਿਅਕਤੀ ਦੇ ਅਨੁਸਾਰ ਵੱਖਰੀ ਹੁੰਦੀ ਹੈ ਅਤੇ ਇੱਕ ਪ੍ਰਚਾਰਕ ਇਸ ਤੋਂ ਅਣਜਾਣ ਹੁੰਦਾ ਹੈ। ਪ੍ਰਚਾਰਕ ਦੀ ਜ਼ਿੰਮੇਵਾਰੀ ਉਸ ਵਿਅਕਤੀ ਨੂੰ ਇਹ ਸਿਖਾਉਣਾ ਹੈ ਕਿ ਉਸ ਨੂੰ ਮਸੀਹ ਵਿੱਚ ਭਰੋਸਾ ਰੱਖਣਾ ਚਾਹੀਦਾ ਹੈ (ਅਤੇ ਜ਼ਾਹਰ ਹੈ ਕਿ ਇਸ ਦਾ ਅਰਥ ਹੈ ਕਿ ਉਸ ਨੂੰ ਹਰੇਕ ਉਸ ਚੀਜ਼ ਬਾਰੇ ਆਪਣਾ ਮਨ ਬਦਲਣਾ ਚਾਹੀਦਾ ਹੈ ਜੋ ਮਸੀਹ ਵਿੱਚ ਵਿਸ਼ਵਾਸ ਵਿੱਚ ਰੁਕਾਵਟ ਪਾਉਂਦੀ ਹੈ)। ਪ੍ਰਚਾਰਕ ਦਾ ਕੰਮ ਉਸ ਦੇ ਖ਼ਾਸ ਵਿਚਾਰਾਂ ਜਾਂ ਪਾਪਾਂ ਨੂੰ ਨਿਰਧਾਰਤ ਕਰਨਾ ਨਹੀਂ ਹੈ ਜਾਂ ਉਸ ਲਈ ਉਹਨਾਂ ਚੀਜ਼ਾਂ ਦੀ ਸੂਚੀ ਬਣਾਉਣਾ ਨਹੀਂ ਹੈ ਜਿਹਨਾਂ ਤੋਂ ਇੱਕ ਵਿਅਕਤੀ ਨੂੰ ਮੁੜਨਾ ਚਾਹੀਦਾ ਹੈ। ਜੇਕਰ ਇੱਕ ਵਿਅਕਤੀ ਮਸੀਹ ਵੱਲ "ਮੁੜਦਾ" ਹੈ, ਤਾਂ "ਦੂਜੀਆਂ ਚੀਜ਼ਾਂ ਤੋਂ ਮੁੜਨਾ" ਆਪਣੇ ਆਪ ਹੋ ਜਾਵੇਗਾ (ਦੇਖੋ, ਰਸੂਲਾਂ 3:19; 20:21; 26:20; 1 ਥੱਸਲੁ 1:9)।

### 4. ਮੁਕਤੀ ਦੇ ਲਈ ਤੋਬਾ ਕਰਨ ਤੋਂ ਪਹਿਲਾਂ "ਪਾਪ ਨੂੰ ਛੱਡਣ" ਦੀ ਸ਼ਰਤ

ਤੋਬਾ ਪ੍ਰਤੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ ਨਹੀਂ ਤਾਂ ਇਸ ਨੂੰ ਅਜਿਹੀ ਮੁਕਤੀ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ ਜਿਸ ਦਾ ਆਧਾਰ ਧਰਮ ਦੇ ਕੰਮ ਹੋਣਗੇ। ਸਾਨੂੰ ਕਿਸੇ ਮਨ ਪਰਿਵਰਤਨ ਕਰਨ ਵਾਲੇ ਵਿਅਕਤੀ ਨੂੰ ਮੁਕਤੀ ਪ੍ਰਾਪਤ ਕਰਨ ਤੋਂ ਪਹਿਲਾਂ ਇਹ ਦੱਸਣ ਦੀ ਹਿੰਮਤ ਨਹੀਂ ਕਰਨੀ ਚਾਹੀਦੀ ਹੈ ਕਿ ਉਸ ਨੂੰ ਇਹਨਾਂ-ਇਹਨਾਂ ਪਾਪਾਂ ਤੋਂ ਮੂੰਹ ਮੋੜਨਾ ਲਾਜ਼ਮੀ ਹੈ। ਮੁਕਤੀ ਸਿਰਫ਼ ਵਿਸ਼ਵਾਸ ਉੱਤੇ ਆਧਾਰਿਤ ਹੈ। **ਜੇਕਰ ਇੱਕ ਵਿਅਕਤੀ ਵਿਸ਼ਵਾਸ ਕਰਦਾ ਹੈ ਤਾਂ ਉਸ ਨੇ ਪਹਿਲਾਂ ਹੀ ਵਿਸ਼ਵਾਸ ਵਿੱਚ ਆਉਣ ਵਾਲੀ ਰੁਕਾਵਟ ਤੋਂ ਤੋਬਾ ਕਰ ਲਈ ਹੈ ਅਤੇ ਇਹੀ ਤੋਬਾ ਮੁਕਤੀ ਦੇ ਲਈ ਲੋੜੀਂਦੀ ਹੈ।** ਕਿਸੇ ਵਿਅਕਤੀ ਨੂੰ ਮੁਕਤੀ ਦੇ ਲਈ ਇਸ ਵਿੱਚ ਕੁਝ ਹੋਰ ਜੋੜਨ ਦਾ ਅਧਿਕਾਰ ਨਹੀਂ ਹੈ।

ਮੁਕਤੀ ਪਾਉਣ ਦੇ ਲਈ ਪਹਿਲਾਂ ਪੂਰੀ ਕੀਤੀ ਜਾਣ ਵਾਲੀ ਸ਼ਰਤ ਦੇ ਰੂਪ ਵਿੱਚ, ਬਾਈਬਲ ਇੱਕ ਆਮ ਪਾਪ (ਜਿਵੇਂ ਕਿ ਸ਼ਰਾਬ ਪੀਣ) ਨੂੰ ਛੱਡਣ ਦੀ ਮੰਗ ਨਹੀਂ ਕਰਦੀ ਹੈ। ਇਹ ਨਾ ਸਿਰਫ਼ ਮੁਕਤੀ ਦੇ ਲਈ ਕੰਮ-ਆਧਾਰਿਤ ਤਰੀਕਾ ਹੋਵੇਗਾ, ਬਲਕਿ ਇਹ ਮੁਕਤੀ ਦੇ ਲਈ ਇੱਕ ਅਸੰਭਵ ਤਰੀਕਾ ਵੀ ਹੋਵੇਗਾ। ਮਨ ਪਰਿਵਰਤਨ ਤੋਂ ਪਹਿਲਾਂ ਇੱਕ ਵਿਅਕਤੀ ਨੂੰ ਨਸ਼ਾ ਕਰਨ ਵਾਲੇ ਪਾਪ ਨੂੰ ਖ਼ਤਮ ਕਰਨ ਦੇ ਲਈ ਕਹਿਣਾ ਉਸ ਨੂੰ ਉਦੋਂ ਜਿੱਤ ਪ੍ਰਾਪਤ ਕਰਨ ਦੇ ਲਈ ਕਹਿਣ ਵਾਂਗ ਹੈ ਜਦੋਂ ਉਸ ਕੋਲ ਪਾਪ ਉੱਤੇ ਕੋਈ ਸ਼ਕਤੀ ਨਹੀਂ ਹੈ। "ਤੋਬਾ ਕਰਨ" ਦਾ ਹੁਕਮ ਮੁਕਤੀ ਤੋਂ ਪਹਿਲਾਂ ਸਾਰੇ ਪਾਪਾਂ ਜਾਂ ਕਿਸੇ ਵੀ ਪਾਪ ਨੂੰ "ਬੰਦ" ਕਰਨ ਦੇ ਹੁਕਮ ਦੇ ਬਰਾਬਰ ਨਹੀਂ ਹੈ। ਇਸ ਤੋਂ ਇਲਾਵਾ, ਬਾਈਬਲ ਕਦੇ ਵੀ ਕਿਸੇ ਵਿਅਕਤੀ ਨੂੰ ਮੁਕਤੀ ਪ੍ਰਾਪਤ ਕਰਨ ਦੇ ਲਈ ਕਿਸੇ ਖ਼ਾਸ ਪਾਪ ਨੂੰ ਬੰਦ ਕਰਨ ਦਾ ਵਾਅਦਾ ਕਰਨ ਦੀ ਮੰਗ ਨਹੀਂ ਕਰਦੀ ਹੈ। ਤੋਬਾ ਨੂੰ ਇੱਕ ਵਿਅਕਤੀ ਦੇ ਕਿਸੇ ਖ਼ਾਸ ਪਾਪ ਨੂੰ ਛੱਡ ਦੇਣ ਦੇ ਨਾਲ ਉਲਝਾਉਣਾ ਨਹੀਂ ਚਾਹੀਦਾ ਹੈ। ਇੱਕ ਪਾਪ ਨੂੰ ਛੱਡ ਦੇਣ ਦੀ ਵਚਨਬੱਧਤਾ ਦੀ ਮੰਗ ਕਰਨਾ ਇੱਕ ਅਜਿਹੀ ਵਚਨਬੱਧਤਾ ਦੀ ਮੰਗ ਕਰਨਾ ਹੈ ਜੋ ਜੀਵਨ ਪਰਿਵਰਤਨ ਦੇ ਪਹਿਲੇ ਪੜਾਅ ਵਿੱਚ ਪੂਰੀ ਨਹੀਂ ਕੀਤੀ ਜਾ ਸਕਦੀ ਹੈ। ਅਸਲ ਵਿੱਚ ਪਾਪ ਛੱਡ ਦੇਣ ਦਾ ਸੱਦਾ ਅਵਿਸ਼ਵਾਸੀ ਲੋਕਾਂ ਨੂੰ ਆਪਣੀਆਂ ਯੋਗਤਾਵਾਂ ਵਿੱਚ ਭਰੋਸਾ ਕਰਨ ਵਾਲੇ ਬਣਾ ਦਿੰਦਾ ਹੈ, ਅਤੇ ਇਹ ਬਚਾਉਣ ਵਾਲੇ ਵਿਸ਼ਵਾਸ ਦੇ ਉਲਟ ਹੈ। ਮਨ ਪਰਿਵਰਤਨ ਦੀ ਸੰਭਾਵਨਾ ਵਾਲੇ ਵਿਅਕਤੀ ਨੂੰ ਇਹ ਦਿਖਾਇਆ ਜਾਣਾ ਚਾਹੀਦਾ ਹੈ ਕਿ ਉਸ ਵਿੱਚ ਪਾਪ ਉੱਤੇ ਕਾਬੂ ਪਾਉਣ ਦੀ ਕੋਈ ਯੋਗਤਾ ਨਹੀਂ ਹੈ, ਅਤੇ ਇਹ ਕਿ ਉਹ ਪੂਰੇ ਵਿਸ਼ਵਾਸ ਦੇ ਨਾਲ ਉਸ ਨੂੰ ਛੱਡਣ ਦਾ ਵਾਅਦਾ ਵੀ ਨਹੀਂ ਕਰ ਸਕਦਾ ਹੈ। ਉਸ ਉੱਤੇ ਪਾਪ ਦਾ ਦਬਦਬਾ ਹੈ। ਇਸ ਲਈ ਉਸ ਨੂੰ ਮਸੀਹ ਵਿੱਚ ਵਿਸ਼ਵਾਸ ਕਰਨ ਦੀ ਲੋੜ ਹੈ। ਮੁਕਤੀ ਇੱਕ ਖਾਲੀ ਹੱਥ ਉੱਤੇ ਆਧਾਰਿਤ ਹੈ ਜੋ ਪਰਮੇਸ਼ਰ ਦੀ ਬਰਕਤ ਨੂੰ ਇੱਕ ਮੁਫ਼ਤ ਤੋਹਫੇ ਵਜੋਂ ਲੈਂਦਾ ਹੈ: "ਮੈਂ ਆਪਣੇ ਹੱਥ ਵਿੱਚ ਕੁਝ ਵੀ ਨਹੀਂ ਲਿਆਉਂਦਾ ਹਾਂ, ਸਿਰਫ਼ ਤੁਹਾਡੀ ਸਲੀਬ ਨੂੰ ਮੈਂ ਫੜੀ ਰੱਖਦਾ ਹਾਂ।" ਮੁਕਤੀ ਦਾ ਆਧਾਰ ਇੱਕ ਭਰਿਆ ਹੋਇਆ ਹੱਥ ਨਹੀਂ ਹੈ, ਜੋ ਸਦੀਪਕ ਜੀਵਨ ਪ੍ਰਾਪਤ ਕਰਨ ਦੇ ਲਈ ਪਰਮੇਸ਼ਰ ਨੂੰ ਕੁਝ ਦੇਣ ਦੀ ਸੰਦੇਬਾਜ਼ੀ ਕਰ ਸਕਦਾ ਹੈ।

### 5. ਤੋਬਾ ਅਤੇ ਪ੍ਰਭੂਸੱਤਾ ਦੀ ਮੁਕਤੀ

"ਪ੍ਰਭੂਸੱਤਾ ਦੀ ਮੁਕਤੀ" ਦੇ ਵਿਚਾਰ ਉੱਤੇ ਅਲੱਗ ਤੋਂ ਗੱਲ ਕੀਤੀ ਜਾਵੇਗੀ। ਇੱਥੇ ਇਹ ਕਹਿਣਾ ਕਾਫ਼ੀ ਹੈ ਕਿ ਤੋਬਾ ਸ਼ਬਦ ਵਿੱਚ ਅਜਿਹਾ ਕੁਝ ਵੀ ਸ਼ਾਮਲ ਨਹੀਂ ਹੈ ਜਿਸ ਨੂੰ ਆਮ ਤੌਰ ਤੇ "ਪ੍ਰਭੂਸੱਤਾ ਦੀ ਮੁਕਤੀ" ਕਿਹਾ ਜਾਂਦਾ ਹੈ। ਇੱਕ ਵਿਅਕਤੀ ਨੂੰ ਇਹ ਕਹਿਣਾ ਕਿ ਉਸ ਨੂੰ ਮੁਕਤੀ ਪ੍ਰਾਪਤ ਕਰਨ ਤੋਂ ਪਹਿਲਾਂ ਪਾਪ ਛੱਡਣਾ ਜਾਂ ਪਾਪ ਛੱਡਣ ਦਾ ਵਾਅਦਾ ਕਰਨਾ ਜ਼ਰੂਰੀ ਹੈ, ਤਾਂ ਇਹ ਉਹ ਦੇ ਸਾਹਮਣੇ ਇੱਕ ਅਸੰਭਵ ਰੁਕਾਵਟ ਪਾਉਣਾ ਹੈ ਅਤੇ ਉਸ ਦੀ ਮੁਕਤੀ ਦੇ ਲਈ ਸ਼ਰਤ ਵਿੱਚ ਕੁਝ ਹੋਰ ਜੋੜਨਾ ਹੈ। ਇੱਕ ਅਵਿਸ਼ਵਾਸੀ ਵਿਅਕਤੀ ਜਿਸ ਨੇ ਇੱਕ ਪਾਪੀ ਰੁਝਾਨ ਨੂੰ ਤੋੜਨ

ਦੇ ਲਈ ਵਾਰ-ਵਾਰ ਕੋਸ਼ਿਸ਼ ਕੀਤੀ ਅਤੇ ਅਸਫਲ ਰਿਹਾ ਹੈ, ਉਸ ਵਿੱਚ ਨਾ ਤਾਂ ਮਸੀਹ ਦੀ ਸ਼ਕਤੀ ਹੈ ਅਤੇ ਨਾ ਹੀ ਉਹ ਉਸ ਸ਼ਕਤੀ ਨੂੰ ਸਮਝਦਾ ਹੈ ਜੋ ਮੁਕਤੀ ਤੋਂ ਬਾਅਦ ਮਿਲਦੀ ਹੈ। ਉਸ ਕੋਲ ਮੁਕਤੀ ਦੇ ਲਈ ਮਸੀਹ ਉੱਤੇ ਭਰੋਸਾ ਕਰਨ ਦੇ ਲਈ ਕਾਫ਼ੀ ਵਿਸ਼ਵਾਸ ਹੋ ਸਕਦਾ ਹੈ, ਪਰ ਉਸ ਵਿੱਚ ਇੱਕ ਪਾਪ ਨੂੰ ਛੱਡਣ ਦਾ ਵਾਅਦਾ ਕਰਨ ਦੇ ਵਿਸ਼ਵਾਸ ਦੀ ਘਾਟ ਹੋ ਸਕਦੀ ਹੈ। ਉਸ ਵਿੱਚ ਮਸੀਹ ਵਿੱਚ ਭਰੋਸਾ ਕਰਨ ਲਈ ਕਾਫ਼ੀ ਵਿਸ਼ਵਾਸ ਹੋ ਸਕਦਾ ਹੈ, ਪਰ ਉਹ ਮਹਿਸੂਸ ਕਰ ਸਕਦਾ ਹੈ ਕਿ ਉਹ ਇਮਾਨਦਾਰੀ ਨਾਲ ਪਾਪ ਨੂੰ ਛੱਡਣ ਦਾ ਕੋਈ ਵਾਅਦਾ ਨਹੀਂ ਕਰ ਸਕਦਾ ਹੈ, ਕਿਉਂਕਿ ਉਹ ਆਪਣੇ ਮਨ ਪਰਿਵਰਤਨ ਤੋਂ ਪਹਿਲਾਂ ਦੇ ਜੀਵਨ ਵਿੱਚ ਪਾਪ ਉੱਤੇ ਕਦੇ ਕਾਬੂ ਨਹੀਂ ਕਰ ਸਕਿਆ ਸੀ। ਇਸ ਤਰ੍ਹਾਂ ਦੇ ਲੋਕਾਂ ਨੂੰ ਪਾਪ ਛੱਡਣ ਦਾ ਦਾਅਵਾ ਕਰਨ ਦੇ ਲਈ ਕਹਿਣਾ ਵਿਅਰਥ ਅਤੇ ਪਖੰਡ ਹੈ। ਤੋਬਾ ਬਾਰੇ ਗ਼ਲਤ ਧਾਰਨਾ ਕਾਰਨ, ਕੁਝ ਮਸੀਹੀ ਅਜਿਹੇ ਨਿਰਾਸ਼ ਲੋਕਾਂ ਨੂੰ ਇਹ ਮਹਿਸੂਸ ਕਰਵਾਉਂਦੇ ਹਨ ਕਿ ਉਹ ਮੁਕਤੀ ਦੇ ਲਈ ਪਰਮੇਸ਼ਰ ਦੀ ਸ਼ਰਤ ਨੂੰ ਪੂਰਾ ਨਹੀਂ ਕਰ ਸਕਦੇ ਹਨ। ਭਾਵੇਂ ਉਹ ਮਸੀਹ ਵਿੱਚ ਵਿਸ਼ਵਾਸ ਕਰ ਸਕਦੇ ਹਨ, ਪਰ ਉਹ ਜਾਣਦੇ ਹਨ ਕਿ ਉਹ ਪਾਪ ਨੂੰ ਛੱਡਣ ਦਾ ਵਾਅਦਾ ਕਰਨ ਵਿੱਚ ਅਸਮਰੱਥ ਹਨ। ਮਨ ਪਰਿਵਰਤਨ ਤੋਂ ਪਹਿਲਾਂ ਪਾਪ ਨੂੰ ਛੱਡਣ ਦੀ ਮੰਗ, ਜਾਂ ਪਾਪ ਛੱਡਣ ਦੀ ਸਹੁੰ ਮੁਕਤੀ ਦੇ ਲਈ ਇੱਕ ਵਾਧੂ ਅਤੇ ਗ਼ਲਤ ਸ਼ਰਤ ਪੈਦਾ ਕਰਦੀ ਹੈ। ਅਸਲ ਵਿੱਚ, ਇਹ ਸਭ ਤੋਂ ਵਧੀਆ ਹੈ ਜੇਕਰ ਇੱਕ ਅਵਿਸ਼ਵਾਸੀ ਪਾਪ ਦੀ ਗ਼ੁਲਾਮੀ ਉੱਤੇ ਕਾਬੂ ਪਾਉਣ ਬਾਰੇ ਪੂਰੀ ਤਰ੍ਹਾਂ ਅਸਫ਼ਲ ਮਹਿਸੂਸ ਕਰਦਾ ਹੈ। ਇਹ ਸਭ ਤੋਂ ਵਧੀਆ ਹੈ ਜੇਕਰ ਉਹ ਮਹਿਸੂਸ ਕਰਦਾ ਹੈ ਕਿ ਉਹ ਆਪਣੇ-ਆਪ ਪਾਪ ਨੂੰ ਛੱਡ ਨਹੀਂ ਸਕਦਾ ਹੈ ਜਾਂ ਪਾਪ ਨੂੰ ਛੱਡਣ ਦਾ ਵਾਅਦਾ ਨਹੀਂ ਕਰ ਸਕਦਾ ਹੈ ਅਤੇ ਉਸ ਨੂੰ ਪਰਮੇਸ਼ਰ ਦੀ ਮਦਦ ਦੀ ਲੋੜ ਹੈ। **ਪਰਮੇਸ਼ਰ ਇੱਕ ਪਾਪੀ ਤੋਂ ਸਿਰਫ਼ ਇਹੀ ਚਾਹੁੰਦੇ ਹਨ ਕਿ ਉਸ ਵਿੱਚ ਪਾਪ ਤੋਂ ਇਸ ਹੱਦ ਤੱਕ ਛੁਟਕਾਰਾ ਪਾਉਣ ਦੀ ਇੱਛਾ ਹੋਵੇ ਕਿ ਇਸ ਛੁਟਕਾਰੇ ਦੇ ਲਈ ਉਹ ਮਸੀਹ ਵਿੱਚ ਭਰੋਸਾ ਕਰਨ ਵਾਲਾ ਬਣ ਜਾਵੇ।**

ਇਹ ਤਰਕਪੂਰਨ ਹੈ ਕਿ ਮਨ ਪਰਿਵਰਤਨ ਕਰਨ ਵਾਲਾ ਹਰੇਕ ਵਿਅਕਤੀ ਕਿਸੇ ਅਣਜਾਣ ਹੱਦ ਤੱਕ ਪਾਪ ਤੋਂ ਛੁਟਕਾਰਾ ਚਾਹੁੰਦਾ ਹੈ। ਕਿਉਂਕਿ ਮੁਕਤੀ ਵਿੱਚ ਮਸੀਹ ਨੂੰ ਪਰਮੇਸ਼ਰ ਵਜੋਂ ਮੰਨਣਾ ਵੀ ਸ਼ਾਮਲ ਹੈ ਤਾਂ ਇਹ ਵੀ ਤਰਕਪੂਰਨ ਹੈ ਕਿ ਮਨ ਪਰਿਵਰਤਨ ਵਾਲਾ ਹਰੇਕ ਵਿਅਕਤੀ ਇਹ ਸਵੀਕਾਰ ਕਰੇ ਕਿ ਪਰਮੇਸ਼ਰ ਹੁੰਦੇ ਹੋਏ ਮਸੀਹ ਕੋਲ ਹਰੇਕ ਵਿਅਕਤੀ ਦੇ ਜੀਵਨ ਦੀ ਅਗਵਾਈ ਕਰਨ ਦਾ ਅਧਿਕਾਰ ਹੈ। ਇਸ ਲਈ, ਇਹ ਸੱਚ ਹੈ ਕਿ ਬਚਾਉਣ ਵਾਲਾ ਵਿਸ਼ਵਾਸ ਪ੍ਰਭੂ ਦੇ ਰੂਪ ਵਿੱਚ ਮਸੀਹ ਦੇ ਸ਼ਾਸਨ ਦੇ ਵਿਰੋਧ ਜਾਂ ਪਾਪ ਤੋਂ ਛੁਟਕਾਰੇ ਦੀ ਇੱਛਾ ਦੀ ਘਾਟ ਦੇ ਨਾਲ ਆਪਣੀ ਮੌਜੂਦਗੀ ਨਹੀਂ ਬਣਾਏ ਰੱਖ ਸਕਦਾ ਹੈ। ਪਰ, ਇਹ ਅਜਿਹਾ ਸਿੱਟਾ ਕੱਢਣ ਦੇ ਬਰਾਬਰ ਨਹੀਂ ਹੈ ਕਿ ਪ੍ਰਭੂ ਦੇ ਰੂਪ ਵਿੱਚ ਮਸੀਹ ਦੀ ਆਗਿਆ ਮੰਨਣ ਲਈ ਅਜਿਹਾ ਯਤਨ ਕੀਤਾ ਜਾਵੇ ਜਿਸ ਵਿੱਚ ਮੁਕਤੀ ਤੋਂ ਪਹਿਲਾਂ ਹੀ ਪਾਪ ਨੂੰ ਛੱਡਣ ਦੇ ਵਾਅਦੇ ਹੋਣ ਅਤੇ ਮਸੀਹ ਦੇ ਅਧਿਕਾਰ ਪ੍ਰਤੀ ਅਧੀਨਤਾ ਹੋਵੇ। ਇੱਕ ਪਾਪੀ ਮਸੀਹ ਦੇ ਪਰਮੇਸ਼ਰ ਹੋਣ ਵਿੱਚ ਵਿਸ਼ਵਾਸ ਕਰਨ ਦੇ ਕਾਰਨ ਮਸੀਹ ਦੇ ਅਧਿਕਾਰ ਨੂੰ ਸਵੀਕਾਰ ਕਰਦਾ ਹੈ। ਪਰ, ਜਦੋਂ ਤੱਕ ਉਸ ਨੂੰ ਮੁਕਤੀ ਨਹੀਂ ਮਿਲਦੀ ਹੈ, ਉਦੋਂ ਤੱਕ ਉਸ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਉਹ ਇਸ ਅਧਿਕਾਰ ਦੇ ਅਧੀਨ ਹੋਵੇ ਜਾਂ ਇਸ ਦੀ ਪਾਲਣਾ ਕਰਨ ਦਾ ਵਾਅਦਾ ਕਰੇ। ਪਰਮੇਸ਼ਰ ਇੱਕ ਪਾਪੀ ਨੂੰ ਬਚਾਉਣ ਦੇ ਲਈ ਉਸ ਤੋਂ ਬਹੁਤ ਜ਼ਿਆਦਾ ਮੰਗ ਨਹੀਂ ਕਰਦੇ ਹਨ, ਅਤੇ ਸਾਨੂੰ ਵੀ ਅਜਿਹੀਆਂ ਮੰਗਾਂ ਨਹੀਂ ਕਰਨੀਆਂ ਚਾਹੀਦੀਆਂ ਹਨ। **ਜੇਕਰ ਇੱਕ ਪਾਪੀ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ, ਤਾਂ ਉਹ ਮਸੀਹ ਦੇ ਅਧਿਕਾਰ ਨੂੰ ਕਾਫ਼ੀ ਹੱਦ ਤੱਕ ਮੰਨਦਾ ਹੈ। ਮੁਕਤੀ ਦੇ ਲਈ ਉਸ ਨੇ ਉਹ ਸਾਰੀਆਂ ਵਚਨਬੱਧਤਾਵਾਂ ਕੀਤੀਆਂ ਹਨ ਜੋ ਉਸ ਨੂੰ ਕਰਨ ਦੀ ਜ਼ਰੂਰਤ ਹੈ, ਉਸ ਨੇ ਪਾਪ ਤੋਂ ਛੁਟਕਾਰੇ ਦੀ ਇੱਛਾ ਰੱਖੀ ਹੈ ਜੋ ਉਸ ਨੂੰ ਰੱਖਣ ਦੀ ਜ਼ਰੂਰਤ ਹੈ, ਅਤੇ ਉਸ ਨੇ ਉਹ ਤੋਬਾ ਕੀਤੀ ਹੈ ਜੋ ਉਸ ਨੂੰ ਕਰਨ ਦੀ ਜ਼ਰੂਰਤ ਸੀ।**

ਸਾਨੂੰ ਤੋਬਾ ਨੂੰ ਗ਼ਲਤ ਤਰੀਕੇ ਨਾਲ ਪਰਿਭਾਸ਼ਿਤ ਕਰਨ ਦੀ ਹਿੰਮਤ ਨਹੀਂ ਕਰਨੀ ਚਾਹੀਦੀ ਹੈ ਕਿ ਫਿਰ ਮੁਕਤੀ ਦੇ ਲਈ **ਸਿਰਫ਼ ਵਿਸ਼ਵਾਸ** ਵਿੱਚ ਕੁਝ ਹੋਰ ਜੋੜਿਆ ਜਾਵੇ। ਤੋਬਾ ਦਾ ਅਰਥ "ਮਨ ਨੂੰ ਬਦਲਣਾ" ਹੈ। ਜੇਕਰ ਇੱਕ ਵਿਅਕਤੀ ਮਸੀਹ ਉੱਤੇ ਭਰੋਸਾ ਕਰਨ ਦੇ ਬਿੰਦੂ ਤੇ ਪਹੁੰਚ ਜਾਂਦਾ ਹੈ, ਤਾਂ ਉਹ ਪਹਿਲਾਂ ਹੀ ਉਹਨਾਂ ਵਿਚਾਰਾਂ ਜਾਂ ਵਿਵਹਾਰਾਂ ਤੋਂ ਤੋਬਾ ਕਰ ਚੁੱਕਾ ਹੈ ਜੋ ਮਸੀਹ ਵਿੱਚ ਵਿਸ਼ਵਾਸ ਨੂੰ ਰੋਕ ਸਕਦੇ ਹਨ। ਪਰਮੇਸ਼ਰ ਤੋਬਾ ਦੀ ਇਸ ਕਿਸਮ ਨੂੰ ਚਾਹੁੰਦੇ ਹਨ।

### 6. ਸਾਰ: ਮੁਕਤੀ ਦੀ ਇੱਕ ਸ਼ਰਤ ਵਜੋਂ ਤੋਬਾ

ਜਦੋਂ ਤੋਬਾ ਨੂੰ ਸਹੀ ਢੰਗ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ, ਤਾਂ ਇਹ ਮੁਕਤੀ ਦੇ ਲਈ ਇੱਕ ਸ਼ਰਤ ਦੇ ਰੂਪ ਵਿੱਚ ਸਹੀ ਹੈ। ਇਹ ਨਾ ਸਿਰਫ਼ ਵਿਸ਼ਵਾਸ ਸ਼ਬਦ ਨਾਲ ਸੰਬੰਧਿਤ ਹੈ, ਪਰ ਇਹ ਵਿਸ਼ਵਾਸ ਦਾ ਇੱਕ ਹਿੱਸਾ ਹੈ। **ਮਸੀਹ ਵੱਲ ਮੁੜਨ ਦੇ ਲਈ ਵਿਸ਼ਵਾਸ ਵਿੱਚ ਰੁਕਾਵਟ ਪਾਉਣ ਵਾਲੀਆਂ ਸਾਰੀਆਂ ਗੱਲਾਂ ਤੋਂ ਮੂੰਹ ਮੋੜਨਾ ਜ਼ਰੂਰੀ ਹੈ।** ਤੋਬਾ ਕਰਨਾ ਜ਼ਰੂਰੀ ਹੈ, ਪਰ ਇਹ ਬਚਾਉਣ ਵਾਲੇ ਵਿਸ਼ਵਾਸ ਨਾਲੋਂ ਵੱਖਰੀ ਨਹੀਂ ਹੈ। ਡੱਲਾਸ ਥੀਓਲੋਜੀਕਲ ਸੈਮੀਨਰੀ ਦੇ ਸੰਸਥਾਪਕ ਨੇ ਤੋਬਾ ਬਾਰੇ ਇਹ ਲਿਖਿਆ: "ਇਹ ਸੱਚ ਹੈ ਕਿ ਮੁਕਤੀ ਦੀ ਸ਼ਰਤ ਦੇ ਰੂਪ ਵਿੱਚ ਤੋਬਾ ਦੀ ਮੰਗ ਕੀਤੀ ਜਾਵੇ, ਪਰ ਇਹ ਸਿਰਫ਼ ਇਸ ਲਈ ਹੈ ਕਿਉਂਕਿ ਇਸ ਵਿੱਚ ਮਨ ਨੂੰ ਬਦਲਣਾ ਸ਼ਾਮਲ ਹੁੰਦਾ ਹੈ ਜਿਸ ਵਿੱਚ ਇੱਕ ਵਿਅਕਤੀ ਦੂਜਿਆਂ ਵਿੱਚ ਭਰੋਸੇ ਨੂੰ ਛੱਡ ਕੇ ਮਸੀਹ ਵਿੱਚ ਭਰੋਸੇ ਵੱਲ ਮੁੜਦਾ ਹੈ। ਇਸ ਤਰ੍ਹਾਂ ਦਾ ਪਰਿਵਰਤਨ ਮਨ ਦੇ ਬਦਲਣ ਤੋਂ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ਮਨ ਦਾ ਇਹ ਮਹੱਤਵਪੂਰਣ ਬਦਲਾਵ ਵਿਸ਼ਵਾਸ ਦਾ ਹੀ ਹਿੱਸਾ ਹੁੰਦਾ ਹੈ ਅਤੇ ਇਸ ਲਈ **ਕਈ ਵਾਰ**

**ਇਸ ਨੂੰ ਵਿਸ਼ਵਾਸ ਦੇ ਸਮਾਨਾਰਥੀ ਸ਼ਬਦ ਵਜੋਂ** ਵਰਤਿਆ ਜਾ ਸਕਦਾ ਹੈ ਅਤੇ ਵਰਤਿਆ ਜਾਂਦਾ ਹੈ."[45]

### D. ਮੁਕਤੀ ਦੇ ਲਈ ਜੀਵਨ ਪਰਿਵਰਤਨ ਹੋਣ ਦੀ ਸ਼ਰਤ

ਹਾਲਾਂਕਿ *ਜੀਵਨ ਪਰਿਵਰਤਨ* ਦੀ ਵਰਤੋਂ ਦੂਜੇ ਸ਼ਬਦਾਂ ਵਾਂਗ ਨਹੀਂ ਹੁੰਦੀ ਹੈ, ਪਰ ਜਦੋਂ ਤੱਕ ਇਸ ਦੀ ਸਹੀ ਵਿਆਖਿਆ ਨਹੀਂ ਕੀਤੀ ਜਾਂਦੀ ਹੈ ਉਦੋਂ ਤੱਕ ਇਸ ਨੂੰ ਮੁਕਤੀ ਦੀ ਇੱਕ ਜਾਇਜ਼ ਸ਼ਰਤ ਮੰਨਿਆ ਜਾ ਸਕਦਾ ਹੈ। *ਜੀਵਨ ਪਰਿਵਰਤਨ* ਦੇ ਲਈ ਯੂਨਾਨੀ ਸ਼ਬਦ ਦੀ ਵਰਤੋਂ ਲਗਭਗ 36 ਤੋਂ 39 ਵਾਰ ਕੀਤੀ ਗਈ ਹੈ। ਮੁਕਤੀ ਤੋਂ ਇਲਾਵਾ ਦੇ ਹਵਾਲਿਆਂ ਵਿੱਚ ਇਸ ਦਾ ਅਰਥ "ਕਿਸੇ ਵੱਲ ਮੁੜਨਾ" ਜਾਂ "ਪਿੱਛੇ ਮੁੜਨਾ" ਹੋ ਸਕਦਾ ਹੈ (ਉਦਾਹਰਣ ਦੇ ਲਈ., ਮੱਤੀ 12:44; 24:18; ਮਰਕੁਸ 5:30; 8:33; 13:16; ਲੂਕਾ 8:55; 17:31; ਯੂਹੰਨਾ 21:20; ਰਸੂਲਾਂ 9:40; 15:36; 16:18; ਗਲਾਤੀ 4:9; 2 ਪਤਰਸ 2:22; ਪ੍ਰਕਾਸ਼ 1:12)। ਜਦੋਂ ਇੱਕ ਵਿਅਕਤੀ ਮੁਕਤੀ ਦੇ ਲਈ ਯਿਸੂ ਮਸੀਹ ਵਿੱਚ ਭਰੋਸਾ ਰੱਖਦਾ ਹੈ, ਤਾਂ ਉਹ ਮੁਕਤੀ ਦੇ ਲਈ ਉਹਨਾਂ ਵੱਲ ਮੁੜਦਾ ਹੈ। ਇਸ ਤਰ੍ਹਾਂ, ਬਚਾਉਣ ਵਾਲਾ ਵਿਸ਼ਵਾਸ ਮੁਕਤੀ ਦੇ ਲਈ ਮਸੀਹ ਦੀ ਵੱਲ ਮੁੜਨ ਦੇ ਅਰਥ ਵਿੱਚ ਜੀਵਨ ਪਰਿਵਰਤਨ ਦੇ ਬਰਾਬਰ ਹੈ, ਅਤੇ ਇਹ ਭਟਕੇ ਹੋਏ ਸਾਰੇ ਲੋਕਾਂ ਦਾ ਪਰਮੇਸ਼ਰ ਵੱਲ ਮੁੜਨਾ ਵੀ ਹੈ (ਯਸਾ 53:6)।

ਆਮ ਤੌਰ ਤੇ, ਬਾਈਬਲ ਆਪਣੇ ਪ੍ਰਚਾਰ ਦੇ ਸੱਦਿਆਂ ਵਿੱਚ, ਮੁਕਤੀ ਦੀ ਇੱਕ ਸ਼ਰਤ ਦੇ ਰੂਪ ਵਿੱਚ ਰਸੂਲਾਂ 3:19 ਦੇ "ਜੀਵਨ ਪਰਿਵਰਤਨ" ਦੇ ਹੁਕਮ ਦੀ ਵਰਤੋਂ ਨਹੀਂ ਕਰਦੀ ਹੈ। ਇਸ ਦੀ ਬਜਾਏ, ਇਹ ਜ਼ਿਆਦਾ ਆਮ ਗੱਲ ਹੈ ਕਿ ਬਾਈਬਲ ਦਾ ਇੱਕ ਲੇਖਕ ਅਤੀਤ ਵਿੱਚ ਹੋਈ ਮੁਕਤੀ ਬਾਰੇ ਗੱਲ ਕਰੇ ਅਤੇ ਉਸ ਨੂੰ ਜੀਵਨ ਪਰਿਵਰਤਨ ਕਹੇ, ਜਾਂ ਕਿਸੇ ਹੋਰ ਵਿਅਕਤੀ ਦੇ ਜੀਵਨ ਪਰਿਵਰਤਨ ਜਾਂ ਇਸ ਦੀ ਘਾਟ ਬਾਰੇ ਗੱਲ ਕਰੇ (ਮੱਤੀ 13:15; ਮਰਕੁਸ 4:12; ਯੂਹੰਨਾ 12:40; ਰਸੂਲਾਂ 9:35; 11:21; 15:19; 26:18, 20; 28:27; 2 ਕੁਰਿੰਥ 3:16; 1 ਥੱਸਲੁ 1:9 ਅਤੇ 1 ਪਤਰਸ. 2:25)। ਦੂਜੇ ਸ਼ਬਦਾਂ ਵਿੱਚ, ਬਾਈਬਲ ਵਿੱਚ ਇਹ ਵਧੇਰੇ ਆਮ ਗੱਲ ਹੈ ਕਿ ਇਹ ਬਚਾਏ ਗਏ ਲੋਕਾਂ ਨੂੰ ਇਹ ਸਿਖਾਉਣ ਦੇ ਲਈ ਜੀਵਨ ਪਰਿਵਰਤਨ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਕਿ ਜਦੋਂ ਉਹਨਾਂ ਨੇ ਵਿਸ਼ਵਾਸ ਕੀਤਾ ਤਾਂ ਕੀ ਹੋਇਆ ਸੀ, ਅਤੇ ਬਾਈਬਲ ਵਿੱਚ ਇਹ ਆਮ ਨਹੀਂ ਹੈ ਕਿ ਇਹ ਅਵਿਸ਼ਵਾਸੀ ਨੂੰ ਜੀਵਨ ਪਰਿਵਰਤਨ ਦਾ ਸੱਦਾ ਦੇਵੇ। ਜੀਵਨ ਪਰਿਵਰਤਨ ਦੀ ਵਿਆਖਿਆ "ਬਚਾਉਣ ਵਾਲੇ ਵਿਸ਼ਵਾਸ ਵਿੱਚ ਮਸੀਹ ਵੱਲ ਮੁੜਨ" ਵਜੋਂ ਹੋਣੀ ਚਾਹੀਦੀ ਹੈ, ਅਤੇ ਇਸ ਨੂੰ ਮੁਕਤੀ ਦੀ ਇੱਕੋ-ਇੱਕ ਸ਼ਰਤ ਸਿਰਫ਼ ਵਿਸ਼ਵਾਸ ਵਿੱਚ ਕੁਝ ਹੋਰ ਜੋੜਨ ਸਿਰਫ਼ ਲਈ ਗ਼ਲਤ ਨਹੀਂ ਸਮਝਿਆ ਜਾਣਾ ਚਾਹੀਦਾ ਹੈ। ਜੀਵਨ ਪਰਿਵਰਤਨ ਦਾ ਸਿੱਧਾ ਅਰਥ ਬਚਾਉਣ ਵਾਲਾ ਵਿਸ਼ਵਾਸ ਹੈ। ਇਸ ਦਾ ਇਹ ਅਰਥ ਨਹੀਂ ਹੈ ਕਿ ਇੱਕ ਵਿਅਕਤੀ ਨੂੰ ਮੁਕਤੀ ਪਾਉਣ ਤੋਂ ਪਹਿਲਾਂ ਆਪਣੀ ਜੀਵਨ-ਸ਼ੈਲੀ ਨੂੰ ਪੂਰੀ ਤਰ੍ਹਾਂ ਬਦਲਣ ਦੀ ਲੋੜ ਹੁੰਦੀ ਹੈ। ਜੀਵਨ ਪਰਿਵਰਤਨ ਮੁਕਤੀ ਪਾਉਣ ਦੇ ਲਈ ਵਿਸ਼ਵਾਸ ਵਿੱਚ ਮਸੀਹ ਵੱਲ ਮੁੜਨਾ ਹੈ।

### E. ਯਿਸੂ ਨੂੰ ਮੁਕਤੀਦਾਤਾ ਵਜੋਂ ਸਵੀਕਾਰ ਕਰਨਾ

ਬਾਈਬਲ ਵਿੱਚ ਇਹ ਸ਼ਬਦ ਮੁਕਤੀ ਦੇਲਈ ਸ਼ਰਤ ਵਜੋਂ ਪ੍ਰਮੁੱਖ ਨਹੀਂ ਹੈ, ਪਰ ਇਹ ਯੂਹੰਨਾ 1:12 ਵਿੱਚ ਆਉਂਦਾ ਹੈ।

> ਪਰ ਜਿੰਨਿਆਂ ਨੇ ਉਹਨਾਂ ਨੂੰ **ਸਵੀਕਾਰ ਕੀਤਾ** ਅਤੇ ਉਹਨਾਂ ਦੇ ਨਾਮ ਵਿੱਚ **ਵਿਸ਼ਵਾਸ ਕੀਤਾ**, ਉਹਨਾਂ ਸਾਰਿਆਂ ਨੂੰ ਉਹਨਾਂ ਨੇ ਪਰਮੇਸ਼ਰ ਦੀ ਸੰਤਾਨ ਹੋਣ ਦਾ ਅਧਿਕਾਰ ਦਿੱਤਾ। [ਯੂਹੰਨਾ 1:12]

ਯੂਹੰਨਾ 1:12 ਸਾਨੂੰ ਦੱਸਦਾ ਹੈ ਕਿ ਯਿਸੂ ਮਸੀਹ ਨੂੰ ਸਵੀਕਾਰ ਕਰਨਾ ਉਹਨਾਂ ਦੇ ਨਾਮ ਉੱਤੇ ਵਿਸ਼ਵਾਸ ਕਰਨ ਦੇ ਬਰਾਬਰ ਹੈ। ਦੋਵਾਂ ਦੇ ਅਰਥ ਇੱਕੋ ਜਿਹੇ ਹਨ। *ਵਿਸ਼ਵਾਸ ਕੀਤਾ* ਬਚਾਉਣ ਵਾਲੇ ਵਿਸ਼ਵਾਸ ਦੇ ਸਰਗਰਮ ਪਹਿਲੂ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਸਾਨੂੰ ਮਸੀਹ ਉੱਤੇ ਭਰੋਸਾ ਕਰਨ ਦੀ ਚੋਣ ਕਰਨੀ ਜ਼ਰੂਰੀ ਹੈ। *ਸਵੀਕਾਰ ਕਰਨਾ* ਬਚਾਉਣ ਵਾਲੇ ਵਿਸ਼ਵਾਸ ਦੇ ਸਰਗਰਮ ਪਹਿਲੂ ਉੱਤੇ ਵਧੇਰੇ ਜ਼ੋਰ ਦਿੰਦਾ ਹੈ। ਸਾਨੂੰ ਵਿਸ਼ਵਾਸ ਦੁਆਰਾ ਯਿਸੂ ਮਸੀਹ ਤੋਂ ਮੁਕਤੀ ਪ੍ਰਾਪਤ ਕਰਨ ਦੇ ਲਈ ਤਿਆਰ ਹੋਣਾ ਚਾਹੀਦਾ ਹੈ। *ਵਿਸ਼ਵਾਸ ਕਰਨਾ* ਅਤੇ ਸਵੀਕਾਰ ਕਰਨਾ ਮੁਕਤੀ ਦੇ ਲਈ ਇੱਕੋ ਜਿਹੀ ਸ਼ਰਤ ਹੈ, ਪਰ ਥੋੜ੍ਹਾ ਜਿਹਾ ਫ਼ਰਕ ਦਿਖਾਈ ਦਿੰਦਾ ਹੈ। ਜੇਕਰ ਯਿਸੂ ਮਸੀਹ ਨੂੰ ਮੁਕਤੀਦਾਤਾ ਵਜੋਂ ਪ੍ਰਾਪਤ ਕਰਨ ਜਾਂ ਸਵੀਕਾਰ ਕਰਨ ਤੋਂ ਸਾਡਾ ਭਾਵ ਉਹਨਾਂ ਵਿੱਚ ਅਤੇ ਸਲੀਬ ਉੱਤੇ ਉਹਨਾਂ ਦੇ ਕੰਮ ਉੱਤੇ ਭਰੋਸਾ ਕਰਨਾ ਹੈ, ਤਾਂ "ਮਸੀਹ ਦਾ ਸਵਾਗਤ ਕਰਨ ਜਾਂ ਸਵੀਕਾਰ ਕਰਨ" ਦਾ ਸੱਦਾ ਸਹੀ ਹੈ।

### F. ਮੁਕਤੀ ਨੂੰ ਪ੍ਰਾਪਤ ਕਰਨ ਦੇ ਲਈ ਵਿਸ਼ਵਾਸ ਕਰਨਾ ਜਾਂ ਕੰਮ ਕਰਨਾ

ਕੁਝ ਅਜਿਹੀਆਂ ਗ਼ਲਤੀਆਂ ਹਨ ਜੋ ਇਸ ਗ਼ਲਤ ਧਰਨਾ ਨਾਲੋਂ ਜ਼ਿਆਦਾ ਫੈਲੀਆਂ ਅਤੇ ਖ਼ਤਰਨਾਕ ਹਨ ਕਿ ਜਾਂ ਤਾਂ ਕੰਮ ਜਾਂ ਧਾਰਮਿਕ ਰਸਮਾਂ (ਜਾਂ ਦੋਵੇਂ ਹੀ) ਮੁਕਤੀ ਪਾਉਣ ਦੀਆਂ ਸ਼ਰਤਾਂ ਹਨ। ਸਕਾਰਾਤਮਕ ਰੂਪ ਵਿੱਚ, ਸਾਡੇ ਇਸ ਅਧਿਐਨ ਨੇ ਪਹਿਲਾਂ ਹੀ ਦਿਖਾਇਆ ਹੈ ਕਿ ਬਾਈਬਲ ਦੇ 150 ਤੋਂ ਵੱਧ ਹਵਾਲੇ ਸਿਰਫ਼ ਵਿਸ਼ਵਾਸ ਨੂੰ ਮੁਕਤੀ ਦੀ ਸ਼ਰਤ ਵਜੋਂ ਮੰਨਦੇ ਹਨ! ਜੇਕਰ ਕੋਈ ਕੰਮ ਜਾਂ ਰਸਮਾਂ ਨੂੰ ਵਿਸ਼ਵਾਸ ਵਿੱਚ ਜੋੜਦਾ ਹੈ, ਤਾਂ ਇਹ ਸਾਰੇ ਵਚਨ ਵਿਰੋਧਾਭਾਸੀ ਹੋ ਜਾਣਗੇ ਅਤੇ ਇਹਨਾਂ ਨੂੰ ਲਿਖਣ ਵਾਲੇ (ਜਿਸ ਵਿੱਚ ਯਿਸੂ ਮਸੀਹ ਵੀ ਸ਼ਾਮਲ ਹਨ) ਝੂਠੇ ਸਾਬਤ ਹੋਣਗੇ। ਕੰਮਾਂ ਨਾਲ ਮੁਕਤੀ ਪਾਉਣ ਬਾਰੇ ਗ਼ਲਤ ਧਾਰਨਾ ਦੇ ਲਈ ਪੌਲੁਸ ਨੇ ਬਹੁਤ ਕਠੋਰ ਸ਼ਬਦਾਂ ਨੂੰ ਵਰਤਿਆ। ਇਹ ਵਿਚਾਰ ਕਿ ਮੁਕਤੀ ਕੰਮਾਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ,

[45] ਲੂਇਸ ਸਪੇਰੀ ਚੇਫ਼ਰ, *ਸਿਸਟਮੈਟਿਕ ਥੀਓਲੋਜੀ*, ਵੋਲ. 7 (ਡੱਲਾਸ: ਡੱਲਾਸ ਸੈਮਿਨਰੀ ਪ੍ਰੈਸ, 1948) 7:265.

ਇਹ "ਸਭ ਤੋਂ ਵੱਡੀ ਝੂਠੀ ਸਿੱਖਿਆ" ਹੈ।

ਪਰ ਜੇਕਰ ਸਾਡੇ ਵਿੱਚੋਂ ਜਾਂ ਸਵਰਗ ਤੋਂ ਕੋਈ ਸਵਰਗਦੂਤ ਵੀ ਆ ਕੇ ਉਸ **ਸ਼ੁਭ ਸਮਾਚਾਰ ਤੋਂ ਵੱਖਰਾ**, ਜੋ ਅਸੀਂ ਤੁਹਾਨੂੰ ਸੁਣਾਇਆ ਸੀ, ਕੋਈ ਦੂਜਾ ਸ਼ੁਭ ਸਮਾਚਾਰ ਸੁਣਾਵੇ ਤਾਂ ਉਸ ਨੂੰ **ਸਰਾਪ ਲੱਗੇ...**ਜੇਕਰ ਕੋਈ ਉਸ ਸ਼ੁਭ ਸਮਾਚਾਰ ਤੋਂ ਜੋ ਤੁਸੀਂ ਸਵੀਕਾਰ ਕੀਤਾ ਹੈ, ਕੋਈ **ਵੱਖਰਾ ਸ਼ੁਭ ਸਮਾਚਾਰ** ਤੁਹਾਨੂੰ ਸੁਣਾਵੇ, ਤਾਂ ਉਸ ਨੂੰ **ਸਰਾਪ ਲੱਗੇ**। [ਗਲਾਤੀ 1:8-9]

ਅਸੀਂ ਸਾਰੇ ਅਸ਼ੁੱਧ ਮਨੁੱਖ ਵਰਗੇ ਹੋ ਗਏ, ਅਤੇ ਸਾਡੇ ਸਾਰੇ ਧਾਰਮਿਕਤਾ ਦੇ ਕੰਮ ਗੰਦੇ ਕੱਪੜਿਆਂ ਵਰਗੇ ਹਨ **[ਯਸਾ 64:6]**

ਉਹਨਾਂ ਨੇ ਯਿਸੂ ਤੋਂ ਪੁੱਛਿਆ, "ਪਰਮੇਸ਼ਰ ਦੇ ਕੰਮ ਕਰਨ ਲਈ ਅਸੀਂ ਕੀ ਕਰੀਏ ?" ਯਿਸੂ ਨੇ ਉੱਤਰ ਦਿੱਤਾ, "**ਪਰਮੇਸ਼ਰ ਦਾ ਕੰਮ ਇਹ ਹੈ ਕਿ ਜਿਸ ਨੂੰ ਉਹਨਾਂ ਨੇ ਭੇਜਿਆ ਹੈ, ਉਸ ਵਿੱਚ ਵਿਸ਼ਵਾਸ ਕਰੋ।**" [ਯੂਹੰਨਾ 6:28-29]

**ਮੂਸਾ ਦੀ ਵਿਵਸਥਾ ਜਿਹਨਾਂ ਚੀਜ਼ਾਂ ਤੋਂ ਮੁਕਤ ਨਾ ਕਰ ਸਕੀ**
ਉਹਨਾਂ ਤੋਂ ਹੀ ਹਰ ਕੋਈ ਯਿਸੂ ਵਿੱਚ ਵਿਸ਼ਵਾਸ ਕਰਨ ਵਾਲਾ ਮੁਕਤ ਹੁੰਦਾ ਹੈ [ਰਸੂਲਾਂ 13:39]

ਕਿਉਂਕਿ **ਵਿਵਸਥਾ ਦੇ ਅਨੁਸਾਰ ਕੀਤੇ ਕੰਮਾਂ ਨਾਲ ਕੋਈ ਵੀ ਮਨੁੱਖ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਾਇਆ ਜਾਵੇਗਾ**। ਵਿਵਸਥਾ ਦੁਆਰਾ ਤਾਂ ਪਾਪ ਦਾ ਗਿਆਨ ਹੀ ਹੁੰਦਾ ਹੈ। [ਰੋਮੀ 3:20]

ਕਿਉਂਕਿ ਅਸੀਂ ਮੰਨਦੇ ਹਾਂ ਕਿ ਮਨੁੱਖ **ਵਿਵਸਥਾ ਦੇ ਕੰਮਾਂ ਦੁਆਰਾ ਨਹੀਂ** ਸਗੋਂ ਵਿਸ਼ਵਾਸ ਦੁਆਰਾ ਨੇਕ ਠਹਿਰਾਇਆ ਜਾਂਦਾ ਹੈ। [ਰੋਮੀ 3:28]

ਪਰ ਦੂਜੇ ਪਾਸੇ **ਜੋ ਕੰਮ ਨਹੀਂ ਕਰਦਾ** ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਉਸ ਦਾ ਵਿਸ਼ਵਾਸ ਹੀ ਨੇਕੀ ਗਿਣਿਆ ਜਾਂਦਾ ਹੈ [ਰੋਮੀ 4:5]

...ਇਸ ਦਾ ਕਾਰਨ ਇਹ ਸੀ ਕਿ ਜੋ ਕੁਝ ਉਹਨਾਂ ਕੀਤਾ, ਉਸ ਦਾ ਆਧਾਰ ਵਿਸ਼ਵਾਸ ਨਹੀਂ ਸੀ, **ਸਗੋਂ ਕਰਮ ਸਨ। ਇਸ ਲਈ ਉਹਨਾਂ ਨੇ ਠੇਡਾ ਖਾਣ ਵਾਲੇ ਪੱਥਰ ਨਾਲ ਠੇਡਾ ਖਾਧਾ।** [ਰੋਮੀ 9:31-32]

ਇਸ ਚੋਣ ਦਾ ਆਧਾਰ ਪਰਮੇਸ਼ਰ ਦੀ ਕਿਰਪਾ ਹੈ, **ਆਦਮੀ ਦੇ ਕੰਮ ਨਹੀਂ।** ਕਿਉਂਕਿ ਜੇਕਰ ਇਸ ਚੋਣ ਦਾ ਆਧਾਰ ਕੰਮ ਹੋਣ ਤਾਂ ਪਰਮੇਸ਼ਰ ਦੀ ਕਿਰਪਾ, ਕਿਰਪਾ ਨਹੀਂ ਹੈ। [ਰੋਮੀ 11:6]

"ਕਿਉਂਕਿ ਅਸੀਂ ਜਾਣਦੇ ਹਾਂ ਕਿ ਮਨੁੱਖ ਦਾ ਪਰਮੇਸ਼ਰ ਨਾਲ **ਨੇਕ ਸੰਬੰਧ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ** ਸਗੋਂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਦੁਆਰਾ ਹੁੰਦਾ ਹੈ...ਪਵਿੱਤਰ-ਗ੍ਰੰਥ ਦੇ ਅਨੁਸਾਰ, "ਕੋਈ ਵੀ ਮਨੁੱਖ ਪਰਮੇਸ਼ਰ ਦੇ ਸਾਹਮਣੇ **ਵਿਵਸਥਾ ਦੇ ਕੰਮਾਂ ਦੁਆਰਾ ਨੇਕ ਨਹੀਂ ਠਹਿਰੇਗਾ। "** [ਗਲਾਤੀ 2:16]

ਇਸ ਤੋਂ ਇਹ ਸਾਫ਼ ਪ੍ਰਗਟ ਹੈ ਕਿ **ਕੋਈ ਵਿਵਸਥਾ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਦਾ** ਕਿਉਂਕਿ ਪਵਿੱਤਰ-ਗ੍ਰੰਥ ਕਹਿੰਦਾ ਹੈ, "ਉਹ ਜੋ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸ ਦੇ ਦੁਆਰਾ ਨੇਕ ਠਹਿਰ ਚੁੱਕਾ ਹੈ, ਉਹ ਜਿਊਂਦਾ ਰਹੇਗਾ।" [ਗਲਾਤੀ 3:11]

ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮੁਕਤ ਕੀਤੇ ਗਏ ਹੋ। ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ। **ਇਹ ਕਰਮਾਂ ਦਾ ਨਤੀਜਾ ਨਹੀਂ ਹੈ** ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ। [ਅਫ਼ਸੀ 2:8-9]

ਪਰਮੇਸ਼ਰ ਨੇ ਸਾਨੂੰ ਮੁਕਤੀ ਦਿੱਤੀ ਹੈ ਅਤੇ ਪਵਿੱਤਰ ਜੀਵਨ ਬਤੀਤ ਕਰਨ ਦੇ ਲਈ ਸੱਦਿਆ ਹੈ। ਇਹ **ਸਾਡੇ ਕੰਮਾਂ ਦੇ ਕਾਰਨ ਨਹੀਂ** ਸਗੋਂ ਉਹਨਾਂ ਦੇ ਆਪਣੇ ਉਦੇਸ਼ ਅਤੇ ਕਿਰਪਾ ਦੇ ਕਾਰਨ ਹੈ। [2 ਤਿਮੋਥਿ 1:9]

ਉਹਨਾਂ ਨੇ ਸਾਨੂੰ ਮੁਕਤੀ ਦਿੱਤੀ। **ਇਹ ਸਾਡੇ ਕਿਸੇ ਨੇਕ ਕੰਮਾਂ ਦੇ ਕਾਰਨ ਨਹੀਂ** ਸੀ ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹਨ। [ਤੀਤੁਸ 3:5]

ਤਾਂ ਫਿਰ ਮਸੀਹ ਦੇ ਖ਼ੂਨ ਦੇ ਦੁਆਰਾ ਕੀ ਨਹੀਂ ਹੋ ਸਕੇਗਾ ...ਉਹਨਾਂ ਦਾ ਖ਼ੂਨ ਸਾਡੇ ਅੰਤਹਕਰਨ ਨੂੰ **ਮੁਰਦਾ ਕੰਮਾਂ ਤੋਂ ਸ਼ੁੱਧ ਕਰੇਗਾ** ਤਾਂ ਜੋ ਅਸੀਂ ਜਿਊਂਦੇ ਪਰਮੇਸ਼ਰ ਦੀ ਸੇਵਾ ਕਰੀਏ! [ਇਬ 9:14]

ਬਾਈਬਲ ਵਿੱਚ ਕੁਝ ਅਜਿਹੇ ਵਚਨ ਹਨ ਜਿਹਨਾਂ ਦੀ ਇਹ ਸਥਾਪਿਤ ਕਰਨ ਲਈ ਗ਼ਲਤ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਮੁਕਤੀ ਚੰਗੇ ਕੰਮਾਂ ਉੱਤੇ ਨਿਰਭਰ ਹੈ। ਫਿਰ ਵੀ, ਵਿਆਖਿਆਕਾਰ ਨੂੰ ਇਹਨਾਂ ਤੱਥਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ 150 ਤੋਂ ਵੱਧ ਵਚਨ ਸਿਰਫ਼ ਵਿਸ਼ਵਾਸ ਨੂੰ ਮੁਕਤੀ ਦੀ ਸ਼ਰਤ ਵਜੋਂ ਦੱਸਦੇ ਹਨ, ਅਤੇ ਨਵਾਂ ਨੇਮ ਇਸ ਸੱਚਾਈ ਉੱਤੇ ਦ੍ਰਿੜ੍ਹ ਹੈ ਕਿ ਸਾਡੇ ਕੰਮਾਂ ਤੋਂ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ। ਜਿਹੜੇ ਵਚਨ ਇਹ ਸੰਕੇਤ ਦਿੰਦੇ ਹਨ ਕਿ ਕੰਮਾਂ ਨਾਲ ਮੁਕਤੀ ਮਿਲਦੀ ਹੈ, ਉਹਨਾਂ ਦਾ ਇੱਕ ਆਸਾਨ ਹੱਲ ਇਹ ਹੈ ਕਿ ਇੱਕ ਹੋਰ ਬਰਾਬਰ ਦੀ ਵਿਆਖਿਆ ਲੱਭੀ ਜਾਵੇ ਜੋ ਮੁਕਤੀ ਦੀ ਇੱਕ ਸ਼ਰਤ ਦੇ ਰੂਪ ਵਿੱਚ

ਸਿਰਫ਼ ਵਿਸ਼ਵਾਸ ਨਾਲ ਅਨੁਕੂਲ ਹੋਵੇ। ਅਸਲ ਵਿੱਚ, ਇਹ ਲਗਭਗ ਹਮੇਸ਼ਾ ਹੀ ਹੋਵੇਗਾ ਕਿ ਉਹ ਵਿਆਖਿਆ ਜੋ ਇੱਕ ਵਚਨ ਨੂੰ ਬਾਈਬਲ ਦੇ ਬਾਕੀ ਵਚਨਾਂ ਦੇ ਅਨੁਕੂਲ ਬਣਾਉਂਦੀ ਹੈ, ਉਹ ਉਹੀ ਹੋਵੇਗੀ ਜੋ ਸੰਦਰਭ ਵਿੱਚ ਅਤੇ ਬਾਕੀ ਥਾਵਾਂ ਤੇ ਵੀ ਲੇਖਕ ਦੇ ਆਪਣੇ ਵਿਚਾਰਾਂ ਨਾਲ ਠੀਕ ਬੈਠਦੀ ਹੈ।

ਉਦਾਹਰਣ ਦੇ ਲਈ, ਯਾਕੂਬ 2:26 ਸਾਨੂੰ ਦੱਸਦਾ ਹੈ ਕਿ "ਵਿਸ਼ਵਾਸ ਕੰਮਾਂ ਤੋਂ ਬਿਨਾਂ ਮੁਰਦਾ ਹੈ।" ਬੇਸ਼ਕ, ਇਸ ਵਚਨ ਦੀ ਜ਼ਿੰਦੀ ਵਿਆਖਿਆ ਇਸ ਹਿੱਸੇ ਵਿੱਚ ਉੱਪਰ ਦਿੱਤੇ ਵਚਨਾਂ ਦੇ ਉਲਟ ਕੀਤੀ ਜਾ ਸਕਦੀ ਹੈ। ਪਰ, ਇਸ ਦੀ ਵਿਆਖਿਆ ਉਹਨਾਂ ਦੇ ਅਨੁਕੂਲ ਹੋਣ ਲਈ ਕੀਤੀ ਜਾਣੀ ਚਾਹੀਦੀ ਹੈ। ਇਸ ਸੰਦਰਭ ਵਿੱਚ, ਯਾਕੂਬ ਨੇ ਵਿਸ਼ਵਾਸ ਦੀ ਵਿਆਖਿਆ ਪਰਮੇਸ਼ਰ ਬਾਰੇ ਕੱਟੜ ਤੱਥਾਂ ਵਿੱਚ ਬੌਧਿਕ ਵਿਸ਼ਵਾਸ ਦੇ ਰੂਪ ਵਿੱਚ ਕੀਤੀ ਸੀ, ਖ਼ਾਸ ਕਰਕੇ ਇੱਕ-ਪਰਮੇਸ਼ਰਵਾਦ ਦੇ ਬਾਰੇ ਵਿੱਚ: "ਤੂੰ ਵਿਸ਼ਵਾਸ ਕਰਦਾ ਹੈ ਕਿ ਪਰਮੇਸ਼ਰ ਇੱਕ ਹੈ। ਇਹ ਠੀਕ ਹੈ! ਅਸ਼ੁੱਧ ਆਤਮਾਵਾਂ ਵੀ ਇਹ ਵਿਸ਼ਵਾਸ ਕਰਦੀਆਂ ਅਤੇ ਡਰ ਨਾਲ ਕੰਬਦੀਆਂ ਹਨ" [ਯਾਕੂਬ 2:19]। ਆਇਤ 26 ਦਾ ਸਿੱਧਾ ਅਰਥ ਇਹ ਹੈ ਕਿ ਪਰਮੇਸ਼ਰ ਬਾਰੇ ਤੱਥਾਂ ਵਿੱਚ ਇੱਕ ਬੌਧਿਕ ਵਿਸ਼ਵਾਸ ਮੁਕਤੀ ਦੇ ਲਈ ਕਾਫ਼ੀ ਨਹੀਂ ਹੈ। ਉਹ ਵਿਸ਼ਵਾਸ ਜੋ ਸੱਚ ਵਿੱਚ ਬਚਾਉਣ ਵਾਲਾ ਵਿਸ਼ਵਾਸ ਹੈ ਉਸ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਇਸ ਦਾ ਜਾਇਜ਼ ਅਨੁਵਾਦ ਇਹ ਹੋਵੇਗਾ "ਉਹ ਵਿਸ਼ਵਾਸ ਜੋ ਸਿਰਫ਼ ਪਰਮੇਸ਼ਰ ਬਾਰੇ ਤੱਥਾਂ ਵਿੱਚ ਹੁੰਦਾ ਹੈ ਅਤੇ ਉਸ ਦਾ ਨਤੀਜਾ ਚੰਗੇ ਕੰਮ ਨਹੀਂ ਹੁੰਦੇ ਹਨ, ਅਤੇ ਉਹ ਮਰਿਆ ਹੋਇਆ ਵਿਸ਼ਵਾਸ ਹੈ।"

ਇਸ ਵਿਆਖਿਆ ਤੋਂ ਜਿਹੜਾ ਸਿਧਾਂਤ ਪੈਦਾ ਹੁੰਦਾ ਹੈ, ਉਹ ਪੌਲੁਸ ਦੁਆਰਾ ਜ਼ੋਰ ਦੇ ਕੇ ਸਥਾਪਿਤ ਕੀਤੇ ਗਏ ***ਸਿਰਫ਼ ਵਿਸ਼ਵਾਸ*** ਅਤੇ ਇਸ ਪੁਸਤਕ ਵਿੱਚ ਵਿਕਸਤ ਗਏ ਬਚਾਉਣ ਵਾਲੇ ਵਿਸ਼ਵਾਸ ਦੇ ਸਿਧਾਂਤ ਦੇ ਵਿਰੋਧ ਵਿੱਚ ਨਹੀਂ ਹੈ। ਯਾਕੂਬ ਨੇ ਉੱਪਰ ਦਿੱਤੀ ਆਇਤ 14 ਵਿੱਚ ਪੁੱਛਿਆ ਸੀ, "ਕੀ ਇਸ ਤਰ੍ਹਾਂ ਦਾ ਵਿਸ਼ਵਾਸ ਬਚਾ ਸਕਦਾ ਹੈ?" ਯਾਕੂਬ ਨੇ ਜਵਾਬ ਦਿੱਤਾ, "ਨਹੀਂ" ਅਤੇ ਪੌਲੁਸ ਵੀ ਇਸ ਨਾਲ ਸਹਿਮਤ ਹੁੰਦਾ। ਸਿਰਫ਼ ਬੌਧਿਕ ਵਿਸ਼ਵਾਸ ਬਚਾ ਨਹੀਂ ਸਕਦਾ ਹੈ। ਪੌਲੁਸ ਵੀ ਇਸ ਗੱਲ ਨਾਲ ਸਹਿਮਤ ਹੁੰਦਾ ਕਿ ਸੱਚੇ ਬਚਾਉਣ ਵਾਲੇ ਵਿਸ਼ਵਾਸ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ (ਅਫ਼ਸੀ 2:8-10)। ਜਦੋਂ ਵਿਸ਼ਵਾਸ ਸ਼ਬਦ ਦਾ ਅਰਥ ਯਾਕੂਬ 2 ਦੀ ਤਰ੍ਹਾਂ ਸਹੀ ਸਿਧਾਂਤ ਦੀ ਬੌਧਿਕ ਪ੍ਰਵਾਨਗੀ ਹੁੰਦਾ ਹੈ ,ਤਾਂ ਸਿਰਫ਼ ਇਹ ਵਿਸ਼ਵਾਸ ਬਚਾ ਨਹੀਂ ਸਕਦਾ ਹੈ। ਜਦੋਂ ਵਿਸ਼ਵਾਸ ਸ਼ਬਦ ਦਾ ਅਰਥ ਪੌਲੁਸ ਦੀ ਪੱਤਰੀਆਂ ਦੀ ਤਰ੍ਹਾਂ ਵਿਸ਼ਵਾਸ, ਭਰੋਸਾ, ਅਤੇ ਨਿਰਭਰਤਾ ਹੁੰਦਾ ਹੈ, ਤਾਂ ਅਜਿਹਾ ਵਿਸ਼ਵਾਸ ਵਿਅਕਤੀ ਨੂੰ ਬਚਾਉਂਦਾ ਹੈ ਅਤੇ ਇਸ ਦਾ ਨਤੀਜਾ ਚੰਗੇ ਕੰਮ ਵੀ ਹੁੰਦੇ ਹਨ। ਵਿਆਖਿਆਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਯਾਕੂਬ ਅਤੇ ਪੌਲੁਸ *ਵਿਸ਼ਵਾਸ* ਸ਼ਬਦ ਦੀ ਵਰਤੋਂ ਵੱਖ-ਵੱਖ ਅਰਥਾਂ ਵਿੱਚ ਕਰਦੇ ਹਨ।

ਯਾਕੂਬ 2 ਇਹ ਸਿਖਾਉਂਦਾ ਹੈ ਕਿ ਬੌਧਿਕ ਵਿਸ਼ਵਾਸ ਬਚਾ ਨਹੀਂ ਸਕਦਾ ਹੈ। ਪਰ ਇਸ ਦੀ ਵਰਤੋਂ ਇਸ ਗੱਲ ਨੂੰ ਗ਼ਲਤ ਸਾਬਤ ਕਰਨ ਲਈ ਨਹੀਂ ਕੀਤੀ ਜਾਣੀ ਚਾਹੀਦੀ ਹੈ ਕਿ ਸਿਰਫ਼ ਵਿਸ਼ਵਾਸ (ਭਰੋਸਾ) ਮੁਕਤੀ ਪ੍ਰਾਪਤ ਕਰਨ ਲਈ ਕਾਫ਼ੀ ਨਹੀਂ ਹੈ। ਜਦੋਂ ਹਰੇਕ ਲੇਖਕ ਦੁਆਰਾ ਵਰਤੀ ਗਈ ਸਹੀ ਵਿਆਖਿਆ ਵੱਲ ਧਿਆਨ ਦਿੱਤਾ ਜਾਂਦਾ ਹੈ, ਤਾਂ ਯਾਕੂਬ ਦੇ ਬਿਆਨ ਇਹ ਨਹੀਂ ਕਹਿ ਰਹੇ ਕਿ ਵਿਸ਼ਵਾਸ ਬਚਾਉਂਦਾ ਨਹੀਂ ਹੈ। ਹਰੇਕ ਵਚਨ ਜੋ ਕਿਸੇ ਕੰਮ ਦੁਆਰਾ ਮੁਕਤੀ ਦੀ ਸਿੱਖਿਆ ਦਿੰਦਾ ਜਾਪਦਾ ਹੈ, ਉਸ ਦੀ ਵਧੀਆ ਵਿਆਖਿਆ ਉਹਨਾਂ ਤਰੀਕਿਆਂ ਨਾਲ ਕੀਤੀ ਜਾਣੀ ਚਾਹੀਦੀ ਹੈ ਜੋ ਇਸ ਨੂੰ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਦੇ ਅਨੁਕੂਲ ਬਣਾਉਂਦੇ ਹਨ।

## G. ਮੁਕਤੀ ਪ੍ਰਾਪਤ ਕਰਨ ਦੇ ਲਈ ਵਿਸ਼ਵਾਸ ਕਰਨਾ ਅਤੇ ਬਪਤਿਸਮਾ ਲੈਣਾ

ਜੇਕਰ ਪਾਠਕ ਇਸ ਬਿੰਦੂ ਤੋਂ ਪੜ੍ਹਨਾ ਸ਼ੁਰੂ ਕਰ ਰਿਹਾ ਹੈ, ਤਾਂ ਉਸ ਦੇ ਲਈ ਪਹਿਲਾਂ ਪਿੱਛੇ ਜਾ ਕੇ ਪੰਨੇ 130-138 ਦਾ ਅਧਿਐਨ ਕਰਨਾ ਲਾਭਦਾਇਕ ਹੋਵੇਗਾ ਜੋ ਇਹ ਸਥਾਪਿਤ ਕਰਦੇ ਹਨ ਕਿ ਮੁਕਤੀ ਦੇ ਲਈ ਪਰਮੇਸ਼ਰ ਦੀ ਇੱਕੋ-ਇੱਕ ਸ਼ਰਤ ਵਿਸ਼ਵਾਸ ਹੀ ਹੈ। ਇਸ ਤੋਂ ਇਲਾਵਾ, ਅੱਗੇ ਆਉਣ ਵਾਲੇ ਭਾਗ ਉੱਤੇ ਵਿਚਾਰ ਕਰਨਾ ਵੀ ਉਚਿਤ ਹੈ ਜੋ ਇਹ ਸਥਾਪਿਤ ਕਰਦਾ ਹੈ ਕਿ ਕੰਮ ਜਾਂ ਧਾਰਮਿਕ ਰਸਮਾਂ ਮੁਕਤੀ ਨਹੀਂ ਦੇ ਸਕਦੀਆਂ ਹਨ।

ਜੇਕਰ ਕੁਝ ਆਇਤਾਂ ਦਾ ਬਾਕੀ ਦੀ ਬਾਈਬਲ ਤੋਂ ਅਲੱਗ ਅਧਿਐਨ ਕੀਤਾ ਜਾਂਦਾ ਹੈ, ਤਾਂ ਉਹਨਾਂ ਨੂੰ ਇਹ ਸਾਬਤ ਕਰਨ ਦੇ ਲਈ ਲਿਆ ਜਾ ਸਕਦਾ ਹੈ ਕਿ ਬਪਤਿਸਮਾ ਮੁਕਤੀ ਦੇ ਲਈ ਜ਼ਰੂਰੀ ਹੈ। ਪਰ ਇਹ ਵੀ ਸੱਚ ਹੈ ਕਿ ਇਹਨਾਂ ਵਚਨਾਂ ਦੀ ਇਸ ਤਰ੍ਹਾਂ ਵੀ ਵਿਆਖਿਆ ਹੋ ਸਕਦੀ ਹੈ ਜੋ ਮੁਕਤੀ ਦੀ ਸ਼ਰਤ ਦੇ ਰੂਪ ਵਿੱਚ ਸਿਰਫ਼ ਵਿਸ਼ਵਾਸ ਦੇ ਅਨੁਕੂਲ ਹੋਵੇ। ਜ਼ਾਹਰ ਹੈ ਕਿ ਇੱਕ ਸਹੀ ਵਿਆਖਿਆ ਉਹ ਹੁੰਦੀ ਹੈ ਜੋ ਸਾਰੇ ਪਵਿੱਤਰ ਗ੍ਰੰਥ ਨਾਲ ਮੇਲ ਖਾਂਦੀ ਹੈ ਨਾ ਕਿ ਉਹ ਜੋ ਪਵਿੱਤਰ ਗ੍ਰੰਥ ਦੇ ਵਿਚਕਾਰ ਵਿਰੋਧਾਭਾਸ ਦਾ ਕਾਰਨ ਬਣਦੀ ਹੈ। ਕਿਉਂਕਿ 150 ਤੋਂ ਵੱਧ ਆਇਤਾਂ ਮੁਕਤੀ ਦੀ ਸ਼ਰਤ ਵਜੋਂ ਸਿਰਫ਼ ਵਿਸ਼ਵਾਸ ਦੀ ਗੱਲ ਕਰਦੀਆਂ ਹਨ, ਇਸ ਲਈ ਬਪਤਿਸਮੇ ਨੂੰ ਮੁਕਤੀ ਦੀ ਜ਼ਰੂਰਤ ਵਜੋਂ ਨਹੀਂ ਦੇਖਿਆ ਜਾ ਸਕਦਾ ਹੈ (ਹਾਲਾਂਕਿ ਪਰਮੇਸ਼ਰ ਪ੍ਰਤੀ ਪੂਰੇ ਆਗਿਆਕਾਰੀ ਹੋਣ ਦੇ ਲਈ ਬਪਤਿਸਮਾ ਜ਼ਰੂਰੀ ਹੈ)।

ਬਪਤਿਸਮੇ ਅਤੇ ਮੁਕਤੀ ਦੀ ਚਰਚਾ ਵਿੱਚ ਪ੍ਰਭੂ ਯਿਸੂ (ਯੂਹੰਨਾ 4:2) ਅਤੇ ਪੌਲੁਸ (1 ਕੁਰਿੰਥ 1:17) ਨੂੰ ਆਮ ਤੌਰ ਤੇ ਸ਼ਾਮਲ ਕੀਤਾ ਜਾਂਦਾ ਹੈ। ਦੋਵੇਂ ਹੀ ਦੂਜਿਆਂ ਨੂੰ ਬਪਤਿਸਮਾ ਦੇਣ ਵਿੱਚ ਇੱਕ ਵਿਅਕਤੀਗਤ ਤੌਰ ਤੇ ਸ਼ਾਮਲ ਨਹੀਂ ਸਨ। ਪੌਲੁਸ ਨੇ ਕਿਹਾ ਕਿ ਪਰਮੇਸ਼ਰ ਨੇ ਉਸ ਨੂੰ ਬਪਤਿਸਮੇ ਉੱਤੇ ਜ਼ੋਰ ਦੇਣ ਦੀ ਬਜਾਏ ਸ਼ੁਭ-ਸਮਾਚਾਰ (ਯੂਨਾਨੀ ਸ਼ਬਦ ਦਾ ਅਰਥ ਪ੍ਰਚਾਰ ਹੈ) ਦਾ ਕੰਮ ਦਿੱਤਾ ਹੈ। ਨਾਲ ਹੀ, ਸਲੀਬ

ਉੱਤੇ ਚੋਰ ਉਸ ਵਿਅਕਤੀ ਦੀ ਇੱਕ ਉਦਾਹਰਣ ਹੈ ਜਿਸ ਨੇ ਬਪਤਿਸਮਾ ਲਏ ਬਿਨਾਂ ਮੁਕਤੀ ਪ੍ਰਾਪਤ ਕੀਤੀ ਸੀ (ਲੂਕਾ 23:43), ਅਤੇ ਕੁਰਨੇਲਿਯੁਸ ਬਪਤਿਸਮਾ ਲੈਣ ਤੋਂ ਪਹਿਲਾਂ ਬਚਾਇਆ ਗਿਆ ਸੀ (ਰਸੂਲਾਂ 10:47)।[46] ਜੇਕਰ ਮੁਕਤੀ ਸਿਰਫ਼ ਵਿਸ਼ਵਾਸ ਦੁਆਰਾ ਹੈ ਤਾਂ ਇਸ ਵਿੱਚ ਕੁਝ ਵੀ ਜੋੜਿਆ ਨਹੀਂ ਜਾ ਸਕਦਾ ਹੈ। ਜੇਕਰ ਉਲਝਣ ਪੈਦਾ ਕਰਨ ਵਾਲੇ ਵਚਨਾਂ ਦੀ ਵਿਆਖਿਆ ਕਿਸੇ ਅਜਿਹੇ ਤਰੀਕੇ ਨਾਲ ਕੀਤੀ ਜਾਵੇ ਜੋ ਮੁਕਤੀ ਦੀ ਸ਼ਰਤ ਵਜੋਂ ਸਿਰਫ਼ ਵਿਸ਼ਵਾਸ ਦੇ ਅਨੁਕੂਲ ਹੈ, ਤਾਂ ਇਹ ਸਹੀ ਵਿਆਖਿਆ ਹੋਵੇਗੀ। ਇਸ ਭਾਗ ਦਾ ਬਾਕੀ ਦਾ ਹਿੱਸਾ ਇਹ ਦਿਖਾਏਗਾ ਕਿ ਆਮ ਤੌਰ ਤੇ ਬਪਤਿਸਮੇ ਨੂੰ ਮੁਕਤੀ ਦੇ ਲਈ ਜ਼ਰੂਰੀ ਸਾਬਤ ਕਰਨ ਲਈ ਵਰਤੇ ਜਾਣ ਵਾਲੇ ਵਚਨ ਅਸਲ ਵਿੱਚ ਇਸ ਵਿਚਾਰ ਦੇ ਬਿਲਕੁਲ ਅਨੁਕੂਲ ਹਨ ਕਿ ਸਿਰਫ਼ ਵਿਸ਼ਵਾਸ ਹੀ ਇੱਕ ਵਿਅਕਤੀ ਨੂੰ ਬਚਾਉਂਦਾ ਹੈ।

**1. ਮਰਕੁਸ 16:15-16**

> ਫਿਰ ਯਿਸੂ ਨੇ ਉਹਨਾਂ ਨੂੰ ਕਿਹਾ, “ਜਾਓ, ਸਾਰੇ ਸੰਸਾਰ ਵਿੱਚ ਜਾ ਕੇ ਹਰ ਇੱਕ ਨੂੰ ਸ਼ੁਭ ਸਮਾਚਾਰ ਸੁਣਾਓ। ਉਹ ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ, ਉਹ ਮੁਕਤੀ ਪਾਵੇਗਾ। ਪਰ ਜਿਹੜਾ ਵਿਸ਼ਵਾਸ ਨਾ ਕਰੇ, ਉਹ ਦੋਸ਼ੀ ਠਹਿਰੇਗਾ।''

ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਮਰਕੁਸ ਦਾ ਇਹ ਹਿੱਸਾ ਮੂਲ ਨਵੇਂ ਨੇਮ ਵਿੱਚ ਨਹੀਂ ਸੀ। ਜ਼ਿਆਦਾਤਰ ਆਧੁਨਿਕ ਅਨੁਵਾਦ ਅਤੇ ਟਿੱਪਣੀਆਂ ਇਸ ਗੱਲ ਦਾ ਜ਼ਿਕਰ ਕਰਨਗੀਆਂ ਕਿ ਮਰਕੁਸ 16:9 ਸਭ ਤੋਂ ਪੁਰਾਣੀਆਂ ਮੌਜੂਦਾ ਹੱਥ-ਲਿਖਤਾਂ ਵਿੱਚ ਨਹੀਂ ਮਿਲਦਾ ਹੈ।

ਪਰ, ਜੇਕਰ ਅਸੀਂ ਇਹਨਾਂ ਵਚਨਾਂ ਨੂੰ ਅਸਲੀ ਵੀ ਮੰਨਦੇ ਹਾਂ, ਤਾਂ ਵੀ, ਇਹਨਾਂ ਨੂੰ ਸਿਰਫ਼ ਵਿਸ਼ਵਾਸ ਦੀ ਸ਼ਰਤ ਦੇ ਅਨੁਕੂਲ ਮੰਨਿਆ ਜਾ ਸਕਦਾ ਹੈ। ਆਇਤ 16 ਦਾ ਆਖ਼ਰੀ ਹਿੱਸਾ ਦਰਸਾਉਂਦਾ ਹੈ ਕਿ ਅਵਿਸ਼ਵਾਸ ਹੀ (ਬਪਤਿਸਮੇ ਦੀ ਘਾਟ ਨਹੀਂ) ਇੱਕੋ-ਇੱਕ ਅਜਿਹੀ ਸਥਿਤੀ ਹੈ ਜੋ ਸਦੀਪਕ ਸਜ਼ਾ ਨੂੰ ਲਿਆਉਂਦੀ ਹੈ। ਇਸ ਤਰ੍ਹਾਂ, ਇਹ ਵਿਸ਼ਵਾਸ ਹੈ ਜੋ ਮੁਕਤੀ ਲਿਆਉਂਦਾ ਹੈ। ਆਇਤ 16 ਦਾ ਪਹਿਲਾਂ ਹਿੱਸਾ ਸੱਚਾ ਹੈ ਅਤੇ ਇਹ ਵਿਸ਼ਵਾਸ ਅਤੇ ਬਪਤਿਸਮਾ ਦੋਵਾਂ ਨੂੰ ਸਹੀ ਢੰਗ ਨਾਲ ਸੂਚੀਬੱਧ ਕਰਦਾ ਹੈ ਜਿਸ ਦੀ ਪਰਮੇਸ਼ਰ ਮੰਗ ਕਰਦੇ ਹਨ। ਇਹ ਸਿਖਾ ਰਿਹਾ ਹੈ ਕਿ ਪਰਮੇਸ਼ਰ ਵਿਸ਼ਵਾਸ ਅਤੇ ਬਪਤਿਸਮਾ ਦੋਵੇਂ ਚਾਹੁੰਦੇ ਹਨ, ਅਤੇ ਜੋ ਇਸ ਦੀ ਪਾਲਣਾ ਕਰਦੇ ਹਨ ਉਹ ਮੁਕਤੀ ਪਾਉਂਦੇ ਹਨ।

[46] ਸਲੀਬ ਉੱਤੇ ਚੋਰ ਮਸੀਹੀ ਬਪਤਿਸਮਾ ਲੈਣ ਤੋਂ ਪਹਿਲਾਂ ਹੀ ਮਰ ਗਿਆ ਸੀ। ਪਰ, ਉਹ ਉਸ ਸਮੇਂ ਦੌਰਾਨ ਜਿਊਂਦਾ ਸੀ ਜਦੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਬਪਤਿਸਮੇ ਦਾ ਪ੍ਰਚਾਰ ਹੋ ਰਿਹਾ ਸੀ। ਇਸ ਲਈ, ਉਸ ਦੀ ਉਦਾਹਰਣ ਅਜੇ ਵੀ ਇੱਕ ਸਮਾਨਤਾ ਦਿੰਦੀ ਹੈ ਕਿ ਇੱਕ ਵਿਅਕਤੀ ਬਪਤਿਸਮੇ ਤੋਂ ਬਿਨਾਂ ਵੀ ਮੁਕਤੀ ਪਾ ਸਕਦਾ ਹੈ।

ਫਿਰ ਵੀ, ਇਹ ਦੇਖਣਾ ਸੰਭਵ ਹੈ ਕਿ ਇਹਨਾਂ ਦੋ ਸੱਚੀਆਂ ਜ਼ਰੂਰਤਾਂ ਵਿੱਚੋਂ ਵਿਸ਼ਵਾਸ ਹੀ ਇੱਕੋ-ਇੱਕ ਤੱਤ ਹੈ ਜੋ ਮੁਕਤੀ ਲਿਆਉਂਦਾ ਹੈ। ਵਿਆਖਿਆਕਾਰ ਜਾਂ ਤਾਂ ਮਰਕੁਸ 16:16 ਦੀ ਵਿਆਖਿਆ ਇਸੇ ਤਰ੍ਹਾਂ ਕਰਦਾ ਹੈ, ਅਤੇ ਜਾਂ ਇਸ ਨੂੰ ਬਾਈਬਲ ਦੇ ਬਹੁਤ ਸਾਰੇ ਸਪੱਸ਼ਟ ਵਚਨਾਂ ਦੇ ਉਲਟ ਬਣਾਉਂਦਾ ਹੈ।

**2. ਯੂਹੰਨਾ 3:5**

> ਯਿਸੂ ਨੇ ਉੱਤਰ ਦਿੱਤਾ, “ਮੈਂ ਤੈਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਦੋਂ ਤੱਕ ਕੋਈ ਮਨੁੱਖ ਪਾਣੀ ਅਤੇ ਪਵਿੱਤਰ ਆਤਮਾ ਦੁਆਰਾ ਜਨਮ ਨਾ ਲਵੇ, ਉਹ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ”

ਯੂਹੰਨਾ 3:5 ਦੇ ਬਹੁਤ ਸਾਰੇ ਵਿਚਾਰਾਂ ਨੂੰ ਅਪਣਾਇਆ ਜਾ ਸਕਦਾ ਹੈ ਜੋ ਇਸ ਨੂੰ ਮੁਕਤੀ ਦੀ ਇੱਕੋ-ਇੱਕ ਸ਼ਰਤ ਵਜੋਂ ਸਿਰਫ਼ ਵਿਸ਼ਵਾਸ ਦੇ ਅਨੁਕੂਲ ਬਣਾਉਂਦੇ ਹਨ। ਸਾਡੇ ਇਸ ਅਧਿਐਨ ਦੇ ਉਦੇਸ਼ ਦੇ ਲਈ ਇਹ ਮਹੱਤਵਪੂਰਣ ਨਹੀਂ ਹੈ ਕਿ ਇਹਨਾਂ ਵਿੱਚੋਂ ਕਿਹੜਾ ਵਿਚਾਰ ਸਭ ਤੋਂ ਵਧੀਆ ਹੈ। ਜਦੋਂ ਤੱਕ ਇਸ ਵਚਨ ਦੀ ਵਿਆਖਿਆ ਇਸ ਰੂਪ ਵਿੱਚ ਨਹੀਂ ਕੀਤੀ ਜਾਂਦੀ ਹੈ ਕਿ ਬਪਤਿਸਮਾ ਮੁਕਤੀ ਪਾਉਣ ਦੀ ਇੱਕ ਸ਼ਰਤ ਹੈ, ਤਾਂ ਨਤੀਜਾ ਇੱਕੋ ਜਿਹਾ ਹੋਵੇਗਾ, ਭਾਵ, ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਬਪਤਿਸਮੇ ਦੁਆਰਾ ਨਵਾਂ ਜੀਵਨ ਮਿਲਦਾ ਹੈ।

ਕੁਝ ਲੋਕ ਬਪਤਿਸਮੇ ਦੀ ਵਿਆਖਿਆ ਸਰੀਰਕ ਜਨਮ ਵਜੋਂ ਕਰਦੇ ਹਨ (ਕਿ ਬੱਚਾ ਜਨਮ ਲੈਣ ਤੋਂ ਪਹਿਲਾਂ ਪਾਣੀ ਨਾਲ ਢੱਕਿਆ ਹੁੰਦਾ ਹੈ) ਕਿਉਂਕਿ ਆਇਤ 6 ਸਰੀਰਕ ਜਨਮ ਨੂੰ ਆਤਮਿਕ ਜਨਮ ਤੋਂ ਅਲੱਗ ਕਰਦੀ ਹੈ। ਵਿਆਕਰਨ ਦੀ ਇੱਕ ਹੋਰ ਸੰਭਾਵਨਾ ਦੋਵਾਂ ਸ਼ਬਦਾਂ ਵਿਚਕਾਰ “ਅਤੇ” ਹੋ ਸਕਦੀ ਹੈ। ਇਸ ਨਾਲ ਅਨੁਵਾਦ ਇਸ ਤਰ੍ਹਾਂ ਹੋਵੇਗਾ, “ਜਦੋਂ ਤੱਕ ਮਨੁੱਖ ਪਾਣੀ ਅਤੇ ਪਵਿੱਤਰ ਆਤਮਾ ਨਾਲ ਜਨਮ ਨਾ ਲਵੇ।” ਇਸ ਤਰ੍ਹਾਂ, ਪਾਣੀ ਪਵਿੱਤਰ ਆਤਮਾ ਦਾ ਪ੍ਰਤੀਕ ਹੋਵੇਗਾ। ਪਵਿੱਤਰ ਆਤਮਾ ਨੂੰ ਪਾਣੀ ਨਾਲ ਜੋੜਨ ਦੀ ਮਿਸਾਲ ਹਿਜ਼ਕੀ 36:25-27; ਯਸਾ 44:3; ਯੂਹੰਨਾ 7:38-39; ਤੀਤੁਸ 3:5 ਵਿੱਚ ਹੈ। ਤੀਜਾ ਵਿਚਾਰ ਪਾਣੀ ਨੂੰ ਪਰਮੇਸ਼ਰ ਦੇ ਵਚਨ ਦੇ ਪ੍ਰਤੀਕ ਵਜੋਂ ਦੇਖਦਾ ਹੈ। ਇਹ ਸੱਚ ਹੈ ਕਿ ਪਵਿੱਤਰ ਆਤਮਾ ਨਵਾਂ ਜਨਮ ਦੇਣ ਦੇ ਲਈ ਵਚਨ ਦੀ ਵਰਤੋਂ ਕਰਦਾ ਹੈ (ਯਾਕੂਬ 1:18; 1 ਪਤਰਸ 1:23), ਅਤੇ ਪਾਣੀ ਕਈ ਹਵਾਲਿਆਂ ਵਿੱਚ ਪਰਮੇਸ਼ਰ ਦੇ ਵਚਨ ਨਾਲ ਸੰਬੰਧਿਤ ਹੈ (ਯੂਹੰਨਾ 15:3; ਅਫ਼ਸੀ 5:26)।

ਅੰਤ ਵਿੱਚ, ਇਹ ਵੀ ਸੰਭਵ ਹੈ ਕਿ ਪਾਣੀ ਯੂਹੰਨਾ ਦੇ ਬਪਤਿਸਮੇ ਦਾ ਹਵਾਲਾ ਦੇ ਸਕਦਾ ਹੈ, ਅਤੇ ਫਿਰ ਵੀ ਇਸ ਬਿਆਨ ਵਿੱਚ ਇਹ ਬਪਤਿਸਮੇ ਦੁਆਰਾ ਨਵੇਂ ਜਨਮ ਦੀ ਗੱਲ ਨਹੀਂ ਕਰਦਾ ਹੈ। ਯੂਹੰਨ ਦਾ

ਬਪਤਿਸਮਾ ਮਸੀਹ ਦੇ ਬਪਤਿਸਮੇ ਨਾਲੋਂ ਵੱਖਰਾ ਹੈ। ਅੱਜ ਕੋਈ ਇਸ ਦਾ ਅਭਿਆਸ ਨਹੀਂ ਕਰਦਾ ਹੈ।[47] ਹਾਲਾਂਕਿ, ਯੂਹੰਨਾ ਅਧਿਆਇ 3 ਦੇ ਸਮੇਂ, ਨਿਕੋਦਿਮੁਸ ਨੇ ਇਹ ਦੇਖਿਆ ਹੋਵੇਗਾ ਕਿ ਯੂਹੰਨਾ ਅਤੇ ਯਿਸੂ ਦੋਵੇਂ ਹੀ ਲੋਕਾਂ ਨੂੰ ਬਪਤਿਸਮਾ ਲੈਣ ਦੀ ਮੰਗ ਕਰ ਰਹੇ ਸਨ। ਸ਼ਾਇਦ ਯੂਹੰਨਾ 3:5, ਮਸੀਹ ਦਾ ਇਹ ਸਿੱਖਿਆ ਦੇਣ ਦਾ ਤਰੀਕਾ ਸੀ ਕਿ ਸਿਰਫ਼ ਬਪਤਿਸਮਾ ਹੀ ਕਾਫ਼ੀ ਨਹੀਂ ਹੈ। ਇਹ ਵਾਕ ਇਸ ਤਰ੍ਹਾਂ ਵੀ ਲਿਖਿਆ ਜਾ ਸਕਦਾ ਹੈ: "ਨਿਕੋਦਿਮੁਸ ਇਹ ਸੱਚ ਹੈ ਕਿ ਮੈਂ ਲੋਕਾਂ ਤੋਂ ਬਪਤਿਸਮਾ ਲੈਣ ਦੀ ਮੰਗ ਕਰਦਾ ਹਾਂ। ਪਰ ਜੇਕਰ ਉਹਨਾਂ ਨੇ ਸਿਰਫ਼ ਇਹੀ ਲਿਆ ਹੈ, ਤਾਂ ਉਹ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਹੋਣਗੇ। ਮੈਂ ਯੂਹੰਨਾ ਦੇ ਬਪਤਿਸਮੇ ਦੀ ਮੰਗ ਕਰਦਾ ਹਾਂ, ਪਰ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਹੋਣ ਦੇ ਲਈ ਆਤਮਾ ਦੁਆਰਾ ਨਵਾਂ ਜਨਮ ਜ਼ਰੂਰੀ ਹੈ।" ਜੇਕਰ ਇਹ ਵਿਆਖਿਆ ਸਹੀ ਹੈ ਤਾਂ ਮਸੀਹ ਇਹ ਸਿਖਾ ਰਹੇ ਹਨ ਕਿ ਭਾਵੇਂ ਯੂਹੰਨਾ ਦਾ ਬਪਤਿਸਮਾ ਪਰਮੇਸ਼ਰ ਦੀ ਇੱਛਾ ਸੀ, ਪਰ ਇਹ ਆਤਮਾ ਦੁਆਰਾ ਨਵਾਂ ਜਨਮ ਹੈ ਜੋ ਮੁਕਤੀ ਲਿਆਉਂਦਾ ਹੈ। ਨਿਕੋਦਿਮੁਸ ਨੂੰ ਇਹ ਨਹੀਂ ਸੋਚਣਾ ਚਾਹੀਦਾ ਹੈ ਕਿ ਸਿਰਫ਼ ਰਸਮਾਂ ਵਿੱਚ (ਹਾਲਾਂਕਿ ਰਸਮਾਂ ਜ਼ਰੂਰੀ ਸਨ) ਮੁਕਤੀ ਦੇਣ ਦੀ ਯੋਗਤਾ ਹੈ।

ਮੁਕਤੀ ਪਵਿੱਤਰ ਆਤਮਾ ਦਾ ਕੰਮ ਹੈ ਜੋ ਵਿਸ਼ਵਾਸ ਦੇ ਆਧਾਰ ਉੱਤੇ ਨਵਾਂ ਜਨਮ ਦਿੰਦਾ ਹੈ (ਸੰਦਰਭ ਦੇ ਵਿੱਚ ਯੂਹੰਨਾ 3:16 ਦੇਖੋ)। ਇਸ ਤਰ੍ਹਾਂ, ਯੂਹੰਨਾ 3:5 ਵਿੱਚ ਪਾਣੀ ਨੂੰ ਬਪਤਿਸਮੇ ਵਜੋਂ ਦਰਸਾਇਆ ਜਾ ਸਕਦਾ ਹੈ, ਨਾ ਕਿ ਨਵਾਂ ਜਨਮ ਦੇਣ ਵਾਲੇ ਬਪਤਿਸਮੇ ਵਜੋਂ। ਹਾਲਾਂਕਿ ਯਿਸੂ ਮਸੀਹ ਨੇ ਯੂਹੰਨਾ ਦੇ ਬਪਤਿਸਮੇ ਦਾ ਸਮਰਥਨ ਕੀਤਾ ਸੀ, ਫਿਰ ਵੀ ਉਹ ਚਾਹੁੰਦੇ ਸਨ ਕਿ ਇਹ ਸਪੱਸ਼ਟ ਰੂਪ ਵਿੱਚ ਸਮਝ ਲਿਆ ਜਾਵੇ ਕਿ ਬਪਤਿਸਮੇ ਵਾਲੇ ਪਾਣੀ ਤੋਂ ਮੁਕਤੀ ਨਹੀਂ ਮਿਲਦੀ ਹੈ। ਨਿਕੋਦਿਮੁਸ ਨੂੰ ਸਿਖਾਇਆ ਗਿਆ ਸੀ ਕਿ ਸਿਰਫ਼ ਆਤਮਾ ਤੋਂ ਵਿਸ਼ਵਾਸ ਦੁਆਰਾ ਮੁਕਤੀ ਮਿਲਦੀ ਹੈ।

ਬਹੁਤ ਸਾਰੇ ਵੇਰਵਿਆਂ ਵਿੱਚ ਮੁੱਖ ਸੱਚਾਈ ਗੁੰਮ ਨਹੀਂ ਹੋਣੀ ਚਾਹੀਦੀ ਹੈ। ਯੂਹੰਨਾ 3:5 ਦੀ ਅਜਿਹੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਹੈ ਕਿ ਬਪਤਿਸਮਾ ਮੁਕਤੀ ਦੇ ਲਈ ਜ਼ਰੂਰੀ ਹੈ। ਅਸੀਂ ਕਿਸੇ ਵੀ ਦ੍ਰਿਸ਼ਟੀਕੋਣ ਨੂੰ ਪਸੰਦ ਕਰੀਏ, ਪਰ ਹਰੇਕ ਯੂਹੰਨਾ 3:5 ਨੂੰ ਅਜਿਹੇ ਸਾਰੇ ਸਪੱਸ਼ਟ ਵਚਨਾਂ ਦੇ ਅਨੁਕੂਲ ਬਣਾਉਂਦਾ ਹੈ ਜੋ ਸਿਖਾਉਂਦੇ ਹਨ ਕਿ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਮਿਲਦੀ ਹੈ।

[47] ਯੂਹੰਨਾ ਮਸੀਹ ਦੀ ਧਰਤੀ ਉੱਤੇ ਸੇਵਕਾਈ ਅਤੇ ਰਾਜ ਨੂੰ ਸਵੀਕਾਰ ਕਰਨ ਦੀ ਤਿਆਰੀ ਵਜੋਂ ਲੋਕਾਂ ਨੂੰ ਬਪਤਿਸਮਾ ਦੇ ਰਿਹਾ ਸੀ। ਇੱਕ ਕੌਮ ਦੇ ਰੂਪ ਵਿੱਚ, ਇਸਰਾਏਲ ਨੇ ਮਸੀਹ ਦੇ ਧਰਤੀ ਤੇ ਰਾਜ ਨੂੰ ਰੱਦ ਕਰ ਦਿੱਤਾ ਸੀ। ਇਸ ਲਈ, ਯੂਹੰਨਾ ਦਾ ਤਿਆਰੀ ਦਾ ਬਪਤਿਸਮਾ ਬੰਦ ਹੋ ਗਿਆ ਸੀ। ਮਸੀਹੀ ਬਪਤਿਸਮਾ, ਜੋ ਪ੍ਰਭੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀਅ ਉੱਠਣ ਤੇ ਆਧਾਰਿਤ ਹੈ, ਉਹ ਯੂਹੰਨਾ ਦੇ ਬਪਤਿਸਮੇ ਤੋਂ ਵੱਖਰਾ ਹੈ।

**3. ਰਸੂਲਾਂ 2:38**

> ਪਤਰਸ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਵਿੱਚੋਂ ਹਰ ਕੋਈ ਆਪਣੇ ਪਾਪਾਂ ਤੋ ਤੋਬਾ ਕਰੇ ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਤਾਂ ਜੋ ਤੁਹਾਡੇ ਪਾਪ ਮਾਫ਼ ਹੋ ਜਾਣ ਅਤੇ ਤੁਹਾਨੂੰ ਪਵਿੱਤਰ ਆਤਮਾ ਦਾ ਵਰਦਾਨ ਦੇ ਤੌਰ ਤੇ ਮਿਲੇਗਾ।"

ਇਹ ਆਇਤ ਉਹਨਾਂ ਲੋਕਾਂ ਦੀ ਪਸੰਸੀਦਾ ਹੈ ਜੋ ਸੋਚਦੇ ਹਨ ਕਿ ਬਪਤਿਸਮਾ ਮੁਕਤੀ ਦੀ ਸ਼ਰਤ ਹੈ। ਪਰ ਇਸ ਦੀ ਵਿਆਖਿਆ ਸਿਰਫ਼ ਵਿਸ਼ਵਾਸ ਵਿਚਾਰ ਨਾਲ ਅਨੁਕੂਲ ਹੋਣ ਦੇ ਲਈ ਵੀ ਕੀਤੀ ਜਾ ਸਕਦੀ ਹੈ। ਸ਼ਬਦ *"ਤਾਂ ਜੋ"* ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾਂਦਾ ਹੈ। ਇਸ ਦਾ ਇੱਕ ਅਰਥ "ਕਿਉਂਕਿ" ਹੈ। "ਪੁਲਿਸ ਨੇ ਉਸ ਨੂੰ ਫੜਿਆ ਕਿਉਂਕਿ ਉਹ ਚੋਰੀ ਕਰ ਰਿਹਾ ਸੀ"। ਰਸੂਲਾਂ 2:38 ਵਿੱਚ "ਤਾਂ ਜੋ" ਦੇ ਲਈ ਵਰਤੇ ਗਏ ਯੂਨਾਨੀ ਸ਼ਬਦ *ਈਸ* ਦੇ ਬਹੁਤ ਸਾਰੇ ਅਰਥ ਹਨ। ਅਗਰੇਜ਼ੀ ਸ਼ਬਦ "ਤਾਂ ਜੋ" ਦੀ ਤਰ੍ਹਾਂ *ਈਸ* ਦਾ ਅਰਥ ਵੀ "ਕਿਉਂਕਿ" ਹੋ ਸਕਦਾ ਹੈ। ਮੱਤੀ 12:41 ਨੀਨਵਾਹ ਦੇ ਲੋਕਾਂ ਬਾਰੇ ਗੱਲ ਕਰਦਾ ਹੈ: ਉਹਨਾਂ ਨੇ ਯੂਨਾਹ ਦੇ ਪ੍ਰਚਾਰ ਸੁਣ ਕੇ ਤੋਬਾ ਕੀਤੀ।" (ਲੋਕਾਂ ਨੇ ਤੋਬਾ ਕੀਤੀ **ਕਿਉਂਕਿ** ਉਹਨਾਂ ਨੇ ਯੂਨਾਹ ਦੇ ਪ੍ਰਚਾਰ ਨੂੰ ਸੁਣਿਆ ਸੀ)। ਇਹੋ ਅਰਥ ਲੂਕਾ 11:32 ਵਿੱਚ ਵੀ ਮਿਲਦਾ ਹੈ। ਇਹ ਵੀ ਸੰਭਵ ਹੈ ਕਿ ਮੱਤੀ 3:11 ਵਿੱਚ *ਈਸ* ਦਾ ਅਰਥ "ਕਿਉਂਕਿ" ਹੈ, ਜਿਸ ਵਿੱਚ ਲਿਖਿਆ ਹੈ: "ਮੈਂ ਤੁਹਾਨੂੰ ਤੋਬਾ ਦੇ ਲਈ (*ਈਸ*) ਪਾਣੀ ਦੇ ਨਾਲ ਬਪਤਿਸਮਾ ਦਿੰਦਾ ਹਾਂ।" ਯੂਹੰਨਾ ਦੇ ਇਸ ਬਿਆਨ ਦੀ ਚੰਗੀ ਵਿਆਖਿਆ ਇਹ ਹੋਵੇਗੀ, "ਮੈਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੰਦਾ ਹੈ ਕਿਉਂਕਿ ਤੁਸੀਂ ਤੋਬਾ ਕੀਤੀ ਹੈ।"

*ਈਸ* ਦੀ ਹੋਰ ਸੰਭਵ ਵਰਤੋਂ ਦੇ ਲਈ ਰੋਮੀ 4:20; 11:32; ਅਤੇ ਤੀਤੁਸ 3:14 ਵੀ ਦੇਖੋ)। ਰਸੂਲਾਂ 2:38 ਨੂੰ ਬਾਕੀ ਵਚਨਾਂ ਨਾਲ ਮਿਲਾਉਣ ਦਾ ਹੱਲ ਇਹ ਦੇਖਣ ਵਿੱਚ ਹੈ ਕਿ ਯੂਨਾਨੀ ਅਤੇ ਅਗਰੇਜ਼ੀ ਦੋਵਾਂ ਵਿੱਚ "ਤਾਂ ਜੋ" ਦਾ ਅਰਥ "ਕਿਉਂਕਿ" ਹੋ ਸਕਦਾ ਹੈ। ਪਤਰਸ ਕਹਿ ਰਿਹਾ ਹੈ ਕਿ ਤੋਬਾ ਕਰੋ! ਅਤੇ ਫਿਰ ਬਪਤਿਸਮਾ ਲਵੋ **ਕਿਉਂਕਿ** ਤੁਹਾਡੇ ਪਾਪ ਮਾਫ਼ ਕੀਤੇ ਗਏ ਹਨ!" ਉਹਨਾਂ ਨੂੰ ਇਹ ਕਹਿਣ ਦੀ ਬਜਾਏ ਕਿ ਬਪਤਿਸਮਾ ਲਵੋ ਤਾਂ ਜੋ ਉਹ ਮਾਫ਼ੀ ਨੂੰ ਪਾਉਣਗੇ, ਪਤਰਸ ਕਹਿ ਰਿਹਾ ਹੈ ਕਿ ਤੋਬਾ ਤੋਂ ਮਿਲਣ ਵਾਲੀ ਮਾਫ਼ੀ ਦੇ ਕਾਰਨ ਬਪਤਿਸਮਾ ਲਵੋ।

ਵਿਆਖਿਆਕਾਰਾਂ ਕੋਲ ਰਸੂਲਾਂ 2:38 ਦੇ ਲਈ ਇੱਕ ਚੋਣ ਹੈ। ਉਹ ਜਾਂ ਤਾਂ ਇਸ ਆਇਤ ਨੂੰ ਇਕੱਲੀ ਅਤੇ ਬਾਈਬਲ ਦੇ ਬਾਕੀ ਵਚਨਾਂ ਦੇ ਵਿਰੋਧਾਭਾਸ ਵਿੱਚ ਸਮਝ ਸਕਦੇ ਹਨ, ਅਤੇ ਜਾਂ ਉਹ ਸ਼ਬਦ *ਤਾਂ ਜੋ* ਦੇ ਲਈ ਇੱਕ ਜਾਇਜ਼ ਅਰਥ ਆਪਣਾ ਸਕਦੇ ਹਨ। ਦੂਜੀ ਚੋਣ ਸਪੱਸ਼ਟ ਤੌਰ ਤੇ ਵਧੀਆ ਹੈ ਕਿਉਂਕਿ ਇਹ ਸਿਰਫ਼ ਵਿਸ਼ਵਾਸ ਦੇ

ਸਿਧਾਂਤ ਨੂੰ ਬਰਕਰਾਰ ਰੱਖਦੇ ਹੋਏ ਬਾਈਬਲ ਨਾਲ ਸਭ ਤੋਂ ਵਧੀਆ ਤਾਲਮੇਲ ਰੱਖਦੀ ਹੈ।[48] ਪਰ, ਜੇਕਰ *ਈਸ* ਉਦੇਸ਼ ਜਾਂ ਨਤੀਜੇ ਉੱਤੇ ਜ਼ੋਰ ਦਿੰਦਾ ਹੈ, ਤਾਂ ਵੀ ਇਸ ਆਇਤ ਨੂੰ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ। ਇੱਕ ਵਿਅਕਤੀ ਨੂੰ ਸਮਝਣਾ ਚਾਹੀਦਾ ਹੈ ਕਿ "ਤੋਬਾ" "ਪਾਪਾਂ ਦੀ ਮਾਫ਼ੀ" ਵੱਲ ਅਗਵਾਈ ਕਰਨ ਵਾਲਾ ਇੱਕ ਜ਼ਰੂਰੀ ਤੱਤ ਹੈ। ਰਸੂਲਾਂ 2 ਦੇ ਸੰਦਰਭ ਵਿੱਚ, ਕਿਉਂਕਿ ਉਹਨਾਂ ਨੇ ਯਿਸੂ ਨੂੰ ਝੂਠੇ ਮਸੀਹ ਮੰਨਦੇ ਹੋਏ ਮਰਿਆ ਸੀ, ਇਸ ਲਈ ਉਹਨਾਂ ਨੂੰ ਹੁਣ ਮਨ ਬਦਲ ਕੇ ਯਿਸੂ ਨੂੰ ਮਸੀਹ ਅਤੇ ਮੁਕਤੀਦਾਤਾ ਮੰਨਣਾ ਸੀ (ਦੇਖੋ, ਰਸੂਲਾਂ 2:23, 36)। ਅਜਿਹੀ ਤੋਬਾ ਉਹਨਾਂ ਨੂੰ ਬਪਤਿਸਮਾ ਲੈਣ ਦੇ ਯੋਗ ਅਤੇ ਮੁਕਤੀ ਪਾਉਣ ਤੱਕ ਪਹੁੰਚਾ ਸਕਦੀ ਹੈ। ਉਸ ਸਵਾਲ ਉੱਤੇ ਧਿਆਨ ਦਿਓ ਜਿਸ ਦਾ ਜਵਾਬ ਦਿੱਤਾ ਜਾ ਰਿਹਾ ਹੈ, "ਅਸੀਂ ਕੀ ਕਰੀਏ?" ਅਤੇ ਇੱਥੇ ਸਵਾਲ ਇਹ ਨਹੀਂ ਹੈ ਕਿ "ਬਚਾਏ ਜਾਣ ਦੇ ਲਈ ਅਸੀਂ ਕੀ ਕਰੀਏ?" ਪਤਰਸ ਦਾ ਜਵਾਬ ਤੋਬਾ ਅਤੇ ਬਪਤਿਸਮਾ ਦੋਵੇਂ ਹਨ, ਅਤੇ ਯਿਸੂ ਦੀ ਹੱਤਿਆ ਦੇ ਦੋਸ਼ੀ ਪਰਮੇਸ਼ਰ ਨੂੰ ਖੁਸ਼ ਕਰਨ ਦੇ ਲਈ ਇਹ ਦੋਵੇਂ ਕੰਮ ਕਰ ਸਕਦੇ ਹਨ। ਪਰ, ਉਸ ਦੇ ਜਵਾਬ ਵਿੱਚ ਮੁਕਤੀ ਦੀ ਛੋਟੀ ਸ਼ਰਤ ਨੂੰ ਪੂਰਾ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਸ਼ਾਮਲ ਹੈ। ਪਰਮੇਸ਼ਰ ਚਾਹੁੰਦੇ ਸਨ ਕਿ ਸੁਣਨ ਵਾਲੇ ਮਸੀਹ ਦੇ ਵਿਅਕਤੀਤਵ ਅਤੇ ਕੰਮ ਬਾਰੇ ਆਪਣੇ ਮਨ ਨੂੰ ਬਦਲਣ, ਅਤੇ ਪਰਮੇਸ਼ਰ ਚਾਹੁੰਦੇ ਸਨ ਕਿ ਉਹ ਬਪਤਿਸਮਾ ਲੈਣ।

ਹਾਲਾਂਕਿ, ਜੇਕਰ ਕੋਈ ਕਹਿੰਦਾ ਹੈ ਕਿ ਰਸੂਲਾਂ 2:38 ਵਿੱਚ *ਈਸ* ਉਦੇਸ਼ ਜਾਂ ਨਤੀਜਾ ਬਾਰੇ ਗੱਲ ਕਰਦਾ ਹੈ, ਤਾਂ ਤੋਬਾ (ਜੋ ਬਪਤਿਸਮੇ ਦੇ ਯੋਗ ਬਣਾਉਂਦੀ ਹੈ) ਨੂੰ ਬਚਾਉਣ ਵਾਲੇ ਕਾਰਕ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਨਹੀਂ ਤਾਂ, ਰਸੂਲਾਂ 2:38 ਉਹਨਾਂ ਸੈਂਕੜੇ ਆਇਤਾਂ ਦਾ ਵਿਰੋਧ ਕਰਦਾ ਹੈ ਜੋ ਇਹ ਸਿਖਾਉਂਦੀਆਂ ਹਨ ਕਿ ਸਿਰਫ਼ ਵਿਸ਼ਵਾਸ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਇਹਨਾਂ ਵਿੱਚੋਂ ਬਹੁਤ ਸਾਰੀਆਂ ਆਇਤਾਂ ਬਪਤਿਸਮੇ ਦਾ ਜ਼ਿਕਰ ਵੀ ਨਹੀਂ ਕਰਦੀਆਂ ਹਨ।

**4. ਰੋਮੀ 6:3-4**

> ਕੀ ਤੁਸੀਂ ਨਹੀਂ ਜਾਣਦੇ ਹੋ ਕਿ ਅਸੀਂ ਜਿਹੜੇ ਬਪਤਿਸਮੇ ਦੇ ਰਾਹੀਂ ਮਸੀਹ ਦੇ ਨਾਲ ਇੱਕ ਕੀਤੇ ਗਏ ਹਾਂ, ਅਸੀਂ ਉਹਨਾਂ ਦੀ ਮੌਤ ਦਾ ਬਪਤਿਸਮਾ ਲਿਆ ਹੈ। ਅਸੀਂ ਜਿਹੜੇ ਆਪਣੇ ਬਪਤਿਸਮੇ ਦੇ ਦੁਆਰਾ ਮਸੀਹ ਨਾਲ ਦਫ਼ਨਾਏ ਗਏ ਅਤੇ ਮਰ ਗਏ ਹਾਂ ਕਿ ਜਿਸ ਤਰ੍ਹਾਂ ਉਹ ਪਿਤਾ ਦੀ ਮਹਿਮਾ ਨਾਲ ਮੁਰਦਿਆਂ ਵਿੱਚੋਂ ਜਿਊਂਦੇ ਕੀਤੇ ਗਏ, ਉਸੇ ਤਰ੍ਹਾਂ ਅਸੀਂ ਵੀ ਨਵਾਂ ਜੀਵਨ ਗੁਜ਼ਾਰੀਏ।

ਜੇਕਰ ਕੋਈ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸਿਧਾਂਤ ਤੋਂ ਅਣਜਾਣ ਹੈ, ਤਾਂ ਇਹ ਵਚਨ ਬਹੁਤ ਉਲਝਣ ਪੈਦਾ ਕਰ ਸਕਦਾ ਹੈ। ਯੂਹੰਨਾ ਇਹ ਭਵਿੱਖਬਾਣੀ ਕਰ ਰਿਹਾ ਕਿ ਪਾਣੀ ਨਾਲ ਬਪਤਿਸਮੇ ਦੀ ਬਜਾਏ ਮਸੀਹ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਣਗੇ (ਮੱਤੀ 3:11; ਮਰਕੁਸ 1:8; ਲੂਕਾ 3:16; ਯੂਹੰਨਾ 1:33)। ਰਸੂਲਾਂ ਦੇ ਕਰਤੱਬ ਦੀ ਪੁਸਤਕ ਦੇ ਸ਼ੁਰੂ ਹੁੰਦੇ ਹੀ, ਮਸੀਹ ਆਪਣੇ ਚੇਲਿਆਂ ਨੂੰ ਪਵਿੱਤਰ ਆਤਮਾ ਦੇ ਇਸ ਬਪਤਿਸਮੇ ਦੀ ਉਡੀਕ ਕਰਨ ਲਈ ਕਹਿੰਦੇ ਹਨ (ਰਸੂਲਾਂ 1:5), ਅਤੇ ਰਸੂਲਾਂ 11:15-16 ਵਿੱਚ ਪਤਰਸ ਦੇ ਬਿਆਨ ਤੋਂ ਅਸੀਂ ਇਹ ਜਾਣਦੇ ਹਾਂ ਕਿ ਆਤਮਾ ਦਾ ਅਜਿਹਾ ਪਹਿਲਾਂ ਬਪਤਿਸਮਾ ਪੰਤੇਕੁਸਤ ਦੇ ਦਿਨ ਹੋਇਆ ਸੀ (ਰਸੂਲਾਂ 2)। ਪੌਲੁਸ ਇਹ ਸਮਝਾਉਂਦਾ ਹੈ ਕਿ ਇੱਕ ਵਿਅਕਤੀ ਦਾ ਮਸੀਹ ਵਿੱਚ ਆਉਣਾ ਆਤਮਾ ਦੇ ਬਪਤਿਸਮੇ ਦੁਆਰਾ ਹੁੰਦਾ ਹੈ (1 ਕੁਰਿੰਥ 12:13)। ਕਿਉਂਕਿ ਉਹ ਸ਼ਬਦ "ਸਭ" ਦੀ ਵਰਤੋਂ ਕਰਦਾ ਹੈ, ਅਤੇ ਕਿਉਂਕਿ ਆਤਮਾ ਦਾ ਬਪਤਿਸਮਾ ਮਸੀਹ ਦੇ ਨਾਲ ਮਿਲਾਪ ਦੇ ਸਮੇਂ ਹੁੰਦਾ ਹੈ, ਤਾਂ ਇਹ ਸਪੱਸ਼ਟ ਹੈ ਕਿ ਹਰ ਵਿਸ਼ਵਾਸੀ ਮੁਕਤੀ ਦੇ ਸਮੇਂ (ਮਸੀਹ ਵਿੱਚ ਮੁਕਤੀਦਾਤਾ ਵਜੋਂ **ਵਿਸ਼ਵਾਸ** ਕਰਨ ਦੇ ਸਮੇਂ) ਪਵਿੱਤਰ ਆਤਮਾ ਨਾਲ ਬਪਤਿਸਮਾ ਲੈਂਦਾ ਹੈ। ਇਸ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਨਾਲ ਮਿਲਾਪ ਅਤੇ ਮਸੀਹ ਦੀ ਮੌਤ ਅਤੇ ਜੀਅ ਉੱਠਣ ਦੇ ਸਾਰੇ ਲਾਭਾਂ ਦਾ ਕਾਰਨ ਬਣਦਾ ਹੈ। ਇਹ ਉਹਨਾਂ ਹੋਰ ਵਿਸ਼ਵਾਸੀਆਂ ਨਾਲ ਸੰਗਤੀ ਦਾ ਕਾਰਨ ਵੀ ਬਣਦਾ ਹੈ ਜੋ "ਮਸੀਹ ਵਿੱਚ" ਹਨ। ਜਦੋਂ ਅਫ਼ਸੀ 4:5 ਵਿੱਚ ਪੌਲੁਸ "ਇੱਕ ਬਪਤਿਸਮੇ" ਦੀ ਗੱਲ ਕਰਦਾ ਹੈ, ਉਹ ਸ਼ਾਇਦ "ਆਤਮਾ ਦੇ ਬਪਤਿਸਮੇ" ਦੀ ਅਸਲੀਅਤ ਦਾ ਹਵਾਲਾ ਦਿੰਦਾ ਹੈ ਜੋ ਇੱਕ ਵਿਅਕਤੀ ਨੂੰ ਮਸੀਹੀ ਬਣਾਉਂਦਾ ਹੈ, ਅਤੇ ਜੋ ਸਿਰਫ਼ ਇੱਕ ਪ੍ਰਤੀਕ ਨਹੀਂ ਹੈ। ਇਸ ਗੱਲ ਵਿੱਚ ਕੋਈ ਵਿਵਾਦ ਹੀ ਨਹੀਂ ਹੈ ਕਿ ਬਾਈਬਲ ਪਾਣੀ ਦੇ ਬਪਤਿਸਮੇ ਨਾਲੋਂ ਆਤਮਾ ਦੇ ਬਪਤਿਸਮੇ ਨੂੰ ਵਧੇਰੇ ਮਹੱਤਵ ਦਿੰਦੀ ਹੈ। ਆਤਮਾ ਦਾ ਬਪਤਿਸਮਾ ਵਿਸ਼ਵਾਸ ਦੇ ਆਧਾਰ ਉੱਤੇ ਹੁੰਦਾ ਹੈ (ਅਧਿਆਇ 10 ਦੇਖੋ)। ਇਸ ਬਿੰਦੂ ਉੱਤੇ ਇਹ ਧਿਆਨ ਦੇਣਾ ਕਾਫ਼ੀ ਹੈ ਕਿ ਬਾਈਬਲ ਪਾਣੀ ਦੇ ਬਪਤਿਸਮੇ ਤੋਂ ਜ਼ਿਆਦਾ ਡੂੰਘੀਆਂ ਗੱਲਾਂ ਜਾਣਦੀ ਹੈ, ਅਤੇ ਇਹ ਕਿ ਇਹਨਾਂ ਦੋਵਾਂ ਵਿੱਚੋਂ ਆਤਮਾ ਦਾ ਬਪਤਿਸਮਾ ਜ਼ਿਆਦਾ ਮਹੱਤਵਪੂਰਣ ਹੈ। ਆਤਮਾ ਦਾ ਬਪਤਿਸਮਾ ਉਹ ਅਸਲੀਅਤ ਹੈ ਜਿਸ ਦਾ ਪ੍ਰਤੀਕ ਪਾਣੀ ਦਾ ਬਪਤਿਸਮਾ ਹੁੰਦਾ ਹੈ।

[48] ਰਸੂਲਾਂ 2:38 ਦੀਆਂ ਹੋਰ ਵਿਆਖਿਆਵਾਂ ਵੀ ਹਨ ਜਿਹਨਾਂ ਵਿੱਚ ਬਪਤਿਸਮੇ ਨਾਲ ਨਵਾਂ ਜੀਵਨ ਮਿਲਣ ਦਾ ਵਿਚਾਰ ਸ਼ਾਮਲ ਨਹੀਂ ਹੈ। ਬਪਤਿਸਮਾ ਵਿਸ਼ਵਾਸ ਦਾ ਇੱਕ ਸੰਕੇਤ ਹੋ ਸਕਦਾ ਹੈ, ਕਿਉਂਕਿ ਕੋਈ ਵੀ ਅਵਿਸ਼ਵਾਸੀ ਕਦੇ ਵੀ ਨਵੇਂ ਨੇਮ ਦੇ ਅਤਿਆਚਾਰ ਦੀਆਂ ਸਥਿਤੀਆਂ ਵਿੱਚ ਬਪਤਿਸਮਾ ਨਹੀਂ ਲਵੇਗਾ, ਅਤੇ ਨਾ ਹੀ ਕਦੇ ਕੋਈ ਵਿਸ਼ਵਾਸੀ ਬਿਨਾਂ ਬਪਤਿਸਮੇ ਦੇ ਹੋਵੇਗਾ। (ਫੁਟਨੋਟ 49 ਵਿੱਚ ਸਮਾਨਾਰਥੀ ਤਰਕ, ਖ਼ਾਸ ਕਰਕੇ ਮੋਟੇ ਸ਼ਬਦਾਂ ਵਾਲਾ ਭਾਗ, ਜਾਂ ਉੱਪਰ ਦਿੱਤੀ ਯੂਹੰਨਾ 3:5 ਦੀ ਵਿਆਖਿਆ ਦੇਖੋ)।

ਰੋਮੀ 6:3-4 ਦੀ ਵਿਆਖਿਆ ਦੇ ਕਈ ਵਿਕਲਪ ਹਨ। ਪਹਿਲਾ, ਇੱਕ ਵਿਅਕਤੀ ਇਸ ਵਚਨ ਦੀ ਵਿਆਖਿਆ ਮੁਕਤੀ ਦੇ ਲਈ ਬਪਤਿਸਮੇ ਦੀ ਜ਼ਰੂਰਤ ਵਜੋਂ ਕਰ ਸਕਦਾ ਹੈ। ਪਰ ਇਹ ਵਿਆਖਿਆ ਬਾਈਬਲ ਨੂੰ ਇਕਸਾਰ ਨਹੀਂ ਬਣਾਉਂਦੀ ਹੈ। ਦੂਜਾ ਵਿਕਲਪ ਇਹ ਹੈ ਕਿ ਬਪਤਿਸਮੇ ਦੇ ਇਸ ਹਵਾਲੇ ਨੂੰ ਆਤਮਾ ਦੇ ਬਪਤਿਸਮੇ ਵਜੋਂ ਲਿਆ ਜਾਵੇ। ਆਤਮਾ ਦਾ ਬਪਤਿਸਮਾ ਮਸੀਹ ਵਿੱਚ ਮੁਕਤੀਦਾਤਾ ਵਜੋਂ ਵਿਸ਼ਵਾਸ ਦੁਆਰਾ ਹੁੰਦਾ ਹੈ ਜੋ ਇੱਕ ਵਿਅਕਤੀ ਨੂੰ ਪ੍ਰਭੂ ਦੀ ਮੌਤ ਅਤੇ ਜੀਅ ਉੱਠਣ ਦੇ ਜੀਵਨ ਦੇ ਲਾਭਾਂ ਨਾਲ ਜੋੜਦਾ ਹੈ। ਇਹ ਵਿਆਖਿਆ ਨਾ ਸਿਰਫ਼ ਬਾਈਬਲ ਨੂੰ ਇਕਸਾਰ ਕਰਦੀ ਹੈ, ਬਲਕਿ ਇਹ ਆਤਮਾ ਦੇ ਬਪਤਿਸਮੇ ਨਾਲ ਵੀ ਮੇਲ ਖਾਂਦੀ ਹੈ। ਪੌਲੁਸ ਨੇ 1 ਕੁਰਿੰਥ 12:13 ਵਿੱਚ ਸਿਖਾਇਆ ਕਿ ਆਤਮਾ ਦਾ ਬਪਤਿਸਮਾ ਇੱਕ ਵਿਸ਼ਵਾਸੀ ਨੂੰ ਮਸੀਹ ਨਾਲ ਜੋੜਦਾ ਹੈ। ਸ਼ਾਇਦ ਰੋਮੀ 6:3-4 ਇੱਕ ਅਜਿਹੇ ਬਪਤਿਸਮੇ ਬਾਰੇ ਸਿਖਾ ਰਿਹਾ ਹੈ ਜੋ ਇੱਕ ਵਿਸ਼ਵਾਸੀ ਨੂੰ ਮਸੀਹ ਦੀ ਮੌਤ ਅਤੇ ਜੀਅ ਉੱਠਣ ਦੇ ਜੀਵਨ ਨਾਲ ਜੋੜਦਾ ਹੈ। ਰੋਮੀ 6:3-4 ਨੂੰ ਸ਼ਾਇਦ ਪਾਣੀ ਦੇ ਬਪਤਿਸਮੇ ਦੀ ਬਜਾਏ ਆਤਮਾ ਦੇ ਬਪਤਿਸਮੇ ਨਾਲ ਜੋੜਿਆ ਜਾਣਾ ਚਾਹੀਦਾ ਹੈ।[49]

**5. ਕੁਲੁੱਸੀ 2:11-12**

> ਉਹਨਾਂ ਵਿੱਚ ਹੀ ਤੁਹਾਡੀ ਸੁੰਨਤ ਹੋਈ ਹੈ। ਇਹ ਸੁੰਨਤ ਮਨੁੱਖੀ ਹੱਥਾਂ ਦੇ ਦੁਆਰਾ ਨਹੀਂ ਸਗੋਂ ਮਸੀਹ ਦੇ ਦੁਆਰਾ ਹੋਈ ਹੈ ਜਿਸ ਦੇ ਨਾਲ ਪਾਪੀ ਸੁਭਾਅ ਖ਼ਤਮ ਹੋ ਜਾਂਦਾ ਹੈ। ਤੁਸੀਂ ਬਪਤਿਸਮੇ ਦੇ ਰਾਹੀਂ ਮਸੀਹ ਦੇ ਨਾਲ ਦਫ਼ਨਾਏ ਗਏ ਹੋ ਅਤੇ ਉਹਨਾਂ ਦੇ ਵਿੱਚ ਜਿਊਂਦੇ ਵੀ ਕੀਤੇ ਗਏ ਹੋ। ਕਿਉਂਕਿ ਤੁਸੀਂ ਪਰਮੇਸ਼ਰ ਦੀ ਉਸ ਸਮਰੱਥਾ ਵਿੱਚ ਵਿਸ਼ਵਾਸ ਕੀਤਾ ਹੈ ਜਿਸ ਦੇ ਨਾਲ ਉਹਨਾਂ ਨੇ ਮਸੀਹ ਨੂੰ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ।

ਇਹ ਵਚਨ ਉਹਨਾਂ ਦੁਆਰਾ ਵਰਤਿਆ ਜਾਂਦਾ ਹੈ ਜੋ ਮੰਨਦੇ ਹਨ ਕਿ ਬੱਚਿਆਂ ਦੇ ਲਈ ਪਾਣੀ ਦੇ ਬਪਤਿਸਮੇ ਵਿੱਚ ਕੁਝ ਛੁਟਕਾਰੇ ਦੇ ਗੁਣ ਹੁੰਦੇ ਹਨ। ਕਲੀਸਿਯਾ ਪ੍ਰਣਾਲੀ ਦੀ ਨਵੀਨਤਾ ਨੂੰ ਦੇਖਣ ਵਿੱਚ ਅਸਫ਼ਲ ਹੋਏ ਲੋਕ, ਇਹ ਮੰਨਦੇ ਹਨ ਕਿ ਪੁਰਾਣੇ ਨੇਮ ਦੀ ਬੱਚਿਆਂ ਦੀ ਸੁੰਨਤ ਦੀ ਜਗ੍ਹਾ ਹੁਣ ਬੱਚਿਆਂ ਦੇ ਲਈ ਪਾਣੀ ਦੇ ਬਪਤਿਸਮੇ ਨੇ ਲੈ ਲਈ ਹੈ। ਕਿਉਂਕਿ ਬੱਚਿਆਂ ਦਾ ਬਪਤਿਸਮਾ ਬਾਈਬਲ ਅਨੁਸਾਰ ਨਹੀਂ ਹੈ, ਤਾਂ ਇੱਕ ਵਿਅਕਤੀ ਇਸ ਦਾ ਇੱਕੋ-ਇੱਕ "ਸਬੂਤ" ਇਹ ਦੇ ਸਕਦਾ ਹੈ ਕਿ ਪਰਮੇਸ਼ਰ ਨੇ ਬੱਚਿਆਂ ਦੀ ਸੁੰਨਤ ਨੂੰ ਬੱਚਿਆਂ ਦੇ ਬਪਤਿਸਮੇ ਵਿੱਚ ਬਦਲ ਦਿੱਤਾ ਹੈ। ਇਸ ਤਰ੍ਹਾਂ, ਕੁਲੁੱਸੀ 2:11-12 ਵਿੱਚ ਇੱਕ ਖਾਲੀ ਜਗ੍ਹਾ ਹੈ ਜੋ ਉਹਨਾਂ ਲਈ ਸੁੰਨਤ ਸ਼ਬਦ ਨੂੰ ਪੜ੍ਹਦਿਆਂ ਸਿਰਫ਼ ਪਾਣੀ ਦੇ ਬਪਤਿਸਮੇ ਬਾਰੇ ਸੋਚਣ ਦਾ ਕਾਰਨ ਬਣਦੀ ਹੈ।

ਪਰ, ਬਾਈਬਲ ਆਤਮਾ ਦੇ ਬਪਤਿਸਮੇ ਦੀ ਤਰ੍ਹਾਂ ਆਤਮਿਕ ਸੁੰਨਤ ਦੀ ਵੀ ਗੱਲ ਕਰਦੀ ਹੈ (ਦੇਖੋ, ਬਿਵਸਥਾ 10:16; 30:6; ਯਿਰ 4:4; 9:25-26; ਹਿਜ਼ਕੀ 44:7-9; ਰੋਮੀ 2:26-29; ਅਤੇ ਫ਼ਿਲਿੱਪੀ 3:3)। "ਆਤਮਿਕ ਸੁੰਨਤ" ਇੱਕ ਵਿਸ਼ਵਾਸੀ ਦੇ ਜੀਵਨ ਉੱਤੇ ਸਰੀਰ ਦੇ ਅਟੱਲ ਨਿਯੰਤਰਣ ਨੂੰ ਹਟਾਉਣ ਦਾ ਹਵਾਲਾ ਦਿੰਦੀ ਹੈ। ਰੋਮੀ 6:3-4 ਇਹ ਸਿਖਾਉਂਦਾ ਹੈ ਕਿ ਆਤਮਾ ਦੇ ਬਪਤਿਸਮੇ ਦੁਆਰਾ ਵਿਸ਼ਵਾਸੀ ਮਸੀਹ ਦੇ ਜੀਅ ਉੱਠਣ ਦੇ ਜੀਵਨ ਵਿੱਚ ਹਿੱਸਾ ਲੈਂਦਾ ਹੈ। ਫਿਰ ਇਹ ਵਿਸ਼ਵਾਸੀ ਉੱਤੇ ਸਰੀਰ ਦੇ ਅਟੱਲ ਨਿਯੰਤਰਣ ਨੂੰ ਖ਼ਤਮ ਕਰਨ ਬਾਰੇ ਚਰਚਾ

---

[49] ਭਾਵੇਂ ਲੇਖਕ ਰੋਮੀ 6:3-4 ਵਿੱਚ ਬਪਤਿਸਮੇ ਨੂੰ ਆਤਮਾ ਦਾ ਬਪਤਿਸਮਾ ਮੰਨਦਾ ਹੈ, ਪਰ ਕੋਈ ਇਹ ਸਮਝ ਸਕਦਾ ਹੈ ਕਿ ਪੌਲੁਸ ਇੱਥੇ ਪਾਣੀ ਦੇ ਬਪਤਿਸਮੇ ਦੀ ਗੱਲ ਕਰ ਰਿਹਾ ਹੈ ਅਤੇ ਪਾਣੀ ਦਾ ਬਪਤਿਸਮਾ ਮੁਕਤੀ ਦੇ ਲਈ ਜ਼ਰੂਰੀ ਹੈ। ਬਪਤਿਸਮਾ ਇੱਕ ਵਿਸ਼ਵਾਸੀ ਦੇ ਲਈ ਇਸ ਤਰ੍ਹਾਂ ਹੈ ਜਿਵੇਂ ਇੱਕ ਵਿਆਹੁਤਾ ਆਦਮੀ ਜਾਂ ਔਰਤ ਦੇ ਲਈ ਵਿਆਹ ਦੀ ਅੰਗੂਠੀ ਹੁੰਦੀ ਹੈ। ਇਹ ਰਿਸ਼ਤੇ ਦਾ ਪ੍ਰਤੀਕ ਹੁੰਦੀ ਹੈ। ਇਹ ਸੰਭਵ ਹੈ ਕਿ ਇੱਕ ਵਿਅਕਤੀ ਅੰਗੂਠੀ ਤਾਂ ਪਹਿਨਦਾ ਹੈ ਪਰ ਵਿਆਹਿਆ ਨਹੀਂ ਹੈ (ਜਿਵੇਂ ਇੱਕ ਵਿਅਕਤੀ ਬਪਤਿਸਮਾ ਲੈ ਸਕਦਾ ਹੈ, ਪਰ ਉਹ ਵਿਸ਼ਵਾਸੀ ਨਹੀਂ ਹੈ)। ਇਹ ਵੀ ਸੰਭਵ ਹੈ ਕਿ ਕੋਈ ਵਿਆਹਿਆ ਹੋਇਆ ਹੋਵੇ ਪਰ ਉਸ ਨੇ ਅੰਗੂਠੀ ਨਾ ਪਾਈ ਹੋਵੇ (ਜਿਵੇਂ ਇੱਕ ਵਿਅਕਤੀ ਬਿਨਾਂ ਬਪਤਿਸਮੇ ਦੇ ਬਚਾਇਆ ਜਾ ਸਕਦਾ ਹੈ)। ਪਰ, ਵਿਹਾਰਕ ਉਦੇਸ਼ਾਂ ਵਿੱਚ ਵਿਆਹ ਦੀਆਂ ਅੰਗੂਠੀਆਂ ਵਿਆਹ ਦਾ ਸੰਕੇਤ ਦਿੰਦੀਆਂ ਹਨ। ਰਸੂਲ ਪੌਲੁਸ ਦੇ ਲਈ ਸ਼ਾਇਦ ਆਪਣੇ ਸਮੇਂ ਇਹ ਕਲਪਨਾ ਕਰਨਾ ਵੀ ਮੁਸ਼ਕਲ ਸੀ ਕਿ ਕਿਸੇ ਨੇ ਵਿਸ਼ਵਾਸ ਤੋਂ ਬਿਨਾਂ ਬਪਤਿਸਮਾ ਲਿਆ ਹੋਵੇ। ਕਿਉਂਕਿ ਇੱਕ ਮਸੀਹੀ ਹੋਣ ਦੇ ਕਾਰਨ ਅਤਿਆਚਾਰ ਹੋ ਸਕਦਾ ਹੈ, ਇਸ ਲਈ, ਸਿਰਫ਼ ਸੱਚੇ ਵਿਸ਼ਵਾਸੀ ਹੀ ਪਾਣੀ ਦਾ ਬਪਤਿਸਮਾ ਲੈਣਾ ਚਾਹੁੰਦੇ ਸਨ। ਅਤੇ ਨਾ ਹੀ ਪੌਲੁਸ ਇਹ ਕਲਪਨਾ ਕਰ ਸਕਦਾ ਸੀ ਕਿ ਇੱਕ ਵਿਸ਼ਵਾਸੀ ਪਾਣੀ ਦੇ ਬਪਤਿਸਮੇ ਤੋਂ ਇਨਕਾਰ ਕਰਨ ਵਾਲਾ ਹੋ ਸਕਦਾ ਹੈ। (ਅੱਜ ਵੀ ਬਪਤਿਸਮਾ ਲੈਣ ਤੋਂ ਇਨਕਾਰ ਕਰਨ ਦਾ ਸ਼ਾਇਦ ਹੀ ਕੋਈ ਜਾਇਜ਼ ਕਾਰਨ ਹੋਵੇਗਾ)। ਪੌਲੁਸ ਦੇ ਲਈ ਇੱਕ ਅਵਿਸ਼ਵਾਸੀ ਦਾ ਬਪਤਿਸਮਾ ਲੈਣ ਅਤੇ ਇੱਕ ਵਿਸ਼ਵਾਸੀ ਦਾ ਬਪਤਿਸਮਾ ਨਾ ਲੈਣ ਵਰਗੀ ਕੋਈ ਗੱਲ ਨਹੀਂ ਸੀ। ਇਸ ਲਈ, ਜਿਵੇਂ ਵਿਆਹ ਦੀ ਅੰਗੂਠੀ ਵਿਆਹ ਦਾ ਚਿੰਨ੍ਹ ਹੁੰਦੀ ਹੈ, ਬਪਤਿਸਮਾ ਵਿਸ਼ਵਾਸ ਦਾ ਉਸ ਤੋਂ ਜ਼ਿਆਦਾ ਪੱਕਾ ਚਿੰਨ੍ਹ ਹੈ। ਜੇਕਰ ਰੋਮੀ 6:3-4 ਨੂੰ ਆਤਮਾ ਦੇ ਬਪਤਿਸਮੇ ਵਜੋਂ ਨਹੀਂ ਲਿਆ ਜਾਂਦਾ ਹੈ, ਤਾਂ ਪੌਲੁਸ ਦਾ ਅਰਥ ਇਹ ਹੋ ਸਕਦਾ ਹੈ ਕਿ **ਜਿਵੇਂ ਅਤਿਆਚਾਰ ਦੀਆਂ ਸਥਿਤੀਆਂ ਦੌਰਾਨ ਨਵੇਂ ਨੇਮ ਦੀ ਕਲੀਸਿਯਾ ਵਿੱਚ ਪਾਣੀ ਦੇ ਬਪਤਿਸਮੇ ਦਾ ਅਭਿਆਸ ਕੀਤਾ ਗਿਆ ਸੀ, ਇਹ ਵਿਸ਼ਵਾਸ ਦਾ ਇੱਕ ਨਿਸ਼ਚਿਤ ਸਬੂਤ ਸੀ।** ਇਹ ਬਪਤਿਸਮੇ ਦੁਆਰਾ ਦਰਸਾਇਆ ਗਿਆ ਵਿਸ਼ਵਾਸ ਉਹ ਹੈ ਜੋ ਬਚਾਉਂਦਾ ਹੈ। ਰੋਮੀ 6 ਉਸ ਵਿਸ਼ਵਾਸ ਨੂੰ ਸਿਖਾ ਰਿਹਾ ਹੋਵੇਗਾ ਜਿਸ ਦਾ ਨਤੀਜਾ ਬਪਤਿਸਮਾ ਹੁੰਦਾ ਹੈ ਜੋ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਦੇ ਲਾਭ ਵਿੱਚ ਹਿੱਸਾ ਲੈਣ ਦਾ ਕਾਰਨ ਬਣਦਾ ਹੈ।

ਕਰਦਾ ਹੈ। ਮੌਤ ਦਾ ਅਰਥ ਅਲੱਗ ਹੋਣਾ ਹੈ। ਕਿਉਂਕਿ ਅਸੀਂ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਨਾਲ ਮਰੇ ਹਾਂ, ਇਸ ਲਈ, ਅਸੀਂ "ਪਾਪ ਦੇ ਸਰੀਰ" ਦੇ ਅਟੱਲ ਨਿਯੰਤਰਣ ਤੋਂ ਵੱਖ ਹੋਏ ਹਾਂ (ਰੋਮੀ 6:6ff)। ਇਹ ਸਪੱਸ਼ਟ ਹੈ ਕਿ ਪੌਲੁਸ ਕੁਲੁੱਸੀ 2:11 ਵਿੱਚ ਸ਼ਾਬਦਿਕ (ਸਰੀਰਕ) ਸੁੰਨਤ ਦੀ ਨਹੀਂ ਪਰ ਆਤਮਿਕ ਸੁੰਨਤ ਦੀ ਗੱਲ ਕਰ ਰਿਹਾ ਹੈ। ਉਹ ਇਹ ਕਹਿਣ ਤੋਂ ਜ਼ਿਆਦਾ ਇਸ ਤੱਥ ਨੂੰ ਹੋਰ ਕਿੰਨਾ ਸਪੱਸ਼ਟ ਲਿਖ ਸਕਦਾ ਸੀ ਕਿ, "ਇਹ ਸੁੰਨਤ ਮਨੁੱਖੀ ਹੱਥਾਂ ਦੁਆਰਾ ਨਹੀਂ ਹੋਈ ਹੈ।"

ਇਸ ਤੋਂ ਇਲਾਵਾ, ਇਹ ਵੀ ਸਪੱਸ਼ਟ ਹੈ ਕਿ ਰੋਮੀ 6 ਅਤੇ ਕੁਲੁੱਸੀ 2 ਦੀਆਂ ਸਿੱਖਿਆਵਾਂ ਇੱਕੋ ਜਿਹੀਆਂ ਹਨ। ਵਿਸ਼ਵਾਸੀ ਮਸੀਹ ਦੇ ਨਾਲ ਜੁੜੇ ਅਤੇ ਮਸੀਹ ਨਾਲ ਮਰੇ ਹਨ। ਮੌਤ ਦਾ ਅਰਥ ਹੋਂਦ ਦਾ ਅੰਤ ਨਹੀਂ ਪਰ ਵੱਖ ਹੋਣਾ ਹੈ। ਇਸ ਲਈ, ਵਿਸ਼ਵਾਸੀ "ਸਰੀਰ" ਲਈ ਮਰੇ ਹਨ, ਇਹ ਇਸ ਅਰਥ ਵਿੱਚ ਨਹੀਂ ਹੈ ਕਿ ਪਾਪ ਦੀ ਹੋਂਦ ਖ਼ਤਮ ਹੋ ਗਈ ਹੈ, ਪਰ ਇਸ ਦਾ ਅਰਥ ਹੈ ਕਿ ਉਸ ਦੇ ਰਾਜ ਨੂੰ ਸਾਡੇ ਤੋਂ ਵੱਖ ਕਰ ਦਿੱਤਾ ਗਿਆ ਹੈ। ਇਹ ਆਤਮਿਕ ਸੁੰਨਤ ਹੈ। ਅੰਤ ਵਿੱਚ, ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਮਸੀਹ ਨਾਲ ਮੇਲ ਅਤੇ ਇਸ ਤੋਂ ਹੋਣ ਵਾਲੇ ਲਾਭ ਪਾਣੀ ਦੇ ਬਪਤਿਸਮੇ ਦੀ ਬਜਾਏ ਆਤਮਾ ਦੇ ਬਪਤਿਸਮੇ ਉੱਤੇ ਆਧਾਰਿਤ ਹਨ। ਕੁਲੁੱਸੀ 2 ਵੀ ਰੋਮੀ 6 ਵਾਂਗ ਸਿਖਾ ਰਿਹਾ ਹੈ (ਹਾਲਾਂਕਿ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕੀਤੀ ਜਾ ਰਹੀ ਹੈ)। ਜਿਹੜੇ ਲੋਕ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਨਾਲ ਜੁੜ ਗਏ ਹਨ, ਪੌਲੁਸ ਅਨੁਸਾਰ ਉਹਨਾਂ ਦੀ ਆਤਮਿਕ "ਸੁੰਨਤ" (ਕੁਲੁੱਸੀ 2) ਅਤੇ "ਪਾਪ ਤੋਂ ਮੌਤ" (ਰੋਮੀ 6) ਹੋਈ ਹੈ। ਦੋਵੇਂ ਹੀ ਤਸਵੀਰਾਂ ਪਾਪ ਦੇ ਨਿਯੰਤਰਣ ਨੂੰ ਹਟਾਉਣ ਜਾਂ ਇਸ ਤੋਂ ਵੱਖ ਹੋਣ ਨੂੰ ਦਰਸਾਉਂਦੀਆਂ ਹਨ।

ਇਹ ਵਿਆਖਿਆ ਕਿ ਕੁਲੁੱਸੀ 2:11-12 ਸਿਖਾਉਂਦਾ ਹੈ ਕਿ ਬਪਤਿਸਮਾ ਮੁਕਤੀ ਦਿੰਦਾ ਹੈ, ਇਹ ਅਧਿਆਤਮਿਕ ਪੱਖਪਾਤ ਹੈ। ਜੇਕਰ ਇੱਕ ਵਿਅਕਤੀ ਕਿਸੇ ਵਿਚਾਰ ਨੂੰ ਬਣਾਈ ਰੱਖਣਾ ਚਾਹੁੰਦਾ ਹੈ, ਤਾਂ ਉਹ ਵਚਨਾਂ ਦੀ ਵਿਆਖਿਆ ਨੂੰ ਉਸ ਵਿਚਾਰ ਦੇ ਸਮਰਥਨ ਵਿੱਚ ਹੀ ਕਰਦਾ ਹੈ (ਭਾਵੇਂ ਇਸ ਦੇ ਨਤੀਜੇ ਬਾਕੀ ਦੀ ਬਾਈਬਲ ਦੇ ਵਿਰੁੱਧ ਹੀ ਹੋਣ)। ਕੁਲੁੱਸੀ 2: 11-12 ਦਾ ਇੱਕ ਵਧੀਆ ਦ੍ਰਿਸ਼ਟੀਕੋਣ ਇਹ ਹੈ ਕਿ ਇਹ ਪਾਣੀ ਦੇ ਬਪਤਿਸਮੇ ਦੀ ਬਜਾਏ ਆਤਮਾ ਦੇ ਬਪਤਿਸਮੇ ਨੂੰ ਦਰਸਾਉਂਦਾ ਹੈ। ਇਸ ਵਿਚਾਰ ਨਾਲ ***ਸਿਰਫ਼ ਵਿਸ਼ਵਾਸ*** ਦੁਆਰਾ ਮੁਕਤੀ ਨੂੰ ਸਿਖਾਉਣ ਵਾਲੇ ਬਾਕੀ ਬਾਈਬਲ ਦੇ ਵਚਨਾਂ ਨਾਲ ਇਕਸਾਰਤਾ ਹੁੰਦੀ ਹੈ, ਇਸ ਦੀ ਰੋਮੀ 6 ਦੇ ਨਾਲ ਇੱਕ ਸਪੱਸ਼ਟ ਸਮਾਨਤਾ ਹੈ, ਅਤੇ ਇਸ ਵਿੱਚ ਬੱਚਿਆਂ ਦੇ ਬਪਤਿਸਮੇ ਅਤੇ ਮੁਕਤੀ ਦੇਣ ਵਾਲੇ ਬਪਤਿਸਮੇ ਦਾ ਕੋਈ ਆਧਾਰ ਨਹੀਂ ਹੈ। ਆਤਮਾ ਦਾ ਬਪਤਿਸਮਾ ਮਸੀਹ ਵਿੱਚ ਵਿਸ਼ਵਾਸ ਦਾ ਤੁਰੰਤ ਹੋਣ ਵਾਲਾ ਨਤੀਜਾ ਹੈ, ਅਤੇ ਇਹ ਮਸੀਹ ਦੀ ਮੌਤ ਅਤੇ ਜੀਅ ਉੱਠਣ ਵਾਲੇ ਜੀਵਨ ਦੇ ਲਾਭਾਂ ਵਿੱਚ ਹਿੱਸਾ ਲੈਣ ਦਾ ਕਾਰਨ ਬਣਦਾ ਹੈ। ਇਸ ਨਾਲ ਆਤਮਿਕ ਸੁੰਨਤ ਵੀ ਹੁੰਦੀ ਹੈ, ਜੋ ਪਾਪ ਦੀ ਅਟੱਲ ਸ਼ਕਤੀ ਨੂੰ ਕੱਟ ਦਿੰਦੀ ਹੈ। ਇੱਕ ਸਵੀਕਾਰ ਕਰਨ ਵਾਲਾ ਵਿਕਲਪ ਇਹ ਹੋ ਸਕਦਾ ਹੈ ਕਿ ਕੁਲੁੱਸੀ 2:12 ਵਿੱਚ ਬਪਤਿਸਮੇ ਨੂੰ ਪਾਣੀ ਦਾ ਬਪਤਿਸਮਾ ਮੰਨ ਲਿਆ ਜਾਵੇ, ਅਤੇ ਇਸ ਦੇ ਨਾਲ ਅਜਿਹਾ ਕੋਈ ਵਿਚਾਰ ਜੁੜਿਆ ਨਾ ਹੋਵੇ ਕਿ ਪਾਣੀ ਦਾ ਬਪਤਿਸਮਾ ਮੁਕਤੀ ਦੀ ਇੱਕ ਜ਼ਰੂਰੀ ਸ਼ਰਤ ਹੈ। ਪੌਲੁਸ ਤਾਂ ਇਹ ਮੰਨ ਰਿਹਾ ਹੋਵੇਗਾ ਕਿ ਪਾਣੀ ਦਾ ਬਪਤਿਸਮਾ ਵਿਸ਼ਵਾਸ ਦਾ ਨਿਸ਼ਚਿਤ ਚਿੰਨ੍ਹ ਹੈ। ਬਪਤਿਸਮੇ ਦੁਆਰਾ ਦਰਸਾਇਆ ਗਿਆ ਵਿਸ਼ਵਾਸ ਮਸੀਹ ਦੀ ਮੌਤ ਅਤੇ ਜੀਅ ਉੱਠਣ ਦੇ ਲਾਭਾਂ ਵਿੱਚ ਹਿੱਸਾ ਲੈਣ ਦਾ ਅਸਲ ਸਾਧਨ ਹੋਵੇਗਾ। ਬਪਤਿਸਮੇ ਦੁਆਰਾ ਪ੍ਰਦਰਸ਼ਿਤ ਕੀਤਾ ਗਿਆ ਵਿਸ਼ਵਾਸ ਜੀਵਨ ਉੱਤੇ ਬੁਰਾਈ ਦੇ ਨਿਯੰਤਰਣ ਨੂੰ ਵੱਖ ਕਰਨ ਦਾ ਆਧਾਰ ਹੋਵੇਗਾ ਜੋ ਕਿ ਆਤਮਿਕ ਸੁੰਨਤ ਹੈ। (ਰੋਮੀ 6 ਦੀ ਇਸ ਦੇ ਸਮਾਨਾਰਥੀ ਵਿਖਾਇਆ ਲਈ ਫੁਟਨੋਟ 49 ਦੇਖੋ)।

**6. 1 ਪਤਰਸ 3:21**

> ਪਾਣੀ ਬਪਤਿਸਮੇ ਦਾ ਚਿੰਨ੍ਹ ਹੈ ਜਿਸ ਦੇ ਦੁਆਰਾ ਹੁਣ ਤੁਹਾਡਾ ਬਚਾਅ ਹੈ, (ਇਸ ਦਾ ਅਰਥ ਸਰੀਰਕ ਮੈਲ਼ ਧੋਣ ਤੋਂ ਨਹੀਂ ਸਗੋਂ ਉਸ ਵਾਅਦੇ ਤੋਂ ਹੈ ਜੋ ਸ਼ੁੱਧ ਅੰਤਹਕਰਨ ਦੇ ਨਾਲ ਪਰਮੇਸ਼ਰ ਦੇ ਨਾਲ ਕੀਤਾ ਗਿਆ ਹੈ।) ਬਪਤਿਸਮਾ ਤੁਹਾਨੂੰ ਯਿਸੂ ਮਸੀਹ ਦੇ ਜੀਅ ਉੱਠਣ ਦੇ ਦੁਆਰਾ ਮੁਕਤੀ ਦਿੰਦਾ ਹੈ

ਯੂਨਾਨੀ ਸ਼ਬਦ ਕ੍ਰਮ ਵਿੱਚ ਇਸ ਆਇਤ ਦਾ ਸ਼ਾਦਬਿਕ ਅਨੁਵਾਦ ਦਰਸਾਉਂਦਾ ਹੈ ਕਿ ਇਹ ਇੱਕ ਮੁਸ਼ਕਲ ਅਤੇ ਅਸਪਸ਼ਟ ਵਾਕ ਹੈ। ਇੱਕ ਸਿਧਾਂਤ ਨੂੰ ਸਪੱਸ਼ਟ ਅਤੇ ਦੁਹਰਾਏ ਗਏ ਵਚਨਾਂ ਉੱਤੇ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਮੁਸ਼ਕਲ ਬਿਆਨਾਂ ਦੀ ਵਿਆਖਿਆ ਸੌਖੇ ਬਿਆਨਾਂ ਦੀ ਮਦਦ ਨਾਲ ਕਰਨੀ ਚਾਹੀਦੀ ਹੈ। ਇਸ ਗੱਲ ਉੱਤੇ ਜ਼ੋਰ ਦੇਣਾ ਕਿ 1 ਪਤਰਸ 3:21 ਬਾਈਬਲ ਦੀਆ 150 ਆਇਤਾਂ ਦੀ ਸਿੱਖਿਆ ਨੂੰ ਉਲਟਾ ਸਕਦੀ ਹੈ ਤਾਂ ਇਹ ਖ਼ਤਰਨਾਕ ਗੱਲ ਹੈ।

ਸਭ ਤੋਂ ਪਹਿਲਾਂ, ਧਿਆਨ ਦਿਓ ਕਿ ਸੰਦਰਭ ਵਿੱਚ ਪਤਰਸ ਪਾਣੀ ਦੇ ਬਪਤਿਸਮੇ ਦੀ ਤੁਲਨਾ ਨੂਹ ਦੇ ਸਮੇਂ ਦੀ ਪਾਣੀ ਦੀ ਪਰਲੋ ਨਾਲ ਕਰ ਰਿਹਾ ਹੈ। ਨੂਹ ਨੂੰ ਪਾਣੀ ਨੇ ਨਹੀਂ ਪਰ ਕਿਸ਼ਤੀ ਨੇ ਬਚਾਇਆ ਸੀ। ਨੂਹ ਕਿਸ਼ਤੀ ਵਿੱਚ ਸੀ, ਅਤੇ ਇਸ ਨੇ ਉਸ ਨੂੰ ਪਰਲੋ ਦੇ ਪਾਣੀ ਵਿੱਚੋਂ ਲੰਘਾਇਆ ਸੀ। ਪਰਲੋ ਦਾ ਪਾਣੀ ਪਤਰਸ ਨੂੰ ਬਪਤਿਸਮੇ ਦੇ ਪਾਣੀ ਦੀ ਯਾਦ ਦਿਵਾਉਂਦਾ ਹੈ। ਸ਼ੁਰੂਆਤੀ ਕਲੀਸਿਯਾ ਇੱਕ ਵਿਸ਼ਵਾਸੀ ਦੇ ਬਪਤਿਸਮੇ ਤੋਂ ਬਿਨਾਂ ਹੋਣ ਦੀ ਕਲਪਨਾ ਨਹੀਂ ਕਰ ਸਕਦੀ ਸੀ। ਮਸੀਹ ਵਿੱਚ ਸੱਚੇ ਵਿਸ਼ਵਾਸ ਤੋਂ ਤੁਰੰਤ ਬਾਅਦ, ਬਪਤਿਸਮਾ ਲੈਣਾ ਇੱਕ ਲਾਜ਼ਮੀ ਅਤੇ ਸਹੀ ਫੈਸਲਾ ਹੁੰਦਾ ਸੀ। ਪਤਰਸ ਦੀ ਇਹ ਤੁਲਨਾ ਕੁਝ ਇਸ ਤਰ੍ਹਾਂ ਗੱਲ ਕਰਦੀ ਲੱਗਦੀ ਹੈ: "ਜਿਵੇਂ ਨੂਹ ਕਿਸ਼ਤੀ ਵਿੱਚ

ਬਚਿਆ ਸੀ ਅਤੇ ਪਾਣੀਆਂ ਵਿੱਚੋਂ ਲੰਘਿਆ ਸੀ, ਤੁਸੀਂ ਮਸੀਹ ਦੁਆਰਾ ਬਚਾਏ ਗਏ ਹੋ ਅਤੇ ਪਾਣੀਆਂ ਵਿੱਚੋਂ ਲੰਘੇ ਹੋ।" ਇੱਕ ਤੁਲਨਾ ਕੀਤੀ ਜਾ ਸਕਦੀ ਹੈ ਜਿਸ ਵਿੱਚ ਪਰਲੋ ਦੇ ਪਾਣੀਆਂ ਰਾਹੀਂ ਨੂਹ ਦੀ ਮੁਕਤੀ ਅਤੇ ਬਪਤਿਸਮੇ ਵਾਲੇ ਪਾਣੀਆਂ ਰਾਹੀਂ ਲੋਕਾਂ ਦੀ ਮੁਕਤੀ ਸ਼ਾਮਲ ਹੈ, ਪਰ 1 ਪਤਰਸ 3:21 ਵਿੱਚ ਨਵਾਂ ਜਨਮ ਦੇਣ ਵਾਲੇ ਬਪਤਿਸਮੇ ਦੀ ਗੱਲ ਨਹੀਂ ਹੋ ਰਹੀ ਹੈ।

ਇਸ ਤੋਂ ਬਾਅਦ, ਇਸ ਗੱਲ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਪਤਰਸ ਦੀ ਵਿਆਖਿਆ ਇਹ ਕਹਿ ਕੇ ਨਹੀਂ ਕੀਤੀ ਜਾਣੀ ਚਾਹੀਦੀ ਕਿ ਬਪਤਿਸਮਾ ਬਚਾਉਂਦਾ ਹੈ। ਇਹ ਵੀ ਜਾਇਜ਼ ਹੈ ਕਿ ਪਤਰਸ ਕਹਿ ਰਿਹਾ ਹੈ ਕਿ ਬਪਤਿਸਮਾ **ਪ੍ਰਤੀਕ ਦੇ ਅਰਥ** ਵਿੱਚ ਬਚਾਉਂਦਾ ਹੈ। ਜੇਕਰ ਇਸ ਦੇ ਨਾਲ ਬਰੈਕਟ ਜੋੜੀ ਜਾਵੇ ਤਾਂ ਲਾਖਣਿਕ ਅਰਥ ਜਿਸ ਵਿੱਚ ਬਪਤਿਸਮਾ ਬਚਾਉਂਦਾ ਹੈ ਉਹ ਮਸੀਹ ਦੇ ਜੀਅ ਉੱਠਣ ਨਾਲ ਜੁੜਿਆ ਹੋਇਆ ਹੈ।

ਆਤਮਾ ਦੇ ਬਪਤਿਸਮੇ ਦੁਆਰਾ ਇੱਕ ਵਿਸ਼ਵਾਸੀ ਮਸੀਹ ਦੀ ਮੌਤ ਦੇ ਲਾਭਾਂ ਵਿੱਚ ਹਿੱਸਾ ਲੈਣ ਅਤੇ ਉਹਨਾਂ ਦੇ ਜੀਅ ਉੱਠਣ ਦੇ ਜੀਵਨ ਵਿੱਚ ਹਿੱਸਾ ਲੈਣ ਦੇ ਲਈ ਮਸੀਹ ਨਾਲ ਜੁੜਦਾ ਹੈ। ਪਾਣੀ ਦਾ ਬਪਤਿਸਮਾ ਮਸੀਹ ਦੇ ਜੀਅ ਉੱਠਣ ਦੇ ਜੀਵਨ ਨੂੰ ਸਾਂਝਾ ਕਰਨ ਦਾ ਪ੍ਰਤੀਕ ਹੈ। ਇਸ ਤਰ੍ਹਾਂ, ਪਤਰਸ ਇਹ ਕਹਿ ਸਕਦਾ ਹੈ ਕਿ ਇੱਕ ਪ੍ਰਤੀਕ ਦੇ ਰੂਪ ਵਿੱਚ ਬਪਤਿਸਮਾ ਤੁਹਾਨੂੰ ਬਚਾਉਂਦਾ ਹੈ।

ਅੰਤ ਵਿੱਚ, ਧਿਆਨ ਦਿਓ ਕਿ ਪਤਰਸ ਬਰੈਕਟਾਂ ਵਿੱਚ ਕੁਝ ਤੱਥਾਂ ਨੂੰ ਜੋੜਦਾ ਹੈ ਤਾਂ ਜੋ ਉਸ ਦੇ ਪੜ੍ਹਨ ਵਾਲੇ ਇਹ ਨਾ ਸੋਚਣ ਕਿ ਉਹ ਬਪਤਿਸਮੇ ਦੁਆਰਾ ਨਵੇਂ ਜਨਮ ਦੀ ਸਿੱਖਿਆ ਦੇ ਰਿਹਾ ਹੈ। ਉਹ ਸਮਝਾਉਂਦਾ ਹੈ ਕਿ ਇਸ ਦਾ ਅਰਥ ਕੀ ਹੈ ਕਿ ਵਿਸ਼ਵਾਸ ਬਚਾਉਂਦਾ ਹੈ। ਸਰੀਰਕ ਮੈਲ ਨੂੰ ਧੋਣਾ ਅਸਲ ਵਿੱਚ ਮੁਕਤੀ ਨਹੀਂ ਦਿੰਦਾ ਹੈ। ਇਸ ਦੀ ਬਜਾਏ, ਸ਼ੁੱਧ ਮਨ ਨਾਲ ਪਰਮੇਸ਼ਰ ਦੇ ਅਧੀਨ ਹੋਣਾ ਇੱਕ ਪਾਪੀ ਨੂੰ ਮੁਕਤੀ ਦਿੰਦਾ ਹੈ, ਅਤੇ ਉਸ ਨੂੰ ਪਾਣੀ ਦੇ ਬਪਤਿਸਮੇ ਲਈ ਇੱਕ ਯੋਗ ਉਮੀਦਵਾਰ ਬਣਾਉਂਦਾ ਹੈ। ਇੱਕ ਰਸਮ ਦੁਆਰਾ ਸਰੀਰ ਦੀ ਸਫਾਈ ਨਾਲ ਇੱਕ ਵਿਅਕਤੀ ਨੂੰ ਬਚਾਉਣਾ ਪੂਰੀ ਤਰ੍ਹਾਂ ਬੇਕਾਰ ਗੱਲ ਹੈ। ਪਰ, ਇੱਕ ਉਮੀਦਵਾਰ ਦਾ ਪਰਮੇਸ਼ਰ ਅੱਗੇ ਮਸੀਹ ਦੇ ਖ਼ੂਨ ਦੁਆਰਾ ਪਾਪ ਤੋਂ ਸ਼ੁੱਧ ਕਰਨ ਦੀ ਬੇਨਤੀ ਹੀ ਹੈ ਜੋ ਮੁਕਤੀ ਅਤੇ ਪਾਣੀ ਦੇ ਬਪਤਿਸਮੇ ਦਾ ਆਧਾਰ ਹੈ।

1 ਪਤਰਸ 3:21 ਇਹ ਸਿਖਾਉਂਦਾ ਹੈ ਕਿ ਪਾਣੀ ਦਾ ਬਪਤਿਸਮਾ ਸਿਰਫ਼ ਇਸ ਪ੍ਰਤੀਕ ਦੇ ਰੂਪ ਵਿੱਚ ਬਚਾਉਂਦਾ ਹੈ ਕਿ ਇਹ ਮਸੀਹ ਦੇ ਉਸ ਜੀਵਨ ਵਿੱਚ ਇੱਕ ਹਿੱਸੇਦਾਰੀ ਨੂੰ ਦਰਸਾਉਂਦਾ ਹੈ ਜੋ ਵਿਸ਼ਵਾਸ ਕਰਦੇ ਸਮੇਂ ਹੁੰਦੀ ਹੈ। ਇਸ ਤੋਂ ਇਲਾਵਾ, ਪਾਣੀ ਦੇ ਬਪਤਿਸਮੇ ਦਾ ਇੱਕੋ-ਇੱਕ ਅਸਲੀ ਬਚਾਉਣ ਵਾਲਾ ਤੱਤ ਪਰਮੇਸ਼ਰ ਅੱਗੇ (ਮਸੀਹ ਵਿੱਚ ਵਿਸ਼ਵਾਸ ਦੁਆਰਾ) ਸ਼ੁੱਧਤਾ ਲਈ ਬੇਨਤੀ ਹੈ ਜੋ ਇੱਕ ਵਿਅਕਤੀ ਨੂੰ ਬਪਤਿਸਮਾ ਲੈਣ ਦੇ ਯੋਗ ਬਣਾਉਂਦੀ ਹੈ। 1 ਪਤਰਸ 3:21 ਵਿੱਚ ਅਜਿਹਾ ਮੰਨਣ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਸਿਰਫ਼ ਵਿਸ਼ਵਾਸ ਨਾਲ ਮੁਕਤੀ ਦਾ ਇਨਕਾਰ ਕਰਦਾ ਹੈ, ਅਤੇ ਇਹ ਬਪਤਿਸਮੇ ਦੁਆਰਾ ਮੁਕਤੀ ਦੀ ਸਿੱਖਿਆ ਦਿੰਦਾ ਹੈ।

### 7. ਯੂਹੰਨਾ ਦਾ ਬਪਤਿਸਮਾ ਅਤੇ ਮੁਕਤੀ

ਜ਼ਿਆਦਾਤਰ ਬਾਈਬਲ ਸਿੱਖਿਅਕ ਯੂਹੰਨਾ ਦੇ ਬਪਤਿਸਮੇ ਅਤੇ ਮਸੀਹੀ ਬਪਤਿਸਮੇ ਵਿੱਚ ਫ਼ਰਕ ਕਰਦੇ ਹਨ। ਯੂਹੰਨਾ ਦਾ ਬਪਤਿਸਮਾ ਮਸੀਹ ਦੇ ਲਈ ਰਾਹ ਤਿਆਰ ਕਰਨ ਲਈ ਸੀ, ਅਤੇ ਇਹ ਭਵਿੱਖ ਵੱਲ ਦੇਖਦਾ ਸੀ। ਇਸ ਦਾ ਉਦੇਸ਼ ਲੋਕਾਂ ਨੂੰ ਰਾਜੇ ਦੇ ਸਵਾਗਤ ਦੇ ਲਈ ਤਿਆਰ ਕਰਨਾ ਸੀ। ਮਸੀਹੀ ਬਪਤਿਸਮਾ ਅਤੀਤ ਉੱਤੇ ਕੇਂਦਰਿਤ ਹੈ। ਇਹ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਨਾਲ ਪਛਾਣ ਦਾ ਪ੍ਰਤੀਕ ਹੈ (ਰੋਮੀ 6:3,4)। ਯਿਸੂ ਮਸੀਹ ਨੇ ਮਸੀਹੀ ਬਪਤਿਸਮੇ ਦੀ ਉਦੋਂ ਸ਼ੁਰੂਆਤ ਕੀਤੀ ਸੀ ਜਦੋਂ ਉਹਨਾਂ ਨੇ ਮਹਾਨ ਆਗਿਆ ਦਿੱਤੀ ਸੀ (ਮੱਤੀ 28:18-20)। ਜ਼ਾਹਰ ਹੈ ਕਿ ਇੱਕ ਰਸਮ ਜੋ ਮਸੀਹ ਦੀ ਮੌਤ ਅਤੇ ਜੀਅ ਉੱਠਣ ਦਾ ਪ੍ਰਤੀਕ ਹੈ, ਉਹ ਸਲੀਬ ਉੱਤੇ ਚੜ੍ਹਾਏ ਜਾਣ ਅਤੇ ਜੀਅ ਉੱਠਣ ਤੋਂ ਪਹਿਲਾਂ ਸਥਾਪਿਤ ਨਹੀਂ ਕੀਤੀ ਜਾ ਸਕਦੀ ਸੀ। ਯੂਹੰਨਾ ਦਾ ਬਪਤਿਸਮਾ ਮਸੀਹੀ ਬਪਤਿਸਮੇ ਤੋਂ ਵੱਖਰਾ ਹੋਣਾ ਚਾਹੀਦਾ ਹੈ।

ਰਾਜਾ ਦਾ ਇਨਕਾਰ ਕੀਤੇ ਜਾਣ ਦੇ ਕਾਰਨ, ਹੁਣ ਯੂਹੰਨਾ ਦੇ ਬਪਤਿਸਮੇ ਦਾ ਅਭਿਆਸ ਨਹੀਂ ਕੀਤਾ ਜਾਂਦਾ ਹੈ। ਅਜਿਹੇ ਬਹੁਤ ਸਾਰੇ ਲੋਕ ਹਨ ਜੋ ਇਹ ਵਿਸ਼ਵਾਸ ਕਰਦੇ ਹਨ ਕਿ ਮੁਕਤੀ ਦੇ ਲਈ ਬਪਤਿਸਮਾ ਜ਼ਰੂਰੀ ਹੈ, ਉਹ ਵੀ ਆਪਣੀ ਗ਼ਲਤੀ ਨੂੰ ਸਥਾਪਿਤ ਕਰਨ ਦੇ ਲਈ ਯੂਹੰਨਾ ਦੇ ਬਪਤਿਸਮੇ ਵਾਲੇ ਵਚਨਾਂ ਵੱਲ ਨਹੀਂ ਦੇਖਣਗੇ। ਪਰ, ਕਿਉਂਕਿ ਅਜਿਹੇ ਵਚਨ ਉਲਝਣ ਪੈਦਾ ਕਰ ਸਕਦੇ ਹਨ, ਇਸ ਲਈ ਇਸ ਭਾਗ ਵਿੱਚ ਉਹਨਾਂ ਦਾ ਅਧਿਐਨ ਕੀਤਾ ਜਾਵੇਗਾ।

> "ਮੈਂ ਤੁਹਾਨੂੰ ਪਾਣੀ ਦੇ ਨਾਲ ਤੋਬਾ ਦਾ ਬਪਤਿਸਮਾ ਦਿੰਦਾ ਹਾਂ…" [ਮੱਤੀ 3:11]
>
> ਯੂਹੰਨਾ ਆਇਆ ਜਿਹੜਾ ਸੁੰਨਸਾਨ ਥਾਂ ਵਿੱਚ ਪਾਪਾਂ ਦੀ ਮਾਫ਼ੀ ਲਈ ਤੋਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ [ਮਰਕੁਸ 1:4]
>
> ਅਤੇ ਉਹ ਯਰਦਨ ਦੇ ਸਾਰੇ ਆਲੇ-ਦੁਆਲੇ ਦੇ ਖੇਤਰ ਵਿੱਚ ਗਿਆ ਅਤੇ ਪਾਪਾਂ ਦੀ ਮਾਫ਼ੀ ਲਈ ਤੋਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਰਿਹਾ [ਲੂਕਾ 3:3]

"ਪ੍ਰਭੂ ਦਾ ਰਾਹ ਤਿਆਰ ਕਰਨ" ਦਾ ਸੱਦਾ ਇਹ ਸਿਖਾਉਂਦਾ ਹੈ ਕਿ ਯੂਹੰਨਾ ਦਾ ਕੰਮ ਮੂਲ ਰੂਪ ਵਿੱਚ ਤਿਆਰੀ ਦਾ ਕੰਮ ਸੀ। ਉਹ ਆਪ ਤਕਨੀਕੀ ਤੌਰ ਤੇ ਪਾਪਾਂ ਦੀ ਮਾਫ਼ੀ ਨਹੀਂ ਦੇ ਰਿਹਾ ਸੀ। ਉਹ ਸਿੱਧੇ

ਤੌਰ ਤੇ ਉਸ ਵਿਅਕਤੀ ਦੀ ਗਵਾਹੀ ਦੇ ਰਿਹਾ ਸੀ ਜੋ ਆ ਕੇ ਅਜਿਹੀ ਮਾਫ਼ੀ ਦੇ ਸਕਦਾ ਸੀ। ਉਹ ਲੋਕਾਂ ਨੂੰ "ਤੋਬਾ ਕਰਨ (ਆਪਣੇ ਮਨ ਨੂੰ ਬਦਲਣ)" ਦੇ ਲਈ ਬੁਲਾ ਰਿਹਾ ਸੀ। ਯਹੂਦਿਯਾ ਦੇ ਲੋਕਾਂ ਨੂੰ ਖ਼ਾਸ ਤੌਰ ਤੇ ਮਸੀਹ ਅਤੇ ਉਹਨਾਂ ਦੇ ਛੇਤੀ ਆਉਣ ਬਾਰੇ ਅਪਣਾ ਮਨ ਬਦਲਣ ਦੀ ਲੋੜ ਸੀ। ਉਹਨਾਂ ਨੂੰ ਮਾਨਸਿਕ ਤੌਰ ਤੇ ਬਦਲਣ ਅਤੇ ਰਾਜੇ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਹੋਣ ਦੀ ਲੋੜ ਸੀ। ਵਾਕਾਂਸ਼ "ਪਾਪਾਂ ਦੀ ਮਾਫ਼ੀ ਲਈ ਤੋਬਾ ਦਾ ਬਪਤਿਸਮਾ" ਦਾ ਇਹ ਅਰਥ ਨਹੀਂ ਲਿਆ ਜਾਣਾ ਚਾਹੀਦਾ ਕਿ ਲੋਕ ਆਪਣੇ ਆਪ ਯੂਹੰਨਾ ਦੇ ਬਪਤਿਸਮੇ ਦੇ ਆਧਾਰ ਤੇ ਬਚਾਏ ਗਏ ਸਨ। ਸ਼ਬਦ "ਲਈ" ਦਾ ਅਰਥ "ਦੇ ਦ੍ਰਿਸ਼ਟੀਕੋਣ ਨਾਲ" ਹੋ ਸਕਦਾ ਹੈ। (ਮਰਕੁਸ ਅਗਲੇ ਸਾਲ ਗ੍ਰੈਜੂਏਸ਼ਨ ਦੇ ਲਈ ਕੰਮ ਕਰ ਰਿਹਾ ਹੈ, ਉਦਾਹਰਣ ਦੇ ਲਈ, ਅਗਲੇ ਸਾਲ ਗ੍ਰੈਜੂਏਸ਼ਨ ਦੇ ਦ੍ਰਿਸ਼ਟੀਕੋਣ ਨਾਲ)। ਯੂਹੰਨਾ ਬਪਤਿਸਮਾ ਦੇਣ ਵਾਲਾ ਲੋਕਾਂ ਨੂੰ ਇਸ ਵਿਚਾਰ ਨੂੰ ਰੱਖ ਕੇ ਤੋਬਾ ਕਰਨ (ਮਸੀਹ ਦੇ ਆਉਣ ਬਾਰੇ ਆਪਣੇ ਮਨ ਨੂੰ ਬਦਲਣ) ਅਤੇ ਬਪਤਿਸਮਾ ਲੈਣ ਲਈ ਕਹਿ ਰਿਹਾ ਸੀ ਕਿ ਉਹ ਮਸੀਹ ਦੇ ਆਉਣ ਤੇ ਪਾਪਾਂ ਦੀ ਮਾਫ਼ੀ ਨੂੰ ਪ੍ਰਾਪਤ ਕਰਨਗੇ। ਉੱਪਰ ਦਿੱਤੀਆਂ ਆਇਤਾਂ ਸਿੱਟੇ ਵਜੋਂ ਇਹ ਨਹੀਂ ਸਿਖਾਉਂਦੀਆਂ ਕਿ ਜਿਹਨਾਂ ਲੋਕਾਂ ਨੇ ਯੂਹੰਨਾ ਦੀ ਗੱਲ ਮੰਨੀ, ਉਹਨਾਂ ਸਾਰਿਆਂ ਨੇ ਬਪਤਿਸਮੇ ਦੇ ਸਮੇਂ ਮੁਕਤੀ ਪਾਈ ਸੀ। ਜੇਕਰ ਇੱਕ ਵਿਅਕਤੀ ਰਾਜਾ ਨੂੰ ਮਾਨਸਿਕ ਤੌਰ ਤੇ ਸਵੀਕਾਰ ਕਰਨ ਦੇ ਲਈ ਤਿਆਰ ਹੁੰਦਾ ਹੈ ਅਤੇ ਇਸ ਆਧਾਰ ਤੇ ਯੂਹੰਨਾ ਦੁਆਰਾ ਬਪਤਿਸਮਾ ਲੈਂਦਾ ਹੈ, ਤਾਂ ਉਸ ਨੂੰ ਮੁਕਤੀ ਅਤੇ ਮਾਫ਼ੀ ਪ੍ਰਾਪਤ ਕਰਨ ਦੇ ਲਈ ਰਾਜਾ ਨੂੰ ਸਵੀਕਾਰ ਕਰਨ ਦੀ ਲੋੜ ਪੂਰੀ ਕਰਨੀ ਸੀ। ਯੂਹੰਨਾ ਦੇ ਸੰਦੇਸ਼ ਅਤੇ ਬਪਤਿਸਮੇ ਨੇ ਇੱਕ ਵਿਅਕਤੀ ਨੂੰ ਪਾਪਾਂ ਦੀ ਮਾਫ਼ੀ ਦੇ ਦ੍ਰਿਸ਼ਟੀਕੋਣ ਨਾਲ ਰਾਜਾ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਕੀਤਾ, ਇਹ ਮਾਫ਼ੀ ਰਾਜਾ ਆਪਣੇ ਆਉਣ ਤੇ ਉਸ ਨੂੰ ਦੇਵੇਗਾ। ਪਾਪਾਂ ਦੀ ਮਾਫ਼ੀ ਉਦੋਂ ਤੱਕ ਨਹੀਂ ਮਿਲ ਸਕਦੀ ਸੀ ਜਦੋਂ ਤੱਕ ਕਿ ਰਾਜਾ ਦੇ ਇਸਰਾਏਲ ਵਿੱਚ ਆਉਣ ਵੇਲੇ ਉਹ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ। ਸੰਭਵ ਹੈ ਕਿ ਜਿਹਨਾਂ ਲੋਕਾਂ ਨੂੰ ਯੂਹੰਨਾ ਨੇ ਬਪਤਿਸਮਾ ਦਿੱਤਾ ਸੀ ਉਹਨਾਂ ਵਿੱਚੋਂ ਕੁਝ ਲੋਕਾਂ ਨੇ ਬਾਅਦ ਵਿੱਚ ਯਿਸੂ ਦੇ ਮਸੀਹ ਹੋਣ ਦੇ ਦਾਅਵੇ ਨੂੰ ਰੱਦ ਕਰ ਦਿੱਤਾ ਹੋਵੇਗਾ, ਅਤੇ ਇਹ ਤੱਥ ਕਿ ਉਹਨਾਂ ਨੂੰ ਬਪਤਿਸਮਾ ਦਿੱਤਾ ਗਿਆ ਸੀ, ਇਸ ਨੇ ਉਹਨਾਂ ਨੂੰ ਬਚਾਇਆ ਨਹੀਂ ਸੀ (ਯੂਹੰਨਾ 3:5 ਤੇ ਪਿੱਛਲੀ ਟਿੱਪਣੀ ਦੇਖੋ)। ਉੱਪਰ ਦਿੱਤੇ ਵਚਨਾਂ ਦਾ ਹੇਠ ਲਿਖੇ ਰੂਪ ਵਿੱਚ ਅਨੁਵਾਦ ਕੀਤਾ ਜਾ ਸਕਦਾ ਹੈ:

> "ਮੈਂ ਤੁਹਾਨੂੰ ਪਾਣੀ ਦੇ ਨਾਲ ਤੋਬਾ ਦਾ ਬਪਤਿਸਮਾ ਦਿੰਦਾ ਹਾਂ" (ਉਸ ਸੋਚ ਵਿੱਚ ਬਦਲਾਵ ਦੇ ਕਾਰਨ ਜੋ ਆਉਣ ਵਾਲੇ ਰਾਜੇ ਨੂੰ ਸਵੀਕਾਰ ਕਰਨ ਲਈ ਤਿਆਰ ਕੀਤੀ ਗਈ ਹੈ) [ਮੱਤੀ 3:11][50]
>
> ਯੂਹੰਨਾ ਆਇਆ ਜਿਹੜਾ ਸੁੰਨਸਾਨ ਥਾਂ ਵਿੱਚ ਤੋਬਾ ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਸੀ ਜੋ ਪਾਪਾਂ ਦੀ ਮਾਫ਼ੀ ਦੇ ਦ੍ਰਿਸ਼ਟੀਕੋਣ ਨਾਲ ਸੀ ਜਿਸ ਨੂੰ ਰਾਜਾ ਆਪਣੇ ਆਉਣ ਸਮੇਂ ਦੇਣਗੇ [ਮਰਕੁਸ 1:4]
>
> ਅਤੇ ਉਹ ਯਰਦਨ ਦੇ ਸਾਰੇ ਆਲੇ-ਦੁਆਲੇ ਦੇ ਖੇਤਰ ਵਿੱਚ ਗਿਆ ਅਤੇ ਤੋਬਾ (ਮਸੀਹ ਦੇ ਆਉਣ ਬਾਲੇ ਮਨ ਦੇ ਬਦਲਣ) ਦੇ ਬਪਤਿਸਮੇ ਦਾ ਪ੍ਰਚਾਰ ਕਰਦਾ ਰਿਹਾ ਜੋ ਪਾਪੀ ਦੀ ਮਾਫ਼ੀ ਦੇ ਦ੍ਰਿਸ਼ਟੀਕੋਣ ਨਾਲ ਸੀ ਜੋ ਰਾਜਾ ਆਪਣੇ ਆਉਣ ਤੇ ਦੇਣਗੇ [ਲੂਕਾ 3:3]

ਯੂਹੰਨਾ ਦੇ ਕੰਮ ਨੂੰ ਪੂਰੀ ਤਰ੍ਹਾਂ ਤਿਆਰੀ ਦੇ ਰੂਪ ਵਿੱਚ ਦੇਖਣਾ ਸਭ ਤੋਂ ਵਧੀਆ ਹੈ। ਉਹ ਆਪ ਲੋਕਾਂ ਨੂੰ ਪਾਪਾਂ ਦੀ ਮਾਫ਼ੀ ਨਹੀਂ ਦੇ ਰਿਹਾ ਸੀ। ਉਸ ਨੇ ਲੋਕਾਂ ਨੂੰ ਮਾਨਸਿਕ ਅਤੇ ਨੈਤਿਕ ਰੂਪ ਨਾਲ ਬਦਲਣ ਦਾ ਸੱਦਾ ਦਿੱਤਾ, ਅਤੇ ਉਸ ਨੂੰ ਸਵੀਕਾਰ ਕਰਨ ਲਈ ਤਿਆਰ ਹੋਣ ਲਈ ਕਿਹਾ ਜੋ ਆਪਣੇ ਆਉਣ ਤੇ ਅਜਿਹੀ ਮਾਫ਼ੀ ਦੇਵੇਗਾ। ਯੂਹੰਨਾ ਦਾ ਬਪਤਿਸਮਾ ਭਵਿੱਖ ਦੇ ਰਾਜੇ ਅਤੇ ਉਸ ਦੀ ਭਵਿੱਖ ਦੀ ਮਾਫ਼ੀ ਨੂੰ ਸਵੀਕਾਰ ਕਰਨ ਦੀ ਤਿਆਰੀ ਦਾ ਇੱਕ ਪ੍ਰਤੀਕ ਸੀ। ਯੂਹੰਨਾ ਦਾ ਬਪਤਿਸਮਾ ਮੁਕਤੀ ਨਾਲ ਇਸ ਤਰ੍ਹਾਂ ਜੁੜਿਆ ਹੋਇਆ ਹੈ ਕਿ ਇਹ ਲੋਕਾਂ ਨੂੰ ਮੁਕਤੀਦਾਤਾ ਨੂੰ ਸਵੀਕਾਰ ਕਰਨ ਦੇ ਲਈ ਤਿਆਰ ਕਰ ਰਿਹਾ ਹੈ। ਪਰ ਵਾਅਦਾ ਕੀਤੀ ਗਈ ਪਾਪ ਦੀ ਮਾਫ਼ੀ ਨੂੰ ਰਾਜੇ ਦੇ ਆਉਣ ਦੀ ਉਡੀਕ ਕਰਨ ਦੀ ਲੋੜ ਸੀ। ਯੂਹੰਨਾ ਨੇ ਬਪਤਿਸਮੇ ਦੁਆਰਾ ਮੁਕਤੀ ਲਈ ਤਿਆਰੀ ਕੀਤੀ ਸੀ। ਮਸੀਹ ਨੇ **ਸਿਰਫ਼ ਵਿਸ਼ਵਾਸ** ਦੁਆਰਾ ਮੁਕਤੀ ਨੂੰ ਪ੍ਰਦਾਨ ਕੀਤਾ।

ਜੇਕਰ ਕੋਈ ਅਜੇ ਵੀ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਯੂਹੰਨਾ ਦੀ ਸੇਵਕਾਈ ਨੇ ਅਸਲ ਵਿੱਚ ਪਾਪਾਂ ਦੀ ਮਾਫ਼ੀ ਪ੍ਰਦਾਨ ਕੀਤੀ ਸੀ, ਇਹ ਭਵਿੱਖ ਵਿੱਚ ਮਸੀਹ ਦੁਆਰਾ ਦਿੱਤੀ ਜਾਣ ਵਾਲੀ ਮਾਫ਼ੀ ਦੀ ਤਿਆਰੀ ਦਾ ਵਿਰੋਧੀ ਵਿਚਾਰ ਹੋਵੇਗਾ, ਤਾਂ ਕੋਈ ਇਸ ਗੱਲ ਉੱਤੇ ਵੀ ਜ਼ੋਰ ਦੇ ਸਕਦਾ ਹੈ ਕਿ ਅਜਿਹੀ ਮਾਫ਼ੀ ਦਾ ਆਧਾਰ ਬਪਤਿਸਮਾ ਨਹੀਂ ਪਰ ਤੋਬਾ ਸੀ। ਜੇਕਰ ਯੂਹੰਨਾ ਨੇ ਅਸਲ ਵਿੱਚ ਪਾਪਾਂ ਦੀ ਮਾਫ਼ੀ ਦੀ ਪੇਸ਼ਕਸ਼ ਕੀਤੀ ਸੀ, ਤਾਂ ਇਸ ਦਾ ਆਧਾਰ ਬਪਤਿਸਮਾ ਨਹੀਂ ਪਰ ਤੋਬਾ ਸੀ। ਫਿਰ ਵੀ, ਇਹ ਮੰਨਣਾ ਸਹੀ ਹੈ ਕਿ ਯੂਹੰਨਾ ਆਪ ਪਾਪਾਂ ਦੀ ਮਾਫ਼ੀ ਨਹੀਂ

---

[50] ਮੱਤੀ 3:11 ਦਾ ਇਸ ਤਰ੍ਹਾਂ ਅਨੁਵਾਦ ਕੀਤਾ ਜਾ ਸਕਦਾ ਹੈ: "ਮੈਂ ਤੁਹਾਨੂੰ ਤੋਬਾ ਕਰਨ ਦੇ ਦ੍ਰਿਸ਼ਟੀਕੋਣ ਨਾਲ ਪਾਣੀ ਦਾ ਬਪਤਿਸਮਾ ਦਿੰਦਾ ਹਾਂ।" ਇਹ ਸਮਝਣਾ ਜ਼ਰੂਰੀ ਹੋਵੇਗਾ ਕਿ ਯੂਹੰਨਾ ਦੇ ਬਪਤਿਸਮੇ ਦੀ ਪਹਿਲੀ ਸ਼ਰਤ ਤੋਬਾ ਸੀ, ਪਰ ਇਹ ਵੀ, ਕਿ ਬਪਤਿਸਮੇ ਦਾ ਉਦੇਸ਼ ਇੱਕ ਹੋਰ ਤੋਬਾ ਵੀ ਪੈਦਾ ਕਰਨਾ ਸੀ। ਇਸ ਤਰ੍ਹਾਂ ਦਾ ਅਨੁਵਾਦ 1 ਕੁਰਿੰਥ 12:13 ਦੇ ਨਾਲ ਚੰਗੀ ਤਰ੍ਹਾਂ ਬਰਾਬਰ ਹੋਵੇਗਾ (ਯੂਹੰਨਾ ਨੇ ਤੋਬਾ ਕਰਨ ਦੇ ਦ੍ਰਿਸ਼ਟੀਕੋਣ ਨਾਲ ਪਾਣੀ ਵਿੱਚ ਬਪਤਿਸਮਾ ਦਿੱਤਾ; ਮਸੀਹ ਇੱਕ ਸਰੀਰ ਵਿੱਚ ਏਕਤਾ ਦੇ ਦ੍ਰਿਸ਼ਟੀਕੋਣ ਨਾਲ ਪਵਿੱਤਰ ਆਤਮਾ ਵਿੱਚ ਬਪਤਿਸਮਾ ਦਿੰਦੇ ਹਨ)।

ਦੇ ਰਿਹਾ ਸੀ। ਉਸ ਦਾ ਬਪਤਿਸਮਾ ਭਵਿੱਖ ਵਿੱਚ ਪਾਪਾਂ ਦੀ ਉਸ ਮਾਫ਼ੀ ਨੂੰ ਪ੍ਰਾਪਤ ਕਰਨ ਦੀ ਤਿਆਰੀ ਦਾ ਪ੍ਰਤੀਕ ਸੀ ਜੋ ਮਸੀਹ ਦੇਣਗੇ। ਅੰਤ ਵਿੱਚ, ਮਸੀਹ ਨੂੰ ਰੱਦ ਕਰਨ ਤੋਂ ਬਾਅਦ ਯੂਹੰਨਾ ਦੇ ਬਪਤਿਸਮੇ ਦਾ ਅਭਿਆਸ ਨਹੀਂ ਕੀਤਾ ਗਿਆ ਹੈ। ਇਸ ਲਈ, ਯੂਹੰਨਾ ਦੇ ਬਪਤਿਸਮੇ ਨਾਲ ਜੁੜੇ ਵਚਨਾਂ ਨੂੰ ਇਸ ਗੱਲ ਦੇ ਸਬੂਤ ਵਜੋਂ ਵਰਤਣ ਦਾ ਕੋਈ ਆਧਾਰ ਨਹੀਂ ਹੈ ਕਿ ਬਪਤਿਸਮਾ ਮੁਕਤੀ ਲਈ ਇੱਕ ਸ਼ਰਤ ਹੈ।

### H. ਬਚਾਏ ਜਾਣ ਦੇ ਲਈ ਮਨੁੱਖਾਂ ਸਾਹਮਣੇ ਤੋਬਾ ਕਰਨਾ

ਇੱਕ ਸਭਾ ਵਿੱਚ ਕਿਸੇ ਵਿਅਕਤੀ ਨੂੰ ਅੱਗੇ ਬੁਲਾ ਕੇ ਉਸ ਤੋਂ ਮਸੀਹ ਨੂੰ ਸਵੀਕਾਰ ਕਰਨ ਲਈ ਕਹਿਣਾ, ਨਾ ਤਾਂ ਬਾਈਬਲ ਦੇ ਅਨੁਸਾਰ ਹੈ ਅਤੇ ਨਾ ਹੀ ਬਾਈਬਲ ਇਸ ਤੋਂ ਮਨਾ ਕਰਦੀ ਹੈ। ਪ੍ਰਚਾਰ ਦੀ ਵਿਧੀ ਬਾਰੇ ਕਲੀਸਿਯਾਵਾਂ ਦੇ ਵਿਚਾਰ ਵੱਖੋ-ਵੱਖਰੇ ਹੋਣਗੇ। ਪਰ, ਲੋਕਾਂ ਉੱਤੇ ਦਬਾਅ ਬਣਾ ਕੇ ਉਹਨਾਂ ਨੂੰ “ਅੱਗੇ ਆਉਣ ਲਈ ਕਹਿਣਾ” ਇੱਕ ਵੱਡੀ ਗ਼ਲਤੀ ਦਾ ਖ਼ਤਰਾ ਪੈਦਾ ਕਰ ਸਕਦਾ ਹੈ।

ਬਾਈਬਲ ਮੁਕਤੀ ਨੂੰ ਸਿਰਫ਼ ਵਿਸ਼ਵਾਸ ਉੱਤੇ ਆਧਾਰਿਤ ਕਰਦੀ ਹੈ। ਜੇਕਰ ਕੋਈ ਵਿਸ਼ਵਾਸ ਦੀ ਇੱਕਲੌਤੀ ਸ਼ਰਤ ਵਿੱਚ "ਯਿਸੂ ਦਾ ਲੋਕਾਂ ਸਾਹਮਣੇ ਇਕਰਾਰ ਕਰਨਾ" ਜੋੜਦਾ ਹੈ, ਤਾਂ ਉਹ "ਕਿਸੇ ਹੋਰ ਸ਼ੁਭ-ਸਮਾਚਾਰ" ਦਾ ਪ੍ਰਚਾਰ ਕਰ ਰਿਹਾ ਹੈ। “ਯਿਸੂ ਦਾ ਲੋਕਾਂ ਦੇ ਸਾਹਮਣੇ ਇਕਰਾਰ ਕਰਨ” ਦੀ ਸ਼ਰਤ ਨੂੰ ਇੱਕ ਅਜਿਹੇ ਰਵੱਈਏ ਨਾਲ ਜੋੜ ਦਿੱਤਾ ਜਾਂਦਾ ਹੈ ਕਿ ਜੇਕਰ “ਨਤੀਜਾ ਵਧੀਆ ਹੈ ਤਾਂ ਤਰੀਕਾ ਵੀ ਵਧੀਆ ਹੀ ਹੋਵੇਗਾ।" ਇਹ ਅਗਿਆਨਤਾ, ਬੇਚੈਂਗੀਆਂ ਆਦਤਾਂ, ਜੀਵਨ ਪਰਿਵਰਤਨ ਵਾਲੇ ਲੋਕਾਂ ਦੀ ਵਧੀ ਗਿਣਤੀ ਦੇ ਲਾਲਚ, ਜਾਂ ਕਿਸੇ ਬਾਈਬਲ ਦੇ ਆਧਾਰ ਨੂੰ ਸਮਝੇ ਬਿਨਾਂ ਇੱਕ ਪਰੰਪਰਾ ਨੂੰ ਪਾਲਣ ਕਰਦੇ ਰਹਿਣ ਤੋਂ ਵੀ ਪੈਦਾ ਸਕਦਾ ਹੈ। ਪ੍ਰਚਾਰਕ ਲੋਕਾਂ ਨੂੰ ਇਹ ਕਹਿ ਕੇ ਉਹਨਾਂ ਉੱਤੇ "ਫ਼ੈਸਲੇ" ਲੈਣ ਲਈ ਦਬਾਅ ਪਾਉਂਦੇ ਹਨ ਕਿ ਉਹਨਾਂ ਨੂੰ ਬਚਾਏ ਜਾਣ ਲਈ ਲੋਕਾਂ ਸਾਹਮਣੇ ਮਸੀਹ ਦਾ ਇਕਰਾਰ ਕਰਨ ਲੋੜ ਹੈ। ਪਰ ਉਸ ਡਰੀ ਹੋਈ ਆਤਮਾ ਉੱਤੇ ਵਿਚਾਰ ਕਰੋ ਜਿਸ ਨੂੰ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਵਿੱਚ ਤਾਂ ਕੋਈ ਮੁਸ਼ਕਲ ਨਹੀਂ ਹੈ, ਪਰ ਉਸ ਵਿੱਚ ਭੀੜ ਵਾਲੀ ਕਲੀਸਿਯਾ ਵਿੱਚ ਅੱਗੇ ਆ ਕੇ ਇਹ ਇਕਰਾਰ ਕਰਨ ਦੀ ਜ਼ਿਆਦਾ ਹਿੰਮਤ ਨਹੀਂ ਹੈ। ਅਜਿਹੇ ਵਿਅਕਤੀ ਅੱਗੇ ਪ੍ਰਚਾਰਕ ਨੇ ਮੁਕਤੀ ਪ੍ਰਾਪਤ ਕਰਨ ਦੇ ਲਈ ਮਨੁੱਖ ਦੁਆਰਾ ਬਣਾਈ ਗਈ ਅਤੇ ਗ਼ਲਤ ਸ਼ਰਤ ਰੱਖੀ ਹੈ। ਇਹ ਮੁਕਤੀ ਦੇ ਲਈ ਇੱਕ ਬਣਾਵਟੀ ਰੁਕਾਵਟ ਹੈ ਜੋ ਪਰਮੇਸ਼ਰ ਦੇ ਵਚਨ ਦੇ ਵਿਰੁੱਧ ਹੈ, ਅਤੇ ਇਸ ਨੂੰ ਕਲੀਸਿਯਾ ਦੁਆਰਾ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਕੀ ਅਜਿਹੀ ਜਗ੍ਹਾ ਵਿੱਚ ਮਸੀਹ ਉੱਤੇ ਵਿਸ਼ਵਾਸ ਕਰਨਾ ਸੰਭਵ ਨਹੀਂ ਹੈ ਜਿੱਥੇ ਲੋਕਾਂ ਦੇ ਸਾਹਮਣੇ ਇਕਰਾਰ ਕਰਨਾ ਨਾ ਹੋਵੇ, ਜਿਵੇਂ ਕਿ ਇੱਕ ਹੋਟਲ ਦੇ ਕਮਰੇ ਵਿੱਚ ਬਾਈਬਲ ਪੜ੍ਹਦਾ ਵਿਅਕਤੀ ਜਾਂ ਮਾਂ ਨਾਲ ਇੱਕ ਸ਼ਾਂਤ ਕਮਰੇ ਵਿੱਚ ਬੱਚਾ? ਕੀ ਸੱਚੇ ਵਿਸ਼ਵਾਸ ਤੋਂ ਬਿਨਾਂ ਵੀ ਲੋਕਾਂ ਦੇ ਸਾਮਣੇ ਇਕਰਾਰ ਕਰਨਾ ਸੰਭਵ ਨਹੀਂ ਹੋਵੇਗਾ? ਮੁਕਤੀ ਦੇ ਲਈ ਲੋਕਾਂ ਦੇ ਸਾਹਮਣੇ ਇਕਰਾਰ ਕਰਨ ਦੀ ਜ਼ਰੂਰਤ ਨੂੰ ਦਰਸਾਉਣ ਦੇ ਲਈ ਰੋਮੀ 10: 9-10a ਦੀ ਸਭ ਤੋਂ ਜ਼ਿਆਦਾ ਗ਼ਲਤ ਵਰਤੋਂ ਹੁੰਦੀ ਹੈ।[51]

#### 1. ਰੋਮੀ 10:9-10

> ਜੇਕਰ ਤੁਸੀਂ ਆਪਣੇ ਮੂੰਹ ਨਾਲ ਕਹਿ ਕੇ ਮੰਨੋ ਕਿ “ਯਿਸੂ ਪ੍ਰਭੂ ਹਨ,” ਅਤੇ ਆਪਣੇ ਦਿਲ ਦੇ ਨਾਲ ਵਿਸ਼ਵਾਸ ਕਰੋ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਹੈ ਤਾਂ ਤੁਸੀਂ ਮੁਕਤੀ ਪਾਓਗੇ। ਕਿਉਂਕਿ ਦਿਲ ਦੇ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਦੇ ਹਾਂ ਅਤੇ ਮੂੰਹ ਨਾਲ ਇਕਰਾਰ ਕਰ ਕੇ ਮੁਕਤੀ ਪ੍ਰਾਪਤ ਕਰਦੇ ਹਾਂ।

ਰੋਮੀ 10:9-10 ਵਿੱਚ, ਪੌਲੁਸ ਯਹੂਦੀ ਲੋਕਾਂ ਵਿਚਕਾਰ ਪ੍ਰਚਾਰ ਕਰਨ ਦੇ ਆਪਣੇ ਤਰੀਕੇ ਦੀ ਇੱਕ ਮਿਸਾਲ ਦੇ ਰਿਹਾ ਹੈ (ਦੇਖੋ ਰੋਮੀ 10:1)। ਉਹ ਕਹਿੰਦਾ ਹੈ ਕਿ ਜਿਹੜੇ ਤਰੀਕੇ ਦੀ ਉਹ ਵਰਤੋਂ ਕਰਦਾ ਹੈ ਉਸ ਵਿੱਚ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰਨਾ ਅਤੇ ਦਿਲ ਨਾਲ ਇਹ ਵਿਸ਼ਵਾਸ ਕਰਨਾ ਹੈ ਕਿ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਹੈ। ਬਾਈਬਲ ਦੇ ਇੱਕ ਚੰਗੇ ਵਿਆਖਿਆਕਾਰ ਦੇ ਰੂਪ ਵਿੱਚ, ਪੌਲੁਸ ਆਪਣੇ ਪ੍ਰਚਾਰ ਦੇ ਤਰੀਕੇ ਨੂੰ ਪਵਿੱਤਰ ਗ੍ਰੰਥ ਦੇ ਅਨੁਕੂਲ ਕਰਕੇ ਇਹ ਸਾਬਤ ਕਰਦਾ ਹੈ ਕਿ ਇਹ ਸਹੀ ਹੈ। ਆਇਤ 10 ਤੋਂ ਬਾਅਦ ਦੀਆਂ ਆਇਤਾਂ ਦਾ ਸੰਦਰਭ ਪੁਰਾਣੇ ਨੇਮ ਤੋਂ ਇਹ ਸਾਬਤ ਕਰਦਾ ਹੈ ਕਿ ਵਿਸ਼ਵਾਸ ਅਤੇ ਇਕਰਾਰ ਕਰਨ ਦੀ ਪੌਲੁਸ ਦੀ ਮੰਗ ਸਹੀ ਹੈ। ਆਇਤ 11 ਇਹ ਸਾਬਤ ਕਰਦੀ ਹੈ ਕਿ ਮਸੀਹ ਦੇ ਜੀਅ ਉੱਠਣ ਵਿੱਚ ਵਿਸ਼ਵਾਸ ਕਰਨ ਦਾ ਉਸ ਦਾ ਸੱਦਾ ਜਾਇਜ਼ ਹੈ; ਇਸ ਬਾਰੇ ਪਵਿੱਤਰ-ਗ੍ਰੰਥ [ਯਸਾ 28:16] ਕਹਿੰਦਾ ਹੈ, “ਜੋ ਕੋਈ ਉਹਨਾਂ ਵਿੱਚ ਵਿਸ਼ਵਾਸ ਕਰੇਗਾ, ਸ਼ਰਮਿੰਦਾ ਨਹੀਂ ਹੋਵੇਗਾ।” ਫਿਰ ਆਇਤ 13 ਵਿੱਚ ਪੌਲੁਸ ਯਿਸੂ ਦਾ ਪ੍ਰਭੂ (ਪਰਮੇਸ਼ਰ, ਮਸੀਹ, ਮਾਲਕ) ਵਜੋਂ ਇਕਰਾਰ ਕਰਨ ਦੇ ਆਪਣੇ ਸੱਦੇ ਦੇ ਲਈ ਪਵਿੱਤਰ ਗ੍ਰੰਥ ਦਾ ਸਬੂਤ ਦਿੰਦਾ ਹੈ।

ਆਇਤ 13 ਵਿੱਚ ਉਹ ਯੋਏਲ 2:32 ਦਾ ਹਵਾਲਾ ਦਿੰਦਾ ਹੈ, "ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਸਾਨੂੰ ਦੱਸਦਾ ਹੈ, “ਉਹ ਸਾਰੇ ਲੋਕ ਜੋ ਪ੍ਰਭੂ ਦਾ ਨਾਮ ਲੈਣਗੇ, ਮੁਕਤੀ ਪ੍ਰਾਪਤ ਕਰਨਗੇ।” ਸੰਖੇਪ ਰੂਪ ਵਿੱਚ, ਪੌਲੁਸ ਦੀ

[51] ਸਪੱਸ਼ਟ ਰੂਪ ਵਿੱਚ, ਕਿਸੇ ਵੀ ਵਿਚਾਰ ਦੇ ਅਧੀਨ ਇਹਨਾਂ ਆਇਤਾਂ ਦਾ ਸੰਦਰਭ ਲੋਕਾਂ ਸਾਹਮਣੇ ਜਗਵੇਦੀ ਦੀ ਪੁਕਾਰ ਦੇ ਆਧੁਨਿਕ ਅਭਿਆਸ ਦਾ ਹਵਾਲਾ ਨਹੀਂ ਦਿੰਦਾ ਹੈ। ਇਸ ਤੋਂ ਇਲਾਵਾ, ਅਜਿਹੇ ਬਹੁਤ ਘੱਟ ਲੋਕ ਹੋਣਗੇ ਜੋ ਇਸ ਵਿਚਾਰ ਨੂੰ ਇਸ ਦੇ ਤਰਕਪੂਰਨ ਨਤੀਜੇ ਅਤੇ ਗਵਾਹੀ ਦੇ ਆਧਾਰ ਉੱਤੇ ਮੁਕਤੀ ਪ੍ਰਾਪਤ ਕਰਨ ਵਜੋਂ ਲੈਣਾ ਚਾਹੁਣਗੇ। ਇਹ ਯਹੋਵਾਹ-ਵਿਟਨਸ ਦੇ ਵਿਚਾਰ ਦੇ ਵਾਂਗ ਇੱਕ ਕੰਮ ਆਧਾਰਿਤ ਪ੍ਰਣਾਲੀ ਵੱਲ ਚਲਾ ਜਾਵੇਗਾ ਕਿ ਮੁਕਤੀ ਗਵਾਹੀ ਦੇਣ ਦੇ ਕੰਮ ਦੁਆਰਾ ਮਿਲਦੀ ਹੈ।

ਦਲੀਲ ਇਸ ਤਰ੍ਹਾਂ ਚੱਲਦੀ ਹੈ: "ਮੈਂ ਯਹੂਦੀਆਂ ਤੋਂ ਜੀਅ-ਉੱਠੇ ਪ੍ਰਭੂ ਵਿੱਚ ਵਿਸ਼ਵਾਸ ਕਰਨ ਦੇ ਲਈ ਇਸ ਲਈ ਕਹਿੰਦਾ ਹਾਂ ਕਿਉਂਕਿ ਯਸਾ 28:16 ਵਿਸ਼ਵਾਸ ਕਰਨ ਦੇ ਲਈ ਕਹਿੰਦਾ ਹੈ, ਅਤੇ ਮੈਂ ਇਕਰਾਰ ਕਰਨ ਦੇ ਲਈ ਕਹਿੰਦਾ ਹਾਂ ਕਿਉਂਕਿ ਯੋਏਲ 2:32 ਮੁਕਤੀ ਦੇ ਲਈ ਪ੍ਰਭੂ ਦਾ ਨਾਮ ਲੈਣ ਦਾ ਸੱਦਾ ਦਿੰਦਾ ਹੈ।" **ਪੌਲੁਸ ਜਿਹੜਾ ਇਕਰਾਰ ਚਾਹੁੰਦਾ ਹੈ, ਉਹ ਪਰਮੇਸ਼ਰ ਸਾਹਮਣੇ ਕੀਤੀ ਗਈ ਪ੍ਰਾਰਥਨਾ ਵਿੱਚ ਮਿਲਦਾ ਹੈ। ਉਹ ਮਨੁੱਖਾਂ ਦੇ ਸਾਹਮਣੇ ਕੀਤੇ ਗਏ ਇਕਰਾਰ ਬਾਰੇ ਨਹੀਂ ਸੋਚ ਰਿਹਾ ਹੈ।** ਰੋਮੀਆਂ 10:9 ਵਿੱਚ "ਕਬੂਲ ਕਰਨਾ" ਪ੍ਰਾਰਥਨਾ ਵਿੱਚ "ਪ੍ਰਭੂ ਦਾ ਨਾਮ" ਲੈਣਾ ਹੈ, ਅਤੇ ਰੋਮੀ 10:13 ਵਿੱਚ ਇਹ ਸਵੀਕਾਰ ਕਰਨਾ ਹੈ ਕਿ ਯਿਸੂ ਹੀ ਪ੍ਰਭੂ ਹਨ। ਇਸ ਵਚਨ ਦੀ ਦਲੀਲ ਇਹ ਸਪੱਸ਼ਟ ਕਰਦੀ ਹੈ ਕਿ ਜਿਸ ਇਕਰਾਰ ਬਾਰੇ ਆਇਤ 9 ਗੱਲ ਕਰਦੀ ਹੈ ਉਹ ਪ੍ਰਭੂ ਦਾ ਨਾਮ ਲੈਣ ਵਿੱਚ ਪ੍ਰਗਟ ਕੀਤਾ ਗਿਆ ਹੈ (ਜਿਵੇਂ ਕਿ ਆਇਤਾਂ 12-13 ਵਿੱਚ ਹੈ)। **ਪੌਲੁਸ ਆਪਣੇ ਸੰਗੀ ਯਹੂਦੀਆਂ ਨੂੰ ਮੁਕਤੀ ਪ੍ਰਾਪਤ ਕਰਨ ਦੇ ਲਈ ਮਨੁੱਖਾਂ ਸਾਹਮਣੇ ਇਕਰਾਰ ਕਰਨ ਲਈ ਨਹੀਂ ਕਹਿ ਰਿਹਾ ਹੈ। ਉਹ ਉਹਨਾਂ ਨੂੰ ਪ੍ਰਾਰਥਨਾ ਕਰਦੇ ਹੋਏ ਇਹ ਮੰਨਣ ਦੇ ਲਈ ਕਹਿ ਰਿਹਾ ਹੈ ਕਿ ਯਿਸੂ ਮਸੀਹ ਉਹਨਾਂ ਦੇ ਪ੍ਰਭੂ (ਮਸੀਹ) ਹਨ।** ਯਿਸੂ ਮਸੀਹ ਨੂੰ ਪਰਮੇਸ਼ਰ ਦੇ ਪੁੱਤਰ ਵਜੋਂ ਮੰਨਣਾ ਬਚਾਉਣ ਵਾਲੇ ਵਿਸ਼ਵਾਸ ਦਾ ਜ਼ਰੂਰੀ ਹਿੱਸਾ ਹੈ। ਇਸ ਇਕਰਾਰ ਦਾ ਇੱਕ ਵਧੀਆ ਅਤੇ ਬਾਈਬਲ ਆਧਾਰਿਤ ਤਰੀਕਾ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਨ ਦੁਆਰਾ ਹੈ। ਰੋਮੀ 10:9-10 ਵਿੱਚ ਨਿੱਜੀ ਜਾਂ ਜਨਤਕ ਤੌਰ ਤੇ ਇਕਰਾਰ ਕਰਨ ਬਾਰੇ ਕੁਝ ਵੀ ਨਹੀਂ ਹੈ।

**2. ਮੱਤੀ 10:32-33 ਅਤੇ ਲੂਕਾ 12:8-9**

> "ਹਰ ਕੋਈ ਜਿਹੜਾ ਮਨੁੱਖਾਂ ਦੇ ਸਾਹਮਣੇ ਮੇਰਾ ਇੱਕਰਾਰ ਕਰਦਾ ਹੈ, ਮੈਂ ਵੀ ਆਪਣੇ ਪਿਤਾ ਦੇ ਸਾਹਮਣੇ ਸਵਰਗ ਵਿੱਚ ਉਸ ਦਾ ਇੱਕਰਾਰ ਕਰਾਂਗਾ। ਪਰ ਜਿਹੜਾ ਮਨੁੱਖਾਂ ਦੇ ਸਾਹਮਣੇ ਮੇਰਾ ਇਨਕਾਰ ਕਰਦਾ, ਮੈਂ ਵੀ ਆਪਣੇ ਪਿਤਾ ਦੇ ਸਾਹਮਣੇ ਸਵਰਗ ਵਿੱਚ ਉਸ ਦਾ ਇਨਕਾਰ ਕਰਾਂਗਾ" [ਮੱਤੀ 10:32- 33]
>
> "ਮੈਂ ਤੁਹਾਨੂੰ ਕਹਿੰਦਾ ਹਾਂ ਜਿਹੜਾ ਲੋਕਾਂ ਦੇ ਸਾਹਮਣੇ ਮੈਨੂੰ ਪ੍ਰਭੂ ਮੰਨਦਾ ਹੈ, ਉਸ ਨੂੰ ਮਨੁੱਖ ਦਾ ਪੁੱਤਰ ਵੀ ਪਰਮੇਸ਼ਰ ਦੇ ਸਵਰਗਦੂਤਾਂ ਦੇ ਸਾਹਮਣੇ ਆਪਣਾ ਕਰ ਕੇ ਮੰਨੇਗਾ। ਪਰ ਜਿਹੜਾ ਲੋਕਾਂ ਦੇ ਸਾਹਮਣੇ ਮੈਨੂੰ ਪ੍ਰਭੂ ਨਹੀਂ ਮੰਨਦਾ, ਉਸ ਨੂੰ ਮਨੁੱਖ ਦਾ ਪੁੱਤਰ ਵੀ ਪਰਮੇਸ਼ਰ ਦੇ ਸਵਰਗਦੂਤਾਂ ਦੇ ਸਾਹਮਣੇ ਆਪਣਾ ਕਰ ਕੇ ਨਹੀਂ ਮੰਨੇਗਾ।" [ਲੂਕਾ 12:8-9]

ਮੱਤੀ 10:32ff. ਅਤੇ ਲੂਕਾ 12:8ff. ਵੀ ਉਹ ਵਚਨ ਹਨ ਜਿਹਨਾਂ ਨੂੰ ਮੁਕਤੀ ਦੀ ਇੱਕ ਮੰਗ ਦੇ ਰੂਪ ਵਿੱਚ ਲੋਕਾਂ ਦੇ ਸਾਹਮਣੇ ਯਿਸੂ ਦਾ ਇਕਰਾਰ ਕਰਨ ਦੇ ਲਈ ਵਰਤਿਆ ਜਾਂਦਾ ਹੈ। ਜਦੋਂ ਇਹਨਾਂ ਨੂੰ ਬਾਈਬਲ ਦੇ ਬਾਕੀ ਵਚਨਾਂ ਤੋਂ ਅਲੱਗ ਦੇਖਿਆ ਜਾਂਦਾ ਹੈ, ਤਾਂ ਇਹਨਾਂ ਵਚਨਾਂ ਦੀ ਅਜਿਹੀ ਵਿਆਖਿਆ ਕੀਤੀ ਜਾ ਸਕਦੀ ਹੈ। ਪਰ ਇਸ ਦਾ ਨਤੀਜਾ ਉਹਨਾਂ 150 ਵਚਨਾਂ ਦੇ ਉਲਟ ਹੋਵੇਗਾ ਜੋ ਸਿਰਫ਼ ਵਿਸ਼ਵਾਸ ਨੂੰ ਮੁਕਤੀ ਦੀ ਸ਼ਰਤ ਵਜੋਂ ਪੇਸ਼ ਕਰਦੇ ਹਨ।

ਜੇਕਰ ਪ੍ਰਭੂ ਦੇ ਕਥਨਾਂ ਨੂੰ ਇਸ ਤਰੀਕੇ ਨਾਲ ਦੇਖਿਆ ਜਾਂਦਾ ਹੈ ਜੋ ਬਾਕੀ ਦੀ ਬਾਈਬਲ ਨਾਲ ਮੇਲ ਖਾਂਦਾ ਹੈ, ਤਾਂ ਫਿਰ ***ਸਿਰਫ਼ ਵਿਸ਼ਵਾਸ*** ਦੀ ਸਥਿਤੀ ਨੂੰ ਹੀ ਕਾਇਮ ਨਹੀਂ ਰੱਖਿਆ ਜਾਵੇਗਾ ਬਲਕਿ ਬਾਈਬਲ ਦੇ ਕਦੇ ਗ਼ਲਤ ਨਾ ਹੋਣ ਨੂੰ ਵੀ ਕਾਇਮ ਰੱਖਿਆ ਜਾਵੇਗਾ। ਇਹ ਮਹੱਤਵ ਨਹੀਂ ਰੱਖਦਾ ਕਿ ਮੱਤੀ 10:32 ਅਤੇ ਲੂਕਾ 12:8 ਦੇ ਹੇਠਾਂ ਲਿਖੇ ਵਿਚਾਰਾਂ ਵਿੱਚੋਂ ਕਿਹੜਾ ਸਹੀ ਹੈ। ਮਹੱਤਵਪੂਰਣ ਗੱਲ ਇਹ ਹੈ ਕਿ ਇਹਨਾਂ ਦੀਆਂ ਕੁਝ ਅਜਿਹੀਆਂ ਵਿਆਖਿਆਵਾਂ ਹਨ ਜੋ ਸਾਰੀ ਬਾਈਬਲ ਨਾਲ ਸਹਿਮਤ ਹੁੰਦੀਆਂ ਹਨ ਅਤੇ ਬਾਈਬਲ ਦੀ ਅਚੂਕਤਾ ਅਤੇ *ਸਿਰਫ਼ ਵਿਸ਼ਵਾਸ* ਸਿਧਾਂਤ ਨੂੰ ਸੰਭਾਲ ਕੇ ਰੱਖਦੀਆਂ ਹਨ। ਇਹਨਾਂ ਵਚਨਾਂ ਦੀ **ਕੋਈ ਵੀ** ਵਿਆਖਿਆ ਜ਼ਿਆਦਾ ਸਵੀਕਾਰ ਹੋਵੇਗੀ ਜੋ ਬਾਈਬਲ ਦਾ ਵਿਰੋਧ ਕਰਨ ਵਾਲੀ ਵਿਆਖਿਆ ਨਾ ਬਣ ਜਾਵੇ। ਹੁਣ ਅਸੀਂ ਵਿਆਖਿਆਵਾਂ ਦੀਆਂ ਸੰਭਾਵਨਾਵਾਂ ਤੇ ਚਰਚਾ ਕਰਾਂਗੇ।

### a. ਰਸੂਲਾਂ ਦਾ ਵਿਚਾਰ

ਮੱਤੀ 10:32 ਅਤੇ ਲੂਕਾ 12:8-9 ਦਾ ਉਹਨਾਂ 150 ਆਇਤਾਂ ਨਾਲ (ਜੋ ***ਸਿਰਫ਼ ਵਿਸ਼ਵਾਸ*** ਨੂੰ ਸਿਖਾਉਂਦੀਆਂ ਹਨ) ਮੇਲ ਕਰਨ ਦਾ ਇੱਕ ਤਰੀਕਾ ਇਹ ਹੈ ਕਿ ਉਹਨਾਂ ਨੂੰ ਸਿਰਫ਼ ਉਹਨਾਂ ਲੋਕਾਂ ਦੇ ਲਈ ਮੰਨਿਆ ਜਾਵੇ ਜਿਹਨਾਂ ਨਾਲ ਇਹ ਸ਼ਬਦ ਬੋਲੇ ਗਏ ਸਨ। ਇਹ ਸਮਾਨਾਰਥੀ ਵਚਨ ਹਨ ਜੋ **ਮੁੱਖ ਤੌਰ ਤੇ ਰਸੂਲਾਂ ਨੂੰ** ਦਿੱਤੇ ਗਏ ਸਨ (ਮੱਤੀ 10:1-2; ਲੂਕਾ 12:1 "ਪਹਿਲਾਂ ਆਪਣੇ ਚੇਲਿਆਂ ਨੂੰ…") ਜੋ ਸਿਰਫ਼ ਇਸਰਾਏਲ ਨੂੰ (ਮੱਤੀ 10:6) ਰਾਜ ਦੀ ਘੋਸ਼ਣਾ ਕਰ ਰਹੇ ਸਨ (ਮੱਤੀ 10:7)। ਜੇਕਰ ਇਹ ਚੇਤਾਵਨੀ ਸਿਰਫ਼ ਬਾਰ੍ਹਾਂ ਚੇਲਿਆਂ ਤੱਕ ਸੀਮਿਤ ਹੈ, ਤਾਂ ਇਕਰਾਰ ਕਰਦੇ ਹੋਏ ਮਸੀਹ ਨੂੰ ਸਵੀਕਾਰ ਕਰਨਾ ਜਾਂ ਇਸ ਦੇ ਇਨਕਾਰ ਕਰਨ ਉੱਤੇ ਜ਼ੋਰ ਦੇਣਾ ਸ਼ਾਇਦ ਯਹੂਦਾ ਇਸਕਰਿਯੋਤੀ ਦੇ ਲਈ ਹੋ ਸਕਦਾ ਹੈ। ਇਹ ਸ਼ਾਇਦ ਚੇਲਿਆਂ ਦੇ ਲਈ ਸਹੀ ਹੈ ਕਿ ਜਿਹਨਾਂ ਨੇ ਮਸੀਹ ਨੂੰ ਇਕਰਾਰ ਕੀਤਾ ਹੈ ਉਹ ਸਵਰਗ ਵਿੱਚ ਸਨਮਾਨਿਤ ਹੋਣਗੇ, ਪਰ ਜਿਹਨਾਂ ਨੇ (ਯਹੂਦਾ) ਇਨਕਾਰ ਕੀਤਾ ਹੈ ਉਹਨਾਂ ਦਾ ਮਸੀਹ ਦੁਆਰਾ ਸਵਰਗ ਵਿੱਚ ਪਿਤਾ ਦੇ ਸਾਹਮਣੇ ਇਨਕਾਰ ਕੀਤਾ ਜਾਵੇਗਾ।[52] ਇਹਨਾਂ ਬਿਆਨਾਂ ਨੂੰ ਵਿਸ਼ੇਸ਼

[52] ਮੱਤੀ 10 ਦਾ ਸੰਦਰਭ ਇਹਨਾਂ ਟਿੱਪਣੀਆਂ ਨੂੰ ਰਸੂਲਾਂ ਤੱਕ ਸੀਮਤ ਕਰਨ ਦੇਲਈ ਲੂਕਾ 12 ਦੇ ਸੰਦਰਭ ਨਾਲੋਂ ਵਧੇਰੇ ਮਜ਼ਬੂਤ ਸਮਰਥਨ ਦੇਵੇਗਾ। ਪ੍ਰਭੂ "ਪਹਿਲਾਂ ਆਪਣੇ ਚੇਲਿਆਂ" ਨਾਲ ਗੱਲ ਕਰਦੇ ਹਨ ਹਾਲਾਂਕਿ ਭੀੜ ਨੇ ਵੀ ਇਹ ਸੁਣਿਆ ਸੀ (ਲੂਕਾ 12:1)।

ਵਿਅਕਤੀਆਂ ਨੂੰ ਸੰਬੋਧਿਤ ਕੀਤੇ ਜਾਣ ਤੱਕ ਸੀਮਿਤ ਕਰਕੇ ਅਜਿਹੀ ਵਿਆਖਿਆ ਕੀਤੀ ਜਾ ਸਕਦੀ ਹੈ ਜੋ ਕੇਵਲ ਵਿਸ਼ਵਾਸ ਦੇ ਵਿਚਾਰ ਦਾ ਵਿਰੋਧ ਕਰਨ ਵਾਲੀ ਨਹੀਂ ਹੋਵੇਗੀ।

### b. ਬਿਪਤਾ ਦਾ ਵਿਚਾਰ

ਅਜਿਹੀ ਮਿਸਾਲ ਵੀ ਹੈ ਜਿਸ ਵਿੱਚ ਮਸੀਹ ਰਸੂਲਾਂ ਨੂੰ ਬਿਪਤਾ ਦੇ ਸਮੇਂ ਦੇ ਮਸੀਹੀ ਲੋਕਾਂ ਦੇ ਰੂਪ ਵਿੱਚ ਦੇਖ ਰਹੇ ਸਨ। ਸਪੱਸ਼ਟ ਰੂਪ ਵਿੱਚ, ਮਸੀਹ ਬਿਪਤਾ ਦੇ ਸੰਤਾਂ ਨੂੰ ਰਸੂਲਾਂ ਦੇ ਕੰਮ ਦਾ ਵਿਸਤਾਰ ਮੰਨਦੇ ਸਨ, ਅਤੇ ਉਹ ਇਸ ਸੰਬੰਧ ਨੂੰ ਸਿੱਧੇ ਤੌਰ ਤੇ ਕਲੀਸਿਯਾ ਪ੍ਰਣਾਲੀ ਦੇ ਸਮੇਂ ਤੋਂ ਬਿਨਾਂ ਦੇਖ ਸਕਦੇ ਸਨ। ਇਹ ਲੂਕਾ 21 ਵਿੱਚ ਹੈ ਜਿੱਥੇ ਰਸੂਲਾਂ ਦੇ ਸਮੇਂ ਵਿੱਚ ਯਰੂਸ਼ਲਮ ਦੇ ਵਿਨਾਸ਼ ਬਾਰੇ ਮਸੀਹ ਦਾ ਉਪਦੇਸ਼ ਅੰਤ ਦੇ ਦਿਨਾਂ ਦੇ ਸੰਘਰਸ਼ਾਂ ਬਾਰੇ ਗੱਲ ਕਰਦਾ ਹੈ। ਪ੍ਰਭੂ ਆਪਣੇ ਰਸੂਲਾਂ ਨਾਲ ਇਸ ਤਰ੍ਹਾਂ ਗੱਲ ਕਰਦੇ ਹਨ ਜਿਵੇਂ ਕਿ ਉਹ ਹੀ ਹਨ ਜੋ ਅੰਤ ਦੇ ਸਮੇਂ ਵਿੱਚ ਬਿਪਤਾ ਦੇ ਦੁੱਖ ਦਾ ਅਨੁਭਵ ਕਰਨਗੇ। ਮੱਤੀ 10:32-33 ਦੇ ਸੰਦਰਭ ਵਿੱਚ ਇਹੀ ਪ੍ਰਕਿਰਿਆ ਵਾਪਰਦੀ ਹੈ। ਮੱਤੀ 10:6 ਵਿੱਚ ਮਸੀਹ ਰਸੂਲਾਂ ਨੂੰ **ਕੇਵਲ ਇਸਰਾਏਲ ਵਿੱਚ** ਜਾਣ ਲਈ ਕਹਿੰਦੇ ਹਨ, ਪਰ ਇਹ ਗੱਲ ਖ਼ਤਮ ਹੋਣ ਤੋਂ ਪਹਿਲਾਂ, ਮਸੀਹ ਸ਼ਾਇਦ ਰਸੂਲਾਂ ਨੂੰ ਬਿਪਤਾ ਦੇ ਸੰਤਾਂ ਦੇ ਨੁਮਾਇੰਦਿਆਂ ਦੇ ਤੌਰ ਤੇ ਦੇਖਦੇ ਹਨ। ਉਹ ਕਹਿੰਦੇ ਹਨ ਕਿ ਰਸੂਲਾਂ ਨੂੰ ਗਵਾਹੀ ਦੇਣ ਦੇ ਲਈ ਰਾਜਿਆਂ ਅਤੇ **ਪਰਾਈਆਂ ਕੌਮਾਂ** ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ (ਮੱਤੀ 10:18)। ਮੱਤੀ 24:9 ਅਤੇ 13 ਵਿਚਲੇ ਬਿਪਤਾ ਦੇ ਬਿਰਤਾਂਤ ਵਿੱਚ, ਮਸੀਹ ਉਹਨਾਂ ਨੂੰ ਦੱਸਦੇ ਹਨ ਕਿ ਉਹਨਾਂ ਨਾਲ ਨਫ਼ਰਤ ਕੀਤੀ ਜਾਵੇਗੀ (ਮੱਤੀ 10:22), ਅਤੇ ਅੰਤ ਤੱਕ ਇਸ ਨੂੰ ਸਹਿਣ ਦੇ ਕਾਰਨ ਉਹਨਾਂ ਨੂੰ ਮੁਕਤੀ ਦਿੱਤੀ ਜਾਵੇਗੀ (ਮੱਤੀ 10:22)। ਮੱਤੀ 10:23 ਤਾਂ ਸਪੱਸ਼ਟ ਤੌਰ ਤੇ ਬਿਪਤਾ ਬਾਰੇ ਹੈ। ਇਹ ਕਹਿੰਦਾ ਹੈ ਕਿ ਇਸ ਤੋਂ ਪਹਿਲਾਂ ਕਿ ਸਤਾਏ ਜਾ ਰਹੇ ਗਵਾਹ ਇਸਰਾਏਲ ਦੇ ਸਾਰੇ ਸ਼ਹਿਰਾਂ ਵਿੱਚ ਜਾਣਾ ਪੂਰਾ ਕਰਨਗੇ, "**ਮਨੁੱਖ ਦਾ ਪੁੱਤਰ ਆ ਜਾਵੇਗਾ।**"

ਇਹ ਸੰਭਵ ਹੈ ਕਿ ਮੱਤੀ 10:32-33 ਵਿੱਚ ਮਸੀਹ ਦੇ ਸ਼ਬਦਾਂ ਨੂੰ ਰਸੂਲਾਂ ਅਤੇ ਬਿਪਤਾ ਦੇ ਸੰਤਾਂ ਦੋਵਾਂ ਦੇ ਸੰਦਰਭ ਵਿੱਚ ਦੇਖਿਆ ਜਾ ਸਕਦਾ ਹੈ। ਅਜਿਹਾ ਕਰਨ ਨਾਲ ਕੁਝ ਅਜਿਹੀਆਂ ਦਿਲਚਸਪ ਸੰਭਾਵਨਾਵਾਂ ਤਿਆਰ ਹੁੰਦੀਆਂ ਹਨ ਜੋ ਇਹਨਾਂ ਵਚਨਾਂ ਦਾ ਬਾਈਬਲ ਦੇ ਬਾਕੀ ਥਾਵਾਂ ਤੇ ਸਿਖਾਏ ਗਏ ***ਸਿਰਫ਼ ਵਿਸ਼ਵਾਸ*** ਦੇ ਸਿਧਾਂਤ ਦੇ ਨਾਲ ਮੇਲ ਕਰਵਾਉਂਦੀਆਂ ਹਨ। ਬਿਪਤਾ ਦੇ ਦੌਰਾਨ ਵਿਸ਼ਵਾਸੀਆਂ ਨੂੰ ਪਸ਼ੂ (ਮਸੀਹ-ਵਿਰੋਧੀ) ਦੇ ਨਿਸ਼ਾਨ ਨੂੰ ਸਵੀਕਾਰ ਕਰਨ ਜਾਂ ਰੱਦ ਕਰਨ ਦੁਆਰਾ ਮਸੀਹ ਨੂੰ ਸਵੀਕਾਰ ਜਾਂ ਮਸੀਹ ਦਾ ਇਨਕਾਰ ਕਰਨਾ ਪਵੇਗਾ (ਪ੍ਰਕਾਸ਼ 13:16-17)। ਮੁਕਤੀ ਦੇ ਲਈ ਪਰਮੇਸ਼ਰ ਦੁਆਰਾ ਰੱਖੀ ਗਈ ਇੱਕੋ-ਇੱਕ ਸ਼ਰਤ ਵਿਸ਼ਵਾਸ ਹੈ। ਫਿਰ ਵੀ, ਬਿਪਤਾ ਦੇ ਦੌਰਾਨ ਹਾਲਾਤ ਅਜਿਹੇ ਹੋਣਗੇ ਕਿ ਸ਼ੈਤਾਨ ਇੱਕ ਵਿਸ਼ਵਾਸੀ ਹੋਣ ਦੇ ਲਈ ਪਸ਼ੂ ਦੇ ਨਿਸ਼ਾਨ ਦਾ ਇਨਕਾਰ ਕਰਨ ਦੁਆਰਾ ਮਸੀਹ ਦੇ ਲੋਕਾਂ ਸਾਹਮਣੇ ਇਕਰਾਰ ਨੂੰ ਵਿਸ਼ਵਾਸੀ ਹੋਣ ਦੀ ਇੱਕ ਸ਼ਰਤ ਬਣਾ ਦੇਵੇਗਾ (ਪ੍ਰਕਾਸ਼ 20:4)। ਉਹ ਸਾਰੇ ਜੋ ਮਸੀਹ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ, ਉਹ ਉਸੇ ਨਿਸ਼ਾਨ ਨਾਲ ਉਸ ਤੋਂ ਇਨਕਾਰ ਕਰਨਗੇ। ਪਰਮੇਸ਼ਰ ਮੁਕਤੀ ਦੇ ਲਈ ਸਿਰਫ਼ ਵਿਸ਼ਵਾਸ ਦੀ ਮੰਗ ਕਰਦੇ ਹਨ, ਪਰ ਸ਼ੈਤਾਨ ਦੀ ਪ੍ਰਣਾਲੀ ਵਿੱਚ ਵਿਸ਼ਵਾਸੀ ਹੋਣ ਦੇ ਲਈ ਨਿਸ਼ਾਨ ਤੋਂ ਇਨਕਾਰ ਕਰਨ ਦੀ ਜ਼ਰੂਰਤ ਹੋਵੇਗੀ। ਇਸ ਤਰ੍ਹਾਂ, **ਨਤੀਜਾ ਇਹ ਹੋਵੇਗਾ ਕਿ ਬਿਪਤਾ ਵਿੱਚ ਸਾਰੇ ਵਿਸ਼ਵਾਸੀ ਜਨਤਕ ਤੌਰ ਤੇ ਮਸੀਹ ਦਾ ਇਕਰਾਰ ਕਰਨਗੇ, ਅਤੇ ਬਿਪਤਾ ਵਿੱਚ ਸਾਰੇ ਅਵਿਸ਼ਵਾਸੀ ਉਹਨਾਂ ਤੋਂ ਇਨਕਾਰ ਕਰਨਗੇ।**

ਜੇਕਰ ਵਿਆਖਿਆਕਾਰ ਮੱਤੀ 10:32-33 ਅਤੇ ਲੂਕਾ 12:8-9 ਦੇ ਸ਼ਬਦਾਂ ਨੂੰ ਰਸੂਲਾਂ ਅਤੇ ਬਿਪਤਾ ਵਿਚਲੀ ਪੀੜ੍ਹੀ ਤੱਕ ਸੀਮਿਤ ਕਰਦੇ ਹਨ, ਤਾਂ ਇਹ ਵਿਆਖਿਆ *ਸਿਰਫ਼ ਵਿਸ਼ਵਾਸ* ਦੇ ਸਿਧਾਂਤ ਨਾਲ ਮੇਲ ਖਾਂਦੀ ਹੈ। ਮੁਕਤੀ ਦੇ ਲਈ ਪਰਮੇਸ਼ਰ ਦੀ ਇੱਕੋ-ਇੱਕ ਸ਼ਰਤ ਵਿਸ਼ਵਾਸ ਹੈ। ਫਿਰ ਵੀ, ਬਾਰ੍ਹਾਂ ਚੇਲਿਆਂ ਦੇ ਨਾਲ ਅਤੇ ਬਿਪਤਾ ਵਿੱਚ ਧਾਰਮਿਕ ਲੋਕਾਂ ਦੇ ਨਾਲ (ਜਿਸ ਨੂੰ ਰਸੂਲਾਂ ਦੇ ਕੰਮ ਦੇ ਵਿਸਤਾਰ ਵਜੋਂ ਦੇਖਿਆ ਜਾਂਦਾ ਹੈ), ਧਰਤੀ ਉੱਤੇ ਅਜਿਹੇ ਹਾਲਾਤ ਹੋਣਗੇ ਜੋ ਇਹਨਾਂ ਸਮੂਹਾਂ ਨੂੰ ਇੱਕ ਨਿਸ਼ਚਿਤ ਅਤੇ ਅਟੱਲ ਤਰੀਕੇ ਨਾਲ ਮਸੀਹ ਦਾ ਇਕਰਾਰ ਕਰਨ ਜਾਂ ਇਨਕਾਰ ਕਰਨ ਦੇ ਲਈ ਮਜਬੂਰ ਕਰਨਗੇ। ਹਾਲਾਂਕਿ ਪਰਮੇਸ਼ਰ ਦੇ ਲੋਕਾਂ ਦੇ ਹੋਰ ਸਮੂਹਾਂ ਦੇ ਲਈ ਇਹ ਕਿਸੇ ਹੋਰ ਤਰੀਕੇ ਨਾਲ ਲਾਗੂ ਹੋ ਸਕਦਾ ਹੈ (ਜਿਹਨਾਂ ਵਿੱਚ, ਸਾਡੇ ਸਮੇਂ ਦੇ ਮਸੀਹੀ ਹਨ, ਜੋ ਮਸੀਹ ਦਾ ਇਨਕਾਰ ਕਰਨ ਦੇ ਦਬਾਅ ਹੇਠ ਹਨ), ਪਰ ਕਿਸੇ ਵੀ ਹੋਰ ਸਮੂਹ ਨੂੰ **ਅਜਿਹੇ ਅਟੱਲ ਅਰਥਾਂ ਵਿੱਚ** ਮਸੀਹ ਦਾ ਇਕਰਾਰ ਕਰਨ ਜਾਂ ਇਨਕਾਰ ਕਰਨ ਦੇ ਲਈ ਇਹੋ ਜਿਹੇ ਨਿਰੰਤਰ ਦਬਾਅ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਅੱਜ ਲਾਗੂ ਕਰਨ ਦੁਆਰਾ ਇਹ ਆਇਤਾਂ ਸਿਖਾਉਂਦੀਆਂ ਹਨ ਕਿ ਇੱਕ ਵਿਸ਼ਵਾਸੀ ਨੂੰ ਮੌਜੂਦਾ ਸਮੇਂ ਵਿੱਚ ਕਦੇ ਵੀ ਮਸੀਹ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਹੈ। ਹਾਲਾਂਕਿ, ਮਸੀਹੀ ਹੋਣ ਦੀ ਮੌਜੂਦਾ ਸ਼ਰਮਿੰਦਗੀ ਜਨਤਕ ਤੌਰ ਤੇ ਮਸੀਹ ਨੂੰ ਮਰਨ ਦੇ ਲਈ ਫੜਵਾਉਣ (ਯਹੂਦਾ) ਜਾਂ ਆਪਣੀ ਜਾਨ ਨੂੰ ਮਸੀਹ-ਵਿਰੋਧੀ ਨੂੰ ਵੇਚਣ ਦੇ ਬਰਾਬਰ ਨਹੀਂ ਹੈ। ਜੇਕਰ ਮੱਤੀ 10:32-33 ਅਤੇ ਲੂਕਾ 12:8-9 ਦੇ ਬਿਆਨਾਂ ਨੂੰ ਰਸੂਲਾਂ ਅਤੇ ਬਿਪਤਾ ਸਹਿਣ ਕਰਨ ਵਾਲੀ ਪੀੜ੍ਹੀ ਦੀਆਂ ਖ਼ਾਸ ਸਥਿਤੀਆਂ ਤੱਕ ਸੀਮਤ ਕੀਤਾ ਜਾਵੇ, ਤਾਂ ਇਹਨਾਂ ਨੂੰ ਇਸ ਸੱਚਾਈ ਨਾਲ ਮਿਲਾਇਆ ਜਾ ਸਕਦਾ ਹੈ ਕਿ ਮੁਕਤੀ ਦੇ ਲਈ ਪਰਮੇਸ਼ਰ ਦੀ ਇੱਕੋ-ਇੱਕ ਸ਼ਰਤ ਮਸੀਹ ਵਿੱਚ ਵਿਸ਼ਵਾਸ ਹੈ। ਜਿਹੜੇ ਲੋਕ ਬਾਈਬਲ ਦੇ ਇੱਕ ਡਿਸਪਨਸੈਸ਼ਨਲ ਦ੍ਰਿਸ਼ਟੀਕੋਣ ਨੂੰ ਮੰਨਦੇ ਹਨ (ਜਿਸ ਦੀ ਅਧਿਆਇ 11 ਵਿੱਚ ਚਰਚਾ ਕੀਤੀ ਗਈ ਹੈ), ਉਹ ਬਹੁਤ ਆਸਾਨੀ ਨਾਲ ਮੱਤੀ 10:32-33 ਅਤੇ ਲੂਕਾ 12:8-9 ਦੇ ***ਸਿਰਫ਼ ਵਿਸ਼ਵਾਸ*** ਦੇ ਸਿਧਾਂਤ ਨਾਲ ਮੇਲ ਕਰਨ ਦੇ ਇਸ ਤਰੀਕੇ ਨੂੰ ਸਵੀਕਾਰ ਕਰਨਗੇ। ਜੇਕਰ ਕਲੀਸਿਯਾ ਦਾ ਸਿੱਧੇ ਤੌਰ ਤੇ ਹਵਾਲਾ ਨਾ ਦਿੰਦੇ ਹੋਏ,

ਰਸੂਲਾਂ ਜਾਂ ਬਿਪਤਾ ਦੇ ਸੰਤਾਂ ਬਾਰੇ ਇੱਕ ਸੱਚਾਈ ਪੇਸ਼ ਕੀਤੀ ਜਾ ਰਹੀ ਹੈ, ਤਾਂ ਇਸ ਵਿੱਚ ਕੋਈ ਅਸਧਾਰਨ ਗੱਲ ਨਹੀਂ ਹੈ। ਇਸ ਤੋਂ ਇਲਾਵਾ, ਮੱਤੀ 10:32-33 ਅਤੇ ਲੂਕਾ 12:8-9 ਨੂੰ ਸਮਝਣ ਦੇ ਹੋਰ ਤਰੀਕੇ ਵੀ ਹਨ, ਜੋ ਇਸ ਨੂੰ ਚੇਲਿਆਂ ਤੱਕ ਜਾਂ ਬਿਪਤਾ ਦੀ ਪੀੜ੍ਹੀ ਤੱਕ ਸੀਮਿਤ ਨਹੀਂ ਰੱਖਦੇ ਹਨ, ਪਰ ਫਿਰ ਵੀ ਇਸ ਨੂੰ ***ਸਿਰਫ਼ ਵਿਸ਼ਵਾਸ*** ਦੇ ਸਿਧਾਂਤ ਦੇ ਅਨੁਕੂਲ ਵੀ ਬਣਾਉਂਦੇ ਹਨ।[53]

### c. ਇਨਾਮ ਦਾ ਵਿਚਾਰ

ਸ਼ਾਇਦ ਯਿਸੂ ਮੁਕਤੀ ਦੀ ਬਜਾਏ ਭਵਿੱਖ ਦੇ ਇਨਾਮਾਂ ਦੀ ਗੱਲ ਕਰ ਰਹੇ ਸਨ। ਯਿਸੂ ਦਾ ਅਰਥ ਹੋ ਸਕਦਾ ਹੈ ਕਿ ਜਿਹੜੇ ਲੋਕ ਉਹਨਾਂ ਨੂੰ ਇੱਕ ਯੋਗ ਮੁਕਤੀਦਾਤਾ ਮੰਨਦੇ ਹਨ, ਉਹਨਾਂ ਲੋਕਾਂ ਨੂੰ ਨਿਆਂ ਵਾਲੇ ਸਿੰਘਾਸਣ ਸਾਹਮਣੇ ਇਨਾਮ ਦੇ ਯੋਗ ਮੰਨਿਆ ਜਾਵੇਗਾ। ਜਿਹੜੇ ਲੋਕ ਇੱਥੇ ਪ੍ਰਭੂ ਨੂੰ ਅਯੋਗ ਮੰਨ ਕੇ ਉਹਨਾਂ ਦਾ ਇਨਕਾਰ ਕਰਦੇ ਹਨ, ਉਹਨਾਂ ਨੂੰ ਸਵਰਗ ਵਿੱਚ ਪੂਰੇ ਇਨਾਮ ਦੇ ਯੋਗ ਨਹੀਂ ਮੰਨਿਆ ਜਾਵੇਗਾ। ਹਾਲਾਂਕਿ ਮੱਤੀ 10:28 ਅਤੇ ਲੂਕਾ 12:5 ਆਤਮਾ ਦੇ ਸਦੀਪਕ ਭਵਿੱਖ ਦਾ ਹਵਾਲਾ ਦਿੰਦੇ ਹਨ, ਫਿਰ ਵੀ ਇਸ ਪੂਰੇ ਵਚਨ ਨੂੰ ਇਸ ਦ੍ਰਿਸ਼ਟੀਕੋਣ ਨਾਲ ਦੇਖਣਾ ਸਹੀ ਹੈ ਕਿ ਇਹ ਸਿਰਫ਼ ਵਿਸ਼ਵਾਸ ਨਾਲ ਮੁਕਤੀ ਦੇ ਵਿਚਾਰ ਦਾ ਵਿਰੋਧ ਕਰਨ ਦੀ ਬਜਾਏ ਇੱਕ ਵਿਸ਼ਵਾਸੀ ਦੇ ਇਨਾਮ ਦੇ ਬਾਰੇ ਗੱਲ ਕਰ ਰਿਹਾ ਹੈ। ਇਸ ਵਿਚਾਰ ਦਾ ਇਹ ਫਾਇਦਾ ਜ਼ਰੂਰ ਹੈ ਕਿ ਇਹ ਸਰਲ ਵਿਚਾਰ ਹੈ।

### d. "ਦੋ ਹੱਦ" ਵਿਚਾਰ

ਸ਼ਾਇਦ ਯਿਸੂ ਮੰਨਦੇ ਹਨ ਕਿ ਇਕਰਾਰ ਜਾਂ ਇਨਕਾਰ ਦੇ ਸ਼ਬਦ ਕਿਸੇ ਵਿਅਕਤੀ ਦੇ ਵਿਸ਼ਵਾਸ ਜਾਂ ਵਿਸ਼ਵਾਸ ਦੀ ਘਾਟ ਨੂੰ ਪ੍ਰਗਟ ਕਰਦੇ ਹਨ।

**ਇੱਕ ਹੱਦ ਵਿੱਚ**, ਜਿਹੜਾ **ਵਿਅਕਤੀ ਹਮੇਸ਼ਾਂ ਮਸੀਹ ਦਾ ਇਨਕਾਰ ਕਰਦਾ ਹੈ** ਉਹ ਦਰਸਾਉਂਦਾ ਹੈ ਕਿ ਉਹ ਇੱਕ ਅਵਿਸ਼ਵਾਸੀ ਹੈ। ਦੂਜੀ ਹੱਦ ਵਿੱਚ, **ਇੱਕ ਵਿਸ਼ਵਾਸੀ** ਕਦੇ ਨਾ ਕਦੇ ਆਪਣੇ ਜੀਵਨ ਵਿੱਚ ਦੂਜਿਆਂ ਅੱਗੇ (ਘੱਟੋ-ਘੱਟ ਦੂਜੇ ਵਿਸ਼ਵਾਸੀਆਂ ਅੱਗੇ) ਮਸੀਹ ਦਾ ਇਕਰਾਰ ਕਰੇਗਾ। ਉਹ ਇੱਕ ਆਮ ਅਵਿਸ਼ਵਾਸੀ ਦੀ ਤਰ੍ਹਾਂ ਹਰ ਵਾਰ ਇਨਕਾਰ ਨਹੀਂ ਕਰਦਾ ਰਹੇਗਾ।

ਇਸ ਤਰ੍ਹਾਂ, ਵਿਆਖਿਆਕਾਰ ਇਹ ਮੰਨ ਸਕਦਾ ਹੈ ਕਿ ਪ੍ਰਭੂ ਸਿਰਫ਼ ਦੂਜਿਆਂ ਦੇ ਸਾਹਮਣੇ ਅਜਿਹੇ ਇਕਰਾਰ ਦੀ ਗੱਲ ਕਰ ਰਹੇ ਹਨ ਜਿਸ ਦੀ ਜੜ੍ਹ ਵਿਸ਼ਵਾਸ ਵਿੱਚ ਹੈ, ਜਾਂ ਫਿਰ ਦੂਜੇ ਲੋਕਾਂ ਦੇ ਸਾਹਮਣੇ ਅਜਿਹੇ ਇਨਕਾਰ ਦੀ ਗੱਲ ਕਰ ਰਹੇ ਹਨ ਜਿਸ ਦੀ ਜੜ੍ਹ ਅਵਿਸ਼ਵਾਸ ਵਿੱਚ ਹੈ, ਹਾਲਾਂਕਿ ਵਚਨ ਵਿੱਚ ਅਜਿਹੀ ਸਪੱਸ਼ਟ ਪਾਬੰਦੀ ਨਹੀਂ ਦਿੱਤੀ ਗਈ ਹੈ। ਪ੍ਰਭੂ ਦੀ ਸਿੱਖਿਆ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ: "ਅਵਿਸ਼ਵਾਸੀ ਮਸੀਹ ਦਾ ਇਸ ਤਰ੍ਹਾਂ ਇਨਕਾਰ ਕਰਦੇ ਹਨ ਕਿ ਉਹ ਪੂਰੇ ਜੀਵਨ ਵਿੱਚ ਲਗਾਤਾਰ ਮੇਰਾ ਇਨਕਾਰ ਕਰਦੇ ਰਹਿੰਦੇ ਹਨ।" **ਜਿਹੜੇ ਲੋਕ ਹਰ ਵੇਲੇ ਮੇਰਾ ਇਨਕਾਰ ਕਰਦੇ** ਅਤੇ ਮੈਨੂੰ ਰੱਦ ਕਰਦੇ ਹਨ ਉਹ ਇਹ ਸਾਬਤ ਕਰਦੇ ਹਨ ਕਿ **ਉਹ ਬਚਾਏ ਨਹੀਂ ਗਏ ਹਨ।**

**ਇੱਕ ਵਿਸ਼ਵਾਸੀ** ਆਪਣੇ ਜੀਵਨ ਵਿੱਚ ਕਦੇ ਨਾ ਕਦੇ ਇਕਰਾਰ ਕਰੇਗਾ, ਭਾਵੇਂ ਉਹ ਦੂਜੇ ਮਸੀਹੀਆਂ ਦੇ ਸਾਹਮਣੇ ਇਹ ਮੰਨੇਗਾ ਕਿ ਉਹ ਮੈਨੂੰ ਜਾਣਦਾ ਹੈ। **ਇੱਕ ਵਿਸ਼ਵਾਸੀ** ਕਦੇ-ਕਦੇ ਇਨਕਾਰ ਕਰ ਸਕਦਾ ਹੈ, **ਪਰ ਉਹ ਹਮੇਸ਼ਾ ਇਨਕਾਰ ਨਹੀਂ ਕਰੇਗਾ।** ਕਿਸੇ ਸਮੇਂ ਅਤੇ ਕਿਸੇ ਵਿਅਕਤੀ ਅੱਗੇ ਉਹ ਸਵੀਕਾਰ ਕਰੇਗਾ ਕਿ ਉਸ ਨੂੰ ਵਿਸ਼ਵਾਸ ਹੈ। ਜਿਹੜਾ ਹਮੇਸ਼ਾ ਇਨਕਾਰ ਕਰਦਾ ਹੈ ਉਹ ਅਵਿਸ਼ਵਾਸੀ ਹੈ। ਜੋ ਵਿਸ਼ਵਾਸੀ ਹੈ ਉਹ ਕਦੇ ਨਾ ਕਦੇ ਮਸੀਹ ਦਾ ਇਕਰਾਰ ਕਰੇਗਾ।[54] ਇਹਨਾਂ ਵਚਨਾਂ ਦੇ ਮੂਲ ਸਰੋਤਿਆਂ ਦੇ ਲਈ ਇਸ ਨੂੰ ਲਾਗੂ ਕਰਨਾ ਇਸ ਤਰ੍ਹਾਂ ਹੋਵੇਗਾ ਕਿ ਤੁਸੀਂ ਸਿਰਫ਼ ਸ਼ਾਂਤ ਜਾਂ ਦਬਾਅ ਰਹਿਤ ਹਾਲਾਤਾਂ ਵਿੱਚ ਹੀ ਨਹੀਂ, ਪਰ ਦਬਾਅ ਦੇ ਹਾਲਾਤਾਂ ਵਿੱਚ ਵੀ ਮਸੀਹ ਦਾ ਇਕਰਾਰ ਕਰੋ। ਕੁਝ ਅਜਿਹੇ ਹਾਲਾਤ ਤਾਂ ਜ਼ਰੂਰ ਹੋਣਗੇ, ਜਿੱਥੇ ਇੱਕ ਵਿਸ਼ਵਾਸੀ ਯਿਸੂ ਦਾ ਇਕਰਾਰ ਕਰੇਗਾ। ਉਹਨਾਂ ਨੂੰ ਅਤਿਆਚਾਰ ਦੇ ਦੌਰਾਨ ਮਜ਼ਬੂਤ ਰਹਿਣਾ ਚਾਹੀਦਾ ਹੈ ਅਤੇ ਅਵਿਸ਼ਵਾਸੀਆਂ ਦੀ ਤਰ੍ਹਾਂ ਨਹੀਂ ਹੋਣਾ ਚਾਹੀਦਾ ਹੈ ਜੋ ਹਮੇਸ਼ਾਂ ਮਸੀਹ ਦਾ ਇਨਕਾਰ ਕਰਦੇ ਹਨ। ਇਹਨਾਂ ਵਚਨਾਂ ਦੇ ਸੰਦਰਭ ਵਿੱਚ ਸਪੱਸ਼ਟ ਤੌਰ ਤੇ ਅਤਿਆਚਾਰ ਦੀ ਚੇਤਾਵਨੀ ਦਿੱਤੀ ਗਈ ਹੈ (ਮੱਤੀ 10:28, 34-39), ਪਰ ਸ਼ਾਇਦ ਇਹ ਜ਼ਰੂਰੀ ਨਹੀਂ ਹੈ ਕਿ ਇਸ ਇਕਰਾਰ ਜਾਂ ਇਨਕਾਰ ਨੂੰ ਅਤਿਆਚਾਰ ਦੇ ਹਾਲਾਤ ਵਿੱਚ

[53] ਰਸੂਲਾਂ ਦੇ ਵਿਚਾਰ ਨਾਲ ਇੱਕ ਸਮੱਸਿਆ ਇਹ ਹੈ ਕਿ ਪਤਰਸ ਨੇ ਇੱਕ ਸੀਮਿਤ ਅਰਥਾਂ ਵਿੱਚ ਪ੍ਰਭੂ ਦਾ ਇਨਕਾਰ ਕੀਤਾ ਸੀ, ਪਰ ਯਹੂਦਾ ਨੇ ਕਈ ਸਾਲਾਂ ਤੱਕ ਯਿਸੂ ਦਾ ਇਕਰਾਰ ਕੀਤਾ ਸੀ। ਜੇਕਰ ਅਸੀਂ ਮੱਤੀ 10 ਅਤੇ ਲੂਕਾ 12 ਨੂੰ ਰਸੂਲਾਂ ਤੱਕ ਸੀਮਿਤ ਕਰਦੇ ਹਾਂ, ਤਾਂ ਯਿਸੂ ਰਸੂਲਾਂ ਦੇ ਅਜਿਹੇ ਵੇਰਵਿਆਂ ਬਾਰੇ ਗੱਲ ਕਰ ਰਹੇ ਹੋਣਗੇ ਜੋ ਵਿਸ਼ਵਾਸਾਂ ਨੂੰ ਸਹੀ ਢੰਗ ਨਾਲ ਪ੍ਰਗਟ ਕਰਦੇ ਹਨ। ਪਤਰਸ ਦੇ ਮਾਮਲੇ ਵਿੱਚ, ਜੇਕਰ ਉਸ ਦੇ ਪੂਰੇ ਜੀਵਨ ਨੂੰ ਦੇਖਿਆ ਜਾਂਦਾ ਹੈ, ਤਾਂ ਉਸ ਨੇ ਰਵਾਇਤੀ ਤੌਰ ਤੇ ਯਿਸੂ ਦਾ ਇਕਰਾਰ ਕੀਤਾ ਸੀ (ਭਾਵੇਂ ਕਦੇ-ਕਦੇ ਉਸ ਤੋਂ ਗ਼ਲਤੀ ਵੀ ਹੋਈ ਸੀ)। ਯਹੂਦਾ ਦੇ ਮਾਮਲੇ ਵਿੱਚ, ਉਸ ਨੇ ਕੁਝ ਸਮੇਂ ਲਈ ਯਿਸੂ ਦਾ ਇਕਰਾਰ ਕੀਤਾ ਅਤੇ ਇਸ ਹੱਦ ਤੱਕ ਇਨਕਾਰ ਕੀਤਾ ਜਿਸ ਤੋਂ ਸਾਬਤ ਹੁੰਦਾ ਹੈ ਕਿ ਉਸ ਵਿੱਚ ਵਿਸ਼ਵਾਸ ਨਹੀਂ ਸੀ। ਮੱਤੀ 10 ਅਤੇ ਲੂਕਾ 12 ਦੀਆਂ ਸਾਰੀਆਂ ਵਿਆਖਿਆਵਾਂ ਵਿੱਚ ਇਹ ਤੱਥ ਸ਼ਾਮਲ ਹੋਣਾ ਚਾਹੀਦਾ ਹੈ ਕਿ ਸ਼ਬਦ ਹਮੇਸ਼ਾ ਦਿਲ ਨੂੰ ਪ੍ਰਗਟ ਨਹੀਂ ਕਰਦੇ ਹਨ ਅਤੇ ਇਹ ਕਿ ਅਵਿਸ਼ਵਾਸੀਆਂ ਨੇ ਕਦੇ-ਕਦੇ ਮਸੀਹ ਦਾ ਇਕਰਾਰ ਕੀਤਾ ਹੈ ਅਤੇ ਕਈ ਵਾਰ ਵਿਸ਼ਵਾਸੀਆਂ ਨੇ ਮਸੀਹ ਦਾ ਇਨਕਾਰ ਕੀਤਾ। ਭਾਵੇਂ ਅਸੀਂ ਪ੍ਰਭੂ ਦੇ ਸ਼ਬਦਾਂ ਨੂੰ ਸਿਰਫ਼ ਰਸੂਲਾਂ ਤੱਕ ਸੀਮਿਤ ਰੱਖਦੇ ਹਾਂ, ਤਾਂ ਵੀ ਅਸੀਂ ਉਪਭਾਗ "f" ਵਰਗੇ ਵਿਚਾਰ ਵੱਲ ਚਲੇ ਜਾਂਦੇ ਹਾਂ।

[54] ਇੱਕ ਖੇਡ ਦੀ ਉਦਾਹਰਣ ਵਜੋਂ, ਇਸ ਦਾ ਅਰਥ ਇਹ ਹੋਵੇਗਾ ਕਿ ਇੱਕ ਵਿਸ਼ਵਾਸੀ ਹਰ ਸਮੇਂ 100 ਰਨ ਦੀ ਬੱਲੇਬਾਜ਼ੀ ਨਹੀਂ ਕਰ ਸਕਦਾ ਹੈ, ਪਰ ਲਗਾਤਾਰ ਇਨਕਾਰ ਕਰਨ ਵਾਲੇ ਵਿਅਕਤੀ ਦੀ ਤਰ੍ਹਾਂ, ਇੱਕ ਸੱਚਾ ਵਿਸ਼ਵਾਸੀ ਹਰ ਵਾਰ 0 ਰਨ ਤੇ ਵੀ ਆਊਟ ਨਹੀਂ ਹੋਵੇਗਾ।

ਹੀ ਹੋਣਾ ਹੈ।[55]

### e. "ਇੱਥੇ" ਬਨਾਮ "ਭਵਿੱਖ ਵਿੱਚ" ਜਾਂ "ਪਰਮੇਸ਼ਰ ਦੇ ਸਾਹਮਣੇ ਇਕਰਾਰ" ਦਾ ਵਿਚਾਰ

ਮੱਤੀ 10 ਅਤੇ ਲੂਕਾ 12 ਦੇ ਸ਼ਬਦ "ਇੱਥੇ" ਅਤੇ "ਭਵਿੱਖ", ਧਰਤੀ ਅਤੇ ਸਵਰਗ, ਹੁਣ ਅਤੇ ਸਦੀਪਕ ਕਾਲ ਵਿਚਕਾਰ ਤੁਲਨਾ ਕਰਦੇ ਹਨ। ਮੰਨ ਲਓ ਕਿ ਅਸੀਂ ਵਾਕ *ਮਨੁੱਖਾਂ ਦੇ ਸਾਹਮਣੇ* ਨੂੰ ਦੂਜਿਆਂ ਦੀ ਮੌਜੂਦਗੀ ਵਿੱਚ ਕੀਤੇ ਇਕਰਾਰ (ਜਾਂ ਇਨਕਾਰ) ਦਾ ਹਵਾਲਾ ਦੇਣ ਦੇ ਲਈ ਨਹੀਂ ਲੈਂਦੇ ਹਾਂ, ਬਲਕਿ ਇਸ ਨੂੰ "ਮਨੁੱਖਾਂ ਵਿੱਚ ਤੁਹਾਡੇ ਸਮੇਂ ਦੌਰਾਨ" ਦੇ ਅਰਥ ਵਜੋਂ ਸਮਝਦੇ ਹਾਂ। ਪ੍ਰਭੂ ਇਸ ਧਰਤੀ ਉੱਤੇ ਮਨੁੱਖਾਂ ਵਿਚਕਾਰ ਜਾਂ ਸਾਹਮਣੇ ਦੇ ਜੀਵਨ ਦੀ ਤੁਲਨਾ ਸਵਰਗ ਦੇ ਭਵਿੱਖ ਦੇ ਜੀਵਨ ਨਾਲ ਕਰ ਰਹੇ ਹੋਣਗੇ। ਇਸ ਤੋਂ ਇਲਾਵਾ, ਜੇਕਰ ਇਸ ਵਿਚਾਰ ਨਾਲ ਇਕਰਾਰ **ਪਰਮੇਸ਼ਰ ਦੇ ਅੱਗੇ ਕੀਤਾ ਜਾਂਦਾ ਹੈ** (ਜਿਵੇਂ ਕਿ ਰੋਮੀ 10:9-10 ਵਿੱਚ ਹੈ), ਤਾਂ ਯਿਸੂ ਮਸੀਹ ਦੀਆਂ ਸਿੱਖਿਆਵਾਂ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਦੀ ਸੱਚਾਈ ਨਾਲ ਮੇਲ ਖਾਂਦੀਆਂ ਹਨ। ਇਸ ਦਾ ਨਤੀਜਾ ਇਹ ਅਰਥ ਹੋਵੇਗਾ, "ਜੇਕਰ ਮਨੁੱਖਾਂ ਵਿਚਕਾਰ ਤੁਹਾਡੇ ਜੀਵਨ ਦੌਰਾਨ ਤੁਸੀਂ **ਪਿਤਾ ਅੱਗੇ** ਮੇਰਾ ਇਕਰਾਰ ਕਰਦੇ ਹੋ, ਤਾਂ ਮੈਂ ਵੀ ਸਵਰਗਦੂਤਾਂ ਦੇ ਸਾਹਮਣੇ ਸਦੀਪਕ ਕਾਲ ਵਿੱਚ **ਪਿਤਾ ਦੇ ਅੱਗੇ** ਤੁਹਾਡਾ ਇਕਰਾਰ ਕਰਾਂਗਾ। ਪਰ ਜੇਕਰ ਮਨੁੱਖਾਂ ਸਾਹਮਣੇ ਆਪਣੇ ਜੀਵਨ ਦੌਰਾਨ ਤੁਸੀਂ ਮੁਕਤੀਦਾਤਾ ਵਜੋਂ ਮੇਰਾ ਇਨਕਾਰ ਕਰਦੇ ਹੋ, ਤਾਂ ਮੈਂ ਵੀ ਸਵਰਗਦੂਤਾਂ ਦੇ ਸਾਹਮਣੇ ਸਦੀਪਕ ਕਾਲ ਵਿੱਚ ਪਿਤਾ ਦੇ ਅੱਗੇ ਤੁਹਾਡਾ ਇਨਕਾਰ ਕਰਾਂਗਾ।" ਤੁਲਨਾ ਕਰਨ ਵਾਲੀ ਗੱਲ ਇਹ ਹੋਵੇਗੀ ਕਿ ਮਨੁੱਖਾਂ ਦੇ ਵਿਚਕਾਰ ਜੀਵਨ ਵਿੱਚ ਹੁਣ ਪਿਤਾ ਦੇ ਅੱਗੇ ਇਕਰਾਰ ਕਰਨਾ, ਜਾਂ ਫਿਰ ਉੱਥੇ (ਭਵਿੱਖ ਵਿੱਚ) ਸਵਰਗਦੂਤਾਂ ਸਾਹਮਣੇ ਅਤੇ ਪਿਤਾ ਦੇ ਅੱਗੇ ਮਸੀਹ ਇਨਕਾਰ ਕਰਨਗੇ।[56] ਜੇਕਰ ਅਸੀਂ ਇਕਰਾਰ ਨੂੰ ਪਰਮੇਸ਼ਰ ਦੇ ਸਾਹਮਣੇ ਕੀਤਾ ਗਿਆ ਇਕਰਾਰ ਸਮਝਦੇ ਹਾਂ, ਅਤੇ ਵਾਕਾਂਸ਼ *ਮਨੁੱਖ ਦੇ ਸਾਹਮਣੇ* ਨੂੰ ਧਰਤੀ ਉੱਤੇ ਜੀਵਨ ਦੇ ਰੂਪ ਵਿੱਚ ਲੈਂਦੇ ਹਾਂ ਤਾਂ ***ਸਿਰਫ਼ ਵਿਸ਼ਵਾਸ*** ਦੁਆਰਾ ਮੁਕਤੀ ਦੇ ਵਿਚਾਰ ਨਾਲ ਕੋਈ ਮੱਤਭੇਤ ਨਹੀਂ ਹੋਵੇਗਾ। ਇੱਕ ਜਨਤਕ ਇਕਰਾਰ ਨੂੰ ਮੁਕਤੀ ਦੀ ਇੱਕ ਸ਼ਰਤ ਬਣਾਉਣ ਦੀ ਜਗ੍ਹਾ ਉੱਪਰ ਦਿੱਤਾ ਕੋਈ ਵੀ ਵਿਚਾਰ ਵਧੀਆ ਹੋਵੇਗਾ। ਆਖ਼ਰੀ ਵਿਕਲਪ ਸਭ ਤੋਂ ਅਲੱਗ ਹੋ ਸਕਦਾ ਹੈ, ਜਾਂ a ਅਤੇ b ਨਾਲ ਮਿਲਦਾ ਜੁਲਦਾ ਹੋ ਸਕਦਾ ਹੈ (ਫੁਟਨੋਟ 53 ਦੇਖੋ)।

### f. ਆਮ ਵੇਰਵੇ ਦਾ ਵਿਚਾਰ

ਵਿਸ਼ਵਾਸੀ ਆਮ ਤੌਰ ਤੇ (ਪਰ ਹਮੇਸ਼ਾ ਨਹੀਂ) ਸਵੀਕਾਰ ਕਰਦੇ ਹਨ ਕਿ ਉਹ ਪ੍ਰਭੂ ਨੂੰ ਜਾਣਦੇ ਹਨ। ਅਵਿਸ਼ਵਾਸੀ ਆਮ ਤੌਰ ਤੇ (ਪਰ ਹਮੇਸ਼ਾ ਨਹੀਂ) ਪ੍ਰਭੂ ਦਾ ਇਨਕਾਰ ਕਰਦੇ ਹਨ। ਜੇਕਰ ਮੱਤੀ 10 ਅਤੇ ਲੂਕਾ 12 ਨੂੰ ***ਸਿਰਫ਼*** ਵਿਸ਼ਵਾਸ ਦੁਆਰਾ ਮੁਕਤੀ ਦੇ ਸਿਧਾਂਤ ਨਾਲ ਮਿਲਾਉਣ ਦੇ ਪਿਛਲੇ ਤਰੀਕੇ ਸਵੀਕਾਰ ਕਰਨ ਯੋਗ ਨਹੀਂ ਹਨ, ਤਾਂ ਵਿਆਖਿਆ ਦੀ ਆਖ਼ਰੀ ਕੋਸ਼ਿਸ਼ ਸੰਤੁਸ਼ਟ ਕਰਨ ਵਾਲੀ ਹੋਣੀ ਚਾਹੀਦੀ ਹੈ ਕਿਉਂਕਿ ਉਹ ਬਹੁਤ ਅਸਾਨ ਹੈ। ਪ੍ਰਭੂ ਦੇ ਸ਼ਬਦ **ਮੁਕਤੀ ਦੀ ਸ਼ਰਤ** ਨਹੀਂ ਦਿੰਦੇ ਹਨ ਬਲਕਿ ਜ਼ਿਆਦਾਤਰ ਵਿਸ਼ਵਾਸੀਆਂ ਦਾ ਕਈ ਵਾਰ ਦਾ ਆਮ ਵੇਰਵਾ ਦੇ ਰਹੇ ਹਨ।[57] ਜ਼ਿਆਦਾਤਰ ਵਿਸ਼ਵਾਸੀ ਆਮ ਤੌਰ ਤੇ ਇਕਰਾਰ ਕਰਦੇ ਅਤੇ ਮੰਨਦੇ ਹਨ ਕਿ ਉਹ ਆਪਣੇ ਪੂਰੇ ਜੀਵਨ

---

[55] ਸ਼ਾਇਦ ਪਾਠਕ ਦੱਸ ਸਕਦਾ ਹੈ ਕਿ ਲੇਖਕ ਇਸ ਨੂੰ "ਦੇ ਹੱਦ ਵਿਚਾਰ" ਕਿਉਂ ਕਹਿੰਦਾ ਹੈ। ਇੱਕ ਵਿਅਕਤੀ ਜੋ ਜੀਵਨ ਭਰ ਹਰ ਸਮੇਂ ਮਸੀਹ ਦਾ ਇਨਕਾਰ ਕਰਦਾ ਹੈ ਉਹ ਦੱਸਦਾ ਹੈ ਕਿ ਉਸ ਵਿੱਚ ਵਿਸ਼ਵਾਸ ਨਹੀਂ ਹੈ। ਇੱਕ ਵਿਸ਼ਵਾਸੀ ਕਦੇ ਨਾ ਕਦੇ ਯਿਸੂ ਦਾ ਇਕਰਾਰ ਕਰੇਗਾ। ਉਹ ਕੁਝ ਖ਼ਾਸ ਹਾਲਾਤਾਂ ਵਿੱਚ ਕੁਝ ਲੋਕਾਂ ਅੱਗੇ (ਸ਼ਾਇਦ ਇੱਕ ਨਿੱਜੀ ਗੱਲਬਾਤ ਜਾਂ ਇੱਕ ਪਾਦਰੀ ਨਾਲ ਹਸਪਤਾਲ ਦੇ ਕਮਰੇ ਵਿੱਚ) ਇਹ ਇਕਰਾਰ ਕਰੇਗਾ ਕਿ ਉਹ ਵਿਸ਼ਵਾਸ ਕਰਦਾ ਹੈ। ਕਿਉਂਕਿ ਅਵਿਸ਼ਵਾਸੀ ਦਾ ਇਨਕਾਰ ਪੂਰਾ ਤਰ੍ਹਾਂ ਹੋਵੇਗਾ ਜਦੋਂ ਕਿ ਇੱਕ ਵਿਸ਼ਵਾਸੀ ਦਾ ਇਕਰਾਰ ਕਦੇ ਨਾ ਕਦੇ ਹੋ ਜਾਵੇਗਾ, ਫਿਰ ਵੀ ਉਹਨਾਂ ਦਾ ਇਹ ਵਿਵਹਾਰ ਉਲਟ ਦਿਸ਼ਾ ਵਿੱਚ ਹੋਵੇਗਾ।

[56] ਇਸ ਦਾ ਸੰਦਰਭ ਅਤਿਆਚਾਰ ਦਾ ਹਵਾਲਾ ਦਿੰਦਾ ਹੈ। ਅਤਿਆਚਾਰ ਦੇ ਸਮੇਂ ਆਉਣ ਵਾਲਾ ਪਰਤਾਵਾ ਦੂਜਿਆਂ ਦੇ ਸਾਹਮਣੇ ਮਸੀਹ ਦਾ ਇਕਰਾਰ ਕਰਨ ਜਾਂ ਮਸੀਹ ਦਾ ਇਨਕਾਰ ਕਰਨ ਦਾ ਮੌਕਾ ਦਿੰਦਾ ਹੈ। ਫਿਰ ਵੀ, ਹੋ ਸਕਦਾ ਹੈ ਕਿ ਮੱਤੀ 10:32-33 ਅਤੇ ਲੂਕਾ 12:8-9 ਵਿੱਚ, ਯਿਸੂ **ਪਿਤਾ ਦੇ ਅੱਗੇ** ਵਿਸ਼ਵਾਸ ਦਾ ਇਕਰਾਰ ਕਰਨ ਬਾਰੇ ਸੋਚ ਰਹੇ ਹੋਣ। ਉਹ ਪਿਤਾ ਅੱਗੇ ਕੀਤੇ ਗਏ ਇਕਰਾਰ ਨੂੰ ਇਸ ਗੱਲ ਦੀ ਉਦਾਹਰਣ ਬਣਾ ਰਹੇ ਹੋਣ ਕਿ ਕਿਵੇਂ ਇੱਕ ਵਿਸ਼ਵਾਸੀ ਨੂੰ ਅਤਿਆਚਾਰ ਦੇ ਸਮੇਂ ਲਗਾਤਾਰ ਯਿਸੂ ਦਾ ਇਕਰਾਰ ਕਰਨਾ ਚਾਹੀਦਾ ਹੈ। ਸਾਨੂੰ ਦੂਜਿਆਂ ਦੇ ਸਾਹਮਣੇ ਮਸੀਹ ਦਾ ਇਸ ਤਰ੍ਹਾਂ ਇਕਰਾਰ ਕਰਨਾ ਚਾਹੀਦਾ ਹੈ ਜਿਵੇਂ ਅਸੀਂ ਪਿਤਾ ਅੱਗੇ ਮਸੀਹ ਦਾ ਇਕਰਾਰ ਕੀਤਾ ਹੈ।

[57] ਯਿਸੂ ਨੇ ਮੱਤੀ 25:31-46 ਵਿੱਚ ਵੀ ਇਸੇ ਤਰ੍ਹਾਂ ਦੇ ਵਿਚਾਰ ਵਰਤੇ ਹਨ। ਉਹ ਭੇਡ ਜੋ ਭੋਜਨ ਦਿੰਦੀ, ਕੱਪੜੇ ਦਿੰਦੀ ਅਤੇ ਪ੍ਰਭੂ ਵਿੱਚ ਭਰਾ (ਤਕਨੀਕੀ ਤੌਰ ਤੇ ਬਿਪਤਾ ਦੇ ਸਮੇ ਵਿੱਚ ਯਹੂਦੀ) ਦੀ ਖ਼ਬਰ ਲੈਂਦੀ ਹੈ, ਉਹ ਆਪਣੇ ਇਹਨਾਂ ਚੰਗੇ ਕੰਮਾਂ ਦੁਆਰਾ ਮੁਕਤੀ ਪ੍ਰਾਪਤ ਨਹੀਂ ਕਰਦੀ ਹੈ। ਭੋਜਨ ਦੇਣਾ, ਕੱਪੜੇ ਦੇਣਾ, ਅਤੇ ਭਰਾ ਦੀ ਖ਼ਬਰ ਲੈਣਾ ਮੁਕਤੀ ਦੇ ਲਈ **ਸ਼ਰਤ ਨਹੀਂ** ਹੈ ਪਰ ਇਹ ਉਹ **ਵੇਰਵੇ** ਹਨ ਜੋ ਦੱਸਦੇ ਹਨ ਕਿ ਇੱਕ ਵਿਅਕਤੀ ਵਿਸ਼ਵਾਸੀ ਹੈ। ਸਿਰਫ਼ ਵਿਸ਼ਵਾਸ ਰੱਖਣ ਵਾਲੇ ਲੋਕ ਹੀ ਮਸੀਹ-ਵਿਰੋਧੀ ਦਾ ਵਿਰੋਧ ਕਰਦੇ ਹੋਏ ਯਹੂਦੀਆਂ ਦੀ ਸੇਵਾ ਕਰਨਗੇ। ਵਿਸ਼ਵਾਸ ਵਿਵਹਾਰ ਦੁਆਰਾ ਦਰਸਾਇਆ ਜਾਂਦਾ ਹੈ। ਇਸੇ ਤਰ੍ਹਾਂ, ਮੱਤੀ 10 ਅਤੇ ਲੂਕਾ 12 ਵਿੱਚ ਇਕਰਾਰ ਮੁਕਤੀ ਦੇ ਲਈ ਇੱਕ ਸ਼ਰਤ ਨਹੀਂ ਹੈ, ਪਰ ਇਹ ਇੱਕ ਆਮ ਵੇਰਵਾ ਹੈ ਕਿ ਇੱਕ ਵਿਸ਼ਵਾਸੀ ਨੂੰ ਕਿਵੇਂ ਕੰਮ ਕਰਨਾ ਹੈ, ਅਤੇ ਉਸ ਦਾ ਵਿਵਹਾਰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਇਨਕਾਰ ਇੱਕ ਅਵਿਸ਼ਵਾਸੀ ਦੇ ਵਿਵਹਾਰ ਦਾ ਆਮ ਵੇਰਵਾ ਹੈ। ਇਨਕਾਰ ਕਰਨਾ ਵਾਲਾ ਇੱਕ ਮਸੀਹੀ, ਵਿਸ਼ਵਾਸੀ ਹੋਣ ਦੇ ਆਮ ਵੇਰਵੇ ਨੂੰ ਲਾਗੂ ਨਹੀਂ ਕਰ ਰਿਹਾ ਹੈ, ਪਰ ਇਸ ਦੀ ਬਜਾਏ ਉਹ ਇੱਕ ਅਵਿਸ਼ਵਾਸੀ ਦੀ ਤਰ੍ਹਾਂ ਕੰਮ ਕਰਦਾ ਹੈ।

ਵਿੱਚ ਯਿਸੂ ਨੂੰ ਇੱਕ ਆਮ ਰੁਝਾਨ ਵਜੋਂ ਜਾਣਦੇ ਹਨ। ਜੇਕਰ ਅਸੀਂ ਸਿਰਫ਼ ਡਰ ਜਾਂ ਦਬਾਅ ਦੇ ਹਾਲਾਤਾਂ ਦੀ ਬਜਾਏ ਇਸ ਵਿੱਚ ਹਰ ਕਿਸਮ ਦੇ ਹਾਲਾਤਾਂ ਨੂੰ ਸ਼ਾਮਲ ਕਰਦੇ ਹਾਂ, ਤਾਂ ਇਹ ਗੱਲ ਖ਼ਾਸ ਤੌਰ ਤੇ ਸੱਚ ਸਾਬਤ ਹੋਵੇਗੀ। ਦੂਜੇ ਪਾਸੇ, ਜ਼ਿਆਦਾਤਰ ਅਵਿਸ਼ਵਾਸੀ ਆਮ ਤੌਰ ਤੇ ਯਿਸੂ ਦਾ ਇਨਕਾਰ ਕਰਦੇ ਹਨ ਅਤੇ ਅਪਣੇ ਪੂਰੇ ਜੀਵਨ ਦੌਰਾਨ ਯਿਸੂ ਨੂੰ ਇੱਕ ਰੁਝਾਨ ਵਜੋਂ ਸਵੀਕਾਰ ਨਹੀਂ ਕਰਨਗੇ। ਇੱਕ ਵਾਰ ਫਿਰ ਤੋਂ, ਇਹ ਦਬਾਅ ਤੋਂ ਬਿਨਾਂ ਦੇ ਹਾਲਾਤਾਂ ਵਿੱਚ ਸੱਚ ਹੈ ਜਿਸ ਵਿੱਚ ਦੂਜੇ ਅਵਿਸ਼ਵਾਸੀ ਸ਼ਾਮਲ ਹੁੰਦੇ ਹਨ। ਇਸ ਵਿਚਾਰ ਵਿੱਚ, ਪ੍ਰਭੂ ਨਾ ਤਾਂ ਇਹ ਸਿਖਾ ਰਹੇ ਹੋਣਗੇ ਕਿ ਮੁਕਤੀ ਦਾ ਆਧਾਰ ਲੋਕਾਂ ਸਾਹਮਣੇ ਇਕਰਾਰ ਜਾਂ ਗਵਾਹੀ ਹੈ, ਅਤੇ ਨਾ ਇਹ ਕਿ ਇਨਕਾਰ ਦੇ ਦੁਆਰਾ ਮੁਕਤੀ ਖ਼ਤਮ ਹੋ ਜਾਂਦੀ ਹੈ। **ਪ੍ਰਭੂ ਦੀ ਮੁੱਖ ਗੱਲ ਇਹ ਹੋਵੇਗੀ ਕਿ ਉਹਨਾਂ ਦੇ ਚੇਲਿਆਂ ਨੂੰ ਲਗਾਤਾਰ ਉਸ ਆਮ ਰੁਝਾਨ ਵਿੱਚ ਰਹਿਣਾ ਚਾਹੀਦਾ ਹੈ ਜਿਸ ਨੂੰ ਉਹ ਆਪਣੇ ਪੂਰੇ ਜੀਵਨ ਵਿੱਚ ਅਕਸਰ ਪ੍ਰਗਟ ਕਰਦੇ ਹਨ।** ਖ਼ਤਰੇ ਜਾਂ ਅਤਿਆਚਾਰ ਦੇ ਸਮੇਂ ਉਹਨਾਂ ਨੂੰ ਆਮ ਵਿਵਹਾਰ ਨੂੰ ਬਦਲਣਾ ਨਹੀਂ ਚਾਹੀਦਾ ਹੈ।

ਇੱਕ **ਆਮ ਵੇਰਵੇ** ਦੇ ਰੂਪ ਵਿੱਚ, ਵਿਸ਼ਵਾਸੀ ਮੰਨਦੇ ਹਨ ਕਿ ਉਹ ਵਿਸ਼ਵਾਸ ਕਰਦੇ ਹਨ। ਅਵਿਸ਼ਵਾਸੀ ਇਸ ਗੱਲ ਤੋਂ ਇਨਕਾਰ ਕਰਦੇ ਹਨ ਕਿ ਉਹ ਵਿਸ਼ਵਾਸ ਕਰਦੇ ਹਨ। ਕੁਝ ਅਜਿਹੇ ਵਿਅਕਤੀ ਵੀ ਹੋ ਸਕਦੇ ਹਨ ਜੋ ਇਸ ਆਮ ਵੇਰਵੇ ਵਿੱਚ ਨਹੀਂ ਆਉਂਦੇ ਹਨ। ਇਸ ਤੋਂ ਇਲਾਵਾ, ਲਗਭਗ ਹਰੇਕ ਵਿਅਕਤੀ ਕਦੇ ਵੀ ਅਜਿਹੇ ਸ਼ਬਦਾਂ ਨੂੰ ਬੋਲਣ ਦੇ ਯੋਗ ਹੁੰਦਾ ਹੈ ਜੋ ਉਸ ਦੇ ਆਮ ਵਿਵਹਾਰ ਤੋਂ ਵੱਖਰੇ ਹੁੰਦੇ ਹਨ। ਫਿਰ ਵੀ, ਇੱਕ ਬੁਨਿਆਦੀ ਰੁਝਾਨ ਦੇ ਰੂਪ ਵਿੱਚ, ਵਿਸ਼ਵਾਸੀ ਮਸੀਹ ਦਾ ਇਕਰਾਰ ਕਰਦੇ ਹਨ, ਅਤੇ ਅਵਿਸ਼ਵਾਸੀ ਮਸੀਹ ਦਾ ਇਨਕਾਰ ਕਰਦੇ ਹਨ। ਪ੍ਰਭੂ ਚਾਹੁੰਦੇ ਹਨ ਕਿ ਅਸੀਂ ਆਪਣੇ ਪੂਰੇ ਰੁਝਾਨ ਵਿੱਚ ਉਸ ਸਮੇਂ ਵੀ ਲਗਾਤਾਰ ਬਣੇ ਰਹੀਏ ਜਦੋਂ ਸਾਡੇ ਲਈ ਇੱਕ ਅਵਿਸ਼ਵਾਸੀ ਦੀ ਤਰ੍ਹਾਂ ਬੋਲਣਾ ਆਸਾਨ ਹੁੰਦਾ ਹੈ। ਆਮ ਵੇਰਵੇ ਦਾ ਵਿਚਾਰ ਇੱਕ ਹੋਰ ਤਰੀਕਾ ਹੈ ਜਿਸ ਵਿੱਚ ਮੱਤੀ 10 ਅਤੇ ਲੂਕਾ 12 ਨੂੰ ਕੇਵਲ ਵਿਸ਼ਵਾਸ ਉੱਤੇ ਆਧਾਰਿਤ ਮੁਕਤੀ ਨਾਲ ਜੋੜਿਆ ਜਾ ਸਕਦਾ ਹੈ।[58]

[58] ਪ੍ਰਭੂ ਦੇ ਸ਼ਬਦਾਂ ਨੂੰ ਮੁਕਤੀ ਦੀ ਸ਼ਰਤ ਦੀ ਬਜਾਏ ਵਿਸ਼ਵਾਸੀਆਂ ਦੇ ਇੱਕ ਆਮ ਵੇਰਵੇ ਦੇ ਰੂਪ ਵਿੱਚ ਦੇਖਣ ਦਾ ਫ਼ਾਇਦਾ ਇਹ ਹੈ ਕਿ ਫਿਰ ਬਾਈਬਲ ਦੀਆਂ ਹੋਰ ਸਿੱਖਿਆਵਾਂ ਨੂੰ ਧਿਆਨ ਵਿੱਚ ਰੱਖਿਆ ਜਾ ਸਕਦਾ ਹੈ। ਬਾਕੀ ਬਾਈਬਲ ਇਹੀ ਸਿਖਾਉਂਦੀ ਹੈ ਕਿ ਵਿਸ਼ਵਾਸੀ ਦੂਜਿਆਂ ਅੱਗੇ ਇਹ ਇਕਰਾਰ ਕਰਨ ਵਿੱਚ ਅਸਫ਼ਲ ਹੋ ਸਕਦੇ ਹਨ ਕਿ ਉਹਨਾਂ ਵਿੱਚ ਵਿਸ਼ਵਾਸ ਹੈ। ਪਤਰਸ ਇਸ ਦੀ ਇੱਕ ਉੱਤਮ ਉਦਾਹਰਣ ਹੈ (ਯੂਹੰਨਾ 18:25), ਅਤੇ ਯੂਹੰਨਾ 12:42 ਵੀ ਇਹ ਦੱਸਦਾ ਹੈ ਕਿ ਕਈ ਫ਼ਰੀਸੀਆਂ ਨੇ ਪ੍ਰਭੂ ਵਿੱਚ ਵਿਸ਼ਵਾਸ ਕੀਤਾ ਸੀ, ਪਰ ਉਹ ਲੋਕਾਂ ਦੇ ਸਾਹਮਣੇ ਪ੍ਰਭੂ ਦਾ ਇਕਰਾਰ ਨਹੀਂ ਕਰਦੇ ਸਨ ਕਿਉਂਕਿ ਉਹ ਯਹੂਦੀ ਅਧਿਕਾਰੀਆਂ ਤੋਂ ਡਰਦੇ ਸਨ। ਇੱਕ ਸਪੱਸ਼ਟ ਰੂਪ ਵਿੱਚ, ਇੱਕ ਵਿਸ਼ਵਾਸੀ ਕਈ ਮੌਕਿਆਂ ਉੱਤੇ ਮਸੀਹ ਦਾ ਇਕਰਾਰ ਕਰਨ ਵਿੱਚ ਅਸਫ਼ਲ ਹੋ ਸਕਦਾ ਹੈ, ਪਰ ਫਿਰ ਵੀ ਉਸ ਦਾ ਪੂਰਾ ਜੀਵਨ "ਇਕਰਾਰ ਕਰਨ ਵਾਲੇ" ਵਜੋਂ ਦਰਸਾਇਆ ਜਾ ਸਕਦਾ ਹੈ। ਉਹ ਪਾਸਬਾਨ, ਹੋਰ ਵਿਸ਼ਵਾਸੀਆਂ ਜਾਂ ਭਰੋਸੇਯੋਗ ਪਰਿਵਾਰ ਅਤੇ ਦੋਸਤਾਂ ਨਾਲ ਸੁਰੱਖਿਅਤ ਹਾਲਾਤਾਂ ਵਿੱਚ ਵਿਸ਼ਵਾਸ ਕਰਨਾ ਸਵੀਕਾਰ ਕਰ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਸਮੇਂ ਵਿੱਚ ਮੁਸਲਮਾਨ ਦੇਸ਼ਾਂ ਵਿੱਚ ਕੁਝ ਅਜਿਹੇ ਵਿਸ਼ਵਾਸੀ ਹਨ ਜੋ ਜਨਤਕ ਇਕਰਾਰ ਕਰਨ ਦੀ ਹਿੰਮਤ ਨਹੀਂ ਕਰ ਸਕਦੇ ਹਨ।

ਦੂਜੇ ਪਾਸੇ, ਯਹੂਦਾ ਦੀ ਉਦਾਹਰਣ ਅਤੇ ਮੱਤੀ 7:21-23 ਦਿਖਾਉਂਦੇ ਹਨ ਕਿ ਇੱਕ ਅਵਿਸ਼ਵਾਸੀ ਕਦੇ-ਕਦਾਈਂ ਵਿਸ਼ਵਾਸ ਦਾ ਇਕਰਾਰ ਕਰ ਸਕਦਾ ਹੈ, ਪਰ ਉਹਨਾਂ ਦੇ ਪੂਰੇ ਜੀਵਨ ਦਾ ਵੇਰਵਾ ਇਨਕਾਰ ਦੇ ਰੂਪ ਵਿੱਚ ਹੀ ਕੀਤਾ ਜਾਵੇਗਾ। ਜਦੋਂ ਤੱਕ ਮੱਤੀ 10 ਅਤੇ ਲੂਕਾ 12 ਦੇ ਇਕਰਾਰ ਨੂੰ ਪਰਮੇਸ਼ਰ ਪਿਤਾ ਦੇ ਅੱਗੇ ਨਹੀਂ ਪਰ ਦੂਜੇ ਲੋਕਾਂ ਦੇ ਅੱਗੇ ਕੀਤਾ ਗਿਆ ਇਕਰਾਰ ਮੰਨਿਆ ਜਾਵੇਗਾ, ਉਦੋਂ ਤੱਕ ਪ੍ਰਭੂ ਦੇ ਸ਼ਬਦਾਂ ਨੂੰ ਵਿਸ਼ਵਾਸੀਆਂ ਦਾ ਅਜਿਹਾ ਆਮ ਵੇਰਵਾ ਹੀ ਮੰਨ ਲਿਆ ਜਾਣਾ ਜ਼ਰੂਰੀ ਹੋਵੇਗਾ ਜਿਸ ਦਾ ਸਹਿਯੋਗ ਬਾਈਬਲ ਦੇ ਹੋਰ ਵਚਨ ਵੀ ਕਰਦੇ ਹਨ। ਜ਼ਿਆਦਾਤਰ ਅਵਿਸ਼ਵਾਸੀ ਆਮ ਤੌਰ ਤੇ ਮਸੀਹ ਦਾ ਇਨਕਾਰ ਕਰਦੇ ਹਨ। ਇਹ ਯਾਦ ਰੱਖੋ ਕਿ ਮੱਤੀ 10 ਅਤੇ ਲੂਕਾ 12 ਦਾ ਮੁੱਖ ਉਦੇਸ਼ ਇਹ ਹੈ ਕਿ ਵਿਸ਼ਵਾਸੀਆਂ ਨੂੰ ਵਿਰੋਧ ਦਾ ਸਾਹਮਣਾ ਕਿਵੇਂ ਕਰਨਾ ਚਾਹੀਦਾ ਹੈ। ਪ੍ਰਭੂ ਦਾ ਮੁੱਖ ਵਿਸ਼ਾ ਮੁਕਤੀ ਦਾ ਸਿਧਾਂਤ ਨਹੀਂ ਹੈ। ਇਸ ਲਈ, ਇਹ ਹੋ ਸਕਦਾ ਹੈ ਕਿ ਉਹ ਹਰ ਵਿਸਤ੍ਰਿਤ ਅਪਵਾਦ ਨੂੰ ਸੂਚੀਬੱਧ ਕੀਤੇ ਬਿਨਾਂ ਜ਼ਿਆਦਾਤਰ ਵਿਸ਼ਵਾਸੀਆਂ (ਅਤੇ ਅਵਿਸ਼ਵਾਸੀਆਂ) ਦੇ ਵਿਸ਼ੇਸ਼ ਵਿਵਹਾਰ ਦਾ ਵਰਣਨ ਕਰਦੇ ਹੋਣ। ਉਹ ਅਤਿਆਚਾਰ ਦੇ ਸਮੇਂ ਵਿੱਚ ਵੀ ਵਿਸ਼ਵਾਸੀਆਂ ਨੂੰ ਉਹਨਾਂ ਦੇ ਆਮ ਵਿਵਹਾਰ ਦੇ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ ਕਿ ਉਸ ਸਮੇਂ ਵੀ ਮਸੀਹ ਦਾ ਇਕਰਾਰ ਕਰਦੇ ਰਹਿਣ।

### 3. ਸਾਰ

ਰੋਮੀ 10:9-10 ਲੋਕਾਂ ਸਾਹਮਣੇ ਇਕਰਾਰ ਬਾਰੇ ਗੱਲ ਨਹੀਂ ਕਰ ਰਿਹਾ ਹੈ, ਬਲਕਿ ਇੱਕ ਅਜਿਹੇ ਇਕਰਾਰ ਦੀ ਗੱਲ ਕਰ ਰਿਹਾ ਹੈ ਜਿਸ ਵਿੱਚ ਮੁਕਤੀ ਉਸ ਨਿੱਜੀ ਇਕਰਾਰ ਨਾਲ ਜੁੜੀ ਹੋਈ ਹੈ ਜੋ ਪਰਮੇਸ਼ਰ ਦੇ ਅੱਗੇ ਕੀਤਾ ਜਾਂਦਾ ਹੈ। ਰੋਮੀ 10:9 ਨੂੰ ਰੋਮੀ 10:12-13 ਦੇ ਬਰਾਬਰ ਮੰਨਿਆ ਜਾਣਾ ਚਾਹੀਦਾ ਹੈ। ਮੁਕਤੀ ਪਾਉਣ ਦੇ ਲਈ, ਇਕਰਾਰ ਪ੍ਰਭੂ ਦੇ ਨਾਮ ਨੂੰ ਲੈਣ ਦੇ ਬਰਾਬਰ ਹੈ।

ਇਸੇ ਤਰ੍ਹਾਂ, ਮੱਤੀ 10:32-33 ਅਤੇ ਲੂਕਾ 12:8-9 ਦੀ ਅਜਿਹੀ ਵਿਆਖਿਆ ਕਰਨ ਦੀ ਕੋਈ ਲੋੜ ਨਹੀਂ ਹੈ ਕਿ ਉਹ ਬਾਕੀ ਅਜਿਹੇ 150 ਤੋਂ ਵੱਧ ਵਚਨਾਂ ਦਾ ਵਿਰੋਧ ਕਰੇ ਜੋ ਸਿਰਫ਼ ਵਿਸ਼ਵਾਸ ਨੂੰ ਮੁਕਤੀ ਦੀ ਸ਼ਰਤ ਮੰਨਦੇ ਹਨ। ਇਹਨਾਂ ਦੀ ਵਿਆਖਿਆ ਨੂੰ ਇਸ ਤਰ੍ਹਾਂ ਸੀਮਿਤ ਕੀਤਾ ਜਾ ਸਕਦਾ ਹੈ ਕਿ ਉਹ ਜਾਂ ਤਾਂ ਸਿਰਫ਼ ਰਸੂਲਾਂ ਜਾਂ ਬਿਪਤਾ ਦੇ

ਸੰਤਾਂ ਨਾਲ ਸੰਬੰਧਿਤ ਹੈ ਜਿਹਨਾਂ ਨੂੰ ਅਤਿਆਚਾਰ ਦੇ ਅਜਿਹੇ ਹਾਲਾਤਾਂ ਦਾ ਸਾਹਮਣਾ ਕਰਨਾ ਪਿਆ ਜਾਂ ਕਰਨਗੇ ਜੋ ਕਿਸੇ ਹੋਰ ਪੀੜ੍ਹੀ ਦੇ ਮਸੀਹੀ ਸਮੂਹ ਉੱਤੇ ਨਹੀਂ ਆਏ ਸਨ। ਜੇਕਰ ਇੱਕ ਵਿਅਕਤੀ ਇਸ ਸੰਦਰਭ ਤੋਂ ਸੰਤੁਸ਼ਟ ਨਹੀਂ ਹੁੰਦਾ ਕਿ ਇਹ ਆਇਤਾਂ ਵਿਸ਼ੇਸ਼ ਸਮੂਹਾਂ ਵੱਲ ਬਾਰੇ ਗੱਲ ਕਰਦੀਆਂ ਹਨ, ਤਾਂ ਫਿਰ ਵੀ ਇਹ ਆਇਤਾਂ ਉਹਨਾਂ ਵਿਆਖਿਆਵਾਂ ਦੇ ਯੋਗ ਹੈ ਜੋ ਸਿਰਫ਼ ਵਿਸ਼ਵਾਸ ਦੇ ਅਨੁਕੂਲ ਹਨ। ਇਸ ਦਾ ਵਿਸ਼ਾ ਮੁਕਤੀ ਨਹੀਂ ਪਰ ਇਨਾਮਾਂ ਨੂੰ ਪ੍ਰਾਪਤ ਕਰਨਾ ਜਾਂ ਗੁਆਉਣਾ ਹੈ (ਇਨਾਮ ਦਾ ਵਿਚਾਰ)। ਸ਼ਾਇਦ ਮਸੀਹ ਦਾ ਅਰਥ ਇਹ ਸੀ ਕਿ ਇੱਕ ਵਿਸ਼ਵਾਸੀ ਘੱਟੋ-ਘੱਟ ਕੁਝ ਹੱਦ ਤੱਕ ਉਹਨਾਂ ਦਾ ਇਕਰਾਰ ਕਰੇਗਾ ਜਦੋਂ ਕਿ ਜੋ ਉਹਨਾਂ ਦਾ ਹਮੇਸ਼ਾਂ ਇਨਕਾਰ ਕਰਦੇ ਹਨ ਉਹ ਅਵਿਸ਼ਵਾਸੀ ਹਨ (ਦੋ ਹੱਦ ਵਿਚਾਰ)। ਇੱਕ ਹੋਰ ਵਿਚਾਰ ਇਹ ਹੋਵੇਗਾ ਕਿ ਮਸੀਹ ਨੇ ਸਿਖਾਇਆ ਕਿ ਜਿਹੜੇ ਲੋਕ ਇਸ ਜੀਵਨ ਵਿੱਚ ਮਨੁੱਖਾਂ ਦੇ ਸਾਹਮਣੇ ਪਿਤਾ ਅੱਗੇ ਮਸੀਹ ਦਾ ਇਕਰਾਰ ਕਰਨਗੇ, ਤਾਂ ਉਹ ਸਦੀਪਕ ਕਾਲ ਵਿੱਚ ਉਸ ਇਨਕਾਰ ਤੋਂ ਬਚ ਜਾਣਗੇ ਜੋ ਸਵਰਗਦੂਤਾਂ ਦੇ ਸਾਹਮਣੇ ਪਿਤਾ ਦੇ ਅੱਗੇ ਕੀਤਾ ਜਾਵੇਗਾ ("ਇੱਥੇ" ਬਨਾਮ "ਭਵਿੱਖ ਵਿੱਚ" ਵਿਚਾਰ)। ਇੱਕ ਹੋਰ ਸੁਝਾਅ ਇਹ ਹੋ ਸਕਦਾ ਹੈ ਕਿ ਪ੍ਰਭੂ ਇਸ ਗੱਲ ਦਾ ਆਮ ਵੇਰਵਾ ਦਿੰਦੇ ਹਨ ਕਿ ਇੱਕ ਮੁਕਤੀ ਪਾਇਆ ਹੋਇਆ ਵਿਅਕਤੀ ਕਿਵੇਂ ਕੰਮ ਕਰਦਾ ਹੈ, ਅਤੇ ਇਹ ਬਚਾਏ ਜਾਣ ਦੀ ਸ਼ਰਤ ਨਹੀਂ ਹੈ (ਆਮ ਵੇਰਵੇ ਦਾ ਵਿਚਾਰ)। ਉੱਪਰ ਘੱਟੋ-ਘੱਟ ਤਿੰਨ ਵਿਚਾਰਾਂ ਨੇ ਮੂਲ ਸਰੋਤਿਆਂ ਨੂੰ ਇੱਕੋ ਨਤੀਜੇ ਉੱਤੇ ਪਹੁੰਚਾਇਆ ਹੋਵੇਗਾ। ਚੇਲਿਆਂ ਨੇ ਪਹਿਲਾਂ ਹੀ ਪਰਮੇਸ਼ਰ ਅੱਗੇ ਯਿਸੂ ਦਾ ਇਕਰਾਰ ਕੀਤਾ ਸੀ, ਅਤੇ ਉਹ ਦੂਜਿਆਂ ਅੱਗੇ ਵੀ ਮਸੀਹ ਦਾ ਇਕਰਾਰ ਕਰਨ ਵਾਲੇ ਸਨ। ਯਿਸੂ ਚਾਹੁੰਦੇ ਸਨ ਕਿ ਉਹ ਅਤਿਆਚਾਰ ਦੇ ਸਮੇਂ ਉਸ ਇਕਰਾਰ ਪ੍ਰਤੀ ਸੱਚੇ ਰਹਿਣ।

**ਇਹ ਦਲੀਲ ਦੇਣ ਦੀ ਜ਼ਰੂਰਤ ਨਹੀਂ ਹੈ ਕਿ ਉੱਪਰ ਦਿੱਤੇ ਵਿਚਾਰਾਂ ਵਿੱਚੋਂ ਕਿਹੜਾ ਸਹੀ ਹੈ। ਮੁੱਖ ਗੱਲ ਇਹ ਹੈ ਕਿ ਉਹ ਇੱਕ ਅਜਿਹੇ ਵਿਚਾਰ ਦੇ ਵਿਕਲਪ ਹਨ, ਜਿਸ ਵਿੱਚ ਵਿਸ਼ਵਾਸ ਨਾਲ ਲੋਕਾਂ ਸਾਹਮਣੇ ਇਕਰਾਰ ਨੂੰ ਵੀ ਮੁਕਤੀ ਪਾਉਣ ਦੀ ਇੱਕ ਸ਼ਰਤ ਬਣਾ ਲਿਆ ਗਿਆ ਹੈ।**

### I. ਬਚਾਏ ਜਾਣ ਦੇ ਲਈ ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣਾ

ਇਹ ਵਾਕਾਂਸ਼ ਅਕਸਰ ਬੱਚਿਆਂ ਨਾਲ ਗੱਲ ਕਰਦੇ ਹੋਏ ਮੁਕਤੀ ਦੇ ਲਈ ਇੱਕ ਸ਼ਰਤ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਇਸ ਨੂੰ ਵਿਸ਼ਵਾਸ ਦੁਆਰਾ ਯਿਸੂ ਨੂੰ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਦੇ ਬਰਾਬਰ ਸਮਝਿਆ ਜਾ ਸਕਦਾ ਹੈ। ਇਸ ਲਈ, ਬਹੁਤ ਸਾਰੇ ਬੱਚਿਆਂ ਨੂੰ ਇਸ ਵਾਕਾਂਸ਼ ਦੁਆਰਾ ਸ਼ੁਭ-ਸਮਾਚਾਰ ਸੁਣਾਇਆ ਜਾਂਦਾ ਹੈ, ਅਤੇ ਉਹਨਾਂ ਨੇ ਇਸ ਦੁਆਰਾ ਮਸੀਹ ਵਿੱਚ ਸੱਚਾ ਭਰੋਸਾ ਕੀਤਾ।

ਫਿਰ ਵੀ, ਵਾਕ "ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣਾ" ਬਹੁਤ ਵੱਡੀ ਗ਼ਲਤਫ਼ਹਿਮੀ ਵੀ ਪੈਦਾ ਕਰ ਸਕਦਾ ਹੈ। ਪਰ, ਇੱਕ ਵਿਅਕਤੀ ਦੇ ਲਈ ਇਹ ਸੰਭਵ ਹੈ ਕਿ "ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣ" ਤੋਂ ਬਾਅਦ ਵੀ ਉਹ ਮੁਕਤੀਦਾਤਾ ਦੀ ਮੌਤ ਅਤੇ ਜੀਅ ਉੱਠਣ, ਜਾਂ ਉਹਨਾਂ ਵਿੱਚ ਵਿਸ਼ਵਾਸ ਕਰਨ ਦੇ ਵਿਚਾਰ ਤੋਂ ਪੂਰੀ ਤਰ੍ਹਾਂ ਅਣਜਾਣ ਹੋਵੇ। ਇਸ ਤੋਂ ਇਲਾਵਾ, ਮਸੀਹ ਦਾ ਦਿਲ ਵਿੱਚ ਪ੍ਰਵੇਸ਼ ਇੱਕ ਸ਼ਰਤ ਦੀ ਬਜਾਏ ਮੁਕਤੀ ਦਾ ਨਤੀਜਾ ਹੈ। ਬਾਈਬਲ ਸ਼ੁਭ-ਸਮਾਚਾਰ ਦੇ ਪ੍ਰਚਾਰ ਵਿੱਚ **ਕਦੇ ਵੀ** ਅਜਿਹੀ ਸ਼ਬਦਾਵਲੀ ਦੀ ਵਰਤੋਂ ਨਹੀਂ ਕਰਦੀ ਹੈ, ਅਤੇ ਸਾਨੂੰ ਵੀ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਦਿਲ ਦੇ ਲਈ ਯੂਨਾਨੀ ਸ਼ਬਦ *ਕਾਰਡੀਆ* ਹੈ ਜਿਸ ਤੋਂ *ਕਾਰਡੀਅਕ* ਸ਼ਬਦ ਲਿਆ ਗਿਆ ਹੈ। ਇਸ ਨੂੰ ਲਗਭਗ 157-160 ਵਾਰ ਵਰਤਿਆ ਗਿਆ ਹੈ। ਇੱਕ ਵਿਦਿਆਰਥੀ ਆਪਣੇ ਮਨ ਨੂੰ ਸੰਤੁਸ਼ਟ ਕਰਨ ਦੇ ਲਈ ਬਾਈਬਲ ਦੇ ਸ਼ਬਦਾਂ ਦੇ ਇੱਕ ਸ਼ਬਦਕੋਸ਼ ਵੀ ਦੇਖ ਸਕਦੇ ਹਨ ਕਿ ਬਾਈਬਲ ਵਿੱਚ "ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣਾ" **ਕਦੇ ਵੀ ਮੁਕਤੀ ਦੀ ਸ਼ਰਤ ਨਹੀਂ ਸੀ।** ਇੱਕ ਵਿਅਕਤੀ ਇਹ ਕਹਿ ਸਕਦਾ ਹੈ ਕਿ ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਏ **ਬਿਨਾਂ** ਲੋਕ ਨਿਰੰਤਰ ਮੁਕਤੀ ਪਾ ਰਹੇ ਹਨ। ਇਹ ਮੁਕਤੀ ਦੀ ਸ਼ਰਤ ਨਹੀਂ ਹੈ। ਬਾਈਬਲ ਇਹ ਜ਼ਰੂਰ ਕਹਿੰਦੀ ਹੈ ਕਿ ਇੱਕ ਵਿਅਕਤੀ ਆਪਣੇ ਦਿਲ ਨਾਲ ਵਿਸ਼ਵਾਸ ਕਰਦਾ ਹੈ (ਲੂਕਾ 24:25; ਰਸੂਲਾਂ 15:9; ਰੋਮੀ 10:9-10), ਪਰ ਨਾ ਤਾਂ ਯੂਹੰਨਾ ਦੇ ਸ਼ੁਭ-ਸਮਾਚਾਰ, ਨਾ ਹੀ ਰਸੂਲਾਂ ਦੇ ਕਰਤੱਬ ਵਿਚਲੇ ਪ੍ਰਚਾਰ, ਨਾ ਹੀ ਰੋਮੀਆਂ ਵਿੱਚ ਮਹਾਨ ਅਧਿਆਤਮਿਕ ਸਿਧਾਂਤ, ਅਤੇ ਨਾ ਹੀ ਨਵੇਂ ਨੇਮ ਵਿੱਚ ਕਿਤੇ ਵੀ "ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣ" ਨੂੰ ਮੁਕਤੀ ਦੇ ਲਈ ਇੱਕ ਸ਼ਰਤ ਵਜੋਂ ਦੱਸਿਆ ਗਿਆ ਹੈ। **ਇੱਕ ਵਿਅਕਤੀ ਨੂੰ ਮੁਕਤੀ ਦੇ ਨਤੀਜੇ ਨੂੰ ਮੁਕਤੀ ਦੀ ਸ਼ਰਤ ਨਾਲ ਜੋੜਨਾ ਨਹੀਂ ਚਾਹੀਦਾ ਹੈ।**

ਹੋ ਸਕਦਾ ਹੈ ਕਿ ਪ੍ਰਕਾਸ਼ ਦੀ ਪੋਥੀ 3:20 ਦੀ ਇੱਕ ਦਿਖਾਵੇ ਦੀ ਵਿਆਖਿਆ ਕਾਰਨ, ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣ ਨੂੰ ਮੁਕਤੀ ਦੀ ਇੱਕ ਸ਼ਰਤ ਵਜੋਂ ਮੰਨ ਲਿਆ ਗਿਆ ਹੋਵੇ:

> “ਦੇਖ! ਮੈਂ ਦਰਵਾਜ਼ੇ ਉੱਤੇ ਖੜ੍ਹਾ ਖੜਕਾ ਰਿਹਾ ਹਾਂ, ਜੇਕਰ ਕੋਈ ਮੇਰੀ ਆਵਾਜ਼ ਸੁਣਦਾ ਅਤੇ ਦਰਵਾਜ਼ਾ ਖੋਲ੍ਹਦਾ ਹੈ ਤਾਂ ਮੈਂ ਅੰਦਰ ਆਵਾਂਗਾ ਅਤੇ ਉਸ ਦੇ ਨਾਲ ਭੋਜਨ ਕਰਾਂਗਾ ਅਤੇ ਉਹ ਮੇਰੇ ਨਾਲ ਭੋਜਨ ਕਰੇਗਾ” [ਪ੍ਰਕਾਸ਼ 3:20]

ਧਿਆਨ ਦਿਓ ਕਿ ਪ੍ਰਕਾਸ਼ 3:20 ਵਿੱਚ *ਦਿਲ* ਸ਼ਬਦ ਵਰਤਿਆ ਹੀ ਨਹੀਂ ਗਿਆ ਹੈ। ਇਹ ਆਇਤ ਦੱਸ ਰਹੀ ਹੈ ਕਿ ਪ੍ਰਭੂ ਇੱਕ **ਵਿਅਕਤੀ ਦੇ ਅੰਦਰ ਆਉਣ** ਦੀ ਨਹੀਂ, ਪਰ ਉਸ ਦੇ **ਨਾਲ ਅੰਦਰ ਆਉਣ** ਦੀ ਗੱਲ ਕਰ ਰਹੇ ਹਨ। ਪ੍ਰਕਾਸ਼ 3:20 ਵਿਚਲੇ ਯੂਨਾਨੀ ਵਾਕਾਂਸ਼ (ਈਸ-ਅਰਕੋਮਾਈ) ਨੂੰ ਨਵੇਂ ਨੇਮ ਵਿੱਚ ਅੱਠ ਹੋਰ ਵਾਰ ਵਰਤਿਆ ਗਿਆ ਹੈ, ਅਤੇ ਇਸ ਦਾ ਅਰਥ ਕਦੇ ਵੀ "ਦੇ ਅੰਦਰ" ਨਹੀਂ ਹੁੰਦਾ ਹੈ (ਮਰਕੁਸ 7:25; 15:43; ਲੂਕਾ 1:28; ਰਸੂਲਾਂ 10:3; 11:3; 16:40; 17:2; 28:8)। ਮਰਕੁਸ 15:43 ਵਿੱਚ, ਅਰਿਮਥੇਆ ਦਾ ਯੂਸੁਫ਼ ਪਿਲਾਤੁਸ ਕੋਲ ਅੰਦਰ ਗਿਆ ਅਤੇ ਯਿਸੂ ਦੀ ਦੇਹ ਦੀ ਮੰਗ ਕੀਤੀ। ਉਹ ਪਿਲਾਤੁਸ ਦੇ

ਅੰਦਰ ਨਹੀਂ ਗਿਆ! ਉਹ ਪਿਲਾਤੁਸ ਦੇ "ਨਾਲ ਅੰਦਰ" ਜਾਂ "ਕੋਲ" ਗਿਆ ਸੀ। ਇਸੇ ਤਰ੍ਹਾਂ, ਪ੍ਰਕਾਸ਼ 3:20 ਸਿੱਖਿਆ ਦੇ ਰਿਹਾ ਹੈ ਕਿ ਯਿਸੂ ਇੱਕ ਵਿਅਕਤੀ ਕੋਲ ਆਉਣ ਜਾਂ ਉਸ ਦੇ ਨਾਲ ਅੰਦਰ ਆਉਣ ਦੇ ਲਈ ਤਿਆਰ ਹਨ ਕਿ ਉਸ ਨਾਲ ਸੰਗਤੀ ਕਰਨ। ਮਸੀਹ ਦਾ ਦਿਲ ਵਿੱਚ ਰਹਿਣ ਦਾ ਕੰਮ ਪ੍ਰਕਾਸ਼ 3:20 ਵਿੱਚ ਨਜ਼ਰ ਨਹੀਂ ਆਉਂਦਾ ਹੈ। ਕੋਈ ਵੀ ਆਇਤ ਯਿਸੂ ਨੂੰ ਆਪਣੇ ਦਿਲ ਵਿੱਚ ਬੁਲਾਉਣ ਦੀ ਸ਼ਰਤ ਨਹੀਂ ਰੱਖਦੀ ਹੈ।

### J. ਮੁਕਤੀ ਪ੍ਰਾਪਤ ਕਰਨ ਲਈ ਪਾਪਾਂ ਦਾ ਇਕਰਾਰ ਕਰਨਾ

ਪਾਪ ਦਾ ਇਕਰਾਰ ਕਰਨਾ ਇੱਕ ਬਹੁਤ ਮਹੱਤਵਪੂਰਣ ਸਿਧਾਂਤ ਹੈ। ਫਿਰ ਵੀ, ਇਸ ਨੂੰ ਇਸ ਦੀ ਸਹੀ ਥਾਂ ਤੇ ਦੇਖਣ ਦੀ ਜ਼ਰੂਰਤ ਹੈ। ਪਾਪ ਦਾ ਇਕਰਾਰ ਕਰਨ ਬਾਰੇ ਸਿੱਖਿਆਵਾਂ ਮੁੱਖ ਤੌਰ ਤੇ ਵਿਸ਼ਵਾਸੀਆਂ ਨੂੰ ਦਿੱਤੀਆਂ ਗਈਆਂ ਹਨ। ਇੱਕ ਨਿਆਂਈ ਦੀ ਭੂਮਿਕਾ ਵਿੱਚ, ਪਰਮੇਸ਼ਰ ਨੇ ਪਹਿਲਾਂ ਹੀ ਵਿਸ਼ਵਾਸੀਆਂ ਦੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ (ਕੁਲੁੱਸੀ 2:13)। ਇੱਕ ਪਿਤਾ ਦੀ ਭੂਮਿਕਾ ਵਿੱਚ, ਪਰਮੇਸ਼ਰ ਅਜੇ ਵੀ ਗੁੱਸਾ ਹੋ ਸਕਦੇ ਹਨ ਅਤੇ ਵਿਸ਼ਵਾਸੀ ਨੂੰ ਇਕਰਾਰ (ਪਾਪ ਦਾ ਇਕਰਾਰ) ਦੁਆਰਾ ਮਾਫ਼ੀ ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਇਸ ਤਰ੍ਹਾਂ, ਵਿਸ਼ਵਾਸੀਆਂ ਨੂੰ ਪਿਤਾ ਤੋਂ ਮਾਫ਼ੀ ਪ੍ਰਾਪਤ ਕਰਨ ਦੇ ਲਈ ਆਪਣੇ ਪਾਪਾਂ ਦਾ ਇਕਰਾਰ ਕਰਨ ਦੀ ਅਪੀਲ ਕੀਤੀ ਗਈ ਹੈ (ਦੇਖੋ, 1 ਯੂਹੰਨਾ 1:9; 1 ਕੁਰਿੰਥ 11:31; ਮੱਤੀ 6:12)। ਆਪਣੇ ਸਹੀ ਸਥਾਨ ਉੱਤੇ ਪਾਪਾਂ ਦਾ ਇਕਰਾਰ ਕਰਨ ਦਾ ਸਿਧਾਂਤ ਪੂਰੀ ਤਰ੍ਹਾਂ ਸੱਚਾ ਅਤੇ ਪੂਰੀ ਤਰ੍ਹਾਂ ਮਹੱਤਵਪੂਰਣ ਹੈ।

ਪਰ, ਬਾਈਬਲ ਪਾਪਾਂ ਦੇ ਇਕਰਾਰ ਨੂੰ ਮੁਕਤੀ ਦੀ ਸ਼ਰਤ ਵਜੋਂ ਨਹੀਂ ਦੱਸਦੀ ਹੈ। ਇਹ ਸੱਚ ਹੈ ਕਿ ਇੱਕ ਵਿਅਕਤੀ ਜੋ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ, ਉਹ ਆਮ ਅਰਥਾਂ ਵਿੱਚ ਇਹ ਸਵੀਕਾਰ ਕਰਦਾ ਹੈ ਕਿ ਉਹ ਪਾਪੀ ਹੈ, ਪਰ ਅਜਿਹਾ ਨਹੀਂ ਹੈ ਕਿ ਮੁਕਤੀ ਪਾਉਣ ਦੇ ਲਈ ਉਸ ਨੂੰ ਆਪਣੇ ਪਾਪਾਂ ਨੂੰ ਸੂਚੀਬੱਧ ਕਰਦੇ ਹੋਏ ਹਰੇਕ ਪਾਪ ਦੇ ਲਈ ਮਾਫ਼ੀ ਮੰਗਣੀ ਹੋਵੇਗੀ। ਇਸ ਤੱਥ ਉੱਤੇ ਵਿਚਾਰ ਕਰੋ ਕਿ ਇੱਕ ਵਿਅਕਤੀ ਯਿਸੂ ਮਸੀਹ ਦੇ ਵਿਅਕਤੀਤਵ ਅਤੇ ਸਲੀਬ ਵਿੱਚ ਵਿਸ਼ਵਾਸ ਦੇ ਬੁਨਿਆਦੀ ਗਿਆਨ ਤੋਂ ਬਿਨਾਂ ਵੀ ਬਹੁਤ ਸਾਰੇ ਪਾਪਾਂ ਨੂੰ ਸੂਚੀਬੱਧ ਅਤੇ ਉਹਨਾਂ ਦਾ ਇਕਰਾਰ ਕਰ ਸਕਦਾ ਹੈ। ਕੀ ਮੱਧ ਯੁੱਗ ਦੇ ਆਸ਼ਰਮ ਅਜਿਹੇ ਪਾਪੀਆਂ ਨਾਲ ਭਰੇ ਹੋਏ ਨਹੀਂ ਸਨ ਜਿਹਨਾਂ ਨੇ ਪਾਪ ਕਰਨ ਤੋਂ ਬਾਅਦ ਪਾਪ ਦਾ ਇਕਰਾਰ ਕੀਤਾ, ਪਰ ਉਹਨਾਂ ਨੇ ਪਾਪਾਂ ਦੀ ਮਾਫ਼ੀ ਦੇ ਲਈ ਮਸੀਹ ਉੱਤੇ ਕਦੇ ਵੀ ਭਰੋਸਾ ਨਹੀਂ ਕੀਤਾ ਸੀ? ਨਾਲ ਹੀ, ਇਸ ਸੱਚਾਈ ਉੱਤੇ ਵੀ ਵਿਚਾਰ ਕਰੋ ਕਿ ਮੁਕਤੀ ਦੇ ਲਈ ਕਿਤੇ ਵੀ ਖ਼ਾਸ ਪਾਪਾਂ ਦੇ ਇਕਰਾਰ ਬਾਰੇ ਗੱਲ ਨਹੀਂ ਕੀਤੀ ਗਈ ਹੈ। ਜਿਸ ਤਰ੍ਹਾਂ ਇੱਕ ਵਿਅਕਤੀ ਮਸੀਹ ਉੱਤੇ ਵਿਸ਼ਵਾਸ ਕੀਤੇ ਬਿਨਾਂ ਬਹੁਤ ਸਾਰੇ ਪਾਪਾਂ ਦਾ ਇਕਰਾਰ ਕਰ ਸਕਦਾ ਹੈ, ਉਸੇ ਤਰ੍ਹਾਂ ਇੱਕ ਵਿਅਕਤੀ ਕਿਸੇ ਵੀ ਖ਼ਾਸ ਪਾਪ ਦਾ ਇਕਰਾਰ ਕੀਤੇ ਬਿਨਾਂ ਮਸੀਹ ਉੱਤੇ ਵਿਸ਼ਵਾਸ ਕਰ ਸਕਦਾ ਹੈ। ਇਹ ਕਾਫ਼ੀ ਹੈ ਕਿ ਇੱਕ ਵਿਅਕਤੀ ਆਪਣੇ ਪਾਪ ਨੂੰ ਆਮ ਅਰਥਾਂ ਵਿੱਚ **ਸਵੀਕਾਰ ਕਰਕੇ** ਅਤੇ ਮਸੀਹ ਵਿੱਚ ਵਿਸ਼ਵਾਸ ਕਰਕੇ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦਾ ਹੈ। ਇੱਕ ਖ਼ਾਸ ਪਾਪ ਦਾ ਇਕਰਾਰ, ਇੱਕ ਵਿਸ਼ਵਾਸੀ ਦੇ ਲਈ ਉਹ ਸਾਧਨ ਹੈ ਜਿਸ ਵਿੱਚ ਉਹ ਪਰਮੇਸ਼ਰ (ਪਿਤਾ ਦੇ ਰੂਪ ਵਿੱਚ) ਤੋਂ ਮਾਫ਼ੀ ਪ੍ਰਾਪਤ ਕਰਦਾ ਹੈ। ਪਰ, ਇੱਕ ਪਾਪੀ ਦੇ ਲਈ ਪਰਮੇਸ਼ਰ (ਇੱਕ ਨਿਆਂਈ ਦੇ ਰੂਪ ਵਿੱਚ) ਤੋਂ ਮਾਫ਼ੀ ਪ੍ਰਾਪਤ ਕਰਨ ਦਾ ਸਾਧਨ **ਸਿਰਫ਼ ਵਿਸ਼ਵਾਸ** ਹੀ ਹੈ।

ਕੁਝ ਲੋਕ 1 ਯੂਹੰਨਾ 1:9 ਦੀ ਵਰਤੋਂ ਇਹ ਦਲੀਲ ਦੇਣ ਦੇ ਲਈ ਕਰਦੇ ਹਨ ਕਿ ਇੱਕ ਅਵਿਸ਼ਵਾਸੀ ਲਈ ਖ਼ਾਸ ਪਾਪ ਦਾ ਇਕਰਾਰ ਬਚਾਏ ਜਾਣ ਦੇ ਲਈ ਜ਼ਰੂਰੀ ਹੈ। ਪਰ, ਸੰਦਰਭ ਅਤੇ ਵਾਕਾਂਸ਼ ਇਹ ਦਰਸਾਉਂਦੇ ਹਨ ਕਿ ਇਹ ਆਇਤ ਵਿਸ਼ਵਾਸੀਆਂ ਦੇ ਲਈ ਹੈ। 1 ਯੂਹੰਨਾ 2:1 ਵਿੱਚ, ਯੂਹੰਨਾ ਦੱਸਦਾ ਹੈ ਕਿ ਉਹ "ਛੋਟੇ ਬੱਚਿਆਂ (ਵਿਸ਼ਵਾਸੀਆਂ)" ਨੂੰ ਲਿਖ ਰਿਹਾ ਹੈ। ਉਹ ਉਹਨਾਂ ਨੂੰ ਲਿਖ ਰਿਹਾ ਹੈ ਜਿਹਨਾਂ ਦੇ ਲਈ ਯਿਸੂ ਮਸੀਹ ਇੱਕ ਵਕੀਲ ਜਾਂ ਸਹਾਇਕ ਹਨ। 1 ਯੂਹੰਨਾ 2:2 ਵਿੱਚ, ਯੂਹੰਨਾ ਨੇ ਆਪਣੇ ਪਾਠਕਾਂ ਅਤੇ ਸੰਸਾਰ ਵਿੱਚ ਫ਼ਰਕ ਕੀਤਾ ਹੈ। ਇਹ ਸਥਾਪਿਤ ਕਰਨਾ ਅਸਾਨ ਹੈ ਕਿ 1 ਯੂਹੰਨਾ 1:9 ਅਵਿਸ਼ਵਾਸੀਆਂ ਦੀ ਬਜਾਏ ਵਿਸ਼ਵਾਸੀਆਂ ਦੇ ਲਈ ਹੈ। ਖ਼ਾਸ ਪਾਪਾਂ ਦਾ ਇਕਰਾਰ ਮੁਕਤੀ ਦੇ ਲਈ ਬਾਈਬਲ ਦੀ ਸ਼ਰਤ ਨਹੀਂ ਹੈ। ਪਰਮੇਸ਼ਰ ਇੱਕ ਨਿਆਂਈ ਵਜੋਂ ਆਪਣੀ ਭੂਮਿਕਾ ਵਿੱਚ ਮਸੀਹ ਵਿੱਚ ਵਿਸ਼ਵਾਸ ਦੇ ਆਧਾਰ ਉੱਤੇ ਮਾਫ਼ ਕਰਦੇ ਹਨ। ਜੇਕਰ ਇੱਕ ਵਿਅਕਤੀ ਨੇ ਸੱਚਮੁੱਚ ਮਸੀਹ ਵਿੱਚ ਵਿਸ਼ਵਾਸ ਕੀਤਾ ਹੈ, ਤਾਂ ਉਸ ਨੇ ਪਹਿਲਾਂ ਹੀ ਆਪਣੇ ਪਾਪ ਦਾ ਇਸ ਹੱਦ ਤੱਕ ਇਕਰਾਰ ਕਰ ਲਿਆ ਹੈ ਜੋ ਮੁਕਤੀ ਦੇ ਲਈ ਕਾਫ਼ੀ ਹੈ।

### K. ਬਚਾਏ ਜਾਣ ਦੇ ਲਈ ਦੂਜਿਆਂ ਨੂੰ ਮਾਫ਼ ਕਰਨਾ

ਇੱਕ ਵੱਡੀ ਕਲੀਸਿਯਾ ਨੇ "ਬੇਦਾਰੀ ਦੀ ਸਭਾ" ਦੇ ਲਈ ਆਪਣੇ ਇਸ਼ਤਿਹਾਰਾਂ ਵਿੱਚੋਂ ਇੱਕ ਵਿੱਚ ਮੁਕਤੀ ਦੀ ਸ਼ਰਤ ਵਜੋਂ ਇਹ ਲਿਖਿਆ ਸੀ, "ਜਿਵੇਂ ਮਸੀਹ ਨੇ ਤੁਹਾਨੂੰ ਮੁਫ਼ਤ ਵਿੱਚ ਮਾਫ਼ ਕੀਤਾ ਹੈ, ਤੁਸੀਂ ਵੀ ਮੁਫ਼ਤ ਵਿੱਚ ਮਾਫ਼ ਕਰੋ।" ਇਸ਼ਤਿਹਾਰ ਵਿੱਚ ਖ਼ਾਸ ਤੌਰ ਤੇ ਇਹ ਕਿਹਾ ਗਿਆ ਸੀ ਕਿ ਇਹ ਮੁਕਤੀ ਦੇ ਲਈ ਪਰਮੇਸ਼ਰ ਦੀਆਂ "ਸ਼ਰਤਾਂ" ਵਿੱਚੋਂ ਇੱਕ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਬਾਈਬਲ ਮਾਫ਼ੀ ਨੂੰ ਉਤਸ਼ਾਹਿਤ ਕਰਦੀ ਹੈ, ਪਰ ਇਹ ਕਹਿਣ ਵਿੱਚ ਬਹੁਤ ਸਮੱਸਿਆਵਾਂ ਹਨ ਕਿ ਬਾਈਬਲ ਮੁਕਤੀ ਦੀ ਸ਼ਰਤ ਵਜੋਂ ਦੂਜਿਆਂ ਨੂੰ ਮਾਫ਼ ਕਰਨਾ ਸਿਖਾਉਂਦੀ ਹੈ। ਪਹਿਲੀ ਅਤੇ ਸੱਚੀ ਗੱਲ ਇਹ ਹੈ ਕਿ ਜਿਹੜਾ ਵਿਅਕਤੀ ਮਸੀਹ ਨੂੰ ਨਹੀਂ ਜਾਣਦਾ ਹੈ, ਉਸ ਲਈ ਮਸੀਹ ਵਾਂਗ ਮਾਫ਼ ਕਰਨਾ ਅਸੰਭਵ ਹੈ। ਦੂਜਿਆਂ ਨੂੰ ਸੱਚਮੁੱਚ ਮਾਫ਼ ਕਰਨ ਦੇ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਇੱਕ ਵਿਅਕਤੀ ਮੁਕਤੀ ਪ੍ਰਾਪਤ ਕਰੇ ਅਤੇ ਪਰਮੇਸ਼ਰ ਦੀ ਕਿਰਪਾ ਦਾ ਅਨੁਭਵ ਕਰੇ। ਮੁਕਤੀ ਪ੍ਰਾਪਤ ਕਰਨ ਤੋਂ ਪਹਿਲਾਂ ਬਾਕੀ ਸਾਰਿਆਂ ਨੂੰ ਮਾਫ਼ ਕਰਨ ਦੀ ਮੰਗ ਕਰਨਾ ਉਸ

ਵਿਅਕਤੀ ਦੇ ਰਾਹ ਵਿੱਚ ਇੱਕ ਅਜਿਹੀ ਰੁਕਾਵਟ ਖੜ੍ਹੀ ਕਰਦਾ ਹੈ ਜੋ ਪਰਮੇਸ਼ਰ ਤੋਂ ਮਾਫ਼ੀ ਪਾਉਣਾ ਚਾਹੁੰਦਾ ਹੈ, ਪਰ ਉਹ ਉਹਨਾਂ ਨੂੰ ਮਾਫ਼ ਨਹੀਂ ਕਰ ਸਕਦਾ ਜਿਹਨਾਂ ਨੇ ਉਸ ਨਾਲ ਬੁਰਾ ਕੀਤਾ ਸੀ। ਅਸਲ ਵਿੱਚ, ਖ਼ੁਦ ਪਰਮੇਸ਼ਰ ਵੀ ਆਪਣੇ ਵਿਰੋਧ ਲੋਕਾਂ ਦੇ ਕੀਤੇ ਗਏ ਸਾਰੇ ਪਾਪਾਂ ਨੂੰ ਮਾਫ਼ ਨਹੀਂ ਕਰਦੇ ਹਨ! ਮਸੀਹੀਆਂ ਨੂੰ ਆਸਾਨੀ ਨਾਲ ਮਾਫ਼ ਕਰ ਦੇਣਾ ਚਾਹੀਦਾ ਹੈ, ਪਰ ਜੇਕਰ ਅਪਰਾਧ ਬਹੁਤ ਵੱਡਾ ਹੈ, ਤਾਂ ਇੱਥੋਂ ਤੱਕ ਕਿ ਇੱਕ ਮਸੀਹੀ ਨੂੰ ਜ਼ਿੰਮੇਵਾਰੀ ਛੱਡਣ ਦੇ ਅਰਥ ਵਿੱਚ ਮਾਫ਼ ਕਰਨ ਦੀ ਲੋੜ ਨਹੀਂ ਹੈ (ਦੇਖੋ, ਮੱਤੀ 18:15-17)। ਜੇਕਰ ਮਸੀਹੀ ਅਤੇ ਇੱਥੋਂ ਤੱਕ ਕਿ ਖ਼ੁਦ ਪਰਮੇਸ਼ਰ ਵੀ ਹਮੇਸ਼ਾਂ ਮਾਫ਼ ਨਹੀਂ ਕਰਦੇ ਹਨ, ਤਾਂ ਦੂਜਿਆਂ ਨੂੰ ਪੂਰੀ ਤਰ੍ਹਾਂ ਮਾਫ਼ ਕਰਨ ਨੂੰ ਅਵਿਸ਼ਵਾਸੀ ਲੋਕਾਂ ਦੇ ਲਈ ਮੁਕਤੀ ਪ੍ਰਾਪਤ ਕਰਨ ਦੀ ਸ਼ਰਤ ਬਣਾਉਣਾ ਬੇਤੁਕੀ ਗੱਲ ਹੈ। ਦੂਜੀ ਗੱਲ, ਮਾਫ਼ ਕਰਨ ਦੀ ਲੋੜ ਮੁਕਤੀ ਨੂੰ ਇੱਕ ਅਜਿਹੇ ਕੰਮ ਉੱਤੇ ਆਧਾਰਿਤ ਕਰਦੀ ਹੈ ਜੋ ਇੱਕ ਵਿਅਕਤੀ ਕਰਦਾ ਹੈ, ਨਾ ਕਿ ਜੋ ਮਸੀਹ ਨੇ ਕੀਤਾ ਹੈ। ਇਹ ਪਰਮੇਸ਼ਰ ਦੀ ਕਿਰਪਾ ਵਿੱਚ ਕੀਤੇ ਗਏ ਵਿਸ਼ਵਾਸ ਵਿੱਚ ਕੰਮ ਨੂੰ ਜੋੜਨਾ ਹੈ। ਤੀਜੀ ਗੱਲ, ਜੇਕਰ ਕਾਲਪਨਿਕ ਤੌਰ ਤੇ ਦੂਜੇ ਲੋਕਾਂ ਦੀ ਮਾਫ਼ੀ ਹੋ ਵੀ ਜਾਂਦੀ ਹੈ, ਤਾਂ ਵੀ ਉਹ ਵਿਅਕਤੀ ਆਪਣੇ ਪਾਪਾਂ ਵਿੱਚ ਡੁੱਬਿਆ ਹੋ ਸਕਦਾ ਹੈ। ਜੇਕਰ ਇੱਕ ਆਮ ਵਿਅਕਤੀ ਪੂਰੀ ਤਰ੍ਹਾਂ ਦੂਜਿਆਂ ਨੂੰ ਮਾਫ਼ ਕਰ ਦੇਵੇ, ਤਾਂ ਫਿਰ ਵੀ, ਉਹ ਉਦੋਂ ਤੱਕ ਮੁਕਤੀ ਤੋਂ ਬਿਨਾਂ ਹੋਵੇਗਾ ਜਦੋਂ ਤੱਕ ਉਹ ਮਸੀਹ ਅਤੇ ਉਹਨਾਂ ਦੇ ਸਲੀਬ ਉੱਤੇ ਕੰਮ ਬਾਰੇ ਨਹੀਂ ਜਾਣਦਾ ਹੈ ਅਤੇ ਉਸ ਵਿੱਚ ਵਿਸ਼ਵਾਸ ਨਹੀਂ ਕਰਦਾ ਹੈ। ਅੰਤ ਵਿੱਚ, ਇਸ ਵਿਚਾਰ ਦਾ ਸਮਰਥਨ ਕਰਨ ਦੇ ਲਈ ਕੋਈ ਵੀ ਬਾਈਬਲ ਦਾ ਵਚਨ ਨਹੀਂ ਹੈ ਕਿ ਪਰਮੇਸ਼ਰ ਇੱਕ ਵਿਅਕਤੀ ਤੋਂ ਇਹ ਮੰਗ ਕਰਦੇ ਹਨ ਕਿ ਉਹ ਬਚਾਏ ਜਾਣ ਤੋਂ ਪਹਿਲਾਂ ਸਾਰੇ ਲੋਕਾਂ ਨੂੰ ਉਹਨਾਂ ਦੇ ਸਾਰੇ ਪਾਪਾਂ ਦੇ ਲਈ ਮਾਫ਼ ਕਰੇ।

ਮੁਕਤੀ ਦੀ ਸ਼ਰਤ ਵਜੋਂ "ਦੂਜਿਆਂ ਨੂੰ ਮਾਫ਼ ਕਰਨਾ" ਸਿਖਾਉਣ ਦੇ ਲਈ ਮੱਤੀ 6:14-15 ਦੀ ਗ਼ਲਤ ਵਿਆਖਿਆ ਕੀਤੀ ਜਾ ਸਕਦੀ ਹੈ। ਪਰ ਮਸੀਹ ਉਹਨਾਂ ਦੀ ਗੱਲ ਕਰ ਰਹੇ ਹਨ ਜੋ ਪਹਿਲਾਂ ਹੀ ਬਚਾਏ ਗਏ ਹਨ (ਆਇਤ 9, "…ਹੇ ਸਾਡੇ ਪਿਤਾ, ਤੁਸੀਂ ਜੋ ਸਵਰਗ ਵਿੱਚ ਹੋ…")। ਉਹ ਸਿਖਾ ਰਹੇ ਹਨ ਕਿ ਜਿਹੜੇ ਵਿਸ਼ਵਾਸੀ ਦੂਜਿਆਂ ਨੂੰ ਮਾਫ਼ ਨਹੀਂ ਕਰਦੇ ਹਨ ਉਹਨਾਂ ਨੂੰ ਪਰਮੇਸ਼ਰ ਤੋਂ ਪਿਤਾ ਦੇ ਰੂਪ ਵਿੱਚ ਮਾਫ਼ੀ ਨਹੀਂ ਮਿਲੇਗੀ। ਪਰਮੇਸ਼ਰ ਨੇ ਇੱਕ ਨਿਆਂਈ ਦੇ ਰੂਪ ਵਿੱਚ ਮਸੀਹ ਵਿੱਚ ਵਿਸ਼ਵਾਸ ਦੇ ਆਧਾਰ ਤੇ ਵਿਸ਼ਵਾਸੀਆਂ ਨੂੰ ਪਹਿਲਾਂ ਹੀ ਮਾਫ਼ ਕਰ ਦਿੱਤਾ ਹੈ। ਫਿਰ ਵੀ, ਜੇਕਰ ਕੋਈ ਵਿਸ਼ਵਾਸੀ ਮਾਫ਼ੀ ਮੰਗ ਰਹੇ ਕਿਸੇ ਵਿਅਕਤੀ ਨੂੰ ਮਾਫ਼ ਕਰਨਾ ਤੋਂ ਲਗਾਤਾਰ ਇਨਕਾਰ ਕਰਦਾ ਹੈ, ਤਾਂ ਉਸ ਵਿਸ਼ਵਾਸੀ ਨੂੰ ਬਦਲੇ ਵਿੱਚ ਇਸ ਅਰਥ ਵਿੱਚ ਮਾਫ਼ੀ ਨਹੀਂ ਮਿਲੇਗੀ ਕਿ ਉਹ ਪਰਮੇਸ਼ਰ ਦੀ ਸੰਗਤ ਵਿੱਚ ਨਹੀਂ ਹੋਵੇਗਾ। ਪਰਮੇਸ਼ਰ ਪਿਤਾ ਨਾਲ ਸੰਗਤ ਦੀ ਇਹ ਸ਼ਰਤ ਹੈ ਕਿ ਜਿਹੜਾ ਵਿਅਕਤੀ ਪੂਰੀ ਇਮਾਨਦਾਰੀ ਨਾਲ ਮਾਫ਼ੀ ਮੰਗ ਰਿਹਾ ਹੋਵੇ, ਤਾਂ ਉਸ ਨੂੰ ਪੂਰੀ ਤਰ੍ਹਾਂ ਮਾਫ਼ ਕੀਤਾ ਜਾਵੇ। ਪਰ ਮੁਕਤੀ ਕੇਵਲ ਵਿਸ਼ਵਾਸ ਉੱਤੇ ਨਿਰਭਰ ਕਰਦੀ ਹੈ।

### L. ਬਚਾਏ ਜਾਣ ਦੇ ਲਈ ਆਪਣੇ ਆਪ ਇਨਕਾਰ ਕਰਨਾ ਅਤੇ ਸਭ ਕੁਝ ਛੱਡ ਦੇਣਾ

ਕੁਝ ਅਜਿਹੇ ਵਚਨ ਹਨ ਜਿੱਥੇ ਮਸੀਹ ਆਪਣੇ ਪ੍ਰਤੀ ਸੰਪੂਰਨ ਸਮਰਪਣ ਦਾ ਹੁਕਮ ਦਿੰਦੇ ਹਨ। ਕੋਈ ਵੀ ਇਸ ਗੱਲ ਤੇ ਬਹਿਸ ਨਹੀਂ ਕਰੇਗਾ ਕਿ ਮਸੀਹ ਆਪਣੇ ਪ੍ਰਤੀ ਪੂਰੀ ਨਿਸ਼ਠਾ ਅਤੇ ਮਨੁੱਖ ਦੇ ਆਪਣੇ-ਆਪ ਦਾ ਇਨਕਾਰ ਚਾਹੁੰਦੇ ਹਨ। ਪਰ, ਇਹ ਵਿਵਾਦਪੂਰਨ ਹੈ ਕਿ ਉਹ ਮੁਕਤੀ ਪ੍ਰਾਪਤ ਕਰਨ ਦੇ ਲਈ ਮਨੁੱਖ ਦਾ ਆਪਣੇ ਆਪ ਤੋਂ ਪੂਰੀ ਤਰ੍ਹਾਂ ਇਨਕਾਰ ਚਾਹੁੰਦੇ ਹਨ।

ਇਸ ਵਿੱਚ ਅੰਤਰ ਹੈ ਕਿ ਪਰਮੇਸ਼ਰ ਮੁਕਤੀ ਤੋਂ ਬਾਅਦ ਕੀ ਚਾਹੁੰਦੇ ਹਨ ਅਤੇ ਮੁਕਤੀ ਦੇ ਲਈ ਕੀ ਚਾਹੁੰਦੇ ਹਨ। ਆਪਣੇ ਆਪ ਦਾ ਇਨਕਾਰ ਕਰਨਾ ਸਿਖਾਉਣ ਵਾਲੇ ਵਚਨਾਂ ਦੀ ਜਾਂਚ ਤੋਂ ਪਹਿਲਾਂ ਇਹ ਸਵੀਕਾਰ ਕੀਤਾ ਜਾਵੇਗਾ ਕਿ ਉਹਨਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਉਹ ਮੁਕਤੀ ਪ੍ਰਾਪਤ ਕਰਨ ਦੇ ਲਈ ਬਹੁਤ ਜ਼ਿਆਦਾ ਤਿਆਗ, ਆਪਣੇ ਆਪ ਦਾ ਇਨਕਾਰ, ਆਗਿਆਕਾਰੀ ਦੀ ਮੰਗ ਕਰਦੇ ਹਨ। ਪਰ, ਉਹਨਾਂ ਦੀ ਵਿਆਖਿਆ ਬਾਈਬਲ ਦੀ ਇਸ ਸਪੱਸ਼ਟ ਸਥਿਤੀ ਨਾਲ ਮੇਲ ਕਰਨ ਦੇ ਲਈ ਵੀ ਕੀਤੀ ਜਾ ਸਕਦੀ ਹੈ ਕਿ ਮੁਕਤੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮਿਲਦੀ ਹੈ। ਅਜਿਹੀ ਸਿੱਖਿਆ ਵਿੱਚ ਕੁਝ ਵੀ ਅਸਾਧਾਰਨ ਨਹੀਂ ਹੈ ਜਿਸ ਨੂੰ ਬਾਈਬਲ ਦੇ ਬਾਕੀ ਵਚਨਾਂ ਤੋਂ ਅਲੱਗ ਅਤੇ ਇੱਕ ਤੋਂ ਵੱਧ ਅਰਥਾਂ ਵਿੱਚ ਲਿਆ ਜਾਂਦਾ ਹੈ। ਪਰ, ਤਰਕ ਅਤੇ ਬਾਈਬਲ ਦਾ ਅਧਿਕਾਰ ਇਹ ਮੰਗ ਕਰਦਾ ਹੈ ਕਿ ਅਜਿਹੀ ਕੋਈ ਵੀ ਵਿਆਖਿਆ ਜੋ ਵਿਰੋਧਾਭਾਸ ਨੂੰ ਖ਼ਤਮ ਕਰਦੀ ਹੈ, ਉਸ ਨੂੰ ਸਹੀ ਮੰਨਿਆ ਜਾਵੇ। ਮਸੀਹ ਨੇ ਧਨੀ ਨੌਜਵਾਨ ਨੂੰ ਕਿਹਾ ਕਿ ਉਹ ਆਪਣਾ ਸਭ ਕੁਝ ਗਰੀਬਾਂ ਨੂੰ ਦੇਵੇ ਅਤੇ ਉਹ ਦੇ ਪਿੱਛੇ ਚੱਲੇ (ਮੱਤੀ 19:21-22)। ਜੇਕਰ ਇਸ ਵਚਨ ਨੂੰ ਬਾਈਬਲ ਦੇ ਬਾਕੀ ਵਚਨਾਂ ਤੋਂ ਅਲੱਗ ਲਿਆ ਜਾਂਦਾ ਹੈ, ਤਾਂ ਇਹ ਵਚਨ ਅਜਿਹਾ ਸਿਖਾਉਣ ਦੇ ਯੋਗ ਹੈ ਕਿ ਮੁਕਤੀ ਤਿਆਗ ਕਰਨ ਦੇ ਦਾਨ ਦੁਆਰਾ ਪ੍ਰਾਪਤ ਕੀਤੀ ਜਾ ਸਕਦੀ ਹੈ। ਪਰ, ਇਸ ਹਵਾਲੇ ਨੂੰ ਇਸ ਤਰ੍ਹਾਂ ਵੀ ਸਮਝਿਆ ਜਾ ਸਕਦਾ ਹੈ ਕਿ ਮਸੀਹ ਦੇ ਪਿੱਛੇ ਚੱਲਣ ਨਾਲ ਮੁਕਤੀ ਪ੍ਰਾਪਤ ਹੋਵੇਗੀ। ਕਿਉਂਕਿ ਇਸ ਆਦਮੀ ਦੀ ਦੌਲਤ ਨੇ ਉਸ ਨੂੰ ਮਸੀਹ ਦੇ ਪਿੱਛੇ ਚੱਲਣ ਤੋਂ ਰੋਕਿਆ, ਇਸ ਲਈ ਇਹ ਸਿਰਫ਼ ਉਸ ਦੇ ਮਾਮਲੇ ਵਿੱਚ ਜ਼ਰੂਰੀ ਸੀ ਕਿ ਉਹ ਵਿਸ਼ਵਾਸੀ ਬਣਨ ਦੇ ਲਈ ਆਪਣੀ ਦੌਲਤ ਨੂੰ ਛੱਡ ਦੇਵੇ। ਇਸ ਤਰ੍ਹਾਂ, ਉਸ ਦੀ ਮੁਕਤੀ ਦਾਨ ਦੇਣ ਦੇ ਕੰਮਾਂ ਦੀ ਬਜਾਏ ਸਿਰਫ਼ ਵਿਸ਼ਵਾਸ ਦੁਆਰਾ ਹੋਣੀ ਸੀ, ਪਰ ਮਸੀਹ ਚਾਹੁੰਦੇ ਸਨ ਕਿ ਉਹ ਉਸ ਰੁਕਾਵਟ ਨੂੰ ਦੂਰ ਕਰੇ ਜੋ ਪੈਸੇ ਦੇ ਕਾਰਨ ਪੈਦਾ ਹੋਈ ਸੀ ਤਾਂ ਜੋ ਉਹ ਇੱਕ ਵਿਸ਼ਵਾਸੀ

ਬਣ ਸਕੇ। ਇਹ ਵਚਨ ਅਪਣੇ ਆਪ ਵਿੱਚ ਦੋਵੇਂ ਵਿਆਖਿਆਵਾਂ ਦੇ ਯੋਗ ਹੈ। ਪਰ ਦੂਜੀ ਵਿਆਖਿਆ ਸਹੀ ਹੈ ਕਿਉਂਕਿ ਇਹ ਬਾਈਬਲ ਦੇ ਬਾਕੀ ਵਚਨਾਂ ਨਾਲ ਮੇਲ ਖਾਂਦੀ ਹੈ।

**1. ਲੂਕਾ 9:23-26**

(ਮੱਤੀ 16:24-28 ਅਤੇ ਮਰਕੁਸ 8:34-38 ਵੀ ਦੇਖੋ)

> ਯਿਸੂ ਨੇ ਸਾਰਿਆਂ ਨੂੰ ਕਿਹਾ, "ਜੇਕਰ ਕੋਈ ਮੇਰਾ ਚੇਲਾ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਆਪਣਾ ਇਨਕਾਰ ਕਰਨਾ ਪਵੇਗਾ। ਉਸ ਨੂੰ ਹਰ ਰੋਜ਼ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲਣਾ ਪਵੇਗਾ। ਜਿਹੜਾ ਆਪਣਾ ਪ੍ਰਾਣ ਬਚਾਉਣਾ ਚਾਹੁੰਦਾ ਹੈ, ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਆਪਣਾ ਪ੍ਰਾਣ ਮੇਰੇ ਲਈ ਗੁਆਵੇਗਾ, ਉਹ ਉਸ ਨੂੰ ਬਚਾਵੇਗਾ। ਜੇਕਰ ਕੋਈ ਸਾਰੇ ਸੰਸਾਰ ਨੂੰ ਪ੍ਰਾਪਤ ਕਰ ਲਵੇ ਪਰ ਆਪਣਾ ਜੀਵਨ ਗੁਆ ਦੇਵੇ ਜਾਂ ਨਾਸ਼ ਕਰ ਦੇਵੇ ਤਾਂ ਉਸ ਤੋਂ ਕੀ ਲਾਭ? ਜੇਕਰ ਕੋਈ ਮੈਨੂੰ ਅਤੇ ਮੇਰੇ ਉਪਦੇਸ਼ਾਂ ਨੂੰ ਮੰਨਣ ਤੋਂ ਸ਼ਰਮਾਉਂਦਾ ਹੈ ਤਾਂ ਮਨੁੱਖ ਦਾ ਪੁੱਤਰ ਜਦੋਂ ਆਪਣੀ, ਆਪਣੇ ਪਿਤਾ ਅਤੇ ਸਵਰਗਦੂਤਾਂ ਦੀ ਮਹਿਮਾ ਨਾਲ ਆਵੇਗਾ ਤਦ ਉਸ ਤੋਂ ਸ਼ਰਮਾਵੇਗਾ"

ਯਿਸੂ ਨੇ ਇਹ ਸ਼ਬਦ ਕਿਸ ਨੂੰ ਬੋਲੇ ਹਨ? ਕੀ ਸੁਣਨ ਵਾਲੇ ਵਿਸ਼ਵਾਸੀ, ਅਵਿਸ਼ਵਾਸੀ, ਜਾਂ ਦੋਵਾਂ ਦਾ ਮਿਸ਼ਰਣ ਸਨ? ਲੂਕਾ 9:18 ਦੇ ਸੰਦਰਭ ਵਿੱਚ ਚੇਲਿਆਂ ਦੀ ਗੱਲ ਕੀਤੀ ਗਈ ਹੈ (ਮੱਤੀ 16:24 ਵੀ ਦੇਖੋ), ਪਰ ਆਇਤ 23 ਵਿੱਚ ਸ਼ਬਦ *ਸਾਰਿਆਂ* ਵਰਤਿਆ ਗਿਆ ਹੈ। ਮਰਕੁਸ 8:34 ਕਹਿੰਦਾ ਹੈ, "ਉਹ ਨੇ ਚੇਲਿਆਂ ਦੇ ਨਾਲ ਭੀੜ ਨੂੰ ਆਪਣੇ ਕੋਲ ਸੱਦਿਆ।" ਚੇਲੇ (ਰਸੂਲ) ਵਿਸ਼ਵਾਸੀ ਹਨ, ਪਰ ਭੀੜ ਵਿੱਚ ਬਹੁਤ ਸਾਰੇ ਅਵਿਸ਼ਵਾਸੀ ਹਨ। ਭਾਵੇਂ ਉਦੋਂ ਜਾਂ ਹੁਣ ਇਹ ਅਸਧਾਰਨ ਗੱਲ ਨਹੀਂ ਹੈ ਕਿ ਇੱਕ ਹੀ ਪ੍ਰਚਾਰ ਵਿਸ਼ਵਾਸੀਆਂ ਅਤੇ ਅਵਿਸ਼ਵਾਸੀਆਂ ਦੋਵਾਂ ਨੂੰ ਕੀਤਾ ਜਾ ਰਿਹਾ ਹੋਵੇ। ਜਦੋਂ ਕਿ ਯਿਸੂ ਵਿਸ਼ਵਾਸੀਆਂ ਨੂੰ ਅਤਿਆਚਾਰ ਸਹਿਣ ਦੇ ਲਈ ਤਿਆਰ ਕਰ ਰਹੇ ਸਨ, ਬਹੁਤ ਸਾਰੇ ਅਵਿਸ਼ਵਾਸੀ ਵੀ ਇਸ ਨੂੰ ਸੁਣ ਰਹੇ ਹਨ।

ਇਸ ਹਵਾਲੇ ਦੀ ਵਿਆਖਿਆ ਕਰਨ ਦਾ ਵਧੀਆ ਤਰੀਕਾ ਇਹ ਹੈ ਕਿ ਲੂਕਾ 9:23-26 ਵਿੱਚ ਅਵਿਸ਼ਵਾਸੀਆਂ ਦੇ ਲਈ ਪ੍ਰਭੂ ਦੀ ਸਿੱਖਿਆ ਉੱਤੇ ਵਿਚਾਰ ਕੀਤਾ ਜਾਵੇ, ਅਤੇ ਫਿਰ ਇਹ ਸਮਝਿਆ ਜਾਵੇ ਕਿ ਉਹ ਵਿਸ਼ਵਾਸੀਆਂ ਤੋਂ ਕੀ ਮੰਗ ਕਰ ਰਹੇ ਹਨ। ਪਹਿਲਾਂ, ਆਓ ਸਪੱਸ਼ਟ ਕਰੀਏ ਕਿ ਇਹ ਹਵਾਲਾ ਕੀ **ਨਹੀਂ** ਸਿਖਾ ਰਿਹਾ ਹੈ।

**a. ਗ਼ਲਤਫ਼ਹਿਮੀਆਂ**

ਲੂਕਾ 9:23 ਦਾ ਅਰਥ ਇਹ ਨਹੀਂ ਹੋ ਸਕਦਾ ਕਿ ਮੁਕਤੀ ਆਪਣੇ ਆਪ ਦਾ ਇਨਕਾਰ, ਨਿਰੰਤਰ ਤਿਆਗ ਅਤੇ ਬਹੁਤ ਮਿਹਨਤ ਦੁਆਰਾ ਪ੍ਰਾਪਤ ਹੁੰਦੀ ਹੈ। ਮੁਕਤੀ ਪਾਉਣਾ ਰੋਜ਼ਾਨਾ ਦੀ ਇੱਕ ਪ੍ਰਕਿਰਿਆ ਹੈ। ਜਾਂ ਤਾਂ ਇੱਕ ਵਿਅਕਤੀ ਨੂੰ ਇਹ ਯਕੀਨ ਨਹੀਂ ਹੋਵੇਗਾ ਕਿ ਉਸ ਨੇ ਮੁਕਤੀ ਦੇ ਹੱਕਦਾਰ ਬਣਨ ਦੇ ਲਈ ਕਾਫ਼ੀ ਕੰਮ ਕੀਤਾ ਹੈ, ਜਾਂ ਫਿਰ ਇੱਕ ਵਿਅਕਤੀ ਨੂੰ ਮੁਕਤੀ ਬਰਕਰਾਰ ਰੱਖਣ ਦੇ ਲਈ ਯਤਨ ਕਰਦੇ ਰਹਿਣਾ ਚਾਹੀਦਾ ਹੈ। ਹਰ ਇੱਕ ਨਵੀਂ ਪ੍ਰੀਖਿਆ ਹੋਵੇਗੀ।

ਜੇਕਰ ਅਸੀਂ ਆਇਤਾਂ 24 ਅਤੇ 25 ਨੂੰ ਇਸ ਤਰ੍ਹਾਂ ਪੜ੍ਹਦੇ ਹਾਂ ਤਾਂ ਫਿਰ ਮੁਕਤੀ ਸ਼ਹੀਦੀ ਦੁਆਰਾ ਪ੍ਰਾਪਤ ਹੋਵੇਗੀ, ਪਰ ਫਿਰ ਬਹੁਤ ਹੀ ਘੱਟ ਲੋਕ ਬਚਾਏ ਜਾਣਗੇ। ਇਸ ਦਾ ਅਧਿਆਤਮਿਕ ਨਤੀਜਾ ਝੂਠੇ ਧਰਮਾਂ ਵਰਗਾ ਹੋਵੇਗਾ, ਜੋ ਉਹਨਾਂ ਦੇ ਉਦੇਸ਼ ਲਈ ਮਰਨ ਵਾਲੇ ਕੱਟੜਪੰਥੀਆਂ ਨੂੰ ਸਵਰਗ ਦਾ ਵਾਅਦਾ ਕਰਦੇ ਹਨ। ਇੱਕ ਵਿਅਕਤੀ ਆਇਤ 24 ਅਤੇ 25 ਨੂੰ ਆਪਣੇ ਜੀਵਨ ਉੱਤੇ ਆਪਣਾ ਨਿਯੰਤਰਣ (ਅਧਿਕਾਰ) ਗੁਆਉਣ ਦੇ ਰੂਪ ਵਿੱਚ ਵੀ ਲੈ ਸਕਦਾ ਹੈ। ਹਾਲਾਂਕਿ ਇਸ ਵਿਆਖਿਆ ਵਿੱਚ ਕੁੱਝ ਯੋਗਤਾ ਹੈ, ਫਿਰ ਇਹ ਅਨੁਮਾਨ ਲਗਾਉਣਾ ਇੱਕ ਗੰਭੀਰ ਗ਼ਲਤਫ਼ਹਿਮੀ ਹੋਵੇਗੀ ਕਿ ਮੁਕਤੀ ਕੰਮਾਂ ਦੁਆਰਾ ਪ੍ਰਾਪਤ ਕੀਤੀ ਜਾਏਗੀ। ਅਜਿਹੇ ਸਿੱਟੇ ਉਹਨਾਂ 150 ਤੋਂ ਵੱਧ ਆਇਤਾਂ ਦਾ ਵਿਰੋਧ ਕਰਨਗੇ ਜੋ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਨੂੰ ਸਿਖਾਉਂਦੀਆਂ ਹਨ।

**b. ਅਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ: "ਜੋ ਵੀ ਕੀਮਤ ਹੋਵੇ ਉਸ ਉੱਤੇ ਵਿਸ਼ਵਾਸ ਕਰੋ"**

ਲੂਕਾ 9:23 ਵਿੱਚ ਪ੍ਰਭੂ ਸੁਣਨ ਵਾਲਿਆਂ ਨੂੰ ਬਿਨਾਂ ਕਿਸੇ ਸੀਮਾ ਦੇ ਉਹਨਾਂ ਦੇ ਪਿੱਛੇ ਚੱਲਣ ਦੇ ਲਈ ਕਹਿੰਦੇ ਹਨ। ਹਾਲਾਂਕਿ, ਭੀੜ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਤਾਂ ਪ੍ਰਭੂ ਦੇ ਪਿੱਛੇ ਚੱਲਣ ਦੀ ਪ੍ਰਕਿਰਿਆ ਸ਼ੁਰੂ ਵੀ ਨਹੀਂ ਕੀਤੀ ਸੀ। ਉਹਨਾਂ ਦੇ ਲਈ ਸਭ ਤੋਂ ਜ਼ਰੂਰੀ ਗੱਲ ਪਹਿਲਾ ਕਦਮ ਚੁੱਕਣਾ ਹੋਵੇਗੀ। ਉਹਨਾਂ ਨੂੰ ਪ੍ਰਭੂ ਦੇ ਪਿੱਛੇ ਚੱਲਣ ਦੇ ਲਈ ਅਪਣਾ ਪਹਿਲਾ ਕਦਮ ਚੁੱਕਣਾ ਸੀ: ਵਿਸ਼ਵਾਸ ਦੁਆਰਾ ਮੁਕਤੀ।

**ਅਵਿਸ਼ਵਾਸੀਆਂ ਦੇ ਲਈ, ਲੂਕਾ 9:23 ਦਾ ਮੁੱਖ ਅਰਥ ਇਹ ਹੈ ਕਿ ਜੇਕਰ ਸਮਾਜਿਕ ਹਾਲਾਤ ਅਜਿਹੇ ਹਨ ਕਿ ਇੱਕ ਵਿਅਕਤੀ ਨੂੰ ਵਿਸ਼ਵਾਸੀ ਬਣਨ ਦੇ ਲਈ ਦੁੱਖ ਝੱਲਣੇ ਅਤੇ ਖ਼ਤਰੇ ਚੁੱਕਣੇ ਪੈਣ, ਤਾਂ ਵੀ ਉਸ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।** ਮੁਕਤੀ ਕਦੇ ਵੀ ਆਪਣੇ ਆਪ ਦਾ ਇਨਕਾਰ, ਅਤਿਆਚਾਰ ਨੂੰ ਸਹਿਣ ਜਾਂ ਖ਼ਤਰਿਆਂ ਨੂੰ ਸਵੀਕਾਰ ਕਰਨ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ। ਪਰ, ਜੇਕਰ ਮਸੀਹ ਵਿੱਚ ਵਿਸ਼ਵਾਸ ਕਰਨ ਨਾਲ ਖ਼ਤਰਾ ਪੈਦਾ ਹੁੰਦਾ ਹੈ, ਮਖੌਲ ਉਡਾਇਆ ਜਾਂਦਾ ਹੈ, ਜਾਂ ਦੁੱਖ ਝੱਲਣਾ ਪੈਂਦਾ ਹੈ, ਤਾਂ ਵਿਸ਼ਵਾਸੀ ਬਣਨ ਦੇ ਲਈ ਉਸ ਕੀਮਤ ਦਾ ਭੁਗਤਾਨ ਕਰਨਾ ਜ਼ਰੂਰੀ ਹੈ। ਸਿਰਫ਼ ਵਿਸ਼ਵਾਸ ਨਾਲ ਹੀ ਮੁਕਤੀ ਮਿਲਦੀ ਹੈ। ਪਰਮੇਸ਼ਰ ਇੱਕ ਨਿਆਂਈ ਦੇ ਰੂਪ ਵਿੱਚ ਇਹ ਬਹਾਨਾ ਸਵੀਕਾਰ ਨਹੀਂ ਕਰਨਗੇ; "ਮੈਂ ਯਿਸੂ ਉੱਤੇ ਭਰੋਸਾ ਨਹੀਂ ਕੀਤਾ ਕਿਉਂਕਿ ਮੈਨੂੰ ਆਪਣੇ ਆਪ ਇਨਕਾਰ ਕਰਨਾ, ਅਤਿਆਚਾਰ ਸਹਿਣਾ, ਜਾਂ ਸ਼ਹੀਦ ਹੋਣਾ ਪੈਣਾ ਸੀ।"

ਲੂਕਾ 9:24 ਇਹ ਚੇਤਾਵਨੀ ਦਿੰਦਾ ਹੈ ਕਿ ਜਿਹੜੇ ਲੋਕ ਇਸ ਹੱਦ ਤੱਕ ਡਰ ਜਾਂਦੇ ਹਨ ਕਿ ਉਹ ਯਿਸੂ ਵਿੱਚ ਵਿਸ਼ਵਾਸ ਕਰਨ ਤੋਂ ਇਨਕਾਰ ਕਰ ਦਿੰਦੇ ਹਨ, ਤਾਂ ਉਹ ਆਪਣਾ ਸਰੀਰਕ ਜੀਵਨ ਤਾਂ ਬਚਾ ਲੈਣਗੇ, ਪਰ ਅਪਣਾ ਸਦੀਪਕ ਜੀਵਨ ਗੁਆ ਦੇਣਗੇ। ਯਿਸੂ ਨੂੰ ਰੱਦ ਕਰਨ ਦਾ ਸੁਰੱਖਿਅਤ ਲੱਗਣ ਵਾਲਾ ਫ਼ੈਸਲਾ ਇਸ ਜੀਵਨ ਨੂੰ ਸਦੀਪਕ ਮੌਤ ਦੇ ਖ਼ਤਰੇ ਵਿੱਚ ਪਾਉਂਦਾ ਹੈ।

ਸੰਭਾਵਿਤ ਮੁਸ਼ਕਿਲਾਂ, ਮਖੌਲ ਜਾਂ ਮੌਤ ਦੀਆਂ ਧਮਕੀਆਂ ਨਾ ਸਿਰਫ਼ ਵਿਸ਼ਵਾਸ ਵਿੱਚ ਰੁਕਾਵਟ ਪਾਉਂਦੀਆਂ ਹਨ, ਬਲਕਿ ਮਸੀਹ ਵਿੱਚ ਇੱਕ ਸ਼ੁਰੂਆਤੀ ਮੁਕਤੀ ਨੂੰ ਛੱਡ ਦੇਣ ਵਾਲੇ ਨੂੰ ਸੰਸਾਰ ਕੁਝ ਇਨਾਮ ਵੀ ਦਿੰਦਾ ਹੈ (ਆਇਤ 25)। ਜਦੋਂ ਇੱਕ ਵਿਅਕਤੀ ਵਿਸ਼ਵਾਸ ਨਾਲ ਯਿਸੂ ਨੂੰ ਸਵੀਕਾਰ ਨਾ ਕਰਨ ਦੇ ਦਬਾਅ ਅੱਗੇ ਝੁੱਕ ਜਾਂਦਾ ਹੈ, ਤਾਂ ਉਸ ਨੂੰ ਅਕਸਰ ਅਵਿਸ਼ਵਾਸੀ ਸੰਸਾਰ ਦੁਆਰਾ ਸਵੀਕਾਰ ਕੀਤਾ ਜਾਂਦਾ ਹੈ। ਇੱਥੋਂ ਤੱਕ ਕਿ ਸੰਸਾਰ ਉਸ ਨੂੰ ਇਨਾਮ ਦਿੰਦੇ ਹੋਏ ਉਸ ਨੂੰ ਉੱਚਾ ਚੁੱਕ ਸਕਦਾ ਹੈ, ਉਹ ਨੂੰ ਨਾ ਸਿਰਫ਼ ਆਪਣੇ ਜੀਵਨ ਨੂੰ ਸੁਰੱਖਿਅਤ ਬਣਾਏ ਰੱਖ ਸਕਦਾ ਹੈ, ਬਲਕਿ ਉਹ ਅਜਿਹਾ ਜੀਵਨ ਵੀ ਪਾ ਸਕਦਾ ਹੈ ਜਿਸ ਨੂੰ ਸੰਸਾਰ "ਚੰਗਾ ਜੀਵਨ" ਕਹਿੰਦਾ ਹੈ।

ਯਿਸੂ ਭੀੜ ਵਿੱਚ ਅਵਿਸ਼ਵਾਸੀਆਂ ਨੂੰ ਚੇਤਾਵਨੀ ਦਿੰਦੇ ਹਨ ਕਿ ਉਹ ਮਸੀਹ ਦਾ ਇਨਕਾਰ ਕਰਨ ਅਤੇ ਸੰਸਾਰ ਦੁਆਰਾ ਸਵੀਕਾਰ ਕੀਤੇ ਜਾਣ ਨਾਲ ਮਿਲਣ ਵਾਲੇ ਲਾਭਾਂ ਤੋਂ ਸੁਚੇਤ ਰਹਿਣ। ਉਹ ਸਮਾਜਿਕ ਤੌਰ ਤੇ ਲਾਭ ਪ੍ਰਾਪਤ ਕਰ ਸਕਦੇ ਹਨ; ਪਰ ਉਹ ਸੱਚੇ ਜੀਵਨ ਨੂੰ ਗੁਆ ਦੇਣਗੇ। ਉਹ ਆਪਣੇ ਜੀਵਨ ਨੂੰ ਇਸ ਜੀਵਨ ਵਿੱਚ ਬਰਬਾਦ ਕਰਨ ਦੇ ਰੂਪ ਵਿੱਚ ਅਤੇ ਸਦੀਪਕ ਰੂਪ ਵਿੱਚ ਗੁਆ ਲੈਂਦੇ ਹਨ। ਉਹ ਮਸੀਹ ਵਿੱਚ ਵਿਸ਼ਵਾਸ ਕਰਦੇ ਹੋਏ ਜਾਂ ਤਾਂ ਆਪਣੇ ਜੀਵਨਾਂ ਨੂੰ ਨਿਰੰਤਰ ("ਰੋਜ਼ਾਨਾ") ਘਾਤਕ ਖ਼ਤਰਿਆਂ ਵਿੱਚ ਪਾਉਣ ਦੀ ਚੋਣ ਕਰ ਸਕਦੇ ਹਨ, ਅਤੇ ਜਾਂ ਫਿਰ ਉਹ ਸੁਰੱਖਿਆ, ਅਰਾਮ, ਅਤੇ ਸ਼ਾਇਦ ਲਾਭਕਾਰੀ ਢੰਗ ਨਾਲ ਮਸੀਹ ਦਾ ਮੁਕਤੀਦਾਤਾ ਵਜੋਂ ਇਨਕਾਰ ਕਰਕੇ ਆਪਣੀਆਂ ਆਤਮਾਵਾਂ ਨੂੰ ਸਦੀਪਕ ਖ਼ਤਰੇ ਵਿੱਚ ਪਾ ਸਕਦੇ ਹਨ।

ਆਇਤ 26 ਵਿੱਚ ਦਿੱਤੀ ਗਈ ਸ਼ਰਮ ਇੱਕ ਅਜਿਹੀ ਸ਼ਰਮ ਹੈ ਜੋ ਇੱਕ ਵਿਅਕਤੀ ਨੂੰ ਪ੍ਰਭੂ ਵਿੱਚ ਵਿਸ਼ਵਾਸ ਤੋਂ ਦੂਰ ਕਰਨ ਦਾ ਕਾਰਨ ਬਣਦੀ ਹੈ। ਜੇਕਰ ਇੱਕ ਵਿਅਕਤੀ ਮਸੀਹ ਤੋਂ ਇੰਨਾ ਸ਼ਰਮਿੰਦਾ ਹੋ ਜਾਂਦਾ ਹੈ ਕਿ ਉਹ ਉਹਨਾਂ ਨੂੰ ਆਪਣਾ ਮੁਕਤੀਦਾਤਾ ਸਵੀਕਾਰ ਨਹੀਂ ਕਰਦਾ ਹੈ, ਤਾਂ ਅੰਤ ਵਿੱਚ ਮਸੀਹ ਉਸ ਦਾ ਇਨਕਾਰ ਕਰਨਗੇ। ਜੇਕਰ ਸ਼ਰਮ ਇੱਕ ਵਿਅਕਤੀ ਨੂੰ ਹੁਣ ਅਵਿਸ਼ਵਾਸ ਵੱਲ ਲੈ ਜਾਂਦੀ ਹੈ ਤਾਂ ਪ੍ਰਭੂ ਵੀ ਉਸ ਵਿਅਕਤੀ ਨਾਲ ਸਦੀਪਕ ਰਿਸ਼ਤਾ ਬਣਾਉਣ ਵਿੱਚ ਸ਼ਰਮਾਉਣਗੇ। ਅਵਿਸ਼ਵਾਸੀਆਂ ਦੇ ਲਈ ਲੂਕਾ 9:23 ਵਿਚਲੇ ਪ੍ਰਭੂ ਦੇ ਸ਼ਬਦਾਂ ਦਾ ਅਰਥ ਇਹ ਹੈ ਕਿ ਉਹਨਾਂ ਨੂੰ ਸੰਸਾਰ ਦੇ ਕਿਸੇ ਵੀ ਡਰ ਜਾਂ ਲਾਲਚ ਉੱਤੇ ਜਿੱਤ ਪਾਉਂਦੇ ਰਹਿਣਾ ਚਾਹੀਦਾ ਹੈ, ਅਤੇ ਉਹਨਾਂ ਵਿੱਚ ਭਰੋਸਾ ਬਣਾਏ ਰੱਖਣਾ ਚਾਹੀਦਾ ਹੈ। ਭਾਵੇਂ ਆਇਤ 23 ਵਿੱਚ ਦਿੱਤੇ ਸੱਦੇ ਦੀ ਪੂਰੀ ਤਰ੍ਹਾਂ ਪਾਲਣਾ ਹੋਣੀ ਚਾਹੀਦੀ ਹੈ, ਪਰ ਉਹਨਾਂ ਨੂੰ ਇਸ ਦੀ ਸ਼ੁਰੂਆਤ ਪ੍ਰਭੂ ਯਿਸੂ ਵਿੱਚ ਵਿਸ਼ਵਾਸ ਨਾਲ ਕਰਨੀ ਹੋਵੇਗੀ। ਸਦੀਪਕ ਮੌਤ ਦੇ ਬਦਲੇ ਵਿੱਚ ਸੰਸਾਰ ਤੋਂ ਸੁਰੱਖਿਆ ਅਤੇ ਕੁਝ ਲਾਭ ਪ੍ਰਾਪਤ ਕਰਨਾ ਇੱਕ ਮਾੜਾ ਵਪਾਰ ਹੈ। ਪ੍ਰਭੂ ਦੇ ਸ਼ਬਦ ਅਵਿਸ਼ਵਾਸੀਆਂ ਨੂੰ ਚੇਤਾਵਨੀ ਦਿੰਦੇ ਹਨ ਕਿ ਉਹ ਕਿਸੇ ਵੀ ਕੀਮਤ ਤੇ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕਰਨ। ਪਰ, ਪ੍ਰਭੂ ਦੀਆਂ ਸਿੱਖਿਆਵਾਂ ਵਿੱਚ ਉਹਨਾਂ ਚੇਲਿਆਂ (ਰਸੂਲਾਂ) ਲਈ ਵੀ ਅਰਥ ਹਨ ਜੋ ਪਹਿਲਾਂ ਹੀ ਬਚਾਏ ਜਾ ਚੁੱਕੇ ਹਨ। ਪ੍ਰਭੂ ਉਹਨਾਂ ਨੂੰ ਕੀ ਸਿਖਾ ਰਹੇ ਸਨ? ਅਸੀਂ ਪ੍ਰਭੂ ਦੇ ਵਿਚਾਰਾਂ ਨੂੰ ਅੱਜ ਦੇ ਵਿਸ਼ਵਾਸ਼ੀਆਂ ਉੱਤੇ ਕਿਵੇਂ ਲਾਗੂ ਕਰ ਸਕਦੇ ਹਾਂ?

c. **ਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ:** "ਹੁਣ ਉਹਨਾਂ ਵਾਂਗ ਕੰਮ ਨਾ ਕਰੋ," ਅਤੇ "ਸੰਸਾਰ ਤੁਹਾਨੂੰ ਸਤਾਅ ਸਕਦਾ ਹੈ ਪਰ ਇਹ ਤੁਹਾਡੇ ਤੋਂ ਤੁਹਾਡਾ ਸਦੀਪਕ ਜੀਵਨ ਨਹੀਂ ਲੈ ਸਕਦਾ ਹੈ।"

ਲੂਕਾ 9:22 ਵਿੱਚ ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਇਨਕਾਰ ਅਤੇ ਦੁੱਖ ਉਹਨਾਂ ਸਾਹਮਣੇ ਆਉਣ ਵਾਲਾ ਹੈ। ਭਾਵੇਂ ਉਹਨਾਂ ਨੇ ਵਿਸ਼ਵਾਸੀ ਬਣਨ ਦੇ ਨਾਲ ਜੁੜੇ ਖ਼ਤਰਿਆਂ ਅਤੇ ਧਮਕੀਆਂ ਨੂੰ ਪਹਿਲਾਂ ਹੀ ਸਵੀਕਾਰ ਕਰ ਲਿਆ ਸੀ, ਪਰ ਉਹਨਾਂ ਨੂੰ ਹੁਣ ਵੀ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸ਼ੁਰੂਆਤੀ ਦਿਨਾਂ ਵਿੱਚ ਕਰਨਾ ਪਿਆ ਸੀ। ਹਾਂ, ਉਹਨਾਂ ਨੇ ਪਹਿਲਾ ਕਦਮ ਚੁੱਕਿਆ ਸੀ। ਉਹਨਾਂ ਨੇ ਵਿਸ਼ਵਾਸ ਵਿੱਚ ਮਸੀਹ ਦੇ ਪਿੱਛੇ ਚੱਲਣ ਦੀ ਪ੍ਰਕਿਰਿਆ ਨੂੰ ਸ਼ੁਰੂ ਕੀਤਾ ਸੀ, ਪਰ ਹੁਣ ਮੁਸ਼ਕਲਾਂ ਦੇ ਬਾਵਜੂਦ ਮਸੀਹ ਦੇ ਪਿੱਛੇ ਚੱਲਣ ਦੀ ਚੋਣ ਜੀਵਨ ਵਿੱਚ ਵਾਰ-ਵਾਰ ਕਰਨੀ ਪਵੇਗੀ। ਉਹਨਾਂ ਨੂੰ ਅੱਗੇ ਖ਼ਤਰਿਆਂ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਣਾ ਸੀ। ਵਿਸ਼ਵਾਸ ਕਰਨ ਤੋਂ ਬਾਅਦ ਖ਼ਤਰੇ ਖ਼ਤਮ ਨਹੀਂ ਹੋ ਗਏ ਸਨ। ਖ਼ਤਰਿਆਂ ਅਤੇ ਪਰਤਾਵਿਆਂ ਨੂੰ ਨਜ਼ਰਅੰਦਾਜ਼ ਕਰਨ ਦੀ ਚੋਣ ਨਿਰੰਤਰ ਕੀਤੀ ਜਾਣੀ ਚਾਹੀਦੀ ਹੈ। ਜਿਸ ਤਰ੍ਹਾਂ ਸੰਸਾਰ ਅਵਿਸ਼ਵਾਸੀਆਂ ਨੂੰ ਯਿਸੂ ਦੇ ਪਿੱਛੇ ਚੱਲਣ ਦੇ ਲਈ ਪਹਿਲਾਂ ਕਦਮ (ਵਿਸ਼ਵਾਸ) ਨਾ ਚੁੱਕਣ ਦਾ ਦਬਾਅ ਪਾਉਂਦਾ ਹੈ, ਉਸੇ ਤਰ੍ਹਾਂ ਸੰਸਾਰ ਵਿਸ਼ਵਾਸੀਆਂ ਨੂੰ ਲਗਾਤਾਰ ਮਸੀਹ ਦੇ ਪਿੱਛੇ ਚੱਲਣ ਤੋਂ ਰੋਕਣ ਦੀ ਧਮਕੀ ਦਿੰਦਾ ਅਤੇ ਉਹਨਾਂ ਨੂੰ ਪਰਤਾਉਂਦਾ ਹੈ। ਇਸ ਸਮੇਂ ਤੱਕ ਚੇਲਿਆਂ ਨੂੰ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕਰਨ ਤੋਂ ਰੋਕਿਆ ਨਹੀਂ ਗਿਆ ਸੀ, ਪਰ ਕੀ ਉਹਨਾਂ ਨੂੰ ਆਉਣ ਵਾਲੇ ਮੁਸ਼ਕਲ ਅਤੇ ਭਾਰੀ ਦਬਾਅ ਵਾਲੇ ਦਿਨਾਂ ਵਿੱਚ ਯਿਸੂ ਦੇ ਪਿੱਛੇ ਚੱਲਣ ਤੋਂ ਰੋਕਿਆ ਜਾਵੇਗਾ?

ਇੱਕ ਸੰਖੇਪ ਵਾਕਾਂਸ਼ ਨੂੰ ਛੱਡ ਕੇ (ਜੋ ਮੁੱਖ ਤੌਰ ਤੇ ਲੂਕਾ 9:24 ਦੇ ਅੰਤ ਤੇ ਸ਼ਹੀਦ ਹੋਣ ਬਾਰੇ ਹੈ), ਆਇਤਾਂ 24-26 **ਸ਼ਾਇਦ ਅਵਿਸ਼ਵਾਸੀਆਂ ਦਾ ਹਵਾਲਾ ਦਿੰਦੀਆਂ ਹਨ।**[59] ਫਿਰ ਵੀ, ਅਵਿਸ਼ਵਾਸੀਆਂ ਬਾਰੇ ਇਹ ਸੱਚਾਈਆਂ **ਚੇਲਿਆਂ ਉੱਤੇ ਵੀ ਲਾਗੂ ਹੁੰਦੀਆਂ ਹਨ।** ਵਿਸ਼ਵਾਸੀ ਉਹਨਾਂ

ਲੋਕਾਂ ਤੋਂ ਸਿਖ ਸਕਦੇ ਹਨ ਜੋ ਮਸੀਹ ਵਿੱਚ ਵਿਸ਼ਵਾਸ ਤੋਂ ਵੱਧ ਕੇ ਸੁਰੱਖਿਆ ਅਤੇ ਆਰਾਮ ਦੀ ਚੋਣ ਕਰਦੇ ਹਨ। ਇਹ ਬਹੁਤ ਹੀ ਨਕਾਰਾਤਮਕ ਉਦਾਹਰਣਾਂ ਹਨ ਅਤੇ ਇੱਕ ਵਿਸ਼ਵਾਸੀ ਨੂੰ ਇਸ ਤਰ੍ਹਾਂ ਸੋਚਣਾ ਨਹੀਂ ਚਾਹੀਦਾ ਹੈ। ਵਿਸ਼ਵਾਸ ਦੇ ਪਹਿਲੇ ਕਦਮ ਵਿੱਚ ਮਸੀਹ ਦੇ ਪਿੱਛੇ ਚੱਲਣ ਦੀ ਬਜਾਏ ਉਹਨਾਂ ਦੀ ਸੁਰੱਖਿਆ ਅਤੇ ਲਾਭ ਦੀ ਚੋਣ ਵਿਸ਼ਵਾਸੀਆਂ ਨੂੰ ਕੀ ਸਿਖਾਉਂਦੀ ਹੈ?

ਆਇਤ 24 ਵਿੱਚ, ਪ੍ਰਭੂ ਆਪਣੇ ਚੇਲਿਆਂ ਨੂੰ ਇਹ ਸਿਖਾ ਰਹੇ ਹਨ ਕਿ ਉਹਨਾਂ ਨੂੰ ਸੰਸਾਰ ਦੇ ਵਿਰੋਧ ਨੂੰ ਮਸੀਹ ਦੇ ਪਿੱਛੇ ਚੱਲਣ ਦੀ ਸੀਮਾ ਨੂੰ ਸੀਮਿਤ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ ਹੈ। ਇਸ ਦੇ ਦੂਜੇ ਪਾਸੇ, ਜਿਹੜੇ ਲੋਕ ਆਪਣੀ ਜਾਨ ਨੂੰ ਬਚਾਉਣਾ ਚਾਹੁੰਦੇ ਹਨ, ਉਹ ਮਸੀਹ ਉੱਤੇ ਭਰੋਸਾ ਤੱਕ ਨਹੀਂ ਕਰਨਗੇ। ਉਹ ਮਖੌਲ ਤੋਂ ਬਚਦੇ ਹਨ। ਉਹ ਮੁਕਤੀ ਦੇ ਲਈ ਮਸੀਹ ਦੀ ਸਲੀਬ ਅਤੇ ਕਿਸੇ ਵੀ ਵਿਅਕਤੀਗਤ ਦੁੱਖਾ ਦੀ ਸਲੀਬ ਤੋਂ ਬਚਦੇ ਹਨ। ਉਹ ਸਦੀਪਕ ਜੀਵਨ ਨੂੰ ਵੀ ਗੁਆ ਦਿੰਦੇ ਹਨ। ਉਹ ਸੰਸਾਰ ਤੋਂ ਲਾਭ ਪ੍ਰਾਪਤ ਕਰਦੇ ਹਨ, ਪਰ ਆਪਣੇ ਆਪ ਨੂੰ ਸਦੀਪਕ ਰੂਪ ਵਿੱਚ ਗੁਆ ਦਿੰਦੇ ਹਨ। ਚੇਲੇ ਅਜਿਹੇ ਤਰਕ ਨਾਲ ਸਹਿਮਤ ਨਹੀਂ ਸਨ, ਨਹੀਂ ਤਾਂ ਉਹ ਮਸੀਹ ਵਿੱਚ ਵਿਸ਼ਵਾਸ ਦਾ ਪਹਿਲਾ ਕਦਮ ਹੀ ਨਾ ਚੁੱਕਦੇ। ਜਦੋਂ ਉਹਨਾਂ ਨੇ ਵਿਸ਼ਵਾਸ ਕੀਤਾ, ਤਾਂ ਉਹਨਾਂ ਨੇ ਡਰਾਉਣ ਵਾਲੀ ਸੋਚ ਦਾ ਇਨਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਕੀ ਉਹਨਾਂ ਨੂੰ ਹੁਣ ਡਰਪੋਕ, ਸੰਸਾਰਿਕ, ਅਤੇ ਸੁਆਰਥੀ ਮਾਨਸਿਕਤਾ ਵੱਲ ਵਾਪਸ ਜਾਣਾ ਚਾਹੀਦਾ ਹੈ, ਅਤੇ ਇਸ ਗੱਲ ਨੂੰ ਸੀਮਿਤ ਕਰਨ ਦੀ ਚੋਣ ਕਰਨੀ ਚਾਹੀਦੀ ਹੈ ਕਿ ਉਹ ਮਸੀਹ ਦੇ ਕਿੰਨਾ ਪਿੱਛੇ ਚੱਲਣਗੇ? ਉਹਨਾਂ ਨੇ ਮਸੀਹ ਦੇ ਪਿੱਛੇ ਚੱਲਣ ਦੇ ਸ਼ੁਰੂਆਤੀ ਖ਼ਤਰੇ ਚੁੱਕੇ ਹਨ; ਕੀ ਉਹਨਾਂ ਨੂੰ ਹੁਣ ਆਪਣੀ ਹਿੰਮਤ ਨੂੰ ਗੁਆ ਦੇਣਾ ਚਾਹੀਦਾ ਹੈ? ਅਵਿਸ਼ਵਾਸੀ ਅਜਿਹੇ ਤਰਕ ਕਰਨ ਦੁਆਰਾ ਆਪਣਾ ਸਦੀਪਕ ਜੀਵਨ ਨੂੰ ਗੁਆ ਦਿੰਦੇ ਹਨ। ਭਾਵੇਂ ਚੇਲੇ ਪਹਿਲਾਂ ਹੀ ਸਦੀਪਕ ਜੀਵਨ ਪ੍ਰਾਪਤ ਕਰ ਚੁੱਕੇ ਹਨ, ਤਾਂ ਅਵਿਸ਼ਵਾਸੀਆਂ ਵਾਂਗ ਸੋਚਣ ਅਤੇ ਕੰਮ ਕਰਨ ਨਾਲ ਉਹਨਾਂ ਦਾ ਕੁਝ ਹੋਰ ਭਲਾ ਨਹੀਂ ਹੋਣ ਵਾਲਾ ਸੀ।

[59] ਜੇਕਰ ਕੋਈ ਕਹਿੰਦਾ ਹੈ ਕਿ ਲੂਕਾ 9:23ff. ਸਿਰਫ਼ ਵਿਸ਼ਵਾਸੀਆਂ ਨੂੰ ਸੰਬੋਧਿਤ ਕੀਤਾ ਗਿਆ ਹੈ, ਤਾਂ ਆਇਤ 26 ਵਿੱਚ *ਸ਼ਰਮਾਉਣਾ* ਇਨਾਮਾਂ ਦੇ ਨੁਕਸਾਨ ਨੂੰ ਦਰਸਾ ਸਕਦਾ ਹੈ। ਆਇਤ 24a ਵਿੱਚ ਜੀਵਨ ਗੁਆਉਣਾ ਫਿਰ ਸ਼ਹਾਦਤ ਜਾਂ ਜੀਵਨ ਵਿੱਚ ਆਪਣੇ ਨਿਯੰਤਰਣ ਨੂੰ ਤਿਆਗ ਕੇ ਮਸੀਹ ਦੇ ਆਤਮਾ ਦੇ ਅਧੀਨ ਹੋਣਾ ਹੋਵੇਗਾ। ਆਇਤ 24b ਵਿੱਚ ਜੀਵਨ ਨੂੰ ਬਚਾਉਣ ਵਿੱਚ ਸ਼ਾਇਦ ਇਸ ਜੀਵਨ ਨੂੰ ਪਰਮੇਸ਼ਰ ਅੱਗੇ ਬਰਬਾਦ ਕਰਨ ਤੋਂ *ਬਚਾਉਣਾ* ਸ਼ਾਮਲ ਹੋਵੇਗਾ। ਪਰ, ਜਾਨ ਦੇ ਨੁਕਾਸਨ ਦੇ ਨਾਲ ਜੁੜਿਆ *ਸਾਰਿਆਂ* (ਲੂਕਾ 9:23) ਅਤੇ *ਭੀੜ* (ਮਰਕੁਸ 8:34) ਦਾ ਹਵਾਲਾ ਇਸ ਗੱਲ ਦਾ ਪੱਖ ਦਿੰਦਾ ਜਾਪਦਾ ਹੈ ਕਿ ਪ੍ਰਭੂ ਦੇ ਸੁਣਨ ਵਾਲਿਆਂ ਵਿੱਚ ਇੱਕ ਅਜਿਹੀ ਮਿਲੀ ਜੁਲੀ ਭੀੜ ਹੈ ਜਿਸ ਵਿੱਚ ਉਹਨਾਂ ਦੇ ਸ਼ਬਦ ਵਿਸ਼ਵਾਸੀਆਂ ਅਤੇ ਅਵਿਸ਼ਵਾਸੀਆਂ ਤੇ ਵੱਖ-ਵੱਖ ਤਰੀਕੇ ਨਾਲ ਲਾਗੂ ਹੁੰਦੇ ਹਨ।

ਉਹਨਾਂ ਨੇ ਪ੍ਰਭੂ ਦੇ ਪਿੱਛੇ ਚੱਲਣਾ ਸ਼ੁਰੂ ਕਰਨ ਦੇ ਲਈ ਖ਼ਤਰੇ ਚੁੱਕੇ ਸਨ। ਉਹਨਾਂ ਨੂੰ ਹੁਣ ਪੂਰੀ ਤਰ੍ਹਾਂ ਮਸੀਹ ਦੇ ਪਿੱਛੇ ਚੱਲਣ ਦੀ ਚੋਣ ਕਰਨੀ ਚਾਹੀਦੀ ਹੈ।

ਲੂਕਾ 9:24 ਦਾ ਪਹਿਲਾ ਹਿੱਸਾ ਉਹਨਾਂ ਅਵਿਸ਼ਵਾਸੀਆਂ ਬਾਰੇ ਦੱਸਦਾ ਹੈ ਜੋ ਮਸੀਹ ਵਿੱਚ ਵਿਸ਼ਵਾਸ ਕਰਨ ਦੀ ਬਜਾਏ ਇਸ ਜੀਵਨ ਦੀ ਸੁਰੱਖਿਆ ਨੂੰ ਚੁਣਦੇ ਹਨ। ਲੂਕਾ 9:24 ਦਾ ਆਖ਼ਰੀ ਭਾਗ ਚੇਲਿਆਂ ਬਾਰੇ ਗੱਲ ਕਰਦਾ ਹੈ। ਉਹਨਾਂ ਨੇ ਪਹਿਲਾਂ ਹੀ ਵਿਸ਼ਵਾਸੀ ਬਣਨ ਦੇ ਲਈ ਮੌਤ ਦੇ ਕਿਸੇ ਵੀ ਖ਼ਤਰੇ ਨੂੰ ਸਵੀਕਾਰ ਕਰ ਲਿਆ ਸੀ। ਜੇਕਰ ਵਿਸ਼ਵਾਸ ਵਿੱਚ ਪ੍ਰਭੂ ਦੇ ਪਿੱਛੇ ਚੱਲਣਾ ਸ਼ੁਰੂ ਕਰਨ ਦਾ ਫ਼ੈਸਲਾ ਉਹਨਾਂ ਲਈ ਅੰਤ ਵਿੱਚ ਮਸੀਹ ਦੇ ਲਈ ਆਪਣੀ ਜਾਨ ਨੂੰ ਗੁਆਉਣ ਦਾ ਕਾਰਨ ਬਣਦਾ ਹੈ, ਤਾਂ ਫਿਰ ਵੀ ਉਹਨਾਂ ਕੋਲ ਇੱਕ ਸਦੀਪਕ ਜੀਵਨ ਹੋਵੇਗਾ। ਸਦੀਪਕ ਜੀਵਨ ਸ਼ਹੀਦ ਹੋਣ ਦੁਆਰਾ ਨਹੀਂ ਮਿਲਦਾ ਹੈ। ਸਦੀਪਕ ਜੀਵਨ ਪਹਿਲਾਂ ਹੀ ਮਿਲ ਗਿਆ ਸੀ ਜਦੋਂ ਚੇਲਿਆਂ ਨੇ ਵਿਸ਼ਵਾਸ ਕਰਦੇ ਸਮੇਂ ਖ਼ਤਰਾ ਚੁੱਕਿਆ ਸੀ, ਪਰ ਪ੍ਰਭੂ ਦੀ ਵਰਤਮਾਨ ਚੇਤਾਵਨੀ ਹੁਣ ਨਿਰੰਤਰ ਬਣੇ ਰਹਿਣ ਵਾਲੇ ਉਹਨਾਂ ਖ਼ਤਰਿਆਂ ਵਿੱਚ ਸੰਭਾਲੇਗੀ ਜੋ ਮਸੀਹ ਵਿੱਚ ਭਰੋਸਾ ਕਰਨ ਦੀ ਸ਼ੁਰੂਆਤੀ ਚੋਣ ਤੋਂ ਆਉਣਗੇ। ਜੇਕਰ ਮਸੀਹ ਦੇ ਪਿੱਛੇ ਚੱਲਣ ਦਾ ਕੋਈ ਵੀ ਹਿੱਸਾ (ਭਾਵੇਂ ਵਿਸ਼ਵਾਸ ਦਾ ਪਹਿਲਾ ਕਦਮ ਜਾਂ ਨਿਰੰਤਰ ਆਗਿਆਕਾਰੀ) ਸਰੀਰਕ ਜੀਵਨ ਦੀ ਮੌਤ ਦਾ ਕਾਰਨ ਬਣਦਾ ਹੈ, ਫਿਰ ਵੀ ਵਿਸ਼ਵਾਸੀ ਨੂੰ ਸਦੀਪਕ ਜੀਵਨ ਦੇ ਭਰੋਸੇ ਤੋਂ ਉਤਸ਼ਾਹ ਮਿਲਦਾ ਹੈ।[60] ਇੱਕ ਸਦੀਪਕ ਦ੍ਰਿਸ਼ਟੀਕੋਣ ਤੋਂ, ਸੰਸਾਰ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ ਹੈ। ਚੇਲਿਆਂ ਦੇ ਲਈ ਪ੍ਰਭੂ ਦਾ ਅਰਥ ਇਹ ਸੀ ਕਿ **ਕੋਈ ਵੀ ਅਤਿਆਚਾਰ ਸਦੀਪਕ ਜੀਵਨ ਨੂੰ ਨਹੀਂ ਮਾਰ ਸਕਦਾ ਹੈ।**

ਯਿਸੂ ਆਪਣੇ ਚੇਲਿਆਂ ਨੂੰ ਭਰੋਸਾ ਦਿੰਦੇ ਹਨ ਕਿ ਉਹਨਾਂ ਨੇ ਸੁਰੱਖਿਅਤ ਰਹਿਣ ਤੋਂ ਇਨਕਾਰ ਕਰਕੇ ਸਹੀ ਚੋਣ ਕੀਤੀ ਸੀ। ਜਿਸ ਤਰ੍ਹਾਂ ਉਹਨਾਂ ਨੇ ਵਿਸ਼ਵਾਸ ਦਾ ਸ਼ੁਰੂਆਤੀ ਕਦਮ ਚੁੱਕਣ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਈ ਸੀ, ਉਸੇ ਤਰ੍ਹਾਂ ਉਹਨਾਂ ਨੂੰ ਹੁਣ ਵੀ ਹਰੇਕ ਕੀਮਤ ਅਤੇ

[60] ਵਿਸ਼ਵਾਸ ਦਾ ਸ਼ੁਰੂਆਤੀ ਕਦਮ ਚੁੱਕਣ ਤੋਂ ਬਾਅਦ ਪ੍ਰਭੂ ਦੇ ਪਿੱਛੇ ਚੱਲਦੇ ਰਹਿਣ ਦਿਆਂ ਕੋਸ਼ਿਸ਼ਾਂ ਨੂੰ ਮਸੀਹ ਉੱਤੇ ਭਰੋਸਾ ਕਰਨ ਦੀ ਮੂਲ ਚੋਣ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਜੇਕਰ ਵਿਸ਼ਵਾਸ ਨਾ ਹੁੰਦਾ, ਤਾਂ ਨਿਰੰਤਰ ਆਗਿਆਕਾਰੀ ਦੇ ਵਿਵਹਾਰ ਨਾਲ ਹੋਣ ਵਾਲੇ ਅਤਿਆਚਾਰ ਤੋਂ ਕੋਈ ਖ਼ਤਰਾ ਨਾ ਹੁੰਦਾ। ਵਿਸ਼ਵਾਸ ਦੀ ਪ੍ਰਕਿਰਿਆ ਦੇ ਸ਼ੁਰੂ ਹੋਣ ਤੋਂ ਹੀ ਨਿਰੰਤਰ ਪ੍ਰਭੂ ਦੇ ਪਿੱਛੇ ਚੱਲਦੇ ਰਹਿਣਾ ਪੈਦਾ ਹੁੰਦਾ ਹੈ। ਇਸ ਵਿਸਤ੍ਰਿਤ ਅਰਥ ਵਿੱਚ, ਇੱਕ ਚੇਲੇ ਨੇ ਅਤੀਤ ਵਿੱਚ ਮਸੀਹ ਉੱਤੇ ਭਰੋਸਾ ਕਰਨ ਦੇ ਆਪਣੇ ਬੁਨਿਆਦੀ ਫ਼ੈਸਲੇ ਕਾਰਨ ਮੌਤ ਦਾ ਖ਼ਤਰਾ ਉਠਾਇਆ ਸੀ (ਹਾਲਾਂਕਿ ਇਸ ਮੂਲ ਵਿਸ਼ਵਾਸ ਦੇ ਨਾਲ ਆਗਿਆਕਾਰੀ ਹੋਵੇਗੀ ਜੋ ਅਸਲ ਵਿੱਚ ਹੋਰ ਵੀ ਜ਼ਿਆਦਾ ਖ਼ਤਰਿਆਂ ਨੂੰ ਪੈਦਾ ਕਰੇਗੀ)।

ਖ਼ਤਰੇ ਨੂੰ ਚੁੱਕਣਾ ਜਾਰੀ ਰੱਖਣਾ ਚਾਹੀਦਾ ਹੈ। ਮਸੀਹ ਦੇ ਪਿੱਛੇ ਚੱਲਣ ਤੋਂ ਜੋ ਵੀ ਮੁਸ਼ਕਲਾਂ ਆ ਸਕਦੀਆਂ ਹਨ, ਉਹਨਾਂ ਦੇ ਨਤੀਜੇ ਵਧੀਆ ਹੋਣਗੇ।

ਜਿਹਨਾਂ ਲੋਕਾਂ ਨੇ ਯਿਸੂ ਦੇ ਪਿੱਛੇ ਚੱਲਣਾ ਸ਼ੁਰੂ ਕਰਨ ਦੇ ਲਈ ਕਿਸੇ ਵੀ ਸੰਭਾਵਿਤ ਮੁਸ਼ਕਲ ਨੂੰ ਨਜ਼ਰਅੰਦਾਜ਼ ਕੀਤਾ ਸੀ, ਹੁਣ ਮੁਕਤੀ ਪਾਉਣ ਤੋਂ ਬਾਅਦ ਉਹਨਾਂ ਨੂੰ ਮਸੀਹ ਦੇ ਪਿੱਛੇ ਚੱਲਣ ਨੂੰ ਸੀਮਿਤ ਕਰਨ ਦੁਆਰਾ ਅਵਿਸ਼ਵਾਸੀਆਂ ਵਾਂਗ ਨਹੀਂ ਬਣਨਾ ਚਾਹੀਦਾ ਸੀ। ਇੱਕ ਵਿਸ਼ਵਾਸੀ ਦੇ ਪ੍ਰਭੂ ਯਿਸੂ ਵਿੱਚ ਭਰੋਸਾ ਕਰਨ ਦੀ ਬਜਾਏ ਸੁਰੱਖਿਆ, ਆਰਾਮ ਅਤੇ ਲਾਭ ਦੀ ਚੋਣ ਕਰਨ ਦੇ ਫ਼ੈਸਲੇ ਤੋਂ ਕੁਝ ਲਾਭ ਨਹੀਂ ਹੁੰਦਾ ਹੈ। ਵਿਸ਼ਵਾਸੀ ਵੀ ਜੇਕਰ ਪੂਰੇ ਸਮਰਪਣ ਦੇ ਨਾਲ ਨਿਰੰਤਰ ਪ੍ਰਭੂ ਦੇ ਪਿੱਛੇ ਚੱਲਣ ਦੀ ਬਜਾਏ ਇਹਨਾਂ ਚੀਜ਼ਾਂ ਨੂੰ ਚੁਣਨਗੇ, ਤਾਂ ਉਹਨਾਂ ਲਈ ਇਸ ਵਿੱਚੋਂ ਕੋਈ ਲਾਭ ਨਹੀਂ ਹੋਵੇਗਾ। "ਰੋਜ਼ਾਨਾ" ਪ੍ਰਭੂ ਦੇ ਪਿੱਛੇ ਚੱਲਣਾ ਇਸ ਜੀਵਨ ਵਿੱਚ ਇਸ ਅਰਥ ਵਿੱਚ ਬਚਾਉਣਾ ਹੈ ਕਿ ਉਹ ਬਰਬਾਦ ਨਹੀਂ ਹੁੰਦਾ ਹੈ [ਆਇਤਾਂ 24 ਅਤੇ 25 ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ ਕਿ ਇਹ ਜੀਵਿਤ ਰਹਿਣ ਬਨਾਮ ਸ਼ਹੀਦ ਹੋ ਜਾਣ ਤੱਕ ਸੀਮਿਤ ਨਹੀਂ ਹੈ, ਬਲਕਿ ਇਹ ਇੱਕ ਜ਼ਿੰਦੀ ਵਿਸ਼ਵਾਸੀ (ਜੋ ਆਪਣੇ ਜੀਵਨ ਨੂੰ ਬਚਾਉਂਦਾ ਹੈ ਅਤੇ ਆਪਣੇ ਜੀਵਨ ਤੇ ਨਿਯੰਤਰਣ ਕਰਦਾ ਹੈ ਪਰ ਇਸ ਨੂੰ ਬਰਬਾਦ ਕਰ ਲੈਂਦਾ ਹੈ) ਬਨਾਮ ਅਜਿਹੇ ਸਮਰਪਿਤ ਵਿਸ਼ਵਾਸੀ ਵਿਚਕਾਰ ਇੱਕ ਅੰਤਰ ਹੈ ਜੋ ਮਸੀਹ ਦੇ ਕੰਮ ਲਈ ਆਪਣੇ ਜੀਵਨ ਨੂੰ ਦਿੰਦਾ (ਗੁਆਉਂਦਾ) ਹੈ, ਅਤੇ ਆਪਣੇ ਜੀਵਨ ਨੂੰ ਸੱਚੀ ਕੀਮਤ ਦੇ ਕੇ ਧਰਤੀ ਉੱਤੇ ਸੁਰੱਖਿਅਤ ਰੱਖਦਾ ਹੈ। ਲੂਕਾ 9:26 ਦਾ ਅਰਥ ਹੈ ਕਿ ਮਾਲਕ ਆਪਣੇ ਉਹਨਾਂ ਚੇਲਿਆਂ ਤੋਂ ਜੋ ਬਿਨਾਂ ਕਿਸੇ ਸੀਮਾ ਦੇ ਉਸ ਦੇ ਪਿੱਛੇ ਚੱਲਦੇ ਹਨ, ਸ਼ਰਮਿੰਦਾ ਨਹੀਂ ਹੋਵੇਗਾ, ਪਰ ਧਰਮੀ ਤੌਰ ਤੇ ਮਾਣ ਕਰੇਗਾ। ਲੂਕਾ 9:27 ਅਤੇ ਰੂਪ ਬਦਲਣ ਦਾ ਹੇਠਲਾ ਬਿਰਤਾਂਤ ਸਾਨੂੰ ਯਾਦ ਦਿਵਾਉਂਦਾ ਹੈ ਕਿ ਜਿਸ ਹੱਦ ਤੱਕ ਅਸੀਂ ਹੁਣ ਪ੍ਰਭੂ ਦੇ ਪਿੱਛੇ ਚੱਲਦੇ ਹਾਂ, ਅਸੀਂ ਉਸੇ ਹੱਦ ਤੱਕ ਸਦੀਪਕ ਕਾਲ ਵਿੱਚ ਪ੍ਰਭੂ ਦੀ ਮਹਿਮਾ ਵਿੱਚ ਹਿੱਸਾ ਲਵਾਂਗੇ।

ਲੂਕਾ 9:23-26 ਅਤੇ ਇਸ ਦੀਆਂ ਸਮਾਨਤਾਵਾਂ ਵਾਲੀਆਂ ਆਇਤਾਂ ਦੀ ਅਜਿਹੀ ਵਿਆਖਿਆ ਕੀਤੀ ਜਾ ਸਕਦੀ ਹੈ ਜੋ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਦੇ ਅਨੁਕੂਲ ਹੋ ਸਕੇ। ਅਵਿਸ਼ਵਾਸੀਆਂ ਦੇ ਲਈ, ਇਸ ਦਾ ਸਿੱਧਾ ਅਰਥ ਇਹ ਹੁੰਦਾ ਹੈ ਕਿ ਮਸੀਹ ਵਿੱਚ ਭਰੋਸਾ ਰੱਖ ਕੇ ਉਹਨਾਂ ਦੇ ਪਿੱਛੇ ਚੱਲਣਾ ਸ਼ੁਰੂ ਕਰਨ ਦੇ ਲਈ ਜੋ ਵੀ ਕੀਮਤ ਅਦਾ ਕਰਨੀ ਪਾਵੇ, ਉਸ ਨੂੰ ਸਵੀਕਾਰ ਕੀਤਾ ਜਾਵੇ। ਵਿਸ਼ਵਾਸੀਆਂ ਦੇ ਲਈ, ਇਸ ਹਵਾਲੇ ਦਾ ਅਰਥ ਇਹ ਹੈ ਕਿ ਰਾਹ ਵਿੱਚ ਰੁਕਣ ਦੇ ਦਬਾਅ ਜਾਂ ਪਰਤਾਵੇ ਦੀ ਪਰਵਾਹ ਕੀਤੇ ਬਿਨਾਂ ਪ੍ਰਭੂ ਦੇ ਪਿੱਛੇ ਚੱਲਣਾ ਜਾਰੀ ਰੱਖਣਾ ਹੈ। ਯਿਸੂ ਵਿਸ਼ਵਾਸੀਆਂ ਨੂੰ ਸੱਦਾ ਦਿੰਦੇ ਹਨ ਕਿ ਉਹ ਉਹਨਾਂ ਲੋਕਾਂ ਦੀ ਦੁਖਦਾਈ ਉਦਾਹਰਣ ਨੂੰ ਦੇਖ ਕੇ ਹੋਰ ਅੱਗੇ ਵਧਣ ਜੋ ਮੁਕਤੀਦਾਤਾ ਉੱਤੇ ਭਰੋਸਾ ਕਰਨ ਤੋਂ ਇਨਕਾਰ ਕਰਕੇ ਇਸ ਜੀਵਨ ਦੀ ਪੂਰੀ ਸੁਰੱਖਿਆ ਦੀ ਚੋਣ ਕਰਦੇ ਹਨ। ਉਹਨਾਂ ਦੀ ਵਿਨਾਸ਼ਕਾਰੀ ਉਦਾਹਰਣ ਵਿਸ਼ਵਾਸੀਆਂ ਨੂੰ ਇਹ ਦਿਖਾਉਂਦੀ ਹੈ ਕਿ ਜਦੋਂ ਪੂਰੀ ਤਰ੍ਹਾਂ ਮਸੀਹ ਦੇ ਪਿੱਛੇ ਚੱਲਣ ਦੀ ਗੱਲ ਆਉਂਦੀ ਹੈ, ਤਾਂ ਉਹਨਾਂ ਨੂੰ ਇਹ ਵਿਵਹਾਰ ਅਪਣਾਉਣਾ ਨਹੀਂ ਚਾਹੀਦਾ ਹੈ। ਮਸੀਹੀਆਂ ਨੂੰ ਪ੍ਰਚਾਰ ਦੌਰਾਨ ਆਪਣੇ ਆਪ ਦਾ ਇਨਕਾਰ ਕਰਨ, ਸਭ ਕੁਝ ਤਿਆਗਣ, ਅਤੇ ਦੁੱਖ ਵਰਗੇ ਵਿਚਾਰਾਂ ਦੀ ਵਰਤੋਂ ਬਹੁਤ ਧਿਆਨ ਨਾਲ ਕਰਨੀ ਚਾਹੀਦੀ ਹੈ। ਉਹਨਾਂ ਕੋਲ ਸਿਰਫ਼ ਇਹ ਦੱਸਣ ਦੀ ਵੈਧਤਾ ਹੈ ਕਿ **ਮਸੀਹ ਉੱਤੇ ਭਰੋਸਾ ਕਰਨ ਦੇ ਲਈ ਖ਼ਤਰੇ ਚੁੱਕਣ ਦੀ ਲੋੜ ਪੈ ਸਕਦੀ ਹੈ।** ਲੋਕਾਂ ਨੂੰ ਇਹ ਸੋਚਣ ਦੀ ਆਗਿਆ ਦੇਣ ਦਾ ਕੋਈ ਆਧਾਰ ਨਹੀਂ ਹੈ ਕਿ ਉਹ ਯਿਸੂ ਦੇ ਲਈ ਦੁੱਖ ਝੱਲ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਨ।

**2. ਲੂਕਾ 14:26-27, 33**

(ਮੱਤੀ 10:37-39 ਵੀ ਦੇਖੋ)

> "ਜੇਕਰ ਕੋਈ ਮੇਰੇ ਕੋਲ ਆਉਂਦਾ ਹੈ ਪਰ ਆਪਣੇ ਮਾਤਾ, ਪਿਤਾ, ਭੈਣ, ਭਰਾਵਾਂ, ਪਤਨੀ, ਬੱਚਿਆਂ ਅਤੇ ਆਪਣੇ ਆਪ ਨਾਲ ਮੋਹ ਰੱਖਦਾ ਹੈ, ਮੇਰਾ ਚੇਲਾ ਨਹੀਂ ਬਣ ਸਕਦਾ।
>
> ਜਿਹੜਾ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਨਹੀਂ ਚੱਲਦਾ, ਉਹ ਮੇਰਾ ਚੇਲਾ ਨਹੀਂ ਬਣ ਸਕਦਾ...ਇਸੇ ਤਰ੍ਹਾਂ ਜੇਕਰ ਕੋਈ ਆਪਣਾ ਸਭ ਕੁਝ ਤਿਆਗ ਨਹੀਂ ਸਕਦਾ, ਉਹ ਮੇਰਾ ਚੇਲਾ ਨਹੀਂ ਬਣ ਸਕਦਾ।"

ਆਮ ਤੌਰ ਤੇ, *ਚੇਲੇ* ਸ਼ਬਦ ਦਾ ਅਰਥ "ਇੱਕ ਸਿੱਖਣ ਵਾਲਾ ਅਤੇ/ਜਾਂ ਪਿੱਛੇ ਚੱਲਣ ਵਾਲਾ" ਹੁੰਦਾ ਹੈ। *ਚੇਲੇ* ਸ਼ਬਦ ਦੀ ਇੱਕ ਲਚਕੀਲੀ ਪਰਿਭਾਸ਼ਾ ਹੈ ਜਿਸ ਦੇ ਵੱਖ-ਵੱਖ ਅਰਥ ਹਨ। ਯੂਹੰਨਾ 6:66 ਦੱਸਦਾ ਹੈ ਕਿ ਮਸੀਹ ਦੇ ਕੁਝ ਚੇਲਿਆਂ ਉਹਨਾਂ ਨੂੰ ਹਮੇਸ਼ਾਂ ਦੇ ਲਈ ਛੱਡ ਦਿੱਤਾ ਸੀ। ਜ਼ਾਹਰ ਹੈ ਕਿ ਇੱਕ ਵਿਅਕਤੀ ਵਿਸ਼ਵਾਸੀ ਬਣੇ ਬਿਨਾਂ ਥੋੜ੍ਹੇ ਸਮੇਂ ਦਾ ਚੇਲਾ (ਸਿੱਖਣ ਵਾਲਾ) ਹੋ ਸਕਦਾ ਹੈ। ਪਰ, ਜਦੋਂ ਚੇਲਿਆਂ ਨੂੰ ਯਿਸੂ ਦੀ ਗੱਲ ਸੁਣਨ ਵਾਲੀ ਭੀੜ ਤੋਂ ਅਲੱਗ ਕੀਤਾ ਜਾਂਦਾ ਹੈ, ਤਾਂ ਪਿੱਛਲੇ ਭਾਗ ਦੀ ਤਰ੍ਹਾਂ ਇਹ ਵਿਸ਼ਵਾਸੀ ਹੋਣੇ ਚਾਹੀਦੇ ਹਨ (ਦੇਖੋ, ਮਰਕੁਸ 8:34; ਲੂਕਾ 9:18, 20)। ਯੂਹੰਨਾ 8:31 ਵਿੱਚ, ਸ਼ਾਇਦ ਮਸੀਹ *ਚੇਲਿਆਂ* ਅਤੇ *ਸੱਚੇ ਚੇਲਿਆਂ* ਵਿੱਚ ਫ਼ਰਕ ਕਰ ਰਹੇ ਹਨ। ਜਿਹੜੇ ਵਿਸ਼ਵਾਸ ਕਰਦੇ ਹਨ, ਉਹਨਾਂ ਨੂੰ ਡੂੰਘੇ ਚੇਲੇਪਣ ਦੇ ਲਈ ਸੱਦਿਆ ਜਾਂਦਾ ਹੈ। ਸਾਰੇ ਸ਼ੁਭ-ਸਮਾਚਾਰਾਂ ਵਿੱਚ **ਉਤਸੁਕ ਚੇਲੇ** (ਸਿਰਫ਼ ਸਿੱਖਣ ਵਾਲੇ), **ਪੱਕੇ ਚੇਲੇ** (ਵਿਸ਼ਵਾਸੀ) ਅਤੇ **ਵਚਨਬੱਧ ਚੇਲੇ** (ਸਮਰਪਿਤ ਵਿਸ਼ਵਾਸੀ) ਸ਼ਾਮਲ ਹਨ। ਲੂਕਾ 14:26 ਵਿੱਚ ਯਿਸੂ ਦੇ ਮਨ ਵਿੱਚ ਕਿਹੜੀ ਕਿਸਮ ਦੇ ਚੇਲੇ ਹਨ? ਮੱਤੀ 10:37-39 ਵਿਚਲੇ ਸ਼ਬਦ ਵਿਸ਼ਵਾਸੀਆਂ ਨੂੰ ਕਹੇ ਗਏ ਹਨ (ਜਿਵੇਂ ਕਿ, ਮੱਤੀ 10:1-2 ਵਿੱਚ ਚੇਲਿਆਂ ਦੇ ਨਾਮ ਦਿੱਤੇ ਗਏ ਹਨ)। ਲੂਕਾ 14:25 ਭੀੜ ਨੂੰ ਕਹੇ ਗਏ ਵਚਨ ਹਨ। ਭਾਵੇਂ ਇੱਕ ਵਿਆਖਿਆਕਾਰ ਲੂਕਾ 14 ਦੇ ਸ਼ਬਦਾਂ ਨੂੰ ਇੱਕ ਪੱਕੇ ਚੇਲੇ (ਵਿਸ਼ਵਾਸੀ)

ਜਾਂ ਇੱਕ ਵਚਨਬੱਧ ਚੇਲੇ (ਸਮਰਪਿਤ ਵਿਸ਼ਵਾਸੀ) ਬਣਨ ਦੇ ਸੱਦੇ ਵਜੋਂ ਲੈਂਦਾ ਹੈ, ਪਰ ਇਹਨਾਂ ਸ਼ਬਦਾਂ ਦੀ ਵਰਤੋਂ ਮੁਕਤੀ ਪਾਉਣ ਦੀ ਸ਼ਰਤ ਵਿੱਚ ਵਿਸ਼ਵਾਸ ਤੋਂ ਇਲਾਵਾ ਕੁਝ ਹੋਰ ਜੋੜਨ ਦੇ ਲਈ ਕੀਤੀ ਜਾ ਸਕਦੀ ਹੈ। ਸਾਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਇਹ ਸਿੱਖਿਆਵਾਂ ਅਵਿਸ਼ਵਾਸੀਆਂ ਅਤੇ ਵਿਸ਼ਵਾਸੀਆਂ ਦੇ ਆਤਮਿਕ ਜੀਵਨ ਅਤੇ ਵਿਕਾਸ ਦੇ ਵੱਖ-ਵੱਖ ਪੜਾਵਾਂ ਉੱਤੇ ਕਿਵੇਂ ਲਾਗੂ ਹੋ ਸਕਦੀਆਂ ਹਨ ਕਿ ਫਿਰ ਇਹ ਵਿਸ਼ਵਾਸ ਦੁਆਰਾ ਮੁਕਤੀ ਦੇ ਅਨੁਕੂਲ ਹੋਣ।

### a. ਗ਼ਲਤਫ਼ਹਿਮੀਆਂ

ਲੂਕਾ 14:26 ਦੀ ਇਹ ਸਿਖਾਉਣ ਦੇ ਲਈ ਦੁਰਵਰਤੋਂ ਕੀਤੀ ਜਾ ਸਕਦੀ ਹੈ ਕਿ ਮੁਕਤੀ ਵਚਨਬੱਧਤਾ ਅਤੇ ਬਲੀਦਾਨ ਦੁਆਰਾ ਪ੍ਰਾਪਤ ਹੁੰਦੀ ਹੈ। ਜੇਕਰ ਇੱਥੇ ਪ੍ਰਭੂ ਮੁਕਤੀ ਦੇ ਲਈ ਕੋਈ ਸ਼ਰਤ ਦੇ ਰਹੇ ਹਨ, ਤਾਂ ਫਿਰ ਮੁਕਤੀ ਸਿਰਫ਼ ਸਭ ਤੋਂ ਸਖ਼ਤ ਕੰਮਾਂ ਦੁਆਰਾ ਪ੍ਰਾਪਤ ਕੀਤੀ ਜਾਵੇਗੀ। ਇੱਕ ਵਿਅਕਤੀ ਨੂੰ ਮੁਕਤੀ ਪ੍ਰਾਪਤ ਕਰਨ ਦੇ ਲਈ ਦੁੱਖ ਝੱਲਣਾ ਪਏਗਾ ਅਤੇ ਆਗਿਆ ਮੰਨਣੀ ਪਏਗੀ (ਆਇਤ 27)। ਉਸ ਨੂੰ ਸਾਰੀ ਧਨ-ਸੰਪਤੀ ਨੂੰ ਵੀ ਤਿਆਗਣਾ ਹੋਵੇਗਾ (ਆਇਤ 33)। ਪਰ, ਪਰਮੇਸ਼ਰ ਦੀ ਕਿਰਪਾ ਅਤੇ ਉਹਨਾਂ 150 ਤੋਂ ਵੱਧ ਆਇਤਾਂ ਬਾਰੇ ਕੀ ਕਿਹਾ ਜਾਵੇਗਾ ਜੋ ਵਿਸ਼ਵਾਸ ਨੂੰ ਹੀ ਮੁਕਤੀ ਦੀ ਸ਼ਰਤ ਵਜੋਂ ਰੱਖਦੀਆਂ ਹਨ?

### b. ਅਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ

ਜੇਕਰ ਲੂਕਾ 14:26 ਨੂੰ ਅਵਿਸ਼ਵਾਸੀਆਂ ਉੱਤੇ ਲਾਗੂ ਕੀਤਾ ਜਾਵੇ, ਤਾਂ ਵੀ ਇਸ ਵਚਨ ਨੂੰ *ਸਿਰਫ਼ ਵਿਸ਼ਵਾਸ* ਦੇ ਵਿਚਾਰ ਨਾਲ ਜੋੜਿਆ ਜਾ ਸਕਦਾ ਹੈ। ਜੇਕਰ ਸਮਾਜਿਕ ਹਾਲਾਤ ਅਜਿਹੇ ਹੋਣ ਕਿ ਇੱਕ ਵਿਅਕਤੀ ਨੂੰ ਵਿਸ਼ਵਾਸੀ ਬਣਨ ਦੇ ਲਈ ਪਰਿਵਾਰ ਤੋਂ ਅਲੱਗ ਹੋਣਾ, ਲੋਕਾਂ ਦੁਆਰਾ ਇਨਕਾਰ ਅਤੇ ਮਖੌਲ ਦਾ ਸਾਹਮਣਾ ਕਰਨਾ, ਦੁੱਖ ਅਤੇ ਮੌਤ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ (ਸਲੀਬ ਨੂੰ ਚੁੱਕਣਾ) ਜਾਂ ਸੰਪਤੀ ਨੂੰ ਗੁਆਉਣਾ ਪਵੇ, ਤਾਂ ਵੀ ਉਸ ਨੂੰ ਮਸੀਹ ਵਿੱਚ ਵਿਸ਼ਵਾਸ ਕਰਨ ਦੀ ਚੋਣ ਕਰਨੀ ਚਾਹੀਦੀ ਹੈ। **ਜੇਕਰ ਵਿਸ਼ਵਾਸ ਕਰਨ ਨਾਲ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ, ਤਾਂ ਵੀ ਵਿਅਕਤੀ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ**, ਕਿਉਂਕਿ ਮੁਕਤੀ ਵਿਸ਼ਵਾਸ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਭੀੜ ਵਿੱਚੋਂ ਕੋਈ ਵੀ ਵਿਅਕਤੀ ਜਿਸ ਨੇ ਅਜੇ ਤੱਕ ਵਿਸ਼ਵਾਸ ਨਹੀਂ ਕੀਤਾ ਸੀ, ਉਸ ਨੂੰ ਕਿਸੇ ਵੀ ਕੀਮਤ ਜਾਂ ਖ਼ਤਰੇ ਦੇ ਬਾਵਜੂਦ ਇੱਕ ਪੱਕਾ ਚੇਲਾ (ਵਿਸ਼ਵਾਸੀ) ਬਣਨਾ ਜ਼ਰੂਰੀ ਸੀ। ਮਸੀਹ ਵਿੱਚ ਜੀਵਨ ਦੀ ਇਸ ਸ਼ੁਰੂਆਤ ਤੋਂ ਇਲਾਵਾ, ਪ੍ਰਭੂ ਹੋਰ ਵੀ ਡੂੰਘੇ ਚੇਲੇਪਣ ਦੀ ਮੰਗ ਕਰਦੇ ਹਨ। ਇਸ ਗੱਲ ਵਿੱਚ ਬਹੁਤ ਅੰਤਰ ਹੈ ਕਿ ਪਰਮੇਸ਼ਰ ਮੁਕਤੀ ਦੇ ਲਈ ਕੀ (ਵਿਸ਼ਵਾਸ) ਚਾਹੁੰਦੇ ਹਨ, ਅਤੇ ਪਰਮੇਸ਼ਰ ਉਹਨਾਂ ਲੋਕਾਂ ਤੋਂ ਕੀ ਚਾਹੁੰਦੇ ਹਨ ਜਿਹਨਾਂ ਨੇ ਮਸੀਹ ਦੇ ਪਿੱਛੇ ਚੱਲਣਾ ਸ਼ੁਰੂ ਕਰ ਦਿੱਤਾ ਹੈ। ਭੀੜ ਵਿੱਚ ਅਵਿਸ਼ਵਾਸੀਆਂ ਨੂੰ ਰਸਮੀ ਚੇਲੇ ਬਣਨ ਦੇ ਲਈ ਪਹਿਲਾਂ ਯਿਸੂ ਨੂੰ ਮਸੀਹ ਮੰਨ ਕੇ ਆਪਣੇ ਡਰ ਉੱਤੇ ਕਾਬੂ ਪਾਉਣ ਉੱਤੇ ਧਿਆਨ ਦੇਣ ਦੀ ਲੋੜ ਸੀ।[61] ਉਹਨਾਂ ਦੇ ਲਈ ਚੇਲੇਪਣ ਦਾ ਇਹ ਪਹਿਲੂ ਸਭ ਤੋਂ ਮਹੱਤਵਪੂਰਣ ਸੀ, ਪਰ ਪ੍ਰਭੂ ਦੇ ਸੰਦੇਸ਼ ਵਿੱਚ ਲਾਗੂ ਕਰਨ ਲਈ ਹੋਰ ਵੀ ਬਹੁਤ ਸਾਰੀਆਂ ਗੱਲਾਂ ਸਨ। ਜਿਹੜੇ ਲੋਕ ਪਹਿਲਾਂ ਹੀ ਵਿਸ਼ਵਾਸ ਕਰ ਚੁੱਕੇ ਹਨ, ਉਹਨਾਂ ਲਈ ਚੇਲੇ ਬਣਨ ਬਾਰੇ ਪ੍ਰਭੂ ਯਿਸੂ ਦੇ ਸੰਦੇਸ਼ ਵਿੱਚ ਹੋਰ ਸੱਚਾਈਆਂ ਵਧੇਰੇ ਢੁਕਵੀਂਆਂ ਸਨ।

### c. ਵਿਸ਼ਵਾਸੀਆਂ ਦੇ ਲਈ ਇਸ ਦਾ ਅਰਥ

ਇਹ ਸੰਭਵ ਹੈ ਕਿ ਲੂਕਾ 14 ਵਿੱਚ ਚੇਲੇਪਣ ਦੇ ਸੰਦੇਸ਼ ਦਾ ਉਦੇਸ਼ ਮਿਲੀ-ਜੁਲੀ ਭੀੜ ਦੇ ਲੋਕ ਸਨ। ਭੀੜ ਵਿੱਚ ਅਵਿਸ਼ਵਾਸੀਆਂ ਨੂੰ ਵਿਸ਼ਵਾਸ ਦੁਆਰਾ ਆਪਣੇ ਪੱਕੇ ਚੇਲੇਪਣ ਨੂੰ ਸ਼ੁਰੂ ਕਰਨ ਦੀ ਲੋੜ ਸੀ। ਪਹਿਲਾ ਕਦਮ ਸਭ ਤੋਂ ਮਹੱਤਵਪੂਰਣ ਪ੍ਰਤੀਕਿਰਿਆ ਸੀ ਜੋ ਯਿਸੂ ਉਹਨਾਂ ਕੋਲੋਂ ਚਾਹੁੰਦੇ ਸਨ। ਰਸੂਲ ਪਹਿਲਾਂ ਹੀ ਪੱਕੇ ਚੇਲੇ ਸਨ। ਉਹਨਾਂ ਨੂੰ (ਅਤੇ ਹੋਰ ਜਿਹਨਾਂ ਨੇ ਮੁਕਤੀ ਪ੍ਰਾਪਤ ਕੀਤੀ ਹੈ) ਚੇਲੇਪਣ ਬਾਰੇ ਪ੍ਰਭੂ ਦੇ ਸ਼ਬਦਾਂ ਨੇ ਪੂਰੀ ਵਚਨਬੱਧਤਾ ਦੇ ਪੱਧਰ ਤੇ ਪ੍ਰਭਾਵਿਤ ਕੀਤਾ। ਪ੍ਰਭੂ ਉਹਨਾਂ ਨੂੰ ਉਸ ਵਫ਼ਾਦਾਰੀ ਦੇ ਪੱਧਰ ਨੂੰ ਕਾਇਮ ਰੱਖਣ ਅਤੇ ਵਧਾਉਣ ਦੇ ਲਈ ਕਹਿੰਦੇ ਹਨ ਜੋ ਉਹਨਾਂ ਨੇ ਪਹਿਲੇ ਕਦਮ ਵਿੱਚ ਮਸੀਹ ਨੂੰ ਸਵੀਕਾਰ ਕਰਕੇ ਦਿਖਾਈ ਸੀ। ਮਸੀਹ ਚਾਹੁੰਦੇ ਹਨ ਕਿ ਜਿਹੜੇ ਪਹਿਲਾਂ ਹੀ ਬਚਾਏ ਗਏ ਹਨ, ਉਹ ਮਸੀਹ ਨੂੰ ਕਿਸੇ ਵੀ ਹੋਰ ਮਨੁੱਖੀ ਰਿਸ਼ਤੇ ਤੋਂ ਜ਼ਿਆਦਾ ਵਫ਼ਾਦਾਰੀ ਦੇਣ (ਆਇਤ 26)। ਮਸੀਹ ਵਿਸ਼ਵਾਸੀਆਂ ਨੂੰ ਦੁੱਖ ਸਵੀਕਾਰ ਕਰਨ ਦੇ ਲਈ ਕਹਿੰਦੇ ਹਨ ਅਤੇ ਪੂਰੀ ਆਗਿਆਕਾਰੀ ਚਾਹੁੰਦੇ ਹਨ (ਆਇਤ 27)। ਉਹ ਮੰਗ ਕਰਦੇ ਹਨ ਕਿ ਸਾਰੀ ਸੰਪਤੀ ਉਹਨਾਂ ਦੇ ਅਧਿਕਾਰ ਵਿੱਚ ਰੱਖੀ ਜਾਵੇ (ਆਇਤ 33)। ਚੇਲੇਪਣ ਦੇ ਲਈ ਪ੍ਰਭੂ ਦਾ ਸੱਦਾ ਰਸੂਲਾਂ (ਅਤੇ ਬਾਕੀ ਵਿਸ਼ਵਾਸੀਆਂ) ਦੇ ਆਤਮਿਕ ਜੀਵਨ ਦੇ ਇੱਕ ਵਧੇਰੇ ਉੱਚੇ ਪੱਧਰ ਉੱਤੇ ਲਾਗੂ ਹੁੰਦਾ ਹੈ। ਅਵਿਸ਼ਵਾਸੀਆਂ ਦੇ ਲਈ, ਵਿਸ਼ਵਾਸ ਕਰਨ ਦੀ ਸ਼ੁਰੂਆਤ ਇੱਕ ਖ਼ਤਰਨਾਕ ਸੰਸਾਰ ਵਿੱਚ ਖ਼ਤਰੇ ਚੁੱਕਣ ਨਾਲ ਹੁੰਦੀ ਹੈ।

---

[61] ਲੇਖਕ ਨੇ ਅਜੀਬ ਵਾਕਾਂਸ਼ *ਰਸਮੀ ਚੇਲੇ* ਦੀ ਵਰਤੋਂ ਕੀਤੀ ਹੈ, ਕਿਉਂਕਿ ਭੀੜ ਪਹਿਲਾਂ ਹੀ ਆਮ ਸਿੱਖਣ ਵਾਲਿਆਂ ਦੇ ਅਰਥਾਂ ਵਿੱਚ ਚੇਲੇ ਸਨ (ਜਿਵੇਂ ਯੂਹੰਨਾ 6:66 ਵਿੱਚ ਹੈ)। ਫਿਰ ਵੀ, ਜ਼ਿਆਦਾਤਰ ਲੋਕਾਂ ਨੇ ਮਸੀਹ ਦੇ ਪਿੱਛੇ ਚੱਲਣ ਦਾ ਕੋਈ ਫ਼ੈਸਲਾ ਨਹੀਂ ਕੀਤਾ ਸੀ। ਦੂਜੇ ਅਰਥਾਂ ਵਿੱਚ, ਉਹ ਅਸਲ ਵਿੱਚ ਚੇਲੇ ਨਹੀਂ ਸਨ। ਲੂਕਾ 14 ਵਿੱਚ ਪ੍ਰਭੂ ਚੇਲੇਪਣ ਦਾ ਸੱਦਾ ਦਿੰਦੇ ਹਨ। ਅਵਿਸ਼ਵਾਸੀਆਂ ਦੇ ਲਈ, ਇਹ ਹਵਾਲਾ ਉਦੋਂ ਤੱਕ ਚੰਗੀ ਤਰ੍ਹਾਂ ਲਾਗੂ ਨਹੀਂ ਹੋਵੇਗਾ ਜਦੋਂ ਤੱਕ ਉਹ ਯਿਸੂ ਨੂੰ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਦਾ ਸ਼ੁਰੂਆਤੀ ਫ਼ੈਸਲਾ ਨਹੀਂ ਲੈਂਦੇ ਹਨ। ਇਸ ਪੱਧਰ ਤੇ ਮਸੀਹ ਉਹਨਾਂ ਤੋਂ ਮੁੱਖ ਤੌਰ ਤੇ ਇਹ ਚਾਹੁੰਦੇ ਹਨ ਕਿ ਉਹ ਮਸੀਹ ਉੱਤੇ ਭਰੋਸਾ ਕਰਨ। ਰਸੂਲਾਂ ਨੇ ਪਹਿਲਾਂ ਹੀ ਮਸੀਹ ਵਿੱਚ ਵਿਸ਼ਵਾਸ ਕਰਨ ਦਾ ਫ਼ੈਸਲਾ ਕੀਤਾ ਸੀ। ਉਹਨਾਂ ਦੇ ਆਤਮਿਕ ਵਿਕਾਸ ਦੇ ਪੱਧਰ ਤੇ, ਉਹਨਾਂ ਦੇ ਲਈ ਮਸੀਹ ਦਾ ਸੰਦੇਸ਼ ਚੇਲੇਪਣ ਦੀ ਪੂਰੀ ਤਰ੍ਹਾਂ ਵਚਨਬੱਧਤਾ ਨੂੰ ਜਾਰੀ ਰੱਖਣਾ ਹੈ।

ਇੱਕ ਵਿਅਕਤੀ ਲੂਕਾ 14:26-33 ਦੀ ਵਿਆਖਿਆ ਨੂੰ ਉਹਨਾਂ ਤਰੀਕਿਆਂ ਨਾਲ ਸੀਮਿਤ ਕਰਨ ਦੀ ਚੋਣ ਕਰ ਸਕਦਾ ਹੈ ਕਿ ਪ੍ਰਭੂ ਦਾ ਸੰਦੇਸ਼ **ਜਾਂ ਤਾਂ ਸਿਰਫ਼ ਅਵਿਸ਼ਵਾਸੀਆਂ ਦੇ ਲਈ ਸੀ (ਕਿਸੇ ਵੀ ਕੀਮਤ ਤੇ ਮੇਰੇ ਉੱਤੇ ਭਰੋਸਾ ਕਰੋ), ਜਾਂ ਸਿਰਫ਼ ਵਿਸ਼ਵਾਸੀਆਂ ਦੇ ਲਈ ਸੀ (ਮੇਰੇ ਪ੍ਰਤੀ ਪੂਰੀ ਤਰ੍ਹਾਂ ਵਫ਼ਾਦਰ ਰਹੋ)।** ਪਰ, ਕੋਈ ਵੀ ਲੂਕਾ 14:26-33 ਦੀ ਵਰਤੋਂ ਉਹਨਾਂ ਤਰੀਕਿਆਂ ਨਾਲ ਨਹੀਂ ਕਰ ਸਕਦਾ ਜੋ ਸੁਝਾਅ ਦਿੰਦੇ ਹਨ ਕਿ ਮੁਕਤੀ ਵਿਅਕਤੀਗਤ ਬਲੀਦਾਨ, ਦੁੱਖ ਜਾਂ ਆਗਿਆਕਾਰੀ ਦੁਆਰਾ ਪ੍ਰਾਪਤ ਹੁੰਦੀ ਹੈ।

### M. ਪ੍ਰਭੂਸੱਤਾ ਦੀ ਮੁਕਤੀ

ਬਚਾਉਣ ਵਾਲੇ ਵਿਸ਼ਵਾਸ ਵਿੱਚ ਇਸ ਤੱਥ ਨੂੰ ਸਵੀਕਾਰ ਕਰਨਾ ਸ਼ਾਮਲ ਹੁੰਦਾ ਹੈ ਕਿ ਯਿਸੂ ਮਸੀਹ ਪ੍ਰਭੂ ਹਨ (ਰੋਮੀ 10:9; ਰਸੂਲਾਂ 16:31)। ਮਸੀਹ ਨੂੰ ਪਰਮੇਸ਼ਰ ਦੇ ਪੁੱਤਰ ਅਤੇ ਮਾਲਕ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਇਹ ਬਾਈਬਲ ਦੇ ਮਸੀਹ ਦੀ ਪਛਾਣ ਕਰਨ ਦਾ ਇੱਕ ਹਿੱਸਾ ਹੈ। ਇਸ ਵਿੱਚ ਆਪਣੀ ਆਤਮਾ ਨੂੰ ਸਦੀਪਕ ਸੁਰੱਖਿਆ ਦੇ ਲਈ ਮਸੀਹ ਨੂੰ ਸੌਂਪ ਦੇਣਾ ਵੀ ਸ਼ਾਮਲ ਹੈ। ਮਸੀਹ ਵਿੱਚ ਵਿਸ਼ਵਾਸ ਕਰਨ ਦੇ ਕੰਮ ਵਿੱਚ, ਪਾਪ ਤੋਂ ਛੁਟਕਾਰੇ ਦੀ ਇੱਛਾ ਦਾ ਵੀ ਸੰਕੇਤ ਸ਼ਾਮਲ ਹੁੰਦਾ ਹੈ। ਇਹ ਦੇਖਦੇ ਹੋਏ ਕਿ ਪੁਰਾਣਾ ਨੇਮ ਵਿਸ਼ਵਾਸ ਅਤੇ ਵਿਦਰੋਹ ਵਿੱਚ ਅੰਤਰ ਦੱਸਦਾ ਹੈ, ਤਾਂ ਅਜਿਹਾ ਨਹੀਂ ਲੱਗਦਾ ਹੈ ਕਿ ਬਚਾਉਣ ਵਾਲਾ ਵਿਸ਼ਵਾਸ ਪੂਰੇ ਵਿਦਰੋਹ ਦੇ ਵਿਵਹਾਰ ਦੇ ਨਾਲ-ਨਾਲ ਹੋ ਸਕਦਾ ਹੈ। ਜਿਹੜਾ ਵਿਅਕਤੀ ਮਸੀਹ ਨੂੰ ਪਰਮੇਸ਼ਰ ਮੰਨਦਾ ਹੈ, ਉਸ ਨੂੰ ਮਸੀਹ ਦੀ ਆਗਿਆ ਮੰਨਣੀ ਚਾਹੀਦੀ ਹੈ।

ਜੇਕਰ "ਪ੍ਰਭੂਸੱਤਾ ਦੀ ਮੁਕਤੀ" ਵਿੱਚ ਸਿਰਫ਼ ਇਹ ਤੱਥ ਸ਼ਾਮਲ ਹਨ, ਤਾਂ ਇਸ ਨੂੰ ਸੱਚ ਮੰਨਿਆ ਜਾ ਸਕਦਾ ਹੈ। ਪਰ ਇਹ ਇਕਰਾਰ ਕਰਨਾ ਇੱਕ ਗੱਲ ਹੈ ਕਿ ਮਸੀਹ ਮਾਲਕ ਹਨ ਅਤੇ ਇਹ ਕਿ ਇੱਕ ਵਿਅਕਤੀ ਨੂੰ ਉਹਨਾਂ ਦੀ ਆਗਿਆ ਦੀ ਪਾਲਣਾ ਕਰਨੀ ਚਾਹੀਦੀ ਹੈ; ਪਰ ਇੱਕ ਕਿਰਿਆਸ਼ੀਲ ਰੂਪ ਵਿੱਚ ਉਹਨਾਂ ਦੀ ਆਗਿਆ ਦਾ ਪਾਲਣ ਕਰਨ ਦਾ ਵਾਅਦਾ ਕਰਨਾ ਵੀ ਇੱਕ ਬਹੁਤ ਹੀ ਵੱਖਰੀ ਗੱਲ ਹੈ। ਸਾਰੇ ਮਸੀਹੀ ਇਹ ਕਹਿਣਗੇ ਕਿ ਉਹਨਾਂ ਨੂੰ ਪੂਰੀ ਤਰ੍ਹਾਂ ਮਸੀਹ ਦੀ ਆਗਿਆ ਦੀ ਪਾਲਣਾ ਕਰਨੀ ਚਾਹੀਦੀ ਹੈ।

ਫਿਰ ਵੀ, ਕੋਈ ਪੂਰੀ ਤਰ੍ਹਾਂ ਮਸੀਹ ਦੀ ਆਗਿਆ ਦੀ ਪਾਲਣਾ ਨਹੀਂ ਕਰਦਾ ਹੈ। ਇਸੇ ਤਰ੍ਹਾਂ, ਆਤਮਾ ਦੇ ਸਦੀਪਕ ਭਵਿੱਖ ਨੂੰ ਮਸੀਹ ਨੂੰ ਸੌਂਪਣਾ ਇੱਕ ਗੱਲ ਹੈ, ਪਰ ਜੀਵਨ ਦੇ ਹਰੇਕ ਖੇਤਰ ਨੂੰ ਮਸੀਹ ਨੂੰ ਸੌਂਪਣਾ ਇੱਕ ਵੱਖਰੀ ਹੈ। ਹੋ ਸਕਦਾ ਹੈ ਕਿ ਇੱਕ ਪਾਪੀ ਮਸੀਹ ਦੀ ਆਗਿਆ ਦਾ ਪਾਲਣ ਕਰਨਾ ਚਾਵੇ, ਪਰ ਅਜਿਹਾ ਕਰ ਪਾਉਣ ਦਾ ਵਿਸ਼ਵਾਸ ਉਸ ਵਿੱਚ ਨਾ ਹੋਵੇ। ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਜਿਹੜਾ ਵਿਅਕਤੀ ਮਸੀਹ ਵਿੱਚ ਵਿਸ਼ਵਾਸ ਕਰ ਸਕਦਾ ਹੈ, ਉਸ ਨੇ ਪਹਿਲਾਂ ਹੀ ਪਾਪ ਤੋਂ ਉਸ ਹੱਦ ਤੱਕ ਛੁਟਕਾਰੇ ਦੀ ਇੱਛਾ ਕੀਤੀ ਹੈ ਜੋ ਮੁਕਤੀ ਪ੍ਰਾਪਤ ਕਰਨ ਦੇ ਲਈ ਕਾਫ਼ੀ ਹੈ।

ਕੋਈ ਵੀ ਇਸ ਗੱਲ ਨਾਲ ਅਸਹਿਮਤ ਨਹੀਂ ਹੋਵੇਗਾ ਕਿ ਮਸੀਹ ਪ੍ਰਤੀ ਪੂਰੀ ਆਗਿਆਕਾਰੀ ਬਚਾਉਣ ਵਾਲੇ ਵਿਸ਼ਵਾਸ ਨਾਲ ਜੁੜਿਆ ਇੱਕ ਤਰਕਪੂਰਨ ਅਤੇ ਦ੍ਰਿੜ੍ਹ ਸਿੱਟਾ ਹੈ। ਜੇਕਰ ਕੋਈ ਆਪਣੀ ਆਤਮਾ ਦੇ ਸਦੀਪਕ ਭਵਿੱਖ ਨੂੰ ਮਸੀਹ ਨੂੰ ਸੌਂਪਦਾ ਹੈ, ਤਾਂ ਉਸ ਨੂੰ ਆਪਣਾ ਸਭ ਕੁਝ ਮਸੀਹ ਨੂੰ ਸੌਂਪਣਾ ਹੋਵੇਗਾ। ਜੇਕਰ ਕੋਈ ਇਹ ਮੰਨਦਾ ਹੈ ਕਿ ਮਸੀਹ ਪਰਮੇਸ਼ਰ ਹਨ ਅਤੇ ਉਹਨਾਂ ਦੀ ਆਗਿਆਕਾਰੀ ਕੀਤੀ ਜਾਣੀ ਚਾਹੀਦੀ ਹੈ, ਤਾਂ ਅਗਲਾ ਕਦਮ ਆਗਿਆਕਾਰੀ ਹੋਣਾ ਚਾਹੀਦਾ ਹੈ। ਫਿਰ ਵੀ, ਅਜਿਹੀ ਸੰਪੂਰਨ ਆਗਿਆਕਾਰੀ ਜਾਂ ਆਗਿਆਕਾਰੀ ਨੂੰ ਪੂਰਾ ਕਰਨ ਦੇ ਵਾਅਦੇ ਨੂੰ ਮੁਕਤੀ ਪ੍ਰਾਪਤ ਕਰਨ ਦੀ ਇੱਕ ਸ਼ਰਤ ਬਣਾਉਣਾ ਇੱਕ ਖ਼ਤਰਨਾਕ ਗ਼ਲਤੀ ਹੈ ਜੋ ਕਿ ਪ੍ਰਭੂਸੱਤਾ ਦਾ ਸਮਰਥਨ ਕਰਨ ਵਾਲੇ ਅਕਸਰ ਕਰਦੇ ਹਨ।

"ਜੇਕਰ ਮਸੀਹ ਸਾਡੇ ਸਭ ਕੁਝ ਦੇ ਪ੍ਰਭੂ ਨਹੀਂ ਹਨ, ਤਾਂ ਉਹ ਬਿਲਕੁਲ ਵੀ ਪ੍ਰਭੂ ਨਹੀਂ ਹੈ," ਇਹ ਵਾਕ ਬਹੁਤ ਹੀ ਪਵਿੱਤਰ ਅਤੇ ਧਰਮੀ ਲੱਗਦਾ ਹੈ, ਪਰ ਇਸ ਨੂੰ ਇੱਕ ਗੰਭੀਰ ਗ਼ਲਤੀ ਵਜੋਂ ਰੱਦ ਕੀਤਾ ਜਾਣਾ ਚਾਹੀਦਾ ਹੈ। ਪਹਿਲੀ ਗੱਲ, ਨਵਾਂ ਨੇਮ ਬਚਾਏ ਗਏ ਲੋਕਾਂ ਦੇ ਲਈ ਮਸੀਹ ਦੇ ਪੂਰੀ ਤਰ੍ਹਾਂ ਅਧੀਨ ਹੋਣ ਦੇ ਹੁਕਮਾਂ ਨਾਲ ਭਰਿਆ ਹੋਇਆ ਹੈ (ਜਿਵੇਂ ਕਿ, ਰੋਮੀ 6:12-13; 12:1-2 ਫ਼ਿਲਿੱਪੀ 3:12-15; ਯਾਕੂਬ 3:2; 4:8)। ਹਰੇਕ ਹੁਕਮ ਇਹ ਸੰਕੇਤ ਦਿੰਦਾ ਹੈ ਕਿ ਇੱਕ ਵਿਅਕਤੀ ਪੂਰੀ ਤਰ੍ਹਾਂ ਪਰਮੇਸ਼ਰ ਦੇ ਅਧੀਨ ਹੋਏ ਬਿਨਾਂ ਇੱਕ ਵਿਸ਼ਵਾਸੀ ਹੋ ਸਕਦਾ ਹੈ। ਇਸ ਲਈ, ਇਹ ਸਪੱਸ਼ਟ ਹੈ ਕਿ ਇੱਕ ਵਿਅਕਤੀ ਮਸੀਹ ਦੀ ਪੂਰੀ ਤਰ੍ਹਾਂ ਆਗਿਆਕਾਰੀ ਦੇ ਬਿਨਾਂ ਬਚਾਇਆ ਜਾ ਸਕਦਾ ਹੈ (ਹਾਲਾਂਕਿ ਅਣਆਗਿਆਕਾਰੀ ਲਗਾਤਾਰ ਨਹੀਂ ਹੁੰਦੀ ਹੈ)।

ਦੂਜੀ ਗੱਲ, ਸਾਨੂੰ ਇਸ ਵਿੱਚ ਅੰਤਰ ਦੇਖਣਾ ਹੋਵੇਗਾ ਕਿ ਪਰਮੇਸ਼ਰ ਆਮ ਤੌਰ ਤੇ ਕੀ ਚਾਹੁੰਦੇ ਹਨ, ਅਤੇ ਪਰਮੇਸ਼ਰ ਮੁਕਤੀ ਦੇ ਲਈ ਕੀ ਚਾਹੁੰਦੇ ਹਨ। ਬਾਈਬਲ ਵਿੱਚ 150 ਤੋਂ ਵੱਧ ਆਇਤਾਂ ਹਨ ਜੋ ਸਿਰਫ਼ ਵਿਸ਼ਵਾਸ ਨੂੰ ਮੁਕਤੀ ਦੀ ਸ਼ਰਤ ਵਜੋਂ ਦੱਸਦੀਆਂ ਹਨ।

ਇਸ ਦਾ ਅਰਥ ਹੈ ਕਿ ਜਿਹੜਾ ਵਿਅਕਤੀ ਮਸੀਹ ਵਿੱਚ ਭਰੋਸਾ ਰੱਖਦਾ ਹੈ, ਉਸ ਨੇ ਮਸੀਹ ਦੀ ਪ੍ਰਭੂਸੱਤਾ ਨੂੰ ਕਾਫ਼ੀ ਹੱਦ ਤੱਕ ਸਵੀਕਾਰ ਕੀਤਾ ਹੈ ਅਤੇ ਮੁਕਤੀ ਨੂੰ ਪ੍ਰਾਪਤ ਕਰਨ ਦੇ ਲਈ ਕਾਫ਼ੀ ਹੱਦ ਤੱਕ ਆਗਿਆਕਾਰੀ ਕੀਤੀ ਹੈ। ਇਹ ਸੱਚ ਹੈ ਕਿ ਪਰਮੇਸ਼ਰ ਮਸੀਹ ਦੀ ਪ੍ਰਭੂਸੱਤਾ ਪ੍ਰਤੀ ਪੂਰੇ ਸਮਰਪਣ ਦੀ ਮੰਗ ਕਰਦੇ ਹਨ, ਪਰ ਮੁਕਤੀ ਦੀ ਇੱਕੋ-ਇੱਕ ਸ਼ਰਤ ਸਿਰਫ਼ ਵਿਸ਼ਵਾਸ ਹੀ ਹੈ।

ਪ੍ਰਭੂਸੱਤਾ ਦੀ ਮੁਕਤੀ ਨਾਲ ਇੱਕ ਤੀਜੀ ਸਮੱਸਿਆ ਇਹ ਹੈ ਕਿ ਇਹ ਕੰਮਾਂ ਦਾ ਹੀ ਇੱਕ ਸੂਖਮ ਰੂਪ ਹੈ। ਹਾਂ, ਬਚਾਉਣ ਵਾਲੇ ਵਿਸ਼ਵਾਸ ਵਿੱਚ ਇਹ ਵਿਵਹਾਰ ਸ਼ਾਮਲ ਹੁੰਦਾ ਹੈ ਕਿ ਮਸੀਹ ਮਾਲਕ ਹਨ। ਇਸ ਲਈ, ਇੱਕ ਪਾਪੀ ਜਾਣਦਾ ਹੈ ਕਿ ਉਸ ਲਈ ਮਸੀਹ ਦੀ ਆਗਿਆ ਨੂੰ

ਮੰਨਣਾ ਜ਼ਰੂਰੀ ਹੈ। ਫਿਰ ਵੀ, ਬਚਾਉਣ ਵਾਲੇ ਵਿਸ਼ਵਾਸ ਦੇ ਇਹ ਪਹਿਲੂ ਸਿਰਫ਼ ਸੱਚੇ ਯਿਸੂ ਮਸੀਹ ਦੀ ਪਛਾਣ ਦਾ ਅਹਿਸਾਸ ਕਰਵਾਉਂਦੇ ਹਨ। ਜੇਕਰ ਇੱਕ ਵਿਅਕਤੀ ਮੁਕਤੀ ਨੂੰ ਇਸ ਤਰ੍ਹਾਂ ਦੇਖਦਾ ਹੈ ਕਿ ਇਸ ਵਿੱਚ ਮਸੀਹ ਦੀ ਪ੍ਰਭੂਸੱਤਾ ਦੀ ਪੂਰੀ ਤਰ੍ਹਾਂ ਆਗਿਆਕਾਰੀ ਜਾਂ ਉਹਨਾਂ ਦੀ ਪ੍ਰਭੂਸੱਤਾ ਨੂੰ ਪੂਰੀ ਤਰ੍ਹਾਂ ਆਗਿਆਕਾਰੀ ਦੀ ਸਹੁੰ ਜ਼ਰੂਰੀ ਹੈ, ਤਾਂ ਫਿਰ ਮੁਕਤੀ ਮਨੁੱਖੀ ਯਤਨਾਂ (ਵੱਡੇ ਮਨੁੱਖੀ ਯਤਨਾਂ) ਉੱਤੇ ਆਧਾਰਿਤ ਹੋ ਜਾਂਦੀ ਹੈ। ਜੇਕਰ ਇੱਕ ਵਿਅਕਤੀ ਮੁਕਤੀ ਨੂੰ ਮਸੀਹ ਦੀ ਪ੍ਰਭੂਸੱਤਾ ਪ੍ਰਤੀ ਪੂਰੇ ਸਮਰਪਣ ਤੋਂ ਘੱਟ ਦੇ ਆਧਾਰ ਉੱਤੇ ਦੇਖਦਾ ਹੈ, ਤਾਂ ਇਸ ਵਿਚਾਰ ਵਿੱਚ ਕੀ ਸਮੱਸਿਆ ਹੋ ਸਕਦੀ ਹੈ ਕਿ ਮਸੀਹ ਵਿੱਚ ਵਿਸ਼ਵਾਸ ਉਹਨਾਂ ਦੀ ਪ੍ਰਭੂਸੱਤਾ ਪ੍ਰਤੀ ਪੂਰੇ ਸਮਰਪਣ ਨੂੰ ਪ੍ਰੇਰਿਤ ਕਰਦਾ ਹੈ ਜੋ ਮੁਕਤੀ ਪ੍ਰਦਾਨ ਕਰਨ ਦੇ ਲਈ ਜ਼ਰੂਰੀ ਹੈ? ਮਸੀਹ ਦੀ ਪ੍ਰਭੂਸੱਤਾ ਪ੍ਰਤੀ ਸਮਰਪਣ ਦਾ ਸੱਦਾ ਜਾਇਜ਼ ਹੈ **ਜੇਕਰ ਇਸ ਨੂੰ ਮੁਕਤੀ ਪ੍ਰਾਪਤ ਕਰਨ ਦੀ ਸ਼ਰਤ ਨਹੀਂ ਬਣਾਇਆ ਜਾਂਦਾ ਹੈ।** ਜਦੋਂ ਸੰਪੂਰਨ "ਪ੍ਰਭੂਸੱਤਾ" ਨੂੰ ਮੁਕਤੀ ਨਾਲ ਜੋੜਿਆ ਜਾਂਦਾ ਹੈ, ਤਾਂ ਨਤੀਜਾ ਮੁਕਤੀ ਦੇ ਲਈ ਕੰਮ ਹੁੰਦੇ ਹਨ ਜੋ ਕਿ ਗ਼ਲਤ ਸਿਧਾਂਤ ਹੈ। ਅੰਤ ਵਿੱਚ, ਇੱਕ ਅਵਿਸ਼ਵਾਸੀ ਦੇ ਲਈ ਪ੍ਰਭੂਸੱਤਾ ਦੀ ਮੁਕਤੀ ਦੀ ਸ਼ਰਤ ਨੂੰ ਪੂਰਾ ਕਰਨਾ, ਪੂਰੀ ਤਰ੍ਹਾਂ ਨਾਲ ਅਸੰਭਵ ਹੈ। ਇਸ ਦੀ ਇੱਕ ਸਮਾਨਤਾ ਉਹ ਜੋਸ਼ੀਲੇ ਯਹੂਦੀ ਹਨ ਜਿਹੜੇ ਜ਼ੋਰ ਦੇ ਕੇ ਕਹਿ ਰਹੇ ਸਨ ਕਿ ਮੁਕਤੀ ਬਿਵਸਥਾ ਦੀ ਪਾਲਣਾ ਦੁਆਰਾ ਪ੍ਰਾਪਤ ਹੁੰਦੀ ਹੈ। ਬਿਵਸਥਾ ਦੀ ਪਾਲਣਾ ਮੁਕਤੀ ਦੇ ਲਈ ਇੱਕ ਅਸੰਭਵ ਸ਼ਰਤ ਹੋਵੇਗੀ (ਗਲਾਤੀ 2:14-16)। ਇਸੇ ਤਰ੍ਹਾਂ ਪ੍ਰਭੂਸੱਤਾ ਦੀ ਮੁਕਤੀ ਵੀ ਹੈ। ਮੁਕਤੀ ਤੋਂ ਪਹਿਲਾਂ ਪਾਪ ਨੂੰ ਛੱਡਣ (ਜਾਂ ਪਾਪ ਤਿਆਗਣ ਦਾ ਵਾਅਦਾ ਕਰਨ) ਅਤੇ ਮਸੀਹ ਦੇ ਅਧਿਕਾਰ ਪ੍ਰਤੀ ਸੰਪੂਰਨ ਸਮਰਪਣ ਦੀ ਮੰਗ ਕਰਨਾ, ਇੱਕ ਪਾਪੀ ਨੂੰ ਇੱਕ ਅਸੰਭਵ ਕੰਮ ਨੂੰ ਪੂਰਾ ਕਰਨ ਦੇ ਲਈ ਕਹਿਣਾ ਹੈ। ਇੱਕ ਅਵਿਸ਼ਵਾਸੀ ਪਾਪ ਦੇ ਰਾਜ ਨੂੰ ਤੋੜ ਨਹੀਂ ਸਕਦਾ ਹੈ (ਯੂਹੰਨਾ 8:34), ਅਤੇ ਬਚਾਉਣ ਵਾਲਾ ਵਿਸ਼ਵਾਸ ਇਹ ਦਾਅਵਾ ਨਹੀਂ ਕਰਦਾ ਹੈ ਕਿ ਇਹ ਪਾਪ ਨੂੰ ਹਰਾਉਣ ਅਤੇ ਜੀਵਨ ਭਰ ਮਸੀਹ ਦੀ ਆਗਿਆ ਮੰਨਣ ਵਿੱਚ ਇੱਕ ਵਿਅਕਤੀ ਦੀ ਮਦਦ ਕਰੇਗਾ। ਬਚਾਉਣ ਵਾਲਾ ਵਿਸ਼ਵਾਸ ਇਹ ਅਹਿਸਾਸ ਦਵਾਉਂਦਾ ਹੈ ਕਿ ਯਿਸੂ ਮਸੀਹ ਮਾਲਕ ਹਨ ਅਤੇ ਹੋਣੇ ਚਾਹੀਦੇ ਹਨ। ਫਿਰ ਵੀ, ਬਚਾਉਣ ਵਾਲਾ ਵਿਸ਼ਵਾਸ ਪਾਪ ਉੱਤੇ ਕਾਬੂ ਪਾਉਣ ਦੇ ਸੰਬੰਧ ਵਿੱਚ ਪੂਰੀ ਤਰ੍ਹਾਂ ਲਾਚਾਰੀ ਦਾ ਰਵੱਈਆ ਹੈ। ਪਰਮੇਸ਼ਰ ਚਾਹੁੰਦੇ ਹਨ ਕਿ ਪਾਪ ਤੋਂ ਛੁਟਕਾਰੇ ਦੇ ਲਈ ਮਸੀਹ ਵਿੱਚ ਵਿਸ਼ਵਾਸ ਕੀਤਾ ਜਾਵੇ, ਪਰ ਇਹ ਵਿਅਕਤੀ ਦੀ ਆਪਣੀ ਯੋਗਤਾ ਵਿੱਚ ਭਰੋਸਾ ਨਹੀਂ ਹੈ ਕਿ ਉਹ ਪੂਰੀ ਤਰ੍ਹਾਂ ਪਾਪ ਨੂੰ ਛੱਡਣ ਅਤੇ ਸੰਪੂਰਨ ਸਮਰਪਣ ਕਰਨ ਦਾ ਵਾਅਦਾ ਕਰੇ। ਸਿਰਫ਼ ਮੁਕਤੀ ਤੋਂ ਬਾਅਦ ਹੀ ਅਜਿਹੀ ਵਚਨਬੱਧਤਾ ਕਰਨ ਦੀ ਸ਼ਕਤੀ ਮਿਲਦੀ ਹੈ। ਸਿਰਫ਼ ਮੁਕਤੀ ਤੋਂ ਬਾਅਦ ਹੀ ਇੱਕ ਵਿਅਕਤੀ ਪਾਪ ਨੂੰ ਛੱਡਣ ਅਤੇ ਯਿਸੂ ਨੂੰ ਆਪਣੇ ਪ੍ਰਭੂ ਮੰਨਣ ਵਿੱਚ ਖੇਤਰ ਵਿੱਚ ਸਫਲਤਾ ਪ੍ਰਾਪਤ ਕਰਦਾ ਹੈ।

ਇੱਕ ਬਚਾਅ ਮਿਸ਼ਨ ਵਿੱਚ, ਨਸ਼ਾ ਕਰਨ ਵਾਲੇ ਵਿਅਕਤੀ ਨੂੰ ਮਸੀਹ ਵਿੱਚ ਭਰੋਸਾ ਕਰਨ ਦੇ ਲਈ ਕਾਫ਼ੀ ਵਿਸ਼ਵਾਸ ਹੋ ਸਕਦਾ ਹੈ। ਉਹ ਵਿਸ਼ਵਾਸ ਕਰਦਾ ਹੈ ਕਿ ਯਿਸੂ ਪ੍ਰਭੂ ਹਨ ਅਤੇ ਉਹ ਪਾਪ ਤੋਂ ਮੁਕਤੀ ਚਾਹੁੰਦਾ ਹੈ। ਪਰ, ਜਦੋਂ ਇੱਕ ਮਸੀਹੀ ਉਸ ਨੂੰ ਕਹਿੰਦਾ ਹੈ ਕਿ ਉਸ ਨੂੰ ਆਪਣੀ ਆਦਤ ਨੂੰ ਛੱਡ ਦੇਣਾ ਚਾਹੀਦਾ ਹੈ ਅਤੇ ਯਿਸੂ ਦੀ ਪ੍ਰਭੂਸੱਤਾ ਦੀ ਆਗਿਆਕਾਰੀ ਪ੍ਰਤੀ ਪੂਰੀ ਤਰ੍ਹਾਂ ਸਮਰਪਣ ਕਰਨਾ ਚਾਹੀਦਾ ਹੈ, ਤਾਂ ਉਹ ਉਸ ਵਿਚਾਰੇ ਤੋਂ ਇੱਕ ਅਸੰਭਵ ਮੰਗ ਕਰ ਰਿਹਾ ਹੈ। ਨਸ਼ਾ ਕਰਨ ਵਾਲਾ ਪੂਰੀ ਤਰ੍ਹਾਂ ਜਾਣਦਾ ਹੈ ਕਿ ਉਹ ਆਪਣੇ ਪਾਪ ਨੂੰ ਨਹੀਂ ਛੱਡ ਸਕਦਾ ਹੈ, ਅਤੇ ਨਾ ਹੀ ਇਮਾਨਦਾਰੀ ਨਾਲ ਇਸ ਨੂੰ ਛੱਡਣ ਦਾ ਵਾਅਦਾ ਕਰ ਸਕਦਾ ਹੈ। ਉਹ ਸ਼ਾਇਦ ਯਿਸੂ ਨੂੰ ਪ੍ਰਭੂ ਬਣਾਉਣ ਦੀ ਇੱਛਾ ਵੀ ਰੱਖ ਸਕਦਾ ਹੈ, ਪਰ ਹਕੀਕਤ ਇਹ ਹੈ ਕਿ ਉਹ ਇਸ ਨੂੰ ਪੂਰਾ ਨਹੀਂ ਕਰ ਸਕਦਾ ਹੈ ਅਤੇ ਉਹ ਇਹ ਜਾਣਦਾ ਵੀ ਹੈ। ਇਸ ਲਈ ਹੀ ਉਸ ਨੂੰ ਇੱਕ ਮੁਕਤੀਦਾਤਾ ਦੀ ਲੋੜ ਹੈ! ਅਣਜਾਣ ਮਸੀਹੀ ਲੋਕ ਉਸ ਆਦਮੀ ਨੂੰ ਇਹ ਕਹਿ ਸਕਦੇ ਹਨ ਕਿ ਉਹ ਪਾਪ ਛੱਡ ਦੇਵੇ, ਪਾਪ ਨਾ ਕਰਨ ਦਾ ਵਾਅਦਾ ਕਰੇ, ਅਤੇ ਯਿਸੂ ਨੂੰ ਆਪਣਾ ਪ੍ਰਭੂ ਬਣਾ ਲਵੇ। ਪਰ, ਪਰਮੇਸ਼ਰ ਇਸ ਦੇ ਉਲਟ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਆਦਮੀ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਬੇਵੱਸ ਅਤੇ ਲਾਚਾਰ ਮਹਿਸੂਸ ਕਰੇ। ਪਰਮੇਸ਼ਰ ਚਾਹੁੰਦੇ ਹਨ ਕਿ ਆਪਣੇ ਆਪ ਬਦਲ ਜਾਣ ਦੇ ਪਖੰਡੀ ਅਤੇ ਘਮੰਡੀ ਵਾਅਦਿਆਂ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਜਾਵੇ। ਉਹ ਚਾਹੁੰਦੇ ਹਨ ਕਿ ਪਾਪ ਵਿੱਚ ਫਸੇ ਲੋਕਾਂ ਨੂੰ ਇਹ ਅਹਿਸਾਸ ਹੋਵੇ ਕਿ ਉਹ ਚੰਗੀ ਭਾਵਨਾ ਵਿੱਚ ਅਜਿਹੇ ਵਾਅਦੇ ਨਹੀਂ ਕਰ ਸਕਦੇ ਹਨ। ਪਰਮੇਸ਼ਰ ਚਾਹੁੰਦੇ ਹਨ ਕਿ ਉਹ ਨਸ਼ਾ ਕਰਨ ਵਾਲਾ ਅਤੇ ਬਾਕੀ ਸਾਰੇ ਪਾਪੀ ਲੋਕ ਇਹ ਮਹਿਸੂਸ ਕਰਨ ਕਿ ਪਾਪ ਇੰਨਾ ਸ਼ਕਤੀਸ਼ਾਲੀ ਹੈ ਕਿ ਸਿਰਫ਼ ਪ੍ਰਭੂ ਯਿਸੂ ਮਸੀਹ ਹੀ ਪਾਪ ਦੀ ਸ਼ਕਤੀ ਤੋਂ ਅਤੇ ਇਸ ਦੀ ਸਜ਼ਾ ਤੋਂ ਛੁਟਕਾਰਾ ਦੇ ਸਕਦੇ ਹਨ। ਮੁਕਤੀ ਪਾਉਣ ਦੇ ਲਈ ਪਰਮੇਸ਼ਰ ਜੀਵਨ ਦੇ ਸੁਧਾਰ ਦੇ ਵਾਅਦੇ ਨਹੀਂ ਚਾਹੁੰਦੇ ਹਨ। ਲਾਚਾਰੀ ਦੇ ਕਾਰਨ ਪਾਪ ਵਿੱਚ ਫਸਿਆ ਵਿਅਕਤੀ ਮੁਕਤੀ ਦੀ ਸਾਰੀ ਉਮੀਦ ਲਈ ਪ੍ਰਭੂ ਯਿਸੂ ਮਸੀਹ ਉੱਤੇ ਪੂਰੀ ਤਰ੍ਹਾਂ ਨਿਰਭਰਤਾ ਨੂੰ ਸਵੀਕਾਰ ਕਰਦਾ ਹੈ। ਸ਼ੈਤਾਨ ਇਹ ਇੱਛਾ ਰੱਖ ਸਕਦਾ ਹੈ ਕਿ ਚੰਗੇ ਕੰਮ ਕਰਨ ਵਾਲੇ ਮਸੀਹੀ ਪ੍ਰਚਾਰ ਵਿੱਚ ਮੁਕਤੀ ਦੇ ਲਈ ਵਾਧੂ ਸ਼ਰਤਾਂ ਨੂੰ ਵੀ ਜੋੜ ਦੇਣ। ਉਹ ਇਹ ਵੀ ਇੱਛਾ ਰੱਖ ਸਕਦਾ ਹੈ ਕਿ ਗੁੰਮਰਾਹ ਹੋਏ ਪ੍ਰਚਾਰਕ ਇਹ ਮੰਗ ਕਰਨ ਕਿ ਲੋਕ ਆਪਣੇ ਆਪ ਵਿੱਚ ਵਿਸ਼ਵਾਸ ਕਰਨ ਤਾਂ ਜੋ ਉਹ ਸੁਧਰਨ ਦੇ ਖੋਖਲੇ ਵਾਅਦੇ ਕਰ ਸਕਣ। **ਪਰਮੇਸ਼ਰ ਸਿਰਫ਼ ਇਹ ਚਾਹੁੰਦੇ ਹਨ ਕਿ ਇੱਕ ਪਾਪੀ ਵਿਅਕਤੀ ਪਾਪ ਤੋਂ ਇਸ ਹੱਦ ਤੱਕ ਛੁਟਕਾਰਾ ਚਾਹੇ ਕਿ ਉਹ ਪ੍ਰਭੂ ਯਿਸੂ ਮਸੀਹ ਅਤੇ ਉਹਨਾਂ ਦੀ ਸਲੀਬ ਵਿੱਚ ਵਿਸ਼ਵਾਸ ਕਰ ਸਕੇ।**

### N. ਪ੍ਰਾਰਥਨਾ ਅਤੇ ਬਚਾਉਣ ਵਾਲਾ ਵਿਸ਼ਵਾਸ

ਪ੍ਰਾਰਥਨਾ ਨਿਸ਼ਚਿਤ ਤੌਰ ਤੇ ਵਿਸ਼ਵਾਸ ਪ੍ਰਗਟ ਕਰਨ ਦਾ ਉਹ ਸਾਧਨ ਹੈ ਜੋ ਪਰਮੇਸ਼ਰ ਦੁਆਰਾ ਪ੍ਰਵਾਨਿਤ ਕੀਤਾ ਗਿਆ ਹੈ। ਰੋਮੀ 10:8 ਵਿੱਚ ਪੌਲੁਸ ਇਸ ਗੱਲ ਦੀ ਉਦਾਹਰਣ ਦੇ ਕੇ ਦੱਸਦਾ ਹੈ ਕਿ ਉਹ ਕਿਵੇਂ ਪ੍ਰਚਾਰ ਕਰਦਾ ਹੈ। ਵਾਕਾਂਸ਼ "ਉਹ ਵਿਸ਼ਵਾਸ ਵਾਲਾ ਸੰਦੇਸ਼ ਜਿਸ ਦਾ ਅਸੀਂ ਪ੍ਰਚਾਰ ਕਰਦੇ ਹਾਂ" ਦਾ ਇਸ ਤਰ੍ਹਾਂ ਵੀ ਅਨੁਵਾਦ ਕੀਤਾ ਜਾ ਸਕਦਾ ਹੈ ਕਿ, "ਜਿਸ ਸੰਦੇਸ਼ ਦੀ ਅਸੀਂ ਵਿਸ਼ਵਾਸ ਲਿਆਉਣ ਦੇ ਪ੍ਰਚਾਰ ਵਿੱਚ ਵਰਤੋਂ ਕਰਦੇ ਹਾਂ।" ਹੇਠਾਂ ਦਿੱਤੇ ਸੰਦਰਭ ਵਿੱਚ ਇਹ ਸਪੱਸ਼ਟ ਹੈ ਕਿ ਪੌਲੁਸ ਨੇ ਲੋਕਾਂ ਨੂੰ "ਪ੍ਰਭੂ ਦਾ ਨਾਮ ਲੈਣ" ਦੇ ਲਈ (ਆਇਤ 12-13) ਅਤੇ **ਪਰਮੇਸ਼ਰ ਅੱਗੇ** ਯਿਸੂ ਮਸੀਹ ਨੂੰ ਪ੍ਰਭੂ ਵਜੋਂ ਇਕਰਾਰ ਕਰਨ (ਆਇਤ 9) ਦੇ ਲਈ ਉਤਸ਼ਾਹਿਤ ਕੀਤਾ ਹੈ। ਸ਼ਾਇਦ ਸ਼ੁਭ-ਸਮਾਚਾਰ ਦੇ ਪ੍ਰਚਾਰ ਦੇ ਸਭ ਤੋਂ ਵਧੀਆ ਢੰਗ ਵਿੱਚ ਇਹ ਸਿੱਖਿਆ ਸ਼ਾਮਲ ਹੈ ਕਿ ਇੱਕ ਵਿਅਕਤੀ ਨੂੰ ਮਸੀਹ ਵਿੱਚ ਵਿਸ਼ਵਾਸ ਪ੍ਰਗਟ ਕਰਨ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ। ਫਿਰ ਵੀ, ਇਹ ਸਿਰਫ਼ ਪ੍ਰਾਰਥਨਾ ਨਹੀਂ, ਪਰ ਪ੍ਰਾਰਥਨਾ ਦੁਆਰਾ ਪ੍ਰਗਟ ਕੀਤਾ ਗਿਆ **ਵਿਸ਼ਵਾਸ** ਹੈ ਜੋ ਬਚਾਉਂਦਾ ਹੈ। ਅਜਿਹਾ ਨਹੀਂ ਹੈ ਕਿ ਕਿਸੇ ਜਾਦੂਈ ਪ੍ਰਾਰਥਨਾ ਦੇ ਕੁਝ ਸ਼ਬਦਾਂ ਨੂੰ ਕਿਸੇ ਸ਼ਾਨਦਾਰ ਢੰਗ ਨਾਲ ਦੁਹਰਾਉਣ ਨਾਲ ਮੁਕਤੀ ਮਿਲ ਜਾਂਦੀ ਹੈ। ਪ੍ਰਾਰਥਨਾ ਦੁਆਰਾ ਪ੍ਰਗਟ ਕੀਤੇ ਗਏ ਵਿਸ਼ਵਾਸ ਤੋਂ ਬਿਨਾਂ, ਕੋਈ ਮੁਕਤੀ ਨਹੀਂ ਹੈ।

ਇੱਕ ਹੋਰ ਮੂਲ ਸਵਾਲ ਇਹ ਹੈ ਕਿ "ਕੀ ਮੁਕਤੀ ਪ੍ਰਾਪਤ ਕਰਨ ਦੇ ਲਈ ਪ੍ਰਾਰਥਨਾ ਕਰਨੀ ਜ਼ਰੂਰੀ ਹੈ?" ਜਿਹੜੇ ਮੁੱਖ ਵਚਨ *ਸਿਰਫ਼ ਵਿਸ਼ਵਾਸ* ਦੁਆਰਾ ਮੁਕਤੀ ਦੀ ਗੱਲ ਕਰਦੇ ਹਨ, ਉਹ ਪ੍ਰਾਰਥਨਾ ਦੇ ਬਾਰੇ ਕੋਈ ਗੱਲ ਨਹੀਂ ਕਰਦੇ ਹਨ। ਵਿਸ਼ਵਾਸ ਅਤੇ ਪ੍ਰਾਰਥਨਾ ਕਰਨ ਦੀ ਬਜਾਏ "ਮਸੀਹ ਵਿੱਚ ਵਿਸ਼ਵਾਸ" ਕਰਨਾ ਦੀ ਆਗਿਆ ਦਿੱਤੀ ਗਈ ਹੈ।

ਇਸ ਤੋਂ ਇਲਾਵਾ, ਇੱਕ ਬਾਈਬਲ ਦੇ ਵਿਦਿਆਰਥੀ ਨੂੰ ਇਹ ਲੱਭਣ ਤੇ ਵੀ ਅਜਿਹਾ ਕੁਝ ਨਹੀਂ ਮਿਲੇਗਾ ਕਿ ਬਾਈਬਲ ਦੇ ਪਾਤਰਾਂ ਜਿਵੇਂ ਕਿ ਪਤਰਸ, ਯਾਕੂਬ ਅਤੇ ਯੂਹੰਨਾ ਨੇ ਮੁਕਤੀ ਪ੍ਰਾਪਤ ਕਰਨ ਦੇ ਲਈ ਪ੍ਰਾਰਥਨਾ ਕੀਤੀ ਸੀ। ਹਾਲਾਂਕਿ, ਪ੍ਰਾਰਥਨਾ ਵਿਸ਼ਵਾਸ ਨੂੰ ਪ੍ਰਗਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ, ਪਰ ਮੁਕਤੀ ਸਿਰਫ਼ ਵਿਸ਼ਵਾਸ ਦੁਆਰਾ ਹੀ ਮਿਲਦੀ ਹੈ, ਫਿਰ ਭਾਵੇਂ ਕੋਈ ਇਹ ਵਿਸ਼ਵਾਸ ਪ੍ਰਾਰਥਨਾ ਦੁਆਰਾ ਕੀਤਾ ਜਾਵੇ ਜਾਂ ਪ੍ਰਾਰਥਨਾ ਤੋਂ ਬਿਨਾਂ। ਜੇਕਰ ਇੱਕ ਵਿਅਕਤੀ ਦੇ ਜੀਵਨ ਵਿੱਚ ਮਸੀਹ ਵਿੱਚ ਭਰੋਸਾ ਮੌਜੂਦ ਹੁੰਦਾ ਹੈ, ਤਾਂ ਉਸ ਨੂੰ ਮੁਕਤੀ ਦਿੱਤੀ ਜਾਂਦੀ ਹੈ। ਇਸ ਵਿਸ਼ਵਾਸ ਨੂੰ ਪ੍ਰਗਟ ਕਰਨ ਵਾਲੀ ਪ੍ਰਾਰਥਨਾ ਲਾਭਦਾਇਕ ਹੁੰਦੀ ਹੈ, ਕਿਉਂਕਿ ਇਹ ਵਿਅਕਤੀ ਨੂੰ ਭਰੋਸਾ ਦਿਵਾਉਂਦੀ ਹੈ ਕਿ ਮੁਕਤੀ ਦੇ ਮਾਮਲੇ ਦਾ ਹੱਲ ਹੋ ਗਿਆ ਹੈ। ਭਾਵੇਂ ਵਿਸ਼ਵਾਸ ਨੂੰ ਪ੍ਰਾਰਥਨਾ ਦੁਆਰਾ ਨਾ ਦਿਖਾਇਆ ਜਾਵੇ, ਫਿਰ ਵੀ ਪਰਮੇਸ਼ਰ ਜਾਣਦੇ ਹਨ ਕਿ ਵਿਸ਼ਵਾਸ ਦਿਲ ਵਿੱਚ ਮੌਜੂਦ ਹੈ।

ਪ੍ਰਾਰਥਨਾ ਅਤੇ ਮੁਕਤੀ ਦੇ ਖੇਤਰ ਵਿੱਚ ਇੱਕ ਸੰਤੁਲਨ ਬਣਾਉਣ ਦੀ ਲੋੜ ਹੈ। ਲੋਕਾਂ ਨੂੰ ਵਿਸ਼ਵਾਸ ਪ੍ਰਗਟ ਕਰਨ ਲਈ ਪ੍ਰਾਰਥਨਾ ਕਰਨ ਦੇ ਲਈ ਉਤਸ਼ਾਹਿਤ ਕਰਨਾ ਵਧੀਆ ਗੱਲ ਹੈ। ਪਰ, ਇਹ ਤੱਥ ਕਿ ਇੱਕ ਵਿਅਕਤੀ ਨੂੰ ਉਹ ਸਮਾਂ ਯਾਦ ਨਹੀਂ ਹੈ ਜਦੋਂ ਉਸ ਨੇ ਅਜਿਹੀ ਖ਼ਾਸ ਪ੍ਰਾਰਥਨਾ ਕੀਤੀ ਸੀ, ਇਹ ਅਜਿਹਾ ਸਿੱਟਾ ਕੱਢਣ ਦਾ ਆਧਾਰ ਨਹੀਂ ਹੋ ਸਕਦਾ ਹੈ ਕਿ ਅਜੇ ਉਸ ਨੂੰ ਮੁਕਤੀ ਨਹੀਂ ਮਿਲੀ ਹੈ।

ਅਜਿਹੇ ਬਹੁਤ ਸਾਰੇ ਲੋਕ ਹਨ ਜੋ ਮੁਕਤੀ ਦੇ ਲਈ ਮਸੀਹ ਯਿਸੂ ਉੱਤੇ ਭਰੋਸਾ ਕਰਦੇ ਹਨ, ਪਰ ਇੱਕ ਸਹੀ ਮਿਤੀ ਜਾਂ ਆਪਣੇ ਵਿਸ਼ਵਾਸ ਦੀ ਸ਼ੁਰੂਆਤ ਦੇ ਉਸ ਅਨੁਭਵ ਨੂੰ ਯਾਦ ਨਹੀਂ ਰੱਖ ਪਾਉਂਦੇ ਹਨ। ਹਾਲਾਂਕਿ, ਵਿਸ਼ਵਾਸ ਦੀ ਸ਼ੁਰੂਆਤ ਦਾ ਸਮਾਂ ਯਾਦ ਹੋਣਾ ਚੰਗੀ ਗੱਲ ਹੈ, ਪਰ ਜ਼ਿਆਦਾ ਮਹੱਤਵਪੂਰਣ ਗੱਲ ਵਿਸ਼ਵਾਸ ਦੀ ਸ਼ੁਰੂਆਤ ਦਾ ਸਮਾਂ ਨਹੀਂ ਪਰ ਵਿਸ਼ਵਾਸ ਦੀ ਮੌਜੂਦਗੀ ਹੈ। ਜੇਕਰ ਇੱਕ ਵਿਅਕਤੀ ਇਮਾਨਦਾਰੀ ਅਤੇ ਸੱਚਾਈ ਨਾਲ ਇਹ ਕਹਿ ਸਕਦਾ ਹੈ ਕਿ ਉਸ ਨੂੰ ਮਸੀਹ ਅਤੇ ਸਲੀਬ ਉੱਤੇ ਉਹਨਾਂ ਦੇ ਕੰਮ ਵਿੱਚ ਵਿਸ਼ਵਾਸ ਹੈ, ਤਾਂ ਉਸ ਨੇ ਮੁਕਤੀ ਪ੍ਰਾਪਤ ਕੀਤੀ ਹੈ। ਵਿਸ਼ਵਾਸ ਹੌਲੀ-ਹੌਲੀ ਪੈਦਾ ਹੋ ਸਕਦਾ ਹੈ, ਜਿਵੇਂ ਕਿ ਪਤਰਸ ਨਾਲ ਹੋਇਆ ਹੈ, ਅਤੇ ਜਾਂ ਇਹ ਇੱਕ ਅਨੁਭਵ ਨਾਲ ਪੈਦਾ ਹੋ ਸਕਦਾ ਹੈ ਜਿਵੇਂ ਕਿ ਪੌਲੁਸ ਨਾਲ ਹੋਇਆ ਸੀ। ਮੁਕਤੀ ਵਿਸ਼ਵਾਸ ਉੱਤੇ ਨਿਰਭਰ ਕਰਦੀ ਹੈ। ਵਿਸ਼ਵਾਸ ਦੀ ਸ਼ੁਰੂਆਤ ਦਾ ਸਮਾਂ ਅਤੇ ਇਸ ਨੂੰ ਪ੍ਰਗਟ ਕਰਨ ਦਾ ਤਰੀਕਾ ਵਿਸ਼ਵਾਸ ਦੀ ਮੌਜੂਦਗੀ ਦੇ ਸਾਹਮਣੇ ਗ਼ੈਰ ਜ਼ਰੂਰੀ ਗੱਲਾਂ ਹਨ।

### O. ਸਿੱਟਾ

ਇਹ ਸਾਰੇ ਗੁੰਝਲਦਾਰ ਅਧਿਐਨ ਇੱਕ ਸਧਾਰਨ ਸ਼ੁਭ-ਸਮਾਚਾਰ ਦੇ ਵਿੱਚ ਪੂਰੇ ਹੁੰਦੇ ਹਨ: ਮੁਕਤੀ ਦੀ ਸ਼ਰਤ **ਸਿਰਫ਼ ਵਿਸ਼ਵਾਸ** ਹੈ। "ਮੈਂ ਆਪਣੇ ਹੱਥ ਵਿੱਚ ਕੁਝ ਵੀ ਨਹੀਂ ਲਿਆਉਂਦਾ ਹਾਂ, ਸਿਰਫ਼ ਤੁਹਾਡੀ ਸਲੀਬ ਨੂੰ ਮੈਂ ਫੜੀ ਰੱਖਦਾ ਹਾਂ।" ਮੁਕਤੀ ਪਰਮੇਸ਼ਰ ਵੱਲ ਇੱਕ ਸੰਪੂਰਨ ਜੀਵਨ ਵਾਲੇ ਉਠਾਏ ਗਏ ਹੱਥ ਨਹੀਂ ਹਨ। ਮੁਕਤੀ ਉਹ ਖਾਲੀ ਹੱਥ ਹਨ ਜੋ ਮੁਕਤੀਦਾਤਾ ਦੇ ਗੁਣਾਂ ਅਤੇ ਸਲੀਬ ਉੱਤੇ ਉਹਨਾਂ ਦੇ ਸੰਪੂਰਨ ਕੰਮ ਤੋਂ ਮਿਲਣ ਵਾਲੀ ਸਾਰੀ ਕਿਰਪਾ ਅਤੇ ਦਇਆ ਨੂੰ ਪ੍ਰਾਪਤ ਕਰਦੇ ਹਨ। ਬਾਈਬਲ ਜਿਸ ਕਿਸਮ ਦੇ ਵਿਸ਼ਵਾਸ ਦਾ ਹੁਕਮ ਦਿੰਦੀ ਹੈ, ਉਹ ਯਿਸੂ ਮਸੀਹ ਅਤੇ ਸਲੀਬ ਉੱਤੇ ਉਹਨਾਂ ਦੇ ਕੰਮ ਉੱਤੇ ਭਰੋਸਾ, ਨਿਰਭਰਤਾ ਹੈ। ਕੁਝ ਲੋਕ ਇਸ ਸਿਧਾਂਤ ਨੂੰ "ਆਸਾਨੀ ਵਾਲਾ ਵਿਸ਼ਵਾਸ" ਕਹਿ ਕੇ ਮਜ਼ਾਕ ਉਡਾ ਸਕਦੇ ਹਨ। ਪਰ ਬਾਈਬਲ ਇਸ ਨੂੰ ਕਿਰਪਾ ਕਹਿੰਦੀ ਹੈ!

ਅਧਿਆਇ 9

# ਮੁਕਤੀ ਦਾ ਸਿਧਾਂਤ

## *ਭਾਗ III:*

## *ਮੁਕਤੀ ਦੇ ਨਤੀਜੇ*

### ਰੂਪ ਰੇਖਾ

I. ਅਨੰਤ ਜੀਵਨ **172**

II. ਨਵਾਂ ਜਨਮ **173**

III. ਪੁੱਤਰ/ ਸੰਤਾਨ ਦੇ ਰੂਪ ਵਿੱਚ ਗੋਦ ਲੈਣਾ

IV. ਧਰਮੀ ਠਹਿਰਾਉਣਾ **174**

A. ਧਰਮੀ ਠਹਿਰਾਉਣ ਦੀ ਪਰਿਭਾਸ਼ਾ: ਧਰਮੀ ਬਣਾਉਣਾ ਜਾਂ ਧਰਮੀ ਠਹਿਰਾਉਣਾ?

1. ਧਰਮੀ ਠਹਿਰਾਉਣਾ, ਧਰਮ ਨਿਰਪੱਖ ਯੂਨਾਨੀ ਭਾਸ਼ਾ
2. ਧਰਮੀ ਠਹਿਰਾਉਣਾ, ਪੁਰਾਣਾ ਨੇਮ **175**
3. ਧਰਮੀ ਠਹਿਰਾਉਣਾ, ਨਵਾਂ ਨੇਮ **176**
4. ਧਰਮੀ ਠਹਿਰਾਉਣ ਨਾਲ ਸੰਬੰਧਿਤ ਯੂਨਾਨੀ ਸ਼ਬਦਾਂ ਦੀ ਵਰਤੋਂ ਵੱਲ ਧਿਆਨ ਦੇਣਾ **177**

B. ਧਰਮੀ ਠਹਿਰਾਏ ਜਾਣ ਦਾ ਸਮਾਂ: ਅਤੀਤ ਜਾਂ ਭਵਿੱਖ?

1. ਧਰਮੀ ਠਹਿਰਾਉਣ ਦੇ ਸਮੇਂ ਦੇ ਪਿਛੋਕੜ ਵਜੋਂ ਮੁਕਤੀ ਦਾ ਸਮਾਂ
2. ਭੂਤਕਾਲ ਵਿੱਚ ਧਰਮੀ ਠਹਿਰਾਉਣ ਲਈ ਕਿਰਿਆ ਰੂਪ ਵਰਤੋਂ **178**
   a. 1 ਕੁਰਿੰਥ 6:11
   b. ਤੀਤੁਸ 3:7 **179**
   c. ਰੋਮੀ 5:1, 9
   d. ਰੋਮੀ 6:7
   e. ਰੋਮੀ 8:30 **180**
3. ਵਰਤਮਾਨ ਕਾਲ ਵਿੱਚ ਧਰਮੀ ਠਹਿਰਾਉਣ ਦੀ ਕਿਰਿਆ ਰੂਪ ਵਰਤੋਂ
   a. ਰਸੂਲਾਂ 13:39 **181**
   b. ਰੋਮੀ 3:28
   c. ਰੋਮੀ 3:24 **182**
   d. ਹੋਰ ਆਇਤਾਂ
4. ਉਹ ਆਇਤਾਂ ਜੋ ਇੱਕ ਸੰਭਾਵਨਾ ਵਜੋਂ ਧਰਮੀ ਠਹਿਰਾਉਣ ਦੀ ਗੱਲ ਕਰਦੀਆਂ ਹਨ
   a. ਗਲਾਤੀ 2:16-17 **183**
   b. ਗਲਾਤੀ 3:8-9
   c. ਗਲਾਤੀ 3:24-26
5. ਅਬਰਾਹਾਮ ਦੀ ਉਦਾਹਰਣ
6. ਧਰਮੀ ਠਹਿਰਾਉਣ ਦੇ ਨਾਂਵ ਦੇ ਰੂਪ ਜੋ ਪੂਰੀ ਹੋਈ ਅਸਲੀਅਤ ਨੂੰ ਪੇਸ਼ ਕਰਦੇ ਹਨ **184**
   a. ਧਰਮੀ ਠਹਿਰਾਉਣਾ
      (1) ਰੋਮੀ 3:22
      (2) ਰੋਮੀ 4:5
      (3) ਰੋਮੀ 5:17
      (4) ਰੋਮੀ 9:30 **185**
      (5) ਰੋਮੀ 10:4, 6a, 10a
      (6) 1 ਕੁਰਿੰਥ 1:30
   b. ਇੱਕ ਧਰਮੀ ਵਿਅਕਤੀ ਲਈ ਯੂਨਾਨੀ ਰੂਪ
      (1) ਪੁਰਾਣੇ ਨੇਮ ਦਾ ਪਿਛੋਕੜ (ਹਬੱਕੂਕ 2:4)
      (2) ਪੌਲੁਸ ਦਾ ਹਬੱਕੂਕ 2:4 ਦਾ ਹਵਾਲਾ **186**
         (a) ਰੋਮੀ 1:16-17
         (b) ਗਲਾਤੀ 3:11
7. ਧਰਮੀ ਠਹਿਰਾਉਣ ਦੇ ਸਮੇਂ ਦਾ ਸਿੱਟਾ **187**

C. ਧਰਮੀ ਠਹਿਰਾਉਣ ਦਾ ਆਧਾਰ: ਵਿਸ਼ਵਾਸ

1. ਵਚਨ ਜੋ ਧਰਮੀ ਠਹਿਰਾਉਣ ਨੂੰ ਮਸੀਹ ਵਿੱਚ ਵਿਸ਼ਵਾਸ ਉੱਤੇ ਆਧਾਰਿਤ ਕਰਦੇ ਹਨ
   *a.* ਧਰਮੀ ਠਹਿਰਾਉਣ ਦੇ ਕਿਰਿਆ ਰੂਪ
   b. ਧਰਮੀ ਠਹਿਰਾਉਣ ਦਾ ਨਾਂਵ ਰੂਪ
   *c.* ਧਰਮੀ ਦਾ ਨਾਂਵ ਰੂਪ
2. ਵਚਨ ਜੋ ਸਿਖਾਉਂਦੇ ਹਨ ਕਿ ਧਰਮੀ ਠਹਿਰਾਉਣਾ ਕਿਰਪਾ ਦੁਆਰਾ ਮੁਫ਼ਤ ਵਿੱਚ ਹੁੰਦਾ ਹੈ
3. ਵਚਨ ਜੋ ਸਿਖਾਉਂਦੇ ਹਨ ਕਿ ਧਰਮੀ ਠਹਿਰਾਉਣਾ ਕੰਮਾਂ ਦੁਆਰਾ ਨਹੀਂ ਹੁੰਦਾ ਹੈ **188**

D. ਵਿਸ਼ਵਾਸੀ ਦੀ ਧਾਰਮਿਕਤਾ ਦਾ ਸਰੋਤ

1. ਪਰਮੇਸ਼ਰ ਦੀ ਧਾਰਮਿਕਤਾ ਨੂੰ ਉਹਨਾਂ ਦੇ ਲੋਕਾਂ ਨੂੰ ਦਿੱਤੇ ਜਾਣ ਲਈ ਪੁਰਾਣੇ ਨੇਮ ਦਾ ਪਿਛੋਕੜ
2. ਪਰਮੇਸ਼ਰ ਦੀ ਧਾਰਮਿਕਤਾ ਨੂੰ ਉਹਨਾਂ ਦੇ ਲੋਕਾਂ ਨੂੰ ਦਿੱਤੇ ਜਾਣ ਲਈ ਨਵੇਂ ਨੇਮ ਦੀ ਸਿੱਖਿਆ

E. ਧਰਮੀ ਠਹਿਰਾਉਣ ਬਾਰੇ ਸਿੱਟਾ **189**

V. ਚੰਗੇ ਕਰਮ/ਕੰਮ

A. ਚੰਗੇ ਕੰਮ ਸੱਚੀ ਮੁਕਤੀ ਦੇ ਨਤੀਜਾ ਹੁੰਦੇ ਹਨ

B. ਸੱਚੀ ਮੁਕਤੀ ਲਗਾਤਾਰ ਪਾਪ ਕਰਨ ਦੀ ਆਦਤ ਦੇ ਅਨੁਕੂਲ ਨਹੀਂ ਹੈ

**C.** ਸਦੀਪਕ ਸੁਰੱਖਿਆ ਅਤੇ ਪਾਪ ਦੇ ਖ਼ਤਮ ਨਾ ਹੋਣ ਦੇ

ਸਿਧਾਂਤਾਂ ਨਾਲ ਇਕਸਾਰਤਾ **190**

D. ਵਿਹਾਰਕ ਵਿਚਾਰ

1. ਇਕੱਲੇ ਪਾਪੀ ਹੋਣ ਦੇ ਆਧਾਰ ਤੇ ਮੁਕਤੀ ਤੋਂ ਸਪੱਸ਼ਟ ਇਨਕਾਰ ਕਰਨ ਬਾਰੇ ਸਾਵਧਾਨੀ ਰੱਖਣਾ
2. ਅਸਥਾਈ ਸ਼ੱਕ **191**
3. ਸਵੈ-ਜਾਂਚ
4. ਮਸੀਹੀ ਵਿਸ਼ਵਾਸ ਦਾ ਦਾਅਵਾ ਕਰਨ ਵਾਲੇ ਪਾਪੀਆਂ ਵਿਰੁੱਧ ਇੱਕ ਖਤਰਨਾਕ ਪ੍ਰਤਿਕਿਰਿਆ

VI. ਸ਼ੁੱਧੀਕਰਨ **192**

A. ਪੁਰਾਣੇ ਨੇਮ ਵਿੱਚ ਸ਼ੁੱਧੀਕਰਨ

B. ਨਵੇਂ ਨੇਮ ਵਿੱਚ ਸ਼ੁੱਧੀਕਰਨ

1. ਅੰਕੜੇ
2. ਉਹ ਵਰਤੋਂ ਜੋ ਅਲੱਗ ਹੋਣ ਦੀ ਸਥਿਤੀ ਉੱਤੇ ਜ਼ੋਰ ਦਿੰਦੀ ਹੈ
3. ਉਹ ਵਰਤੋਂ ਜੋ ਪਾਪ ਤੋਂ ਨੈਤਿਕ ਤੌਰ ਤੇ ਅਲੱਗ ਹੋਣ ਤੇ ਜ਼ੋਰ ਦਿੰਦੀ ਹੈ **193**
4. ਸ਼ੁੱਧੀਕਰਨ ਦਾ ਅਤੀਤ ਦਾ ਪਹਿਲੂ
5. ਸ਼ੁੱਧੀਕਰਨ ਦਾ ਵਰਤਮਾਨ ਦਾ ਪਹਿਲੂ **194**
6. ਸ਼ੁੱਧੀਕਰਨ ਦਾ ਭਵਿੱਖ ਦਾ ਪਹਿਲੂ **195**
7. ਸ਼ੁੱਧ ਕਰਨ ਵਾਲਾ
8. ਸ਼ੁੱਧੀਕਰਨ ਦੇ ਸਾਧਨ

VII. ਸਦੀਪਕ ਸੁਰੱਖਿਆ

A. ਸਦੀਪਕ ਸੁਰੱਖਿਆ ਲਈ ਸਬੂਤ **196**

1. ਵਿਸ਼ੇ ਨੂੰ ਇੱਕ ਨਕਾਰਾਤਮਕ ਦ੍ਰਿਸ਼ਟੀਕੋਣ ਨਾਲ ਦੇਖਣਾ
   a. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਮਸੀਹ ਵੀ ਆਪਣੀ ਧਾਰਮਿਕਤਾ ਗੁਆ ਸਕਦੇ ਸਨ।
   b. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਸਰਵ-ਸ਼ਕਤੀਮਾਨ ਨਹੀਂ ਹਨ ਅਤੇ ਬਾਈਬਲ ਪੂਰਵ-ਨਿਯੁਕਤੀ ਬਾਰੇ ਗ਼ਲਤ ਹੈ।
   c. ਜੇਕਰ ਇੱਕ ਮਸੀਹੀ ਬੁਰੇ ਕੰਮਾਂ ਜਾਂ ਚੰਗੇ ਕੰਮਾਂ ਦੀ ਘਾਟ ਕਾਰਨ ਆਪਣੀ ਮੁਕਤੀ ਗੁਆ ਦਿੰਦਾ ਹੈ, ਤਾਂ ਮੁਕਤੀ ਕੰਮਾਂ/ਕਰਮਾਂ ਉੱਤੇ ਆਧਾਰਿਤ ਹੋਵੇਗੀ। **198**
   d. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਦਿੰਦਾ ਹੈ ਅਤੇ ਪਾਪ ਦੇ ਕਾਰਨ ਨਰਕ ਵਿੱਚ ਚਲਾ ਜਾਂਦਾ ਹੈ, ਤਾਂ ਫਿਰ ਮਸੀਹ ਦੇ ਪ੍ਰਾਸਚਿਤ ਨੇ ਸਾਰੇ ਪਾਪਾਂ ਨੂੰ ਪੂਰੀ ਤਰ੍ਹਾਂ ਮਾਫ਼ ਨਹੀਂ ਕੀਤਾ ਸੀ। **199**
   e. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਪੁੱਤਰ ਇੱਕ ਸਿਫ਼ਾਰਸ਼ ਕਰਨ ਵਾਲੇ ਜਾਂ ਇੱਕ ਵਕੀਲ ਵਜੋਂ ਅਸਫਲ ਹੋਏ ਹਨ।
   f. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਵਿੱਤਰ ਆਤਮਾ ਆਪਣੀ ਮੋਹਰ ਦੀ ਸੇਵਕਾਈ ਵਿੱਚ ਅਸਫਲ ਹੁੰਦਾ ਹੈ **200**
   g. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਇਹ ਬਾਈਬਲ ਦੇ ਵਾਅਦਿਆਂ ਨੂੰ ਗ਼ਲਤ ਠਹਿਰਾਉਂਦਾ ਹੈ। **201**
   h. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਸਾਨੂੰ ਬਚਾਉਣ ਦੇ ਆਪਣੇ ਇਰਾਦੇ ਵਿੱਚ ਅਸਫਲ ਰਹੇ ਹਨ।
   i. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਬਾਈਬਲ ਉਲਝਣ ਨਾਲ ਭਰੀ ਹੈ ਕਿਉਂਕਿ ਇਹ ਮੁਕਤੀ ਦੇ ਹਟਾਉਣ ਬਾਰੇ ਕੋਈ ਕਾਰਨ ਨਹੀਂ ਦੱਸਦੀ ਹੈ। **202**
2. ਇਸ ਵਿਸ਼ੇ ਨੂੰ ਇੱਕ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਦੇਖਣ ਤੇ, ਸਦੀਪਕ ਸੁਰੱਖਿਅਤ ਹੇਠਾਂ ਦਿੱਤੇ ਕਾਰਨਾਂ ਨਾਲ ਸੱਚਾਈ ਹੈ:
   a. ਮਸੀਹ ਦੀ ਧਾਰਮਿਕਤਾ ਮੁਕਤੀ ਦਿੰਦੀ ਹੈ; ਕੋਈ ਵੀ ਮੁਕਤੀ ਨੂੰ ਗੁਆ ਨਹੀਂ ਸਕਦਾ ਹੈ।
   b. ਪਹਿਲਾਂ ਤੋਂ ਚੁਣਿਆ ਜਾਣਾ ਅਤੇ ਪੂਰਵ-ਨਿਯੁਕਤੀ ਸਦੀਪਕ ਸੁਰੱਖਿਆ ਨੂੰ ਸਾਬਤ ਕਰਦੇ ਹਨ।
   c. ਮੁਕਤੀ ਨਾ ਤਾਂ ਕੰਮਾਂ ਦੁਆਰਾ ਮਿਲਦੀ ਹੈ ਅਤੇ ਨਾ ਹੀ ਕਾਇਮ ਰੱਖੀ ਜਾਂਦੀ ਹੈ।
   d. ਮਸੀਹ ਦਾ ਪ੍ਰਾਸਚਿਤ ਸੰਪੂਰਨ ਅਤੇ ਪੂਰਾ ਸੀ।
   e. ਮਸੀਹ ਇੱਕ ਵਕੀਲ ਵਜੋਂ ਸੁਰੱਖਿਆ ਦੀ ਗਾਰੰਟੀ ਦਿੰਦੇ ਹਨ।
   f. ਪਵਿੱਤਰ ਆਤਮਾ ਦੀ ਮੋਹਰ ਨੂੰ ਕਦੇ ਤੋੜਿਆ ਨਹੀਂ ਜਾ ਸਕਦਾ ਹੈ।
   g. ਬਹੁਤ ਸਾਰੇ ਵਾਅਦੇ ਸਦੀਪਕ ਸੁਰੱਖਿਆ ਦੀ ਗਾਰੰਟੀ ਦਿੰਦੇ ਹਨ।
   h. ਪਰਮੇਸ਼ਰ ਸਾਨੂੰ ਡਿੱਗਣ ਤੋਂ ਬਚਾਉਣ ਦੇ ਯੋਗ ਹਨ।
   i. ਮੁਕਤੀ ਨੂੰ ਗੁਆਉਣ ਬਾਰੇ ਕੋਈ ਬਾਈਬਲ ਦਾ ਆਧਾਰ ਨਹੀਂ ਹੈ। **203**

B. ਸਮੱਸਿਆ ਵਾਲੇ ਕੁਝ ਵਚਨਾਂ ਦੀ ਵਿਆਖਿਆ

1. ਜ਼ਬੂਰ 51:11
2. ਹਿਜ਼ਕੀ 33:12-20
3. ਮੱਤੀ 24:13
   a. ਬਿਪਤਾ ਤੋਂ ਸਰੀਰਕ ਮੁਕਤੀ (ਬਚਾਅ) **204**
   b. ਆਤਮਿਕ ਮੁਕਤੀ
      **(1)** ਬਚਾਉਣ ਵਾਲਾ ਵਿਸ਼ਵਾਸ
      **(2)** ਬਿਪਤਾ ਦੇ ਹਾਲਾਤ **205**
4. ਮੱਤੀ. 25:30
5. ਯੂਹੰਨਾ 15:1-8 **206**

a. ਯਹੂਦਾ, ਇੱਕ ਕੱਟੀ ਹੋਈ ਟਹਿਣੀ
b. ਤਾੜਨਾ ਦੇਣ ਦੀ ਚੇਤਾਵਨੀ, ਅਤੇ ਇਨਾਮਾਂ ਦੇ ਨੁਕਸਾਨ ਦਾ ਵਿਚਾਰ **208**
6. ਰੋਮੀ 11:11-32 **209**
a. ਯਹੂਦੀ ਅਤੇ ਪਰਾਈਆਂ ਕੌਮਾਂ ਦਾ ਮੁੱਦਾ
b. ਮੂਲ ਜ਼ੈਤੂਨ ਦਾ ਰੁੱਖ **210**
c. ਜ਼ੈਤੂਨ ਦੇ ਰੁੱਖ ਨਾਲ ਪਰਾਈਆਂ ਕੌਮਾਂ ਦਾ ਸੰਬੰਧ
d. ਸਿੱਟਾ **211**
7. 1 ਕੁਰਿੰਥ 6:9-10
8. 1 ਕੁਰਿੰਥ 9:24-27
9. 1 ਕੁਰਿੰਥ 11:28-32 **212**
10. 1 ਕੁਰਿੰਥ 15:1-2
11. ਗਲਾਤੀ 5:1-4 **213**
a. ਬਿਵਸਥਾ ਬਨਾਮ ਕਿਰਪਾ
b. ਇਸ ਜੀਵਨ ਵਿੱਚ ਕੋਈ ਲਾਭ ਨਹੀਂ **214**
c. ਮਸੀਹ ਤੋਂ ਵਾਂਝੇ ਹੋ ਚੁੱਕੇ **215**
d. ਗਲਾਤੀ 5:1-4 ਦਾ ਸਿੱਟਾ
12. 2 ਤਿਮੋਥਿ 2:12b
13. ਇਬਰਾਨੀਆਂ ਦੀ ਪੁਸਤਕ ਵਿੱਚੋਂ ਚੇਤਾਵਨੀ ਦੇ ਵਚਨ **216**
a. ਇਬਰਾਨੀਆਂ ਦੀ ਪੁਸਤਕ ਦੇ ਮੂਲ ਪਾਠਕ
b. ਪਹਿਲੀ ਚੇਤਾਵਨੀ ਦਾ ਵਚਨ: ਇਬ 2:1-4 **218**
(1) ਅਵਿਸ਼ਵਾਸੀ ਇਬਰਾਨੀਆਂ ਲਈ
(2) ਵਿਸ਼ਵਾਸੀਆਂ ਦੇ ਲਈ
(3) ਸਿੱਟਾ **219**
c. ਦੂਜੀ ਚੇਤਾਵਨੀ ਦਾ ਵਚਨ: ਇਬਰਾਨੀਆਂ ਅਧਿਆਇ 3-4
(1) ਅਵਿਸ਼ਵਾਸੀ ਇਬਰਾਨੀਆਂ ਲਈ
(2) ਵਿਸ਼ਵਾਸੀਆਂ ਦੇ ਲਈ **220**
(3) ਸਿੱਟਾ **222**
d. ਤੀਸਰੀ ਚੇਤਾਵਨੀ ਦਾ ਵਚਨ: ਇਬ: 6:1-12
(1) ਅਵਿਸ਼ਵਾਸੀ ਇਬਰਾਨੀਆਂ ਲਈ
(2) ਵਿਸ਼ਵਾਸੀਆਂ ਦੇ ਲਈ **223**
(3) ਸਿੱਟਾ **225**
e. ਚੌਥੀ ਚੇਤਾਵਨੀ ਦਾ ਵਚਨ: ਇਬ 10:26-31
(1) ਅਵਿਸ਼ਵਾਸੀ ਇਬਰਾਨੀਆਂ ਲਈ **226**
(2) ਵਿਸ਼ਵਾਸੀਆਂ ਦੇ ਲਈ
(a) ਇਬ 10:26-31 ਦੀ ਵਿਆਖਿਆ
(b) ਇਬ 10:32-39 ਦੀ ਵਿਆਖਿਆ **228**
(3) ਸਿੱਟਾ **229**
f. ਪੰਜਵੀਂ ਚੇਤਾਵਨੀ ਦਾ ਵਚਨ: ਇਬ 12:25- 29 **230**
(1) ਅਵਿਸ਼ਵਾਸੀ ਇਬਰਾਨੀਆਂ ਲਈ
(2) ਵਿਸ਼ਵਾਸੀਆਂ ਦੇ ਲਈ
(3) ਸਿੱਟਾ
g. **ਇਬਰਾਨੀਆਂ ਦੀ ਪੁਸਤਕ ਵਿੱਚ ਚੇਤਾਵਨੀਆਂ ਦਾ ਸਿੱਟਾ**
14. ਯਾਕੂਬ 2:18-26
15. ਯਾਕੂਬ 5:19-20 **231**
16. 2 ਪਤਰਸ 1:10-11
17. 2 ਪਤਰਸ 2:20-22 **232**
18. 1 ਯੂਹੰਨਾ 5:16 **233**
19. ਪ੍ਰਕਾਸ਼ 3:1-6 **234**
C. ਸਦੀਪਕ ਸੁਰੱਖਿਆ ਬਾਰੇ ਸਿੱਟੇ **235**
VIII. ਮੁਕਤੀ ਦੇ ਸਿਧਾਂਤ ਬਾਰੇ ਸਿੱਟੇ

# ਭਾਗ 3

# *ਮੁਕਤੀ ਦੇ ਨਤੀਜੇ*

## I. ਅਨੰਤ ਜੀਵਨ

ਬਾਈਬਲ ਦੇ ਬਹੁਤ ਸਾਰੇ ਜਾਣੇ-ਪਛਾਣੇ ਵਚਨ ਮਸੀਹ ਵਿੱਚ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ ਸਦੀਪਕ ਜੀਵਨ ਜਾਂ ਅਨੰਤ ਜੀਵਨ ਦੇਣ ਦਾ ਵਾਅਦੇ ਕਰਦੇ ਹਨ (ਯੂਹੰਨਾ 3:15-16; 4:14; 5:24; 6:40, 47; 10:28; ਰੋਮੀ 6:23; 1 ਯੂਹੰਨਾ 5:13)।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ **ਅਨੰਤ ਜੀਵਨ** ਪ੍ਰਾਪਤ ਕਰਦਾ ਹੈ। ਉਹ ਦੋਸ਼ੀ ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।" [ਯੂਹੰਨਾ 5:24]
>
> "ਮੈਂ ਉਹਨਾਂ ਨੂੰ **ਅਨੰਤ ਜੀਵਨ** ਦਿੰਦਾ ਹਾਂ ਅਤੇ ਉਹ ਕਦੀ ਨਾਸ਼ ਨਹੀਂ ਹੋਣਗੀਆਂ । ਉਹਨਾਂ ਨੂੰ ਕਦੀ ਵੀ ਕੋਈ ਮੇਰੇ ਹੱਥੋਂ ਨਹੀਂ ਖੋਹ ਸਕਦਾ।" [ਯੂਹੰਨਾ 10:28]
>
> ਕਿਉਂਕਿ ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ਰ ਦਾ ਮੁਫ਼ਤ ਵਰਦਾਨ ਸਾਡੇ ਪ੍ਰਭੂ ਯਿਸੂ ਮਸੀਹ ਦੇ ਵਿੱਚ **ਅਨੰਤ ਜੀਵਨ** ਹੈ। [ਰੋਮੀ 6:23]
>
> ਮੈਂ ਤੁਹਾਨੂੰ ਜਿਹੜੇ ਪਰਮੇਸ਼ਰ ਦੇ ਪੁੱਤਰ ਦੇ ਨਾਮ ਵਿੱਚ ਵਿਸ਼ਵਾਸ ਕਰਦੇ ਹੋ, ਇਹ ਇਸ ਲਈ ਲਿਖ ਰਿਹਾ ਹਾਂ ਕਿ ਤੁਸੀਂ ਜਾਣ ਲਵੋ ਕਿ ਤੁਹਾਡੇ ਕੋਲ **ਅਨੰਤ ਜੀਵਨ** ਹੈ। [1 ਯੂਹੰਨਾ 5:13]

ਜਿਹੜੇ ਸ਼ਬਦ ਪਰਮੇਸ਼ਰ ਦੇ ਜੀਵਨ ਦੀ ਮਿਆਦ ਦੇ ਲਈ ਵਰਤੇ ਜਾਂਦੇ ਹਨ (ਰੋਮੀ 16:26; 1 ਤਿਮੋਥਿ 1:17; ਅਤੇ ਪ੍ਰਕਾਸ਼ 4:10),

ਉਹੀ ਮੁਕਤੀ ਪ੍ਰਾਪਤ ਕੀਤੇ ਲੋਕਾਂ ਦੇ ਜੀਵਨ ਦੀ ਮਿਆਦ ਦੇ ਲਈ ਵੀ ਵਰਤੇ ਗਏ ਹਨ। ਇਸ ਤਰ੍ਹਾਂ, ਉਹ ਇੱਕ ਅਜਿਹੇ ਜੀਵਨ ਦਾ ਹਵਾਲਾ ਦਿੰਦੇ ਹਨ ਜੋ ਕਦੇ ਖ਼ਤਮ ਨਹੀਂ ਹੁੰਦਾ ਹੈ। ਇਸ ਦੇ ਸਮਾਨਾਰਥੀ ਸ਼ਬਦ ਜਿਵੇਂ ਕਿ *ਕਦੇ ਨਹੀਂ ਮਰਦਾ* (ਯੂਹੰਨਾ 11:25-26) ਅਤੇ *ਅਮਰਤਾ* (1 ਕੁਰਿੰਥ 15:51ff; 2 ਤਿਮੋਥਿ 1:10) ਇਸ ਦੀ ਪੁਸ਼ਟੀ ਕਰਦੇ ਹਨ।

ਅਨੰਤ ਜੀਵਨ ਇੱਕ ਜੀਵਨ ਦੀ ਲੰਬਾਈ ਨੂੰ ਦਰਸਾਉਂਦਾ ਹੈ, ਪਰ ਇਹ ਇੱਕ ਜੀਵਨ ਦੇ ਗੁਣ ਅਤੇ ਕਿਸਮ ਨੂੰ ਵੀ ਦਰਸਾਉਂਦਾ ਹੈ। ਮਸੀਹ ਕਹਿੰਦੇ ਹਨ ਕਿ ਸਦੀਪਕ ਜੀਵਨ ਪਰਮੇਸ਼ਰ ਨੂੰ ਜਾਣਨਾ ਹੈ (ਯੂਹੰਨਾ 17:3)। ਇੱਕ ਵਿਸ਼ਵਾਸੀ ਨੂੰ ਦਿੱਤਾ ਗਿਆ ਜੀਵਨ ਅਸਲ ਵਿੱਚ ਮਸੀਹ ਦੇ ਆਪਣੇ ਜੀਵਨ ਵਿੱਚ ਇੱਕ ਹਿੱਸਾ ਹੈ। ਮਸੀਹ ਦਾ ਜੀਵਨ ਇੱਕ ਵਿਸ਼ਵਾਸੀ ਨੂੰ ਦਿੱਤਾ ਗਿਆ ਹੈ। ਮਸੀਹ ਦਾ ਜੀਵਨ ਕਦੇ ਵੀ ਖ਼ਤਮ ਨਹੀਂ ਹੁੰਦਾ ਹੈ, ਇਸ ਤਰ੍ਹਾਂ, ਵਿਸ਼ਵਾਸੀ ਦੇ ਜੀਵਨ ਦੀ ਮਿਆਦ ਵੀ ਅਨੰਤ ਹੈ। ਉਹ ਆਇਤਾਂ ਜੋ ਦੱਸਦੀਆਂ ਹਨ ਕਿ ਅਨੰਤ ਜੀਵਨ ਮੂਲ ਰੂਪ ਵਿੱਚ ਮਸੀਹ ਦੇ ਜੀਵਨ ਵਿੱਚ ਹਿੱਸਾ ਲੈਣਾ ਹੈ, ਉਹ ਅੱਗੇ ਦਿੱਤੀਆਂ ਹਨ:

> "ਥੋੜ੍ਹਾ ਸਮਾਂ ਹੋਰ ਹੈ ਫਿਰ ਸੰਸਾਰ ਮੈਨੂੰ ਕਦੀ ਨਹੀਂ ਦੇਖੇਗਾ ਪਰ ਤੁਸੀਂ ਮੈਨੂੰ ਦੇਖੋਗੇ **ਕਿਉਂਕਿ ਮੈਂ ਜਿਊਂਦਾ ਹਾਂ ਇਸ ਲਈ ਤੁਸੀਂ ਵੀ ਜੀਓਗੇ।** ਉਸ ਦਿਨ ਤੁਸੀਂ ਜਾਣੋਗੇ ਕਿ ਮੈਂ ਪਿਤਾ ਵਿੱਚ ਹਾਂ ਅਤੇ **ਤੁਸੀਂ ਮੇਰੇ ਵਿੱਚ ਹੋ ਜਿਸ ਤਰ੍ਹਾਂ ਮੈਂ ਤੁਹਾਡੇ ਵਿੱਚ ਹਾਂ।**" [ਯੂਹੰਨਾ 14:19-20]
>
> ਅਸੀਂ ਜਿਹੜੇ ਆਪਣੇ ਬਪਤਿਸਮੇ ਦੇ ਦੁਆਰਾ ਮਸੀਹ ਨਾਲ ਦਫ਼ਨਾਏ ਗਏ ਅਤੇ ਮਰ ਗਏ ਹਾਂ ਕਿ ਜਿਸ ਤਰ੍ਹਾਂ ਉਹ ਪਿਤਾ ਦੀ ਮਹਿਮਾ ਨਾਲ **ਮੁਰਦਿਆਂ ਵਿੱਚੋਂ ਜਿਊਂਦੇ ਕੀਤੇ ਗਏ, ਉਸੇ ਤਰ੍ਹਾਂ ਅਸੀਂ ਵੀ ਨਵਾਂ ਜੀਵਨ ਗੁਜ਼ਾਰੀਏ।** [ਰੋਮੀ 6:4]
>
> "ਹੁਣ ਮੈਂ ਨਹੀਂ ਜਿਊਂਦਾ ਸਗੋਂ **ਮਸੀਹ ਮੇਰੇ ਵਿੱਚ ਜੀਅ ਰਹੇ ਹਨ।** ਮੈਂ ਜੋ ਹੁਣ ਜੀਅ ਰਿਹਾ ਹਾਂ, ਇਹ ਕੇਵਲ ਉਸ ਵਿਸ਼ਵਾਸ ਦੇ ਰਾਹੀਂ ਜੀਅ ਰਿਹਾ ਹਾਂ ਜੋ ਪਰਮੇਸ਼ਰ ਦੇ ਪੁੱਤਰ ਵਿੱਚ ਹੈ।" [ਗਲਾਤੀ 2:20]
>
> ਪਰਮੇਸ਼ਰ ਨੇ ਆਪਣੀ ਇੱਛਾ ਦੇ ਨਾਲ ਆਪਣੇ ਲੋਕਾਂ ਉੱਤੇ ਇਹ ਪ੍ਰਗਟ ਕੀਤਾ ਹੈ ਕਿ ਉਹ ਭੇਤ ਸਾਰੀਆਂ ਕੌਮਾਂ ਦੇ ਲਈ ਮਹਿਮਾ ਦਾ ਧਨ ਹੈ। ਉਹ ਭੇਤ ਇਹ ਹੈ ਕਿ **ਮਸੀਹ ਤੁਹਾਡੇ ਵਿੱਚ ਹਨ** ਜੋ ਅੱਗੇ ਆਉਣ ਵਾਲੀ ਮਹਿਮਾ ਦੀ ਉਮੀਦ ਹਨ [ਕੁਲੁੱਸੀ 1:27]
>
> ਤੁਸੀਂ ਆਪਣੇ ਪਾਪਾਂ ਦੇ ਕਾਰਨ ਅਤੇ ਸਰੀਰ ਵੱਲੋਂ ਅਸੁੰਨਤੀ ਹੋਣ ਦੇ ਕਾਰਨ ਮੁਰਦਾ ਸੀ ਪਰ ਫਿਰ ਵੀ **ਪਰਮੇਸ਼ਰ ਨੇ ਤੁਹਾਨੂੰ ਮਸੀਹ ਦੇ ਨਾਲ ਜਿਊਂਦਾ ਕੀਤਾ ਹੈ।** ਉਹਨਾਂ ਨੇ ਸਾਡੇ ਸਾਰੇ ਪਾਪ ਮਾਫ਼ ਕਰ ਦਿੱਤੇ ਹਨ। [ਕੁਲੁੱਸੀ 2:13]
>
> **ਤੁਸੀਂ ਮਸੀਹ ਦੇ ਨਾਲ ਜਿਊਂਦੇ ਕੀਤੇ ਗਏ ਹੋ** ਇਸ ਲਈ ਤੁਸੀਂ ਆਪਣੇ ਮਨਾਂ ਨੂੰ ਸਵਰਗੀ ਚੀਜ਼ਾਂ ਉੱਤੇ ਲਾਵੋ ਜਿੱਥੇ ਮਸੀਹ ਪਰਮੇਸ਼ਰ ਦੇ ਸੱਜੇ ਹੱਥ ਵਿਰਾਜਮਾਨ ਹਨ। [ਕੁਲੁੱਸੀ 3:1]

## II. ਨਵਾਂ ਜਨਮ

ਅਨੰਤ ਜੀਵਨ ਪਵਿੱਤਰ ਆਤਮਾ ਦੁਆਰਾ ਸ਼ੁਰੂ ਕੀਤਾ ਜਾਂਦਾ ਹੈ (ਯੂਹੰਨਾ 3:5ff; ਤੀਤੁਸ 3:5) ਜਿਸ ਵਿੱਚ ਉਹ ਪਰਮੇਸ਼ਰ ਦੇ ਵਚਨ ਦੀ ਵਰਤੋਂ ਕਰਦਾ ਹੈ। ਉਹ ਆਪਣੇ ਵਚਨ ਨਾਲ ਕਾਇਲ ਕਰਦਾ ਅਤੇ ਪ੍ਰਕਾਸ਼ਨ ਕਰਦਾ ਹੈ (ਯਾਕੂਬ 1:18; 1 ਪਤਰਸ 1:23) ਤਾਂ ਜੋ ਵਿਸ਼ਵਾਸ ਪ੍ਰਗਟ ਕੀਤਾ ਜਾ ਸਕੇ ਅਤੇ ਮਸੀਹ ਦਾ ਨਵਾਂ ਜੀਵਨ ਦਿੱਤਾ ਜਾ ਸਕੇ। ਮਸੀਹ ਵਿੱਚ ਹਿੱਸਾ ਲੈਣ ਦੀ ਸ਼ੁਰੂਆਤ ਨੂੰ ਨਵਾਂ ਜੀਵਨ ਕਿਹਾ ਜਾਂਦਾ ਹੈ (ਤੀਤੁਸ 3:5; ਯੂਹੰਨਾ 3:5ff.; 1 ਪਤਰਸ 1:3, 23; 1 ਯੂਹੰਨਾ 5:1)। ਕਿਉਂਕਿ ਨਵੇਂ ਜਨਮ ਨੂੰ ਰਵਾਇਤੀ ਤੌਰ ਤੇ ਪਵਿੱਤਰ ਆਤਮਾ ਦੇ ਕੰਮ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ, ਇਸ ਲਈ ਇਸ ਦਾ ਪੂਰਾ ਅਧਿਐਨ ਅਧਿਆਇ 10 ਵਿੱਚ ਕੀਤਾ ਗਿਆ ਹੈ।

## III. ਪੁੱਤਰ/ ਸੰਤਾਨ ਦੇ ਰੂਪ ਵਿੱਚ ਗੋਦ ਲੈਣਾ

ਜਿਹੜੇ ਲੋਕ ਯਿਸੂ ਮਸੀਹ ਵਿੱਚ ਮੁਕਤੀਦਾਤਾ ਦੇ ਰੂਪ ਵਿੱਚ ਵਿਸ਼ਵਾਸ ਕਰਦੇ ਹਨ, ਉਹਨਾਂ ਨੂੰ ਅਨੰਤ ਜੀਵਨ ਦਿੱਤਾ ਜਾਂਦਾ ਹੈ, ਅਤੇ ਉਹ ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਬਣ ਜਾਂਦੇ ਹਨ। ਯਿਸੂ ਨੇ ਮੱਤੀ 12:50 ਵਿੱਚ ਕਿਹਾ (ਮਰਕੁਸ 3:35 ਅਤੇ ਲੂਕਾ 8:21) ਕਿ ਜੋ ਕੋਈ ਵੀ ਪਰਮੇਸ਼ਰ ਦੀ ਇੱਛਾ ਪੂਰੀ ਕਰਦਾ ਹੈ, ਉਹ ਪਰਮੇਸ਼ਰ ਦੇ ਪਰਿਵਾਰ ਦਾ ਇੱਕ ਹਿੱਸਾ ਹੁੰਦਾ ਹੈ। ਇੱਥੋਂ ਤੱਕ ਕਿ ਬਾਈਬਲ ਅਨੁਸਾਰ ਉਹਨਾਂ ਨੂੰ ਮਸੀਹ ਆਪਣਾ ਭਰਾ ਕਹਿੰਦੇ ਹਨ (ਰੋਮੀ 8:29; ਇਬ 2:11-12)।

ਨਵੇਂ ਨੇਮ ਦੇ ਲੇਖਕ ਇਸ ਗੱਲ ਨਾਲ ਸਹਿਮਤ ਹਨ ਕਿ ਵਿਸ਼ਵਾਸੀ ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਬਣ ਜਾਂਦੇ ਹਨ, ਅਤੇ ਉਹ ਇਸ ਗੱਲ ਵਿੱਚ ਵੀ ਫ਼ਰਕ ਕਰਦੇ ਹਨ ਕਿ ਯਿਸੂ ਮਸੀਹ ਕਿਸ ਅਰਥ ਵਿੱਚ ਪਰਮੇਸ਼ਰ ਦੇ ਪੁੱਤਰ ਹਨ ਅਤੇ ਵਿਸ਼ਵਾਸੀ ਕਿਸ ਅਰਥ ਵਿੱਚ ਪਰਮੇਸ਼ਰ ਦੇ ਪੁੱਤਰ ਹਨ। ਇਹ ਦਿਲਚਸਪ ਗੱਲ ਹੈ ਕਿ ਸਾਰੇ ਲੇਖਕਾਂ ਦੀਆਂ ਤਸਵੀਰਾਂ ਅਤੇ ਵਾਕਾਂਸ਼ ਇੱਕ-ਦੂਜੇ ਤੋਂ ਵੱਖਰੇ ਹਨ, ਪਰ ਉਹਨਾਂ ਦਾ ਅਧਿਆਤਮਿਕ ਨਤੀਜਾ ਇੱਕੋ ਹੀ ਹੈ। ਰਸੂਲ ਯੂਹੰਨਾ ਨੇ ਵਿਸ਼ਵਾਸੀਆਂ ਬਾਰੇ ਇਸ ਰੂਪ ਵਿੱਚ ਲਿਖਿਆ ਕਿ ਉਹ ਪਰਮੇਸ਼ਰ ਦੇ ਪਰਿਵਾਰ ਵਿੱਚ ਬੱਚਿਆਂ ਦੀ ਤਰ੍ਹਾਂ ਜਨਮ ਲੈਂਦੇ ਹਨ (ਦੇਖੋ, *ਨਵਾਂ ਜਨਮ*: ਯੂਹੰਨਾ 1:13; 3:3-8; 1 ਯੂਹੰਨਾ 2:29; 3:9; 4:7; 5:1, 4, 18; ਅਤੇ *ਸੰਤਾਨ*: ਯੂਹੰਨਾ 1:12; 11:52; 1 ਯੂਹੰਨਾ 3:1, 2, 10; 5:2)। ਯੂਹੰਨਾ ਦਾ ਵਿਸ਼ਵਾਸੀਆਂ ਦੇ ਪਰਮੇਸ਼ਰ ਦੇ ਪੁੱਤਰ ਹੋਣ ਅਤੇ ਮਸੀਹ ਦੇ ਪਰਮੇਸ਼ਰ ਦੇ ਪੁੱਤਰ ਹੋਣ ਵਿੱਚ ਇੱਕ ਅੰਤਰ ਰੱਖਣ ਦਾ ਤਰੀਕਾ ਇਹ ਹੈ ਕਿ ਉਹ ਪੁੱਤਰ ਦੇ ਲਈ ਯੂਨਾਨੀ ਸ਼ਬਦ (ਹੂਈਓਸ) ਨੂੰ ਸਿਰਫ਼ ਮਸੀਹ ਦੇ ਲਈ ਵਰਤਦਾ ਹੈ ਅਤੇ ਇਸ ਗੱਲ ਤੇ ਜ਼ੋਰ ਦਿੰਦਾ

ਹੈ ਕਿ ਉਹ "ਇਕਲੌਤੇ" **ਪੁੱਤਰ** ਹਨ (ਵਿਲੱਖਣ ਪੁੱਤਰ, ਯੂਹੰਨਾ 1:14, 18; 3:16, 18; 1 ਯੂਹੰਨਾ 4:9)।[62] ਵਿਸ਼ਵਾਸੀ ਪਰਮੇਸ਼ਰ ਦੇ ਪਰਿਵਾਰ ਵਿੱਚ ਬੱਚਿਆਂ ਵਜੋਂ ਪੈਦੇ ਹੁੰਦੇ ਹਨ, ਪਰ ਮਸੀਹ ਇੱਕ ਵਿਲੱਖਣ **ਪੁੱਤਰ** ਹਨ।

ਪੌਲੁਸ ਵੀ ਇਹੀ ਸੱਚਾਈਆਂ ਸਿਖਾਉਂਦਾ ਹੈ, ਪਰ ਉਸ ਦਾ ਤਰੀਕਾ ਯੂਹੰਨਾ ਨਾਲੋਂ ਵੱਖਰਾ ਹੈ। ਹਾਲਾਂਕਿ ਕਿ ਪੌਲੁਸ ਵਿਸ਼ਵਾਸੀਆਂ ਦੇ ਲਈ ਪੁੱਤਰ (*ਟੇਕਨਾ*) ਸ਼ਬਦ ਦੀ ਵਰਤੋਂ ਕਰਦਾ ਹੈ, ਪਰ ਪੌਲੁਸ ਯੂਹੰਨਾ ਦੇ ਉਲਟ, ਵਿਸ਼ਵਾਸੀਆਂ ਨੂੰ "ਪਰਮੇਸ਼ਰ ਦੀ ਸੰਤਾਨ" ਕਹਿੰਦਾ ਹੈ (ਰੋਮੀ 8:14, 19; 2 ਕੁਰਿੰਥ 6:18; ਗਲਾਤੀ 3:26; 4:5-7)। ਪੌਲੁਸ ਨਵੇਂ ਜਨਮ ਜਾਂ ਮਸੀਹ ਦੇ ਇਕਲੌਤੇ ਪੁੱਤਰ ਹੋਣ ਦੀ ਤਸਵੀਰ ਉੱਤੇ ਜ਼ੋਰ ਨਹੀਂ ਦਿੰਦਾ ਹੈ।[63] ਉਸ ਦਾ ਮਸੀਹ ਦੇ ਪੁੱਤਰ ਹੋਣ ਅਤੇ ਵਿਸ਼ਵਾਸੀ ਦੇ ਪੁੱਤਰ ਹੋਣ ਵਿਚਕਾਰ ਫ਼ਰਕ ਕਰਨ ਦਾ ਤਰੀਕਾ ਇਹ ਹੈ ਕਿ ਉਹ ਵਿਸ਼ਵਾਸੀ ਦੇ ਪੁੱਤਰ ਹੋਣ ਨੂੰ ਗੋਦ ਲੈਣ ਨਾਲ ਜੋੜਦਾ ਹੈ, ਅਤੇ ਯੂਹੰਨਾ ਨੇ ਇਸ ਸ਼ਬਦ ਨੂੰ ਕਦੇ ਨਹੀਂ ਵਰਤਿਆ ਹੈ (ਮੁਕਤੀ ਦੇ ਸਮੇਂ ਗੋਦ ਲਏ ਜਾਣ ਦੇ ਵਿਚਾਰ ਲਈ ਦੇਖੋ, ਰੋਮੀ 8:15; ਗਲਾਤੀ 4:5; ਅਤੇ ਅਫ਼ਸੀ 1:5)।

ਯੂਹੰਨਾ ਇਹ ਸਿਖਾਉਂਦਾ ਹੈ ਕਿ ਵਿਸ਼ਵਾਸੀ ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਹਨ, ਪਰ ਇਹ ਉਸ ਅਰਥ ਵਿੱਚ ਨਹੀਂ ਹੈ ਜਿਵੇਂ ਯਿਸੂ ਮਸੀਹ ਪਰਮੇਸ਼ਰ ਦੇ ਪੁੱਤਰ ਹਨ। ਯੂਹੰਨਾ ਪਰਮੇਸ਼ਰ ਦੀ ਸੰਤਾਨ ਦੇ ਰੂਪ ਵਿੱਚ ਨਵੇਂ ਜਨਮ ਦੀ ਗੱਲ ਕਰਦਾ ਹੈ, ਪਰ ਉਹ ਮਸੀਹ ਨੂੰ ਇਕਲੌਤਾ ਪੁੱਤਰ ਕਹਿੰਦਾ ਹੈ ਜੋ ਵਿਸ਼ਵਾਸੀਆਂ ਦੇ ਪੁੱਤਰ ਹੋਣ ਤੋਂ ਵੱਖਰਾ ਹੈ। ਪੌਲੁਸ ਪਰਮੇਸ਼ਰ ਦੇ ਪਰਿਵਾਰ ਵਿੱਚ ਗੋਦ ਲਏ ਜਾਣ ਗੱਲ ਕਰਦਾ ਹੈ, ਜਦੋਂ ਕਿ ਮਸੀਹ ਨੂੰ ਗੋਦ ਨਹੀਂ ਲਿਆ ਗਿਆ ਹੈ। ਉਹ ਪੂਰੀ ਤਰ੍ਹਾਂ ਪਰਮੇਸ਼ਰ ਦੇ ਪੁੱਤਰ ਹਨ।

### IV. ਧਰਮੀ ਠਹਿਰਾਉਣਾ

ਧਰਮੀ ਠਹਿਰਾਉਣ ਦੇ ਬਾਈਬਲ ਦੇ ਸਿਧਾਂਤ ਨੂੰ ਵਿਕਸਤ ਕਰਨ ਵਿੱਚ ਚਾਰ ਮਹੱਤਵਪੂਰਣ ਮੁੱਦੇ ਹਨ। ਪਹਿਲਾ, *ਧਰਮੀ ਠਹਿਰਾਉਣ* ਦੇ ਲਈ ਸ਼ਬਦ (ਯੂਨਾਨੀ ਵਿੱਚ *ਡਿਕਾਈਓ*) ਦੀ ਸਹੀ ਪਰਿਭਾਸ਼ਾ ਕੀ ਹੈ? ਕੀ ਇਹ ਵੱਧ ਤੋਂ ਵੱਧ ਧਰਮੀ ਬਣਨ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ? ਜਾਂ ਕੀ ਇਹ ਕਿਸੇ ਵਿਅਕਤੀ ਦੇ ਧਰਮੀ ਹੋਣ ਦੇ **ਐਲਾਨ** ਦਾ ਹਵਾਲਾ ਦਿੰਦਾ ਹੈ (ਜਿਵੇਂ ਕਿ, ਇੱਕ ਕਾਨੂੰਨੀ **ਐਲਾਨ** ਕਿ ਉਹ ਵਿਅਕਤੀ ਦੋਸ਼ੀ ਨਹੀਂ ਹੈ ਅਤੇ ਉਸ ਨੂੰ ਬਰੀ ਕਰ ਦਿੱਤਾ ਗਿਆ ਹੈ)?

ਦੂਜਾ ਮੁੱਖ ਮੁੱਦਾ ਧਰਮੀ ਠਹਿਰਾਏ ਜਾਣ ਦਾ ਸਮਾਂ ਹੈ। ਕੀ ਇੱਕ ਵਿਅਕਤੀ ਸਮੇਂ ਦੇ ਅੰਤਰਾਲ ਵਿੱਚ ਧਰਮੀ ਠਹਿਰਾਇਆ ਜਾਂਦਾ ਹੈ ਜਾਂ ਕੀ ਧਰਮੀ ਠਹਿਰਾਏ ਜਾਣ ਦਾ ਕੰਮ ਮਸੀਹ ਵਿੱਚ ਵਿਸ਼ਵਾਸ ਕਰਨ ਵੇਲੇ ਹੁੰਦਾ ਹੈ? ਪਹਿਲੇ ਵਿਚਾਰ ਦਾ ਇਹ ਅਰਥ ਹੋਵੇਗਾ ਕਿ ਅੰਤਿਮ ਫ਼ੈਸਲੇ ਤੱਕ ਧਰਮੀ ਨਹੀਂ ਠਹਿਰਾਇਆ ਜਾ ਸਕਦਾ ਹੈ। ਦੂਜਾ ਵਿਚਾਰ ਇਹ ਦਰਸਾਉਂਦਾ ਹੈ ਕਿ ਵਿਸ਼ਵਾਸ ਕਰਨ ਵਾਲਾ ਵਿਅਕਤੀ ਪਹਿਲਾਂ ਹੀ ਧਰਮੀ ਠਹਿਰਾਇਆ ਗਿਆ ਹੈ।

ਤੀਜਾ ਧਿਆਨ ਦੇਣ ਯੋਗ ਮੁੱਦਾ ਇਹ ਹੈ ਕਿ ਧਰਮੀ ਠਹਿਰਾਏ ਜਾਣ ਦਾ ਆਧਾਰ ਕੀ ਹੈ। ਇੱਕ ਵਿਅਕਤੀ ਨੂੰ ਧਰਮੀ ਠਹਿਰਾਏ ਜਾਣ ਲਈ ਕੀ ਕਰਨ ਦੀ ਲੋੜ ਹੈ? ਅੰਤ ਵਿੱਚ, ਸਾਨੂੰ ਧਰਮੀ ਠਹਿਰਾਉਣ ਦੇ ਸਰੋਤ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਜੋ ਕਿ ਮਸੀਹ ਦੀ ਧਾਰਮਿਕਤਾ ਹੈ।

ਰਿਫਰਮੇਸ਼ਨ (ਸੁਧਾਰ ਦੇ ਅੰਦੋਲਨ) ਦੇ ਦੌਰਾਨ ਧਰਮੀ ਠਹਿਰਾਉਣ ਦੀ ਪਰਿਭਾਸ਼ਾ ਅਤੇ ਸਮਾਂ ਲੜਾਈ ਦਾ ਮੁੱਖ ਮੋਰਚਾ ਸੀ। ਇਸ ਵਿਚਾਰ ਵਾਲੇ ਲੋਕਾਂ ਦਾ ਸਾਹਮਣਾ ਰੋਮਨ ਕੈਥੋਲਿਕ ਵਿਚਾਰ ਨਾਲ ਸੀ ਜਿਸ ਅਨੁਸਾਰ ਧਰਮੀ ਠਹਿਰਾਏ ਜਾਣਾ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿੱਚ ਪਰਮੇਸ਼ਰ ਵਿੱਚ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਧਰਮ ਦੇ ਸੰਸਕਾਰਾਂ ਦੁਆਰਾ ਮਿਲੀ ਕਿਰਪਾ ਦੁਆਰਾ, ਉਸ ਪ੍ਰਕਿਰਿਆ ਵਿੱਚੋਂ ਲੰਘਦਾ ਹੈ ਜਿਸ ਵਿੱਚ ਉਹ ਆਪਣੇ ਚਾਲ-ਚੱਲਣ ਵਿੱਚ ਵੱਧ ਤੋਂ ਵੱਧ ਧਰਮੀ ਬਣ ਸਕਦਾ ਹੈ। ਇਸ ਪ੍ਰਕਿਰਿਆ ਦਾ ਅੰਤ ਧਰਮੀ ਠਹਿਰਣਾ ਹੋਵੇਗਾ ਜੋ ਅੰਤ ਦੇ ਨਿਆਂ ਦੇ ਸਮੇਂ ਹੋਵੇਗਾ। ਧਰਮੀ ਠਹਿਰਾਉਣ ਨੂੰ ਇੱਕ ਅਜਿਹਾ ਟੀਚਾ ਮੰਨਿਆ ਜਾ ਰਿਹਾ ਸੀ ਜਿਸ ਲਈ ਮਨੁੱਖ ਨੂੰ ਸੰਘਰਸ਼ ਕਰਨ ਦੀ ਲੋੜ ਸੀ। ਇਸ ਨੂੰ ਇੱਕ ਪ੍ਰਕਿਰਿਆ ਅਤੇ ਭਵਿੱਖ ਦੀ ਸੰਭਾਵਨਾ ਮੰਨਿਆ ਜਾ ਰਿਹਾ ਸੀ।

ਰੋਮਨ ਕੈਥੋਲਿਕ ਵਿਚਾਰ ਦਾ ਵਿਰੋਧ ਕਰਦੇ ਹੋਏ, ਰਿਫਰਮੇਸ਼ਨ ਦੇ ਸਮਰਥਕਾਂ ਨੇ ਕਿਹਾ ਕਿ ਧਰਮੀ ਠਹਿਰਾਉਣਾ ਇੱਕ ਕਾਨੂੰਨੀ ਸ਼ਬਦ ਹੈ। ਇਸ ਦਾ ਅਰਥ "ਧਰਮੀ ਬਣਨਾ" ਨਹੀਂ ਹੈ, ਬਲਕਿ "ਧਰਮੀ ਠਹਿਰਾਏ ਜਾਣਾ" ਹੈ। ਉਹਨਾਂ ਨੇ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਧਰਮੀ ਠਹਿਰਾਉਣਾ ਇੱਕ ਪ੍ਰਕਿਰਿਆ ਨਹੀਂ ਬਲਕਿ ਇੱਕ ਕਿਰਿਆ ਹੈ ਅਤੇ ਜਦੋਂ ਇੱਕ ਵਿਅਕਤੀ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ ਤਾਂ ਉਸ ਨੂੰ ਧਰਮੀ ਠਹਿਰਾਇਆ ਜਾਂਦਾ ਹੈ।

#### A. ਧਰਮੀ ਠਹਿਰਾਉਣ ਦੀ ਪਰਿਭਾਸ਼ਾ: ਧਰਮੀ ਬਣਾਉਣਾ ਜਾਂ ਧਰਮੀ ਠਹਿਰਾਉਣਾ?

ਇਸ ਗੱਲ ਦੇ ਬਹੁਤ ਜ਼ਿਆਦਾ ਸਬੂਤ ਹਨ ਕਿ *ਧਰਮੀ ਠਹਿਰਾਉਣਾ* (*ਡਿਕਾਈਓ*) ਇੱਕ ਕਾਨੂੰਨੀ ਸ਼ਬਦ ਹੈ ਜਿਸ ਦਾ ਅਰਥ "ਧਰਮੀ ਘੋਸ਼ਿਤ ਕਰਨਾ, ਬਰੀ ਕਰਨਾ, ਸਹੀ ਸਾਬਤ ਕਰਨਾ" ਹੈ।

##### 1. ਧਰਮ ਨਿਰਪੱਖ ਯੂਨਾਨੀ ਭਾਸ਼ਾ ਵਿੱਚ ਧਰਮੀ ਠਹਿਰਾਉਣਾ

---

[62] ਸਿਰਫ਼ ਪ੍ਰਕਾਸ਼ 21:7 ਵਿੱਚ ਹੀ ਪੁੱਤਰ ਸ਼ਬਦ ਵਿਸ਼ਵਾਸੀਆਂ ਨੂੰ ਦਰਸਾਉਂਦਾ ਹੈ

[63] ਪੌਲੁਸ 1 ਕੁਰਿੰਥ 4:15 ਵਿੱਚ ਨਵਾਂ ਜਨਮ ਲੈਣ ਦੇ ਵਿਚਾਰ ਦੇ ਬਹੁਤ ਨੇੜੇ ਆਉਂਦਾ ਹੈ ਅਤੇ ਫਿਰ ਤੀਤੁਸ 3:5 ਵਿੱਚ ਨਵੇਂ ਜਨਮ ਸ਼ਬਦ ਦੀ ਵਰਤੋਂ ਕਰਦਾ ਹੈ।

ਮੌਲਟਨ ਅਤੇ ਮਿਲਿਗਨ ਪ੍ਰਾਚੀਨ ਲਿਖਤਾਂ ਤੋਂ ਇਹ ਉਦਾਹਰਣ ਦਿੰਦੇ ਹਨ: "ਉਸ ਨੇ ਇਸ ਨੂੰ ਧਰਮੀ/ਜਾਇਜ਼ ਮੰਨਿਆ ਕਿ ਸਾਨੂੰ ਪੂੰਜੀ ਦੀ ਰਕਮ ਵਾਪਸ ਕਰਨੀ ਚਾਹੀਦੀ ਹੈ ਅਤੇ ਗਹਿਣੇ ਦੇ ਕਾਗਜ਼ ਵਾਪਸ ਲੈਣੇ ਚਾਹੀਦੇ ਹਨ" (A.D. 55-65)। "ਇਹ ਰਕਮ ਇਕਰਾਰਨਾਮੇ ਦੁਆਰਾ ਧਰਮੀ/ਜਾਇਜ਼ ਐਲਾਨੀ ਗਈ ਸੀ।"[64] ਇਹ ਦੋ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਯੂਨਾਨੀ ਸ਼ਬਦ *ਡਿਕਾਈਓ* ਇੱਕ ਕਾਨੂੰਨੀ ਸ਼ਬਦ ਸੀ ਜਿਸ ਦਾ ਅਰਥ "ਧਰਮੀ/ਜਾਇਜ਼ ਹੋਣ ਦਾ ਐਲਾਨ ਕਰਨਾ" ਸੀ।

### 2. ਪੁਰਾਣੇ ਨੇਮ ਵਿੱਚ ਧਰਮੀ ਠਹਿਰਾਏ ਜਾਣਾ

ਪੁਰਾਣੇ ਨੇਮ ਦੇ ਪ੍ਰਾਚੀਨ ਯੂਨਾਨੀ ਅਨੁਵਾਦ ਦਰਸਾਉਂਦੇ ਹਨ ਕਿ ਪ੍ਰਾਚੀਨ ਇਬਰਾਨੀ ਲੋਕ ਧਰਮੀ ਠਹਿਰਾਏ ਜਾਣ ਨੂੰ ਇੱਕ ਕਾਨੂੰਨੀ ਸ਼ਬਦ ਮੰਨਦੇ ਸਨ। ਧਰਮੀ ਠਹਿਰਾਏ ਜਾਣਾ ਸਜ਼ਾ ਦੇ ਉਲਟ ਸ਼ਬਦ ਹੈ। ਸੈਪਟੂਜਿੰਟ ਹੇਠਾਂ ਦਿੱਤੀਆਂ ਆਇਤਾਂ ਵਿੱਚ *ਡਿਕਾਈਓ* ਦੇ ਕਿਸੇ ਰੂਪ ਦੀ ਵਰਤੋਂ ਕਰਦਾ ਹੈ:

> "ਝੂਠੀ ਗੱਲ ਤੋਂ ਦੂਰ ਰਹਿ ਅਤੇ ਤੂੰ ਬੇਦੋਸ਼ੀ ਅਤੇ ਧਰਮੀ ਨੂੰ ਮਾਰ ਨਾ ਸੁੱਟ ਕਿਉਂ ਜੋ ਮੈਂ ਦੁਸ਼ਟ ਨੂੰ ਧਰਮੀ ਨਹੀਂ ਠਹਿਰਾਵਾਂਗਾ।" [ਕੂਚ 23:7]
>
> "ਜੇ ਮਨੁੱਖਾਂ ਵਿੱਚ ਝਗੜਾ ਹੋ ਜਾਵੇ ਅਤੇ ਉਹ ਨਿਆਂ ਕਰਾਉਣ ਲਈ ਨਿਆਂਈਆਂ ਦੇ ਕੋਲ ਆਉਣ ਅਤੇ ਉਹ ਉਨ੍ਹਾਂ ਦਾ ਨਿਆਂ ਕਰਨ ਤਾਂ ਉਹ ਧਰਮੀ ਨੂੰ **ਧਰਮੀ** ਅਤੇ ਬੁਰੇ ਨੂੰ **ਬੁਰਾ ਠਹਿਰਾਉਣ** …"[ਬਿਵਸਥਾ 25:1]
>
> ਤਾਂ ਤੂੰ ਸਵਰਗ ਵਿੱਚੋਂ ਸੁਣ ਲਈਂ ਅਤੇ ਕੰਮ ਕਰੀਂ ਅਤੇ ਆਪਣੇ ਦਾਸਾਂ ਦਾ ਨਿਆਂ ਇਸ ਤਰ੍ਹਾਂ ਕਰੀਂ ਕਿ ਬੁਰੇ ਨੂੰ ਤੂੰ **ਦੋਸ਼ੀ ਠਹਿਰਾਵੇਂ** ਕਿ ਉਹ ਦਾ ਕੀਤਾ ਉਹ ਦੇ ਸਿਰ ਉੱਤੇ ਆਵੇ ਅਤੇ ਧਰਮੀ ਨੂੰ **ਧਰਮੀ ਠਹਿਰਾਵੇਂ** ਕਿ ਉਹ ਦੇ ਧਰਮ ਅਨੁਸਾਰ ਉਹ ਨੂੰ ਬਦਲਾ ਦਿੱਤਾ ਜਾਵੇ। [1 ਰਾਜਾ 8:32]
>
> ਜਿਹੜਾ ਦੁਸ਼ਟ ਨੂੰ **ਧਰਮੀ ਠਹਿਰਾਉਂਦਾ ਹੈ** ਅਤੇ ਜਿਹੜਾ ਧਰਮੀ ਤੇ **ਦੋਸ਼ ਲਾਉਂਦਾ ਹੈ**, ਯਹੋਵਾਹ ਉਹਨਾਂ ਦੋਹਾਂ ਤੋਂ ਘਿਣ ਕਰਦਾ ਹੈ। [ਕਹਾਉਤਾਂ 17:15]
>
> ਜਿਹੜੇ ਦੁਸ਼ਟ ਨੂੰ ਰਿਸ਼ਵਤ ਲੈ ਕੇ **ਧਰਮੀ ਠਹਿਰਾਉਂਦੇ** ਹਨ, ਅਤੇ ਧਰਮੀਆਂ ਦਾ ਧਰਮ ਉਨ੍ਹਾਂ ਤੋਂ ਖੋਹ ਲੈਂਦੇ ਹਨ! [ਯਸਾ 5:23]

ਪੁਰਾਣੇ ਨੇਮ ਵਿੱਚ ਧਰਮੀ ਠਹਿਰਾਉਣਾ ਅਦਾਲਤ ਨਾਲ ਸੰਬੰਧਿਤ ਸ਼ਬਦ ਹੈ। ਇਸ ਦੀ ਵਰਤੋਂ ਅਦਾਲਤੀ ਸੰਦਰਭਾਂ ਵਿੱਚ ਕੀਤੀ ਜਾਂਦੀ ਹੈ। ਇਹ ਦੋਸ਼ੀ ਠਹਿਰਾਉਣ ਦੇ ਉਲਟ ਹੈ। ਇਸ ਦੇ ਸਮਾਨਾਰਥੀ ਸ਼ਬਦ "ਨਿਰਦੋਸ਼ ਘੋਸ਼ਿਤ ਕਰਨਾ," "ਦੋਸ਼ੀ ਨਾ ਘੋਸ਼ਿਤ ਕਰਨਾ," "ਬਰੀ ਕਰਨਾ," "ਸਹੀ ਸਾਬਤ ਕਰਨਾ" ਹੋਣਗੇ। ਇਹ ਸ਼ਾਇਦ ਮਹੱਤਵਪੂਰਣ ਹੈ ਕਿ ਦਾਨੀਏਲ 8:14 ਵਿੱਚ ਵਰਤੇ ਗਏ ਸ਼ਬਦ *ਜੇਦੇਕ,* ਜਿਸ ਦਾ ਅਰਥ "ਧਰਮੀ ਬਣਾਉਣਾ" ਹੈ, ਇਸ ਦਾ ਅਨੁਵਾਦ ਸੈਪਟੂਜਿੰਟ ਵਿੱਚ *ਡਿਕਾਈਓ* ਸ਼ਬਦ ਨਾਲ **ਨਹੀਂ** ਕੀਤਾ ਗਿਆ ਹੈ। ਸਪੱਸ਼ਟ ਤੌਰ ਤੇ, ਧਰਮੀ ਬਣਾਉਣ ਦੇ ਵਿਚਾਰ ਨਾਲ ਧਰਮੀ ਠਹਿਰਾਉਣਾ ਇੱਕ ਢੁੱਕਵਾਂ ਸ਼ਬਦ ਨਹੀਂ ਸੀ। ਇਸ ਦੇ ਉਲਟ, ਧਰਮੀ ਠਹਿਰਾਉਣ ਦਾ ਅਰਥ "ਧਰਮੀ ਠਹਿਰਾਉਣ ਦਾ ਐਲਾਨ ਕਰਨਾ" ਹੈ।

ਪੁਰਾਣੇ ਨੇਮ ਵਿੱਚ ਧਰਮੀ ਠਹਿਰਾਉਣ ਦੀ ਵਰਤੋਂ ਨਾ ਸਿਰਫ਼ ਮਨੁੱਖੀ ਕਾਨੂੰਨ ਦੀਆਂ ਅਦਾਲਤਾਂ ਵਿੱਚ ਕੀਤੀ ਗਈ ਸੀ, ਪਰ ਇਸ ਨੂੰ ਪਰਮੇਸ਼ਰ ਦੀ ਅਦਾਲਤ ਦੇ ਸਾਹਮਣੇ ਧਰਮੀ ਠਹਿਰਾਉਣ ਜਾਂ ਸੱਚਾ ਸਾਬਤ ਕਰਨ ਦੇ ਲਈ ਵੀ ਵਰਤਿਆ ਗਿਆ ਸੀ। ਪੁਰਾਣੇ ਨੇਮ ਦੇ ਲੇਖਕ ਧਰਮੀ ਠਹਿਰਾਉਣ ਬਾਰੇ ਨਵੇਂ ਨੇਮ ਦੇ ਪੂਰੇ ਪ੍ਰਕਾਸ਼ਨ ਦੀ ਤਿਆਰੀ ਕਰ ਰਹੇ ਸਨ। ਉਹਨਾਂ ਨੇ ਸਿਖਾਇਆ ਕਿ ਪਰਮੇਸ਼ਰ ਆਪਣੇ ਲੋਕਾਂ ਨੂੰ ਆਪਣੀ ਧਾਰਮਿਕਤਾ ਦੇਣਗੇ ਜਾਂ ਪਰਮੇਸ਼ਰ ਆਪਣੇ ਲੋਕਾਂ ਨੂੰ ਧਰਮੀ ਠਹਿਰਾਉਣਗੇ। ਪੁਰਾਣੇ ਨੇਮ ਦੇ ਲੇਖਕਾਂ ਨੇ ਇਹ ਵੀ ਸਿਖਾਇਆ ਕਿ ਲੋਕ ਧਰਮੀ ਠਹਿਰਾਏ ਜਾਣਗੇ। ਇਸ ਦਾ ਅਰਥ ਇਹ ਹੈ ਕਿ ਧਰਮੀ ਠਹਿਰਾਉਣਾ ਪਰਮੇਸ਼ਰ ਦੀ ਆਪਣੀ ਧਾਰਮਿਕਤਾ ਦੇ ਦਿੱਤੇ ਜਾਣ ਤੇ ਜਾਂ ਹੋਰ ਆਮ ਅਰਥਾਂ ਵਿੱਚ ਉਹਨਾਂ ਦੀ ਧਾਰਮਿਕਤਾ ਤੇ ਆਧਾਰਿਤ ਹੋਵੇਗਾ ਜੋ ਪਰਮੇਸ਼ਰ ਖ਼ੁਦ ਪ੍ਰਦਾਨ ਕਰਦੇ ਹਨ।

> "ਇਸਰਾਏਲ ਦਾ ਸਾਰਾ ਵੰਸ਼ **ਯਹੋਵਾਹ ਵਿੱਚ** ਧਰਮੀ ਠਹਿਰੇਗਾ ਅਤੇ ਮਾਣ ਕਰੇਗਾ।" [ਯਸਾ 45:25]
>
> "ਮੈਂ **ਆਪਣੇ ਧਰਮ ਨੂੰ** ਨੇੜੇ ਲਿਆਉਂਦਾ ਹਾਂ... ਮੈਂ ਸੀਯੋਨ ਵਿੱਚ ਬਚਾਓ, ਅਤੇ ਇਸਰਾਏਲ ਲਈ ਆਪਣਾ ਤੇਜ ਬਖ਼ਸ਼ਾਂਗਾ।" [ਯਸਾ 46:13]
>
> …ਮੇਰਾ ਧਰਮੀ ਦਾਸ ਬਹੁਤਿਆਂ ਨੂੰ ਧਰਮੀ ਠਹਿਰਾਵੇਗਾ, ਅਤੇ ਉਹਨਾਂ ਦੀਆਂ ਬਦੀਆਂ ਨੂੰ ਚੁੱਕ ਲਵੇਗਾ। [ਯਸਾ 53:11]
>
> "...ਉਹ **ਮੇਰੇ ਕਾਰਨ ਧਰਮੀ ਠਹਿਰਣਗੇ**, ਯਹੋਵਾਹ ਦਾ ਵਾਕ ਹੈ। [ਯਸਾ 54:17]
>
> ਮੈਂ ਯਹੋਵਾਹ ਵਿੱਚ ਬਹੁਤ ਖੁਸ਼ ਹੋਵਾਂਗਾ...ਕਿਉਂ ਜੋ ਉਸ ਨੇ ਮੈਨੂੰ ਮੁਕਤੀ ਦੇ ਬਸਤਰ ਪਵਾਏ ਹਨ, ਅਤੇ ਉਸ ਨੇ **ਧਰਮ ਦੇ ਚੋਗੇ ਨਾਲ ਮੈਨੂੰ ਢੱਕਿਆ ਹੈ**...[ਯਸਾ 61:10] (ਯਿਰ 23:26 ਵੀ ਦੇਖੋ)

ਯਸਾਯਾਹ ਵਿੱਚ ਕਈ ਵਾਰ ਕਿਹਾ ਗਿਆ ਹੈ ਕਿ ਪਰਮੇਸ਼ਰ ਦੀ ਧਾਰਮਿਕਤਾ ਮੁਕਤੀ ਦੇਣ ਦੇ ਲਈ ਆ ਰਹੀ ਹੈ। ਪੁਰਾਣਾ ਨੇਮ ਧਰਮੀ ਠਹਿਰਾਉਣ ਦੇ ਸਿਧਾਂਤ ਬਾਰੇ ਨਵਾਂ ਨੇਮ ਜਿੰਨਾ ਸਪੱਸ਼ਟ ਨਹੀਂ ਹੈ। ਪਰ

[64] ਜੇਮਜ਼ ਹੋਪ ਹੈਲਟਨ ਐਂਡ ਜਾਰਜ ਮਿਲੀਗਨ, *ਦ ਵੋਕੈਬੁਲਰੀ ਆਫ਼ ਦ ਗ੍ਰੀਕ ਟੈਸਟਾਮੈਂਟ* (1930: ਹੋਡਰ ਐਂਡ ਸਟੌਟਨ ਲਿਮਿਟਿਡ, 1972) 162.

ਫਿਰ ਵੀ, ਮੁਕਤੀ ਨੂੰ **ਪਰਮੇਸ਼ਰ ਦੀ** ਆਉਣ ਵਾਲੀ **ਧਾਰਮਿਕਤਾ** ਨਾਲ ਜੋੜਿਆ ਗਿਆ ਸੀ, ਅਤੇ ਪੁਰਾਣੇ ਨੇਮ ਦੇ ਸੰਤਾਂ ਨੂੰ ਧਰਮੀ ਠਹਿਰਾਏ ਜਾਣ ਦਾ ਵਾਅਦਾ ਕੀਤਾ ਗਿਆ ਸੀ। ਦੁੱਖ ਭੋਗਣ ਵਾਲਾ ਸੇਵਕ ਬਹੁਤ ਸਾਰੇ ਲੋਕਾਂ ਨੂੰ ਧਰਮੀ ਠਹਿਰਾਏਗਾ, ਅਤੇ ਧਰਮੀ ਠਹਿਰਾਏ ਜਾਣਾ ਪਰਮੇਸ਼ਰ ਦੀ ਆਪਣੀ ਧਾਰਮਿਕਤਾ ਉੱਤੇ ਆਧਾਰਿਤ ਹੈ (ਯਸਾ 45:24) ਜਾਂ, ਘੱਟੋ ਘੱਟ ਇਸ ਉੱਤੇ ਕਿ ਉਹਨਾਂ ਨੇ ਆਪਣੀ ਧਾਰਮਿਕਤਾ ਪ੍ਰਦਾਨ ਕੀਤੀ ਹੈ (ਯਸਾ 61:10)। ਇਹਨਾਂ ਸਾਰੀਆਂ ਸੱਚਾਈਆਂ ਨੇ ਪਰਮੇਸ਼ਰ ਦੇ ਲੋਕਾਂ ਨੂੰ ਧਰਮੀ ਠਹਿਰਾਉਣ ਦੇ ਸਿਧਾਂਤ ਬਾਰੇ ਇੱਕ ਡੂੰਘੇ ਪ੍ਰਕਾਸ਼ਨ ਦੇ ਲਈ ਤਿਆਰ ਕੀਤਾ ਸੀ।

ਇਸ ਬਿੰਦੂ ਤੱਕ, ਸਾਰੇ ਸਬੂਤ ਇਹ ਦਰਸਾਉਂਦੇ ਹਨ ਕਿ *ਧਰਮੀ ਠਹਿਰਾਉਣਾ* ਇੱਕ ਕਾਨੂੰਨੀ ਸ਼ਬਦ ਸੀ ਜਿਸ ਦਾ ਧਰਮ ਨਿਰਪੱਖ ਯੂਨਾਨੀ ਭਾਸ਼ਾ ਅਤੇ ਇਬਰਾਨੀ ਸੋਚ ਦੋਵਾਂ ਵਿੱਚ ਅਰਥ "**ਧਰਮੀ ਠਹਿਰਾਉਣ ਦੀ ਘੋਸ਼ਣਾ ਕਰਨਾ**" ਸੀ। ਧਰਮੀ ਠਹਿਰਾਉਣਾ **ਦੋਸ਼ੀ ਠਹਿਰਾਉਣ ਜਾਂ ਸਜ਼ਾ ਦੇ ਉਲਟ ਹੈ।** ਪੁਰਾਣੇ ਨੇਮ ਵਿੱਚ ਇਹ ਵਿਚਾਰ ਵੀ ਸ਼ਾਮਲ ਹੈ ਕਿ ਪਰਮੇਸ਼ਰ ਮਨੁੱਖਾਂ ਨੂੰ ਆਪਣੀ ਧਾਰਮਿਕਤਾ ਪ੍ਰਦਾਨ ਕਰਦੇ ਹਨ ਤਾਂ ਜੋ ਉਹਨਾਂ ਨੂੰ ਧਰਮੀ ਠਹਿਰਾਇਆ ਜਾ ਸਕੇ।

### 3. ਨਵੇਂ ਨੇਮ ਵਿੱਚ ਧਰਮੀ ਠਹਿਰਾਏ ਜਾਣ ਦਾ ਵਿਚਾਰ

ਨਵੇਂ ਨੇਮ ਵਿੱਚ *ਡਿਕਾਈਓ* (ਧਰਮੀ ਠਹਿਰਾਉਣ) ਦੀ ਵਰਤੋਂ ਹੁਣ ਤੱਕ ਦੇਖੇ ਗਏ ਸਿੱਟਿਆਂ ਦੀ ਪੁਸ਼ਟੀ ਕਰਦੀ ਹੈ। ਜਦੋਂ *ਧਰਮੀ ਠਹਿਰਾਉਣ* ਨੂੰ ਪਰਮੇਸ਼ਰ ਦੇ ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਸ਼ਬਦ ਦਾ ਅਰਥ "ਧਰਮੀ ਬਣਾਉਣਾ" ਨਹੀਂ, ਪਰ "ਧਰਮੀ ਠਹਿਰਾਉਣਾ" ਹੈ। ਪਰਮੇਸ਼ਰ ਲਈ ਹੋਰ ਜ਼ਿਆਦਾ ਧਰਮੀ ਹੋਣਾ ਪੂਰੀ ਤਰ੍ਹਾਂ ਅਸੰਭਵ ਹੈ! ਇਸ ਲਈ, ਇਸ ਸ਼ਬਦ ਦਾ ਅਰਥ ਪਰਮੇਸ਼ਰ ਦੇ ਧਰਮੀ ਹੋਣ ਦੀ **ਘੋਸ਼ਣਾ ਕਰਨਾ** ਹੋਣਾ ਚਾਹੀਦਾ ਹੈ। ਹੇਠਾਂ ਪਰਮੇਸ਼ਰ ਦੇ ਧਰਮੀ ਹੋਣ ਦੀ ਘੋਸ਼ਣਾ ਕਰਨ ਦੀਆਂ ਕੁਝ ਉਦਾਹਰਣਾਂ ਹਨ:

> ਆਮ ਲੋਕਾਂ ਅਤੇ ਟੈਕਸ ਲੈਣ ਵਾਲਿਆਂ ਨੇ ਯੂਹੰਨਾ ਦਾ ਉਪਦੇਸ਼ ਸੁਣਿਆ ਅਤੇ ਉਸ ਤੋਂ ਬਪਤਿਸਮਾ ਲੈ ਕੇ **ਪਰਮੇਸ਼ਰ ਨੂੰ ਧਰਮੀ ਮੰਨਿਆ**। [ਲੂਕਾ 7:29]
>
> ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ! ਭਾਵੇਂ ਸਾਰੇ ਮਨੁੱਖ ਝੂਠੇ ਹੋ ਜਾਣ ਪਰ **ਪਰਮੇਸ਼ਰ** ਹਮੇਸ਼ਾ ਸੱਚੇ ਹੀ ਰਹਿਣਗੇ। ਇਸ ਬਾਰੇ ਪਵਿੱਤਰ-ਗ੍ਰੰਥ ਕਹਿੰਦਾ ਹੈ, "**ਜਦੋਂ ਤੂੰ ਬੋਲੇਂ ਤਾਂ ਸੱਚਾ ਸਿੱਧ ਹੋਵੇ**..."[ਰੋਮੀ 3:4]
>
> ...**ਪ੍ਰਭੂ** ਯਿਸੂ ਮਨੁੱਖੀ ਸਰੀਰ ਵਿੱਚ ਪ੍ਰਗਟ ਹੋਏ, **ਆਤਮਾ ਦੁਆਰਾ ਨੇਕ/ਧਰਮੀ ਠਹਿਰਾਏ ਗਏ**, ਸਵਰਗਦੂਤਾਂ ਨੂੰ ਦਿਖਾਈ ਦਿੱਤੇ, ਉਹਨਾਂ ਦਾ ਪਰਾਈਆਂ ਕੌਮਾਂ ਵਿੱਚ ਪ੍ਰਚਾਰ ਹੋਇਆ, ਉਹਨਾਂ ਦੇ ਵਿੱਚ ਸੰਸਾਰ ਨੇ ਵਿਸ਼ਵਾਸ ਕੀਤਾ, ਅਤੇ ਉਹ ਮਹਿਮਾ ਦੇ ਵਿੱਚ ਉੱਪਰ ਉਠਾ ਲਏ ਗਏ" [1 ਤਿਮੋਥਿ 3:16]

ਨਵੇਂ ਨੇਮ ਵਿੱਚ ਕੁਝ ਅਜਿਹੀਆਂ ਉਦਾਹਰਣਾਂ ਵੀ ਹਨ ਜਿੱਥੇ ਧਰਮੀ ਠਹਿਰਾਉਣਾ ਦੋਸ਼ੀ ਠਹਿਰਾਉਣ ਜਾਂ ਸਜ਼ਾ ਦੇ ਉਲਟ ਹੈ।" ਦੋਸ਼ੀ ਠਹਿਰਾਉਣ ਦਾ ਉਲਟ ਸਹੀ ਸਾਬਤ ਕਰਨਾ, ਬਰੀ ਕਰਨਾ, ਅਤੇ ਧਾਰਮਿਕਤਾ ਦਾ ਐਲਾਨ ਹੁੰਦਾ ਹੈ। ਮੱਤੀ 12:37 ਵਿੱਚ ਯਿਸੂ ਕਹਿੰਦੇ ਹਨ ਕਿ, "ਕਿਉਂਕਿ ਤੁਹਾਡੇ ਸ਼ਬਦਾਂ ਦੇ ਆਧਾਰ ਤੇ ਹੀ ਤੁਹਾਡਾ **ਨਿਆਂ** ਹੋਵੇਗਾ, ਇਹਨਾਂ ਦੁਆਰਾ ਹੀ ਤੁਹਾਨੂੰ **ਦੋਸ਼ੀ ਜਾਂ ਨਿਰਦੋਸ਼** ਸਿੱਧ ਕੀਤਾ ਜਾਵੇਗਾ।" ਨਿਆਂ ਦੇ ਦਿਨ ਦੀ ਗੱਲ ਕਰਨ ਵਾਲੇ ਸੰਦਰਭ ਵਿੱਚ ਦੋਸ਼ੀ ਠਹਿਰਾਏ ਜਾਣ ਦੇ ਨਾਲ ਧਰਮੀ ਠਹਿਰਾਏ ਜਾਣ ਦਾ ਅੰਤਰ ਇਸ ਤੱਥ ਦੀ ਗਵਾਹੀ ਦਿੰਦਾ ਹੈ ਕਿ *ਡਿਕਾਈਓ* ਇੱਕ ਕਾਨੂੰਨੀ ਸ਼ਬਦ ਹੈ ਅਤੇ ਇਸ ਦਾ ਅਰਥ ਧਰਮੀ ਠਹਿਰਾਉਣਾ ਹੈ। ਪੌਲੁਸ ਵੀ ਧਰਮੀ ਠਹਿਰਾਉਣ ਦੇ ਨਾਲ ਦੋਸ਼ੀ ਠਹਿਰਾਏ ਜਾਣ ਦੀ ਤੁਲਨਾ ਕਰਦਾ ਹੈ।

> ...ਕਿਉਂਕਿ ਇੱਕ ਆਦਮੀ ਦੇ ਇੱਕ ਪਾਪ ਦਾ ਨਤੀਜਾ **ਦੋਸ਼ੀ ਠਹਿਰਾਇਆ ਜਾਣਾ** ਸਿੱਧ ਹੋਇਆ ਪਰ ਬਹੁਤ ਸਾਰੇ ਪਾਪਾਂ ਦੇ ਕਾਰਨ ਮੁਫ਼ਤ ਵਰਦਾਨ ਹੋਂਦ ਵਿੱਚ ਆਇਆ, ਜਿਸ ਦਾ ਨਤੀਜਾ **ਨੇਕ ਠਹਿਰਾਇਆ ਜਾਣਾ** ਸਿੱਧ ਹੋਇਆ। [ਰੋਮੀ 5:16]
>
> ਇਸ ਲਈ ਜਿਸ ਤਰ੍ਹਾਂ ਇੱਕ ਅਪਰਾਧ ਦੇ ਦੁਆਰਾ ਸਾਰੀ ਮਨੁੱਖਜਾਤੀ **ਦੋਸ਼ੀ ਠਹਿਰਾਈ ਗਈ**, ਉਸੇ ਤਰ੍ਹਾਂ ਇੱਕ **ਨੇਕ ਕੰਮ** ਦੇ ਦੁਆਰਾ ਸਾਰੀ ਮਨੁੱਖਜਾਤੀ ਨੂੰ ਮੁਕਤੀ ਅਤੇ ਜੀਵਨ ਮਿਲਿਆ। [ਰੋਮੀ 5:18]
>
> ਪਰਮੇਸ਼ਰ ਦੇ ਚੁਣੇ ਹੋਇਆਂ ਉੱਤੇ ਕੌਣ **ਦੋਸ਼** ਲਾ ਸਕਦਾ ਹੈ ? ਪਰਮੇਸ਼ਰ ਆਪ ਉਹਨਾਂ ਨੂੰ **ਨਿਰਦੋਸ਼ੀ** ਠਹਿਰਾਉਂਦੇ ਹਨ। ਇਸ ਲਈ ਉਹਨਾਂ ਉੱਤੇ ਕੌਣ **ਦੋਸ਼** ਲਾ ਸਕਦਾ ਹੈ? [ਰੋਮੀ 8:33-34a]
>
> ਜੇਕਰ ਉਹ ਨੇਮ ਜਿਸ ਦਾ ਨਤੀਜਾ **ਸਜ਼ਾ** ਸੀ, ਤਾਂ **ਧਾਰਮਿਕਤਾ** ਦੀ ਲਿਖਤ ਬਹੁਤ ਹੀ ਵੱਧ ਕੇ ਤੇਜ ਨਾਲ ਹੋਵੇਗੀ। [2 ਕੁਰਿੰਥ 3:9]

ਨਵਾਂ ਨੇਮ ਸਪੱਸ਼ਟ ਤੌਰ ਤੇ ਧਰਮੀ ਠਹਿਰਾਉਣ ਨੂੰ ਇੱਕ ਕਾਨੂੰਨੀ ਸ਼ਬਦ ਵਜੋਂ ਵਰਤਦਾ ਹੈ। ਇਹ ਰੋਮੀ 8:33-34 ਵਿੱਚ ਸਪੱਸ਼ਟ ਹੈ ਜਿੱਥੇ ਪੌਲੁਸ ਪਰਮੇਸ਼ਰ ਦੇ ਚੁਣੇ ਹੋਇਆ ਵਿਰੁੱਧ **ਦੋਸ਼ ਲਗਾਉਣ** ਬਾਰੇ ਲਿਖਦਾ ਹੈ। ਰੋਮੀ 2:13-16 ਧਰਮੀ ਠਹਿਰਾਉਣ ਅਤੇ ਨਿਆਂ ਦੇ ਦਿਨ ਦੇ ਨਜ਼ਦੀਕੀ ਸੰਬੰਧ ਬਾਰੇ ਗੱਲ ਕਰਦਾ ਹੈ। ਧਰਮੀ ਠਹਿਰਾਉਣਾ ਇੱਕ ਕਾਨੂੰਨੀ ਅਤੇ ਅਦਾਲਤੀ ਸ਼ਬਦ ਹੈ। ਇਹ ਅਦਾਲਤ ਦੇ ਲਈ ਢੁੱਕਵਾਂ ਸ਼ਬਦ ਹੈ। ਰੋਮੀ 3:19-20 ਸਿਖਾਉਂਦਾ ਹੈ ਕਿ ਪਰਮੇਸ਼ਰ ਦਾ ਕਾਨੂੰਨ ਸਾਬਤ ਕਰਦਾ ਹੈ ਕਿ ਸਾਰਾ ਸੰਸਾਰ ਪਰਮੇਸ਼ਰ ਦੇ ਸਾਹਮਣੇ ਦੋਸ਼ੀ ਹੈ। ਇਸ ਕਾਨੂੰਨੀ ਸਥਿਤੀ ਵਿੱਚ, ਪੌਲੁਸ ਧਰਮੀ ਠਹਿਰਾਉਣ ਬਾਰੇ ਸਿਖਾਉਂਦਾ ਹੈ। ਰੋਮੀ 3:25 ਵਿੱਚ ਪ੍ਰਾਸਚਿਤ ਦਾ ਹਵਾਲਾ ਵੀ ਇੱਕ ਨਿਆਂਈ ਦੇ ਰੂਪ ਵਿੱਚ

ਹੈ। ਇਸ ਕਾਨੂੰਨੀ ਸਥਿਤੀ ਵਿੱਚ, ਪੌਲੁਸ ਧਰਮੀ ਠਹਿਰਾਉਣ ਬਾਰੇ ਸਿਖਾਉਂਦਾ ਹੈ। ਰੋਮੀ 3:25 ਵਿੱਚ ਪ੍ਰਾਸਚਿਤ ਦਾ ਹਵਾਲਾ ਵੀ ਇੱਕ ਨਿਆਂਈ ਦੇ ਰੂਪ ਵਿੱਚ ਪਰਮੇਸ਼ਰ ਦੇ ਕ੍ਰੋਧ ਉੱਤੇ ਧਿਆਨ ਦਿੰਦਾ ਹੈ। ਗਲਾਤੀ 3 ਵਿੱਚ ਵੀ ਕਾਨੂੰਨੀ ਸੰਕੇਤ ਹਨ ਜਿੱਥੇ ਪੌਲੁਸ ਧਰਮੀ ਠਹਿਰਾਉਣ ਅਤੇ ਬਿਵਸਥਾ ਦੇ ਕਾਰਨ ਸਰਾਪ ਦੀ ਗੱਲ ਬਾਰੇ ਸਿਖਾਉਂਦਾ ਹੈ। ਅੰਤ ਵਿੱਚ, 2 ਕੁਰਿੰਥ 5:21 ਇਹ ਸਿਖਾਉਂਦਾ ਹੈ ਕਿ ਮਸੀਹ ਸਾਡੇ ਪਾਪਾਂ ਦੇ ਵਿੱਚ ਸਾਂਝੀ ਬਣੇ "ਤਾਂ ਜੋ ਉਹਨਾਂ ਦੇ ਰਾਹੀਂ ਅਸੀਂ ਪਰਮੇਸ਼ਰ ਦੀ ਨੇਕੀ (ਯੂਨਾਨੀ ਭਾਸ਼ਾ ਵਿੱਚ *ਧਰਮੀ ਠਹਿਰਾਏ ਜਾਣ*) ਦੇ ਸਾਂਝੀ ਬਣੀਏ।" 2 ਕੁਰਿੰਥ 5:21 ਵਿੱਚ *ਧਾਰਮਿਕਤਾ* (ਧਰਮੀ ਠਹਿਰਾਏ ਜਾਣਾ) ਇੱਕ ਅਦਾਲਤ ਨਾਲ ਸੰਬੰਧਿਤ ਭਾਵਨਾ ਹੋਣੀ ਚਾਹੀਦੀ ਹੈ, ਕਿਉਂਕਿ ਇਹੀ ਸਿਰਫ਼ ਸੰਭਵ ਭਾਵਨਾ ਹੈ ਜਿਸ ਵਿੱਚ ਮਸੀਹ ਸਾਡੇ ਪਾਪਾਂ ਦੇ ਸਾਂਝੀ ਬਣੇ। ਮਸੀਹ ਨੇ ਯਕੀਨੀ ਤੌਰ ਤੇ ਆਪਣੇ ਵਿਵਹਾਰ ਵਿੱਚ ਕੋਈ ਪਾਪ ਨਹੀਂ ਕੀਤਾ ਸੀ। ਪੌਲੁਸ ਉਸ ਪਾਪ ਦਾ ਜ਼ਿਕਰ ਕਰ ਰਿਹਾ ਹੈ ਜਿਸ ਨੂੰ ਮਸੀਹ ਦੇ ਖਾਤੇ ਵਿੱਚ ਪਾ ਦਿੱਤਾ ਗਿਆ, ਕਿ ਉਹ ਕਾਨੂੰਨੀ ਤੌਰ ਤੇ ਸਾਡੇ ਪਾਪ ਆਪਣੇ ਉੱਤੇ ਲੈਣ। ਇਸੇ ਤਰ੍ਹਾਂ, ਮਸੀਹ ਦੀ ਧਾਰਮਿਕਤਾ ਵੀ ਵਿਸ਼ਵਾਸੀਆਂ ਦੇ ਖਾਤੇ ਵਿੱਚ ਪਾ ਦਿੱਤੀ ਜਾਂਦੀ ਹੈ ਕਿ ਅਸੀਂ ਨਿਆਂਈ ਪਰਮੇਸ਼ਰ ਦੇ ਸਾਹਮਣੇ ਮਸੀਹ ਦੀ ਧਾਰਮਿਕਤਾ ਤੇ ਇੱਕ ਕਾਨੂੰਨੀ ਤੌਰ ਤੇ ਦਾਅਵਾ ਕਰ ਸਕੀਏ। *ਧਰਮੀ ਠਹਿਰਾਉਣਾ* ਅਦਾਲਤ ਦਾ ਇੱਕ ਸ਼ਬਦ ਹੈ। ਇਹ ਕਾਨੂੰਨ ਦੀਆਂ ਮੰਗਾਂ ਦੇ ਅੱਗੇ ਧਰਮੀ ਠਹਿਰਾਏ ਜਾਣ ਦੀ ਗੱਲ ਕਰਦਾ ਹੈ।

ਲੂਕਾ 10:29 ਇਸ ਗੱਲ ਦਾ ਸਬੂਤ ਦਿੰਦਾ ਹੈ ਕਿ *ਧਰਮੀ ਠਹਿਰਾਉਣ* ਦਾ ਅਰਥ ਧਰਮੀ ਬਣਨ ਦੀ ਬਜਾਏ ਧਰਮੀ ਠਹਿਰਾਏ ਜਾਣਾ ਹੈ। ਇਹ ਉਹ ਘਟਨਾ ਹੈ ਜਿੱਥੇ ਬਿਵਸਥਾ ਦੇ ਇੱਕ ਸਿੱਖਿਅਕ ਨੇ ਯਿਸੂ ਨੂੰ ਸਭ ਤੋਂ ਵੱਡੇ ਹੁਕਮ ਬਾਰੇ ਪੁੱਛਿਆ ਸੀ। ਯਿਸੂ ਨੇ ਕਿਹਾ ਕਿ ਪਹਿਲਾ ਹੁਕਮ ਪਰਮੇਸ਼ਰ ਨੂੰ ਪਿਆਰ ਕਰਨਾ ਹੈ, ਅਤੇ ਦੂਜਾ ਹੁਕਮ ਆਪਣੇ ਗੁਆਂਢੀ ਨੂੰ ਪਿਆਰ ਕਰਨਾ ਹੈ। ਵਚਨ ਵਿੱਚ ਲਿਖਿਆ ਹੈ ਕਿ "ਉਸ ਨੇ ਆਪਣੇ ਆਪ ਨੂੰ ਠੀਕ ਸਿੱਧ ਕਰਨ (ਧਰਮੀ ਠਹਿਰਾਉਣ) ਦੇ ਲਈ ਯਿਸੂ ਤੋਂ ਪੁੱਛਿਆ, "ਮੇਰਾ ਗੁਆਂਢੀ ਕੌਣ ਹੈ?" ਇਸ ਆਦਮੀ ਨੇ ਜ਼ਿਆਦਾ ਧਰਮੀ ਬਣਨ ਦੀ ਇੱਛਾ ਨਾਲ ਇਹ ਨਹੀਂ ਪੁੱਛਿਆ ਸੀ। ਉਹ ਸੋਚਦਾ ਸੀ ਕਿ ਉਹ ਪਹਿਲਾਂ ਹੀ ਕਾਫ਼ੀ ਧਰਮੀ ਹੈ। ਇੱਥੇ *ਧਰਮੀ ਠਹਿਰਾਉਣ* ਦਾ ਅਰਥ ਇਹ ਹੈ ਕਿ ਉਹ ਆਦਮੀ ਆਪਣੇ ਆਪ ਨੂੰ ਸਹੀ ਸਾਬਤ ਕਰਨਾ ਚਾਹੁੰਦਾ ਸੀ। ਉਹ ਯਿਸੂ ਅੱਗੇ ਆਪਣੀ ਧਾਰਮਿਕਤਾ ਦਾ ਐਲਾਨ ਕਰਨਾ ਚਾਹੁੰਦਾ ਸੀ। ਉਸ ਦਾ ਉਦੇਸ਼ ਆਪਣੇ ਗੁਆਂਢੀਆਂ ਨੂੰ ਪਿਆਰ ਕਰਨ ਵਿੱਚ ਅਸਫਲ ਰਹਿਣ ਪ੍ਰਤੀ ਨਿਰਦੋਸ਼ ਹੋਣ ਦਾ ਇਹ ਕਹਿ ਕੇ ਦਾਅਵਾ ਕਰਨਾ ਸੀ ਕਿ ਉਹ ਜਾਣਦਾ ਨਹੀਂ ਕਿ ਉਸ ਦਾ ਗੁਆਂਢੀ ਕੌਣ ਹੈ। ਸਪੱਸ਼ਟ ਤੌਰ ਤੇ ਲੂਕਾ 10:29 ਵਿੱਚ *ਧਰਮੀ ਠਹਿਰਾਉਣ* ਦਾ ਅਰਥ ਜ਼ਿਆਦਾ ਧਰਮੀ ਹੋਣ ਦੀ ਬਜਾਏ ਧਰਮੀ ਹੋਣ ਦਾ ਐਲਾਨ ਕਰਨਾ ਹੈ। ਅੱਗੇ ਹੋਰ ਆਇਤਾਂ ਹਨ ਜਿੱਥੇ *ਸਹੀ ਸਾਬਤ* ਕਰਨਾ *ਧਰਮੀ ਠਹਿਰਾਉਣ* ਦੇ ਬਰਾਬਰ ਹੈ: ਮੱਤੀ 11:19; ਲੂਕਾ 7:35, ਅਤੇ 16:15

### 4. ਧਰਮੀ ਠਹਿਰਾਉਣ ਨਾਲ ਸੰਬੰਧਿਤ ਯੂਨਾਨੀ ਸ਼ਬਦਾਂ ਦੀ ਵਰਤੋਂ ਵੱਲ ਧਿਆਨ ਦੇਣਾ

ਧਰਮੀ ਠਹਿਰਾਉਣ ਨਾਲ ਜੁੜੇ ਯੂਨਾਨੀ ਸ਼ਬਦਾਂ ਦੀ ਵਰਤੋਂ ਨੂੰ ਧਿਆਨ ਵਿੱਚ ਰੱਖ ਕੇ, ਅਸੀਂ ਇਹ ਭਰੋਸਾ ਰੱਖ ਸਕਦੇ ਹਾਂ ਕਿ ਧਰਮੀ ਠਹਿਰਾਉਣ ਦੇ ਮਾਮਲੇ ਵਿੱਚ ਰਿਫਰਮਰਜ਼ (ਸੁਧਾਰਕਾਂ) ਦਾ ਵਿਚਾਰ ਸਹੀ ਸੀ। ਧਰਮੀ ਠਹਿਰਾਉਣਾ ਕੋਈ ਅਜਿਹੀ ਪ੍ਰਕਿਰਿਆ ਨਹੀਂ ਹੈ ਜਿਸ ਦੁਆਰਾ ਇੱਕ ਵਿਅਕਤੀ ਵੱਧ ਤੋਂ ਵੱਧ ਧਰਮੀ ਬਣ ਜਾਂਦਾ ਹੈ। ਇਹ ਇੱਕ ਅਦਾਲਤੀ ਸ਼ਬਦ ਹੈ ਜਿਸ ਦਾ ਅਰਥ ਧਰਮੀ ਠਹਿਰਾਉਣਾ, ਬਰੀ ਕਰਨਾ, ਅਤੇ ਸਹੀ ਸਾਬਤ ਕਰਨਾ ਹੈ। ਇਹ ਬਹੁਤ ਸਾਰੇ ਅਦਾਲਤੀ ਸੰਦਰਭਾਂ ਦੁਆਰਾ ਅਤੇ ਇਸ ਦੀ ਦੋਸ਼ੀ ਠਹਿਰਾਉਣ ਨਾਲ ਇਸ ਦੀ ਤੁਲਨਾ ਅਤੇ ਪਰਮੇਸ਼ਰ ਲਈ ਇਸ ਦੀ ਵਰਤੋਂ ਤੋਂ ਸਾਬਤ ਹੁੰਦਾ ਹੈ। ਧਰਮੀ ਠਹਿਰਾਉਣਾ ਨਿਰਦੋਸ਼ ਹੋਣ ਦਾ ਐਲਾਨ ਕਰਨਾ ਅਤੇ ਪਰਮੇਸ਼ਰ ਦੇ ਨਿਆਂ ਦੇ ਸਾਹਮਣੇ ਬਰੀ ਹੋਣਾ ਹੈ। ਇਹ ਇੱਕ ਸਮੇਂ ਵਿੱਚ ਕੀਤੀ ਜਾਣ ਵਾਲੀ ਇੱਕ ਘੋਸ਼ਣਾ ਹੈ; ਇਹ ਇੱਕ ਲੰਬੀ ਅਤੇ ਮੁਸ਼ਕਲ ਪ੍ਰਕਿਰਿਆ **ਨਹੀਂ** ਹੈ। ਅਗਲਾ ਮਹੱਤਵਪੂਰਣ ਸਵਾਲ ਇਸ ਦੀ ਘੋਸ਼ਣਾ ਦਾ ਸਮਾਂ ਹੈ। ਕੀ ਧਰਮੀ ਠਹਿਰਾਉਣਾ ਅਤੀਤ ਵਿੱਚ ਹੋਇਆ ਹੈ? ਕੀ ਇਹ ਅਜਿਹੀ ਗੱਲ ਹੈ ਜਿਸ ਲਈ ਭਵਿੱਖ ਦੇ ਆਖ਼ਰੀ ਨਿਆਂ ਦੀ ਉਡੀਕ ਕਰਨੀ ਚਾਹੀਦੀ ਹੈ?

## B. ਧਰਮੀ ਠਹਿਰਾਏ ਜਾਣ ਦਾ ਸਮਾਂ: ਅਤੀਤ ਜਾਂ ਭਵਿੱਖ?

ਕੀ ਪਰਮੇਸ਼ਰ ਦੇ ਨਿਆਂ ਦੇ ਸਾਹਮਣੇ ਕਿਸੇ ਵਿਅਕਤੀ ਨੂੰ ਬਰੀ ਕਰਨਾ ਇਸ ਜੀਵਨ ਵਿੱਚ ਹੁੰਦਾ ਹੈ, ਜਾਂ ਕੀ ਇਹ ਭਵਿੱਖ ਵਿੱਚ ਹੁੰਦਾ ਹੈ ਜਿੱਥੇ ਸਿਰਫ਼ ਉਹਨਾਂ ਨੂੰ ਧਰਮੀ ਠਹਿਰਾਇਆ ਜਾਂਦਾ ਹੈ ਜਿਹੜੇ ਲਗਾਤਾਰ ਇਸ ਪ੍ਰਕਿਰਿਆ ਵਿੱਚ ਬਣੇ ਰਹਿੰਦੇ ਹਨ? ਕੀ ਧਰਮੀ ਠਹਿਰਣਾ ਇੱਕ ਵਿਸ਼ਵਾਸੀ ਲਈ ਪ੍ਰਾਪਤ ਕੀਤਾ ਗਿਆ ਮੁਕੰਮਲ ਤੱਥ ਹੈ, ਜਾਂ ਕੀ ਇਹ ਸਿਰਫ਼ ਭਵਿੱਖ ਦਾ ਟੀਚਾ ਅਤੇ ਉਮੀਦ ਹੈ?

### 1. ਧਰਮੀ ਠਹਿਰਾਉਣ ਦੇ ਸਮੇਂ ਦੇ ਪਿਛੋਕੜ ਵਜੋਂ ਮੁਕਤੀ ਦਾ ਸਮਾਂ

ਧਰਮੀ ਠਹਿਰਾਏ ਜਾਣ ਦੇ ਸਮੇਂ ਨੂੰ ਨਿਰਧਾਰਿਤ ਕਰਨ ਵਿੱਚ ਮੁਕਤੀ ਦੇ ਸਮੇਂ ਦੀ ਜਾਂਚ ਕਰਨਾ ਮਦਦਗਾਰ ਹੋਵੇਗਾ। ਕਈ ਮੁੱਖ ਆਇਤਾਂ ਪਾਪ ਦੀ ਸਜ਼ਾ ਤੋਂ ਇੱਕ ਵਿਸ਼ਵਾਸੀ ਦੀ ਮੁਕਤੀ ਦੇ ਸਮੇਂ ਨੂੰ ਅਤੀਤ ਵਿੱਚ ਦਰਸਾਉਂਦੀਆਂ ਹਨ। ਇੱਕ ਤਰਕ ਕੀਤਾ ਜਾ ਸਕਦਾ ਹੈ ਕਿ ਇਹ ਆਇਤਾਂ ਬਾਈਬਲ ਦੀਆਂ ਸਭ ਤੋਂ ਮਹੱਤਵਪੂਰਣ ਆਇਤਾਂ ਵਿੱਚੋਂ ਹਨ।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ। ਉਹ ਦੋਸ਼ੀ ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ **ਪ੍ਰਵੇਸ਼**

**ਕਰ ਚੁੱਕਾ [ਅਤੀਤ] ਹੈ**। " [ਯੂਹੰਨਾ 5:24]

ਇਹ ਕਥਨ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਜੋ ਵਿਸ਼ਵਾਸ ਕਰਦਾ ਹੈ ਉਹ ਪਹਿਲਾਂ ਹੀ ਅਨੰਤ ਜੀਵਨ ਪ੍ਰਾਪਤ ਕਰ ਚੁੱਕਾ ਹੈ। ਉਸ ਦਾ ਮੌਤ ਤੋਂ ਜੀਵਨ ਵਿੱਚ ਆਉਣਾ ਇੱਕ **ਅਤੀਤ** ਦੀ ਘਟਨਾ ਹੈ ਜਿਸ ਦੇ ਨਤੀਜੇ ਉਸ ਦੇ ਵਰਤਮਾਨ ਜੀਵਨ ਵਿੱਚ ਜਾਰੀ ਰਹਿੰਦੇ ਹਨ।

> ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮੁਕਤੀ **ਪ੍ਰਾਪਤ ਕੀਤੀ ਹੈ**...ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ। [ਅਫ਼ਸੀ 2:8-9]

ਅਫ਼ਸੀ 2:8 ਵਿੱਚ ਅਜਿਹਾ ਵਾਕ ਹੈ ਜਿਸ ਵਿੱਚ ਵਰਤਮਾਨ ਕਾਲ ਕਿਰਿਆ ਅਤੇ ਇੱਕ ਅਤੀਤ ਕ੍ਰਿਦੰਤ ਹੈ। ਇਸ ਦਾ ਨਤੀਜਾ ਅਜਿਹੀ ਸਿੱਖਿਆ ਹੈ ਕਿ ਇੱਕ ਵਿਸ਼ਵਾਸੀ ਪਹਿਲਾਂ ਹੀ ਮੁਕਤੀ ਪਾ ਚੁੱਕਿਆ ਹੈ ਅਤੇ ਉਹ ਮੁਕਤੀ ਦੀ ਇੱਕ ਨਿਰੰਤਰ ਅਤੇ ਸਥਾਈ ਸਥਿਤੀ ਵਿੱਚ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਅਫ਼ਸੀ 2:8-9 ਮਸੀਹੀਆਂ ਵਿੱਚ ਸਭ ਤੋਂ ਵੱਧ ਪਿਆਰੀ ਆਇਤ ਹੈ।

> ਉਹਨਾਂ ਨੇ ਸਾਨੂੰ **ਮੁਕਤੀ ਦਿੱਤੀ**। ਇਹ ਸਾਡੇ ਨੇਕ ਕੰਮਾਂ ਦੇ ਕਾਰਨ ਨਹੀਂ ਸੀ ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹਨ…[ਤੀਤੁਸ 3:5]

ਤੀਤੁਸ 3:5 ਮੁਕਤੀ ਦੀ ਇੱਕ ਅਤੀਤ ਦੀ ਘਟਨਾ ਦੇ ਰੂਪ ਵਿੱਚ ਚਰਚਾ ਕਰਦਾ ਹੈ। ਇੱਕ ਵਿਸ਼ਵਾਸੀ ਦੇ ਲਈ ਮੁਕਤੀ ਭਵਿੱਖ ਦੀ ਉਮੀਦ ਨਹੀਂ, ਪਰ ਪ੍ਰਾਪਤ ਕੀਤੀ ਗਈ ਅਸਲੀਅਤ ਹੈ। ਇਸ ਵਿੱਚ 1 ਯੂਹੰਨਾ 5:4 ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਸਿਖਾਉਂਦਾ ਹੈ ਕਿ ਵਿਸ਼ਵਾਸ ਉਹ ਜਿੱਤ ਹੈ ਜਿਸ ਨੇ ਸੰਸਾਰ ਉੱਤੇ "**ਜਿੱਤ ਪ੍ਰਾਪਤ**" ਕੀਤੀ ਹੈ।

ਇੱਥੋਂ ਤੱਕ ਕਿ ਉਹ ਆਇਤਾਂ ਜੋ ਅਨੰਤ ਜੀਵਨ ਅਤੇ ਮੁਕਤੀ ਲਈ ਵਰਤਮਾਨ ਸਮੇਂ ਦੀ ਵਰਤੋਂ ਕਰਦੀਆਂ ਹਨ, ਉਹ ਅਜੇ ਵੀ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਇੱਕ ਵਿਸ਼ਵਾਸੀ ਲਈ ਮੁਕਤੀ ਇੱਕ ਪੂਰੀ ਕੀਤੀ ਗਈ ਘਟਨਾ ਹੈ (ਜਿਵੇਂ ਕਿ, ਯੂਹੰਨਾ 3:16,18, 36; 5:24 ਵਿੱਚ "ਅਨੰਤ ਜੀਵਨ ਉਸਦਾ ਹੈ"; 6:40, 47, ਆਦਿ)।

ਇਹ ਇਸ ਲਈ ਸੱਚ ਹੈ ਕਿਉਂਕਿ ਜੇਕਰ ਇੱਕ ਵਿਅਕਤੀ ਦੇ ਕੋਲ ਵਰਤਮਾਨ ਵਿੱਚ ਅਨੰਤ ਜੀਵਨ ਹੈ, ਤਾਂ ਇਸ ਦਾ ਅਰਥ ਹੈ ਕਿ ਉਹ ਪਹਿਲਾਂ ਹੀ ਕਿਸੇ ਸਮੇਂ ਬਚਾਇਆ ਜਾ ਚੁੱਕਾ ਹੈ। ਇਹ ਮੰਨਣਾ ਵੀ ਸਹੀ ਤਰਕ ਹੈ ਕਿ ਜੇਕਰ ਵਰਤਮਾਨ ਸਮੇਂ ਵਿੱਚ ਇੱਕ ਵਿਅਕਤੀ ਕੋਲ ਅਨੰਤ ਜੀਵਨ ਹੈ ਤਾਂ ਉਹ ਇਸ ਨੂੰ ਗੁਆ ਨਹੀਂ ਸਕਦਾ ਹੈ। ਜੇਕਰ ਇੱਕ ਵਿਅਕਤੀ ਅਨੰਤ ਜੀਵਨ ਗੁਆ ਸਕਦਾ ਹੈ ਤਾਂ ਪਰਿਭਾਸ਼ਾ ਦੇ ਅਨੁਸਾਰ, ਉਸ ਕੋਲ ਕਦੇ ਉਹ ਜੀਵਨ ਨਹੀਂ ਸੀ ਜੋ ਸੱਚਮੁੱਚ ਅਨੰਤ ਸੀ। ਇਸ ਲਈ, ਜੇਕਰ ਮਸੀਹ ਦਾ ਇਹ ਸਿਖਾਇਆ ਹੈ ਕਿ ਉਹਨਾਂ ਵਿੱਚ ਇੱਕ ਵਿਸ਼ਵਾਸੀ ਦੇ ਕੋਲ ਪਹਿਲਾਂ ਹੀ ਅਨੰਤ ਜੀਵਨ ਹੈ, ਤਾਂ ਇਸ ਦਾ ਅਰਥ ਹੈ ਕਿ ਇੱਕ ਵਿਅਕਤੀ ਦੇ ਲਈ ਮੁਕਤੀ ਅਤੀਤ ਦੀ ਘਟਨਾ ਹੈ। ਇਸ ਲਈ, 1 ਯੂਹੰਨਾ 5:12-13 ਭਰੋਸਾ ਦਿਵਾਉਂਦਾ ਹੈ ਕਿ ਵਿਸ਼ਵਾਸੀ ਇਹ ਜਾਣ ਸਕਦੇ ਹਨ ਕਿ ਉਹਨਾਂ ਕੋਲ ਅਨੰਤ ਜੀਵਨ ਹੈ।

ਮੁਕਤੀ ਦੇ ਸਮੇਂ ਬਾਰੇ ਇਹ ਸੱਚਾਈਆਂ ਧਰਮੀ ਠਹਿਰਾਏ ਜਾਣ ਦੇ ਸਮੇਂ ਦੇ ਵਿਸ਼ੇ ਨਾਲ ਸੰਬੰਧਿਤ ਹਨ। ਇਹ ਸਮਝ ਤੋਂ ਬਾਹਰ ਹੈ ਕਿ ਇੱਕ ਵਿਅਕਤੀ ਧਰਮੀ ਠਹਿਰਾਏ ਜਾਣ ਤੋਂ ਬਿਨਾਂ ਪਹਿਲਾਂ ਹੀ ਮੁਕਤੀ ਅਤੇ ਅਨੰਤ ਜੀਵਨ ਪਾ ਚੁੱਕਾ ਹੈ। ਇਹ ਸਮਝ ਤੋਂ ਬਾਹਰ ਹੈ ਕਿ ਇੱਕ ਵਿਅਕਤੀ ਕੋਲ ਪਹਿਲਾਂ ਹੀ ਵਿਸ਼ਵਾਸ ਤੇ ਆਧਾਰਿਤ ਮੁਕਤੀ ਤਾਂ ਹੈ, ਪਰ ਉਸ ਨੂੰ ਵਿਸ਼ਵਾਸ ਦੇ ਆਧਾਰ ਉੱਤੇ ਧਰਮੀ ਨਹੀਂ ਠਹਿਰਾਇਆ ਜਾ ਸਕਦਾ ਹੈ। ਇਸ ਲਈ, ਜਦੋਂ ਕੋਈ ਵਿਅਕਤੀ ਉਹਨਾਂ ਵਚਨਾਂ ਨੂੰ ਦੇਖਦਾ ਹੈ ਜੋ ਧਰਮੀ ਠਹਿਰਾਉਣ ਦੇ ਸਮੇਂ ਨਾਲ ਸੰਬੰਧਿਤ ਹਨ, ਤਾਂ ਉਹਨਾਂ ਵਿੱਚ ਇਹ ਉਮੀਦ ਹੋਣੀ ਚਾਹੀਦੀ ਹੈ ਕਿ ਧਰਮੀ ਠਹਿਰਣਾ ਇੱਕ ਮਸੀਹੀ ਦੁਆਰਾ ਪ੍ਰਾਪਤ ਕੀਤੀ ਗਈ ਅਸਲੀਅਤ ਹੈ। (ਇਹ ਨਿਆਂ ਦੇ ਦਿਨ ਧਾਰਮਿਕਤਾ ਦੇ ਐਲਾਨ ਦੀ ਭਵਿੱਖ ਦੀ ਪੁਸ਼ਟੀ ਨੂੰ ਰੱਦ ਨਹੀਂ ਕਰਦਾ ਹੈ, ਜਿਵੇਂ ਕਿ, ਮੱਤੀ 12:36-37)

### 2. ਭੂਤਕਾਲ ਵਿੱਚ *ਧਰਮੀ ਠਹਿਰਾਉਣ* ਲਈ ਕਿਰਿਆ ਰੂਪ ਵਰਤੋਂ

ਧਰਮੀ ਠਹਿਰਾਉਣ ਦੇ ਕਿਰਿਆ ਰੂਪ (*ਡਿਕਾਈਓ*) ਜੋ ਭੂਤਕਾਲ ਵਿੱਚ ਹਨ, ਇਸ ਗੱਲ ਦੀ ਮਜ਼ਬੂਤੀ ਨਾਲ ਪੁਸ਼ਟੀ ਕਰਦੇ ਹਨ ਕਿ ਵਿਸ਼ਵਾਸੀਆਂ ਦਾ ਧਰਮੀ ਠਹਿਰਾਇਆ ਜਾਣਾ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ। ਇਹ ਕਿਸੇ ਲੰਬੀ ਪ੍ਰਕਿਰਿਆ ਦਾ ਆਖ਼ਰੀ ਪੜਾਅ ਨਹੀਂ ਹੈ।

**a. 1 ਕੁਰਿੰਥ 6:11**

> ਤੁਹਾਡੇ ਵਿੱਚੋਂ ਕੁਝ ਇਹੋ ਜਿਹੇ ਸਨ। ਪਰ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਸਾਡੇ ਪਰਮੇਸ਼ਰ ਦੇ ਆਤਮਾ ਦੁਆਰਾ ਧੋਤੇ ਗਏ ਹੋ ਅਤੇ ਪਵਿੱਤਰ ਕੀਤੇ ਗਏ ਹੋ ਅਤੇ ਪਰਮੇਸ਼ਰ ਸਾਹਮਣੇ **ਧਰਮੀ ਠਹਿਰਾਏ ਗਏ ਹੋ** [1 ਕੁਰਿੰਥ 6:11]

ਪੌਲੁਸ ਨੇ ਕੁਰਿੰਥੀਆਂ ਦੇ ਇੱਕ ਗ਼ੈਰ-ਆਤਮਿਕ ਸਮੂਹ ਨੂੰ ਇਹ ਸਿਖਾਇਆ ਕਿ ਉਹ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਹਨ। ਧਾਰਮਿਕਤਾ ਦਾ ਇਹ ਐਲਾਨ ਜੀਵਨ ਦੇ ਅੰਤ ਵਿੱਚ ਕੀਤੇ ਜਾਣ ਵਾਲੇ ਕਿਸੇ ਭਵਿੱਖ ਦੇ ਮੁਲਾਂਕਣ ਦੀ ਉਡੀਕ ਨਹੀਂ ਕਰਦਾ ਹੈ। ਕੁਰਿੰਥੀਆਂ ਦੇ ਲੋਕ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਸਨ।

ਕੁਝ ਲੋਕ ਇਹ ਦਾਅਵਾ ਕਰਕੇ ਇਸ ਆਇਤ ਦੀ ਸਿੱਖਿਆ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਸਕਦੇ ਹਨ ਕਿ ਧਰਮੀ ਠਹਿਰਾਏ ਜਾਣਾ ਘੋਸ਼ਣਾ ਦੀ ਬਜਾਏ ਜ਼ਿਆਦਾ ਧਰਮੀ ਬਣਾਏ ਜਾਣ ਨੂੰ ਦਰਸਾਉਂਦਾ ਹੈ।

ਪਰ, ਨਵਾਂ ਨੇਮ ਧਰਮੀ ਠਹਿਰਾਉਣ ਦੀ ਕਿਰਿਆ ਦੀ ਅਜਿਹੀ ਪਰਿਭਾਸ਼ਾ ਨੂੰ ਸਪੱਸ਼ਟ ਤੌਰ ਤੇ ਸਥਾਪਿਤ ਨਹੀਂ ਕਰਦਾ ਹੈ। ਨਵੇਂ ਨੇਮ ਵਿੱਚ ਧਰਮੀ ਠਹਿਰਾਉਣ ਦੀ ਵਰਤੋਂ ਇਸ ਵਿਚਾਰ ਵੱਲ ਲੈ ਜਾਂਦੀ ਹੈ ਕਿ ਇਸ ਦਾ ਅਰਥ "ਧਰਮੀ ਬਣਨ" ਦੀ ਬਜਾਏ "ਧਰਮੀ ਠਹਿਰਾਉਣ ਦਾ ਐਲਾਨ" ਹੈ। ਉਹ ਦੋ ਸੰਦਰਭ ਜੋ "ਧਰਮੀ ਬਣਨ" ਦੀ ਵਿਆਖਿਆ ਦੀ ਆਗਿਆ ਦੇ ਸਕਦੇ ਹਨ (ਰੋਮੀ 6:7 ਅਤੇ ਪ੍ਰਕਾਸ਼ 22:11), ਉਹਨਾਂ ਦੀ ਵਿਆਖਿਆ "ਬਰੀ ਕੀਤੇ ਜਾਣ" ਅਤੇ "ਧਰਮੀ ਠਹਿਰਾਉਣ" ਵਜੋਂ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, 1 ਕੁਰਿੰਥ 6:11 ਦੇ ਸੰਦਰਭ ਵਿੱਚ *ਧੋਤੇ ਗਏ* ਅਤੇ *ਪਵਿੱਤਰ ਕੀਤੇ ਗਏ* ਸ਼ਬਦਾਂ ਦੇ ਕਾਰਨ ਇਸ ਦਾ "ਜ਼ਿਆਦਾ ਧਰਮੀ ਬਣਨ" ਦਾ ਅਰਥ ਬੇਲੋੜਾ ਹੋ ਜਾਂਦਾ ਹੈ। ਇਸ ਵਿੱਚ *ਧਰਮੀ ਠਹਿਰਾਉਣ* ਲਈ ਪੌਲੁਸ ਦੀ ਪਰਿਭਾਸ਼ਾ ਨੂੰ ਬਦਲਣ ਦਾ ਕੋਈ ਆਧਾਰ ਨਹੀਂ ਹੈ।

**b. ਤੀਤੁਸ 3:7**

> ਇਸ ਤਰ੍ਹਾਂ ਉਹਨਾਂ ਨੇ ਆਪਣੀ ਕਿਰਪਾ ਦੁਆਰਾ ਸਾਡੇ ਪਰਮੇਸ਼ਰ ਦੇ ਨਾਲ **ਨੇਕ ਸੰਬੰਧ ਕਾਇਮ ਕੀਤਾ** ਤਾਂ ਜੋ ਅਸੀਂ ਅਨੰਤ ਜੀਵਨ ਦੀ ਆਸ ਦੇ ਅਨੁਸਾਰ ਵਾਰਿਸ ਬਣ ਜਾਈਏ [ਤੀਤੁਸ 3:7]

ਕਿਉਂਕਿ ਬਾਈਬਲ ਇਹ ਸਿਖਾਉਂਦੀ ਹੈ ਕਿ ਵਿਸ਼ਵਾਸੀ ਪਹਿਲਾਂ ਹੀ ਅਨੰਤ ਜੀਵਨ ਦੀ ਉਮੀਦ ਦੇ ਵਾਰਿਸ ਹਨ (ਰੋਮੀ 8:16-17; ਗਲਾਤੀ 4:7), ਤਾਂ ਤੀਤੁਸ 3:7 ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਅਸੀਂ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਹਾਂ। ਵਿਸ਼ਵਾਸੀ ਅਤੀਤ ਵਿੱਚ ਵਾਰਿਸ ਬਣ ਗਏ ਸਨ ਅਤੇ ਧਰਮੀ ਠਹਿਰਾਇਆ ਜਾਣਾ ਇਸ ਤੋਂ ਪਹਿਲਾਂ ਹੋਇਆ ਹੈ।

**c. ਰੋਮੀ 5:1, 9**

> ਵਿਸ਼ਵਾਸ ਦੇ ਦੁਆਰਾ ਅਸੀਂ ਪਰਮੇਸ਼ਰ ਦੇ ਨਾਲ **ਨੇਕ ਠਹਿਰਾਏ ਗਏ ਹਾਂ** ਇਸ ਲਈ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ਰ ਦੇ ਨਾਲ ਸਦਾ ਮੇਲ ਹੋ ਗਿਆ ਹੈ....ਹੁਣ ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ **ਨੇਕ ਠਹਿਰਾਏ ਗਏ ਹਾਂ**, ਇਸ ਤੋਂ ਵੱਧ ਕੇ ਅਸੀਂ ਮਸੀਹ ਦੁਆਰਾ ਹੀ ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਂਗੇ। [ਰੋਮੀ 5:1, 9]

ਰੋਮੀ 5:1 ਅਤੇ 9 ਦੋਵੇਂ ਆਇਤਾਂ ਅਤੀਤ ਦੀ ਗੱਲ ਕਰਦੀਆਂ ਹਨ। ਇਹ ਪ੍ਰਮੁੱਖ ਕਿਰਿਆ ਦੇ ਸਮੇਂ ਤੋਂ ਪਹਿਲਾਂ ਦੇ ਸਮੇਂ ਨੂੰ ਦਰਸਾਉਂਦੀਆਂ ਹਨ। ਇਸ ਬਾਰੇ ਹੱਥ-ਲਿਖਤਾਂ ਵੱਖਰੀਆਂ ਹਨ ਕਿ ਰੋਮੀ 5:1 ਵਿੱਚ ਮੇਲ ਹੋ ਗਿਆ ਹੈ ਜਾਂ ਮੇਲ ਰੱਖਣ ਦੀ ਗੱਲ ਕੀਤੀ ਗਈ ਹੈ, ਪਰ ਕਿਸੇ ਵੀ ਤਰੀਕੇ ਨਾਲ ਵਾਕ ਵਰਤਮਾਨ ਹੈ। ਰੋਮ ਦੇ ਲੋਕਾਂ ਦਾ ਜਾਂ ਤਾਂ ਵਰਤਮਾਨ ਵਿੱਚ ਪਰਮੇਸ਼ਰ ਨਾਲ ਮੇਲ ਹੋਇਆ ਸੀ ਅਤੇ ਜਾਂ ਵਰਤਮਾਨ ਵਿੱਚ ਪਰਮੇਸ਼ਰ ਨਾਲ ਮੇਲ ਹੋਣਾ ਚਾਹੀਦਾ ਹੈ ਅਤੇ ਵਰਤਮਾਨ ਤੋਂ ਪਹਿਲਾਂ ਹੀ ਧਰਮੀ ਠਹਿਰਾਇਆ ਗਿਆ ਹੈ। ਰੋਮ ਦੇ ਲੋਕ ਪਹਿਲਾਂ ਹੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾ ਚੁੱਕੇ ਸਨ। ਧਰਮੀ ਠਹਿਰਾਏ ਜਾਣ ਦਾ ਐਲਾਨ ਪਹਿਲਾਂ ਹੀ ਹੋ ਚੁੱਕਾ ਹੈ ਅਤੇ ਇਸ ਲਈ ਭਵਿੱਖ ਦੇ ਨਿਆਂ ਉਡੀਕ ਨਹੀਂ ਕਰਨੀ ਸੀ। ਇਸ ਸਿੱਟੇ ਨੂੰ ਆਇਤ 9 ਵਿੱਚ *ਹੁਣ* ਸ਼ਬਦ ਨਾਲ ਮਜ਼ਬੂਤੀ ਮਿਲਦੀ ਹੈ। ਪਹਿਲੀ ਆਇਤ ਦਾ *ਇਸ ਲਈ* ਰੋਮੀਆਂ 4 ਵੱਲ ਇਸ਼ਾਰਾ ਕਰਦਾ ਹੈ, ਜੋ ਸਿਖਾਉਂਦਾ ਹੈ ਕਿ ਇੱਕ ਵਿਸ਼ਵਾਸੀ ਪਹਿਲਾਂ ਹੀ ਧਰਮੀ ਠਹਿਰਾਇਆ ਗਿਆ ਹੈ।

**d. ਰੋਮੀ 6:7**

> ਕਿਉਂਕਿ ਜਿਹੜਾ ਮਰ ਗਿਆ ਉਹ ਪਾਪ ਦੀ ਅਧੀਨਗੀ ਤੋਂ ਮੁਕਤ ਕੀਤਾ [ਧਰਮੀ ਠਹਿਰਾਇਆ] ਗਿਆ ਹੈ [ਰੋਮੀ 6:7]

ਆਪਣੇ ਸੰਦਰਭ ਦੇ ਵਿੱਚ, ਰੋਮੀ 6:7 ਉਹਨਾਂ ਸਰੋਤਾਂ ਦੀ ਗੱਲ ਕਰ ਰਿਹਾ ਹੈ ਜੋ ਇੱਕ ਵਿਸ਼ਵਾਸੀ ਕੋਲ ਪਾਪ ਉੱਤੇ ਜਿੱਤ ਪ੍ਰਾਪਤ ਕਰਨ ਦੇ ਲਈ ਹਨ। ਰੋਮੀ 6:7 ਸ਼ਾਬਦਿਕ ਤੌਰ ਤੇ ਕਹਿੰਦਾ ਹੈ ਕਿ, "ਜੋ ਮਰ ਜਾਂਦਾ ਹੈ ਉਹ ਪਾਪ ਤੋ ਧਰਮੀ ਠਹਿਰਾਇਆ ਜਾਂਦਾ ਹੈ।" ਇਸ ਸੰਦਰਭ ਵਿੱਚ, ਧਰਮੀ ਠਹਿਰਾਏ ਜਾਣ ਦੀ ਇੱਕ ਨਵੀਂ ਪਰਿਭਾਸ਼ਾ ਦੇਖਣ ਦੀ ਕੋਈ ਲੋੜ ਨਹੀਂ ਹੈ। ਪੌਲੁਸ ਇਹ ਗੱਲ ਕਰ ਰਿਹਾ ਹੈ ਕਿ ਜੋ ਮਸੀਹ ਦੇ ਨਾਲ ਮਰ ਗਏ ਹੈ, ਉਹ ਧਰਮੀ ਠਹਿਰਾਇਆ ਗਿਆ, ਬਰੀ ਹੋਇਆ, ਅਤੇ ਪਾਪ ਦੇ ਸਾਰੇ ਦੋਸ਼ਾਂ ਤੋਂ ਮੁਕਤ ਹੋਇਆ ਹੈ। ਅਜਿਹਾ ਕਹਿਣ ਦੇ ਕਾਰਨ ਦਾ ਸੰਦਰਭ ਇਹ ਹੈ ਕਿ ਪਾਪ ਦੇ ਦੋਸ਼ਾਂ ਤੋਂ ਅਜਿਹੀ ਮੁਕਤੀ ਦਾ ਸੰਕੇਤ ਪਾਪ ਦੀ ਸ਼ਕਤੀ ਤੋਂ ਮੁਕਤੀ ਵੀ ਹੈ। ਅਦਾਲਤ ਦੀ ਤਸਵੀਰ ਅਜੇ ਵੀ ਉਚਿਤ ਹੈ। ਕਿਉਂਕਿ ਵਿਸ਼ਵਾਸੀ ਨੂੰ ਕਾਨੂੰਨੀ ਤੌਰ ਤੇ ਪਾਪ ਦੇ ਦੋਸ਼ਾਂ ਤੋਂ ਮੁਕਤ ਕੀਤਾ ਗਿਆ ਹੈ, ਇਸ ਲਈ ਉਸ ਦੇ ਜੀਵਨ ਉੱਤੇ ਪਾਪ ਦਾ ਕੋਈ ਜ਼ੋਰ ਅਤੇ ਅਟੱਲ ਪ੍ਰਭਾਵ ਨਹੀਂ ਹੈ। ਇੱਕ ਵਿਸ਼ਵਾਸੀ ਲਈ ਬਰੀ ਹੋਣ ਦਾ ਫ਼ੈਸਲਾ (ਧਰਮੀ ਠਹਿਰਾਉਣਾ) ਉਸ ਨੂੰ ਪਾਪ ਦੇ ਜ਼ੋਰ (ਸਜ਼ਾ ਜਾਂ ਸ਼ਕਤੀ) ਤੋਂ ਆਜ਼ਾਦੀ ਵੱਲ ਲੈ ਗਿਆ ਹੈ।

ਇਸ ਸੰਦਰਭ ਦੇ ਕਾਰਨ, ਅਨੁਵਾਦਕ ਆਮ ਤੌਰ ਤੇ "ਧਰਮੀ ਠਹਿਰਾਇਆ ਗਿਆ" ਦਾ ਅਨੁਵਾਦ "ਮੁਕਤ ਕੀਤਾ ਗਿਆ" ਵਜੋਂ ਕਰਦੇ ਹਨ। ਇਸ ਵਿੱਚ ਕੋਈ ਖਰਾਬੀ ਨਹੀਂ ਹੈ। ਇੱਕ ਵਿਸ਼ਵਾਸੀ ਦਾ ਧਰਮੀ ਠਹਿਰਣਾ, ਬਰੀ ਹੋਣਾ ਜਾਂ ਪਾਪ ਦੇ ਦੋਸ਼ ਤੋਂ ਮੁਕਤੀ ਹੀ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਪਾਪ ਦਾ ਉਸ ਉੱਤੇ ਕੋਈ ਕਾਬੂ ਨਹੀਂ ਰਿਹਾ ਹੈ। ਹਾਲਾਂਕਿ ਰੋਮੀ 6:7 ਆਪਣੇ ਸੰਦਰਭ ਵਿੱਚ ਧਰਮੀ ਠਹਿਰਾਏ ਜਾਣ ਦੀ ਉਸ ਖ਼ਾਸ ਬਰਕਤ ਉੱਤੇ ਜ਼ੋਰ ਦਿੰਦਾ ਹੈ ਜਿਸ ਵਿੱਚ ਪਾਪ ਦੀ ਸਜ਼ਾ ਅਤੇ ਸ਼ਕਤੀ ਤੋਂ ਮੁਕਤੀ ਮਿਲਦੀ ਹੈ, ਫਿਰ ਵੀ ਇੱਕ ਵਿਅਕਤੀ ਨੂੰ ਇਹ ਸਮਝਣਾ ਹੋਵੇਗਾ ਕਿ ਮੂਲ ਸ਼ਬਦ ਦਾ ਅਰਥ "**ਧਰਮੀ ਠਹਿਰਾਇਆ ਗਿਆ**" ਹੈ। ਇਸ ਤੋਂ ਇਲਾਵਾ, ਵਾਕ ਇਹ ਸਿਖਾਉਂਦਾ ਹੈ ਕਿ **ਧਰਮੀ ਠਹਿਰਣਾ ਪਹਿਲਾਂ ਹੀ ਹੋ ਚੁੱਕਾ ਹੈ** ਜਿਸ ਦੇ ਨਤੀਜੇ ਨਿਰੰਤਰ ਜਾਰੀ

ਹਨ। ਧਰਮੀ ਠਹਿਰਾਉਣਾ ਇੱਕ ਅਜਿਹਾ ਐਲਾਨ ਨਹੀਂ ਹੈ ਜੋ ਜੀਵਨ ਦੇ ਅੰਤ ਦੀ ਉਡੀਕ ਕਰਦਾ ਹੈ। ਇਹ ਹਰ ਵਿਸ਼ਵਾਸੀ ਦੇ ਜੀਵਨ ਵਿੱਚ ਪਹਿਲਾਂ ਹੀ ਹੋ ਚੁੱਕਾ ਹੈ।

**e. ਰੋਮੀ 8:30**

> ਅਤੇ ਜਿਹਨਾਂ ਨੂੰ ਪਰਮੇਸ਼ਰ ਨੇ ਪਹਿਲਾਂ ਹੀ ਚੁਣ ਲਿਆ ਹੈ, ਉਹਨਾਂ ਨੂੰ ਸੱਦਿਆ। ਫਿਰ ਜਿਹਨਾਂ ਨੂੰ ਪਰਮੇਸ਼ਰ ਨੇ ਸੱਦਿਆ, ਉਹਨਾਂ ਨੂੰ ਆਪਣੇ ਸਾਹਮਣੇ **ਨੇਕ ਠਹਿਰਾਇਆ** ਅਤੇ ਉਹਨਾਂ ਨੂੰ ਆਪਣੀ ਮਹਿਮਾ ਦੇ ਹਿੱਸੇਦਾਰ ਵੀ ਬਣਾਇਆ [ਰੋਮੀ 8:30]

ਜੇਕਰ ਇਸ ਵਚਨ ਨੂੰ ਸਿਰਫ਼ ਪਰਮੇਸ਼ਰ ਦੇ ਸਦੀਪਕ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ, ਤਾਂ ਰੋਮੀ 8:30 ਦਾ ਧਰਮੀ ਠਹਿਰਾਏ ਜਾਣ ਦਾ ਅਤੀਤ, ਇੱਕ ਵਿਅਕਤੀ ਦੇ ਜੀਵਨ ਵਿੱਚ ਧਰਮੀ ਠਹਿਰਾਉਣ ਦੇ ਸਮੇਂ ਬਾਰੇ ਜ਼ਿਆਦਾ ਕੁਝ ਨਹੀਂ ਸਿਖਾਵੇਗਾ। ਪਰਮੇਸ਼ਰ ਦੇ ਸਦੀਪਕ ਦ੍ਰਿਸ਼ਟੀਕੋਣ ਤੋਂ, ਧਰਮੀ ਠਹਿਰਾਇਆ ਜਾਣਾ ਸੰਸਾਰ ਦੀ ਸਿਰਜਣਾ ਤੋਂ ਪਹਿਲਾਂ ਹੋਇਆ ਸੀ, ਅਤੇ ਰੋਮੀ 8:30 ਇੱਕ ਕਾਲਕ੍ਰਮ ਦੀ ਬਜਾਏ ਤਰਕਪੂਰਨ ਕ੍ਰਮ ਦੇ ਰਿਹਾ ਹੈ।

ਫਿਰ ਵੀ, ਰੋਮੀ 8:30 ਦਾ ਉਦੇਸ਼ ਸ਼ਾਇਦ ਚੁਣਨ, ਸੱਦਣ, ਧਰਮੀ ਠਹਿਰਾਉਣ, ਅਤੇ ਮਹਿਮਾ ਦੇ ਸਮੇਂ ਬਾਰੇ ਕੁਝ ਕਹਿਣਾ ਵੀ ਹੋ ਸਕਦਾ ਹੈ। ਇਹ ਇਹਨਾਂ ਕੰਮਾਂ ਦਾ ਕ੍ਰਮ ਇਸ ਤਰ੍ਹਾਂ ਦੇ ਰਿਹਾ ਹੈ ਜਿਵੇਂ ਇਹ ਮਨੁੱਖੀ ਸਮੇਂ ਵਿੱਚ ਕੰਮ ਕਰਦੇ ਹਨ (ਜਿਵੇਂ ਕਿ., ਸਦੀਪਕ ਅਤੀਤ ਵਿੱਚ ਚੋਣ, ਫਿਰ ਸੱਦਾ ਦੇਣਾ, ਫਿਰ ਧਰਮੀ ਠਹਿਰਾਉਣਾ, ਅਤੇ ਅੰਤ ਵਿੱਚ ਮਹਿਮਾ)। ਇਸ ਤੋਂ ਇਲਾਵਾ, ਅਗਲੀਆਂ ਆਇਤਾਂ ਵਿੱਚ ਇਹਨਾਂ ਸੱਚਾਈਆਂ ਦੀ ਵਰਤੋਂ (ਰੋਮੀ 8:31-39), ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਰੋਮ ਦੀ ਕਲੀਸਿਯਾ ਦੇ ਲੋਕਾਂ ਨੂੰ ਪਹਿਲਾਂ ਹੀ ਧਰਮੀ ਠਹਿਰਾਇਆ ਗਿਆ ਸੀ। ਆਇਤ 34 ਇਹ ਸਿਖਾਉਂਦੀ ਹੈ ਕਿ ਮਸੀਹ ਇਸ ਵੇਲੇ ਪਰਮੇਸ਼ਰ ਦੇ ਸੱਜੇ ਹੱਥ ਹਨ ਅਤੇ ਸਾਡੇ ਲਈ ਸਿਫ਼ਾਰਸ਼ ਕਰ ਰਹੇ ਹਨ। ਮਸੀਹ ਦੀ ਇਸ ਵਰਤਮਾਨ ਸੇਵਕਾਈ ਰੋਮ ਦੀ ਕਲੀਸਿਯਾ ਦੇ ਲੋਕਾਂ ਨੂੰ ਪਾਪ ਦੇ ਸਾਰੇ ਦੋਸ਼ਾਂ (ਆਇਤ 33) ਅਤੇ ਸਾਰੀ ਸਜ਼ਾ ਤੋਂ ਬਚਾਈ ਰੱਖਦੀ ਹੈ (ਆਇਤ 34)। ਧਰਮੀ ਠਹਿਰਾਉਣਾ ਪਰਮੇਸ਼ਰ ਦੇ ਸਾਹਮਣੇ ਪਾਪ ਦੇ ਦੋਸ਼ ਲਗਾਉਣ ਅਤੇ ਕਾਨੂੰਨੀ ਤੌਰ ਤੇ ਸਜ਼ਾ ਦਿੱਤੇ ਜਾਣ ਦੇ ਉਲਟ ਹੈ।

ਕਿਉਂਕਿ ਮਸੀਹ ਦੀ ਵਰਤਮਾਨ ਸੇਵਕਾਈ ਰੋਮ ਦੇ ਵਿਸ਼ਵਾਸੀਆਂ ਨੂੰ ਨਿਆਂਈ ਪਰਮੇਸ਼ਰ ਸਾਹਮਣੇ ਪਾਪ ਦੇ ਦੋਸ਼ ਅਤੇ ਸਜ਼ਾ ਤੋਂ ਬਚਾ ਰਹੀ ਸੀ, ਇਸ ਲਈ ਇਹ ਅਟੱਲ ਸਿੱਟਾ ਹੈ ਕਿ ਪੌਲੁਸ ਇਹ ਸਿਖਾ ਰਿਹਾ ਸੀ ਕਿ ਰੋਮ ਦੀ ਕਲੀਸਿਯਾ ਦੇ ਲੋਕ ਪਹਿਲਾਂ ਹੀ ਧਰਮੀ ਠਹਿਰਾਏ ਗਏ ਸਨ। ਇਸ ਲਈ, ਰੋਮੀ 8:30 ਵਿੱਚ ਅਤੀਤ ਵਿੱਚ ਧਰਮੀ ਠਹਿਰਾਏ ਜਾਣ ਦਾ ਹਵਾਲਾ ਇਹ ਕਹਿੰਦਾ ਹੈ: **ਵਿਸ਼ਵਾਸੀ ਪਹਿਲਾਂ ਹੀ ਧਰਮੀ ਠਹਿਰਾਏ ਗਏ ਹਨ।**

### 3. ਵਰਤਮਾਨ ਕਾਲ ਵਿੱਚ *ਧਰਮੀ ਠਹਿਰਾਉਣ* ਦੀ ਕਿਰਿਆ ਰੂਪ ਵਰਤੋਂ

ਇਸ ਅਧਿਐਨ ਵਿੱਚ ਪੇਸ਼ ਕੀਤੀ ਗਈ ਹੈ ਸਮੱਗਰੀ ਵਿੱਚ ਇੱਕ ਕ੍ਰਮ ਹੈ। ਧਰਮੀ ਠਹਿਰਾਉਣ ਦੇ ਅਧਿਐਨ ਦੇ ਲਈ ਸਭ ਤੋਂ ਪਹਿਲਾਂ ਸ਼ਬਦ ਧਰਮੀ ਠਹਿਰਾਉਣ ਨੂੰ ਧਿਆਨ ਨਾਲ ਪਰਿਭਾਸ਼ਿਤ ਕਰਨਾ ਜ਼ਰੂਰੀ ਹੈ। ਕਈ ਪੀੜ੍ਹੀਆਂ ਤੋਂ ਕੁਝ ਲੋਕ ਧਰਮੀ ਠਹਿਰਾਉਣ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਨੂੰ ਉਲਝਣ ਵਿੱਚ ਪਾਉਂਦੇ ਆ ਰਹੇ ਹਨ ਕਿਉਂਕਿ ਉਹਨਾਂ ਦੀ ਪਰਿਭਾਸ਼ਾ ਗ਼ਲਤ ਸੀ। ਉਹਨਾਂ ਦੇ ਲਈ, ਉਹ ਆਇਤਾਂ ਵਿਸ਼ੇਸ਼ ਤੌਰ ਤੇ ਮੁਸ਼ਕਲ ਹੋਣਗੀਆਂ ਜੋ ਵਰਤਮਾਨ ਕਾਲ ਵਿੱਚ ਧਰਮੀ ਠਹਿਰਾਉਣ ਦੀ ਵਰਤੋਂ ਕਰਦੀਆਂ ਹਨ।

ਜੇਕਰ ਧਰਮੀ ਠਹਿਰਾਉਣ ਨੂੰ ਹੋਰ ਜ਼ਿਆਦਾ ਧਰਮੀ ਬਣਨ ਦੀ ਪ੍ਰਕਿਰਿਆ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਤਾਂ ਵਰਤਮਾਨ ਕਾਲ ਦੀ ਵਰਤੋਂ ਸ਼ਾਇਦ ਕੰਮਾਂ ਬਾਰੇ ਸਿਖਾਉਂਦੀ ਹੈ। ਰੋਮੀ 3:28 ਵਿੱਚ ਲਿਖਿਆ ਹੈ, "ਮਨੁੱਖ ਨੂੰ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਂਦਾ ਹੈ" ਇਸ ਦਾ ਅਰਥ ਇਹ ਹੋਵੇਗਾ, "ਇੱਕ ਮਨੁੱਖ ਜੋ ਵਿਸ਼ਵਾਸ ਕਰਦਾ ਹੈ ਉਹ ਹੌਲੀ-ਹੌਲੀ ਧਰਮੀ ਠਹਿਰਾਏ ਜਾਣ ਦੀ ਪ੍ਰਕਿਰਿਆ ਵਿੱਚ ਸ਼ਾਮਲ ਹੁੰਦਾ ਹੈ ਅਤੇ ਹੋਰ ਜ਼ਿਆਦਾ ਧਰਮੀ ਬਣਦਾ ਜਾਂਦਾ ਹੈ।" ਰਿਫਰਮੇਸ਼ਨ ਤੋਂ ਪਹਿਲਾਂ ਇੱਕ ਕੈਥੋਲਿਕ ਵਿਅਕਤੀ ਵਿਸ਼ਵਾਸ ਦੁਆਰਾ ਵਰਤਮਾਨ ਕਾਲ ਵਿੱਚ ਧਰਮੀ ਠਹਿਰਾਏ ਜਾਣ ਬਾਰੇ ਇੱਕ ਬਿਆਨ ਨੂੰ ਪੜ੍ਹਨ ਤੋਂ ਬਾਅਦ ਵੀ ਮੁੱਖ ਗੱਲ ਤੋਂ ਖੁੰਝ ਸਕਦਾ ਹੈ। ਇੱਕ ਝੂਠੀ ਵਿਆਖਿਆ ਦੁਆਰਾ ਅੰਨ੍ਹੇ ਹੋ ਜਾਣ ਤੋਂ ਬਾਅਦ, ਅਜਿਹੇ ਸ਼ਬਦਾਂ ਨੂੰ ਇਸ ਤਰ੍ਹਾਂ ਸਮਝ ਲਿਆ ਗਿਆ ਸੀ ਕਿ ਇਹ ਮਸੀਹ ਦੀ ਧਾਰਮਿਕਤਾ ਸਾਨੂੰ ਦਿੱਤੇ ਜਾਣ ਦੀ ਬਜਾਏ, ਇਹ ਵਰਤਮਾਨ ਜੀਵਨ ਵਿੱਚ ਕੰਮਾਂ ਦੀ ਇੱਕ ਲੰਬੀ ਪ੍ਰਕਿਰਿਆ ਸੀ ਜਿਸ ਦੇ ਪੂਰੇ ਕੀਤੇ ਜਾਣ ਤੋਂ ਬਾਅਦ ਭਵਿੱਖ ਵਿੱਚ ਪਰਮੇਸ਼ਰ ਦੁਆਰਾ ਧਰਮੀ ਠਹਿਰਾਇਆ ਕੰਮਾਂ ਦੀ ਇੱਕ ਲੰਬੀ ਪ੍ਰਕਿਰਿਆ ਨੂੰ ਮਜ਼ਬੂਤ ਜਾਣਾ ਸੀ। ਜਦੋਂ ਲੂਥਰ ਅਤੇ ਹੋਰ ਲੋਕਾਂ ਨੇ ਇਸ ਸੱਚਾਈ ਦੀ ਖੋਜ ਕੀਤੀ ਕਿ *ਧਰਮੀ ਠਹਿਰਣਾ* ਇੱਕ ਅਦਾਲਤੀ ਸ਼ਬਦ ਹੈ ਜਿਸ ਦਾ ਅਰਥ ਜ਼ਿਆਦਾ ਧਰਮੀ ਬਣਨ ਦੀ ਬਜਾਏ **ਧਰਮੀ ਠਹਿਰਾਉਣ ਦੀ ਘੋਸ਼ਣਾ** ਕਰਨਾ ਹੈ, ਤਾਂ ਹਨੇਰੇ ਦਾ ਯੁੱਗ ਖ਼ਤਮ ਹੋ ਗਿਆ ਸੀ। ਧਰਮੀ ਠਹਿਰਾਉਣਾ ਜ਼ਿਆਦਾ ਧਰਮੀ ਬਣਨ ਦੀ ਪ੍ਰਕਿਰਿਆ ਨਹੀਂ ਹੈ।[65] ਇਹ ਇੱਕ ਅਦਾਲਤੀ ਕੰਮ ਹੈ ਜਿੱਥੇ ਨਿਆਂਈ ਪਰਮੇਸ਼ਰ ਕਾਨੂੰਨੀ ਤੌਰ ਤੇ ਆਪਣੇ ਸਾਹਮਣੇ ਇੱਕ ਵਿਅਕਤੀ ਨੂੰ ਧਰਮੀ ਘੋਸ਼ਿਤ ਕਰਦੇ ਹਨ। ਇਹ ਸਹੀ ਵਿਆਖਿਆ ਵਰਤਮਾਨ ਕਾਲ ਵਿੱਚ ਇਸ ਬਿਆਨ "ਇੱਕ ਵਿਅਕਤੀ ਵਿਸ਼ਵਾਸ ਦੁਆਰਾ ਧਰਮੀ

[65] ਅਜਿਹਾ ਵਿਚਾਰ ਸਪੱਸ਼ਟ ਤੌਰ ਤੇ ਇਸ ਸੱਚਾਈ ਦੀ ਉਲੰਘਣਾ ਕਰਦਾ ਹੈ ਕਿ ਮੁਕਤੀ ਚੰਗੇ ਕਰਮਾਂ ਦੁਆਰਾ ਪ੍ਰਾਪਤ ਨਹੀਂ ਹੁੰਦੀ ਹੈ।

ਠਹਿਰਦਾ ਹੈ" ਦੇ ਪ੍ਰਭਾਵ ਨੂੰ ਬਦਲ ਦਿੰਦੀ ਹੈ। ਵਰਤਮਾਨ ਕਾਲ ਆਮ ਤੌਰ ਤੇ ਉਸ ਕੰਮ ਨੂੰ ਦਰਸਾਉਂਦਾ ਹੈ ਜੋ ਵਰਤਮਾਨ ਕਾਲ ਵਿੱਚ ਹੋ ਰਿਹਾ ਹੁੰਦਾ ਹੈ। *ਧਰਮੀ ਠਹਿਰਾਏ* ਜਾਣ ਦੀ ਸਹੀ ਵਿਆਖਿਆ "ਧਰਮੀ ਘੋਸ਼ਿਤ ਕਰਨਾ" ਹੈ ਅਤੇ ਇਹ "ਧਰਮੀ ਬਣਾਉਣਾ" ਨਹੀਂ ਹੈ। ਵਰਤਮਾਨ ਕਾਲ ਸੰਭਵ ਤੌਰ ਤੇ ਧਰਮੀ ਬਣਨ ਦੀ ਪ੍ਰਕਿਰਿਆ ਦਾ ਸੰਕੇਤ ਨਹੀਂ ਦੇ ਸਕਦਾ ਹੈ। ਇੱਕ ਵਿਆਖਿਆ ਦੇ ਅਨੁਸਾਰ, ਘੋਸ਼ਣਾ ਕਰਨਾ ਇੱਕ ਪ੍ਰਕਿਰਿਆ ਦੀ ਬਜਾਏ ਇੱਕ ਕੰਮ ਹੈ। ਇੱਕ ਵਿਅਕਤੀ ਨੂੰ ਜਾਂ ਤਾਂ ਮਸੀਹ ਵਿੱਚ ਧਰਮੀ ਠਹਿਰਾਇਆ ਜਾਂਦਾ ਹੈ, ਅਤੇ ਜਾਂ ਉਸ ਨੂੰ ਮਸੀਹ ਵਿੱਚ ਧਰਮੀ ਨਹੀਂ ਠਹਿਰਾਇਆ ਜਾਂਦਾ ਹੈ। ਧਰਮੀ ਠਹਿਰਾਉਣ ਦੇ ਲਈ ਕਿਸੇ ਕਥਿਤ ਪ੍ਰਕਿਰਿਆ ਵਿੱਚੋਂ ਹੋ ਕੇ ਜਾਣਾ ਸਹੀ ਨਹੀਂ ਹੈ। ਰੋਮੀ 3:28 ਦੇ ਇਸ ਬਿਆਨ ਕਿ "ਇੱਕ ਵਿਅਕਤੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਂਦਾ ਹੈ," ਦਾ ਅਰਥ ਹੈ ਕਿ ਜਦੋਂ ਵਿਸ਼ਵਾਸ ਕੀਤਾ ਜਾਂਦਾ ਹੈ ਤਾਂ **ਇੱਕ ਵਿਅਕਤੀ ਨੂੰ ਧਰਮੀ ਠਹਿਰਾਇਆ ਜਾਂਦਾ ਹੈ**। ਜੇਕਰ ਕੋਈ ਵਿਸ਼ਵਾਸ ਕਰਨ ਵੇਲੇ ਧਰਮੀ ਠਹਿਰਾਉਣ ਦੀ ਘੋਸ਼ਣਾ ਨੂੰ ਨਹੀਂ ਮੰਨਦਾ ਹੈ, ਤਾਂ ਉਹ ਅਸਲ ਵਿੱਚ ਇਹ ਕਹਿ ਰਿਹਾ ਹੈ ਕਿ ਵਿਸ਼ਵਾਸ ਕਰਨ ਦੇ ਬਾਵਜੂਦ ਵੀ ਧਰਮੀ ਨਾ ਠਹਿਰਾਇਆ ਜਾਣਾ ਸੰਭਵ ਹੈ। ਪਰ, ਜਦੋਂ ਧਰਮੀ ਠਹਿਰਾਉਣ ਦੀ ਸਹੀ ਵਿਆਖਿਆ ਨੂੰ ਕਾਇਮ ਰੱਖਿਆ ਜਾਂਦਾ ਹੈ ਤਾਂ ਇਹ ਵਾਕ ਬਿਲਕੁਲ ਗ਼ਲਤ ਹੈ।

ਜਦੋਂ ਬਿਆਨ "ਇੱਕ ਵਿਅਕਤੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਂਦਾ ਹੈ" ਵਿੱਚ ਵਰਤਮਾਨ ਕਾਲ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਇਸ ਦਾ ਅਰਥ ਇਸ ਤੋਂ ਇਲਾਵਾ ਕੁਝ ਹੋਰ ਨਹੀਂ ਹੋ ਸਕਦਾ ਕਿ **ਵਿਸ਼ਵਾਸ ਕਰਨ ਵਾਲਾ ਵਿਅਕਤੀ ਵਰਤਮਾਨ ਵਿੱਚ ਧਰਮੀ ਠਹਿਰਾਇਆ ਜਾਂਦਾ ਹੈ**। ਇਸ ਵਿੱਚੋਂ ਸਹੀ ਸਿੱਟਾ ਇਹ ਨਿਕਲੇਗਾ ਕਿ ਧਰਮੀ ਠਹਿਰਾਏ ਜਾਣ ਦਾ ਸ਼ੁਰੂਆਤੀ ਐਲਾਨ ਇੱਕ ਸ਼ੁਰੂਆਤੀ ਵਿਸ਼ਵਾਸ ਦੇ ਨਾਲ-ਨਾਲ ਹੋਣਾ ਚਾਹੀਦਾ ਹੈ। ਜਦੋਂ ਵਿਸ਼ਵਾਸ ਇੱਕ ਵਰਤਮਾਨ ਹਕੀਕਤ ਬਣਦਾ ਹੈ, ਉਦੋਂ ਹੀ ਧਰਮੀ ਠਹਿਰਾਇਆ ਜਾਣ ਦਾ ਐਲਾਨ ਹੁੰਦਾ ਹੈ। ਜੇਕਰ ਕੋਈ ਧਾਰਮਿਕਤਾ ਦੇ ਲਗਾਤਾਰ ਚੱਲ ਰਹੇ ਪਹਿਲੂ ਵਿੱਚ ਵਰਤਮਾਨ ਨੂੰ ਜੋੜਨਾ ਚਾਹੁੰਦਾ ਹੈ, ਤਾਂ ਇਸ ਗੱਲ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਪਰਮੇਸ਼ਰ ਵਰਤਮਾਨ ਕਾਲ ਵਿੱਚ ਵੀ ਧਾਰਮਿਕਤਾ ਦੇ ਇਸ ਐਲਾਨ ਨੂੰ ਪ੍ਰਮਾਣਿਤ ਕਰਦੇ ਰਹਿੰਦੇ ਹਨ। ਜਦੋਂ ਇੱਕ ਵਿਅਕਤੀ ਵਿੱਚ ਵਿਸ਼ਵਾਸ ਹੁੰਦਾ ਹੈ ਤਾਂ ਪਰਮੇਸ਼ਰ ਸ਼ੁਰੂ ਵਿੱਚ ਹੀ ਉਸ ਨੂੰ ਧਰਮੀ ਠਹਿਰਾਉਂਦੇ ਹਨ, ਅਤੇ ਉਹ ਵਰਤਮਾਨ ਵਿੱਚ ਧਰਮੀ ਠਹਿਰਾਏ ਜਾਣ ਦੀ ਪੁਸ਼ਟੀ ਕਰਦੇ ਰਹਿੰਦੇ ਹਨ।

ਇਸ ਰੋਮਨ ਕੈਥੋਲਿਕ ਦ੍ਰਿਸ਼ਟੀਕੋਣ ਦਾ ਕੋਈ ਆਧਾਰ ਨਹੀਂ ਹੈ ਕਿ ਧਰਮੀ ਠਹਿਰਾਏ ਜਾਣਾ ਇੱਕ ਲੰਬੀ ਪ੍ਰਕਿਰਿਆ ਹੈ ਜੋ ਨਿਆਂ ਦੇ ਦਿਨ ਖ਼ਤਮ ਹੋਵੇਗੀ। *ਧਰਮੀ ਠਹਿਰਾਉਣ* ਦੇ ਲਈ ਅਤੀਤ ਦੇ ਵਾਕ ਦੀ ਵਰਤੋਂ ਦਰਸਾਉਂਦੀ ਹੈ ਕਿ ਧਰਮੀ ਠਹਿਰਾਏ ਜਾਣਾ ਪੂਰੀ ਤਰ੍ਹਾਂ ਪ੍ਰਾਪਤ ਕੀਤੀ ਗਈ ਅਸਲੀਅਤ ਹੈ। *ਧਰਮੀ ਠਹਿਰਾਉਣ* ਦੇ ਲਈ ਵਰਤਮਾਨ ਵਾਕ ਦੀ ਵਰਤੋਂ ਵੀ ਇਹੀ ਸਿੱਖਿਆ ਦਿੰਦੀ ਹੈ ਕਿ ਧਰਮੀ ਠਹਿਰਾਉਣਾ ਪਹਿਲਾਂ ਹੀ ਪੂਰਾ ਕੀਤਾ ਗਿਆ ਹੈ।

ਕਿਉਂਕਿ ਜਦੋਂ ਵਿਸ਼ਵਾਸ ਮੌਜੂਦ ਹੁੰਦਾ ਹੈ ਤਾਂ ਧਾਰਮਿਕਤਾ ਦੀ ਘੋਸ਼ਣਾ ਵੀ ਮੌਜੂਦ ਹੋਣੀ ਚਾਹੀਦੀ ਹੈ, ਤਾਂ ਇਹ ਸੱਚ ਹੈ ਕਿ ਧਾਰਮਿਕਤਾ ਉਸ ਸਮੇਂ ਇੱਕ ਅਤੀਤ ਦੀ ਅਸਲੀਅਤ ਬਣ ਜਾਂਦੀ ਹੈ ਜਦੋਂ ਉਸ ਨੂੰ ਸ਼ੁਰੂਆਤੀ ਮਨ ਪਰਿਵਰਤਨ ਦੇ ਨਜ਼ਰੀਏ ਨਾਲ ਦੇਖਿਆ ਜਾਂਦਾ ਹੈ। ਸਭ ਤੋਂ ਪਹਿਲਾਂ ਧਰਮੀ ਉਦੋਂ ਠਹਿਰਾਇਆ ਗਿਆ ਸੀ ਜਦੋਂ ਵਿਸ਼ਵਾਸ ਕੀਤਾ ਸੀ। ਇਸ ਲਈ, ਇਸ ਨੂੰ ਅਤੀਤ ਦੀ ਗੱਲ ਮੰਨਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, **ਪਰਮੇਸ਼ਰ ਵਰਤਮਾਨ ਵਿੱਚ ਅਜੇ ਵੀ ਇੱਕ ਵਿਸ਼ਵਾਸੀ ਨੂੰ ਧਰਮੀ ਠਹਿਰਾਉਣ ਦਾ ਐਲਾਨ ਕਰਦੇ ਹਨ।**

"ਇੱਕ ਵਿਅਕਤੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਂਦਾ ਹੈ" ਵਾਕ ਵਿੱਚ ਵਰਤਮਾਨ ਕਾਲ ਦਾ ਅਰਥ ਇਹ ਨਹੀਂ ਹੈ ਕਿ ਇੱਕ ਵਿਅਕਤੀ ਵਿਸ਼ਵਾਸ ਦੁਆਰਾ ਹੌਲੀ-ਹੌਲੀ ਜ਼ਿਆਦਾ ਧਰਮੀ ਬਣ ਰਿਹਾ ਹੈ। ਇਸ ਦੇ ਉਲਟ, ਇਹ ਸਿਖਾ ਰਿਹਾ ਹੈ ਕਿ ਧਰਮੀ ਠਹਿਰਾਉਣਾ ਉਦੋਂ ਮੌਜੂਦ ਸੀ ਜਦੋਂ ਪਹਿਲੀ ਵਾਰ ਵਿਸ਼ਵਾਸ ਕੀਤਾ ਗਿਆ ਸੀ। ਇਸ ਲਈ, ਪਿੱਛੇ ਦੇਖਦੇ ਹੋਏ, ਇੱਕ ਵਿਸ਼ਵਾਸੀ ਧਰਮੀ ਠਹਿਰਾਏ ਜਾਣ ਨੂੰ ਇੱਕ ਪੂਰੀ ਕੀਤੀ ਗਈ ਅਸਲੀਅਤ ਮੰਨਦਾ ਹੈ। ਇਹ ਬਿਆਨ ਇਹ ਵੀ ਸਿਖਾਉਂਦਾ ਹੈ ਕਿ ਵਿਸ਼ਵਾਸੀਆਂ ਦੇ ਲਈ ਧਾਰਮਿਕਤਾ ਦਾ ਇਹ ਐਲਾਨ **ਹੁਣ ਵੀ ਅਸਲ ਵਿੱਚ ਹੈ** ਅਤੇ ਜਿਸ ਵਿੱਚ ਉਦੋਂ ਤੋਂ ਲੈ ਕੇ ਹੁਣ ਤੱਕ ਦਾ ਸਮਾਂ ਅਤੇ ਵਰਤਮਾਨ ਵੀ ਸ਼ਾਮਲ ਹੁੰਦਾ ਹੈ।[66]

**a. ਰਸੂਲਾਂ 13:39**

> ਮੂਸਾ ਦੀ ਬਿਵਸਥਾ ਜਿਹਨਾਂ ਚੀਜ਼ਾਂ ਤੋਂ ਮੁਕਤ ਨਾ ਕਰ ਸਕੀ ਉਹਨਾਂ ਤੋਂ ਹੀ ਹਰ ਕੋਈ ਯਿਸੂ ਵਿੱਚ ਵਿਸ਼ਵਾਸ ਕਰਨ ਵਾਲਾ ਮੁਕਤ ਹੁੰਦਾ ਹੈ [ਰਸੂਲਾਂ 13:39]

ਜਦੋਂ ਧਰਮੀ ਠਹਿਰਾਉਣ ਦੀ ਸਹੀ ਵਿਆਖਿਆ ਨੂੰ ਸਮਝਿਆ ਜਾਂਦਾ ਹੈ, ਤਾਂ ਰਸੂਲਾਂ 13:39 ਸਿਖਾਉਂਦਾ ਹੈ ਕਿ ਵਰਤਮਾਨ ਵਿੱਚ ਪਰਮੇਸ਼ਰ ਦੇ ਨਿਆਂ ਦੇ ਸਾਹਮਣੇ ਵਿਸ਼ਵਾਸੀ ਵਿਅਕਤੀ ਦੇ ਕੋਲ ਧਾਰਮਿਕਤਾ ਦਾ ਐਲਾਨ ਹੁੰਦਾ ਹੈ।

**b. ਰੋਮੀ 3:28**

> ਕਿਉਂਕਿ ਅਸੀਂ ਮੰਨਦੇ ਹਾਂ ਕਿ ਮਨੁੱਖ ਬਿਵਸਥਾ ਦੇ ਕੰਮਾਂ

[66] ਉਹ ਜਿਹਨਾਂ ਵਿੱਚ ਸ਼ੁਰੂਆਤੀ ਬਚਾਉਣ ਵਾਲਾ ਵਿਸ਼ਵਾਸ ਹੁੰਦਾ ਹੈ, ਉਹ ਵਰਤਮਾਨ ਵਿੱਚ ਵਿਸ਼ਵਾਸ ਵਿੱਚ ਬਣੇ ਰਹਿੰਦੇ ਹਨ (ਦੇਖੋ 1 ਪਤਰਸ 1:4-5 ਅਤੇ 1 ਯੂਹੰਨਾ 2:19)। ਇਸ ਤਰ੍ਹਾਂ, **ਵਿਸ਼ਵਾਸੀ ਅਜੇ ਵੀ ਮਸੀਹ ਵਿੱਚ ਧਰਮੀ ਠਹਿਰਾਏ ਜਾ ਰਹੇ ਹਨ।**

> ਦੁਆਰਾ ਨਹੀਂ ਸਗੋਂ ਵਿਸ਼ਵਾਸ ਦੁਆਰਾ ਨੇਕ ਠਹਿਰਾਇਆ ਜਾਂਦਾ ਹੈ। [ਰੋਮੀ 3:28][67]

ਇੱਕ ਵਾਰ ਫਿਰ, ਜੇਕਰ ਧਰਮੀ ਠਹਿਰਾਉਣ ਦੀ ਵਿਆਖਿਆ "ਧਰਮੀ ਬਣਨ ਜਾਂ ਬਣਾਉਣ" ਦੇ ਰੂਪ ਵਿੱਚ ਕੀਤੀ ਜਾਵੇ, ਤਾਂ ਇਹ ਕਿਰਿਆ ਉਲਝਣ ਪੈਦਾ ਕਰਨ ਵਾਲੀ ਹੋ ਜਾਵੇਗੀ। ਇੱਕ ਵਾਰ ਜਦੋਂ ਇਹ ਸਮਝ ਆ ਜਾਂਦਾ ਹੈ ਕਿ ਧਰਮੀ ਠਹਿਰਾਉਣਾ ਇੱਕ ਅਦਾਲਤੀ ਸ਼ਬਦ ਹੈ ਜਿਸ ਦਾ ਅਰਥ ਧਰਮੀ ਘੋਸ਼ਿਤ ਕਰਨਾ ਹੈ, ਤਾਂ ਇਸ ਆਇਤ ਦੀ ਸਹੀ ਵਿਆਖਿਆ ਕੀਤੀ ਜਾ ਸਕਦੀ ਹੈ। ਪੌਲੁਸ ਸਿਖਾ ਰਿਹਾ ਹੈ ਕਿ ਜਿਹੜੇ ਵਿਅਕਤੀ ਵਿੱਚ ਵਿਸ਼ਵਾਸ ਹੁੰਦਾ ਹੈ ਉਸ ਦੇ ਕੋਲ ਵਰਤਮਾਨ ਵਿੱਚ ਪਰਮੇਸ਼ਰ ਦਾ ਇਹ ਫੈਸਲਾ ਹੁੰਦਾ ਹੈ ਕਿ ਉਸ ਨੂੰ ਧਰਮੀ ਠਹਿਰਾਉਣ ਨਾਲ ਬਰੀ ਕਰ ਦਿੱਤਾ ਗਿਆ ਹੈ। ਜਿਸ ਵਿੱਚ ਵਿਸ਼ਵਾਸ ਹੈ ਉਸ ਨੂੰ ਪਰਮੇਸ਼ਰ ਦੇ ਨਿਆਂ ਦੇ ਸਾਹਮਣੇ ਸਹੀ ਸਾਬਤ ਕੀਤਾ (ਧਰਮੀ ਠਹਿਰਾਇਆ) ਜਾਂਦਾ ਹੈ। ਇਸ ਲਈ, ਧਰਮੀ ਠਹਿਰਾਏ ਜਾਣ ਨੂੰ ਪ੍ਰਾਪਤ ਕੀਤੀ ਗਈ ਹਕੀਕਤ ਮੰਨਿਆ ਜਾ ਸਕਦਾ ਹੈ। ਇਹ ਇੱਕ ਵਰਤਮਾਨ ਸੱਚਾਈ ਵੀ ਹੈ ਕਿਉਂਕਿ ਪਰਮੇਸ਼ਰ ਦੀ ਧਾਰਮਿਕਤਾ ਦੀ ਘੋਸ਼ਣਾ ਅਜੇ ਵੀ ਇੱਕ ਵਿਸ਼ਵਾਸੀ ਲਈ ਲਾਗੂ ਹੈ।

### c. ਰੋਮੀ 3:24

> ਪਰ ਉਹ ਸਾਰੇ ਪਰਮੇਸ਼ਰ ਦੇ ਮੁਫ਼ਤ ਕਿਰਪਾ ਦੇ ਵਰਦਾਨ ਰਾਹੀਂ ਮਸੀਹ ਯਿਸੂ ਦੇ ਦੁਆਰਾ ਧਰਮੀ ਠਹਿਰਾਏ ਗਏ ਹਨ। [ਰੋਮੀ 3:24]

ਰੋਮੀ 3:24 ਵਿੱਚ *ਧਰਮੀ ਠਹਿਰਾਏ* ਜਾਣ ਦਾ ਇਹ ਵਾਕਾਂਸ਼ ਇੱਕ ਵਿਅਕਤੀ ਦੇ ਲਈ ਧਰਮੀ ਠਹਿਰਣ ਦੀ ਇੱਕ ਲਗਾਤਾਰ ਪ੍ਰਕਿਰਿਆ ਦੀ ਗੱਲ ਨਹੀਂ ਕਰਦਾ ਹੈ। ਇਸ ਕਿਰਿਆ ਨੂੰ ਸੰਯੁਕਤ ਤੌਰ ਤੇ ਦੇਖਣਾ ਵਧੀਆ ਹੈ ਕਿਉਂਕਿ ਰੋਮੀ 3:23 ਮਨੁੱਖਜਾਤੀ ਨੂੰ ਇੱਕ ਸਮੂਹ ਦੇ ਤੌਰ ਤੇ ਦੇਖ ਰਿਹਾ ਹੈ, "**ਸਾਰਿਆਂ** ਨੇ ਪਾਪ ਕੀਤਾ ਹੈ।" *ਧਰਮੀ ਠਹਿਰਾਉਣ* ਵਿੱਚ ਜੇਕਰ ਕਿਸੇ ਪ੍ਰਕਿਰਿਆ ਦੀ ਗੱਲ ਹੈ ਤਾਂ ਇਹ ਚੁਣੇ ਹੋਇਆਂ ਦੀ ਉਹ ਪ੍ਰਕਿਰਿਆ ਹੋ ਸਕਦੀ ਹੈ ਜਿਸ ਵਿੱਚ ਹਰੇਕ ਵਿਅਕਤੀ ਜਿਵੇਂ-ਜਿਵੇਂ ਆਪਣੇ ਵਿਸ਼ਵਾਸ ਨਾਲ ਧਰਮੀ ਠਹਿਰਾਇਆ ਜਾਂਦਾ ਹੈ, ਉਵੇਂ-ਉਵੇਂ ਉਹ ਵਿਅਕਤੀਗਤ ਰੂਪ ਵਿੱਚ ਧਰਮੀ ਠਹਿਰਾਇਆ ਜਾਂਦਾ ਹੈ।[68] ਜਦੋਂ ਮਨੁੱਖਜਾਤੀ ਨੂੰ ਇੱਕ ਸਮੂਹ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਤਾਂ ਇਹ ਸੱਚ ਹੈ ਕਿ ਇਤਿਹਾਸ ਦੇ ਮਾਧਿਅਮ ਨਾਲ ਚੁਣੇ ਹੋਏ ਲੋਕਾਂ ਨੂੰ ਧਰਮੀ ਠਹਿਰਾਉਣਾ ਇੱਕ ਹੌਲੀ-ਹੌਲੀ ਚੱਲਣ ਵਾਲੀ ਪ੍ਰਕਿਰਿਆ ਹੁੰਦੀ ਹੈ। ਫਿਰ ਵੀ, ਇਹ ਸੋਚਣ ਦਾ ਕੋਈ ਆਧਾਰ ਨਹੀਂ ਹੈ ਕਿ ਇੱਕ ਵਿਅਕਤੀ ਦਾ ਧਰਮੀ ਠਹਿਰਾਇਆ ਜਾਣਾ ਹੌਲੀ-ਹੌਲੀ ਹੁੰਦਾ ਹੈ। ਵਿਅਕਤੀਗਤ ਪੱਧਰ ਤੇ, ਧਰਮੀ ਠਹਿਰਾਉਣਾ ਪਹਿਲਾਂ ਹੀ ਅਤੀਤ ਵਿੱਚ ਹੋ ਚੁੱਕਿਆ ਹੈ ਅਤੇ ਵਿਸ਼ਵਾਸ ਕਰਨ ਵਾਲੇ ਦੇ ਲਈ ਇਹ ਵਰਤਮਾਨ ਅਧਿਕਾਰ ਹੈ। ਇਸ ਆਇਤ ਵਿੱਚ *ਵਰਦਾਨ* ਅਤੇ *ਕਿਰਪਾ* ਵਰਗੇ ਸ਼ਬਦ ਇੱਕ ਅਜਿਹੇ ਵਿਚਾਰ ਨੂੰ ਵੀ ਮਨ੍ਹਾ ਕਰਦੇ ਹਨ ਕਿ ਇੱਕ ਵਿਅਕਤੀ ਦਾ ਧਰਮੀ ਠਹਿਰਾਉਣਾ ਕੋਸ਼ਿਸ਼ਾਂ ਦੀ ਇੱਕ ਲੰਬੀ ਪ੍ਰਕਿਰਿਆ ਉੱਤੇ ਆਧਾਰਿਤ ਹੈ।

### d. ਹੋਰ ਆਇਤਾਂ

ਰੋਮੀ 3:26; 4:5 ਅਤੇ 8:333 ਵਿੱਚ ਵਰਤਮਾਨ ਕਾਲ ਦਾ ਕ੍ਰਿਦੰਤ ਹਨ। ਇਹ ਸਾਰੇ ਪਰਮੇਸ਼ਰ ਬਾਰੇ ਦੱਸਦੇ ਹਨ। ਉਹਨਾਂ ਦਾ ਅਰਥ ਹੈ "ਉਹ ਜੋ ਧਰਮੀ ਠਹਿਰਾਉਂਦਾ ਹੈ" ਜਾਂ ਇਸ ਦਾ ਅਨੁਵਾਦ "ਧਰਮੀ ਠਹਿਰਾਉਣ ਵਾਲੇ" ਵਜੋਂ ਕੀਤਾ ਜਾ ਸਕਦਾ ਹੈ।

> ... ਉਹ ਯਿਸੂ ਵਿੱਚ ਵਿਸ਼ਵਾਸ ਕਰਨ ਵਾਲਿਆਂ ਨੂੰ ਆਪਣੇ ਸਾਹਮਣੇ ਧਰਮੀ ਠਹਿਰਾਉਂਦੇ ਹਨ [ਰੋਮੀ 3:26]

> ਪਰ ਦੂਜੇ ਪਾਸੇ ਜਿਹੜਾ ਕੰਮ ਨਹੀਂ ਕਰਦਾ ਸਗੋਂ ਦੁਸ਼ਟਾਂ ਨੂੰ ਧਰਮੀ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਉਸ ਦਾ ਵਿਸ਼ਵਾਸ ਹੀ ਧਾਰਮਿਕਤਾ ਗਿਣਿਆ ਜਾਂਦਾ ਹੈ। [ਰੋਮੀ 4:5]

> …ਪਰਮੇਸ਼ਰ ਆਪ ਉਹਨਾਂ ਨੂੰ ਨਿਰਦੋਸ਼ੀ ਠਹਿਰਾਉਂਦੇ ਹਨ [ਰੋਮੀ 8:33]

ਇਹ ਆਇਤਾਂ ਨਿਸ਼ਚਿਤ ਤੌਰ ਤੇ ਇਸ ਵਿਚਾਰ ਨੂੰ ਬਿਲਕੁਲ ਉਤਸ਼ਾਹਿਤ ਨਹੀਂ ਕਰਦੀਆਂ ਹਨ ਕਿ ਧਰਮੀ ਠਹਿਰਾਉਣਾ ਅਜਿਹੀ ਕੋਈ ਭਵਿੱਖ ਦੀ ਘਟਨਾ ਹੈ ਜੋ ਕਿਸੇ ਪ੍ਰਕਿਰਿਆ ਦੇ ਨਤੀਜਿਆਂ ਉੱਤੇ ਆਧਾਰਿਤ ਹੁੰਦੀ ਹੈ। ਪਰਮੇਸ਼ਰ ਵਰਤਮਾਨ ਵਿੱਚ ਧਰਮੀ ਠਹਿਰਾਉਣ ਦੇ ਕੰਮ ਵਿੱਚ ਸ਼ਾਮਲ ਹਨ। ਉਹ ਵਰਤਮਾਨ ਵਿੱਚ ਮਸੀਹ ਵਿੱਚ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਨੂੰ ਧਰਮੀ ਘੋਸ਼ਿਤ ਕਰਦੇ ਹਨ। ਇਸ ਤੋਂ ਇਹ ਨਤੀਜਾ ਵੀ ਨਿਕਲਦਾ ਹੈ ਕਿ ਧਾਰਮਿਕਤਾ ਦਾ ਫ਼ੈਸਲਾ ਉਸ ਅਤੀਤ ਦੇ ਸਮੇਂ ਵਿੱਚ ਹੋਇਆ ਸੀ ਜਦੋਂ ਪਹਿਲੀ ਵਾਰ ਵਿਸ਼ਵਾਸ ਕੀਤਾ ਗਿਆ ਸੀ, ਅਤੇ ਉਹ ਅਜੇ ਵੀ ਲਾਗੂ ਵਿੱਚ ਹੈ। ਰੋਮੀ 3:26 ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ: "ਪਰਮੇਸ਼ਰ ਉਹ ਹਨ ਜੋ ਉਸ ਵਿਅਕਤੀ ਨੂੰ ਧਰਮੀ ਠਹਿਰਾਉਂਦੇ ਹਨ ਜੋ ਯਿਸੂ ਵਿੱਚ ਵਿਸ਼ਵਾਸ ਕਰਦਾ ਹੈ।"

## 4. ਉਹ ਆਇਤਾਂ ਜੋ ਇੱਕ ਸੰਭਾਵਨਾ ਵਜੋਂ ਧਰਮੀ ਠਹਿਰਾਉਣ ਦੀ ਗੱਲ ਕਰਦੀਆਂ ਹਨ

ਪੌਲੁਸ ਕਈ ਵਾਰ ਕਿਰਿਆ ਦੇ ਇੱਕ ਰੂਪ ਦੀ ਵਰਤੋਂ ਕਰਦਾ ਹੈ ਜੋ ਨਾ ਤਾਂ ਅਤੀਤ ਵਿੱਚ ਅਤੇ ਨਾ ਹੀ ਵਰਤਮਾਨ ਕਾਲ ਵਿੱਚ ਧਰਮੀ

---

[67] *ਧਰਮੀ ਠਹਿਰਾਉਣ* ਸ਼ਬਦ ਦਾ ਯੂਨਾਨੀ ਰੂਪ ਵਰਤਮਾਨ ਭਾਵਾਰਥਕ ਸੰਗਿਆ ਹੈ। ਅਨੁਵਾਦ ਕਰਨ ਵਾਲੇ ਭਾਵਰਥਕ ਸੰਗਿਆ ਦਾ ਅਨੁਵਾਦ ਇਸ ਤਰ੍ਹਾਂ ਕਰਦੇ ਹਨ ਕਿ ਜਿਵੇਂ ਇਹ ਇੱਕ ਵਰਤਮਾਨ ਕਾਲ ਕਿਰਿਆ ਹੋਵੇ।

[68] ਇੱਕ ਹੋਰ ਵਿਕਲਪ ਇਹ ਹੋਵੇਗਾ ਕਿ ਵਰਤਮਾਨ ਕਾਲ ਨੂੰ ਵਿਅਕਤੀਗਤ ਵਿਸ਼ਵਾਸੀ ਦੀ ਧਾਰਮਿਕਤਾ ਦੀ ਨਿਰੰਤਰ ਵਰਤਮਾਨ ਘੋਸ਼ਣਾ ਦੇ ਰੂਪ ਵਿੱਚ ਲਿਆ ਜਾਵੇ ਜਿਵੇਂ ਕਿ ਪਿਛਲੇ ਭਾਗ ਵਿੱਚ ਸਮਝਾਇਆ ਗਿਆ ਹੈ।

ਠਹਿਰਾਉਣ ਦੀ ਗੱਲ ਕਰਦਾ ਹੈ, ਬਲਕਿ ਇੱਕ ਸੰਭਾਵਿਤ ਬਰਕਤ ਵਜੋਂ ਧਰਮੀ ਠਹਿਰਾਉਣ ਦੀ ਗੱਲ ਕਰਦਾ ਹੈ ਜੋ ਪਰਮੇਸ਼ਰ ਦੀ ਸ਼ਰਤ ਨੂੰ ਪੂਰਾ ਕਰਨ ਤੇ ਵਿਅਕਤੀ ਨੂੰ ਪ੍ਰਾਪਤ ਹੁੰਦੀ ਹੈ। ਇਹਨਾਂ ਆਇਤਾਂ ਵਿੱਚ, ਸਿਰਫ਼ ਕਿਰਿਆ ਦਾ ਕਾਲ ਇਹ ਸਾਬਤ ਕਰਨ ਦੇ ਲਈ ਕਾਫ਼ੀ ਨਹੀਂ ਹੈ ਕਿ ਧਰਮੀ ਠਹਿਰਾਉਣਾ ਇੱਕ ਪੂਰਾ ਕੀਤਾ ਗਿਆ ਕੰਮ ਹੈ। ਫਿਰ ਵੀ, ਇਹਨਾਂ ਹਵਾਲਿਆਂ ਦਾ ਪੂਰਾ ਬਿਆਨ ਇਸ ਸਿੱਟੇ ਉੱਤੇ ਪਹੁੰਚਣ ਵਿੱਚ ਜ਼ਰੂਰ ਮਦਦ ਕਰਦਾ ਹੈ ਕਿ ਜਿਹਨਾਂ ਨੇ ਪਰਮੇਸ਼ਰ ਦੀ ਸ਼ਰਤ (ਵਿਸ਼ਵਾਸ) ਨੂੰ ਪੂਰਾ ਕਰ ਲਿਆ ਹੈ, ਉਹ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਹਨ।

**a. ਗਲਾਤੀ 2:16-17**

> ਪਰ ਫਿਰ ਵੀ ਅਸੀਂ ਜਾਣਦੇ ਹਾਂ ਕਿ ਮਨੁੱਖ ਦਾ ਪਰਮੇਸ਼ਰ ਨਾਲ ਨੇਕ ਸੰਬੰਧ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ ਹੁੰਦਾ ਹੈ। ਇਸ ਕਾਰਨ ਅਸੀਂ ਯਿਸੂ ਮਸੀਹ ਵਿੱਚ ਵਿਸ਼ਵਾਸ ਕੀਤਾ ਹੈ ਕਿ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ **ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ ਸਾਡਾ ਪਰਮੇਸ਼ਰ ਦੇ ਨਾਲ ਨੇਕ ਸੰਬੰਧ ਹੋਵੇ**। ਪਵਿੱਤਰ-ਗ੍ਰੰਥ ਦੇ ਅਨੁਸਾਰ, "ਕੋਈ ਵੀ ਮਨੁੱਖ ਪਰਮੇਸ਼ਰ ਦੇ ਸਾਹਮਣੇ ਵਿਵਸਥਾ ਦੇ ਕੰਮਾਂ ਦੁਆਰਾ ਧਰਮੀ ਨਹੀਂ ਠਹਿਰੇਗਾ।" ਪਰ ਅਸੀਂ ਜਿਹੜੇ ਮਸੀਹ ਦੇ ਦੁਆਰਾ ਧਰਮੀ ਠਹਿਰਾਏ ਜਾਣਾ ਚਾਹੁੰਦੇ ਹਾਂ, ਜੇਕਰ ਅਸੀਂ ਵੀ ਪਾਪੀ ਨਿਕਲੀਏ ਤਾਂ ਕੀ ਇਸ ਦਾ ਅਰਥ ਇਹ ਹੈ ਕਿ ਮਸੀਹ ਪਾਪ ਦਾ ਕਾਰਨ ਹਨ?…[ ਗਲਾਤੀ 2:16-17]

ਆਇਤ 16 ਇਹ ਸਿਖਾਉਂਦੀ ਹੈ ਕਿ ਪੌਲੁਸ ਨੇ ਧਰਮੀ ਠਹਿਰਾਏ ਜਾਣ ਦੇ ਲਈ **ਵਿਸ਼ਵਾਸ ਕੀਤਾ ਸੀ**। ਤਕਨੀਤੀ ਤੌਰ ਤੇ, ਅਜਿਹੀ ਕਿਰਿਆ ਦਾ ਕਾਲ ਧਰਮੀ ਠਹਿਰਣ ਦੇ ਸਮੇਂ ਬਾਰੇ ਨਹੀਂ ਦੱਸਦਾ ਹੈ। ਪਰ, ਗਲਾਤੀ 2:17 ਵਿੱਚ ਇਹ ਵਿਚਾਰ ਪੌਲੁਸ ਨੂੰ ਹੈਰਾਨ ਕਰਦਾ ਹੈ ਕਿ ਜਿਸ ਨੇ ਮਸੀਹ ਵਿੱਚ ਵਿਸ਼ਵਾਸ ਕੀਤਾ ਹੈ, ਉਹ ਪਰਮੇਸ਼ਰ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਅਦਾਲਤੀ ਅਰਥ ਵਿੱਚ ਅਜੇ ਵੀ ਦੋਸ਼ੀ ਪਾਪੀ ਠਹਿਰਾਇਆ ਜਾ ਸਕਦਾ ਹੈ। ਇਸ ਤੋਂ ਫਿਰ ਇਹੀ ਸੰਕੇਤ ਮਿਲੇਗਾ ਕਿ ਮਸੀਹ ਨਾ ਸਿਰਫ਼ ਅਸਫ਼ਲ ਹੋਏ ਸਨ, ਪਰ ਉਹ ਇੱਕ ਝੂਠੇ ਨਬੀ ਵੀ ਸਨ। ਇਹ ਸਪੱਸ਼ਟ ਹੈ ਕਿ ਪੌਲੁਸ ਸਿਖਾ ਰਿਹਾ ਸੀ ਕਿ ਵਿਸ਼ਵਾਸ ਰੱਖਣ ਵਾਲਿਆਂ ਨੂੰ ਹੁਣ ਪਾਪ ਦੇ ਦੋਸ਼ੀ ਨਹੀਂ ਮੰਨਿਆ ਜਾਂਦਾ ਹੈ। ਇਸ ਦਾ ਸਿੱਟਾ ਇਹ ਹੈ ਕਿ ਪੌਲੁਸ ਨੇ ਧਰਮੀ ਠਹਿਰਾਉਣ ਨੂੰ ਉਹਨਾਂ ਲਈ ਇੱਕ ਪੂਰੀ ਕੀਤੀ ਗਈ ਹਕੀਕਤ ਮੰਨਿਆ ਹੈ ਜਿਹਨਾਂ ਨੇ ਵਿਸ਼ਵਾਸ ਕੀਤਾ ਹੈ।

**b. ਗਲਾਤੀ 3:8-9**

> ਪਵਿੱਤਰ-ਗ੍ਰੰਥ ਨੇ ਪਹਿਲਾਂ ਹੀ ਦੇਖ ਲਿਆ ਸੀ ਕਿ **ਪਰਮੇਸ਼ਰ** ਪਰਾਈਆਂ ਕੌਮਾਂ ਨੂੰ ਵਿਸ਼ਵਾਸ ਦੇ ਦੁਆਰਾ **ਧਰਮੀ ਠਹਿਰਾਉਣਗੇ**। ਇਸ ਲਈ ਪਵਿੱਤਰ-ਗ੍ਰੰਥ ਨੇ ਅਬਰਾਹਾਮ ਨੂੰ ਪਹਿਲਾਂ ਹੀ ਇਹ ਸ਼ੁਭ ਸਮਾਚਾਰ ਦੇ ਦਿੱਤਾ ਕਿ, "ਤੇਰੇ ਦੁਆਰਾ ਸਾਰੀਆਂ ਕੌਮਾਂ ਅਸੀਸ ਪ੍ਰਾਪਤ ਕਰਨਗੀਆਂ।" ਇਸ ਲਈ ਉਹ ਸਾਰੇ ਜਿਹੜੇ ਵਿਸ਼ਵਾਸ ਕਰਦੇ ਹਨ ਅਬਰਾਹਾਮ ਦੇ ਵਿਸ਼ਵਾਸ ਦੇ ਨਾਲ ਅਸੀਸ ਪ੍ਰਾਪਤ ਕਰਨਗੇ। [ਗਲਾਤੀ 3:8,9]

ਆਇਤ 8 ਵਿੱਚ ਧਰਮੀ ਠਹਿਰਾਉਣ ਦਾ ਕਾਲ ਇਸ ਦੇ ਸਮੇਂ ਨੂੰ ਨਹੀਂ ਦਰਸਾਉਂਦਾ ਹੈ। ਇਹ ਸੰਭਾਵੀ ਅਰਥਾਂ ਵਿੱਚ ਧਰਮੀ ਠਹਿਰਾਉਣ ਦੀ ਗੱਲ ਕਰਦਾ ਹੈ। ਪਰ, ਆਇਤ 9 ਸਿਖਾਉਂਦੀ ਹੈ ਕਿ ਵਿਸ਼ਵਾਸ ਰੱਖਣ ਵਾਲੇ ਪਹਿਲਾਂ ਹੀ ਅਬਰਾਹਾਮ ਦੀਆਂ ਬਰਕਤਾਂ ਵਿੱਚ ਹਿੱਸਾ ਲੈਂਦੇ ਹਨ। ਇਸ ਸੰਦਰਭ ਵਿੱਚ, ਸਭ ਤੋਂ ਸਪੱਸ਼ਟ ਬਰਕਤ ਧਰਮੀ ਠਹਿਰਣਾ ਹੈ। ਵਿਸ਼ਵਾਸੀ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਹਨ।

**c. ਗਲਾਤੀ 3:24-26**

> ਇਸ ਲਈ ਮਸੀਹ ਦੇ ਆਉਣ ਤੱਕ ਬਿਵਸਥਾ ਸਾਡੀ ਸਿੱਖਿਅਕ ਸੀ ਕਿ **ਅਸੀਂ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰੀਏ**। ਪਰ ਹੁਣ ਜਦੋਂ ਵਿਸ਼ਵਾਸ ਆ ਗਿਆ ਹੈ ਤਾਂ ਅਸੀਂ ਬਿਵਸਥਾ ਦੇ ਹੇਠ ਨਹੀਂ ਰਹੇ। ਹੁਣ ਤੁਸੀਂ ਸਾਰੇ ਵਿਸ਼ਵਾਸ ਦੇ ਰਾਹੀਂ ਮਸੀਹ ਯਿਸੂ ਦੇ ਵਿੱਚ ਹੋਣ ਕਰ ਕੇ ਪਰਮੇਸ਼ਰ ਦੀ ਸੰਤਾਨ ਹੋ। [ਗਲਾਤੀ 3:24-26]

ਇਹ ਵਾਕਾਂਸ਼ "ਕਿ ਅਸੀਂ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰੀਏ," ਧਰਮੀ ਠਹਿਰਾਏ ਜਾਣ ਦਾ ਸਮਾਂ ਨਹੀਂ ਦਿੰਦਾ ਹੈ। ਫਿਰ ਵੀ, ਅੱਗੇ ਦਿੱਤੇ ਬਿਆਨ ਇਹ ਦਰਸਾਉਂਦੇ ਹਨ ਕਿ ਬਿਵਸਥਾ ਦੀ ਸਿੱਖਿਆ ਦਾ ਟੀਚਾ (ਮਸੀਹ ਵਿੱਚ ਧਰਮੀ ਠਹਿਰਣਾ) ਵਿਸ਼ਵਾਸ ਰੱਖਣ ਵਾਲਿਆਂ ਦੁਆਰਾ ਪਹਿਲਾਂ ਹੀ ਪ੍ਰਾਪਤ ਕੀਤਾ ਜਾ ਚੁੱਕਾ ਹੈ। ਹੁਣ ਬਿਵਸਥਾ ਨੂੰ ਰੱਦ ਕੀਤਾ ਜਾ ਸਕਦਾ ਹੈ ਕਿਉਂਕਿ ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣਾ ਭਵਿੱਖ ਦੇ ਟੀਚੇ ਨਾਲ ਇੱਕ ਲੰਬੀ ਪ੍ਰਕਿਰਿਆ ਨਹੀਂ ਪਰ ਵਰਤਮਾਨ ਦੀ ਇੱਕ ਹਕੀਕਤ ਹੈ।

### 5. ਅਬਰਾਹਾਮ ਦੀ ਉਦਾਹਰਣ

ਪੌਲੁਸ ਦੀ ਧਰਮੀ ਠਹਿਰਾਉਣ ਦੀ ਉੱਤਮ ਉਦਾਹਰਣ ਅਬਰਾਹਾਮ ਹੈ। ਅਬਰਾਹਾਮ ਨੇ ਯਕੀਨੀ ਤੌਰ ਤੇ ਧਰਮੀ ਠਹਿਰਣ ਦੇ ਲਈ ਆਪਣੇ ਜੀਵਨ ਦੇ ਅੰਤ ਜਾਂ ਭਵਿੱਖ ਦੇ ਨਿਆਂ ਦੀ ਉਡੀਕ ਨਹੀਂ ਕੀਤੀ ਸੀ। ਅਬਰਾਹਾਮ ਉਦੋਂ ਧਰਮੀ ਠਹਿਰਾਇਆ ਗਿਆ ਜਦੋਂ ਉਸ ਨੇ ਵਿਸ਼ਵਾਸ ਕੀਤਾ ਸੀ। ਇਸ ਤਰ੍ਹਾਂ, ਅਬਰਾਹਾਮ ਦੇ ਲਈ (ਜੋ ਸਾਡੇ ਲਈ ਇੱਕ ਨਮੂਨਾ ਹੈ) ਧਰਮੀ ਠਹਿਰਾਇਆ ਜਾਣਾ ਇੱਕ ਅਤੀਤ ਦਾ ਹੁਕਮ ਅਤੇ

ਵਰਤਮਾਨ ਦੀ ਇੱਕ ਹਕੀਕਤ ਸੀ (ਰੋਮੀ 4:3, 9, 11; ਗਲਾਤੀ 3:6, 9)।

> ਇਸ ਬਾਰੇ ਪਵਿੱਤਰ-ਗ੍ਰੰਥ ਕਹਿੰਦਾ ਹੈ, "ਅਬਰਾਹਾਮ ਨੇ ਪਰਮੇਸ਼ਰ ਵਿੱਚ ਵਿਸ਼ਵਾਸ ਕੀਤਾ ਅਤੇ ਇਸ ਕਾਰਨ ਉਸ ਨੂੰ ਪਰਮੇਸ਼ਰ ਨੇ ਨੇਕ ਠਹਿਰਾਇਆ।" [ਰੋਮੀ 4:3]
>
> "ਅਬਰਾਹਾਮ ਨੇ ਪਰਮੇਸ਼ਰ ਦੇ ਵਿੱਚ ਵਿਸ਼ਵਾਸ ਕੀਤਾ ਇਸ ਲਈ ਉਹ ਨੇਕ ਠਹਿਰਾਇਆ ਗਿਆ।" [ਗਲਾਤੀ 3:6 ]

## 6. ਧਰਮੀ ਠਹਿਰਾਉਣ ਦੇ ਨਾਂਵ ਦੇ ਰੂਪ ਜੋ ਪੂਰੀ ਹੋਈ ਅਸਲੀਅਤ ਨੂੰ ਪੇਸ਼ ਕਰਦੇ ਹਨ

### a. ਧਰਮੀ ਠਹਿਰਾਉਣਾ

ਆਮ ਤੌਰ ਤੇ, ਯੂਨਾਨੀ ਭਾਸ਼ਾ ਅੰਗਰੇਜ਼ੀ ਨਾਲੋਂ ਵਧੇਰੇ ਸਪੱਸ਼ਟ ਹੈ। ਫਿਰ ਵੀ *ਧਾਰਮਿਕਤਾ* ਸ਼ਬਦ ਦੇ ਨਾਲ ਅਜਿਹਾ ਨਹੀਂ ਹੈ। ਜਦੋਂ ਪਾਠਕ *ਧਾਰਮਿਕਤਾ* ਸ਼ਬਦ ਨੂੰ ਦੇਖਦਾ ਹੈ, ਤਾਂ ਇਸ ਦਾ ਅਰਥ ਅਸਲ ਧਾਰਮਿਕਤਾ ਜਾਂ ਇੱਕ ਘੋਸ਼ਣਾ ਕੀਤੀ ਜਾਣ ਵਾਲੀ ਧਾਰਮਿਕਤਾ (ਧਰਮੀ ਠਹਿਰਾਉਣਾ) ਹੋ ਸਕਦਾ ਹੈ। ਇਹਨਾਂ ਸ਼ਬਦਾਂ ਦਾ ਰੂਪ ਇੱਕੋ ਜਿਹਾ ਹੈ। ਸਿਰਫ਼ ਇਹਨਾਂ ਦੇ ਸੰਦਰਭ ਹੀ ਇਰਾਦਾ ਕੀਤੇ ਅਰਥ ਦਾ ਸੰਕੇਤ ਦਿੰਦੇ ਹਨ। ਪਾਠਕ ਨੂੰ ਇਹ ਸਮਝਣ ਵਿੱਚ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ ਕਿ ਕੀ ਸੰਦਰਭ ਮੁਕਤੀ ਦਾ ਸਿਧਾਂਤ ਹੈ ਜਾਂ ਮਸੀਹੀ ਜੀਵਨ ਦਾ ਸਿਧਾਂਤ ਹੈ। ਜੇਕਰ ਵਿਸ਼ਾ ਮੁਕਤੀ ਹੈ, ਤਾਂ ਧਾਰਮਿਕਤਾ ਦਾ ਅਰਥ ਸ਼ਾਇਦ ਧਾਰਮਿਕਤਾ ਦੀ ਘੋਸ਼ਣਾ (ਧਰਮੀ ਠਹਿਰਾਉਣਾ) ਮੰਨਿਆ ਜਾ ਸਕਦਾ ਹੈ। ਜੇਕਰ ਸੰਦਰਭ ਇੱਕ ਮਸੀਹੀ ਜੀਵਨ ਹੈ, ਤਾਂ ਇਸ ਦਾ ਅਰਥ ਸ਼ਾਇਦ ਧਾਰਮਿਕਤਾ ਦੇ ਅਸਲੀ ਕੰਮ ਹੋਵੇਗਾ। ਲੇਖਕ ਦੇ ਇਰਾਦੇ ਨੂੰ ਸਮਝਣ ਦਾ ਇੱਕ ਚੰਗਾ ਤਰੀਕਾ *ਧਰਮਿਕਤਾ ਨੂੰ ਧਰਮੀ ਠਹਿਰਾਉਣ* ਵਿੱਚ ਬਦਲਣਾ ਅਤੇ ਇਹ ਦੇਖਣਾ ਹੈ ਕਿ ਇਹ ਸੰਦਰਭ ਵਿੱਚ ਸਹੀ ਬੈਠਦਾ ਹੈ ਜਾਂ ਨਹੀਂ। ਧਾਰਮਿਕਤਾ ਸ਼ਬਦ ਦੇ ਬਹੁਤ ਸਾਰੇ ਉਪਯੋਗ ਹਨ ਜਿਹਨਾਂ ਦਾ ਅਰਥ "ਧਾਰਮਿਕਤਾ ਦਾ ਐਲਾਨ" ਹੁੰਦਾ ਹੈ। ਇਹ ਵਚਨ ਵੀ ਇਸ ਅਸਲੀਅਤ ਨੂੰ ਸਥਾਪਿਤ ਕਰਦੇ ਹਨ ਕਿ ਪਰਮੇਸ਼ਰ ਦੁਆਰਾ ਧਾਰਮਿਕਤਾ ਦੀ ਘੋਸ਼ਣਾ ਪਹਿਲਾਂ ਹੀ ਕੀਤੀ ਗਈ ਹੈ।

**(1) ਰੋਮੀ 3:22**

> …ਪਰਮੇਸ਼ਰ ਮਨੁੱਖ ਨੂੰ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੁਆਰਾ ਨੇਕ ਠਹਿਰਾਉਂਦੇ ਹਨ। ਪਰਮੇਸ਼ਰ
>
> ਇਹ ਬਿਨਾਂ ਪੱਖਪਾਤ ਤੋਂ ਕਰਦੇ ਹਨ [ਰੋਮੀ 3:22]

ਇਹ ਵਚਨ ਇਹ ਸਿੱਖਿਆ ਦੇ ਰਿਹਾ ਹੈ ਕਿ "ਧਰਮਿਕਤਾ ਦੀ ਘੋਸ਼ਣਾ" ਵਿਸ਼ਵਾਸ ਦੁਆਰਾ ਹੁੰਦੀ ਹੈ ਅਤੇ ਇਹ ਉਹਨਾਂ **ਸਭਨਾਂ** ਦੇ ਲਈ ਹੁੰਦੀ ਹੈ ਜੋ ਵਿਸ਼ਵਾਸ ਕਰਦੇ ਹਨ। ਇਸ ਦਾ ਨੇੜਲਾ ਸੰਦਰਭ ਇੱਕ ਅਦਾਲਤੀ ਸਥਿਤੀ ਦੀ ਗੱਲ ਕਰਦਾ ਹੈ ਜਿਸ ਵਿੱਚ ਪੂਰਾ ਸੰਸਾਰ ਨਿਆਂਈ ਪਰਮੇਸ਼ਰ ਦੇ ਸਾਹਮਣੇ ਦੋਸ਼ੀ ਹੈ (ਆਇਤਾਂ 19-20)। ਰੋਮੀਆਂ ਦੀ ਪੁਸਤਕ ਦੀ ਵਿਸਤ੍ਰਿਤ ਦਲੀਲ ਅਨੁਸਾਰ, ਇਹ ਸਪੱਸ਼ਟ ਹੈ ਕਿ ਧਰਮੀ ਠਹਿਰਣਾ ਦੋਸ਼ੀ ਠਹਿਰਣ ਜਾਂ ਸਜ਼ਾ ਦੇ ਉਲਟ ਹੈ (ਰੋਮੀ 5:16, 18)। ਇਸ ਤਰ੍ਹਾਂ, ਧਾਰਮਿਕਤਾ ਸ਼ਬਦ ਦਾ ਅਰਥ ਧਰਮੀ ਠਹਿਰਾਉਣਾ ਹੈ ਅਤੇ ਇਹ ਉਹਨਾਂ **ਸਭਨਾਂ** ਨੂੰ ਦਿੱਤੀ ਜਾਂਦੀ ਹੈ ਜੋ ਵਿਸ਼ਵਾਸ ਕਰਦੇ ਹਨ।

**(2) ਰੋਮੀ 4:5**

> ਪਰ ਦੂਜੇ ਪਾਸੇ ਜਿਹੜਾ ਕੰਮ ਨਹੀਂ ਕਰਦਾ ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਉਸ ਦਾ ਵਿਸ਼ਵਾਸ ਹੀ ਨੇਕੀ [ਧਰਮੀ] ਗਿਣਿਆ ਜਾਂਦਾ ਹੈ [ਰੋਮੀ 4:5]

ਨਕਾਰਾਤਮਕ ਤੌਰ ਤੇ, ਰੋਮੀ 4:5 ਇਹ ਸਿਖਾਉਂਦਾ ਹੈ ਕਿ ਧਰਮੀ ਠਹਿਰਣਾ ਕੰਮਾਂ ਉੱਤੇ ਆਧਾਰਿਤ ਨਹੀਂ ਹੈ। ਸਕਾਰਾਤਮਕ ਤੌਰ ਤੇ, ਇਹ ਵਿਸ਼ਵਾਸ ਉੱਤੇ ਆਧਾਰਿਤ ਹੈ। ਕਿਰਿਆ ਦਾ ਕਾਲ "ਗਿਣਿਆ ਜਾਂਦਾ ਹੈ" ਇਹ ਸਥਾਪਿਤ ਕਰਦਾ ਹੈ ਕਿ ਜਦੋਂ ਵਿਸ਼ਵਾਸ ਮੌਜੂਦ ਹੁੰਦਾ ਹੈ, ਤਾਂ ਧਰਮਿਕਤਾ ਦੀ ਘੋਸ਼ਣਾ ਕੀਤੀ ਜਾਂਦੀ ਹੈ। ਰੋਮੀ 4:5 ਲਈ ਕਿੰਗ ਜੇਮਜ਼ ਵਰਜ਼ਨ ਅਨੁਵਾਦ ਠੀਕ ਹੈ। ਇਸ ਵਿੱਚ ਲਿਖਿਆ ਹੈ, "ਗਿਣਿਆ ਜਾਂਦਾ ਹੈ।" ਇਸ ਸ਼ਬਦ ਦਾ ਮੂਲ ਅਰਥ ਮਾਨਸਿਕ ਤੌਰ ਤੇ "ਧਿਆਨ ਵਿੱਚ ਰੱਖਣਾ" ਹੁੰਦਾ ਹੈ। ਅਸੀਂ ਇਸ ਨੂੰ "ਸਮਝਿਆ ਜਾਣਾ, ਗਿਣਿਆ ਜਾਣਾ" ਕਹਿ ਸਕਦੇ ਹਾਂ। ਇਸ ਦੇ ਨਾਲ ਮਿਲਦਾ ਜੁਲਦਾ ਸ਼ਬਦ ਵਿੱਤੀ ਅਰਥਾਂ ਵਿੱਚ "ਕਿਸੇ ਦੇ ਖਾਤੇ ਵਿੱਚ ਪਾਉਣ" ਦਾ ਹਵਾਲਾ ਦਿੰਦਾ ਹੈ। ਨਵੇਂ ਨੇਮ ਦੀ ਸਭ ਤੋਂ ਵਧੀਆ ਮਿਸਾਲ ਫ਼ਿਲੇਮੋਨ 1:18 ਹੈ (ਰੋਮੀ 5:13 ਵੀ ਦੇਖੋ)।

> ਜੇਕਰ ਉਸ ਨੇ ਤੇਰੇ ਨਾਲ ਕੋਈ ਗ਼ਲਤ ਵਰਤਾਅ ਕੀਤਾ ਹੈ ਜਾਂ ਉਸ ਦੇ ਵੱਲ ਤੇਰਾ ਕੁਝ ਨਿਕਲਦਾ ਹੈ ਤਾਂ ਤੂੰ **ਉਹ ਮੇਰੇ ਖਾਤੇ ਵਿੱਚ ਲਿੱਖ ਦੇ** [ਫ਼ਿਲੇਮੋਨ 1:18]

ਇਹ ਗੱਲ ਦੀ ਬਹੁਤ ਸੰਭਾਵਨਾ ਹੈ ਕਿ ਰੋਮੀ 4:5 ਵਿੱਚ ਅਤੇ ਇਸ ਤਰ੍ਹਾਂ ਦੇ ਹੋਰ ਬਿਆਨਾਂ ਵਿੱਚ ਪੌਲੁਸ ਦੇ ਮਨ ਵਿੱਚ ਇਸ ਦਾ ਇਹੀ ਖ਼ਾਸ ਅਰਥ ਹੈ। ਪਰਮੇਸ਼ਰ ਉਸ ਵਿਅਕਤੀ ਦੇ ਖਾਤੇ ਵਿੱਚ ਧਾਰਮਿਕਤਾ ਨੂੰ ਲਿਖ ਦਿੰਦੇ ਹਨ ਜੋ ਵਿਸ਼ਵਾਸ ਕਰਦਾ ਹੈ। ਬਾਈਬਲ ਦੇ ਵਿਦਵਾਨ ਮਸੀਹ ਦੀ ਧਾਰਮਿਕਤਾ ਨੂੰ ਵਿਸ਼ਵਾਸੀ ਦੇ ਖਾਤੇ ਵਿੱਚ ਲਿੱਖਣ ਨੂੰ "ਮਸੀਹ ਦੀ ਧਾਰਮਿਕਤਾ ਕਾਰਨ ਮਨੁੱਖ ਦਾ ਧਰਮੀ ਗਿਣਿਆ ਜਾਣਾ" ਕਹਿੰਦੇ ਹਨ।

**(3) ਰੋਮੀ 5:17**

> ਇਹ ਸੱਚ ਹੈ ਕਿ ਇੱਕ ਆਦਮੀ ਦੇ ਪਾਪ ਦੁਆਰਾ ਮੌਤ ਨੇ ਆਪਣਾ ਰਾਜ ਸ਼ੁਰੂ ਕੀਤਾ ਅਤੇ ਇਹ ਕੇਵਲ ਇੱਕ ਆਦਮੀ ਦੇ ਕਰਨ ਹੋਇਆ ਪਰ ਇਸ ਤੋਂ ਵੱਧ ਕੇ ਜਿਹਨਾਂ ਨੇ ਅਪਾਰ

> ਕਿਰਪਾ ਅਤੇ ਪਵਿੱਤਰਤਾ ਦਾ ਮੁਫ਼ਤ ਵਰਦਾਨ (ਧਰਮੀ ਠਹਿਰਾਉਣਾ) ਪ੍ਰਾਪਤ ਕੀਤਾ ਹੈ, ਉਹ ਇੱਕ ਮਨੁੱਖ ਭਾਵ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਜੀਵਨ ਵਿੱਚ ਜ਼ਰੂਰ ਰਾਜ ਕਰਨਗੇ [ਰੋਮੀ 5:17]

ਰੋਮੀਆਂ 5:17 ਧਰਮੀ ਠਹਿਰਾਏ ਜਾਣ ਦਾ ਸਮਾਂ ਨਹੀਂ ਦੱਸਦਾ ਹੈ, ਪਰ ਸਪੱਸ਼ਟ ਤੌਰ ਤੇ ਇਹ ਦੱਸਦਾ ਹੈ ਕਿ ਇਹ ਇੱਕ ਵਰਦਾਨ ਹੈ।

**(4) ਰੋਮੀ 9:30**

> ਫਿਰ ਅਸੀਂ ਕੀ ਕਹੀਏ? ਇਹ ਕਿ ਪਰਾਈਆਂ ਕੌਮਾਂ ਜਿਹੜੀਆਂ ਪਰਮੇਸ਼ਰ ਦੇ ਨਾਲ ਆਪਣੇ ਨੇਕ ਸੰਬੰਧ [ਧਰਮੀ ਠਹਿਰਣਾ] ਸਥਾਪਿਤ ਕਰਨ ਦੀ ਕੋਸ਼ਿਸ਼ ਨਹੀਂ ਕਰਦੀਆਂ ਉਹਨਾਂ ਦਾ ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੇ ਨਾਲ ਨੇਕ ਸੰਬੰਧ [ਧਰਮੀ ਠਹਿਰਣਾ] ਸਥਾਪਿਤ ਕੀਤਾ ਗਿਆ। [ਰੋਮੀ 9:30]

ਇਸ ਸੰਦਰਭ ਵਿੱਚ ਪੌਲੁਸ ਪਰਾਈਆਂ ਕੌਮਾਂ (ਰੋਮੀ 9:24) ਅਤੇ ਯਹੂਦੀਆਂ (ਰੋਮੀ 10:1, 12) ਦੀ ਮੁਕਤੀ ਦੀ ਗੱਲ ਕਰ ਰਿਹਾ ਹੈ। ਰੋਮੀ 9:30 ਵਿੱਚ ਧਾਰਮਿਕਤਾ ਨੂੰ ਧਰਮੀ ਠਹਿਰਾਉਣਾ ਮੰਨਣਾ ਚਾਹੀਦਾ ਹੈ। ਜਿਹੜੇ ਲੋਕ ਵਿਸ਼ਵਾਸ ਰੱਖਦੇ ਸਨ, ਉਹ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਸਨ। ਧਰਮੀ ਠਹਿਰਾਉਣਾ ਕੋਈ ਭਵਿੱਖ ਦਾ ਉਦੇਸ਼ ਜਾਂ ਉਮੀਦ ਨਹੀਂ ਹੈ, ਪਰ ਇਹ ਇੱਕ ਅਜਿਹੀ ਗੱਲ ਹੈ ਜੋ ਜੋ ਇਸੇ ਜੀਵਨ ਵਿੱਚ ਪ੍ਰਾਪਤ ਕੀਤੀ ਸਕਦੀ ਹੈ।

**(5) ਰੋਮੀ 10:4, 6a, 10a**

> ਮਸੀਹ ਨੇ ਬਿਵਸਥਾ ਦਾ ਉਦੇਸ਼ ਪੂਰਾ ਕਰ ਦਿੱਤਾ ਕਿ ਜਿਹੜਾ ਕੋਈ ਵਿਸ਼ਵਾਸ ਕਰੇ ਉਹ ਪਰਮੇਸ਼ਰ ਦੇ ਸਾਹਮਣੇ ਧਰਮੀ ਠਹਿਰੇ….ਪਰ ਉਹ ਜਿਹੜਾ ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਧਰਮੀ ਠਹਿਰਾਇਆ ਗਿਆ ਹੈ....ਕਿਉਂਕਿ ਦਿਲ ਨਦੀ ਨਾਲ ਵਿਸ਼ਵਾਸ ਕਰਨ ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਧਰਮੀ ਠਹਿਰਦੇ ਹਾਂ…[ਰੋਮੀ 10:4, 6a, 10a]

ਇਹ ਜਾਣ ਲੈਣਾ ਮੁਸ਼ਕਲ ਨਹੀਂ ਹੋਵੇਗਾ ਕਿ ਰੋਮੀਆਂ 10 ਦਾ ਵਿਸ਼ਾ ਪਵਿੱਤਰ ਜੀਵਨ ਦੀ ਬਜਾਏ ਮੁਕਤੀ ਹੈ (ਰੋਮੀ 10:1, 9, 12-13)। ਇਸ ਲਈ, ਪੌਲੁਸ ਇਹ ਚਾਹੁੰਦਾ ਹੈ ਕਿ ਧਰਮਿਕਤਾ ਨੂੰ ਧਰਮੀ ਠਹਿਰਾਉਣ ਜਾਂ ਮਸੀਹ ਦੀ ਦਿੱਤੀ ਧਾਰਮਿਕਤਾ ਦੇ ਰੂਪ ਵਿੱਚ ਸਮਝਿਆ ਜਾਵੇ। ਆਇਤ 4 ਇਹ ਸਿਖਾਉਂਦੀ ਹੈ ਕਿ ਧਰਮੀ ਠਹਿਰਾਏ ਜਾਣਾ ਇੱਕ ਵਰਤਮਾਨ ਹਕੀਕਤ ਹੈ। ਇਹ ਵਿਸ਼ਵਾਸ ਦੇ ਆਧਾਰ ਤੇ ਹੁੰਦਾ ਹੈ। ਇਸ ਤੋਂ ਇਲਾਵਾ, ਇਹ **ਹਰੇਕ ਉਸ ਵਿਅਕਤੀ** ਦੇ ਲਈ ਹੁੰਦਾ ਹੈ ਜੋ ਵਿਸ਼ਵਾਸ ਕਰਦਾ ਹੈ। ਨਾਲ ਹੀ, ਆਇਤ 10 ਵੀ ਸਪੱਸ਼ਟ ਹੈ ਕਿ ਧਰਮੀ ਠਹਿਰਾਏ ਜਾਣਾ ਉਹ ਚੀਜ਼ ਹੈ ਜੋ ਇੱਕ ਵਿਅਕਤੀ ਕੋਲ ਪਹਿਲਾਂ ਹੀ ਹੁੰਦੀ ਹੈ, ਨਾ ਕਿ ਉਹ ਚੀਜ਼ ਹੈ ਜਿਸ ਨੂੰ ਉਹ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ।

**(6) 1 ਕੁਰਿੰਥ 1:30**

> ਪਰ ਪਰਮੇਸ਼ਰ ਨੇ ਤੁਹਾਡਾ ਮਸੀਹ ਨਾਲ ਮੇਲ ਕਰਵਾਇਆ ਹੈ ਅਤੇ ਉਹਨਾਂ ਦੇ ਦੁਆਰਾ ਮਸੀਹ ਸਾਡੀ ਬੁੱਧੀ ਬਣੇ ਹਨ ਅਤੇ ਸਾਨੂੰ ਧਰਮੀ, ਪਵਿੱਤਰ ਅਤੇ ਮੁਕਤ ਕੀਤਾ ਹੈ। [1 ਕੁਰਿੰਥ 1:30]

1 ਕੁਰਿੰਥ 1:30 ਵਿੱਚ ਧਾਰਮਿਕਤਾ ਨੂੰ ਆਸਾਨੀ ਨਾਲ ਧਰਮੀ ਠਹਿਰਾਉਣਾ ਮੰਨਿਆ ਜਾ ਸਕਦਾ ਹੈ। ਇਹ ਕਿਰਿਆ ਭੂਤਕਾਲ ਵਿੱਚ ਹੈ ਜੋ ਦਰਸਾਉਂਦੀ ਹੈ ਕਿ ਇੱਕ ਵਿਸ਼ਵਾਸੀ ਪਹਿਲਾਂ ਹੀ ਧਰਮੀ ਠਹਿਰਾਇਆ ਜਾ ਚੁੱਕਾ ਹੈ।

### b. ਇੱਕ *ਧਰਮੀ* ਵਿਅਕਤੀ ਦੇ ਲਈ ਯੂਨਾਨੀ ਰੂਪ

ਇੱਕ ਧਰਮੀ ਵਿਅਕਤੀ ਦੇ ਲਈ ਯੂਨਾਨੀ ਸ਼ਬਦ ਦਾ ਅਰਥ ਉਹ ਵਿਅਕਤੀ ਵੀ ਹੋ ਸਕਦਾ ਹੈ ਜੋ "ਕੰਮਾਂ ਵਿੱਚ ਧਰਮੀ" ਹੈ। ਇਹ ਜ਼ਿਆਦਾਤਰ ਧਰਮੀ ਵਿਵਹਾਰਾਂ ਨੂੰ ਦਰਸਾਉਂਦਾ ਹੈ ਜਿਵੇਂ ਕਿ "ਯੂਸਫ਼ ਇੱਕ ਧਰਮੀ ਆਦਮੀ ਸੀ, ਉਹ ਮਰੀਅਮ ਨੂੰ ਖੇਲ੍ਹੇਆਮ ਬੇਇੱਜ਼ਤ ਨਹੀਂ ਕਰਨਾ ਚਾਹੁੰਦਾ ਸੀ" (ਮੱਤੀ 1:19)। ਪਰ, ਨਵਾਂ ਨੇਮ ਤਿੰਨ ਵਾਰ ਹਬੱਕੂਕ 2:4 ਦਾ ਹਵਾਲਾ ਦਿੰਦਾ ਹੈ ਅਤੇ ਇਹਨਾਂ ਵਿੱਚ *ਧਰਮੀ ਵਿਅਕਤੀ* "ਧਰਮੀ ਠਹਿਰਾਏ ਗਏ ਵਿਅਕਤੀ" ਦਾ ਹਵਾਲਾ ਦਿੰਦਾ ਹੈ (ਰੋਮੀ 1:17; ਗਲਾਤੀ 3:11; ਇਬ 10:38)।

**(1) ਪੁਰਾਣੇ ਨੇਮ ਦਾ ਪਿਛੋਕੜ (ਹਬੱਕੂਕ 2:4)**

ਨਬੀ ਹਬੱਕੂਕ ਬਾਬਲ ਦੇ ਹਮਲੇ ਨੂੰ ਲੈ ਕੇ ਚਿੰਤਤ ਸੀ। ਉਸ ਨੇ ਪਰਮੇਸ਼ਰ ਨੂੰ ਚੁਣੌਤੀ ਦਿੱਤੀ ਕਿ ਉਹ ਬਾਬਲ ਨੂੰ ਇਸਰਾਏਲ ਉੱਤੇ ਹਮਲਾ ਕਰਨ ਦੀ ਆਗਿਆ ਕਿਉਂ ਦੇ ਰਹੇ ਹਨ। ਇਸ ਚੁਣੌਤੀ ਦੇ ਲਈ ਪਰਮੇਸ਼ਰ ਦੇ ਜਵਾਬ ਦਾ ਇੱਕ ਹਿੱਸਾ ਹਬੱਕੂਕ 2:4 ਵਿੱਚ ਹੈ: "ਉਹ ਜਿਹੜਾ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸ ਦੇ ਦੁਆਰਾ ਧਰਮੀ ਠਹਿਰ ਚੁੱਕਾ ਹੈ, ਉਹ ਜਿਊਂਦਾ ਰਹੇਗਾ।" ਇਸ ਬਿਆਨ ਦੇ ਦੋ ਅਰਥ ਹੋ ਸਕਦੇ ਹਨ। ਇਸ ਦਾ ਅਰਥ ਹੋ ਸਕਦਾ ਹੈ ਕਿ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਗਿਆ ਵਿਅਕਤੀ ਮੁਸ਼ਕਲ ਦੇ ਸਮੇਂ ਵਿੱਚ ਵੀ ਨਿਰੰਤਰ ਅਨੰਤ ਜੀਵਨ ਵਿੱਚ ਰਹਿੰਦਾ ਹੈ। ਇਹ ਬਿਆਨ ਯਹੂਦਾਹ ਵਿੱਚ ਉਹਨਾਂ ਵਿਸ਼ਵਾਸੀਆਂ ਨੂੰ ਦਿਲਾਸਾ ਦੇਵੇਗਾ ਜਿਹਨਾਂ ਨੂੰ ਇਸ ਔਖੇ ਸਮਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦਾ ਇਹ ਅਰਥ ਵੀ ਹੋ ਸਕਦਾ ਹੈ ਕਿ "ਇੱਕ ਧਰਮੀ ਵਿਅਕਤੀ ਆਪਣੀ ਵਫ਼ਾਦਾਰੀ ਦੇ ਕਾਰਨ ਜਿਊਂਦਾ ਰਹੇਗਾ (ਉਹ ਹਮਲੇ ਦੌਰਾਨ ਸਰੀਰਕ ਤੌਰ ਤੇ ਜਿਊਂਦਾ ਰਹੇਗਾ)।[69] ਹਬੱਕੂਕ ਦੇ ਸਮੇਂ ਸ਼ਾਇਦ ਪਰਮੇਸ਼ਰ ਇਹਨਾਂ ਦੋਵਾਂ ਗੱਲਾਂ ਨੂੰ ਪੂਰਾ ਕਰਨਾ ਚਾਹੁੰਦੇ ਸਨ।

**(2) ਪੌਲੁਸ ਦਾ ਹਬੱਕੂਕ 2:4 ਦਾ ਹਵਾਲਾ**

ਹੋ ਸਕਦਾ ਹੈ ਕਿ ਹਬੱਕੂਕ 2:4 ਨੇ ਵਫ਼ਾਦਰ ਅਤੇ ਧਰਮੀ ਲੋਕਾਂ ਨੂੰ ਸਰੀਰਕ ਜੀਵਨ ਦੇ ਵਾਅਦੇ ਦੁਆਰਾ ਵੀ ਉਮੀਦ ਦਿੱਤੀ ਹੋਵੇਗੀ, ਪਰ ਪੌਲੁਸ ਨੇ ਯਕੀਨਨ ਇਸ ਵਚਨ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਕਿ ਧਰਮੀ ਠਹਿਰਾਇਆ ਹੋਇਆ ਵਿਅਕਤੀ ਵਿਸ਼ਵਾਸ ਦੇ ਕਾਰਨ ਆਤਮਿਕ ਤੌਰ ਤੇ ਜਿਊਂਦਾ ਰਹੇਗਾ। ਇਸ ਵਾਕਾਂਸ਼ ਦਾ ਦੋਵਾਂ ਵਿੱਚੋਂ ਕੋਈ ਵੀ ਅਰਥ ਹੋ ਸਕਦਾ ਹੈ, ਪਰ ਨਵੇਂ ਨੇਮ ਵਿੱਚੇ ਇਸ ਦਾ ਸੰਦਰਭ ਨਿਸ਼ਚਿਤ ਤੌਰ ਤੇ ਆਤਮਿਕ ਜੀਵਨ ਹੈ, ਇਹ ਧਰਮੀ ਠਹਿਰਾਏ ਜਾਣ ਨੂੰ ਦਰਸਾਉਂਦਾ ਹੈ।

**(a) ਰੋਮੀ 1:16-17**

> ਮੈਂ ਸ਼ੁਭ ਸਮਾਚਾਰ ਤੋਂ ਸ਼ਰਮਾਉਂਦਾ ਨਹੀਂ ਕਿਉਂਕਿ ਇਹ ਪਰਮੇਸ਼ਰ ਦੀ ਸਮਰੱਥਾ ਹੈ ਜਿਹੜੀ ਹਰ ਇੱਕ ਵਿਸ਼ਵਾਸ ਕਰਨ ਵਾਲੇ ਦੀ ਮੁਕਤੀ ਲਈ ਹੈ। ਪਹਿਲਾਂ ਯਹੂਦੀਆਂ ਲਈ ਅਤੇ ਫਿਰ ਪਰਾਈਆਂ ਕੌਮਾਂ ਦੇ ਲਈ। ਸ਼ੁਭ ਸਮਾਚਾਰ ਦੁਆਰਾ ਹੀ ਪਰਮੇਸ਼ਰ ਦਾ ਪਾਪੀ ਨੂੰ ਨੇਕ ਠਹਿਰਾਉਣ ਦਾ ਰਾਹ ਪ੍ਰਗਟ ਹੋਇਆ ਹੈ, ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਕਹਿੰਦਾ ਹੈ, "ਉਹ ਜਿਹੜਾ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸ ਦੇ ਦੁਆਰਾ ਨੇਕ ਠਹਿਰਦਾ ਹੈ, ਉਹ ਜਿਊਂਦਾ ਰਹੇਗਾ।" [ਰੋਮੀ 1:16, 17]

ਪੌਲੁਸ ਦੇ ਇਸ ਬਿਆਨ ਦਾ ਖ਼ਾਸ ਅਰਥ ਉਸ ਦੀ ਇਸ ਪੁਸਤਕ ਦੇ ਬਾਕੀ ਦੇ ਹਿੱਸੇ ਵਿੱਚ ਦਿੱਤੀ ਦਲੀਲ ਦੁਆਰਾ ਸਪੱਸ਼ਟ ਕੀਤਾ ਗਿਆ ਹੈ। ਹਾਲਾਂਕਿ, "ਧਰਮੀ ਵਿਅਕਤੀ ਵਫ਼ਾਦਾਰੀ ਨਾਲ ਜਿਊਂਦਾ ਰਹੇਗਾ" ਵਾਕਾਂਸ਼ ਨੂੰ ਕੰਮਾਂ ਬਾਰੇ ਸਿਖਾਉਣ ਲਈ ਗ਼ਲਤ ਤਰੀਕੇ ਨਾਲ ਲਿਆ ਜਾ ਸਕਦਾ ਹੈ, ਪਰ ਬਾਕੀ ਦੀ ਪੁਸਤਕ ਇਸ ਵਿਆਖਿਆ ਦੀ ਆਗਿਆ ਨਹੀਂ ਦਿੰਦੀ ਹੈ। ਬਾਕੀ ਦੀ ਪੁਸਤਕ ਵਿੱਚੋਂ ਇੱਕ ਵਿਅਕਤੀ ਜਾਣਦਾ ਹੈ ਕਿ ਰੋਮੀ 1:17a ਵਿੱਚ ਪੌਲੁਸ ਦਾ ਅਰਥ ਹੈ ਕਿ, "ਇੱਕ ਧਰਮੀ ਵਿਅਕਤੀ ਆਪਣੇ ਵਿਸ਼ਵਾਸ ਦੁਆਰਾ ਅਨੰਤ ਜੀਵਨ ਪ੍ਰਾਪਤ ਕਰੇਗਾ।"

ਸਾਨੂੰ ਇਸ ਗੱਲ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਹਬੱਕੂਕ 2:4 ਤੋਂ ਲਿਆ ਗਿਆ ਹਵਾਲਾ ਰੋਮੀ 1:16-17a ਦੇ ਮੁੱਖ ਬਿਆਨ ਨੂੰ ਸਿਰਫ਼ ਇੱਕ ਛੋਟਾ ਸਹਿਯੋਗ ਦਿੰਦਾ ਹੈ। ਮੁੱਖ ਬਿਆਨ ਇਹ ਹੈ ਕਿ "ਪਰਮੇਸ਼ਰ ਦੀ ਧਾਰਮਿਕਤਾ [ਧਰਮੀ ਠਹਿਰਾਉਣਾ] .... ਵਿਸ਼ਵਾਸ ਕਰਨ ਵਾਲੇ ਉੱਤੇ ਪ੍ਰਗਟ ਹੋਈ ਹੈ।" ਇਹ ਸਪੱਸ਼ਟ ਹੈ ਕਿ ਵਿਸ਼ਾ ਮੁਕਤੀ ਹੈ (ਆਇਤ 16)। ਇਹ ਵਾਕਾਂਸ਼ "ਪਰਮੇਸ਼ਰ ਦੀ ਧਾਰਮਿਕਤਾ" ਉਸ ਧਰਮੀ ਠਹਿਰਾਉਣ ਦਾ ਹਵਾਲਾ ਦਿੰਦਾ ਹੈ ਜੋ ਪਰਮੇਸ਼ਰ ਆਪਣੀ (ਮਸੀਹ ਦੀ) ਧਾਰਮਿਕਤਾ ਦੇ ਆਧਾਰ ਉੱਤੇ ਦਿੰਦੇ ਹਨ (ਦੇਖੋ, ਰੋਮੀ 3:21-22; 10:4), ਅਤੇ ਇਸ ਪੁਸਤਕ ਦੇ ਮੁੱਖ ਵਿਸ਼ਿਆਂ ਵਿੱਚੋਂ ਇੱਕ ਧਰਮੀ ਠਹਿਰਾਉਣਾ ਹੈ। ਇਸ ਲਈ, ਆਇਤ 17 ਦਾ ਪਹਿਲਾ ਹਿੱਸਾ ਧਰਮੀ ਠਹਿਰਾਉਣ ਬਾਰੇ ਹੈ, ਅਤੇ ਇਸ ਲਈ ਇਹ ਹਵਾਲਾ ਵੀ ਕਿ "ਧਰਮੀ ਵਿਸ਼ਵਾਸ ਨਾਲ ਜਿਊਂਦਾ ਰਹੇਗਾ" ਇਸ ਬਾਰੇ ਹੀ ਹੋਵੇਗਾ। ਹੋਰ ਸਬੂਤਾਂ ਦੇ ਨਾਲ, ਰੋਮੀ 1:17 ਵਿੱਚ ਪੌਲੁਸ ਧਰਮੀ ਠਹਿਰਾਉਣ ਨੂੰ ਇੱਕ ਵਿਸ਼ਵਾਸੀ ਦੀ ਵਰਤਮਾਨ ਦੀ ਬਰਕਤ ਦੇ ਰੂਪ ਵਿੱਚ ਦੇਖ ਰਿਹਾ ਹੈ, ਇਹ ਉਹ ਚੀਜ਼ ਨਹੀਂ ਹੈ ਜਿਸ ਨੂੰ ਪ੍ਰਾਪਤ ਕਰਨ ਦੀ ਉਮੀਦ ਉਹ ਭਵਿੱਖ ਵਿੱਚ ਕਰ ਰਿਹਾ ਹੈ। ਵਾਕਾਂਸ਼ "ਆਦਿ ਤੋਂ ਅੰਤ ਤੱਕ ਵਿਸ਼ਵਾਸ" ਨੂੰ ਸਮਝਣ ਦਾ ਇੱਕ ਵਧੀਆ ਤਰੀਕਾ ਇਹ ਹੈ ਕਿ ਇਸ ਨਿਰੰਤਰ ਵਿਸ਼ਵਾਸ ਨੂੰ ਮਨੁੱਖ ਇਤਿਹਾਸ ਵਿੱਚ ਵਿਅਕਤੀਗਤ ਪਰਿਵਰਤਨ ਦੇ ਰੂਪ ਵਿੱਚ ਦੇਖਿਆ ਜਾਵੇ, ਜੋ ਇੱਕ ਸਥਾਈ ਰੂਪ ਵਿੱਚ ਹੈ। ਅਗਲੀ ਆਇਤ (ਰੋਮੀ 1:18) ਪਰਮੇਸ਼ਰ ਦੇ ਉਸ ਕ੍ਰੋਧ ਬਾਰੇ ਹੈ ਜੋ ਪਾਪ ਦੇ ਕਾਰਨ ਪੂਰੇ ਸਮੇਂ ਦੌਰਾਨ ਪ੍ਰਗਟ ਹੁੰਦਾ ਰਹਿੰਦਾ ਹੈ। ਇਸ ਲਈ, ਰੋਮੀ 1:17 ਨੂੰ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ: "ਸ਼ੁਭ ਸਮਾਚਾਰ ਦੁਆਰਾ ਹੀ ਪਰਮੇਸ਼ਰ ਦਾ ਧਰਮੀ ਠਹਿਰਾਉਣ ਦਾ ਰਾਹ ਇੱਕ ਵਿਸ਼ਵਾਸ ਕਰਨ ਵਾਲੇ ਤੋਂ ਦੂਜੇ ਵਿਸ਼ਵਾਸ ਕਰਨ ਵਾਲੇ ਨੂੰ ਪ੍ਰਗਟ ਹੋਇਆ ਹੈ।

**(b) ਗਲਾਤੀ 3:11**

> ਇਸ ਤੋਂ ਇਹ ਸਾਫ਼ ਪ੍ਰਗਟ ਹੈ ਕਿ ਕੋਈ ਵਿਵਸਥਾ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਦਾ ਕਿਉਂਕਿ ਪਵਿੱਤਰ-ਗ੍ਰੰਥ ਕਹਿੰਦਾ ਹੈ, "ਉਹ ਜਿਹੜਾ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸ ਦੇ ਦੁਆਰਾ ਨੇਕ ਠਹਿਰ ਚੁੱਕਾ ਹੈ, ਉਹ ਜਿਊਂਦਾ ਰਹੇਗਾ।" [ਗਲਾਤੀ 3:11]

ਰੋਮੀ 1:17 ਇੱਕ ਵਿਸ਼ੇ ਦਾ ਪਹਿਲਾ ਬਿਆਨ ਦਿੰਦਾ ਹੈ, ਅਤੇ ਇਸ ਲਈ ਵਿਦਿਆਰਥੀ ਨੂੰ ਇਹ ਸਮਝਣ ਦੇ ਲਈ ਅੱਗੇ ਪੜ੍ਹਨਾ ਚਾਹੀਦਾ ਹੈ ਕਿ ਪੌਲੁਸ ਇਸ ਵਾਕਾਂਸ਼ (ਧਰਮੀ ਵਿਸ਼ਵਾਸ ਦੁਆਰਾ ਜਿਊਂਦਾ ਰਹੇਗਾ) ਨੂੰ ਕਿਵੇਂ ਕਿਵੇਂ ਸਮਝ ਰਿਹਾ ਹੈ। ਪਰ, ਗਲਾਤੀ 3:11 ਇਸ ਪੁਸਤਕ ਦੇ ਮੱਧ ਵਿੱਚ ਆਉਂਦਾ ਹੈ ਅਤੇ ਅੱਗੇ ਵੱਧ ਰਹੀ ਦਲੀਲ ਦੇ ਵੀ ਮੱਧ ਵਿੱਚ

[69] ਇਬ 10:38 ਹਬੱਕੂਕ 2:4 ਦੀ ਵਿਆਖਿਆ ਇਸ ਅਰਥ ਵਿੱਚ ਕਰਦਾ ਹੈ ਕਿ ਇੱਕ ਧਰਮੀ ਠਹਿਰਾਏ ਗਏ ਵਿਅਕਤੀ ਨੂੰ ਵਫ਼ਾਦਾਰੀ ਦਾ ਜੀਵਨ ਜੀਣਾ ਚਾਹੀਦਾ ਹੈ। ਇਬਰਾਨੀਆਂ 11 ਵਿੱਚ ਸੂਚੀਬੱਧ ਕੀਤੇ ਗਏ ਪੁਰਾਣੇ ਨੇਮ ਦੇ ਸੰਤ ਹਬੱਕੂਕ 2:4 ਦੀ ਇਸ ਵਿਆਖਿਆ ਨੂੰ ਦਰਸਾਉਂਦੇ ਹਨ। ਪੌਲੁਸ ਰੋਮੀ 1:16-17 ਅਤੇ ਗਲਾਤੀ 3:11 ਵਿੱਚ ਹਬੱਕੂਕ ਦੇ ਸ਼ਬਦਾਂ ਨੂੰ ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਦੇ ਹਵਾਲੇ ਵਜੋਂ ਲੈਂਦਾ ਹੈ। ਅਜਿਹਾ ਹੋ ਸਕਦਾ ਹੈ ਕਿ ਦੋਵੇਂ ਵਿਚਾਰ ਪੁਰਾਣੇ ਨੇਮ ਦੇ ਮੂਲ ਬਿਆਨ ਵਿੱਚ ਪਰਮੇਸ਼ਰ ਦੇ ਇਰਾਦੇ ਨਾਲ ਅਨੁਕੂਲ ਹਨ। ਇਬ 10:38 ਦੇ ਹਬੱਕੂਕ 2:4 ਨੂੰ ਪੂਰੇ ਜੀਵਨ ਦੀ ਵਫ਼ਾਦਾਰੀ ਦੇ ਹਵਾਲੇ ਵਜੋਂ ਲੈਣ ਦਾ ਤੱਥ ਅਜਿਹਾ ਸਮਝਣ ਵਿੱਚ ਮਦਦ ਕਰਦਾ ਹੈ ਕਿ ਇਸ ਲੇਖਕ ਨੇ ਉਹ ਸਮੱਗਰੀ ਨੂੰ ਸ਼ਾਮਲ ਕਰਨਾ ਜ਼ਰੂਰੀ ਕਿਉਂ ਮਹਿਸੂਸ ਕੀਤਾ ਜਿਸ ਵਿੱਚ ਇਹ ਦਿਖਾਇਆ ਗਿਆ ਹੈ ਕਿ ਪੌਲੁਸ ਦੀ ਪੁਰਾਣੇ ਨੇਮ ਦੇ ਇਸ ਮੁੱਖ ਵਚਨ ਬਾਰੇ ਸਮਝ ਕੀ ਸੀ।

ਵਿੱਚ ਆਉਂਦਾ ਹੈ। ਪੌਲੁਸ ਸਪੱਸ਼ਟ ਤੌਰ ਤੇ ਗਲਾਤੀ 3:6 ਵਿੱਚ ਧਰਮੀ ਠਹਿਰਾਉਣ ਬਾਰੇ ਗੱਲ ਕਰ ਰਿਹਾ ਹੈ (ਅਬਰਾਹਾਮ ਧਰਮੀ ਗਿਣਿਆ ਗਿਆ), ਅਤੇ ਉਸ ਦਾ ਸੰਦਰਭ ਸਪੱਸ਼ਟ ਤੌਰ ਤੇ ਅਦਾਲਤੀ ਮਾਮਲਿਆਂ ਉੱਤੇ ਕੇਂਦਰਿਤ ਹੈ (ਬਿਵਸਥਾ ਦਾ ਸਰਾਪ, ਗਲਾਤੀ 3:10)।

ਇਸ ਲਈ, "ਧਰਮੀ ਵਿਸ਼ਵਾਸ ਦੁਆਰਾ ਜਿਊਂਦਾ ਰਹੇਗਾ" ਦਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਜਿਹੜਾ ਵਿਅਕਤੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾ ਚੁੱਕਾ ਹੈ, ਉਹ ਆਤਮਿਕ (ਸਦੀਪਕ) ਜੀਵਨ ਵਿੱਚ ਵੀ ਜਿਊਂਦਾ ਰਹੇਗਾ। ਪੌਲੁਸ ਜਾਂ ਤਾਂ ਮੰਨਦਾ ਸੀ ਕਿ ਇਹ ਉਹ ਦਿਲਾਸਾ ਦੇਣ ਵਾਲੀ ਉਮੀਦ ਸੀ ਜਿਸ ਨੇ ਹਬੱਕੂਕ ਦੇ ਦਿਨਾਂ ਵਿੱਚ ਇਬਰਾਨੀ ਲੋਕਾਂ ਨੂੰ ਹੌਸਲਾ ਦਿੱਤਾ ਸੀ, ਜਾਂ ਫਿਰ ਘੱਟੋ-ਘੱਟ ਇਸ ਵਾਕਾਂਸ਼ ਨੂੰ ਇਸ ਤਰੀਕੇ ਨਾਲ ਲਾਗੂ ਕਰਨ ਲਈ ਉਸ ਦੀ ਪਵਿੱਤਰ ਆਤਮਾ ਦੁਆਰਾ ਅਗਵਾਈ ਕੀਤੀ ਗਈ ਸੀ।

### 7. ਧਰਮੀ ਠਹਿਰਾਉਣ ਦੇ ਸਮੇਂ ਦਾ ਸਿੱਟਾ

ਇਹ ਮੂਰਖਤਾ ਵਾਲਾ ਵਿਚਾਰ ਹੈ ਕਿ ਧਰਮੀ ਠਹਿਰਾਉਣਾ ਇੱਕ ਪ੍ਰਕਿਰਿਆ ਹੈ ਜੋ ਜੀਵਨ ਭਰ ਚੱਲਦੀ ਰਹਿੰਦੀ ਹੈ। ਧਰਮੀ ਠਹਿਰਾਉਣ ਦੇ ਵਿਸ਼ੇ ਨੂੰ ਭਾਵੇਂ ਕਿਸੇ ਵੀ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ (ਮੁਕਤੀ ਦਾ ਭੂਤਕਾਲ, ਅਤੀਤ ਅਤੇ ਵਰਤਮਾਨ ਕਿਰਿਆ ਕਾਲ, ਆਇਤਾਂ ਜਿਹਨਾਂ ਵਿੱਚ ਧਰਮੀ ਠਹਿਰਾਉਣ ਨੂੰ ਇੱਕ ਸੰਭਾਵੀ ਰੂਪ ਦਿੱਤਾ ਗਿਆ ਹੈ, ਅਬਰਾਹਾਮ ਦੀ ਉਦਾਹਰਣ, ਜਾਂ ਨਾਂਵ ਦੀ ਵਰਤੋਂ), **ਬਾਈਬਲ ਇਹੀ ਸਿਖਾਉਂਦੀ ਹੈ ਕਿ ਵਿਸ਼ਵਾਸ ਕਰਨ ਵਾਲਿਆਂ ਦੇ ਲਈ ਧਰਮੀ ਠਹਿਰਣਾ ਇੱਕ ਪੂਰਾ ਕੀਤਾ ਗਿਆ ਅਤੇ ਸਥਾਪਿਤ ਮਾਮਲਾ ਹੈ।** (ਉਹ ਆਇਤਾਂ ਵੀ ਦੇਖੋ ਜੋ ਵਿਸ਼ਵਾਸੀ ਲਈ ਸਜ਼ਾ ਨਾ ਹੋਣ ਬਾਰੇ ਸਿਖਾਉਂਦੀਆਂ ਹਨ: ਯੂਹੰਨਾ 5:24; ਰੋਮੀ 8:1, 33-34)।

## C. ਧਰਮੀ ਠਹਿਰਾਉਣ ਦਾ ਆਧਾਰ: ਵਿਸ਼ਵਾਸ

ਧਰਮੀ ਠਹਿਰਾਉਣ ਦੀ ਪਰਿਭਾਸ਼ਾ ਅਤੇ ਇਸ ਦੇ ਸਮੇਂ ਬਾਰੇ ਚਰਚਾ ਕਰਨ ਦੇ ਲਈ ਇਸ ਗੱਲ ਦਾ ਜੁੜਨਾ ਜ਼ਰੂਰੀ ਹੋ ਜਾਂਦਾ ਹੈ ਕਿ ਧਰਮੀ ਠਹਿਰਾਏ ਜਾਣ ਦਾ ਆਧਾਰ ਵਿਸ਼ਵਾਸ ਹੈ। ਹੁਣ ਧਿਆਨ ਉਹਨਾਂ ਆਇਤਾਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਜੋ ਇਹ ਸਿਖਾਉਂਦੀਆਂ ਹਨ ਕਿ ਧਰਮੀ ਠਹਿਰਾਉਣ ਦਾ ਆਧਾਰ ਮਸੀਹ ਵਿੱਚ ਵਿਸ਼ਵਾਸ ਹੈ। ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਦੇ ਸਬੂਤ ਇੰਨੇ ਜ਼ਬਰਦਸਤ ਹਨ ਕਿ ਇਹ ਸਮਝਣਾ ਮੁਸ਼ਕਲ ਹੈ ਕਿ ਕੋਈ ਵੀ ਇਸ ਗੱਲ ਤੋਂ ਇਨਕਾਰ ਕਿਵੇਂ ਕਰ ਸਕਦਾ ਹੈ ਕਿ ਮੁਕਤੀ ਸਿਰਫ਼ ਵਿਸ਼ਵਾਸ ਦੁਆਰਾ ਹੈ। **ਅਜਿਹਾ ਕੋਈ ਵੀ ਵਿਸ਼ਵਾਸੀ ਨਹੀਂ ਹੋ ਸਕਦਾ ਹੈ ਜੋ ਧਰਮੀ ਨਾ ਠਹਿਰਿਆ ਗਿਆ ਹੋਵੇਗਾ ਜਾਂ ਜਿਸ ਨੂੰ ਮੁਕਤੀ ਨਾ ਮਿਲੀ ਹੋਵੇ!** ਹੇਠਾਂ ਹਵਾਲਿਆਂ ਦੀ ਵਧੇਰੇ ਸੂਚੀ ਦੇ ਨਾਲ ਕੁਝ ਆਇਤਾਂ ਹਨ:

### 1. ਉਹ ਵਚਨ ਜੋ ਧਰਮੀ ਠਹਿਰਾਉਣ ਨੂੰ ਮਸੀਹ ਵਿੱਚ ਵਿਸ਼ਵਾਸ ਉੱਤੇ ਆਧਾਰਿਤ ਕਰਦੇ ਹਨ

a. *ਧਰਮੀ ਠਹਿਰਾਉਣ* ਦੇ ਕਿਰਿਆ ਰੂਪ: ਰਸੂਲਾਂ 13:39; ਰੋਮੀ 3:26, 28, 30; 4:5; 5:1, 9; ਗਲਾਤੀ 2:16-17; 3:8; ਅਤੇ 3:24

b. ਧਰਮੀ ਠਹਿਰਾਉਣ ਦਾ ਨਾਂਵ ਰੂਪ: ਰੋਮੀ 1:17; 3:22; 4:3, 5, 9, 11, 13, 22-24; 9:30; 10:4, 6, 10; ਗਲਾਤੀ 3:6; ਅਤੇ ਇਬ 11:7

c. *ਧਰਮੀ* ਦਾ ਨਾਂਵ ਰੂਪ: ਰੋਮੀ 1:17; ਗਲਾਤੀ 3:11; ਅਤੇ ਇਬ 10:38

> ਕਿਉਂਕਿ ਅਸੀਂ ਮੰਨਦੇ ਹਾਂ ਕਿ ਮਨੁੱਖ ਵਿਵਸਥਾ ਦੇ ਕੰਮਾਂ ਦੁਆਰਾ ਨਹੀਂ ਸਗੋਂ **ਵਿਸ਼ਵਾਸ** ਦੁਆਰਾ ਨੇਕ ਠਹਿਰਾਇਆ ਜਾਂਦਾ ਹੈ। [ਰੋਮੀ 3:28]
>
> ਪਰ ਦੂਜੇ ਪਾਸੇ ਜਿਹੜਾ ਕੰਮ ਨਹੀਂ ਕਰਦਾ ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ **ਵਿਸ਼ਵਾਸ** ਕਰਦਾ ਹੈ, ਉਸ ਦਾ **ਵਿਸ਼ਵਾਸ** ਹੀ ਨੇਕੀ ਗਿਣਿਆ ਜਾਂਦਾ ਹੈ। [ਰੋਮੀ 4:5]
>
> **ਵਿਸ਼ਵਾਸ ਦੇ ਦੁਆਰਾ** ਅਸੀਂ ਪਰਮੇਸ਼ਰ ਦੇ ਨਾਲ ਨੇਕ ਠਹਿਰਾਏ ਗਏ ਹਾਂ .... ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ । ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਏ ਜਾਵਾਂਗੇ। [ਰੋਮੀ 5:1, 9]
>
> ...ਇਸ ਲਈ ਪਵਿੱਤਰ-ਗ੍ਰੰਥ ਨੇ ਅਬਰਾਹਾਮ ਨੂੰ ਪਹਿਲਾਂ ਹੀ ਇਹ ਸ਼ੁਭ ਸਮਾਚਾਰ ਦੇ ਦਿੱਤਾ ਕਿ, "ਤੇਰੇ ਦੁਆਰਾ ਸਾਰੀਆਂ ਕੌਮਾਂ ਅਸੀਸ ਪ੍ਰਾਪਤ ਕਰਨਗੀਆਂ।" ਇਸ ਲਈ **ਉਹ ਸਾਰੇ ਜਿਹੜੇ ਵਿਸ਼ਵਾਸ ਕਰਦੇ ਹਨ** ਅਬਰਾਹਾਮ ਦੇ ਵਿਸ਼ਵਾਸ ਦੇ ਨਾਲ **ਅਸੀਸ ਪ੍ਰਾਪਤ ਕਰਨਗੇ।** [ਗਲਾਤੀ 3:8-9]
>
> ...ਪਰਮੇਸ਼ਰ ਮਨੁੱਖ ਨੂੰ ਯਿਸੂ ਮਸੀਹ ਵਿੱਚ **ਵਿਸ਼ਵਾਸ** ਕਰਨ ਦੁਆਰਾ ਨੇਕ ਠਹਿਰਾਉਂਦੇ ਹਨ। ਇਹ ਉਹਨਾਂ ਸਭ ਲਈ ਜਿਹੜੇ ਮਸੀਹ ਵਿੱਚ **ਵਿਸ਼ਵਾਸ** ਕਰਦੇ ਹਨ, ਬਿਨਾਂ ਕਿਸੇ ਪੱਖਪਾਤ ਤੋਂ ਕਰਦੇ ਹਨ। [ਰੋਮੀ 3:22]
>
> ਮਸੀਹ ਨੇ ਵਿਵਸਥਾ ਦਾ ਉਦੇਸ਼ ਪੂਰਾ ਕਰ ਦਿੱਤਾ ਕਿ ਜਿਹੜਾ ਕੋਈ **ਵਿਸ਼ਵਾਸ ਕਰੇ** ਉਹ ਪਰਮੇਸ਼ਰ ਦੇ ਸਾਹਮਣੇ ਨੇਕ (ਧਰਮੀ) ਠਹਿਰੇ। [ਰੋਮੀ 10:4]
>
> ਕਿਉਂਕਿ ਦਿਲ ਦੇ ਨਾਲ **ਵਿਸ਼ਵਾਸ ਕਰਨ** ਦੁਆਰਾ ਅਸੀਂ ਪਰਮੇਸ਼ਰ ਦੇ ਸਾਹਮਣੇ ਨੇਕ (ਧਰਮੀ) ਠਹਿਰਦੇ ਹਾਂ...[ ਰੋਮੀ 10:10a]

### 2. ਉਹ ਵਚਨ ਜੋ ਸਿਖਾਉਂਦੇ ਹਨ ਕਿ ਧਰਮੀ ਠਹਿਰਾਉਣਾ ਕਿਰਪਾ ਦੁਆਰਾ ਮੁਫ਼ਤ ਵਿੱਚ ਹੁੰਦਾ ਹੈ

ਪਰ ਉਹ ਸਾਰੇ ਪਰਮੇਸ਼ਰ ਦੇ ਮੁਫ਼ਤ **ਕਿਰਪਾ** ਦੇ **ਵਰਦਾਨ** ਰਾਹੀਂ ਮਸੀਹ ਯਿਸੂ ਦੇ ਦੁਆਰਾ ਨੇਕ (ਧਰਮੀ) ਠਹਿਰਾਏ ਗਏ ਹਨ। [ਰੋਮੀ 3:24]

ਇਹ ਸੱਚ ਹੈ ਕਿ ਇੱਕ ਆਦਮੀ ਦੇ ਪਾਪ ਦੁਆਰਾ ਮੌਤ ਨੇ ਆਪਣਾ ਰਾਜ ਸ਼ੁਰੂ ਕੀਤਾ ਅਤੇ ਇਹ ਕੇਵਲ ਇੱਕ ਆਦਮੀ ਦੇ ਕਾਰਨ ਹੋਇਆ ਪਰ ਇਸ ਤੋਂ ਵੀ ਵੱਧ ਕੇ ਜਿਹਨਾਂ ਨੇ ਅਪਾਰ **ਕਿਰਪਾ** ਅਤੇ ਪਵਿੱਤਰਤਾ (ਧਰਮੀ ਠਹਿਰਾਉਣ) ਦਾ ਮੁਫ਼ਤ **ਵਰਦਾਨ** ਪ੍ਰਾਪਤ ਕੀਤਾ ਹੈ, ਉਹ ਇੱਕ ਮਨੁੱਖ ਭਾਵ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਜੀਵਨ ਵਿੱਚ ਜ਼ਰੂਰ ਰਾਜ ਕਰਨਗੇ। [ਰੋਮੀ 5:17]

ਇਸ ਤਰ੍ਹਾਂ ਉਹਨਾਂ ਨੇ ਆਪਣੀ **ਕਿਰਪਾ** ਦੇ ਦੁਆਰਾ ਸਾਡਾ ਪਰਮੇਸ਼ਰ ਦੇ ਨਾਲ ਨੇਕ ਸੰਬੰਧ (ਧਰਮੀ ਠਹਿਰਾਉਣਾ) ਕਾਇਮ ਕੀਤਾ ਤਾਂ ਜੋ ਅਸੀਂ ਅਨੰਤ ਜੀਵਨ ਦੀ ਆਸ ਦੇ ਅਨੁਸਾਰ ਵਾਰਿਸ ਬਣ ਜਾਈਏ। [ਤੀਤੁਸ 3:7]

### 3. ਉਹ ਵਚਨ ਜੋ ਸਿਖਾਉਂਦੇ ਹਨ ਕਿ ਧਰਮੀ ਠਹਿਰਾਉਣਾ ਕੰਮਾਂ ਦੁਆਰਾ ਨਹੀਂ ਹੁੰਦਾ ਹੈ

a. *ਧਰਮੀ ਠਹਿਰਣ* ਦੇ ਕਿਰਿਆ ਰੂਪ: ਰਸੂਲਾਂ 13:39; ਰੋਮੀ 3:20; 4:2; ਗਲਾਤੀ 2:16; 3:11

b. *ਧਰਮੀ ਠਹਿਰਾਉਣ* ਦੇ ਨਾਂਵ ਰੂਪ: ਰੋਮੀ 4:5; 9:31; ਗਲਾਤੀ 2:21; 3:21

**ਮੂਸਾ ਦੀ ਵਿਵਸਥਾ ਜਿਹਨਾਂ ਚੀਜ਼ਾਂ ਤੋਂ ਮੁਕਤ ਨਾ ਕਰ ਸਕੀ**

ਉਹਨਾਂ ਤੋਂ ਹੀ ਹਰ ਕੋਈ ਯਿਸੂ ਵਿੱਚ ਵਿਸ਼ਵਾਸ ਕਰਨ ਵਾਲਾ ਮੁਕਤ ਹੁੰਦਾ ਹੈ। [ਰਸੂਲਾਂ 13:39a]

ਕਿਉਂਕਿ **ਵਿਵਸਥਾ ਦੇ ਅਨੁਸਾਰ ਕੀਤੇ ਕੰਮਾਂ ਨਾਲ ਕੋਈ ਵੀ ਮਨੁੱਖ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਾਇਆ ਜਾਵੇਗਾ**। ਵਿਵਸਥਾ ਦੁਆਰਾ ਤਾਂ ਪਾਪ ਦਾ ਗਿਆਨ ਹੀ ਹੁੰਦਾ ਹੈ। [ਰੋਮੀ 3:20]

ਪਰ ਦੂਜੇ ਪਾਸੇ **ਜਿਹੜਾ ਕੰਮ ਨਹੀਂ ਕਰਦਾ** ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਉਸ ਦਾ ਵਿਸ਼ਵਾਸ ਹੀ ਨੇਕੀ ਗਿਣਿਆ ਜਾਂਦਾ ਹੈ। [ਰੋਮੀ 4:5]

ਇਸ ਤੋਂ ਇਹ ਸਾਫ਼ ਪ੍ਰਗਟ ਹੈ ਕਿ **ਕੋਈ ਵਿਵਸਥਾ ਦੇ ਦੁਆਰਾ ਪਰਮੇਸ਼ਰ ਦੇ ਸਾਹਮਣੇ ਨੇਕ ਨਹੀਂ ਠਹਿਰਦਾ** ਕਿਉਂਕਿ ਪਵਿੱਤਰ-ਗ੍ਰੰਥ ਕਹਿੰਦਾ ਹੈ, "ਉਹ ਜਿਹੜਾ ਪਰਮੇਸ਼ਰ ਦੇ ਸਾਹਮਣੇ ਵਿਸ਼ਵਾਸ ਦੇ ਦੁਆਰਾ ਨੇਕ ਠਹਿਰ ਚੁੱਕਾ ਹੈ, ਉਹ ਜਿਊਂਦਾ ਰਹੇਗਾ। [ਗਲਾਤੀ 3:11]

## D. ਵਿਸ਼ਵਾਸੀ ਦੀ ਧਾਰਮਿਕਤਾ ਦਾ ਸਰੋਤ

ਜਦੋਂ ਪਰਮੇਸ਼ਰ ਇੱਕ ਵਿਅਕਤੀ ਨੂੰ ਵਿਸ਼ਵਾਸ ਦੇ ਆਧਾਰ ਉੱਤੇ ਧਰਮੀ ਘੋਸ਼ਿਤ ਕਰਦੇ ਹਨ, ਤਾਂ ਉਹ ਕੋਈ ਝੂਠੀ ਘੋਸ਼ਣਾ ਨਹੀਂ ਕਰ ਰਹੇ ਹਨ। ਇਹ ਗੱਲ ਸੱਚ ਹੈ ਕਿ ਸਾਰੇ ਮਨੁੱਖ ਆਪਣੇ ਅਸਲ ਕੰਮਾਂ ਵਿੱਚ ਅਧਰਮੀ ਹਨ। ਪਰ, ਇਹ ਨਵਾਂ ਨੇਮ ਸਿਖਾਉਂਦਾ ਹੈ ਕਿ ਮਸੀਹ ਦੀ ਧਾਰਮਿਕਤਾ ਵਿਸ਼ਵਾਸੀ ਦੇ ਖਾਤੇ ਵਿੱਚ ਲਿਖ ਦਿੱਤੀ ਜਾਂਦੀ ਹੈ। ਇਸ ਤਰ੍ਹਾਂ, ਪਰਮੇਸ਼ਰ ਇੱਕ ਵਿਸ਼ਵਾਸੀ ਦੀ ਨਹੀਂ, ਪਰ ਮਸੀਹ ਦੀ ਧਾਰਮਿਕਤਾ ਨੂੰ ਦੇਖਦੇ ਹਨ। ਵਿਸ਼ਵਾਸੀ ਨੂੰ ਦਿੱਤੀ ਗਈ ਮਸੀਹ ਦੀ ਧਾਰਮਿਕਤਾ ਦੇ ਆਧਾਰ ਉੱਤੇ, ਪਰਮੇਸ਼ਰ ਸੱਚਮੁੱਚ ਇਹ ਘੋਸ਼ਣਾ ਕਰ ਸਕਦੇ ਹਨ ਕਿ ਇੱਕ ਵਿਸ਼ਵਾਸੀ ਕਾਨੂੰਨੀ ਤੌਰ ਤੇ ਧਰਮੀ ਹੈ। ਇਹ ਸਾਡੀ ਧਾਰਮਿਕਤਾ ਨਹੀਂ, ਪਰ ਮਸੀਹ ਦੀ ਧਾਰਮਿਕਤਾ ਹੀ ਹੈ ਜੋ ਬਚਾਉਂਦੀ ਹੈ। ਕਿਉਂਕਿ ਮਸੀਹ ਆਪਣੀ ਧਾਰਮਿਕਤਾ ਨੂੰ ਗੁਆ ਨਹੀਂ ਸਕਦੇ ਹਨ, ਇਸ ਲਈ ਇੱਕ ਵਿਸ਼ਵਾਸੀ ਵੀ ਇਸ ਨੂੰ ਕਦੇ ਗੁਆ ਨਹੀਂ ਸਕਦਾ ਹੈ। ਪਰਮੇਸ਼ਰ ਸਾਹਮਣੇ ਵਿਸ਼ਵਾਸੀ ਦੀ ਕਾਨੂੰਨੀ ਸਥਿਤੀ ਮਸੀਹ ਦੀ ਅਨੰਤ ਅਤੇ ਬੇਦਾਗ ਧਾਰਮਿਕਤਾ ਉੱਤੇ ਆਧਾਰਿਤ ਹੈ। ਧਰਮੀ ਠਹਿਰਾਉਣ ਦੀ ਇਸ ਵਿਆਖਿਆ ਨੂੰ ਇਸ ਗੱਲ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਕਿ ਧਰਮੀ ਠਹਿਰਾਉਣ ਦੀ ਘੋਸ਼ਣਾ ਸਾਡੀ ਆਪਣੀ ਧਾਰਮਿਕਤਾ ਉੱਤੇ ਨਹੀਂ (ਜੋ ਸਾਡੇ ਯਤਨਾਂ ਦੇ ਬਾਵਜੂਦ ਵੀ ਕੁਧਰਮੀ ਹੈ, ਯਸਾਯਾਹ 64:6) ਪਰ ਮਸੀਹ ਦੀ ਧਾਰਮਿਕਤਾ ਉੱਤੇ ਆਧਾਰਿਤ ਹੈ ਜੋ ਕਾਨੂੰਨੀ ਤੌਰ ਤੇ ਵਿਸ਼ਵਾਸੀ ਦੇ ਖਾਤੇ ਵਿੱਚ ਲਿਖੀ ਜਾਂਦੀ ਹੈ।

### 1. ਪਰਮੇਸ਼ਰ ਦੀ ਧਾਰਮਿਕਤਾ ਨੂੰ ਉਹਨਾਂ ਦੇ ਲੋਕਾਂ ਨੂੰ ਦਿੱਤੇ ਜਾਣ ਦੇ ਲਈ ਪੁਰਾਣੇ ਨੇਮ ਦਾ ਪਿਛੋਕੜ

ਪੁਰਾਣਾ ਨੇਮ, ਖ਼ਾਸ ਕਰਕੇ ਨਬੀਆਂ ਦੀਆਂ ਵੱਡੀਆਂ ਪੁਸਤਕਾਂ ਇਸ ਵਿਚਾਰ ਦਾ ਪਿਛੋਕੜ ਦਿੰਦੀਆਂ ਹਨ ਕਿ ਪਰਮੇਸ਼ਰ ਆਪਣੇ ਲੋਕਾਂ ਨੂੰ ਆਪਣੀ ਧਾਰਮਿਕਤਾ ਪ੍ਰਦਾਨ ਕਰਨਗੇ, ਅਤੇ ਫਿਰ ਆਪਣੀ ਬਿਵਸਥਾ ਦੇ ਸਾਹਮਣੇ ਉਹਨਾਂ ਦੀ ਸਥਿਤੀ ਨੂੰ ਧਰਮੀ ਘੋਸ਼ਿਤ ਕਰਨਗੇ। ਕੁਝ ਆਇਤਾਂ ਆਮ ਤੌਰ ਤੇ ਮੁਕਤੀ ਨੂੰ ਪਰਮੇਸ਼ਰ ਦੀ ਧਾਰਮਿਕਤਾ ਨਾਲ ਜੋੜਦੀਆਂ ਹਨ (ਯਸਾ 45:17; 46:13; 51:5; ਅਤੇ 59:16-17)। ਕੁਝ ਹੋਰ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਪਰਮੇਸ਼ਰ ਮਨੁੱਖ ਨੂੰ ਧਾਰਮਿਕਤਾ ਪ੍ਰਦਾਨ ਕਰਨਗੇ ਕਿ ਉਸ ਨੂੰ ਧਰਮੀ ਗਿਣਿਆ ਜਾ ਸਕੇ (ਯਸਾ 53:11; 54:17; 61:10)। ਕੁਝ ਆਇਤਾਂ ਇਹ ਵੀ ਸਿਖਾਉਂਦੀਆਂ ਹਨ ਕਿ ਪਰਮੇਸ਼ਰ ਮਨੁੱਖ ਨੂੰ ਆਪਣੀ ਧਾਰਮਿਕਤਾ ਦੇਣਗੇ (ਯਸਾ 45:25; ਯਿਰ 23:6; 33:16)।

### 2. ਪਰਮੇਸ਼ਰ ਦੀ ਧਾਰਮਿਕਤਾ ਨੂੰ ਉਹਨਾਂ ਦੇ ਲੋਕਾਂ ਨੂੰ ਦਿੱਤੇ ਜਾਣ ਦੇ ਲਈ ਨਵੇਂ ਨੇਮ ਦੀ ਸਿੱਖਿਆ

ਵਾਕਾਂਸ਼ *ਪਰਮੇਸ਼ਰ ਦੀ ਧਾਰਮਿਕਤਾ* ਦੇ ਦੋ ਅਰਥ ਹਨ, ਪਰਮੇਸ਼ਰ ਦੀ ਆਪਣੀ ਧਾਰਮਿਕਤਾ ਅਤੇ ਪਰਮੇਸ਼ਰ ਵੱਲੋਂ ਮਨੁੱਖ ਨੂੰ ਦਿੱਤੀ

ਜਾਣ ਵਾਲੀ ਧਾਰਮਿਕਤਾ। ਰੋਮੀਆਂ ਦੀ ਪੁਸਤਕ ਦੀ ਦਲੀਲ ਦੇ ਅਨੁਸਾਰ, ਵਾਕਾਂਸ਼ *ਪਰਮੇਸ਼ਰ ਦੀ ਧਾਰਮਿਕਤਾ* ਦਾ ਅਰਥ ਪਰਮੇਸ਼ਰ ਦੀ ਉਹ ਧਾਰਮਿਕਤਾ ਹੋ ਸਕਦਾ ਹੈ ਜੋ ਵਿਸ਼ਵਾਸੀਆਂ ਦੇ ਖਾਤੇ ਵਿੱਚ ਦਿੱਤੀ ਗਈ ਹੈ (ਰੋਮੀ 1:17; 3:21-22; 10:3-4)। ਹੋਰ ਵੀ ਸਪੱਸ਼ਟ ਤੌਰ ਤੇ, ਮਸੀਹ ਦੀ ਧਾਰਮਿਕਤਾ ਨੂੰ ਵਿਸ਼ਵਾਸੀਆਂ ਨੂੰ ਦਿੱਤਾ ਗਿਆ ਹੈ (**ਮਸੀਹ ਵਿੱਚ** ਸਾਡੀ ਸਥਿਤੀ ਦੇ ਲਈ ਦੇਖੋ, ਰੋਮੀ 5:10; ਅਫ਼ਸੀ 1:7; 3:12; ਕੁਲੁੱਸੀ 2:10)।

> ਇਹ ਸੱਚ ਹੈ ਕਿ ਇੱਕ ਆਦਮੀ ਦੇ ਪਾਪ ਦੁਆਰਾ ਮੌਤ ਨੇ ਆਪਣਾ ਰਾਜ ਸ਼ੁਰੂ ਕੀਤਾ ਅਤੇ ਇਹ ਕੇਵਲ ਇੱਕ ਆਦਮੀ ਦੇ ਕਾਰਨ ਹੋਇਆ ਪਰ ਇਸ ਤੋਂ ਵੀ ਵੱਧ ਕੇ ਜਿਹਨਾਂ ਨੇ ਅਪਾਰ ਕਿਰਪਾ ਅਤੇ ਪਵਿੱਤਰਤਾ ਦਾ ਮੁਫ਼ਤ ਵਰਦਾਨ ਪ੍ਰਾਪਤ ਕੀਤਾ, ਉਹ **ਇੱਕ ਮਨੁੱਖ** ਭਾਵ ਪ੍ਰਭੂ ਯਿਸੂ ਮਸੀਹ ਦੇ ਦੁਆਰਾ ਜੀਵਨ ਵਿੱਚ ਜ਼ਰੂਰ ਰਾਜ ਕਰਨਗੇ। ਇਸ ਲਈ ਜਿਸ ਤਰ੍ਹਾਂ ਇੱਕ ਅਪਰਾਧ ਦੇ ਦੁਆਰਾ ਸਾਰੀ ਮਨੁੱਖਜਾਤੀ ਦੋਸ਼ੀ ਠਹਿਰਾਈ ਗਈ, ਉਸੇ ਤਰ੍ਹਾਂ **ਇੱਕ ਨੇਕ ਕੰਮ ਦੇ ਦੁਆਰਾ** ਸਾਰੀ ਮਨੁੱਖਜਾਤੀ ਨੂੰ ਮੁਕਤੀ ਅਤੇ ਜੀਵਨ ਮਿਲਿਆ। ਕਿਉਂਕਿ ਜਿਸ ਤਰ੍ਹਾਂ ਇੱਕ ਆਦਮੀ ਦੇ ਹੁਕਮ ਤੋੜਨ ਨਾਲ ਬਹੁਤ ਸਾਰੇ ਲੋਕ ਪਾਪੀ ਠਹਿਰਾਏ ਗਏ, ਉਸੇ ਤਰ੍ਹਾਂ ਹੀ **ਇੱਕ ਆਦਮੀ ਦੇ ਹੁਕਮ ਪਾਲਣ ਨਾਲ** ਬਹੁਤ ਸਾਰੇ ਲੋਕ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਾਏ ਜਾਣਗੇ। [ਰੋਮੀ 5:17-19]
>
> ਪਰ ਪਰਮੇਸ਼ਰ ਨੇ ਤੁਹਾਡਾ **ਮਸੀਹ** ਨਾਲ ਮੇਲ ਕਰਵਾਇਆ ਹੈ ਅਤੇ ਉਹਨਾਂ ਦੇ ਦੁਆਰਾ ਮਸੀਹ ਸਾਡੀ ਬੁੱਧੀ ਬਣੇ ਹਨ ਅਤੇ ਸਾਨੂੰ ਨੇਕ, ਪਵਿੱਤਰ ਅਤੇ ਮੁਕਤ ਕੀਤਾ ਹੈ। [1 ਕੁਰਿੰਥ 1:30]
>
> ਮਸੀਹ ਵਿੱਚ ਪਾਪ ਨਹੀਂ ਸੀ ਪਰ ਫਿਰ ਵੀ ਪਰਮੇਸ਼ਰ ਨੇ ਉਹਨਾਂ ਨੂੰ ਸਾਡੇ ਪਾਪਾਂ ਵਿੱਚ ਸਾਂਝੀ ਬਣਾਇਆ ਕਿ **ਉਹਨਾਂ ਦੇ ਰਾਹੀਂ** ਅਸੀਂ **ਪਰਮੇਸ਼ਰ ਦੀ ਨੇਕੀ ਦੇ ਸਾਂਝੀ ਬਣੀਏ।** [2 ਕੁਰਿੰਥ 5:21]

### E. ਧਰਮੀ ਠਹਿਰਾਉਣ ਬਾਰੇ ਸਿੱਟਾ

ਉੱਪਰ ਦਿੱਤੇ ਅਧਿਐਨ ਨੇ ਧਰਮੀ ਠਹਿਰਾਉਣ ਬਾਰੇ ਨਵੇਂ ਨੇਮ ਦੇ **ਸਾਰੇ** ਹਵਾਲਿਆਂ ਉੱਤੇ ਵਿਚਾਰ ਕੀਤਾ ਅਤੇ ਉਹਨਾਂ ਨੂੰ ਸ਼੍ਰੇਣੀਬੱਧ ਕੀਤਾ ਹੈ। ਇਹ ਸ਼ਬਦ ਜ਼ਿਆਦਾ ਧਰਮੀ ਬਣਨ ਦੀ ਪ੍ਰਕਿਰਿਆ ਨਹੀਂ ਹੈ, ਪਰ ਇਹ ਸਪੱਸ਼ਟ ਤੌਰ ਤੇ ਨਿਆਂਈ ਪਰਮੇਸ਼ਰ ਦੁਆਰਾ ਧਰਮੀ ਠਹਿਰਾਉਣਾ ਹੈ। ਮਸੀਹ ਵਿੱਚ ਵਿਸ਼ਵਾਸ ਕਰਨ ਵਾਲੇ ਸਾਰੇ ਪਹਿਲਾਂ ਹੀ ਅਤੀਤ ਵਿੱਚ ਇਸ ਭਰੋਸੇ ਨਾਲ ਧਰਮੀ ਠਹਿਰਾਏ ਜਾ ਚੁੱਕੇ ਹਨ ਕਿ ਉਹ ਵਰਤਮਾਨ ਵਿੱਚ ਧਰਮੀ ਠਹਿਰੇ ਰਹਿਣਗੇ। ਪਰਮੇਸ਼ਰ ਭਵਿੱਖ ਦੇ ਨਿਆਂ ਦੇ ਦਿਨ ਵਿਸ਼ਵਾਸੀ ਦੇ ਧਰਮੀ ਠਹਿਰਾਉਣ ਦੀ ਫਿਰ ਤੋਂ ਪੁਸ਼ਟੀ ਕਰ ਸਕਦੇ ਹਨ। ਇਸ ਦੀ ਇੱਕ ਸੰਭਾਵਿਤ ਆਇਤ ਮੱਤੀ 12:37 ਹੈ, ਪਰ ਇਸ ਦਾ ਸੰਦਰਭ ਸੰਕੇਤ ਦਿੰਦਾ ਹੈ ਕਿ ਜਿਹਨਾਂ ਲੋਕਾਂ ਦੀ ਗੱਲ ਕੀਤੀ ਜਾ ਰਹੀ ਹੈ ਉਹ ਸਾਰੇ ਮਸੀਹ ਨੂੰ ਰੱਦ ਕਰਨ ਦੇ ਕਾਰਨ ਸਜ਼ਾ ਪ੍ਰਾਪਤ ਕਰਨਗੇ। ਫਿਰ ਵੀ, ਧਰਮੀ ਠਹਿਰਾਉਣ ਦਾ ਕੋਈ ਵੀ ਭਵਿੱਖ ਦਾ ਐਲਾਨ ਸਿਰਫ਼ ਪਹਿਲਾਂ ਤੋਂ ਪੂਰੇ ਹੋਏ ਮਾਮਲੇ ਨੂੰ ਦੁਹਰਾਉਂਦਾ ਅਤੇ ਇਸ ਦੀ ਪੁਸ਼ਟੀ ਕਰਦਾ ਹੈ। ਵਿਸ਼ਵਾਸੀ ਪਹਿਲਾਂ ਹੀ ਧਰਮੀ ਠਹਿਰਾਏ ਜਾ ਚੁੱਕੇ ਹਨ। ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦਾ ਭਰੋਸਾ ਇਹ ਨਹੀਂ ਹੈ ਕਿ ਅਸੀਂ ਭਵਿੱਖ ਦੇ ਨਤੀਜੇ ਦੀ ਉਡੀਕ ਕਰਾਂਗੇ। ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣਾ ਮੁਕਤੀ ਦਾ ਇੱਕ ਅਤੀਤ ਦਾ ਨਤੀਜਾ ਹੈ ਅਤੇ ਵਰਤਮਾਨ ਵਿੱਚ ਵੀ ਸਾਰੇ ਵਿਸ਼ਵਾਸੀਆਂ ਵਿੱਚ ਇਹ ਮੌਜੂਦ ਹੁੰਦਾ ਹੈ।

## V. ਚੰਗੇ ਕਰਮ/ਕੰਮ

### A. ਚੰਗੇ ਕੰਮ ਸੱਚੀ ਮੁਕਤੀ ਦੇ ਨਤੀਜਾ ਹੁੰਦੇ ਹਨ

ਨਵੇਂ ਨੇਮ ਦੇ ਲੇਖਕ ਇਸ ਗੱਲ ਉੱਤੇ ਸਹਿਮਤ ਹਨ ਕਿ ਸੱਚੇ ਬਚਾਉਣ ਵਾਲੇ ਵਿਸ਼ਵਾਸ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਅਜਿਹਾ ਨਹੀਂ ਹੈ ਕਿ ਵਿਸ਼ਵਾਸ ਅਤੇ ਚੰਗੇ ਕੰਮਾਂ ਦੋਵਾਂ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ, ਪਰ ਵਿਸ਼ਵਾਸ ਅਤੇ ਮੁਕਤੀ ਦੋਵਾਂ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਜੌਨ ਕੈਲਵਿਨ ਨੇ ਕਿਹਾ, "ਸਿਰਫ਼ ਵਿਸ਼ਵਾਸ ਹੀ ਬਚਾਉਂਦਾ ਹੈ, ਪਰ ਵਿਸ਼ਵਾਸ ਦੀ ਕਿਸਮ ਜੋ ਬਚਾਉਂਦੀ ਹੈ ਉਹ ਇਕੱਲੀ ਨਹੀਂ ਹੈ।" ਚੰਗੇ ਕੰਮ ਮੁਕਤੀ ਪ੍ਰਾਪਤ ਕਰਨ ਦੇ ਲਈ ਜ਼ਰੂਰੀ ਨਹੀਂ ਹਨ, ਪਰ ਕੰਮ ਉਸ ਵਿਅਕਤੀ ਦਾ ਵਰਣਨ ਕਰਦੇ ਹਨ ਜੋ ਬਚਾਇਆ ਗਿਆ ਹੈ।

> ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮੁਕਤੀ ਪ੍ਰਾਪਤ ਕੀਤੀ ਹੈ। ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ। ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ। ਅਸੀਂ ਪਰਮੇਸ਼ਰ ਦੀ ਰਚਨਾ ਹਾਂ, ਉਹਨਾਂ ਨੇ ਸਾਨੂੰ ਮਸੀਹ ਯਿਸੂ ਵਿੱਚ **ਭਲੇ ਕੰਮਾਂ ਲਈ ਰਚਿਆ**, ਜਿਹੜੇ ਉਹਨਾਂ ਨੇ ਪਹਿਲਾਂ ਹੀ ਸਾਡੇ ਕਰਨ ਦੇ ਲਈ ਤਿਆਰ ਕੀਤੇ ਹਨ। [ਅਫ਼ਸੀ 2:8-10]
>
> ਪਰ ਜੇਕਰ ਕੋਈ ਕਹੇ, "ਤੇਰੇ ਕੋਲ ਵਿਸ਼ਵਾਸ ਹੈ ਅਤੇ ਮੇਰੇ ਕੋਲ ਕੰਮ ਹਨ।" ਕੰਮਾਂ ਤੋਂ ਬਿਨਾਂ ਮੈਨੂੰ ਆਪਣਾ ਵਿਸ਼ਵਾਸ ਦਿਖਾ ਅਤੇ ਮੈਂ ਤੈਨੂੰ ਆਪਣਾ ਵਿਸ਼ਵਾਸ ਕੰਮਾਂ ਦੇ ਰਾਹੀਂ ਦਿਖਾਵਾਂਗਾ।.... ਕਿਉਂਕਿ ਜਿਸ ਤਰ੍ਹਾਂ ਸਰੀਰ ਆਤਮਾ ਦੇ ਬਿਨਾਂ ਮੁਰਦਾ ਹੈ ਉਸੇ ਤਰ੍ਹਾਂ ਵਿਸ਼ਵਾਸ ਵੀ ਕੰਮਾਂ ਦੇ ਬਿਨਾਂ ਮੁਰਦਾ ਹੈ। [ਯਾਕੂਬ 2:18, 26]

### B. ਸੱਚੀ ਮੁਕਤੀ ਲਗਾਤਾਰ ਪਾਪ ਕਰਨ ਦੀ ਆਦਤ ਦੇ ਅਨੁਕੂਲ ਨਹੀਂ ਹੈ

> ਕੀ ਤੁਸੀਂ ਨਹੀਂ ਜਾਣਦੇ ਕਿ ਅਨਿਆਈ ਪਰਮੇਸ਼ਰ ਦੇ ਰਾਜ ਦੇ ਅਧਿਕਾਰੀ ਨਹੀਂ ਹੋਣਗੇ? ਦੇਖੋ, ਧੋਖੇ ਵਿੱਚ ਨਾ ਰਹੋ, ਵਿਭਚਾਰੀ, ਮੂਰਤੀ ਪੂਜਕ, ਹਰਾਮੀ, ਜਨਾਨੜੇ, ਸਮਲਿੰਗੀ, ਚੋਰ, ਲੋਭੀ, ਸ਼ਰਾਬੀ, ਨਿੰਦਕ ਅਤੇ ਕਪਟੀ ਪਰਮੇਸ਼ਰ ਦੇ ਰਾਜ ਦੇ ਅਧਿਕਾਰੀ ਨਹੀਂ ਹੋਣਗੇ। [1 ਕੁਰਿੰਥ 6:9-10]

ਕੁਝ ਲੋਕ "ਪਰਮੇਸ਼ਰ ਦੇ ਰਾਜ ਦੇ ਅਧਿਕਾਰੀ" ਦੀ ਵਿਆਖਿਆ ਪੂਰੇ ਇਨਾਮਾਂ ਦੇ ਹਵਾਲੇ ਵਜੋਂ ਕਰ ਸਕਦੇ ਹਨ। ਪਰ, ਇਹੀ ਵਾਕਾਂਸ਼ 1 ਕੁਰਿੰਥ 15:50 ਵਿੱਚ ਮਹਿਮਾ ਦਾ ਹਵਾਲਾ ਦਿੰਦਾ ਹੈ।

> ਸਰੀਰ ਦੇ ਕੰਮ ਤਾਂ ਪ੍ਰਗਟ ਹਨ, ਵਿਭਚਾਰ, ਅਸ਼ੁੱਧਤਾ, ਕਾਮ ਵਾਸਨਾਵਾਂ, ਮੂਰਤੀ ਪੂਜਾ, ਜਾਦੂ-ਟੂਣਾ, ਵੈਰ, ਝਗੜੇ, ਈਰਖਾ, ਗੁੱਸਾ, ਸੁਆਰਥ, ਫੁੱਟ, ਧੜ੍ਹੇਬਾਜ਼ੀਆਂ, ਸਾੜਾ, ਨਸ਼ੇਬਾਜ਼ੀ, ਰੰਗ-ਰਲੀਆਂ ਅਤੇ ਇਸ ਤਰ੍ਹਾਂ ਦੇ ਹੋਰ ਬੁਰੇ ਕੰਮ। ਜਿਵੇਂ ਮੈਂ ਪਹਿਲਾਂ ਵੀ ਚਿਤਾਵਨੀ ਦੇ ਚੁੱਕਾ ਹਾਂ ਕਿ ਇਸ ਤਰ੍ਹਾਂ ਦੇ **ਕੰਮ ਕਰਨ ਵਾਲਿਆਂ** ਦਾ ਪਰਮੇਸ਼ਰ ਦੇ ਰਾਜ ਵਿੱਚ ਕੋਈ ਹਿੱਸਾ ਨਹੀਂ ਹੋਵੇਗਾ। [ਗਲਾਤੀ 5:19-21]

> ਤੁਸੀਂ ਇਹ ਜਾਣਦੇ ਅਤੇ ਸਮਝਦੇ ਹੋ ਕਿ ਅਜਿਹਾ ਕੋਈ ਵੀ ਮਨੁੱਖ ਜਿਹੜਾ ਕਿਸੇ ਤਰ੍ਹਾਂ ਦਾ ਵਿਭਚਾਰ, ਅਸ਼ਲੀਲਤਾ ਜਾਂ ਲੋਭ ਨੂੰ ਜੋ ਮੂਰਤੀ ਪੂਜਾ ਹੈ, ਆਪਣੇ ਜੀਵਨ ਵਿੱਚ ਥਾਂ ਦਿੰਦਾ ਹੈ, ਉਹ ਮਸੀਹ ਅਤੇ ਪਰਮੇਸ਼ਰ ਦੇ ਰਾਜ ਵਿੱਚ ਵਾਰਿਸ ਨਹੀਂ ਹੋਵੇਗਾ। [ਅਫ਼ਸੀ 5:5]

> ਬੱਚਿਓ, ਕੋਈ ਤੁਹਾਨੂੰ ਕੁਰਾਹੇ ਨਾ ਪਾਵੇ । ਉਹ ਜਿਹੜਾ ਨੇਕੀ ਦੇ ਕੰਮ ਕਰਦਾ ਹੈ, ਉਹ ਨੇਕ ਹੈ, ਜਿਸ ਤਰ੍ਹਾਂ ਮਸੀਹ ਨੇਕ ਹਨ। **ਜਿਹੜਾ ਪਾਪ ਕਰਦਾ ਹੈ**, ਉਹ ਸ਼ੈਤਾਨ ਤੋਂ ਹੈ.... ਹਰ ਕੋਈ ਜਿਹੜਾ ਪਰਮੇਸ਼ਰ ਦੀ ਸੰਤਾਨ ਹੈ, **ਉਹ ਪਾਪ ਨਹੀਂ ਕਰਦਾ** ਕਿਉਂਕਿ ਉਸ ਦੇ ਵਿੱਚ ਪਰਮੇਸ਼ਰ ਦਾ ਜੀਵਨ ਹੈ। ਉਹ ਪਾਪ ਕਰਨ ਦੇ ਵਿੱਚ ਨਹੀਂ ਲੱਗਾ ਰਹਿੰਦਾ ਕਿਉਂਕਿ ਉਹ ਪਰਮੇਸ਼ਰ ਦੀ ਸੰਤਾਨ ਹੈ। [1 ਯੂਹੰਨਾ 3:7, 8a, 9]

### C. ਸਦੀਪਕ ਸੁਰੱਖਿਆ ਅਤੇ ਪਾਪ ਦੇ ਖ਼ਤਮ ਨਾ ਹੋਣ ਦੇ ਸਿਧਾਂਤਾਂ ਨਾਲ ਇਕਸਾਰਤਾ

ਇਹ ਸੱਚਾਈ ਕਿ ਇੱਕ ਵਿਸ਼ਵਾਸੀ ਸਦੀਪਕ ਤੌਰ ਤੇ ਸੁਰੱਖਿਅਤ ਹੈ ਅਤੇ ਅਜੇ ਵੀ ਪਾਪ ਕਰਨ ਦੇ ਯੋਗ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਪਿਛਲੇ ਭਾਗ ਦੀਆਂ ਆਇਤਾਂ ਕਦੇ-ਕਦੇ ਹੋਣ ਵਾਲੇ ਪਾਪ ਕਰਨ ਦੀ ਬਜਾਏ ਲਗਾਤਾਰ ਪਾਪ ਕਰਦੇ ਰਹਿਣ ਦੀ ਆਦਤ ਬਾਰੇ ਗੱਲ ਕਰ ਰਹੀਆਂ ਹਨ। ਗਲਾਤੀਆਂ 5:19-21 ਵਿੱਚ ਪੌਲੁਸ ਇਹ ਨਹੀਂ ਕਹਿ ਰਿਹਾ ਕਿ ਅਨੈਤਿਕਤਾ ਦੇ ਇੱਕ ਕੰਮ ਜਿਵੇਂ ਕਿ ਝਗੜੇ, ਈਰਖਾ, ਗੁੱਸਾ, ਸੁਆਰਥ, ਫੁੱਟ, ਧੜ੍ਹੇਬਾਜ਼ੀਆਂ, ਸਾੜਾ, ਨਸ਼ੇਬਾਜ਼ੀ ਨਾਲ ਮੁਕਤੀ ਨੂੰ ਨੁਕਸਾਨ ਹੁੰਦਾ ਹੈ, ਅਤੇ ਨਾ ਹੀ ਉਹ ਇਹ ਸੰਕੇਤ ਦੇ ਰਿਹਾ ਹੈ ਕਿ ਅਜਿਹਾ ਵਿਅਕਤੀ ਕਦੇ ਬਚਾਇਆ ਨਹੀਂ ਗਿਆ ਸੀ। ਉਹ ਪਾਪ ਕਰਨ ਦੀ ਆਦਤ ਬਾਰੇ ਗੱਲ ਕਰ ਰਿਹਾ ਹੈ। ਅਜਿਹੀ ਆਦਤ ਨੂੰ ਆਧੁਨਿਕ ਭਾਸ਼ਾ ਵਿੱਚ "ਜੀਵਨ-ਸ਼ੈਲੀ" ਕਿਹਾ ਜਾ ਸਕਦਾ ਹੈ। ਬਿਨਾਂ ਕਿਸੇ ਪਛਤਾਵਾ ਦੇ ਬੁਰਾਈ ਦੀ ਜੀਵਨ-ਸ਼ੈਲੀ ਵਾਲੇ ਲੋਕ ਇਹ ਸੰਕੇਤ ਦਿੰਦੇ ਹਨ ਕਿ ਉਹ ਕਦੇ ਵੀ ਬਚਾਏ ਨਹੀਂ ਗਏ ਹਨ। ਗਲਾਤੀਆਂ 5:21 ਵਿੱਚ ਲਗਾਤਾਰ ਪਾਪ ਕਰਨ ਅਤੇ ਪਾਪ ਦੇ ਰਵੱਈਏ ਨੂੰ *ਅਭਿਆਸ* ਕਿਹਾ ਗਿਆ ਹੈ, ਅਤੇ 1 ਯੂਹੰਨਾ 3 ਵਿੱਚ ਵਰਤਮਾਨ ਕਾਲ ਵਿੱਚ ਪਾਪ ਵਿੱਚ ਲੱਗੇ ਰਹਿਣ ਦੇ ਸੁਭਾਅ ਦੀ ਗੱਲ ਕੀਤੀ ਗਈ ਹੈ। ਹਾਲਾਂਕਿ ਇੱਕ ਮਸੀਹੀ ਦੇ ਲਈ ਪਾਪ ਦੇ ਕੰਮ ਕਰਨਾ ਸੰਭਵ ਹੈ, ਪਰ ਜੋ ਲੋਕ ਨਿਰੰਤਰ ਪਾਪ ਦਾ ਅਭਿਆਸ ਕਰਦੇ ਹਨ ਉਹ ਇਸ ਗੱਲ ਦਾ ਸਬੂਤ ਦਿੰਦੇ ਹਨ ਕਿ ਉਹਨਾਂ ਵਿੱਚ ਕਦੇ ਵਿੱਚ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ।

### D. ਵਿਹਾਰਕ ਵਿਚਾਰ

ਇਹ ਸਪੱਸ਼ਟ ਹੈ ਕਿ ਪਰਮੇਸ਼ਰ ਇਸ ਸੱਚਾਈ ਨੂੰ ਵਿਹਾਰਕ ਰੂਪ ਵਿੱਚ ਲਾਗੂ ਕਰਨਾ ਚਾਹੁੰਦੇ ਹਨ ਕਿ ਮੁਕਤੀ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਪਰ, ਕਿਉਂਕਿ ਸਾਡੀ ਆਤਮਾ ਦਾ ਸਦੀਪਕ ਭਵਿੱਖ ਦਾਅ ਤੇ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਅਜਿਹੀਆਂ ਸੱਚਾਈਆਂ ਨੂੰ ਬਹੁਤ ਧਿਆਨ ਨਾਲ ਲਾਗੂ ਕੀਤਾ ਜਾਵੇ।

#### 1. ਇਕੱਲੇ ਪਾਪੀ ਹੋਣ ਦੇ ਆਧਾਰ ਤੇ ਮੁਕਤੀ ਤੋਂ ਸਪੱਸ਼ਟ ਇਨਕਾਰ ਕਰਨ ਬਾਰੇ ਸਾਵਧਾਨੀ ਰੱਖਣਾ

ਮੁਕਤੀ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਕਿੰਨੇ ਕੁ? ਕਦੋਂ? ਸੱਚੀ ਮੁਕਤੀ ਵਿੱਚ ਲਗਾਤਾਰ ਦਾ ਪਾਪ ਨਹੀਂ ਹੁੰਦਾ ਹੈ। ਲਗਾਤਾਰ ਹੋਣ ਵਾਲਾ ਪਾਪ ਕੀ ਹੈ? ਕੀ ਮਹੀਨੇ ਵਿੱਚ ਇੱਕ ਵਾਰ ਪਾਪ ਕਰਨਾ? ਦਿਨ ਵਿੱਚ ਇੱਕ ਵਾਰ ਪਾਪ ਕਰਨਾ? ਆਖਿਰਕਾਰ, ਅਸੀਂ ਇਸ ਗੱਲ ਤੋਂ ਅਣਜਾਣ ਹਾਂ ਕਿ ਲਗਾਤਾਰ ਪਾਪ ਕਰਨ ਦਾ ਅਭਿਆਸ ਕੀ ਹੈ। ਜੇਕਰ ਇੱਕ ਵਿਅਕਤੀ ਪੰਜ ਸਾਲ ਤੱਕ ਯਿਸੂ ਮਸੀਹ ਦੇ ਲਈ ਜੀਵਨ ਬਤੀਤ ਕਰਦਾ ਹੈ ਅਤੇ ਫਿਰ ਅਗਲੇ ਤਿੰਨ ਸਾਲ ਭਟਕਦਾ ਰਹਿੰਦਾ ਹੈ, ਤਾਂ ਕੀ ਉਹ ਪਾਪ ਦਾ ਅਭਿਆਸ ਕਰਦਾ ਹੈ? ਨਵਾਂ ਨੇਮ ਨਿਸ਼ਚਿਤ ਤੌਰ ਤੇ ਇਹ ਸਿਖਾਉਂਦਾ ਹੈ ਕਿ ਮਸੀਹੀ ਪਾਪ ਕਰ ਸਕਦੇ ਹਨ (ਰੋਮੀ 6:12; ਗਲਾਤੀ 5:17ff.)। ਹਾਲਾਂਕਿ ਪਰਮੇਸ਼ਰ ਨੇ ਸੱਚ ਨੂੰ ਸਾਡੇ ਉੱਤੇ ਪ੍ਰਗਟ ਕੀਤਾ ਹੈ, ਪਰ ਸਾਨੂੰ ਇਹ ਮੰਨਣਾ ਹੋਵੇਗਾ ਕਿ ਸਾਡੇ ਕੋਲ ਹਰੇਕ ਸੱਚ ਦਾ ਪ੍ਰਕਾਸ਼ਨ ਨਹੀਂ ਹੈ। ਜੇਕਰ ਇੱਕ ਵਿਅਕਤੀ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਨੂੰ ਸਮਝਦਾ ਹੈ; ਅਤੇ ਇਹ ਇਕਰਾਰ ਕਰਦਾ ਹੈ ਕਿ ਯਿਸੂ ਹੀ ਮਸੀਹ ਅਤੇ ਪਰਮੇਸ਼ਰ ਦੇ ਪੁੱਤਰ ਹਨ ਅਤੇ ਪਾਪ ਤੋਂ ਮੁਕਤੀ ਦੇ ਲਈ ਉਹਨਾਂ ਵਿੱਚ ਸੱਚੇ ਦਿਲੋਂ ਭਰੋਸਾ ਕਰਨ ਦਾ ਦਾਅਵਾ ਕਰਦਾ ਹੈ, ਤਾਂ ਇਹ ਨਹੀਂ ਹੋ ਸਕਦਾ ਹੈ ਕਿ ਉਸ ਦੀ ਮੁਕਤੀ ਤੋਂ ਇਸ ਕਾਰਨ ਇਨਕਾਰ ਕੀਤਾ ਜਾਵੇ ਕਿ ਉਸ ਵਿੱਚ ਚੰਗੇ

ਕੰਮਾਂ ਦੀ ਘਾਟ ਸੀ। ਇੱਕ ਵਿਅਕਤੀ ਇਹ ਨਹੀਂ ਜਾਣਦਾ ਹੈ ਕਿ ਕਿਸੇ ਹੋਰ ਵਿਅਕਤੀ ਦੇ ਜੀਵਨ ਵਿੱਚ "ਲਗਾਤਾਰ ਪਾਪ ਦਾ ਅਭਿਆਸ" ਕੀ ਹੈ। ਸਾਨੂੰ ਜੀਵਨ ਵਿੱਚ ਸਿਰਫ਼ ਇੱਕ ਘਾਟ ਦੇ ਆਧਾਰ ਉੱਤੇ ਮੁਕਤੀ ਦੀ ਹਰੇਕ ਸੰਭਾਵਨਾ ਤੋਂ ਇਨਕਾਰ ਕਰਨ ਤੋਂ ਸੁਚੇਤ ਰਹਿਣਾ ਚਾਹੀਦਾ ਹੈ। 2 ਤਿਮੋਥਿ 2:19 ਇਹ ਸਿਖਾਉਂਦਾ ਹੈ ਕਿ "ਪਰਮੇਸ਼ਰ ਆਪਣੇ ਲੋਕਾਂ ਨੂੰ ਜਾਣਦੇ ਹਨ।"

**2. ਅਸਥਾਈ ਸ਼ੱਕ**

ਇੱਕ ਵਿਅਕਤੀ ਨੂੰ ਉਹਨਾਂ ਲੋਕਾਂ ਪ੍ਰਤੀ ਕਿਵੇਂ ਦਾ ਰਵੱਈਆ ਰੱਖਣਾ ਚਾਹੀਦਾ ਹੈ ਜੋ ਮਸੀਹ ਨੂੰ ਤਾਂ ਮੰਨਦੇ ਹਨ, ਪਰ ਉਹਨਾਂ ਦਾ ਜੀਵਨ ਮਸੀਹੀ ਨਹੀਂ ਹੁੰਦਾ ਹੈ? ਹਾਲਾਂਕਿ, ਸਾਡੇ ਕੋਲ ਇਹ ਦਾਅਵਾ ਕਰਨ ਦਾ ਅਧਿਕਾਰ ਨਹੀਂ ਹੈ ਕਿ "ਤੁਸੀਂ ਮਸੀਹ ਦਾ ਇਕਰਾਰ ਕਰਨ ਦੇ ਬਾਵਜੂਦ ਬਚਾਏ ਨਹੀਂ ਗਏ ਹੋ," ਫਿਰ ਵੀ ਸ਼ੱਕ ਹੋਣਾ, ਸ਼ੱਕ ਪ੍ਰਗਟ ਕਰਨਾ, ਅਤੇ ਉਸ ਅਨੁਸਾਰ ਕੰਮ ਕਰਨਾ ਨਿਸ਼ਚਿਤ ਤੌਰ ਤੇ ਸਹੀ ਹੈ। ਕੁਝ ਅਜਿਹੇ ਝੂਠੇ ਲੋਕ ਹਨ ਜੋ ਸਮਾਜਿਕ ਦਬਾਅ ਦੇ ਕਾਰਨ ਕਹਿੰਦੇ ਹਨ ਕਿ ਉਹਨਾਂ ਨੇ ਮੁਕਤੀ ਪ੍ਰਾਪਤ ਕੀਤੀ ਹੈ। ਕੁਝ ਅਜਿਹੇ ਝੂਠੇ ਲੋਕ ਵੀ ਹਨ ਜੋ ਮਸੀਹ ਦੇ ਲੋਕਾਂ ਵਿੱਚ ਸ਼ਾਮਲ ਹੋਣ ਦੇ ਲਈ ਵਿਸ਼ਵਾਸ ਦਾ ਦਾਅਵਾ ਕਰਦੇ ਹਨ। ਕੁਝ ਅਜਿਹੇ ਲੋਕ ਵੀ ਹਨ ਜੋ ਪੂਰੀ ਇਮਾਨਦਾਰੀ ਨਾਲ ਇਹ ਸੋਚਦੇ ਹਨ ਕਿ ਉਹ ਬਚਾਏ ਗਏ ਹਨ, ਪਰ ਉਹ ਸਿਰਫ਼ ਬੌਧਿਕ ਅਤੇ ਭਾਵਨਾਤਮਕ ਵਿਸ਼ਵਾਸ ਹੀ ਰੱਖਦੇ ਹਨ। ਕਿਸੇ ਵਿਅਕਤੀ ਦੇ ਬਚਾਏ ਜਾਣ ਬਾਰੇ ਪੂਰੀ ਤਰ੍ਹਾਂ ਇਨਕਾਰ ਕਰਨ ਅਤੇ ਉਸ ਦੀ ਮੁਕਤੀ ਬਾਰੇ ਅਸਥਾਈ ਸ਼ੱਕ ਕਰਨ ਵਿੱਚ ਅੰਤਰ ਹੈ। ਇਹ ਕਹਿਣ ਵਿੱਚ ਕਿ "ਤੁਸੀਂ ਭਾਵੇਂ ਕੁਝ ਵੀ ਕਹਿੰਦੇ ਰਹੋ, ਮੈਂ ਜਾਣਦਾ ਹਾਂ ਕਿ ਤੁਸੀਂ ਬਚਾਏ ਨਹੀਂ ਗਏ ਹੋ" ਅਤੇ ਇਹ ਕਹਿਣ ਵਿੱਚ ਅੰਤਰ ਹੈ ਕਿ "ਤੁਹਾਡੇ ਜੀਵਨ ਦੇ ਦੇਖਦੇ ਹੋਏ ਮੈਨੂੰ ਯਕੀਨ ਨਹੀਂ ਹੈ ਕਿ ਤੁਸੀਂ ਬਚਾਏ ਗਏ ਹੋ।" ਕਿਸੇ ਵਿਅਕਤੀ ਦੇ ਜੀਵਨ ਦੇ ਮੁਲਾਂਕਣ ਦੇ ਆਧਾਰ ਉੱਤੇ ਭਰੋਸੇ ਨਾਲ ਇਹ ਦਾਅਵਾ ਕਰਨਾ ਠੀਕ ਨਹੀਂ ਹੈ ਕਿ ਉਹ ਬਚਾਇਆ ਨਹੀਂ ਗਿਆ ਹੈ, ਪਰ ਸ਼ੱਕ ਹੋਣਾ ਅਤੇ ਉਸ ਵਿਅਕਤੀ ਨੂੰ ਉਤਸ਼ਾਹਿਤ ਕਰਨਾ ਠੀਕ ਹੈ ਜੋ ਵਿਸ਼ਵਾਸ ਕਰਨ ਦਾ ਦਾਅਵਾ ਕਰਦਾ ਹੈ ਪਰ ਪਾਪ ਵਿੱਚ ਰਹਿੰਦਾ ਹੈ, ਤਾਂ ਜੋ ਉਹ ਆਪਣੇ ਜੀਵਨ ਦੀ ਜਾਂਚ ਕਰ ਸਕੇ ਕਿ ਕੀ ਉਸ ਵਿੱਚ ਸੱਚਮੁੱਚ ਮੁਕਤੀ ਦੀ ਸਮਝ ਹੈ। ਇਸ ਤੋਂ ਇਲਾਵਾ, ਜਦੋਂ ਕਿ ਕਲੀਸਿਯਾ ਦੇ ਆਗੂਆਂ ਨੂੰ ਆਪਣੇ ਆਪ ਨੂੰ ਮਸੀਹੀ ਕਹਿਣ ਵਾਲੇ ਲੋਕਾਂ ਨੂੰ ਇਹ ਦੱਸਣ ਵਿੱਚ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਉਹ ਬਚਾਏ ਨਹੀਂ ਗਏ ਹਨ, ਉਦੋਂ ਹੀ ਉਹਨਾਂ ਨੂੰ ਕਲੀਸਿਯਾ ਵਿੱਚ ਕਿਸੇ ਵੀ ਅਜਿਹੇ ਵਿਅਕਤੀ ਨੂੰ ਅਧਿਕਾਰ ਦੇ ਅਹੁਦਿਆਂ ਵਿੱਚ ਸ਼ਾਮਲ ਹੋਣ ਤੋਂ ਬਾਹਰ ਰੱਖਣਾ ਚਾਹੀਦਾ ਹੈ ਜਿਸ ਦੇ ਮਸੀਹੀ ਜੀਵਨ ਉੱਤੇ ਪਾਪ ਦੇ ਕਾਰਨ ਸਵਾਲ ਉੱਠਦਾ ਹੈ।

**3. ਸਵੈ-ਜਾਂਚ**

ਮੁਕਤੀ ਦਾ ਨਤੀਜਾ ਚੰਗੇ ਕੰਮ ਹੋਣ ਦੀ ਗੱਲ ਪਰਮੇਸ਼ਰ ਨੇ ਇਸ ਲਈ ਨਹੀਂ ਸਿਖਾਈ ਹੈ ਕਿ ਮਸੀਹੀ ਲੋਕ ਇੱਕ-ਦੂਜੇ ਦੀ ਮੁਕਤੀ ਬਾਰੇ ਨਿਆਂਈ ਹੋ ਸਕਣ। ਇੱਕ ਲਗਤਾਰ ਪਾਪ ਦਾ ਅਭਿਆਸ ਕਰਨਾ ਵਾਲਾ ਵਿਅਕਤੀ ਬਚਾਇਆ ਨਹੀਂ ਗਿਆ ਹੈ, ਬਾਈਬਲ ਦਾ ਅਜਿਹਾ ਕਹਿਣ ਦਾ ਮੁੱਖ ਉਦੇਸ਼ ਇੱਕ ਵਿਅਕਤੀ ਨੂੰ ਆਪਣੇ ਜੀਵਨ ਦੀ ਸਵੈ-ਜਾਂਚ ਕਰਨ ਦੇ ਲਈ ਮਜਬੂਰ ਕਰਦਾ ਹੈ। ਜਿਹੜੇ ਲੋਕ ਪਾਪ ਵਿੱਚ ਬਹੁਤ ਜ਼ਿਆਦਾ ਡੁੱਬੇ ਹੁੰਦੇ ਹਨ, ਉਹਨਾਂ ਨੂੰ ਇਸ ਤੱਥ ਉੱਤੇ ਪ੍ਰਤਿਕਿਰਿਆ ਕਰਨੀ ਚਾਹੀਦਾ ਹੈ ਕਿ ਬਚਾਏ ਹੋਏ ਲੋਕ ਇਸ ਸਵੈ-ਜਾਂਚ ਨਾਲ ਲਗਾਤਾਰ ਪਾਪ ਦਾ ਅਭਿਆਸ ਨਹੀਂ ਕਰਦੇ ਰਹਿੰਦੇ ਹਨ ਕਿ ਕੀ ਉਹ ਸ਼ੁਭ-ਸਮਾਚਾਰ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਜਾਂ ਨਹੀਂ ਅਤੇ ਕੀ ਉਹ ਸੱਚੇ ਦਿਲੋਂ ਮਸੀਹ ਉੱਤੇ ਭਰੋਸਾ ਕਰ ਰਹੇ ਹਨ ਜਾਂ ਨਹੀਂ। ਦੂਜੇ ਲੋਕਾਂ ਨੂੰ ਪਾਪ ਵਿੱਚ ਜੀਵਨ ਗੁਜ਼ਾਰਨ ਵਾਲੇ ਲੋਕਾਂ ਦਾ ਨਿਆਂ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਹੈ ਕਿ ਉਹ ਨਿਸ਼ਚਿਤ ਤੌਰ ਤੇ ਬਚਾਏ ਨਹੀਂ ਗਏ ਹਨ, ਬਲਕਿ ਉਹਨਾਂ ਦੀ ਮੁੱਖ ਦਿਲਚਸਪੀ ਪਾਪ ਕਰਨ ਵਾਲਿਆਂ ਨੂੰ ਸਵੈ-ਜਾਂਚ ਦੇ ਲਈ ਉਤਸ਼ਾਹਿਤ ਕਰਨਾ ਹੋਣੀ ਚਾਹੀਦੀ ਹੈ ਜਿਵੇਂ ਪੌਲੁਸ ਨੇ 2 ਕੁਰਿੰਥ 13:5 ਵਿੱਚ ਕੀਤਾ ਸੀ।

> ਆਪਣੇ ਆਪ ਨੂੰ ਪਰਖੋ ਕਿ ਤੁਹਾਡਾ ਵਿਸ਼ਵਾਸ ਪੱਕਾ ਹੈ ਜਾਂ ਨਹੀਂ। ਆਪਣੀ ਪਰੀਖਿਆ ਆਪ ਹੀ ਲਵੋ!...[2 ਕੁਰਿੰਥ 13:5]

**4. ਮਸੀਹੀ ਵਿਸ਼ਵਾਸ ਦਾ ਦਾਅਵਾ ਕਰਨ ਵਾਲੇ ਪਾਪੀਆਂ ਵਿਰੁੱਧ ਇੱਕ ਖਤਰਨਾਕ ਪ੍ਰਤਿਕਿਰਿਆ**

ਜਿਹੜੇ ਲੋਕ ਨਿਰੰਤਰ ਪਾਪ ਕਰ ਰਹੇ ਹਨ, ਉਹਨਾਂ ਦੀ ਮੁਕਤੀ ਬਾਰੇ ਸ਼ੱਕ ਕਰਨਾ ਬਿਲਕੁਲ ਠੀਕ ਹੈ। ਪਰ ਉਹਨਾਂ ਲਈ ਇੱਕ ਸਹੀ ਪ੍ਰਤਿਕਿਰਿਆ ਇਹ ਹੋਵੇਗੀ ਕੀ ਉਹਨਾਂ ਨੂੰ ਸਵੈ-ਜਾਂਚ ਕਰਨ ਅਤੇ ਸ਼ੁਭ-ਸਮਾਚਾਰ ਉੱਤੇ ਵਿਚਾਰ ਕਰਨ ਦੇ ਲਈ ਉਤਸ਼ਾਹਿਤ ਕੀਤਾ ਜਾਵੇ। ਮਸੀਹੀ ਦਾਅਵਾ ਕਰਨ ਵਾਲੇ ਪਾਪੀਆਂ ਦੇ ਲਈ ਇੱਕ ਖਤਰਨਾਕ ਪ੍ਰਤਿਕਿਰਿਆ ਮੁਕਤੀ ਤੋਂ ਪਹਿਲਾਂ ਹੀ ਉਹਨਾਂ ਤੋਂ ਇੱਕ ਪਵਿੱਤਰ ਜੀਵਨ ਦੀ ਮੰਗ ਕਰਨਾ ਹੈ, ਕਿਉਂਕਿ ਇਸ ਵਿੱਚ ਸ਼ੁਭ-ਸਮਾਚਾਰ ਨੂੰ ਬਦਲ ਕੇ ਹੋਰ ਮੁਸ਼ਕਲ ਬਣਾ ਦਿੱਤਾ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਮਸੀਹੀ ਹੋਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਦੇ ਜੀਵਨ ਵਿੱਚ ਪਾਪ ਨੂੰ ਦੇਖਣਾ ਨਿਰਾਸ਼ਾਜਨਕ ਹੁੰਦਾ ਹੈ। ਫਿਰ ਵੀ, ਦੂਜਿਆਂ ਵਿੱਚ ਨੈਤਿਕਤਾ ਪੈਦਾ ਕਰਨ ਦੀ ਕੋਸ਼ਿਸ਼ ਵਿੱਚ ਸ਼ੁਭ-ਸਮਾਚਾਰ ਵਿੱਚ ਕੰਮਾਂ ਨੂੰ ਸ਼ਾਮਲ ਕਰਨ ਦਾ ਕੋਈ ਸਹੀ ਆਧਾਰ ਨਹੀਂ ਹੈ। ਸਿਰਫ਼ ਵਿਸ਼ਵਾਸ ਦੁਆਰਾ ਮਿਲੀ ਮੁਕਤੀ ਦਾ ਨਤੀਜਾ ਚੰਗੇ ਕੰਮ ਹੋਣਗੇ। ਸਾਨੂੰ ਕਿਰਪਾ ਦੇ ਸ਼ੁਭ-ਸਮਾਚਾਰ ਨੂੰ ਬਦਲਦੇ ਹੋਏ, ਆਪਣੇ ਸਮੇਂ ਅਤੇ ਆਪਣੀ ਸੰਤੁਸ਼ਟੀ ਦੇ ਪੱਧਰ ਉੱਤੇ ਚੰਗੇ ਕੰਮ ਪੈਦਾ ਕਰਨ ਦੀ ਕੋਸ਼ਿਸ਼ ਨਾਲ ਪਰਮੇਸ਼ਰ ਦੀ ਮਦਦ ਕਰਨ

ਦੀ ਕੋਈ ਲੋੜ ਨਹੀਂ ਹੈ। ਮੂੰਹ ਨਾਲ ਇਕਰਾਰ ਕਰਨ ਨਾਲ ਪਾਪ ਕਰਨ ਵਾਲੇ ਮਸੀਹੀਆਂ ਦੀ ਮੁਸ਼ਕਲ ਦਾ ਹੱਲ ਉਹਨਾਂ ਨੂੰ ਕੋਈ ਹੋਰ ਸ਼ੁਭ-ਸਮਾਚਾਰ ਸੁਣਾਉਣਾ ਨਹੀਂ ਹੈ, ਪਰ **ਉਸੇ** ਸ਼ੁਭ-ਸਮਾਚਾਰ ਦੀ ਫਿਰ ਤੋਂ ਜਾਂਚ ਕਰਨਾ ਹੈ (ਗਲਾਤੀ 1:6-7)।

## VI. ਸ਼ੁੱਧੀਕਰਨ

*ਸ਼ੁੱਧੀਕਰਨ* ਦੇ ਲਈ ਮੂਲ ਸ਼ਬਦ *ਪਵਿੱਤਰ*, *ਪਵਿੱਤਰਤਾ*, ਅਤੇ *ਸੰਤ* ਵਰਗੇ ਸ਼ਬਦਾਂ ਨਾਲ ਸੰਬੰਧਿਤ ਹਨ।.

### A. ਪੁਰਾਣੇ ਨੇਮ ਵਿੱਚ ਸ਼ੁੱਧੀਕਰਨ

ਪੁਰਾਣੇ ਨੇਮ ਵਿੱਚ ਪਵਿੱਤਰਤਾ ਅਤੇ ਸ਼ੁੱਧੀਕਰਨ ਨਾਲ ਮਿਲਦੇ-ਜੁਲਦੇ ਸ਼ਬਦ 830 ਤੋਂ ਵੀ ਵੱਧ ਵਾਰ ਪਾਏ ਜਾਂਦੇ ਹਨ (350 ਵਾਰ ਮੂਸਾ ਦੀਆਂ ਪੰਜ ਪੁਸਤਕਾਂ ਵਿੱਚ)।[70] ਇਸ ਦੀ ਸ਼ੁਰੂਆਤ ਦਾ ਕੁਝ ਪਤਾ ਨਹੀਂ ਹੈ। ਕੁਝ ਲੋਕ ਕਹਿੰਦੇ ਹਨ ਕਿ ਇਹ ਸ਼ਬਦ "ਕੱਟਣ, ਵੰਡਣ, ਅਲੱਗ ਕਰਨ" ਤੋਂ ਆਇਆ ਹੈ। ਇਹ ਸਹੀ ਵੀ ਹੋ ਸਕਦਾ ਹੈ ਅਤੇ ਨਹੀਂ ਵੀ। ਪਰ, ਇਸ ਦੀ ਵਰਤੋਂ ਅਤੇ ਸੰਦਰਭ ਇਹ ਦਰਸਾਉਂਦੇ ਹਨ ਕਿ *ਪਵਿੱਤਰਤਾ* ਜਾਂ *ਸ਼ੁੱਧੀਕਰਨ* ਦਾ ਅਸਲੀ ਅਰਥ "ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਹੋਣਾ" ਹੈ। 1 ਸਮੂ 21:5; ਹਿਜ਼ਕੀ 22:26; 42:20; 44:23 ਵਿੱਚ ਇਬਰਾਨੀ ਸ਼ਬਦ *ਕਾਦੋਸ਼* ਦਾ ਅਰਥ ਅਪਵਿੱਤਰ ਜਾਂ ਆਮ ਦੇ ਉਲਟ ਹੈ। ਇਹਨਾਂ ਸੰਦਰਭਾਂ ਵਿੱਚ ਕਾਦੋਸ਼ ਦਾ ਵਰਣਨ ਕਰਨ ਦੇ ਲਈ ਸਭ ਤੋਂ ਵਧੀਆ ਸ਼ਬਦ "ਪਵਿੱਤਰ" ਹੈ ਜੋ "ਸੰਸਾਰਿਕ" ਅਤੇ "ਆਮ" ਦੇ ਉਲਟ ਹੈ। ਇਸ ਵਿੱਚ ਜ਼ੋਰ ਨੈਤਿਕ ਗੁਣਾਂ ਉੱਤੇ ਨਹੀਂ ਪਰ ਸਥਿਤੀ ਅਤੇ ਸੰਬੰਧ ਉੱਤੇ ਦਿੱਤਾ ਜਾਂਦਾ ਹੈ। ਨੈਤਿਕ ਗੁਣਾਂ ਦੇ ਉਲਟ "ਪਵਿੱਤਰ" ਜਾਂ "ਪਰਮੇਸ਼ਰ ਦੀ ਵਰਤੋਂ ਦੇ ਲਈ ਵੱਖ" ਹੋਣ ਦੀ ਸਥਿਤੀ ਉੱਤੇ ਜ਼ੋਰ ਵਿੱਚ ਕਈ ਵਾਰ ਬੇਜਾਨ, ਗ਼ੈਰ-ਨੈਤਿਕ ਵਸਤੂਆਂ ਨੂੰ "ਪਵਿੱਤਰ" ਕਿਹਾ ਜਾਂਦਾ ਹੈ। ਪੁਰਾਣੇ ਨੇਮ ਵਿੱਚ "ਪਵਿੱਤਰ" ਵਸਤੂਆਂ ਵਿੱਚ ਸ਼ਾਮਲ ਹਨ: ਇਸਰਾਏਲ ਦਾ ਡੇਰਾ, ਸਵਰਗ, ਸੀਯੋਨ, ਬਲਦੀ ਝਾੜੀ ਅਤੇ ਉਹ ਜਗ੍ਹਾ ਜਿੱਥੇ ਮੂਸਾ ਖੜ੍ਹਾ ਸੀ, ਯਰੂਸ਼ਲਮ, ਤੰਬੂ, ਹੈਕਲ, ਬਲੀ ਦਾ ਮਾਸ, ਭਾਂਡੇ, ਤੇਲ, ਧੂਪ, ਰੋਟੀ, ਮੋਮਬੱਤੀਆਂ, ਸਬਤ, ਇੱਕ "ਪਵਿੱਤਰ" ਸਭਾ, ਜੁਬਲੀ ਦਾ ਸਾਲ, ਕੱਪੜੇ, ਅਤੇ ਲੜਾਈ ਦੇ ਲਈ "ਪਵਿੱਤਰ ਕਰਨਾ।" ਇਹਨਾਂ ਉਦਾਹਰਣਾਂ ਤੋਂ ਅਜਿਹਾ ਲੱਗਦਾ ਹੈ ਕਿ ਪਵਿੱਤਰਤਾ ਦਾ ਮੁੱਢਲਾ ਅਰਥ "ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਕੀਤਾ ਜਾਣਾ" ਹੈ। ਨੈਤਿਕ ਗੱਲਾਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਨਹੀਂ ਹੈ, ਪਰ ਰੱਖਿਆ ਵੀ ਜਾ ਸਕਦਾ ਹੈ। ਸਿਰਫ਼ ਸੰਦਰਭ ਹੀ ਇਹ ਨਿਰਧਾਰਤ ਕਰੇਗਾ ਕਿ ਕੀ ਪਵਿੱਤਰਤਾ ਸ਼ਬਦ ਉੱਤੇ ਦਿੱਤੇ ਗਏ ਜ਼ੋਰ ਵਿੱਚ ਅਸ਼ੁੱਧਤਾ ਤੋਂ ਅਲੱਗ ਹੋਣਾ ਸ਼ਾਮਲ ਹੈ ਜਾਂ ਫਿਰ ਇਹ ਸਿਰਫ਼ ਪਰਮੇਸ਼ਰ ਦੇ ਲਈ ਅਲੱਗ ਹੋਣ ਦੀ ਸਥਿਤੀ ਬਾਰੇ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਦੋਂ ਵੀ ਪਰਮੇਸ਼ਰ ਦੇ ਪਵਿੱਤਰ ਹੋਣ ਬਾਰੇ ਗੱਲ ਕੀਤੀ ਗਈ ਹੈ, ਤਾਂ ਉਸ ਵਿੱਚ ਪਾਪ ਤੋਂ ਅਲੱਗ ਹੋਣ ਉੱਤੇ ਜ਼ੋਰ ਦਿੱਤਾ ਗਿਆ ਹੈ (ਲੇਵੀਆਂ 19:2; 20:7, 8, 26; 21:6, 8, 15, 23; ਯਸਾ 6:3-8; ਇਬ 1:12-13)।

### B. ਨਵੇਂ ਨੇਮ ਵਿੱਚ ਸ਼ੁੱਧੀਕਰਨ

#### 1. ਅੰਕੜੇ

*ਸ਼ੁੱਧ/ਪਵਿੱਤਰ ਕਰਨ* ਦੇ ਲਈ ਯੂਨਾਨੀ ਕਿਰਿਆ *ਹਾਗਾਈਜ਼ੋ*, ਨਵੇਂ ਨੇਮ ਵਿੱਚ ਲਗਭਗ 29 ਵਾਰ ਆਉਂਦੀ ਹੈ। ਹਾਗੀਓਸ ਨਾਂਵ ਜਿਸ ਦਾ ਅਰਥ "ਪਵਿੱਤਰ" ਜਾਂ "ਸੰਤ" ਹੈ, ਉਹ ਲਗਭਗ 236 ਵਾਰ ਆਉਂਦਾ ਹੈ: 94 ਵਾਰ ਪਵਿੱਤਰ ਆਤਮਾ ਦੇ ਲਈ ਅਤੇ 61 ਵਾਰ ਵਿਸ਼ਵਾਸੀਆਂ ਦੇ ਲਈ। "ਸ਼ੁੱਧੀਕਰਨ" ਦੇ ਹੋਰ ਰੂਪ 10 ਵਾਰ ਵਰਤੇ ਗਏ ਹਨ।

#### 2. ਉਹ ਵਰਤੋਂ ਜੋ ਅਲੱਗ ਹੋਣ ਦੀ ਸਥਿਤੀ ਉੱਤੇ ਜ਼ੋਰ ਦਿੰਦੀ ਹੈ

ਕਈ ਵਾਰ *ਹਾਗਾਈਜ਼ੋ* ਨਾਲ ਮਿਲਦੇ ਸ਼ਬਦ ਪਰਮੇਸ਼ਰ ਦੇ ਲਈ ਅਲੱਗ ਹੋਣ, ਸਮਰਪਿਤ ਹੋਣ, ਅਤੇ ਪਰਮੇਸ਼ਰ ਦੀ ਵਰਤੋਂ ਦੇ ਲਈ ਪਵਿੱਤਰ ਹੋਣ ਉੱਤੇ ਜ਼ੋਰ ਦਿੰਦੇ ਹਨ। ਪੁਰਾਣੇ ਨੇਮ ਦੀ ਤਰ੍ਹਾਂ ਇਹ ਵਿਸ਼ੇਸ਼ ਤੌਰ ਤੇ ਬੇਜਾਨ ਵਸਤੂਆਂ ਦੇ ਸੰਦਰਭ ਵਿੱਚ ਦਿਖਾਈ ਦਿੰਦਾ ਹੈ (ਜਿਵੇਂ ਕਿ, ਹੈਕਲ -ਮੱਤੀ 23:17, 19; ਭੋਜਨ -1 ਤਿਮੋਥਿ 4:5; ਬਰਤਨ - 2 ਤਿਮੋਥਿ 2:21; ਪਵਿੱਤਰ ਸ਼ਹਿਰ – ਮੱਤੀ 4:5, 27:53, ਪ੍ਰਕਾਸ਼ 11:2; 21:2, 10; 22:19; ਪਵਿੱਤਰ ਸਥਾਨ - ਮੱਤੀ 24:15, ਰਸੂਲਾਂ 6:13, 21:28; ਜ਼ਮੀਨ – ਰਸੂਲਾਂ 7:33, 2 ਪਤਰਸ 1:18)। ਅਜਿਹੀਆਂ ਵਸਤੂਆਂ ਨੈਤਿਕ ਜਾਂ ਵਿਹਾਰਕ ਅਰਥਾਂ ਵਿੱਚ ਪਵਿੱਤਰ ਨਹੀਂ ਹੁੰਦੀਆਂ ਹਨ। ਉਹਨਾਂ ਦੀ "ਪਵਿੱਤਰਤਾ" ਸਿਰਫ਼ ਉਹਨਾਂ ਦੇ ਪਰਮੇਸ਼ਰ ਦੇ ਕੰਮ ਲਈ ਅਲੱਗ ਕੀਤੇ ਜਾਣ ਵਿੱਚ ਹੈ। ਇਸ ਤੋਂ ਇਲਾਵਾ, ਕਈ ਵਾਰ ਲੋਕਾਂ ਨੂੰ ਵੀ ਪਵਿੱਤਰ ਜਾਂ ਅਲੱਗ ਕੀਤੇ ਹੋਏ ਕਿਹਾ ਗਿਆ ਹੈ। ਫਿਰ ਵੀ, ਇਹ ਸਪੱਸ਼ਟ ਹੈ ਕਿ ਉਹ ਜ਼ਿਆਦਾ ਆਤਮਿਕ ਲੋਕ ਨਹੀਂ ਸਨ (ਜਿਵੇਂ ਕਿ, ਕੁਰਿੰਥੀਆਂ ਦੇ ਮਸੀਹੀ ਲੋਕ - 1 ਕੁਰਿੰਥ 1:1-2; 6:11; ਮਸੀਹੀ ਲੋਕਾਂ ਨਾਲ ਵਿਆਹੇ ਅਵਿਸ਼ਵਾਸੀ ਸ਼ੁੱਧ ਕੀਤੇ ਗਏ ਹਨ - 1 ਕੁਰਿੰਥ 7:14; ਗ਼ੈਰ-ਕੌਮਾਂ ਨਾਲ ਵਿਆਹ ਤੋਂ ਪੈਦਾ ਹੋਏ ਬੱਚੇ - 1 ਕੁਰਿੰਥ 7:14; ਸਾਰੇ ਨਰ ਬੱਚੇ – ਲੂਕਾ 2:23)। ਕਈ ਵਾਰ ਸ਼ੁੱਧੀਕਰਨ "ਨੈਤਿਕ ਪਵਿੱਤਰਤਾ" ਉੱਤੇ ਨਹੀਂ ਪਰ ਮੁੱਖ ਤੌਰ ਤੇ ਸਥਿਤੀ ਉੱਤੇ ਜ਼ੋਰ ਦਿੰਦਾ ਹੈ, ਇਸ ਨੂੰ ਸਾਬਤ ਕਰਨ ਦਾ ਇੱਕ ਹੋਰ ਤਰੀਕਾ ਉਸ ਸਮੇਂ ਉੱਤੇ ਧਿਆਨ ਕਰਨਾ ਹੈ ਜਦੋਂ ਕਿਰਿਆ "ਸ਼ੁੱਧ ਕਰਨਾ" ਖ਼ੁਦ ਪਰਮੇਸ਼ਰ ਦੇ ਲਈ ਵਰਤੀ ਜਾਂਦੀ ਹੈ। ਪਰਮੇਸ਼ਰ ਨੈਤਿਕ ਅਰਥਾਂ ਵਿੱਚ ਹੋਰ ਜ਼ਿਆਦਾ ਪਵਿੱਤਰ ਨਹੀਂ ਬਣ ਸਕਦੇ ਹਨ। ਉਹ ਨੈਤਿਕ ਤੌਰ ਤੇ ਕੋਈ ਸੁਧਾਰ ਨਹੀਂ ਕਰ ਸਕਦੇ ਹਨ ਕਿਉਂਕਿ ਉਹ ਪਹਿਲਾਂ ਹੀ ਸੰਪੂਰਨ ਹਨ। ਇਸ ਲਈ, ਜੋ ਆਇਤਾਂ ਮਸੀਹ ਦੇ ਆਪਣੇ ਆਪ ਨੂੰ ਪਵਿੱਤਰ ਕਰਨ ਦੀ ਗੱਲ ਕਰਦੀਆਂ ਹਨ, ਉਹ ਨੈਤਿਕ ਪਵਿੱਤਰਤਾ ਵਿੱਚ ਵਧਣ ਬਾਰੇ

[70] ਏ. ਐੱਸ. ਵੁੱਡ, "ਹੋਲੀਨੈੱਸ" *ਦ ਜ਼ੋਂਡਰਵੈਨ ਪਿਕਟੋਰੀਅਲ ਇਨਸਾਈਕਲੋਪੀਡੀਆ ਆਫ਼ ਦ ਬਾਈਬਲ* (ਗ੍ਰੈਂਡ ਰੈਪਿਡਸ: ਜ਼ੋਂਡਰਵੈਨ ਪਬਲਿਸ਼ਿੰਗ ਹਾਊਸ, 1976) 3:174.

ਨਹੀਂ ਹਨ। ਉਹ ਪੁੱਤਰ ਨੂੰ ਪਹਿਲਾਂ ਘੱਟ ਬੁਰਾ ਜਾਂ ਘੱਟ ਦੁਸ਼ਟ ਨਹੀਂ ਕਹਿ ਸਕਦੀਆਂ ਹਨ। ਉਹਨਾਂ ਦਾ ਅਰਥ ਹੈ ਕਿ ਮਸੀਹ ਜਾਂ ਤਾਂ ਸਥਿਤੀ ਦੇ ਤੈਰ ਤੇ ਵਧੇਰੇ ਉੱਚੇ ਕੀਤੇ ਗਏ ਅਤੇ ਜਾਂ ਪਰਮੇਸ਼ਰ ਦੇ ਦਿੱਤੇ ਗਏ ਕੰਮ ਦੇ ਲਈ ਵਧੇਰੇ ਅਲੱਗ ਕੀਤੇ ਗਏ ਸਨ (ਯੂਹੰਨਾ 10:36; 17:19)।[71] ਇਹ ਸਾਰੇ ਵਿਚਾਰ ਦਰਸਾਉਂਦੇ ਹਨ ਕਿ ਅਕਸਰ ਸ਼ੁੱਧੀਕਰਨ ਵਿੱਚ ਜ਼ਿਆਦਾ ਜ਼ੋਰ ਨੈਤਿਕਤਾ ਦੀ ਬਜਾਏ ਸਥਿਤੀ ਉੱਤੇ ਦਿੱਤਾ ਜਾਂਦਾ ਹੈ। ਕੋਈ ਚੀਜ਼ ਇਸ ਅਰਥ ਵਿੱਚ ਪਵਿੱਤਰ ਹੋ ਸਕਦੀ ਹੈ ਕਿ ਉਸ ਨੂੰ ਪਰਮੇਸ਼ਰ ਦੇ ਲਈ ਅਲੱਗ ਕੀਤਾ ਗਿਆ ਹੈ। ਉਸ ਦੀ ਪਵਿੱਤਰਤਾ ਉਸ ਦੇ ਪਵਿੱਤਰ ਹੋਣ (ਪਰਮੇਸ਼ਰ ਨਾਲ ਸੰਬੰਧਿਤ ਹੋਣ) ਦੇ ਅਰਥਾਂ ਵਿੱਚ ਹੋ ਸਕਦੀ ਹੈ ਜਿਸ ਵਿੱਚ ਉਸ ਦੇ ਨੈਤਿਕ ਜਾਂ ਪਾਪ ਤੋਂ ਅਲੱਗ ਹੋਣ ਉੱਤੇ ਬਹੁਤ ਜ਼ੋਰ ਨਹੀਂ ਦਿੱਤਾ ਜਾਂਦਾ ਹੈ।

### 3. ਉਹ ਵਰਤੋਂ ਜੋ ਪਾਪ ਤੋਂ ਨੈਤਿਕ ਤੈਰ ਤੇ ਅਲੱਗ ਹੋਣ ਉੱਤੇ ਜ਼ੋਰ ਦਿੰਦੀ ਹੈ

ਉੱਪਰ ਦਿੱਤਾ ਭਾਗ ਸੁਝਾਅ ਦਿੰਦਾ ਹੈ ਕਿ ਕੁਝ ਸੰਦਰਭਾਂ ਵਿੱਚ *ਸ਼ੁੱਧੀਕਰਨ* ਨੈਤਿਕ ਧਾਰਮਿਕਤਾ ਦੀ ਬਜਾਏ ਪਰਮੇਸ਼ਰ ਦੀ ਸੇਵਾ ਵਿੱਚ ਅਲੱਗ ਹੋਣ ਦੀ ਸਥਿਤੀ ਉੱਤੇ ਜ਼ੋਰ ਦਿੰਦਾ ਹੈ। ਪਰ ਕੁਝ ਹੋਰ ਸੰਦਰਭਾਂ ਵਿੱਚ, *ਸ਼ੁੱਧੀਕਰਨ* ਪਾਪ ਤੋਂ ਨੈਤਿਕ ਤੈਰ ਤੇ ਅਲੱਗ ਨਾਲ ਜੁੜਿਆ ਹੋਇਆ ਹੈ। *ਪਵਿੱਤਰ/ਸ਼ੁੱਧ ਕਰਨ* ਦਾ ਅਰਥ "ਅਲੱਗ ਹੋਣਾ" ਹੈ। ਸੰਦਰਭ ਅਕਸਰ ਇਹ ਸੰਕੇਤ ਦਿੰਦਾ ਹੈ ਕਿ ਕੀ ਅਲੱਗ ਹੋਣ ਵਿੱਚ ਜ਼ੋਰ ਸਥਿਤੀ ਦੀ ਪਵਿੱਤਰਤਾ ਉੱਤੇ ਹੈ ਜਾਂ ਨੈਤਿਕ ਪਵਿੱਤਰਤਾ ਉੱਤੇ ਹੈ। ਸ਼ੁੱਧੀਕਰਨ ਦੇ ਵਿਚਾਰ ਵਿੱਚ ਪਾਪ ਤੋਂ ਅਲੱਗ ਹੋਣ ਦਾ ਅਕਸਰ ਇੱਕ ਪ੍ਰਮੁੱਖ ਵਿਚਾਰ ਹੋ ਸਕਦਾ ਹੈ ਅਤੇ ਹੁੰਦਾ ਹੈ, ਇਹ ਅੱਗੇ ਦਿੱਤੀਆਂ ਆਇਤਾਂ ਵਿੱਚ ਸਪੱਸ਼ਟ ਦਿਖਾਈ ਦਿੰਦਾ ਹੈ: ਰੋਮੀ 6:19, 22 ਜਿੱਥੇ ਸ਼ੁੱਧੀਕਰਨ ਅਸ਼ੁੱਧਤਾ ਅਤੇ ਕੁਧਰਮ ਦੇ ਉਲਟ ਹੈ; 1 ਥੱਸਲੁ 4:3, 7 ਜਿੱਥੇ ਸ਼ੁੱਧੀਕਰਨ ਅਨੈਤਿਕਤਾ ਤੋਂ ਦੂਰ ਰਹਿਣ ਦੇ ਬਰਾਬਰ ਹੈ, ਅਤੇ ਸ਼ੁੱਧਤਾ ਅਤੇ ਸਨਮਾਨ ਨਾਲ ਸੰਬੰਧਿਤ ਹੈ; ਮਰਕੁਸ 6:20, ਰਸੂਲਾਂ 3:14 ਜਿੱਥੇ ਪਵਿੱਤਰਤਾ ਨਿਰਦੋਸ਼ ਜਾਂ ਧਰਮੀ ਹੋਣ ਦੇ ਬਰਾਬਰ ਹੈ; 1 ਪਤਰਸ 1:14-16 ਜਿੱਥੇ ਪਵਿੱਤਰਤਾ ਵਾਸਨਾ ਅਤੇ ਅਗਿਆਨੀ ਜੀਵਨ ਦੇ ਉਲਟ ਹੈ; ਅਤੇ ਅਫ਼ਸੀ 1:4, 5:27 ਜਿੱਥੇ ਪਵਿੱਤਰਤਾ ਨਿਰਦੋਸ਼ ਠਹਿਰਣ ਨਾਲ ਜੁੜੀ ਹੈ। ਹੋ ਸਕਦਾ ਹੈ ਕਿ ਸ਼ੁੱਧੀਕਰਨ ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਕੀਤੇ ਜਾਣ ਵਾਲੀ ਇੱਕ ਸਥਿਤੀ ਬਾਰੇ ਗੱਲ ਕਰਦਾ ਹੈ, ਜਾਂ ਫਿਰ ਇਹ ਪਾਪ ਤੋਂ ਵਿਹਾਰਕ ਤੈਰ ਤੇ ਅਲੱਗ ਹੋਣ ਵੀ ਹੋ ਸਕਦਾ ਹੈ। ਜਦੋਂ ਵੀ ਇਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਤਾਂ ਸ਼ਾਇਦ ਦੋਵੇਂ ਹੀ ਧਾਰਨਾਵਾਂ ਕੁਝ ਹੱਦ ਤੱਕ ਸ਼ਾਮਲ ਹੁੰਦੀਆਂ ਹਨ, ਪਰ ਸੰਦਰਭ ਦੇ ਆਧਾਰ ਉੱਤੇ ਜ਼ੋਰ ਇੱਕ ਵਿਚਾਰ ਤੋਂ ਦੂਜੇ ਵਿਚਾਰ ਵਿੱਚ ਬਦਲਦਾ ਹੈ। *ਸ਼ੁੱਧੀਕਰਨ* ਦੇ ਸੰਬੰਧ ਵਿੱਚ ਜ਼ੋਰ ਦੇ ਵੱਖ-ਵੱਖ ਰੂਪਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇੱਕ ਵਿਅਕਤੀ ਇਹ ਸਮਝਣ ਲਈ ਤਿਆਰ ਹੋ ਜਾਂਦਾ ਹੈ ਕਿ ਇਸ ਵਿੱਚ ਇੱਕ ਵਿਸ਼ਵਾਸੀ ਦੇ ਸ਼ੁੱਧੀਕਰਨ ਦੇ ਤਿੰਨ ਕਾਲ ਹਨ।

### 4. ਸ਼ੁੱਧੀਕਰਨ ਦਾ ਅਤੀਤ ਦਾ ਪਹਿਲੂ

ਸਾਰੇ ਵਿਸ਼ਵਾਸੀ ਪਹਿਲਾਂ ਹੀ ਸ਼ੁੱਧ/ਪਵਿੱਤਰ ਹੋ ਚੁੱਕੇ ਹਨ। ਹਰੇਕ ਵਿਸ਼ਵਾਸੀ ਨੂੰ ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਕੀਤਾ ਗਿਆ ਹੈ। ਜਿਹੜੀਆਂ ਆਇਤਾਂ ਅਤੀਤ ਵਿੱਚ ਸ਼ੁੱਧੀਕਰਨ ਨੂੰ ਸਿਖਾਉਂਦੀਆਂ ਹਨ ਉਹਨਾਂ ਵਿੱਚ ਰਸੂਲਾਂ 20:32; 26:18; ਰੋਮੀ 15:16; ਅਤੇ ਹੋਰ ਹੇਠਾਂ ਦਿੱਤੀਆਂ ਆਇਤਾਂ ਵੀ ਸ਼ਾਮਲ ਹਨ:

> ਪਰਮੇਸ਼ਰ ਦੀ ਕਲੀਸਿਯਾ ਦੇ ਲੋਕਾਂ ਨੂੰ ਜਿਹੜੇ ਕੁਰਿੰਥੁਸ ਵਿੱਚ ਹਨ ਇਹ ਪੱਤਰ ਲਿਖਦੇ ਹਾਂ ਜਿਹੜੇ ਮਸੀਹ ਯਿਸੂ ਦੁਆਰਾ **ਸ਼ੁੱਧ ਕੀਤੇ ਗਏ** ਅਤੇ ਪਰਮੇਸ਼ਰ ਦੇ ਪਵਿੱਤਰ ਲੋਕ ਹੋਣ ਦੇ ਲਈ ਸੱਦੇ ਗਏ ਹਨ। ਇਹਨਾਂ ਦੇ ਨਾਲ ਉਹਨਾਂ ਨੂੰ ਵੀ, ਜਿਹੜੇ ਕਿਸੇ ਵੀ ਥਾਂ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜਿਹੜੇ ਉਹਨਾਂ ਦੇ ਅਤੇ ਸਾਡੇ ਪ੍ਰਭੂ ਹਨ [1 ਕੁਰਿੰਥ 1:2]
>
> ਪਰ ਪਰਮੇਸ਼ਰ ਨੇ ਤੁਹਾਡਾ ਮਸੀਹ ਨਾਲ ਮੇਲ ਕਰਵਾਇਆ ਹੈ ਅਤੇ ਉਹਨਾਂ ਦੇ ਦੁਆਰਾ ਮਸੀਹ ਸਾਡੀ ਬੁੱਧੀ ਬਣੇ ਹਨ ਅਤੇ ਸਾਨੂੰ ਨੇਕ, **ਪਵਿੱਤਰ** ਅਤੇ ਮੁਕਤ ਕੀਤਾ ਹੈ। [1 ਕੁਰਿੰਥ 1:30]
>
> ਤੁਹਾਡੇ ਵਿੱਚੋਂ ਕੁਝ ਅਜਿਹੇ ਹੀ ਸਨ। ਪਰ ਤੁਸੀਂ ਪ੍ਰਭੂ ਯਿਸੂ ਮਸੀਹ ਦੇ ਨਾਮ ਅਤੇ ਸਾਡੇ ਪਰਮੇਸ਼ਰ ਦੇ ਆਤਮਾ ਦੁਆਰਾ ਧੋਤੇ ਗਏ ਹੋ ਅਤੇ **ਪਵਿੱਤਰ ਕੀਤੇ ਗਏ ਹੋ** ਅਤੇ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰਾਏ ਗਏ ਹੋ। [1 ਕੁਰਿੰਥ 6:11]
>
> ਅਤੇ ਇਸੇ ਇੱਛਾ ਦੇ ਦੁਆਰਾ ਅਸੀਂ ਯਿਸੂ ਮਸੀਹ ਦੇ ਸਰੀਰ ਦੇ ਇੱਕ ਹੀ ਵਾਰ ਕੀਤੇ ਗਏ ਬਲੀਦਾਨ ਦੇ ਦੁਆਰਾ **ਪਵਿੱਤਰ ਕੀਤੇ ਗਏ ਹਾਂ**। [ਇਬ 10:10]

*ਸ਼ੁੱਧ/ਪਵਿੱਤਰ ਹੋਣ* ਅਤੇ *ਸ਼ੁੱਧੀਕਰਨ* ਦੀ ਵਰਤੋਂ ਤੋਂ ਇਲਾਵਾ, **ਸਾਰੇ ਵਿਸ਼ਵਾਸੀਆਂ** ਨੂੰ **ਪਵਿੱਤਰ** ਅਤੇ **ਸੰਤ** ਕਿਹਾ ਗਿਆ ਹੈ। ਇਹ ਉਹਨਾਂ ਦੀ ਸਥਿਤੀ ਦੀ ਸੱਚਾਈ ਹੈ, ਭਾਵੇਂ ਉਹ ਆਪਣੀ ਵਿਹਾਰਕ ਪਵਿੱਤਰਤਾ ਵਿੱਚ ਹੇਠਲੇ ਪੱਧਰ ਤੇ ਵੀ ਕਿਉਂ ਨਾ ਹੋਣ, ਜਿਵੇਂ ਕਿ, ਕੁਰਿੰਥੀਆਂ ਦੀ ਕਲੀਸਿਯਾ ਵਿੱਚ ਸੀ (ਦੇਖੋ, ਰੋਮੀ 1:7; 1 ਕੁਰਿੰਥ 1:2; 2 ਕੁਰਿੰਥ 1:1; ਅਫ਼ਸੀ 1:1; ਫ਼ਿਲਿੱਪੀ 1:1; ਕੁਲੁੱਸੀ 1:12-13; 2 ਤਿਮੋਥਿ 1:9; ਇਬ 3:1; 1 ਪਤਰਸ 2:5, 9)।

[71] ਮੱਤੀ 6:9; ਲੂਕਾ 11:2, ਅਤੇ 1 ਪਤਰਸ 3:15 ਪਰਮੇਸ਼ਰ ਦੇ ਹੋਰ ਸ਼ੁੱਧ ਹੋਣ ਦਾ ਹਵਾਲਾ ਨਹੀਂ ਦਿੰਦੇ ਹਨ। ਉਹ ਪਹਿਲਾਂ ਹੀ ਅਨੰਤ ਰੂਪ ਵਿੱਚ ਪਾਪ ਤੋਂ ਮੁਕਤ ਹੋ ਚੁੱਕੇ ਹਨ। ਇਸ ਦੀ ਬਜਾਏ, ਇਹ ਪਰਮੇਸ਼ਰ ਦੇ ਸਾਡੇ ਤੋਂ ਬਹੁਤ ਉੱਚੇ ਹੋਣ ਦੇ ਅਰਥ ਵਿੱਚ ਅਲੱਗ ਹੋਣ ਦੇ ਸੰਕੇਤ ਹਨ।

> ਅਤੇ ਅਨੰਦ ਨਾਲ ਪਿਤਾ ਪਰਮੇਸ਼ਰ ਦਾ ਧੰਨਵਾਦ ਕਰੋ ਜਿਹਨਾਂ ਨੇ ਤੁਹਾਨੂੰ ਇਸ ਯੋਗ ਬਣਾਇਆ ਹੈ ਕਿ ਤੁਸੀਂ **ਪਰਮੇਸ਼ਰ ਦੇ ਲੋਕਾਂ** ਦੇ ਨਾਲ ਚਾਨਣ ਵਾਲੇ ਜੀਵਨ ਦਾ ਵਿਰਸਾ ਪ੍ਰਾਪਤ ਕਰ ਸਕੋ। ਉਹ ਹੀ ਸਾਨੂੰ ਹਨੇਰੇ ਦੇ ਅਧਿਕਾਰ ਤੋਂ ਬਚਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿੱਚ ਲੈ ਆਏ ਹਨ [ਕੁਲੁੱਸੀ 1:12-13]
>
> ਤੁਸੀਂ ਜਿਊਂਦੇ ਪੱਥਰ ਦੀ ਤਰ੍ਹਾਂ ਆਤਮਿਕ ਇਮਾਰਤ ਦੇ ਰੂਪ ਵਿੱਚ ਉਸਾਰੇ ਜਾ ਰਹੇ ਹੋ ਕਿ ਤੁਸੀਂ **ਪਵਿੱਤਰ** ਪੁਰੋਹਿਤ ਬਣ ਜਾਓ ਅਤੇ ਅਜਿਹੇ ਆਤਮਿਕ ਚੜ੍ਹਾਵੇ ਚੜ੍ਹਾਓ ਜਿਹਨਾਂ ਨੂੰ ਪਰਮੇਸ਼ਰ ਯਿਸੂ ਮਸੀਹ ਦੇ ਦੁਆਰਾ ਸਵੀਕਾਰ ਕਰਦੇ ਹਨ....ਪਰ ਤੁਸੀਂ ਚੁਣਿਆ ਹੋਇਆ ਵੰਸ, ਪੁਰੋਹਿਤਾਂ ਦਾ ਸ਼ਾਹੀ ਦਲ, **ਪਵਿੱਤਰ** ਕੌਮ, ਅਤੇ ਪਰਮੇਸ਼ਰ ਦੇ ਆਪਣੇ ਲੋਕ ਹੋ ਤਾਂ ਜੋ ਤੁਸੀਂ ਉਹਨਾਂ ਦੇ ਵੱਡੇ ਕੰਮਾਂ ਦਾ ਪ੍ਰਚਾਰ ਕਰੋ ਜਿਹਨਾਂ ਨੇ ਤੁਹਾਨੂੰ ਹਨੇਰੇ ਵਿੱਚੋਂ ਆਪਣੇ ਅਦਭੁੱਤ ਚਾਨਣ ਵਿੱਚ ਸੱਦਿਆ ਹੈ। [1 ਪਤਰਸ 2:5, 9]

ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰਤਾ ਦਾ ਉਹ ਉੱਚਾ ਪੱਧਰ ਨਹੀਂ ਹੁੰਦਾ ਹੈ ਜੋ ਸੰਤਾਂ ਦੀ ਸ਼ੋਭਾ ਹੁੰਦਾ ਹੈ (ਅਫ਼ਸੀ 5:3), ਫਿਰ ਵੀ ਉਹ ਸ਼ੁੱਧ ਕੀਤੇ ਗਏ ਹਨ। ਸ਼ੁੱਧੀਕਰਨ ਦਾ ਅਤੀਤ ਪਰਮੇਸ਼ਰ ਦੀ ਵਰਤੋਂ ਲਈ ਅਲੱਗ ਕੀਤੇ ਜਾਣ ਦੀ ਸਥਿਤੀ ਉੱਤੇ ਜ਼ੋਰ ਦਿੰਦਾ ਹੈ। ਇੱਕ ਵਿਸ਼ਵਾਸੀ ਦੇ ਸ਼ੁੱਧੀਕਰਨ ਦੇ ਅਤੀਤ ਸੰਦਰਭਾਂ ਵਿੱਚ ਨਿਸ਼ਚਿਤ ਹੀ ਪਾਪ ਤੋਂ ਕੁਝ ਹੱਦ ਤੱਕ ਦੂਰ ਰਹਿਣ ਦੇ ਤੱਤ ਵੀ ਸ਼ਾਮਲ ਹੋਣਗੇ। ਹਰੇਕ ਵਿਸ਼ਵਾਸੀ ਨੂੰ ਪਾਪ ਦੀ ਸਜ਼ਾ ਤੋਂ ਅਲੱਗ ਕੀਤਾ ਗਿਆ ਹੈ, ਅਤੇ ਹਰੇਕ ਸੱਚੇ ਵਿਸ਼ਵਾਸੀ ਨੇ ਵਿਹਾਰਕ ਤੌਰ ਤੇ ਪਾਪ ਤੋਂ ਅਲੱਗ ਹੋਣ ਦਾ ਕੁਝ ਅਨੁਭਵ ਕੀਤਾ ਹੈ। ਪਰ, ਸ਼ੁੱਧੀਕਰਨ ਦੇ ਅਤੀਤ ਵਿੱਚ ਜ਼ੋਰ ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਹੋਣ ਉੱਤੇ ਰਹਿਣਾ ਚਾਹੀਦਾ ਹੈ। ਸਾਰੇ ਵਿਸ਼ਵਾਸੀ ਆਪਣੀ ਸਥਿਤੀ ਵਿੱਚ ਸ਼ੁੱਧ ਕੀਤੇ ਜਾ ਚੁੱਕੇ ਹਨ, ਅਤੇ ਇਸ ਵਿੱਚ ਉਹਨਾਂ ਦੇ ਨੈਤਿਕ ਅਭਿਆਸ ਦੀ ਕੋਈ ਭੂਮਿਕਾ ਨਹੀਂ ਹੈ। ਇਹ ਮੁਕਤੀ ਦੇ ਸਮੇਂ ਹੋਇਆ ਸੀ ਅਤੇ ਇਸ ਨੂੰ ਮੁਕਤੀ ਦੇ ਇੱਕ ਨਤੀਜੇ ਦੇ ਰੂਪ ਵਿੱਚ ਹੀ ਦੇਖਣਾ ਚਾਹੀਦਾ ਹੈ।

### 5. ਸ਼ੁੱਧੀਕਰਨ ਦਾ ਵਰਤਮਾਨ ਦਾ ਪਹਿਲੂ

ਜਿਵੇਂ ਮੁਕਤੀ ਦਾ ਵਰਤਮਾਨ ਦਾ ਪਹਿਲੂ ਹੈ, ਉਵੇਂ ਹੀ ਸ਼ੁੱਧੀਕਰਨ ਦਾ ਵੀ ਇੱਕ ਵਰਤਮਾਨ ਦਾ ਪਹਿਲੂ ਹੈ। ਵਿਸ਼ਵਾਸੀ ਅਤੀਤ ਵਿੱਚ ਸ਼ੁੱਧ ਕੀਤੇ ਗਏ ਹਨ (ਸਥਿਤੀ)। ਫਿਰ ਵੀ, ਵਿਸ਼ਵਾਸੀ ਵਰਤਮਾਨ ਵਿੱਚ ਵੀ ਹੌਲੀ-ਹੌਲੀ ਸ਼ੁੱਧ ਕੀਤੇ ਜਾ ਰਹੇ ਹਨ (ਅਭਿਆਸ)। ਮਸੀਹੀ ਲੋਕਾਂ ਤੋਂ ਇਹ ਉਮੀਦ ਹੈ ਕਿ ਉਹਨਾਂ ਦੇ ਨੈਤਿਕ ਵਿਵਹਾਰ ਵਿੱਚ ਸੁਧਾਰ ਹੋਵੇ ਅਤੇ ਫਿਰ ਉਹ ਪਰਮੇਸ਼ਰ ਦੀ ਸੇਵਾ ਵਿੱਚ ਡੂੰਘੇ ਸਮਰਪਣ ਦੇ ਨਾਲ ਪਾਪ ਤੋਂ ਜ਼ਿਆਦਾ ਅਲੱਗ ਹੋਣ ਦਾ ਅਨੁਭਵ ਕਰਨ। ਨਵੇਂ ਨੇਮ ਵਿੱਚ ਅਜਿਹੇ ਬਹੁਤ ਸਾਰੇ ਹਵਾਲੇ ਹਨ ਜੋ ਇਸ ਮਸੀਹੀ ਵਿਕਾਸ ਬਾਰੇ ਸਿਖਾਉਂਦੇ ਹਨ (ਨਵੇਂ ਮਨੁੱਖ ਨੂੰ ਪਹਿਨਣਾ -ਕੁਲੁੱਸੀ 3 ਅਤੇ ਅਫ਼ਸੀ 4; ਪਵਿੱਤਰ ਆਤਮਾ ਦਾ ਫਲ -ਗਲਾਤੀ 5; ਕਿਰਪਾ ਅਤੇ ਗਿਆਨ ਵਿੱਚ ਵੱਧਣਾ - 2 ਪਤਰਸ 3; ਜੀਵਨ ਦੀ ਦੌੜ ਵਿੱਚ ਵੱਧਦੇ ਜਾਣਾ – ਫ਼ਿਲਿੱਪੀ 3; ਵੱਧ ਤੋਂ ਵੱਧ ਮਸੀਹ ਦੇ ਵਰਗੇ ਬਣਨਾ - 2 ਕੁਰਿੰਥ 3; ਅਤੇ ਮਨ ਦਾ ਪਰਿਵਰਤਨ – ਰੋਮੀਆਂ 12)। ਸ਼ੁੱਧੀਕਰਨ ਦਾ ਵਰਤਮਾਨ ਦਾ ਪਹਿਲੂ ਪਾਪ ਤੋਂ ਅਲੱਗ ਹੋਣ ਅਤੇ ਪਰਮੇਸ਼ਰ ਦੀ ਸੇਵਾ ਦੇ ਲਈ ਅਲੱਗ ਹੋਣ ਦੋਵਾਂ ਨੂੰ ਦਰਸਾਉਂਦਾ ਹੈ।[72] ਹਰੇਕ ਮਸੀਹੀ ਵਰਤਮਾਨ ਸ਼ੁੱਧੀਕਰਨ ਦੀ ਇਸ ਪ੍ਰਕਿਰਿਆ ਵਿੱਚ ਜਾਂ ਤਾਂ ਸਹਿਯੋਗ ਕਰਨ ਜਾਂ ਵਿਰੋਧ ਕਰਨ ਦੀ ਚੋਣ ਕਰਦਾ ਹੈ।

> "ਸੱਚ ਦੇ ਨਾਲ ਉਹਨਾਂ ਨੂੰ **ਪਵਿੱਤਰ ਕਰੋ**। ਤੁਹਾਡਾ ਵਚਨ ਸੱਚ ਹੈ।" [ਯੂਹੰਨਾ 17:17]
>
> ਮੈਂ ਤੁਹਾਡੀ ਮਨੁੱਖੀ ਕਮਜ਼ੋਰੀ ਨੂੰ ਜਾਣਦੇ ਹੋਏ ਸਧਾਰਨ ਆਦਮੀਆਂ ਦੀ ਤਰ੍ਹਾਂ ਕਹਿ ਰਿਹਾ ਹਾਂ, ਜਿਸ ਤਰ੍ਹਾਂ ਇੱਕ ਸਮੇਂ ਤੁਸੀਂ ਆਪਣੇ ਆਪ ਨੂੰ ਪੂਰੀ ਤਰ੍ਹਾਂ ਅਪਵਿੱਤਰਤਾ ਅਤੇ ਦੁਸ਼ਟਤਾ ਦੇ ਅਧੀਨ ਕਰ ਦਿੱਤਾ ਸੀ ਜਿਸ ਨਾਲ ਦੁਸ਼ਟਤਾ ਵਧੀ, ਉਸੇ ਤਰ੍ਹਾਂ ਹੁਣ ਆਪਣੇ ਆਪ ਨੂੰ ਨੇਕੀ ਦੇ ਅਧੀਨ ਕਰ ਦੇਵੋ ਕਿ **ਪਵਿੱਤਰਤਾ ਵਧੇ**। [ਰੋਮੀ 6:19]
>
> ਹੇ ਪਿਆਰੇ ਵਿਸ਼ਵਾਸੀਓ ਕਿਉਂਕਿ ਇਹ ਸਾਰੇ ਵਾਅਦੇ ਸਾਡੇ ਨਾਲ ਕੀਤੇ ਗਏ ਹਨ ਇਸ ਲਈ ਸਾਨੂੰ ਆਪਣੇ ਸਰੀਰ ਅਤੇ ਆਤਮਾ ਨੂੰ ਹਰ ਤਰ੍ਹਾਂ ਦੀ ਗੰਦਗੀ ਤੋਂ **ਸ਼ੁੱਧ** ਕਰਨਾ ਚਾਹੀਦਾ ਹੈ। ਸਾਨੂੰ ਪਰਮੇਸ਼ਰ ਦਾ ਡਰ ਮੰਨਦੇ ਹੋਏ, **ਸੰਪੂਰਨ ਪਵਿੱਤਰ** ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। [2 ਕੁਰਿੰਥ 7:1]
>
> ਉਹਨਾਂ ਨੇ ਇਹ ਇਸ ਲਈ ਕੀਤਾ ਕਿ ਉਹ ਕਲੀਸਿਯਾ ਨੂੰ ਪਾਣੀ ਅਤੇ ਪਵਿੱਤਰ ਵਚਨ ਦੇ ਨਾਲ **ਸ਼ੁੱਧ** ਅਤੇ **ਪਵਿੱਤਰ ਕਰਨ** ਅਤੇ ਇਸ ਤਰ੍ਹਾਂ ਉਹ ਉਸ ਨੂੰ ਆਪਣੇ ਲਈ ਸੰਪੂਰਨ ਮਹਿਮਾ ਭਰੀ ਸੁੰਦਰਤਾ ਸਮੇਤ ਬਿਨਾਂ ਕਿਸੇ ਧੱਬੇ ਅਤੇ ਝੁਰੜੀ ਦੇ ਹਾਜ਼ਰ ਕਰਨ। [ਅਫ਼ਸੀ 5:26-27][73]

---

[72] ਅਫ਼ਸੀ 4:12 ਅਤੇ 5:3 ਵੀ ਦੇਖੋ ਜਿੱਥੇ ਸੰਤਾਂ ਨੂੰ ਹੋਰ ਵੀ ਜ਼ਿਆਦਾ ਸ਼ੁੱਧ/ਪਵਿੱਤਰ ਹੋਣਾ ਹੈ। 1 ਥੱਸਲੁ 3:13 ਅਤੇ 5:23 ਸ਼ੁੱਧੀਕਰਨ ਦੀ ਅਜਿਹੀ ਪ੍ਰਕਿਰਿਆ ਦਾ ਹਵਾਲਾ ਦਿੰਦੇ ਹਨ ਜੋ ਭਵਿੱਖ ਵਿੱਚ ਅਤੇ ਪੂਰੇ ਸ਼ੁੱਧੀਕਰਨ ਵਿੱਚ ਪੂਰੀ ਹੋਵੇਗੀ। ਫਿਰ ਵੀ, ਇਹ ਪ੍ਰਕਿਰਿਆ ਵਰਤਮਾਨ ਸਮੇਂ ਵਿੱਚ ਵੀ ਜਾਰੀ ਹੈ।

[73] ਅਫ਼ਸੀ 5:26-27 ਵੀ ਸਥਿਤੀ ਦੇ ਸ਼ੁੱਧੀਕਰਨ ਦਾ ਸੰਕੇਤ ਦੇ ਸਕਦਾ ਹੈ। ਸ਼ਾਇਦ ਇਸ ਵਿੱਚ ਸ਼ੁੱਧੀਕਰਨ ਦੇ ਸਾਰੇ ਪੜਾਅ ਸ਼ਾਮਲ ਹਨ।

ਪਰਮੇਸ਼ਰ ਦੀ ਇੱਛਾ ਇਹ ਹੈ ਕਿ ਤੁਸੀਂ **ਪਵਿੱਤਰ ਬਣੋ** ਤਾਂ ਜੋ ਤੁਸੀਂ ਵਿਭਚਾਰ ਤੋਂ ਦੂਰ ਰਹੋ.... ਕਿਉਂਕਿ ਪਰਮੇਸ਼ਰ ਨੇ ਸਾਨੂੰ ਅਸ਼ੁੱਧ ਜੀਵਨ ਦੇ ਲਈ ਨਹੀਂ ਸਗੋਂ ਪਵਿੱਤਰ ਜੀਵਨ ਬਤੀਤ ਕਰਨ ਦੇ ਲਈ ਸੱਦਿਆ ਹੈ। [1 ਥੱਸਲੁ 4:3, 7]

ਜਿਹੜਾ ਕੋਈ ਆਪਣੇ ਆਪ ਨੂੰ ਉਹਨਾਂ ਸਾਰੀਆਂ ਬੁਰਾਈਆਂ ਤੋਂ **ਸ਼ੁੱਧ ਕਰਦਾ ਹੈ**, ਉਹ ਖ਼ਾਸ ਉਦੇਸ਼ਾਂ ਦੇ ਲਈ ਵਰਤਿਆ ਜਾਵੇਗਾ ਕਿਉਂਕਿ ਉਹ ਪਰਮੇਸ਼ਰ ਦੇ ਲਈ ਅਰਪਿਤ ਕੀਤਾ ਹੋਇਆ ਅਤੇ ਲਾਭਦਾਇੱਕ ਹੋਵੇਗਾ ਅਤੇ ਹਰ ਭਲੇ ਕੰਮ ਦੇ ਲਈ ਤਿਆਰ ਹੋਵੇਗਾ। [2 ਤਿਮੋਥਿ 2:21]

ਹਰ ਇੱਕ ਦੇ ਨਾਲ ਸ਼ਾਂਤੀ ਦੇ ਨਾਲ ਰਹਿਣ ਦੀ ਕੋਸ਼ਿਸ਼ ਕਰੋ ਅਤੇ ਉਸ **ਪਵਿੱਤਰਤਾ** ਦੀ ਖੋਜ ਵਿੱਚ ਰਹੋ ...[ਇਬ 12:14]

ਆਗਿਆਕਾਰੀ ਬੱਚਿਆਂ ਦੀ ਤਰ੍ਹਾਂ ਪੁਰਾਣੀਆਂ ਵਾਸਨਾਵਾਂ ਦੇ ਵਰਗੇ ਨਾ ਬਣੋ ਜਿਹੜੀਆਂ ਤੁਹਾਡੇ ਵਿੱਚ ਉਸ ਸਮੇਂ ਸਨ ਜਦੋਂ ਤੁਸੀਂ ਅਗਿਆਨੀ ਸੀ। ਸਗੋਂ ਜਿਵੇਂ ਤੁਹਾਨੂੰ ਸੱਦਣ ਵਾਲੇ ਪਰਮੇਸ਼ਰ ਪਵਿੱਤਰ ਹਨ, ਇਸੇ ਤਰ੍ਹਾਂ ਤੁਸੀਂ ਵੀ ਆਪਣੇ ਚਾਲ-ਚਲਣ ਵਿੱਚ **ਪਵਿੱਤਰ ਬਣੋ।** ਕਿਉਂਕਿ ਪਵਿੱਤਰ-ਗ੍ਰੰਥ ਵਿੱਚ ਕਿਹਾ ਗਿਆ ਹੈ, "ਤੁਸੀਂ ਪਵਿੱਤਰ ਬਣੋ ਕਿਉਂਕਿ ਮੈਂ ਪਵਿੱਤਰ ਹਾਂ।" [1 ਪਤਰਸ 1:14-16]

### 6. ਸ਼ੁੱਧੀਕਰਨ ਦਾ ਭਵਿੱਖ ਦਾ ਪਹਿਲੂ

ਸ਼ੁੱਧੀਕਰਨ ਦਾ ਇੱਕ ਭਵਿੱਖ ਦਾ ਪਹਿਲੂ ਹੈ। ਭਵਿੱਖ ਵਿੱਚ ਵਿਸ਼ਵਾਸੀ ਪੂਰੀ ਤਰ੍ਹਾਂ ਪਾਪ ਤੋਂ ਅਲੱਗ ਹੋ ਜਾਣਗੇ ਅਤੇ ਪਰਮੇਸ਼ਰ ਦੀ ਸੇਵਾ ਦੇ ਲਈ ਪੂਰੀ ਤਰ੍ਹਾਂ ਸਮਰਪਿਤ ਹੋਣਗੇ। ਸਾਡਾ ਪਾਪ ਤੋਂ ਪੂਰੀ ਤਰ੍ਹਾਂ ਵੱਖ ਹੋਣਾ ਉਦੋਂ ਹੋਵੇਗਾ ਜਦੋਂ ਅਸੀਂ ਮਸੀਹ ਨੂੰ ਦੇਖਾਂਗੇ ਅਤੇ ਉਹਨਾਂ ਦੀ ਤਰ੍ਹਾਂ ਪਾਪ ਰਹਿਤ ਬਣਾਂਗੇ [1 ਯੂਹੰਨਾ 3:2]

ਤਾਂ ਜੋ ਉਹ ਤੁਹਾਡੇ ਮਨਾਂ ਨੂੰ ਇੰਨਾ ਪੱਕਾ ਕਰਨ ਕਿ ਜਦੋਂ ਪ੍ਰਭੂ ਯਿਸੂ ਆਪਣੇ ਪਵਿੱਤਰ ਲੋਕਾਂ ਦੇ ਨਾਲ ਆਉਣ ਤਦ ਤੁਸੀਂ ਸਾਡੇ ਪਰਮੇਸ਼ਰ ਅਤੇ ਪਿਤਾ ਦੇ ਸਾਹਮਣੇ ਨਿਰਦੋਸ਼ ਅਤੇ ਪਵਿੱਤਰ ਠਹਿਰੋ। [1 ਥੱਸਲੁ 3:13]

ਹੁਣ ਪਰਮੇਸ਼ਰ ਆਪ, ਜਿਹੜੇ ਸ਼ਾਂਤੀ ਦੇ ਦਾਤਾ ਹਨ, ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰਨ ਅਤੇ ਤੁਹਾਡੀ ਸੰਪੂਰਨ ਆਤਮਾ, ਮਨ ਅਤੇ ਸਰੀਰ ਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਤੱਕ ਨਿਰਦੋਸ਼ ਰੱਖਣ। [1 ਥੱਸਲੁ 5:23]

### 7. ਸ਼ੁੱਧ ਕਰਨ ਵਾਲਾ

ਬਾਈਬਲ ਕਈ ਵਾਰ ਪਿਤਾ ਨੂੰ ਸ਼ੁੱਧ ਕਰਨ ਵਾਲੇ ਵਜੋਂ ਪੇਸ਼ ਕਰਦੀ ਹੈ (ਯੂਹੰਨਾ 17:17; 1 ਥੱਸਲੁ 5:23; ਅਤੇ ਯਹੂਦਾ 24-25)। ਹੋਰ ਸੰਦਰਭਾਂ ਵਿੱਚ ਪੁੱਤਰ ਸ਼ੁੱਧ ਕਰਦੇ ਹਨ (1 ਕੁਰਿੰਥ 1:2; ਅਫ਼ਸੀ 5:26-27; ਅਤੇ ਇਬ 2:11)। ਪਵਿੱਤਰ ਆਤਮਾ ਵੀ ਸ਼ੁੱਧ ਕਰਦਾ ਹੈ (ਰੋਮੀ 15:16; 2 ਥੱਸਲੁ 2:13; ਅਤੇ 1 ਪਤਰਸ 1:2)। (ਆਖ਼ਰੀ ਦੋ ਵਚਨ ਪਵਿੱਤਰ ਆਤਮਾ ਦੁਆਰਾ "ਅਲੱਗ ਕੀਤੇ ਜਾਣ" ਬਾਰੇ ਗੱਲ ਕਰਦੇ ਹਨ ਤਾਂ ਜੋ ਸ਼ੁਭ-ਸਮਾਚਾਰ ਪ੍ਰਤੀ ਅੰਨ੍ਹੇਪਣ ਨੂੰ ਦੂਰ ਕੀਤਾ ਜਾ ਸਕੇ)।

### 8. ਸ਼ੁੱਧੀਕਰਨ ਦੇ ਸਾਧਨ

ਬਾਈਬਲ ਦੇ ਸਿਧਾਂਤ ਨੂੰ ਅਸਪਸ਼ਟ ਛੱਡਣ ਪ੍ਰਤੀ ਬੜੀ ਸਾਵਧਾਨੀ ਵਰਤਣੀ ਚਾਹੀਦੀ ਹੈ। *ਸ਼ੁੱਧੀਕਰਨ* ਸ਼ਬਦ ਦੇ ਨਾਲ ਇਹ ਵਿਆਖਿਆ ਹੋਣੀ ਚਾਹੀਦੀ ਹੈ ਕਿ ਇੱਕ ਵਿਸ਼ਵਾਸੀ ਕਿਵੇਂ ਸ਼ੁੱਧ ਹੁੰਦਾ ਹੈ। ਅਤੀਤ ਵਿੱਚ ਸੰਸਾਰ ਤੋਂ ਅਲੱਗ ਹੋ ਕੇ ਪਰਮੇਸ਼ਰ ਦੇ ਹੋਣਾ ਯਿਸੂ ਮਸੀਹ ਦੇ ਖ਼ੂਨ ਦੇ ਕਾਰਨ ਹੋ ਸਕਦਾ ਹੈ (ਇਬ 9:13- 14; 10:10, 14)। ਜਿਹੜੇ ਲੋਕ ਯਿਸੂ ਮਸੀਹ ਵਿੱਚ ਭਰੋਸਾ ਰੱਖਦੇ ਹਨ, ਉਹਨਾਂ ਨੂੰ **ਮਸੀਹ ਦੇ ਸਰੀਰ** ਅਤੇ **ਖ਼ੂਨ** ਦੁਆਰਾ ਸ਼ੁੱਧ ਕੀਤਾ ਗਿਆ ਹੈ। ਸ਼ੁੱਧੀਕਰਨ ਦਾ ਵਰਤਮਾਨ ਦਾ ਸਾਧਨ **ਪਰਮੇਸ਼ਰ ਦਾ ਵਚਨ** ਹੈ। ਇਹ ਗੱਲ ਯੂਹੰਨਾ 17:17 ਅਤੇ ਰਸੂਲਾਂ 20:32 ਵਿੱਚ ਸਪੱਸ਼ਟ ਹੈ:

"ਸੱਚ ਦੇ ਨਾਲ ਉਹਨਾਂ ਨੂੰ ਪਵਿੱਤਰ ਕਰੋ। ਤੁਹਾਡਾ **ਵਚਨ** ਸੱਚ ਹੈ।" [ਯੂਹੰਨਾ 17:17]

"ਹੁਣ ਮੈਂ ਤੁਹਾਨੂੰ ਪਰਮੇਸ਼ਰ ਅਤੇ ਉਹਨਾਂ ਦੀ ਕਿਰਪਾ ਦੇ **ਵਚਨ** ਦੀ ਦੇਖਭਾਲ ਦੇ ਸਪੁਰਦ ਕਰਦਾ ਹਾਂ। ਜਿਹੜਾ ਤੁਹਾਡੀ ਉਸਾਰੀ ਕਰਨ ਅਤੇ ਸਾਰੇ ਪਵਿੱਤਰ ਲੋਕਾਂ ਦੇ ਨਾਲ ਤੁਹਾਨੂੰ ਤੁਹਾਡੀਆਂ ਅਸੀਸਾਂ ਤੁਹਾਨੂੰ ਪ੍ਰਦਾਨ ਕਰਨ ਦੇ ਯੋਗ ਹੈ" [ਰਸੂਲਾਂ 20:32]

ਇਹ ਗਲਾਤੀ 5:1ff ਤੋਂ ਸਪੱਸ਼ਟ ਹੈ ਕਿ **ਪਵਿੱਤਰ ਆਤਮਾ** ਵਿਸ਼ਵਾਸੀ ਦੇ ਜੀਵਨ ਵਿੱਚ ਪਵਿੱਤਰਤਾ ਨੂੰ ਪੈਦਾ ਕਰਦਾ ਹੈ। ਪਰ, ਇਸ ਦੇ ਦੋ ਅਲੱਗ ਤਰੀਕੇ ਨਹੀਂ ਹਨ: ਇੱਕ ਪਵਿੱਤਰ ਆਤਮਾ ਦੁਆਰਾ ਅਤੇ ਦੂਜਾ ਲਿਖਤੀ ਵਚਨ ਦੁਆਰਾ। ਪਰਮੇਸ਼ਰ ਦਾ ਵਚਨ ਆਤਮਾ ਦੀ ਤਲਵਾਰ ਹੈ (ਅਫ਼ਸੀ 6:17)। ਇਸ ਲਈ, ਪਵਿੱਤਰ ਆਤਮਾ ਉਸ ਵਿਸ਼ਵਾਸੀ ਦੇ ਜੀਵਨ ਵਿੱਚ ਪਵਿੱਤਰਤਾ ਪੈਦਾ ਕਰਨ ਲਈ ਆਪਣੇ ਵਚਨ ਦੀ ਵਰਤੋਂ ਕਰਦਾ ਹੈ ਜੋ ਸਿਰਫ਼ ਵਚਨ ਨੂੰ ਸੁਣਦਾ ਹੀ ਨਹੀਂ, ਪਰ ਉਸ ਅਨੁਸਾਰ ਚੱਲਦਾ ਵੀ ਹੈ (ਯਾਕੂਬ 1:22)। ਪਵਿੱਤਰ ਆਤਮਾ ਦੇ ਕੰਮ ਨੂੰ ਪਰਮੇਸ਼ਰ ਦੇ ਲਿਖਤੀ ਵਚਨ ਤੋਂ ਵੱਖ ਨਹੀਂ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਵਿੱਚ ਸ਼ੁੱਧੀਕਰਨ ਦਾ ਸਾਧਨ ਪਰਮੇਸ਼ਰ ਦਾ ਲਿਖਤੀ ਵਚਨ ਹੈ।

## VII. ਸਦੀਪਕ ਸੁਰੱਖਿਆ

ਕਿਉਂਕਿ ਬਹੁਤ ਸਾਰੇ ਪ੍ਰਮੁੱਖ ਮੁਕਤੀ ਦੇ ਸਿਧਾਂਤ ਇੱਕ ਵਿਸ਼ਵਾਸੀ ਦੀ ਮੁਕਤੀ ਦੀ ਸਦੀਪਕ ਸੁਰੱਖਿਆ ਦੀ ਪੁਸ਼ਟੀ ਕਰਦੇ ਹਨ, ਇਸ ਲਈ ਕੁਝ ਹੋਰ ਬੁਨਿਆਦੀ ਸਿਧਾਂਤਾਂ ਦਾ ਅਧਿਐਨ ਕਰਨ ਤੋਂ ਬਾਅਦ ਸਦੀਪਕ ਸੁਰੱਖਿਆ ਦੀ ਗੱਲ ਕਰਨਾ ਤਰਕਪੂਰਨ ਹੈ। ਜਦੋਂ ਇੱਕ

ਵਿਅਕਤੀ ਪੂਰਵ-ਨਿਯੁਕਤੀ ਅਤੇ ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਵਰਗੇ ਸਿਧਾਂਤਾਂ ਨੂੰ ਸਮਝਦਾ ਹੈ, ਤਾਂ ਉਸ ਤੋਂ ਬਾਅਦ ਸਦੀਪਕ ਸੁਰੱਖਿਆ ਦਾ ਅਧਿਐਨ ਆਉਂਦਾ ਹੈ। ਸਦੀਪਕ ਸੁਰੱਖਿਆ ਦੇ ਲਈ ਸਬੂਤਾਂ ਨੂੰ ਇੱਕ ਅਜਿਹੇ ਢੰਗ ਨਾਲ ਇਕੱਠਾ ਕਰਨਾ ਮਦਦਗਾਰ ਹੁੰਦਾ ਹੈ ਜੋ ਇਹ ਦਰਸਾਉਂਦਾ ਹੈ ਕਿ ਇਸ ਦਾ ਇਨਕਾਰ ਅਣਉਚਿਤ ਹੋਵੇਗਾ। ਸਾਡੇ ਕੋਲ ਨੌ ਅਜਿਹੇ ਬਿਆਨ ਹਨ ਜੋ ਸਦੀਪਕ ਸੁਰੱਖਿਆ ਦਾ ਇਨਕਾਰ ਕਰਨ ਅਨੁਕੂਲ ਨਹੀਂ ਹਨ।

## A. ਸਦੀਪਕ ਸੁਰੱਖਿਆ ਲਈ ਸਬੂਤ

### 1. ਇਸ ਵਿਸ਼ੇ ਨੂੰ ਇੱਕ ਨਕਾਰਾਤਮਕ ਦ੍ਰਿਸ਼ਟੀਕੋਣ ਨਾਲ ਦੇਖਣਾ

#### a. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਮਸੀਹ ਵੀ ਆਪਣੀ ਧਾਰਮਿਕਤਾ ਗੁਆ ਸਕਦੇ ਸਨ।

ਜਦੋਂ ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਨੂੰ ਸਹੀ ਢੰਗ ਨਾਲ ਸਮਝਿਆ ਜਾਂਦਾ ਹੈ, ਤਾਂ ਇਹ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਦਾ ਸਮਰਥਨ ਕਰਦਾ ਹੈ। ਜਦੋਂ ਮਸੀਹ ਦੀ ਮੌਤ ਹੋਈ, ਤਾਂ ਸਾਡੇ ਪਾਪ ਉਹਨਾਂ ਦੇ ਖਾਤੇ ਵਿੱਚ ਪਾਏ ਗਏ ਸਨ। ਜਦੋਂ ਇੱਕ ਵਿਅਕਤੀ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ, ਤਾਂ ਮਸੀਹ ਦੀ ਧਾਰਮਿਕਤਾ ਵਿਸ਼ਵਾਸੀ ਦੇ ਖਾਤੇ ਵਿੱਚ "ਗਿਣੀ" ਜਾਂਦੀ ਹੈ। ਪਰਮੇਸ਼ਰ ਇੱਕ ਵਿਸ਼ਵਾਸੀ ਨੂੰ "ਮਸੀਹ ਵਿੱਚ" ਅਤੇ **ਮਸੀਹ ਦੀ ਧਾਰਮਿਕਤਾ** ਵਿੱਚ ਢੱਕੇ ਹੋਏ ਦੇਖਦੇ ਹਨ। ਇਸ ਆਧਾਰ ਉੱਤੇ ਵਿਸ਼ਵਾਸੀ ਨੂੰ ਕਾਨੂੰਨੀ ਤੌਰ ਤੇ ਪਰਮੇਸ਼ਰ ਸਾਹਮਣੇ ਨਿਰਦੋਸ਼ ਘੋਸ਼ਿਤ ਕੀਤਾ ਜਾਂਦਾ ਹੈ। **ਇਹ ਮਸੀਹ ਦੀ ਧਾਰਮਿਕਤਾ ਹੈ** (ਮਨੁੱਖੀ ਧਾਰਮਿਕਤਾ ਅਤੇ ਯੋਗਤਾ ਨਹੀਂ) **ਜੋ ਇੱਕ ਵਿਸ਼ਵਾਸੀ ਦੇ ਪਰਮੇਸ਼ਰ ਅੱਗੇ ਸਵੀਕਾਰੇ ਜਾਣ ਅਤੇ ਖੜ੍ਹੇ ਹੋਣ ਦਾ ਆਧਾਰ ਹੈ**। ਪਹਿਲੀ ਗੱਲ ਤਾਂ ਇਹ ਹੈ ਕਿ ਮਨੁੱਖ ਦੀ ਮੁਕਤੀ ਉਸ ਦੀ ਖ਼ੁਦ ਦੀ ਧਾਰਮਿਕਤਾ ਨਾਲ ਨਾ ਤਾਂ ਹੋਈ ਹੈ, ਅਤੇ ਨਾ ਹੀ ਇਹ ਮੁਕਤੀ ਨੂੰ ਜਾਰੀ ਰੱਖਣ ਦਾ ਆਧਾਰ ਹੈ। ਇਹ ਮਸੀਹ ਦੀ ਧਾਰਮਿਕਤਾ ਹੀ ਹੈ ਜੋ ਮੁਕਤੀ ਲਿਆਉਂਦੀ ਹੈ। ਇਸ ਲਈ, ਇੱਕ ਵਿਸ਼ਵਾਸੀ ਦੀ ਸੁਰੱਖਿਆ ਦਾ ਅਸਲ ਮੁੱਦਾ ਮਨੁੱਖੀ ਧਾਰਮਿਕਤਾ ਨਹੀਂ ਬਲਕਿ ਮਸੀਹ ਦੀ **ਧਾਰਮਿਕਤਾ ਦਾ ਸਦੀਪਕ ਸੁਭਾਅ** ਹੈ।

ਇੱਕ ਵਿਸ਼ਵਾਸੀ ਪਰਮੇਸ਼ਰ ਦੇ ਸਾਹਮਣੇ ਆਪਣੀ ਧਾਰਮਿਕਤਾ ਜਾਂ ਕਾਨੂੰਨੀ ਧਰਮੀ ਸਥਿਤੀ ਨੂੰ ਉਦੋਂ ਤੱਕ ਨਹੀਂ ਗੁਆ ਸਕਦਾ ਜਦੋਂ ਤੱਕ ਮਸੀਹ ਆਪਣੀ ਧਾਰਮਿਕਤਾ ਨਹੀਂ ਗੁਆ ਲੈਂਦਾ ਹਨ, ਅਤੇ ਇਹ ਕਦੇ ਵੀ ਨਹੀਂ ਹੋ ਸਕਦਾ ਹੈ। ਮਸੀਹ ਦੀ ਧਾਰਮਿਕਤਾ ਸਦੀਪਕ ਹੈ। ਸਾਡੀ ਆਪਣੀ ਮਨੁੱਖੀ ਧਾਰਮਿਕਤਾ ਗੰਦੇ ਕੱਪੜਿਆਂ ਵਾਂਗ ਹੈ ਅਤੇ ਇਹ ਮੁਕਤੀ ਦੇ ਵਰਦਾਨ ਵਿੱਚ ਕੋਈ ਭੂਮਿਕਾ ਨਹੀਂ ਨਿਭਾਉਂਦੀ ਹੈ (ਯਸਾ 64:6)। ਮਸੀਹ ਦੀ ਧਾਰਮਿਕਤਾ ਅਤੇ ਸਿਰਫ਼ ਮਸੀਹ ਦੀ ਧਾਰਮਿਕਤਾ ਹੀ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ ਧਰਮੀ ਠਹਿਰਾਉਂਦੀ ਹੈ (ਰੋਮੀ 4:5)। ਧਰਮੀ ਠਹਿਰਾਉਣ ਦੇ ਸੰਬੰਧ ਵਿੱਚ, ਪਰਮੇਸ਼ਰ ਨੇ ਕਦੇ ਵੀ ਸਾਡੀ ਆਪਣੀ ਧਾਰਮਿਕਤਾ ਜਾਂ ਇਸ ਦੀ ਘਾਟ ਨੂੰ ਨਹੀਂ ਦੇਖਿਆ ਸੀ, ਬਲਕਿ ਉਹਨਾਂ ਨੇ ਮਸੀਹ ਦੀ ਉਸ ਪਵਿੱਤਰ ਸੰਪੂਰਨ ਧਾਰਮਿਕਤਾ ਨੂੰ ਦੇਖਿਆ ਜੋ ਇੱਕ ਵਿਸ਼ਵਾਸੀ ਦੇ ਖਾਤੇ ਵਿੱਚ ਦਿੱਤੀ ਗਈ ਹੈ (ਦੇਖੋ, ਰੋਮੀ 5:17-19; 1 ਕੁਰਿੰਥ 1:30; 2 ਕੁਰਿੰਥ 5:21, ਅਤੇ ਅਫ਼ਸੀ 1:6-7; ਅਤੇ ਕੁਲੁੱਸੀ 2:10)। ਇਹ ਮੰਨਣਾ ਕਿ ਇੱਕ ਵਿਸ਼ਵਾਸੀ ਮੁਕਤੀ ਗੁਆ ਸਕਦਾ ਹੈ ਅਤੇ ਅਧਰਮੀ ਠਹਿਰਾਇਆ ਜਾ ਸਕਦਾ ਹੈ, ਇਹ ਅਜਿਹਾ ਮੰਨਣਾ ਹੋਵੇਗਾ ਕਿ ਮਸੀਹ ਆਪਣੀ ਧਾਰਮਿਕਤਾ ਗੁਆ ਸਕਦੇ ਹਨ ਕਿਉਂਕਿ ਸਾਡੇ "ਅਧਰਮੀ" ਠਹਿਰਾਏ ਜਾਣ ਦੇ ਲਈ ਮਸੀਹ ਨੂੰ ਆਪਣੀ ਧਾਰਮਿਕਤਾ ਨੂੰ ਗੁਆਉਣਾ ਪਵੇਗਾ। ਇੱਕ ਵਿਸ਼ਵਾਸੀ ਉਦੋਂ ਤੱਕ ਆਪਣੀ ਧਾਰਮਿਕਤਾ ਨਹੀਂ ਗੁਆ ਸਕਦਾ ਹੈ ਜਦੋਂ ਤੱਕ ਮਸੀਹ ਆਪਣੀ ਧਾਰਮਿਕਤਾ ਨਹੀਂ ਗੁਆ ਲੈਂਦੇ ਹਨ। ਇਸ ਵਿਚਾਰ ਦਾ ਪ੍ਰਸਤਾਵ ਹੀ ਬੇਤੁਕੀ ਗੱਲ ਹੈ।

ਮਸੀਹ ਦੀ ਮੌਤ ਮੁਕਤੀ ਪ੍ਰਦਾਨ ਕਰਦੀ ਹੈ, ਪਰ ਉਹਨਾਂ ਦਾ ਜੀਵਨ ਵੀ ਮੁਕਤੀ ਦੀ ਯੋਜਨਾ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਰੋਮੀ 5:10 ਇਹ ਸਿਖਾਉਂਦਾ ਹੈ ਕਿ ਜਿਵੇਂ ਮਸੀਹ ਦੀ ਮੌਤ ਵਿਸ਼ਵਾਸੀ ਨੂੰ ਬਚਾਉਂਦੀ ਹੈ, ਉਵੇਂ ਹੀ ਉਹਨਾਂ ਦਾ ਜੀਵਨ ਵੀ ਬਚਾਉਂਦਾ ਹੈ। ਜੇਕਰ ਮਸੀਹ ਵਿੱਚ ਭਰੋਸਾ ਕਰਨ ਨਾਲ ਸਾਡਾ ਪਰਮੇਸ਼ਰ ਨਾਲ ਉਦੋਂ ਮੇਲ ਹੁੰਦਾ ਹੈ ਜਦੋਂ ਅਸੀਂ ਉਹਨਾਂ ਦੇ ਦੁਸ਼ਮਣ ਸੀ, ਤਾਂ ਇੱਕ ਵਿਸ਼ਵਾਸੀ ਦੀ ਸਥਿਤੀ ਹੁਣ ਕਿੰਨੀ ਜ਼ਿਆਦਾ ਸੁਰੱਖਿਅਤ ਹੋ ਗਈ ਹੈ ਜਦੋਂ ਮਸੀਹ ਦੇ ਪਵਿੱਤਰ, ਸੰਪੂਰਨ, ਅਤੇ ਪਾਪ ਰਹਿਤ ਜੀਵਨ ਦੀ ਧਾਰਮਿਕਤਾ ਉਸ ਦੇ ਖਾਤੇ ਵਿੱਚ ਗਿਣੀ ਗਈ ਹੈ। ਇਸ ਲਈ, ਪੌਲੁਸ ਜ਼ੋਰ ਦੇ ਕੇ ਕਹਿ ਸਕਦਾ ਹੈ ਕਿ ਵਿਸ਼ਵਾਸੀਆਂ ਦੇ ਲਈ ਭਵਿੱਖ ਦਾ ਨਤੀਜਾ ਇਹ ਹੈ, "ਅਸੀਂ ਬਚਾਏ ਜਾਵਾਂਗੇ" ਅਤੇ ਵਿਸ਼ਵਾਸੀਆਂ ਨੂੰ ਆਪਣੀ ਮੁਕਤੀ ਦੇ ਭਵਿੱਖ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੈ। ਇਹ ਯਕੀਨੀ ਤੌਰ ਤੇ ਸੁਰੱਖਿਅਤ ਹੈ।

> ਅਸੀਂ ਪਰਮੇਸ਼ਰ ਦੇ ਵਿਰੋਧੀ ਸੀ ਪਰ ਉਹਨਾਂ ਨੇ ਆਪਣੇ ਪੁੱਤਰ ਦੀ ਮੌਤ ਦੇ ਦੁਆਰਾ ਸਾਡੇ ਨਾਲ ਮੇਲ ਕੀਤਾ ਹੈ ਅਤੇ ਇਸ ਤੋਂ ਵੀ ਵੱਧ ਕੇ ਅਸੀਂ **ਮਸੀਹ ਦੇ ਜੀਵਨ** ਦੁਆਰਾ ਬਚਾਏ ਜਾਵਾਂਗੇ। [ਰੋਮੀ 5:10]
>
> ਮਸੀਹ ਵਿੱਚ ਪਾਪ ਨਹੀਂ ਸੀ ਪਰ ਫਿਰ ਵੀ ਪਰਮੇਸ਼ਰ ਨੇ ਉਹਨਾਂ ਨੂੰ ਸਾਡੇ ਪਾਪਾਂ ਵਿੱਚ ਸਾਂਝੀ ਬਣਾਇਆ ਕਿ **ਉਹਨਾਂ ਦੇ ਰਾਹੀਂ** ਅਸੀਂ ਪਰਮੇਸ਼ਰ ਦੀ ਨੇਕੀ ਦੇ ਸਾਂਝੀ ਬਣੀਏ। [2 ਕੁਰਿੰਥ 5:21]

#### b. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਸਰਵ-ਸ਼ਕਤੀਮਾਨ ਨਹੀਂ ਹਨ ਅਤੇ ਬਾਈਬਲ ਪੂਰਵ-ਨਿਯੁਕਤੀ ਬਾਰੇ ਗ਼ਲਤ ਹੈ।

ਭਾਵੇਂ ਇੱਕ ਵਿਅਕਤੀ ਚੁਣੇ ਜਾਣ ਨੂੰ ਸ਼ਰਤੀਆਂ (ਵਿਸ਼ਵਾਸ ਕਰਨ ਦੀ

ਸੰਭਾਵਨਾ ਰੱਖਣ ਵਾਲਿਆਂ ਬਾਰੇ ਪਰਮੇਸ਼ਰ ਦੇ ਪੂਰਵ ਗਿਆਨ ਦੇ ਆਧਾਰ ਤੇ) ਜਾਂ ਬਿਨਾਂ ਸ਼ਰਤ ਦੇ ਮੰਨਦਾ ਹੈ, ਪਰ ਸਾਰਿਆਂ ਨੂੰ ਇਹ ਮੰਨਣਾ ਹੋਵੇਗਾ ਕਿ **ਪਰਮੇਸ਼ਰ ਦੀ ਪੂਰਵ-ਨਿਯੁਕਤੀ ਦੇ ਕੰਮ ਦਾ ਫੈਲਾਅ** ਜੀਵਨ ਪਰਿਵਰਤਨ ਤੋਂ **ਸਦੀਪਕ ਕਾਲ ਵਿੱਚ ਭਵਿੱਖ ਦੀ ਮਹਿਮਾ ਤੱਕ** ਪਹੁੰਚਦਾ ਹੈ।

> ਕਿਉਂਕਿ ਜਿਹਨਾਂ ਨੂੰ ਪਰਮੇਸ਼ਰ ਨੇ ਪਹਿਲਾਂ ਹੀ ਚੁਣ ਲਿਆ, **ਉਹਨਾਂ ਨੂੰ ਆਪਣੇ ਪੁੱਤਰ ਦੇ ਸਰੂਪ ਬਣਨ ਦੇ ਲਈ ਵੀ ਨਿਯੁਕਤ ਕਰ ਦਿੱਤਾ** ਕਿ ਉਹਨਾਂ ਦਾ ਪੁੱਤਰ ਬਹੁਤ ਸਾਰੇ ਭਰਾਵਾਂ ਵਿੱਚ ਜੇਠਾ ਠਹਿਰੇ ਅਤੇ ਜਿਹਨਾਂ ਨੂੰ ਪਰਮੇਸ਼ਰ ਨੇ ਪਹਿਲਾਂ ਹੀ ਚੁਣ ਲਿਆ ਹੈ, ਉਹਨਾਂ ਨੂੰ ਸੱਦਿਆ। ਫਿਰ ਜਿਹਨਾਂ ਨੂੰ ਪਰਮੇਸ਼ਰ ਨੇ ਸੱਦਿਆ, ਉਹਨਾਂ ਨੂੰ ਆਪਣੇ ਸਾਹਮਣੇ ਨੇਕ ਠਹਿਰਾਇਆ ਅਤੇ ਉਹਨਾਂ ਨੂੰ ਆਪਣੀ **ਮਹਿਮਾ** ਦੇ ਹਿੱਸੇਦਾਰ ਵੀ ਬਣਾਇਆ। [ਰੋਮੀ 8:29-30]

ਹਰ ਕੋਈ ਜਿਸ ਨੂੰ ਧਰਮੀ ਠਹਿਰਾਇਆ ਗਿਆ ਹੈ (ਭਾਵ ਸਾਰੇ ਵਿਸ਼ਵਾਸੀ) ਉਸ ਦੀ ਮਹਿਮਾ ਇੰਨੀ ਨਿਸ਼ਚਿਤ ਹੈ ਕਿ ਮਹਿਮਾ ਦੇ ਬਾਰੇ ਵਿੱਚ **ਅਤੀਤ ਕਾਲ** ਵਿੱਚ ਗੱਲ ਕੀਤੀ ਜਾ ਸਕਦੀ ਹੈ। ਇੱਕ ਵਿਸ਼ਵਾਸੀ (ਜੋ ਧਰਮੀ ਠਹਿਰਾਇਆ ਗਿਆ ਹੈ) ਪਰਮੇਸ਼ਰ ਦੇ ਹੁਕਮ ਦੁਆਰਾ ਮਹਿਮਾ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ। ਪੂਰਵ-ਨਿਯੁਕਤੀ ਦਾ ਟੀਚਾ ਪਰਮੇਸ਼ਰ ਦੇ ਪੁੱਤਰ ਵਾਂਗ ਬਣਨਾ ਹੈ। ਇਹ ਵਿਸ਼ਵਾਸੀ ਦੇ ਉਠਾਏ ਜਾਣ (ਰੈਪਚਰ) ਵੇਲੇ ਹੋਵੇਗਾ। ਉਹ ਸਾਰੇ ਜਿਹਨਾਂ ਨੂੰ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ (ਸਾਰੇ ਵਿਸ਼ਵਾਸੀ) ਉਸ ਸਮੇਂ ਇਹ ਪ੍ਰਾਪਤ **ਕਰਨਗੇ**, "ਜਦੋਂ ਮਸੀਹ ਪ੍ਰਗਟ ਹੋਣਗੇ ਤਾਂ **ਅਸੀਂ ਉਹਨਾਂ ਵਰਗੇ ਹੋਵਾਂਗੇ**..." (1 ਯੂਹੰਨਾ 3:2)। ਇਸ ਤੋਂ ਇਲਾਵਾ, ਅਫ਼ਸੀ 1:5 ਵਿਚਲਾ ਇਹ ਵਾਕਾਂਸ਼ "ਸਾਨੂੰ ਆਪਣੇ ਸੰਤਾਨ ਵਜੋਂ ਗੋਦ ਲੈਣ ਦੇ ਲਈ ਪਹਿਲਾਂ ਤੋਂ ਚੁਣ ਲਿਆ" ਭਵਿੱਖ ਦੀ ਮਹਿਮਾ ਦੇ ਲਈ ਪੂਰਵ-ਨਿਯੁਕਤੀ ਦਾ ਸਮਰਥਨ ਕਰਦਾ ਹੈ।

> ਉਹਨਾਂ ਨੇ ਸਾਨੂੰ **ਪਹਿਲਾਂ ਹੀ ਚੁਣ ਲਿਆ** ਕਿ ਅਸੀਂ ਯਿਸੂ ਮਸੀਹ ਦੁਆਰਾ ਉਹਨਾਂ ਦੀ **ਗੋਦ ਲਈ ਹੋਈ ਸੰਤਾਨ ਬਣ ਜਾਈਏ।** ਇਹ ਸਭ ਉਹਨਾਂ ਦੀ ਆਪਣੀ ਖ਼ੁਸ਼ੀ ਅਤੇ ਇਰਾਦੇ ਦੇ ਕਾਰਨ ਹੋਇਆ ਹੈ [ਅਫ਼ਸੀ 1:5]

ਅਫ਼ਸੀ 1:5 ਵਿੱਚ "ਸਾਨੂੰ" ਅਫ਼ਸੀਆਂ ਦੇ ਸੰਦਰਭ ਅਨੁਸਾਰ "ਮਸੀਹ ਵਿੱਚ" ਦਾ ਹਵਾਲਾ ਦਿੰਦਾ ਹੈ। ਆਇਤ 13 ਇਹ ਸਥਾਪਿਤ ਕਰਦੀ ਹੈ ਕਿ ਪੌਲੁਸ ਦੀਆਂ ਇਹ ਟਿੱਪਣੀਆਂ ਸਾਰੇ **ਵਿਸ਼ਵਾਸੀਆਂ** ਬਾਰੇ ਹਨ। ਇਸ ਤਰ੍ਹਾਂ, ਵਿਸ਼ਵਾਸੀ **ਗੋਦ ਲੈਣ** ਜਾਂ ਪੁੱਤਰਾਂ ਵਜੋਂ ਨਿਯੁਕਤ ਕੀਤੇ ਜਾਣ ਦੇ ਲਈ ਪਹਿਲਾਂ ਤੋਂ **ਨਿਰਧਾਰਤ** ਕੀਤੇ ਗਏ ਹਨ। ਪੌਲੁਸ ਦੀ ਗੋਦ ਲੈਣ ਜਾਂ "ਸੰਤਾਨ ਬਣਾਉਣ" ਦੀ ਪੂਰੀ ਪਰਿਭਾਸ਼ਾ ਕੀ ਹੈ? ਰੋਮੀ 8:23 ਇਸ ਦਾ ਜਵਾਬ ਦਿੰਦਾ ਹੈ:

> ਕੇਵਲ ਸ੍ਰਿਸ਼ਟੀ ਹੀ ਨਹੀਂ ਸਗੋਂ ਅਸੀਂ ਵੀ ਜਿਹਨਾਂ ਨੂੰ ਆਤਮਾ ਦਾ ਪਹਿਲਾ ਵਰਦਾਨ ਮਿਲਿਆ ਹੈ, ਆਪਣੇ ਅੰਦਰ ਹੀ ਅੰਦਰ ਕਰਾਹਉਂਦੇ ਹਾਂ ਅਤੇ ਪਰਮੇਸ਼ਰ ਦੇ ਗੋਦ ਲੈਣ ਦੀ ਅਤੇ ਸਾਡੇ ਸਰੀਰਕ ਬੰਧਨਾਂ ਤੋਂ ਛੁਟਕਾਰੇ ਦੀ ਉਮੀਦ ਕਰਦੇ ਹਾਂ। [ਰੋਮੀ 8:23]

ਰੋਮੀ 8:23 ਇਹ ਸਿਖਾਉਂਦਾ ਹੈ ਕਿ ਇਸ "**ਗੋਦ ਲੈਣ**" **ਦਾ ਪਹਿਲੂ ਪਾਪ ਦੇ ਪ੍ਰਭਾਵਾਂ ਅਤੇ ਮੌਜੂਦਗੀ ਤੋਂ ਸਰੀਰ ਦੀ ਪੂਰੀ ਮੁਕਤੀ ਹੈ**।[74]

ਸੰਤਾਨ ਵਜੋਂ ਗੋਦ ਲੈਣ ਦਾ ਭਵਿੱਖ ਦਾ ਪਹਿਲੂ ਹੈ ਜਿੱਥੇ ਪਰਮੇਸ਼ਰ ਦੀ ਸੰਤਾਨ ਮਸੀਹ ਯਿਸੂ ਵਾਂਗ ਪਰਿਪੱਕ ਹੋ ਜਾਵੇਗੀ ਅਤੇ ਆਪਣੀ ਵਿਰਾਸਤ ਪ੍ਰਾਪਤ ਕਰੇਗੀ। ਵਿਰਾਸਤ ਪ੍ਰਾਪਤ ਕਰਨ ਅਤੇ ਪਾਪ ਦੇ ਸਰਾਪ ਤੋਂ ਮੁਕਤ ਹੋਣ ਦੇ ਵਿਚਾਰ ਰੋਮੀਆਂ 8 ਦੇ ਸੰਦਰਭ ਵਿੱਚ ਸ਼ਾਮਲ ਹਨ। ਰੋਮੀ 8:23 ਦਾ ਭਵਿੱਖ ਵਿੱਚ ਸੰਤਾਨ ਵਜੋਂ ਗੋਦ ਲੈਣਾ ਰੋਮੀ 8:29 ਵਿੱਚ ਪਰਮੇਸ਼ਰ ਦੇ ਪੁੱਤਰ ਦੇ ਰੂਪ ਵਿੱਚ ਬਣਨ ਦੇ ਬਰਾਬਰ ਹੈ। ਇਸ ਲਈ, ਰੋਮੀਆਂ 8 ਸਿਖਾਉਂਦਾ ਹੈ ਕਿ **ਵਿਸ਼ਵਾਸੀਆਂ ਨੂੰ ਸੰਤਾਨ ਵਜੋਂ ਪੂਰੀ ਤਰ੍ਹਾਂ ਗੋਦ ਲੈਣ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ**, ਜਦੋਂ ਉਹ ਵਿਰਾਸਤ ਨੂੰ ਪ੍ਰਾਪਤ ਕਰਨਗੇ, **ਉਹ ਯਿਸੂ ਮਸੀਹ ਵਰਗੇ ਬਣਨਗੇ**, ਅਤੇ ਸਰੀਰਕ ਤੌਰ ਤੇ ਪਾਪ ਦੇ ਪ੍ਰਭਾਵਾਂ ਤੋਂ ਮੁਕਤ ਹੋਣਗੇ। ਸੰਤਾਨ ਵਜੋਂ ਗੋਦ ਲੈਣ ਦੇ ਲਈ ਪਹਿਲਾਂ ਤੋਂ ਨਿਰਧਾਰਤ ਹੋਣ ਦਾ ਅਰਥ ਇਹ ਹੈ ਕਿ ਵਿਸ਼ਵਾਸੀਆਂ ਨੂੰ ਮਹਿਮਾ ਅਤੇ ਪਾਪ ਰਹਿਤ ਸੰਪੂਰਨਤਾ ਵਿੱਚ ਪ੍ਰਭੂ ਯਿਸੂ ਮਸੀਹ ਵਾਂਗ ਬਣਨ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ। ਸਦੀਪਕ ਸੁਰੱਖਿਆ ਦਾ ਇਸ ਤੋਂ ਮਜ਼ਬੂਤ ਸਬੂਤ ਹੋਰ ਕੋਈ ਨਹੀਂ ਹੋ ਸਕਦਾ ਹੈ।

ਅਫ਼ਸੀਆਂ 1 ਦੇ ਸੰਦਰਭ ਵਿੱਚ ਵੀ, "ਸੰਤਾਨ ਵਜੋਂ ਗੋਦ ਲੈਣ" ਦੇ ਭਵਿੱਖ ਦਾ ਪਹਿਲੂ ਜੁੜਿਆ ਹੋਇਆ ਹੈ। ਰੋਮੀਆਂ 8 ਦੀ ਤਰ੍ਹਾਂ, ਅਫ਼ਸੀਆਂ 1 ਵਿਰਾਸਤ ਦੀ ਗੱਲ ਕਰਦਾ ਹੈ (ਆਇਤਾਂ 11 ਅਤੇ 14) ਅਤੇ ਵਿਸ਼ਵਾਸੀ

[74] "ਸੰਤਾਨ ਵਜੋਂ ਗੋਦ ਲੈਣਾ" ਯੂਨਾਨੀ ਸ਼ਬਦ ਦਾ ਇੱਕ ਸ਼ਾਬਦਿਕ ਅਨੁਵਾਦ ਹੈ, ਪਰ ਇਹ ਸ਼ਬਦ ਇੱਕ ਪਰਿਵਾਰ ਵਿੱਚ ਸ਼ਾਮਲ ਹੋਣ ਤੋਂ ਜ਼ਿਆਦਾ ਦੀ ਗੱਲ ਕਰਦਾ ਹੈ। ਪੌਲੁਸ ਦੀ ਪੂਰੀ ਪਰਿਭਾਸ਼ਾ ਵਿੱਚ ਪਰਿਪੱਕ ਸੰਤਾਨ ਬਣਨ ਦਾ ਸਮਾਂ ਵੀ ਸ਼ਾਮਲ ਹੈ ਜਦੋਂ ਇੱਕ ਵਿਅਕਤੀ ਜੋ ਪਹਿਲਾਂ ਤੋਂ ਪਰਿਵਾਰ ਦਾ ਹਿੱਸਾ ਹੈ ਉਹ ਛੋਟੇ ਬੱਚੇ ਤੋਂ ਵੱਧ ਕੇ ਇੱਕ ਪਰਿਪੱਕ ਬਾਲਗ ਦੇ ਰੂਪ ਵਿੱਚ ਪੂਰੇ ਅਧਿਕਾਰ ਪ੍ਰਾਪਤ ਕਰਨ ਦੇ ਅਰਥ ਵਿੱਚ **ਇੱਕ ਪੂਰਾ ਪੁੱਤਰ ਬਣ ਜਾਂਦਾ ਹੈ**। ਲੇਖਕ ਬਾਲਗ ਪੁੱਤਰਾਂ ਦੇ ਰੂਪ ਵਿੱਚ ਨਿਯੁਕਤੀ ਦੀ ਕਿਸੇ ਵੀ ਪ੍ਰਾਚੀਨ ਰਸਮ ਬਾਰੇ ਨਹੀਂ ਜਾਣਦਾ ਹੈ, ਪਰ ਇਹ ਵਿਚਾਰ ਇੱਕ ਯਹੂਦੀ ਰਸਮ ਵਾਂਗ ਹੈ ਜਦੋਂ ਇੱਕ ਪੁੱਤਰ ਨੂੰ ਇੱਕ ਪਰਿਪੱਕ ਪੁੱਤਰ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਵਿਸ਼ਵਾਸੀ ਨੂੰ ਸਿਰਫ਼ ਪਰਮੇਸ਼ਰ ਦੇ ਪਰਿਵਾਰ ਵਿੱਚ ਪ੍ਰਵੇਸ਼ ਕਰਨ ਲਈ ਹੀ ਨਹੀਂ, ਬਲਕਿ ਪ੍ਰਭੂ ਯਿਸੂ ਮਸੀਹ ਦੀ ਵਾਂਗ ਪਾਪ ਰਹਿਤ ਅਤੇ ਸੰਪੂਰਨ (ਪਰਿਪੱਕ ਪੁੱਤਰ) ਬਣਨ ਲਈ ਵੀ ਪਹਿਲਾਂ ਹੀ ਨਿਰਧਾਰਤ ਕੀਤਾ ਗਿਆ ਹੈ।

ਦੇ ਸਰੀਰ ਦੀ ਮੁਕਤੀ ਦਾ ਹਵਾਲਾ ਦਿੰਦਾ ਜਾਪਦਾ ਹੈ (ਆਇਤਾ 14) ਹੈ। ਅਫ਼ਸੀਆਂ 1 ਵਿੱਚ ਸਪੱਸ਼ਟ ਤੌਰ ਤੇ ਭਵਿੱਖ ਦੀ ਸਥਿਤੀ ਹੈ, ਅਤੇ ਇਸ ਦੀ ਰੋਮੀਆਂ 8 ਦੇ ਨਾਲ ਸਮਾਨਤਾ ਵੀ ਹੈ। ਦੋਵਾਂ ਦਾ ਇੱਕ ਹੀ ਲੇਖਕ ਹੈ ਅਤੇ ਦੋਵਾਂ ਥਾਵਾਂ ਤੇ ਵਿਸ਼ਾ "ਸੰਤਾਨ ਵਜੋਂ ਗੋਦ ਅਤੇ ਪੂਰਵ-ਨਿਯੁਕਤੀ ਹੈ। **ਇਸ ਗੱਲ ਉੱਤੇ ਧਿਆਨ ਦਿਓ ਕਿ ਰੋਮੀਆਂ 8 ਅਤੇ ਅਫ਼ਸੀਆਂ 1 ਦੋਵਾਂ ਵਿੱਚ ਇੱਕ ਵਿਸ਼ਵਾਸੀ ਨੂੰ ਪੂਰੀ ਤਰ੍ਹਾਂ ਸੰਤਾਨ ਦਾ ਅਹੁਦਾ ਪ੍ਰਾਪਤ ਕਰਨ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ।**

ਜਿਹੜੇ ਲੋਕ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਤੋਂ ਇਨਕਾਰ ਕਰਦੇ ਹਨ, ਉਹਨਾਂ ਨੂੰ ਇਸ ਗੱਲ ਨਾਲ ਵੀ ਅਸਹਿਮਤ ਹੋਣਾ ਪਵੇਗਾ ਕਿ ਵਿਸ਼ਵਾਸੀਆਂ ਨੂੰ ਮਹਿਮਾ ਦੇ ਲਈ ਪਹਿਲਾਂ ਤੋਂ ਨਿਰਧਾਰਤ ਕੀਤਾ ਗਿਆ ਹੈ। ਉਹਨਾਂ ਨੂੰ ਇਸ ਗੱਲ ਤੋਂ ਵੀ ਇਨਕਾਰ ਕਰਨਾ ਪਵੇਗਾ ਕਿ ਵਿਸ਼ਵਾਸੀਆਂ ਨੂੰ ਪੂਰੀ ਤਰ੍ਹਾਂ "ਸੰਤਾਨ ਵਜੋਂ ਗੋਦ ਲੈਣ" ਲਈ ਪਹਿਲਾਂ ਤੋਂ ਨਿਰਧਾਰਤ ਗਿਆ ਹੈ। ਕਿਉਂਕਿ ਪਰਮੇਸ਼ਰ ਨੇ ਇਹ ਹੁਕਮ ਦਿੱਤਾ ਹੈ ਕਿ ਜਿਹੜੇ ਧਰਮੀ ਠਹਿਰਾਏ ਗਏ ਹਨ ਉਹ ਮਹਿਮਾ ਪ੍ਰਾਪਤ ਕਰਨਗੇ ਅਤੇ ਉਹਨਾਂ ਨੂੰ "ਮਸੀਹ ਵਿੱਚ" ਸੰਤਾਨ ਵਜੋਂ ਗੋਦ ਲਿਆ ਜਾਵੇਗਾ (ਇਸ ਵਿੱਚ ਵਿਰਾਸਤ, ਸਰੀਰ ਦਾ ਛੁਟਕਾਰਾ, ਮਸੀਹ ਦੇ ਵਰਗੇ ਬਣਨਾ ਸ਼ਾਮਲ ਹੈ), ਇਸ ਲਈ ਜੋ ਸਦੀਪਕ ਸੁਰੱਖਿਆ ਦਾ ਇਨਕਾਰ ਕਰਦੇ ਹਨ, ਉਹ ਅਣਜਾਣੇ ਵਿੱਚ ਇਸ ਸੱਚ ਦਾ ਇਨਕਾਰ ਕਰਦੇ ਹਨ ਕਿ ਪਰਮੇਸ਼ਰ ਆਪਣੇ ਵਾਅਦਿਆਂ ਨੂੰ ਪੂਰਾ ਕਰ ਸਕਦੇ ਹਨ ਜਾਂ ਉਹਨਾਂ ਨੂੰ ਪੂਰਾ ਕਰਨਗੇ। ਜੇਕਰ ਇੱਕ ਵਿਸ਼ਵਾਸੀ ਮਹਿਮਾ ਜਾਂ ਪੂਰੀ ਤਰ੍ਹਾਂ "ਸੰਤਾਨ" ਦਾ ਅਹੁਦਾ ਪ੍ਰਾਪਤ ਨਹੀਂ ਕਰਦਾ ਹੈ, ਫਿਰ ਜਾਂ ਤਾਂ ਪਰਮੇਸ਼ਰ ਆਪਣਾ ਵਿਰੋਧ ਕਰਦੇ ਹਨ, ਅਤੇ ਜਾਂ ਆਪਣੀ ਜ਼ਿੰਮੇਵਾਰੀ ਨੂੰ ਪੂਰਾ ਕਰਨ ਦੇ ਯੋਗ ਨਹੀਂ ਹਨ। ਪਰਮੇਸ਼ਰ ਨੂੰ ਜਾਂ ਤਾਂ ਮਹਿਮਾ ਦੇ ਲਈ ਪਹਿਲਾਂ ਤੋਂ ਨਿਯੁਕਤ ਕਰਨ ਬਾਰੇ ਸਿੱਖਿਆ ਵਿੱਚ ਗ਼ਲਤੀ ਲੱਗੀ ਸੀ, ਅਤੇ ਜਾਂ ਉਹਨਾਂ ਕੋਲ ਸੰਤਾਨ ਵਜੋਂ ਪੂਰੀ ਤਰ੍ਹਾਂ ਗੋਦ ਲੈਣ ਦੀ ਗਰੰਟੀ ਦੇਣ ਦੀ ਸ਼ਕਤੀ ਜਾਂ ਯੋਗਤਾ ਨਹੀਂ ਹੈ। ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਸਰਵ-ਸ਼ਕਤੀਮਾਨ ਨਹੀਂ ਹਨ ਅਤੇ ਬਾਈਬਲ ਪੂਰਵ-ਨਿਯੁਕਤੀ ਦੇ ਵਿਸ਼ੇ ਵਿੱਚ ਗ਼ਲਤ ਹੈ।

### c. ਜੇਕਰ ਇੱਕ ਮਸੀਹੀ ਬੁਰੇ ਕੰਮਾਂ ਜਾਂ ਚੰਗੇ ਕੰਮਾਂ ਦੀ ਘਾਟ ਕਾਰਨ ਆਪਣੀ ਮੁਕਤੀ ਗੁਆ ਦਿੰਦਾ ਹੈ, ਤਾਂ ਮੁਕਤੀ ਕੰਮਾਂ ਉੱਤੇ ਆਧਾਰਿਤ ਹੋਵੇਗੀ।

ਅਜਿਹੀਆਂ ਸੱਚਾਈਆਂ ਥੋੜ੍ਹੀਆਂ ਹੀ ਹਨ ਜੋ ਇਸ ਵਿਚਾਰ ਦੀ ਤਰ੍ਹਾਂ ਇਸ ਸਪੱਸ਼ਟ ਹਨ ਕਿ ਮੁਕਤੀ ਕੰਮਾਂ ਦੇ ਆਧਾਰ ਉੱਤੇ ਪ੍ਰਾਪਤ ਨਹੀਂ ਹੁੰਦੀ ਹੈ। ਇਹ ਕਹਿਣਾ ਕਿ ਮੁਕਤੀ ਸੁਰੱਖਿਅਤ ਨਹੀਂ ਹੈ, ਇਹ ਅੰਤ ਵਿੱਚ ਕੰਮਾਂ ਨਾਲ ਮੁਕਤੀ ਪ੍ਰਾਪਤ ਕਰਨ ਵੱਲ ਲੈ ਜਾਂਦਾ ਹੈ। ਬਹੁਤ ਸਾਰੇ ਲੋਕ ਜੋ ਵਿਸ਼ਵਾਸੀ ਦੀ "ਅਸੁਰੱਖਿਆ" ਦਾ ਸਮਰਥਨ ਕਰਦੇ ਹਨ, ਉਹ ਦਾਅਵਾ ਕਰਦੇ ਹਨ ਕਿ ਇਹ ਉਹਨਾਂ ਦੀ ਗੱਲ ਨੂੰ ਗ਼ਲਤ ਤਰੀਕੇ ਨਾਲ ਝੂਠਾ ਠਹਿਰਾਉਣਾ ਅਤੇ ਉਹਨਾਂ ਦੇ ਨਜ਼ਰੀਏ ਨੂੰ ਤੋੜ-ਮਰੋੜ ਕੇ ਪੇਸ਼ ਕਰਨਾ ਹੈ। ਉਹ ਕੰਮਾਂ ਨਾਲ ਮੁਕਤੀ ਤੋਂ ਇਨਾਕਰ ਕਨਰਗੇ। ਪਰ ਉਹ ਇਸ ਗੱਲ ਉੱਤੇ ਜ਼ੋਰ ਦੇਣਗੇ ਕਿ ਮੁਕਤੀ ਸ਼ੁਰੂ ਵਿੱਚ ਵਿਸ਼ਵਾਸ ਦੁਆਰਾ ਇੱਕ ਮੁਫ਼ਤ ਵਰਦਾਨ ਹੈ, ਪਰ ਮੁਕਤੀ ਤੋਂ ਬਾਅਦ ਇੱਕ ਵਿਅਕਤੀ ਨੂੰ ਆਪਣੀ ਮੁਕਤੀ ਬਣਾਈ ਰੱਖਣ ਦੇ ਲਈ ਇੱਕ ਨਿਸ਼ਚਿਤ ਪੱਧਰ ਦੀ ਧਾਰਮਿਕਤਾ ਬਣਾਈ ਰੱਖਣੀ ਚਾਹੀਦੀ ਹੈ। ਪਰ ਇਹ ਅਜੇ ਵੀ ਕੰਮਾਂ ਦੀ ਇੱਕ ਸਥਿਤੀ ਹੈ।

ਜੇਕਰ ਸ਼ੁਰੂਆਤ ਵਿੱਚ ਪਰਮੇਸ਼ਰ ਇੱਕ ਵਿਅਕਤੀ ਨੂੰ ਕਿਸੇ ਕੰਮ ਦੇ ਬਿਨਾਂ ਮੁਕਤੀ ਦਿੰਦੇ ਹਨ, ਪਰ ਬਾਅਦ ਵਿੱਚ ਉਸ ਮੁਕਤੀ ਨੂੰ ਬਣਾਏ ਰੱਖਣ ਦੇ ਲਈ ਉਸ ਤੋਂ ਕੰਮ ਕਰਨ ਦੀ ਉਮੀਦ ਕਰਦੇ ਹਨ, ਤਾਂ ਫਿਰ ਮੁਕਤੀ ਕੋਈ ਵਰਦਾਨ ਨਹੀਂ ਪਰ ਅਜਿਹੀ ਚੀਜ਼ ਹੈ ਜਿਸ ਲਈ ਸਾਨੂੰ ਕੰਮ ਕਰਨਾ ਪੈਣਾ ਹੈ। ਅਜਿਹੀ ਪ੍ਰਣਾਲੀ ਵਿੱਚ ਅਤੇ ਇੱਕ ਕਾਰ ਵੇਚਣ ਵਾਲੇ ਵਿੱਚ ਕੁਝ ਜ਼ਿਆਦਾ ਅੰਤਰ ਨਹੀਂ ਹੈ ਜੋ ਇੱਕ ਗਾਹਕ ਨੂੰ ਕਾਰ ਤਾਂ ਬਿਨਾਂ ਕਿਸੇ ਲਾਗਤ ਦੇ ਦਿੰਦਾ ਹੈ ਪਰ ਉਸ ਤੋਂ ਉਮੀਦ ਕਰਦਾ ਹੈ ਕਿ ਉਹ ਵਫ਼ਾਦਾਰੀ ਨਾਲ ਉਸ ਨਾਲ ਕੰਮ ਕਰੇ ਜਾਂ ਕਾਰ ਨੂੰ ਆਪਣੇ ਕੋਲ ਰੱਖਣ ਦੇ ਲਈ ਉਸ ਦਾ ਭੁਗਤਾਨ ਕਰੇ। ਇਹ ਮੁਫ਼ਤ ਵਰਦਾਨ ਨਹੀਂ ਹੈ, ਪਰ **ਕੰਮਾਂ ਦਾ ਇਕਰਾਰਨਾਮਾ** ਹੈ। ਜੇਕਰ ਇੱਕ ਮਸੀਹੀ ਨੂੰ ਮੁਕਤੀ ਨੂੰ ਬਣਾਏ ਰੱਖਣ ਦੇ ਲਈ ਧਾਰਮਿਕਤਾ ਦੇ ਕੰਮ ਕਰਨੇ ਪੈਣ, ਤਾਂ ਭਾਵੇਂ ਕੋਈ ਇਹ ਦਾਅਵਾ ਵੀ ਕਿਉਂ ਨਾ ਕਰੇ ਕਿ ਇਹ ਸ਼ੁਰੂ ਵਿੱਚ ਮੁਫ਼ਤ ਦਿੱਤੀ ਗਈ ਸੀ, ਪਰ ਮੁਕਤੀ ਨੂੰ ਬਣਾਏ ਰੱਖਣਾ ਆਖਰਕਾਰ ਕੰਮਾਂ ਉੱਤੇ ਨਿਰਭਰ ਕਰਦਾ ਹੈ। **ਮੁਕਤੀ ਇੱਕ ਵਰਦਾਨ ਹੈ**। ਇਹ ਕਿਰਪਾ ਨਾਲ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਦੁਆਰਾ ਮੁਫ਼ਤ ਵਿੱਚ ਦਿੱਤਾ ਗਿਆ ਹੈ। ਮੁਕਤੀ ਨੂੰ ਪ੍ਰਾਪਤ ਕਰਨ ਜਾਂ ਉਸ ਨੂੰ ਕਾਇਮ ਰੱਖਣ ਵਿੱਚ ਕੰਮਾਂ ਦੀ ਕੋਈ ਭੂਮਿਕਾ ਨਹੀਂ ਹੁੰਦੀ ਹੈ।

> ਪਰ ਦੂਜੇ ਪਾਸੇ ਜਿਹੜਾ ਕੰਮ ਨਹੀਂ ਕਰਦਾ ਸਗੋਂ ਦੁਸ਼ਟਾਂ ਨੂੰ ਨੇਕ ਠਹਿਰਾਉਣ ਵਾਲੇ ਪਰਮੇਸ਼ਰ ਵਿੱਚ ਵਿਸ਼ਵਾਸ ਕਰਦਾ ਹੈ, ਉਸ ਦਾ ਵਿਸ਼ਵਾਸ ਹੀ ਨੇਕੀ ਗਿਣਿਆ ਜਾਂਦਾ ਹੈ। [ਰੋਮੀ 4:5]
>
> ਕਿਉਂਕਿ ਤੁਸੀਂ ਪਰਮੇਸ਼ਰ ਦੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮੁਕਤੀ ਪ੍ਰਾਪਤ ਕੀਤੀ ਹੈ। ਇਹ ਤੁਹਾਡੇ ਵੱਲੋਂ ਨਹੀਂ ਸਗੋਂ ਪਰਮੇਸ਼ਰ ਦਾ ਵਰਦਾਨ ਹੈ। ਇਹ ਕਰਮਾਂ ਦਾ ਨਤੀਜਾ ਨਹੀਂ ਹੈ ਇਸ ਲਈ ਇਸ ਉੱਤੇ ਹੰਕਾਰ ਨਹੀਂ ਕੀਤਾ ਜਾ ਸਕਦਾ। [ਅਫ਼ਸੀ 2:8-9]
>
> ਉਹਨਾਂ ਨੇ ਸਾਨੂੰ ਮੁਕਤੀ ਦਿੱਤੀ। ਇਹ ਸਾਡੇ ਕਿਸੇ ਨੇਕ ਕੰਮਾਂ ਦੇ ਕਾਰਨ ਨਹੀਂ ਸੀ ਸਗੋਂ ਇਸ ਲਈ ਕਿ ਉਹ ਆਪ ਦਇਆਵਾਨ ਹਨ । ਉਹਨਾਂ ਨੇ ਸਾਡੇ ਦਿਲਾਂ ਨੂੰ ਸ਼ੁੱਧ ਕਰ ਕੇ ਨਵਾਂ ਜਨਮ ਅਤੇ ਪਵਿੱਤਰ ਆਤਮਾ ਦੇ ਰਾਹੀਂ ਨਵਾਂ ਜੀਵਨ

ਦਿੱਤਾ ਹੈ [ਤੀਤੁਸ 3:5]

**d. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਦਿੰਦਾ ਹੈ ਅਤੇ ਪਾਪ ਦੇ ਕਾਰਨ ਨਰਕ ਵਿੱਚ ਚਲਾ ਜਾਂਦਾ ਹੈ, ਤਾਂ ਫਿਰ ਮਸੀਹ ਦੇ ਪ੍ਰਾਸਚਿਤ ਨੇ ਸਾਰੇ ਪਾਪਾਂ ਨੂੰ ਪੂਰੀ ਤਰ੍ਹਾਂ ਮਾਫ਼ ਨਹੀਂ ਕੀਤਾ ਸੀ।**

ਫਿਰ ਤੋਂ, ਬਹੁਤ ਸਾਰੇ ਲੋਕ ਜੋ ਸਦੀਪਕ ਸੁਰੱਖਿਆ ਤੋਂ ਇਨਕਾਰ ਕਰਦੇ ਹਨ, ਉਹ ਇਸ ਗੱਲ ਤੋਂ ਅਣਜਾਣ ਹੋਣਗੇ ਕਿ ਉਹਨਾਂ ਦਾ ਵਿਚਾਰ ਸਲੀਬ ਵਿੱਚ ਕੁਝ ਨੁਕਸ ਨੂੰ ਦਰਸਾਉਂਦਾ ਹੈ। ਹਾਲਾਂਕਿ, ਜੇਕਰ ਇੱਕ ਆਤਮਾ ਪਾਪ ਦੇ ਕਾਰਨ ਆਪਣੀ ਮੁਕਤੀ ਗੁਆ ਸਕਦੀ ਹੈ ਅਤੇ ਨਰਕ ਵਿੱਚ ਸਦੀਪਕ ਕਾਲ ਦੇ ਲਈ ਰਹਿ ਸਕਦੀ ਹੈ, ਤਾਂ ਇਹ ਵੀ ਹੋਣਾ ਚਾਹੀਦਾ ਹੈ ਕਿ ਕੁਝ ਅਜਿਹੇ ਪਾਪ ਹਨ ਜਿਹਨਾਂ ਦੀ ਸਲੀਬ ਉੱਤੇ ਕੀਮਤ ਅਦਾ ਨਹੀਂ ਕੀਤੀ ਗਈ ਸੀ। ਉਹਨਾਂ ਪਾਪਾਂ ਦੇ ਲਈ ਪਰਮੇਸ਼ਰ ਦੀ ਸੰਤਾਨ ਨਰਕ ਵਿੱਚ ਦੁੱਖ ਝੱਲੇਗੀ। ਜੇਕਰ ਇੱਕ ਮਸੀਹੀ ਪਾਪ ਦੇ ਕਾਰਨ ਮੁਕਤੀ ਗੁਆ ਸਕਦਾ ਹੈ ਅਤੇ ਸਜ਼ਾ ਝੱਲ ਸਕਦਾ ਹੈ, ਤਾਂ ਕਿਸੇ ਤਰ੍ਹਾਂ ਸਲੀਬ ਉੱਤੇ ਮਸੀਹ ਦੇ ਕੰਮ ਨੇ ਪਾਪ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ ਸੀ। ਮਸੀਹ ਵਿਸ਼ਵਾਸੀ ਦੇ ਸਾਰੇ ਪਾਪਾਂ ਦੇ ਲਈ ਨਹੀਂ ਪਰ ਕੁਝ ਪਾਪਾਂ ਦੇ ਲਈ ਮਰੇ ਹੋਣਗੇ। ਕੁਝ ਅਜਿਹੇ ਪਾਪ ਹੋਣੇ ਚਾਹੀਦੇ ਹਨ ਜੋ ਇੱਕ ਵਿਸ਼ਵਾਸੀ ਸੰਭਾਵਿਤ ਤੌਰ ਤੇ ਕਰ ਸਕਦਾ ਹੈ ਜਿਹਨਾਂ ਲਈ ਉਹ ਖ਼ੁਦ ਜ਼ਿਮੇਵਾਰ ਹੋਵੇਗਾ ਅਤੇ ਉਸ ਨੂੰ ਦੁੱਖ ਝੱਲਣਾ ਪੈ ਸਕਦਾ ਹੈ।

ਇਹ ਵਿਚਾਰ ਕਿ ਸਲੀਬ ਨੇ ਪਾਪ ਦੀ ਸਮੱਸਿਆ ਦਾ ਪੂਰੀ ਤਰ੍ਹਾਂ ਹੱਲ ਨਹੀਂ ਕੀਤਾ ਸੀ ਅਤੇ ਸੰਭਾਵਿਤ ਤੌਰ ਤੇ ਇੱਕ ਵਿਸ਼ਵਾਸੀ ਨੂੰ ਖ਼ੁਦ ਕੁਝ ਪਾਪਾਂ ਦੇ ਲਈ ਭੁਗਤਾਨ ਕਰਨਾ ਪੈ ਸਕਦਾ ਹੈ, ਇਹ ਸਲੀਬ ਉੱਤੇ ਮਸੀਹ ਦੇ ਕੰਮ ਦਾ ਅਪਮਾਨ ਕਰਦਾ ਹੈ। ਇਸ ਦਾ ਅਰਥ ਇਹ ਹੈ ਕਿ ਕੁਝ ਅਜਿਹੇ ਸੰਭਾਵਿਤ ਪਾਪ ਹਨ ਜਿਹਨਾਂ ਲਈ ਛੁਟਕਾਰੇ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਪਰ ਬਾਈਬਲ ਵਿਸ਼ਵਾਸੀ ਦੇ ਛੁਟਕਾਰੇ ਦੇ ਲਈ ਕੰਮ ਦਾ ਬਿਆਨ ਇਸ ਤਰ੍ਹਾਂ ਕਰਦੀ ਹੈ ਕਿ ਇਹ ਪਾਪ ਦੀ ਗੁਲਾਮੀ ਦੇ ਬਾਜ਼ਾਰ ਤੋਂ ਉਸ ਦੀ ਪੂਰੀ ਮੁਕਤੀ ਦਾ ਪਹਿਲਾਂ ਹੀ ਕੀਤਾ ਗਿਆ ਕੰਮ ਹੈ (ਦੇਖੋ, ਗਲਾਤੀ 3:13 - ਅਤੀਤ ਕਾਲ; ਤੀਤੁਸ 2:14 - ਸਾਰੀ ਦੁਸ਼ਟਤਾ ਤੋਂ ਮੁਕਤੀ; ਇਬ 9:12 - ਸਦੀਪਕ ਮੁਕਤੀ; ਅਫ਼ਸੀ 1:7- ਮੁਕਤੀ ਮਿਲੀ ਹੈ; 1 ਪਤਰਸ. 1:18,19 - ਮੁਕਤੀ ਲਈ ਅਤੀਤ ਕਾਲ)। ਇੱਕ ਮਸੀਹੀ ਦੇ ਜੀਵਨ ਵਿੱਚ ਪਾਪ ਦੀ ਮੌਜੂਦਗੀ (ਜਿਸ ਲਈ ਉਹ ਪਰਮੇਸ਼ਰ ਦੇ ਕ੍ਰੋਧ ਦੇ ਅਧੀਨ ਹਮੇਸ਼ਾਂ ਰਹੇਗਾ) ਦਾ ਅਰਥ ਇਹ ਹੈ ਕਿ ਸਲੀਬ ਨੇ ਪਾਪ ਉੱਤੇ ਪਰਮੇਸ਼ਰ ਦੇ ਕ੍ਰੋਧ ਨੂੰ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਕੀਤਾ ਸੀ। ਪਰ ਬਾਈਬਲ ਇਸ ਦੇ ਉਲਟ ਹੀ ਸਿਖਾਉਂਦੀ ਹੈ (ਦੇਖੋ, ਰੋਮੀ 3:25; 1 ਯੂਹੰਨਾ 2:1-2, 4:10)। ਛੁਟਕਾਰਾ ਜਾਂ ਤਾਂ ਮਿਲਿਆ ਹੈ ਅਤੇ ਜਾਂ ਨਹੀਂ ਮਿਲਿਆ ਹੈ। ਪਰਮੇਸ਼ਰ ਦੇ ਕ੍ਰੋਧ ਨੂੰ ਜਾਂ ਤਾਂ ਸੰਤੁਸ਼ਟ ਕੀਤਾ ਗਿਆ ਹੈ ਅਤੇ ਜਾਂ ਪਰਮੇਸ਼ਰ ਦੇ ਕ੍ਰੋਧ ਨੂੰ ਸੰਤੁਸ਼ਟ ਨਹੀਂ ਕੀਤਾ ਗਿਆ ਹੈ। ਮਸੀਹ ਦੀ ਮੌਤ ਨੇ ਜਾਂ ਤਾਂ ਪਾਪ ਦੀ ਸਮੱਸਿਆ ਨੂੰ ਖ਼ਤਮ ਕਰ ਦਿੱਤਾ ਸੀ, ਅਤੇ ਜਾਂ ਇਹ ਖ਼ਤਮ ਨਹੀਂ ਹੋਈ ਸੀ (ਯੂਹੰਨਾ 19:30)। ਮਸੀਹ ਦਾ ਬਲੀਦਾਨ ਜਾਂ ਤਾਂ ਸੰਪੂਰਨ ਅਤੇ ਅੰਤਿਮ ਸੀ ਅਤੇ ਜਾਂ ਇਹ ਅੰਸ਼ਕ ਅਤੇ ਅਸਥਾਈ ਸੀ। ਇਹ ਜਾਂ ਤਾਂ ਪੂਰੀ ਤਰ੍ਹਾਂ ਕਾਫ਼ੀ ਸੀ ਅਤੇ ਜਾਂ ਇਹ ਸਿਰਫ਼ ਅੰਸ਼ਕ ਤੌਰ ਤੇ ਕਾਫ਼ੀ ਸੀ (ਦੇਖੋ, ਇਬ 9:12, 26, 28a; 10:10, 12, 14)। ਇਸ ਵਿਚਾਰ ਵਿੱਚ, ਕਿ ਮਸੀਹ ਦੇ ਪ੍ਰਾਸਚਿਤ ਨੇ ਪੂਰੀ ਤਰ੍ਹਾਂ ਮਨੁੱਖ ਜਾਤੀ ਦੇ ਪਾਪ ਦੀ ਸਮੱਸਿਆ ਨੂੰ ਖ਼ਤਮ ਕੀਤਾ ਸੀ, ਇਹ ਵਿਸ਼ਵਾਸ ਵੀ ਸ਼ਾਮਲ ਹੈ ਕਿ ਹੁਣ ਕੋਈ ਹੋਰ ਅਜਿਹਾ ਪਾਪ ਨਹੀਂ ਬਚਿਆ ਹੈ ਜਿਸ ਲਈ ਇੱਕ ਵਿਸ਼ਵਾਸੀ ਨੂੰ ਦੁੱਖ ਝੱਲਣਾ ਪੈ ਸਕਦਾ ਹੈ। ਇਸ ਵਿਚਾਰ ਵਿੱਚ, ਕਿ ਕੁਝ ਅਜਿਹੇ ਪਾਪ ਹਨ ਜਿਹਨਾਂ ਲਈ ਇੱਕ ਵਿਸ਼ਵਾਸੀ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ, ਇਹ ਵਿਚਾਰ ਵੀ ਸ਼ਾਮਲ ਹੈ ਕਿ ਪਾਪ ਦੇ ਲਈ ਸਲੀਬ ਦਾ ਪ੍ਰਾਸਚਿਤ ਸੰਪੂਰਨ ਨਹੀਂ ਪਰ ਅੰਸ਼ਕ ਸੀ।

> ਉਹਨਾਂ ਨੇ ਆਪਣੇ ਆਪ ਨੂੰ ਸਾਡੇ ਲਈ ਦੇ ਦਿੱਤਾ ਕਿ ਉਹ ਸਾਨੂੰ **ਸਾਰੀ** ਦੁਸ਼ਟਤਾ ਤੋਂ ਛੁਟਕਾਰਾ ਦੇਣ ਤਾਂ ਜੋ ਉਹ ਸਾਨੂੰ ਆਪਣੇ ਲੋਕ ਹੋਣ ਦੇ ਲਈ ਸ਼ੁੱਧ ਕਰਨ ਅਤੇ ਹਰ ਤਰ੍ਹਾਂ ਦੀ ਭਲਾਈ ਕਰਨ ਦੇ ਲਈ ਤਿਆਰ ਕਰਨ। [ਤੀਤੁਸ 2:14]
>
> ਤੁਸੀਂ ਆਪਣੇ ਪਾਪਾਂ ਦੇ ਕਾਰਨ ਅਤੇ ਸਰੀਰ ਵੱਲੋਂ ਅਸੁੰਨਤੀ ਹੋਣ ਦੇ ਕਾਰਨ ਮੁਰਦਾ ਸੀ ਪਰ ਫਿਰ ਵੀ ਪਰਮੇਸ਼ਰ ਨੇ ਤੁਹਾਨੂੰ ਮਸੀਹ ਦੇ ਨਾਲ ਜਿਊਂਦਾ ਕੀਤਾ ਹੈ। ਉਹਨਾਂ ਨੇ ਸਾਡੇ **ਸਾਰੇ** ਪਾਪ ਮਾਫ਼ ਕਰ ਦਿੱਤੇ ਹਨ। [ਕੁਲੁੱਸੀ 2:13]

**e. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਪੁੱਤਰ ਇੱਕ ਸਿਫ਼ਾਰਸ਼ ਕਰਨ ਵਾਲੇ ਜਾਂ ਇੱਕ ਵਕੀਲ ਵਜੋਂ ਅਸਫ਼ਲ ਹੋਏ ਹਨ।**

ਯੂਹੰਨਾ 17:11 ਵਿੱਚ ਮਸੀਹ ਪ੍ਰਾਰਥਨਾ ਕਰਦੇ ਹਨ, "ਪਵਿੱਤਰ ਪਿਤਾ ਆਪਣੇ ਨਾਮ ਰਾਹੀਂ ਉਹਨਾਂ ਨੂੰ ਸੁਰੱਖਿਅਤ ਰੱਖੇ...।" ਇਸ ਆਇਤ ਦੇ ਸੰਦਰਭ ਵਿੱਚ, ਮਸੀਹ ਇੱਕ ਨਾਸ਼ ਤੋਂ ਬਚਾਉਣ, ਰਾਖੀ ਕਰਨ, ਅਤੇ ਸੰਭਾਲਣ ਦਾ ਜ਼ਿਕਰ ਕਰ ਰਹੇ ਹਨ (ਆਇਤ 12 ਦੇਖੋ), ਅਤੇ ਉਹ ਆਪਣੀ ਪ੍ਰਾਰਥਨਾ ਦੇ ਦਾਇਰੇ ਵਿੱਚ ਸਿਰਫ਼ ਰਸੂਲਾਂ ਨੂੰ ਨਹੀਂ ਬਲਕਿ ਸਾਰੇ ਵਿਸ਼ਵਾਸੀਆਂ ਨੂੰ ਸ਼ਾਮਲ ਕਰ ਰਹੇ ਹਨ (ਆਇਤ 20 ਦੇਖੋ)। ਇਸ ਲਈ, ਮਸੀਹ ਨੇ ਪ੍ਰਾਰਥਨਾ ਕੀਤੀ ਸੀ ਕਿ ਉਹਨਾਂ ਵਿੱਚ ਵਿਸ਼ਵਾਸ ਕਰਨ ਵਾਲੇ ਨਾਸ਼ ਤੋਂ ਬਚਾਏ ਜਾਣ। ਜੇਕਰ ਇੱਕ ਵਿਸ਼ਵਾਸੀ ਅੰਤ ਵਿੱਚ ਨਾਸ਼ ਹੋ ਜਾਂਦਾ ਹੈ, ਤਾਂ ਮਸੀਹ ਨੇ ਯੂਹੰਨਾ 17 ਵਿੱਚ ਇੱਕ ਅਜਿਹੀ ਬੇਨਤੀ ਕੀਤੀ ਸੀ ਜੋ ਪਰਮੇਸ਼ਰ ਦੀ ਇੱਛਾ ਤੋਂ ਬਾਹਰ ਸੀ ਅਤੇ ਮਸੀਹ ਇੱਕ ਸਿਫ਼ਾਸਰ ਕਰਨ ਵਾਲੇ ਵਜੋਂ ਅਸਫਲ ਹੋ ਗਏ। ਉਹਨਾਂ ਨੇ ਪਰਮੇਸ਼ਰ ਪਿਤਾ ਨੂੰ ਬੇਨਤੀ ਕੀਤੀ ਅਤੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ਸੀ।

ਪ੍ਰਭੂ ਯਿਸੂ ਮਸੀਹ ਅਜੇ ਵੀ ਵਿਸ਼ਵਾਸੀਆਂ ਦੇ ਲਈ ਸਿਫ਼ਾਰਸ਼ ਕਰਦੇ ਹਨ (ਰੋਮੀ 8:34; ਇਬ 7:24-25)। ਉਹ ਅਜੇ ਵੀ ਵਿਸ਼ਵਾਸੀਆਂ ਦੀ

ਸੁਰੱਖਿਆ ਦੇ ਲਈ ਬੇਨਤੀ ਕਰ ਰਹੇ ਹਨ। ਇਬਰਾਨੀਆਂ 7:25 ਇਹ ਸਿਖਾਉਂਦਾ ਹੈ ਕਿ ਇੱਕ ਮੁਕਤੀਦਾਤਾ ਜੋ ਹਮੇਸ਼ਾਂ ਜਿਊਂਦਾ ਹੈ, ਉਹ ਹਰ ਵੇਲੇ ਸਿਫ਼ਾਰਸ਼ ਕਰਨ ਦੇ ਯੋਗ ਹੈ। ਇਸ ਨਿਰੰਤਰ ਸਿਫ਼ਾਰਸ਼ ਦਾ ਨਤੀਜਾ ਇੱਕ ਸਦੀਪਕ ਮੁਕਤੀ ਹੁੰਦਾ ਹੈ। ਪਰਮੇਸ਼ਰ ਪਿਤਾ ਵਿਸ਼ਵਾਸੀਆਂ ਦੇ ਲਈ ਮਸੀਹ ਦੀ ਕਦੇ ਨਾ ਖ਼ਤਮ ਹੋਣ ਵਾਲੀ ਪ੍ਰਾਰਥਨਾ ਨੂੰ ਸੁਣਦੇ ਹਨ। ਯੂਹੰਨਾ 11:42 ਇਹ ਸਿਖਾਉਂਦਾ ਹੈ ਕਿ ਪਰਮੇਸ਼ਰ ਪਿਤਾ ਹਮੇਸ਼ਾ ਪੁੱਤਰ ਦੀ ਪ੍ਰਾਰਥਨਾ ਸੁਣਦੇ ਹਨ। ਮਸੀਹ ਦਾ ਜੀਵਨ ਜੋ ਸਦੀਪਕ ਹੈ, ਉਸ ਦਾ ਨਤੀਜਾ ਇੱਕ ਅਜਿਹੀ ਸਿਫ਼ਾਰਸ਼ ਹੁੰਦੀ ਹੈ ਜੋ ਸਦੀਪਕ ਹੁੰਦੀ ਹੈ, ਅਤੇ ਇਸ ਸਿਫ਼ਾਰਸ਼ ਦਾ ਨਤੀਜਾ ਕਦੇ ਖ਼ਤਮ ਨਾ ਹੋਣ ਵਾਲੀ ਮੁਕਤੀ ਹੁੰਦਾ ਹੈ। ਕੀ ਅਸੀਂ ਇਹ ਕਲਪਨਾ ਕਰ ਸਕਦੇ ਹਾਂ ਕਿ ਮਸੀਹ 2,000 ਸਾਲਾਂ ਤੋਂ ਇੱਕ ਪ੍ਰਾਰਥਨਾ ਕਰ ਰਹੇ ਹਨ ਜਿਸ ਨੂੰ ਵਾਰ-ਵਾਰ ਰੱਦ ਕਰ ਦਿੱਤਾ ਜਾਂਦਾ ਹੈ ਕਿਉਂਕਿ ਇਹ ਪਰਮੇਸ਼ਰ ਦੀ ਇੱਛਾ ਅਨੁਸਾਰ ਨਹੀਂ ਹੈ? ਅਜਿਹਾ ਨਹੀਂ ਹੈ। ਇਹ ਪਰਮੇਸ਼ਰ ਦੀ ਇੱਛਾ ਵਿੱਚ ਹੈ ਕਿ ਵਿਸ਼ਵਾਸੀਆਂ ਨੂੰ ਸੁਰੱਖਿਅਤ ਰੱਖਿਆ ਜਾਵੇ, ਅਤੇ ਉਹ ਹਮੇਸ਼ਾਂ ਪੁੱਤਰ ਦੀ ਪ੍ਰਾਰਥਨਾ ਨੂੰ ਸਵੀਕਾਰ ਕਰਦੇ ਹਨ।

> ਪਰ ਪ੍ਰਭੂ ਯਿਸੂ ਅਨੰਤਕਾਲ ਤੱਕ ਜਿਊਂਦੇ ਹਨ ਇਸ ਲਈ ਉਹਨਾਂ ਦੀ ਪੁਰੋਹਿਤਾਈ ਅਟੱਲ ਹੈ। ਇਸ ਲਈ ਉਹ ਜਿਹੜੇ ਪ੍ਰਭੂ ਯਿਸੂ ਦੇ ਦੁਆਰਾ ਪਰਮੇਸ਼ਰ ਦੇ ਕੋਲ ਆਉਂਦੇ ਹਨ ਉਹ ਉਹਨਾਂ ਨੂੰ ਮੁਕਤੀ ਦੇ ਸਕਦੇ ਹਨ ਕਿਉਂਕਿ ਪ੍ਰਭੂ ਯਿਸੂ ਉਹਨਾਂ ਦੇ ਲਈ ਪਰਮੇਸ਼ਰ ਦੇ ਅੱਗੇ ਹਮੇਸ਼ਾ ਸਿਫ਼ਾਰਸ਼ ਕਰਨ ਦੇ ਲਈ ਜਿਊਂਦੇ ਹਨ। [ਇਬ 7:24-25]

ਸਾਡੇ ਲਈ ਸਿਫ਼ਾਰਸ਼ ਕਰਨ ਵਾਲੇ ਵਜੋਂ ਮਸੀਹ ਦਾ ਕੰਮ ਉਹਨਾਂ ਦੇ ਸਾਡੇ ਲਈ ਇੱਕ ਵਕੀਲ/ਸਹਾਇਕ ਹੋਣ ਨਾਲ ਸੰਬੰਧਿਤ ਹੈ। ਸ਼ੈਤਾਨ ਭਰਾਵਾਂ ਉੱਤੇ ਦੋਸ਼ ਲਗਾਉਣ ਵਾਲਾ ਹੈ (ਪ੍ਰਕਾਸ਼ 12:10), ਪਰ ਪਾਪ ਦੇ ਹਰ ਦੋਸ਼ ਦੇ ਵਿਰੁੱਧ ਪ੍ਰਭੂ ਯਿਸੂ ਸਾਡੇ ਵਕੀਲ ਹਨ ਜੋ ਸਾਡੇ ਲਈ ਲੜਦੇ ਹਨ (1 ਯੂਹੰਨਾ 2:1)। ਉਹਨਾ ਦੀ ਵਕਾਲਤ ਕਦੇ ਅਸਫ਼ਲ ਨਹੀਂ ਹੁੰਦੀ ਹੈ।

**f. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਵਿੱਤਰ ਆਤਮਾ ਆਪਣੀ ਮੋਹਰ ਦੀ ਸੇਵਕਾਈ ਵਿੱਚ ਅਸਫਲ ਹੁੰਦਾ ਹੈ।**

> ਜਿਹਨਾਂ ਨੇ ਸਾਡੇ ਉੱਤੇ ਆਪਣੀ **ਮੋਹਰ** ਲਾਈ ਹੈ ਅਤੇ ਆਉਣ ਵਾਲੇ ਵਾਅਦੇ ਲਈ ਸਾਡੇ ਦਿਲਾਂ ਵਿੱਚ **ਬਿਆਨੇ ਦੇ ਤੌਰ ਤੇ** ਪਵਿੱਤਰ ਆਤਮਾ ਦਿੱਤਾ ਹੈ। [2 ਕੁਰਿੰਥ 1:22]

> ...ਫਿਰ ਤੁਸੀਂ ਮਸੀਹ ਵਿੱਚ ਵਿਸ਼ਵਾਸ ਕੀਤਾ ਅਤੇ ਪਰਮੇਸ਼ਰ ਨੇ ਆਪਣੇ ਵਾਅਦੇ ਦੇ ਅਨੁਸਾਰ ਤੁਹਾਨੂੰ ਪਵਿੱਤਰ ਆਤਮਾ ਦੇ ਕੇ ਤੁਹਾਡੇ ਉੱਤੇ ਆਪਣੀ ਮਲਕੀਅਤ ਦੀ **ਮੋਹਰ** ਲਾਈ। ਇਹ ਪਵਿੱਤਰ ਆਤਮਾ ਪਰਮੇਸ਼ਰ ਨੇ **ਬਿਆਨੇ** ਦੇ ਤੌਰ ਤੇ ਆਪਣੇ ਵਿਰਸੇ ਦੇ ਵਾਅਦੇ ਦੇ ਅਨੁਸਾਰ ਆਪਣੇ ਲੋਕਾਂ ਦੀ ਮੁਕਤੀ ਦੇ ਲਈ ਦਿੱਤਾ। [ਅਫ਼ਸੀ1:13-14]

> ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸ ਦੇ ਨਾਲ ਤੁਹਾਡੇ ਉੱਤੇ **ਛੁਟਕਾਰੇ ਦੇ ਦਿਨ ਦੀ ਮੋਹਰ ਲਾਈ ਗਈ ਹੈ** [ਅਫ਼ਸੀ 4:30]

ਪੌਲੁਸ ਨੇ ਕਈ ਵਾਰ ਸਿਖਾਇਆ ਹੈ ਕਿ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਉੱਤੇ **ਮੋਹਰ** ਲਗਾਉਂਦਾ ਹੈ (2 ਕੁਰਿੰਥ 1:22; ਅਫ਼ਸੀ 1:13-14; 4:30)। ਪੁਰਾਣੇ ਸਮਿਆਂ ਵਿੱਚ, ਇੱਕ ਨਿਸ਼ਾਨ ਵਾਲੀ ਮੋਹਰ ਮਾਲਕੀਅਤ ਅਤੇ ਅਧਿਕਾਰ ਨੂੰ ਦਰਸਾਉਂਦੀ ਸੀ। ਇੱਕ ਦਸਤਾਵੇਜ਼ ਉੱਤੇ ਰਾਜੇ ਦੀ ਮੋਹਰ ਉਸ ਦੇ ਅਧਿਕਾਰ ਨੂੰ ਦਰਸਾਉਂਦੀ ਸੀ। ਕਿਸੇ ਵਸਤੂ (ਜਿਵੇਂ ਕਿ, ਤੇਲ ਦੀ ਸ਼ੀਸ਼ੀ, ਸ਼ਰਾਬ ਦੀ ਬੋਤਲ) ਉੱਤੇ ਮੋਹਰ ਮਾਲਕੀਅਤ ਨੂੰ ਦਰਸਾਉਂਦੀ ਹੈ। ਇਸ ਵਿੱਚ ਪ੍ਰਵਾਨਗੀ ਅਤੇ ਸਮਰਥਨ ਦਾ ਵਿਚਾਰ ਵੀ ਸ਼ਾਮਲ ਹੈ (ਯੂਹੰਨਾ 3:33)। ਅੱਜ ਵੀ ਅਸੀਂ "ਪ੍ਰਵਾਨਗੀ ਦੀ ਮੋਹਰ" ਬਾਰੇ ਸੁਣਦੇ ਹਾਂ। ਅੰਤ ਵਿੱਚ, ਮੋਹਰ ਸੁਰੱਖਿਅਤ ਕੀਤੇ ਜਾਣ ਦੀ ਗੱਲ ਵੀ ਕਰਦੀ ਹੈ। ਪ੍ਰਭੂ ਦੀ ਕਬਰ ਨੂੰ ਸੁਰੱਖਿਅਤ ਰੱਖਣ ਦੇ ਲਈ ਉਸ ਉੱਤੇ ਮੋਹਰ ਲਗਾਈ ਗਈ ਸੀ (ਮੱਤੀ 27:66)। ਇੱਕ ਦਸਤਾਵੇਜ਼ ਨੂੰ ਸੁਰੱਖਿਅਤ ਕਰਨ ਦੇ ਲਈ ਉਸ ਤੇ ਮੋਹਰ ਲਗਾਈ ਜਾਂਦੀ ਹੈ। ਮੋਹਰ ਤੋੜਨ ਨਾਲ ਵਸੀਅਤ ਜਾਂ ਜ਼ਮੀਨ ਦੇ ਦਸਤਾਵੇਜ਼ ਵਿੱਚ ਤਬਦੀਲੀ ਹੋ ਸਕਦੀ ਹੈ। ਇਸ ਲਈ, ਸਿਰਫ਼ ਅਧਿਕਾਰ ਵਾਲਾ ਵਿਅਕਤੀ ਹੀ ਕਾਨੂੰਨੀ ਮੋਹਰ ਨੂੰ ਤੋੜ ਸਕਦਾ ਹੈ (ਪ੍ਰਕਾਸ਼ 5:9)।

ਪਵਿੱਤਰ ਆਤਮਾ ਦੀ ਮੋਹਰ ਇੱਕ ਵਿਸ਼ਵਾਸੀ ਦੇ ਲਈ ਪਰਮੇਸ਼ਰ ਦੀ ਮਾਲਕੀਅਤ, ਪ੍ਰਵਾਨਗੀ ਅਤੇ ਸੁਰੱਖਿਆ ਨੂੰ ਦਰਸਾਉਂਦੀ ਹੈ। ਕੀ ਇਸ ਸੁਰੱਖਿਆ ਦੀ ਸੀਮਾ ਹੈ? ਅਫ਼ਸੀ 4:30 ਸਿਖਾਉਂਦਾ ਹੈ ਕਿ ਵਿਸ਼ਵਾਸੀ ਉੱਤੇ **ਛੁਟਕਾਰੇ ਦੇ ਦਿਨ ਲਈ ਮੋਹਰ ਲਗਾਈ ਗਈ ਹੈ,** ਇਹ ਸਰੀਰ ਦੇ ਛੁਟਕਾਰੇ ਦਾ ਸਮਾਂ ਹੈ ਜਦੋਂ ਅਸੀਂ ਮਹਿਮਾ ਅਤੇ ਪੂਰੀ ਵਿਰਾਸਤ ਨੂੰ ਪ੍ਰਾਪਤ ਕਰਾਂਗੇ। ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੇ ਧਰਤੀ ਉੱਤੇ ਪੂਰੇ ਜੀਵਨ ਦੇ ਲਈ ਮੋਹਰ ਲਗਾ ਕੇ ਰੱਖਦਾ ਹੈ। ਆਤਮਾ ਦੁਆਰਾ ਸੁਰੱਖਿਆ ਦਾ ਸਮਾਂ ਜਾਂ ਉਹਨਾਂ ਦੀ ਮਾਲਕੀਅਤ ਦਾ ਸਮਾਂ ਵਿਸ਼ਵਾਸੀ ਦੇ ਮਹਿਮਾ ਪ੍ਰਾਪਤ ਕਰਨ ਤੱਕ ਫੈਲਿਆ ਹੋਇਆ ਹੈ। ਜੇਕਰ ਇੱਕ ਮਸੀਹੀ ਆਪਣੀ ਮੁਕਤੀ ਨੂੰ ਗੁਆ ਸਕਦਾ ਹੈ, ਤਾਂ ਛੁਟਕਾਰੇ ਦੇ ਦਿਨ ਤੋਂ ਪਹਿਲਾਂ ਹੀ ਪਵਿੱਤਰ ਆਤਮਾ ਦੀ ਮੋਹਰ ਟੁੱਟ ਸਕਦੀ ਹੈ। ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਅਫ਼ਸੀ 4:30 ਗ਼ਲਤ ਹੈ।

2 ਕੁਰਿੰਥ 1:22 ਅਤੇ ਅਫ਼ਸੀ 1:13-14 ਦੋਵੇਂ ਇਸ ਵਾਕ ਵਿੱਚ ਬਿਆਨੇ ਦੇ ਤੌਰ ਤੇ ਪਵਿੱਤਰ ਆਤਮਾ ਦਾ ਜ਼ਿਕਰ ਕਰਦੇ ਹਨ ਜੋ ਆਤਮਾ ਦੇ ਮੋਹਰ ਲਗਾਉਣ ਦੇ ਕੰਮ ਨੂੰ ਦਰਸਾਉਂਦਾ ਹੈ (2 ਕੁਰਿੰਥ 5:5 ਵੀ ਦੇਖੋ)। ਪਵਿੱਤਰ ਆਤਮਾ ਨੂੰ ਪੂਰੀ ਵਿਰਾਸਤ ਦਾ ਬਿਆਨਾ ਕਿਹਾ ਗਿਆ ਹੈ। ਆਧੁਨਿਕ ਯੂਨਾਨੀ ਭਾਸ਼ਾ ਵਿੱਚ ਇਹ "ਮੰਗਣੀ ਦੀ

ਅੰਗੂਠੀ" ਹੋ ਸਕਦੀ ਹੈ। ਪਵਿੱਤਰ ਆਤਮਾ ਬਿਆਨੇ ਦੇ ਭੁਗਤਾਨ ਜਾਂ ਮੰਗਣੀ ਦੀ ਅੰਗੂਠੀ ਦੀ ਤਰ੍ਹਾਂ ਹੈ। ਉਹ ਆਉਣ ਵਾਲੀ ਵੱਡੀ ਬਰਕਤ ਦਾ ਬਿਆਨਾ, ਵਾਅਦਾ, ਜਾਂ ਗਾਰੰਟੀ ਹੈ। ਇੱਕ ਹੋਰ ਸ਼ਬਦ ਜੋ ਇਹੋ ਸੱਚਾਈ ਨੂੰ ਪ੍ਰਗਟ ਕਰਦਾ ਹੈ ਉਹ *ਪਹਿਲਾ ਵਰਦਾਨ* ਹੈ (ਰੋਮੀ 8:23)। ਪਵਿੱਤਰ ਆਤਮਾ ਭਵਿੱਖ ਦੀ ਵੱਡੀ ਬਰਕਤ ਦੀ ਗਾਰੰਟੀ ਅਤੇ ਸ਼ੁਰੂਆਤ ਹੈ। ਛੁਟਕਾਰੇ ਦੇ ਦਿਨ ਤੱਕ ਮੋਹਰ ਲਗਾਉਣ ਦੀ ਉਹਨਾਂ ਦੀ ਭੂਮਿਕਾ ਦਾ ਅਰਥ ਹੈ ਕਿ ਪਵਿੱਤਰ ਆਤਮਾ ਇਸ ਗੱਲ ਦਾ ਇੱਕ ਸੁਰੱਖਿਅਤ ਅਤੇ ਨਿਸ਼ਚਿਤ ਬਿਆਨਾ ਹੈ ਕਿ ਭਵਿੱਖ ਵਿੱਚ ਬਰਕਤ ਪ੍ਰਾਪਤ ਕੀਤੀ ਜਾਵੇਗੀ। ਫਿਰ ਵੀ, ਜੇਕਰ ਇੱਕ ਮਸੀਹੀ ਮੁਕਤੀ ਨੂੰ ਗੁਆ ਦਿੰਦਾ ਹੈ, ਤਾਂ ਪਵਿੱਤਰ ਆਤਮਾ ਭਵਿੱਖ ਬਰਕਤ ਦਾ ਪਹਿਲਾ ਵਰਦਾਨ ਨਹੀਂ ਸੀ, ਅਤੇ ਉਹ ਵੱਡੀ ਵਿਰਾਸਤ ਦਾ ਬਿਆਨਾ ਨਹੀਂ ਹੈ। ਜੇਕਰ ਪਵਿੱਤਰ ਆਤਮਾ ਨੇ ਸੱਚਮੁੱਚ ਛੁਟਕਾਰੇ ਦੇ ਦਿਨ ਦੀ ਮੋਹਰ ਲਗਾਈ ਹੈ ਅਤੇ ਜੇਕਰ ਉਹ ਇੱਕ ਵੱਡੀ ਵਿਰਾਸਤ ਦਾ ਬਿਆਨਾ ਹੈ, ਤਾਂ ਸਦੀਪਕ ਸੁਰੱਖਿਆ ਜ਼ਰੂਰ ਹੋਵੇਗੀ।

**g. ਜੇਕਰ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ, ਤਾਂ ਇਹ ਬਾਈਬਲ ਦੇ ਵਾਅਦਿਆਂ ਨੂੰ ਗ਼ਲਤ ਠਹਿਰਾਉਂਦਾ ਹੈ।**

ਬਾਈਬਲ ਇਹ ਸਿਖਾਉਂਦੀ ਹੈ ਕਿ ਇੱਕ ਵਿਸ਼ਵਾਸੀ ਸਜ਼ਾ ਨੂੰ ਪ੍ਰਾਪਤ ਨਹੀਂ ਕਰੇਗਾ ਅਤੇ ਉਹ ਪਰਮੇਸ਼ਰ ਦੇ ਸਦੀਪਕ ਕ੍ਰੋਧ ਦੇ ਅਧੀਨ ਨਹੀਂ ਹੋਵੇਗਾ। ਫਿਰ ਵੀ, ਜੇਕਰ ਇੱਕ ਮਸੀਹੀ ਆਪਣੀ ਮੁਕਤੀ ਨੂੰ ਗੁਆ ਲੈਂਦਾ ਹੈ, ਤਾਂ ਪਰਮੇਸ਼ਰ ਦੀ ਸਜ਼ਾ ਅਤੇ ਸਦੀਪਕ ਕ੍ਰੋਧ ਉਸ ਉੱਤੇ ਆਵੇਗਾ।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ। ਉਹ ਦੋਸ਼ੀ ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।" [ਯੂਹੰਨਾ 5:24]
>
> ਇਸ ਲਈ ਜਿਹੜੇ ਲੋਕ ਮਸੀਹ ਯਿਸੂ ਵਿੱਚ ਹਨ, ਉਹਨਾਂ ਦੇ ਲਈ ਹੁਣ ਕੋਈ ਸਜ਼ਾ ਦਾ ਹੁਕਮ ਨਹੀਂ ਹੈ [ਰੋਮੀ 8:1]
>
> ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਏ ਜਾਵਾਂਗੇ। [ਰੋਮੀ 5:9]
>
> ਕਿਉਂਕਿ ਪਰਮੇਸ਼ਰ ਨੇ ਸਾਨੂੰ ਆਪਣੇ ਕ੍ਰੋਧ ਦੇ ਲਈ ਨਹੀਂ ਚੁਣਿਆ ਸਗੋਂ ਇਸ ਲਈ ਕਿ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਪ੍ਰਾਪਤ ਕਰੀਏ। [1 ਥੱਸਲੁ 5:9]

ਜੇਕਰ ਇੱਕ ਵਿਸ਼ਵਾਸੀ ਦੀ ਮੁਕਤੀ ਅਨਿਸ਼ਚਿਤ ਹੈ, ਤਾਂ ਫਿਰ ਯੂਹੰਨਾ 5:24 ਨੂੰ ਇਸ ਤਰ੍ਹਾਂ ਪੜ੍ਹਨਾ ਚਾਹੀਦਾ ਹੈ, "ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਸ਼ਾਇਦ ਸਦੀਪਕ ਜੀਵਨ ਪ੍ਰਾਪਤ ਕਰ ਸਕਦਾ ਹੈ ਅਤੇ ਸ਼ਾਇਦ ਦੋਸ਼ੀ ਨਹੀਂ ਠਹਿਰੇਗਾ ਕਿਉਂਕਿ ਇਹ ਹੋ ਸਕਦਾ ਹੈ ਕਿ ਉਹ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।"

ਇਬ 13:5 ਦੱਸਦਾ ਹੈ, "ਮੈਂ ਤੈਨੂੰ ਕਦੀ ਨਹੀਂ ਛੱਡਾਂਗਾ, ਨਾ ਕਦੀ ਤਿਆਗਾਂਗਾ।" ਜੇਕਰ ਇੱਕ ਵਿਸ਼ਵਾਸੀ ਮੁਕਤੀ ਗੁਆ ਦਿੰਦਾ ਹੈ, ਤਾਂ ਮਸੀਹ ਉਸ ਨੂੰ ਛੱਡ ਦੇਣਗੇ। ਇਬ 13:5 ਵਾਅਦਾ ਕਰਦਾ ਹੈ ਕਿ ਉਹ ਕਦੇ ਨਹੀਂ ਛੱਡਣਗੇ (ਯੂਨਾਨੀ ਵਾਕ ਵਿੱਚ ਪੰਜ ਵਾਰ ਨਹੀਂ ਲਿਖਿਆ ਹੈ)।

ਯੂਹੰਨਾ 6:37 ਦੱਸਦਾ ਹੈ "…ਜਿਹੜਾ ਮੇਰੇ ਕੋਲ ਆਵੇਗਾ ਉਸ ਨੂੰ ਮੈਂ ਕਦੀ ਨਹੀਂ ਕੱਢਾਂਗਾ" (ਯੂਨਾਨੀ ਵਿੱਚ ਜ਼ੋਰ ਦੇਣ ਲਈ ਦੋ ਨਕਾਰਾਤਮਕ "ਕਦੇ ਨਹੀਂ" ਹਨ)। ਜਿਹੜੇ ਲੋਕ ਇਹ ਸਿਖਾਉਂਦੇ ਹਨ ਕਿ ਇੱਕ ਵਿਸ਼ਵਾਸੀ ਮੁਕਤੀ ਗੁਆ ਸਕਦਾ ਹੈ, ਉਹਨਾਂ ਨੂੰ ਇਸ ਗੱਲ ਉੱਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਅਸਲ ਵਿੱਚ ਇੱਥੇ ਕੀ ਵਾਅਦਾ ਕੀਤਾ ਜਾ ਰਿਹਾ ਹੈ। ਸੱਚਮੁੱਚ, ਇੱਥੇ **ਸਦੀਪਕ ਜੀਵਨ ਉਸ ਦਾ ਹੈ** ਵਾਕਾਂਸ਼ ਆਮ ਹੈ (ਯੂਹੰਨਾ 6:47)। ਜੇਕਰ ਇੱਕ ਵਿਅਕਤੀ ਕੋਲ ਜੀਵਨ ਹੈ ਜੋ ਖ਼ਤਮ ਹੋ ਸਕਦਾ ਹੈ, ਤਾਂ ਪਰਿਭਾਸ਼ਾ ਅਨੁਸਾਰ ਉਹ ਜੀਵਨ ਕਦੇ ਸਦੀਪਕ ਜੀਵਨ ਨਹੀਂ ਸੀ। ਮਸੀਹ ਸਿਖਾਉਂਦੇ ਹਨ ਕਿ ਜੋ ਵਿਸ਼ਵਾਸ ਕਰਦਾ ਹੈ ਉਸ ਕੋਲ ਪਹਿਲਾਂ ਹੀ ਸਦੀਪਕ ਜੀਵਨ ਹੈ। ਪਰਿਭਾਸ਼ਾ ਅਨੁਸਾਰ ਇਹ ਉਹ ਜੀਵਨ ਹੈ ਜੋ ਕਦੇ ਖ਼ਤਮ ਨਹੀਂ ਹੋਵੇਗਾ।

ਰੋਮੀ 8:38-39 ਦੱਸਦਾ ਹੈ ਕਿ ਕੋਈ ਵੀ ਚੀਜ਼ ਵਿਸ਼ਵਾਸੀ ਨੂੰ ਮਸੀਹ ਦੇ ਪਿਆਰ ਤੋਂ ਵੱਖ ਨਹੀਂ ਕਰ ਸਕਦੀ ਹੈ। ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ **ਕੋਈ ਚੀਜ਼** ਅਲੱਗ ਹੋਣ ਦਾ ਕਾਰਨ ਬਣ ਸਕਦੀ ਹੈ। ਇਸੇ ਤਰ੍ਹਾਂ, ਯੂਹੰਨਾ 10:28 ਵਿੱਚ ਮਸੀਹ ਵਾਅਦਾ ਕਰਦੇ ਹਨ, "ਉਹ ਕਦੇ ਨਾਸ਼ ਨਹੀਂ ਹੋਣਗੇ।" ਜੇਕਰ ਇੱਕ ਵਿਸ਼ਵਾਸੀ ਮੁਕਤੀ ਗੁਆ ਲੈਂਦਾ ਹੈ ਅਤੇ ਨਾਸ਼ ਹੋ ਜਾਂਦਾ ਹੈ, ਤਾਂ ਇਹ ਵਾਅਦਾ ਝੂਠਾ ਹੈ। ਜੇਕਰ ਇੱਕ ਮਸੀਹੀ ਮੁਕਤੀ ਗੁਆ ਲੈਂਦਾ ਹੈ ਤਾਂ ਉਸ ਕੋਲ ਕਦੇ ਵੀ ਸਦੀਪਕ ਜੀਵਨ ਨਹੀਂ ਸੀ। ਉਹ ਦਾ ਨਿਆਂ ਹੋਵੇਗਾ ਅਤੇ ਪਰਮੇਸ਼ਰ ਦੇ ਸਦੀਪਕ ਕ੍ਰੋਧ ਉਸ ਉੱਤੇ ਹੋਵੇਗਾ। ਪਰਮੇਸ਼ਰ ਇੱਕ ਸਮੇਂ ਉਹਨਾਂ ਦੀ ਸੰਤਾਨ ਹੋਣ ਵਾਲੇ ਵਿਅਕਤੀ ਨੂੰ ਛੱਡ ਦੇਣਗੇ, ਉਹ ਪਰਮੇਸ਼ਰ ਦੇ ਪਿਆਰ ਤੋਂ ਅਲੱਗ ਹੋਵੇਗਾ ਅਤੇ ਨਾਸ਼ ਹੋਵੇਗਾ। ਬਾਈਬਲ ਇਹਨਾਂ ਸੰਭਾਵਨਾਵਾਂ ਦੀ ਇਜਾਜ਼ਤ ਨਹੀਂ ਦਿੰਦੀ ਹੈ।

**h. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਸਾਨੂੰ ਬਚਾਉਣ ਦੇ ਆਪਣੇ ਇਰਾਦੇ ਵਿੱਚ ਅਸਫਲ ਰਹੇ ਹਨ।**

> …ਇਸ ਦੇ ਦੁਆਰਾ ਸਾਨੂੰ ਉਹ ਵਿਰਸਾ ਮਿਲਿਆ ਹੈ ਜਿਹੜਾ ਕਦੀ ਵੀ ਨਾਸ਼ ਜਾਂ ਖ਼ਰਾਬ ਨਹੀਂ ਹੋ ਸਕਦਾ ਜਾਂ ਮੁਰਝਾ ਨਹੀਂ ਸਕਦਾ ਜਿਹੜਾ ਤੁਹਾਡੇ ਲਈ ਸਵਰਗ ਦੇ ਵਿੱਚ **ਰੱਖਿਆ ਗਿਆ** ਹੈ। ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੀ ਸਮਰੱਥਾ ਤੁਹਾਡੀ **ਰੱਖਿਆ ਕਰਦੀ ਹੈ** ਅਤੇ ਉਹ ਹੀ ਮੁਕਤੀ ਦੇ ਆਉਣ

ਤੱਕ ਅੰਤਿਮ ਸਮੇਂ ਵਿੱਚ ਪ੍ਰਗਟ ਹੋਣ ਦੇ ਲਈ ਤਿਆਰ ਹੈ। [1 ਪਤਰਸ 1:4-5]

ਹੁਣ ਉਹ ਜਿਹੜੇ ਤੁਹਾਨੂੰ ਡਿੱਗਣ ਤੋਂ **ਬਚਾਅ ਸਕਦੇ ਹਨ** ਅਤੇ ਆਪਣੀ ਮਹਿਮਾ ਭਰੀ ਹਜ਼ੂਰੀ ਦੇ ਵਿੱਚ, ਨਿਰਦੋਸ਼ ਅਤੇ ਮਹਾਨ ਅਨੰਦ ਦੇ ਨਾਲ ਪੇਸ਼ ਕਰ ਸਕਦੇ ਹਨ [ਯਹੂਦਾ ਆਇਤ 24]

ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਸਵਰਗ ਸੁਰੱਖਿਅਤ ਨਹੀਂ ਹੈ ਅਤੇ ਨਾ ਹੀ ਸਾਰੇ ਵਿਸ਼ਵਾਸੀ ਪਰਮੇਸ਼ਰ ਦੀ ਸ਼ਕਤੀ ਨਾਲ ਸੁਰੱਖਿਅਤ ਹਨ। ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਪਰਮੇਸ਼ਰ ਉਸ ਨੂੰ ਡਿੱਗਣ ਤੋਂ ਬਚਾਉਣ ਅਤੇ ਮਹਿਮਾ ਵਿੱਚ ਲਿਆਉਣ ਦੇ ਯੋਗ ਨਹੀਂ ਹਨ। ਫਿਰ ਵੀ, ਇਹ ਦੋ ਵਚਨ ਉਸ ਸਰਵ-ਸ਼ਕਤੀਮਾਨ ਪਰਮੇਸ਼ਰ ਬਾਰੇ ਗੱਲ ਕਰਦੇ ਹਨ, ਜੋ ਵਿਸ਼ਵਾਸੀਆਂ ਨੂੰ ਵਿਸ਼ਵਾਸ ਵਿੱਚ ਬਣਾਏ ਰੱਖਣ ਅਤੇ ਡਿੱਗਣ ਤੋਂ ਬਚਾਉਣ ਦਾ ਇਰਾਦਾ ਰੱਖਦੇ ਹਨ।

**i. ਜੇਕਰ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ, ਤਾਂ ਬਾਈਬਲ ਉਲਝਣ ਨਾਲ ਭਰੀ ਹੈ ਕਿਉਂਕਿ ਇਹ ਮੁਕਤੀ ਦੇ ਹਟਾਉਣ/ਮਿਟਾਉਣ ਬਾਰੇ ਕੋਈ ਕਾਰਨ ਨਹੀਂ ਦੱਸਦੀ ਹੈ।**

ਬਾਈਬਲ ਵਿੱਚ ਅਜਿਹੀ ਕੋਈ ਸਿੱਖਿਆ ਨਹੀਂ ਹੈ ਜੋ ਅਜਿਹੇ ਪਾਪ ਦੀ ਸੂਚੀ ਦਿੰਦੀ ਹੈ ਜੋ ਮੁਕਤੀ ਨੂੰ ਦੂਰ ਕਰਦਾ ਹੈ। ਜੇਕਰ ਸਦੀਪਕ ਸੁਰੱਖਿਆ ਦੀ ਸਿੱਖਿਆ ਸੱਚ ਨਹੀਂ ਹੁੰਦੀ, ਤਾਂ ਇਹ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਪਰਮੇਸ਼ਰ ਨੇ ਮੁਕਤੀ ਨੂੰ ਗੁਆਉਣ ਬਾਰੇ ਸਾਰੀਆਂ ਹਦਾਇਤਾਂ ਨੂੰ ਮਿਟਾ ਦਿੱਤਾ ਹੈ। ਉਹ ਚਾਹੁਣਗੇ ਕਿ ਉਹਨਾਂ ਦੇ ਲੋਕਾਂ ਨੂੰ ਵਿਸ਼ੇਸ਼ ਖ਼ਰਤਿਆਂ ਬਾਰੇ ਚੇਤਾਵਨੀਆਂ ਦਿੱਤੀਆਂ ਜਾਣ। ਫਿਰ ਵੀ, ਕੋਈ ਵੀ ਚੇਤਾਵਨੀ ਨਹੀਂ ਦਿੱਤੀ ਗਈ ਹੈ। ਇਸ ਦੀ ਬਜਾਏ 1 ਕੁਰਿੰਥ 3:15 ਸੰਕੇਤ ਦਿੰਦਾ ਹੈ ਕਿ ਸਾਰੇ ਵਿਸ਼ਵਾਸੀ, ਭਾਵੇਂ ਉਹਨਾਂ ਵਿੱਚ ਚੰਗੇ ਕੰਮਾਂ ਦੀ ਘਾਟ ਵੀ ਹੋਵੇ, ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਬਚਾਏ ਜਾਣਗੇ:

ਜੇਕਰ ਕਿਸੇ ਮਨੁੱਖ ਦਾ ਕੰਮ ਅੱਗ ਵਿੱਚ ਭਸਮ ਹੋ ਜਾਵੇਗਾ ਤਾਂ ਉਸ ਦਾ ਫਲ ਨਹੀਂ ਮਿਲੇਗਾ ਪਰ ਉਹ ਆਪ ਅੱਗ ਵਿੱਚੋਂ ਨਿਕਲੇ ਆਦਮੀ ਦੀ ਤਰ੍ਹਾਂ ਬਚ ਜਾਵੇਗਾ। [1 ਕੁਰਿੰਥ 3:15]

**2. ਇਸ ਵਿਸ਼ੇ ਨੂੰ ਇੱਕ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਦੇਖਣ ਤੇ, ਸਦੀਪਕ ਸੁਰੱਖਿਅਤ ਹੇਠਾਂ ਦਿੱਤੇ ਕਾਰਨਾਂ ਨਾਲ ਸੱਚਾਈ ਹੈ:**

ਇਸ ਬਿੰਦੂ ਤੱਕ, ਅਸੀਂ ਸਦੀਪਕ ਸੁਰੱਖਿਆ ਦੇ ਵਿਸ਼ੇ ਨੂੰ ਨਕਾਰਾਤਮਕ ਰੂਪ ਵਿੱਚ ਦੇਖਿਆ ਹੈ, ਅਸੀਂ ਉਹਨਾਂ ਬੇਤੁਕੀਆਂ ਗੱਲਾਂ ਨੂੰ ਦੇਖਿਆ ਜੋ ਸੱਚ ਹੋਣਗੀਆਂ ਜੇਕਰ ਇੱਕ ਮਸੀਹੀ ਮੁਕਤੀ ਗੁਆ ਲੈਂਦਾ ਹੈ। ਸ਼ਾਇਦ ਸਭ ਤੋਂ ਵਧੀਆ ਗੱਲ ਇਹ ਹੋਵੇਗੀ ਕਿ ਇਹਨਾਂ ਸੱਚਾਈਆਂ ਦੀ ਸਮੀਖਿਆ ਸਕਾਰਾਤਮਕ ਦ੍ਰਿਸ਼ਟੀਕੋਣ ਤੋਂ ਕੀਤੀ ਜਾਵੇ। ਇਸ ਸੰਦਰਭ ਵਿੱਚ, ਸਦੀਪਕ ਸੁਰੱਖਿਆ ਹੇਠ ਦਿੱਤੇ ਨੌ ਕਾਰਨਾਂ ਕਰਕੇ ਸਹੀ ਹੈ:

**a. ਮਸੀਹ ਦੀ ਧਾਰਮਿਕਤਾ (ਸਾਡੀ ਧਾਰਮਿਕਤਾ ਨਹੀਂ) ਮੁਕਤੀ ਦਿੰਦੀ ਹੈ; ਇਸ ਲਈ ਕੋਈ ਵੀ ਮੁਕਤੀ ਨੂੰ ਗੁਆ ਨਹੀਂ ਸਕਦਾ ਹੈ।**

ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਦਾ ਅਰਥ ਹੈ ਕਿ ਮਸੀਹ ਦੀ ਧਾਰਮਿਕਤਾ ਇੱਕ ਵਿਸ਼ਵਾਸੀ ਨੂੰ ਬਚਾਉਂਦੀ ਹੈ। ਅਤੇ ਕਿਉਂਕਿ ਮਸੀਹ ਕਦੇ ਵੀ ਆਪਣੀ ਧਾਰਮਿਕਤਾ ਨਹੀਂ ਗੁਆ ਸਕਦੇ ਹਨ, ਇਸ ਲਈ ਵਿਸ਼ਵਾਸੀ ਵੀ ਆਪਣੇ ਧਰਮੀ ਠਹਿਰਾਏ ਜਾਣ ਨੂੰ ਨਹੀਂ ਗੁਆ ਸਕਦਾ ਹੈ।

**b. ਪਹਿਲਾਂ ਤੋਂ ਚੁਣਿਆ ਜਾਣਾ ਅਤੇ ਪੂਰਵ-ਨਿਯੁਕਤੀ ਸਦੀਪਕ ਸੁਰੱਖਿਆ ਨੂੰ ਸਾਬਤ ਕਰਦੇ ਹਨ।**

ਪਹਿਲਾਂ ਤੋਂ ਚੁਣੇ ਜਾਣ ਅਤੇ ਪੂਰਵ-ਨਿਯੁਕਤੀ ਬਾਰੇ ਬਾਈਬਲ ਦੀ ਸਿੱਖਿਆ ਸਦੀਪਕ ਸੁਰੱਖਿਆ ਨੂੰ ਸਾਬਤ ਕਰਦੀ ਹੈ। ਉਹ ਲੋਕ ਜਿਹਨਾਂ ਨੂੰ ਪਰਮੇਸ਼ਰ ਨੇ ਧਰਮੀ ਠਹਿਰਾਇਆ ਹੈ, ਉਹ ਪਹਿਲਾਂ ਹੀ ਮਹਿਮਾ ਪਾ ਚੁੱਕੇ ਹਨ।

**c. ਮੁਕਤੀ ਨਾ ਤਾਂ ਕੰਮਾਂ ਦੁਆਰਾ ਮਿਲਦੀ ਹੈ ਅਤੇ ਨਾ ਹੀ ਕਾਇਮ ਰੱਖੀ ਜਾਂਦੀ ਹੈ।**

ਮੁਕਤੀ ਸ਼ੁਰੂ ਵਿੱਚ ਚੰਗੇ ਕੰਮਾਂ ਦੇ ਕਾਰਨ ਪ੍ਰਾਪਤ ਨਹੀਂ ਹੋਈ ਸੀ ਅਤੇ ਨਾ ਹੀ ਚੰਗੇ ਕੰਮਾਂ ਨਾਲ ਇਸ ਨੂੰ ਕਾਇਮ ਰੱਖਿਆ ਜਾਂਦਾ ਹੈ।

**d. ਮਸੀਹ ਦਾ ਪ੍ਰਾਸਚਿਤ ਸੰਪੂਰਨ ਅਤੇ ਪੂਰਾ ਸੀ।**

ਮਸੀਹ ਦਾ ਪ੍ਰਾਸਚਿਤ ਸੰਪੂਰਨ ਅਤੇ ਪੂਰਾ ਹੈ। ਉਹਨਾਂ ਨੇ ਸਾਰੇ ਪਾਪਾਂ ਦੀ ਕੀਮਤ ਅਦਾ ਕੀਤੀ ਹੈ। ਕੋਈ ਅਜਿਹਾ ਪਾਪ ਨਹੀਂ ਹੈ ਜਿਸ ਲਈ ਇੱਕ ਵਿਸ਼ਵਾਸੀ ਨੂੰ ਦੁੱਖ ਝੱਲਣਾ ਪੈ ਸਕਦਾ ਹੈ।

**e. ਮਸੀਹ ਇੱਕ ਵਕੀਲ ਵਜੋਂ ਸੁਰੱਖਿਆ ਦੀ ਗਾਰੰਟੀ ਦਿੰਦੇ ਹਨ।**

ਮਸੀਹ ਦੀ ਇੱਕ ਸਿਫ਼ਾਰਸ਼ ਕਰਨ ਵਾਲੇ ਅਤੇ ਵਕੀਲ ਵਜੋਂ ਸੇਵਕਾਈ ਸੁਰੱਖਿਆ ਦੀ ਗਾਰੰਟੀ ਦਿੰਦੀ ਹੈ।

**f. ਪਵਿੱਤਰ ਆਤਮਾ ਦੀ ਮੋਹਰ ਨੂੰ ਕਦੇ ਤੋੜਿਆ ਨਹੀਂ ਜਾ ਸਕਦਾ ਹੈ।**

ਪਵਿੱਤਰ ਆਤਮਾ ਨੇ ਛੁਟਕਾਰੇ ਦੇ ਦਿਨ ਤੱਕ ਵਿਸ਼ਵਾਸੀਆਂ ਉੱਤੇ ਮੋਹਰ ਲਗਾਈ ਹੈ। ਇਹ ਮੋਹਰ ਕਦੇ ਵੀ ਤੋੜੀ ਨਹੀਂ ਜਾ ਸਕਦੀ ਹੈ। ਉਹ ਭਵਿੱਖ ਦੀ ਵਿਰਾਸਤ ਲਈ ਸਾਡਾ ਬਿਆਨਾ ਅਤੇ ਗਾਰੰਟੀ ਹਨ।

**g. ਬਹੁਤ ਸਾਰੇ ਵਾਅਦੇ ਸਦੀਪਕ ਸੁਰੱਖਿਆ ਦੀ ਗਾਰੰਟੀ ਦਿੰਦੇ ਹਨ।**

ਬਹੁਤ ਸਾਰੇ ਵਾਅਦੇ ਹਨ ਜੋ ਬਿਨਾਂ ਕਿਸੇ ਸਜ਼ਾ ਦੇ ਸਦੀਪਕ ਜੀਵਨ ਦੀ ਗਾਰੰਟੀ ਦਿੰਦੇ ਹਨ। ਸਦੀਪਕ ਜੀਵਨ "ਸਦੀਪਕ" ਹੋਣ ਦੀ ਪਰਿਭਾਸ਼ਾ ਅਨੁਸਾਰ ਕਦੇ ਖ਼ਤਮ ਨਹੀਂ ਹੋ ਸਕਦਾ ਹੈ।

**h. ਪਰਮੇਸ਼ਰ ਸਾਨੂੰ ਡਿੱਗਣ ਤੋਂ ਬਚਾਉਣ ਦੇ ਯੋਗ ਹਨ।**

ਪਰਮੇਸ਼ਰ ਕਹਿੰਦੇ ਹਨ ਕਿ ਉਹ ਸਾਨੂੰ ਡਿੱਗਣ ਤੋਂ ਬਚਾਉਣ ਦੇ ਯੋਗ ਹੈ ਅਤੇ ਇਸ ਤਰ੍ਹਾਂ ਅਸੀਂ ਉਹਨਾਂ ਦੀ ਸ਼ਕਤੀ ਦੁਆਰਾ ਸੁਰੱਖਿਅਤ ਰੱਖੇ ਜਾਂਦੇ ਹਾਂ।

**i. ਮੁਕਤੀ ਨੂੰ ਗੁਆਉਣ ਬਾਰੇ ਕੋਈ ਬਾਈਬਲ ਦਾ ਆਧਾਰ ਨਹੀਂ ਹੈ।**

ਬਾਈਬਲ ਕਦੇ ਵੀ ਮੁਕਤੀ ਗੁਆਉਣ ਦਾ ਕੋਈ ਆਧਾਰ ਨਹੀਂ ਦਿੰਦੀ ਹੈ। ਇੱਥੋਂ ਤੱਕ ਕਿ ਇੱਕ ਲਾਭਹੀਣ ਜੀਵਨ ਅਤੇ ਥੋੜ੍ਹੇ ਚੰਗੇ ਕੰਮਾਂ ਵਾਲੇ ਵਿਸ਼ਵਾਸੀ ਵੀ ਮਸੀਹ ਦੀ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਮੁਕਤੀ ਨੂੰ ਪ੍ਰਾਪਤ ਕਰਦੇ ਹਨ।

**B. ਸਮੱਸਿਆ ਵਾਲੇ ਕੁਝ ਵਚਨਾਂ ਦੀ ਵਿਆਖਿਆ**

ਅਧਿਆਤਮਿਕ ਅਧਿਐਨ ਦੇ ਖੇਤਰ ਵਿੱਚ, ਜਿਹੜੇ ਲੋਕ ਸਦੀਪਕ ਸੁਰੱਖਿਆ ਤੋਂ ਇਨਕਾਰ ਕਰਦੇ ਹਨ ਉਹਨਾਂ ਨੂੰ ਡੱਚ ਵਿਦਵਾਨ ਜੇਕਬ ਅਰਮੀਨੀਅਸ (1560- 1609) ਦੇ ਨਾਮ ਤੇ ਅਰਮੀਨੀਅਨ ਕਿਹਾ ਜਾਂਦਾ ਹੈ। ਵੈਸਲੀਅਨ ਪਰੰਪਰਾ ਤੋਂ ਆਉਣ ਵਾਲੇ ਜ਼ਿਆਦਾਤਰ ਸਮੂਹ ਜਿਵੇਂ ਕਿ ਮੈਥੋਡਿਸਟ ਆਪਣੇ ਵਿਚਾਰ ਵਿੱਚ ਅਰਮੀਨੀਅਨ ਹੁੰਦੇ ਹਨ ਕਿਉਂਕਿ ਉਹ ਸਦੀਪਕ ਸੁਰੱਖਿਆ ਨਾਲ ਸਹਿਮਤ ਨਹੀਂ ਹੁੰਦੇ ਹਨ। ਇਸ ਵਿੱਚ ਮੁੱਦਾ ਵਿਸ਼ਵਾਸ ਦੇ ਬੁਨਿਆਦੀ ਤੱਤਾਂ ਦਾ ਨਹੀਂ ਹੈ, ਪਰ ਵਿਸ਼ਵਾਸੀ ਦੀ ਸੁਰੱਖਿਆ ਉਹਨਾਂ ਸਾਰੇ ਮਹੱਤਵਪੂਰਣ ਸਿਧਾਂਤਾਂ ਵਿੱਚੋਂ ਇੱਕ ਹੈ ਜੋ ਵਿਸ਼ਵਾਸੀਆਂ ਨੂੰ ਵੰਡਦਾ ਹੈ। ਅਰਮੀਨੀਅਨ ਸਿਧਾਂਤ ਵਾਲੇ ਲੋਕ ਬਾਈਬਲ ਦੇ ਵਚਨਾਂ ਦੀ ਵਰਤੋਂ ਇਹ ਸਾਬਤ ਕਰਨ ਲਈ ਕਰਦੇ ਹਨ ਕਿ ਇੱਕ ਮਸੀਹੀ ਆਪਣੀ ਮੁਕਤੀ ਗੁਆ ਸਕਦਾ ਹੈ। ਹਾਲਾਂਕਿ, ਇਹਨਾਂ ਵਿੱਚੋਂ ਹਰੇਕ ਵਚਨ ਦੀ ਵਿਆਖਿਆ ਉਹਨਾਂ ਤਰੀਕਿਆਂ ਨਾਲ ਵੀ ਕੀਤੀ ਜਾ ਸਕਦੀ ਹੈ ਜੋ ਸਦੀਪਕ ਸੁਰੱਖਿਆ ਦੇ ਸਿਧਾਂਤ ਦੇ ਅਨੁਕੂਲ ਹਨ।

**1. ਜ਼ਬੂਰ 51:11**

(ਨਿਆਂਈਆਂ 16:20 ਅਤੇ 1 ਸਮੂ 16:14 ਵੀ ਦੇਖੋ)

> ਮੈਨੂੰ ਆਪਣੇ ਹਜ਼ੂਰੋਂ ਨਾ ਧੱਕ, ਅਤੇ ਆਪਣਾ ਪਵਿੱਤਰ ਆਤਮਾ ਮੈਥੋਂ ਨਾ ਲੈ! [ਜ਼ਬੂਰ 51:11]

ਅਜਿਹਾ ਲੱਗਦਾ ਹੈ ਕਿ ਦਾਊਦ ਨੂੰ ਚਿੰਤਾ ਸੀ ਕਿ ਪਵਿੱਤਰ ਆਤਮਾ ਉਸ ਨੂੰ ਛੱਡ ਦੇਵੇਗਾ। ਬਿਵਸਥਾ ਦੇ ਅਧੀਨ ਪਵਿੱਤਰ ਆਤਮਾ ਹਰੇਕ ਵਿਸ਼ਵਾਸੀ ਵਿੱਚ ਨਹੀਂ ਹੁੰਦਾ ਸੀ (ਯੂਹੰਨਾ 7:39), ਅਤੇ ਨਾ ਹੀ ਪਰਮੇਸ਼ਰ ਨੇ ਵਾਅਦਾ ਕੀਤਾ ਸੀ ਕਿ ਪਵਿੱਤਰ ਆਤਮਾ ਸਦਾ ਦੇ ਲਈ ਉਹਨਾਂ ਦੇ ਅੰਦਰ ਰਹੇਗਾ (ਜਿਵੇਂ ਕਿ, ਯੂਹੰਨਾ 14:16-17)। ਪੰਤੇਕੁਸਤ (ਰਸੂਲਾਂ ਦੇ ਕਰਤੱਬ 2) ਦੇ ਦਿਨ ਤੋਂ ਬਾਅਦ ਪਵਿੱਤਰ ਆਤਮਾ ਦੀ ਸੇਵਕਾਈ ਜਿਸ ਤਰ੍ਹਾਂ ਦੀ ਰਹੀ ਹੈ ਉਵੇਂ ਦੀ ਮੂਸਾ ਦੀ ਬਿਵਸਥਾ ਦੇ ਅਧੀਨ ਨਹੀਂ ਸੀ, ਪਵਿੱਤਰ ਆਤਮਾ ਮੂਸਾ ਦੀ ਬਿਵਸਥਾ ਦੇ ਅਧੀਨ ਇੱਕ ਵਿਸ਼ਵਾਸੀ ਤੋਂ ਵੱਖ ਹੋ ਸਕਦਾ ਸੀ। ਇਸ ਦਾ ਨਤੀਜਾ ਅਸਫ਼ਲ ਜੀਵਨ ਅਤੇ ਬੇਅਸਰ ਸੇਵਕਾਈ ਹੋ ਸਕਦਾ ਹੈ, ਪਰ ਮੁਕਤੀ ਨੂੰ ਨੁਕਸਾਨ ਨਹੀਂ ਹੋਵੇਗਾ। ਇੱਕ ਹੋਰ ਵਿਆਖਿਆ ਵਿੱਚ "ਆਤਮਾ" ਦਾਊਦ ਦੀ ਆਪਣੀ ਮਨੁੱਖੀ ਆਤਮਾ ਹੋ ਸਕਦੀ ਹੈ। ਉਹ ਕਹਿ ਰਿਹਾ ਹੋਵੇਗਾ, "ਕਿਰਪਾ ਕਰਕੇ ਮੇਰੇ ਜੀਵਨ ਤੋਂ ਪਵਿੱਤਰਤਾ ਦੀ ਆਤਮਾ ਨੂੰ ਦੂਰ ਨਾ ਕਰੋ।" ਦੂਜੇ ਸ਼ਬਦਾਂ ਵਿੱਚ, ਮੈਨੂੰ ਪਾਪ ਉੱਤੇ ਮਜ਼ਬੂਤ ਦੋਸ਼-ਸਮਝ ਜਾਂ ਮੇਰੇ ਜੀਵਨ ਵਿੱਚ ਪਵਿੱਤਰਤਾ ਦੀ ਇੱਛਾ ਨੂੰ ਗੁਆਉਣ ਨਾ ਦਿਓ। ਮੈਨੂੰ ਨਾ ਛੱਡੋ। ਮੈਨੂੰ ਕਾਇਲ ਕਰਦੇ ਰਹੋ ਅਤੇ ਮੈਨੂੰ ਅਜਿਹਾ ਬਣਾਉਂਦੇ ਰਹੋ ਕਿ ਮੈਂ ਪਵਿੱਤਰਤਾ ਨੂੰ ਚਾਹੁੰਦਾ ਰਹਾਂ। ਅਧਿਆਇ 10 "ਪਵਿੱਤਰ ਆਤਮਾ ਦਾ ਸਿਧਾਂਤ", ਵਿੱਚ ਪੰਤੇਕੁਸਤ (ਰਸੂਲਾਂ 2) ਤੋਂ ਬਾਅਦ ਪਵਿੱਤਰ ਆਤਮਾ ਦੀ ਸੇਵਕਾਈ ਵਿੱਚ ਤਬਦੀਲੀਆਂ ਬਾਰੇ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ (ਰਸੂਲਾਂ 2)।[75]

**2. ਹਿਜ਼ਕੀ 33:12-20**

(ਹਿਜ਼ਕੀ 3:20; 18:20 ਵੀ ਦੇਖੋ)

> "ਹੇ ਮਨੁੱਖ ਦੇ ਪੁੱਤਰ, ਤੂੰ ਆਪਣੇ ਲੋਕਾਂ ਦੀ ਸੰਤਾਨ ਨੂੰ ਆਖ ਕਿ ਧਰਮੀ ਦਾ ਧਰਮ ਉਸ ਦੇ ਅਪਰਾਧ ਦੇ ਦਿਨ ਉਹ ਨੂੰ ਨਾ ਛੁਡਾਵੇਗਾ ਅਤੇ ਦੁਸ਼ਟ ਦੀ ਦੁਸ਼ਟਤਾ, ਜਿਸ ਦਿਨ ਉਹ ਦੁਸ਼ਟਤਾ ਤੋਂ ਮੁੜ ਆਵੇ ਤਾਂ ਉਹ ਦੇ ਵਿੱਚ ਨਹੀਂ ਡਿੱਗੇਗਾ ਅਤੇ ਧਰਮੀ ਜਦੋਂ ਪਾਪ ਕਰੇ, ਤਾਂ ਉਹ ਦੇ ਕਾਰਨ ਜੀਉਂਦਾ ਨਾ ਰਹਿ ਸਕੇਗਾ। ਜਦੋਂ ਮੈਂ ਧਰਮੀ ਨੂੰ ਆਖਾਂ ਕਿ ਤੂੰ ਜ਼ਰੂਰ ਜੀਉਂਦਾ ਰਹੇਂਗਾ, ਜੇਕਰ ਉਹ ਆਪਣੇ ਧਰਮ ਤੇ ਭਰੋਸਾ ਕਰ ਕੇ ਕੁਕਰਮ ਕਰੇ, ਤਾਂ ਉਹ ਦੇ ਸਾਰੇ ਧਰਮ ਦੇ ਕੰਮ ਚੇਤੇ ਨਾ ਕੀਤੇ ਜਾਣਗੇ ਅਤੇ ਉਹ ਉਹਨਾਂ ਦੋਸ਼ਾਂ ਦੇ ਕਾਰਨ ਜੋ ਉਹ ਨੇ ਕੀਤੇ ਹਨ, ਮਰੇਗਾ" [ਹਿਜ਼ਕੀ 33:12- 13]

ਹਿਜ਼ਕੀਏਲ ਵਿੱਚ ਪਾਪ ਤੋਂ ਮਰਨ ਦੀ ਚੇਤਾਵਨੀ ਸਰੀਰਕ ਮੌਤ ਬਾਰੇ ਹੈ (ਇਹ ਜਾਂ ਤਾਂ ਮੌਤ ਦੀ ਸਜ਼ਾ ਹੈ ਜਿਵੇਂ ਕਿ 18:20 ਵਿੱਚ, ਅਤੇ ਜਾਂ ਇਸਰਾਏਲ ਦੇ ਦੁਸ਼ਮਣਾਂ ਨਾਲ ਲੜਾਈ ਵਿੱਚ ਮੌਤ ਹੈ)। ਹਿਜ਼ਕੀਏਲ 33 "ਧਰਤੀ ਉੱਤੇ ਤਲਵਾਰ" ਨਾਲ ਹਮਲੇ ਦੀ ਭਵਿੱਖਬਾਣੀ ਬਾਰੇ ਗੱਲ ਕਰਦਾ ਹੈ (ਆਇਤ 2)। ਪਰਮੇਸ਼ਰ ਨੇ ਤਬਾਹੀ ਦੇ ਸਮੇਂ ਧਾਰਮਿਕਤਾ ਦੇ ਜੀਵਨ ਵਿੱਚ ਰਹਿਣ ਵਾਲਿਆਂ ਦੇ ਲਈ ਮੁਕਤੀ ਦਾ ਵਾਅਦਾ ਕੀਤਾ ਸੀ। ਉਹ ਬੁਰਾਈ ਵਿੱਚ ਰਹਿਣ ਵਾਲਿਆਂ ਦੇ ਲਈ ਮੌਤ ਦੀ ਚੇਤਾਵਨੀ ਦਿੰਦੇ ਹਨ। ਇੱਥੇ ਸਦੀਪਕ ਮੁਕਤੀ ਦਾ ਮੁੱਦਾ ਨਹੀਂ ਹੈ। ਇੱਥੇ ਪਾਪ ਦੇ ਜੀਵਨ ਦੀ ਕਾਰਨ ਸਰੀਰਕ ਮੌਤ ਦੀ ਗੱਲ ਹੋ ਰਹੀ ਹੈ। ਕਈ ਹੋਰ ਵੀ ਅਜਿਹੇ ਵਚਨ ਹਨ ਜੋ ਸ਼ਾਇਦ ਸਰੀਰਕ ਜੀਵਨ ਜਾਂ ਮੌਤ ਬਾਰੇ ਹੀ ਹਨ, ਪਰ ਫਿਰ ਵੀ ਉਹਨਾਂ ਨੂੰ ਸਮਝਣ ਵਿੱਚ ਗ਼ਲਤੀ ਹੋ ਸਕਦੀ ਹੈ।

**3. ਮੱਤੀ 24:13**

(ਮੱਤੀ 10:22; ਮਰਕੁਸ 13:13; ਲੂਕਾ 21:19 ਵੀ ਦੇਖੋ)

> "ਪਰ ਜਿਹੜਾ ਅੰਤ ਤੱਕ ਆਪਣੇ ਵਿਸ਼ਵਾਸ ਵਿੱਚ ਪੱਕਾ

[75] ਇੱਕ ਹੋਰ ਦ੍ਰਿਸ਼ਟੀਕੋਣ ਇਹ ਮੰਨਦਾ ਹੈ ਕਿ ਪਵਿੱਤਰ ਆਤਮਾ ਪੁਰਾਣੇ ਨੇਮ ਦੇ ਸਾਰੇ ਵਿਸ਼ਵਾਸੀਆਂ ਅੰਦਰ ਸੀ। ਉਹ ਵਿਸ਼ੇਸ਼ ਸ਼ਕਤੀ ਦੇ ਲਈ ਆਗੂਆਂ ਉੱਪਰ ਆਉਂਦਾ ਸੀ। ਇਸ ਲਈ ਕੋਈ ਇਹ ਸਿੱਟਾ ਵੀ ਕੱਢ ਸਕਦਾ ਹੈ ਕਿ ਦਾਊਦ ਨੂੰ ਅਗਵਾਈ ਕਰਨ ਵਾਲੇ ਪਵਿੱਤਰ ਆਤਮਾ ਦੇ ਇਸ ਵਿਸ਼ੇਸ਼ ਮਸਹ ਦੇ ਨੁਕਸਾਨ ਦਾ ਡਰ ਹੈ।

ਰਹੇਗਾ, ਉਹ ਮੁਕਤੀ ਪਾਵੇਗਾ" [ਮੱਤੀ 24:13]

"ਤੁਸੀਂ ਆਪਣੇ ਸਬਰ ਦੇ ਰਾਹੀਂ ਅਸਲੀ ਜੀਵਨ ਪ੍ਰਾਪਤ ਕਰੋਗੇ।" [ਲੂਕਾ 21:19]

ਇਹਨਾਂ ਆਇਤਾਂ ਵਿੱਚ ਮੁਕਤੀ ਸਰੀਰਕ ਛੁਟਕਾਰਾ ਜਾਂ ਆਤਮਿਕ ਛੁਟਕਾਰਾ ਦੋਵੇਂ ਹੋ ਸਕਦੀ ਹੈ। ਦੋਵਾਂ ਵਿੱਚੋਂ ਕੋਈ ਵੀ ਵਿਆਖਿਆ ਹੋਵੇ, ਪਰ ਮੁੱਖ ਗੱਲ ਇਹ ਹੈ ਕਿ ਇਸ ਬਿਆਨ ਨੂੰ **ਬਿਪਤਾ ਦੀ ਸਥਿਤੀ** ਵਿੱਚ ਰੱਖਿਆ ਜਾਵੇ। ਪ੍ਰਭੂ ਦੁਬਾਰਾ ਆਉਣ ਤੋਂ ਠੀਕ ਪਹਿਲਾਂ ਦੇ **ਬਿਪਤਾ ਦੇ ਸਮੇਂ** ਦਾ ਹਵਾਲਾ ਦਿੰਦੇ ਹਨ। ਮੱਤੀ 24:21 ਦੱਸਦਾ ਹੈ, "ਉਹਨਾਂ ਦਿਨਾਂ ਵਿੱਚ **ਬਹੁਤ ਭਿਅੰਕਰ ਬਿਪਤਾ** ਆਵੇਗੀ ਜਿਹੜੀ ਸੰਸਾਰ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਨਾ ਆਈ ਅਤੇ ਨਾ ਹੀ ਆਵੇਗੀ।" ਇਹ ਪੂਰੀ ਤਰ੍ਹਾਂ ਵਿਲੱਖਣ ਸਮਾਂ ਵਿਸ਼ਵਾਸੀਆਂ ਉੱਤੇ ਭਿਅੰਕਰ ਬਿਪਤਾ ਦਾ ਸਮਾਂ ਹੋਵੇਗਾ ਜਿਸ ਵਿੱਚ ਬਹੁਤ ਸਾਰਿਆਂ ਦੇ ਸਰੀਰਕ ਜੀਵਨ ਦਾ ਨੁਕਸਾਨ ਹੋਵੇਗਾ। ਇਸ ਤੋਂ ਇਲਾਵਾ, ਹਰੇਕ ਨੂੰ ਅੰਤ ਦੇ ਸਮੇਂ ਦੇ ਦੁਸ਼ਟ ਤਾਨਾਸ਼ਾਹ ਦੇ ਪ੍ਰਤੀ ਆਪਣੀ ਵਫ਼ਾਦਾਰੀ ਦਾ ਪ੍ਰਦਰਸ਼ਨ ਕਰਨ ਦੇ ਲਈ ਇੱਕ ਸਰੀਰਕ ਨਿਸ਼ਾਨ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ ਜਾਵੇਗਾ। ਇਸ ਨਿਸ਼ਾਨ ਤੋਂ ਇਨਕਾਰ ਕਰਨਾ ਮਸੀਹ ਵਿੱਚ ਵਿਸ਼ਵਾਸ ਦਾ ਇੱਕ ਨਿਸ਼ਚਿਤ ਸੰਕੇਤ ਹੈ ਅਤੇ ਇਸ ਦੇ ਨਤੀਜੇ ਵਜੋਂ ਅਟੱਲ ਦੁੱਖ ਹੋਵੇਗਾ (ਪ੍ਰਕਾਸ਼ 13:16-18)। ਇਸ ਤਰ੍ਹਾਂ, ਇਹ ਕਿਹਾ ਜਾ ਸਕਦਾ ਹੈ ਕਿ ਜਿਹੜੇ ਲੋਕ ਮਸੀਹ-ਵਿਰੋਧੀ ਦੇ ਅਤਿਆਚਾਰ ਨੂੰ ਸਹਿਣ ਕਰਨਗੇ, ਉਹ ਆਤਮਿਕ ਮੁਕਤੀ ਪ੍ਰਾਪਤ ਕਰਨਗੇ। ਇਹ ਮੁਕਤੀ ਧੀਰਜ ਨਾਲ ਸਹਿਣ ਦੇ ਚੰਗੇ ਕੰਮ ਤੇ ਆਧਾਰਿਤ ਨਹੀਂ ਹੈ। ਇਸ ਦੀ ਬਜਾਏ, ਅਤਿਆਚਾਰ ਸਹਿੰਦੇ ਹੋਏ ਵੀ ਮਸੀਹ ਵਿੱਚ ਭਰੋਸਾ ਰੱਖਣ ਦਾ ਫ਼ੈਸਲਾ ਮੁਕਤੀ ਦਾ ਅਸਲੀ ਕਾਰਨ ਹੋਵੇਗਾ।

ਬਿਪਤਾ ਵਿੱਚ ਧੀਰਜ ਨਾਲ ਸਹਿਣਾ ਮੁਕਤੀ ਪਾਉਣ ਜਾਂ ਉਸ ਵਿੱਚ ਬਣੇ ਰਹਿਣ ਦਾ ਕਾਰਨ ਨਹੀਂ ਹੋਵੇਗਾ, ਪਰ ਇਹ ਦਿਖਾਉਂਦਾ ਹੈ ਕਿ ਤੁਸੀਂ ਪਹਿਲਾਂ ਹੀ ਮੁਕਤੀ ਪ੍ਰਾਪਤ ਕੀਤੀ ਹੈ। ਵਿਸ਼ਵਾਸ ਕਰਨ ਦਾ ਅਰਥ ਦੁੱਖ ਨੂੰ ਸਹਿਣਾ ਹੋਵੇਗਾ। ਅਤੇ ਦੁੱਖ ਸਹਿਣ ਕਰਨ ਦਾ ਅਰਥ ਵਿਸ਼ਵਾਸ ਕਰਨਾ ਹੋਵੇਗਾ। ਬਾਕੀ ਸਾਰੇ ਲੋਕ ਝੂਠੇ ਮਸੀਹ ਦੀ ਉਪਾਸਨਾ ਕਰਨਗੇ। ਇਹ ਜਾਣਨਾ ਮੁਸ਼ਕਲ ਹੈ ਕਿ ਪ੍ਰਭੂ ਇੱਥੇ ਸਰੀਰਕ ਮੁਕਤੀ ਦੀ ਗੱਲ ਕਰ ਰਹੇ ਹਨ ਜਾਂ ਆਤਮਿਕ ਮੁਕਤੀ ਦੀ।

### a. ਬਿਪਤਾ ਤੋਂ ਸਰੀਰਕ ਮੁਕਤੀ (ਬਚਾਅ)

ਪ੍ਰਭੂ ਦੇ ਸ਼ਬਦਾਂ ਨੂੰ ਉਤਸ਼ਾਹਿਤ ਹੋਣ ਲਈ ਲਿਆ ਜਾ ਸਕਦਾ ਹੈ ਕਿ ਬਿਪਤਾ ਦਾ ਸਮਾਂ ਸੀਮਿਤ ਹੈ। ਇਹ ਹਮੇਸ਼ਾਂ ਲਈ ਨਹੀਂ ਹੈ। ਜਿਹੜੇ ਲੋਕ ਅਤਿਆਚਾਰ ਸਹਿਣ ਕਰਨਗੇ, ਉਹ ਸਮੇਂ ਦੇ ਅੰਤ ਵਿੱਚ ਪ੍ਰਭੂ ਦੇ ਧਰਤੀ ਉੱਤੇ ਆਉਣ ਨਾਲ ਇੱਕ ਬਚਾਅ (ਸਰੀਰਕ ਮੁਕਤੀ) ਪ੍ਰਾਪਤ ਕਰਨਗੇ।[76]

[76] ਇਸ ਵਿਚਾਰ ਵਿੱਚ *ਅੰਤ* ਬਿਪਤਾ ਦੇ ਸਮੇਂ ਦੇ ਅੰਤ ਨੂੰ ਦਰਸਾਉਂਦਾ ਹੈ। ਅਗਲੇ ਵਿਚਾਰ ਵਿੱਚ *ਅੰਤ* ਜੀਵਨ ਦੇ ਅੰਤ ਨੂੰ ਦਰਸਾਉਂਦਾ ਹੈ।

ਇਹ ਬਿਪਤਾ ਵਿਚਲੇ ਸੰਤਾਂ ਦੇ ਲਈ ਉਮੀਦ ਅਤੇ ਉਤਸ਼ਾਹ ਦੇ ਸ਼ਬਦ ਹੋ ਸਕਦੇ ਹਨ। ਔਖੀ ਘੜੀ ਦਾ ਅੰਤ ਹੋਵੇਗਾ। ਪ੍ਰਭੂ ਸ਼ਕਤੀ ਨਾਲ ਉਹਨਾਂ ਨੂੰ ਤਸੀਹੇ ਦੇਣ ਵਾਲਿਆਂ ਨੂੰ ਨਸ਼ਟ ਕਰਨ ਅਤੇ ਵਿਸ਼ਵਾਸੀਆਂ ਨੂੰ ਹੋਰ ਦੁੱਖਾਂ ਤੋਂ ਬਚਾਉਣ ਲਈ ਵਾਪਸ ਆਉਣਗੇ।

### b. ਆਤਮਿਕ ਮੁਕਤੀ

ਲੂਕਾ 21:19 ਦਾ ਅੰਗਰੇਜ਼ੀ (ਐਨ.ਏ.ਐਸ.ਬੀ) ਅਨੁਵਾਦ ਸ਼ਾਇਦ ਸਰੀਰਕ ਮੁਕਤੀ ਦੇ ਪੱਖ ਵਿੱਚ ਹੈ। ਲੂਕਾ ਦੇ ਸੰਦਰਭ ਵਿੱਚ ਆਇਤ 19 ਵਿੱਚ ਇਹ ਵਾਅਦਾ ਵੀ ਹੋ ਸਕਦਾ ਹੈ ਕਿ ਜਿਹੜੇ ਰਸੂਲ ਅਜੇ ਵੀ 70 ਈਸਵੀ ਵਿੱਚ ਜਿਉਂਦੇ ਹਨ ਉਹ ਯਰੂਸ਼ਲਮ ਦੇ ਵਿਨਾਸ਼ ਤੋਂ ਬਚ ਜਾਣਗੇ ਹਾਲਾਂਕਿ ਕਿ ਕੁਝ ਵਿਸ਼ਵਾਸੀ ਮਰ ਜਾਣਗੇ (ਆਇਤ 16)। ਫਿਰ ਵੀ, ਲੂਕਾ ਦੇ ਯੂਨਾਨੀ ਮੁਹਾਵਰੇ ਨੂੰ ਬਿਪਤਾ ਦੇ ਸਮੇਂ ਦੇ ਅੰਤ ਵਿੱਚ ਸਰੀਰਕ ਬਚਾਅ (ਮੁਕਤੀ) ਤੱਕ ਸੀਮਿਤ ਕਰਨਾ ਅਤੇ ਮੱਤੀ 24:13 ਨੂੰ ਬਿਪਤਾ ਦੇ ਸਮੇਂ ਦੇ ਅੰਤ ਵਿੱਚ ਸਰੀਰਕ ਬਚਾਅ (ਮੁਕਤੀ) ਤੱਕ ਸੀਮਿਤ ਕਰਨਾ ਮੁਸ਼ਕਲ ਹੈ।

"ਤੁਸੀਂ ਆਪਣੇ ਸਬਰ ਦੇ ਰਾਹੀਂ ਅਸਲੀ ਜੀਵਨ ਪ੍ਰਾਪਤ ਕਰੋਗੇ।" [ਲੂਕਾ 21:19)

ਲੂਕਾ 21:16 ਵਿੱਚ ਪ੍ਰਭੂ ਕਹਿੰਦੇ ਹਨ, "..ਤੁਹਾਡੇ ਵਿੱਚੋਂ ਕਈਆਂ ਨੂੰ ਉਹ ਮਰਵਾ ਵੀ ਦੇਣਗੇ।" ਫਿਰ ਆਇਤ 18 ਵਿੱਚ ਉਹ ਕਹਿੰਦੇ ਹਨ, "ਪਰ ਤੁਹਾਡੇ ਸਿਰ ਦਾ ਇੱਕ ਵਾਲ ਵੀ ਵਿੰਗਾ ਨਹੀਂ ਹੋਵੇਗਾ।" ਇਹ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਮਸੀਹ ਸਰੀਰਕ ਮੌਤ ਦੀ ਤੁਲਨਾ ਆਤਮਿਕ ਮੌਤ ਨਾਲ ਕਰਨਾ ਚਾਹੁੰਦੇ ਹਨ। "ਉਹ ਤੁਹਾਨੂੰ ਮਰਵਾ ਸਕਦੇ ਹਨ, ਪਰ ਉਹ ਤੁਹਾਨੂੰ ਆਤਮਿਕ ਤੌਰ ਤੇ ਕੋਈ ਨੁਕਸਾਨ ਨਹੀਂ ਪਹੁੰਚ ਸਕਦੇ ਹਨ।" ਮੰਨ ਲਓ ਕਿ ਲੂਕਾ 21:19 ਇੱਕ ਆਤਮਿਕ ਮੁਕਤੀ ਦੀ ਗੱਲ ਕਰਦਾ ਹੈ, ਇਹ ਫਿਰ ਵੀ ਸੰਭਾਵਿਤ ਤੌਰ ਤੇ ਮੁਕਤੀ ਦੇ ਨੁਕਸਾਨ ਦੀ ਗੱਲ ਨਹੀਂ ਕਰ ਰਿਹਾ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਚੰਗੇ ਕੰਮਾਂ ਨਾਲ ਮੁਕਤੀ ਪ੍ਰਾਪਤ ਬਾਰੇ ਸਿਖਾ ਰਿਹਾ ਹੈ। ਸਪੱਸ਼ਟ ਹੈ ਕਿ ਇਹਨਾਂ ਦੋਵਾਂ ਵਚਨਾਂ ਨੂੰ ਸਮਝਣ ਦਾ ਇੱਕ ਬਿਹਤਰ ਤਰੀਕਾ ਹੋਣਾ ਚਾਹੀਦਾ ਹੈ। ਇੱਕ ਪਿਛੋਕੜ ਵਜੋਂ, ਸਾਨੂੰ ਪਹਿਲਾਂ ਬਚਾਉਣ ਵਾਲੇ ਵਿਸ਼ਵਾਸ ਅਤੇ ਬਿਪਤਾ ਦੇ ਹਲਾਤਾਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ।

#### (1) ਬਚਾਉਣ ਵਾਲਾ ਵਿਸ਼ਵਾਸ

ਸੱਚੇ ਵਿਸ਼ਵਾਸੀਆਂ ਨੂੰ ਵਿਸ਼ਵਾਸ ਦੀ ਸਥਿਤੀ ਵਿੱਚ ਬਣਾਏ ਰੱਖਿਆ ਜਾਂਦਾ ਹੈ। ਵਿਸ਼ਵਾਸੀ ਵਿਸ਼ਵਾਸ ਕਰਦੇ ਹਨ। ਇਸ ਸਿੱਟੇ ਦੀ ਵਧੇਰੇ ਚਰਚਾ ਅੱਗੇ ਦਿੱਤੇ ਸਮੱਸਿਆ ਵਾਲੇ ਵਚਨਾਂ ਵਿੱਚ ਹੋਵੇਗੀ (1 ਕੁਰਿੰਥ 15:1-2; ਕੁਲੁੱਸੀ 1:21-23)। ਯਿਸੂ ਮਸੀਹ ਯੂਹੰਨਾ 10:5 ਵਿੱਚ ਕਹਿੰਦੇ ਹਨ ਕਿ ਉਹਨਾਂ ਦੀਆਂ ਭੇਡਾਂ "ਅਣਜਾਣ ਮਨੁੱਖ ਦੀ ਆਵਾਜ਼ ਨੂੰ ਨਹੀਂ ਪਛਾਣਦੀਆਂ ਹਨ।" ਇੱਕ ਮਸੀਹੀ ਸ਼ਾਇਦ ਪਤਰਸ ਵਾਂਗ ਸ਼ਰਮਿੰਦਗੀ ਜਾਂ ਖ਼ਤਰੇ ਦੇ ਹਾਲਾਤਾਂ ਵਿੱਚ ਦੂਜਿਆਂ ਅੱਗੇ ਵਿਸ਼ਵਾਸ

ਕਰਨ ਤੋਂ ਇਨਕਾਰ ਕਰ ਸਕਦਾ ਹੈ। ਪਰ, ਪਤਰਸ ਨੇ ਕਦੇ ਵੀ ਪਰਮੇਸ਼ਰ ਪਿਤਾ ਅੱਗੇ ਜਾਂ ਆਪਣੇ ਦਿਲ ਵਿੱਚ ਮਸੀਹ ਤੋਂ ਇਨਕਾਰ ਨਹੀਂ ਕੀਤਾ ਸੀ। ਸੱਚੇ ਵਿਸ਼ਵਾਸੀ ਇਸ ਗੱਲ ਤੋਂ ਇਨਕਾਰ ਨਹੀਂ ਕਰਦੇ ਹਨ ਕਿ ਮਸੀਹ ਪਰਮੇਸ਼ਰ ਦੇ ਪੁੱਤਰ ਹਨ ਜਾਂ ਉਹ ਸਾਡੇ ਪਾਪਾਂ ਦੇ ਲਈ ਮਰੇ ਅਤੇ ਜੀਅ ਉੱਠੇ ਹਨ। ਬਿਪਤਾ ਦੇ ਹਾਲਾਤਾਂ ਵਿੱਚ, ਇਸ ਦਾ ਅਰਥ ਇਹ ਹੈ ਕਿ ਸੱਚੇ ਵਿਸ਼ਵਾਸੀ ਮਸੀਹ-ਵਿਰੋਧੀ ਦੀ ਉਪਾਸਨਾ ਨਹੀਂ ਕਰਨਗੇ ਜਾਂ ਉਸ ਦੇ ਨਿਸ਼ਾਨ ਨੂੰ ਸਵੀਕਾਰ ਨਹੀਂ ਕਰਨਗੇ।

### (2) ਬਿਪਤਾ ਦੇ ਹਾਲਾਤ

ਜਦੋਂ ਬਿਪਤਾ ਸ਼ੁਰੂ ਹੋਵੇਗੀ, ਉਦੋਂ ਧਰਤੀ ਉੱਤੇ ਸਾਰੇ ਮੁਕਤੀ-ਰਹਿਤ ਲੋਕ ਹੀ ਹੋਣਗੇ।[77] ਮਸੀਹ-ਵਿਰੋਧੀ ਦੇ ਪੂਰੇ ਸੰਸਾਰ ਵਿੱਚ ਤਾਨਾਸ਼ਾਹੀ ਸ਼ਕਤੀਆਂ ਨੂੰ ਪ੍ਰਾਪਤ ਕਰਨ ਤੋਂ ਬਾਅਦ, ਉਹ ਸਾਰੇ ਲੋਕਾਂ ਨੂੰ ਉਸ ਦੀ ਉਪਾਸਨਾ ਕਰਨ ਜਾਂ ਸੱਚੇ ਮਸੀਹ ਦੀ ਉਪਾਸਨਾ ਕਰਨ ਦੇ ਲਈ ਮਜਬੂਰ ਕਰੇਗਾ (ਮੱਤੀ 24:15; 2 ਥੱਸਲੁ 2:4; ਪ੍ਰਕਾਸ਼ 13:15-18)। ਇਸ ਤੋਂ ਇਲਾਵਾ, ਪਰਮੇਸ਼ਰ ਅਸਿੱਧੇ ਤੌਰ ਤੇ ਇਸ ਪ੍ਰਕਿਰਿਆ ਵਿੱਚ ਹਿੱਸਾ ਲੈਣਗੇ। ਜਿਹੜੇ ਲੋਕ ਮਸੀਹ ਦੀ ਸੱਚਾਈ ਨੂੰ ਪ੍ਰਾਪਤ ਨਹੀਂ ਕਰਨਗੇ, ਉਹ ਅੰਨ੍ਹੇ ਹੋ ਕੇ ਮਸੀਹ-ਵਿਰੋਧੀ ਦੇ ਝੂਠ ਉੱਤੇ ਹੀ ਵਿਸ਼ਵਾਸ ਕਰਨਗੇ (2 ਥੱਸਲੁ 2:11-12)। ਸ਼ੈਤਾਨੀ ਅਤੇ ਪਰਮੇਸ਼ਰੀ ਦਬਾਅ ਦੋਵੇਂ ਹੀ ਸਾਰੇ ਲੋਕਾਂ ਨੂੰ ਚੋਣ ਕਰਨ ਦੇ ਲਈ ਮਜਬੂਰ ਕਰਨਗੇ। ਬਿਪਤਾ ਦੇ ਦੌਰਾਨ, ਕੁਝ ਲੋਕ ਜਿਹਨਾਂ ਨੇ ਇਸ ਸਮੇਂ ਵਿੱਚ ਅਵਿਸ਼ਵਾਸੀ ਦੇ ਰੂਪ ਵਿੱਚ ਸ਼ੁਰੂ ਕੀਤਾ ਸੀ, ਉਹ ਮਸੀਹ ਵਿੱਚ ਵਿਸ਼ਵਾਸ ਕਰਨਗੇ (ਇਹ ਉਹ ਸੰਤ ਹੋਣਗੇ ਜਿਹਨਾਂ ਦਾ ਜ਼ਿਕਰ ਦਾਨੀਏਲ ਦੀ ਪੁਸਤਕ ਅਤੇ ਪ੍ਰਕਾਸ਼ 7:9, 14 ਵਿੱਚ ਕੀਤਾ ਗਿਆ ਹੈ)। ਸੰਸਾਰ ਦੇ ਇਤਿਹਾਸ ਵਿੱਚ ਅਜਿਹਾ ਕਦੇ ਨਹੀਂ ਹੋਇਆ ਹੈ ਜਿਸ ਵਿੱਚ ਵਿਸ਼ਵਾਸ ਦਾ ਅਜਿਹਾ ਪ੍ਰਦਰਸ਼ਨ ਕਰਨਾ ਪਵੇਗਾ ਜੋ ਅਜਿਹਾ ਸਥਾਈ ਅਤੇ ਅਟੱਲ ਹੋਵੇਗਾ। ਪਸ਼ੂ ਦੇ ਨਿਸ਼ਾਨ ਨੂੰ ਸਵੀਕਾਰ ਕਰਨਾ ਮਸੀਹ ਦਾ ਇਨਕਾਰ ਕਰਨ ਦਾ ਅਜਿਹਾ ਫੈਸਲਾ ਹੈ ਜੋ ਬਦਲਿਆ ਨਹੀਂ ਜਾਵੇਗਾ।

ਸਾਰੇ ਅਵਿਸ਼ਵਾਸੀ ਮਸੀਹ-ਵਿਰੋਧੀ ਦੀ ਸ਼ਕਤੀ ਨੂੰ ਮੰਨ ਲੈਣਗੇ ਅਤੇ ਉਸ ਦੀ ਉਪਾਸਨਾ ਕਰਨਗੇ, ਅਤੇ ਪਸ਼ੂ ਦਾ ਨਿਸ਼ਾਨ ਲਗਵਾਉਂਗੇ। ਇਸ ਦੇ ਉਲਟ, ਸਿਰਫ਼ ਵਿਸ਼ਵਾਸੀ ਹੀ ਅਤੇ ਸਾਰੇ ਵਿਸ਼ਵਾਸੀ ਇਸ ਦਾ ਇਨਕਾਰ ਕਰਨਗੇ। ਇੱਕ ਸੱਚਾ ਵਿਸ਼ਵਾਸੀ ਅਜਿਹੇ ਸਥਾਈ ਅਤੇ ਅੰਤਿਮ ਅਰਥਾਂ ਵਿੱਚ ਮਸੀਹ ਨੂੰ ਰੱਦ ਨਹੀਂ ਕਰ ਸਕੇਗਾ। ਇਸ ਦੀ ਬਜਾਏ, ਵਿਸ਼ਵਾਸੀ ਪਸ਼ੂ ਦੇ ਨਿਸ਼ਾਨ ਨੂੰ ਰੱਦ ਕਰਕੇ ਅਤੇ ਮਸੀਹ--ਵਿਰੋਧੀ ਦੀ ਨਫ਼ਰਤ ਦਾ ਸ਼ਿਕਾਰ ਬਣ ਕੇ ਵਿਸ਼ਵਾਸ ਦਾ ਪ੍ਰਦਰਸ਼ਨ ਕਰਨਗੇ। ਬਿਪਤਾ ਦੇ ਸਮੇਂ ਬਾਰੇ ਇਹ ਕਹਿਣਾ ਸੱਚ ਹੋਵੇਗਾ ਕਿ ਜਿਹੜੇ ਅੰਤ ਤੱਕ ਪਸ਼ੂ ਦੇ ਅਤਿਆਚਾਰ ਨੂੰ ਸਹਿੰਦੇ ਹਨ, ਉਹ ਸੱਚਮੁੱਚ ਬਚਾਏ ਗਏ ਹਨ। ਉਹ ਧੀਰਜ ਨਾਲ ਸਹਿਣ ਕਰਨ ਦੁਆਰਾ ਮੁਕਤੀ ਪਾਉਂਦੇ ਜਾਂ ਇਸ ਨੂੰ ਕਾਇਮ ਨਹੀਂ ਰੱਖਦੇ ਹਨ। ਉਹ ਆਪਣੇ ਵਿਸ਼ਵਾਸ ਨੂੰ ਪ੍ਰਗਟ ਜਾਂ ਪ੍ਰਦਰਸ਼ਿਤ ਕਰਦੇ ਹਨ। ਬਚਾਉਣ ਵਾਲਾ ਵਿਸ਼ਵਾਸ ਪਸ਼ੂ ਦੀ ਉਪਾਸਨਾ ਕਰਨ ਅਤੇ ਉਸ ਦੀ ਵਫ਼ਾਦਾਰੀ ਦੇ ਨਿਸ਼ਾਨ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਨ ਵਾਲਾ ਬਣਾਉਂਦਾ ਹੈ। **ਜਿਹੜੇ ਲੋਕ ਬਿਪਤਾ ਦੇ ਅੰਤ ਤੱਕ ਪਸ਼ੂ ਦੀ ਉਪਾਸਨਾ ਤੋਂ ਇਨਕਾਰ ਕਰਦੇ ਹਨ, ਉਹ ਮਸੀਹ ਵਿੱਚ ਭਰੋਸਾ ਕਰਕੇ ਮੁਕਤੀ ਪ੍ਰਾਪਤ ਕਰਦੇ ਹਨ।** ਮਸੀਹ ਉੱਤੇ ਭਰੋਸਾ ਕਰਨ ਅਤੇ ਮਸੀਹ-ਵਿਰੋਧੀ ਨੂੰ ਰੱਦ ਕਰਨ ਦੀ ਚੋਣ ਦੇ ਕਾਰਨ, ਉਹਨਾਂ ਨੂੰ ਬਹੁਤ ਦੁੱਖ ਝੱਲਣਾ ਪਿਆ, ਪਰ ਉਹਨਾਂ ਨੇ ਮੁਕਤੀ ਨੂੰ ਵੀ ਪ੍ਰਾਪਤ ਕੀਤਾ ਹੈ। ਜਿਹੜੇ ਲੋਕ ਮਸੀਹ ਵਿੱਚ ਵਿਸ਼ਵਾਸ ਦੀ ਚੋਣ ਕਰਦੇ ਹਨ, ਉਹ ਦੁੱਖ ਅਤੇ ਸੰਭਾਵਿਤ ਮੌਤ ਨੂੰ ਸਹਿਣ ਕਰਨਗੇ, ਪਰ ਆਪਣੀ ਇਸ ਚੋਣ ਦੁਆਰਾ ਉਹ ਜੀਵਨ ਨੂੰ ਵੀ ਪ੍ਰਾਪਤ ਕਰਨਗੇ। ਜਿਹੜੇ ਲੋਕ ਪਸ਼ੂ ਦੀ ਉਪਾਸਨਾ ਕਰਨ ਅਤੇ ਉਸ ਦੇ ਨਿਸ਼ਾਨ ਨੂੰ ਸਵੀਕਾਰ ਕਰਨ ਦੀ ਚੋਣ ਕਰਦੇ ਹਨ, ਉਹ ਮੁਕਤੀ ਨੂੰ ਨਹੀਂ ਗੁਆਉਂਦੇ ਹਨ, ਪਰ ਇਹ ਦਰਸਾਉਂਦੇ ਹਨ ਕਿ ਉਹਨਾਂ ਨੂੰ **ਕਦੇ ਮੁਕਤੀ ਮਿਲੀ ਹੀ ਨਹੀਂ ਸੀ।** ਅਸੀਂ ਯਿਸੂ ਦੇ ਸ਼ਬਦਾਂ ਦੀ ਵਿਆਖਿਆ ਇਸ ਤਰ੍ਹਾਂ ਕਰ ਸਕਦੇ ਹਾਂ: "ਜਿਹੜੇ ਮਸੀਹ-ਵਿਰੋਧੀ ਦੇ ਵਿਰੁੱਧ ਵਿੱਚ ਅੰਤ ਤੱਕ ਧੀਰਜ ਰੱਖਣਗੇ, ਉਹ ਬਚਾਏ ਗਏ ਹਨ।" ਇਹ ਵੀ ਕਿਹਾ ਜਾ ਸਕਦਾ ਹੈ ਕਿ "ਜਿਹੜਾ ਬਚਾਇਆ ਗਿਆ ਹੈ ਉਹ ਅੰਤ ਤੱਕ ਬਣਿਆ ਰਹੇਗਾ।" ਇਹ ਦੋਵੇਂ ਬਿਆਨ ਇੱਕ ਹੀ ਸੱਚਾਈ ਨੂੰ ਦਰਸਾਉਂਦੇ ਹਨ, ਪਰ ਇੱਕ ਵੱਖਰੇ ਤੱਥ ਉੱਤੇ ਜ਼ੋਰ ਦੇ ਰਹੇ ਹਨ। ਇਸ ਵਿੱਚ ਇਸ ਸੱਚਾਈ ਉੱਤੇ ਜ਼ੋਰ ਦਿੱਤਾ ਗਿਆ ਹੈ ਕਿ ਹਰੇਕ ਸੱਚਾ ਵਿਸ਼ਵਾਸੀ ਮਸੀਹ ਵਿਰੋਧੀ ਨੂੰ ਰੱਦ ਕਰੇਗਾ ਅਤੇ ਆਪਣੀ ਇਸ ਚੋਣ ਦੇ ਲਈ ਦੁੱਖ ਝੱਲੇਗਾ। ਇਸ ਦੀ ਬਜਾਏ, ਮਸੀਹ ਸਕਾਰਾਤਮਕ ਗੱਲ ਉੱਤੇ ਜ਼ੋਰ ਦੇਣਾ ਚਾਹੁੰਦੇ ਸਨ। ਉਹ ਲੋਕ ਮਸੀਹ ਨੂੰ (ਮਸੀਹ-ਵਿਰੋਧੀ ਨੂੰ ਨਹੀਂ) ਸਵੀਕਾਰ ਕਰਨ ਦੀ ਆਪਣੀ ਚੋਣ ਦੁਆਰਾ ਮੁਕਤੀ ਪ੍ਰਾਪਤ ਕਰਨਗੇ ਹਾਲਾਂਕਿ ਇਸ ਵਿੱਚ ਅਤਿਆਚਾਰ ਅਤੇ ਅਕਸਰ ਮੌਤ ਸ਼ਾਮਲ ਹੋਵੇਗੀ।

### 4. ਮੱਤੀ 25:30

(ਮੱਤੀ 8:11-12 ਵੀ ਦੇਖੋ)

> "ਇਸ ਨਿਕੰਮੇ ਸੇਵਕ ਨੂੰ ਬਾਹਰ ਹਨੇਰੇ ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 25:30]

ਇੱਥੇ ਅਸੀਂ ਇੱਕ ਨੌਕਰ ਨੂੰ ਬਾਹਰ ਹਨੇਰੇ ਵਿੱਚ ਸੁੱਟੇ ਜਾਣ ਬਾਰੇ ਦੇਖਦੇ ਹਾਂ। ਕੀ ਇਹ ਇੱਕ ਮਸੀਹੀ ਦੀ ਮੁਕਤੀ ਗੁਆਉਣ ਦੀ ਚੇਤਾਵਨੀ ਹੈ? ਕਲੀਸਿਯਾ ਰਸੂਲਾਂ ਦੇ ਕਰਤੱਬ 2 ਤੱਕ ਸ਼ੁਰੂ ਨਹੀਂ ਹੋਈ ਸੀ। ਹਾਲਾਂਕਿ ਪ੍ਰਭੂ ਦੀਆਂ ਬਹੁਤ ਸਾਰੀਆਂ ਸਿੱਖਿਆਵਾਂ ਕਲੀਸਿਯਾ ਦੀ ਸਥਾਪਨਾ ਤੋਂ ਬਾਅਦ ਬਾਰੇ ਸਨ, ਪਰ ਹੋਰ ਬਹੁਤ ਸਾਰੇ ਬਿਆਨ ਹਨ ਜੋ ਯਹੂਦੀਆਂ ਬਾਰੇ ਸਨ। ਇੱਕ ਅਰਥ ਵਿੱਚ ਸਾਰੇ ਯਹੂਦੀ ਪਰਮੇਸ਼ਰ

[77] ਇਹ ਬਿਪਤਾ ਤੋਂ ਪਹਿਲਾਂ ਵਿਸ਼ਵਾਸੀਆਂ ਦੇ ਉਠਾਏ ਜਾਣ (ਰੈਪਚਰ) ਨੂੰ ਮੰਨਦਾ ਹੈ। ਅਧਿਆਇ 12 ਵਿੱਚ ਅੰਤ ਦੇ ਸਮੇਂ ਦਾ ਸਿਧਾਂਤ ਦੇਖੋ।

ਦੇ ਸੇਵਕ ਸਨ, ਪਰ ਸਾਰੇ ਯਹੂਦੀ ਬਚਾਏ ਨਹੀਂ ਗਏ ਸਨ। ਬਹੁਤ ਸਾਰਿਆਂ ਨੇ ਵਿਸ਼ਵਾਸ ਨਹੀਂ ਕੀਤਾ ਸੀ। ਇਸ ਤਰ੍ਹਾਂ, ਪਰਮੇਸ਼ਰ ਦੇ ਇੱਕ ਯਹੂਦੀ ਸੇਵਕ ਨੂੰ ਸਜ਼ਾ ਮਿਲ ਸਕਦੀ ਸੀ। ਪਰ, ਇਹ ਵਿਸ਼ਵਾਸੀ ਦੇ ਮਸੀਹ ਵਿੱਚ ਮੁਕਤੀ ਗੁਆਉਣ ਦੀ ਉਦਾਹਰਣ ਨਹੀਂ ਹੋਵੇਗੀ। ਮੱਤੀ 8:12 ਦਾ ਸੰਦਰਭ ਇਹ ਸਾਬਤ ਕਰਦਾ ਹੈ ਕਿ ਪ੍ਰਭੂ ਦੇ ਮਨ ਵਿੱਚ ਇਸਰਾਏਲ ਦੇ ਅਵਿਸ਼ਵਾਸੀ ਲੋਕ ਸਨ।

**5. ਯੂਹੰਨਾ 15:1-8**

> "ਮੈਂ ਅੰਗੂਰ ਦੀ ਸੱਚੀ ਵੇਲ ਹਾਂ ਅਤੇ ਮੇਰੇ ਪਿਤਾ ਮਾਲੀ ਹਨ। ਹਰ ਟਹਿਣੀ ਜਿਹੜੀ ਮੇਰੇ ਵਿੱਚ ਫਲ ਨਹੀਂ ਦਿੰਦੀ ਉਹ ਉਸ ਨੂੰ ਕੱਟ ਦਿੰਦੇ ਹਨ ਅਤੇ ਜਿਹੜੀ ਫਲ ਦਿੰਦੀ ਹੈ, ਉਸ ਨੂੰ ਛਾਂਟਦੇ ਹਨ ਕਿ ਉਹ ਹੋਰ ਜ਼ਿਆਦਾ ਫਲ ਦੇਵੇ। ਤੁਸੀਂ ਉਸ ਵਚਨ ਦੇ ਕਾਰਨ ਜਿਹੜਾ ਮੈਂ ਤੁਹਾਨੂੰ ਕਹਿ ਚੁੱਕਾ ਹਾਂ, ਪਹਿਲਾਂ ਹੀ ਸ਼ੁੱਧ ਹੋ ਚੁੱਕੇ ਹੋ। ਮੇਰੇ ਵਿੱਚ ਬਣੇ ਰਹੋ ਜਿਸ ਤਰ੍ਹਾਂ ਮੈਂ ਤੁਹਾਡੇ ਵਿੱਚ ਹਾਂ। ਜਿਸ ਤਰ੍ਹਾਂ ਟਹਿਣੀ ਜੇਕਰ ਵੇਲ ਵਿੱਚ ਨਾ ਬਣੀ ਰਹੇ ਤਾਂ ਉਹ ਫਲ ਨਹੀਂ ਦੇ ਸਕਦੀ, ਉਸੇ ਤਰ੍ਹਾਂ ਜੇਕਰ ਤੁਸੀਂ ਮੇਰੇ ਵਿੱਚ ਨਾ ਬਣੇ ਰਹੋ ਤਾਂ ਫਲ ਨਹੀਂ ਦੇ ਸਕਦੇ। ਮੈਂ ਅੰਗੂਰ ਦੀ ਵੇਲ ਹਾਂ ਅਤੇ ਤੁਸੀਂ ਟਹਿਣੀਆਂ ਹੋ। ਜਿਹੜਾ ਮੇਰੇ ਵਿੱਚ ਬਣਿਆ ਰਹਿੰਦਾ ਹੈ, ਮੈਂ ਉਸ ਵਿੱਚ ਰਹਿੰਦਾ ਹਾਂ ਅਤੇ ਉਹ ਬਹੁਤ ਫਲ ਦਿੰਦਾ ਹੈ। ਮੇਰੇ ਤੋਂ ਵੱਖ ਹੋ ਕੇ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਜੇਕਰ ਕੋਈ ਮੇਰੇ ਵਿੱਚ ਬਣਿਆ ਨਹੀਂ ਰਹਿੰਦਾ ਤਾਂ ਉਹ ਸੁੱਕੀ ਟਹਿਣੀ ਦੀ ਤਰ੍ਹਾਂ ਸੁੱਟ ਦਿੱਤਾ ਜਾਂਦਾ ਹੈ। ਫਿਰ ਲੋਕ ਸੁੱਕੀਆਂ ਟਹਿਣੀਆਂ ਨੂੰ ਇਕੱਠਾ ਕਰ ਕੇ ਅੱਗ ਵਿੱਚ ਸੁੱਟ ਦਿੰਦੇ ਹਨ ਅਤੇ ਉਹਨਾਂ ਨੂੰ ਸਾੜ ਦਿੰਦੇ ਹਨ। ਜੇਕਰ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰੇ ਵਚਨ ਤੁਹਾਡੇ ਵਿੱਚ ਬਣੇ ਰਹਿਣ ਤਾਂ ਤੁਸੀਂ ਜੋ ਕੁਝ ਵੀ ਚਾਹੋ ਅਤੇ ਮੰਗੋ, ਤੁਹਾਡੇ ਲਈ ਹੋ ਜਾਵੇਗਾ। ਮੇਰੇ ਪਿਤਾ ਦੀ ਵਡਿਆਈ ਇਸੇ ਵਿੱਚ ਹੈ ਕਿ ਤੁਸੀਂ ਬਹੁਤਾ ਫਲ ਦੇਵੋ ਅਤੇ ਇਸ ਤਰ੍ਹਾਂ ਤੁਸੀਂ ਮੇਰੇ ਚੇਲੇ ਹੋਵੋਗੇ।" [ਯੂਹੰਨਾ 15:1-8]

ਯੂਹੰਨਾ 15 ਵਿੱਚ ਕੱਟੀ ਅਤੇ ਸੁੱਟੀ ਟਹਿਣੀ ਨੂੰ ਅਕਸਰ ਇੱਕ ਵਿਸ਼ਵਾਸੀ ਮੰਨਿਆ ਗਿਆ ਹੈ ਜੋ ਮੁਕਤੀ ਗੁਆ ਲੈਂਦਾ ਹੈ। ਪਰ ਇਸ ਤੋਂ ਇਲਾਵਾ ਹੋਰ ਵਿਚਾਰ ਵੀ ਹਨ, ਜੋ ਇਸ ਭਾਗ ਦੀ ਇਸ ਤਰ੍ਹਾਂ ਵਿਆਖਿਆ ਕਰਦੇ ਹਨ ਜੋ ਸਦੀਪਕ ਸੁਰੱਖਿਆ ਦੇ ਵਿਚਾਰ ਨੂੰ ਬਣਾਈ ਰੱਖਦੇ ਹਨ। ਇਹ ਰਸੂਲਾਂ ਦੇ ਸਮੂਹ ਵਿੱਚੋਂ ਯਹੂਦਾ ਦੇ ਬਾਹਰ ਜਾਣ ਦੀ ਵਿਆਖਿਆ ਹੋ ਸਕਦੀ ਹੈ, ਜਾਂ ਫਿਰ ਇਹ ਇਸ ਜੀਵਨ ਵਿੱਚ ਇੱਕ ਵਿਸ਼ਵਾਸੀ ਦੀ ਤਾੜਨਾ ਬਾਰੇ ਚੇਤਾਵਨੀ ਹੋ ਸਕਦੀ ਹੈ।

### a. ਯਹੂਦਾ, ਇੱਕ ਕੱਟੀ ਹੋਈ ਟਹਿਣੀ

ਸ਼ਾਇਦ ਯੂਹੰਨਾ 15 ਮੂਲ ਸਰੋਤਿਆਂ ਨੂੰ ਦੇ ਲਈ ਸੀ। ਟੁੱਟੀ ਹੋਈ ਅਤੇ ਸੁੱਟੀ ਹੋਈ ਟਹਿਣੀ ਉਸੇ ਸ਼ਾਮ ਯਹੂਦਾ ਦੇ ਜਾਣ ਬਾਰੇ ਦੱਸਦੀ ਹੈ (ਦੇਖੋ, ਯੂਹੰਨਾ13:26-30)। ਬਣੇ ਰਹਿਣਾ ਦੂਜੇ ਰਸੂਲਾਂ ਨੂੰ ਵਿਸ਼ਵਾਸ ਵਿੱਚ ਬਣੇ ਰਹਿਣ ਅਤੇ ਮਸੀਹ ਦੀ ਆਉਣ ਵਾਲੀ ਗ੍ਰਿਫਤਾਰੀ, ਮੁਕੱਦਮੇ, ਅਤੇ ਮੌਤ ਦੌਰਾਨ ਮਸੀਹ ਪ੍ਰਤੀ ਸੱਚੇ ਰਹਿਣ ਦਾ ਹੁਕਮ ਸੀ। ਹਾਲਾਂਕਿ, ਇਹ ਸਿੱਖਿਆ ਹਰ ਸਮੇਂ ਦੇ ਲਈ ਹੋ ਸਕਦੀ ਹੈ, ਪਰ ਫਿਰ ਵੀ ਇਹਨਾਂ ਦੇ ਸੰਦਰਭ ਦੇ ਕੁਝ ਸਬੂਤ ਇਹ ਸੰਕੇਤ ਦਿੰਦੇ ਹਨ ਕਿ ਪ੍ਰਭੂ ਦੀ ਸਿੱਖਿਆ ਮੁੱਖ ਤੌਰ ਤੇ ਉਪਰਲੇ ਕਮਰੇ ਦੇ ਉਹਨਾਂ ਲੋਕਾਂ ਦੇ ਲਈ ਹੈ ਜੋ ਕਮਰੇ ਤੋਂ ਬਾਹਰ ਨਿਕਲੇ ਸਨ ਅਤੇ ਬਾਗ਼ ਵੱਲ ਜਾ ਰਹੇ ਸਨ (ਦੇਖੋ, ਯੂਹੰਨਾ 14:31 ਅਤੇ 18:1)। ਇਸ ਦੌਰਾਨ, ਯਹੂਦਾ ਯਿਸੂ ਨੂੰ ਧੋਖਾ ਦੇ ਰਿਹਾ ਸੀ ਅਤੇ ਉਹ ਜਲਦੀ ਹੀ ਮਰ ਜਾਵੇਗਾ। ਹੇਠਾਂ ਦਿੱਤੇ ਵਚਨਾਂ ਤੋਂ ਬਹੁਤ ਸਾਰੇ ਸੰਕੇਤਾਂ ਉੱਤੇ ਵਿਚਾਰ ਕਰੋ ਕਿ ਪ੍ਰਭੂ ਮੁੱਖ ਤੌਰ ਉੱਤੇ ਰਸੂਲਾਂ ਬਾਰੇ ਗੱਲ ਕਰ ਰਹੇ ਹਨ:

> "ਪਰ ਸਹਾਇੱਕ, ਪਵਿੱਤਰ ਆਤਮਾ ਜਿਸ ਨੂੰ ਪਿਤਾ ਮੇਰੇ ਨਾਮ ਵਿੱਚ ਭੇਜਣਗੇ, ਉਹ ਤੁਹਾਨੂੰ ਇਹ ਸਾਰੀਆਂ ਗੱਲਾਂ ਸਿਖਾਵੇਗਾ ਅਤੇ ਇਹ ਸਭ ਕੁਝ ਜੋ ਮੈਂ ਤੁਹਾਨੂੰ ਕਿਹਾ ਹੈ ਯਾਦ ਕਰਵਾਏਗਾ।" [ਯੂਹੰਨਾ 14:26]
>
> "ਤੁਸੀਂ ਵੀ ਮੇਰੀ ਗਵਾਹੀ ਦੇਵੋਗੇ ਕਿਉਂਕਿ ਤੁਸੀਂ ਮੇਰੇ ਨਾਲ ਸ਼ੁਰੂ ਤੋਂ ਹੋ।" [ਯੂਹੰਨਾ 15:27]
>
> "ਉਹ ਤੁਹਾਨੂੰ ਪ੍ਰਾਰਥਨਾ ਘਰਾਂ ਵਿੱਚੋਂ ਕੱਢ ਦੇਣਗੇ..." [ਯੂਹੰਨਾ 16:2]
>
> "...ਮੈਂ ਤੁਹਾਨੂੰ ਸ਼ੁਰੂ ਤੋਂ ਇਹ ਗੱਲਾਂ ਨਹੀਂ ਦੱਸੀਆਂ ਕਿਉਂਕਿ ਮੈਂ ਤੁਹਾਡੇ ਨਾਲ ਸੀ।" [ਯੂਹੰਨਾ 16:4b]
>
> "ਮੈਂ ਤੁਹਾਨੂੰ ਹੋਰ ਵੀ ਬਹੁਤ ਕੁਝ ਕਹਿਣਾ ਹੈ ਪਰ ਇਸ ਵੇਲੇ ਉਸ ਨੂੰ ਸਹਿਣ ਦੀ ਸਮਰੱਥਾ ਤੁਹਾਡੇ ਵਿੱਚ ਨਹੀਂ ਹੈ।" [ਯੂਹੰਨਾ 16:12]
>
> "ਮੈਂ ਕੇਵਲ ਇਹਨਾਂ ਦੇ ਲਈ ਹੀ ਪ੍ਰਾਰਥਨਾ ਨਹੀਂ ਕਰਦਾ ਸਗੋਂ ਉਹਨਾਂ ਸਾਰਿਆਂ ਦੇ ਲਈ ਵੀ ਜਿਹੜੇ ਉਹਨਾਂ ਦੇ ਸੰਦੇਸ਼ ਦੇ ਦੁਆਰਾ ਮੇਰੇ ਵਿੱਚ ਵਿਸ਼ਵਾਸ ਕਰਨਗੇ" [ਯੂਹੰਨਾ 17:20]

ਉਪਰਲੇ ਕਮਰੇ ਦਾ ਉਪਦੇਸ਼ ਮੁੱਖ ਤੌਰ ਤੇ ਸ਼ਾਇਦ ਚੇਲਿਆਂ ਨੂੰ ਦਿੱਤਾ ਗਿਆ ਹੈ। ਅੱਜ ਦਾ ਕੋਈ ਵੀ ਮਸੀਹੀ "ਸ਼ੁਰੂ ਤੋਂ" ਪ੍ਰਭੂ ਦੇ ਨਾਲ ਨਹੀਂ ਸੀ (ਯੂਹੰਨਾ 15:27 ਜਾਂ 16:4)। ਯੂਹੰਨਾ 17:20 ਵੀ, ਜਿਸ ਵਿੱਚ ਆਉਣ ਵਾਲੀਆਂ ਉਹਨਾਂ ਪੀੜ੍ਹੀਆਂ ਦਾ ਜ਼ਿਕਰ ਕਰਦਾ ਹੈ ਜੋ ਰਸੂਲਾਂ ਦੇ ਸੰਦੇਸ਼ ਦੇ ਕਾਰਨ ਮਸੀਹ ਵਿੱਚ ਵਿਸ਼ਵਾਸ ਕਰਨਗੀਆਂ, ਇਹ ਇਸ ਵਿਚਾਰ ਨੂੰ ਮਜ਼ਬੂਤ ਕਰਦਾ ਹੈ ਕਿ ਪ੍ਰਭੂ ਦੀਆਂ ਸਿੱਖਿਆਵਾਂ ਮੁੱਖ ਤੌਰ ਤੇ ਰਸੂਲਾਂ ਦੇ ਲਈ ਹੀ ਹਨ। ਜੇਕਰ ਅਸੀਂ ਯੂਹੰਨਾ 15 ਨੂੰ ਮੁੱਖ ਤੌਰ ਤੇ ਰਸੂਲਾਂ ਨਾਲ ਸੰਬੰਧਿਤ ਮੰਨਦੇ ਹਾਂ, ਤਾਂ ਪ੍ਰਭੂ ਯਹੂਦਾ ਦੇ ਛੱਡ ਕੇ ਜਾਣ ਬਾਰੇ ਗੱਲ ਕਰ

ਰਹੇ ਸਨ ਅਤੇ ਉਹ ਬਾਕੀ ਰਸੂਲਾਂ ਨੂੰ ਹੁਕਮ ਦੇ ਰਹੇ ਸਨ ਕਿ ਉਹ ਥੋੜ੍ਹੇ ਸਮੇਂ ਬਾਅਦ ਆਉਣ ਵਾਲੇ ਹਨੇਰੇ ਦੇ ਦਿਨਾਂ ਵਿੱਚ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਣ।

ਯੂਹੰਨਾ 15:2 ਵਿੱਚ ਫਲ ਨਾ ਦੇਣ ਵਾਲੀ ਟਹਿਣੀ ਦੀ ਗੱਲ ਕੀਤੀ ਗਈ ਹੈ ਜਿਸ ਨੂੰ ਕੱਟ ਦਿੱਤਾ ਜਾਂਦਾ ਹੈ।[78] ਹਾਲਾਂਕਿ ਇਹ ਦਿੱਖਣ ਵਿੱਚ ਤਾਂ ਵੇਲ ਨਾਲ ਜੁੜੀ ਹੋਈ ਹੈ (ਜਿਵੇਂ ਕਿ ਬਾਹਰੋਂ ਯਹੂਦਾ ਮਸੀਹ ਨਾਲ ਸੰਬੰਧ ਵਿੱਚ ਜੁੜਿਆ ਹੋਇਆ ਦਿਖਾਈ ਦੇ ਰਿਹਾ ਸੀ), ਪਰ ਅੰਦਰੋਂ ਜੀਵਨ ਦਾ ਕੋਈ ਅਦਾਨ-ਪ੍ਰਦਾਨ ਨਹੀਂ ਹੁੰਦਾ ਸੀ। ਵੇਲ ਤੋਂ ਇਸ ਮਰੀ ਹੋਈ ਟਹਿਣੀ ਤੱਕ ਜੀਵਨ ਨਹੀਂ ਵਹਿੰਦਾ ਹੈ। ਇਸ ਲਈ, ਪਰਮੇਸ਼ਰ ਇਸ ਨੂੰ ਕੱਟ ਦਿੰਦੇ ਹਨ। ਹਾਲਾਂਕਿ ਯਹੂਦਾ ਬਾਹਰੋਂ ਮਸੀਹ ਨਾਲ ਜੁੜਿਆ ਹੋਇਆ ਸੀ, ਪਰ ਉਸ ਨੇ ਕਦੇ ਵੀ ਮਸੀਹ ਤੋਂ ਜੀਵਨ ਨੂੰ ਸੋਖਿਆ ਨਹੀਂ ਸੀ। ਉਹ ਇੱਕ ਅਜਿਹੇ ਵਿਸ਼ਵਾਸੀ ਦੀ ਉਦਾਹਰਣ ਨਹੀਂ ਹੈ ਜੋ ਮੁਕਤੀ ਨੂੰ ਗੁਆ ਦਿੰਦਾ ਹੈ। ਉਹ ਉਸ ਵਿਅਕਤੀ ਦੀ ਉਦਾਹਰਣ ਹੈ ਜੋ ਬਾਹਰੋਂ ਮਸੀਹਤ ਨਾਲ ਜੁੜਿਆ ਹੋਇਆ ਸੀ, ਪਰ ਉਸ ਵਿੱਚ ਕੋਈ ਅੰਦਰੂਨੀ ਜੀਵਨ ਨਹੀਂ ਸੀ। ਆਇਤ 2 ਚੇਲਿਆਂ ਨੂੰ ਕਹਿੰਦੀ ਹੈ ਕਿ ਫਲ ਨਾ ਦੇਣ ਵਾਲੇ ਅਤੇ ਮਰੇ ਹੋਏ ਯਹੂਦਾ ਨੂੰ ਹੁਣੇ-ਹੁਣੇ ਮਸੀਹ ਨਾਲ ਸਾਰੇ ਸੰਬੰਧਾਂ ਤੋਂ ਹਟਾ ਦਿੱਤਾ ਗਿਆ ਹੈ। ਉਹ ਛੇਤੀ ਹੀ ਮੌਤ ਦੇ ਵੱਸ ਵਿੱਚ ਹੋਵੇਗਾ।

ਬਾਕੀ ਦੇ ਚੇਲੇ ਉਹਨਾਂ ਟਹਿਣੀਆਂ ਵਰਗੇ ਹਨ ਜਿਹਨਾਂ ਵਿੱਚ ਕੁਝ ਫਲ ਲੱਗਦੇ ਹਨ। ਇੱਕ ਬਾਹਰੀ ਸੰਬੰਧ ਤੋਂ ਇਲਾਵਾ, ਉਹਨਾਂ ਦਾ ਪ੍ਰਭੂ ਯਿਸੂ ਨਾਲ ਇੱਕ ਅੰਦਰੂਨੀ ਸੰਬੰਧ (ਸੰਗਤੀ) ਵੀ ਹੈ। ਮਸੀਹ ਤੋਂ ਉਹਨਾਂ ਤੱਕ ਜੀਵਨ ਵਹਿੰਦਾ ਹੈ। ਉਹ ਛਾਂਟੀ (ਦੁੱਖਾਂ ਅਤੇ ਤਾੜਨਾ) ਦੀ ਉਮੀਦ ਕਰ ਸਕਦੇ ਹਨ ਜੋ ਉਹਨਾਂ ਵਿੱਚ ਵਧੇਰੇ ਫਲ ਪੈਦਾ ਕਰੇਗੀ।

ਯੂਹੰਨਾ 15:4 ਵਿੱਚ ਯਿਸੂ ਬਾਕੀ ਰਸੂਲਾਂ ਨੂੰ ਉਸ ਵਿੱਚ "ਬਣੇ ਰਹਿਣ" ਦਾ ਹੁਕਮ ਦਿੰਦੇ ਹਨ। "ਬਣੇ ਰਹਿਣ" ਦੇ ਹੁਕਮ ਵਿੱਚ ਇੱਕ ਅਜਿਹਾ ਸੱਦਾ ਵੀ ਸ਼ਾਮਲ ਹੈ ਕਿ ਉਹ ਪ੍ਰਭੂ ਦੇ ਸਾਰੇ ਹੁਕਮਾਂ ਨੂੰ ਮੰਨਣ ਦੇ ਲਈ ਉਹਨਾਂ ਨਾਲ ਡੂੰਘਾ ਸੰਬੰਧ ਬਣਾਉਣ। ਇਹ ਵੇਲ ਤੋਂ ਜ਼ਿਆਦਾ ਆਤਮਿਕ ਜੀਵਨ ਨੂੰ ਸੋਖਣ ਦਾ ਹੁਕਮ ਹੈ। 1 ਯੂਹੰਨਾ 3:24 ਵਿੱਚ ਬਣੇ ਰਹਿਣ ਦੀ ਇਹੀ ਪਰਿਭਾਸ਼ਾ ਦਿੱਤੀ ਗਈ ਹੈ। ਬਣੇ ਰਹਿਣ ਦੇ ਹੁਕਮ ਵਿੱਚ ਮੁਕਤੀ ਦੇ ਵਿਸ਼ੇ ਤੋਂ ਵੱਧ ਕੇ ਸ਼ਾਮਲ ਹੈ ਅਤੇ ਇਸ ਵਿੱਚ ਆਗਿਆਕਾਰੀ ਵੀ ਸ਼ਾਮਲ ਹੈ (ਦੇਖੋ, ਯੂਹੰਨਾ 15:5, 10)। ਪਰ, ਬਣੇ ਰਹਿਣ ਦੇ ਹੁਕਮ ਵਿੱਚ ਮੁਕਤੀ ਦੇ ਵਿਸ਼ੇ ਤੋਂ ਕੁਝ ਘੱਟ ਵੀ ਸ਼ਾਮਲ ਨਹੀਂ ਹੈ।[79] ਜਦੋਂ ਕਿ ਯਿਸੂ ਮਸੀਹ ਆਪਣੇ ਰਸੂਲਾਂ ਨੂੰ ਉਹਨਾਂ ਦੇ ਹੁਕਮਾਂ ਦੀ ਪਾਲਣਾ ਕਰਨ ਦੇ ਲਈ ਕਹਿ ਰਹੇ ਹਨ, ਪਰ ਉਹ ਉਹਨਾਂ ਨੂੰ ਐਖੇ ਸਮਿਆਂ ਦੌਰਾਨ ਵਿਸ਼ਵਾਸ ਵਿੱਚ ਬਣੇ ਰਹਿਣ ਦੇ ਲਈ ਵੀ ਕਹਿ ਰਹੇ ਹਨ।

ਜਿਸ ਨੇ ਸਦੀਪਕ ਸੁਰੱਖਿਆ ਦੇ ਵਿਚਾਰ ਨੂੰ ਸਵੀਕਾਰ ਕੀਤਾ ਹੈ, ਉਹ ਅਜਿਹਾ ਕਿਉਂ ਸੋਚੇਗਾ ਕਿ ਕਿ ਯਿਸੂ ਨੂੰ ਰਸੂਲਾਂ ਨੂੰ ਵਿਸ਼ਵਾਸ ਵਿੱਚ ਬਣੇ ਰਹਿਣ ਦੇ ਲਈ ਕਹਿਣ ਦੀ ਲੋੜ ਪਈ? ਵਿਸ਼ਵਾਸੀਆਂ ਨੂੰ ਵਿਸ਼ਵਾਸ ਵਿੱਚ ਰੱਖਣ ਦੇ ਲਈ ਪਰਮੇਸ਼ਰ ਦੇ ਤਰੀਕਿਆਂ ਵਿੱਚੋਂ ਇੱਕ ਬਾਈਬਲ ਦੇ ਹੁਕਮਾਂ ਅਨੁਸਾਰ ਵਿਸ਼ਵਾਸ ਵਿੱਚ ਬਣੇ ਰਹਿਣਾ ਹੈ (1 ਪਤਰਸ 1:4-5)। ਇੱਕ ਕਾਲਪਨਿਕ ਅਰਥ ਵਿੱਚ, ਜੇਕਰ ਇੱਕ ਵਿਸ਼ਵਾਸੀ ਨੂੰ ਵਿਸ਼ਵਾਸ ਵਿੱਚ ਬਣਾਏ ਰੱਖਣਾ ਪਰਮੇਸ਼ਰ ਦਾ ਕੰਮ ਨਹੀਂ ਹੁੰਦਾ, ਤਾਂ ਇੱਕ ਵਿਅਕਤੀ ਵਿਸ਼ਵਾਸ ਅਤੇ ਇਸ ਦੇ ਨਾਲ ਮੁਕਤੀ ਨੂੰ ਗੁਆ ਸਕਦਾ ਹੈ। ਜੇਕਰ ਇਹ ਯੂਹੰਨਾ 15 ਵਿੱਚ ਯਿਸੂ ਦੀ ਦਿਆਲੂ ਚੇਤਾਵਨੀ ਅਤੇ ਆਦੇਸ਼ ਨਹੀਂ ਹੁੰਦਾ, ਤਾਂ ਸ਼ਾਇਦ ਰਸੂਲਾਂ ਨੇ ਇਸ ਮੁਸ਼ਕਲ ਸਮੇਂ ਦੌਰਾਨ ਆਪਣਾ ਵਿਸ਼ਵਾਸ ਛੱਡ ਦਿੱਤਾ ਹੁੰਦਾ। ਪਰ, ਪ੍ਰਭੂ ਨੇ ਅਜਿਹਾ ਨਾ ਹੋਣ ਦੇ ਕੇ ਉਹਨਾਂ ਨੂੰ ਸੁਰੱਖਿਅਤ ਰੱਖਣ ਦਾ ਇਰਾਦਾ ਕੀਤਾ ਸੀ। ਚੇਲਿਆਂ ਦੇ ਲਈ ਵਿਸ਼ਵਾਸ ਵਿੱਚ ਬਣੇ ਰਹਿਣ ਦਾ ਹੁਕਮ ਹੀ ਪਰਮੇਸ਼ਰ ਦੇ ਉਸ ਤਰੀਕੇ ਨੂੰ ਦਰਸਾਉਂਦਾ ਹੈ ਜਿਸ ਦੁਆਰਾ ਉਹਨਾਂ ਨੇ ਇਹਨਾਂ ਆਦਮੀਆਂ ਨੂੰ ਉਸ ਮੁਸ਼ਕਲ ਰਾਤ ਵਿੱਚ, ਅਤੇ ਆਉਣ ਵਾਲੇ ਭਿਆਨਕ ਸਲੀਬ ਦੇ ਦਿਨ ਵਿਸ਼ਵਾਸ ਵਿੱਚ ਕਾਇਮ ਰੱਖਿਆ ਸੀ। ਕੀ ਯੂਹੰਨਾ

[78] ਵਾਕਾਂਸ਼ *ਮੇਰੇ ਵਿੱਚ* ਸ਼ਾਇਦ ਬਾਹਰੀ ਤੌਰ ਤੇ ਬਣੇ ਰਹਿਣ ਬਾਰੇ ਹੈ। ਮਸੀਹ ਵਿੱਚ ਦੋ ਤਰ੍ਹਾਂ ਦੀਆਂ ਟਹਿਣੀਆਂ ਸਨ। ਪਹਿਲੀ, ਉਹ ਮਰੀਆਂ ਹੋਈਆਂ ਟਹਿਣੀਆਂ ਜਿਹਨਾਂ ਦਾ ਕੋਈ ਅੰਦਰੂਨੀ ਸੰਬੰਧ ਅਤੇ ਜੀਵਨ ਨਹੀਂ ਸੀ। ਦੂਜੀ, ਉਹ ਫਲ ਵਾਲੀਆਂ ਟਹਿਣੀਆਂ ਸਨ ਜਿਹਨਾਂ ਦਾ ਅੰਦਰੋਂ ਇੱਕ ਜੀਵਤ ਸੰਬੰਧ ਹੁੰਦਾ ਸੀ। ਸਿਰਫ਼ ਦੂਜੀ ਸ਼੍ਰੇਣੀ ਦੇ ਲੋਕ ਹੀ ਬਣੇ ਰਹਿਣ ਦੇ ਹੁਕਮ ਦੀ ਪਾਲਣਾ ਕਰ ਸਕਦੇ ਹਨ। ਮਰੀਆਂ ਟਹਿਣੀਆਂ ਦਾ ਮਸੀਹਤ ਨਾਲ ਦਿਖਾਵੇ ਦਾ ਸੰਬੰਧ ਤਾਂ ਹੈ, ਪਰ ਕੋਈ ਜੀਵਨ ਨਹੀਂ ਹੈ। ਉਹ ਉਸ ਸੰਬੰਧ ਵਿੱਚ ਨਹੀਂ ਰਹਿ ਸਕਦੀਆਂ ਹਨ ਜੋ ਉਹਨਾਂ ਕੋਲ ਨਹੀਂ ਹੈ।

[79] 1 ਯੂਹੰਨਾ 4:15 ਵਿੱਚ, "ਉਸ ਵਿੱਚ ਬਣੇ ਰਹਿਣਾ" ਮੁਕਤੀ ਪਾਉਣ ਦੇ ਬਰਾਬਰ ਹੈ, ਜਿਵੇਂ ਸ਼ਾਇਦ 1 ਯੂਹੰਨਾ 2:6 ਵਿੱਚ ਵੀ ਹੈ (ਜਿੱਥੇ "ਬਣੇ ਰਹਿਣਾ" ਆਇਤ 5 ਵਿੱਚ "ਉਹਨਾਂ ਵਿੱਚ ਰਹਿਣਾ" ਹੈ)। 1 ਯੂਹੰਨਾ 3:24 *ਬਣੇ ਰਹਿਣ* ਦਾ ਅਰਥ ਪ੍ਰਭੂ ਦੇ ਹੁਕਮਾਂ ਨੂੰ ਮੰਨਣਾ ਹੈ। ਇਹ ਦੋਵੇਂ ਵਿਚਾਰ ਯੂਹੰਨਾ 15 ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ। ਪ੍ਰਭੂ ਯਿਸੂ ਅਵਿਸ਼ਵਾਸੀਆਂ ਨੂੰ ਮੁਕਤੀ ਪ੍ਰਾਪਤ ਕਰਨ ਦੇ ਲਈ ਨਹੀਂ ਕਹਿ ਰਹੇ ਹਨ (ਹਾਲਾਂਕਿ ਆਧੁਨਿਕ ਪ੍ਰਚਾਰਾਂ ਵਿੱਚ ਇਸ ਵਚਨ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ)। ਉਹ ਬਚਾਏ ਹੋਏ ਰਸੂਲਾਂ ਨੂੰ ਉਸ ਸੰਬੰਧ ਵਿੱਚ ਬਣੇ ਰਹਿਣ ਦਾ ਹੁਕਮ ਦੇ ਰਹੇ ਹਨ ਜਿਸ ਵਿੱਚ ਉਹ ਪਹਿਲਾਂ ਹੀ ਹਨ, ਜਿਵੇਂ ਕਿ, ਆਪਣੇ ਵਿਸ਼ਵਾਸ ਨੂੰ ਕਾਇਮ ਰਹਿਣਾ, ਅਤੇ ਹੁਕਮਾਂ ਦੀ ਪਾਲਣਾ ਕਰਨਾ। ਮੁੱਖ ਗੱਲ ਇਹ ਨਹੀਂ ਹੈ ਕਿ ਯਹੂਦਾ ਨੇ ਬਣੇ ਰਹਿਣਾ ਬੰਦ ਕਰ ਦਿੱਤਾ ਸੀ। ਸਿਰਫ਼ ਜੀਵਤ ਟਹਿਣੀ ਹੀ ਬਣੀ ਰਹਿ ਸਕਦੀ ਹੈ। ਉਹ ਵਿਸ਼ਵਾਸ ਅਤੇ ਆਗਿਆਕਾਰੀ ਵਿੱਚ ਕਾਇਮ ਰਹਿ ਕੇ ਬਣੀ ਰਹਿ ਸਕਦੀ ਹੈ। "ਮੇਰੇ ਵਿੱਚ" ਦੇ ਤਰ੍ਹਾਂ ਦੀਆਂ ਟਹਿਣੀਆਂ ਹਨ। ਉਹ ਜੋ ਜੁੜੀ ਦਿਖਾਈ ਦਿੰਦੀ ਹੈ ਪਰ ਫਲ ਨਹੀਂ ਦਿੰਦੀ ਹੈ, ਇਸ ਲਈ ਉਹ ਮਰੀ ਹੋਈ ਹੈ। ਉਹ ਟਹਿਣੀ ਜੋ ਜੁੜੀ ਹੋਈ ਹੈ, ਅਤੇ ਕੁਝ ਫਲ ਦਿੰਦੀ ਹੈ, ਉਹ ਜ਼ਿੰਦਾ ਹੈ। ਸਿਰਫ਼ ਜੀਵਤ ਟਹਿਣੀਆਂ ਦਾ ਵੇਲ ਨਾਲ ਮੇਲ ਹੁੰਦਾ ਹੈ ਜਿਸ ਵਿੱਚ ਉਹ ਬਣੀਆਂ ਰਹਿੰਦੀਆਂ ਹਨ ਅਤੇ ਹੋਰ ਵੱਧੀਆਂ ਹਨ।

16:1 ਵਿੱਚ ਪ੍ਰਭੂ ਦਾ ਇਹੋ ਅਰਥ ਨਹੀਂ ਸੀ? ਅੱਜ ਅਸੀਂ ਦੇਖਦੇ ਹਾਂ ਕਿ ਵਿਸ਼ਵਾਸ ਨੂੰ ਕਾਇਮ ਰੱਖਣ ਦਾ ਬਾਈਬਲ ਦਾ ਹੁਕਮ ਸਦੀਪਕ ਸੁਰੱਖਿਆ ਦੇ ਸਿਧਾਂਤ ਦੇ ਅਨੁਕੂਲ ਹੈ। ਮਸੀਹ ਵਿੱਚ ਵਿਸ਼ਵਾਸ ਵਿੱਚ ਬਣੇ ਰਹਿਣ ਦੇ ਹੁਕਮ ਇੱਕ ਅਜਿਹਾ ਸਾਧਨ ਹੈ ਜਿਸ ਦੀ ਵਰਤੋਂ ਪਰਮੇਸ਼ਰ ਵਿਸ਼ਵਾਸੀਆਂ ਨੂੰ ਸੁਰੱਖਿਅਤ ਰੱਖਣ ਦੇ ਲਈ ਕਰਦੇ ਹਨ। ਜਦੋਂ ਪ੍ਰਭੂ ਨੇ ਰਸੂਲਾਂ ਨੂੰ ਬਣੇ ਰਹਿਣ ਦਾ ਹੁਕਮ ਦਿੱਤਾ, ਤਾਂ ਉਹਨਾਂ ਨੇ ਵਿਸ਼ਵਾਸ ਵਿੱਚ ਬਣੇ ਰਹਿਣ ਅਤੇ ਹੁਕਮਾਂ ਨੂੰ ਮੰਨਣ ਦੇ ਦੋਵੇਂ ਵਿਚਾਰ ਸ਼ਾਮਲ ਕੀਤੇ ਸਨ।

ਇਹ ਹੁਕਮ ਅਸਲ ਵਿੱਚ ਯਹੂਦਾ ਜਾਂ ਉਸ ਵਰਗੇ ਲੋਕਾਂ ਨੂੰ ਨਹੀਂ ਦਿੱਤਾ ਗਿਆ ਸੀ। ਇੱਕ ਮਰੀ ਹੋਈ ਟਹਿਣੀ ਦੀ ਤਰ੍ਹਾਂ ਜੋ ਸਿਰਫ਼ ਵੇਲ ਨਾਲ ਜੁੜੀ ਹੋਈ ਸੀ, ਯਹੂਦਾ ਬਿਨਾਂ ਕਿਸੇ ਅੰਦੂਰਨੀ ਜੀਵਨ ਦੇ ਸਿਰਫ਼ ਬਾਹਰੋਂ ਯਿਸੂ ਨਾਲ ਜੁੜਿਆ ਹੋਇਆ ਸੀ। ਯਹੂਦਾ ਬਣਿਆ ਨਹੀਂ ਰਹੇਗਾ ਕਿਉਂਕਿ ਯਹੂਦਾ ਬਣਿਆ ਨਹੀਂ ਰਹਿ ਸਕਦਾ ਹੈ। ਕੋਈ ਵਿਅਕਤੀ ਉਸ ਚੀਜ਼ ਨੂੰ ਕਾਇਮ ਨਹੀਂ ਰੱਖ ਸਕਦਾ ਹੈ ਜੋ ਉਸ ਕੋਲ ਪਹਿਲਾਂ ਹੀ ਨਹੀਂ ਹੈ। ਯਹੂਦਾ ਮਸੀਹ ਵਿੱਚ ਬਣਿਆ ਨਹੀਂ ਰਹਿ ਸਕਦਾ ਸੀ ਕਿਉਂਕਿ ਉਹ ਉਸ ਵਿਸ਼ਵਾਸ ਵਿੱਚ ਕਾਇਮ ਨਹੀਂ ਰਹਿ ਸਕਦਾ ਸੀ ਜੋ ਉਸ ਵਿੱਚ ਕਦੇ ਸ਼ੁਰੂ ਨਹੀਂ ਹੋਇਆ ਸੀ। ਉਹ ਨਾ ਮਸੀਹ ਨਾਲ ਇੱਕ ਜੀਵਤ ਸੰਗਤ ਕਾਇਮ ਰੱਖ ਸਕਿਆ ਅਤੇ ਨਾ ਹੀ ਮਸੀਹ ਦੇ ਸਾਰੇ ਹੁਕਮਾਂ ਨੂੰ ਮੰਨ ਕੇ ਵਧੇਰੇ ਗੂੜ੍ਹੀ ਸੰਗਤ ਵਿੱਚ ਸ਼ਾਮਲ ਹੋ ਸਕਿਆ। ਯਹੂਦਾ ਉਹ ਮਰੀ ਹੋਈ ਟਹਿਣੀ ਹੈ ਜੋ ਅੱਗ ਵਿੱਚ ਸੁੱਟੀ ਗਈ ਹੈ।

ਅੱਜ ਯਹੂਦਾ ਅਜਿਹੇ ਵਿਅਕਤੀ ਦੀ ਉਦਾਹਰਣ ਦੇ ਸਕਦਾ ਹੈ ਜੋ ਬਾਹਰੋਂ ਤਾਂ ਮਸੀਹ ਨਾਲ ਜੁੜਿਆ ਹੋਇਆ ਹੈ, ਜਿਵੇਂ ਕਿ ਉਹ ਕਲੀਸਿਯਾ ਦਾ ਸਦੱਸ ਹੋ ਸਕਦਾ ਹੈ, ਪਰ ਫਿਰ ਵੀ ਉਸ ਵਿੱਚ ਵਿਸ਼ਵਾਸ ਨਾ ਹੋਵੇ। ਵਿਸ਼ਵਾਸ ਤੋਂ ਬਿਨਾਂ ਕੋਈ ਆਤਮਿਕ ਸੰਗਤ ਨਹੀਂ ਹੁੰਦੀ ਹੈ। ਅਜਿਹਾ ਵਿਅਕਤੀ ਬਣਿਆ ਨਹੀਂ ਰਹਿ ਸਕਦਾ ਹੈ ਕਿਉਂਕਿ ਉਹ ਉਸ ਰਿਸ਼ਤੇ ਨੂੰ ਜਾਰੀ ਨਹੀਂ ਰੱਖ ਸਕਦਾ ਹੈ ਜੋ ਉਸ ਨੇ ਅਜੇ ਸ਼ੁਰੂ ਹੀ ਨਹੀਂ ਕੀਤਾ ਹੈ। ਜਦੋਂ ਤੱਕ ਉਹ ਮਸੀਹ ਉੱਤੇ ਭਰੋਸਾ ਨਹੀਂ ਰੱਖਦਾ ਹੈ, ਉਦੋਂ ਤੱਕ ਉਹ ਯਕੀਨੀ ਤੌਰ ਤੇ ਪ੍ਰਭੂ ਦੇ ਹੁਕਮਾਂ ਨੂੰ ਮੰਨ ਕੇ ਉਸ ਰਿਸ਼ਤੇ ਨੂੰ ਗਹਿਰਾ ਨਹੀਂ ਕਰ ਸਕਦਾ ਹੈ। ਅੰਤ ਵਿੱਚ ਉਹ ਯਹੂਦਾ ਵਾਂਗ ਉਹਨਾਂ ਸਾਰੇ ਕਮਜ਼ੋਰ ਜੋੜਾਂ ਤੋਂ ਟੁੱਟ ਜਾਵੇਗਾ ਜੋ ਸਿਰਫ਼ ਮਸੀਹ ਨਾਲ ਜੁੜੇ ਪ੍ਰਤੀਤ ਹੁੰਦੇ ਹਨ ਅਤੇ ਬਲਦੀ ਅੱਗ ਵਿੱਚ ਸੁੱਟ ਦਿੱਤਾ ਜਾਵੇਗਾ।

ਯੂਹੰਨਾ 15 ਨੂੰ ਇਸ ਦੀ ਮੂਲ ਸਥਿਤੀ ਵਿੱਚ ਵਿਆਖਿਆ ਕਰਨ ਦੇ ਨਾਲ, ਅਸੀਂ ਇਹ ਪਾਇਆ ਹੈ ਕਿ ਇਸ ਵਚਨ ਨੂੰ ਇੱਕ ਸੱਚੇ ਮਸੀਹੀ ਨੂੰ ਦਰਸਾਉਣ ਦੀ ਲੋੜ ਨਹੀਂ ਹੈ ਜੋ ਮੁਕਤੀ ਗੁਆ ਲੈਂਦਾ ਹੈ। ਯਹੂਦਾ ਇੱਕ ਮਰੀ ਹੋਈ ਟਹਿਣੀ ਹੈ। ਉਸ ਨੇ ਮੁਕਤੀ ਨੂੰ ਗੁਆਇਆ ਨਹੀਂ ਸੀ, **ਉਸ ਨੂੰ ਕਦੇ ਵੀ ਮੁਕਤੀ ਨਹੀਂ ਮਿਲੀ ਸੀ**। ਅਜਿਹਾ ਨਹੀਂ ਸੀ ਕਿ ਉਹ ਮਸੀਹ ਵਿੱਚ ਬਣਿਆ ਨਹੀਂ ਰਿਹਾ ਅਤੇ ਫਿਰ ਉਹ ਮੁਕਤੀ ਗੁਆ ਬੈਠਾ। ਉਹ ਇਸ ਲਈ ਮਸੀਹ ਵਿੱਚ ਬਣਿਆ ਨਹੀਂ ਰਿਹਾ ਸੀ ਕਿਉਂਕਿ ਉਹ ਅਜਿਹੇ ਰਿਸ਼ਤੇ ਵਿੱਚ ਨਹੀਂ ਰਹਿ ਪਾਇਆ ਜੋ ਉਸ ਕੋਲ ਕਦੇ ਨਹੀਂ ਸੀ। ਯਹੂਦਾ ਉਹਨਾਂ ਸਾਰਿਆਂ ਦੇ ਲਈ ਇੱਕ ਚੇਤਾਵਨੀ ਹੈ ਜੋ ਮਸੀਹ ਦੀਆਂ ਗੱਲਾਂ ਨਾਲ ਬਾਹਰੀ ਤੌਰ ਤੇ ਜੁੜ ਜਾਂਦੇ ਹਨ, ਪਰ ਵਿਸ਼ਵਾਸ ਦੁਆਰਾ ਇੱਕ ਸੱਚੀ ਸੰਗਤ ਤੋਂ ਦੂਰ ਹੁੰਦੇ ਹਨ।

ਬਹੁਤ ਸਾਰੇ ਲੋਕ ਜੋ ਸਦੀਪਕ ਸੁਰੱਖਿਆ ਨੂੰ ਸਵੀਕਾਰ ਕਰਦੇ ਹਨ, ਉਹ ਯੂਹੰਨਾ 15 ਦੀ ਉੱਪਰ ਦਿੱਤੀ ਵਿਆਖਿਆ ਨਾਲ ਸਹਿਮਤ ਨਹੀਂ ਹੋਣਗੇ। ਉਹ ਇਹ ਚਾਉਣਗੇ ਕਿ ਅੱਗ ਸਦੀਪਕ ਸਜ਼ਾ ਦਾ ਹਵਾਲਾ ਨਾ ਹੋਵੇ। ਅਤੇ ਨਾ ਹੀ ਉਹ ਇਹ ਸਮਝਣਗੇ ਕਿ ਬਣੇ ਰਹਿਣ ਵਿੱਚ ਵਿਸ਼ਵਾਸ ਵਿੱਚ ਬਣੇ ਰਹਿਣ ਦਾ ਸੱਦਾ ਵੀ ਸ਼ਾਮਲ ਹੈ। ਉਹਨਾਂ ਦੇ ਲਈ, ਅੱਗ ਵਿਸ਼ਵਾਸੀ ਦੇ ਇਨਾਮਾਂ ਦੇ ਨੁਕਸਾਨ ਅਤੇ ਅਸਥਾਈ ਸੰਸਾਰਿਕ ਤਾੜਨਾ ਦੀ ਗੱਲ ਕਰਦੀ ਹੈ। ਬਣੇ ਰਹਿਣ ਦਾ ਸੱਦਾ ਡੂੰਘੀ ਅਤੇ ਪੂਰੀ ਆਗਿਆਕਾਰੀ ਦਾ ਸੱਦਾ ਹੈ ਜਿਸ ਦਾ ਵਿਸ਼ਵਾਸ ਵਿੱਚ ਕਾਇਮ ਰਹਿਣ ਨਾਲ ਕੋਈ ਸੰਬੰਧ ਨਹੀਂ ਹੈ। ਹਾਲਾਂਕਿ ਇਸ ਪੁਸਤਕ ਦਾ ਲੇਖਕ "ਯਹੂਦਾ ਵਾਲੇ ਵਿਚਾਰ" ਨੂੰ ਪਸੰਦ ਕਰਦਾ ਹੈ, ਪਰ ਇਹ ਦੂਜਾ ਵਿਚਾਰ ਵੀ ਸਤਿਕਾਰ ਦੇ ਯੋਗ ਹੈ।

### b. ਤਾੜਨਾ ਦੇਣ ਦੀ ਚੇਤਾਵਨੀ, ਅਤੇ ਇਨਾਮਾਂ ਦੇ ਨੁਕਸਾਨ ਦਾ ਵਿਚਾਰ

ਸ਼ਾਇਦ ਯੂਹੰਨਾ 15 "ਯਹੂਦਾ ਦੀ ਕਿਸਮ ਦੇ ਵਿਅਕਤੀ" ਦਾ ਜ਼ਿਕਰ ਨਹੀਂ ਕਰ ਰਿਹਾ ਹੈ ਜਿਸ ਦਾ ਮਸੀਹਤ ਨਾਲ ਸੰਬੰਧ ਹੈ, ਪਰ ਵਿਸ਼ਵਾਸ ਨਾ ਹੋਣ ਦੀ ਗੱਲ ਕਰ ਰਿਹਾ ਹੈ। ਜੇਕਰ ਮਸੀਹ ਦੇ ਇਹ ਸ਼ਬਦ ਸਿਰਫ਼ ਵਿਸ਼ਵਾਸੀਆਂ ਲਈ ਹਨ, ਤਾਂ ਉਹ ਵਿਸ਼ਵਾਸੀਆਂ ਨੂੰ ਆਗਿਆਕਾਰੀ ਅਤੇ ਪੂਰੀ ਵਫ਼ਾਦਾਰੀ ਦੇ ਜੀਵਨ ਵਿੱਚ ਬਣੇ ਰਹਿਣ ਲਈ ਚੇਤਾਵਨੀ ਦੇ ਰਹੇ ਹਨ। ਜਿਹੜੇ ਇਸ ਤੋਂ ਇਨਕਾਰ ਕਰਦੇ ਹਨ, ਉਹ ਤਾੜਨਾ ਨੂੰ ਸਹਿ ਸਕਦੇ ਹਨ, ਇਹ ਮੌਤ ਅਤੇ ਇਨਾਮਾਂ ਦਾ ਨੁਕਸਾਨ ਹੋ ਸਕਦਾ ਹੈ।

ਯੂਹੰਨਾ 15:2 "ਮੇਰੇ ਵਿੱਚ" ਬਣੇ ਰਹਿਣ ਵਾਲੇ ਲੋਕਾਂ ਬਾਰੇ ਗੱਲ ਕਰਦਾ ਹੈ ਜੋ ਫਲ ਨਹੀਂ ਦਿੰਦੇ ਹਨ ਅਤੇ ਉਹ ਜੋ ਥੋੜ੍ਹਾ ਫਲ ਦਿੰਦੇ ਹਨ।[80]

[80] "ਯਹੂਦਾ ਦੇ ਵਿਚਾਰ" ਦੇ ਉਲਟ, ਤਾੜਨਾ ਦਾ ਵਿਚਾਰ ਆਇਤ 2 ਦੀਆਂ ਦੋਵੇਂ ਕਿਸਮਾਂ ਦੀਆਂ ਟਹਿਣੀਆਂ ਦੀ ਵਿਆਖਿਆ ਇਸ ਤਰ੍ਹਾਂ ਕਰੇਗਾ ਕਿ ਦੋਵਾਂ ਨੂੰ ਬਚਾਇਆ ਗਿਆ ਹੈ। ਦੋਵਾਂ ਦੀ ਅੰਦਰੂਨੀ ਆਤਮਿਕ ਸੰਗਤ ਹੋਵੇਗੀ। "ਮੇਰੇ ਵਿੱਚ" ਕੁਝ ਅਜਿਹੀਆਂ ਟਹਿਣੀਆਂ ਹੋਣਗੀਆਂ ਜੋ ਬਚਾਈਆਂ ਗਈਆਂ ਹਨ, ਪਰ ਫਲ ਨਹੀਂ ਦਿੰਦੀਆਂ ਹਨ ਅਤੇ ਕੁਝ ਅਜਿਹੀਆਂ ਬਚਾਈਆਂ ਹੋਇਆ ਹਨ ਜੋ ਫਲ ਦਿੰਦੀਆਂ ਹਨ। ਹਾਲਾਂਕਿ, "ਯਹੂਦਾ ਵਿਚਾਰ" ਦੀ ਤਰ੍ਹਾਂ, ਆਇਤ 2 ਵਿੱਚ *ਮੇਰੇ ਵਿੱਚ* ਵਾਕਾਂਸ਼ ਬਣੇ ਰਹਿਣ ਦੇ ਸਮਾਨ ਨਹੀਂ ਹੋਵੇਗਾ। ਇਹ ਅਜੇ ਵੀ ਇਹ ਗੱਲ ਕਹੇਗਾ ਕਿ ਜੋ "ਮੇਰੇ ਵਿੱਚ" ਹਨ ਉਹ ਬਣੇ ਨਹੀਂ ਰਹਿਣਗੇ, ਜਿਵੇਂ ਕਿ, ਉਹ ਮੇਰੀ ਆਗਿਆ ਦੀ ਪਾਲਣਾ ਨਹੀਂ ਕਰਨਗੇ।

ਜਿਹੜੇ ਮਸੀਹੀ ਲੋਕ ਫਲ ਤੋਂ ਵਾਂਝੇ ਹਨ, ਉਹਨਾਂ ਨੂੰ ਸਰੀਰਕ ਮੌਤ ਦੁਆਰਾ ਇਸ ਸੰਸਾਰ ਤੋਂ ਦੂਰ ਕੀਤਾ ਜਾ ਸਕਦਾ ਹੈ (ਦੇਖੋ, 1 ਕੁਰਿੰਥ 11:30)। ਉਹ ਮਸੀਹੀ ਜਿਹੜੇ ਯਿਸੂ ਮਸੀਹ ਦੇ ਲਈ ਕੁਝ ਫਲ ਪੈਦਾ ਕਰਦੇ ਹਨ, ਉਹ ਹੋਰ ਫਲ ਦੇਣ ਦੇ ਲਈ ਮੁਸ਼ਕਲਾਂ (ਛਾਂਟੀ) ਦੀ ਉਮੀਦ ਕਰ ਸਕਦੇ ਹਨ।

ਆਇਤ 4 ਵਿੱਚ ਬਣੇ ਰਹਿਣ ਦਾ ਸੱਦਾ ਮਸੀਹ ਦੇ ਹੁਕਮਾਂ ਨੂੰ ਮੰਨਣ ਦਾ ਹੁਕਮ ਹੈ।

> "ਜਿਹੜਾ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਕਰਦਾ ਹੈ, ਉਹ ਪਰਮੇਸ਼ਰ ਦੇ ਵਿੱਚ ਬਣਿਆ ਰਹਿੰਦਾ ਹੈ..." [1 ਯੂਹੰਨਾ 3:24]
>
> (1 ਯੂਹੰਨਾ 2:28 ਵੀ ਦੇਖੋ)

ਜੋ ਉਹਨਾਂ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਉਹ ਆਇਤ 6 ਦੀ ਟਹਿਣੀ ਵਰਗੇ ਹਨ। ਸਾੜਨਾ ਇੱਕ ਖੇਤੀਬਾੜੀ ਦਾ ਰੂਪਕ ਹੋ ਸਕਦਾ ਹੈ। ਕਿਸਾਨ ਖੇਤ ਨੂੰ ਜੰਗਲੀ ਬੂਟੀ ਤੋਂ ਸ਼ੁੱਧ ਕਰਨ ਅਤੇ ਪੈਦਾਵਰ ਨੂੰ ਵਧਾਉਣ ਦੇ ਲਈ ਸਾੜਦੇ ਹਨ।[81] ਜਿਹੜੇ ਬਣੇ ਨਹੀਂ ਰਹਿਣਗੇ ਉਹਨਾਂ ਨੂੰ ਪਰਮੇਸ਼ਰ ਦੀ ਸ਼ੁੱਧ ਕਰਨ ਦੀ ਤਾੜਨਾ ਦਾ ਸਾਹਮਣਾ ਕਰਨਾ ਪਵੇਗਾ। ਇਹ ਮੁਕਤੀ ਦਾ ਨੁਕਸਾਨ ਨਹੀਂ ਹੈ; ਬਲਕਿ, ਇਹ ਮੁਸ਼ਕਲਾਂ ਵਿਸ਼ਵਾਸੀ ਨੂੰ ਸੁਧਾਰਨ ਦੇ ਲਈ ਤਿਆਰ ਕੀਤੀਆਂ ਗਈਆਂ ਹਨ। ਅਤੇ, ਇੱਥੇ ਸ਼ਾਇਦ ਇਨਾਮਾਂ ਦੇ ਨੁਕਸਾਨ ਦਾ ਹਵਾਲਾ ਵੀ ਹੋ ਸਕਦਾ ਹੈ।

1 ਕੁਰਿੰਥ 3:15 ਦੱਸਦਾ ਹੈ ਕਿ ਨਿਆਂ ਦੇ ਸਿੰਘਾਸਣ ਅੱਗੇ ਵਿਸ਼ਵਾਸੀ ਆਪਣੇ ਜੀਵਨ ਦੇ ਕੁਝ ਕੰਮ ਨੂੰ ਅੱਗ ਵਿੱਚ ਸੜਦੇ ਦੇਖ ਸਕਦਾ ਹੈ। ਉਹ ਆਪ ਤਾਂ ਬਚਿਆ ਹੋਇਆ ਹੈ ਪਰ ਅਪਣੇ ਇਨਾਮਾਂ ਨੂੰ ਗੁਆ ਲੈਂਦਾ ਹੈ। ਯੂਹੰਨਾ 15:6 ਵਿੱਚ ਅੱਗ ਵਿੱਚ ਸੁੱਟਣ ਦੇ ਰੂਪ ਦੀ ਇਹ ਦੂਜੀ ਸੰਭਵ ਵਿਆਖਿਆ ਅਜਿਹੇ ਵਚਨਾਂ ਦਾ ਵਿਰੋਧ ਕਰਨ ਤੋਂ ਬਚ ਜਾਂਦੀ ਹੈ ਜੋ ਸਦੀਪਕ ਸੁਰੱਖਿਆ ਬਾਰੇ ਸਿਖਾਉਂਦੇ ਹਨ। ਇਸ ਵਿੱਚ ਇੱਕ ਫਾਇਦਾ ਇਹ ਵੀ ਹੈ ਕਿ ਇਹ ਸਧਾਰਨ ਹੈ, ਅਤੇ ਇਸ ਵਿੱਚ 1 ਯੂਹੰਨਾ 3:24 ਵਿੱਚ ਆਗਿਆਕਾਰੀ ਵਜੋਂ ਬਣੇ ਰਹਿਣ ਦੀ ਯੂਹੰਨਾ ਦੀ ਪਰਿਭਾਸ਼ਾ ਵੀ ਸ਼ਾਮਲ ਹੈ।[82] ਲੇਖਕ ਦਾ ਮੰਨਣਾ ਹੈ ਕਿ ਪਿਛਲਾ ਵਿਚਾਰ ਮੂਲ ਸਥਿਤੀ ਉੱਤੇ ਵਧੇਰੇ ਧਿਆਨ ਦਿੰਦਾ ਹੈ ਅਤੇ ਅੱਗ ਦੇ ਰੂਪਕ ਵਿੱਚ ਟਹਿਣੀ ਦੀ ਬਿਹਤਰ ਵਿਆਖਿਆ ਕਰਦਾ ਹੈ। ਭਾਵੇਂ ਇੱਕ ਵਿਅਕਤੀ ਕਿਸੇ ਵੀ ਵਿਆਖਿਆ ਨੂੰ ਪਸੰਦ ਕਰਦਾ ਹੈ, ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਯੂਹੰਨਾ 15:1-8 ਸਦੀਪਕ ਸੁਰੱਖਿਆ ਦਾ ਵਿਰੋਧ ਨਹੀਂ ਕਰਦਾ ਹੈ।

**6. ਰੋਮੀ 11:11-32**

> ਪਰ ਤੂੰ ਇਸ ਤਰ੍ਹਾਂ ਜ਼ਰੂਰ ਕਹੇਂਗਾ, "ਹਾਂ, ਪਰ ਟਹਿਣੀਆਂ ਇਸੇ ਲਈ ਤਾਂ ਤੋੜੀਆਂ ਗਈਆਂ ਕਿ ਮੇਰੀ ਉਸ ਨਾਲ ਪਿਓਂਦ ਲਾਈ ਜਾ ਸਕੇ।" ਇਹ ਠੀਕ ਹੈ। ਉਹ ਤੋੜੇ ਗਏ ਕਿਉਂਕਿ ਉਹਨਾਂ ਨੇ ਵਿਸ਼ਵਾਸ ਨਾ ਕੀਤਾ ਪਰ ਤੂੰ ਕਾਇਮ ਹੈਂ ਕਿਉਂਕਿ ਤੂੰ ਵਿਸ਼ਵਾਸ ਕੀਤਾ ਪਰ ਇਸ ਉੱਤੇ ਹੰਕਾਰ ਨਾ ਕਰ, ਸਗੋਂ ਡਰ। ਕਿਉਂਕਿ ਜੇਕਰ ਪਰਮੇਸ਼ਰ ਨੇ ਉਹਨਾਂ ਅਸਲੀ ਟਹਿਣੀਆਂ ਭਾਵ ਯਹੂਦੀਆਂ ਦਾ ਲਿਹਾਜ਼ ਨਹੀਂ ਕੀਤਾ ਤਾਂ ਉਹ ਤੇਰਾ ਕਿਸ ਤਰ੍ਹਾਂ ਕਰਨਗੇ? ਪਰਮੇਸ਼ਰ ਦੀ ਕਿਰਪਾਲਤਾ ਅਤੇ ਕਠੋਰਤਾ ਦੋਨਾਂ ਉੱਤੇ ਧਿਆਨ ਦੇਵੋ। ਉਹ ਉਹਨਾਂ ਦੇ ਨਾਲ ਕਠੋਰ ਹਨ ਜਿਹੜੇ ਡਿੱਗ ਗਏ ਹਨ ਪਰ ਤੁਹਾਡੇ ਉੱਤੇ ਕਿਰਪਾਲੂ ਹਨ ਜੇਕਰ ਤੁਸੀਂ ਉਹਨਾਂ ਦੀ ਕਿਰਪਾ ਦੇ ਪਾਤਰ ਬਣੇ ਰਹੋ, ਨਹੀਂ ਤਾਂ ਤੁਸੀਂ ਵੀ ਕੱਟ ਦਿੱਤੇ ਜਾਵੋਗੇ। ਇਸੇ ਤਰ੍ਹਾਂ ਜੇਕਰ ਯਹੂਦੀ ਆਪਣੇ ਅਵਿਸ਼ਵਾਸ ਨੂੰ ਤਿਆਗ ਦੇਣ ਤਾਂ ਉਹਨਾਂ ਨੂੰ ਫਿਰ ਪਿਓਂਦ ਲਾਈ ਜਾ ਸਕਦੀ ਹੈ ਕਿਉਂਕਿ ਪਰਮੇਸ਼ਰ ਫਿਰ ਪਿਓਂਦ ਲਾਉਣ ਦੇ ਯੋਗ ਹਨ। [ਰੋਮੀ 11:19-23]

**a. ਯਹੂਦੀ ਅਤੇ ਪਰਾਈਆਂ ਕੌਮਾਂ ਦਾ ਮੁੱਦਾ**

ਰੋਮੀ 11:1 ਵਿੱਚ ਪੌਲੁਸ ਦਾ ਸਵਾਲ ਇਹ ਗੱਲ ਕਰਦਾ ਹੈ ਕਿ ਕੀ ਪਰਮੇਸ਼ਰ ਨੇ ਇਸਰਾਏਲ ਨੂੰ ਤਿਆਗ ਦਿੱਤਾ ਹੈ। ਨਹੀਂ, ਉਹਨਾਂ ਨੇ ਇਸਰਾਏਲ ਨੂੰ ਤਿਆਗਿਆ ਨਹੀਂ ਹੈ ਕਿਉਂਕਿ ਉਹਨਾਂ ਵਿੱਚ ਅਜੇ ਵੀ ਇੱਕ ਵਿਸ਼ਵਾਸ ਕਰਨ ਵਾਲਾ ਸਮੂਹ ਬਚਿਆ ਹੋਇਆ ਹੈ। ਪਰ, ਯਹੂਦੀਆਂ ਦੇ ਅਵਿਸ਼ਵਾਸ ਦੇ ਕਾਰਨ (ਆਇਤ 20) ਪਰਮੇਸ਼ਰ ਨੇ ਇਸਰਾਏਲ ਲਈ ਆਪਣੇ ਖ਼ਾਸ ਕੰਮ ਨੂੰ ਰੱਦ ਕਰ ਦਿੱਤਾ ਹੈ। ਹੁਣ ਪਰਮੇਸ਼ਰ ਨੇ ਆਪਣੀ ਬਰਕਤ ਦੇ ਸਥਾਨ ਵਿੱਚ ਪਰਾਈਆਂ ਕੌਮਾਂ ਨੂੰ ਸ਼ਾਮਲ ਕੀਤਾ ਹੈ। ਇੱਕ ਕੌਮ ਦੇ ਰੂਪ ਵਿੱਚ, ਇਸਰਾਏਲ ਨੂੰ ਪਰਮੇਸ਼ਰ ਦੀ ਬਰਕਤ ਦੇ ਸਥਾਨ ਤੋਂ ਵੱਖ ਕਰ ਦਿੱਤਾ ਗਿਆ ਸੀ, ਪਰ ਇਹ ਪਰਾਈਆਂ ਕੌਮਾਂ ਨੂੰ ਇਸਰਾਏਲ ਪ੍ਰਤੀ ਹੰਕਾਰੀ ਬਣਨ ਦੀ ਆਗਿਆ

[81] ਲੇਖਕ ਦਾ ਮੰਨਣਾ ਹੈ ਕਿ ਇਬਰਾਨੀਆਂ 6:8 ਵਿਸ਼ਵਾਸੀ ਦੀ ਤਾੜਨਾ ਦੇ ਲਈ ਅੱਗ ਵਿੱਚ ਭਸਮ ਕਰਨ ਦੀ ਗੱਲ ਕਰਦਾ ਹੈ। ਪਰ, ਧਿਆਨ ਦਿਓ ਕਿ ਇਬਰਾਨੀਆਂ 6 ਵਿੱਚ ਇੱਕ ਖੇਤ ਦਾ ਦ੍ਰਿਸ਼ਟਾਂਤ ਹੈ। ਅੱਗ ਇੱਕ ਖੇਤ ਵਿੱਚੋਂ ਜੰਗਲੀ ਬੂਟੀ ਅਤੇ ਅਸ਼ੁੱਧੀਆਂ ਨੂੰ ਸਾੜ ਦਿੰਦੀ ਹੈ ਅਤੇ ਖੇਤ ਨੂੰ ਨਸ਼ਟ ਕੀਤੇ ਬਿਨਾਂ ਖੇਤ ਦੀ ਉਤਪਾਦਨ ਵਿੱਚ ਸੁਧਾਰ ਕਰਦੀ ਹੈ। ਹਾਲਾਂਕਿ, ਯੂਹੰਨਾ 15 ਇੱਕ ਟਹਿਣੀ ਦੀ ਵਰਤੋਂ ਇੱਕ ਉਦਾਹਰਣ ਵਜੋਂ ਕਰਦਾ ਹੈ। ਅੱਗ ਇੱਕ ਟਹਿਣੀ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਵੇਗੀ। "ਯਹੂਦਾ ਦੇ ਵਿਚਾਰ" ਵਿੱਚ ਚੇਤਾਵਨੀ ਨੂੰ ਨਰਕ ਦੀ ਚੇਤਾਵਨੀ ਮੰਨਣ ਦੀ ਸਲਾਹ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਜੇਕਰ ਯੂਹੰਨਾ 15:6 ਵਿੱਚ ਅੱਗ ਤਾੜਨਾ ਹੈ ਤਾਂ ਆਇਤ 2 ਦੀ ਛਾਂਟੀ ਦਾ ਕੀ ਅਰਥ ਹੈ? ਕੀ ਛਾਂਟਣ ਵਿੱਚ ਤਾੜਨਾ ਨੂੰ ਵੀ ਸ਼ਾਮਲ ਕਰਨਾ ਜ਼ਿਆਦਾ ਵਧੀਆ ਨਹੀਂ ਹੋਵੇਗਾ, ਜਿਸ ਵਿੱਚ ਅੱਗ (ਆਇਤ 6) ਇੱਕ ਜ਼ਿਆਦਾ ਗੰਭੀਰ ਖ਼ਤਰਾ ਹੈ?

[82] ਇਸ ਦੇ ਉਲਟ, 1 ਯੂਹੰਨਾ 2:5-6 ਅਤੇ 4:15 ਵਿੱਚ ਬਣੇ ਰਹਿਣ ਨੂੰ ਬਚਾਏ ਜਾਣ ਵਜੋਂ ਮੰਨਿਆ ਜਾਂਦਾ ਹੈ।

ਨਹੀਂ ਦਿੰਦਾ ਹੈ। ਪੌਲੁਸ ਕਹਿੰਦਾ ਹੈ ਕਿ ਪਰਾਈਆਂ ਕੌਮਾਂ ਦੀ ਬਰਕਤ ਕੁਝ ਯਹੂਦੀਆਂ ਨੂੰ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਲਈ ਪ੍ਰੇਰਿਤ ਕਰ ਸਕਦੀ ਹੈ (ਆਇਤਾਂ 11, 14)। ਭਵਿੱਖ ਦੇ ਇੱਕ ਹਜ਼ਾਰ ਸਾਲ ਦੇ ਰਾਜ ਵਿੱਚ ਪਰਮੇਸ਼ਰ ਇਸਰਾਏਲ ਨੂੰ ਇੱਕ ਵਿਸ਼ੇਸ਼ ਸਥਾਨ ਉੱਤੇ ਵਾਪਸ ਲਿਆਉਣਗੇ (ਆਇਤਾਂ 25-27)। ਇਸ ਦੌਰਾਨ, ਪਰਾਈਆਂ ਕੌਮਾਂ ਨੂੰ ਇਹ ਮਹਿਸੂਸ ਨਹੀਂ ਕਰਨਾ ਚਾਹੀਦਾ ਕਿ ਉਹ ਯਹੂਦੀਆਂ ਤੋਂ ਉੱਤਮ ਹਨ ਇਸ ਲਈ ਪਰਮੇਸ਼ਰ ਦਾ ਧਿਆਨ ਉਹਨਾਂ ਉੱਤੇ ਲੱਗਿਆ ਹੈ। ਯਹੂਦੀ ਅਤੇ ਪਰਾਈਆਂ ਕੌਮਾਂ ਦੇ ਰਿਸ਼ਤੇ ਨੂੰ ਸਮਝਾਉਂਦੇ ਹੋਏ, ਪੌਲੁਸ ਨੇ ਇੱਕ ਜ਼ੈਤੂਨ ਦੇ ਰੁੱਖ ਦਾ ਦ੍ਰਿਸ਼ਟਾਂਤ ਦਿੱਤਾ ਹੈ।

### b. ਮੂਲ ਜ਼ੈਤੂਨ ਦਾ ਰੁੱਖ

ਰੋਮੀਆਂ 11 ਵਿੱਚ ਜ਼ੈਤੂਨ ਦਾ ਰੁੱਖ ਕਲੀਸਿਯਾ ਨਹੀਂ ਹੈ। ਆਮ ਅਰਥਾਂ ਵਿੱਚ, ਇਹ ਪਰਮੇਸ਼ਰ ਦੀ ਕਿਰਪਾ, ਆਤਮਿਕ ਮੌਕਿਆਂ, ਅਤੇ ਬਰਕਤਾਂ ਦਾ ਸਥਾਨ ਹੈ। ਪਰ ਹੋਰ ਖ਼ਾਸ ਤੌਰ ਤੇ, ਜ਼ੈਤੂਨ ਦਾ ਰੁੱਖ ਅਬਰਾਹਾਮ ਦੁਆਰਾ ਬਰਕਤਾਂ ਦਾ ਸਥਾਨ ਹੈ। ਕਿਉਂਕਿ ਇਸ ਦੀ ਜੜ੍ਹ ਪਵਿੱਤਰ ਹੈ (ਅਬਰਾਹਾਮ ਅਤੇ ਪੁਰਖੇ), ਇਸੇ ਤਰ੍ਹਾਂ ਟਹਿਣੀਆਂ ਵੀ ਹਨ (ਯਹੂਦੀਆਂ ਦੀਆਂ ਅਗਲੀਆਂ ਪੀੜ੍ਹੀਆਂ, ਖ਼ਾਸ ਕਰਕੇ ਉਹ ਜਿਹੜੇ ਵਿਸ਼ਵਾਸ ਕਰਦੇ ਹਨ)। ਪਰਾਈਆਂ ਕੌਮਾਂ ਆਪਣੀਆਂ ਸਾਰੀਆਂ ਆਤਮਿਕ ਬਰਕਤਾਂ ਦੇ ਲਈ ਇਸਰਾਏਲ ਦੀਆਂ ਦੇਣਦਾਰ ਹਨ।

ਇਸ ਗੱਲ ਤੇ ਧਿਆਨ ਦਿਓ ਕਿ ਮੂਲ ਜ਼ੈਤੂਨ ਦੇ ਰੁੱਖ (ਪੁਰਾਣੇ ਨੇਮ ਦਾ ਯਹੂਦੀ ਧਰਮ) ਦੀਆਂ ਟਹਿਣੀਆਂ ਵਿੱਚ **ਬਚਾਏ ਹੋਏ** ਅਤੇ **ਨਾ ਬਚਾਏ ਹੋਏ** ਯਹੂਦੀ ਸਨ। ਕੁਝ ਯਹੂਦੀ ਟਹਿਣੀਆਂ ਵਿਸ਼ਵਾਸੀ ਸਨ, ਪਰ ਕੁਝ ਟਹਿਣੀਆਂ ਵਿੱਚ ਵਿਸ਼ਵਾਸ **ਨਹੀਂ** ਸੀ (ਆਇਤ 20)। ਇਸ ਲਈ, ਇਹ ਰੁੱਖ ਮੁਕਤੀ ਦਾ ਰੁੱਖ ਨਹੀਂ ਹੈ, ਬਲਕਿ ਇਹ ਇੱਕ ਅਜਿਹਾ ਰੁੱਖ ਹੈ ਜੋ ਆਤਮਿਕ ਮੌਕਿਆਂ ਅਤੇ ਬਰਕਤਾਂ ਦੀ ਇੱਕ ਵਿਸ਼ਾਲ ਸੀਮਾ ਨੂੰ ਦਰਸਾਉਂਦਾ ਹੈ। ਅਬਰਾਹਾਮ ਤੋਂ ਮਿਲਣ ਵਾਲੀਆਂ ਬਰਕਤਾਂ ਵਿੱਚ ਸਦੀਪਕ ਮੁਕਤੀ ਸ਼ਾਮਲ ਹੈ (ਜੋ ਸਿਰਫ਼ ਵਿਸ਼ਵਾਸ ਕਰਨ ਵਾਲਿਆਂ ਲਈ ਹੈ)। ਪਰ, ਯਹੂਦੀਆਂ ਦੇ ਲਈ ਅਬਰਾਹਾਮ ਦੀਆਂ ਬਰਕਤਾਂ ਵਿੱਚ ਹੋਰ ਖੇਤਰ ਵੀ ਸ਼ਾਮਲ ਹਨ ਜਿਵੇਂ ਕਿ ਪਵਿੱਤਰ ਗ੍ਰੰਥਾਂ ਅਤੇ ਨਬੀਆਂ ਦੁਆਰਾ ਪਰਮੇਸ਼ਰ ਬਾਰੇ ਗਿਆਨ; ਪਰਿਵਾਰ, ਕਾਰੋਬਾਰ, ਸਰਕਾਰੀ ਸੰਬੰਧਾਂ ਬਾਰੇ ਵਿਹਾਰਕ ਬੁੱਧ; ਪਰਮੇਸ਼ਰ ਤੱਕ ਪਹੁੰਚ, ਅਤੇ ਬਹੁਤ ਸਾਰੇ ਵਿਸ਼ਵਾਸੀਆਂ ਵਾਲੀ ਕੌਮ ਵਿੱਚ ਰਹਿਣ ਦੀਆਂ ਬਰਕਤਾਂ। ਨਾ ਬਚਾਏ ਹੋਏ ਇਸਰਾਏਲੀ ਵੀ ਇਹਨਾਂ ਤੋਂ ਲਾਭ ਲੈਂਦੇ ਸਨ।

ਪਰ, ਅਵਿਸ਼ਵਾਸ ਦੇ ਕਾਰਨ ਪਰਮੇਸ਼ਰ ਨੇ ਸਾਰੇ ਅਵਿਸ਼ਵਾਸੀ ਯਹੂਦੀਆਂ ਨੂੰ ਖ਼ਾਸ ਬਰਕਤ ਦੇ ਸਥਾਨ ਤੋਂ ਵੱਖ ਕਰ ਦਿੱਤਾ ਸੀ। ਪਰਮੇਸ਼ਰ ਨੇ ਯਹੂਦੀ ਧਰਮ ਸਮੇਤ ਮੂਸਾ ਦੀ ਬਿਵਸਥਾ ਨੂੰ ਵੀ ਰੱਦ ਕਰ ਦਿੱਤਾ। ਇਹਨਾਂ ਅਵਿਸ਼ਵਾਸੀ ਯਹੂਦੀਆਂ ਨੂੰ ਪਰਮੇਸ਼ਰ ਦੇ ਵਿਸ਼ੇਸ਼ ਬਰਕਤ ਦੇ ਸਥਾਨ ਤੋਂ ਹਟਾਉਣ ਨਾਲ ਮੁਕਤੀ ਨੂੰ ਨੁਕਸਾਨ ਨਹੀਂ ਹੋਇਆ ਸੀ, ਕਿਉਂਕਿ ਜਿਹਨਾਂ ਵਿੱਚ ਵਿਸ਼ਵਾਸ ਨਹੀਂ ਸੀ ਉਹਨਾਂ ਨੂੰ ਕਦੇ ਵੀ ਮੁਕਤੀ ਮਿਲੀ ਨਹੀਂ ਸੀ। ਕਿਸੇ ਟਹਿਣੀ ਨੂੰ ਤੋੜਨ ਦੀ ਮੁੱਢਲੀ ਵਿਆਖਿਆ ਮੁਕਤੀ ਦਾ ਨੁਕਸਾਨ ਨਹੀਂ ਬਲਕਿ ਉਸ ਦਾ ਕਠੋਰ ਹੋ ਜਾਣਾ ਹੈ (ਦੇਖੋ ਆਇਤਾਂ 7-25)। ਅਵਿਸ਼ਵਾਸੀ ਯਹੂਦੀਆਂ ਦਾ ਕਠੋਰ ਹੋਣਾ ਇਸਰਾਏਲ ਦਾ ਖ਼ਾਸ ਬਰਕਤਾਂ ਦੇ ਸਥਾਨ ਤੋਂ ਟੁੱਟਣਾ ਹੈ।

### c. ਜ਼ੈਤੂਨ ਦੇ ਰੁੱਖ ਨਾਲ ਪਰਾਈਆਂ ਕੌਮਾਂ ਦਾ ਸੰਬੰਧ

ਪਰਮੇਸ਼ਰ ਨੇ ਅਵਿਸ਼ਵਾਸੀ ਇਸਰਾਏਲ ਨੂੰ ਖ਼ਾਸ ਮੌਕੇ ਅਤੇ ਅਧਿਕਾਰ ਦੇ ਰੂਪ ਵਿੱਚ ਵੱਖ ਕਰ ਦਿੱਤਾ ਸੀ। ਇਸ ਤੋਂ ਬਾਅਦ, ਪਰਮੇਸ਼ਰ ਨੇ ਸਾਰੀਆਂ ਕੌਮਾਂ (ਪਰਾਈਆਂ ਕੌਮਾਂ) ਨੂੰ ਮੌਕੇ ਅਤੇ ਖ਼ਾਸ ਬਰਕਤਾਂ ਦਿੱਤੀਆਂ ਸਨ। ਜਿਸ ਤਰ੍ਹਾਂ ਮੂਲ ਰੁੱਖ ਵਿੱਚ ਬਚਾਏ ਗਏ ਅਤੇ ਨਾ ਬਚਾਏ ਹੋਏ ਯਹੂਦੀ ਦੋਵੇਂ ਸਨ, ਉਸੇ ਤਰ੍ਹਾਂ ਪਰਾਈਆਂ ਕੌਮਾਂ ਦੀ ਬਰਕਤ ਵਿੱਚ ਬਚਾਏ ਹੋਏ ਅਤੇ ਨਾ ਬਚਾਏ ਹੋਏ ਲੋਕ ਸ਼ਾਮਲ ਹਨ। ਰੋਮੀ 11 ਵਿੱਚ, ਪੌਲੁਸ ਆਪਣੇ ਪਾਠਕਾਂ ਨੂੰ ਪਰਾਈਆਂ ਕੌਮਾਂ ਵੱਜੋਂ ਸੰਬੋਧਨ ਕਰਦਾ ਹੈ (ਆਇਤ 13)। ਉਸ ਦੀ ਦਲੀਲ ਵਿੱਚ ਸਰਵਨਾਮ "ਤੁਹਾਡੇ" ਰੋਮੀਆਂ ਦੇ ਲੋਕਾਂ ਨੂੰ ਪਰਾਈਆਂ ਕੌਮਾਂ ਵਜੋਂ ਸੰਬੋਧਿਤ ਕਰਦਾ ਹੈ। ਸਰਵਨਾਮ "ਉਹ" ਯਹੂਦੀਆਂ ਨੂੰ ਦਰਸਾਉਂਦਾ ਹੈ। ਯਹੂਦੀਆਂ ਦੀ ਤਰ੍ਹਾਂ, ਨਾ ਬਚੇ ਹੋਏ ਪਰਾਈਆਂ ਕੌਮਾਂ ਦੇ ਲੋਕ ਵੀ ਆਮ ਬਰਕਤਾਂ ਦੁਆਰਾ ਮਸੀਹਤ ਤੋਂ ਬਰਕਤਾਂ ਪਾ ਸਕਦੇ ਹਨ। ਪਰਾਈਆਂ ਕੌਮਾਂ ਦੇ ਨਾ ਬਚੇ ਹੋਏ ਲੋਕ ਅਜੇ ਵੀ ਪਵਿੱਤਰ ਗ੍ਰੰਥ ਅਤੇ ਕਲੀਸਿਯਾਵਾਂ ਰਾਹੀਂ ਸੱਚਾਈ ਤੱਕ ਪਹੁੰਚ ਸਕਦੇ ਹਨ। ਉਹ ਸਭਿਆਚਾਰ ਅਤੇ ਉਹ ਵਿਅਕਤੀ ਜੋ ਬਾਈਬਲ ਦੀ ਨੈਤਿਕਤਾ ਦਾ ਪਾਲਣ ਕਰਦੇ ਹਨ, ਉਹ ਪਰਿਵਾਰ, ਕਾਰੋਬਾਰ, ਸਰਕਾਰ, ਅਤੇ ਨਿਆਂਇਕ ਮਾਮਲਿਆਂ ਦੇ ਮੁੱਦਿਆਂ ਵਿੱਚ ਲਾਭ ਪ੍ਰਾਪਤ ਕਰਦੇ ਹਨ। ਪਰ ਪਰਮੇਸ਼ਰ ਵੱਲੋਂ ਸਥਾਈ ਬਰਕਤਾਂ ਸਿਰਫ਼ ਵਿਸ਼ਵਾਸ ਕਰਨ ਵਾਲਿਆਂ ਲਈ ਹਨ। ਆਇਤ 20 ਸਿਖਾਉਂਦੀ ਹੈ ਕਿ "ਤੂੰ (ਪਰਾਈਆਂ ਕੌਮਾਂ) ਕਾਇਮ ਹੈਂ ਕਿਉਂਕਿ ਤੂੰ ਵਿਸ਼ਵਾਸ ਕੀਤਾ।" ਉਹ ਪਰਾਈਆਂ ਕੌਮਾਂ ਜੋ ਪਰਮੇਸ਼ਰ ਦੀ ਬਰਕਤ ਦੇ ਰੁੱਖ ਦੇ ਅੰਦਰ ਸਥਾਈ ਤੌਰ ਤੇ ਰਹਿੰਦੀਆਂ ਹਨ, ਉਹ ਵਿਸ਼ਵਾਸ ਦੁਆਰਾ ਆਪਣੀ ਸਥਿਤੀ ਨੂੰ ਕਾਇਮ ਰੱਖਦੀਆਂ ਹਨ। ਪਰਾਈ ਕੌਮ ਦੇ ਵਿਅਕਤੀ ਨੂੰ ਕਦੇ ਵੀ ਇਹ ਨਹੀਂ ਸੋਚਣਾ ਚਾਹੀਦਾ ਕਿ ਪਰਮੇਸ਼ਰ ਨੂੰ ਪਰਾਈਆਂ ਕੌਮਾਂ ਵਿੱਚ ਇਸ ਲਈ ਦਿਲਚਸਪੀ ਹੈ ਕਿਉਂਕਿ ਉਹ ਯਹੂਦੀਆਂ ਤੋਂ ਉੱਤਮ ਹਨ। ਇਸ ਵਿੱਚ ਰੋਮੀਆਂ ਦੇ ਲੋਕਾਂ ਵੱਲੋਂ ਯਹੂਦੀਆਂ ਨੂੰ ਨੀਵਾਂ ਦੇਖਣ ਦੇ ਖ਼ਤਰੇ ਨੂੰ ਦੇਖਿਆ ਜਾ ਸਕਦਾ ਹੈ। ਫਿਰ ਵੀ, ਸਾਰੀਆਂ ਪਰਾਈਆਂ ਕੌਮਾਂ ਯਹੂਦੀ ਪਵਿੱਤਰ ਗ੍ਰੰਥ, ਯਹੂਦੀ ਨਬੀਆਂ, ਅਤੇ ਇੱਕ ਯਹੂਦੀ ਮਸੀਹਾ ਵਿੱਚ ਸੱਚਾਈ ਦੇ ਲਈ ਇਸਰਾਏਲ ਦੀਆਂ ਦੇਣਦਾਰ ਹਨ (ਆਇਤ 18)।

ਜਿਹੜੀਆਂ ਪਰਾਈਆਂ ਕੌਮਾਂ ਬਰਕਤ ਦੇ ਸਥਾਈ ਸਥਾਨ ਉੱਤੇ ਖੜ੍ਹੀਆਂ ਹਨ, ਉਹ ਅਜਿਹਾ ਸਿਰਫ਼ ਵਿਸ਼ਵਾਸ ਦੇ ਕਾਰਨ ਹੀ ਕਰ ਸਕਦੀਆਂ ਹਨ (ਆਇਤ 20)। ਪਰ, ਜਿਵੇਂ ਅਵਿਸ਼ਵਾਸੀ ਯਹੂਦੀਆਂ ਨੂੰ ਮੁਕਤੀ

ਨਹੀਂ ਮਿਲੀ ਹੈ, ਉਵੇਂ ਹੀ ਅਵਿਸ਼ਵਾਸੀ ਮਸੀਹੀਆਂ ਨੂੰ ਵੀ ਮੁਕਤੀ ਨਹੀਂ ਮਿਲੇਗੀ। ਉਹਨਾਂ ਨੂੰ ਮਸੀਹੀ ਪ੍ਰਭਾਵ ਅਤੇ ਮਸੀਹੀ ਸੱਚਾਈ ਦੇ ਪ੍ਰਗਟਾਵੇ ਤੋਂ ਬਹੁਤ ਸਾਰੀਆਂ ਅਸਥਾਈ ਬਰਕਤਾਂ ਮਿਲ ਸਕਦੀਆਂ ਹਨ, ਪਰ ਪਰਾਈਆਂ ਕੌਮਾਂ ਦੇ ਅਵਿਸ਼ਵਾਸੀ ਲੋਕ ਨੂੰ ਸਦੀਪਕ ਬਰਕਤਾਂ ਤੋਂ ਕੱਟ ਕੇ ਅਲੱਗ ਕਰ ਦਿੱਤਾ ਜਾਵੇਗਾ। ਆਇਤਾਂ 20-22 ਵਿਚਲੀ ਚੇਤਾਵਨੀ ਮੁਕਤੀ ਦੇ ਨੁਕਸਾਨ ਬਾਰੇ ਨਹੀਂ ਹੈ। ਪਰਾਈਆਂ ਕੌਮਾਂ ਦੇ ਅਵਿਸ਼ਵਾਸੀ ਲੋਕ ਜੋ ਪਰਾਈਆਂ ਕੌਮਾਂ ਵਿੱਚ ਪਰਮੇਸ਼ਰ ਦੇ ਕੰਮ ਦੀਆਂ ਬਹੁਤ ਸਾਰੀਆਂ ਬਰਕਤਾਂ ਸਾਂਝੀਆਂ ਕਰਦੇ ਹਨ, ਉਹ ਇਸ ਜੀਵਨ ਅਤੇ ਸਦੀਪਕ ਜੀਵਨ ਵਿੱਚ ਸਾਰੀਆਂ ਬਰਕਤਾਂ ਤੋਂ ਦੂਰ ਹੋਣ ਦੇ ਖ਼ਤਰੇ ਵਿੱਚ ਹੁੰਦੇ ਹਨ। ਟਹਿਣੀ ਦਾ ਕੱਟਣਾ ਮੁਕਤੀ ਦੇ ਨੁਕਸਾਨ ਦੀ ਗੱਲ ਨਹੀਂ ਕਰਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਅਵਿਸ਼ਵਾਸੀਆਂ ਨੂੰ ਮੁਕਤੀ ਮਿਲੀ ਹੀ ਨਹੀਂ ਹੈ। ਕੱਟਣਾ ਉਸੇ ਤਰ੍ਹਾਂ ਅਵਿਸ਼ਵਾਸੀ ਪਰਾਈਆਂ ਕੌਮਾਂ ਦੇ ਕਠੋਰ ਹੋਣ ਬਾਰੇ ਦੱਸਦਾ ਹੈ ਜਿਵੇਂ ਇਹ ਅਵਿਸ਼ਵਾਸੀ ਯਹੂਦੀਆਂ ਦੇ ਕਠੋਰ ਹੋਣ ਬਾਰੇ ਦੱਸਦਾ ਹੈ (ਆਇਤਾਂ 7 ਅਤੇ 25)। ਪਰਮੇਸ਼ਰ ਦੀ ਕਿਰਪਾ ਦਾ ਨਿਰੰਤਰ ਜਾਰੀ ਰਹਿਣਾ ਸਿਰਫ਼ ਵਿਸ਼ਵਾਸ ਦੁਆਰਾ ਹੁੰਦਾ ਹੈ (ਦੇਖੋ, ਰੋਮੀ 2:4 ਜਿੱਥੇ ਪਰਮੇਸ਼ਰ ਦੀ ਕਿਰਪਾ ਤੋਬਾ ਵੱਲ ਲੈ ਜਾਂਦੀ ਹੈ)। ਇੱਕ ਅਵਿਸ਼ਵਾਸੀ ਪਰਮੇਸ਼ਰ ਦੀ ਕੁਝ ਸਮੇਂ ਦੀ ਕਿਰਪਾ ਦਾ ਅਨੁਭਵ ਕਰ ਸਕਦਾ ਹੈ, ਪਰ ਸਿਰਫ਼ ਵਿਸ਼ਵਾਸੀ ਹੀ ਸਦੀਪਕ ਕਿਰਪਾ ਵਿੱਚ ਨਿਰੰਤਰ ਰਹਿੰਦੇ ਹਨ। ਪਰਮੇਸ਼ਰ ਦੀ ਬਰਕਤ ਤੋਂ ਦੂਰ ਹੋਣ ਦਾ ਖ਼ਤਰਾ ਅਵਿਸ਼ਵਾਸ ਤੋਂ ਆਉਂਦਾ ਹੈ (ਆਇਤ 20)। ਬਰਕਤ ਦੇ ਸਥਾਨ ਤੋਂ ਕੱਟੇ ਜਾਣ ਦਾ ਅਰਥ ਮਸੀਹੀ ਸਿੱਖਿਆ ਅਤੇ ਸੱਚਾਈ ਤੋਂ ਅੰਨ੍ਹੇ ਹੋਣ ਵਰਗੀ ਅਸਥਾਈ ਬਰਕਤ ਤੋਂ ਦੂਰ ਹੋਣਾ ਹੁੰਦਾ ਹੈ। ਇਹ ਮੁਕਤੀ ਦਾ ਨੁਕਸਾਨ ਨਹੀਂ ਹੈ, ਪਰ ਇਹ ਮੁਕਤੀ ਨਾਲ ਸੰਬੰਧਿਤ ਜ਼ਰੂਰ ਹੈ। ਵਿਸ਼ਵਾਸ ਨਾ ਕਰਨ ਵਾਲੇ ਪਰਾਈਆਂ ਕੌਮਾਂ ਦੇ ਲੋਕ, ਜੋ ਸੱਚ ਤੋਂ ਅੰਨ੍ਹੇ, ਕਦੇ ਵੀ ਵਿਸ਼ਵਾਸ ਨਹੀਂ ਕਰ ਸਕਦੇ ਹਨ, ਇਸ ਲਈ ਉਹਨਾਂ ਕੋਲ ਮੁਕਤੀ ਦੀ ਕੋਈ ਉਮੀਦ ਨਹੀਂ ਹੋਵੇਗੀ।

### d. ਸਿੱਟਾ

ਰੋਮੀ 11:11-32 ਨੂੰ ਸਦੀਪਕ ਸੁਰੱਖਿਆ ਦੇ ਵਿਰੋਧਾਭਾਸ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜ਼ੈਤੂਨ ਦੇ ਰੁੱਖ ਦੀਆਂ ਕੱਟੀਆਂ ਹੋਈਆਂ ਟਹਿਣੀਆਂ ਉਹ ਅਵਿਸ਼ਵਾਸੀ ਹਨ ਜਿਹਨਾਂ ਨੂੰ ਪਰਮੇਸ਼ਰ ਦੀ ਬਰਕਤ ਤੋਂ ਹਟਾਇਆ ਜਾ ਰਿਹਾ ਹੈ, ਅਤੇ ਉਹ ਅਵਿਸ਼ਵਾਸ ਵਿੱਚ ਕਠੋਰ ਹੋ ਰਹੇ ਹਨ। ਆਮ ਕਿਰਪਾ ਸਾਰੀਆਂ ਪਰਾਈਆਂ ਕੌਮਾਂ ਤੱਕ ਪਹੁੰਚਦੀ ਹੈ। ਪਰ, ਸਿਰਫ਼ ਵਿਸ਼ਵਾਸ ਰੱਖਣ ਵਾਲੇ ਹੀ ਪਰਮੇਸ਼ਰ ਦੀ ਕਿਰਪਾ ਵਿੱਚ ਹਮੇਸ਼ਾਂ ਲਈ ਬਣੇ ਰਹਿੰਦੇ ਹਨ (ਆਇਤ 20)। ਹਮੇਸ਼ਾਂ ਦੀਆਂ ਬਰਕਤਾਂ ਪਰਾਈਆਂ ਕੌਮਾਂ ਦੀ ਯਹੂਦੀਆਂ ਉੱਤੇ ਉੱਤਮਤਾ ਦੁਆਰਾ ਨਹੀਂ ਪਰ ਵਿਸ਼ਵਾਸ ਦੁਆਰਾ ਮਿਲਦੀਆਂ ਹਨ।

### 7. 1 ਕੁਰਿੰਥ 6:9-10 (ਗਲਾਤੀ 5:19-21, ਅਤੇ ਅਫ਼ਸੀ 5:5)

ਇਹਨਾਂ ਵਚਨਾਂ ਦਾ ਅਧਿਐਨ ਪਹਿਲਾਂ ਹੀ ਇਸ ਅਧਿਆਇ ਦੇ ਭਾਗ V, "ਸੱਚੀ ਮੁਕਤੀ ਦੇ ਨਤੀਜਾ ਚੰਗੇ ਕੰਮ ਹੁੰਦੇ ਹਨ" ਵਿੱਚ ਕੀਤਾ ਗਿਆ ਹੈ। ਪੌਲੁਸ ਦੇ ਸ਼ਬਦਾਂ ਦਾ ਅਰਥ ਹੈ ਕਿ ਬਿਨਾਂ ਕਿਸੇ ਵਿਸ਼ਵਾਸ ਜਾਂ ਤੋਬਾ ਦੇ ਪਾਪ ਦਾ ਚੱਲ ਰਿਹਾ "**ਅਭਿਆਸ**" ਇਹ ਸੰਕੇਤ ਦਿੰਦਾ ਹੈ ਕਿ ਇੱਕ ਵਿਅਕਤੀ ਕਦੇ ਬਚਾਇਆ ਹੀ ਨਹੀਂ ਗਿਆ ਸੀ। ਮਸੀਹੀ ਲੋਕ ਕਦੇ-ਕਦਾਈਂ ਪਾਪ ਕਰ ਸਕਦੇ ਹਨ। ਪਰ, ਲਗਾਤਾਰ ਪਾਪ ਕਰਦੇ ਰਹਿਣਾ ਮੁਕਤੀ ਦੇ ਅਨੁਕੂਲ ਨਹੀਂ ਹੈ। ਅਸੀਂ ਪਾਪ ਦੇ ਅਭਿਆਸ ਬਾਰੇ ਪਰਮੇਸ਼ਰ ਦੀ ਵਿਆਖਿਆ ਨੂੰ ਨਹੀਂ ਜਾਣਦੇ ਹਾਂ। ਇਸ ਲਈ, ਇਹ ਚੇਤਾਵਨੀਆਂ ਨਿਰੰਤਰ ਪਾਪ ਦੇ ਅਭਿਆਸ ਕਰਨ ਵਾਲੇ ਲੋਕਾਂ ਦੇ ਲਈ ਇੱਕ ਨਿੱਜੀ ਚੇਤਾਵਨੀ ਬਣਦੀਆਂ ਹਨ। ਇਹਨਾਂ ਲੋਕਾਂ ਨੂੰ ਆਪਣੇ ਆਪ ਦੀ ਜਾਂਚ ਕਰਨੀ ਚਾਹੀਦੀ ਹੈ ਕਿ ਕੀ ਉਹ ਸੱਚਮੁੱਚ ਮਸੀਹ ਵਿੱਚ ਵਿਸ਼ਵਾਸ ਕਰਦੇ ਹਨ (2 ਕੁਰਿੰਥ 13:5)। ਦੂਜਿਆਂ ਦੀ ਜਾਂਚ ਕਰਨ ਦੇ ਸੰਬੰਧ ਵਿੱਚ, ਜੇਕਰ ਕੋਈ ਮਸੀਹ ਵਿੱਚ ਵਿਸ਼ਵਾਸ ਕਰਨ ਦਾ ਦਾਅਵਾ ਕਰਦਾ ਹੈ, ਤਾਂ ਸਿਰਫ਼ ਉਸ ਦੇ ਵਿਵਹਾਰ ਦੇ ਆਧਾਰ ਤੇ ਉਸ ਦੇ ਮੁਕਤੀ ਰਹਿਤ ਹੋਣ ਦਾ ਫ਼ੈਸਲਾ ਨਹੀਂ ਕਰਨਾ ਚਾਹੀਦਾ ਹੈ। ਪਰ ਫਿਰ ਵੀ, ਇੱਕ ਕਾਰਜਸ਼ੀਲ ਧਾਰਨਾ ਬਣਾਈ ਜਾ ਸਕਦੀ ਹੈ ਕਿ ਇੱਕ ਵਿਅਕਤੀ ਜੋ ਲਗਾਤਾਰ ਪਾਪ ਵਿੱਚ ਹੈ, ਉਹ ਇੱਕ ਸੱਚਾ ਵਿਸ਼ਵਾਸੀ ਨਹੀਂ ਹੋ ਸਕਦਾ ਹੈ। ਅਜਿਹੇ ਮਾਮਲਿਆਂ ਵਿੱਚ ਇੱਕ ਮਸੀਹੀ ਸੇਵਕ ਨੂੰ ਕਿਰਪਾ ਦੀ ਸ਼ੁਭ-ਸਮਾਚਾਰ ਦੁਹਰਾਉਣਾ ਚਾਹੀਦਾ ਹੈ। ਉਪਰਲੇ ਵਚਨਾਂ ਵਿੱਚ ਮੁਕਤੀ ਦੇ ਨੁਕਸਾਨ ਦਾ ਨਹੀਂ ਹੈ। ਇਹ ਵਿਹਾਰਕ ਸਬੂਤ ਨਾਲ ਸੰਬੰਧ ਰੱਖਦਾ ਹੈ ਕਿ ਇੱਕ ਵਿਅਕਤੀ ਨੂੰ ਕਦੇ ਵੀ ਮੁਕਤੀ ਨਹੀਂ ਮਿਲੀ ਸੀ।

### 8. 1 ਕੁਰਿੰਥ 9:24-27

> ਕੀ ਤੁਸੀਂ ਨਹੀਂ ਜਾਣਦੇ ਕਿ ਦੌੜ ਵਿੱਚ ਹਿੱਸਾ ਤਾਂ ਸਾਰੇ ਲੈਂਦੇ ਹਨ ਪਰ ਇਨਾਮ ਕੇਵਲ ਇੱਕ ਨੂੰ ਹੀ ਮਿਲਦਾ ਹੈ? ਇਸ ਲਈ ਤੁਸੀਂ ਇਸ ਤਰ੍ਹਾਂ ਦੌੜੋ ਕਿ ਇਨਾਮ ਜਿੱਤ ਸਕੋ। ਖਿਡਾਰੀ ਹਰ ਤਰ੍ਹਾਂ ਦੇ ਸੰਜਮ ਦਾ ਅਭਿਆਸ ਕਰਦੇ ਹਨ। ਉਹ ਇਸ ਲਈ ਕਰਦੇ ਹਨ ਕਿ ਥੋੜੇ ਸਮੇਂ ਤੱਕ ਰਹਿਣ ਵਾਲਾ ਇਨਾਮ ਪ੍ਰਾਪਤ ਕਰਨ ਪਰ ਅਸੀਂ ਅਨੰਤਕਾਲ ਤੱਕ ਰਹਿਣ ਵਾਲੇ ਇਨਾਮ ਲਈ ਕਰਦੇ ਹਾਂ। ਇਸ ਲਈ ਮੈਂ ਬੇਮਤਲਬ ਨਹੀਂ ਦੌੜਦਾ ਅਤੇ ਨਾ ਹੀ ਉਸ ਮੁੱਕੇਬਾਜ਼ ਦੀ ਤਰ੍ਹਾਂ ਮੁੱਕੇ ਮਾਰ ਰਿਹਾ ਹਾਂ ਜਿਹੜਾ ਹਵਾ ਵਿੱਚ ਹੀ ਮੁੱਕੇ ਮਾਰਦਾ ਹੈ। ਮੈਂ ਆਪਣੇ ਸਰੀਰ ਨੂੰ ਦੁੱਖ ਦੇ ਕੇ ਆਪਣੇ ਕਾਬੂ ਵਿੱਚ ਰੱਖਦਾ ਹਾਂ ਕਿ ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਮੈਂ ਦੂਜਿਆਂ ਨੂੰ ਤਾਂ ਉਪਦੇਸ਼ ਦੇਵਾਂ ਪਰ ਆਪ ਉਸੇ ਵਿੱਚ ਅਸਫਲ ਹੋ ਜਾਵਾਂ। [1 ਕੁਰਿੰਥ 9:24-27]

ਇੱਥੇ ਪੌਲੁਸ ਦਾ ਵਿਸ਼ਾ ਮੁਕਤੀ ਨਹੀਂ ਹੋ ਸਕਦਾ ਹੈ। ਮੁਕਤੀ ਮਨੁੱਖੀ ਕੰਮ ਰਾਹੀਂ ਨਹੀਂ ਮਿਲਦੀ ਹੈ। ਅਥਲੈਟਿਕ ਰੂਪਕਾਂ ਵਿੱਚ ਮਸੀਹ ਦੇ ਨਿਆਂ ਵੇਲੇ ਵਿਸ਼ਵਾਸੀ ਦੇ ਇਨਾਮ ਸ਼ਾਮਲ ਹਨ। ਆਇਤ 27 ਵਿੱਚ ਅਸਫ਼ਲ

ਹੋਣ ਦਾ ਜ਼ਿਕਰ ਮੁਕਤੀ ਦੇ ਨੁਕਸਾਨ ਬਾਰੇ ਨਹੀਂ ਹੈ। ਪੌਲੁਸ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਕਿਤੇ ਉਹ ਪਾਪ ਦੇ ਕਾਰਨ ਸੇਵਕਾਈ ਤੋਂ ਵਾਂਝਾ ਨਾ ਹੋ ਜਾਵੇ। ਉਹ ਸਖ਼ਤ ਮਿਹਨਤ ਕਰਦਾ ਹੈ ਤਾਂ ਜੋ ਉਸ ਨੂੰ ਪੂਰਾ ਇਨਾਮ ਪ੍ਰਾਪਤ ਕਰਨ ਲਈ ਅਸਫ਼ਲ ਨਾ ਠਹਿਰਾਇਆ ਜਾਵੇ। (ਇਨਾਮਾਂ ਦੇ ਨੁਕਸਾਨ ਦੇ ਸੰਭਵ ਹਵਾਲੇ ਹਨ: ਕੁਲੁੱਸੀਆਂ 2:18; 2 ਯੂਹੰਨਾ 8; ਪ੍ਰਕਾਸ਼. 3:11)।

**9. 1 ਕੁਰਿੰਥ 11:28-32**

> ਇਸ ਲਈ ਹਰ ਮਨੁੱਖ ਪਹਿਲਾਂ ਆਪਣੇ ਆਪ ਨੂੰ ਪਰਖੇ ਅਤੇ ਫਿਰ ਇਹ ਰੋਟੀ ਖਾਵੇ ਅਤੇ ਇਸ ਪਿਆਲੇ ਵਿੱਚੋਂ ਪੀਵੇ। ਕਿਉਂਕਿ ਜਿਹੜਾ ਮਨੁੱਖ ਪ੍ਰਭੂ ਦੇ ਸਰੀਰ ਨੂੰ ਚੰਗੀ ਤਰ੍ਹਾਂ ਸਮਝੇ ਬਿਨਾਂ ਰੋਟੀ ਖਾਂਦਾ ਜਾਂ ਪਿਆਲੇ ਵਿੱਚੋਂ ਪੀਂਦਾ ਹੈ ਤਾਂ ਉਹ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਲਈ ਖਾਂਦਾ ਅਤੇ ਪੀਂਦਾ ਹੈ। ਪਰ ਪ੍ਰਭੂ ਸਾਨੂੰ ਜਾਂਚਦੇ ਅਤੇ ਝਿੜਕਦੇ ਹਨ ਤਾਂ ਜੋ ਅਸੀਂ ਸੰਸਾਰ ਦੇ ਨਾਲ ਦੋਸ਼ੀ ਨਾ ਠਹਿਰਾਏ ਜਾਈਏ। [1 ਕੁਰਿੰਥ 11:28, 29, 32]

ਇਸ ਪ੍ਰਭੂ ਭੋਜ ਦੇ ਵਚਨ ਬਾਰੇ ਕੋਈ ਉਲਝਣ ਨਹੀਂ ਹੋਣੀ ਚਾਹੀਦੀ ਹੈ। ਸ਼ਾਇਦ ਕਿੰਗ ਜੇਮਜ਼ ਅਨੁਵਾਦ ਦਾ ਆਇਤ 29 ਵਿੱਚ "ਸਜ਼ਾ" ਲਿਖਣਾ ਸਮੱਸਿਆ ਦਾ ਕਾਰਨ ਹੈ। ਹਾਲਾਂਕਿ, ਕੁਰਿੰਥੀਆਂ ਦੇ ਵਿਸ਼ਵਾਸੀਆਂ ਨੂੰ ਜਿਸ ਨਿਆਂ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ, ਉਹ ਸੰਸਾਰ ਤੋਂ ਮਿਲਣ ਵਾਲੀ ਸਜ਼ਾ ਤੋਂ ਵੱਖਰਾ ਹੈ। ਉਹਨਾਂ ਲਈ ਖ਼ਤਰਾ ਸਦੀਪਕ ਸਜ਼ਾ ਨਹੀਂ ਬਲਕਿ ਅਸਥਾਈ ਤਾੜਨਾ ਹੈ, ਜਿਵੇਂ ਕਿ, ਕਮਜ਼ੋਰੀ, ਬਿਮਾਰੀ, ਜਾਂ ਸਰੀਰਕ ਮੌਤ (ਆਇਤ 30)।

**10. 1 ਕੁਰਿੰਥ 15:1-2; ਕੁਲੁੱਸੀ 1:21-23** [83]

> ਜੇਕਰ ਤੁਸੀਂ ਇਸ ਸ਼ੁਭ ਸਮਾਚਾਰ ਉੱਤੇ ਪੱਕੇ ਰਹੋਗੇ ਤਾਂ ਤੁਸੀਂ ਮੁਕਤੀ ਪਾਵੋਗੇ, ਨਹੀਂ ਤਾਂ ਤੁਹਾਡਾ ਵਿਸ਼ਵਾਸ ਕਰਨਾ ਵਿਅਰਥ ਹੈ। [1 ਕੁਰਿੰਥ 15:2]
>
> ਜੇਕਰ ਤੁਸੀਂ ਆਪਣੇ ਵਿਸ਼ਵਾਸ ਵਿੱਚ ਹੋਰ ਅੱਗੇ ਵਧੋ, ਅਟੱਲ ਰਹੋ ਅਤੇ ਆਪਣੀ ਉਸ ਉਮੀਦ ਨੂੰ ਨਾ ਛੱਡੋ ਜਿਹੜੀ ਤੁਹਾਨੂੰ ਸ਼ੁਭ ਸਮਾਚਾਰ ਦੇ ਸੁਣਨ ਦੁਆਰਾ ਮਿਲੀ ਹੈ। ਇਸ ਸ਼ੁਭ ਸਮਾਚਾਰ ਦਾ ਪ੍ਰਚਾਰ ਅਕਾਸ਼ ਦੇ ਹੇਠ ਪਰਮੇਸ਼ਰ ਦੀ ਸਾਰੀ ਸ੍ਰਿਸ਼ਟੀ ਵਿੱਚ ਕੀਤਾ ਗਿਆ ਹੈ ਅਤੇ ਮੈਂ, ਪੌਲੁਸ, ਇਸ ਦਾ ਸੇਵਕ ਬਣਿਆ ਹਾਂ। [ਕੁਲੁੱਸੀ 1:23]

ਬਾਈਬਲ ਦਾ ਵਿਸ਼ਵਾਸ ਵਿੱਚ ਬਣੇ ਰਹਿਣ ਦਾ ਸੱਦਾ ਵਿਸ਼ਵਾਸੀਆਂ ਦੀ ਸੁਰੱਖਿਆ ਨਾਲ ਕਾਫ਼ੀ ਮੇਲ ਖਾਂਦਾ ਹੈ। ਪਰਮੇਸ਼ਰ ਵਿਸ਼ਵਾਸੀਆਂ ਨੂੰ ਵਿਸ਼ਵਾਸ ਵਿੱਚ ਰੱਖਣ ਅਤੇ ਇਸ ਤਰ੍ਹਾਂ ਉਹਨਾਂ ਨੂੰ ਮੁਕਤੀ ਵਿੱਚ ਰੱਖਣ ਲਈ ਬਾਈਬਲ ਦੇ ਹੁਕਮਾਂ ਦੀ ਵਰਤੋਂ ਕਰਦੇ ਹਨ।

ਸੱਚਾ ਵਿਸ਼ਵਾਸ ਰੱਖਣ ਵਾਲੇ ਸ਼ੱਕ ਕਰਨ ਵਾਲੇ, ਅਣਆਗਿਆਕਾਰੀ, ਅਤੇ ਕਦੇ-ਕਦਾਈਂ ਜ਼ਬਾਨੀ ਤੌਰ ਤੇ ਦੂਜੇ ਲੋਕਾਂ ਦੇ ਸਾਹਮਣੇ ਆਪਣੇ ਵਿਸ਼ਵਾਸ ਦਾ ਇਨਕਾਰ ਕਰਨ ਵਾਲੇ ਹੋ ਸਕਦੇ ਹਨ, ਪਰ ਸੱਚੇ ਵਿਸ਼ਵਾਸੀ ਆਪਣੇ ਦਿਲਾਂ ਵਿੱਚ ਜਾਂ ਪਰਮੇਸ਼ਰ ਪਿਤਾ ਦੇ ਸਾਹਮਣੇ, ਯਿਸੂ ਮਸੀਹ ਦੇ ਪਰਮੇਸ਼ਰ ਹੋਣ, ਜੀਅ ਉੱਠਣ, ਜਾਂ ਖ਼ੂਨ ਦਾ ਕਦੇ ਵੀ ਇਨਕਾਰ ਨਹੀਂ ਕਰ ਸਕਦੇ ਹਨ। ਯੂਹੰਨਾ 10:4b-5 ਵਿੱਚ ਯਿਸੂ ਕਹਿੰਦੇ ਹਨ, "...ਭੇਡਾਂ ਉਸ ਦੇ ਪਿੱਛੇ ਪਿੱਛੇ ਚੱਲਦੀਆਂ ਹਨ ਕਿਉਂਕਿ ਉਹ ਉਸ ਦੀ ਆਵਾਜ਼ ਨੂੰ ਪਛਾਣਦੀਆਂ ਹਨ। ਉਹ ਕਿਸੇ ਅਣਜਾਣ ਦੇ ਪਿੱਛੇ ਨਹੀਂ ਚੱਲਣਗੀਆਂ ਸਗੋਂ ਉਸ ਤੋਂ ਦੂਰ ਭੱਜਣਗੀਆਂ ਕਿਉਂਕਿ ਉਹ ਉਸ ਅਣਜਾਣ ਮਨੁੱਖ ਦੀ ਆਵਾਜ਼ ਨੂੰ ਨਹੀਂ ਪਛਾਣਦੀਆਂ।" 1 ਯੂਹੰਨਾ 2:19 ਸਿਖਾਉਂਦਾ ਹੈ ਕਿ ਜਿਹੜੇ ਲੋਕ ਮਸੀਹ ਅਤੇ ਉਹਨਾਂ ਦੀ ਸਲੀਬ ਦਾ ਇਨਕਾਰ ਕਰਦੇ ਹਨ, ਉਹ ਅਸਲ ਵਿੱਚ ਕਦੇ ਵੀ ਬਚਾਏ ਨਹੀਂ ਗਏ ਸਨ: "ਉਹ ਸਾਡੇ ਵਿੱਚੋਂ ਨਿਕਲ ਗਏ ਪਰ ਉਹਨਾਂ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ ਸੀ, ਜੇਕਰ ਉਹਨਾਂ ਦਾ ਸਾਡੇ ਨਾਲ ਕੋਈ ਸੰਬੰਧ ਹੁੰਦਾ, ਤਾਂ ਉਹ ਸਾਡੇ ਨਾਲ ਹੀ ਰਹਿੰਦੇ ਪਰ ਉਹਨਾਂ ਦਾ ਸਾਡੇ ਵਿੱਚੋਂ ਨਿਕਲ ਜਾਣਾ ਇਹ ਪ੍ਰਗਟ ਕਰਦਾ ਹੈ ਕਿ ਉਹਨਾਂ ਦਾ ਸਾਡੇ ਨਾਲ ਕੋਈ ਸੰਬੰਧ ਨਹੀਂ ਸੀ।" ਸੱਚੇ ਵਿਸ਼ਵਾਸੀ ਹਮੇਸ਼ਾ ਵਿਸ਼ਵਾਸ ਕਰਦੇ ਹਨ। ਹਾਲਾਂਕਿ ਮੁਕਤੀ ਇੱਕ ਅਤੀਤ ਕਾਲ ਦਾ ਮਾਮਲਾ ਹੈ (ਜਿਵੇਂ ਕਿ, ਅਫ਼ਸੀ 2:8,9; ਅਤੇ ਤੀਤੁਸ 3:5, ਦੋਵੇਂ ਯੂਨਾਨੀ ਭਾਸ਼ਾ ਵਿੱਚ ਅਤੀਤ ਕਾਲ ਹਨ), ਬਾਈਬਲ ਵਿੱਚ ਵਿਸ਼ਵਾਸ ਅਕਸਰ ਵਰਤਮਾਨ ਕਾਲ ਵਿੱਚ ਹੈ (ਜਿਵੇਂ ਕਿ, ਯੂਹੰਨਾ 3:16...ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, ਨਾਸ਼ ਨਾ ਹੋਣ...)। ਸੱਚੇ ਵਿਸ਼ਵਾਸੀ ਹਮੇਸ਼ਾ ਵਿਸ਼ਵਾਸ ਕਰਦੇ ਹਨ ਕਿਉਂਕਿ ਪਰਮੇਸ਼ਰ ਉਹਨਾਂ ਨੂੰ ਵਿਸ਼ਵਾਸ ਵਿੱਚ ਰੱਖਦੇ ਹਨ।

ਹੁਣ ਉਹ ਜਿਹੜੇ ਤੁਹਾਨੂੰ ਡਿੱਗਣ ਤੋਂ **ਬਚਾਅ ਸਕਦੇ ਹਨ**

[83] ਇਹ ਜਾਣਨਾ ਔਖਾ ਹੈ ਕਿ ਇਸ ਵਰਗੀਕਰਣ ਵਿੱਚ ਲੂਕਾ 9:62 ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ ਜਾਂ ਨਹੀਂ। ਯਿਸੂ ਸ਼ਾਇਦ ਕਹਿ ਰਹੇ ਹਨ ਕਿ ਜਿਹੜਾ ਚੇਲਾ "ਪਿੱਛੇ ਮੁੜ ਕੇ ਦੇਖਦਾ ਹੈ" ਉਹ ਵਿਸ਼ੇਸ਼ ਤੌਰ ਤੇ ਪਰਮੇਸ਼ਰ ਦੀ ਕਿਰਪਾ ਅਤੇ ਬਰਕਤਾਂ ਦੇ ਯੋਗ ਨਹੀਂ ਹੈ, ਪਰ ਉਹ ਇਹ ਨਹੀਂ ਕਹਿ ਰਹੇ ਕਿ ਉਸ ਕੋਲ ਮੁਕਤੀ ਨਹੀਂ ਹੈ। ਅਜਿਹਾ ਵਿਅਕਤੀ ਸੇਵਕਾਈ ਦੇ ਲਈ ਯੋਗ ਨਹੀਂ ਹੈ। ਪਰ ਜੇਕਰ ਇੱਥੇ ਵਿਸ਼ਾ ਮਸੀਹੀ ਜੀਵਨ ਨਹੀਂ ਪਰ ਮੁਕਤੀ ਹੈ, ਤਾਂ ਲੂਕਾ 9:62 ਸਿਖਾਉਂਦਾ ਹੈ ਕਿ ਉਹ ਵਿਅਕਤੀ ਜੋ ਮਸੀਹ ਦਾ ਇਨਕਾਰ ਕਰਦਾ ਹੈ, ਉਸ ਵਿੱਚ ਬਚਾਉਣ ਵਾਲਾ ਵਿਸ਼ਵਾਸ ਨਹੀਂ ਸੀ ਜਿਵੇਂ ਕਿ ਉੱਪਰ ਦਿੱਤੇ ਤਰਕ ਵਿੱਚ ਦੱਸਿਆ ਗਿਆ ਹੈ (1 ਕੁਰਿੰਥ 15:1-2 ਅਤੇ ਕੁਲੁੱਸੀ 1:21-23)। ਇੱਕ ਵਿਅਕਤੀ ਜੋ ਦਿਖਾਵੇ ਲਈ ਮਸੀਹ ਦੇ ਪਿੱਛੇ ਚੱਲਦਾ ਹੈ ਅਤੇ/ਜਾਂ ਮਸੀਹੀ ਕੰਮਾਂ ਵਿੱਚ ਹਿੱਸਾ ਲੈਂਦਾ ਹੈ, ਪਰ ਸਲੀਬ ਦਾ ਇਨਕਾਰ ਕਰਕੇ ਆਪਣੇ ਪੁਰਾਣੇ ਜੀਵਨ ਵਿੱਚ ਚਲਾ ਜਾਂਦਾ ਹੈ, ਤਾਂ ਉਸ ਵਿੱਚ ਬੌਧਿਕ ਜਾਂ ਭਾਵਨਾਤਮਕ ਵਿਸ਼ਵਾਸ ਤਾਂ ਸੀ, ਪਰ ਉਸ ਨੇ ਯਿਸੂ ਮਸੀਹ ਉੱਤੇ ਕਦੇ ਭਰੋਸਾ ਨਹੀਂ ਕੀਤਾ ਸੀ। (ਬੌਧਿਕ ਜਾਂ ਭਾਵਨਾਤਮਕ ਵਿਸ਼ਵਾਸ ਦੀ ਵਿਆਖਿਆ ਦੇ ਲਈ ਅਧਿਆਇ 9, ਭਾਗ 2 ਦਾ ਭਾਗ II.B.2, ਦੇਖੋ)।

> ਅਤੇ ਆਪਣੀ ਮਹਿਮਾ ਭਰੀ ਹਜ਼ੂਰੀ ਦੇ ਵਿੱਚ, ਨਿਰਦੋਸ਼ ਅਤੇ ਮਹਾਨ ਅਨੰਦ ਦੇ ਨਾਲ ਪੇਸ਼ ਕਰ ਸਕਦੇ ਹਨ [ਯਹੂਦਾ 24]
>
> ਇਸ ਦੇ ਦੁਆਰਾ ਸਾਨੂੰ ਉਹ ਵਿਰਸਾ ਮਿਲਿਆ ਹੈ ਜਿਹੜਾ ਕਦੀ ਵੀ ਨਾਸ਼ ਜਾਂ ਖ਼ਰਾਬ ਨਹੀਂ ਹੋ ਸਕਦਾ ਜਾਂ ਮੁਰਝਾ ਨਹੀਂ ਸਕਦਾ ਜਿਹੜਾ ਤੁਹਾਡੇ ਲਈ ਸਵਰਗ ਦੇ ਵਿੱਚ ਰੱਖਿਆ ਗਿਆ ਹੈ। ਵਿਸ਼ਵਾਸ ਦੇ ਦੁਆਰਾ ਪਰਮੇਸ਼ਰ ਦੀ ਸਮਰੱਥਾ ਤੁਹਾਡੀ **ਰੱਖਿਆ ਕਰਦੀ ਹੈ** ਅਤੇ ਉਹ ਹੀ ਮੁਕਤੀ ਦੇ ਆਉਣ ਤੱਕ ਅੰਤਿਮ ਸਮੇਂ ਵਿੱਚ ਪ੍ਰਗਟ ਹੋਣ ਦੇ ਲਈ ਤਿਆਰ ਹੈ। [1 ਪਤਰਸ 1:4-5][84]

ਬਾਈਬਲ ਵਿੱਚ "ਵਿਸ਼ਵਾਸ ਵਿੱਚ ਬਣੇ ਰਹਿਣ" ਦੀਆਂ ਚੇਤਾਵਨੀਆਂ ਇਸ ਸੋਚ ਦੇ ਉਲਟ ਨਹੀਂ ਹਨ ਕਿ ਸੱਚੇ ਵਿਸ਼ਵਾਸੀ ਅਸਲ ਵਿੱਚ ਵਿਸ਼ਵਾਸ ਵਿੱਚ ਕਾਇਮ ਰਹਿਣਗੇ। ਪਰਮੇਸ਼ਰ ਦਾ ਵਿਸ਼ਵਾਸੀਆਂ ਨੂੰ ਵਿਸ਼ਵਾਸ ਵਿੱਚ ਬਣਾਏ ਰੱਖਣ ਦਾ ਇੱਕ ਤਰੀਕਾ ਬਾਈਬਲ ਵਿੱਚ ਦਿੱਤੇ ਹੁਕਮ ਅਤੇ ਚੇਤਾਨੀਆਂ ਹਨ। ਜਿਹਨਾਂ ਵਿੱਚ ਸੱਚਾ ਵਿਸ਼ਵਾਸ ਹੈ, ਵਿਸ਼ਵਾਸ ਵਿੱਚ ਜਾਰੀ ਰਹਿਣ ਦੇ ਹੁਕਮ ਉਹਨਾਂ ਦੇ ਵਿਸ਼ਵਾਸ ਵਿੱਚ ਬਣੇ ਰਹਿਣ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਅਜਿਹੇ ਹੁਕਮ ਕਲੀਸਿਯਾ ਦੇ ਅੰਦਰ ਅਵਿਸ਼ਵਾਸੀਆਂ ਨੂੰ ਵੀ ਚੇਤਾਵਨੀ ਦਿੰਦੇ ਹਨ। ਸੇਵਕਾਂ ਨੂੰ ਪੌਲੁਸ ਦੀ "ਬਣੇ ਰਹਿਣ ਦੀ" ਚੇਤਾਵਨੀ ਦੀ ਮਿਸਾਲ ਉੱਤੇ ਚੱਲਣ ਦੀ ਲੋੜ ਹੈ। "ਆਪਣੇ ਆਪ ਨੂੰ ਪਰਖੋ ਕਿ ਤੁਹਾਡਾ ਵਿਸ਼ਵਾਸ ਪੱਕਾ ਹੈ ਜਾਂ ਨਹੀਂ" (2 ਕੁਰਿੰਥ 13:5)। ਕੁਝ ਲੋਕ ਜੋ ਸੋਚਦੇ ਹਨ ਕਿ ਉਹਨਾਂ ਕੋਲ ਬਚਾਉਣ ਵਾਲਾ ਵਿਸ਼ਵਾਸ ਹੈ, ਪਰ ਅਸਲ ਵਿੱਚ ਉਹਨਾਂ ਕੋਲ ਸਿਰਫ਼ ਬੌਧਿਕ ਜਾਂ ਭਾਵਨਾਤਮਕ ਵਿਸ਼ਵਾਸ ਹੀ ਹੁੰਦਾ ਹੈ (ਅਧਿਆਇ 2 ਦਾ ਭਾਗ 2 ਅਤੇ ਉਸ ਦੇ ਭਾਗ II.B. ਨੂੰ ਦੇਖੋ)। 1 ਕੁਰਿੰਥ 15:1-2 ਅਤੇ ਕੁਲੁੱਸੀ 1:21-23 ਵਿੱਚ ਪੌਲੁਸ ਦੀਆਂ ਚੇਤਾਵਨੀਆਂ ਉਸ ਦੀਆਂ ਚਿੰਤਾਵਾਂ ਹਨ ਕਿ ਨਵੇਂ ਨੇਮ ਦੀਆਂ ਕਲੀਸਿਯਾਵਾਂ ਵਿੱਚ ਕੁਝ ਲੋਕਾਂ ਨੂੰ ਮਸੀਹ ਵਿੱਚ ਭਰੋਸਾ ਨਹੀਂ ਸੀ। ਭਰੋਸੇ ਤੋਂ ਇਲਾਵਾ, ਜੇਕਰ ਵਿਸ਼ਵਾਸ ਨੂੰ ਕਿਸੇ ਹੋਰ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਹੈ, ਤਾਂ ਉਹ ਇੱਕ ਵਿਅਰਥ ਵਿਸ਼ਵਾਸ ਹੋਵੇਗਾ ਜੋ ਹਮੇਸ਼ਾਂ ਬਣਿਆ ਨਹੀਂ ਰਹੇਗਾ। ਇਸ ਲਈ, ਪੌਲੁਸ ਦੀਆਂ ਚੇਤਾਵਨੀਆਂ ਉਹਨਾਂ ਵਿਸ਼ਵਾਸੀਆਂ ਲਈ ਨਹੀਂ ਹਨ ਜੋ ਮੁਕਤੀ ਗੁਆ ਸਕਦੇ ਹਨ, ਪਰ ਉਹਨਾਂ ਲਈ ਹਨ ਜਿਹਨਾਂ ਦੇ ਵਿਸ਼ਵਾਸ ਦੀ ਧਾਰਨਾ ਵਿੱਚ ਪਰਮੇਸ਼ਰ ਦੇ ਜੀਅ ਉੱਠੇ ਪੁੱਤਰ ਮਸੀਹ ਵਿੱਚ ਭਰੋਸਾ (ਨਿਰਭਰਤਾ) ਸ਼ਾਮਲ ਨਹੀਂ ਹੈ। ਅਜਿਹੇ ਲੋਕ ਆਪਣੀ ਮੁਕਤੀ ਨੂੰ ਨਹੀਂ ਗੁਆਉਂਗੇ। ਇਸ ਦੀ ਬਜਾਏ, ਉਹਨਾਂ ਕੋਲ ਮੁਕਤੀ ਨਹੀਂ ਹੈ ਕਿਉਂਕਿ ਉਹਨਾਂ ਵਿੱਚ ਉਸ ਵਿਸ਼ਵਾਸ ਦੀ ਘਾਟ ਹੈ ਜੋ ਬਚਾਉਂਦਾ ਹੈ।

**11. ਗਲਾਤੀ 5:1-4**

> ਮਸੀਹ ਨੇ ਸਾਨੂੰ ਆਜ਼ਾਦ ਕੀਤਾ ਹੈ ਅਤੇ ਹੁਣ ਅਸੀਂ ਆਜ਼ਾਦ ਹਾਂ। ਇਸ ਲਈ ਕਾਇਮ ਰਹੋ ਅਤੇ ਦੁਬਾਰਾ ਗ਼ੁਲਾਮੀ ਦੇ ਜੂਲੇ ਹੇਠਾਂ ਨਾ ਜੁਤੋ। ਧਿਆਨ ਨਾਲ ਸੁਣੋ, ਮੈਂ ਪੌਲੁਸ, ਤੁਹਾਨੂੰ ਦੱਸਦਾ ਹਾਂ ਕਿ ਜੇਕਰ ਤੁਸੀਂ ਸੁੰਨਤ ਕਰਵਾਓਗੇ ਤਾਂ ਤੁਹਾਨੂੰ ਮਸੀਹ ਤੋਂ ਕੋਈ ਲਾਭ ਨਹੀਂ ਹੋਵੇਗਾ ... ਤੁਸੀਂ ਜਿਹੜੇ ਵਿਵਸਥਾ ਦੇ ਦੁਆਰਾ ਪਰਮੇਸ਼ਰ ਦੇ ਨਾਲ ਆਪਣਾ ਨੇਕ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰਦੇ ਹੋ, ਤੁਸੀਂ ਮਸੀਹ ਤੋਂ ਵਾਂਝੇ ਹੋ ਚੁੱਕੇ ਹੋ। ਤੁਸੀਂ ਪਰਮੇਸ਼ਰ ਦੀ ਕਿਰਪਾ ਤੋਂ ਦੂਰ ਜਾ ਚੁੱਕੇ ਹੋ। [ਗਲਾਤੀ 5:1,2,4]

**a. ਬਿਵਸਥਾ ਬਨਾਮ ਕਿਰਪਾ**

ਗਲਾਤੀਆਂ ਦੀ ਪੁਸਤਕ ਵਿੱਚ ਵਿਵਾਦ ਬਿਵਸਥਾ ਅਤੇ ਕਿਰਪਾ ਦੇ ਵਿਚਕਾਰ ਚੋਣ ਬਾਰੇ ਹੈ। ਕੀ ਲੋਕ ਬਿਵਸਥਾ ਦੀ ਪਾਲਣਾ (ਮੂਸਾ ਦੀ ਬਿਵਸਥਾ ਜਾਂ ਬਿਵਸਥਾ ਦੀਆਂ ਹੋਰ ਪ੍ਰਣਾਲੀਆਂ) ਦੁਆਰਾ ਬਚਾਏ ਗਏ ਹਨ ਜਾਂ ਕੀ ਉਹ ਕਿਰਪਾ ਦੁਆਰਾ ਬਚਾਏ ਗਏ ਹਨ? ਗਲਾਤੀਆਂ ਵਿੱਚ ਪੌਲੁਸ ਬਿਵਸਥਾ ਦੀ ਜਗ੍ਹਾ ਕਿਰਪਾ ਦੇ ਸਿਧਾਂਤ ਦੀ ਦਲੀਲ ਦਿੰਦਾ ਹੈ (ਜਿਵੇਂ ਕਿ, ਗਲਾਤੀ 2:16; 3:11; ਆਦਿ)। ਆਇਤਾਂ ਦੇ ਬਹੁਤ ਸਾਰੇ ਪੰਨਿਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ ਕਿ ਮੁਕਤੀ ਚੰਗੇ ਕੰਮਾਂ ਦੁਆਰਾ ਨਹੀਂ ਮਿਲਦੀ ਹੈ (ਅਧਿਆਇ 9, ਭਾਗ 2 ਦੇ ਭਾਗ II.F. ਨੂੰ ਦੇਖੋ)। ਮੁਕਤੀ ਪਾਉਣ ਦੇ ਲਈ ਵਿਸ਼ਵਾਸ ਵਿੱਚ ਕੰਮਾਂ ਨੂੰ ਜੋੜਨ ਦੀ

---

[84] ਪਤਰਸ ਇਹ ਨਹੀਂ ਦੱਸਦਾ ਹੈ ਕਿ 1 ਪਤਰਸ 1:5 ਦਾ ਵਿਸ਼ਵਾਸ ਅਤੀਤ ਦੇ ਵਿਸ਼ਵਾਸ ਦੀ ਗੱਲ ਕਰ ਰਿਹਾ ਹੈ ਜੋ ਕਿ ਸ਼ੁਰੂਆਤੀ ਬਚਾਉਣ ਵਾਲਾ ਵਿਸ਼ਵਾਸ ਹੈ ਜਾਂ ਵਰਤਮਾਨ ਦਾ ਵਿਸ਼ਵਾਸ ਹੈ। ਜਿਹੜੇ ਲੋਕ ਸਦੀਪਕ ਸੁਰੱਖਿਆ ਦੇ ਵਿਚਾਰ ਨੂੰ ਮੰਨਦੇ ਹਨ ਉਹ ਆਮ ਤੌਰ ਤੇ ਆਇਤ 5 ਵਿੱਚ ਵਿਸ਼ਵਾਸ ਨੂੰ ਅਤੀਤ ਦੇ ਸ਼ੁਰੂਆਤੀ ਵਿਸ਼ਵਾਸ ਵਜੋਂ ਦੇਖਦੇ ਹਨ। ਮਸੀਹ ਵਿੱਚ ਸ਼ੁਰੂਆਤੀ ਵਿਸ਼ਵਾਸ ਪਰਮੇਸ਼ਰ ਦੀ ਸੁਰੱਖਿਆ ਲਿਆਉਂਦਾ ਹੈ ਅਤੇ ਸਵਰਗ ਵਿੱਚ ਇੱਕ ਸਥਾਨ ਸੁਰੱਖਿਅਤ ਕਰਦਾ ਹੈ। ਦੂਜੇ ਪਾਸੇ ਸਵਰਗ ਵਿੱਚ ਸੁਰੱਖਿਅਤ ਸਥਾਨ ਹੁੰਦਾ ਹੈ। ਪੂਰੀ ਇਮਾਨਦਾਰੀ ਵਿੱਚ, 1 ਪਤਰਸ 1:5 ਵਿੱਚ ਮੁਕਤੀ ਭਵਿੱਖ ਵਿੱਚ ਪਾਪ ਦੀ ਮੌਜੂਦਗੀ ਤੋਂ ਮੁਕਤੀ ਦਾ ਹਵਾਲਾ ਦਿੰਦੀ ਹੈ, ਅਤੇ ਇਹ ਅਤੀਤ ਵਿੱਚ ਪਾਪ ਦੀ ਸਜ਼ਾ ਤੋਂ ਮੁਕਤੀ ਨਹੀਂ ਹੈ। ਇਸ ਲਈ, ਆਇਤ 5 ਵਿੱਚ ਵਿਸ਼ਵਾਸ ਮਸੀਹ ਵਿੱਚ ਅਤੀਤ ਦਾ ਸ਼ੁਰੂਆਤੀ ਵਿਸ਼ਵਾਸ ਨਹੀਂ ਪਰ ਮਸੀਹੀ ਜੀਵਨ ਵਿੱਚ ਚੱਲ ਰਿਹਾ ਵਿਸ਼ਵਾਸ ਹੈ। ਇੱਕ ਵਿਅਕਤੀ ਜੋ 1 ਪਤਰਸ 1:4-5 ਨੂੰ ਪੜ੍ਹਦਾ ਹੈ ਅਤੇ ਸਦੀਪਕ ਸੁਰੱਖਿਆ ਵਿੱਚ ਵਿਸ਼ਵਾਸ ਕਰਦਾ ਹੈ, ਉਹ ਅਰਮੀਨੀਅਨ ਲੋਕਾਂ ਨਾਲ ਸਹਿਮਤ ਹੋ ਸਕਦਾ ਹੈ ਕਿ ਵਿਸ਼ਵਾਸ ਵਰਤਮਾਨ ਵਿੱਚ ਜਾਰੀ ਵਿਸ਼ਵਾਸ ਦਾ ਹਵਾਲਾ ਦਿੰਦਾ ਹੈ। ਪਰ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਵਿਸ਼ਵਾਸੀ ਆਪਣੇ ਇਸ ਵਿਸ਼ਵਾਸ ਵਿੱਚ ਕਾਇਮ ਰਹੇਗਾ। **1 ਪਤਰਸ 1:4-5 ਦਾ ਅਰਥ ਸ਼ਾਇਦ ਇਹ ਹੋ ਸਕਦਾ ਹੈ ਕਿ ਪਰਮੇਸ਼ਰ ਦੀ ਸ਼ਕਤੀ ਵਿਸ਼ਵਾਸੀਆਂ ਨੂੰ ਵਿਸ਼ਵਾਸ ਵਿੱਚ ਰੱਖ ਕੇ ਉਹਨਾਂ ਦੀ ਰੱਖਿਆ ਕਰਦੀ ਹੈ।**

ਸ਼ਰਤ ਬੇਲੋੜੀ ਹੈ। ਪਰ, ਨਵੇਂ ਨੇਮ ਦੇ ਦਿਨਾਂ ਤੋਂ ਲੈ ਕੇ ਅੱਜ ਤੱਕ ਕੁਝ ਮਸੀਹੀ ਇਸ ਮਾਮਲੇ ਵਿੱਚ ਉਲਝਣ ਵਿੱਚ ਰਹੇ ਹਨ। ਕਈ ਲੋਕ ਵਿਸ਼ਵਾਸ ਨਾਲ ਕੰਮਾਂ ਨੂੰ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ। **ਸਿਰਫ਼ ਵਿਸ਼ਵਾਸ ਹੀ ਬਚਾਉਂਦਾ ਹੈ।** ਕੰਮ ਇਸ ਵਿੱਚ ਕੁਝ ਵੀ ਨਹੀਂ ਜੋੜਦੇ ਹਨ। ਜਦੋਂ ਕੋਈ ਵਿਅਕਤੀ ਚੰਗੇ ਕੰਮਾਂ ਜਾਂ ਧਾਰਮਿਕ ਰਸਮਾਂ ਉੱਤੇ ਭਰੋਸਾ ਕਰਦਾ ਹੈ, ਤਾਂ ਉਹ ਨਿਸ਼ਚਿਤ ਤੌਰ ਤੇ ਬਚਿਆ ਨਹੀਂ ਹੁੰਦਾ ਹੈ, ਪਰ ਅਸੀਂ ਉਸ ਵਿਅਕਤੀ ਦੀ ਆਤਮਿਕ ਸਥਿਤੀ ਦੀ ਜਾਂਚ ਕਿਵੇਂ ਕਰਾਂਗੇ ਜੋ ਵਿਸ਼ਵਾਸ ਅਤੇ ਕੰਮਾਂ, ਕਿਰਪਾ ਅਤੇ ਬਿਵਸਥਾ ਨੂੰ ਜੋੜਦਾ ਹੈ? ਇਹ ਬਹੁਤ ਉਲਝਣ ਵਾਲੀ ਝੂਠੀ ਸਿੱਖਿਆ ਹੈ। ਮੁਕਤੀ ਦੇ ਲਈ ਮਸੀਹ ਅਤੇ ਬਿਵਸਥਾ ਦੋਵਾਂ ਵਿੱਚ ਭਰੋਸਾ ਕਰਨਾ ਗ਼ਲਤ ਹੈ, ਪਰ ਬਹੁਤ ਸਾਰੇ ਲੋਕ ਅਜਿਹੀ ਝੂਠੀ ਸੋਚ ਨੂੰ ਅਪਣਾਉਂਦੇ ਹਨ। ਇਸ ਲਈ ਇਹ ਸੰਭਵ ਹੈ ਕਿ ਲੱਖਾਂ ਲੋਕ ਮਸੀਹ ਅਤੇ ਸਲੀਬ ਵਿੱਚ ਸੱਚੇ ਵਿਸ਼ਵਾਸ ਤੋਂ ਬਿਨਾਂ ਆਪਣੇ ਭਲਿਆਈ ਦੇ ਕੰਮਾਂ ਅਤੇ ਆਪਣੇ ਧਰਮ ਵਿੱਚ ਭਰੋਸਾ ਕਰ ਰਹੇ ਹਨ। ਮਸੀਹੀ ਸੰਸਥਾਵਾਂ ਅਤੇ ਰਸਮਾਂ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਉਹ ਬਚਾਏ ਨਹੀਂ ਗਏ ਹਨ।

ਪਰ, ਰਸੂਲਾਂ ਦੇ ਕਰਤੱਬ 15:5 ਵਿੱਚ "ਉਹਨਾਂ ਫ਼ਰੀਸੀਆਂ ਦਾ ਹਵਾਲਾ ਦਿੱਤਾ ਗਿਆ ਹੈ ਜਿਹਨਾਂ ਨੇ **ਵਿਸ਼ਵਾਸ ਕੀਤਾ ਸੀ**" ਅਤੇ ਹੁਣ ਉਹ ਜ਼ੋਰ ਦੇ ਕੇ ਕਹਿੰਦੇ ਸਨ ਕਿ ਮੁਕਤੀ ਲਈ ਸੁੰਨਤ ਅਤੇ ਬਿਵਸਥਾ ਦੀ ਪਾਲਣਾ ਵੀ ਜ਼ਰੂਰੀ ਸੀ। ਇਸ ਲਈ, ਇਹ ਸੰਭਵ ਹੈ ਕਿ ਸੱਚੇ ਮਸੀਹੀ ਮੁਕਤੀ ਦੀਆਂ ਸਥਿਤੀਆਂ ਬਾਰੇ ਉਲਝਣ ਵਿੱਚ ਪੈ ਸਕਦੇ ਹਨ। ਵਿਸ਼ਵਾਸੀ ਵੀ ਝੂਠੀ ਸਿੱਖਿਆ ਦੁਆਰਾ ਗੁਮਰਾਹ ਹੋ ਸਕਦੇ ਹਨ। ਗਲਾਤੀਆਂ ਦੀ ਪੁਸਤਕ ਵਿੱਚ ਪੌਲੁਸ ਦੀਆਂ ਲਿਖਤਾਂ ਉਸ ਦੀ ਇਸ ਚਿੰਤਾ ਨੂੰ ਦਰਸਾਉਂਦੀਆਂ ਹਨ ਕਿ ਬਚਾਏ ਗਏ ਲੋਕ **ਕਿਰਪਾ ਦੇ ਸੱਚੇ ਸਿਧਾਂਤ ਤੋਂ ਦੂਰ ਹੋ ਸਕਦੇ ਹਨ**। ਜਿਹੜੇ ਲੋਕ ਮੁਕਤੀ ਲਈ ਬਿਵਸਥਾ ਦੀ ਪਾਲਣਾ ਉੱਤੇ ਜ਼ੋਰ ਦਿੰਦੇ ਹਨ, ਉਹ ਬਚੇ ਹੋਏ ਜਾਂ ਬਚੇ ਨਹੀਂ ਹੋ ਸਕਦੇ ਹਨ ("ਝੂਠੇ ਵਿਸ਼ਵਾਸੀ," ਗਲਾਤੀ 2:4)। ਸਿਰਫ਼ ਪਰਮੇਸ਼ਰ ਹੀ ਜਾਣਦੇ ਹਨ ਕਿ ਅਜਿਹੇ ਝੂਠੇ ਵਿਚਾਰਾਂ ਵਾਲੇ ਲੋਕ ਮਸੀਹ ਵਿੱਚ ਵਿਸ਼ਵਾਸ ਰੱਖਦੇ ਹਨ ਜਾਂ ਨਹੀਂ (2 ਤਿਮੋਥਿ 2:19)। ਪਰਮੇਸ਼ਰ ਹੀ ਇਹ ਦੱਸ ਸਕਦੇ ਹਨ ਕਿ ਇੱਕ ਵਿਅਕਤੀ ਬਚਾਏ ਜਾਣ ਲਈ ਆਪਣੇ ਭਲਿਆਈ ਦੇ ਕੰਮਾਂ ਵਿੱਚ ਜਾਂ ਕਲੀਸਿਯਾ ਉੱਤੇ ਭਰੋਸਾ ਕਰ ਰਿਹਾ ਹੈ ਜਾਂ ਨਹੀਂ। ਪਰਮੇਸ਼ਰ ਹੀ ਇਹ ਵੀ ਨਿਰਧਾਰਿਤ ਕਰ ਸਕਦੇ ਹਨ ਕਿ ਕੁਝ ਲੋਕ ਮੁਕਤੀ ਦੀ "ਗਾਰੰਟੀ" ਨਾ ਹੋਣ ਦੇ ਕਾਰਨ ਆਪਣੇ ਕਮਜ਼ੋਰ ਵਿਸ਼ਵਾਸ ਵਿੱਚ ਕੁਝ ਹੋਰ ਜੋੜ ਕੇ ਆਪਣੀ ਮੁਕਤੀ ਬਾਰੇ ਭਰੋਸਾ ਪਾਉਣਾ ਚਾਹੁੰਦੇ ਹਨ ਜਾਂ ਨਹੀਂ। ਉਹਨਾਂ ਕੋਲ ਮੁਕਤੀ ਹੁੰਦੀ ਹੈ, ਪਰ ਉਹ ਆਪਣੇ ਵਿਸ਼ਵਾਸ ਵਿੱਚ ਕੰਮਾਂ ਨੂੰ ਜੋੜ ਕੇ ਆਪਣੀ ਮੁਕਤੀ ਨੂੰ ਵਧੇਰੇ ਨਿਸ਼ਚਿਤ ਬਣਾਉਣਾ ਚਾਹੁੰਦੇ ਹਨ। ਉਹ ਬਿਵਸਥਾ ਦੀ ਪਾਲਣਾ ਨੂੰ ਵੀ ਆਪਣੀ ਮੁਕਤੀ ਦਾ ਇੱਕ ਹੋਰ ਉਪਾਅ ਬਣਾ ਲੈਂਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਅਜਿਹੇ ਕਮਜ਼ੋਰ ਵਿਸ਼ਵਾਸ ਵਾਲੇ ਕੁਝ ਲੋਕ ਅਸਲ ਵਿੱਚ ਇਹ ਜਾਣ ਕੇ ਹੈਰਾਨ ਹੋਣਗੇ ਕਿ ਉਹਨਾਂ ਨੂੰ ਸਿਰਫ਼ ਕਿਰਪਾ ਦੁਆਰਾ ਮੁਕਤੀ ਮਿਲੀ ਸੀ, ਅਤੇ ਉਹਨਾਂ ਨੇ ਇਸ ਜੀਵਨ ਵਿੱਚ ਬਹੁਤ ਜ਼ਿਆਦਾ ਬੇਲੋੜੀ ਚਿੰਤਾ ਲਈ ਸੀ। ਗਲਾਤੀਆਂ ਦੀ ਪੁਸਤਕ ਵਿੱਚ ਉਹਨਾਂ ਅਵਿਸ਼ਵਾਸੀਆਂ ਦੇ ਲਈ ਇੱਕ ਮਜ਼ਬੂਤ ਸੰਦੇਸ਼ ਹੈ ਜੋ ਆਪਣੀ ਭਲਿਆਈ ਨੂੰ ਮੁਕਤੀ ਦਾ ਆਧਾਰ ਬਣਾਉਂਦੇ ਹਨ, ਪਰ ਇਸ ਪੁਸਤਕ ਦੇ ਮੂਲ ਪਾਠਕ ਪਹਿਲਾਂ ਹੀ ਬਚਾਏ ਗਏ ਸਨ।

ਗਲਾਤੀ 5 ਵਿੱਚ ਪੌਲੁਸ ਉਹਨਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਆਪਣੇ ਜੀਵਨ ਨੂੰ ਬਿਵਸਥਾ ਤੋਂ ਆਜ਼ਾਦੀ ਵਿੱਚ ਬਿਤਾਉਣ। ਪੌਲੁਸ ਚਾਹੁੰਦਾ ਹੈ ਕਿ ਉਹ ਕਿਰਪਾ ਦੇ ਸਿਧਾਂਤ ਅਤੇ ਇਸ ਤੇ ਆਧਾਰਿਤ ਇੱਕ ਮਸੀਹੀ ਜੀਵਨ ਵਿੱਚ ਅੱਗੇ ਵੱਧਦੇ ਰਹਿਣ ਤਾਂ ਜੋ ਇਸ ਤੋਂ ਦੂਰ ਨਾ ਜਾਣ।

### b. ਇਸ ਜੀਵਨ ਵਿੱਚ ਕੋਈ ਲਾਭ ਨਹੀਂ (ਗਲਾਤੀ 5:2)

ਉਹਨਾਂ ਵਿਸ਼ਵਾਸੀਆਂ ਨਾਲ ਕੀ ਹੁੰਦਾ ਹੈ ਜੋ ਮਸੀਹ ਵਿੱਚ ਭਰੋਸਾ ਕਰਦੇ ਹਨ ਪਰ ਫਿਰ ਮੁਕਤੀ ਨੂੰ ਪ੍ਰਾਪਤ ਕਰਨ ਜਾਂ ਇਸ ਨੂੰ ਬਣਾਏ ਰੱਖਣ ਦੇ ਲਈ ਇਸ ਵਿੱਚ ਇਹ ਵਿਚਾਰ ਜੋੜਦੇ ਹਨ ਕਿ ਉਹਨਾਂ ਨੂੰ ਬਿਵਸਥਾ ਦੇ ਕੰਮ ਵੀ ਕਰਨੇ ਚਾਹੀਦੇ ਹਨ?

ਅਸੀਂ ਪੌਲੁਸ ਨੂੰ ਇਸ ਤਰ੍ਹਾਂ ਨਹੀਂ ਸਮਝ ਸਕਦੇ ਕਿ ਉਹ ਗਲਾਤੀਆਂ ਦੇ ਲੋਕਾਂ ਨੂੰ ਇਹ ਚੇਤਾਵਨੀ ਦੇ ਰਿਹਾ ਹੈ ਕਿ ਉਹ ਮੁਕਤੀ ਨੂੰ ਗੁਆ ਦੇਣਗੇ। ਪਰ, ਬਿਵਸਥਾ ਅਤੇ ਕਿਰਪਾ ਨੂੰ ਮਿਲਾਉਣ ਨਾਲ **ਉਹ ਇਸ ਜੀਵਨ ਵਿੱਚ ਮਸੀਹ ਦੇ ਸਾਰੇ ਲਾਭ ਗੁਆ ਦੇਣਗੇ।** ਜਿਹੜੇ ਵਿਸ਼ਵਾਸੀ ਕਿਰਪਾ ਦੇ ਸਿਧਾਂਤ ਨੂੰ ਛੱਡ ਦਿੰਦੇ ਹਨ, ਉਹ ਸਦੀਪਕ ਜੀਵਨ ਨੂੰ ਨਹੀਂ ਗੁਆਂਉਂਦੇ ਹਨ, ਪਰ ਉਹ ਉਹਨਾਂ ਸੱਚਾਈਆਂ ਨੂੰ ਗੁਆ ਦਿੰਦੇ ਹਨ ਜੋ ਮਸੀਹੀ ਜੀਵਨ ਦੇ ਲਈ ਜ਼ਰੂਰੀ ਹਨ। **ਕੰਮਾਂ ਦਾ ਸਿਧਾਂਤ ਮੁਕਤੀ ਦੇ ਭਰੋਸੇ ਦੀ ਘਾਟ ਵੱਲ ਲੈ ਜਾਂਦਾ ਹੈ।** ਫਿਰ ਧੰਨਵਾਦ ਨਹੀਂ, ਪਰ ਡਰ ਇਹਨਾਂ ਕੰਮਾਂ ਦੀ ਪ੍ਰੇਰਨਾ ਬਣ ਜਾਂਦਾ ਹੈ। ਪਰਮੇਸ਼ਰ ਦੇ ਬਿਨਾਂ ਸ਼ਰਤ ਵਾਲੇ ਪਿਆਰ ਅਤੇ ਕਿਰਪਾ ਦਾ ਆਨੰਦ ਲੈਣ ਦੀ ਬਜਾਏ, ਇੱਕ ਅਜਿਹਾ ਵਿਸ਼ਵਾਸੀ ਜੋ ਇਹ ਸੋਚਦਾ ਹੈ ਕਿ ਵਾਧੂ ਕੰਮਾਂ ਤੋਂ ਬਿਨਾਂ ਉਸ ਦੀ ਮੁਕਤੀ ਨਿਸ਼ਚਿਤ ਨਹੀਂ ਹੁੰਦੀ ਹੈ, ਉਸ ਕੋਲ ਸੱਚੀ ਮਸੀਹਤ ਦੇ ਲਾਭ ਨਹੀਂ ਹੋ ਸਕਦੇ ਹਨ। ਮਸੀਹ ਬਿਵਸਥਾ ਦੀ ਪ੍ਰਣਾਲੀ ਰਾਹੀਂ ਕੰਮ ਨਹੀਂ ਕਰਦੇ ਹਨ। ਇਸ ਲਈ, ਇੱਕ ਅਰਥ ਵਿੱਚ, ਬਿਵਸਥਾ ਅਤੇ ਕਿਰਪਾ ਨੂੰ ਮਿਲਾ ਕੇ ਸੱਚਾ ਮਸੀਹੀ ਜੀਵਨ ਜੀਣਾ ਵੀ ਸੰਭਵ ਨਹੀਂ ਹੈ। ਜਿਹੜੇ ਵਿਸ਼ਵਾਸੀ ਬਿਵਸਥਾ ਨੂੰ ਕਿਰਪਾ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਅਸਲ ਵਿੱਚ ਨਵੇਂ ਨੇਮ ਵਿੱਚ ਸਿਖਾਏ ਗਏ ਮਸੀਹੀ ਜੀਵਨ ਅਨੁਸਾਰ ਨਹੀਂ ਜੀਅ ਰਹੇ ਹਨ। ਪੌਲੁਸ ਗਲਾਤੀ 5:2 ਵਿੱਚ ਕਹਿੰਦਾ ਹੈ ਕਿ ਜਿਹੜੇ ਬਿਵਸਥਾ ਅਤੇ ਕਿਰਪਾ ਨੂੰ ਮਿਲਾ ਦਿੰਦੇ ਹਨ ਉਹ ਮਸੀਹ ਦੇ ਲਾਭ ਨੂੰ ਗੁਆ ਦਿੰਦੇ

ਹਨ, ਇਸ ਦਾ ਇਹ ਅਰਥ ਨਹੀਂ ਹੈ ਕਿ ਉਹ ਮੁਕਤੀ ਨੂੰ ਗੁਆ ਦਿੰਦੇ ਹਨ। ਇਸ ਦਾ ਇਹ ਅਰਥ ਹੈ ਕਿ ਉਹ ਇਸ ਸੰਸਾਰ ਵਿੱਚ ਮਸੀਹੀ ਜੀਵਨ ਦੇ ਸਾਰੇ ਲਾਭ ਗੁਆ ਬੈਠਦੇ ਹਨ। ਗਲਾਤੀ 5:4 ਉਹਨਾਂ ਵਿਸ਼ਵਾਸੀਆਂ ਦੇ ਲਈ ਸਭ ਤੋਂ ਮਜ਼ਬੂਤ ਚੇਤਾਵਨੀ ਹੈ (ਗਲਾਤੀਆਂ ਦੇ ਲੋਕ ਵਿਸ਼ਵਾਸੀ ਸਨ -ਗਲਾਤੀ 5:1) ਜੋ ਕਿਰਪਾ ਦੇ ਸਿਧਾਂਤ ਤੋਂ ਦੂਰ ਹੋਣ ਦੇ ਖ਼ਤਰੇ ਵਿੱਚ ਹਨ।

### c. ਮਸੀਹ ਤੋਂ ਵਾਂਝੇ ਹੋ ਚੁੱਕੇ (ਗਲਾਤੀ 5:4)

ਗਲਾਤੀ 5:4 ਵਿੱਚ "ਕਿਰਪਾ ਤੋਂ ਦੂਰ ਜਾ ਚੁੱਕੇ" ਵਾਕਾਂਸ਼ ਮੁਕਤੀ ਦੇ ਨੁਕਸਾਨ ਬਾਰੇ ਨਹੀਂ ਹੈ। ਜਿਹੜੇ ਲੋਕ ਆਪਣੇ ਆਪ ਨੂੰ ਬਿਵਸਥਾ ਦੇ ਜੂਲੇ ਹੇਠਾਂ ਵਾਪਸ ਲੈ ਜਾਂਦੇ ਹਨ ਉਹ **ਕਿਰਪਾ ਦੇ ਸਿਧਾਂਤ** ਅਤੇ ਕਿਰਪਾ ਦੇ ਪ੍ਰਣਾਲੀ ਉੱਤੇ ਆਧਾਰਿਤ ਮਸੀਹ ਦੇ ਰਿਸ਼ਤੇ ਤੋਂ **ਦੂਰ ਹੋ ਜਾਂਦੇ ਹਨ।** "ਮਸੀਹ ਤੋਂ ਵਾਂਝੇ ਹੋਣ" ਦਾ ਅਰਥ ਹੈ ਕਿ ਜਿਹੜੇ ਲੋਕ **ਕਿਰਪਾ ਦੇ ਸਿਧਾਂਤ ਤੋਂ ਅਤੇ ਇਸ ਤੋਂ ਪੈਦਾ ਹੋਣ ਵਾਲੇ ਮਸੀਹੀ ਜੀਵਨ ਤੋਂ ਡਿੱਗਦੇ ਹਨ, ਉਹ ਮਸੀਹ ਨਾਲ ਸੰਗਤ ਤੋਂ ਵੱਖ ਹੋ ਜਾਂਦੇ ਹਨ।** ਇੱਕ ਅਸਲੀ ਮਸੀਹੀ ਜੀਵਨ ਬਤੀਤ ਕਰਨ ਦੇ ਤਰੀਕੇ ਨੂੰ ਇੱਕ ਅਜਿਹਾ ਜੀਵਨ ਬਤੀਤ ਕਰਨ ਦੇ ਲਈ ਛੱਡ ਦੇਣਾ ਜਿਸ ਦੀ ਪਰਮੇਸ਼ਰ ਵਰਤੋਂ ਨਹੀਂ ਕਰਨਗੇ, **ਇਹ ਮਸੀਹੀ ਵਿਕਾਸ ਅਤੇ ਸੇਵਾ ਦੇ ਮੌਕਿਆਂ ਤੋਂ ਵਾਂਝਾ ਹੋਣਾ ਹੈ।** ਭਾਵੇਂ ਇੱਕ ਵਿਅਕਤੀ ਕਿਰਪਾ ਵਿੱਚ ਕੰਮਾਂ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ, ਉਹ ਫਿਰ ਵੀ ਬਚਾਇਆ ਹੋਇਆ ਹੋ ਸਕਦਾ ਹੈ। ਪਰ, ਉਹ ਅਸਲੀ ਮਸੀਹੀ ਜੀਵਨ ਦਾ ਅਨੁਭਵ ਨਹੀਂ ਕਰ ਸਕਦਾ ਹੈ। ਇਸ ਤੋਂ ਇਲਾਵਾ, ਅਜਿਹੇ ਝੂਠੇ ਸਿਧਾਂਤ ਰੱਖਣ ਵਾਲੇ ਲੋਕ **ਦੂਜਿਆਂ ਦੀ ਸੇਵਾ ਕਰਨ ਦੇ ਪੂਰੀ ਤਰ੍ਹਾਂ ਅਯੋਗ ਹੋਣਗੇ।** ਇਹ ਅਧਿਆਤਮਿਕ ਤੌਰ ਤੇ "ਦੁਰਵਿਵਹਾਰ" ਦੇ ਬਰਾਬਰ ਹੈ: ਉਹ ਆਪਣੀ ਗ਼ਲਤੀ ਨਾਲ ਦੂਜਿਆਂ ਨੂੰ ਆਤਮਿਕ ਤੌਰ ਤੇ ਨੁਕਸਾਨ ਪਹੁੰਚਾਉਂਦੇ ਹਨ। **ਸੰਗਤ ਅਤੇ ਸੱਚੀ ਸੇਵਕਾਈ ਤੋਂ ਵੱਖ ਹੋਣ ਤੋਂ ਇਲਾਵਾ, ਉਹ ਮਸੀਹੀ ਵਿਕਾਸ ਅਤੇ ਗਤੀਸ਼ੀਲਤਾ ਤੋਂ ਵੱਖ ਹੋ ਜਾਂਦੇ ਹਨ।** ਮਸੀਹ ਅਤੇ ਮਸੀਹ ਦਾ ਆਤਮਾ ਬਿਵਸਥਾ ਦੁਆਰਾ ਨਹੀਂ ਪਰ ਕਿਰਪਾ ਦੁਆਰਾ ਕੰਮ ਕਰਦੇ ਹਨ। ਜਿਹੜੇ ਲੋਕ ਵਿਸ਼ਵਾਸ ਵਿੱਚ ਕੰਮਾਂ ਨੂੰ ਜੋੜਦੇ ਹਨ, ਉਹ ਆਪਣੇ ਆਪ ਨੂੰ ਉਸ ਇੱਕੋ-ਇੱਕ ਰਾਹ ਤੋਂ ਵੱਖ ਕਰ ਲੈਂਦੇ ਹਨ ਜਿਸ ਨਾਲ ਮਸੀਹ ਉਹਨਾਂ ਦੀ ਅਗਵਾਈ ਕਰ ਸਕਦੇ ਹਨ।

### d. ਗਲਾਤੀ 5:1-4 ਦਾ ਸਿੱਟਾ

ਗਲਾਤੀ 5:1-4 ਦੀਆਂ ਚੇਤਾਵਨੀਆਂ ਦੀ ਵਿਆਖਿਆ ਸਦੀਪਕ ਸੁਰੱਖਿਆ ਅਨੁਸਾਰ ਕੀਤੀ ਜਾ ਸਕਦੀ ਹੈ। ਪੌਲੁਸ ਸਦੀਪਕ ਜੀਵਨ ਦੇ ਨੁਕਸਾਨ ਦੀ ਧਮਕੀ ਨਹੀਂ ਦਿੰਦਾ ਹੈ। ਫਿਰ ਵੀ, ਉਸ ਦੇ ਸ਼ਬਦ ਬਹੁਤ ਸਖ਼ਤ ਹਨ, ਪਰ ਉਹ ਨਰਕ ਵਿੱਚ ਸਦੀਪਕ ਕਾਲ ਲਈ ਰਹਿਣ ਦਾ ਸੰਕੇਤ ਨਹੀਂ ਦਿੰਦੇ ਹਨ। ਜਿਹੜੇ ਵਿਸ਼ਵਾਸੀ ਇਸ ਵਿਚਾਰ ਨੂੰ ਜੋੜ ਦਿੰਦੇ ਹਨ ਕਿ ਮੁਕਤੀ ਦੇ ਲਈ ਬਿਵਸਥਾ ਦੀ ਪਾਲਣਾ ਦੀ ਵੀ ਲੋੜ ਹੁੰਦੀ ਹੈ, ਉਹ ਮਸੀਹ ਦੇ ਸਾਰੇ ਲਾਭ ਗੁਆ ਦਿੰਦੇ ਹਨ (ਆਇਤ 2)। ਕਿਰਪਾ ਦੇ ਸਿਧਾਂਤ ਅਤੇ ਇਸ ਤੋਂ ਪੈਦਾ ਹੋਣ ਵਾਲੇ ਮਸੀਹੀ ਜੀਵਨ ਦੇ ਤਰੀਕੇ ਤੋਂ ਦੂਰ ਹੋਣਾ ਮਸੀਹ ਨਾਲ ਸੰਗਤ ਤੋਂ ਵੱਖ ਹੋਣਾ ਹੈ (ਆਇਤ 4)। ਕਿਉਂਕਿ ਪਰਮੇਸ਼ਰ ਦੀ ਕਿਰਪਾ ਬਾਰੇ ਸੱਚਾਈਆਂ ਬਾਈਬਲ ਦੇ ਮਸੀਹੀ ਜੀਵਨ ਦੇ ਲਈ ਜ਼ਰੂਰੀ ਹਨ, ਇਸ ਲਈ ਜੋ ਵਿਸ਼ਵਾਸੀ ਇਸ ਨਾਲ ਅਸਹਿਮਤ ਹੁੰਦੇ ਹਨ ਉਹ ਵਿਕਾਸ ਅਤੇ ਸੇਵਕਾਈ ਦੇ ਮਾਮਲੇ ਵਿੱਚ ਵੱਖ ਹੋ ਜਾਂਦੇ ਹਨ (ਆਇਤ 4)। ਜਿਹੜੇ ਵਿਸ਼ਵਾਸੀ ਕਿਰਪਾ ਨੂੰ ਗ਼ਲਤ ਸਮਝਦੇ ਹਨ ਉਹ ਮੁਕਤੀ ਨਹੀਂ ਗੁਆਉਂਦੇ ਹਨ, ਪਰ ਉਹ ਮਸੀਹੀ ਜੀਵਨ ਦੀ ਨੀਂਹ ਗੁਆ ਦਿੰਦੇ ਹਨ। ਇਸ ਦੇ ਬਹੁਤ ਬੁਰੇ ਨਤੀਜੇ ਦਰਸਾਉਂਦੇ ਹਨ ਕਿ ਪੌਲੁਸ ਨੂੰ ਗਲਾਤੀਆਂ ਦੀ ਐਨੀ ਚਿੰਤਾ ਕਿਉਂ ਹੋ ਰਹੀ ਸੀ।

### 12. 2 ਤਿਮੋਥਿ 2:12b

> ... ਜੇਕਰ ਅਸੀਂ ਉਹਨਾਂ ਦਾ ਇਨਕਾਰ ਕਰਦੇ ਹਾਂ, ਤਾਂ ਉਹ ਵੀ ਸਾਡਾ ਇਨਕਾਰ ਕਰਨਗੇ [2 ਤਿਮੋਥਿ 2:12b]

ਇਸ ਸੰਦਰਭ ਵਿੱਚ, ਪੌਲੁਸ ਨੇ ਤਿਮੋਥਿਉਸ ਨੂੰ "ਬਲਵੰਤ ਹੋਣ" (ਆਇਤ 1) ਅਤੇ "ਦੁੱਖ ਸਹਿਣ" ਲਈ ਕਿਹਾ ਹੈ (ਆਇਤ 3)। ਫਿਰ ਉਹ ਅਨੁਸ਼ਾਸਿਤ ਜੀਵਨ ਦੀਆਂ ਉਦਾਹਰਣਾਂ ਦਿੰਦਾ ਹੈ, ਜੋ ਕਿ ਇੱਕ ਸਿਪਾਹੀ (ਆਇਤ 4), ਇੱਕ ਖਿਡਾਰੀ (ਆਇਤ 5), ਅਤੇ ਇੱਕ ਕਿਸਾਨ (ਆਇਤ 6) ਦੀਆਂ ਹਨ।

2 ਤਿਮੋਥਿ 2:12 ਦਾ ਬਿਆਨ ਇੱਕ ਸ਼ੁਰੂਆਤੀ ਕਲੀਸਿਯਾ ਦੇ ਮਸੀਹੀ ਭਜਨ ਦਾ ਹਿੱਸਾ ਹੈ। ਹਾਲਾਂਕਿ ਹਰੇਕ ਵਾਕਾਂਸ਼ ਦੀ ਵਿਸ਼ੇਸ਼ ਵਿਆਖਿਆ ਔਖੀ ਹੋ ਸਕਦੀ ਹੈ, ਪਰ ਪੂਰਾ ਭਜਨ ਸਮਰਪਣ ਅਤੇ ਅਨੁਸ਼ਾਸਨ ਦੇ ਲਾਭ ਬਾਰੇ ਦੱਸਦਾ ਹੈ।

ਜੇਕਰ ਸ਼ਬਦ "ਅਸੀਂ" ਬਚਾਏ ਗਏ ਲੋਕਾਂ ਤੱਕ ਸੀਮਿਤ ਹੈ, ਤਾਂ ਇਸ ਵਾਕਾਂਸ਼ ਵਿੱਚ ਉਹ ਲੋਕ ਹੋ ਸਕਦੇ ਹਨ ਜੋ ਇਹ ਮੰਨਣ ਤੋਂ ਸ਼ਰਮਿੰਦਾ ਹੁੰਦੇ ਹਨ ਕਿ ਉਹ ਵਿਸ਼ਵਾਸੀ ਹਨ (ਦੇਖੋ, 2 ਤਿਮੋਥਿਉਸ 1:8), ਉਹਨਾਂ ਨੂੰ ਸਾਰੇ ਇਨਾਮਾਂ ਤੋਂ ਵੱਖਰਾਂ ਕਰ ਦਿੱਤਾ ਜਾਵੇਗਾ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ। ਇਹ ਮੁਕਤੀ ਦਾ ਨਹੀਂ, ਬਲਕਿ ਮੁਕਟਾਂ, ਰਾਜ ਵਿੱਚ ਉੱਚੇ ਅਹੁਦਿਆਂ, ਜਾਂ ਪੁਨਰ-ਉਥਾਨ ਦੇ ਸਰੀਰ ਵਿੱਚ ਵੱਡੀ ਮਹਿਮਾ ਦਾ ਨੁਕਸਾਨ ਹੋਵੇਗਾ (ਦੇਖੋ, 1 ਕੁਰਿੰਥ 3:15; ਕੁਲੁੱਸੀ 2:18; 1 ਯੂਹੰਨਾ 2:28; 2 ਯੂਹੰਨਾ 8; ਪ੍ਰਕਾਸ਼ 3:11; ਇਹ ਆਇਤਾਂ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਵਿਸ਼ਵਾਸੀ ਦੇ ਇਨਾਮ ਦੇ ਨੁਕਸਾਨ ਦਾ ਹਵਾਲਾ ਦੇ ਸਕਦੀਆਂ ਹਨ)। ਅਸਲ ਵਿੱਚ, ਅਗਲਾ ਹੀ ਬਿਆਨ ਸ਼ਾਇਦ ਵਿਸ਼ਵਾਸੀ ਦੇ ਇਨਾਮ ਗੁਆਉਣ ਤੋਂ ਬਾਅਦ ਵੀ ਉਸ ਦੀ ਮੁਕਤੀ ਦੇ ਸੁਰੱਖਿਅਤ ਹੋਣ ਦਾ ਦਾਅਵਾ ਕਰਦਾ ਹੈ। "**ਜੇਕਰ ਅਸੀਂ ਅਵਿਸ਼ਵਾਸੀ ਹੋਈਏ, ਤਾਂ ਵੀ ਉਹ ਵਿਸ਼ਵਾਸਯੋਗ ਹਨ**..." (2 ਤਿਮੋਥਿ 2:13a)।

ਜੇਕਰ 2 ਤਿਮੋਥਿ 2:12b ਵਿੱਚ "ਅਸੀਂ" ਸਿਰਫ਼ ਵਿਸ਼ਵਾਸੀਆਂ ਤੱਕ ਹੀ ਸੀਮਿਤ ਨਹੀਂ ਹੈ ਅਤੇ ਇਹ ਆਮ ਤੌਰ ਤੇ ਸਾਰੇ ਲੋਕਾਂ ਨੂੰ ਸ਼ਾਮਲ ਕਰਦਾ

ਹੈ ਤਾਂ ਇਸ ਦਾ ਨਤੀਜਾ ਇੱਕ ਹੋਰ ਵਿਆਖਿਆ ਹੁੰਦੀ ਹੈ। ਜਿਹੜੇ ਲੋਕ ਇਸ ਜੀਵਨ ਵਿੱਚ ਮਸੀਹ ਦਾ ਮੁਕਤੀਦਾਤਾ ਵਜੋਂ ਇਨਕਾਰ ਕਰਦੇ ਹਨ (ਜਿਵੇਂ ਕਿ, ਉਹ ਉਹਨਾਂ ਵਿੱਚ ਵਿਸ਼ਵਾਸ ਨਹੀਂ ਕਰਨਗੇ), ਤਾਂ ਭਵਿੱਖ ਦੇ ਨਿਆਂ ਵੇਲੇ ਪ੍ਰਭੂ ਦੁਆਰਾ ਉਹਨਾਂ ਦਾ ਇਨਕਾਰ ਕੀਤਾ ਜਾਵੇਗਾ (ਦੇਖੋ, ਮੱਤੀ 7:22-23)। ਫਿਰ ਅਗਲੀ ਆਇਤ (13) ਦਾ ਅਰਥ ਇਹ ਹੋਵੇਗਾ ਕਿ ਜੋ ਮਸੀਹ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ, ਉਹ ਸਦੀਪਕ ਨਿਆਂ ਦਾ ਸਾਹਮਣਾ ਕਰਨਗੇ। ਪਰਮੇਸ਼ਰ ਆਪਣੇ ਨਿਆਂ ਅਤੇ ਵਿਨਾਸ਼ ਦੀਆਂ ਆਪਣੀਆਂ ਚੇਤਾਵਨੀਆਂ ਪ੍ਰਤੀ ਵਫ਼ਾਦਾਰ ਰਹਿਣਗੇ। ਪਹਿਲਾ ਵਿਚਾਰ ਉਸ ਸੰਦਰਭ ਵਿੱਚ ਸਹੀ ਬੈਠਦਾ ਹੈ ਜੋ ਵਿਸ਼ਵਾਸੀਆਂ ਨੂੰ ਮੁਸ਼ਕਲਾਂ ਸਹਿਣ ਲਈ ਕਹਿੰਦਾ ਹੈ। ਜੇਕਰ ਅਸੀਂ ਅਣਆਗਿਆਕਾਰੀ ਕਰਾਂਗੇ ਤਾਂ ਅਸੀਂ ਆਪਣੇ ਇਨਾਮਾਂ ਨੂੰ ਗੁਆ ਦੇਵਾਂਗੇ। ਹਾਲਾਂਕਿ, ਦੂਜਾ ਵਿਚਾਰ ਵੀ ਆਇਤਾਂ 9-10 ਦੇ ਵਿਸ਼ੇ ਨਾਲ ਸਹੀ ਬੈਠਦਾ ਹੈ (ਦੁੱਖ ਸਹਿਣਾ ਤਾਂ ਜੋ ਚੁਣੇ ਹੋਏ ਲੋਕ ਮੁਕਤੀ ਅਤੇ ਸਦੀਪਕ ਮਹਿਮਾ ਨੂੰ ਪ੍ਰਾਪਤ ਕਰਨ)। 2 ਤਿਮੋਥਿ 2:11-12a ਸ਼ਾਇਦ ਬਚਾਏ ਗਏ ਲੋਕਾਂ ਦਾ ਹਵਾਲਾ ਦਿੰਦਾ ਹੈ ਜੋ ਜੀਵਨ ਅਤੇ ਇਨਾਮ ਪ੍ਰਾਪਤ ਕਰਦੇ ਹਨ। 2 ਤਿਮੋਥਿ 2:12b-13 ਫਿਰ ਉਹਨਾਂ ਦਾ ਹਵਾਲਾ ਦੇਵੇਗਾ ਜੋ ਮਸੀਹ ਦੇ ਮੁਕਤੀਦਾਤਾ ਹੋਣ ਤੋਂ ਇਨਕਾਰ ਕਰਦੇ ਹਨ ਅਤੇ ਅਵਿਸ਼ਵਾਸੀ ਹਨ। ਉਹ ਸਦੀਪਕ ਮਹਿਮਾ ਨੂੰ ਗੁਆ ਲੈਣਗੇ ਅਤੇ ਅਤੇ ਉਹਨਾਂ ਨੂੰ ਮੁਕਤੀ ਨਹੀਂ ਮਿਲੇਗੀ। ਇਸ ਵਾਕਾਂਸ਼ ਨੂੰ ਭਾਵੇਂ ਕਿਸੇ ਵੀ ਤਰ੍ਹਾਂ ਸਮਝਿਆ ਜਾਵੇ, ਇਹ ਇਸ ਸਿਧਾਂਤ ਦੇ ਅਨੁਕੂਲ ਹੈ ਕਿ ਇੱਕ ਵਿਸ਼ਵਾਸੀ ਆਪਣੀ ਮੁਕਤੀ ਨਹੀਂ ਗੁਆਉਂਦਾ ਹੈ।

### 13. ਇਬਰਾਨੀਆਂ ਦੀ ਪੁਸਤਕ ਵਿੱਚੋਂ ਚੇਤਾਵਨੀ ਦੇ ਵਚਨ

ਇਬਰਾਨੀਆਂ ਦਾ ਲੇਖਕ ਆਪਣੀ ਪੁਸਤਕ ਵਿੱਚ ਪੰਜ ਚੇਤਾਵਨੀਆਂ ਦਿੰਦਾ ਹੈ: 2:1-4; 3:6-4:11 (ਖ਼ਾਸ ਕਰਕੇ 3:6, 12, 14, 4:11); 6:4-8; 10:26-31; 12:25-29. ਜਿਹੜੇ ਲੋਕ ਸਦੀਪਕ ਸੁਰੱਖਿਆ ਤੋਂ ਇਨਕਾਰ ਕਰਦੇ ਹਨ, ਉਹ ਆਪਣੇ ਤਰਕ ਲਈ ਮਜ਼ਬੂਤ ਸਬੂਤ ਵਜੋਂ ਇਬ 6:4-6 ਅਤੇ 10:26-31 ਦਾ ਹਵਾਲਾ ਦਿੰਦੇ ਹਨ। ਪਰ, ਇਹਨਾਂ ਸਾਰੇ ਵਚਨਾਂ ਨੂੰ ਸਦੀਪਕ ਸੁਰੱਖਿਆ ਦੇ ਸਿਧਾਂਤ ਨਾਲ ਅਨੁਕੂਲ ਕਰਦੇ ਹੋਏ, ਹੋਰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਉਹਨਾਂ ਦੀ ਵਿਆਖਿਆ ਕਰਨ ਤੋਂ ਪਹਿਲਾਂ, ਇਬਰਾਨੀਆਂ ਦੀ ਪੁਸਤਕ ਦੇ ਮੂਲ ਪ੍ਰਾਪਤਕਰਤਾਵਾਂ ਬਾਰੇ ਇੱਕ ਵਿਚਾਰ ਦੇਣਾ ਜ਼ਰੂਰੀ ਹੋਵੇਗਾ। ਕੀ ਇਸ ਪੁਸਤਕ ਦੇ ਪਾਠਕ ਬਚੇ ਹੋਏ ਅਤੇ ਨਾ ਬਚੇ ਹੋਏ ਯਹੂਦੀਆਂ ਦਾ ਮਿਸ਼ਰਣ ਸਨ? ਜੇਕਰ ਅਜਿਹਾ ਹੈ ਤਾਂ ਚੇਤਾਵਨੀ ਦੇ ਵਚਨ ਮੁਕਤੀ ਨਾ ਪਾਏ ਯਹੂਦੀਆਂ ਲਈ ਹੋ ਸਕਦੇ ਹਨ ਕਿ ਨਰਕ ਦੀ ਅੱਗ ਵਿੱਚ ਜਾਣ ਤੋਂ ਪਹਿਲਾਂ ਉਹ ਮਸੀਹ ਵਿੱਚ ਵਿਸ਼ਵਾਸ ਕਰ ਲੈਣ। ਪਰ, ਜੇਕਰ ਮੂਲ ਪਾਠਕ ਕੇਵਲ ਵਿਸ਼ਵਾਸੀ ਹਨ, ਤਾਂ ਚੇਤਾਵਨੀਆਂ[85] ਉਹਨਾਂ ਨੂੰ ਤਾੜਨਾ ਦੀ ਅੱਗ ਤੋਂ ਬਚਣ ਦੀ ਤਾਕੀਦ ਕਰਦੀਆਂ ਹਨ। ਸਦੀਪਕ ਕਾਲ ਪ੍ਰਤੀ ਲਾਪਰਵਾਹ ਹੋਣ ਦੀ ਬਜਾਏ, ਵਿਸ਼ਵਾਸੀਆਂ ਨੂੰ ਪੂਰਾ ਇਨਾਮ ਪ੍ਰਾਪਤ ਕਰਨ ਅਤੇ ਮਸੀਹ ਦੇ ਆਉਣ ਵਾਲੇ ਰਾਜ ਵਿੱਚ ਹਿੱਸਾ ਲੈਣ ਲਈ ਕੰਮ ਕਰਨਾ ਚਾਹੀਦਾ ਹੈ। ਚੇਤਾਵਨੀ ਵਾਲੇ ਵਚਨਾਂ ਦੀ ਸਹੀ ਵਿਆਖਿਆ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਕੀ ਕੋਈ ਪਾਠਕਾਂ ਨੂੰ ਨਾ ਬਚੇ ਹੋਇਆ (ਪ੍ਰਚਾਰਕ ਚੇਤਾਵਨੀਆਂ) ਜਾਂ ਬਚੇ ਹੋਇਆ (ਅਵਿਸ਼ਵਾਸੀ ਰਹਿਣ ਬਾਰੇ ਚੇਤਾਵਨੀਆਂ) ਦੇ ਰੂਪ ਵਿੱਚ ਦੇਖਦਾ ਹੈ। ਹਾਲਾਂਕਿ, ਦੋਵੇਂ ਵਿਕਲਪ ਸਦੀਪਕ ਸੁਰੱਖਿਆ ਦੇ ਅਨੁਕੂਲ ਵਿਆਖਿਆਵਾਂ ਵੱਲ ਲੈ ਜਾ ਸਕਦੇ ਹਨ। ਮੂਲ ਪਾਠਕਾਂ ਦੀ ਪਹਿਚਾਣ ਕਰਨ ਤੋਂ ਬਾਅਦ ਹਰੇਕ ਚੇਤਾਵਨੀ ਦੇ ਵਚਨ ਦਾ ਅਧਿਐਨ ਕੀਤਾ ਜਾਵੇਗਾ।

#### a. ਇਬਰਾਨੀਆਂ ਦੀ ਪੁਸਤਕ ਦੇ ਮੂਲ ਪਾਠਕ

ਇਹ ਸਪੱਸ਼ਟ ਹੈ ਕਿ ਇਬਰਾਨੀਆਂ ਦੀ ਪੁਸਤਕ ਦੇ ਪ੍ਰਾਪਤਕਰਤਾ ਯਹੂਦੀ ਹਨ। ਉਹ ਮਸੀਹੀ ਲੋਕਾਂ ਨਾਲ ਜੁੜੇ ਹੋਏ ਹਨ, ਪਰ ਉਹਨਾਂ ਨੂੰ ਯਹੂਦੀ ਧਰਮ ਵਿੱਚ ਵਾਪਸ ਆਉਣ ਦੀ ਮਜਬੂਰ ਕੀਤਾ ਜਾ ਰਿਹਾ ਹੈ।[86] ਲੇਖਕ ਇਸ ਚੋਣ ਦੇ ਵਿਰੁੱਧ ਚੇਤਾਵਨੀ ਦਿੰਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਸਥਾਨਕ ਕਲੀਸਿਯਾ ਵਿੱਚ ਮੁਕਤੀ ਤੋਂ ਰਹਿਤ ਲੋਕ ਹੋ ਸਕਦੇ ਹਨ। ਕੀ ਚੇਤਾਵਨੀਆਂ ਇਬਰਾਨੀ ਕਲੀਸਿਯਾਵਾਂ ਦੇ ਅਵਿਸ਼ਵਾਸੀਆਂ ਲਈ ਸਨ? ਫਿਰ, ਇਹ ਪ੍ਰਚਾਰ ਦੀਆਂ ਚੇਤਾਵਨੀਆਂ ਹੋਣਗੀਆਂ ਜੋ ਮਸੀਹ ਵਿੱਚ ਵਿਸ਼ਵਾਸ ਦੀ ਤਾਕੀਦ ਕਰਦੀਆਂ ਹਨ। ਦੂਜਾ ਵਿਕਲਪ ਇਹ ਹੈ ਕਿ ਇਹ ਚੇਤਾਨਵੀਆਂ ਸੱਚੇ ਵਿਸ਼ਵਾਸੀਆਂ ਨੂੰ ਦਿੱਤੀਆਂ ਗਈਆਂ ਹਨ। ਇਹ ਵਿਸ਼ਵਾਸ਼ੀਆਂ ਨੂੰ ਤਾਕੀਦ ਕਰਦੀਆਂ ਹਨ ਕਿ ਉਹ ਕਲੀਸਿਯਾ ਨੂੰ ਛੱਡ ਕੇ ਯਹੂਦੀ ਪ੍ਰਾਰਥਨਾ ਘਰਾਂ ਵਿੱਚ ਨਾ ਜਾਣ। ਇੱਕ ਬੁਰੀ ਚੋਣ ਨਾਲ ਉਹ ਪਰਮੇਸ਼ਰ ਦੀ ਤਾੜਨਾ ਦੀ ਅੱਗ (ਨਰਕ ਨਹੀਂ, ਪਰ ਇਸ ਜੀਵਨ ਵਿੱਚ ਮੁਸ਼ਕਲਾਂ) ਅਤੇ ਸਵਰਗ ਦੇ ਪੂਰੇ ਇਨਾਮਾਂ ਦੇ ਨੁਕਸਾਨ ਨੂੰ ਸਹਿਣ ਕਰਨਗੇ। ਇਹਨਾਂ ਵਿੱਚੋਂ ਕਿਹੜਾ ਵਿਚਾਰ ਵਧੀਆ ਹੈ?

ਇਸ ਦੀ ਚੋਣ ਕਰਨਾ ਯਕੀਨੀ ਤੌਰ ਤੇ ਮੁਸ਼ਕਲ ਹੈ। ਪਰ ਇਸ ਪੁਸਤਕ ਦਾ ਲੇਖਕ ਸਮਝਦਾ ਹੈ ਕਿ ਇਹ ਚੇਤਾਵਨੀਆਂ ਵਿਸ਼ਵਾਸੀਆਂ ਲਈ ਹਨ। ਇਬਰਾਨੀਆਂ ਦੀ ਪੁਸਤਕ ਵਿੱਚ *ਮੁਕਤੀ* ਦੀ ਪਰਿਭਾਸ਼ਾ ਇਸ ਵਿਚਾਰ ਦੇ ਸਮਰਥਨ ਵਿੱਚ ਹੈ ਕਿ ਚੇਤਾਵਨੀਆਂ ਪਹਿਲਾਂ ਤੋਂ ਮੁਕਤੀ ਪਾਏ ਹੋਏ ਲੋਕਾਂ ਲਈ ਹਨ। ਇਬਰਾਨੀਆਂ ਦੀ ਪੁਸਤਕ ਦੇ ਲੇਖਕ ਅਨੁਸਾਰ *ਮੁਕਤੀ* ਦਾ ਕੀ ਅਰਥ ਹੈ? ਬਾਈਬਲ ਵਿੱਚ ਇੱਕ ਅਤੀਤ ਕਾਲ ਦੀ ਮੁਕਤੀ ਹੈ। ਇੱਕ ਵਿਸ਼ਵਾਸੀ ਪਹਿਲਾਂ ਹੀ (ਅਤੀਤ ਕਾਲ)

[85] ਅੱਗ ਇੱਕ ਖੇਤੀਬਾੜੀ ਦਾ ਰੂਪਕ ਹੋ ਸਕਦਾ ਹੈ ਜਿਸ ਵਿੱਚ ਇੱਕ ਖੇਤ ਨੂੰ ਅਸ਼ੁੱਧਤਾ ਤੋਂ ਸ਼ੁੱਧ ਕੀਤਾ ਜਾਂਦਾ ਹੈ ਜਾਂ ਅੱਗ ਬੇਕਾਰ ਕੰਮ ਨੂੰ ਸਾੜ ਦਿੰਦੀ ਹੈ ਉਵੇਂ ਵਿਸ਼ਵਾਸੀ ਆਪਣੇ ਇਨਾਮਾਂ ਨੂੰ ਗੁਆ ਲੈਂਦਾ ਹੈ, (1 ਕੁਰਿੰਥ 3:15)।

[86] ਸਾਨੂੰ ਇੱਥੇ ਇਸ ਬਾਰੇ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਕੀ ਪਾਠਕਾਂ ਨੂੰ ਯਹੂਦੀ ਧਰਮ ਦੀ ਮੁੱਖ ਧਾਰਾ ਵਿੱਚ ਜਾਂ ਕਿਸੇ ਵੱਖਰੇ ਯਹੂਦੀ ਪੰਥ ਵਿੱਚ ਖਿੱਚਿਆ ਜਾ ਰਿਹਾ ਹੈ।

ਪਾਪ ਦੀ ਸਜ਼ਾ ਤੋਂ ਮੁਕਤੀ ਪਾ ਚੁੱਕਾ ਹੈ। ਜੇਕਰ ਇਬਰਾਨੀਆਂ ਦੀ ਪੁਸਤਕ ਵਿੱਚ ਮੁਕਤੀ ਦੀ ਇਹ ਪਰਿਭਾਸ਼ਾ ਹੈ, ਤਾਂ ਚੇਤਾਵਨੀ ਦੇ ਵਚਨ ਪ੍ਰਚਾਰਵਾਦੀ ਹਨ। ਪਰ ਫਿਰ ਵੀ, ਬਾਈਬਲ ਉਹਨਾਂ ਲੋਕਾਂ ਦੀ ਮੁਕਤੀ ਦੇ ਭਵਿੱਖ ਦੇ ਪਹਿਲੂ ਦਾ ਜ਼ਿਕਰ ਵੀ ਕਰਦੀ ਹੈ ਜੋ ਪਾਪ ਦੀ ਸਜ਼ਾ ਤੋਂ ਪਹਿਲਾਂ ਹੀ ਬਚਾਏ ਗਏ ਹਨ। ਭਵਿੱਖ ਵਿੱਚ ਵਿਸ਼ਵਾਸੀ ਪਾਪ ਦੀ ਮੌਜੂਦਗੀ ਤੋਂ ਬਚਾਏ ਜਾਣਗੇ (ਰੋਮੀ 13:11)। ਮਸੀਹ ਦੇ ਭਵਿੱਖ ਦੇ ਛੁਟਕਾਰੇ (ਮੁਕਤੀ) ਵਿੱਚ ਉਹਨਾਂ ਦੇ ਦੁਬਾਰਾ ਤੋਂ ਵਾਪਸ ਆਉਣ ਦੀਆਂ ਬਰਕਤਾਂ (ਸ਼ੈਤਾਨ ਨੂੰ ਬੰਨ੍ਹਣਾ, ਕਲੀਸਿਯਾ ਦੇ ਸੰਤਾਂ ਦਾ ਜੀਅ ਉੱਠਣਾ, ਰਾਜ ਵਿੱਚ ਇਨਾਮ ਅਤੇ ਅਧਿਕਾਰ ਦੇ ਅਹੁਦੇ) ਸ਼ਾਮਲ ਹਨ।[87] ਹਾਲਾਂਕਿ ਸਾਰੇ ਵਿਸ਼ਵਾਸੀ ਸਵਰਗ ਵਿੱਚ ਹੋਣਗੇ, ਪਰ ਮਸੀਹ ਦੇ ਰਾਜ ਨੂੰ ਸਾਂਝਾ ਕਰਨ ਵਿੱਚ ਇਨਾਮਾਂ ਦੇ ਵੱਖ-ਵੱਖ ਪੱਧਰ ਅਤੇ ਅਧਿਕਾਰ ਦੇ ਵੱਖ-ਵੱਖ ਅਹੁਦੇ (ਲੂਕਾ 19:17, 19), ਅਤੇ ਜੀਅ ਉੱਠੇ ਸਰੀਰਾਂ ਵਿੱਚ ਮਹਿਮਾ ਦੇ ਵੱਖ-ਵੱਖ ਪੱਧਰ ਹੋਣਗੇ (1 ਕੁਰਿੰਥ 15:41-42)। ਹਾਲਾਂਕਿ, ਕੋਈ ਵੀ ਮਸੀਹੀ ਸਵਰਗ ਵਿੱਚ ਜਾਣ ਦੀ ਮਨਜ਼ੂਰੀ ਨਹੀਂ ਗੁਆਵੇਗਾ, ਪਰ ਰਾਜ ਵਿੱਚ ਹਿੱਸਾ ਲੈਣ ਦੇ ਵੱਖ-ਵੱਖ ਪੱਧਰ ਹੋਣਗੇ। ਜੇਕਰ ਅਸੀਂ ਇਬਰਾਨੀਆਂ ਵਿੱਚ ਮੁਕਤੀ ਨੂੰ ਮਸੀਹ ਦੇ ਦੁਬਾਰਾ ਵਾਪਸ ਆਉਣ ਵੇਲੇ ਭਵਿੱਖ ਦੇ ਛੁਟਕਾਰੇ ਦੇ ਹਵਾਲੇ ਵਜੋਂ ਲੈਂਦੇ ਹਾਂ, ਤਾਂ ਚੇਤਾਵਨੀ ਦੇ ਵਚਨ ਵਿਸ਼ਵਾਸੀਆਂ ਉੱਤੇ ਲਾਗੂ ਹੁੰਦੇ ਹਨ। ਇਹ ਅਨੰਤ ਜੀਵਨ ਨੂੰ ਬਤੀਤ ਕਰਨ ਵਿੱਚ ਲਾਪਰਵਾਹ ਹੋਣ ਦੇ ਵਿਰੁੱਧ ਦਿੱਤੀਆਂ ਚੇਤਾਵਨੀਆਂ ਹੋਣਗੀਆਂ। ਅਵਿਸ਼ਵਾਸੀ ਹੋਣ ਦਾ ਨਤੀਜਾ ਭਵਿੱਖ ਦੀ ਮੁਕਤੀ ਦੀਆਂ ਬਰਕਤਾਂ ਵਿੱਚ ਘੱਟ ਹਿੱਸਾ ਹੋਵੇਗਾ।

ਇਬਰਾਨੀਆਂ ਦੀ ਪੁਸਤਕ ਨਿਸ਼ਚਿਤ ਤੌਰ ਤੇ ਭਵਿੱਖ ਦਾ ਦ੍ਰਿਸ਼ਟੀਕੋਣ ਦਿੰਦੀ ਹੈ; (1) "ਸਾਰੇ ਸੰਸਾਰ ਦਾ ਵਾਰਿਸ" ਇਬ 1:2, (2) "ਉਹ **ਫਿਰ ਤੋਂ** ਆਪਣੇ ਜੇਠੇ ਪੁੱਤਰ ਨੂੰ ਸੰਸਾਰ ਵਿੱਚ ਭੇਜਦੇ ਹਨ" ਇਬ 1:6, ਉਦਾਹਰਣ ਦੇ ਲਈ, ਮਸੀਹ ਦਾ ਦੂਜੀ ਵਾਰ ਆਉਣਾ, (3) "ਸੰਸਾਰ ਜਿਹੜਾ ਭਵਿੱਖ ਵਿੱਚ ਆਉਣ ਵਾਲਾ ਹੈ" ਇਬ 2:5, (4) "ਬਹੁਤ ਸਾਰੀ ਸੰਤਾਨ ਮਹਿਮਾ ਪ੍ਰਾਪਤ ਕਰੇ" ਇਬ 2:10, (5) "ਸਵਰਗੀ ਸੱਦੇ ਵਿੱਚ ਸਾਂਝੀ" ਇਬ 3:1, (6) "ਆਉਣ ਵਾਲਾ ਯੁੱਗ" ਇਬ 6:5, (7) "ਪ੍ਰਭੂ ਦਾ ਦਿਨ ਨੇੜੇ ਹੈ" ਇਬ 10:25. ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਗੱਲ ਇਹ ਹੈ ਕਿ ਮੁਕਤੀ ਸ਼ਬਦ ਦੇ ਕਈ ਉਪਯੋਗ ਇਹ ਦਰਸਾਉਂਦੇ ਹਨ ਕਿ ਲੇਖਕ ਇਸ ਦੀ ਵਿਆਖਿਆ ਸਿਰਫ਼ ਅਤੀਤ ਵਿੱਚ ਪਾਪ ਦੀ ਸਜ਼ਾ ਤੋਂ ਛੁਟਕਾਰੇ ਦੇ ਰੂਪ ਵਿੱਚ ਹੀ ਨਹੀਂ, ਪਰ ਪਾਪ ਦੀ ਮੌਜੂਦਗੀ ਅਤੇ ਸਰਾਪ ਦੇ ਭਵਿੱਖ ਦੇ ਛੁਟਕਾਰੇ ਦੇ ਰੂਪ ਵਿੱਚ ਵੀ ਕਰਦਾ ਹੈ।

> ਇਸ ਤਰ੍ਹਾਂ ਇਹ ਸਾਰੇ ਸਵਰਗਦੂਤ ਪਰਮੇਸ਼ਰ ਦੀਆਂ ਸੇਵਕ ਆਤਮਾਵਾਂ ਹਨ ਜਿਹੜੀਆਂ ਉਹਨਾਂ ਲੋਕਾਂ ਦੀ ਮਦਦ ਦੇ ਲਈ ਭੇਜੀਆਂ ਜਾਂਦੀਆਂ ਹਨ ਜਿਹੜੇ **ਮੁਕਤੀ ਪ੍ਰਾਪਤ ਕਰਨਗੇ**। [ਇਬ 1:14]
>
> ਇਸੇ ਤਰ੍ਹਾਂ ਮਸੀਹ ਨੇ ਵੀ ਆਪਣੇ ਆਪ ਨੂੰ ਇੱਕ ਹੀ ਵਾਰ ਬਲੀ ਕੀਤਾ ਕਿ ਉਹ ਬਹੁਤ ਸਾਰੇ ਲੋਕਾਂ ਦੇ ਪਾਪਾਂ ਨੂੰ ਚੁੱਕ ਲੈਣ ਅਤੇ ਹੁਣ ਮਸੀਹ **ਦੂਜੀ ਵਾਰ ਪ੍ਰਗਟ ਹੋਣਗੇ** ਪਰ ਇਸ ਵਾਰ ਪਾਪ ਚੁੱਕਣ ਦੇ ਲਈ ਨਹੀਂ ਸਗੋਂ ਉਹਨਾਂ ਨੂੰ **ਮੁਕਤੀ ਦੇਣ ਦੇ ਲਈ** ਜਿਹੜੇ ਉਹਨਾਂ ਦੀ ਉਡੀਕ ਵਿੱਚ ਹਨ। [ਇਬ 9:28]

ਉਹ ਵਿਚਾਰ ਜੋ ਇਬਰਾਨੀਆਂ ਦੀਆਂ ਚੇਤਾਵਨੀਆਂ ਨੂੰ ਪਾਪ ਦੀ ਸਜ਼ਾ ਤੋਂ ਮੁਕਤੀ ਬਾਰੇ ਅਵਿਸ਼ਵਾਸੀਆਂ ਨੂੰ ਪ੍ਰਚਾਰ ਦੀਆਂ ਚੇਤਾਵਨੀਆਂ ਵਜੋਂ ਲੈਂਦਾ ਹੈ, ਉਹ ਸਹੀ ਵਿਚਾਰ ਹਨ। ਉਹ ਸਦੀਪਕ ਸੁਰੱਖਿਆ ਦੇ ਸਿਧਾਂਤ ਨੂੰ ਕਾਇਮ ਰੱਖਦੇ ਹਨ। ਫਿਰ ਵੀ, ਇਬਰਾਨੀਆਂ ਦੀ ਪੁਸਤਕ ਸ਼ਾਇਦ ਮਸੀਹੀਆਂ ਨੂੰ ਭਵਿੱਖ ਦੀ ਮੁਕਤੀ ਦੀਆਂ ਸਾਰੀਆਂ ਬਰਕਤਾਂ ਤੋਂ ਖੁੰਝ ਜਾਣ ਬਾਰੇ ਚੇਤਾਵਨੀ ਦਿੰਦੀ ਹੈ। ਵਿਸ਼ਵਾਸੀਆਂ ਨੂੰ ਪ੍ਰਭੂ ਦੇ ਦੁਬਾਰਾ ਵਾਪਸ ਆਉਣ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਸਿਰਫ਼ ਇਸੇ ਜੀਵਨ ਦੇ ਲਈ ਨਹੀਂ ਜੀਣਾ ਚਾਹੀਦਾ ਹੈ। ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਉਹ ਭਵਿੱਖ ਦੇ ਛੁਟਕਾਰੇ (ਮੁਕਤੀ) ਦੇ ਕੁਝ ਪਹਿਲੂਆਂ ਤੋਂ ਖੁੰਝ ਸਕਦੇ ਹਨ। ਵਿਸ਼ਵਾਸੀ ਪਹਿਲਾਂ ਹੀ ਪਾਪ ਦੀ ਸਜ਼ਾ ਤੋਂ ਬਚਾਏ ਜਾ ਚੁੱਕੇ ਹਨ, ਪਰ ਫਿਰ ਵੀ ਉਹ ਮਸੀਹ ਦੁਆਰਾ ਲਿਆਏ ਜਾਣ ਵਾਲੇ ਭਵਿੱਖ ਦੇ ਛੁਟਕਾਰੇ ਵਿੱਚ ਇਨਾਮਾਂ ਅਤੇ ਬਰਕਤਾਂ ਤੋਂ ਖੁੰਝ ਸਕਦੇ ਹਨ। ਧਰਤੀ ਉੱਤੇ ਮਿਲੀ ਵਿਰਾਸਤ ਬਾਰੇ ਇੱਕ ਦ੍ਰਿਸ਼ਟਾਂਤ ਤੋਂ ਸਾਡੀ ਸਵਰਗੀ ਵਿਰਾਸਤ ਬਾਰੇ ਇਬਰਾਨੀਆਂ ਦੀ ਪੁਸਤਕ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਨ ਵਿੱਚ ਮਦਦ ਮਿਲ ਸਕਦੀ ਹੈ। ਮੰਨ ਲਓ ਕਿ ਇੱਕ ਆਦਮੀ ਵਿੱਚ ਸਮਰੱਥਾ ਹੈ ਕਿ ਉਹ ਇੱਕ ਹੈਰਾਨ ਕਰਨ ਵਾਲੀ ਵਿਰਾਸਤ ਨੂੰ ਪ੍ਰਾਪਤ ਕਰ ਸਕਦਾ ਹੈ। ਅਜਿਹੀ ਕਲਪਨਾ ਕਰਨਾ ਵੀ ਮੁਸ਼ਕਲ ਹੈ ਕਿ ਉਹ ਭਵਿੱਖ ਵਿੱਚ ਕਿਸ ਹੱਦ ਤੱਕ ਇਸ ਨੂੰ ਸਾਂਝਾ ਕਰ ਸਕਦਾ ਹੈ। ਉਸ ਨੂੰ ਵਿਸ਼ਵ ਇਤਿਹਾਸ ਦੇ ਕਿਸੇ ਵੀ ਵਿਅਕਤੀ ਨਾਲੋਂ ਵੱਡੀ ਵਿਰਾਸਤ ਮਿਲਣੀ ਹੈ। ਪਰ, ਮੰਨ ਲਓ ਕਿ ਵਿਰਾਸਤ ਦੇਣ ਵਾਲੇ ਨੂੰ ਨਜ਼ਰਅੰਦਾਜ਼ ਕਰਨ ਨਾਲ ਉਸ ਨੂੰ ਇਸ ਦਾ ਸਿਰਫ਼ ਥੋੜ੍ਹਾ ਹਿੱਸਾ ਹੀ ਮਿਲਦਾ ਹੈ। ਫਿਰ ਵੀ, ਉਸ ਨੂੰ ਕੁਝ ਤਾਂ ਮਿਲਿਆ ਹੈ। ਇਸ ਦ੍ਰਿਸ਼ਟੀਕੋਣ ਤੋਂ ਉਹ ਵਿਰਾਸਤ ਤੋਂ ਖੁੰਝਿਆ ਨਹੀਂ ਹੈ। ਪਰ ਇੱਕ ਹੋਰ ਦ੍ਰਿਸ਼ਟੀਕੋਣ ਤੋਂ, ਜਿਹੜੀ ਸੰਭਾਵਿਤ ਵਿਰਾਸਤ ਉਹ ਪ੍ਰਾਪਤ ਕਰ ਸਕਦਾ ਹੈ, ਉਹ ਇਸ ਤੋਂ ਖੁੰਝ ਗਿਆ ਹੈ। ਲਾਪਰਵਾਹੀ ਦੇ ਕਾਰਨ ਉਸ ਨੇ ਉਹ ਗੁਆ ਦਿੱਤਾ ਜੋ ਉਸ ਨੂੰ ਮਿਲ ਸਕਦਾ ਸੀ।

ਪ੍ਰਭੂ ਇਸ ਸੰਸਾਰ ਵਿੱਚ ਸੰਪੂਰਨ ਮੁਕਤੀ ਦੇਣ ਲਈ ਵਾਪਸ ਆਉਣਗੇ। ਉਸ ਸਮੇਂ ਪਾਪ ਦੀ ਮੌਜੂਦਗੀ (ਅਤੇ ਸਰਾਪ) ਤੋਂ ਛੁਟਕਾਰਾ ਮਿਲੇਗਾ। ਸਾਰੇ ਵਿਸ਼ਵਾਸੀ ਪਹਿਲਾਂ ਹੀ ਪਾਪ ਦੀ ਸਜ਼ਾ ਤੋਂ ਮੁਕਤੀ ਪਾ ਚੁੱਕੇ ਹਨ।

[87] ਇਹ ਸਾਰੇ ਵਿਸ਼ੇ ਅਧਿਆਇ 12, "ਅੰਤ ਸਮੇਂ ਦੇ ਸਿਧਾਂਤ" ਵਿੱਚ ਸ਼ਾਮਲ ਹਨ।

ਫਿਰ ਵੀ, ਭਵਿੱਖ ਦੀ ਮੁਕਤੀ ਵਿੱਚ ਹਿੱਸਾ ਲੈਣ ਦੇ ਵੱਖ-ਵੱਖ ਪੱਧਰ ਹੋਣਗੇ। ਕੋਈ ਵੀ ਵਿਸ਼ਵਾਸੀ ਇਸ ਨੂੰ ਪੂਰੀ ਤਰ੍ਹਾਂ ਨਹੀਂ ਗੁਆਵੇਗਾ। ਪਰ, ਵਿਸ਼ਵਾਸ ਵਿੱਚ ਬਣੇ ਨਾ ਰਹਿਣ ਅਤੇ ਮਸੀਹ ਦੇ ਭਵਿੱਖ ਵਿੱਚ ਛੁਟਕਾਰੇ ਦੇ ਵਿਚਾਰ ਤੋਂ ਨਜ਼ਰਅੰਦਾਜ਼ ਹੋ ਕੇ ਜੀਵਨ ਬਤੀਤ ਕਰਨ ਨਾਲ ਬਹੁਤ ਸਾਰੇ ਵਿਸ਼ਵਾਸੀ ਉਸ ਪੂਰੀ ਵਿਰਾਸਤ ਤੋਂ ਖੁੰਝ ਜਾਣਗੇ ਜਿਸ ਨੂੰ ਪ੍ਰਾਪਤ ਕਰ ਸਕਦੇ ਸਨ। ਸਾਰੇ ਵਿਸ਼ਵਾਸੀ ਭਵਿੱਖ ਦੇ ਉਸ ਛੁਟਕਾਰੇ ਵਿੱਚ ਹਿੱਸਾ ਲੈਣਗੇ ਜਿਸ ਨੂੰ ਪ੍ਰਭੂ ਦੁਬਾਰਾ ਆਉਣ ਤੇ ਲਿਆਉਣਗੇ, ਪਰ ਬਹੁਤ ਸਾਰੇ ਇਸ ਛੁਟਕਾਰੇ ਦੀ ਪੂਰੀ ਬਰਕਤ ਤੋਂ ਖੁੰਝ ਜਾਣਗੇ। ਅਜਿਹਾ ਨਹੀਂ ਹੈ ਇੱਕ ਵਿਅਕਤੀ ਨਰਕ ਜਾ ਸਕਦਾ ਹੈ ਜਾਂ ਉਹ ਸਵਰਗ ਵਿੱਚ ਜਾਣ ਤੋਂ ਖੁੰਝ ਸਕਦਾ ਹੈ, ਪਰ ਇੱਕ ਵਿਸ਼ਵਾਸੀ ਮਸੀਹ ਦੇ ਭਵਿੱਖ ਦੇ ਛੁਟਕਾਰੇ ਦੀ ਪੂਰੀ ਬਰਕਤ (ਇਨਾਮ, ਰਾਜ ਵਿੱਚ ਅਹੁਦਾ, ਜੀਅ ਉੱਠਣ ਵਾਲੇ ਸਰੀਰ ਦੀ ਮਹਿਮਾ ਦੇ ਪੱਧਰ) ਤੋਂ ਖੁੰਝ ਸਕਦਾ ਹੈ। ਇਬਰਾਨੀਆਂ ਦੀ ਪੁਸਤਕ ਸ਼ਾਇਦ ਵਿਸ਼ਵਾਸੀਆਂ ਨੂੰ ਚੇਤਾਵਨੀ ਦਿੰਦੀ ਹੈ ਕਿ ਉਹ ਹੁਣ ਉਹਨਾਂ ਤਰੀਕਿਆਂ ਨਾਲ ਜੀਵਨ ਬਤੀਤ ਕਰਨ ਨੂੰ ਨਜ਼ਰਅੰਦਾਜ਼ ਨਾ ਕਰਨ ਜਿਹਨਾਂ ਨਾਲ ਆਉਣ ਵਾਲੇ ਛੁਟਕਾਰੇ ਵਿੱਚ ਇੱਕ ਵੱਡੇ ਇਨਾਮ ਮਿਲ ਸਕਦੇ ਹਨ। ਇਬਰਾਨੀਆਂ ਦੀ ਪੁਸਤਕ ਸ਼ਾਇਦ ਇਸ ਜੀਵਨ ਵਿੱਚ ਤਾੜਨਾ ਦੀ ਅੱਗ ਤੋਂ ਬਚਣ ਅਤੇ ਇਨਾਮਾਂ ਦੇ ਨੁਕਸਾਨ ਬਾਰੇ ਚੇਤਾਵਨੀ ਦਿੰਦੀ ਹੈ।

ਹੁਣ ਅਸੀਂ ਚੇਤਾਵਨੀ ਦੇ ਹਰੇਕ ਵਚਨ ਉੱਤੇ ਗੱਲ ਕਰਾਂਗੇ। ਪਹਿਲਾਂ ਵਿਚਾਰ ਇਸ ਧਾਰਨਾ ਦੇ ਆਧਾਰ ਉੱਤੇ ਇੱਕ ਵਿਆਖਿਆ ਦੇਵੇਗਾ ਕਿ ਚੇਤਾਵਨੀ ਪ੍ਰਚਾਰ (ਅਵਿਸ਼ਵਾਸੀ ਦੇ ਲਈ) ਹੈ। ਦੂਜਾ ਵਿਚਾਰ ਇਸ ਧਾਰਨਾ ਦਾ ਨਤੀਜਾ ਹੈ ਕਿ ਚੇਤਾਵਨੀ ਵਿਸ਼ਵਾਸੀ ਦੇ ਲਈ ਹੈ। ਭਾਵੇਂ ਕੋਈ ਵੀ ਵਿਚਾਰ ਅਪਣਾਇਆ ਜਾਵੇ, ਪਰ ਮੁੱਖ ਸੱਚਾਈ ਤੋਂ ਨਾ ਭਟਕੋ: **ਇਬਰਾਨੀਆਂ ਦੀ ਪੁਸਤਕ ਸਮਝਣ ਦੇ ਕਈ ਤਰੀਕੇ ਹਨ ਜੋ ਸਦੀਪਕ ਸੁਰੱਖਿਆ ਦੇ ਅਨੁਕੂਲ ਹਨ।**

### b. ਪਹਿਲੀ ਚੇਤਾਵਨੀ ਦਾ ਵਚਨ: ਇਬ 2:1-4

> ਤਾਂ ਫਿਰ ਜੇਕਰ ਅਸੀਂ ਇਸ ਮਹਾਨ ਮੁਕਤੀ ਵੱਲ ਧਿਆਨ ਨਹੀਂ ਕਰਾਂਗੇ, ਜਿਸ ਦਾ ਐਲਾਨ ਸਭ ਤੋਂ ਪਹਿਲਾਂ ਆਪ ਪ੍ਰਭੂ ਦੇ ਦੁਆਰਾ ਕੀਤਾ ਗਿਆ, ਇਸ ਤੋਂ ਕਿਸ ਤਰ੍ਹਾਂ ਬਚ ਸਕਦੇ ਹਾਂ? ਇਸੇ ਦੀ ਪੁਸ਼ਟੀ ਸਾਡੇ ਲਈ ਉਹਨਾਂ ਦੇ ਦੁਆਰਾ ਕੀਤੀ ਗਈ ਜਿਹਨਾਂ ਨੇ ਇਸ ਨੂੰ ਸੁਣਿਆ ਸੀ। [ਇਬ 2:3]

#### (1) ਅਵਿਸ਼ਵਾਸੀ ਇਬਰਾਨੀਆਂ ਦੇ ਲਈ

ਜਿਹੜੇ ਲੋਕ ਇਹ ਮੰਨਦੇ ਹਨ ਕਿ ਮੂਲ ਪਾਠਕਾਂ ਵਿੱਚ ਕੁਝ ਮੁਕਤੀ ਨਾ ਪਾਏ ਲੋਕ ਵੀ ਸ਼ਾਮਲ ਸਨ, ਉਹ ਇਸ ਚੇਤਾਵਨੀ ਨੂੰ ਪ੍ਰਚਾਰ ਦੇ ਰੂਪ ਵਿੱਚ ਦੇਖਣਗੇ। ਸ਼ੁਭ-ਸਮਾਚਾਰ ਤੇ ਧਿਆਨ ਦਿਓ (ਇਬ 2:1a)। ਮਸੀਹ ਵਿੱਚ ਵਿਸ਼ਵਾਸ ਕਰਨ ਦੇ ਸੱਦੇ ਨੂੰ ਨਜ਼ਰਅੰਦਾਜ਼ ਕਰਕੇ ਜੀਵਨ ਵਿੱਚ ਭਟਕ ਨਾ ਜਾਓ (ਇਬ 2:1b)। ਬਿਵਸਥਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਮਿਲੀ (ਇਬ 2:2)। ਜਿਹਨਾਂ ਨੇ ਮਸੀਹ ਵਿੱਚ ਵਿਸ਼ਵਾਸ ਦੁਆਰਾ ਮੁਕਤੀ (ਪਾਪ ਦੀ ਸਜ਼ਾ ਤੋਂ ਮੁਕਤੀ) ਤੇ ਧਿਆਨ ਨਹੀਂ ਦਿੱਤਾ ਉਹ ਸਦੀਪਕ ਸਜ਼ਾ ਤੋਂ ਨਹੀਂ ਬਚਣਗੇ (ਇਬ 2: 3)।

#### (2) ਵਿਸ਼ਵਾਸੀਆਂ ਦੇ ਲਈ

ਜਿਹੜੇ ਲੋਕ ਸੋਚਦੇ ਹਨ ਕਿ ਇਬਰਾਨੀਆਂ ਦੀ ਪੁਸਤਕ ਸਿਰਫ਼ ਵਿਸ਼ਵਾਸੀਆਂ ਨਾਲ ਗੱਲ ਕਰਦੀ ਹੈ, ਉਹ ਇਸ ਨੂੰ ਸਦੀਪਕ ਕਾਲ ਲਈ ਜੀਵਨ ਬਤੀਤ ਕਰਨ ਦੇ ਰੂਪ ਵਿੱਚ ਦੇਖਾਂਗੇ। ਮੁਕਤੀ ਪ੍ਰਭੂ ਦੇ ਦੁਬਾਰਾ ਵਾਪਸ ਆਉਣ ਦੁਆਰਾ ਭਵਿੱਖ ਦੇ ਛੁਟਕਾਰੇ ਨੂੰ ਦਰਸਾਉਂਦੀ ਹੈ। ਭਵਿੱਖ ਵਿੱਚ ਇਸ ਦੁਸ਼ਟ ਸੰਸਾਰ ਪ੍ਰਣਾਲੀ ਅਤੇ ਸਰਾਪ ਦੇ ਸਾਰੇ ਪਹਿਲੂਆਂ (ਜਿਵੇਂ ਕਿ ਬਿਮਾਰੀ ਅਤੇ ਸਰੀਰਕ ਮੌਤ) ਤੋਂ ਮੁਕਤੀ ਮਿਲੇਗੀ। ਇਸ ਭਵਿੱਖ ਦੀ ਮੁਕਤੀ ਵਿੱਚ ਇੱਕ ਹਜ਼ਾਰ ਸਾਲ ਦੇ ਰਾਜ ਅਤੇ ਸਦੀਪਕ ਕਾਲ ਵਿੱਚ ਇਨਾਮ ਅਤੇ ਅਧਿਕਾਰ ਦੇ ਅਹੁਦੇ ਵੀ ਸ਼ਾਮਲ ਹਨ। ਮਸੀਹੀ ਲੋਕਾਂ ਨੂੰ ਇਸ ਗੱਲ ਉੱਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ ਕਿ ਪ੍ਰਭੂ ਨੇ ਆਪਣੇ ਭਵਿੱਖ ਦੇ ਛੁਟਕਾਰੇ ਬਾਰੇ ਕੀ ਸਿਖਾਇਆ ਹੈ (ਇਬ 2:1a – ਭਵਿੱਖ ਦੀ ਮੁਕਤੀ)। ਜੇਕਰ ਅਸੀਂ ਮੁਕਤੀ ਦੇ ਇਹਨਾਂ ਭਵਿੱਖ ਦੇ ਪਹਿਲੂਆਂ ਵਿੱਚ ਇਨਾਮਾਂ, ਬਰਕਤਾਂ, ਅਤੇ ਅਧਿਕਾਰ ਨੂੰ ਡੂੰਘੇ ਪੱਧਰ ਤੇ ਸਾਂਝਾ ਕਰਨਾ ਚਾਹੁੰਦੇ ਹਾਂ, ਤਾਂ ਅਸੀਂ ਹੁਣ ਇਸ ਜੀਵਨ ਵਿੱਚ ਭਟਕ ਨਹੀਂ ਸਕਦੇ ਹਾਂ (ਇਬ 2:1b)। ਕੁਝ ਵਿਸ਼ਵਾਸੀ ਭਵਿੱਖ ਦੇ ਰਾਜ ਵਿੱਚ ਆਪਣੇ ਇਨਾਮ ਅਤੇ ਅਧਿਕਾਰ ਦੇ ਪੱਧਰ ਨੂੰ ਲੈ ਕੇ ਆਲਸੀ ਅਤੇ ਲਾਪਰਵਾਹ ਹੁੰਦੇ ਹਨ। ਉਹਨਾਂ ਨੇ ਪਾਪ ਦੀ ਮੌਜੂਦਗੀ ਅਤੇ ਇਸ ਸੰਸਾਰਿਕ ਪ੍ਰਣਾਲੀ ਤੋਂ ਭਵਿੱਖ ਦੇ ਛੁਟਕਾਰੇ (ਮੁਕਤੀ) ਬਾਰੇ ਜੋ ਕੁਝ ਸਿੱਖਿਆ ਹੈ, ਉਹਨਾਂ ਨੂੰ ਇਸ ਦੀ ਕੋਈ ਪਰਵਾਹ ਨਹੀਂ ਹੁੰਦੀ ਹੈ। ਜਿਹੜੇ ਵਿਸ਼ਵਾਸੀ ਮਸੀਹ ਦੀ ਭਵਿੱਖ ਦੀ ਮੁਕਤੀ ਬਾਰੇ ਸਿੱਖਿਆ ਉੱਤੇ ਧਿਆਨ ਨਾ ਕਰਦੇ ਹੋਏ, ਸਿਰਫ਼ ਇਸ ਵਰਤਮਾਨ ਸਮੇਂ ਦੇ ਲਈ ਜਿਊਂਦੇ ਹਨ, ਉਹਨਾਂ ਨੂੰ ਹੁਣ ਤਾੜਨਾ ਮਿਲੇਗੀ ਅਤੇ ਬਾਅਦ ਵਿੱਚ ਇਨਾਮਾਂ ਦਾ ਨੁਕਸਾਨ ਹੋਵੇਗਾ (ਆਇਤ 2 – "ਉਚਿਤ ਸਜ਼ਾ ਮਿਲੀ")। ਜਿਹੜੇ ਲੋਕ ਭਵਿੱਖ ਬਾਰੇ ਮਸੀਹ ਦੀਆਂ ਸਿਖਾਈਆਂ ਗਈਆਂ ਗੱਲਾਂ ਉੱਤੇ ਧਿਆਨ ਦਿੰਦੇ ਹਨ, ਸਿਰਫ਼ ਉਹੀ ਹਨ ਜੋ ਇਸ ਜੀਵਨ ਵਿੱਚ ਨਹੀਂ ਭਟਕਣਗੇ। ਉਹ ਭਵਿੱਖ ਦੇ ਉਸ ਛੁਟਕਾਰੇ ਨੂੰ ਨਜ਼ਰਅੰਦਾਜ਼ ਨਹੀਂ ਕਰਨਗੇ ਜਿਸ ਵਿੱਚ ਇਨਾਮਾਂ, ਰਾਜ ਵਿੱਚ ਅਹੁਦਿਆਂ, ਅਤੇ ਜੀਅ ਉੱਠੇ ਸਰੀਰ ਦੀ ਮਹਿਮਾ ਵਿੱਚ ਸਾਂਝੇਦਾਰੀ ਸ਼ਾਮਲ ਹੈ। ਉਹ ਹੁਣ ਇਸ ਤਰ੍ਹਾਂ ਜੀਵਨ ਬਤੀਤ ਕਰਨਗੇ ਕਿ ਜਦੋਂ ਮਸੀਹ ਸਾਨੂੰ ਪਾਪ ਅਤੇ ਸੰਸਾਰ ਤੋਂ ਬਚਾਉਣ ਲਈ ਆਉਣਗੇ ਤਾਂ ਉਹਨਾਂ ਨੂੰ ਪੂਰਾ ਹਿੱਸਾ ਮਿਲ ਸਕੇ।[88] ਉਹ ਇਸ ਸੰਸਾਰ ਵਿੱਚ ਕੰਮ ਕਰਨਗੇ ਜੋ ਉਹਨਾਂ ਨੂੰ "ਆਉਣ ਵਾਲੇ ਸੰਸਾਰ" ਵਿੱਚ ਲਾਭ ਦੇਵੇਗਾ

[88] ਪ੍ਰਭੂ ਰੈਪਚਰ ਵੇਲੇ ਵਿਸ਼ਵਾਸੀਆਂ ਨੂੰ ਇਸ ਸੰਸਾਰ ਤੋਂ ਬਚਾਉਣਗੇ। ਇਹ ਇਸ ਸੰਸਾਰ ਤੋਂ ਦੁੱਖ, ਅਤਿਆਚਾਰ, ਅਤੇ ਪਰਤਾਵੇ ਤੋਂ ਮੁਕਤੀ ਵੀ ਹੈ।

(ਆਇਤ 5)।

ਅੱਜ ਬਾਈਬਲ ਪੜ੍ਹਨ ਵਾਲੇ ਮਸੀਹੀਆਂ ਨੂੰ ਮੁਕਤੀ ਨੂੰ ਭਵਿੱਖ ਦੇ ਪਹਿਲੂ ਬਾਰੇ ਪੜ੍ਹਨਾ ਕੁਝ ਅਜੀਬ ਲੱਗਦਾ ਹੋਵੇਗਾ। ਸਾਡੀ ਸੋਚ ਵਿੱਚ ਮੁਕਤੀ ਸਿਰਫ਼ ਪਾਪ ਦੀ ਸਜ਼ਾ ਤੋਂ ਹੀ ਹੈ। ਪਰ, ਇਬ 2:1-4 ਵਿਚਲੀ ਚੇਤਾਵਨੀ ਭਵਿੱਖ ਦੀ ਮੁਕਤੀ ਦੇ ਦੋ ਵਚਨਾਂ ਦੇ ਵਿਚਕਾਰ ਹੈ। ਇਬ 1:14 ਸਪੱਸ਼ਟ ਤੌਰ ਤੇ ਮੁਕਤੀ ਨੂੰ ਭਵਿੱਖ ਦੀਆਂ ਸਾਰੀਆਂ ਬਰਕਤਾਂ ਨੂੰ ਸ਼ਾਮਲ ਕਰਨ ਦੇ ਲਈ ਵਰਤਦਾ ਹੈ। ਇਬ 2:5 ਵੀ 2:1-4 ਦੀ ਦਲੀਲ ਨਾਲ ਜੁੜਿਆ ਹੋਇਆ ਹੈ। ਇਬ 2:5 "ਆਉਣ ਵਾਲੇ ਸੰਸਾਰ" ਦੀ ਗੱਲ ਕਰਦਾ ਹੈ। ਇਸ ਸੰਸਾਰ ਵਿੱਚ ਰਹਿੰਦੇ ਹੋਏ ਵਿਸ਼ਵਾਸੀਆਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਉਹ ਆਉਣ ਵਾਲੇ ਸੰਸਾਰ ਦੇ ਸ਼ਾਸਨ, ਸ਼ਕਤੀ, ਅਤੇ ਮਹਿਮਾ ਵਿੱਚ ਇੱਕ ਵੱਡਾ ਇਨਾਮ ਅਤੇ ਹਿੱਸਾ ਕਿਵੇਂ ਪ੍ਰਾਪਤ ਕਰ ਸਕਦੇ ਹਨ।

**(3) ਸਿੱਟਾ**

ਪਹਿਲੀ ਚੇਤਾਵਨੀ ਦਾ ਵਚਨ ਇਹ ਨਹੀਂ ਸਿਖਾ ਰਿਹਾ ਹੈ ਕਿ ਵਿਸ਼ਵਾਸੀ ਰਾਹ ਤੋਂ ਭਟਕ ਕੇ ਜਾਂ ਧਿਆਨ ਨਾ ਦੇ ਕੇ ਮੁਕਤੀ ਨੂੰ ਗੁਆ ਸਕਦੇ ਹਨ। ਅਸੀਂ ਦੋ ਵਿਕਲਪਿਕ ਵਿਆਖਿਆਵਾਂ ਦਿੱਤੀਆਂ ਹਨ। ਉਪਰਲੇ ਭਾਗ ਵਿੱਚ ਲੇਖਕ ਦੀ ਪਸੰਦ ਦਾ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ। ਪਰ, ਦੋਵੇਂ ਵਿਆਖਿਆਵਾਂ ਇਬ 2:1-4 ਦੀ ਸਮਝ ਦੀ ਜ਼ਰੂਰਤ ਨੂੰ ਪੂਰਾ ਕਰਦੀਆਂ ਹਨ ਜੋ ਸਦੀਪਕ ਸੁਰੱਖਿਆ ਦੇ ਅਨੁਕੂਲ ਹੈ।

**c. ਦੂਜੀ ਚੇਤਾਵਨੀ ਦਾ ਵਚਨ: ਇਬਰਾਨੀਆਂ ਅਧਿਆਇ 3-4**

> ਪਰ ਮਸੀਹ ਉਸ ਪੁੱਤਰ ਦੀ ਤਰ੍ਹਾਂ ਭਰੋਸੇਯੋਗ ਹਨ ਜਿਹੜੇ ਪਰਮੇਸ਼ਰ ਦੇ ਘਰ ਦੇ ਅਧਿਕਾਰੀ ਹਨ ਅਤੇ ਅਸੀਂ ਉਹਨਾਂ ਦਾ ਘਰ ਹਾਂ ਜੇਕਰ ਅਸੀਂ ਆਪਣੇ ਹੌਸਲੇ ਅਤੇ ਉਮੀਦ ਨੂੰ ਅੰਤ ਤੱਕ ਮਜ਼ਬੂਤੀ ਨਾਲ ਫੜੀ ਰੱਖੀਏ। [ਇਬ 3:6]
>
> ਭਰਾਵੋ ਅਤੇ ਭੈਣੋ, ਸਾਵਧਾਨ ! ਤੁਹਾਡੇ ਵਿੱਚੋਂ ਕਿਸੇ ਦਾ ਦਿਲ ਦੁਸ਼ਟ ਅਤੇ ਅਵਿਸ਼ਵਾਸੀ ਨਾ ਹੋ ਜਾਵੇ ਕਿ ਤੁਸੀਂ ਜਿਊਂਦੇ ਪਰਮੇਸ਼ਰ ਤੋਂ ਦੂਰ ਹੋ ਜਾਵੋ [ਇਬ 3:12]
>
> ਅਸੀਂ ਮਸੀਹ ਦੇ ਸਾਂਝੀ ਬਣੇ ਹਾਂ, ਜੇਕਰ ਅਸੀਂ ਆਪਣੇ ਸ਼ੁਰੂ ਦੇ ਵਿਸ਼ਵਾਸ ਵਿੱਚ ਅੰਤ ਤੱਕ ਅਟੱਲ ਰਹੀਏ [ਇਬ 3:14]
>
> ਇਸ ਲਈ ਆਓ, ਅਸੀਂ ਉਸ ਅਰਾਮ ਦੇ ਵਿੱਚ ਦਾਖ਼ਲ ਹੋਣ ਦੀ ਪੂਰੀ ਕੋਸ਼ਿਸ਼ ਕਰੀਏ ਤਾਂ ਜੋ ਸਾਡੇ ਵਿੱਚੋਂ ਕੋਈ ਵੀ ਪਰਮੇਸ਼ਰ ਦੀ ਉਲੰਘਣਾ ਕਰਨ ਦੇ ਕਾਰਨ ਉਹਨਾਂ ਦੇ ਵਾਂਗ ਵਾਂਝਾ ਨਾ ਰਹਿ ਜਾਵੇ [ਇਬ 4:11]

**(1) ਅਵਿਸ਼ਵਾਸੀ ਇਬਰਾਨੀਆਂ ਦੇ ਲਈ**

ਇਸ ਅਧਿਐਨ ਵਿੱਚ ਪਹਿਲਾਂ ਇੱਕ ਸਿੱਟਾ ਇਹ ਨਿਕਲਿਆ ਸੀ ਕਿ ਅਸਲੀ ਬਚਾਉਣ ਵਾਲੇ ਵਿਸ਼ਵਾਸ ਵਿੱਚ ਵਿਸ਼ਵਾਸ ਕਾਇਮ ਰਹਿੰਦਾ ਹੈ। ਪਰਮੇਸ਼ਰ ਇੱਕ ਵਿਸ਼ਵਾਸੀ ਨੂੰ ਵਿਸ਼ਵਾਸ ਵਿੱਚ ਕਾਇਮ ਰੱਖਦੇ ਹਨ। ਇੱਕ ਵਿਅਕਤੀ ਜੋ ਮਸੀਹ ਵਿੱਚ ਮੁਕਤੀਦਾਤਾ ਵਜੋਂ ਭਰੋਸਾ ਕਰਦਾ ਹੈ, ਉਹ ਮਸੀਹ ਦੇ ਪਰਮੇਸ਼ਰ ਹੋਣ, ਉਹਨਾਂ ਦੇ ਖ਼ੂਨ, ਜਾਂ ਜੀਅ ਉੱਠਾਏ ਜਾਣ ਤੋਂ ਇਨਕਾਰ ਨਹੀਂ ਕਰੇਗਾ (ਇਸ ਭਾਗ ਦਾ VII.B.10. ਦੇਖੋ, ਜੋ 1 ਕੁਰਿੰਥ 15:1-2 ਬਾਰੇ ਗੱਲ ਕਰਦਾ ਹੈ)। ਵਿਸ਼ਵਾਸ ਦੀ ਕਿਸਮ (ਭਰੋਸਾ) ਜੋ ਬਚਾਉਂਦੀ ਹੈ, ਉਹ ਇੱਕ ਨਿਰੰਤਰ ਬਣੇ ਰਹਿਣ ਵਾਲੇ ਵਿਸ਼ਵਾਸ ਵੱਲ ਲੈ ਜਾਂਦੀ ਹੈ। ਵਿਸ਼ਵਾਸ ਦੀਆਂ ਹੋਰ ਕਿਸਮਾਂ ਬਚਾਉਂਦੀਆਂ ਨਹੀਂ ਹਨ ਜਿਵੇਂ ਕਿ ਪਰਮੇਸ਼ਰ ਬਾਰੇ ਕੁਝ ਤੱਥਾਂ ਵਿੱਚ ਬੌਧਿਕ ਵਿਸ਼ਵਾਸ (ਯਾਕੂਬ 2:19) ਜਾਂ ਭਾਵਨਾਤਮਕ ਵਿਸ਼ਵਾਸ ਕਿ ਯਿਸੂ ਸੰਸਾਰਿਕ ਮੁਸ਼ਕਲਾਂ ਤੋਂ ਬਚਾ ਸਕਦੇ ਹਨ (ਪਰ ਇਹਨਾਂ ਵਿੱਚ ਪਾਪ ਤੋਂ ਮੁਕਤੀ ਵਿੱਚ ਕੋਈ ਦਿਲਚਸਪੀ ਨਹੀਂ ਹੁੰਦੀ ਹੈ, ਇਸ ਅਧਿਆਇ ਦੇ ਭਾਗ 2, II.B.2., ਨੂੰ ਦੇਖੋ)। ਇਬਰਾਨੀਆਂ 3-4 ਦੀਆਂ ਚੇਤਾਵਨੀਆਂ ਉਹਨਾਂ ਅਵਿਸ਼ਵਾਸੀਆਂ ਨੂੰ ਸੰਬੋਧਿਤ ਕੀਤੀਆਂ ਜਾ ਸਕਦੀਆਂ ਹਨ ਜੋ ਯਹੂਦੀ ਕਲੀਸਿਯਾਵਾਂ ਨਾਲ ਸੰਬੰਧ ਰੱਖਦੇ ਸਨ। ਇਹਨਾਂ ਲੋਕਾਂ ਵਿੱਚ ਉਸ ਕਿਸਮ ਦਾ ਵਿਸ਼ਵਾਸ ਨਹੀਂ ਸੀ ਜੋ ਬਚਾਉਂਦਾ ਅਤੇ ਕਾਇਮ ਰਹਿੰਦਾ ਹੈ। ਇਸ ਸਮਝ ਦੇ ਨਾਲ, ਇਬ 3:6 ਵਿੱਚ *ਘਰ* ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਹੋਣਾ ਹੈ, ਅਤੇ ਇਬ 3:14 ਵਿੱਚ *ਸਾਂਝੇਦਾਰੀ* ਮਸੀਹ ਨਾਲ ਮੁਕਤੀ ਦੀ ਏਕਤਾ ਵਿੱਚ ਜੁੜਨਾ ਹੈ। ਇਬ 3:6 ਕੁਝ ਪਾਠਕਾਂ ਲਈ ਇਹ ਚੇਤਾਵਨੀ ਹੈ ਕਿ ਉਹ ਆਪਣੇ ਆਪ ਦੀ ਜਾਂਚ ਕਰਨ ਕਿ ਉਹਨਾਂ ਵਿੱਚ ਬਚਾਉਣ ਵਾਲਾ ਵਿਸ਼ਵਾਸ ਹੈ ਜਾਂ ਨਹੀਂ (ਉਹ ਵਿਸ਼ਵਾਸ ਜੋ ਹਮੇਸ਼ਾ ਕਾਇਮ ਰਹਿੰਦਾ ਹੈ)। ਇਬ 3:12 ਇੱਕ ਅਜਿਹੇ ਅਵਿਸ਼ਵਾਸੀ ਹੋਣ ਦੇ ਵਿਰੁੱਧ ਚੇਤਾਵਨੀ ਦਿੰਦਾ ਹੈ ਜੋ ਪਰਮੇਸ਼ਰ ਤੋਂ ਦੂਰ ਹੋ ਜਾਂਦਾ ਹੈ। ਉਹ ਯਿਸੂ ਉੱਤੇ ਭਰੋਸਾ ਕਰਨ ਲਈ ਪਰਮੇਸ਼ਰ ਦੇ ਸੱਦਿਆਂ ਦਾ ਇਨਕਾਰ ਕਰਦੇ ਹਨ। ਯਹੂਦੀ ਪਾਠਕਾਂ ਨੂੰ ਕਲੀਸਿਯਾ ਨੂੰ ਛੱਡਣ ਅਤੇ ਯਹੂਦੀ ਪ੍ਰਾਰਥਨਾ ਸਥਾਨ ਵੱਲ ਵਾਪਸ ਜਾਣ ਲਈ ਸੱਦਾ ਦਿੱਤਾ ਜਾ ਰਿਹਾ ਹੈ। ਦੁਬਾਰਾ, ਇਬ 3:14 ਵਿੱਚ ਸ਼ਾਇਦ ਲੇਖਕ ਪਾਠਕਾਂ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕਰ ਰਿਹਾ ਹੈ ਕਿ ਕੀ ਉਹਨਾਂ ਦਾ ਮਸੀਹ ਵਿੱਚ ਨਿੱਜੀ ਵਿਸ਼ਵਾਸ ਹੈ (**ਨਿੱਜੀ** ਦਾ ਅਰਥ **ਭਰੋਸਾ** ਰੱਖਣਾ ਹੈ, ਨਾ ਕਿ ਯਿਸੂ ਮਸੀਹ ਬਾਰੇ ਬੌਧਿਕ ਵਿਸ਼ਵਾਸ ਜਾਂ ਭਾਵਨਾਤਮਕ ਵਿਸ਼ਵਾਸ ਕਿ ਉਹ ਮੁਸ਼ਕਲ ਸਮਿਆਂ ਵਿੱਚ ਮਦਦ ਕਰ ਸਕਦੇ ਹਨ)। ਅਜਿਹਾ ਵਿਸ਼ਵਾਸ ਜੋ ਬਚਾਉਂਦਾ ਹੈ ਉਹ ਵਿਸ਼ਵਾਸ ਨਿਰੰਤਰ ਬਣਿਆ ਰਹਿੰਦਾ ਹੈ। ਵਿਸ਼ਵਾਸ ਦੀਆਂ ਦੂਜੀਆਂ ਪਰਿਭਾਸ਼ਾਵਾਂ ਵਿੱਚ ਬਚਾਉਣ ਵਾਲਾ ਵਿਸ਼ਵਾਸ ਸ਼ਾਮਲ ਨਹੀਂ ਹੁੰਦਾ ਹੈ। ਲੇਖਕ ਦੀ ਚਿੰਤਾ ਇਹ ਨਹੀਂ ਹੈ ਕਿ ਇੱਕ ਵਿਸ਼ਵਾਸੀ ਮੁਕਤੀ ਗੁਆ ਚੁੱਕਾ ਹੈ। ਉਸ ਦੀ ਚਿੰਤਾ ਇਹ ਹੈ ਕਿ ਹਾਲਾਂਕਿ ਕੁਝ ਪਾਠਕ ਕਲੀਸਿਯਾ ਨਾਲ ਜੁੜੇ ਹੋਏ ਹਨ, ਫਿਰ ਵੀ ਉਹਨਾਂ ਨੇ ਕਦੇ ਮਸੀਹ ਵਿੱਚ ਭਰੋਸਾ ਨਾ ਕੀਤਾ ਹੈ। ਇਬ 4:11 ਇੱਕ ਹੋਰ ਪ੍ਰਚਾਰ ਦੀ ਅਪੀਲ ਬਣ ਜਾਂਦਾ ਹੈ ਕਿ ਉਹ ਮਸੀਹ ਵਿੱਚ ਵਿਸ਼ਵਾਸ ਦੁਆਰਾ ਮੁਕਤੀ ਵਿੱਚ ਪ੍ਰਵੇਸ਼ ਕਰਨ ਅਤੇ

ਮੁਕਤੀ ਪ੍ਰਾਪਤ ਕਰਨ ਦੇ ਸਾਰੇ ਕੰਮਾਂ ਨੂੰ ਛੱਡ ਕੇ ਮਸੀਹ ਵਿੱਚ ਆਰਾਮ ਕਰਨ (4:10)।

**(2) ਵਿਸ਼ਵਾਸੀਆਂ ਦੇ ਲਈ**

ਇਬਰਾਨੀਆਂ 3-4 ਦੀਆਂ ਚੇਤਾਵਨੀਆਂ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਉਹ ਵਿਸ਼ਵਾਸੀਆਂ ਨੂੰ ਅਰਾਧਨਾ/ਸੇਵਾ ਵਿੱਚ ਸਰਗਰਮ ਰਹਿਣ, ਮਸੀਹ ਦੇ ਨਾਲ ਇੱਕ ਸਰਗਰਮ ਸਾਂਝੇਦਾਰੀ ਵਿੱਚ ਕੰਮ ਕਰਦੇ ਰਹਿਣ, ਅਤੇ ਇੱਕ ਪੂਰੀ ਵਿਰਾਸਤ (ਇਨਾਮ) ਵਿੱਚ ਦਾਖਲ ਹੋਣ ਦੇ ਲਈ ਹਨ। ਯਾਦ ਰੱਖੋ ਕਿ ਇਬਰਾਨੀ ਲੋਕ ਕਲੀਸਿਯਾ ਨੂੰ ਛੱਡਣ ਅਤੇ ਯਹੂਦੀ ਧਰਮ ਨਾਲ ਜੁੜਨ ਦੇ ਪਰਤਾਵੇ ਨਾਲ ਸੰਘਰਸ਼ ਕਰ ਰਹੇ ਹਨ। ਇਬ 3 ਵਿੱਚ "ਘਰ" ਪਰਮੇਸ਼ਰ ਦੇ ਘਰ ਨੂੰ ਨਹੀਂ ਦਰਸਾਉਂਦਾ ਹੈ। ਇਬ 3:5 ਦਾ ਘਰ ਪਵਿੱਤਰ ਤੰਬੂ ਵਿੱਚ ਅਰਾਧਨਾ ਅਤੇ ਸੇਵਾ ਪ੍ਰਣਾਲੀ ਦਾ ਹਵਾਲਾ ਦਿੰਦਾ ਹੈ। ਸਿਰਫ਼ ਜਾਜਕ ਹੀ "ਪਰਮੇਸ਼ਰ ਦੇ ਘਰ" ਵਿੱਚ ਸੇਵਾ ਕਰ ਸਕਦੇ ਸਨ ਅਤੇ ਇਹ ਪਵਿੱਤਰ ਸਥਾਨ ਅਤੇ ਅਤਿ ਪਵਿੱਤਰ ਸਥਾਨ ਤੱਕ ਹੀ ਸੀਮਿਤ ਸੀ। ਪੁਰਾਣੇ ਨੇਮ ਵਿੱਚ ਇੱਕ ਵਿਅਕਤੀ ਪਰਮੇਸ਼ਰ ਦੇ ਘਰ (ਪਵਿੱਤਰ ਤੰਬੂ ਅਤੇ ਜਾਜਕਾਂ ਦੀ ਪ੍ਰਣਾਲੀ) ਵਿੱਚ ਸਰਗਰਮ ਭਾਗੀਦਾਰੀ ਤੋਂ ਬਿਨਾਂ ਵੀ ਬਚਾਇਆ ਜਾ ਸਕਦਾ ਸੀ। ਬਿਵਸਥਾ ਦੇ ਉਲਟ, ਜਿਸ ਵਿੱਚ ਸਿਰਫ਼ ਥੋੜ੍ਹੇ ਲੋਕ ਹੀ ਜਾਜਕ ਹੋ ਸਕਦੇ ਸਨ, ਨਵੇਂ ਨੇਮ ਵਿੱਚ ਸਾਰੇ ਵਿਸ਼ਵਾਸੀ ਪਰਮੇਸ਼ਰ ਦੇ ਸਾਹਮਣੇ ਜਾਜਕ ਹਨ; ਪਰ ਕੁਝ ਲੋਕ ਅਰਾਧਨਾ ਅਤੇ ਸੇਵਾ ਵਿੱਚ ਸ਼ਾਮਲ ਹੋਣ ਤੋਂ ਪਿੱਛੇ ਹੱਟ ਜਾਂਦੇ ਹਨ। ਮਸੀਹੀ ਕਦੇ ਵੀ ਪਰਮੇਸ਼ਰ ਦੇ ਪਰਿਵਾਰ ਤੋਂ ਬਾਹਰ ਨਹੀਂ ਜਾ ਸਕਦੇ ਹਨ, ਪਰ ਉਹ ਪਰਮੇਸ਼ਰ ਦੀ ਅਰਾਧਨਾ ਅਤੇ ਸੇਵਾ ਪ੍ਰਣਾਲੀ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਸਕਦੇ ਹਨ। ਉਹ ਆਪਣੇ ਆਪ ਨੂੰ ਪਰਮੇਸ਼ਰ ਦੇ ਘਰ ਤੋਂ ਇਸ ਤਰ੍ਹਾਂ ਬਾਹਰ ਕੱਢ ਸਕਦੇ ਹਨ ਕਿ ਜਦੋਂ ਉਹ ਅਰਾਧਨਾ ਲਈ ਇਕੱਠੇ ਹੋਣ ਵਾਲੇ ਦੂਜੇ ਵਿਸ਼ਵਾਸੀਆਂ-ਜਾਜਕਾਂ ਨਾਲ ਅਰਾਧਨਾ ਕਰਨ ਤੋਂ ਇਨਕਾਰ ਕਰਦੇ ਹਨ।

ਇਬ 10:25 ਵਿੱਚ ਇਕੱਠੇ ਹੋਣ ਦਾ ਜਾਣਿਆ ਪਛਾਣਿਆ ਸੱਦਾ ਇਬ 10:21 ਤੋਂ ਬਾਦ ਆਉਂਦਾ ਹੈ ਜੋ ਇਹ ਦੱਸਦਾ ਹੈ ਕਿ ਮਸੀਹ ਪਰਮੇਸ਼ਰ ਦੇ ਘਰ ਉੱਤੇ ਪ੍ਰਧਾਨ-ਜਾਜਕ ਹਨ। ਇਸ ਤਰ੍ਹਾਂ, ਕਲੀਸਿਯਾ ਵਿੱਚ ਸੰਗਤੀ ਕਰਨਾ ਨਾ ਛੱਡਣਾ, ਪਰਮੇਸ਼ਰ ਦੇ ਘਰ ਵਿੱਚ ਬਣੇ ਰਹਿਣ ਦੀ ਚੇਤਾਵਨੀ ਦੇ ਬਰਾਬਰ ਹੈ। ਇਬ 3:6 ਸ਼ਾਇਦ ਯਹੂਦੀ ਵਿਸ਼ਵਾਸੀਆਂ ਲਈ ਇੱਕ ਚੇਤਾਵਨੀ ਹੈ ਕਿ ਉਹ ਪਰਮੇਸ਼ਰ ਦੇ ਘਰ (ਜੋ ਕਿ ਕਲੀਸਿਯਾ ਦੀ ਇੱਕ ਇਮਾਰਤ ਨਹੀਂ ਹੈ, ਪਰ ਵਿਸ਼ਵਾਸੀਆਂ ਦਾ ਅਰਾਧਨਾ ਦੀ ਸਭਾ ਹੈ) ਨੂੰ ਛੱਡ ਕੇ ਯਹੂਦੀ ਪ੍ਰਾਰਥਨਾ ਘਰਾਂ ਵਿੱਚ ਵਾਪਸ ਨਾ ਜਾਣ।[89] ਇੱਕ ਵਿਅਕਤੀ ਮੁਕਤੀ ਪਾਇਆ ਹੋ ਸਕਦਾ ਹੈ ਅਤੇ ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਬਣ ਸਕਦਾ ਹੈ, ਪਰ ਕਲੀਸਿਯਾ, ਅਰਾਧਨਾ ਘਰ ਵਿੱਚ ਸ਼ਾਮਲ ਹੋਣ ਤੋਂ ਅਲੱਗ ਰਹਿ ਸਕਦਾ ਹੈ। ਇਬ 3:6 "ਮਸੀਹ ਦੇ ਘਰ" ਦੇ ਕੰਮਾਂ ਵਿੱਚ ਸਰਗਰਮ ਰਹਿਣ ਲਈ ਉਤਸ਼ਾਹਿਤ ਕਰਦਾ ਹੈ।

ਮੰਨ ਲਓ ਕਿ ਲੇਖਕ ਮੁਕਤੀ ਪਾਏ ਲੋਕਾਂ ਨੂੰ ਸੰਬੋਧਿਤ ਕਰਦਾ ਹੈ, ਤਾਂ ਇਬ 3:12 ਮਸੀਹੀ ਜੀਵਨ ਦੇ ਲਗਾਤਾਰ ਅੱਗੇ ਵੱਧ ਰਹੇ ਵਿਸ਼ਵਾਸ ਬਾਰੇ ਗੱਲ ਰਿਹਾ ਹੋਵੇਗਾ। ਮੁਕਤੀ ਪਾਏ ਵਿਅਕਤੀ ਨੇ ਸਲੀਬ ਵਿੱਚ ਵਿਸ਼ਵਾਸ ਕੀਤਾ ਹੈ, ਪਰ ਉਸ ਲਈ ਲਗਾਤਾਰ ਬਾਈਬਲ ਦੇ ਹੁਕਮਾਂ ਅਤੇ ਸਿੱਖਿਆ ਉੱਤੇ ਵੀ ਵਿਸ਼ਵਾਸ ਕਰਨਾ ਜ਼ਰੂਰੀ ਹੈ। ਜੇਕਰ ਇੱਕ ਯਹੂਦੀ ਮਸੀਹੀ ਸਮਾਜਿਕ ਦਬਾਅ ਦੇ ਕਾਰਨ ਕਲੀਸਿਯਾ ਨੂੰ ਛੱਡ ਕੇ ਯਹੂਦੀ ਧਰਮ ਨਾਲ ਜੁੜ ਜਾਂਦਾ ਹੈ, ਤਾਂ ਇਸ ਉਸ ਵਿੱਚ ਵਿਸ਼ਵਾਸ ਦੀ ਘਾਟ ਨੂੰ ਦਿਖਾਉਂਦਾ ਹੈ। ਕਲੀਸਿਯਾ ਨੂੰ ਛੱਡਣ ਨਾਲ ਮੁਕਤੀ ਦਾ ਨੁਕਸਾਨ ਨਹੀਂ ਹੋ ਸਕਦਾ ਹੈ, ਪਰ ਇਹ ਪਰਮੇਸ਼ਰ ਨਾਲ ਸੰਬੰਧ ਨੂੰ ਤੋੜਦਾ ਹੈ ਅਤੇ ਇਸ ਨੂੰ "ਜਿਊਂਦੇ ਪਰਮੇਸ਼ਰ ਤੋਂ ਦੂਰ ਜਾਣਾ" ਕਿਹਾ ਜਾ ਸਕਦਾ ਹੈ (ਆਇਤ 12)।

ਇਬ 3:14 ਨੂੰ ਪੂਰੀ ਤਰ੍ਹਾਂ ਵਿਸ਼ਵਾਸੀਆਂ ਲਈ ਸੀਮਿਤ ਚੇਤਾਵਨੀ ਵਜੋਂ ਲਿਆ ਜਾ ਸਕਦਾ ਹੈ। ਸ਼ਾਇਦ ਸਾਂਝੀ ਹੋਣ ਨੂੰ ਮਸੀਹ ਦੇ ਨਾਲ ਇੱਕ ਮੁਕਤੀ ਵਾਲੀ ਸੰਗਤ ਦੇ ਰੂਪ ਵਿੱਚ ਸਮਝਣਾ, ਚੇਤਾਵਨੀ ਦੇ ਉਦੇਸ਼ ਤੋਂ ਖੁੰਝ ਜਾਣਾ ਹੋਵੇਗਾ। ਲੂਕਾ 5:7 ਵਿੱਚ ਵੀ ਇਸੇ ਯੂਨਾਨੀ ਸ਼ਬਦ ਦੀ ਵਰਤੋਂ ਸਾਂਝੇ ਤੌਰ ਉੱਤੇ ਮੱਛੀ ਫੜਨ ਦੇ ਕਾਰੋਬਾਰ ਵਿੱਚ ਵਪਾਰਕ ਸਾਂਝੇਦਾਰੀ ਲਈ ਕੀਤੀ ਗਈ ਹੈ। "ਸਾਂਝੇਦਾਰੀ" ਜਾਂ "ਸਾਥੀਆਂ" ਦੀ ਪਰਿਭਾਸ਼ਾ ਇਬ 1:9 (ਸਾਥੀਆਂ) ਅਤੇ 3:1 (ਸਵਰਗੀ ਸੱਦੇ ਦੇ ਵਿੱਚ ਸਾਂਝੀ ਹੋਣ) ਵਿੱਚ ਇਸ ਦੀ ਵਰਤੋਂ ਨਾਲ ਵੀ ਠੀਕ ਬੈਠਦੀ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇਸ ਵਿੱਚ ਆਤਮਿਕ ਸੰਗਤ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ, ਬਲਕਿ ਉਸ ਸਰਗਰਮ ਭਾਗੀਦਾਰੀ ਉੱਤੇ ਹੈ ਜਿਸ ਵਿੱਚ ਅਸੀਂ ਮਸੀਹ ਦੇ ਸਾਥੀ ਹੁੰਦੇ ਹੋਏ ਸੇਵਕਾਈ ਦੇ ਕੰਮ ਕਰਦੇ ਹਾਂ। ਜਿਵੇਂ ਇਬ 3:6 ਵਿੱਚ "ਘਰ" ਦਾ ਵਿਚਾਰ ਪਰਮੇਸ਼ਰ ਦੀ ਅਰਾਧਨਾ ਦੀ ਪ੍ਰਣਾਲੀ ਵਿੱਚ ਕੰਮ ਨੂੰ ਛੱਡਣ ਦੀ ਚੇਤਾਵਨੀ ਹੈ, ਉਵੇਂ ਹੀ ਇਬ 3:14 ਵਿੱਚ ਸੇਵਕਾਈ ਦੇ ਕੰਮ ਵਿੱਚ ਮਸੀਹ ਦੇ ਸਾਥੀ ਹੋਣ ਵਿੱਚ ਅਸਫਲ ਹੋਣ ਵਿਰੁੱਧ ਚੇਤਾਵਨੀ ਹੈ। ਜਿਹੜੇ ਵਿਸ਼ਵਾਸੀ ਇਸ ਸੰਸਾਰ ਵਿੱਚ ਮਸੀਹ ਦੇ ਕੰਮ ਦੇ ਸਰਗਰਮ

[89] ਇਬ 3:5 ਵਿੱਚ ਮੂਸਾ ਦਾ ਘਰ ਪਵਿੱਤਰ ਤੰਬੂ (ਪਰਮੇਸ਼ਰ ਦੇ ਘਰ) ਹੈ ਜਿਸ ਵਿੱਚ ਪਵਿੱਤਰ ਸਥਾਨ ਹੈ ਅਤੇ ਇਹ ਪੁਰਾਣੇ ਨੇਮ ਦੇ ਜਾਜਕਾਂ ਦੇ ਕੰਮ ਬਾਰੇ ਵੀ ਸੀ ਜੋ ਇਸ ਸਥਾਨ ਵਿੱਚ ਅਰਾਧਨਾ ਅਤੇ ਸੇਵਾ ਕਰਦੇ ਸਨ। ਇਬ 3:6 ਵਿੱਚ ਘਰ ਦੀ ਪਰਿਭਾਸ਼ਾ ਵਿੱਚ ਅਰਾਧਨਾ ਦਾ ਸਥਾਨ ਅਤੇ ਇਸ ਵਿੱਚ ਭਾਗੀਦਾਰੀ ਦੋਵੇਂ ਸ਼ਾਮਲ ਹਨ (ਅਰਾਧਨਾ ਅਤੇ ਸੇਵਾ ਦੀ ਭੂਮਿਕਾ ਨਿਭਾਉਂਦੇ ਹੋਏ ਜਾਜਕ)। ਮਸੀਹ ਦੇ "ਘਰ" ਤੋਂ ਇਬਰਾਨੀਆਂ ਦੇ ਲੇਖਕ ਦਾ ਅਰਥ ਸਵਰਗੀ ਤੰਬੂ ਅਤੇ ਇਸ ਦਾ ਪਵਿੱਤਰ ਸਥਾਨ (ਪਰਮੇਸ਼ਰ ਦੀ ਉਹਨਾਂ ਦੇ ਸਿੰਘਾਸਣ ਉੱਤੇ ਮੌਜੂਦਗੀ) ਹੈ, ਜਿਸ ਵਿੱਚ ਨਵੇਂ ਨੇਮ ਦੇ ਜਾਜਕ ਪਰਮੇਸ਼ਰ ਦੀ ਅਰਾਧਨਾ ਅਤੇ ਸੇਵਾ ਕਰਦੇ ਹਨ। ਇੱਕ ਵਿਸ਼ਵਾਸੀ ਕੋਲ ਹਮੇਸ਼ਾ ਉਸ ਦਾ ਜਾਜਕੀ ਅਹੁਦਾ ਹੁੰਦਾ ਹੈ, ਪਰ ਉਹ ਸੇਵਾ ਅਤੇ ਅਰਾਧਨਾ ਦੇ ਕੰਮ ਤੋਂ ਦੂਰ ਹੋ ਸਕਦਾ ਹੈ।

ਸਾਂਝੀਦਾਰ ਹਨ, ਉਹ ਬਾਅਦ ਵਿੱਚ ਮਸੀਹ ਦੀ ਸ਼ਕਤੀ ਅਤੇ ਮਹਿਮਾ ਵਿੱਚ ਪੂਰੇ ਸਾਂਝੀ ਹੋਣਗੇ। ਆਪਣੀ ਪੂਰੀ ਵਿਰਾਸਤ ਨੂੰ ਪ੍ਰਾਪਤ ਕਰਨ ਲਈ ਸਾਨੂੰ ਮਸੀਹ ਦੀ ਅਰਾਧਨਾ ਦੇ ਘਰ (ਕਲੀਸਿਯਾ) ਅਤੇ ਮਸੀਹ ਦੇ ਨਾਲ ਸਰਗਰਮ ਸਾਂਝੇਦਾਰੀ ਵਿੱਚ ਬਣੇ ਰਹਿਣਾ ਚਾਹੀਦਾ ਹੈ।

ਜੇਕਰ ਇਹ ਵਿਸ਼ਵਾਸੀਆਂ ਨੂੰ ਸੰਬੋਧਿਤ ਕੀਤਾ ਜਾਂਦਾ ਹੈ ਤਾਂ ਇਬ 4:11 ਪੂਰੀ ਵਿਰਾਸਤ ਦੇ ਲਈ ਜਤਨ ਕਰਨ ਦਾ ਇੱਕ ਹੁਕਮ ਹੈ। ਆਰਾਮ ਦੇ ਵਿਚਾਰ ਦਾ ਵਿਰਾਸਤ ਦੇ ਨਾਲ ਉਦੋਂ ਤੱਕ ਕੋਈ ਸੰਬੰਧ ਨਹੀਂ ਦਿਖਾਉਂਦਾ ਦਿੰਦਾ ਹੈ ਜਦੋਂ ਤੱਕ ਅਸੀਂ ਇਸ ਦਾ ਸੰਦਰਭ ਅਤੇ ਯਹੂਦੀ ਸੋਚ ਨੂੰ ਨਹੀਂ ਜਾਣ ਲੈਂਦੇ ਹਾਂ। ਉਹਨਾਂ ਲਈ ਆਰਾਮ ਵਿਰਾਸਤ ਨਾਲ ਬਹੁਤ ਜੁੜਿਆ ਹੋਇਆ ਹੈ। ਜਦੋਂ ਪਰਮੇਸ਼ਰ ਨੇ ਸਿਰਜਣਾ ਦੇ ਆਪਣੇ ਕੰਮ ਤੋਂ **ਆਰਾਮ** ਕੀਤਾ, ਤਾਂ ਉਹ **ਉਸ ਵਿਰਾਸਤ ਦਾ ਆਨੰਦ ਲੈ ਸਕੇ** ਜੋ ਉਹਨਾਂ ਨੇ ਆਪਣੇ ਲਈ ਬਣਾਈ ਸੀ। ਕੂਚ ਦੀ ਪੁਸਤਕ ਦੀ ਪੀੜ੍ਹੀ ਦੇ ਲੋਕਾਂ ਨੂੰ ਵਾਅਦਾ ਕੀਤੇ ਹੋਏ ਦੇਸ਼ ਨੂੰ ਜਿੱਤਣ ਲਈ ਬੁਲਾਇਆ ਗਿਆ ਸੀ। ਇਸ ਦੇ ਬਾਅਦ ਉਹ **ਆਰਾਮ** ਕਰ ਸਕਦੇ ਅਤੇ **ਵਿਰਾਸਤ ਦਾ ਆਨੰਦ** ਲੈ ਸਕਦੇ ਸਨ। ਬਿਵਸਥਾ ਸਾਰ 3:18-20 ਅਤੇ 12:9-11 ਵਿੱਚ ਆਰਾਮ ਅਤੇ ਵਿਰਾਸਤ ਵਿਚਕਾਰ ਸੰਬੰਧ ਉੱਤੇ ਧਿਆਨ ਦਿਓ।

> ਕਿਉਂ ਜੋ ਤੁਸੀਂ ਹੁਣ ਤੱਕ ਉਸ ਆਰਾਮ ਦੇ ਸਥਾਨ ਵਿੱਚ ਨਹੀਂ ਪਹੁੰਚੇ, ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਨੂੰ ਵਿਰਾਸਤ ਵਿੱਚ ਦੇਣ ਵਾਲਾ ਹੈ। ਜਦ ਤੁਸੀਂ ਯਰਦਨ ਪਾਰ ਜਾ ਕੇ ਉਸ ਦੇਸ਼ ਵਿੱਚ ਵੱਸ ਜਾਓ ਜਿਹੜਾ ਯਹੋਵਾਹ ਤੁਹਾਡਾ ਪਰਮੇਸ਼ਰ ਤੁਹਾਨੂੰ ਵਿਰਾਸਤ ਵਿੱਚ ਦਿੰਦਾ ਹੈ ਅਤੇ ਉਹ ਤੁਹਾਨੂੰ ਤੁਹਾਡੇ ਆਲੇ-ਦੁਆਲੇ ਦੇ ਸਾਰੇ ਵੈਰੀਆਂ ਤੋਂ ਅਰਾਮ ਦੇਵੇ ਤਾਂ ਜੋ ਤੁਸੀਂ ਸ਼ਾਂਤੀ ਨਾਲ ਵੱਸ ਜਾਓ [ਬਿਵਸਥਾ 12:9-10]

ਇਬਰਾਨੀਆਂ ਦਾ ਲੇਖਕ ਇਹ ਸਿਖਾਉਂਦਾ ਹੈ ਕਿ ਯਹੋਸ਼ੁਆ ਵੀ ਪਰਮੇਸ਼ਰ ਦੇ ਲੋਕਾਂ ਨੂੰ ਦੇਸ਼ ਵਿੱਚ ਪੂਰੀ ਤਰ੍ਹਾਂ ਆਰਾਮ ਅਤੇ ਵਿਰਾਸਤ ਵਿੱਚ ਨਹੀਂ ਲੈ ਕੇ ਗਿਆ ਸੀ (ਇਬ 4:8)। ਸਭ ਤੋਂ ਵੱਡਾ ਆਰਾਮ ਅਤੇ ਵਿਰਾਸਤ ਅਜੇ ਵੀ ਭਵਿੱਖ ਦੇ ਲਈ ਹੈ। ਵਿਸ਼ਵਾਸੀਆਂ ਨੇ ਆਪਣੇ ਕੰਮ ਤੋਂ ਆਰਾਮ ਨਹੀਂ ਪਾਇਆ ਹੈ। ਹੁਣ ਕੰਮ ਕਰਨ ਦਾ ਸਮਾਂ ਹੈ। ਆਰਾਮ ਅਤੇ ਵਿਰਾਸਤ ਦੋਵੇਂ ਭਵਿੱਖ ਵਿੱਚ ਆ ਰਹੇ ਹਨ।

ਇੱਕ ਦਿਨ ਅਸੀਂ ਧਰਤੀ ਉੱਤੇ ਕੰਮ ਨੂੰ ਬੰਦ ਕਰ ਦੇਵਾਂਗੇ (ਮਰਨ ਵੇਲੇ ਜਾਂ ਰੈਪਚਰ ਵੇਲੇ)। ਪਰ ਵਰਤਮਾਨ ਆਰਾਮ ਦਾ ਨਹੀਂ, ਪਰ ਕੰਮ ਦਾ ਸਮਾਂ ਹੈ, ਇੱਥੋਂ ਤੱਕ ਕਿ ਯੁੱਧ ਦਾ ਸਮੇਂ ਹੈ ਜਿਵੇਂ ਕਿ ਇਹ ਪੁਰਾਣੇ ਨੇਮ ਵਿੱਚ ਵਾਅਦਾ ਕੀਤੇ ਦੇਸ਼ ਵਿੱਚ ਪੂਰੀ ਵਿਰਾਸਤ ਪ੍ਰਾਪਤ ਕਰਨ ਲਈ ਲੜਨ ਦੀਆਂ ਗੱਲਾਂ ਵਿੱਚ ਦਰਸਾਇਆ ਗਿਆ ਹੈ। ਯਕੀਨਨ ਤੌਰ ਤੇ ਇਬ 4:11 ਕੰਮਾਂ ਦੁਆਰਾ ਨਰਕ ਤੋਂ ਮੁਕਤੀ ਕਮਾਉਣ ਬਾਰੇ ਗੱਲ ਨਹੀਂ ਕਰਦਾ ਹੈ। ਇਬ 4:11 ਵਿਸ਼ਵਾਸੀਆਂ ਨੂੰ ਇਹ ਕਹਿੰਦਾ ਹੈ ਕਿ ਜਿਹੜੀ ਵਿਰਾਸਤ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ, ਉਸ ਨੂੰ ਪ੍ਰਾਪਤ ਕਰਨ ਲਈ ਉਹ ਮਿਹਨਤ ਕਰਨ। ਲੇਖਕ ਦੁਆਰਾ ਦਿੱਤੀ ਗਈ ਵਿਰਾਸਤ ਦੀ ਪਰਿਭਾਸ਼ਾ ਸਿਰਫ਼ ਸਦੀਪਕ ਸਜ਼ਾ ਤੋਂ ਮੁਕਤੀ ਨਹੀਂ ਹੈ, ਬਲਕਿ ਉਹਨਾਂ ਇਨਾਮਾਂ ਅਤੇ ਬਰਕਤਾਂ ਨੂੰ ਵੀ ਪੂਰੀ ਤਰ੍ਹਾਂ ਪ੍ਰਾਪਤ ਕਰਨਾ ਹੈ ਜੋ ਪਰਮੇਸ਼ਰ ਨੂੰ ਦੇਣਾ ਚਾਹੁੰਦੇ ਹਨ। ਜਦੋਂ ਵਿਰਾਸਤ ਸ਼ਬਦ ਦੀ ਸਖ਼ਤੀ ਨਾਲ ਵਿਆਖਿਆ "ਇੱਕ ਪੂਰੀ ਸੰਪਤੀ ਜਾਂ ਵਿਰਾਸਤ" ਵਜੋਂ ਕੀਤੀ ਜਾਂਦੀ ਹੈ, ਤਾਂ ਇਹ ਹੋ ਸਕਦਾ ਹੈ ਕਿ ਵਿਰਾਸਤ ਪਿੱਛੇ ਰਹਿ ਜਾਵੇ ਅਤੇ ਸਿਰਫ਼ ਸਜ਼ਾ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੀ ਰਹਿ ਜਾਵੇ। ਸਜ਼ਾ ਤੋਂ ਬਚਣਾ ਬਹੁਤ ਵੱਡੀ ਬਰਕਤ ਹੈ, ਪਰ ਇਹ ਪੂਰੀ ਵਿਰਾਸਤ ਨਹੀਂ ਹੈ ਜੋ ਮਿਹਨਤ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਾਕਾਂਸ਼ ਦੇ ਸਧਾਰਨ ਅਰਥ ਵਿੱਚ ਸਾਰੇ ਵਿਸ਼ਵਾਸੀ ਧਰਤੀ ਦੇ ਦੁੱਖਾਂ ਤੋਂ ਛੁਟਕਾਰਾ ਪਾ ਕੇ ਸਦੀਪਕ ਆਰਾਮ ਵਿੱਚ ਸ਼ਾਮਲ ਹੋਣਗੇ। ਫਿਰ ਵੀ, ਕੁਝ ਵਿਸ਼ਵਾਸੀ ਦੂਜਿਆਂ ਨਾਲੋਂ ਜ਼ਿਆਦਾ ਇਨਾਮ ਅਤੇ ਬਰਕਤਾਂ ਪ੍ਰਾਪਤ ਕਰਨਗੇ। ਸਾਰੇ ਵਿਸ਼ਵਾਸੀ ਪਰਮੇਸ਼ਰ ਦੇ ਰਾਜ ਦੇ ਨਾਗਰਿਕ ਅਤੇ ਵਸਨੀਕ ਹੋਣਗੇ, ਪਰ ਬਹੁਤ ਸਾਰੇ ਉਸ ਪੂਰੀ ਵਿਰਾਸਤ ਤੋਂ ਖੁੰਝ ਜਾਣਗੇ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਸੀ। ਜਿਵੇਂ ਕਿ ਮਿਸਰ ਤੋਂ ਕੂਚ ਦੀਆਂ ਪੀੜ੍ਹੀਆਂ ਵਿੱਚ ਬਹੁਤ ਸਾਰੇ ਬਚਾਏ ਗਏ ਸਨ, ਪਰ ਉਹਨਾਂ ਨੇ ਵਾਅਦਾ ਕੀਤੇ ਹੋਏ ਦੇਸ਼ ਵਿੱਚ ਆਪਣੀ ਵਿਰਾਸਤ ਪ੍ਰਾਪਤ ਨਹੀਂ ਕੀਤੀ ਸੀ, ਇਸੇ ਤਰ੍ਹਾਂ ਵਿਸ਼ਵਾਸੀਆਂ ਨੂੰ ਨਰਕ ਤੋਂ ਬਚਾਇਆ ਜਾ ਸਕਦਾ ਹੈ, ਪਰ ਉਹ ਪੂਰੀ ਵਿਰਾਸਤ ਤੋਂ ਖੁੰਝ ਸਕਦੇ ਹਨ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ। ਜਿਸ ਤਰ੍ਹਾਂ ਯਹੋਸ਼ੁਆ ਦੀ ਪੀੜ੍ਹੀ ਦੇ ਵਿਸ਼ਵਾਸੀ ਨਰਕ ਤੋਂ ਬਚ ਗਏ ਸਨ, ਪਰ ਉਹਨਾਂ ਨੇ ਉਸ ਪੂਰੀ ਵਿਰਾਸਤ ਨੂੰ ਪ੍ਰਾਪਤ ਨਹੀਂ ਕੀਤਾ ਸੀ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਸਨ, ਉਸੇ ਤਰ੍ਹਾਂ ਅੱਜ ਇਸ ਗੱਲ ਦਾ ਖ਼ਤਰਾ ਹੈ ਕਿ ਇੱਕ ਵਿਸ਼ਵਾਸੀ ਸਵਰਗ ਵਿੱਚ ਤਾਂ ਚਲਾ ਜਾਵੇਗਾ, ਪਰ ਉਹ ਉਸ ਪੂਰੀ ਵਿਰਾਸਤ ਨੂੰ ਗੁਆ ਦੇਵੇਗਾ ਜੋ ਪਰਮੇਸ਼ਰ ਉਸ ਨੂੰ ਦੇਣਾ ਚਾਹੁੰਦੇ ਸੀ। ਜੇਕਰ *ਵਿਰਾਸਤ* ਨੂੰ ਸਭ ਤੋਂ ਵੱਡੀ ਬਰਕਤ ਦੀ ਸੰਭਾਵਨਾ ਮੰਨਿਆ ਜਾਂਦਾ ਹੈ, ਤਾਂ ਇੱਕ ਵਿਸ਼ਵਾਸੀ  ਦਾ ਮਿਹਨਤ ਦੀ ਘਾਟ ਦੇ ਕਾਰਨ ਵਾਅਦਾ ਕੀਤੇ ਗਏ ਆਰਾਮ ਤੋਂ ਖੁੰਝਣਾ ਸੰਭਵ ਹੈ। ਇਬ 4:11 ਹੁਣ ਹੁਕਮ ਦੀ ਪਾਲਣਾ ਕਰਨ ਅਤੇ ਕੰਮ ਕਰਨ ਦੀ ਚੇਤਾਵਨੀ ਦਿੰਦਾ ਹੈ, ਤਾਂ ਜੋ ਪੂਰੀ ਵਿਰਾਸਤ ਅਤੇ ਭਵਿੱਖ ਦੇ ਆਰਾਮ ਵਿੱਚ ਪ੍ਰਵੇਸ਼ ਕੀਤਾ ਜਾ ਸਕੇ।

ਸਦੀਪਕ ਸਜ਼ਾ ਤੋਂ ਮੁਕਤੀ ਦੇ ਨੁਕਸਾਨ ਦਾ ਸੰਕੇਤ ਦਿੱਤੇ ਬਿਨਾਂ, ਇਬ 3-4 ਦੀਆਂ ਸਾਰੀਆਂ ਚੇਤਾਵਨੀਆਂ ਨੂੰ ਵਿਸ਼ਵਾਸੀਆਂ ਦੇ ਲਈ ਚੇਤਾਵਨੀਆਂ ਮੰਨਿਆ ਜਾ ਸਕਦਾ ਹੈ: (1) “ਪਰਮੇਸ਼ਰ ਦੇ ਘਰ ਵਿੱਚ ਰਹਿੰਦੇ ਹਾਂ” (ਇਬ 3:6), ਉਦਾਹਰਣ ਦੇ ਲਈ, ਕਲੀਸਿਯਾ ਦੀ ਸਭਾ ਵਿੱਚ ਜਾਜਕੀ ਆਰਾਧਨਾ ਅਤੇ ਸੇਵਾ ਦੀ ਇੱਕ ਪ੍ਰਣਾਲੀ ਦੇ ਰੂਪ ਵਿੱਚ; (2) “ਯਹੂਦੀ ਧਰਮ ਨਾਲ ਸੰਬੰਧਾਂ ਵੱਲ ਵਾਪਸ ਜਾ ਕੇ ਜਿਊਂਦੇ

ਪਰਮੇਸ਼ਰ ਨਾਲ ਸੰਗਤ ਤੋਂ ਦੂਰ ਨਾ ਹੋਵੋ" (ਇਬ 3:12); (3) "ਮਸੀਹ ਲਈ ਕੰਮ ਕਰਨ ਵਿੱਚ ਆਪਣੀ ਸਾਂਝੇਦਾਰੀ ਬਣਾਈ ਰੱਖੋ" ਇਬ 3:14; (4) "ਅਜੇ ਆਰਾਮ ਨਾ ਕਰੋ। ਮਿਹਨਤੀ ਅਤੇ ਆਗਿਆਕਾਰੀ ਬਣੋ ਤਾਂ ਜੋ ਤੁਸੀਂ ਆਰਾਮ ਦੇ ਕਿਸੇ ਵੀ ਹਿੱਸੇ (ਪੂਰੀ ਵਿਰਾਸਤ) ਤੋਂ ਖੁੰਝ ਨਾ ਜਾਓ ਜੋ ਪਰਮੇਸ਼ਰ ਦੇਣਾ ਚਾਹੁੰਦੇ ਹਨ" (ਇਬ 4:11)। ਵਿਸ਼ਵਾਸ ਕਰਨ ਵਾਲੇ ਇਬਰਾਨੀ ਲੋਕ ਕਲੀਸਿਯਾ ਨੂੰ ਛੱਡ ਕੇ ਮੁਕਤੀ ਨੂੰ ਨਹੀਂ ਗੁਆਉਣਗੇ। ਪਰ ਉਹ ਪਰਮੇਸ਼ਰ ਦੇ ਘਰ (ਅਰਾਧਨਾ ਦੀ ਪ੍ਰਣਾਲੀ, ਆਇਤ 6) ਤੋਂ ਦੂਰ ਜਾ ਸਕਦੇ ਹਨ। ਉਹ ਪਰਮੇਸ਼ਰ ਦੀ ਸੰਗਤੀ ਤੋਂ ਦੂਰ ਹੋ ਸਕਦੇ ਹਨ (ਆਇਤ 12)। ਉਹ ਮਸੀਹ ਦੇ ਕੰਮ ਵਿੱਚ ਸਰਗਰਮ ਸਾਂਝੇਦਾਰੀ ਰੱਖਣਾ ਬੰਦ ਕਰ ਸਕਦੇ ਹਨ (ਆਇਤ 14)। ਪੁਰਾਣੇ ਨੇਮ ਦੇ ਇਬਰਾਨੀ ਲੋਕਾਂ ਦੀ ਤਰ੍ਹਾਂ (ਜਿਹਨਾਂ ਵਿੱਚੋਂ ਬਹੁਤ ਸਾਰੇ ਬਚਾਏ ਗਏ ਸਨ), ਉਹ ਉਸ ਵਿਰਾਸਤ (ਆਰਾਮ) ਵਿੱਚ ਦਾਖਲ ਹੋਣ ਵਿੱਚ ਅਸਫਲ ਹੋ ਸਕਦੇ ਸਨ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਸਨ (4:11)। ਉਹਨਾਂ ਨੂੰ ਨਰਕ ਤੋਂ ਤਾਂ ਮੁਕਤੀ ਮਿਲਣੀ ਸੀ, ਪਰ ਪਰਮੇਸ਼ਰ ਉਹਨਾਂ ਨੂੰ ਹੋਰ ਵੀ ਕੁਝ ਦੇਣਾ ਚਾਹੁੰਦੇ ਸਨ। ਜੇਕਰ ਉਹ ਕਲੀਸਿਯਾ ਨੂੰ ਛੱਡ ਦਿੰਦੇ ਹਨ ਅਤੇ ਬਾਹਰੀ ਰੂਪ ਵਿੱਚ ਯਹੂਦੀ ਧਰਮ ਵਿੱਚ ਵਾਪਸ ਚਲੇ ਜਾਂਦੇ ਹਨ, ਤਾਂ ਉਹ ਉਸ ਆਰਾਮ (ਵਿਰਾਸਤ) ਨੂੰ ਗੁਆ ਦੇਣਗੇ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ (ਪਰ ਉਹ ਸਵਰਗ ਵਿੱਚ ਪ੍ਰਵੇਸ਼ ਪਾਉਂਦੇ ਹਨ)।

**(3) ਸਿੱਟਾ**

ਚੇਤਾਵਨੀ ਦਾ ਦੂਜਾ ਵਚਨ ਕਲੀਸਿਯਾ ਨਾਲ ਜੁੜੇ ਅਵਿਸ਼ਵਾਸੀਆਂ ਨੂੰ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਲਈ ਪ੍ਰੇਰਿਤ ਕਰ ਸਕਦਾ ਹੈ। ਇਹ ਵਿਸ਼ਵਾਸੀਆਂ ਨੂੰ ਉਸ ਪੂਰੀ ਵਿਰਾਸਤ ਨੂੰ ਪ੍ਰਾਪਤ ਕਰਨ ਦੇ ਲਈ ਮਿਹਨਤੀ ਰਹਿਣ ਅਤੇ ਬਣੇ ਰਹਿਣ ਦੇ ਲਈ ਪ੍ਰੇਰਿਤ ਕਰ ਸਕਦਾ ਹੈ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ। ਇਹ ਬਾਈਬਲ ਦੇ ਬੁਨਿਆਦੀ ਸਿਧਾਂਤਾਂ ਦਾ ਵਿਰੋਧ ਨਹੀਂ ਕਰਦਾ ਹੈ ਜੋ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਬਾਰੇ ਸਿਖਾਉਂਦੇ ਹਨ।

### d. ਤੀਸਰੀ ਚੇਤਾਵਨੀ ਦਾ ਵਚਨ: ਇਬ: 6:1-12

> ਜਿਹਨਾਂ ਲੋਕਾਂ ਦੇ ਦਿਲ ਇੱਕ ਵਾਰ ਚਾਨਣ ਵਿੱਚ ਆ ਚੁੱਕੇ ਹਨ ਜਿਹੜੇ ਸਵਰਗੀ ਵਰਦਾਨ ਦਾ ਸੁਆਦ ਚੱਖ ਚੁੱਕੇ ਹਨ, ਉਹ ਪਵਿੱਤਰ ਆਤਮਾ ਦੇ ਹਿੱਸੇਦਾਰ ਬਣ ਚੁੱਕੇ ਹਨ, ਅਤੇ ਪਰਮੇਸ਼ਰ ਦੇ ਵਚਨ ਦੀ ਭਲਾਈ ਦਾ ਅਤੇ ਆਉਣ ਵਾਲੇ ਯੁੱਗ ਦੀ ਸਮਰੱਥਾ ਦਾ ਸੁਆਦ ਚੱਖ ਚੁੱਕੇ ਹਨ, ਜੇਕਰ ਇਹ ਲੋਕ ਭਟਕ ਜਾਣ ਤਾਂ ਇਹਨਾਂ ਤੋਂ ਦੁਬਾਰਾ ਤੋਬਾ ਕਰਵਾਉਣਾ ਅਸੰਭਵ ਹੈ ਕਿਉਂਕਿ ਇਹ ਲੋਕ ਦੁਬਾਰਾ ਆਪਣੇ ਲਈ ਪਰਮੇਸ਼ਰ ਦੇ ਪੁੱਤਰ ਨੂੰ ਸਲੀਬ ਦੇ ਉੱਤੇ ਚੜ੍ਹਾਉਂਦੇ ਹਨ ਅਤੇ ਉਹਨਾਂ ਦੀ ਖੁਲ੍ਹੇਆਮ ਬੇਇੱਜ਼ਤੀ ਕਰਦੇ ਹਨ। ਉਹ ਧਰਤੀ ਪਰਮੇਸ਼ਰ ਕੋਲੋਂ ਅਸੀਸ ਪ੍ਰਾਪਤ ਕਰਦੀ ਹੈ ਜਿਹੜੀ ਮੀਂਹ ਦਾ ਪਾਣੀ ਪੀਂਦੀ ਹੈ ਅਤੇ ਆਪਣੇ ਵਾਹੁਣ ਵਾਲੇ ਦੇ ਲਈ ਫ਼ਸਲ ਪੈਦਾ ਕਰਦੀ ਹੈ। ਪਰ ਜੇਕਰ ਉਹ ਧਰਤੀ ਭੱਖੜੇ ਅਤੇ ਕੰਡਿਆਲੀ ਝਾੜੀਆਂ ਪੈਦਾ ਕਰਦੀ ਹੈ ਤਾਂ ਉਹ ਨਿਕੰਮੀ ਹੈ ਅਤੇ ਸਰਾਪ ਦੇ ਖ਼ਤਰੇ ਵਿੱਚ ਹੈ। ਅੰਤ ਵਿੱਚ ਉਹ ਅੱਗ ਵਿੱਚ ਭਸਮ ਹੋ ਜਾਵੇਗੀ। [ਇਬ 6:4-8]

ਜੇਕਰ ਇੱਕ ਵਿਅਕਤੀ ਇਸ ਵਚਨ ਨੂੰ ਪਹਿਲਾਂ ਹੀ ਇਹ ਸੋਚ ਕੇ ਪੜ੍ਹਦਾ ਹੈ ਕਿ ਵਿਸ਼ਵਾਸੀ ਆਪਣੀ ਮੁਕਤੀ ਗੁਆ ਸਕਦੇ ਹਨ, ਤਾਂ ਉਹ ਇਹਨਾਂ ਆਇਤਾਂ ਦੀ ਵਿਆਖਿਆ ਆਪਣੇ ਵਿਚਾਰ ਦੀ ਪੁਸ਼ਟੀ ਕਰਨ ਦੇ ਲਈ ਕਰੇਗਾ। ਪਰ, ਜੇਕਰ ਇਸ ਵਿਚਾਰ ਨੂੰ ਸਹੀ ਮੰਨਿਆ ਜਾਂਦਾ ਹੈ, ਤਾਂ ਫਿਰ ਇਬ 6:6 ਇਹ ਸਿਖਾਉਂਦਾ ਹੈ ਕਿ **ਇੱਕ ਵਾਰ ਮੁਕਤੀ ਗੁਆਉਣ ਤੋਂ ਬਾਅਦ ਦੁਬਾਰਾ ਨਹੀਂ ਮਿਲ ਸਕਦੀ ਹੈ**। ਇਹ ਵਚਨ ਕਹਿੰਦਾ ਹੈ ਕਿ ਜੇਕਰ ਲੋਕ ਭਟਕ ਜਾਣ ਤਾਂ ਉਹਨਾਂ ਤੋਂ ਦੁਬਾਰਾ ਤੋਬਾ ਕਰਵਾਉਣਾ ਅਸੰਭਵ ਹੈ।" ਇਬ 6:1-12 ਦੀ ਸਹੀ ਵਿਆਖਿਆ ਕਿਸੇ ਹੋਰ ਦਿਸ਼ਾ ਵਿੱਚ ਜਾਂਦੀ ਹੈ। ਇੱਕ ਵਾਰ ਫਿਰ, ਸਹੀ ਨਤੀਜਾ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇੱਕ ਵਿਅਕਤੀ ਦੇ ਵਿਚਾਰ ਅਨੁਸਾਰ ਲੇਖਕ ਆਪਣੀ ਚੇਤਾਵਨੀ ਕਲੀਸਿਯਾ ਨਾਲ ਜੁੜੇ ਅਵਿਸ਼ਵਾਸੀ ਲੋਕਾਂ ਦੇ ਲਈ ਦਿੰਦਾ ਹੈ ਜਾਂ ਇਸ ਨੂੰ ਵਿਸ਼ਵਾਸੀਆਂ ਤੱਕ ਸੀਮਿਤ ਰੱਖਦਾ ਹੈ। ਜੇਕਰ ਇਹ ਸ਼ਬਦ ਅਵਿਸ਼ਵਾਸੀਆਂ ਦੇ ਲਈ ਹਨ, ਤਾਂ ਇਹ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਲਈ ਇੱਕ ਚੇਤਾਵਨੀ ਹੈ। ਉਹਨਾਂ ਨੂੰ ਪਰਿਪੱਕ ਬਣਨਾ ਹੈ, ਜੋ ਕਿ ਯਹੂਦੀ ਧਰਮ ਤੋਂ ਨਿਕਲ ਕੇ ਪੂਰੀ ਤਰ੍ਹਾਂ ਮਸੀਹੀ ਬਣਨਾ ਹੈ (ਇਬ 6:1)। ਆਇਤ 8 ਵਿੱਚ ਸਰਾਪ ਅਤੇ ਭਸਮ ਹੋਣਾ ਨਰਕ ਦਾ ਹਵਾਲਾ ਹੋਵੇਗਾ। ਦੂਜੇ ਪਾਸੇ, ਇਹ ਚੇਤਾਵਨੀ ਵਿਸ਼ਵਾਸੀਆਂ ਦੇ ਲਈ ਹੋ ਸਕਦੀ ਹੈ। ਫਿਰ ਆਇਤ 8 ਵਿੱਚ ਭਸਮ ਹੋਣਾ ਇੱਕ ਖੇਤ ਨੂੰ ਸਾੜਨ ਲਈ ਇੱਕ ਰੂਪਕ ਹੋਵੇਗਾ ਜੋ ਅਸ਼ੁੱਧੀਆਂ (ਜੰਗਲੀ ਬੂਟੀ) ਨੂੰ ਦੂਰ ਕਰਨ ਅਤੇ ਭੂਮੀ ਨੂੰ ਉਪਜਾਊ ਬਣਾਉਣ ਦੇ ਲਈ ਕੀਤਾ ਜਾਂਦਾ ਹੈ। ਧਿਆਨ ਦਿਓ ਕਿ ਇੱਥੇ ਵਰਤਿਆ ਗਿਆ ਅਸਲ ਰੂਪਕ ਖੇਤ ਦਾ ਹੈ। ਇੱਥੇ ਸਾੜਨਾ ਇਸ ਜੀਵਨ ਵਿੱਚ ਪਰਮੇਸ਼ਰ ਦੁਆਰਾ ਇੱਕ ਵਿਸ਼ਵਾਸੀ ਦੀ ਤਾੜਨਾ ਅਤੇ ਸ਼ਾਇਦ ਨਿਆਂ ਦੇ ਵੇਲੇ ਇਨਾਮਾਂ ਦੇ ਨੁਕਸਾਨ ਨੂੰ ਦਰਸਾਉਂਦਾ ਹੈ (1 ਕੁਰਿੰਥ 3:15)। ਹਾਲਾਂਕਿ ਸਹੀ ਵਿਆਖਿਆ ਇਸ ਪੁਸਤਕ ਦੇ ਪਾਠਕਾਂ ਦੇ ਆਧਾਰ ਉੱਤੇ ਵੱਖਰੀ ਹੋਵੇਗੀ, ਪਰ **ਕਿਸੇ ਵੀ ਮਾਮਲੇ ਵਿੱਚ ਇਬਰਾਨੀਆਂ 6 ਨੂੰ ਇਸ ਤਰ੍ਹਾਂ ਨਹੀਂ ਸਮਝਿਆ ਜਾ ਸਕਦਾ ਹੈ ਕਿ ਇਹ ਉਹਨਾਂ ਮਸੀਹੀ ਲੋਕਾਂ ਦੀ ਗੱਲ ਕਰ ਰਿਹਾ ਹੈ ਜੋ ਆਪਣੀ ਮੁਕਤੀ ਗੁਆ ਲੈਂਦੇ ਹਨ।**

**(1) ਅਵਿਸ਼ਵਾਸੀਆਂ ਦੇ ਲਈ**

ਮੰਨ ਲਓ ਕਿ ਲੇਖਕ ਆਪਣੀਆਂ ਚੇਤਾਵਨੀਆਂ ਉਹਨਾਂ ਅਵਿਸ਼ਵਾਸੀਆਂ ਨੂੰ ਦਿੰਦਾ ਹੈ ਜੋ ਇਬਰਾਨੀ ਕਲੀਸਿਯਾਵਾਂ ਵਿੱਚ ਇਕੱਠੇ ਹੁੰਦੇ ਹਨ। ਤਾਂ

ਆਪਣੀ ਮੁੱਢਲੀ ਸਿੱਖਿਆ ਨੂੰ ਛੱਡ ਕੇ ਪਰਿਪੱਕ ਬਣਨਾ ਇੱਕ ਅਜਿਹਾ ਸੱਦਾ ਹੋਵੇਗਾ ਕਿ ਜਿਸ ਵਿੱਚ ਉਹਨਾਂ ਨੂੰ ਯਹੂਦੀ ਧਰਮ ਦੇ ਸਾਰੇ ਰੂਪਾਂ ਨੂੰ ਹਮੇਸ਼ਾ ਲਈ ਛੱਡਣਾ ਅਤੇ ਵਿਸ਼ਵਾਸ ਨਾਲ ਪਰਮੇਸ਼ਰ ਦੀ ਵਧੇਰੇ ਉੱਨਤੀ ਵਾਲੀ ਪ੍ਰਣਾਲੀ (ਮਸੀਹਤ) ਵਿੱਚ ਪ੍ਰਵੇਸ਼ ਕਰਨਾ ਹੈ। ਅਜਿਹਾ ਕਰਨਾ ਸ਼ਾਇਦ ਸੰਭਵ ਨਾ ਹੋਵੇਗਾ। ਇਬ 6:6 ਵਿੱਚ "ਵਾਪਸ ਆਉਣਾ ਅਸੰਭਵ ਹੈ" ਦਾ ਇਹ ਅਰਥ ਹੋ ਸਕਦਾ ਹੈ ਕਿ ਕੁਝ ਇਬਰਾਨੀ ਲੋਕਾਂ ਨੇ ਮਸੀਹ ਨੂੰ ਇਸ ਹੱਦ ਤੱਕ ਰੱਦ ਕਰ ਦਿੱਤਾ ਹੈ ਕਿ ਉਹ ਹੁਣ ਵਾਪਸ ਨਹੀਂ ਆ ਸਕਦੇ ਹਨ, ਜਾਂ ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਲੇਖਕ ਹੁਣ ਕੁਝ ਵੀ ਨਹੀਂ ਕਹਿ ਸਕਦਾ ਹੈ ਜਾਂ ਕਰ ਸਕਦਾ ਹੈ ਜਿਸ ਨਾਲ ਉਹ ਤੋਬਾ ਕਰਨ। ਪਰ, ਪਰਮੇਸ਼ਰ ਦਿਲਾਂ ਨੂੰ ਬਦਲ ਸਕਦੇ ਹਨ (ਆਇਤ 3)। ਇੱਥੇ ਅਵਿਸ਼ਵਾਸੀਆਂ ਦੀ ਗੱਲ ਹੋ ਰਹੀ ਹੈ, ਇਸ ਗੱਲ ਦਾ ਸਭ ਤੋਂ ਮਜ਼ਬੂਤ ਸਬੂਤ ਆਇਤ 6 ਦਾ ਵਾਕਾਂਸ਼ "ਆਪਣੇ ਲਈ ਪਰਮੇਸ਼ਰ ਦੇ ਪੁੱਤਰ ਨੂੰ ਸਲੀਬ ਦੇ ਉੱਤੇ ਚੜ੍ਹਾਉਂਦੇ ਹਨ" ਅਤੇ ਆਇਤ 9 ਦਾ ਵਾਕਾਂਸ਼ "ਉਹ ਗੱਲਾਂ ਜਿਹੜੀਆਂ ਮੁਕਤੀ ਦੇ ਨਾਲ ਸੰਬੰਧਿਤ ਹਨ" ਹੈ। ਜੇਕਰ ਇੱਕ ਵਿਅਕਤੀ ਅਸਲ ਵਿੱਚ ਮੰਨਦਾ ਹੈ ਕਿ ਯਿਸੂ ਇੱਕ ਝੂਠਾ ਮਸੀਹਾ ਸੀ ਜੋ ਮਰਨ ਦਾ ਹੱਕਦਾਰ ਸੀ, ਤਾਂ ਉਹ ਸੱਚਮੁੱਚ ਬਚਾਇਆ ਨਹੀਂ ਗਿਆ ਹੈ। ਇਸ ਤੋਂ ਇਲਾਵਾ, ਲੇਖਕ ਪਾਠਕ ਤੋਂ ਉਹਨਾਂ ਬਿਹਤਰ ਗੱਲਾਂ ਦੀ ਉਮੀਦ ਕਰਦਾ ਹੈ ਜੋ "ਮੁਕਤੀ ਨਾਲ ਸੰਬੰਧਿਤ ਹਨ," ਤਾਂ ਲੇਖਕ ਸ਼ਾਇਦ ਇਹ ਸੰਕੇਤ ਦੇ ਰਿਹਾ ਹੈ ਕਿ ਉਸ ਦੇ ਪਿਛਲੇ ਸ਼ਬਦ ਨਾ ਬਚੇ ਹੋਏ ਲੋਕਾਂ ਦਾ ਵਰਣਨ ਕਰਦੇ ਹਨ। ਆਇਤਾਂ 4-6 ਸ਼ਾਇਦ ਉਹਨਾਂ ਲੋਕਾਂ ਦੀ ਤਸਵੀਰ ਹੈ ਜਿਹਨਾਂ ਦਾ ਮਸੀਹੀ ਲੋਕਾਂ ਅਤੇ ਸੱਚਾਈਆਂ ਨਾਲ ਸਾਹਮਣਾ ਹੋਇਆ, ਪਰ ਉਹਨਾਂ ਨੇ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ। ਇੱਥੇ ਅਸੀਂ ਉਹਨਾਂ ਨੂੰ "ਖੋਜੀ" ਕਹਾਂਗੇ। ਉਹ ਮਸੀਹ ਵਿੱਚ ਵਿਸ਼ਵਾਸ ਕਰਨ ਬਾਰੇ ਸੋਚ ਰਹੇ ਹਨ। ਉਹ ਯਹੂਦੀ ਧਰਮ ਤੋਂ ਦੂਰ ਹੋ ਗਏ ਹਨ, ਪਰ ਅਜੇ ਤੱਕ ਮਸੀਹੀ ਵਿਸ਼ਵਾਸ ਵਿੱਚ ਨਹੀਂ ਆਏ ਹਨ। ਉਹਨਾਂ ਕੋਲ ਪ੍ਰਭੂ ਯਿਸੂ ਬਾਰੇ ਕੁਝ ਸੱਚਾਈਆਂ ਹਨ (ਚਾਨਣ ਆਇਤ ,4)। ਉਹਨਾਂ ਨੂੰ ਇਸ ਬਾਰੇ ਕੁਝ ਅਨੁਭਵ ਹੋਇਆ ਹੈ ਕਿ ਮੁਕਤੀ ਦਾ ਅਰਥ ਕੀ ਹੈ ਕਿਉਂਕਿ ਉਹਨਾਂ ਨੇ ਵਿਸ਼ਵਾਸੀ ਲੋਕਾਂ ਨਾਲ ਸੰਬੰਧ ਰੱਖਿਆ ਹੈ (ਸਵਰਗੀ ਵਰਦਾਨ ਦਾ ਸੁਆਦ ਚੱਖ ਚੁੱਕੇ ਹਨ, ਆਇਤ 4)। ਉਹਨਾਂ ਨੇ ਪਵਿੱਤਰ ਆਤਮਾ ਦੀ ਕਾਇਲ ਕਰਨ ਦੀ ਸੇਵਕਾਈ ਵਿੱਚ ਕੁਝ ਹਿੱਸਾ ਲਿਆ ਹੈ (ਹਿੱਸੇਦਾਰ ਬਣ ਚੁੱਕੇ ਹਨ, ਆਇਤ 4)। ਉਹਨਾਂ ਨੇ ਵਚਨ ਦੀਆਂ ਬਰਕਤਾਂ ਦਾ ਸਵਾਦ ਚੱਖਿਆ ਹੈ ਅਤੇ ਚਮਤਕਾਰ ਦੇਖੇ ਹਨ (ਆਇਤ 5)। ਪਰ, ਉਹਨਾਂ ਯਹੂਦੀ ਲੋਕਾਂ ਉੱਤੇ ਕਲੀਸਿਯਾ ਤੋਂ ਦੂਰ ਹੋਣ ਅਤੇ ਭਵਿੱਖ ਵਿੱਚ ਮਸੀਹ ਵਿੱਚ ਵਿਸ਼ਵਾਸ ਦੀ ਸੰਭਾਵਨਾ ਤੋਂ ਇਨਕਾਰ ਕਰਨ ਦਾ ਦਬਾਅ ਸੀ। ਜੇਕਰ ਉਹ ਇਸ ਸਿੱਟੇ ਉੱਤੇ ਵਾਪਸ ਆਉਂਦੇ ਹਨ ਕਿ ਯਿਸੂ ਇੱਕ ਝੂਠਾ ਮਸੀਹ ਸੀ ਜੋ ਮੌਤ ਦਾ ਹੱਕਦਾਰ ਸੀ (ਆਪਣੇ ਲਈ ਪਰਮੇਸ਼ਰ ਦੇ ਪੁੱਤਰ ਨੂੰ ਸਲੀਬ ਦੇ ਉੱਤੇ ਚੜ੍ਹਾਉਂਦੇ ਹਨ, ਆਇਤ 6), ਤਾਂ ਉਹ ਅੰਨ੍ਹੇਪਣ ਅਤੇ ਪਰਮੇਸ਼ਰ ਦੁਆਰਾ ਰੱਦ ਕੀਤੇ ਜਾਣ ਦਾ ਅਨੁਭਵ ਕਰ ਸਕਦੇ ਹਨ। ਫਿਰ ਲੇਖਕ ਭਾਵੇਂ ਕੁਝ ਵੀ ਕਰੇ, ਉਸ ਨਾਲ ਉਹਨਾਂ ਦਾ ਮਨ ਨਹੀਂ ਬਦਲੇਗਾ (ਦੁਬਾਰਾ ਤੋਬਾ ਕਰਵਾਉਣਾ, ਆਇਤ 6)। ਸਿਰਫ਼ ਪਰਮੇਸ਼ਰ ਹੀ ਇਸ ਬੁਰੀ ਤਰ੍ਹਾਂ ਭਟਕ ਜਾਣ ਤੋਂ ਬਚਾ ਸਕਦੇ ਹਨ (ਆਇਤ 3), ਜੇਕਰ ਇਹ ਨਹੀਂ ਹੁੰਦਾ ਹੈ, ਤਾਂ ਉਹਨਾਂ ਦਾ ਅੰਤ ਅੱਗ ਵਿੱਚ ਭਸਮ ਹੋਣਾ ਹੋਵੇਗਾ (ਆਇਤ 8)। ਇਬ 6:1-8 ਦੀ ਵਿਆਖਿਆ ਅਵਿਸ਼ਵਾਸੀਆਂ (ਖੋਜੀ) ਲਈ ਇੱਕ ਚੇਤਾਵਨੀ ਵਜੋਂ ਕੀਤੀ ਜਾ ਸਕਦੀ ਹੈ ਕਿ ਉਹ ਮਸੀਹ ਵਿੱਚ ਵਿਸ਼ਵਾਸ ਕਰਨ ਅਤੇ ਯਹੂਦੀ ਧਰਮ ਵਿੱਚ ਵਾਪਸ ਨਾ ਜਾਣ। ਇਸ ਦਾ ਨਤੀਜਾ ਸਦੀਪਕ ਸੁਰੱਖਿਆ ਦੇ ਵਿਚਾਰ ਨਾਲ ਮੇਲ ਖਾਂਦਾ ਹੈ। ਇਸ ਦਾ ਇੱਕ ਹੋਰ ਵਿਕਲਪ ਇਹ ਵਿਚਾਰ ਹੋਵੇਗਾ ਕਿ ਚੇਤਾਵਨੀ ਵਿਸ਼ਵਾਸੀਆਂ ਲਈ ਹੈ ਅਤੇ ਆਇਤ 8 ਦੀ ਅੱਗ ਕਲੀਸਿਯਾ ਤੋਂ ਦੂਰ ਰਹਿਣ ਲਈ ਗੰਭੀਰ ਤਾੜਨਾ ਹੈ।

### (2) ਵਿਸ਼ਵਾਸੀਆਂ ਦੇ ਲਈ

ਇਹ ਬਿਆਨ "ਦੁਬਾਰਾ ਆਪਣੇ ਲਈ ਪਰਮੇਸ਼ਰ ਦੇ ਪੁੱਤਰ ਨੂੰ ਸਲੀਬ ਦੇ ਉੱਤੇ ਚੜ੍ਹਾਉਂਦੇ ਹਨ" (ਆਇਤ 6) ਅਤੇ "ਗੱਲਾਂ ਜਿਹੜੀਆਂ ਮੁਕਤੀ ਦੇ ਨਾਲ ਸੰਬੰਧਿਤ ਹਨ" (ਆਇਤ 9) ਜ਼ਰੂਰੀ ਤੌਰ ਤੇ ਇਬਰਾਨੀਆਂ 6 ਦੇ ਇਸ ਵਿਚਾਰ ਨੂੰ ਰੱਦ ਨਹੀਂ ਕਰਦੇ ਹਨ ਕਿ ਇਹ ਪਹਿਲਾਂ ਤੋਂ ਮੁਕਤੀ ਪਾਏ ਹੋਏ ਲੋਕਾਂ ਨੂੰ ਸੰਬੋਧਿਤ ਕੀਤਾ ਗਿਆ ਹੈ। ਮੰਨ ਲਓ ਕਿ "ਮਸੀਹ ਨੂੰ ਸਲੀਬ ਚੜ੍ਹਾਉਣ" ਦਾ ਵਰਣਨ ਜਾਣਬੁੱਝ ਕੇ ਪ੍ਰਗਟ ਕੀਤੀ ਗਈ ਅਧਿਆਤਮਿਕ ਸਥਿਤੀ ਦੀ ਗੱਲ ਨਹੀਂ ਕਰ ਰਿਹਾ ਹੈ। ਇਸ ਦੀ ਬਜਾਏ, ਇਹ ਉਸ ਵਿਅਕਤੀ ਦੀ ਅਣਜਾਣੇ ਦੀ, ਬੇਸਮਝੀ ਦੀ ਅਤੇ ਅਣਇੱਛਿਤ ਸਥਿਤੀ ਦਾ ਬਿਆਨ ਹੈ ਜਿਸ ਵਿੱਚ ਉਹ ਕਲੀਸਿਯਾ ਤੋਂ ਅਲੱਗ ਹੋ ਗਿਆ ਹੈ (ਮਿਲਣਾ ਬੰਦ ਨਾ ਕਰੀਏ, ਇਬ 10:25) ਅਤੇ ਵਾਪਸ ਯਹੂਦੀ ਧਰਮ ਨਾਲ ਜੁੜ ਗਿਆ ਹੈ। "ਮਸੀਹ ਨੂੰ ਸਲੀਬ ਉੱਤੇ ਚੜਾਉਣਾ" ਸ਼ਾਇਦ ਇੱਕ ਸੱਚੇ ਦਿਲ ਤੋਂ ਮਹਿਸੂਸ ਹੋਣ ਵਾਲਾ ਅਧਿਆਤਮਿਕ ਵਿਚਾਰ ਨਾ ਦੇਵੇ, ਬਲਕਿ ਇਹ ਇੱਕ ਸਮਾਜਿਕ ਵਿਵਹਾਰ ਦੇ ਸਕਦਾ ਹੈ। ਕੋਈ ਵੀ ਵਿਅਕਤੀ ਜੋ ਮਸੀਹੀ ਸਭਾ ਤੋਂ ਦੂਰ ਹੋ ਜਾਂਦਾ ਹੈ, ਉਹ ਬਿਨਾਂ ਸਮਝੇ ਮਸੀਹ ਦੇ ਕਾਤਲਾਂ ਨਾਲ ਕੰਮਾਂ ਅਤੇ ਸੰਗਠਨਾਂ ਦੁਆਰਾ ਯਹੂਦੀ ਪੰਥ ਦੇ ਪੱਖਾਂ ਦੇ ਝੂਠੇ ਗੁਰੂਆਂ ਦੀ ਗੱਲ ਸੁਣਦਾ ਹੈ। ਇੱਕ ਸੱਚਾ ਮਸੀਹੀ ਜੋ ਕਲੀਸਿਯਾ ਤੋਂ ਦੂਰ ਹੋ ਜਾਂਦਾ ਹੈ, ਉਹ ਆਪਣੀ ਸੰਗਤ ਦੁਆਰਾ ਮਸੀਹ ਦੇ ਦੁਸ਼ਮਣਾਂ ਵੱਲ ਹੋ ਸਕਦਾ ਹੈ। ਲੇਖਕ ਪਾਠਕਾਂ ਨੂੰ ਮੁਕਤੀ ਨਾ ਪਾਏ ਹੋਇਆ ਦੇ ਰੂਪ ਵਿੱਚ ਸ਼੍ਰੇਣੀਬੱਧ ਨਹੀਂ ਕਰੇਗਾ। ਉਹ "ਸੰਗਠਨ ਦੁਆਰਾ ਦੋਸ਼ੀ ਹੋਣ" ਦੀ ਰਣਨੀਤੀ ਦੀ ਵਰਤੋਂ ਕਰ ਰਿਹਾ ਹੋਵੇਗਾ। ਅਧਿਆਤਮਿਕ ਵਿਸ਼ਵਾਸਾਂ ਵਿੱਚ ਉਹ ਸਲੀਬ ਉੱਤੇ ਮਸੀਹ ਦੇ ਚੜਾਏ ਜਾਣ ਨਾਲ ਸਹਿਮਤ ਨਹੀਂ ਸਨ, ਪਰ ਮਸੀਹ ਦੇ ਦੁਸ਼ਮਣਾਂ ਨਾਲ ਸੰਬੰਧ ਹੋਣ ਕਰਕੇ ਉਹਨਾਂ ਦੇ ਕੰਮ ਉਹਨਾਂ ਦੇ ਵਿਸ਼ਵਾਸਾਂ ਨਾਲ ਮੇਲ ਨਹੀਂ ਖਾਂਦੇ ਸਨ। ਮਸੀਹੀਆਂ ਨੂੰ ਉਹਨਾਂ

ਧਾਰਮਿਕ ਖੇਤਰਾਂ ਵਿੱਚ ਵਾਪਸ ਨਹੀਂ ਜਾਣਾ ਚਾਹੀਦਾ ਜਿਹਨਾਂ ਨੇ ਮਸੀਹ ਨੂੰ ਮਾਰਿਆਂ ਸੀ। ਜੇਕਰ ਉਹ ਕਲੀਸਿਯਾ ਨੂੰ ਛੱਡ ਦਿੰਦੇ ਹਨ ਅਤੇ ਯਹੂਦੀ ਧਰਮ ਵਿੱਚ ਸ਼ਾਮਲ ਹੋ ਜਾਂਦੇ ਹਨ, ਤਾਂ ਉਹ ਉਸੇ ਸਮੂਹ ਦੀ ਸਹਾਇਤਾ ਕਰਨਗੇ ਜਿਸ ਦੇ ਆਗੂ ਪ੍ਰਭੂ ਯਿਸੂ ਨੂੰ ਇੱਕ ਝੂਠੇ ਮਸੀਹਾ ਵਜੋਂ ਮਾਰਨਾ ਚਾਹੁੰਦੇ ਸਨ। ਇਹ ਸੰਭਵ ਹੈ ਕਿ ਇਬਰਾਨੀ ਪਾਠਕਾਂ ਨੂੰ ਇਸ ਗੱਲ ਦੀ ਪੂਰੀ ਤਰ੍ਹਾਂ ਸਮਝ ਨਹੀਂ ਸੀ ਕਿ ਉਹਨਾਂ ਦਾ ਮਸੀਹੀ ਸਭਾਵਾਂ ਨੂੰ ਛੱਡ ਕੇ ਅਪਣੇ ਪੁਰਾਣੇ ਯਹੂਦੀ ਧਰਮ ਦੇ ਮਿੱਤਰਾਂ ਕੋਲ ਵਾਪਸ ਜਾਣ ਦਾ ਕੀ ਅਰਥ ਹੋਵੇਗਾ। ਉਹਨਾਂ ਨੇ ਸ਼ਾਇਦ ਸੋਚਿਆ ਹੋਵੇਗਾ ਕਿ ਇਹ ਇੱਕ ਸਧਾਰਨ ਅਤੇ ਨਿਰਦੋਸ਼ ਤਬਦੀਲੀ ਹੋਵੇਗੀ। ਲੇਖਕ ਉਹਨਾਂ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਭਾਵੇਂ ਕਿਸੇ ਇੱਛਾ ਅਤੇ ਅਹਿਸਾਸ ਦੇ ਬਿਨਾਂ ਜਿਹੜੇ ਯਹੂਦੀ ਧਰਮ ਵਿੱਚ ਵਾਪਸ ਜਾਣ ਲਈ ਕਲੀਸਿਯਾ ਨੂੰ ਛੱਡ ਦਿੰਦੇ ਹਨ, ਉਹ ਉਹਨਾਂ ਨਾਲ ਮਿਲ ਜਾਣਗੇ ਜਿਹਨਾਂ ਨੇ ਯਿਸੂ ਨੂੰ ਇੱਕ ਝੂਠੇ ਮਸੀਹਾ ਵਜੋਂ ਮਾਰਿਆ ਸੀ (ਇਹ ਵਿਸ਼ਵਾਸ ਨਹੀਂ ਪਰ ਉਹਨਾਂ ਨਾਲ ਸੰਗਤ ਹੈ)। ਕਲੀਸਿਯਾ ਨਾਲ ਸੰਗਤ ਨੂੰ ਛੱਡਣਾ ਇੱਕ ਬਹੁਤ ਗੰਭੀਰ ਮਾਮਲਾ ਹੋ ਸਕਦਾ ਹੈ ਅਤੇ ਇਹ ਸ਼ਾਇਦ ਇਬਰਾਨੀ ਵਿਸ਼ਵਾਸੀਆਂ ਉੱਤੇ ਪਰਮੇਸ਼ਰ ਦਾ ਅਜਿਹਾ ਗੁੱਸਾ ਲਿਆ ਸਕਦਾ ਹੈ ਜੋ ਉਹਨਾਂ ਨੇ ਕਦੇ ਸੋਚਿਆ ਨਹੀਂ ਸੀ। ਜੇਕਰ ਵਾਕਾਂਸ਼ (ਪਰਮੇਸ਼ਰ ਦੇ ਪੁੱਤਰ ਨੂੰ ਸਲੀਬ ਦੇ ਉੱਤੇ ਚੜ੍ਹਾਉਣ) ਦੀ ਵਿਆਖਿਆ ਅਧਿਆਤਮਿਕ ਵਿਸ਼ਵਾਸ ਵਜੋਂ ਨਹੀਂ ਪਰ ਸਮਾਜਿਕ ਵਿਵਹਾਰ ਵਜੋਂ ਕੀਤੀ ਜਾਂਦੀ ਹੈ, ਤਾਂ ਇਹ ਫਿਰ ਵੀ ਸੱਚੇ ਮਸੀਹੀਆਂ ਬਾਰੇ ਗੱਲ ਕਰ ਸਕਦਾ ਹੈ।

ਇਸੇ ਤਰ੍ਹਾਂ, ਵਾਕਾਂਸ਼ "ਗੱਲਾਂ ਜਿਹੜੀਆਂ ਮੁਕਤੀ ਨਾਲ ਸੰਬੰਧਿਤ ਹਨ" (ਇਬ 6:9) ਦਾ ਅਰਥ ਇਹ ਨਹੀਂ ਹੈ ਕਿ ਪਾਠਕ ਅਵਿਸ਼ਵਾਸੀ ਹਨ। ਇਬਰਾਨੀਆਂ ਦੀ ਪੁਸਤਕ ਵਿੱਚ ਮੁਕਤੀ ਦੇ ਭਵਿੱਖ ਉੱਤੇ ਜ਼ੋਰ ਦਿੱਤਾ ਗਿਆ ਹੈ। ਮਸੀਹ ਵਿਸ਼ਵਾਸੀਆਂ ਨੂੰ ਇਸ ਸੰਸਾਰ ਤੋਂ ਅਤੇ ਪਾਪ ਦੇ ਸਰਾਪ ਤੋਂ ਬਚਾਉਣ ਲਈ ਵਾਪਸ ਆਉਣਗੇ। ਇਸ ਛੁਟਕਾਰੇ ਵਿੱਚ ਵੱਖ-ਵੱਖ ਇਨਾਮ, ਮਸੀਹ ਦੇ ਨਾਲ ਵੱਖ-ਵੱਖ ਅਹੁਦਿਆਂ ਉੱਤੇ ਸ਼ਾਸਨ ਕਰਨਾ, ਅਤੇ ਜੀਅ ਉੱਠੇ ਸਰੀਰ ਵਿੱਚ ਮਹਿਮਾ ਦੇ ਪੱਧਰ ਸ਼ਾਮਲ ਹਨ। ਸਾਰੇ ਵਿਸ਼ਵਾਸੀਆਂ ਦਾ ਇਸ ਭਵਿੱਖ ਦੀ ਮੁਕਤੀ ਵਿੱਚ ਹਿੱਸਾ ਹੋਵੇਗਾ, ਪਰ ਕੁਝ ਵਿਸ਼ਵਾਸੀਆਂ ਦਾ ਇਸ ਵਿੱਚ ਜ਼ਿਆਦਾ ਹਿੱਸਾ ਅਤੇ ਮਹਿਮਾ ਦੇ ਪੱਧਰ ਵਿੱਚ ਜ਼ਿਆਦਾ ਹਿੱਸੇਦਾਰੀ ਹੋਵੇਗੀ। ਯਹੂਦੀ ਵਿਸ਼ਵਾਸੀ ਜੋ ਕਲੀਸਿਯਾ ਨੂੰ ਛੱਡ ਕੇ ਯਹੂਦੀ ਧਰਮ ਵਿੱਚ ਵਾਪਸ ਚਲੇ ਗਏ ਹਨ, ਉਹ ਫਿਰ ਵੀ ਸਦੀਪਕ ਨਰਕ ਵਿੱਚ ਪਾਪ ਦੀ ਸਜ਼ਾ ਤੋਂ ਬਚਾਏ ਜਾਣਗੇ। ਪਰ, ਪ੍ਰਭੂ ਦੀ ਵਾਪਸੀ ਵੇਲੇ ਉਹ ਭਵਿੱਖ ਦੀ ਮੁਕਤੀ ਦੀ ਸਭ ਤੋਂ ਡੂੰਘੀ ਬਰਕਤ ਤੋਂ ਖੁੰਝ ਜਾਣਗੇ। ਆਇਤ 9 ਵਿੱਚ "ਉਹ ਗੱਲਾਂ ਜੋ ਮੁਕਤੀ ਨਾਲ ਸੰਬੰਧਿਤ ਹਨ" ਉਹ ਆਇਤ 1-3 ਵਿੱਚ "ਸੰਪੂਰਨਤਾ ਵੱਲ ਵੱਧਣ" ਦੇ ਬਾਰਬਰ ਹਨ। ਇਹ ਆਇਤ 11-12 ਦੇ ਵਰਣਨ ਦੇ ਵੀ ਬਰਾਬਰ ਹਨ। ਇਬ 6:11-12 ਵਿੱਚ, ਲੇਖਕ ਉਹਨਾਂ ਨੂੰ ਮਿਹਨਤੀ ਬਣਨ ਅਤੇ ਸੁਸਤੀ ਤੋਂ ਬਚਣ ਦੇ ਲਈ ਕਹਿੰਦਾ ਹੈ। ਇਸ ਦਾ ਨਤੀਜਾ ਵਿਸ਼ਵਾਸੀਆਂ ਦੇ ਲਈ ਪੂਰੀ ਉਮੀਦ ਦਾ ਅਹਿਸਾਸ ਹੋਵੇਗਾ। ਇਸ ਜੀਵਨ ਵਿੱਚ ਵਿਸ਼ਵਾਸ ਅਤੇ ਧੀਰਜ ਦੇ ਨਾਲ ਵਿਸ਼ਵਾਸੀ ਪ੍ਰਭੂ ਦੀ ਵਾਪਸੀ ਵੇਲੇ ਪੂਰੀ ਵਿਰਾਸਤ ਅਤੇ ਭਵਿੱਖ ਦੇ ਛੁਟਕਾਰੇ (ਮੁਕਤੀ) ਬਾਰੇ ਸਾਰੇ ਵਾਅਦਿਆਂ ਦਾ ਪੂਰਾ ਅਹਿਸਾਸ ਪ੍ਰਾਪਤ ਕਰ ਸਕਦੇ ਹਨ। ਇੱਥੇ ਮੁੱਦਾ ਇਹ ਨਹੀਂ ਹੈ ਕਿ ਕੀ ਵਿਸ਼ਵਾਸੀ ਨਰਕ ਤੋਂ ਬਚਾਏ ਗਏ ਹਨ ਅਤੇ ਸਵਰਗ ਜਾਣਗੇ ਜਾਂ ਨਹੀਂ। ਇੱਥੇ ਮੁੱਦਾ ਇਹ ਹੈ ਕਿ ਕੀ ਬਚਾਏ ਗਏ ਪਾਠਕ ਕਲੀਸਿਯਾ ਤੋਂ ਦੂਰ ਹੋ ਜਾਣਗੇ ਅਤੇ ਮੁਕਤੀ ਦੇ ਭਵਿੱਖ ਦੇ ਪਹਿਲੂਆਂ ਦੇ ਪੂਰੇ ਇਨਾਮਾਂ ਤੋਂ ਖੁੰਝ ਜਾਣਗੇ।

ਉਹ ਵਾਕਾਂਸ਼ ਜੋ ਦਿਖਾਉਂਦਾ ਹੈ ਕਿ ਇਬਰਾਨੀਆਂ 6 ਅਵਿਸ਼ਵਾਸੀਆਂ ਬਾਰੇ ਹੈ, ਉਹ ਵਿਸ਼ਵਾਸੀਆਂ ਬਾਰੇ ਵੀ ਗੱਲ ਕਰ ਸਕਦਾ ਹੈ। ਇੱਕ ਮੁਕਤੀ ਪਾਇਆ ਯਹੂਦੀ ਅਧਿਆਤਮਿਕ ਵਿਸ਼ਵਾਸ ਦੇ ਅਰਥ ਵਿੱਚ ਮਸੀਹ ਨੂੰ ਸਲੀਬ ਉੱਤੇ ਨਹੀਂ ਚੜ੍ਹਾ ਸਕਦਾ ਸੀ, ਪਰ ਉਹ ਕਲੀਸਿਯਾ ਤੋਂ ਦੂਰ ਹੋ ਕੇ ਅਤੇ ਯਹੂਦੀ ਧਰਮ ਨਾਲ ਸੰਬੰਧ ਵਿੱਚ ਵਾਪਸ ਆ ਕੇ ਮਸੀਹ ਦੇ ਦੁਸ਼ਮਣਾਂ ਦੀ ਸਹਾਇਤਾ ਕਰ ਸਕਦਾ ਸੀ। "ਮੁਕਤੀ ਨਾਲ ਸੰਬੰਧਿਤ ਗੱਲਾਂ" ਸ਼ਾਇਦ ਇੱਕ ਵਿਸ਼ਵਾਸੀ ਨੂੰ ਪਰਿਪੱਕਤਾ ਵੱਲ ਜਾਣ ਦਾ ਸੰਕੇਤ ਦਿੰਦੀਆਂ ਹਨ, ਕਿਉਂਕਿ ਉਹ ਮਸੀਹ ਦੀ ਵਾਪਸੀ ਵੇਲੇ **ਭਵਿੱਖ ਦੀ ਮੁਕਤੀ** ਦੀ ਪੂਰੀ ਬਰਕਤ ਨੂੰ ਸਾਂਝਾ ਕਰਦਾ ਹੈ। ਇੱਕ ਵਾਰ ਜਦੋਂ ਉਹਨਾਂ ਮੁੱਖ ਵਾਕਾਂਸ਼ਾਂ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਜਾਂਦੀ ਹੈ ਕਿ ਉਹ ਵਿਸ਼ਵਾਸੀਆਂ ਬਾਰੇ ਹਨ, ਤਾਂ ਇਬ 6:4-6 ਦੇ ਹੋਰ ਸੰਕੇਤਾਂ ਨੂੰ ਖੋਜਿਆ ਜਾ ਸਕਦਾ ਹੈ ਜੋ ਇਹ ਦਿਖਾਉਂਦੇ ਹਨ ਕਿ ਲੇਖਕ ਵਿਸ਼ਵਾਸੀਆਂ ਦੇ ਲਈ ਲਿਖ ਰਿਹਾ ਹੈ। ਪਾਠਕ "ਇੱਕ ਵਾਰ ਚਾਨਣ ਵਿੱਚ ਆ" ਚੁੱਕੇ ਹਨ। ਇਬ 10:32 ਵਿੱਚ, ਲੇਖਕ ਬਚਾਉਣ ਵਾਲੇ ਵਿਸ਼ਵਾਸ ਦੇ ਲਈ "ਚਾਨਣ" ਸ਼ਬਦ ਨੂੰ ਵਰਤਦਾ ਹੈ। ਸ਼ਬਦ "ਇੱਕ ਵਾਰ" ਪਵਿੱਤਰ ਆਤਮਾ ਦੁਆਰਾ ਇੱਕ ਗੁਆਚੇ ਵਿਅਕਤੀ ਨੂੰ ਵਾਰ-ਵਾਰ ਕਾਇਲ ਕਰਨ ਦੀ ਗੱਲ ਨਹੀਂ ਕਰਦਾ ਹੈ, ਬਲਕਿ ਇਹ ਅੰਨ੍ਹੇਪਣ ਨੂੰ ਇੱਕ ਹੀ ਵਾਰ ਬਾਹਰ ਕੱਢਣ ਦੀ ਗੱਲ ਕਰਦਾ ਹੈ ਜੋ ਮਸੀਹ ਵਿੱਚ ਵਿਸ਼ਵਾਸ ਨੂੰ ਲਿਆਉਂਦਾ ਹੈ। ਇਬ 2:9 ਵਿੱਚ ਸ਼ਬਦ "ਸੁਆਦ ਚੱਖਣ" ਦਾ ਅਰਥ ਸਿਰਫ਼ "ਟੈਸਟ ਕਰਨਾ" ਨਹੀਂ ਹੈ; ਇਸ ਦਾ ਅਰਥ ਇੱਕ ਪੂਰਾ ਅਨੁਭਵ ਹੈ। ਮਸੀਹ ਨੇ ਹਰੇਕ ਮਨੁੱਖ ਲਈ ਮੌਤ ਦਾ ਸੁਆਦ ਚੱਖਿਆ ਸੀ। ਸਾਨੂੰ ਸ਼ਬਦਾਂ ਦੀ ਵਿਆਖਿਆ ਲੇਖਕ ਦੀ ਆਪਣੀ ਪਰਿਭਾਸ਼ਾ ਨਾਲ ਕਰਨੀ ਚਾਹੀਦੀ ਹੈ। ਇਸ ਲਈ, ਇਬ 6:4 ਵਿੱਚ ਸਵਰਗੀ ਵਰਦਾਨ ਦਾ ਸੁਆਦ ਚੱਖਣਾ ਮੁਕਤੀ ਦੇ ਇੱਕ ਪੂਰੇ ਅਨੁਭਵ (ਵਰਦਾਨ) ਦਾ ਹਵਾਲਾ ਦਿੰਦਾ ਹੈ, ਅਤੇ ਇਹ ਇੱਕ ਅਵਿਸ਼ਵਾਸੀ ਦੇ ਅਸਿੱਧੇ ਤੌਰ ਤੇ ਕਲੀਸਿਯਾ ਵਿੱਚ ਜਾਣ ਦੁਆਰਾ ਮੁਕਤੀ ਦੇ ਟੈਸਟ

(ਨਮੂਨਾ) ਲੈਣ ਦਾ ਹਵਾਲਾ ਨਹੀਂ ਦਿੰਦਾ ਹੈ। ਇਬ 6:4-6 ਵਿਚਲੀ ਚੇਤਾਵਨੀ ਨੂੰ ਬਚਾਏ ਗਏ ਯਹੂਦੀਆਂ ਦੇ ਲਈ ਚੇਤਾਵਨੀ ਵਜੋਂ ਦੇਖਣਾ ਬਿਹਤਰ ਹੈ ਕਿ ਉਹ ਯਹੂਦੀ ਧਰਮ ਨਾਲ ਸਮਾਜਿਕ ਜਾਂ ਧਾਰਮਿਕ ਸੰਬੰਧਾਂ ਵੱਲ ਮੁੜ ਕੇ ਕਲੀਸਿਯਾ ਤੋਂ ਦੂਰ ਨਾ ਹੋਣ। ਜੇਕਰ ਉਹ ਅਜਿਹਾ ਕਰਦੇ ਹਨ, ਤਾਂ ਮਸੀਹੀ ਆਗੂਆਂ ਦੇ ਲਈ ਅਜਿਹਾ ਕੁਝ ਵੀ ਕਹਿਣਾ ਅਤੇ ਕਰਨਾ ਅਸੰਭਵ ਹੋਵੇਗਾ ਜਿਸ ਨਾਲ ਉਹਨਾਂ ਦੇ ਛੱਡ ਜਾਣ ਤੋਂ ਤੋਬਾ ਕਰਨ ਲਈ ਮਨਾਇਆ ਜਾਵੇ (ਆਇਤ 4)।[90] ਸਿਰਫ਼ ਪਰਮੇਸ਼ਰ ਹੀ ਉਹਨਾਂ ਦੇ ਮਨ ਬਦਲ ਸਕਦੇ ਹਨ (ਆਇਤ 3)। ਮਸੀਹ ਨਾਲ ਨਫ਼ਰਤ ਕਰਨ ਵਾਲਿਆਂ ਨਾਲ ਸੰਬੰਧਾਂ ਦੁਆਰਾ ਮਸੀਹ ਦੀ ਬੇਇੱਜ਼ਤੀ ਹੋਵੇਗੀ (ਆਇਤ 6), ਪਰ ਇਹ ਪਰਮੇਸ਼ਰ ਨਾਲ ਵਿਸ਼ਵਾਸੀਆਂ ਦੇ ਸੰਬੰਧ ਨੂੰ ਪ੍ਰਭਾਵਿਤ ਨਹੀਂ ਕਰੇਗਾ। ਉਹ ਪਰਿਪੱਕਤਾ ਦੀ ਬਜਾਏ ਗੰਭੀਰ ਸਜ਼ਾ ਜਾਂ ਤਾੜਨਾ ਦੀ ਉਮੀਦ ਕਰ ਸਕਦੇ ਹਨ। ਆਇਤਾਂ 7-8 ਸਦੀਪਕ ਨਰਕ ਦੀ ਤਸਵੀਰ ਨੂੰ ਪੇਸ਼ ਨਹੀਂ ਕਰਦੀਆਂ ਹਨ। ਇਹ ਇੱਕ ਖੇਤ ਦੀ ਤਸਵੀਰ ਹੈ। ਇੱਕ ਖੇਤ ਵਿੱਚੋਂ ਇੱਕ ਮੌਸਮ ਵਿੱਚ ਭਰਪੂਰ ਫ਼ਸਲ ਅਤੇ ਪਰਮੇਸ਼ਰ ਵੱਲੋਂ ਅਸੀਸ ਮਿਲਦੀ ਹੈ (ਆਇਤ 7), ਪਰ ਅਗਲੀ ਵਾਢੀ ਦੇ ਵੇਲੇ ਉਹੀ ਖੇਤ ਫਲਾਂ ਦੇ ਲਈ ਬੇਕਾਰ ਹੋ ਜਾਂਦਾ ਹੈ (ਆਇਤ 8)। ਇਹ ਸਰਾਪੇ ਜਾਣ ਦੇ ਵਾਂਗ ਹੈ (ਪਰ ਪੂਰੀ ਤਰ੍ਹਾਂ ਸਰਾਪਿਆ ਨਹੀਂ ਹੈ)। ਇੱਕ ਕਿਸਾਨ ਖੇਤ ਵਿੱਚੋਂ ਜੰਗਲੀ ਬੂਟੀ ਅਤੇ ਅਸ਼ੁੱਧੀਆਂ ਨੂੰ ਸਾੜਦਾ ਹੈ ਤਾਂ ਜੋ ਇਹ ਫਿਰ ਤੋਂ ਪੈਦਾਵਾਰ ਦੀ ਵਾਢੀ ਵਿੱਚ ਵਾਪਸ ਆ ਸਕੇ। ਇੱਕ ਵਿਅਕਤੀ ਕੰਡੇ ਅਤੇ ਝਾੜੀਆਂ ਨੂੰ ਸਾੜ ਸਕਦਾ ਹੈ (ਜਿਵੇਂ ਕਿ ਯੂਹੰਨਾ 15:6 ਵਿੱਚ ਹੈ), ਪਰ ਇੱਕ ਵਿਅਕਤੀ ਅਸਲ ਵਿੱਚ ਖੇਤ ਨੂੰ ਸਾੜ ਕੇ ਨਸ਼ਟ ਨਹੀਂ ਕਰ ਸਕਦਾ ਹੈ। ਅਸਲ ਵਿੱਚ, ਇਸ ਤਰ੍ਹਾਂ ਦੀ ਸਫ਼ਾਈ ਖੇਤ ਵਿੱਚ ਸੁਧਾਰ ਲਿਆਉਂਦੀ ਹੈ। ਕਲੀਸਿਯਾ ਨੂੰ ਛੱਡ ਕੇ ਯਹੂਦੀ ਧਰਮ ਵੱਲ ਜਾਣ ਵਾਲੇ ਮਸੀਹੀ ਪਰਿਪੱਕਤਾ ਦੀ ਪ੍ਰਕਿਰਿਆ ਨੂੰ ਰੱਦ ਕਰਦੇ ਹਨ। ਉਹਨਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਪਰਮੇਸ਼ਰ ਨੂੰ ਇਸ ਬਾਰੇ ਕੋਈ ਪਰਵਾਹ ਨਹੀਂ ਹੋਵੇਗੀ। ਇਸ ਦੀ ਬਜਾਏ, ਪਰਮੇਸ਼ਰ ਉਹਨਾਂ ਨੂੰ ਇਸ ਜੀਵਨ ਵਿੱਚ ਸੁਧਾਰਨ ਦੇ ਲਈ ਤਾੜਨਾ ਅਤੇ ਸਜ਼ਾ ਦੇ ਅਰਥਾਂ ਵਿੱਚ ਸਾੜਣਗੇ (ਨਰਕ ਦੀ ਸਜ਼ਾ ਨਹੀਂ)। ਇੱਥੇ ਚੇਤਾਵਨੀ ਮੁਕਤੀ ਦੇ ਨੁਕਸਾਨ ਦੀ ਨਹੀਂ, ਬਲਕਿ ਉਹਨਾਂ ਵਿਸ਼ਵਾਸੀਆਂ ਉੱਤੇ ਪਰਮੇਸ਼ਰ ਦੇ ਗੁੱਸੇ ਦੀ ਹੈ ਜੋ ਪਰਿਪੱਕਤਾ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਆਪਣੇ ਜੀਵਨ ਨੂੰ ਮਸੀਹ ਨੂੰ ਨਫ਼ਰਤ ਕਰਨ ਵਾਲਿਆਂ ਨਾਲ ਸੰਗਤ ਅਤੇ ਮਿੱਤਰਤਾ ਵਿੱਚ ਬਿਤਾਉਂਦੇ ਹਨ।

[90] ਇਬ 6:6 ਦੇ ਸੰਦੇਸ਼ ਦਾ ਇੱਕ ਵਧੀਆ ਸਿਰਲੇਖ ਇਹ ਹੋਵੇਗਾ ਕਿ "ਮੈਂ ਹੋਰ ਕੀ ਕਹਿ ਸਕਦਾ ਹਾਂ?" ਇਬਰਾਨੀਆਂ ਦੇ ਲੇਖਕ ਦਾ ਅਰਥ ਹੈ ਕਿ ਜੇਕਰ ਉਸ ਦੇ ਪਾਠਕ ਪੱਤਰੀ ਵਿੱਚ ਦਿੱਤੀਆਂ ਚੇਤਾਵਨੀਆਂ ਨੂੰ ਰੱਦ ਕਰਦੇ ਹਨ, ਤਾਂ ਫਿਰ ਉਹਨਾਂ ਦੇ ਮਨਾਂ ਨੂੰ ਬਦਲਣ ਦੇ ਲਈ ਉਸ ਦੇ ਕੋਲ ਕਹਿਣ ਅਤੇ ਕਰਨ ਲਈ ਕੁਝ ਵੀ ਨਹੀਂ ਹੈ।

**(3) ਸਿੱਟਾ**

ਇਬ 6:1-12 ਦੇ ਅਰਥ ਦੇ ਉੱਪਰ ਦਿੱਤੇ ਵੱਖ-ਵੱਖ ਵਿਕਲਪਾਂ ਦੇ ਬਾਵਜੂਦ, ਇਸ ਕਥਨ ਨੂੰ ਇਸ ਤਰ੍ਹਾਂ ਦੀ ਚੇਤਾਵਨੀ ਵਜੋਂ ਦੇਖਣ ਦੀ ਕੋਈ ਲੋੜ ਨਹੀਂ ਹੈ ਕਿ ਵਿਸ਼ਵਾਸੀ ਸਦੀਪਕ ਸਜ਼ਾ ਤੋਂ ਆਪਣੀ ਮੁਕਤੀ ਗੁਆ ਸਕਦੇ ਹਨ। ਅਸੀਂ ਕੁਝ ਜਾਇਜ਼ ਵਿਕਲਪਾਂ ਨੂੰ ਦੇਖਿਆ ਹੈ ਕਿ ਇਬਰਾਨੀਆਂ 6 ਸਦੀਪਕ ਸੁਰੱਖਿਆ ਨੂੰ ਰੱਦ ਨਹੀਂ ਕਰਦਾ ਹੈ। ਇਹ ਧਿਆਨ ਵਿੱਚ ਰੱਖਦੇ ਹੋਏ ਕਿ ਬਾਈਬਲ ਦੇ ਬੁਨਿਆਦੀ ਸਿਧਾਂਤ ਸਦੀਪਕ ਸੁਰੱਖਿਆ ਦਾ ਸਮਰਥਨ ਕਰਦੇ ਹਨ, ਤਾਂ **ਕੋਈ ਵੀ** ਵਿਚਾਰ ਇਹ ਸੋਚਣ ਨਾਲੋਂ ਵਧੀਆ ਹੈ ਕਿ ਇਬਰਾਨੀਆਂ 6 ਅਰਮੀਨੀਅਨ ਵਿਚਾਰ ਦਾ ਸਮਰਥਨ ਕਰਦਾ ਹੈ।

**e. ਚੌਥੀ ਚੇਤਾਵਨੀ ਦਾ ਵਚਨ: ਇਬ 10:26-31**

> ਜੇਕਰ ਅਸੀਂ ਸੱਚ ਨੂੰ ਜਾਨਣ ਦੇ ਬਾਅਦ ਵੀ ਜਾਣ ਬੁਝ ਕੇ ਪਾਪ ਕਰਦੇ ਜਾਈਏ ਤਾਂ ਹੋਰ ਕੋਈ ਬਲੀਦਾਨ ਨਹੀਂ ਰਹਿ ਜਾਂਦਾ ਜਿਸ ਦੇ ਦੁਆਰਾ ਸਾਡੇ ਪਾਪ ਮਾਫ਼ ਹੁੰਦੇ ਹਨ ਸਗੋਂ ਨਿਆਂ ਦੀ ਭਿਆਨਕ ਉਡੀਕ ਅਤੇ ਪਰਮੇਸ਼ਰ ਦੀ ਭਸਮ ਕਰਨ ਵਾਲੀ ਅੱਗ ਬਾਕੀ ਹੈ ਜਿਹੜੀ ਉਹਨਾਂ ਦੇ ਵਿਰੋਧੀਆਂ ਨੂੰ ਖ਼ਤਮ ਕਰ ਦੇਵੇਗੀ। ਜਿਹੜਾ ਕੋਈ ਵੀ ਮੂਸਾ ਦੀ ਵਿਵਸਥਾ ਦੀ ਪਾਲਣਾ ਨਹੀਂ ਕਰਦਾ ਉਹ ਦੋ ਜਾਂ ਤਿੰਨ ਗਵਾਹਾਂ ਦੀ ਗਵਾਹੀ ਦੇ ਨਾਲ ਬਿਨਾਂ ਤਰਸ ਕੀਤੇ ਮਾਰ ਦਿੱਤਾ ਜਾਂਦਾ ਹੈ ਤਾਂ ਫਿਰ ਸੋਚੋ ਕਿ ਉਸ ਮਨੁੱਖ ਦੀ ਸਜ਼ਾ ਕਿੰਨੀ ਕਠੋਰ ਹੋਵੇਗੀ, ਜਿਸ ਨੇ ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਦੇ ਹੇਠ ਲਤਾੜਿਆ ਹੈ, ਜਿਸ ਨੇ ਉਸ ਨੇਮ ਦੇ ਖ਼ੂਨ ਨੂੰ ਅਪਵਿੱਤਰ ਸਮਝਿਆ ਜਿਸ ਦੇ ਦੁਆਰਾ ਉਹ ਸ਼ੁੱਧ ਕੀਤਾ ਗਿਆ ਸੀ ਅਤੇ ਜਿਸ ਨੇ ਕਿਰਪਾ ਦੇ ਆਤਮਾ ਦਾ ਨਿਰਾਦਰ ਕੀਤਾ ਹੈ ? ਅਸੀਂ ਉਹਨਾਂ ਨੂੰ ਜਾਣਦੇ ਹਾਂ, ਜਿਹਨਾਂ ਨੇ ਇਹ ਕਿਹਾ ਹੈ, “ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਬਦਲਾ ਲਵਾਂਗਾ।” ਅਤੇ ਫਿਰ ਉਹਨਾਂ ਨੇ ਕਿਹਾ, “ਪ੍ਰਭੂ ਆਪਣੇ ਲੋਕਾਂ ਦਾ ਨਿਆਂ ਕਰਨਗੇ।” ਜਿਊਂਦੇ ਪਰਮੇਸ਼ਰ ਦੇ ਹੱਥਾਂ ਵਿੱਚ ਪੈਣਾ ਬਹੁਤ ਭਿਆਨਕ ਗੱਲ ਹੈ।

ਇਬ 10:26-31 ਸ਼ਾਇਦ ਇਹ ਸਿਖਾਉਂਦਾ ਹੈ ਕਿ ਇੱਕ ਮਸੀਹੀ ਮੁਕਤੀ ਗੁਆ ਸਕਦਾ ਹੈ। ਇਸ ਸਮੱਸਿਆ ਦਾ ਹੱਲ ਬਹੁਤ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਬਾਈਬਲ ਦੇ ਵਚਨ ਦੀ **ਪਹਿਲਾਂ ਵਿਆਖਿਆ ਕਰਨਾ** ਮਹੱਤਵਪੂਰਣ ਹੈ ਅਤੇ **ਫਿਰ ਹੀ ਉਸ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ**। ਅੱਜ ਦੇ ਸਮੇਂ ਨਾਲ ਸੰਬੰਧਿਤ ਪ੍ਰਚਾਰ ਬਣਾਉਣ ਦੀ ਕਾਹਲੀ ਵਿੱਚ ਇੱਕ ਸੇਵਕ ਸਾਵਧਾਨੀ ਨਾਲ ਕੀਤੀ ਵਿਆਖਿਆ ਨੂੰ ਨਜ਼ਰਅੰਦਾਜ਼ ਕਰ ਸਕਦਾ ਹੈ। ਇਬਰਾਨੀਆਂ ਦੀ ਪੁਸਤਕ ਉਹਨਾਂ ਪਾਠਕਾਂ ਦੇ ਲਈ ਲਿੱਖੀ ਗਈ ਸੀ ਜੋ ਨੂੰ ਯਹੂਦੀ ਧਰਮ ਵਿੱਚ ਵਾਪਸ ਜਾਣ ਦੇ ਲਈ ਪਰਤਾਵੇ

ਵਿੱਚ ਸਨ। ਇਬ 10:26-31 ਦੀ ਵਿਆਖਿਆ ਯਹੂਦੀ ਧਰਮ ਤੋਂ ਮਸੀਹਤ ਵਿੱਚ ਤਬਦੀਲੀ ਦੇ ਪਿਛੋਕੜ ਵਜੋਂ ਹੋਣੀ ਚਾਹੀਦੀ ਹੈ। ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਇਬ 10:26-31 ਵਿੱਚ ਚੌਥੀ ਚੇਤਾਵਨੀ ਮੁਕਤੀ ਦੇ ਨੁਕਸਾਨ ਬਾਰੇ ਹੈ, ਤਾਂ ਉਹਨਾਂ ਨੂੰ ਅੱਗੇ ਦਿੱਤੇ ਵਾਕਾਂਸ਼ ਨਾਲ ਵੀ ਸੰਘਰਸ਼ ਕਰਨਾ ਪਵੇਗਾ, "ਹੋਰ ਕੋਈ ਬਲੀਦਾਨ ਨਹੀਂ ਰਹਿ ਜਾਂਦਾ ਜਿਸ ਦੇ ਦੁਆਰਾ ਸਾਡੇ ਪਾਪ ਮਾਫ਼ ਹੁੰਦੇ ਹਨ।" ਜੇਕਰ ਇਬ 10:23-31 ਅਰਮੀਨੀਅਨ ਵਿਚਾਰ ਦਾ ਸਮਰਥਨ ਕਰਦਾ ਹੈ, ਤਾਂ ਉਹ ਫਿਰ ਇਹ ਵੀ ਸਿਖਾਉਂਦਾ ਹੈ "ਜੇਕਰ ਮੁਕਤੀ ਇੱਕ ਵਾਰ ਗੁਆਚ ਗਈ ਹੈ, ਤਾਂ ਉਹ ਹਮੇਸ਼ਾਂ ਲਈ ਗੁਆਚ ਗਈ ਹੈ।" ਇਸ ਤਰ੍ਹਾਂ ਦੀ ਵਿਆਖਿਆ ਵਿੱਚ ਕੁੱਝ ਤਾਂ ਗ਼ਲਤ ਹੈ।

**(1) ਅਵਿਸ਼ਵਾਸੀਆਂ ਦੇ ਲਈ**

ਇੱਕ ਦ੍ਰਿਸ਼ਟੀਕੋਣ ਇਸ ਚੇਤਾਵਨੀ ਨੂੰ ਯਹੂਦੀ ਕਲੀਸਿਯਾ ਦੇ ਅੰਦਰ ਅਵਿਸ਼ਵਾਸੀਆਂ ਵੱਲ ਨਿਰਦੇਸ਼ਿਤ ਕਰਦਾ ਹੈ। ਹੋ ਸਕਦਾ ਹੈ ਕਿ ਇਹ "ਖੋਜੀ" ਮਸੀਹ ਵਿੱਚ ਵਿਸ਼ਵਾਸ ਕਰਨ ਦੇ ਕੰਢੇ ਉੱਤੇ ਹੋਣ, ਪਰ ਉਹਨਾਂ ਦੇ ਰਿਸ਼ਤੇਦਾਰ ਅਤੇ ਮਿੱਤਰ ਉਹਨਾਂ ਨੂੰ ਯਹੂਦੀ ਧਰਮ ਵਿੱਚ ਵਾਪਸ ਆਉਣ ਦੇ ਲਈ ਉਤਸ਼ਾਹਿਤ ਕਰ ਰਹੇ ਹਨ। ਮਸੀਹ ਵਿੱਚ ਵਿਸ਼ਵਾਸ ਕਰਨ ਦੇ ਫ਼ੈਸਲੇ ਤੋਂ ਪਿੱਛੇ ਹੱਟਣਾ ਉਹਨਾਂ ਨੂੰ "ਨਿਆਂ ਦੀ ਭਿਆਨਕ ਉਡੀਕ" ਵੱਲ ਲੈ ਜਾਵੇਗਾ (ਇਬ 10:27)।

ਇਬ 10:29 ਸ਼ਾਇਦ ਅਵਿਸ਼ਵਾਸੀ ਬਾਰੇ ਗੱਲ ਕਰਦਾ ਹੈ। ਜੇਕਰ ਇੱਕ ਵਿਅਕਤੀ ਇਹ ਮੰਨਦਾ ਹੈ ਕਿ ਪਰਮੇਸ਼ਰ ਦੇ ਪੁੱਤਰ ਨੂੰ ਕੁਚਲਿਆ ਜਾਣਾ ਚਾਹੀਦਾ ਹੈ, ਜੇਕਰ ਉਹ ਸੋਚਦਾ ਹੈ ਕਿ ਮਸੀਹ ਦਾ ਖ਼ੂਨ ਸ਼ੁੱਧ ਨਹੀਂ ਹੈ, ਅਤੇ ਜੇਕਰ ਉਹ ਪਵਿੱਤਰ ਆਤਮਾ ਦੇ ਕਾਇਲ ਕਰਨ ਗਏ ਕੰਮ ਦਾ ਪੂਰੀ ਤਰ੍ਹਾਂ ਅਪਮਾਨ ਕਰਦਾ ਹੈ, ਤਾਂ ਉਹ ਸੱਚਮੁੱਚ ਮੁਕਤੀ ਪਾਇਆ ਹੋਇਆ ਨਹੀਂ ਹੈ। ਇਹ ਮੰਨਦੇ ਹੋਏ ਕਿ ਇਹ ਚੇਤਾਵਨੀ ਕਲੀਸਿਯਾ ਅੰਦਰ ਯਹੂਦੀ ਅਵਿਸ਼ਵਾਸੀਆਂ (ਯਹੂਦੀ ਖੋਜੀਆਂ) ਨੂੰ ਦਿੱਤੀ ਜਾ ਰਹੀ ਹੈ ਤਾਂ ਨਿਆਂ ਦੀ ਚੇਤਾਵਨੀ ਨਰਕ ਬਾਰੇ ਚੇਤਾਵਨੀ ਹੋਵੇਗੀ।

ਇਹ ਚੇਤਾਵਨੀ ਇੱਕ ਵਿਸ਼ਵਾਸੀ ਦੇ ਲਈ ਨਹੀਂ ਹੈ ਕਿ ਉਹ ਆਪਣੀ ਮੁਕਤੀ ਗੁਆ ਸਕਦਾ ਹੈ, ਪਰ ਇਹ ਅਜਿਹੇ ਯਹੂਦੀ ਅਵਿਸ਼ਵਾਸੀ ਦੇ ਲਈ ਹੈ ਜੋ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ ਅਤੇ ਇੱਥੋਂ ਤੱਕ ਕਿ ਕਲੀਸਿਯਾ ਨਾਲ ਵੀ ਜੁੜਦਾ ਹੈ। ਇਬ 10:26 ਦੇ ਜਾਣਬੁੱਝ ਕੇ ਕੀਤੇ ਗਏ ਪਾਪ ਦੀ ਵਿਆਖਿਆ ਆਇਤ 25 ਵਿੱਚ ਕੀਤੀ ਗਈ ਹੈ (ਜੋ ਯਹੂਦੀ ਧਰਮ ਵਿੱਚ ਵਾਪਸ ਜਾਣ ਲਈ ਕਲੀਸਿਯਾ ਨੂੰ ਛੱਡਣਾ ਹੈ)। "ਸੱਚ ਨੂੰ ਜਾਨਣ ਦੇ ਬਾਅਦ" (ਸ਼ੁਭ-ਸਮਾਚਾਰ) ਕੁਝ ਲੋਕ ਮਸੀਹ ਨੂੰ ਰੱਦ ਕਰਦੇ ਰਹਿਣ ਦਾ ਫ਼ੈਸਲਾ ਕਰ ਰਹੇ ਸਨ (ਜਾਣਬੁੱਝ ਕੇ ਪਾਪ ਕਰ ਰਹੇ ਸਨ), ਅਤੇ ਯਹੂਦੀ ਧਰਮ ਵਿੱਚ ਵਾਪਸ ਜਾ ਰਹੇ ਸਨ। ਇਬਰਾਨੀਆਂ ਦਾ ਲੇਖਕ ਅਜਿਹੇ ਲੋਕਾਂ ਨੂੰ ਇਹ ਸੋਚਣ ਦੀ ਇਜਾਜ਼ਤ ਨਹੀਂ ਦੇਵੇਗਾ ਕਿ ਮਸੀਹ ਨੂੰ ਇਸ ਤਰ੍ਹਾਂ ਰੱਦ ਕਰਨਾ ਅਤੇ ਇੱਕ ਯਹੂਦੀ ਮੁਕਤੀਦਾਤਾ ਵਿੱਚ ਵਿਸ਼ਵਾਸ ਦੇ ਲਈ ਕਲੀਸਿਯਾ ਦੇ ਪ੍ਰਭਾਵ ਨੂੰ ਛੱਡਣਾ, ਉਹਨਾਂ ਦਾ ਇੱਕ ਮਾਮੂਲੀ ਜਿਹਾ ਫੈਸਲਾ ਹੈ। ਉਹਨਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਪ੍ਰਭੂ ਯਿਸੂ ਬਾਰੇ ਦੋਵੇਂ ਵਿਚਾਰ ਪਰਮੇਸ਼ਰ ਨੂੰ ਮਨਜ਼ੂਰ ਹਨ। ਯਿਸੂ ਨੂੰ ਰੱਦ ਕਰਨ ਅਤੇ ਕਲੀਸਿਯਾ ਵਿੱਚ ਇੱਕ ਖੋਜੀ ਹੋਣ ਤੋਂ ਦੂਰ ਜਾਣ ਦਾ ਜਾਣਬੁੱਝ ਕੇ ਕੀਤਾ ਪਾਪ ਨਿਆਂ ਵੱਲ ਲੈ ਜਾਵੇਗਾ। ਜੇਕਰ ਇੱਕ ਵਿਅਕਤੀ ਸੱਚ ਨੂੰ ਜਾਣਦਾ ਹੈ ਅਤੇ ਮਸੀਹ ਨੂੰ ਰੱਦ ਕਰਕੇ ਜਾਣਬੁੱਝ ਕੇ ਪਾਪ ਕਰਦਾ ਹੈ, "ਤਾਂ ਫਿਰ ਹੋਰ ਕੋਈ ਬਲੀਦਾਨ ਨਹੀਂ ਰਹਿ ਜਾਂਦਾ ਜਿਸ ਦੇ ਦੁਆਰਾ ਸਾਡੇ ਪਾਪ ਮਾਫ਼ ਹੁੰਦੇ ਹਨ" (ਆਇਤ 26)। ਇੱਕ ਆਮ ਤੌਰ ਤੇ ਇਹ ਬਿਆਨ ਚੇਤਾਵਨੀ ਦਿੰਦਾ ਹੈ ਕਿ ਸਲੀਬ ਹੀ ਪਾਪਾਂ ਦਾ ਇੱਕੋ-ਇੱਕ ਜਵਾਬ ਹੈ। ਹਾਲਾਂਕਿ, ਇਸ ਦਾ ਖ਼ਾਸ ਅਰਥ ਆਇਤ 18 ਵਿੱਚ ਹੈ, "ਹੁਣ ਪਾਪ-ਬਲੀ ਦੀ ਲੋੜ ਨਹੀਂ ਰਹੀ ਹੈ।" ਇਬ 10 ਦਾ ਸ਼ੁਰੂਆਤੀ ਹਿੱਸਾ ਇਹ ਮੰਨਦਾ ਹੈ ਕਿ ਪੁਰਾਣੇ ਨੇਮ ਦੇ ਜਾਨਵਰਾਂ ਦੀ ਬਲੀ ਮਨੁੱਖ ਦੇ ਪਾਪ ਦਾ ਸਿਰਫ਼ ਇੱਕ ਅਸਥਾਈ (ਕੁਝ ਸਮੇਂ ਦਾ) ਹੱਲ ਸੀ (ਦੇਖੋ, ਇਬ 10:4)। ਮਸੀਹ ਦੀ ਇੱਕ ਵਾਰ ਦੀ ਮੌਤ ਪਾਪ ਦੇ ਲਈ ਪਰਮੇਸ਼ਰ ਦਾ ਸੰਪੂਰਨ ਹੱਲ ਹੈ (ਇਬ 10:10, 12, 14)। ਹੁਣ ਜਦੋਂ ਪਰਮੇਸ਼ਰ ਮਸੀਹ ਵਿੱਚ ਮਾਫ਼ੀ ਦਿੰਦੇ ਹਨ, ਤਾਂ ਉਹ ਹੁਣ ਪਾਪ ਦੇ ਲਈ ਜਾਨਵਰਾਂ ਦੀ ਬਲੀ ਮਾਣਯੋਗ ਨਹੀਂ ਸਮਝਦੇ ਹਨ। ਵਾਕਾਂਸ਼ "ਹੋਰ ਕੋਈ ਬਲੀਦਾਨ ਨਹੀਂ ਰਹਿ ਜਾਂਦਾ" ਦਾ ਸਹੀ ਅਰਥ ਇਹ ਹੈ ਕਿ ਪਰਮੇਸ਼ਰ ਨੇ ਜਾਨਵਰਾਂ ਦੀ ਬਲੀ ਨੂੰ ਪਾਸੇ ਕਰ ਦਿੱਤਾ ਹੈ। ਮਸੀਹ ਨੂੰ ਰੱਦ ਕਰਕੇ ਪਾਪ ਕਰਨ ਵਾਲੇ ਯਹੂਦੀ ਲੋਕਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਹੈਕਲ ਵਿੱਚ ਜਾਨਵਰਾਂ ਦੀਆਂ ਬਲੀਆਂ ਪਰਮੇਸ਼ਰ ਨਾਲ ਸਹੀ ਹੋਣ ਦਾ ਇੱਕ ਹੋਰ ਤਰੀਕਾ ਹੋ ਸਕਦਾ ਹੈ।

ਇਸ ਪੁਸਤਕ ਦੀ ਦਲੀਲ ਵੱਲ ਪੂਰਾ ਧਿਆਨ ਦੇਣ ਨਾਲ ਅਸੀਂ ਇਹ ਸੋਚਣ ਦੀ ਗ਼ਲਤੀ ਤੋਂ ਬਚ ਸਕਦੇ ਹਾਂ ਕਿ ਇਬਰਾਨੀਆਂ 10 ਮੁਕਤੀ ਦੇ ਨੁਕਸਾਨ ਬਾਰੇ ਸਿਖਾਉਂਦਾ ਹੈ। ਇਸ ਦਾ ਇੱਕ ਹੋਰ ਵਿਕਲਪ ਇਹ ਹੈ ਕਿ ਲੇਖਕ ਉਹਨਾਂ ਯਹੂਦੀ ਅਵਿਸ਼ਵਾਸੀਆਂ ਨੂੰ ਚੇਤਾਵਨੀ ਦਿੰਦਾ ਹੈ ਜੋ ਕਲੀਸਿਯਾ ਦੀ ਸਭਾ ਵਿੱਚ ਸ਼ਾਮਲ ਹੋਏ ਸਨ ਅਤੇ ਉਹਨਾਂ ਨੇ ਮਸੀਹ ਬਾਰੇ ਸੱਚ ਨੂੰ ਸੁਣਿਆ ਸੀ। ਜੇਕਰ ਉਹ ਮਸੀਹ ਨੂੰ ਰੱਦ ਕਰਕੇ (ਆਇਤ 26) ਅਤੇ ਕਲੀਸਿਯਾ ਦੁਆਰਾ ਪੇਸ਼ ਕੀਤੇ ਗਏ ਸੱਚ ਨੂੰ ਛੱਡ ਕੇ ਅਤੇ ਯਹੂਦੀ ਧਰਮ ਵੱਲ ਵਾਪਸ  ਆਉਣ ਨਾਲ (ਆਇਤ 25) ਜਾਣਬੁੱਝ ਕੇ ਪਾਪ ਕਰਦੇ ਹਨ ਤਾਂ ਉਹਨਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਹੈ ਕਿ ਪਰਮੇਸ਼ਰ ਅਜੇ ਵੀ ਜਾਨਵਰਾਂ ਦੀਆਂ ਬਲੀਆਂ ਰਾਹੀਂ ਪਾਪ ਨੂੰ ਢੱਕਦੇ ਹਨ (ਆਇਤ 26)। ਮਸੀਹ ਵਿੱਚ ਵਿਸ਼ਵਾਸ ਕਰਨ ਤੋਂ ਇਨਕਾਰ ਕਰਨ ਅਤੇ ਯਹੂਦੀ ਧਰਮ ਵੱਲ ਵਾਪਸ ਜਾਣ ਦੀ ਚੋਣ ਪਰਮੇਸ਼ਰ ਦੇ ਗੁੱਸੇ, ਨਿਆਂ, ਅਤੇ ਬਦਲੇ ਵੱਲ ਲੈ ਜਾਵੇਗੀ (ਆਇਤ 29-31)।

**(2) ਵਿਸ਼ਵਾਸੀਆਂ ਦੇ ਲਈ**

**(a) ਇਬ 10:26-31 ਦੀ ਵਿਆਖਿਆ**

ਚੇਤਾਵਨੀ ਦੇ ਵਚਨਾਂ ਉੱਤੇ ਪਿਛਲੀ ਸਮੱਗਰੀ ਨੇ ਇਹ ਸਬੂਤ ਦਿੱਤਾ ਹੈ ਕਿ ਉਹ ਵਿਸ਼ਵਾਸੀਆਂ ਦੇ ਲਈ ਨਹੀਂ ਸਨ। ਇਬ 10:26-31 ਦੀ ਵਿਆਖਿਆ ਯਹੂਦੀ ਮਸੀਹੀਆਂ ਦੇ ਲਈ ਇੱਕ ਚੇਤਾਵਨੀ ਵਜੋਂ ਕੀਤੀ ਜਾ ਸਕਦੀ ਹੈ ਕਿ ਉਹ ਕਲੀਸਿਯਾ ਨੂੰ ਛੱਡ ਕੇ ਫਿਰ ਤੋਂ ਯਹੂਦੀ ਧਰਮ ਨਾਲ ਨਾ ਜੁੜ ਜਾਣ। ਇਬ 10:29 ਇਹ ਸੋਚਣ ਲਈ ਮਜ਼ਬੂਤ ਸਹਾਇਤਾ ਪ੍ਰਦਾਨ ਕਰਦਾ ਹੈ ਕਿ ਇਸ ਚੇਤਾਵਨੀ ਨੂੰ ਪ੍ਰਾਪਤ ਕਰਨ ਵਾਲੇ ਅਵਿਸ਼ਵਾਸੀ ਸਨ। ਇੱਕ ਪਰਿਭਾਸ਼ਾ ਅਨੁਸਾਰ, ਮਸੀਹ ਵਿੱਚ ਵਿਸ਼ਵਾਸ ਕਰਨ ਵਾਲਾ ਇੱਕ ਵਿਅਕਤੀ ਆਇਤ 29 ਵਿੱਚ ਦਿੱਤੀਆਂ ਗਈਆਂ ਅਧਿਆਤਮਿਕ ਵਿਚਾਰਾਂ ਨਾਲ ਸਹਿਮਤ ਨਹੀਂ ਹੋ ਸਕਦਾ ਹੈ। ਫਿਰ ਵੀ, ਸਮਾਜਿਕ ਪੱਖ ਤੋਂ ਇੱਕ ਵਿਸ਼ਵਾਸੀ ਜਿਸ ਨੇ ਪਹਿਲੀ ਸਦੀ ਦੇ ਯਹੂਦੀ ਧਰਮ ਨੂੰ ਉਤਸ਼ਾਹਿਤ ਅਤੇ ਇਸ ਦਾ ਸਮਰਥਨ ਕੀਤਾ ਸੀ, ਉਹ ਅਸਲ ਵਿੱਚ ਮੁਕਤੀਦਾਤਾ ਉੱਤੇ ਜ਼ੁਲਮ ਅਤੇ ਸਲੀਬ ਦਾ ਸਮਰਥਨ ਕਰੇਗਾ। ਸਾਰੇ ਪ੍ਰਭਾਵਾਂ ਨੂੰ ਸਮਝੇ ਬਿਨਾਂ, ਪਾਠਕਾਂ ਨੂੰ ਉਸ ਅੰਦੋਲਨ ਵੱਲ ਵਾਪਸ ਜਾਣ ਅਤੇ ਇਸ ਦਾ ਸਮਰਥਨ ਕਰਨ ਦੇ ਲਈ ਪ੍ਰਭਾਵਿਤ ਕੀਤਾ ਜਾ ਰਿਹਾ ਸੀ, ਜਿਸ ਨੇ "ਪਰਮੇਸ਼ਰ ਦੇ ਪੁੱਤਰ ਨੂੰ ਪੈਰਾਂ ਹੇਠ ਲਤਾੜਿਆ, ਮਸੀਹ ਦੇ ਖ਼ੂਨ ਨੂੰ ਅਪਵਿੱਤਰ ਮੰਨਿਆ ਸੀ, ਅਤੇ ਪਵਿੱਤਰ ਆਤਮਾ ਦੀ ਕਿਰਪਾ ਦਾ ਨਿਰਾਦਰ ਕੀਤਾ ਸੀ"। ਹਾਲਾਂਕਿ, ਇੱਕ ਮਸੀਹੀ ਅਜਿਹੀਆਂ ਗੱਲਾਂ ਉੱਤੇ ਵਿਸ਼ਵਾਸ ਨਹੀਂ ਕਰ ਸਕਦਾ ਹੈ, ਪਰ ਵਿਸ਼ਵਾਸੀ ਸੱਚੀ ਕਲੀਸਿਯਾ ਤੋਂ ਵੱਖ ਹੋ ਕੇ ਅਜਿਹੇ ਸਮੂਹਾਂ ਦੀ ਸਹਾਇਤਾ ਅਤੇ ਉਹਨਾਂ ਨਾਲ ਮਿੱਤਰਤਾ ਰੱਖ ਸਕਦਾ ਹੈ ਜੋ ਪ੍ਰਭੂ ਯਿਸੂ ਨੂੰ ਨਫ਼ਰਤ ਕਰਦੇ ਹਨ। ਉਹ ਜੋ ਅਜਿਹਾ ਕਰਦੇ ਹਨ, ਉਹ ਅਜਿਹੇ ਕੰਮਾਂ ਅਤੇ ਸੰਗਠਨਾਂ ਵਿੱਚ ਹਿੱਸਾ ਲੈਂਦੇ ਹਨ ਜੋ ਉਹਨਾਂ ਦੇ ਵਿਸ਼ਵਾਸਾਂ ਦੇ ਉਲਟ ਹਨ। ਅਕਸਰ ਉਹ ਬਿਨਾਂ ਸੋਚੇ ਸਮਝੇ ਅਜਿਹਾ ਕਰਦੇ ਹਨ। ਇੱਥੇ ਪ੍ਰਭੂ ਦੇ ਇੱਕ ਵਾਕਾਂਸ਼ ਦੀ ਵਰਤੋਂ ਕੀਤੀ ਜਾ ਸਕਦੀ ਹੈ ਕਿ "ਉਹ ਨਹੀਂ ਜਾਣਦੇ ਹਨ ਕਿ ਉਹ ਕੀ ਕਰ ਰਹੇ ਹਨ"। ਇੱਕ ਵਾਰ ਜਦੋਂ ਅਸੀਂ ਇਹ ਦੇਖ ਲੈਂਦੇ ਹਾਂ ਕਿ ਇਬ 10:29 ਵਿਸ਼ਵਾਸੀਆਂ ਦਾ ਹਵਾਲਾ ਦੇ ਸਕਦਾ ਹੈ, ਤਾਂ ਫਿਰ ਇਹ ਸੋਚਣ ਲਈ ਅਧਿਆਇ 10 ਤੋਂ ਹੋਰ ਸਹਾਇਤਾ ਨੂੰ ਲੱਭਣਾ ਸੌਖਾ ਹੋ ਜਾਂਦਾ ਹੈ ਕਿ ਇਬ 10:26-31 ਸੱਚੇ ਮਸੀਹੀਆਂ ਨੂੰ ਚੇਤਾਵਨੀ ਦਿੰਦਾ ਹੈ:

- ਪਾਠਕ ਪਵਿੱਤਰ ਕੀਤੇ ਗਏ ਹਨ (ਇਬ 10:10)।
- ਪਾਠਕਾਂ ਨੂੰ ਸੰਪੂਰਨ ਕੀਤਾ ਗਿਆ ਹੈ (ਇਬ 10:14)।
- ਪਾਠਕ ਮਸੀਹ ਵਿੱਚ ਭਰਾ ਹਨ (ਇਬ 10:19)।
- ਪਾਠਕਾਂ ਨੂੰ ਉਮੀਦ ਦੇ ਇਕਰਾਰ ਉੱਤੇ ਪੱਕੇ ਰਹਿਣਾ ਚਾਹੀਦਾ ਹੈ (ਭਾਵ, ਕਲੀਸਿਯਾ ਵਿੱਚ ਬਣੇ ਰਹਿਣਾ, ਆਇਤ 25) ਤਾਂ ਕਿ ਉਹ ਆਪਣੇ ਅਵਿਸ਼ਵਾਸੀ ਯਹੂਦੀ ਮਿੱਤਰਾਂ ਨੂੰ ਮਸੀਹ ਦੀ ਗਵਾਹੀ ਦੇਣ (ਇਬ 10:23)।
- ਲੇਖਕ ਸਰਵਨਾਮ “ਅਸੀਂ” ਦੀ ਵਰਤੋਂ ਕਰਕੇ ਆਪਣੇ ਆਪ ਨੂੰ ਵੀ ਇਸ ਖ਼ਤਰੇ ਵਿੱਚ ਸ਼ਾਮਲ ਕਰਦਾ ਹੈ। ਇਬਰਾਨੀਆਂ ਦੀ ਪੁਸਤਕ ਦਾ ਲੇਖਕ ਨਿਸ਼ਚਿਤ ਤੌਰ ਉੱਤੇ ਇੱਕ ਵਿਸ਼ਵਾਸੀ ਹੈ (ਇਬ 10:26)।
- ਜ਼ਰੂਰੀ ਨਹੀਂ ਹੈ ਕਿ ਅੱਗ ਨਰਕ ਬਾਰੇ ਗੱਲ ਕਰ ਰਹੀ ਹੈ (ਇਬ 10:27)। ਯਸਾਯਾਹ 26:11 ਦਾ ਮੂਲ ਹਵਾਲਾ ਸਰੀਰਕ ਮੌਤ ਦੀ ਗੱਲ ਕਰ ਸਕਦਾ ਹੈ। "ਭਸਮ ਕਰਨ ਵਾਲੀ ਅੱਗ" "ਭਿਆਨਕ ਗੁੱਸੇ ਦੀ ਅੱਗ" ਵੀ ਹੋ ਸਕਦੀ ਹੈ। ਸਫ਼ਨਯਾਹ 1:18 "ਅਣਖ ਦੀ ਅੱਗ" ਬਾਰੇ ਗੱਲ ਕਰਦਾ ਹੈ।
- ਇੱਥੇ ਜਿਹੜੀ ਸਜ਼ਾ ਦਾ ਮਨ ਵਿੱਚ ਵਿਚਾਰ ਹੈ, ਉਹ ਸਦੀਪਕ ਮੌਤ ਨਹੀਂ ਬਲਕਿ ਸਰੀਰਕ ਮੌਤ ਹੈ (ਇਬ 10:28-29)।
- ਇੱਥੋਂ ਤੱਕ ਕਿ ਉਹ ਆਇਤ ਜੋ ਇਸ ਗੱਲ ਦਾ ਸਭ ਤੋਂ ਜ਼ਿਆਦਾ ਸਮਰਥਨ ਕਰਦੀ ਹੈ ਕਿ ਚੇਤਾਵਨੀ ਆਵਿਸ਼ਵਾਸੀਆਂ ਲਈ ਸੀ, ਉਹ ਵੀ ਦੱਸਦੀ ਹੈ ਕਿ ਜਿਹਨਾਂ ਲੋਕਾਂ ਨੂੰ ਇਹ ਗੱਲਾਂ ਲਿਖੀਆਂ ਗਈਆਂ ਹਨ ਉਹ "ਪਵਿੱਤਰ ਕੀਤੇ ਗਏ ਸਨ" (ਇਬ 10:29)।
- "ਪ੍ਰਭੂ **ਆਪਣੇ ਲੋਕਾਂ** ਦਾ ਨਿਆਂ ਕਰਨਗੇ" (ਇਬ 10:30)।

ਇਬਰਾਨੀਆਂ ਦੀ ਪੁਸਤਕ ਦੀਆਂ ਦਲੀਲਾਂ ਪ੍ਰਤੀ ਸੰਵੇਦਨਸ਼ੀਲ ਹੋ ਕੇ ਇੱਕ ਵਿਅਕਤੀ ਅਧਿਆਇ 10 ਵਿੱਚ ਦਿੱਤੀਆਂ ਚੇਤਾਵਨੀਆਂ ਨੂੰ ਮਸੀਹੀ ਲੋਕਾਂ ਦੀ ਮੁਕਤੀ ਦੇ ਨੁਕਸਾਨ ਦਾ ਸੰਕੇਤ ਵਜੋਂ ਲੈ ਸਕਦਾ ਹੈ। ਕਿਉਂਕਿ ਇਬ 10 ਬਹੁਤ ਸਖ਼ਤ ਚੇਤਾਵਨੀਆਂ ਦਿੰਦਾ ਹੈ, ਇਸ ਲਈ ਬਹੁਤ ਸਾਰੇ ਜੋ ਸਦੀਪਕ ਸੁਰੱਖਿਆ ਦੇ ਵਿਚਾਰ ਨੂੰ ਮੰਨਦੇ ਹਨ, ਉਹ ਸੋਚਦੇ ਹਨ ਕਿ ਇਹ ਚੇਤਾਵਨੀ ਅਵਿਸ਼ਵਾਸੀਆਂ ਦੇ ਲਈ ਹੈ। ਇਹ ਸੋਚਣਾ ਬਿਹਤਰ ਹੋ ਸਕਦਾ ਹੈ ਕਿ ਪਰਮੇਸ਼ਰ ਉਹਨਾਂ ਵਿਸ਼ਵਾਸੀਆਂ ਉੱਤੇ ਗੁੱਸਾ ਹਨ ਜੋ ਬਾਈਬਲ ਵਿੱਚ ਵਿਸ਼ਵਾਸ ਕਰਨ ਵਾਲੀ ਕਲੀਸਿਯਾ ਨੂੰ ਛੱਡ ਦਿੰਦੇ ਹਨ ਅਤੇ ਉਹਨਾਂ ਸਮੂਹਾਂ ਨਾਲ ਸੰਗਤ ਕਰਦੇ ਹਨ ਜੋ ਸਲੀਬ ਦਾ ਅਪਮਾਨ ਕਰਦੇ ਹਨ।

ਭਾਵੇਂ ਅਸੀਂ ਇਹ ਵੀ ਮੰਨਦੇ ਹਾਂ ਕਿ ਇਹ ਚੇਤਾਵਨੀ ਮੁਕਤੀ ਪਾਏ ਲੋਕਾਂ ਨਾਲ ਸੰਬੰਧਿਤ ਹੈ, ਫਿਰ ਵੀ ਇਸ ਦੀ ਵਿਆਖਿਆ ਦੇ ਨਤੀਜੇ ਸਦੀਪਕ ਸੁਰੱਖਿਆ ਨਾਲ ਸਹਿਮਤ ਹੁੰਦੇ ਹਨ। ਇਸ ਪੁਸਤਕ ਦੇ ਪਾਠਕਾਂ ਨੇ ਸੱਚ ਦਾ ਗਿਆਨ ਪ੍ਰਾਪਤ ਕੀਤਾ ਹੈ ਅਤੇ ਮੁਕਤੀ ਪਾਈ ਹੈ (ਆਇਤ 26)। ਤਾਂ ਹੁਣ ਜੇਕਰ ਉਹ ਕਲੀਸਿਯਾ ਨੂੰ ਛੱਡ ਕੇ ਯਹੂਦੀ ਧਰਮ ਵਿੱਚ ਜਾਂਦੇ ਅਤੇ ਉਹਨਾਂ ਨਾਲ ਸੰਬੰਧ ਰੱਖਕੇ ਜਾਣਬੁੱਝ ਕੇ ਪਾਪ ਕਰਦੇ ਹਨ (ਆਇਤਾਂ 25-26), ਤਾਂ ਉਹਨਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਹੈ ਕਿ ਜਾਨਵਰਾਂ ਦੀਆਂ ਬਲੀਆਂ ਉਹਨਾਂ ਦੇ ਪਾਪਾਂ ਨੂੰ ਢੱਕਦੀਆਂ ਰਹਿਣਗੀਆਂ ਅਤੇ ਉਹਨਾਂ ਦਾ ਪਰਮੇਸ਼ਰ ਨਾਲ ਸੰਬੰਧ ਬਣਿਆ ਰਹੇਗਾ (ਆਇਤ, 26, ਅਤੇ ਆਇਤ 18 ਵੀ ਦੇਖੋ, ਜੋ ਬਲੀਆਂ ਦੇ ਬੰਦ ਹੋਣ ਬਾਰੇ ਦੱਸਦੀਆਂ ਹਨ)। ਇੱਕ ਵਿਸ਼ਵਾਸੀ ਦੇ ਪਾਪ ਪਹਿਲਾਂ ਹੀ ਪਰਮੇਸ਼ਰ (ਇੱਕ ਨਿਆਂਈ ਵਜੋਂ) ਦੇ ਸਾਹਮਣੇ ਮਾਫ਼ ਕੀਤੇ ਜਾ ਚੁੱਕੇ ਹਨ (ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਣਾ)। ਪਰ, ਵਿਸ਼ਵਾਸੀਆਂ ਨੂੰ ਪਰਮੇਸ਼ਰ (ਇੱਕ ਪਿਤਾ ਦੇ ਰੂਪ ਵਿੱਚ) ਤੋਂ ਰੋਜ਼ਾਨਾ ਮਾਫ਼ੀ ਦੀ ਲੋੜ ਵੀ ਹੁੰਦੀ ਹੈ। ਇਬਰਾਨੀਆਂ

ਦੇ ਮਸੀਹੀ ਪਾਠਕ ਇਹ ਨਾ ਸੋਚਣ ਕਿ ਉਹ ਮਸੀਹੀ ਸੰਗਤ ਨੂੰ ਛੱਡ ਕੇ ਯਹੂਦੀ ਧਰਮ ਵਿੱਚ ਵਾਪਸ ਜਾ ਸਕਦੇ ਹਨ, ਅਤੇ ਫਿਰ ਵੀ ਉਹ ਨਿਰਦੋਸ਼ ਬਣੇ ਰਹਿਣਗੇ। ਉਹ ਯਹੂਦੀ ਮਸੀਹੀ ਲੋਕ ਜੋ ਵਿਸ਼ਵਾਸੀਆਂ ਨਾਲ ਮਿਲਣ ਦੀ ਬਜਾਏ ਯਹੂਦੀ ਧਰਮ ਨਾਲ ਸੰਬੰਧ ਬਣਾਉਣ ਲਈ ਵਾਪਸ ਜਾਂਦੇ ਹਨ, ਉਹ ਪਰਮੇਸ਼ਰ ਵੱਲੋਂ ਗੁੱਸੇ ਦੀ ਅੱਗ ਨੂੰ ਭੜਕਾਉਂਗੇ (ਆਇਤ 27)। ਜਿਹਨਾਂ ਨੇ ਪੁਰਾਣੇ ਨੇਮ ਨੂੰ ਰੱਦ ਕੀਤਾ ਸੀ, ਉਹ ਮੌਤ ਦੀ ਸਜ਼ਾ ਦੇ ਹੱਕਦਾਰ ਸਨ। ਪਰ ਨਵੇਂ ਨੇਮ ਦੀ ਉਲੰਘਣਾ ਕਰਨ ਵਾਲੇ ਵਿਸ਼ਵਾਸੀ ਪੱਥਰ ਮਾਰੇ ਜਾਣ ਨਾਲੋਂ ਵੀ ਵਧੇਰੇ ਭਿਆਨਕ ਅਤੇ ਦੁੱਖਦਾਈ ਮੌਤ ਦੇ ਹੱਕਦਾਰ ਹਨ। ਹਾਲਾਂਕਿ ਇੱਕ ਸੱਚਾ ਵਿਸ਼ਵਾਸੀ ਆਇਤ 29 ਵਿੱਚ ਪ੍ਰਗਟ ਕੀਤੇ ਅਧਿਆਤਮਿਕ ਵਿਚਾਰ ਉੱਤੇ ਵਿਸ਼ਵਾਸ ਨੂੰ ਨਹੀਂ ਮੰਨੇਗਾ, ਪਰ ਕਲੀਸਿਯਾ ਨੂੰ ਛੱਡਣ ਵਾਲਾ ਵਿਸ਼ਵਾਸੀ ਇੱਕ ਝੂਠੇ ਸਮੂਹ (ਜਿਵੇਂ ਕਿ ਯਹੂਦੀ ਧਰਮ) ਵਿੱਚ ਸ਼ਾਮਲ ਹੋ ਕੇ ਇਹਨਾਂ ਵਿਚਾਰਾਂ ਦਾ ਸਮਰਥਨ ਕਰ ਸਕਦਾ ਸੀ। ਜੇਕਰ ਇਹ ਯਹੂਦੀ ਵਿਸ਼ਵਾਸੀ ਕਲੀਸਿਯਾ ਨੂੰ ਛੱਡ ਕੇ ਯਹੂਦੀ ਧਰਮ ਵਿੱਚ ਵਾਪਸ ਜਾਂਦੇ ਹਨ, ਤਾਂ ਉਹਨਾਂ ਨੂੰ ਪਰਮੇਸ਼ਰ ਦੇ ਕ੍ਰੋਧ ਦਾ ਸਾਹਮਣਾ ਕਰਨਾ ਪਵੇਗਾ।[91] ਇਹ "ਨਿਆਂ ਦੀ ਭਿਆਨਕ ਉਡੀਕ" ਹੋਵੇਗੀ (ਆਇਤ 27)। ਪਰਮੇਸ਼ਰ ਅੱਗ ਦਾ ਗੁੱਸਾ ਦਿਖਾਉਣਗੇ (ਆਇਤ 27)।[92] ਮਸੀਹ ਦਾ ਵਿਰੋਧ ਕਰਨ ਵਾਲੇ ਸਮੂਹ ਨਾਲ ਸੰਗਤ ਕਰਨਾ ਅਤੇ ਉਸ ਦਾ ਸਹਿਯੋਗ ਕਰਨਾ, ਪਰਮੇਸ਼ਰ ਦੀ ਤਾੜਨਾ ਦੁਆਰਾ ਇੱਕ ਭਿਆਨਕ ਸਰੀਰਕ ਮੌਤ ਦਾ ਕਾਰਨ ਹੁੰਦਾ ਹੈ ਜਿਸ ਨੂੰ ਆਇਤ 30 ਵਿੱਚ ਬਦਲਾ ਕਿਹਾ ਗਿਆ ਹੈ (ਆਇਤਾਂ 28-31)।[93] ਚੇਤਾਵਨੀ ਦੇ ਵਚਨ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਉਹ ਵਿਸ਼ਵਾਸੀਆਂ ਨੂੰ ਕਿਹਾ ਜਾ ਰਿਹਾ ਹੈ ਅਤੇ ਇਸ ਦਾ ਮੁਕਤੀ ਦੇ ਨੁਕਸਾਨ ਨਾਲ ਕੋਈ ਸੰਬੰਧ ਨਹੀਂ ਹੈ। ਹੇਠਾਂ ਦਿੱਤੇ ਭਾਗ ਨੂੰ ਇਹ ਦਰਸਾਉਣ ਲਈ ਸ਼ਾਮਲ ਕੀਤਾ ਗਿਆ ਹੈ ਕਿ ਕਿਵੇਂ ਇਹ ਵਿਆਖਿਆ ਨਾ ਸਿਰਫ਼ ਬਾਕੀ ਦੇ ਅਧਿਆਇ 10 ਦੇ ਨਾਲ ਮੇਲ ਖਾਂਦੀ ਹੈ, ਬਲਕਿ ਉਹ ਇਸ ਦਾ ਸਮਰਥਨ ਵੀ ਕਰਦਾ ਹੈ।

### (b) ਇਬ 10:32-39 ਦੀ ਵਿਆਖਿਆ

ਇਬ 10 ਦਾ ਅੰਤ ਵੀ ਉੱਪਰ ਦਿੱਤੇ ਵਿਚਾਰ ਨਾਲ ਮੇਲ ਖਾਂਦਾ ਹੈ ਕਿ ਚੇਤਾਵਨੀ ਉਹਨਾਂ ਵਿਸ਼ਵਾਸੀਆਂ ਨਾਲ ਸੰਬੰਧਿਤ ਹੈ ਜੋ ਪਰਮੇਸ਼ਰ ਦੀ ਭਿਆਨਕ ਤਾੜਨਾ ਦਾ ਸਾਹਮਣਾ ਕਰਦੇ ਹਨ। ਮਸੀਹੀ ਸਭਾ ਨੂੰ ਛੱਡਣ ਦੀ ਬਜਾਏ ਯਹੂਦੀ ਵਿਸ਼ਵਾਸੀਆਂ ਨੂੰ ਅਧਿਆਇ 10 ਦੀ ਸਿੱਖਿਆ ਦੀ ਪਾਲਣਾ ਕਰਨੀ ਚਾਹੀਦੀ ਹੈ। ਆਇਤ 35 ਦੱਸਦੀ ਹੈ ਕਿ ਉਹਨਾਂ ਨੂੰ ਮਸੀਹ ਦੀਆਂ ਗੱਲਾਂ ਵਿੱਚ ਆਪਣੇ ਭਰੋਸੇ (ਦਲੇਰੀ) ਨੂੰ ਪਾਸੇ ਨਹੀਂ ਸੁੱਟਣਾ ਚਾਹੀਦਾ ਹੈ। ਕਲੀਸਿਯਾ ਵਿੱਚ ਰਹਿ ਕੇ ਮਸੀਹ ਪ੍ਰਤੀ ਵਚਨਵੱਧਤਾ ਵਿੱਚ ਬਣੇ ਰਹਿਣ ਨਾਲ ਸਦੀਪਕ ਕਾਲ ਵਿੱਚ "ਵੱਡਾ ਫਲ" ਮਿਲੇਗਾ (ਆਇਤ 35)। ਧੀਰਜ ਉਹ ਫਲ ਲਿਆਉਂਦਾ ਹੈ ਜਿਸ ਦਾ ਵਾਅਦਾ ਕੀਤਾ ਗਿਆ ਹੈ (ਆਇਤ 36)। ਜੇਕਰ ਸਦੀਪਕ ਦ੍ਰਿਸ਼ਟੀਕੋਣ ਤੋਂ ਦੇਖੋ ਤਾਂ ਮਸੀਹ ਦੇ ਦੁਬਾਰਾ ਆਉਣ ਤੋਂ ਪਹਿਲਾਂ ਅਤਿਆਚਾਰ "ਥੋੜ੍ਹੇ ਜਿਹੇ ਸਮੇਂ" ਤੱਕ ਹੀ ਰਹੇਗਾ (ਆਇਤ 37)। ਇਸ ਦੇ ਦੌਰਾਨ ਮੁਕਤੀ ਪਾਏ ਲੋਕਾਂ ਨੂੰ ਆਪਣਾ ਸਾਰਾ ਜੀਵਨ ਵਿਸ਼ਵਾਸ ਨਾਲ ਬਤੀਤ ਕਰਨਾ ਚਾਹੀਦਾ ਹੈ (ਆਇਤ 38a)।[94] (ਇਬ 11 ਧਰਮੀ ਲੋਕਾਂ ਦੇ ਆਪਣੇ ਜੀਵਨ ਨੂੰ ਵਿਸ਼ਵਾਸ ਦੁਆਰਾ ਜੀਉਣ ਦੀਆਂ ਕਈ ਮਿਸਾਲਾਂ ਦੇ ਕੇ ਇਸ ਦਲੀਲ ਨੂੰ ਮਜ਼ਬੂਤ ਕਰਦਾ ਹੈ। ਉਹਨਾਂ ਨੇ ਅਤਿਆਚਾਰ ਜਾਂ ਸਾਥੀਆਂ ਦੇ ਦਬਾਅ ਨੂੰ ਇਹ ਆਗਿਆ ਨਹੀਂ ਦਿੱਤੀ ਕਿ ਉਹ ਉਹਨਾਂ ਦੇ ਵਿਸ਼ਵਾਸ ਦੇ ਜੀਵਨ ਨੂੰ ਪਿੱਛੇ ਹਟਣ ਵਾਲਾ ਬਣਾ ਦੇਵੇ)। ਪਰਮੇਸ਼ਰ ਉਸ ਨਾਲ ਨਫ਼ਰਤ ਕਰਨਗੇ ਜੋ ਮਸੀਹੀ ਸਭਾ ਤੋਂ ਪਿੱਛੇ ਹੋ ਜਾਂਦਾ ਹੈ (ਆਇਤ 25), ਅਤੇ ਯਹੂਦੀ ਪ੍ਰਾਰਥਨਾ ਘਰ ਵਿੱਚ ਵਾਪਸ ਚਲਾ ਜਾਂਦਾ ਹੈ (ਆਇਤ 38b)। ਆਇਤ 39 ਵਿੱਚ ਲੇਖਕ ਆਪਣੇ ਬਾਰੇ ਗੱਲ ਕਰਦਾ ਹੈ, ਪਰ ਉਹ ਇਹ ਵੀ ਮੰਨਦਾ ਹੈ ਕਿ ਹੋਰ ਯਹੂਦੀ ਵਿਸ਼ਵਾਸੀ ਵੀ ਕਲੀਸਿਯਾ ਨੂੰ ਛੱਡਣ ਦੇ ਪੂਰੇ ਪ੍ਰਭਾਵ ਅਤੇ ਖਤਰਿਆਂ ਨੂੰ ਸਮਝਣ ਤੋਂ ਬਾਅਦ ਵਫ਼ਾਦਾਰ

[91] ਇਬ 10 ਦੀ ਇਸ ਵਿਆਖਿਆ ਨੂੰ ਯਹੂਦੀ ਧਰਮ ਦੇ ਵਿਰੁੱਧ ਇੱਕ ਟਿੱਪਣੀ ਦੇ ਰੂਪ ਵਿੱਚ ਨਾ ਲਿਓ। ਰਸੂਲ ਪੌਲੁਸ ਦੀ ਤਰ੍ਹਾਂ, ਇਸਰਾਏਲ ਨੂੰ ਪਿਆਰ ਕਰਨਾ, ਪਰ ਮਸੀਹ ਨੂੰ ਰੱਦ ਕਰਨ ਨਾਲ ਅਸਹਿਮਤ ਹੋਣਾ ਸੰਭਵ ਹੈ (ਰੋਮੀ 9:1-5,10:1)।

[92] ਆਇਤ 27 ਵਿੱਚ "ਭਸਮ ਕਰਨ ਵਾਲੀ ਅੱਗ" ਪਰਮੇਸ਼ਰ ਦੇ "ਭਿਆਨਕ ਕ੍ਰੋਧ" ਦਾ ਵਰਣਨ ਹੋ ਸਕਦਾ ਹੈ। ਤਾੜਨਾ ਅੱਗ ਦੀ ਵਾਂਗ ਹੁੰਦੀ ਹੈ। ਨਿਆਂ ਦੇ ਦਿਨ ਇਨਾਮਾਂ ਦਾ ਨੁਕਸਾਨ ਵੀ ਬੇਕਾਰ ਦੇ ਕੰਮਾਂ ਨੂੰ ਸਾੜਨ ਵਾਂਗ ਹੈ (1 ਕੁਰਿੰਥ 3:15)।

[93] ਅੱਗੇ ਦਿੱਤੇ ਕੁਝ ਅਜਿਹੇ ਵਚਨ ਹਨ ਜਿਹਨਾਂ ਵਿੱਚ ਪਰਮੇਸ਼ਰ ਦੀ ਤਾੜਨਾ ਸਰੀਰਕ ਮੌਤ ਹੋ ਸਕਦੀ ਹੈ: ਰਸੂਲਾਂ 5:1-11; 1 ਕੁਰਿੰਥ 11:30; ਅਤੇ 1 ਯੂਹੰਨਾ 5:16

[94] ਹਬੱਕੂਕ 2 ਦੇ ਇਬ 10:38 ਵਿਚਲੇ ਮਸ਼ਹੂਰ ਹਵਾਲੇ ਦੇ ਮੂਲ ਸੰਦਰਭ ਦੀ ਇੱਕ ਤੋਂ ਵੱਧ ਵਿਆਖਿਆ ਕੀਤੀ ਜਾ ਸਕਦੀ ਹੈ। "ਧਰਮੀ ਮਨੁੱਖ ਵਿਸ਼ਵਾਸ ਨਾਲ ਜਿਊਂਦਾ ਰਹੇਗਾ" ਦਾ ਅਰਥ ਪੌਲੁਸ ਅਨੁਸਾਰ ਇਹ ਹੈ ਕਿ ਵਿਸ਼ਵਾਸ ਦੁਆਰਾ ਇੱਕ ਮਨੁੱਖ ਧਰਮੀ ਠਹਿਰਾਇਆ ਜਾਂਦਾ ਹੈ (ਰੋਮੀ 1:17; ਗਲਾਤੀ 3:11)। ਪਰ, ਹਬੱਕੂਕ 2 ਵਿੱਚ ਇਹਨਾਂ ਸ਼ਬਦਾਂ ਦਾ ਅਰਥ ਇਹ ਵੀ ਹੈ ਕਿ ਮੁਕਤੀ ਪਾਏ ਲੋਕਾਂ ਤੋਂ ਪਰਮੇਸ਼ਰ ਉਮੀਦ ਕਰਦੇ ਹਨ ਕਿ ਉਹ ਬਾਬਲ ਦੇ ਆਉਣ ਵਾਲੇ ਹਮਲੇ ਦਾ ਸਾਹਮਣਾ ਕਰਨ ਵਿੱਚ ਵਿਸ਼ਵਾਸ ਰੱਖਣ ਕਿ ਪਰਮੇਸ਼ਰ ਆਪਣੇ ਵਾਅਦੇ ਨੂੰ ਪੂਰਾ ਕਰਨਗੇ। ਇਬਰਾਨੀਆਂ ਦਾ ਲੇਖਕ ਇਸ ਵਾਕਾਂਸ਼ "ਧਰਮੀ ਮਨੁੱਖ ਵਿਸ਼ਵਾਸ ਨਾਲ ਜਿਊਂਦਾ ਰਹੇਗਾ" ਦੇ ਅਰਥ ਨੂੰ ਇਸ ਤਰ੍ਹਾਂ ਸਮਝਦਾ ਹੈ ਕਿ "ਮੁਕਤੀ ਪਾਏ ਲੋਕਾਂ ਨੂੰ ਅਪਣੇ ਪੂਰੇ ਜੀਵਨ ਨੂੰ ਨਿਰੰਤਰ ਵਿਸ਼ਵਾਸ ਵਿੱਚ ਬਤੀਤ ਕਰਨਾ ਚਾਹੀਦਾ ਹੈ।" ਪੂਰਾ 11 ਅਧਿਆਇ ਲੇਖਕ ਦੇ ਇਸ ਅਰਥ ਨੂੰ ਦਰਸਾਉਂਦਾ ਹੈ। ਜਿਵੇਂ ਕਿ ਇਬ 11 ਵਿੱਚ ਪੁਰਾਣੇ ਨੇਮ ਦੇ ਮਹਾਨ ਸੰਤਾਂ ਦੁਆਰਾ ਦਿਖਾਇਆ ਗਿਆ ਹੈ, ਹੁਣ ਯਹੂਦੀ ਵਿਸ਼ਵਾਸੀਆਂ ਨੂੰ ਵੀ ਅਤਿਆਚਾਰ ਜਾਂ ਦਬਾਅ ਨੂੰ ਵਿਸ਼ਵਾਸ ਦੇ ਜੀਵਨ ਵਿੱਚ ਰੁਕਾਵਟ ਦਾ ਕਾਰਨ ਬਣਨ ਨਹੀਂ ਦੇਣਾ ਚਾਹੀਦਾ ਹੈ।

ਰਹਿਣਗੇ। ਸਾਨੂੰ ਨਵੇਂ ਨੇਮ ਅਤੇ ਕਲੀਸਿਯਾ ਤੋਂ ਦੂਰ ਨਹੀਂ ਹਟਣਾ ਚਾਹੀਦਾ ਹੈ। ਇਹ ਇਸ ਜੀਵਨ ਵਿੱਚ ਵਿਨਾਸ਼ ਵੱਲ ਲੈ ਜਾਵੇਗਾ ਅਤੇ ਇਹ ਵਿਨਾਸ਼ ਜਾਂ ਤਾਂ ਪਰਮੇਸ਼ਰ ਦੀ ਇੱਛਾ ਤੋਂ ਦੂਰ ਰਹਿ ਕੇ ਜੀਵਨ ਨੂੰ ਬਰਬਾਦ ਕਰਕੇ ਹੋਵੇਗਾ ਅਤੇ ਜਾਂ ਮੌਤ ਦੀ ਸਜ਼ਾ ਦੁਆਰਾ ਹੋਵੇਗਾ।[95] ਇਸ ਦੀ ਬਜਾਏ, ਜਿਹੜੇ ਲੋਕ ਵਿਸ਼ਵਾਸ ਨਾਲ ਆਪਣੇ ਜੀਵਨ ਨੂੰ ਬਤੀਤ ਕਰਦੇ ਹਨ, ਉਹ ਆਪਣੇ ਆਤਮਾ ਨੂੰ ਬਚਾਉਣਗੇ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਉਹਨਾਂ ਨੂੰ ਸਮੇਂ ਤੋਂ ਪਹਿਲਾਂ ਮੌਤ ਦਾ ਕੋਈ ਖ਼ਤਰਾ ਨਹੀਂ ਹੈ।[96] ਫਿਰ ਵੀ, ਆਇਤ 39 ਵਿੱਚ ਲੇਖਕ ਦੀ *ਆਤਮਾ* ਦੀ ਪਰਿਭਾਸ਼ਾ ਵਿੱਚ ਮਨੁੱਖ ਦੇ ਗ਼ੈਰ-ਪਦਾਰਥਕ ਪਹਿਲੂਆਂ ਨੂੰ ਸ਼ਾਮਲ ਕਰਨਾ ਬਿਹਤਰ ਹੋਵੇਗਾ। ਜਿਹੜੇ ਲੋਕ ਵਿਸ਼ਵਾਸ ਨਾਲ ਜੀਵਨ ਬਤੀਤ ਕਰਦੇ ਹਨ, ਜਿਸ ਵਿੱਚ ਸੰਤਾਂ ਨਾਲ ਸੰਗਤ ਨੂੰ ਨਾ ਛੱਡਣਾ ਸ਼ਾਮਲ ਹੈ, ਉਹ ਆਪਣੀ ਆਤਮਾ (ਸਾਈਖੀ) ਨੂੰ ਬਹੁਤ ਖ਼ਤਰੇ ਅਤੇ ਦਰਦ ਤੋਂ ਬਚਾਉਂਦੇ ਹਨ।[97] ਇੱਕ ਵਿਅਕਤੀ ਦੀ ਆਤਮਾ ਨੂੰ ਜਿਹਨਾਂ ਉਦੇਸ਼ਾਂ ਦੇ ਲਈ ਇਸ ਸੰਸਾਰ ਵਿੱਚ ਭੇਜਿਆ ਗਿਆ ਹੈ, ਉਹਨਾਂ ਨੂੰ ਸਿਰਫ਼ ਵਿਸ਼ਵਾਸ ਦੁਆਰਾ ਹੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਜੀਵਨ-ਭਰ ਵਿਸ਼ਵਾਸ ਵਿੱਚ ਬਣੇ ਰਹਿਣ ਨਾਲ ਇੱਕ ਵਿਸ਼ਵਾਸੀ ਆਪਣੀ ਆਤਮਾ (ਇਸ ਦੀ ਮੌਜੂਦਗੀ) ਦੇ ਧਰਤੀ ਉੱਤੇ ਸਮੇਂ ਦੌਰਾਨ ਇਸ ਨੂੰ ਵਿਅਰਥ ਹੋਣ ਤੋਂ ਬਚਾ ਸਕਦਾ ਹੈ। (1 ਤਿਮੋਥਿ 4:16 ਵਿੱਚ ਵੀ ਇਸ ਤਰ੍ਹਾਂ ਦਾ ਵਿਚਾਰ ਹੈ)। ਇਸ ਦੇ ਉਲਟ ਸਥਿਤੀ ਆਤਮਾ ਦਾ ਸਦੀਪਕ ਨੁਕਸਾਨ ਨਹੀਂ ਹੋਵੇਗਾ, ਪਰ ਪਰਮੇਸ਼ਰ ਦੀ ਉਸ ਯੋਜਨਾ ਦਾ ਵਿਨਾਸ਼ ਹੋਵੇਗਾ ਜੋ ਉਹਨਾਂ ਨੇ ਉਸ ਆਤਮਾ ਦੇ ਇਸ ਸੰਸਾਰ ਵਿੱਚ ਹੋਣ ਦੇ ਲਈ ਬਣਾਈ ਸੀ। ਇੱਕ ਵਿਸ਼ਵਾਸ ਵਾਲਾ ਜੀਵਨ ਆਤਮਾ ਨੂੰ ਇੱਕ ਅਰਥ ਦਿੰਦਾ ਹੈ ਜਿਵੇਂ ਕਿ ਅਧਿਆਇ 11 ਵਿੱਚ ਵਿਸ਼ਵਾਸ ਦੇ ਜੀਵਨ ਦੁਆਰਾ ਦਰਸਾਇਆ ਗਿਆ ਹੈ। ਵਿਸ਼ਵਾਸ ਦੇ ਸਾਰੇ ਨਾਇਕਾਂ ਨੇ ਆਪਣੀ ਆਤਮਾ ਦੇ ਉਸ ਉਦੇਸ਼ ਅਤੇ ਅਰਥਾਂ ਨੂੰ ਸੁਰੱਖਿਅਤ ਰੱਖਿਆ ਜਿਸ ਲਈ ਪਰਮੇਸ਼ਰ ਨੇ ਉਹਨਾਂ ਦੇ ਆਤਮਾ ਨੂੰ ਬਣਾਇਆ ਅਤੇ ਇਸ ਸੰਸਾਰ ਵਿੱਚ ਰੱਖਿਆ ਸੀ। ਇਬਰਾਨੀ ਵਿਸ਼ਵਾਸੀਆਂ ਤੋਂ ਉਮੀਦ ਕੀਤੀ ਗਈ ਹੈ ਕਿ ਉਹ ਉਹਨਾਂ ਦੀ ਮਿਸਾਲ ਉੱਤੇ ਚੱਲਣ ਅਤੇ ਇਸ ਜੀਵਨ ਵਿੱਚ ਪਰਮੇਸ਼ਰ ਵੱਲੋਂ ਉਹਨਾਂ ਲਈ ਦਿੱਤੇ ਗਏ ਮੌਕਿਆਂ ਨੂੰ ਨਾ ਗੁਆਉਣ। ਇਬਰਾਨੀਆਂ ਦੀ ਪੁਸਤਕ ਨੂੰ ਸਦੀਪਕ ਸੁਰੱਖਿਆ ਤੋਂ ਇਨਕਾਰ ਕਰਨ ਲਈ ਵਰਤਿਆ ਨਹੀਂ ਜਾਣਾ ਚਾਹੀਦਾ ਹੈ। ਪ੍ਰਚਾਰ ਦੇ ਲਈ ਇੱਕ ਆਧੁਨਿਕ ਬੇਨਤੀ ਇਹ ਹੈ ਕਿ ਪਰਮੇਸ਼ਰ ਉਹਨਾਂ ਵਿਸ਼ਵਾਸੀਆਂ ਉੱਤੇ ਗੁੱਸਾ ਕਰਦੇ ਹਨ ਜੋ ਮੁਕਤੀਦਾਤਾ ਅਤੇ ਸਲੀਬ ਦਾ ਅਪਮਾਨ ਕਰਨ ਵਾਲੇ ਸਮੂਹਾਂ ਨਾਲ ਜੁੜਨ ਦੇ ਲਈ ਬਾਈਬਲ ਵਿੱਚ ਵਿਸ਼ਵਾਸ ਕਰਨ ਵਾਲੀ ਕਲੀਸਿਯਾ ਨੂੰ ਛੱਡ ਦਿੰਦੇ ਹਨ।

### (3) ਸਿੱਟਾ

ਭਾਵੇਂ ਲੇਖਕ ਅਵਿਸ਼ਵਾਸੀਆਂ ਜਾਂ ਵਿਸ਼ਵਾਸੀਆਂ ਨੂੰ ਚੇਤਾਵਨੀ ਦਿੰਦਾ ਹੈ, ਪਰ ਇਬ 10:26-31 ਦੀ ਵਿਆਖਿਆ ਇਸ ਦੀ ਮੂਲ ਸਥਿਤੀ ਵਿੱਚ ਹੋਣੀ ਚਾਹੀਦੀ ਹੈ। ਆਇਤ 26 ਦਾ "ਜਾਣਬੁੱਝ ਕੇ ਕੀਤਾ ਗਿਆ ਪਾਪ" ਆਇਤ 25 ਵਿੱਚ "ਇੱਕ ਦੂਜੇ ਨਾਲ ਮਿਲਣਾ ਬੰਦ ਕਰਨਾ" ਹੈ। ਵਾਕਾਂਸ਼ "ਹੋਰ ਕੋਈ ਬਲੀਦਾਨ ਨਹੀਂ ਰਹਿ ਜਾਂਦਾ ਹੈ" (ਆਇਤ 26) ਦਾ ਅਰਥ ਹੈ ਕਿ ਮਸੀਹ ਦੇ ਅੰਤਿਮ ਅਤੇ ਸੰਪੂਰਨ ਬਲੀਦਾਨ ਤੋਂ ਬਾਅਦ, ਹੁਣ ਯਹੂਦੀ ਧਰਮ ਦੇ ਜਾਨਵਰਾਂ ਦੇ ਬਲੀਦਾਨ ਪਾਪਾਂ ਨੂੰ ਨਹੀਂ ਢੱਕਦੇ ਹਨ (ਆਇਤ18)। ਇੱਕ ਵਿਚਾਰ ਇਹ ਹੈ ਕਿ ਲੇਖਕ ਅਵਿਸ਼ਵਾਸੀਆਂ (ਉਹ ਖੋਜੀ ਜੋ ਕਲੀਸਿਯਾ ਵਿੱਚ ਇਕੱਠਾ ਸਨ) ਨੂੰ ਚੇਤਾਵਨੀ ਦਿੰਦਾ ਹੈ ਕਿ ਉਹ ਮਸੀਹ ਦਾ ਇਨਕਾਰ ਨਾ ਕਰਨ ਅਤੇ ਯਹੂਦੀ ਧਰਮ ਵਿੱਚ ਵਾਪਸ ਨਾ ਜਾਣ। ਇਹ ਪਾਪ ਕਰਨ ਵਾਲੇ ਅਜਿਹਾ ਨਾ ਸਮਝਣ ਕਿ ਹੈਕਲ ਦੇ ਬਲੀਦਾਨ ਉਹਨਾਂ ਨੂੰ ਬਚਾਉਣਗੇ। ਇੱਕ ਹੋਰ ਸੰਭਾਵਿਤ ਵਿਚਾਰ ਇਹ ਹੈ ਕਿ ਲੇਖਕ ਵਿਸ਼ਾਵਸੀਆਂ ਨੂੰ ਕਲੀਸਿਯਾ ਛੱਡਣ ਅਤੇ ਯਹੂਦੀ ਪ੍ਰਾਰਥਨਾ ਘਰਾਂ ਵਿੱਚ ਸ਼ਾਮਲ ਬਾਰੇ ਚੇਤਾਵਨੀ ਦਿੰਦਾ ਹੈ। ਇਹਨਾਂ ਇਬਰਾਨੀ ਮਸੀਹੀਆਂ ਨੂੰ ਸ਼ਾਇਦ ਇਹ ਸਮਝ ਨਹੀਂ ਹੈ ਕਿ ਅਜਿਹਾ ਕਦਮ ਉਹਨਾਂ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਇਤਾ ਦੇਵੇਗਾ ਜੋ ਉਹ ਸਵੀਕਾਰ ਨਹੀਂ ਕਰਦੇ ਹਨ। ਇਸ ਦੇ ਇਲਾਵਾ, ਪਰਮੇਸ਼ਰ ਉਹਨਾਂ ਦੀ ਬੇਵਫਾਈ ਦਾ ਜਵਾਬ ਭਸਮ ਕਰਨ ਵਾਲੀ ਅੱਗ ਦੇ ਗੁੱਸੇ ਅਤੇ ਇੱਥੋਂ ਤੱਕ ਕਿ ਮੌਤ ਤੱਕ ਦੀ ਸਜ਼ਾ ਨਾਲ ਦੇਣਗੇ।

ਜੇਕਰ ਕੋਈ ਅਜੇ ਵੀ ਸੋਚਦਾ ਹੈ ਕਿ ਇਬ 10:26-31 ਸਦੀਪਕ ਸੁਰੱਖਿਆ ਦਾ ਸਮਰਥਨ ਨਹੀਂ ਕਰਦਾ ਹੈ, ਤਾਂ ਫਿਰ "ਜਾਣਬੁੱਝ ਕੇ ਪਾਪ ਕਰਨ" ਤੋਂ ਬਾਅਦ ਉਸ ਨੂੰ ਇਸ ਵਾਕਾਂਸ਼ ਨਾਲ ਨਜਿੱਠਣ ਲਈ ਤਿਆਰ ਰਹਿਣਾ ਹੋਵੇਗਾ, "ਹੁਣ ਹੋਰ ਕੋਈ ਬਲੀਦਾਨ ਨਹੀਂ ਰਹਿ ਗਿਆ ਹੈ।" ਜੇਕਰ ਇਹ ਚੇਤਾਵਨੀ ਮੁਕਤੀ ਦੇ ਨੁਕਸਾਨ ਬਾਰੇ ਗੱਲ ਕਰਦੀ ਹੈ ਤਾਂ ਇਹ ਸਿਖਾ ਰਹੀ ਹੈ ਕਿ ਮੁਕਤੀ ਨੂੰ ਫਿਰ ਤੋਂ ਪ੍ਰਾਪਤ

---

[95] ਇਬ 10:39 ਵਿੱਚ ਜਿਸ ਸ਼ਬਦ ਦਾ ਅਨੁਵਾਦ "ਵਿਨਾਸ਼" ਕੀਤਾ ਗਿਆ ਹੈ, ਮਰਕੁਸ 14:4 ਵਿੱਚ ਇਸੇ ਸ਼ਬਦ ਦਾ ਅਨੁਵਾਦ "ਵਿਅਰਥ" ਕੀਤਾ ਗਿਆ ਹੈ।

[96] ਯੂਨਾਨੀ ਸ਼ਬਦ ਸਾਈਖੀ ਦਾ ਅਰਥ "ਆਤਮਾ" ਹੈ, ਪਰ ਇਹ ਨਵੇਂ ਨੇਮ ਵਿੱਚ ਸਰੀਰਕ ਜਾਨ ਨੂੰ ਦਰਸਾਉਂਦਾ ਹੈ, ਜਿਵੇਂ ਕਿ ਮੱਤੀ 2:3-20 ਵਿੱਚ ਜਿੱਥੇ ਹੇਰੋਦੇਸ ਬਾਲਕ ਯਿਸੂ ਦੇ ਜਾਨ (ਆਤਮਾ) ਦੀ ਮੰਗ ਕਰਦਾ ਹੈ।

[97] ਲੇਖਕ ਦਾ ਡਾਕਟਰੋਲ ਥੀਸਸ ਇੱਕ ਕਿਸਮ ਦੇ ਮਾਨਸਿਕ ਬਿਮਾਰੀ ਵਾਲੇ ਲੋਕਾਂ ਦੇ ਮਸੀਹੀ ਰਿਸ਼ਤੇਦਾਰਾਂ ਦਾ ਸਰਵੇਖਣ ਕਰਦਾ ਹੈ। ਪੜਾਈ/ਕੰਮ ਵਿੱਚ ਘੱਟ ਅੰਕ ਮਿਲਣਾ ਜਾਂ ਭਾਵਨਾਤਮਕ ਰੂਪ ਵਿੱਚ ਅਸੰਤੁਲਿਤ ਹੋਣ ਦਾ ਇੱਕ ਮੁੱਖ ਕਾਰਨ **ਕਲੀਸਿਯਾ ਨੂੰ ਛੱਡ ਕੇ ਜਾਣਾ** ਪਾਇਆ ਗਿਆ ਹੈ। ਦੇਖੋ, ਸਟੀਵਨ ਵਾਟਰਹਾਊਸ, *ਫੈਮਿਲੀਜ਼ ਆਫ਼ ਦ ਮੈ�ंटली ਇਲ*, ਡਿਸ., ਡੱਲਾਸ ਥਿਓਲੋਜੀਕਲ ਸੈਮਿਨਰੀ 1995.

ਨਹੀਂ ਕੀਤਾ ਜਾ ਸਕਦਾ ਹੈ। ਲੇਖਕ ਨੇ ਨਿੱਜੀ ਤੌਰ ਤੇ ਉਹਨਾਂ ਵਿਸ਼ਵਾਸੀਆਂ ਨੂੰ ਸਲਾਹ ਦਿੱਤੀ ਹੈ ਜੋ ਅਜਿਹੀਆਂ ਮੰਦਭਾਗੀਆਂ ਅਤੇ ਬੇਲੋੜੀਆਂ ਵਿਆਖਿਆਵਾਂ ਕਾਰਨ ਆਤਮ ਹੱਤਿਆ ਕਰਨ ਬਾਰੇ ਸੋਚ ਰਹੇ ਸਨ।

### f. ਪੰਜਵੀਂ ਚੇਤਾਵਨੀ ਦਾ ਵਚਨ: ਇਬ 12:25- 29

> ਧਿਆਨ ਰੱਖੋ ਕਿ ਤੁਸੀਂ ਕਹਿਣ ਵਾਲੇ ਦਾ ਇਨਕਾਰ ਨਾ ਕਰੋ ਕਿਉਂਕਿ ਜਿਹਨਾਂ ਨੇ ਮੂਸਾ ਦੇ ਸੰਦੇਸ਼ ਨੂੰ ਜਿਸ ਦਾ ਸੰਬੰਧ ਧਰਤੀ ਦੇ ਨਾਲ ਸੀ, ਸੁਣਨ ਤੋਂ ਇਨਕਾਰ ਕੀਤਾ, ਬਚ ਨਾ ਸਕੇ। ਫਿਰ ਜੇਕਰ ਅਸੀਂ ਯਿਸੂ ਦਾ ਜਿਹੜੇ ਸਵਰਗ ਤੋਂ ਚਿਤਾਵਨੀ ਦਿੰਦੇ ਹਨ, ਇਨਕਾਰ ਕਰਾਂਗੇ ਤਾਂ ਅਸੀਂ ਕਿਸ ਤਰ੍ਹਾਂ ਬਚ ਸਕਾਂਗੇ?

ਇਬਰਾਨੀਆਂ ਦੀ ਚੇਤਾਵਨੀ ਦੇਣ ਵਾਲੇ ਅੰਤਿਮ ਭਾਗ ਵਿੱਚ ਇੰਨੀ ਵਿਵਾਦਪੂਰਨ ਭਾਸ਼ਾ ਨਹੀਂ ਹੈ ਜਿੰਨੀ ਪਹਿਲੇ ਭਾਗਾਂ ਵਿੱਚ ਸੀ। ਭਾਵੇਂ ਇੱਕ ਵਿਅਕਤੀ ਇਸ ਚੇਤਾਵਨੀ ਨੂੰ ਵਿਸ਼ਵਾਸੀਆਂ ਜਾਂ ਅਵਿਸ਼ਵਾਸੀਆਂ ਉੱਤੇ ਲਾਗੂ ਕਰਦਾ ਹੈ, ਫਿਰ ਵੀ ਇਹ ਦੇਖਣਾ ਆਸਾਨ ਹੈ ਕਿ ਇਸ ਦੇ ਸ਼ਬਦ ਸਦੀਪਕ ਸੁਰੱਖਿਆ ਦਾ ਵਿਰੋਧ ਨਹੀਂ ਕਰਦੇ ਹਨ।

#### (1) ਅਵਿਸ਼ਵਾਸੀਆਂ ਦੇ ਲਈ

ਜੇਕਰ ਲੇਖਕ ਦੇ ਮਨ ਵਿੱਚ ਅਵਿਸ਼ਵਾਸੀ ਸਨ ਤਾਂ ਉਹ ਉਹਨਾਂ ਨੂੰ ਚੇਤਾਵਨੀ ਦੇ ਰਿਹਾ ਹੈ ਕਿ ਉਹ ਮਸੀਹ ਵਿੱਚ ਭਰੋਸਾ ਕਰਨ ਦੇ ਸੱਦੇ ਤੋਂ ਇਨਕਾਰ ਨਾ ਕਰਨ।

#### (2) ਵਿਸ਼ਵਾਸੀਆਂ ਦੇ ਲਈ

ਜੇਕਰ ਲੇਖਕ ਵਿਸ਼ਵਾਸੀਆਂ ਨੂੰ ਲਿਖਦਾ ਹੈ, ਤਾਂ ਉਹ ਮਸੀਹੀਆਂ ਨੂੰ ਕਹਿ ਰਿਹਾ ਹੈ ਕਿ ਉਹ ਪਰਮੇਸ਼ਰ ਦੀ ਆਗਿਆ ਮੰਨਣ ਤੋਂ ਇਨਕਾਰ ਨਾ ਕਰਨ। ਕਲੀਸਿਯਾ ਤੋਂ ਦੂਰ ਜਾਣ (ਇਬ 10:25) ਅਤੇ ਯਹੂਦੀ ਧਰਮ ਵਿੱਚ ਸ਼ਾਮਲ ਹੋਣ ਦੀ ਬਜਾਏ, ਵਿਸ਼ਵਾਸੀਆਂ ਨੂੰ "ਪਰਮੇਸ਼ਰ ਦਾ ਧੰਨਵਾਦ ਕਰਨਾ ਚਾਹੀਦਾ ਹੈ" ਅਤੇ "ਪਰਮੇਸ਼ਰ ਦੀ ਅਰਾਧਨਾ ਸ਼ਰਧਾ ਅਤੇ ਪਰਮੇਸ਼ਰ ਦੇ ਡਰ ਦੇ ਨਾਲ ਕਰਨੀ ਚਾਹੀਦੀ ਹੈ ਜਿਸ ਨੂੰ ਉਹ ਸਵੀਕਾਰ ਕਰਨ" (ਆਇਤ 28)। ਜਿਹੜੇ ਲੋਕ ਚੇਤਾਵਨੀ ਉੱਤੇ ਧਿਆਨ ਨਹੀਂ ਦਿੰਦੇ ਹਨ ਉਹ ਦੇਖਣਗੇ ਕਿ ਪਰਮੇਸ਼ਰ ਉਹਨਾਂ ਨੂੰ ਤਾੜਨਾ ਦੇ ਸਕਦੇ ਹਨ। "ਅੱਗ" ਦਾ ਹਵਾਲਾ ਵਿਸ਼ਵਾਸੀ ਦੀ ਤਾੜਨਾ ਨੂੰ ਦਰਸਾਉਂਦਾ ਹੈ (ਦੇਖੋ, ਇਬ 12:5-13)।

### g. ਇਬਰਾਨੀਆਂ ਦੀ ਪੁਸਤਕ ਵਿੱਚ ਚੇਤਾਵਨੀਆਂ ਦਾ ਸਿੱਟਾ

ਇਬਰਾਨੀਆਂ ਦੀ ਪੁਸਤਕ ਦੇ ਕਿਸੇ ਵੀ ਵਿਦਿਆਰਥੀ ਨੂੰ ਇਸ ਦੇ ਮੂਲ ਪਾਠਕਾਂ ਦੀ ਪਛਾਣ ਨੂੰ ਲੈ ਕੇ ਸੰਘਰਸ਼ ਕਰਨਾ ਪੈਂਦਾ ਹੈ। ਕੀ ਇਬਰਾਨੀ ਕਲੀਸਿਯਾ ਵਿੱਚ ਅਵਿਸ਼ਵਾਸੀ ਵੀ ਸ਼ਾਮਲ ਹਨ? ਕੀ ਉਹ ਸੱਚਮੁੱਚ ਯਹੂਦੀ ਮਸੀਹੀ ਹਨ? ਚੇਤਾਵਨੀ ਦੇ ਵਚਨਾਂ ਬਾਰੇ ਇੱਕ ਵਿਅਕਤੀ ਦੀ ਸਹੀ ਉਸ ਦੇ ਇਸ ਸਿੱਟੇ ਤੇ ਆਧਾਰਿਤ ਹੋਵੇਗੀ ਕਿ ਉਹ ਪਾਠਕਾਂ ਦੀ ਪਛਾਣ ਕਿਹੜੇ ਰੂਪ ਵਿੱਚ ਕਰਦਾ ਹੈ। ਫਿਰ ਵੀ, **ਦੋਵੇਂ ਵਿਕਲਪ ਅਜਿਹੀਆਂ ਵਿਆਖਿਆਵਾਂ ਦੇ ਸਕਦੇ ਹਨ, ਜਿਹਨਾਂ ਵਿੱਚ ਮੁਕਤੀ ਦੇ ਨੁਕਸਾਨ ਬਾਰੇ ਚੇਤਾਵਨੀ ਸ਼ਾਮਲ ਨਹੀਂ ਹੁੰਦੀ ਹੈ।** ਹੋ ਸਕਦਾ ਹੈ ਕਿ ਲੇਖਕ ਇਬਰਾਨੀ ਅਵਿਸ਼ਵਾਸੀਆਂ ਨੂੰ ਪ੍ਰਚਾਰ ਦੀਆਂ ਚੇਤਾਵਨੀਆਂ ਦੇ ਰਿਹਾ ਹੋਵੇ। ਹੋ ਸਕਦਾ ਹੈ ਕਿ ਇਹ ਯਹੂਦੀ ਸੱਚਾਈ ਦੀ ਭਾਲ ਕਰ ਰਹੇ ਹੋਣ ਅਤੇ ਮਸੀਹ ਦੇ ਦਾਅਵਿਆਂ ਉੱਤੇ ਵਿਚਾਰ ਕਰਨ ਦੇ ਲਈ ਕਲੀਸਿਯਾ ਵਿੱਚ ਸ਼ਾਮਲ ਹੋ ਰਹੇ ਹੋਣ। ਇਹ ਸਪੱਸ਼ਟ ਹੈ ਕਿ ਉਹਨਾਂ ਦੇ ਯਹੂਦੀ ਮਿੱਤਰ ਉਹਨਾਂ ਨੂੰ ਯਹੂਦੀ ਪ੍ਰਾਰਥਨਾ ਘਰਾਂ ਵਿੱਚ ਵਾਪਸ ਆਉਣ ਲਈ ਕਹਿ ਰਹੇ ਹਨ। ਜੇਕਰ ਇਸ ਪੁਸਤਕ ਨੂੰ ਪ੍ਰਾਪਤ ਕਰਨ ਵਾਲੇ ਅਵਿਸ਼ਵਾਸੀ ਹਨ, ਤਾਂ ਲੇਖਕ ਉਹਨਾਂ ਨੂੰ ਚੇਤਾਵਨੀ ਦੇ ਰਿਹਾ ਹੈ ਕਿ ਉਹ ਨਰਕ ਦੀ ਅੱਗ ਤੋਂ ਬਚਣ ਦੇ ਲਈ ਮਸੀਹ ਉੱਤੇ ਭਰੋਸਾ ਕਰਨ।

ਇਸ ਗੱਲ ਦੀ ਸੰਭਾਵਨਾ ਜ਼ਿਆਦਾ ਹੈ ਕਿ ਇਬਰਾਨੀਆਂ ਦੀਆਂ ਚੇਤਾਵਨੀਆਂ ਵਿਸ਼ਵਾਸੀਆਂ ਦੇ ਲਈ ਹਨ। ਇਹਨਾਂ ਮਸੀਹੀਆਂ ਨੂੰ ਕਲੀਸਿਯਾ ਨੂੰ ਛੱਡਣ ਅਤੇ ਯਹੂਦੀ ਪ੍ਰਾਰਥਨਾ ਸਥਾਨ ਨਾਲ ਸਮਾਜਿਕ ਸੰਬੰਧਾਂ ਜੋੜਨ ਦੇ ਲਈ ਕਿਹਾ ਜਾ ਰਿਹਾ ਹੈ। ਹਾਲਾਂਕਿ ਉਹ ਫਿਰ ਵੀ ਯਿਸੂ ਵਿੱਚ ਵਿਸ਼ਵਾਸ ਕਰਦੇ ਰਹਿਣਗੇ, ਪਰ ਉਹ ਉਹਨਾਂ ਲੋਕਾਂ ਨਾਲ ਜੁੜਨ ਦੇ ਖ਼ਤਰੇ ਵਿੱਚ ਪੈਣਗੇ ਜੋ ਮਸੀਹ ਦੇ ਵਿਰੋਧੀ ਹਨ। ਲੇਖਕ ਚੇਤਾਵਨੀ ਦਿੰਦਾ ਹੈ ਕਿ ਜੋ ਯਹੂਦੀ ਵਿਸ਼ਵਾਸੀ ਕਲੀਸਿਯਾ ਨੂੰ ਛੱਡ ਦੇਵੇਗਾ, ਉਸ ਨੂੰ ਇਸ ਜੀਵਨ ਵਿੱਚ ਪਰਮੇਸ਼ਰ ਦੀ ਅੱਗ ਦੇ ਗੁੱਸੇ ਵਜੋਂ ਤਾੜਨਾ ਦਾ ਸਾਹਮਣਾ ਕਰਨਾ ਪਵੇਗਾ, ਅਤੇ ਨਿਆਂ ਵੇਲੇ ਇਨਾਮ ਗੁਆਉਣੇ ਪੈਣਗੇ। ਦੋਵੇਂ ਵਿਆਖਿਆਵਾਂ ਵਿੱਚ, ਇੱਕ ਵਿਅਕਤੀ ਨਿਰੰਤਰ ਸਦੀਪਕ ਸੁਰੱਖਿਆ ਨੂੰ ਬਣਾਈ ਰੱਖ ਸਕਦਾ ਹੈ।

### 14. ਯਾਕੂਬ 2:18-26

> ਪਰ ਜੇਕਰ ਕੋਈ ਕਹੇ, "ਤੇਰੇ ਕੋਲ ਵਿਸ਼ਵਾਸ ਹੈ ਅਤੇ ਮੇਰੇ ਕੋਲ ਕੰਮ ਹਨ।" ਕੰਮਾਂ ਤੋਂ ਬਿਨਾਂ ਮੈਨੂੰ ਆਪਣਾ ਵਿਸ਼ਵਾਸ ਦਿਖਾ ਅਤੇ ਮੈਂ ਤੈਨੂੰ ਆਪਣਾ ਵਿਸ਼ਵਾਸ ਕੰਮਾਂ ਦੇ ਰਾਹੀਂ ਦਿਖਾਵਾਂਗਾ। ਕੀ ਤੂੰ ਵਿਸ਼ਵਾਸ ਕਰਦਾ ਹੈਂ ਕਿ ਪਰਮੇਸ਼ਰ ਇੱਕ ਹੀ ਹਨ? ਇਹ ਠੀਕ ਹੈ! ਅਸ਼ੁੱਧ ਆਤਮਾਵਾਂ ਵੀ ਇਹ ਵਿਸ਼ਵਾਸ ਕਰਦੀਆਂ ਅਤੇ ਡਰ ਦੇ ਨਾਲ ਕੰਬਦੀਆਂ ਹਨ।...ਕਿਉਂਕਿ ਜਿਸ ਤਰ੍ਹਾਂ ਸਰੀਰ ਆਤਮਾ ਦੇ ਬਿਨਾਂ ਮੁਰਦਾ ਹੈ ਉਸੇ ਤਰ੍ਹਾਂ ਵਿਸ਼ਵਾਸ ਵੀ ਕੰਮਾਂ ਦੇ ਬਿਨਾਂ ਮੁਰਦਾ ਹੈ।" [ਯਾਕੂਬ 2:18-19, 26][98]

(ਯਾਕੂਬ 2 ਉੱਤੇ ਹੋਰ ਅਧਿਐਨ ਅਧਿਆਇ 9, ਭਾਗ 2 ਦੇ ਭਾਗ II, F ਵਿੱਚ ਮਿਲਦਾ ਹੈ "ਮੁਕਤੀ ਪ੍ਰਾਪਤ ਕਰਨ ਦੇ ਲਈ ਵਿਸ਼ਵਾਸ ਕਰੋ ਅਤੇ ਕੰਮ ਕਰੋ") ਯਾਕੂਬ 2 ਨੂੰ ਸਮਝਣ ਦੀ ਕੁੰਜੀ ਇਹ ਹੈ ਕਿ ਯਾਕੂਬ ਵਿਸ਼ਵਾਸ ਦੀ ਵਿਆਖਿਆ ਸਿਰਫ਼ ਬੌਧਿਕ ਵਿਸ਼ਵਾਸ ਦੇ ਰੂਪ ਵਿੱਚ ਹੀ

ਕਰਦਾ ਹੈ (ਜਿਵੇਂ ਕਿ, ਆਇਤ 19)। ਇਸ ਤਰ੍ਹਾਂ ਦਾ ਵਿਸ਼ਵਾਸ ਬਚਾਉਂਦਾ ਨਹੀਂ ਹੈ। ਸੱਚੇ ਵਿਸ਼ਵਾਸ ਦਾ ਨਤੀਜਾ ਚੰਗੇ ਕੰਮ ਹੁੰਦੇ ਹਨ। ਜੇਕਰ ਕੋਈ ਵਿਅਕਤੀ ਚੰਗੇ ਕੰਮ ਨਹੀਂ ਕਰਦਾ ਹੈ ਤਾਂ ਇਹ ਅਜਿਹਾ ਨਹੀਂ ਦਰਸਾਉਂਦਾ ਹੈ ਕਿ ਉਸ ਨੇ ਮੁਕਤੀ ਗੁਆ ਲਈ ਹੈ, ਬਲਕਿ ਇਹ ਦੱਸਦਾ ਹੈ ਕਿ ਉਸ ਨੇ ਕਦੇ ਵੀ ਮਸੀਹ ਵਿੱਚ ਭਰੋਸਾ ਰੱਖਿਆ ਹੀ ਨਹੀਂ ਸੀ।

ਇਹ ਜਾਣਨਾ ਲਗਭਗ ਅਸੰਭਵ ਹੈ ਕਿ ਪਰਮੇਸ਼ਰ ਚੰਗੇ ਕੰਮਾਂ ਦੀ ਪੂਰੀ ਤਰ੍ਹਾਂ ਗ਼ੈਰ-ਮੌਜੂਦਗੀ ਦੀ ਵਿਆਖਿਆ ਕਿਵੇਂ ਕਰਦੇ ਹਨ; ਪਰ ਯਾਕੂਬ ਦੀ ਚੇਤਾਵਨੀ ਇਸ ਗੱਲ ਦੀ ਜਾਂਚ ਕਰਨ ਦੀ ਤਾਕੀਦ ਕਰਦੀ ਹੈ ਕਿ ਕੀ ਇੱਕ ਵਿਅਕਤੀ ਨੇ ਅਸਲ ਵਿੱਚ ਮਸੀਹ ਉੱਤੇ ਭਰੋਸਾ ਕੀਤਾ ਹੈ ਜਾਂ ਉਸ ਦਾ ਕੁਝ ਸੱਚੇ ਅਧਿਆਤਮਿਕ ਤੱਥਾਂ ਵਿੱਚ ਬੌਧਿਕ ਵਿਸ਼ਵਾਸ ਹੈ। ਜੇਕਰ ਇੱਕ ਮਸੀਹੀ ਸੇਵਕ ਕਿਸੇ ਵਿਅਕਤੀ ਦੇ ਜੀਵਨ ਵਿੱਚ ਤੋਬਾ ਨਾ ਕੀਤੇ ਪਾਪ ਨੂੰ ਦੇਖਦਾ ਹੈ, ਤਾਂ ਉਸ ਨੂੰ ਇਹ ਮੰਨ ਕੇ ਸ਼ੁਭ-ਸਮਾਚਾਰ ਸੁਣਾਉਣਾ ਸਹੀ ਹੋਵੇਗਾ ਕਿ ਅਜਿਹੇ ਵਿਅਕਤੀ ਨੇ ਅਸਲ ਵਿੱਚ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਹੈ। ਪਰ ਇਹ ਸੋਚਣਾ ਸਹੀ ਨਹੀਂ ਹੋਵੇਗਾ ਕਿ ਉਸ ਵਿਅਕਤੀ ਨੇ ਮੁਕਤੀ ਗੁਆ ਲਈ ਹੈ। ਯਾਕੂਬ ਦੀ ਪੁਸਤਕ ਵਿੱਚ ਸਥਿਤੀ ਉਸ ਵਿਅਕਤੀ ਦੀ ਹੋਵੇਗੀ ਜੋ ਕਦੇ ਬਚਾਇਆ ਹੀ ਨਹੀਂ ਗਿਆ ਸੀ, ਕਿਉਂਕਿ ਉਸ ਦਾ ਵਿਸ਼ਵਾਸ ਸਿਰਫ਼ ਬੌਧਿਕ ਹੈ, ਅਤੇ ਉਹ ਮਸੀਹ ਵਿੱਚ ਮੁਕਤੀਦਾਤਾ ਵਜੋਂ ਨਿੱਜੀ ਵਿਸ਼ਵਾਸ ਨਹੀਂ ਕਰਦਾ ਹੈ।

**15. ਯਾਕੂਬ 5:19-20**

> ਮੇਰੇ ਭਰਾਵੋ ਅਤੇ ਭੈਣੋ, ਜੇਕਰ ਤੁਹਾਡੇ ਵਿੱਚੋਂ ਕੋਈ ਸੱਚ ਤੋਂ ਭਟਕ ਜਾਵੇ ਅਤੇ ਕੋਈ ਦੂਜਾ ਉਸ ਨੂੰ ਵਾਪਸ ਲੈ ਆਵੇ, ਯਾਦ ਰੱਖੋ ਕਿ ਜਿਹੜਾ ਕੋਈ ਉਸ ਪਾਪੀ ਨੂੰ ਗ਼ਲਤ ਰਾਹ ਤੋਂ ਵਾਪਸ ਲੈ ਆਉਂਦਾ ਹੈ ਤਾਂ ਉਹ ਉਸ ਨੂੰ ਮੌਤ ਤੋਂ ਬਚਾਵੇਗਾ ਅਤੇ ਉਸ ਦੇ ਅਣਗਿਣਤ ਪਾਪਾਂ ਨੂੰ ਢੱਕੇਗਾ। [ਯਾਕੂਬ 5:19-20]

ਆਤਮਾ ਦੇ ਲਈ ਯੂਨਾਨੀ ਸ਼ਬਦ (*ਸਾਇਕੀ*) ਇਸ ਜੀਵਨ ਵਿੱਚ ਭੌਤਿਕ  ਹੋਂਦ ਨੂੰ ਵੀ ਦਰਸਾ ਸਕਦਾ ਹੈ। ਹਾਲਾਂਕਿ ਜ਼ਿਆਦਾਤਰ ਬਾਈਬਲ ਦੇ ਵਿਦਿਆਰਥੀ ਇੱਕ ਆਤਮਾ ਦੇ ਮਰਨ ਨੂੰ ਆਤਮਿਕ ਮੌਤ ਦੇ ਅਰਥ ਵਜੋਂ ਲੈਂਦੇ ਹਨ, ਪਰ ਬਾਈਬਲ ਅਕਸਰ ਸਰੀਰਕ ਮੌਤ ਦੀ ਤੁਲਨਾ ਇੱਕ ਆਤਮਾ ਦੇ ਨੁਕਸਾਨ ਨਾਲ ਕਰਦੀ ਹੈ। ਇਸ ਦੀਆਂ ਉਦਾਹਰਣਾਂ ਵਿੱਚ ਮੱਤੀ 2:20; ਰਸੂਲਾਂ 15:26 ਅਤੇ 27:22 ਦੀ ਮੂਲ ਭਾਸ਼ਾ ਦੇ ਹਵਾਲੇ ਸ਼ਾਮਲ ਹਨ। ਯਾਕੂਬ 5:20 ਪਿੱਛੇ ਹੱਟਣ ਵਾਲੇ ਮਸੀਹੀਆਂ ਨੂੰ ਸਿੱਖਿਆ ਅਤੇ ਨੈਤਿਕਤਾ ਦੀਆਂ ਗ਼ਲਤੀਆਂ ਤੋਂ ਮੋੜਨ ਦੇ ਲਈ ਉਤਸ਼ਾਹਿਤ ਕਰਦਾ ਹੈ। ਜਿਹੜੇ ਲੋਕ ਅਜਿਹੇ ਭਟਕਦੇ ਵਿਸ਼ਵਾਸੀਆਂ ਨੂੰ ਬਚਾਉਂਦੇ ਹਨ, ਉਹ ਇੱਕ ਜੀਵਨ ਨੂੰ **ਸਰੀਰਕ ਮੌਤ** ਤੋਂ ਬਚਾਉਂਦੇ ਹਨ। ਪਰਮੇਸ਼ਰ ਦੀ ਤਾੜਨਾ ਇਸ ਸੰਸਾਰ ਤੋਂ ਹਟਾਏ ਜਾਣ ਦਾ ਕਾਰਨ ਬਣ ਸਕਦੀ ਹੈ (1 ਕੁਰਿੰਥ 11:30; 1 ਯੂਹੰਨਾ 5:16)। ਇਸ ਤੋਂ ਇਲਾਵਾ, ਜੇਕਰ ਪਰਮੇਸ਼ਰ ਸਿੱਧੇ ਤੌਰ ਤੇ ਮੌਤ ਦਾ ਕਾਰਨ ਨਹੀਂ ਹੁੰਦੇ ਹਨ, ਤਾਂ ਸਾਡੇ ਪਾਪ (ਅਨੈਤਿਕਤਾ, ਖ਼ੁਦਕੁਸ਼ੀ, ਨਸ਼ਾ ਕਰਨਾ, ਅਪਰਾਧ, ਆਦਿ) ਸਾਨੂੰ ਕੁਦਰਤੀ ਤੌਰ ਤੇ ਸਰੀਰਕ ਮੌਤ ਵੱਲ ਲੈ ਜਾਂਦੇ ਹਨ। ਕਹਾਉਤਾਂ ਦੀ ਪੁਸਤਕ ਵਾਰ-ਵਾਰ ਪਾਪ ਅਤੇ ਸਰੀਰਕ ਮੌਤ ਦੇ ਵਿਚਕਾਰ ਸੰਬੰਧਾਂ ਬਾਰੇ ਚੇਤਾਵਨੀ ਦਿੰਦੀ ਹੈ (ਦੇਖੋ, ਕਹਾਉਤਾਂ 2:18; 5:5; 14:12; 21:16)।

ਯਾਕੂਬ 5 ਦੇ ਸੰਦਰਭ ਵਿੱਚ, ਇਹ ਸੰਭਾਵਨਾ ਵੀ ਸ਼ਾਮਲ ਹੈ ਕਿ ਪਾਪ ਦੇ ਕਾਰਨ ਕੋਈ ਬਿਮਾਰੀ ਆਉਂਦੀ ਹੈ। ਇਸ ਲਈ, ਪਰਮੇਸ਼ਰ ਦੁਆਰਾ ਸਿਹਤ ਨੂੰ ਬਹਾਲ ਕਰਨ ਦੇ ਲਈ ਪਾਪਾਂ ਦਾ ਇਕਰਾਰ ਕਰਨਾ ਵੀ ਇੱਕ ਕਾਰਕ ਹੋ ਸਕਦਾ ਹੈ (5:15b-16)। ਯਾਕੂਬ ਆਪਣੀ ਪੁਸਤਕ ਦਾ ਅੰਤ ਇਹਨਾਂ ਵਿਚਾਰਾਂ ਦੇ ਵਿਸਤਾਰ ਨਾਲ ਕਰਦਾ ਹੈ। ਇੱਕ ਵਿਅਕਤੀ ਜੋ ਵਿਸ਼ਵਾਸੀ ਨੂੰ ਤੋਬਾ ਵੱਲ ਲੈ ਜਾਂਦਾ ਹੈ, ਉਹ ਉਸ ਦੇ ਸਰੀਰਕ ਜੀਵਨ ਨੂੰ ਲੰਬਾ ਕਰ ਰਿਹਾ ਹੈ। ਯਾਕੂਬ 5 ਦਾ ਮੁੱਦਾ ਸ਼ਾਇਦ ਸਦੀਪਕ ਜੀਵਨ ਦਾ ਨੁਕਸਾਨ ਨਹੀਂ, ਪਰ ਸਰੀਰਕ ਜੀਵਨ ਦਾ ਨੁਕਸਾਨ ਹੋ ਸਕਦਾ ਹੈ।

**16. 2 ਪਤਰਸ 1:10-11**

> ਇਸ ਲਈ ਮੇਰੇ ਭਰਾਵੋ ਅਤੇ ਭੈਣੋ, ਤੁਸੀਂ ਆਪਣੇ ਸੱਦੇ ਅਤੇ ਚੋਣ ਨੂੰ ਸੱਚਾ ਸਿੱਧ ਕਰਨ ਦੀ ਪੂਰੀ ਕੋਸ਼ਿਸ਼ ਕਰੋ ਕਿਉਂਕਿ ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਕਦੀ ਵੀ ਠੋਕਰ ਨਹੀਂ ਖਾਵੋਗੇ ਅਤੇ ਤੁਸੀਂ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਅਨੰਤ ਰਾਜ ਵਿੱਚ ਦਾਖ਼ਲ ਹੋਣ ਦਾ ਪੂਰਾ ਹੱਕ ਪ੍ਰਾਪਤ ਕਰੋਗੇ। [2 ਪਤਰਸ 1:10-11]

ਪਤਰਸ ਦੇ ਸ਼ਬਦ ਨਿਸ਼ਚਤ ਤੌਰ ਤੇ ਮਸੀਹੀਆਂ ਨੂੰ ਕਹੇ ਗਏ ਹਨ (ਆਇਤ 3)। ਫਿਰ ਵੀ, ਕੁਝ ਮਸੀਹੀ ਪਰਮੇਸ਼ਰ ਦੁਆਰਾ ਦਿੱਤੀਆਂ ਗਈਆਂ ਬਰਕਤਾਂ ਨੂੰ ਭੁੱਲ ਜਾਂਦੇ ਹਨ। 2 ਪਤਰਸ 1:9 ਬੁਢਾਪੇ ਦੀ

[98] ਇਸ ਤੋਂ ਇਲਾਵਾ, ਯਾਕੂਬ ਧਰਮੀ ਠਹਿਰਾਉਣ ਦੀ ਅਜਿਹੀ ਵਿਆਖਿਆ ਕਰਦਾ ਹੈ ਜੋ ਪੌਲੁਸ ਦੀ ਵਿਆਖਿਆ ਤੋਂ ਵੱਖਰੀ ਹੈ। ਧਰਮੀ ਠਹਿਰਾਉਣ ਦਾ ਅਰਥ "ਧਰਮੀ ਐਲਾਨ ਕੀਤੇ ਜਾਣਾ" ਹੈ। ਪੌਲੁਸ ਪਰਮੇਸ਼ਰ ਦੁਆਰਾ ਧਰਮੀ ਠਹਿਰਾਏ ਜਾਣ ਬਾਰੇ ਲਿਖਦਾ ਹੈ। ਨਿਆਂਈ ਪਰਮੇਸ਼ਰ ਦੇ ਸਾਹਮਣੇ ਇੱਕ ਵਿਅਕਤੀ ਸਿਰਫ਼ ਵਿਸ਼ਵਾਸ ਦੁਆਰਾ ਹੀ ਧਰਮੀ ਠਹਿਰਾਇਆ ਜਾਂਦਾ ਹੈ। ਪਰ, ਅਜਿਹਾ ਲੱਗਦਾ ਹੈ ਕਿ ਯਾਕੂਬ ਦੂਜੇ ਲੋਕਾਂ ਦੁਆਰਾ ਧਰਮੀ ਘੋਸ਼ਿਤ ਕੀਤੇ ਜਾਣ ਬਾਰੇ ਗੱਲ ਕਰ ਰਿਹਾ ਹੈ। ਦੂਜੇ ਕਿਵੇਂ ਜਾਣ ਸਕਦੇ ਹਾਂ ਕਿ ਇੱਕ ਆਦਮੀ ਜਾਂ ਔਰਤ ਨੇ ਮੁਕਤੀ ਪਾਈ ਹੈ ਜਾਂ ਨਹੀਂ? ਲੋਕ ਵਿਸ਼ਵਾਸ ਅਤੇ ਚੰਗੇ ਕੰਮਾਂ ਦੇ ਆਧਾਰ ਉੱਤੇ ਇੱਕ ਵਿਅਕਤੀ ਨੂੰ ਧਰਮੀ ਘੋਸ਼ਿਤ ਕਰਦੇ ਹਨ। ਵਿਸ਼ਵਾਸ ਅਤੇ ਚੰਗੇ ਕੰਮਾਂ ਦੇ ਕਾਰਨ ਲੋਕ ਇਹ ਘੋਸ਼ਿਤ ਕਰ ਸਕਦੇ ਸਨ ਕਿ ਅਬਰਾਹਾਮ ਪਰਮੇਸ਼ਰ ਦੇ ਸਾਹਮਣੇ ਧਰਮੀ (ਬਚਾਇਆ ਗਿਆ) ਸੀ ਅਤੇ ਆਪਣੀ ਜੀਵਨ ਸ਼ੈਲੀ ਵਿੱਚ ਵੀ ਧਰਮੀ ਸੀ। ਅਬਰਾਹਾਮ ਦੇ ਵਿਸ਼ਵਾਸ ਅਤੇ ਚੰਗੇ ਕੰਮਾਂ ਦੇ ਆਧਾਰ ਤੇ ਦੂਜੇ ਲੋਕ ਉਸ ਨੂੰ "ਪਰਮੇਸ਼ਰ ਦਾ ਮਿੱਤਰ" ਕਹਿ ਸਕਦੇ ਸਨ (ਆਇਤ 23)।

ਤਸਵੀਰ ਹੈ। ਬੁਢਾਪੇ ਦੀ ਤੁਲਨਾ ਵਿੱਚ, ਜਿਹੜਾ ਵਿਅਕਤੀ ਕਈ ਸਾਲਾਂ ਤੋਂ ਵਿਸ਼ਵਾਸੀ ਹੈ, ਉਹ ਮਸੀਹੀ ਬਰਕਤਾਂ ਅਤੇ ਜ਼ਿੰਮੇਵਾਰੀਆਂ ਨੂੰ ਧੁੰਦਲਾ ਦੇਖਦਾ ਹੈ ਅਤੇ ਮਸੀਹ ਵਿੱਚ ਆਪਣੇ ਸ਼ੁਰੂਆਤੀ ਪਰਿਵਰਤਨ ਦੀਆਂ ਬਰਕਤਾਂ ਨੂੰ ਭੁੱਲ ਜਾਂਦਾ ਹੈ।

ਆਇਤਾਂ 10-11 ਵਿੱਚ ਪਤਰਸ ਆਤਮਿਕ ਬੁਢਾਪੇ ਬਾਰੇ ਚੇਤਾਵਨੀ ਦਿੰਦਾ ਹੈ। ਆਇਤ 10 ਵਿੱਚ ਵਰਤੀ ਗਈ ਕਿਰਿਆ ਮੱਧ ਆਵਾਜ਼ ਵਿੱਚ ਹੈ। ਇਸ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ: "ਆਪਣੇ ਸੱਦੇ ਅਤੇ ਚੋਣ ਨੂੰ ਯਕੀਨੀ ਬਣਾਓ"। ਇੱਕ ਤੱਥ ਵਿੱਚ, ਵਿਸ਼ਵਾਸੀ ਦੀ ਚੋਣ ਪਹਿਲਾਂ ਹੀ ਪੱਕੀ ਹੋ ਗਈ ਹੈ। ਪਰਮੇਸ਼ਰ ਉਸ ਨੂੰ ਸਵਰਗ ਵਿੱਚ ਲੈ ਜਾਣਗੇ। ਫਿਰ ਵੀ, ਕੁਝ ਮਸੀਹੀਆਂ ਨੂੰ ਆਪਣੀ ਇਸ ਸੁਰੱਖਿਆ ਬਾਰੇ ਯਕੀਨ ਨਹੀਂ ਹੁੰਦਾ ਹੈ। ਮਸੀਹੀ ਜੀਵਨ ਵਿੱਚ ਮਿਹਨਤ ਇੱਕ ਵਿਸ਼ਵਾਸੀ ਨੂੰ ਸੁਰੱਖਿਆ ਪ੍ਰਦਾਨ ਨਹੀਂ ਕਰਦੀ ਹੈ, ਪਰ ਇਹ ਉਸ ਦੇ ਅੰਦੂਰਨੀ ਭਰੋਸੇ ਨੂੰ ਡੂੰਘਾ ਕਰ ਕਰ ਸਕਦੀ ਹੈ। ਮੁਕਤੀ ਬਾਰੇ ਬੇਲੋੜੇ ਸ਼ੱਕ ਨੂੰ ਦੂਰ ਕਰਨ ਦਾ ਇੱਕ ਤਰੀਕਾ ਵਿਸ਼ਵਾਸ ਵਿੱਚ ਵੱਧਦੇ ਹੋਏ ਚਰਿੱਤਰ ਵਿੱਚ ਪ੍ਰਭੂ ਯਿਸੂ ਮਸੀਹ ਵਾਂਗ ਬਣਨਾ ਹੈ। ਪਵਿੱਤਰ ਆਤਮਾ ਨਾਲ ਸੰਬੰਧ ਮੁਕਤੀ ਦੇ ਭਰੋਸੇ ਨੂੰ ਵਧਾਉਂਦਾ ਹੈ (ਰੋਮੀ 8:16; 1 ਯੂਹੰਨਾ 5:7, 10-11)। 2 ਪਤਰਸ 1:10 ਵਿਸ਼ਵਾਸੀਆਂ ਨੂੰ ਤਾਕੀਦ ਕਰਦਾ ਹੈ ਕਿ ਉਹ ਮਿਹਨਤ ਨਾਲ ਆਪਣੀ ਮੁਕਤੀ ਦੇ ਭਰੋਸੇ ਨੂੰ ਡੂੰਘਾ ਕਰਨ। ਇਸ ਦੁਆਰਾ ਇੱਕ ਵਿਸ਼ਵਾਸੀ ਸ਼ੱਕ ਅਤੇ ਪਾਪ ਦੇ ਵਿਹਾਰਕ ਰਾਜ ਵਿੱਚ ਨਹੀਂ ਡਿੱਗੇਗਾ। ਫਿਰ ਇੱਕ ਵਿਸ਼ਵਾਸੀ ਮਸੀਹ ਦੇ ਨਾਲ ਸੰਗਤ ਦੇ ਜੀਵਨ ਤੋਂ ਅਲੱਗ ਨਹੀਂ ਹੋਵੇਗਾ।

2 ਪਤਰਸ 1:11 ਅਜਿਹੀ ਮਿਹਨਤ ਦੀ ਬਰਕਤ ਦੀ ਗੱਲ ਕਰਦਾ ਹੈ। ਪਤਰਸ ਚੰਗੇ ਕੰਮਾਂ ਦੁਆਰਾ ਸਵਰਗ ਵਿੱਚ ਪ੍ਰਵੇਸ਼ ਕਰਨ ਦੀ ਗੱਲ ਨਹੀਂ ਕਰਦਾ ਹੈ, ਬਲਕਿ ਉਹ ਇੱਕ **ਭਰਪੂਰੀ** ਦੇ ਪ੍ਰਵੇਸ਼ ਦੀ ਗੱਲ ਕਰਦਾ ਹੈ। ਕੁਝ ਵਿਸ਼ਵਾਸੀ ਮੁਕਤੀ ਤਾਂ ਪਾ ਲੈਣਗੇ, ਪਰ ਉਹਨਾਂ ਨੂੰ ਬਹੁਤ ਘੱਟ ਇਨਾਮ ਮਿਲਣਗੇ (ਉਹ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਕਰਨਗੇ ਪਰ ਇੱਕ ਭਰਪੂਰ ਪ੍ਰਵੇਸ਼ ਦਾ ਆਨੰਦ ਨਹੀਂ ਲੈਣਗੇ, 1 ਕੁਰਿੰਥ 3:15)। ਦੂਜੇ ਲੋਕ ਜਿਹੜੇ ਪਤਰਸ ਦੇ ਹੁਕਮ ਦੀ ਪਾਲਣਾ ਕਰਦੇ ਹਨ, ਉਹਨਾਂ ਨੂੰ ਪਰਮੇਸ਼ਰ ਦੇ ਰਾਜ ਵਿੱਚ ਭਰਪੂਰੀ ਦਾ ਪ੍ਰਵੇਸ਼ ਮਿਲੇਗਾ। 2 ਪਤਰਸ 1 ਵਿਚਲਾ ਵਿਕਲਪ ਮੁਕਤੀ ਪਾਉਣਾ ਜਾਂ ਮੁਕਤੀ ਦਾ ਨੁਕਸਾਨ ਨਹੀਂ ਹਨ। ਇੱਥੇ ਵਿਕਲਪ ਮੁਕਤੀ ਦਾ ਭਰੋਸਾ ਜਾਂ ਸ਼ੱਕ ਹੈ। ਇਹ ਸਿਰਫ਼ ਸਵਰਗ ਵਿੱਚ ਪ੍ਰਵੇਸ਼ ਬਨਾਮ ਇੱਕ ਭਰਪੂਰ ਪ੍ਰਵੇਸ਼ ਹਨ।

**17. 2 ਪਤਰਸ 2:20-22**

> ਜੇਕਰ ਉਹ ਇੱਕ ਵਾਰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਗਿਆਨ ਦੇ ਦੁਆਰਾ ਸੰਸਾਰਕ ਦੁਸ਼ਟਤਾ ਤੋਂ ਬਚ ਗਏ ਹਨ ਅਤੇ ਦੁਬਾਰਾ ਉਸ ਦੇ ਵਿੱਚ ਫਸ ਕੇ ਉਸ ਦੇ ਅਧੀਨ ਹੋ ਗਏ ਹਨ ਤਾਂ ਉਹਨਾਂ ਦੀ ਹਾਲਤ ਪਹਿਲਾਂ ਤੋਂ ਵੀ ਬੁਰੀ ਹੈ। ਕਿਉਂਕਿ ਉਹਨਾਂ ਦੇ ਲਈ ਚੰਗਾ ਹੁੰਦਾ ਕਿ ਉਹ ਨੇਕੀ ਦੇ ਰਾਹ ਨੂੰ ਨਾ ਹੀ ਜਾਣਦੇ, ਬਜਾਏ ਇਸ ਦੇ ਕਿ ਇਸ ਨੂੰ ਜਾਨਣ ਦੇ ਬਾਅਦ ਉਸ ਪਵਿੱਤਰ ਹੁਕਮ ਤੋਂ ਮੂੰਹ ਮੋੜ ਲੈਂਦੇ ਜਿਹੜਾ ਉਹਨਾਂ ਨੂੰ ਦਿੱਤਾ ਗਿਆ ਸੀ। ਅਜਿਹੇ ਲੋਕਾਂ ਦੇ ਉੱਤੇ ਇਹ ਕਹਾਵਤ ਠੀਕ ਢੁੱਕਦੀ ਹੈ, "ਕੁੱਤਾ ਆਪਣੀ ਹੀ ਉਲਟੀ ਵੱਲ ਵਾਪਸ ਜਾਂਦਾ ਹੈ।" ਅਤੇ "ਨਹਾਈ ਹੋਈ ਸੂਰਨੀ ਦੁਬਾਰਾ ਚਿੱਕੜ ਵਿੱਚ ਹੀ ਜਾ ਕੇ ਲਿਟਦੀ ਹੈ।" [2 ਪਤਰਸ 2:20-22]

ਪਤਰਸ ਯਕੀਨੀ ਤੌਰ ਤੇ ਨਾ ਬਚੇ ਹੋਏ ਲੋਕਾਂ ਬਾਰੇ ਲਿਖ ਰਿਹਾ ਹੈ। ਇਹ ਅਧਿਆਇ "ਝੂਠੇ ਨਬੀਆਂ" ਦੇ ਹਵਾਲੇ ਨਾਲ ਸ਼ੁਰੂ ਹੁੰਦਾ ਹੈ ਜੋ "ਮਾਲਕ ਦਾ ਇਨਕਾਰ" ਕਰਦੇ ਹਨ (ਆਇਤ 1)। ਇਹਨਾਂ ਲੋਕਾਂ ਦੇ ਮੁਕਤੀ ਰਹਿਤ ਹੋਣ ਦੇ ਬਹੁਤ ਸਾਰੇ ਸੰਕੇਤ ਪੂਰੇ ਅਧਿਆਇ ਵਿੱਚ ਮਿਲਦੇ ਹਨ। ਆਇਤ 9 ਵਿੱਚ ਇਹਨਾਂ ਨੂੰ "ਨਿਆਂ ਦੇ ਦਿਨ ਤੱਕ ਸਜ਼ਾ ਦੇ ਲਈ" ਰੱਖਿਆ ਗਿਆ ਹੈ। ਆਇਤ 12 ਇਹਨਾਂ ਦੇ "ਨਾਸ਼ ਕੀਤੇ ਜਾਣ" ਦਾ ਜ਼ਿਕਰ ਕਰਦੀ ਹੈ ਅਤੇ ਆਇਤ 14 ਦੱਸਦੀ ਹੈ ਕਿ ਉਹ "ਸਰਾਪ ਦੇ ਅਧੀਨ ਹਨ।" "ਸੁੱਕੇ ਹੋਣ" ਦਾ ਵਰਣਨ (ਆਇਤ 17) ਜੀਵਨ ਦੇ ਪਾਣੀ ਦੀ ਘਾਟ ਨੂੰ ਦਰਸਾਉਂਦਾ ਹੈ (ਯੂਹੰਨਾ 4:14)। ਇਹੀ ਆਇਤ ਕਹਿੰਦੀ ਹੈ ਕਿ ਉਹਨਾਂ ਲਈ "ਡੂੰਘੇ ਹਨੇਰੇ ਦਾ ਥਾਂ" ਰੱਖਿਆ ਹੋਇਆ ਹੈ (ਆਇਤ 17)। ਯਹੂਦਾ ਵੀ 2 ਪਤਰਸ ਦੇ ਵਾਂਗ ਗੱਲ ਕਰਦਾ ਹੈ। ਯਹੂਦਾ 19 ਵਿੱਚ ਝੂਠੇ ਗੁਰੂ "ਪਵਿੱਤਰ ਆਤਮਾ ਤੋਂ ਵਾਂਝੇ" ਹਨ। ਸਪੱਸ਼ਟ ਹੈ ਕਿ ਪਤਰਸ ਦੀ ਟਿੱਪਣੀਆਂ ਮੁਕਤੀ ਰਹਿਤ ਲੋਕਾਂ ਦੇ ਲਈ ਸਨ। ਇਸ ਦੀ ਵਿਆਖਿਆ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਇਹ ਚਰਚਾ ਉਹਨਾਂ ਬਾਰੇ ਹੈ ਜਿਹਨਾਂ ਨੇ ਕਦੇ ਵੀ ਮਸੀਹ ਉੱਤੇ ਭਰੋਸਾ ਨਹੀਂ ਕੀਤਾ ਸੀ (ਨਾ ਕਿ ਵਿਸ਼ਵਾਸੀ ਜਿਹਨਾਂ ਨੇ ਆਪਣੀ ਮੁਕਤੀ ਗੁਆ ਲਈ ਹੈ)। ਇਹਨਾਂ ਅਵਿਸ਼ਵਾਸੀ ਝੂਠੇ ਨਬੀਆਂ ਨੇ ਇੱਕ ਸਮੇਂ ਪ੍ਰਭੂ ਯਿਸੂ ਦੇ ਗਿਆਨ ਦੁਆਰਾ ਡੂੰਘੀ ਨੈਤਿਕ ਅਸ਼ੁੱਧਤਾ ਤੋਂ ਕੁਝ ਸਮੇਂ ਦੇ ਬਚਾਅ ਦਾ ਅਨੁਭਵ ਜ਼ਰੂਰ ਕੀਤਾ ਸੀ। ਇੱਥੇ ਗਿਆਨ ਦਾ ਅਰਥ ਮਸੀਹ ਉੱਤੇ ਇੱਕ ਮੁਕਤੀਦਾਤਾ ਵਜੋਂ ਭਰੋਸਾ ਕਰਨਾ ਨਹੀਂ ਹੈ। ਉਹਨਾਂ ਨੇ ਮਸੀਹ ਅਤੇ ਉਹਨਾਂ ਦੀ ਸਿੱਖਿਆ ਦੇ ਬਾਰੇ ਬੌਧਿਕ ਗਿਆਨ ਪ੍ਰਾਪਤ ਕੀਤਾ ਸੀ ਜਿਸ ਨਾਲ ਉਹਨਾਂ ਵਿੱਚ ਨੈਤਿਕ ਸੁਧਾਰ ਹੋਇਆ ਪਰ ਮਸੀਹ ਵਿੱਚ ਵਿਸ਼ਵਾਸ ਦੁਆਰਾ ਉਹਨਾਂ ਦਾ ਸੱਚਾ ਜੀਵਨ ਪਰਿਵਰਤਨ ਨਹੀਂ ਹੋਇਆ ਸੀ। ਬਹੁਤ ਸਾਰੇ ਮੁਕਤੀ ਰਹਿਤ ਲੋਕ ਮਸੀਹੀ ਸਿੱਖਿਆ ਨੂੰ ਸੁਣ ਕੇ ਨੈਤਿਕ ਸੁਧਾਰ ਦਾ ਅਨੁਭਵ ਕਰਦੇ ਹਨ। ਉਹ ਦਸ ਹੁਕਮਾਂ, ਸੁਨਹਿਰੀ ਨਿਯਮ, ਚੰਗੇ ਸਾਮਰੀ ਦਾ ਦ੍ਰਿਸ਼ਟਾਂਤ ਨੂੰ ਜਾਣ ਲੈਂਦੇ ਹਨ। ਅਜਿਹਾ ਗਿਆਨ ਬਚਾਉਣ ਵਾਲਾ ਵਿਸ਼ਵਾਸ ਨਹੀਂ ਹੈ, ਪਰ ਇਹ ਨੈਤਿਕਤਾ ਵਿੱਚ ਸੁਧਾਰ ਜ਼ਰੂਰ ਕਰ ਸਕਦਾ ਹੈ।

ਪਰ, ਪਤਰਸ ਇਹ ਕਹਿੰਦਾ ਹੈ ਕਿ ਜਿਹਨਾਂ ਦਾ ਬਚਾਉਣ ਵਾਲੇ ਵਿਸ਼ਵਾਸ ਤੋਂ ਬਿਨਾਂ ਨੈਤਿਕ ਸੁਧਾਰ ਹੋ ਜਾਂਦਾ ਹੈ, ਉਹ ਅੰਤ ਵਿੱਚ ਆਪਣੀਆਂ ਪੁਰਾਣੀਆਂ ਆਦਤਾਂ ਵੱਲ ਵਾਪਸ ਮੁੜ ਜਾਣਗੇ।[99] ਇੱਕ ਅਜਿਹਾ ਵਿਅਕਤੀ ਜਿਸ ਨੇ ਕਦੇ ਵੀ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਸੀ, ਜੇਕਰ ਉਹ ਪਰਮੇਸ਼ਰ ਦੇ ਪਵਿੱਤਰ ਹੁਕਮਾਂ ਦੇ ਗਿਆਨ ਨੂੰ ਰੱਦ ਕਰਦਾ ਹੈ, ਉਸ ਦੀ ਹਾਲਤ ਘੱਟੋ-ਘੱਟ ਤਿੰਨ ਗੱਲਾਂ ਵਿੱਚ ਮਾੜੀ ਹੁੰਦੀ ਹੈ। ਪਹਿਲੀ ਗੱਲ, ਕਿ ਬਾਅਦ ਵਿੱਚ ਜਦੋਂ ਉਸ ਨੂੰ ਸ਼ੁਭ-ਸਮਾਚਾਰ ਸੁਣਾਇਆ ਜਾਵੇਗਾ ਤਾਂ ਉਹ ਹੋਰ ਕਠੋਰ ਹੋ ਜਾਵੇਗਾ। ਸ਼ੁਭ-ਸਮਾਚਾਰ ਨੂੰ ਰੱਦ ਕਰਨਾ ਅਕਸਰ ਭਵਿੱਖ ਵਿੱਚ ਯਿਸੂ ਉੱਤੇ ਭਰੋਸਾ ਕਰਨ ਦੇ ਸੱਦੇ ਨੂੰ ਮੁਸ਼ਕਲ ਬਣਾ ਦਿੰਦਾ ਹੈ। ਦੂਜੀ ਗੱਲ, ਕਿ ਜਿਹੜੇ ਲੋਕ ਮਸੀਹਤ ਦੇ ਨੈਤਿਕ ਨਿਯਮਾਂ ਨੂੰ ਰੱਦ ਕਰਦੇ ਹਨ, ਉਹ ਅਕਸਰ ਮਸੀਹਤ ਦੇ ਨਿਯਮਾਂ ਦੇ ਸੰਪਰਕ ਵਿੱਚ ਆਉਣ ਤੋਂ ਪਹਿਲਾਂ ਆਪਣੇ ਨੈਤਿਕ ਪ੍ਰਭਾਵਾਂ ਨੂੰ ਹੋਰ ਵੀ ਬੁਰਾਈ ਵੱਲ ਮੋੜਦੇ ਹਨ। ਪਵਿੱਤਰਤਾ ਦੇ ਲਈ ਹੁਕਮਾਂ ਨੂੰ ਰੱਦ ਕਰਨ ਦੇ ਨਾਲ-ਨਾਲ ਸ਼ੁਭ-ਸਮਾਚਾਰ ਨੂੰ ਰੱਦ ਕਰਨਾ ਡੂੰਘੀ ਬਗਾਵਤ ਅਤੇ ਬੁਰਾਈ ਵਿੱਚ ਪਹੁੰਚਾ ਸਕਦਾ ਹੈ। ਅੰਤ ਵਿੱਚ, ਉਹ ਜਿਹੜੇ ਗਿਆਨਵਾਨ ਹੋਣ ਦੇ ਲਈ ਮਸੀਹ ਨੂੰ ਰੱਦ ਕਰਦੇ ਹਨ, ਉਹ ਜ਼ਿਆਦਾ ਸਦੀਪਕ ਸਜ਼ਾ ਨੂੰ ਪਾਉਣਗੇ। ਮੱਤੀ 10:15; 11:20-24; ਲੂਕਾ 10:12, 14; ਅਤੇ ਲੂਕਾ 12:47-48 ਵਿੱਚ ਪ੍ਰਭੂ ਸ਼ਾਇਦ ਇਹੀ ਸਿਖਾ ਰਹੇ ਹਨ। ਜਿਹੜੇ ਲੋਕ ਪਰਮੇਸ਼ਰ ਦੇ ਸੱਚ ਨਾਲ ਸਾਹਮਣਾ ਹੋ ਜਾਣ ਤੋਂ ਬਾਅਦ ਵੀ ਅਵਿਸ਼ਵਾਸ ਅਤੇ ਪਾਪ ਵੱਲ ਮੁੜਦੇ ਹਨ, ਉਹ ਉਹਨਾਂ ਲੋਕਾਂ ਨਾਲੋਂ ਵਧੇਰੇ ਸਦੀਪਕ ਸਜ਼ਾ ਨੂੰ ਪਾਉਣਗੇ ਜਿਹਨਾਂ ਨੂੰ ਪਰਮੇਸ਼ਰ ਦੇ ਸੱਚ ਦੇ ਮੌਕੇ ਮਿਲੇ ਹੀ ਨਹੀਂ ਸਨ।

**18. 1 ਯੂਹੰਨਾ 5:16**

> ਜੇਕਰ ਕੋਈ ਆਪਣੇ ਵਿਸ਼ਵਾਸੀ ਭਰਾ ਜਾਂ ਭੈਣ ਨੂੰ ਅਜਿਹਾ ਪਾਪ ਕਰਦਾ ਦੇਖਦਾ ਹੈ ਜਿਸ ਦਾ ਨਤੀਜਾ ਮੌਤ ਨਹੀਂ ਹੈ ਤਾਂ ਉਹ ਉਹਨਾਂ ਦੇ ਲਈ ਪ੍ਰਾਰਥਨਾ ਕਰੇ ਅਤੇ ਪਰਮੇਸ਼ਰ ਉਹਨਾਂ ਨੂੰ ਜੀਵਨ ਦੇਣਗੇ ਇਹ ਉਹਨਾਂ ਦੇ ਲਈ ਹੈ ਜਿਹੜੇ ਅਜਿਹਾ ਪਾਪ ਕਰਦੇ ਹਨ ਜਿਸ ਦਾ ਨਤੀਜਾ ਮੌਤ ਨਹੀਂ ਹੈ ਕਿਉਂਕਿ ਅਜਿਹਾ ਪਾਪ ਵੀ ਹੈ ਜਿਸ ਦਾ ਨਤੀਜਾ ਮੌਤ ਹੈ, ਇਸ ਦੇ ਲਈ ਮੈਂ ਤੁਹਾਨੂੰ ਪ੍ਰਾਰਥਨਾ ਕਰਨ ਦੇ ਲਈ ਨਹੀਂ ਕਹਿੰਦਾ। [1 ਯੂਹੰਨਾ 5:16]

1 ਯੂਹੰਨਾ 5:16 ਵਿੱਚ ਵਿਸ਼ਾ ਇੱਕ ਗੰਭੀਰ ਪਾਪ ਵਿੱਚ ਪਏ ਭਰਾ ਦੇ ਲਈ ਪ੍ਰਾਰਥਨਾ ਕਰਨਾ ਹੈ।

ਸਿਰਫ਼ ਪਰਮੇਸ਼ਰ ਹੀ ਪਾਪ ਦੇ ਸੁਭਾਅ ਅਤੇ ਪੱਧਰ ਨੂੰ ਜਾਣਦੇ ਹਨ ਜੋ ਇੱਕ ਮਸੀਹੀ ਨੂੰ ਮੌਤ ਵੱਲ ਲੈ ਜਾ ਸਕਦਾ ਹੈ, ਪਰ ਪਰਮੇਸ਼ਰ ਕਦੇ ਨਾ ਕਦੇ ਪਾਪ ਵਿੱਚ ਪਏ ਵਿਸ਼ਵਾਸੀ ਨੂੰ ਘਰ ਲੈ ਜਾਣਗੇ। ਇੱਥੇ ਕਿਸੇ ਖ਼ਾਸ ਪਾਪ ਦਾ ਵਰਣਨ ਨਹੀਂ ਕੀਤਾ ਗਿਆ ਹੈ ਜੋ ਮੌਤ ਵੱਲ ਲੈ ਜਾਂਦਾ ਹੈ। ਕਈ ਵਾਰ ਪਰਮੇਸ਼ਰ ਇੱਕ ਵਿਸ਼ਵਾਸੀ ਨੂੰ ਬਹੁਤ ਜਲਦੀ ਸਰੀਰਕ ਮੌਤ ਦੁਆਰਾ ਸਜ਼ਾ ਦਿੰਦੇ ਹਨ (ਜਿਵੇਂ ਕਿ ਰਸੂਲਾਂ 5:1-11 ਵਿੱਚ ਹੈ)। (ਇਸ ਸਥਿਤੀ ਜਾਂ ਜਲਦੀ ਮੌਤ ਦੇ ਮਾਮਲੇ ਵਿੱਚ) ਵਾਕਾਂਸ਼ "ਇਸ ਲਈ ਮੈਂ ਤੁਹਾਨੂੰ ਪ੍ਰਾਰਥਨਾ ਕਰਨ ਲਈ ਨਹੀਂ ਕਹਿੰਦਾ" ਦਾ ਅਰਥ ਪ੍ਰਾਰਥਨਾ ਦੀ ਪਾਬੰਦੀ ਨਹੀਂ ਹੈ। ਇਸ ਦੀ ਬਜਾਏ, ਇਹ ਪਾਪ ਕਰਨ ਵਾਲੇ ਭਰਾ ਦੇ ਲਈ ਪ੍ਰਾਰਥਨਾ ਕਰਨ ਦੇ ਹੁਕਮ ਤੋਂ ਇੱਕ ਵਿਸ਼ੇਸ਼ ਛੋਟ ਹੈ। ਕੋਈ ਇਸ ਨੂੰ ਇਸ ਤਰ੍ਹਾਂ ਕਹਿ ਸਕਦਾ ਹੈ, "ਮੇਰਾ ਇਹ ਅਰਥ ਨਹੀਂ ਹੈ ਕਿ ਤੁਸੀਂ ਉਸ ਭਰਾ ਦੇ ਲਈ ਪ੍ਰਾਰਥਨਾ ਕਰਨ ਲਈ ਜ਼ਿੰਮੇਵਾਰ ਅਤੇ ਜਵਾਬਦੇਹ ਹੋ, ਜੋ ਗੁਪਤ ਰੂਪ ਵਿੱਚ ਪਾਪ ਕਰਦਾ ਹੈ ਅਤੇ ਫਿਰ ਅਚਾਨਕ ਮਰ ਜਾਂਦਾ ਹੈ, ਪਰ ਤੁਹਾਡੇ ਉੱਤੇ ਅਜਿਹੇ (ਜਿਊਂਦੇ) ਭਰਾ ਦੇ ਲਈ ਪ੍ਰਾਰਥਨਾ ਕਰਨ ਦੀ ਜ਼ਿੰਮੇਵਾਰੀ ਹੈ ਜਿਸ ਦੇ ਗੰਭੀਰ ਪਾਪ ਨੂੰ ਤੁਸੀਂ ਜਾਣਦੇ ਹੋ।"

ਇੱਕ ਮਿੱਤਰ ਦੀ ਮੌਤ ਝੂਠੇ ਦੋਸ਼ ਦੀ ਤਰਕਹੀਣ ਭਾਵਨਾ ਲਿਆ ਸਕਦੀ ਹੈ। ਯੂਹੰਨਾ ਇਹ ਨਹੀਂ ਚਾਹੁੰਦਾ ਕਿ ਜੇਕਰ ਇੱਕ ਵਿਸ਼ਵਾਸੀ ਸਪੱਸ਼ਟ ਤੌਰ ਤੇ ਪਰਮੇਸ਼ਰ ਦੀ ਸਜ਼ਾ ਦੁਆਰਾ ਅਚਾਨਕ ਮਰ ਜਾਂਦਾ ਹੈ ਤਾਂ ਕਿਸੇ ਹੋਰ ਨੂੰ ਝੂਠੇ ਦੋਸ਼ ਦਾ ਸਾਹਮਣਾ ਕਰਨਾ ਪਵੇ, ਕਿਉਂਕਿ ਉਸ ਭਰਾ ਦੀ ਮੌਤ ਤੋਂ ਬਾਅਦ ਉਸ ਦੇ ਗੁਪਤ ਪਾਪ ਪ੍ਰਗਟ ਹੋ ਗਏ ਹਨ। ਨਾਜ਼ੁਕ ਲੋਕ ਇਹ ਸੋਚ ਸਕਦੇ ਹਨ ਕਿ ਇੱਕ ਮਿੱਤਰ ਦੀ ਮੌਤ ਦਾ ਉਹਨਾਂ ਦੇ ਪ੍ਰਾਰਥਨਾ ਨਾ ਕਰਨ ਨਾਲ ਕੁਝ ਲੈਣਾ ਦੇਣਾ ਹੈ, ਹਾਲਾਂਕਿ ਉਹਨਾਂ ਨੂੰ ਉਸ ਦੇ ਗੰਭੀਰ ਪਾਪ ਵਿੱਚ ਸ਼ਾਮਲ ਹੋਣ ਦੀ ਕੋਈ ਜਾਣਕਾਰੀ ਹੀ ਨਹੀਂ ਸੀ। ਅਜਿਹੇ ਹਲਾਤਾਂ ਵਿੱਚ, ਜਿੱਥੇ ਇੱਕ ਵਿਅਕਤੀ ਦੀ ਗੁਪਤ ਪਾਪ ਕਾਰਨ ਮੌਤ ਹੁੰਦੀ ਹੈ, ਯੂਹੰਨਾ ਇਹ ਚਾਹੁੰਦਾ ਹੈ ਕਿ ਉਸ ਦੇ ਪਾਠਕ ਇਹ ਜਾਣ ਲੈਣ ਕਿ ਪਰਮੇਸ਼ਰ ਉਹਨਾਂ ਨੂੰ ਕਦੇ ਵੀ ਇੱਕ ਭਰਾ ਦੇ ਲਈ ਪ੍ਰਾਰਥਨਾ ਕਰਨ ਲਈ ਜ਼ਿੰਮੇਵਾਰ ਨਹੀਂ ਠਹਿਰਾਉਣਗੇ ਜਦੋਂ ਕਿ ਉਹ ਉਸ ਦੇ ਪਾਪਾਂ ਬਾਰੇ ਨਹੀਂ ਜਾਣਦੇ ਸਨ। ਉਹਨਾਂ ਨੂੰ ਆਪਣੇ ਆਪ ਨੂੰ 1 ਯੂਹੰਨਾ 5:16 ਦੇ ਹੁਕਮ ਤੋਂ ਮੁਕਤ ਸਮਝਣਾ ਚਾਹੀਦਾ ਹੈ ਜੋ ਪਾਪ ਵਿੱਚ ਭਰਾਵਾਂ ਦੇ ਲਈ ਪ੍ਰਾਰਥਨਾ ਕਰਨਾ ਹੈ।

ਜ਼ਿਆਦਾਤਰ ਮਾਮਲਿਆਂ ਵਿੱਚ ਇੱਕ ਗੰਭੀਰ ਪਾਪ ਵਾਲਾ ਵਿਸ਼ਵਾਸੀ ਅਚਾਨਕ ਨਹੀਂ ਮਰਦਾ ਹੈ। ਦੂਜੇ ਮਸੀਹੀ ਲੋਕਾਂ ਕੋਲ ਆਪਣੇ ਭਰਾ ਦੇ ਤੋਬਾ ਕਰਨ ਬਾਰੇ ਗੱਲ ਕਰਨ ਅਤੇ ਪ੍ਰਾਰਥਨਾ ਕਰਨ ਦਾ ਸਮਾਂ ਹੁੰਦਾ ਹੈ। ਹਾਲਾਂਕਿ ਉਹ ਵਿਸ਼ਵਾਸੀ ਅਜੇ ਵੀ ਜਿਊਂਦਾ ਹੈ, ਪਰ ਉਹ ਉਸ ਪਾਪ ਵਿੱਚ ਨਿਰੰਤਰ ਰਹਿ ਕੇ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ (1 ਕੁਰਿੰਥ 11:30; ਯਾਕੂਬ 5:19-20)। ਜ਼ਾਹਰ ਹੈ ਕਿ ਇੱਕ ਸਮੇਂ ਉਸ ਪ੍ਰਤੀ ਪਰਮੇਸ਼ਰ ਦਾ ਸਬਰ ਖ਼ਤਮ ਹੋ ਜਾਵੇਗਾ। ਕਈ ਵਾਰ ਪਾਪ ਇੱਕ ਹੌਲੀ-ਹੌਲੀ ਚੱਲਣ ਵਾਲੀ ਵਿਅਰਥ ਪ੍ਰਕਿਰਿਆ ਦੁਆਰਾ ਸਮੇਂ ਤੋਂ

[99] ਮੱਤੀ 12:43-45 ਵਿੱਚ ਪ੍ਰਭੂ ਦੀ ਸਿੱਖਿਆ ਤੋਂ ਇਹੀ ਸੱਚ ਲਾਗੂ ਕੀਤਾ ਜਾ ਸਕਦੀ ਹੈ।

ਪਹਿਲਾਂ ਮੌਤ ਵੱਲ ਲੈ ਜਾਂਦਾ ਹੈ (ਕਹਾਉਤਾਂ 10:27,11:19; 13:14; 19:16; 21:16)। ਅਜਿਹੇ ਹਲਾਤਾਂ ਵਿੱਚ ਜਿੱਥੇ ਪਾਪ ਵਿੱਚ ਫਸਿਆ ਭਰਾ ਅਚਾਨਕ ਨਹੀਂ ਮਰਦਾ ਹੈ, ਤਾਂ ਉਸ ਦੀ ਬੁਰਾਈ ਤੋਂ ਜਾਣੂ ਬਾਕੀ ਮਸੀਹੀ ਲੋਕ ਪ੍ਰਾਰਥਨਾ ਕਰਨ ਲਈ ਯੂਹੰਨਾ ਦੇ ਹੁਕਮ ਦੇ ਅਧੀਨ ਹਨ। ਇਹ ਸਪੱਸ਼ਟ ਹੈ ਕਿ ਇਹਨਾਂ ਮਾਮਲਿਆਂ ਵਿੱਚ ਤੋਬਾ ਕਰਨ ਵਿੱਚ ਸਮਾਂ ਹੁੰਦਾ ਹੈ, ਪਰ ਜ਼ਿੱਦੀ ਪਾਪ ਜੀਵਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ। ਕਿਉਂਕਿ ਯੂਹੰਨਾ ਦਾ ਵਿਸ਼ਾ ਸਰੀਰਕ ਜੀਵਨ ਨੂੰ ਗੁਆਉਣ ਦਾ ਜੋਖਮ ਹੈ, ਇਸ ਲਈ 1 ਯੂਹੰਨਾ 5:16 ਨੂੰ ਆਤਮਿਕ ਮੁਕਤੀ ਦੇ ਨੁਕਸਾਨ ਬਾਰੇ ਚੇਤਾਵਨੀ ਦੇ ਲਈ ਵਰਤਿਆ ਨਹੀਂ ਜਾ ਸਕਦਾ ਹੈ।

### 19. ਪ੍ਰਕਾਸ਼ 3:1-6 – ਜੀਵਨ ਦੀ ਪੁਸਤਕ

ਪ੍ਰਕਾਸ਼ 3:1-6 ਵਿੱਚ ਪ੍ਰਭੂ ਯਿਸੂ ਸਾਰਦੀਸ ਦੀ ਕਲੀਸਿਯਾ ਬਾਰੇ ਗੱਲ ਕਰਦੇ ਹਨ। ਇਸ ਕਲੀਸਿਯਾ ਵਿੱਚ ਬਹੁਤ ਸਾਰੇ ਮਰੇ ਹੋਏ ਹਨ (ਆਇਤ 2, ਅਵਿਸ਼ਵਾਸੀ)। ਕਲੀਸਿਯਾ ਦੇ ਜੀਵਨ ਦੇ ਹੋਰ ਪਹਿਲੂ ਵੀ ਖ਼ਤਮ ਹੋਣ ਵਾਲੇ ਹਨ (ਜਿਵੇਂ ਕਿ, ਸੱਚੇ ਸਿਧਾਂਤ ਅਤੇ ਨੈਤਿਕਤਾ)। ਥੋੜ੍ਹੇ ਲੋਕ ਹੀ ਮੁਕਤੀ ਪਾਏ ਹੋਏ ਹਨ ਅਤੇ ਉਹਨਾਂ ਨੇ ਮਸੀਹ ਦੀ ਧਾਰਮਿਕਤਾ ਦੇ ਕੱਪੜੇ ਪਾਏ ਹੋਏ ਹਨ (ਆਇਤ 4)। ਪ੍ਰਕਾਸ਼ 3:5 ਵਿੱਚ ਪ੍ਰਭੂ ਯਿਸੂ ਵਾਅਦਾ ਕਰਦੇ ਹਨ ਕਿ ਜੋ ਜਿੱਤ ਪ੍ਰਾਪਤ ਕਰਦਾ ਹੈ ਉਹ ਉਸ ਦਾ ਨਾਂ ਜੀਵਨ ਦੀ ਪੁਸਤਕ ਵਿੱਚੋਂ ਨਹੀਂ ਮਿਟਾਉਣਗੇ। 1 ਯੂਹੰਨਾ 5:4 ਵਿੱਚ ਰਸੂਲ ਯੂਹੰਨਾ ਜਿੱਤ ਪਾਉਣ ਦੀ ਵਿਆਖਿਆ ਮਸੀਹ ਵਿੱਚ ਵਿਸ਼ਵਾਸ ਦੇ ਰੂਪ ਵਿੱਚ ਕਰਦਾ ਹੈ (ਇਸ ਵਿੱਚ ਅਤੀਤ ਦੇ ਵਾਕ ਉੱਤੇ ਧਿਆਨ ਦਿਓ)। ਇਸ ਤਰ੍ਹਾਂ, ਪ੍ਰਕਾਸ਼ 3:5 ਇਹ ਵਾਅਦਾ ਕਰ ਰਿਹਾ ਹੈ ਕਿ ਜਿਹੜੇ ਵਿਸ਼ਵਾਸ ਕਰਦੇ ਹਨ, ਉਹਨਾਂ ਦਾ ਨਾਂ ਜੀਵਨ ਦੀ ਪੁਸਤਕ ਵਿੱਚੋਂ ਮਿਟਾਇਆ **ਨਹੀਂ** ਜਾਵੇਗਾ।

> “ਉਹ ਜਿਹੜਾ ਜਿੱਤ ਪ੍ਰਾਪਤ ਕਰਦਾ ਹੈ ਉਸ ਨੂੰ ਇਸੇ ਤਰ੍ਹਾਂ ਚਿੱਟਾ ਚੋਗਾ ਪਹਿਨਾਇਆ ਜਾਵੇਗਾ ਅਤੇ ਮੈਂ ਉਸ ਦਾ ਨਾਂ ਜੀਵਨ ਦੀ ਪੁਸਤਕ ਵਿੱਚੋਂ ਨਹੀਂ ਮਿਟਾਵਾਂਗਾ ਸਗੋਂ ਮੈਂ ਆਪਣੇ ਪਿਤਾ ਅਤੇ ਉਹਨਾਂ ਦੇ ਸਵਰਗਦੂਤਾਂ ਦੇ ਸਾਹਮਣੇ ਉਸ ਦੇ ਨਾਂ ਦਾ ਇੱਕਰਾਰ ਕਰਾਂਗਾ” [ਪ੍ਰਕਾਸ਼ 3:5]

ਇੱਕ ਆਇਤ ਜੋ ਵਾਅਦਾ ਕਰਦੀ ਹੈ ਕਿ ਵਿਸ਼ਵਾਸੀਆਂ ਦੇ ਨਾਂ ਜੀਵਨ ਦੀ ਪੁਸਤਕ ਵਿੱਚੋਂ **ਨਹੀਂ** ਮਿਟਾਏ ਜਾਣਗੇ, ਇਹ ਇਸ ਗੱਲ ਦਾ ਚੰਗਾ ਸਬੂਤ ਨਹੀਂ ਹੈ ਕਿ ਵਿਸ਼ਵਾਸੀ ਆਪਣੀ ਮੁਕਤੀ ਗੁਆ ਸਕਦਾ ਹੈ।

ਪੁਰਾਣੇ ਨੇਮ ਵਿੱਚ ਜੀਵਨ ਦੀ ਪੁਸਤਕ ਵਿੱਚੋਂ ਨਾਂ ਦੇ ਮਿਟਾਏ ਜਾਣ ਬਾਰੇ ਹੋਰ ਹਵਾਲੇ ਦਿੱਤੇ ਗਏ ਹਨ। ਕੂਚ 32:32 ਵਿੱਚ ਮੂਸਾ ਕਹਿੰਦਾ ਹੈ ਕਿ ਉਸ ਦਾ ਨਾਂ ਜੀਵਨ ਦੀ ਪੁਸਤਕ ਵਿੱਚੋਂ ਮਿਟਾ ਦਿੱਤਾ ਜਾਵੇ। ਜ਼ਬੂਰ 69:28 ਵਿੱਚ ਜ਼ਬੂਰ ਲਿਖਣ ਵਾਲਾ ਪ੍ਰਾਰਥਨਾ ਕਰਦਾ ਹੈ ਕਿ ਉਸ ਉੱਤੇ ਅਤਿਆਚਾਰ ਕਰਨ ਵਾਲਿਆਂ ਦੇ ਨਾਂ ਜੀਵਨ ਦੀ ਪੁਸਤਕ ਵਿੱਚੋਂ ਮਿਟਾ ਦਿੱਤੇ ਜਾਣ। ਇੱਕ ਵਿਆਖਿਆ ਇਹ ਵੀ ਹੈ ਕਿ ਪੁਰਾਣਾ ਨੇਮ ਸਰੀਰਕ ਜੀਵਨ ਦੀ ਪੁਸਤਕ ਬਾਰੇ ਗੱਲ ਕਰਦਾ ਹੈ। ਬਾਈਬਲ ਪਰਮੇਸ਼ਰ ਦੀਆਂ ਬਹੁਤ ਸਾਰੀਆਂ ਪੁਸਤਕਾਂ ਦੀ ਗੱਲ ਕਰਦੀ ਹੈ (ਦਾਨੀਏਲ 7:10; ਪ੍ਰਕਾਸ਼ 20:12)। ਮੇਮਣੇ ਦੀ ਜੀਵਨ ਦੀ ਪੁਸਤਕ ਯਕੀਨਨ ਤੌਰ ਤੇ ਸਦੀਪਕ ਜੀਵਨ ਦੀ ਪੁਸਤਕ ਹੈ। ਫਿਰ ਵੀ, ਇਹ ਸੰਭਵ ਹੈ ਕਿ ਪੁਰਾਣੇ ਨੇਮ ਦੀ ਜੀਵਨ ਦੀ ਪੁਸਤਕ ਇੱਕ ਸਰੀਰਕ ਜੀਵਨ ਦੀ ਪੁਸਤਕ ਹੈ। ਜੇਕਰ ਅਜਿਹਾ ਹੈ, ਤਾਂ ਮੂਸਾ ਸਰੀਰਕ ਰੂਪ ਵਿੱਚ ਮਰਨ ਲਈ ਕਹਿ ਰਿਹਾ ਹੈ। ਜ਼ਬੂਰ ਦਾ ਲਿਖਾਰੀ ਮਸੀਹ ਨੂੰ ਸਤਾਉਣ ਵਾਲਿਆਂ ਲਈ ਮੌਤ ਦੀ ਮੰਗ ਕਰ ਰਿਹਾ ਹੈ (ਜ਼ਬੂਰ 69 ਨਿਸ਼ਚਤ ਤੌਰ ਤੇ ਮਸੀਹ ਬਾਰੇ ਹੈ)।

ਇੱਕ ਦੂਜਾ ਵਿਚਾਰ ਇਹ ਕਹਿੰਦਾ ਹੈ ਕਿ ਪੁਰਾਣੇ ਨੇਮ ਵਿੱਚ ਜੀਵਨ ਦੀ ਪੁਸਤਕ ਸਰੀਰਕ ਜੀਵਨ ਦੀ ਨਹੀਂ ਪਰ ਸਦੀਪਕ ਜੀਵਨ ਦੀ ਪੁਸਤਕ ਹੈ। ਪਰ, ਕੂਚ 32 ਵਿੱਚ ਮੂਸਾ ਦੀ ਬੇਨਤੀ ਨੂੰ ਇੱਕ ਅਸੰਭਵ ਮੰਗ ਵਜੋਂ ਦੇਖਿਆ ਜਾਂਦਾ ਹੈ। ਇਹ ਸਪੱਸ਼ਟ ਹੈ ਕਿ ਪਰਮੇਸ਼ਰ ਨੇ ਮੂਸਾ ਦੀ ਉਤਾਵਲੀ ਵਾਲੀ ਅਤੇ ਅਸੰਭਵ ਬੇਨਤੀ ਨੂੰ ਠੁਕਰਾ ਦਿੱਤਾ ਸੀ। ਮੂਸਾ ਦੇ ਸ਼ਬਦ ਰੋਮੀ 9:1-3 ਵਿਚਲੇ ਪੌਲੁਸ ਦੇ ਵਿਚਾਰ ਵਰਗੇ ਹੀ ਸਨ। ਜੇਕਰ ਇਹ ਸੰਭਵ ਹੁੰਦਾ ਤਾਂ ਪੌਲੁਸ ਨੇ ਇਸਰਾਏਲ ਦੀ ਮੁਕਤੀ ਦੇ ਲਈ ਆਪਣੀ ਮੁਕਤੀ ਦਾ ਵਪਾਰ ਕੀਤਾ ਹੁੰਦਾ। ਜ਼ਬੂਰ 69:28 ਨੂੰ ਇਸ ਤਰ੍ਹਾਂ ਮੰਨਿਆ ਜਾ ਸਕਦਾ ਹੈ ਕਿ ਇਹ ਸਦੀਪਕ ਜੀਵਨ ਨਾਲ ਸੰਬੰਧਿਤ ਪੁਸਤਕ ਬਾਰੇ ਗੱਲ ਕਰਦਾ ਹੈ। ਅਜਿਹਾ ਮੰਨ ਲਓ ਕਿ ਹਰੇਕ ਆਤਮਾ ਦਾ ਨਾਂ ਇੱਕ ਮੂਲ ਰੂਪ ਵਿੱਚ ਜੀਵਨ ਦੀ ਪੁਸਤਕ ਵਿੱਚ ਦਰਜ਼ ਹੈ, ਅਤੇ ਹਰੇਕ ਵਿੱਚ ਮੁਕਤੀ ਪਾਉਣ ਦੀ ਸੰਭਾਵਨਾ ਹੈ। ਫਿਰ ਵੀ, ਸਰੀਰਕ ਮੌਤ ਦੇ ਸਮੇਂ, ਪਰਮੇਸ਼ਰ ਅਵਿਸ਼ਵਾਸੀਆਂ ਦੇ ਨਾਂ ਮਿਟਾ ਦਿੰਦੇ ਹਨ ਪਰ ਵਿਸ਼ਵਾਸ ਕਰਨ ਵਾਲਿਆਂ ਦੇ ਨਾਂ ਨੂੰ ਨਾ ਮਿਟਾ ਕੇ ਆਪਣੇ ਨੇਮ ਨੂੰ ਕਾਇਮ ਰੱਖਦੇ ਹਨ। ਜੇਕਰ ਜੀਵਨ ਦੀ ਪੁਸਤਕ ਵਿੱਚ ਪਹਿਲਾਂ ਹੀ ਹਰੇਕ ਵਿਅਕਤੀ ਦੇ ਨਾਂ ਲਿਖੇ ਹੋਏ ਹਨ, ਤਾਂ ਜ਼ਬੂਰ 69:28 ਵਿੱਚ ਇਹ ਬੇਨਤੀ ਹੋ ਸਕਦੀ ਹੈ ਕਿ ਜਿਹਨਾਂ ਨੇ ਸਿੱਧੇ ਤੌਰ ਤੇ ਮਸੀਹ ਨੂੰ ਮਾਰਿਆ ਹੈ ਉਹਨਾਂ ਨੂੰ ਸਦੀਪਕ ਸਜ਼ਾ ਦਿੱਤੀ ਜਾਵੇ (ਦੇਖੋ, ਜ਼ਬੂਰ 69:21)। ਇਹ ਲੋਕ ਸ਼ਾਇਦ ਇਸ ਹੱਦ ਤੱਕ ਕਠੋਰ ਹੋ ਗਏ ਸਨ ਕਿ ਉਹਨਾਂ ਲਈ ਵਿਸ਼ਵਾਸ ਕਰਨ ਦੀ ਹਰੇਕ ਸੰਭਾਵਨਾ ਖ਼ਤਮ ਹੋ ਗਈ ਸੀ। ਇਸ ਤਰ੍ਹਾਂ, ਜਦੋਂ ਉਹ ਮਸੀਹ ਤੋਂ ਬਿਨਾ ਮਰਦੇ ਹਨ, ਤਾਂ ਉਹਨਾਂ ਦੇ ਨਾਂ ਜੀਵਨ ਦੀ ਪੁਸਤਕ ਵਿੱਚੋਂ ਮਿਟਾ ਦਿੱਤੇ ਜਾਣਗੇ।

ਬਾਈਬਲ ਵਿੱਚ ਪਰਮੇਸ਼ਰ ਦੀਆਂ ਪੁਸਤਕਾਂ ਦੇ ਕਈ ਹਵਾਲੇ ਹਨ (ਕੂਚ 32:32-33; ਜ਼ਬੂਰ. 56:8; 69:28; ਦਾਨੀਏਲ 7:10; 12:1; ਮਲਾਕੀ 3:16; ਲੂਕਾ 10:20; ਫਿਲਿੱਪੀ 4:3; ਇਬ 12:23; ਪ੍ਰਕਾਸ਼ 3:5; 13:8; 20:12-15)। ਲੇਖਕ ਦਾ ਇਹ ਮੰਨਣਾ ਹੈ ਕਿ ਹਰੇਕ ਪੁਸਤਕ ਨੂੰ ਉਸ ਦੇ ਸੰਦਰਭ ਵਿੱਚ ਸਮਝਣਾ ਸਭ ਤੋਂ ਵਧੀਆ ਹੈ। ਹੁਣ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪਰਮੇਸ਼ਰ ਦੀਆਂ ਪੁਸਤਕਾਂ ਵਿੱਚੋਂ ਨਾਮਾਂ ਦਾ

ਮਿਟਾਏ ਜਾਣਾ ਸਦੀਪਕ ਸੁਰੱਖਿਆ ਦੇ ਵਿਚਾਰ ਦੇ ਲਈ ਸਮੱਸਿਆ ਪੈਦਾ ਨਹੀਂ ਕਰਦਾ ਹੈ। ਉਹ ਜਾਂ ਤਾਂ ਸਰੀਰਕ ਜੀਵਨ ਦੇ ਨੁਕਸਾਨ ਦਾ ਸੰਕੇਤ ਦਿੰਦੇ ਹਨ, ਜਾਂ ਇੱਕ ਵਿਸ਼ਵਾਸੀ ਦੀ ਮੌਤੇ ਸਮੇਂ ਸਦੀਪਕ ਜੀਵਨ ਪਾਉਣ ਦੀ ਹਰੇਕ ਸੰਭਾਵਨਾ ਤੋਂ ਉਸ ਦਾ ਨਾਂ ਮਿਟਾਉਣ ਦਾ ਸੰਕੇਤ ਦਿੰਦੇ ਹਨ। ਭਾਵੇਂ ਜੋ ਵੀ ਹੋਵੇ, ਵਿਸ਼ਵਾਸੀਆਂ ਦੇ ਨਾਂ ਮੇਮਣੇ ਦੀ ਸਦੀਪਕ ਜੀਵਨ ਦੀ ਪੁਸਤਕ ਵਿੱਚੋਂ ਨਹੀਂ ਮਿਟਾਏ ਜਾਂਦੇ ਹਨ।

### E. ਸਦੀਪਕ ਸੁਰੱਖਿਆ ਬਾਰੇ ਸਿੱਟੇ

ਇਸ ਅਧਿਐਨ ਵਿੱਚ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਦੇ ਸਿਧਾਂਤ ਵਿਰੁੱਧ ਆਮ ਇਤਰਾਜ਼ਾਂ ਦੇ ਜਵਾਬ ਦੇਣ ਦੀ ਇੱਕ ਇਮਾਨਦਾਰ ਕੋਸ਼ਿਸ਼ ਕੀਤੀ ਗਈ ਹੈ। ਸਦੀਪਕ ਜੀਵਨ ਦੀ ਸੁਰੱਖਿਆ ਦਾ ਸਮਰਥਨ ਬਾਈਬਲ ਦੀਆਂ ਸਭ ਤੋਂ ਸਪੱਸ਼ਟ ਸਿੱਖਿਆਵਾਂ (ਵਿਸ਼ਵਾਸੀ ਦਾ ਧਰਮੀ ਠਹਿਰਾਇਆ ਜਾਣਾ, ਪਹਿਲਾਂ ਤੋਂ ਚੁਣਿਆ ਜਾਣਾ ਅਤੇ ਪਵਿੱਤਰ ਆਤਮਾ ਦੀ ਮੋਹਰ, ਆਦਿ) ਉੱਤੇ ਨਿਰਭਰ ਕਰਦਾ ਹੈ। ਜਿਹਨਾਂ ਆਇਤਾਂ ਦੇ ਆਧਾਰ ਉੱਤੇ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਤੇ ਇਤਰਾਜ਼ ਕੀਤਾ ਜਾਂਦੇ ਹਨ, ਉਹਨਾਂ ਦੀ ਆਸਾਨੀ ਨਾਲ ਅਜਿਹੀ ਵਿਆਖਿਆ ਕੀਤੀ ਜਾ ਸਕਦੀ ਹੈ ਜੋ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਦੇ ਅਨੁਕੂਲ ਹੁੰਦੀ ਹੈ। ਸਦੀਪਕ ਸੁਰੱਖਿਆ ਦਾ ਸਿਧਾਂਤ ਪਰਮੇਸ਼ਰ ਦੇ ਸੇਵਕ ਨੂੰ ਇਸ ਯੋਗ ਬਣਾਉਂਦਾ ਹੈ ਕਿ ਉਹ ਦੂਜਿਆਂ ਨੂੰ ਪੂਰੀ ਸੱਚਾਈ ਅਤੇ ਬਿਨਾਂ ਕਿਸੇ ਡਰ ਦੇ ਸਿੱਖਿਆ ਅਤੇ ਸਲਾਹ ਦੇ ਸਕੇ। ਮੁਕਤੀ ਦਾ ਭਰੋਸਾ ਪਰਮੇਸ਼ਰ ਅਤੇ ਇੱਕ ਵਿਅਕਤੀ ਦੇ ਆਪਣੇ ਆਪ ਬਾਰੇ ਇੱਕ ਸਹੀ ਦ੍ਰਿਸ਼ਟੀਕੋਣ ਦਾ ਆਧਾਰ ਹੈ। ਇੱਕ ਵਿਸ਼ਵਾਸੀ ਦੀ ਸੁਰੱਖਿਆ ਦੇ ਆਧਾਰ ਤੋਂ ਹੀ ਅਸੀਂ ਮਸੀਹੀ ਜੀਵਨ ਵਿੱਚ ਪਰਮੇਸ਼ਰ ਦੀ ਪੂਰੀ ਬਰਕਤ ਦਾ ਅਨੁਭਵ ਕਰ ਸਕਦੇ ਹਾਂ।

## VIII. ਮੁਕਤੀ ਦੇ ਸਿਧਾਂਤ ਬਾਰੇ ਸਿੱਟੇ

ਪਵਿੱਤਰ ਤ੍ਰਿਏਕ ਪਰਮੇਸ਼ਰ ਨੇ ਸਾਨੂੰ "ਇੱਕ ਮਹਾਨ ਮੁਕਤੀ" ਦਿੱਤੀ ਹੈ (ਇਬ 2:3)। ਜਦੋਂ ਸਵਰਗਦੂਤ ਕਲੀਸਿਯਾ ਦਾ ਅਧਿਐਨ ਕਰਦੇ ਹਨ, ਉਹ ਪਰਮੇਸ਼ਰ ਦੀ ਬੁੱਧ ਦੀ ਡੂੰਘਾਈ ਬਾਰੇ ਸਿੱਖਦੇ ਹਨ ਅਤੇ ਇਸ ਲਈ ਪਰਮੇਸ਼ਰ ਦੀ ਉਸਤਤ ਕਰਦੇ ਹਨ (ਅਫ਼ਸੀ 3:10)। ਸਲੀਬ ਉੱਤੇ ਪ੍ਰਭੂ ਯਿਸੂ ਮਸੀਹ ਨੇ ਪਾਪ ਤੋਂ ਮੁਕਤੀ ਦੀ ਕੀਮਤ ਅਦਾ ਕੀਤੀ, ਪਰਮੇਸ਼ਰ ਦੇ ਕ੍ਰੋਧ ਨੂੰ ਸ਼ਾਂਤ ਕੀਤਾ, ਅਤੇ ਮਨੁੱਖ ਦਾ ਪਰਮੇਸ਼ਰ ਨਾਲ ਮੇਲ ਕਰਵਾਇਆ ਹੈ। ਇਹ ਮੁਕਤੀ ਸਿਰਫ਼ ਕਿਰਪਾ ਰਾਹੀਂ ਮਸੀਹ ਵਿੱਚ ਵਿਸ਼ਵਾਸ ਦੁਆਰਾ ਵਿਅਕਤੀਆਂ ਉੱਤੇ ਲਾਗੂ ਹੁੰਦੀ ਹੈ। ਵਿਸ਼ਵਾਸੀਆਂ ਨੂੰ ਕਲਪਨਾ ਤੋਂ ਵੀ ਜ਼ਿਆਦਾ ਬਰਕਤ ਮਿਲੀ ਹੈ ਜਿਵੇਂ ਕਿ ਉਹਨਾਂ ਨੂੰ ਮਸੀਹ ਦੀ ਧਾਰਮਿਕਤਾ (ਵਿਸ਼ਵਾਸ ਦੁਆਰਾ ਧਰਮੀ ਠਹਿਰਾਇਆ ਜਾਣਾ) ਪਹਿਨਾਈ ਗਈ ਹੈ। ਮੁਕਤੀ ਤੋਂ ਬਾਅਦ ਮਸੀਹੀ ਜੀਵਨ ਅਤੇ ਸੇਵਾ ਦੇ ਅਜਿਹੇ ਬਹੁਤ ਸਾਰੇ ਮੌਕੇ ਹੁੰਦੇ ਹਨ ਜਿਹਨਾਂ ਵਿੱਚੋਂ ਜ਼ਿਆਦਾਤਰ ਪਵਿੱਤਰ ਆਤਮਾ ਤੋਂ ਮਿਲਦੇ ਹਨ।

ਅਧਿਆਇ 10

# ਪਵਿੱਤਰ ਆਤਮਾ ਦਾ ਸਿਧਾਂਤ

***ਭਾਗ 1:***

## ਪਵਿੱਤਰ ਆਤਮਾ ਦਾ ਸਿਧਾਂਤ

### ਰੂਪਰੇਖਾ


I. ਜਾਣ-ਪਛਾਣ **238**

II. ਪਵਿੱਤਰ ਆਤਮਾ ਦਾ ਵਿਅਕਤੀਤਵ

- A. ਵਿਅਕਰਣ ਅਤੇ ਆਤਮਾ
- B. ਵਿਅਕਤੀਤਵ ਦੇ ਤੱਤ
  1. ਬੁੱਧੀਮਾਨ
  2. ਭਾਵਨਾਵਾਂ **239**
  3. ਇੱਛਾ
- C. ਪਵਿੱਤਰ ਆਤਮਾ ਦੇ ਨਿੱਜੀ ਕੰਮ
  1. ਸਿਖਾਉਂਦਾ ਹੈ
  2. ਬੋਲਦਾ ਹੈ
  3. ਦੋਸ਼ੀ ਸਿੱਧ ਕਰਦਾ ਹੈ
  4. ਪ੍ਰਾਰਥਨਾ, ਸਿਫ਼ਾਰਸ ਕਰਦਾ ਹੈ
  5. ਅਗਵਾਈ ਕਰਦਾ ਹੈ
  6. ਗਵਾਹੀ ਦਿੰਦਾ ਹੈ
  7. ਜੀਵਨ ਦਿੰਦਾ ਹੈ
  8. ਆਗਿਆ ਦਿੰਦਾ ਅਤੇ ਨਿਯੁਕਤ ਕਰਦਾ ਹੈ
  9. ਸੰਗਤ ਰੱਖਦਾ ਹੈ
- D. ਪਵਿੱਤਰ ਆਤਮਾ ਨਾਲ ਇੱਕ ਵਿਅਕਤੀ ਵਰਗਾ ਵਿਵਹਾਰ
  1. ਉਦਾਸ ਕੀਤਾ ਜਾ ਸਕਦਾ ਹੈ
  2. ਝੂਠ ਬੋਲਿਆ ਜਾ ਸਕਦਾ ਹੈ
  3. ਪਰਖਿਆ ਜਾ ਸਕਦਾ ਹੈ
  4. ਨਿਰਾਦਰ ਕੀਤਾ ਜਾ ਸਕਦਾ ਹੈ
  5. ਨਿੰਦਾ ਕੀਤੀ ਜਾ ਸਕਦੀ ਹੈ
- E. ਤ੍ਰਿਏਕ ਪਰਮੇਸ਼ਰ ਅਤੇ ਪਵਿੱਤਰ ਆਤਮਾ ਦਾ ਵਿਅਕਤੀਤਵ

III. ਪਵਿੱਤਰ ਆਤਮਾ ਦਾ ਪਰਮੇਸ਼ਰ ਹੋਣਾ

- A. ਪਰਮੇਸ਼ਰ ਹੋਣ ਬਾਰੇ ਬਿਆਨ
- B. ਤ੍ਰਿਏਕ ਪਰਮੇਸ਼ਰ ਵਿਚਾਰ ਤੋਂ ਸਬੂਤ
- C. ਪੁਰਾਣੇ ਨੇਮ ਦੇ ਪਰਮੇਸ਼ਰ ਨਵੇਂ ਨੇਮ ਦਾ ਪਵਿੱਤਰ ਆਤਮਾ **240**
- D. ਪਵਿੱਤਰ ਆਤਮਾ ਅਤੇ ਪਰਮੇਸ਼ਰ ਦੇ ਗੁਣ/ਕੰਮ
  1. ਸਰਵ-ਵਿਆਪੀ
  2. ਅਨੰਤ
  3. ਸਰਵ-ਗਿਆਨੀ
  4. ਸਰਵ-ਗਿਆਨੀ
  5. ਸਿਰਜਣਹਾਰ
  6. ਨਵਾਂ ਜਨਮ ਦੇਣ ਵਾਲਾ
  7. ਪਵਿੱਤਰ ਗ੍ਰੰਥ ਦਾ ਲੇਖਕ
  8. ਪਵਿੱਤਰ ਆਤਮਾ ਦੀ ਨਿੰਦਾ

IV. ਪਵਿੱਤਰ ਆਤਮਾ ਦੇ ਚਿੰਨ੍ਹ

- A. ਘੁੱਗੀ
- B. ਪਾਣੀ
- C. ਅੱਗ
- D. ਹਵਾ
- E. ਤੇਲ
- F. ਮੈਅ
- G. ਮੋਹਰ
- H. ਬਿਆਨਾ **241**

V. ਪਵਿੱਤਰ ਆਤਮਾ ਨੂੰ ਭੇਜਣਾ

VI. ਬਿਵਸਥਾ ਪ੍ਰਸ਼ਾਸਨ ਅਧੀਨ ਆਤਮਾ ਦਾ ਕੰਮ

- A. ਬਿਵਸਥਾ ਅਧੀਨ ਆਤਮਾ ਦੇ ਕੰਮ ਅਤੇ ਕਿਰਪਾ ਅਧੀਨ ਆਤਮਾ ਦੇ ਕੰਮ ਵਿਚਕਾਰ ਅੰਤਰ
- B. ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨ ਵਾਲੇ ਲੋਕ
- C. ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਦੀ ਸੇਵਕਾਈ ਦਾ ਸਮਾਂ **242**

VII. ਕਲੀਸਿਯਾ ਪ੍ਰਸ਼ਾਸਨ ਅਧੀਨ ਪਵਿੱਤਰ ਆਤਮਾ ਦੇ ਕੰਮ **243**

- A. ਅਵਿਸ਼ਵਾਸੀਆਂ ਨਾਲ ਸੰਬੰਧਿਤ ਕੰਮ
  1. ਦੋਸ਼ੀ ਸਿੱਧ ਕਰਨਾ
     a. ਪਵਿੱਤਰ ਆਤਮਾ ਦੀ ਦੋਸ਼ੀ ਸਿੱਧ ਕਰਨ ਵਾਲੀ ਸੇਵਕਾਈ ਦੀ ਲੋੜ
     b. ਪਵਿੱਤਰ ਆਤਮਾ ਦੇ ਸੰਸਾਰ ਨੂੰ ਦੋਸ਼ੀ ਸਿੱਧ ਕਰਨ ਦੇ ਸਾਧਨ
     c. ਆਤਮਾ ਦੇ ਦੋਸ਼ੀ ਸਿੱਧ ਕਰਨ ਦੇ ਕੰਮ ਦੇ ਮੁੱਢਲੇ ਖੇਤਰ
     d. "ਦੋਸ਼ੀ ਸਿੱਧ ਕਰਨ" ਵਜੋਂ ਕੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ **244**
  2. ਰੋਕਣਾ **245**
- B. ਪਵਿੱਤਰ ਆਤਮਾ ਦਾ ਵਿਸ਼ਵਾਸੀਆਂ ਨਾਲ ਸੰਬੰਧਿਤ ਕੰਮ
  1. ਨਵਾਂ ਜਨਮ **246**

2. ਆਤਮਾ ਦਾ ਵਾਸ ਕਰਨਾ **247**

a. ਉਹ ਕਿਹੜੇ ਵਿਅਕਤੀ ਵਿੱਚ ਵਾਸ ਕਰਦਾ ਹੈ? **248**

b. ਕਿਵੇਂ ਅਤੇ ਕਦੋਂ ਇਹ ਵਾਸ ਹੁੰਦਾ ਹੈ **249**

c. ਪਵਿੱਤਰ ਆਤਮਾ ਕਿੰਨੇ ਸਮੇਂ ਤੱਕ ਵਾਸ ਕਰਦਾ ਹੈ?

3. ਪਵਿੱਤਰ ਆਤਮਾ ਵਿੱਚ ਬਪਤਿਸਮਾ **251**

a. ਜਾਣ-ਪਛਾਣ ਅਤੇ ਪਰਿਭਾਸ਼ਾ

b. ਆਤਮਾ ਦਾ ਬਪਤਿਸਮਾ ਅਤੇ ਕਲੀਸਿਯਾ ਪ੍ਰਸ਼ਾਸਨ **252**

c. ਆਤਮਾ ਦਾ ਬਪਤਿਸਮਾ ਅਤੇ ਮਸੀਹ ਵਿੱਚ ਏਕਤਾ

(1) ਪਵਿੱਤਰ ਆਤਮਾ ਵਿੱਚ ਬਪਤਿਸਮਾ ਮਸੀਹ ਵਿੱਚ ਏਕਤਾ ਬਣਾਉਂਦਾ ਹੈ **253**

(2) ਮਸੀਹ ਵਿੱਚ ਏਕਤਾ ਵਿਸ਼ਵਾਸ਼ੀਆਂ ਨੂੰ ਆਪਸ ਵਿੱਚ ਜੋੜਦੀ ਹੈ **254**

d. ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਪ੍ਰਾਪਤ ਕਰਨ ਵਾਲੇ

(1) ਉਹ ਜਿਹੜੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਦੇ ਹਨ

(2) ਆਤਮਾ ਦੇ ਬਪਤਿਸਮੇ ਦਾ ਸਮਾਂ **255**

(3) ਆਤਮਾ ਦੇ ਬਪਤਿਸਮੇ ਨੂੰ ਲੈਣ ਦੇ ਸਾਧਨ

(4) ਆਤਮਾ ਦੇ ਬਪਤਿਸਮੇ ਦੀ ਮਿਆਦ

(5) ਸਿੱਟਾ

4. ਮੋਹਰ **256**

5. ਭਰਪੂਰ ਹੋਣਾ

a. ਮਜ਼ਬੂਤ ਸਿੱਟੇ

(1) ਭਰਪੂਰ ਹੋਣਾ ਨਿਯੰਤਰਨ ਅਤੇ ਪ੍ਰਭਾਵਿਤ ਕਰਨ ਦੇ ਬਰਾਬਰ ਹੈ

(2) ਪਵਿੱਤਰ ਆਤਮਾ ਆਪਣੇ ਵਚਨਾਂ ਨਾਲ ਨਿਯੰਤਰਨ ਕਰਦਾ ਹੈ **257**

(3) ਭਰਪੂਰ ਹੋਣ ਦੀ ਪਰਿਭਾਸ਼ਾ **258**

(4) ਭਰਪੂਰ ਹੋਣ ਦੀ ਪ੍ਰਕਿਰਿਆ ਦਾ ਵੇਰਵਾ

(a) ਪਵਿੱਤਰ ਆਤਮਾ ਦਾ ਨਿਯੰਤਰਨ, ਮਨ ਨੂੰ ਨਵਾਂ ਬਣਾਉਣਾ, (ਪਰਿਵਰਤਨ)

(i) ਵਿਸ਼ਵਾਸੀ ਪਾਪ ਦਾ ਇਕਰਾਰ ਕਰਦਾ ਅਤੇ ਆਪਣੇ ਆਪ ਨੂੰ ਸਮਰਪਿਤ ਕਰਦਾ ਹੈ **259**

(ii) ਵਿਸ਼ਵਾਸੀ ਬਾਈਬਲ ਵਿੱਚ ਪਰਮੇਸ਼ਰ ਦੀ ਮਹਿਮਾ ਦੇਖਦਾ ਹੈ

(iii) ਪਵਿੱਤਰ ਆਤਮਾ ਮਸੀਹ ਦੀ ਮਹਿਮਾ ਅਤੇ ਵਿਸ਼ਵਾਸੀ ਦੀਆਂ ਕਮੀਆਂ ਦਿਖਾਉਣ ਲਈ ਆਪਣੇ ਵਚਨ ਦੀ ਵਰਤੋਂ ਕਰਦਾ ਹੈ

(iv) ਵਿਸ਼ਵਾਸੀ ਦੀ ਬਦਲਾਵ ਲਈ ਚੋਣ; ਅਤੇ ਆਤਮਾ ਉੱਤੇ ਨਿਰਭਰਤਾ

(v) ਪਵਿੱਤਰ ਆਤਮਾ ਮਸੀਹ ਦੇ ਚਰਿੱਤਰ ਵਿੱਚ ਬਦਲਣ ਲਈ ਲਿਖਤ ਵਚਨ ਦੀ ਵਰਤੋਂ ਕਰਦਾ ਹੈ

(b) ਪਵਿੱਤਰ ਆਤਮਾ ਦੇ ਨਿਯੰਤਰਨ ਦਾ ਭਰਪੂਰ ਹੋਣ ਵਜੋਂ ਵੇਰਵਾ **260**

(i) ਆਤਮਾ ਨਾਲ ਭਰਪੂਰ ਹੋਣਾ

(ii) ਆਤਮਾ ਦੁਆਰਾ ਚੱਲਣਾ

(iii)ਆਤਮਾ ਨੂੰ ਨਾ ਬੁਝਾਓ **261**

(iv)ਆਤਮਾ ਨੂੰ ਦੁਖੀ ਨਾ ਕਰੋ **262**

(v) ਆਤਮਾ ਦਾ ਫਲ

**(c)** ਆਤਮਾ ਵਿੱਚ ਭਰਪੂਰ ਹੋਣ ਬਾਰੇ ਸੰਖੇਪ ਬਿਆਨ ਅਤੇ ਸਿੱਟੇ

(5) ਆਤਮਾ ਨਾਲ ਭਰਪੂਰ ਜੀਵਨ ਦੇ ਨਤੀਜੇ **264**

(a) ਆਤਮਾ ਨਾਲ ਭਰਪੂਰ ਹੋਣ ਦੇ ਝੂਠੇ ਅਤੇ ਨਕਲੀ "ਨਤੀਜੇ"

(b) ਆਤਮਾ ਨਾਲ ਭਰਪੂਰ ਜੀਵਨ ਦੇ ਅਸਲ ਨਤੀਜੇ **265**

(6) ਆਤਮਾ ਨਾਲ ਭਰਪੂਰ ਹੋਣ ਸੰਬੰਧਿਤ ਵਿਸ਼ੇ **267**

(a) ਪ੍ਰਕਾਸ਼ਮਾਨ ਕਰਨਾ

(b) ਅਗਵਾਈ **269**

(i) ਸੁਣਨਯੋਗ ਆਵਾਜ਼ਾਂ ਦੁਆਰਾ ਅਗਵਾਈ

(ii) ਸੁਣਾਈ ਨਾ ਦੇਣ ਵਾਲੇ ਸੰਕੇਤ ਅਤੇ ਪ੍ਰਭਾਵ **270**

(iii)ਆਤਮਾ ਵਿੱਚ ਪ੍ਰਾਰਥਨਾ **272**

(iv)ਭਰੋਸਾ **273**

(v) ਪਵਿੱਤਰ ਆਤਮਾ ਦਾ ਫਲ

b. ਆਤਮਾ ਨਾਲ ਭਰਪੂਰ ਹੋਣ ਸੰਬੰਧਿਤ ਰਹੱਸ **274**

(1) ਆਤਮਾ ਨੂੰ ਹੋਰ ਪ੍ਰਾਪਤ ਕਰਨ ਬਾਰੇ ਅਸਪੱਸ਼ਟਤਾ ਦੇ ਕਾਰਨ

(2) ਲੂਕਾ ਅਤੇ ਰਸੂਲਾਂ ਦੇ ਕਰਤੱਬ ਵਿੱਚ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ **275**

(a) ਪਹਿਲਾ ਵਿਚਾਰ

(b) ਦੂਜਾ ਵਿਚਾਰ

(c) ਤੀਜਾ ਵਿਚਾਰ **276**

(d) ਚੌਥਾ ਵਿਚਾਰ

(3) ਅਫ਼ਸੀਆਂ 5:18 ਦਾ ਅਰਥ

(a) ਵਿਆਖਿਆ, ਆਤਮਾ ਮਨੁੱਖੀ ਆਤਮਾ ਹੈ

(b) ਆਤਮਾ ਦੁਆਰਾ, ਨਾਲ ਭਰਪੂਰ ਹੋਣਾ **277**

(i) ਆਤਮਾ ਦੁਆਰਾ ਭਰਪੂਰ ਹੋਣਾ

(ii) ਆਤਮਾ ਨਾਲ ਭਰਪੂਰ ਹੋਣਾ

(iii)ਆਤਮਾ ਵਿੱਚ ਭਰਪੂਰ ਹੋਣਾ

(4) ਆਤਮਾ ਨੂੰ ਜ਼ਿਆਦਾ ਪ੍ਰਾਪਤ ਕਰਨ ਬਾਰੇ ਸਿੱਟਾ

# *ਪਵਿੱਤਰ ਆਤਮਾ ਦਾ ਸਿਧਾਂਤ*

## I. ਜਾਣ-ਪਛਾਣ

ਬਾਈਬਲ ਵਿੱਚ ਤ੍ਰਿਏਕ ਪਰਮੇਸ਼ਰ ਦੇ ਤੀਜੇ ਵਿਅਕਤੀ ਪਵਿੱਤਰ ਆਤਮਾ ਨਾਲ ਸੰਬੰਧਿਤ ਬਹੁਤ ਸਾਰੀ ਸਿੱਖਿਆ ਹੈ। ਕਿਉਂਕਿ ਕੁਝ ਵਚਨ ਮਨੁੱਖੀ ਆਤਮਾ ਅਤੇ ਪਵਿੱਤਰ ਆਤਮਾ ਦੋਵਾਂ ਦਾ ਹਵਾਲਾ ਦਿੰਦੇ ਹਨ, ਇਸ ਲਈ ਇਸ ਦੀ ਵਰਤੋਂ ਦੀ ਸਹੀ ਗਿਣਤੀ ਕਰਨਾ ਸੰਭਵ ਨਹੀਂ ਹੈ। ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਦੇ ਲਗਭਗ 75 ਹਵਾਲੇ ਹਨ, ਅਤੇ ਨਵੇਂ ਨੇਮ ਵਿੱਚ ਲਗਭਗ 220- 230 ਹਵਾਲੇ ਹਨ (ਨਵਾਂ ਨੇਮ ਲਗਭਗ 92-94 ਵਾਰ ਆਤਮਾ ਦੇ ਨਾਲ *ਪਵਿੱਤਰ* ਸ਼ਬਦ ਦੀ ਵਰਤੋਂ ਕਰਦਾ ਹੈ)। ਆਤਮਾ ਦਾ ਵਿਚਾਰ ਉਹਨਾਂ ਲੋਕਾਂ ਨੂੰ ਮੁਸ਼ਕਲ ਵਿੱਚ ਪਾਉਂਦਾ ਹੈ ਜੋ ਨਾ ਦਿਖਣ ਵਾਲੀਆਂ ਚੀਜ਼ਾਂ ਉੱਤੇ ਵਿਸ਼ਵਾਸ ਨਹੀਂ ਕਰਦੇ ਹਨ। ਇਸ ਲਈ, ਕੁਝ ਲੋਕ ਜੋ ਬਾਈਬਲ ਨੂੰ ਬਹੁਤ ਸਤਿਕਾਰ ਨਹੀਂ ਦਿੰਦੇ ਹਨ, ਉਹ ਇਹ ਸਿਖਾਉਂਦੇ ਹਨ ਕਿ ਪਵਿੱਤਰ ਆਤਮਾ ਇੱਕ ਵਿਅਕਤੀ ਨਹੀਂ ਬਲਕਿ ਸ਼ਕਤੀ ਜਾਂ ਪ੍ਰਭਾਵ ਹੈ। ਉਹ ਪਵਿੱਤਰ ਆਤਮਾ ਨੂੰ ਇੱਕ ਖੇਡ ਦੀ ਟੀਮ ਦੀ "ਲੜਾਈ ਦੀ ਆਤਮਾ" ਜਾਂ "ਕ੍ਰਿਸਮਸ ਦੀ ਆਤਮਾ" ਦੇ ਸਮਾਨ ਦ੍ਰਿਸ਼ਟੀਕੋਣ ਨਾਲ ਦੇਖਦੇ ਹਨ। ਇਸ ਲਈ ਆਤਮਾ ਦੇ ਸਿਧਾਂਤ ਦਾ ਅਧਿਐਨ ਅਕਸਰ ਪਵਿੱਤਰ ਆਤਮਾ ਦੇ ਵਿਅਕਤੀਤਵ ਨਾਲ ਸ਼ੁਰੂ ਹੁੰਦਾ ਹੈ।

## II. ਪਵਿੱਤਰ ਆਤਮਾ ਦਾ ਵਿਅਕਤੀਤਵ

### A. ਵਿਅਕਰਣ ਅਤੇ ਆਤਮਾ

ਕਈ ਵਾਰ ਥੋੜ੍ਹਾ ਗਿਆਨ ਖਤਰਨਾਕ ਹੁੰਦਾ ਹੈ। ਇਸ ਦਾ ਇੱਕ ਢੁੱਕਵਾਂ ਮੁੱਦਾ ਕੁਝ ਲੋਕਾਂ ਦੁਆਰਾ ਕੀਤਾ ਗਿਆ ਇਹ ਵਿਵਾਦ ਹੈ ਕਿ ਪਵਿੱਤਰ ਆਤਮਾ ਇੱਕ ਵਿਅਕਤੀ ਨਹੀਂ ਹੋ ਸਕਦਾ ਹੈ ਕਿਉਂਕਿ ਉਸ ਲਈ ਇਸਤੇਮਾਲ ਕੀਤਾ ਗਿਆ ਯੂਨਾਨੀ ਸ਼ਬਦ (*ਨਿਊਮਾ*) ਨਿਰਪੱਖ ਹੈ। ਜਿਹੜੇ ਲੋਕ ਯੂਨਾਨੀ ਭਾਸ਼ਾ ਦਾ ਅਧਿਐਨ ਕਰਦੇ ਹਨ, ਉਹ ਜਾਣਦੇ ਹਨ ਕਿ ਇਸ ਦੇ ਨਾਂਵਾਂ ਦੇ ਤਿੰਨ ਮੁੱਖ ਅੰਸ਼ (ਅੰਤ) ਹਨ। ਬਹੁਤ ਸਾਰੇ ਸ਼ਬਦਾਂ ਦੀ ਅੰਤ ਵਸਤੂ ਨਾਰੀਵਾਦ ਹੁੰਦੀ ਹੈ, ਉਹਨਾਂ ਨੂੰ ਨਾਰੀਵਾਦ ਕਿਹਾ ਜਾਂਦਾ ਹੈ। ਬਹੁਤ ਸਾਰੇ ਸ਼ਬਦਾਂ ਦੀ ਅੰਤ ਵਸਤੂ ਮਰਦਾਨਾ ਹੁੰਦੀ ਹੈ, ਇਸ ਲਈ ਉਹਨਾਂ ਦੇ ਨਮੂਨੇ ਵਾਲੇ ਸ਼ਬਦਾਂ ਨੂੰ ਮਰਦਾਨਾ ਸ਼ਬਦ ਕਿਹਾ ਜਾਂਦਾ ਹੈ। ਪਰ ਇਹ ਆਮ ਵਰਗੀਕਰਨ ਹਨ ਜੋ ਇਹ ਸੰਕੇਤ ਨਹੀਂ ਦਿੰਦੇ ਕਿ ਇੱਕ ਵਰਗ ਵਿੱਚ ਹਰ ਚੀਜ਼ ਆਦਮੀ ਹੈ ਜਾਂ ਦੂਜੇ ਵਰਗ ਵਿੱਚ ਹਰ ਚੀਜ਼ ਔਰਤ ਹੈ। ਯੂਨਾਨੀ ਭਾਸ਼ਾ ਵਿੱਚ *ਰਾਹ* ਅਤੇ *ਪੱਤਰੀ* ਦੋਵੇਂ ਨਾਰੀਵਾਦ ਹਨ। ਪਰ ਇਹ ਔਰਤਾਂ ਨਹੀਂ ਹਨ! ਯੂਨਾਨੀ ਸ਼ਬਦ *ਫਲ* ਅਤੇ *ਸੰਸਾਰ* ਮਰਦਾਨਾ ਹਨ। ਇਹ ਆਦਮੀ ਨਹੀਂ ਹਨ! ਸ਼ਬਦ *ਆਤਮਾ* ਅਸਲ ਵਿੱਚ ਨਿਰਪੱਖ ਹੈ। ਇਹ *ਹਵਾ* ਲਈ ਯੂਨਾਨੀ ਸ਼ਬਦ ਹੈ। ਇੱਕ ਆਮ ਤੌਰ ਤੇ, ਲੇਖਕਾਂ ਨੇ ਨਿਰਪੱਖ ਸ਼ਬਦ ਹਵਾ ਦੀ ਵਰਤੋਂ ਨਾ ਦਿਖਣ ਵਾਲੀਆਂ ਵਸਤੂਆਂ ਜਾਂ ਜੀਵਾਂ ਨੂੰ ਦਰਸਾਉਣ ਲਈ ਕੀਤੀ ਹੈ (ਹਵਾ ਵੀ ਦਿਖਾਈ ਨਹੀਂ ਦਿੰਦੀ ਹੈ)। ਮਨੁੱਖ ਆਤਮਾਵਾਂ ਹਨ। ਸਵਰਗਦੂਤ ਆਤਮਾਵਾਂ ਹਨ। ਭੂਤਾਂ ਵੀ ਦੁਸ਼ਟ ਅਤੇ ਅਸ਼ੁੱਧ ਆਤਮਾਵਾਂ ਹਨ। ਇਸੇ ਤਰ੍ਹਾਂ, ਪਰਮੇਸ਼ਰ ਆਤਮਾ ਹਨ (ਯੂਹੰਨਾ 4:24)। ਜਦੋਂ ਬਾਈਬਲ ਦੇ ਲੇਖਕਾਂ ਨੇ *ਆਤਮਾ* ਸ਼ਬਦ ਨੂੰ ਇੱਕ ਖ਼ਾਸ ਨਾਮ (*ਪਵਿੱਤਰ ਆਤਮਾ*) ਵਜੋਂ ਲਿਖਣ ਦੀ ਚੋਣ ਕੀਤੀ, ਤਾਂ ਉਹ ਉਸ ਦੇ ਵਿਅਕਤੀਤਵ ਤੋਂ ਇਨਕਾਰ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਸਨ, ਉਵੇਂ ਹੀ ਜਿਵੇਂ ਇੱਕ ਮਨੁੱਖ ਨੂੰ ਵੀ ਆਤਮਾ ਕਿਹਾ ਜਾਂਦਾ ਹੈ। ਸੰਭਵ ਹੈ ਕਿ ਇਸ ਸ਼ਬਦ ਦਾ ਉਦੇਸ਼ ਪਵਿੱਤਰ ਆਤਮਾ ਦੇ ਅਦਿੱਖ ਰੂਪ ਅਤੇ ਸ਼ਕਤੀ ਨੂੰ (ਹਵਾ ਦੀ ਤਰ੍ਹਾਂ) ਪ੍ਰਗਟ ਕਰਨਾ ਹੈ।

ਪਵਿੱਤਰ ਆਤਮਾ ਦਾ ਅਧਿਐਨ ਕਰਨ ਵਾਲੇ ਵਿਦਿਆਰਥੀ ਨੂੰ ਇਹ ਵੀ ਸਮਝਣਾ ਹੋਵੇਗਾ ਕਿ ਉਸ ਬਾਰੇ ਬਹੁਤ ਸਾਰੇ ਹਵਾਲੇ ਹਨ ਜਿਸ ਵਿੱਚ ਉਹ ਨਿਰਪੱਖ ਨਹੀਂ ਬਲਕਿ ਮਰਦਾਨਾ ਹੈ। ਸ਼ਬਦ *ਸਹਾਇਕ* ਮਰਦਾਨਾ ਹੈ। ਮਸੀਹ ਨੇ ਕਿਹਾ ਕਿ ਪਵਿੱਤਰ ਆਤਮਾ "ਦੂਜਾ ਸਹਾਇਕ" ਹੋਵੇਗਾ (ਯੂਹੰਨਾ 14:16, 26; 15:26; 16:7), ਅਰਥਾਤ, ਉਸ ਕਿਸਮ ਦਾ ਜਿਸ ਤਰ੍ਹਾਂ ਪ੍ਰਭੂ ਆਪ ਹਨ। ਜਿਵੇਂ ਪ੍ਰਭੂ ਯਿਸੂ ਇੱਕ ਵਿਅਕਤੀ ਹਨ, ਉਵੇਂ ਪਵਿੱਤਰ ਆਤਮਾ ਨੂੰ ਵੀ ਇੱਕ ਵਿਅਕਤੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਬਹੁਤ ਸਾਰੀਆਂ ਥਾਵਾਂ ਤੇ ਪਵਿੱਤਰ ਆਤਮਾ ਦੇ ਲਈ ਮਰਦਾਨਾ ਨਿੱਜੀ ਪੜਨਾਵਾਂ ਦੀ ਵਰਤੋਂ ਕੀਤੀ ਗਈ ਹੈ (ਯੂਹੰਨਾ 15:26, 16:7, 16:8, 16:13, 16:14; ਅਫ਼ਸੀ 1:14)।

### B. ਵਿਅਕਤੀਤਵ ਦੇ ਤੱਤ

ਬਾਈਬਲ ਦੇ ਵਿਦਵਾਨ ਅਕਸਰ ਇੱਕ ਵਿਅਕਤੀ ਦੀ ਵਿਆਖਿਆ ਇੱਕ ਅਜਿਹੀ ਹਸਤੀ ਦੇ ਰੂਪ ਵਿੱਚ ਕਰਦੇ ਹਨ ਜਿਸ ਵਿੱਚ ਬੁੱਧੀ, ਭਾਵਨਾ, ਅਤੇ ਇੱਛਾ ਹੈ। ਪਵਿੱਤਰ ਆਤਮਾ ਨੂੰ ਬਾਈਬਲ ਵਿੱਚ ਇੱਕ ਵਿਅਕਤੀ ਦੇ ਇਹਨਾਂ ਸਾਰੇ ਤੱਤਾਂ ਦੇ ਰੂਪ ਵਿੱਚ ਦਰਸਾਇਆ ਗਿਆ ਹੈ।

#### 1. ਬੁੱਧੀਮਾਨ

ਪਵਿੱਤਰ ਆਤਮਾ ਪਰਮੇਸ਼ਰ ਦੀਆਂ ਡੂੰਘੀਆਂ ਸੱਚਾਈਆਂ ਦੀ ਖੋਜ ਕਰਦਾ ਹੈ (1 ਕੁਰਿੰਥ 2:10,11)। ਰੋਮੀ 8:27 ਦੇ ਅਨੁਸਾਰ ਉਸ ਕੋਲਮਨ ਹੈ।

> ਪਰ ਪਰਮੇਸ਼ਰ ਨੇ ਇਹ ਸਭ ਸਾਡੇ ਉੱਤੇ ਆਪਣੇ ਆਤਮਾ ਦੇ ਦੁਆਰਾ ਪ੍ਰਗਟ ਕੀਤਾ ਹੈ। **ਆਤਮਾ ਸਭ ਚੀਜ਼ਾਂ ਦੀ ਜਾਂਚ ਕਰਦਾ ਹੈ**, ਇੱਥੋਂ ਤੱਕ ਕਿ **ਪਰਮੇਸ਼ਰ ਦੇ ਗੁਪਤ ਭੇਤਾਂ ਦੀ ਗਹਿਰਾਈ** ਦਾ ਵੀ। ਕਿਉਂਕਿ ਜਿਸ ਤਰ੍ਹਾਂ ਕੋਈ ਵੀ ਮਨੁੱਖ ਨੂੰ ਪੂਰੀ ਤਰ੍ਹਾਂ ਨਹੀਂ ਜਾਣਦਾ ਸਿਵਾਏ ਉਸ ਦੇ ਅੰਦਰਲੇ ਆਤਮਾ ਦੇ। ਇਸੇ ਤਰ੍ਹਾਂ ਪਰਮੇਸ਼ਰ ਨੂੰ ਵੀ ਕੋਈ ਨਹੀਂ ਜਾਣਦਾ ਸਿਵਾਏ **ਪਰਮੇਸ਼ਰ** ਦੇ ਆਤਮਾ ਦੇ। [1 ਕੁਰਿੰਥ 2:10- 11]

ਪਰਮੇਸ਼ਰ ਜਿਹੜੇ ਸਾਡੇ ਮਨਾਂ ਦੇ ਵਿਚਾਰਾਂ ਨੂੰ ਜਾਣਦੇ ਹਨ, ਉਹ ਇਹ ਵੀ ਜਾਣਦੇ ਹਨ ਕਿ **ਆਤਮਾ ਕੀ ਚਾਹੁੰਦਾ ਹੈ** ਕਿਉਂਕਿ ਆਤਮਾ ਵਿਸ਼ਵਾਸੀਆਂ ਦੇ ਲਈ, ਪਰਮੇਸ਼ਰ ਦੀ ਮਰਜ਼ੀ ਦੇ ਅਨੁਸਾਰ ਸਿਫ਼ਾਰਸ਼ ਕਰਦਾ ਹੈ। [ਰੋਮੀ 8:27]

**2. ਭਾਵਨਾਵਾਂ**

ਕਿਉਂਕਿ ਪਵਿੱਤਰ ਆਤਮਾ ਦੁਖੀ ਹੋ ਸਕਦਾ ਹੈ, ਇਸ ਲਈ ਉਸ ਵਿੱਚ ਭਾਵਨਾਵਾਂ ਹੋਣੀਆਂ ਚਾਹੀਦੀਆਂ ਹਨ।

ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ **ਦੁਖੀ** ਨਾ ਕਰੋ ਜਿਸ ਦੇ ਨਾਲ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਦੀ ਮੋਹਰ ਲਾਈ ਗਈ ਹੈ। [ਅਫ਼ਸੀ 4:30]

**3. ਇੱਛਾ**

ਪਵਿੱਤਰ ਆਤਮਾ ਇਹ ਫੈਸਲਾ ਕਰਦਾ ਹੈ ਕਿ ਹਰੇਕ ਵਿਸ਼ਵਾਸੀ ਨੂੰ ਕਿਹੜਾ ਵਰਦਾਨ ਜਾਂ ਕਿਹੜੇ ਵਰਦਾਨ ਦੇਣੇ ਹਨ, ਇਸ ਲਈ, ਯਕੀਨਨ ਉਸ ਕੋਲ ਇੱਛਾ ਹੈ।

ਪਰ ਇਹ ਸਭ ਕੰਮ ਇੱਕੋ ਹੀ ਆਤਮਾ ਦੇ ਹਨ ਜਿਹੜਾ **ਆਪਣੀ ਇੱਛਾ** ਨਾਲ ਹਰ ਇੱਕ ਨੂੰ ਵੱਖ-ਵੱਖ ਵਰਦਾਨ ਵੰਡਦਾ ਹੈ। [1 ਕੁਰਿੰਥ 12:11]

### C. ਪਵਿੱਤਰ ਆਤਮਾ ਦੇ ਨਿੱਜੀ ਕੰਮ

1. ਉਹ ਸਿਖਾਉਂਦਾ ਹੈ (ਯੂਹੰਨਾ 14:26)
2. ਉਹ ਬੋਲਦਾ ਹੈ (ਰਸੂਲਾਂ 13:2; 21:11; ਗਲਾਤੀ 4:6; 1 ਤਿਮੋਥਿ 4:1; ਪ੍ਰਕਾਸ਼ 2:7, 11, 17, 29)
3. ਉਹ ਦੋਸ਼ੀ ਸਿੱਧ ਕਰਦਾ ਹੈ (ਉਤ 6:3; ਯੂਹੰਨਾ 16: 8ff)
4. ਉਹ ਪ੍ਰਾਰਥਨਾ, ਸਿਫ਼ਾਰਸ ਕਰਦਾ ਹੈ (ਰੋਮੀ 8:26)
5. ਉਹ ਅਗਵਾਈ ਕਰਦਾ ਹੈ (ਰਸੂਲਾਂ 16:6; ਰੋਮੀ 8:14; ਗਲਾਤੀ 5:18)
6. ਉਹ ਗਵਾਹੀ ਦਿੰਦਾ ਹੈ (ਯੂਹੰਨਾ 15:26; ਰੋਮੀ 8:16)
7. ਉਹ ਜੀਵਨ ਦਿੰਦਾ ਹੈ (ਯੂਹੰਨਾ 3:6; ਤੀਤੁਸ 3:5)
8. ਉਹ ਆਗਿਆ ਦਿੰਦਾ ਅਤੇ ਨਿਯੁਕਤ ਕਰਦਾ ਹੈ (ਰਸੂਲਾਂ 13:1-4; 20:28)
9. ਉਹ ਸੰਗਤ ਰੱਖਦਾ ਹੈ (2 ਕੁਰਿੰਥ 13:14)

### D. ਪਵਿੱਤਰ ਆਤਮਾ ਨਾਲ ਇੱਕ ਵਿਅਕਤੀ ਵਰਗਾ ਵਿਵਹਾਰ

1. ਉਸ ਨੂੰ ਉਦਾਸ ਕੀਤਾ ਜਾ ਸਕਦਾ ਹੈ (ਉਤ 6:3; ਯਸਾ 63:10; ਅਫ਼ਸੀ 4:30)
2. ਉਸ ਨੂੰ ਝੂਠ ਬੋਲਿਆ ਜਾ ਸਕਦਾ ਹੈ (ਰਸੂਲਾਂ 5:3)
3. ਉਸ ਨੂੰ ਪਰਖਿਆ ਜਾ ਸਕਦਾ ਹੈ (ਰਸੂਲਾਂ 5:9)
4. ਉਸ ਦਾ ਨਿਰਾਦਰ ਕੀਤਾ ਜਾ ਸਕਦਾ ਹੈ (ਇਬ 10:29)
5. ਉਸ ਦੀ ਨਿੰਦਾ ਕੀਤੀ ਜਾ ਸਕਦੀ ਹੈ (ਮੱਤੀ 12:31)

### E. ਪਵਿੱਤਰ ਆਤਮਾ ਨਾਲ ਇੱਕ ਵਿਅਕਤੀ ਵਰਗਾ ਵਿਵਹਾਰ

1. ਉਸ ਨੂੰ ਉਦਾਸ ਕੀਤਾ ਜਾ ਸਕਦਾ ਹੈ (ਉਤ 6:3; ਯਸਾ 63:10; ਅਫ਼ਸੀ 4:30)
2. ਉਸ ਨੂੰ ਝੂਠ ਬੋਲਿਆ ਜਾ ਸਕਦਾ ਹੈ (ਰਸੂਲਾਂ 5:3)
3. ਉਸ ਨੂੰ ਪਰਖਿਆ ਜਾ ਸਕਦਾ ਹੈ (ਰਸੂਲਾਂ 5:9)
4. ਉਸ ਦਾ ਨਿਰਾਦਰ ਕੀਤਾ ਜਾ ਸਕਦਾ ਹੈ (ਇਬ 10:29)
5. ਉਸ ਦੀ ਨਿੰਦਾ ਕੀਤੀ ਜਾ ਸਕਦੀ ਹੈ (ਮੱਤੀ 12:31)

### F. ਤ੍ਰਿਏਕ ਪਰਮੇਸ਼ਰ ਅਤੇ ਪਵਿੱਤਰ ਆਤਮਾ ਦਾ ਵਿਅਕਤੀਤਵ

ਪਵਿੱਤਰ ਆਤਮਾ ਦੇ ਪਰਮੇਸ਼ਰ ਹੋਣ ਦੇ ਸਾਰੇ ਸਬੂਤ ਅਤੇ ਤ੍ਰਿਏਕ ਪਰਮੇਸ਼ਰ ਦਾ ਸਿਧਾਂਤ ਵੀ ਪਵਿੱਤਰ ਆਤਮਾ ਦੇ ਵਿਅਕਤੀਤਵ ਨੂੰ ਸਥਾਪਿਤ ਕਰਦਾ ਹੈ। (ਹੇਠਾਂ ਦਿੱਤਾ ਭਾਗ ਅਤੇ ਅਧਿਆਇ 2 "ਪਰਮੇਸ਼ਰ ਦਾ ਸਿਧਾਂਤ" ਦੇਖੋ)

## III. ਪਵਿੱਤਰ ਆਤਮਾ ਦਾ ਪਰਮੇਸ਼ਰ ਹੋਣਾ

### A. ਪਰਮੇਸ਼ਰ ਹੋਣ ਬਾਰੇ ਬਿਆਨ

ਤਦ ਪਤਰਸ ਨੇ ਕਿਹਾ, "ਹਨਾਨਿਯਾ, ਤੇਰੇ ਦਿਲ ਵਿੱਚ ਸ਼ੈਤਾਨ ਕਿਉਂ ਆਇਆ ਕਿ **ਤੂੰ ਪਵਿੱਤਰ ਆਤਮਾ ਨਾਲ ਝੂਠ ਬੋਲੇਂ** ਅਤੇ ਜਾਇਦਾਦ ਦੇ ਧਨ ਵਿੱਚੋਂ ਕੁਝ ਹਿੱਸਾ ਆਪਣੇ ਲਈ ਰੱਖ ਲਵੇਂ? ਕੀ ਵੇਚੇ ਜਾਣ ਤੋਂ ਪਹਿਲਾਂ ਜਾਇਦਾਦ ਤੇਰੀ ਨਹੀਂ ਸੀ? ... ਤੂੰ ਮਨੁੱਖਾਂ ਦੇ ਨਾਲ ਨਹੀਂ ਸਗੋਂ **ਪਰਮੇਸ਼ਰ ਦੇ ਨਾਲ** ਝੂਠ ਬੋਲਿਆ ਹੈ!" [ਰਸੂਲਾਂ 5:3-4]

**ਪ੍ਰਭੂ ਆਤਮਾ ਹੈ** ਅਤੇ ਜਿੱਥੇ ਪ੍ਰਭੂ ਦਾ ਆਤਮਾ ਹੁੰਦਾ ਹੈ, ਉੱਥੇ ਆਜ਼ਾਦੀ ਹੁੰਦੀ ਹੈ। [2 ਕੁਰਿੰਥ 3:17]

ਸਵਰਗਦੂਤ ਨੇ ਉੱਤਰ ਦਿੱਤਾ, "**ਪਵਿੱਤਰ ਆਤਮਾ** ਤੇਰੇ ਉੱਤੇ ਉਤਰੇਗਾ ਅਤੇ **ਪਰਮੇਸ਼ਰ ਦੀ ਸਮਰੱਥਾ** ਤੇਰੇ ਉੱਤੇ ਛਾਇਆ ਕਰੇਗੀ। (ਇੱਥੇ ਪਵਿੱਤਰ ਆਤਮਾ ਦੇ ਪਰਮੇਸ਼ਰ ਹੋਣ ਦੀ ਗੱਲ ਕੀਤੀ ਗਈ ਹੈ) [ਲੂਕਾ 1:35]

ਕੀ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਪਰਮੇਸ਼ਰ ਦੇ ਹੈਕਲ ਹੋ ਅਤੇ ਪਰਮੇਸ਼ਰ ਦਾ ਆਤਮਾ ਤੁਹਾਡੇ ਅੰਦਰ ਵਾਸ ਕਰਦਾ ਹੈ। (ਇੱਥੇ ਵੀ ਪਵਿੱਤਰ ਆਤਮਾ ਦੇ ਪਰਮੇਸ਼ਰ ਹੋਣ ਦੀ ਗੱਲ ਕੀਤੀ ਗਈ ਹੈ) [1 ਕੁਰਿੰਥ 3:16]

### B. ਤ੍ਰਿਏਕ ਪਰਮੇਸ਼ਰ ਵਿਚਾਰ ਤੋਂ ਸਬੂਤ

ਤ੍ਰਿਏਕ ਪਰਮੇਸ਼ਰ ਦਾ ਹਰੇਕ ਸਬੂਤ ਪਵਿੱਤਰ ਆਤਮਾ ਦੇ ਪਰਮੇਸ਼ਰ ਹੋਣ ਦਾ ਵੀ ਸਬੂਤ ਹੈ। ਪਰਮੇਸ਼ਰ ਦੇ ਸਿਧਾਂਤ ਵਿੱਚ ਇੱਕ ਭਾਗ ਹੈ ਜਿਸ ਵਿੱਚ ਤ੍ਰਿਏਕ ਪਰਮੇਸ਼ਰ ਦੀ ਪੂਰੀ ਤਰ੍ਹਾਂ ਚਰਚਾ ਕੀਤੀ ਗਈ

ਹੈ। (ਵਧੇਰੇ ਜਾਣਕਾਰੀ ਲਈ ਅਧਿਆਇ 2 ਦੇਖੋ)। ਅੱਗੇ ਨਵੇਂ ਨੇਮ ਵਿੱਚ ਤ੍ਰਿਏਕ ਪਰਮੇਸ਼ਰ ਬਾਰੇ ਕੁਝ ਆਇਤਾਂ ਹਨ (ਮੱਤੀ 3:16-17; 28:19; ਯੂਹੰਨਾ 14:16-17; 15:26; 16:7-15; ਰੋਮੀ 8:14-17; 15:30; ਗਲਾਤੀ 4:4-6; ਅਫ਼ਸੀ 1:3-14; 4:4-6; 1 ਕੁਰਿੰਥ 12:4-6; 2 ਕੁਰਿੰਥ 1:21-22; 13:14; ਇਬ 9:14; 1 ਪਤਰਸ 1:2)। ਧਿਆਨ ਦਿਓ ਕਿ ਪਵਿੱਤਰ ਆਤਮਾ ਨੂੰ ਅਫ਼ਸੀ 4:4-6 ਵਿੱਚ ਪਹਿਲੇ ਸਥਾਨ ਅਤੇ ਰੋਮੀ 15:30 ਵਿੱਚ ਦੂਜੇ ਸਥਾਨ ਉੱਤੇ ਰੱਖਿਆ ਗਿਆ ਹੈ।

### C. ਪੁਰਾਣੇ ਨੇਮ ਦੇ ਪਰਮੇਸ਼ਰ ਨਵੇਂ ਨੇਮ ਦਾ ਪਵਿੱਤਰ ਆਤਮਾ

ਨਵੇਂ ਨੇਮ ਦੇ ਲੇਖਕਾਂ ਨੇ ਮੰਨਿਆ ਹੈ ਕਿ ਪੁਰਾਣੇ ਨੇਮ ਵਿੱਚ ਪਰਮੇਸ਼ਰ ਦੇ ਹਵਾਲੇ ਨਵੇਂ ਨੇਮ ਵਿੱਚ ਪਵਿੱਤਰ ਆਤਮਾ ਬਾਰੇ ਗੱਲ ਕਰਦੇ ਹਨ। ਯਸਾ 6:8-10 ਦੀ ਤੁਲਨਾ ਰਸੂਲਾਂ 28:25-27 ਨਾਲ ਕਰੋ; ਜ਼ਬੂਰ 95:7-11 ਦੀ ਤੁਲਨਾ ਇਬਰਾਨੀਆਂ 3:7-11 ਨਾਲ ਕਰੋ; ਅਤੇ ਯਿਰਮਿਯਾਹ 31:31-34 ਦੀ ਤੁਲਨਾ ਇਬਰਾਨੀਆਂ 10:15-17 ਨਾਲ ਕਰੋ।

### D. ਪਵਿੱਤਰ ਆਤਮਾ ਅਤੇ ਪਰਮੇਸ਼ਰ ਦੇ ਗੁਣ/ਕੰਮ

1. ਸਰਵ-ਵਿਆਪੀ (ਜ਼ਬੂਰ 139:7-10)
2. ਅਨੰਤ (ਇਬ 9:14)
3. ਸਰਵ-ਗਿਆਨੀ (1 ਕੁਰਿੰਥ 2:10-11)
4. ਸਿਰਜਣਹਾਰ (ਉਤ 1:2; ਅੱਯੂਬ 33:4; ਸੰਭਵ ਤੌਰ ਤੇ ਅੱਯੂਬ 26:13 ਅਤੇ ਜ਼ਬੂਰ 104:30)
5. ਨਵਾਂ ਜਨਮ ਦੇਣ ਵਾਲਾ (ਯੂਹੰਨਾ 3:6; ਤੀਤੁਸ 3:5; ਰੋਮੀ 8:11 ਵਿੱਚ ਜਿਊਂਦਾ ਕਰਨ ਵਾਲਾ)
6. ਪਵਿੱਤਰ ਗ੍ਰੰਥ ਦਾ ਲੇਖਕ (2 ਸਮੂ 23:1-2; 2 ਪਤਰਸ 1:21)
7. ਪਵਿੱਤਰ ਆਤਮਾ ਦੀ ਨਿੰਦਾ ਪਰਮੇਸ਼ਰ ਦੇ ਪੁੱਤਰ ਦੀ ਨਿੰਦਾ ਨਾਲੋਂ ਵਧੇਰੇ ਗੰਭੀਰ ਹੈ (ਮੱਤੀ 12:31-32)

## IV. ਪਵਿੱਤਰ ਆਤਮਾ ਦੇ ਚਿੰਨ੍ਹ

### A. ਘੁੱਗੀ (ਮੱਤੀ 3:16; ਮਰਕੁਸ 1:10; ਲੂਕਾ 3:22)

ਇੱਕ ਘੁੱਗੀ ਦੇ ਰੂਪ ਵਿੱਚ ਪਵਿੱਤਰ ਆਤਮਾ ਨੂੰ ਪਿਆਰ, ਸ਼ਾਂਤੀ, ਅਤੇ ਕੋਮਲਤਾ ਨਾਲ ਜੋੜਿਆ ਜਾਣਾ ਚਾਹੀਦਾ ਹੈ।

### B. ਪਾਣੀ (ਹਿਜ਼ਕੀ 36:25, 27; ਯਸਾ 44:3; ਯੂਹੰਨਾ 7:37-39; ਤੀਤੁਸ 3:5)

ਪਾਣੀ ਦੇ ਰੂਪ ਵਿੱਚ ਪਵਿੱਤਰ ਆਤਮਾ ਜੀਵਨ, ਸੰਪੂਰਨਤਾ, ਤਾਜ਼ਗੀ, ਅਤੇ ਸ਼ੁੱਧਤਾ ਲਿਆਉਂਦਾ ਹੈ। ਬਾਈਬਲ ਕਈ ਵਾਰ ਪਵਿੱਤਰ ਆਤਮਾ ਦੇ "ਕਿਸੇ ਉੱਤੇ ਡੋਲ੍ਹਣ" ਦੀ ਗੱਲ ਕਰਦੀ ਹੈ।

### C. ਅੱਗ (ਮੱਤੀ 3:11; ਲੂਕਾ 3:16; ਰਸੂਲਾਂ 2:3)

ਬਾਈਬਲ ਵਿੱਚ ਅੱਗ ਪਰਮੇਸ਼ਰ ਦੀ ਮੌਜੂਦਗੀ (ਕੂਚ 3:1ff.), ਪਰਮੇਸ਼ਰ ਦੀ ਸ਼ਕਤੀ (1 ਰਾਜਾ 18:38-39), ਪਰਮੇਸ਼ਰ ਦੀ ਸੁਰੱਖਿਆ (ਕੂਚ 13:21), ਅਤੇ ਪਰਮੇਸ਼ਰ ਦੀ ਸ਼ੁੱਧ ਕਰਨ ਵਾਲੀ ਸਜ਼ਾ (ਇਬ 12:29) ਨੂੰ ਦਰਸਾ ਸਕਦੀ ਹੈ।

### D. ਹਵਾ (ਯੂਹੰਨਾ 3:3-8; ਰਸੂਲਾਂ 2:2ff.; 2 ਪਤਰਸ 1:21; ਰਸੂਲਾਂ 27:15, 17 ਵਿੱਚ ਸ਼ਬਦ *ਵਹਿਣਾ* ਹਵਾ ਲਈ ਵਰਤਿਆ ਗਿਆ ਹੈ)

ਆਤਮਾ ਦੇ ਲਈ ਵਰਤੇ ਜਾਣ ਵਾਲੇ ਸ਼ਬਦ ਇਬਰਾਨੀ (ਰੁਆਖ) ਅਤੇ ਯੂਨਾਨੀ (ਨਿਊਮਾ) ਸ਼ਬਦ ਉਹੀ ਸ਼ਬਦ ਹਨ ਜੋ ਹਵਾ ਦੇ ਲਈ ਵਰਤੇ ਗਏ ਹਨ। ਹਵਾ ਦੀ ਤਰ੍ਹਾਂ ਪਵਿੱਤਰ ਆਤਮਾ ਅਦਿੱਖ ਅਤੇ ਸ਼ਕਤੀਸ਼ਾਲੀ ਹੈ। ਇਸ ਤੋਂ ਇਲਾਵਾ, ਪਰਮੇਸ਼ਰ ਦਾ ਸਾਹ (ਹਵਾ) ਸਿਰਜਣਾ ਨਾਲ ਜੁੜਿਆ ਹੈ -ਮਨੁੱਖ ਦੀ ਸਿਰਜਣਾ (ਉਤ 2:7), ਇਸਰਾਏਲ ਕੌਮ ਦੀ ਸਿਰਜਣਾ (ਹਿਜ਼ਕੀ 37), ਨਵਾਂ ਜਨਮ (ਯੂਹੰਨਾ 3:3-8), ਅਤੇ ਬਾਈਬਲ ਦੀ ਸਿਰਜਣਾ ਜਾਂ "ਸਾਹ" (2 ਤਿਮੋਥਿ 3:16 ਅਤੇ 2 ਪਤਰਸ 1:21)।

### E. ਤੇਲ

ਬਾਈਬਲ ਤੇਲ ਨੂੰ ਪਵਿੱਤਰ ਆਤਮਾ ਨਾਲ ਜੋੜਦੀ ਹੈ ਅਤੇ ਆਤਮਾ ਦੇ ਸੰਬੰਧ ਵਿੱਚ ਮਸਹ ਸ਼ਬਦ ਦੀ ਵਰਤੋਂ ਕਰਦੀ ਹੈ (ਦੇਖੋ, 1 ਸਮੂ 10:1, 6; 16:13; ਯਸਾ 61:1; ਲੂਕਾ 4:18; ਰਸੂਲਾਂ 10:38; 2 ਕੁਰਿੰਥ 1:21, 22; 1 ਯੂਹੰਨਾ 2:20, 27)। ਤੇਲ ਚੰਗਿਆਈ (ਲੂਕਾ 10:34; ਯਾਕੂਬ 5:14), ਪਰਮੇਸ਼ਰ ਦੀਆਂ ਬਰਕਤਾਂ ਜਿਵੇਂ ਕਿ ਅਨੰਦ ਅਤੇ ਦਿਲਾਸਾ (ਜ਼ਬੂਰ 23:5; 45:7; 104:15; ਯੋਏਲ 1:10; 2:24), ਇੱਕ ਨਵੇਂ ਕੰਮ ਦੇ ਉਦਘਾਟਨ (ਕੂਚ 29:7; 1 ਸਮੂ 10:1, 16:13) ਅਤੇ ਚਾਨਣ (ਜ਼ਬੂਰ 119:105, ਤੇਲ ਵਾਲਾ ਦੀਪਕ) ਨਾਲ ਸੰਬੰਧਿਤ ਹੈ। ਪਵਿੱਤਰ ਆਤਮਾ ਸਾਨੂੰ ਜੀਵਨ ਦੇਣ ਦੁਆਰਾ ਆਤਮਿਕ ਤੌਰ ਤੇ ਚੰਗਾ ਕਰਦਾ ਹੈ। ਉਹ ਅਨੰਦ ਅਤੇ ਖੁਸ਼ੀ ਪ੍ਰਦਾਨ ਕਰਦਾ ਹੈ। ਉਹ ਸੱਚ ਦਿੰਦਾ ਹੈ, ਅਤੇ ਉਹ ਪਰਮੇਸ਼ਰ ਲਈ ਸਾਡੀ ਸੇਵਾ ਦੀ ਸ਼ਕਤੀ ਦਾ ਸਰੋਤ ਹਨ।

### F. ਮੋਅ (ਲੂਕਾ 1:15; ਰਸੂਲਾਂ 2:13; ਅਫ਼ਸੀ 5:18)

ਪਵਿੱਤਰ ਆਤਮਾ ਦੀ ਤੁਲਨਾ ਮੈਅ ਨਾਲ ਕੀਤੀ ਗਈ ਹੈ। ਉਸ ਨੇ ਇੱਕ ਵੱਖਰੀ (ਲਾਹੇਵੰਦ) ਕਿਸਮ ਦੀ ਸਮਝ ਅਤੇ ਸੱਚੀ ਖੁਸ਼ੀ ਪ੍ਰਦਾਨ ਕੀਤੀ ਹੈ।

### G. ਮੋਹਰ

ਪਵਿੱਤਰ ਆਤਮਾ ਦੀ ਤੁਲਨਾ ਇੱਕ ਮੋਹਰ ਨਾਲ ਕੀਤੀ ਗਈ ਹੈ। ਇਸ ਦਾ ਅਧਿਐਨ ਕਿਸੇ ਹੋਰ ਥਾਂ ਤੇ ਕੀਤਾ ਗਿਆ ਹੈ (ਦੇਖੋ, ਪੰਨੇ 200-201; 248)।

### H. ਬਿਆਨਾ

ਇਸ ਵਿਸ਼ੇ ਨੂੰ ਸਦੀਪਕ ਸੁਰੱਖਿਆ ਦੇ ਭਾਗ ਵਿੱਚ ਸ਼ਾਮਲ ਕੀਤਾ ਗਿਆ ਹੈ (ਦੇਖੋ, ਪੰਨੇ 200-201)।

## V. ਪਵਿੱਤਰ ਆਤਮਾ ਨੂੰ ਭੇਜਣਾ

ਪਵਿੱਤਰ ਆਤਮਾ ਨੂੰ ਪਿਤਾ ਅਤੇ ਪੁੱਤਰ ਦੋਵਾਂ ਦੁਆਰਾ ਸੰਸਾਰ ਵਿੱਚ ਭੇਜਿਆ ਜਾਂਦਾ ਹੈ। ਇਹ ਯੂਹੰਨਾ 15:26 ਅਤੇ 16:7 ਦੀ ਸਪੱਸ਼ਟ ਸਿੱਖਿਆ ਹੈ। ਕਲੀਸਿਯਾ ਦੇ ਇਤਿਹਾਸ ਉੱਤੇ ਪਏ ਇਸ ਦੇ ਪ੍ਰਭਾਵ ਤੋਂ ਇਲਾਵਾ, ਪਵਿੱਤਰ ਆਤਮਾ ਦੇ ਭੇਜੇ ਜਾਣ ਦਾ ਸਿਧਾਂਤ ਉੱਤੇ ਕੋਈ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ ਹੈ। ਰੋਮਨ ਕੈਥੋਲਿਕ ਅਤੇ ਯੂਨਾਨੀ ਆਰਥੋਡਾਕਸ ਕਲੀਸਿਯਾਵਾਂ ਸਾਲ 1054 ਵਿੱਚ ਆਤਮਾ ਨੂੰ ਲੈ ਕੇ ਵੰਡੀਆਂ ਗਈਆਂ ਸਨ। ਰੋਮਨ ਕੈਥੋਲਿਕ ਕਲੀਸਿਯਾ ਨੇ ਕਿਹਾ ਕਿ ਆਤਮਾ ਪਿਤਾ ਅਤੇ ਪੁੱਤਰ ਦੋਵਾਂ ਤੋਂ ਆਉਂਦਾ ਹੈ, ਪਰ ਆਰਥੋਡਾਕਸ ਕਲੀਸਿਯਾ ਨੇ ਕਿਹਾ ਕਿ ਆਤਮਾ ਸਿਰਫ਼ ਪੁੱਤਰ ਤੋਂ ਆਉਂਦਾ ਹੈ।

## VI. ਬਿਵਸਥਾ ਪ੍ਰਸ਼ਾਸਨ ਅਧੀਨ ਆਤਮਾ ਦਾ ਕੰਮ

### A. ਬਿਵਸਥਾ ਅਧੀਨ ਆਤਮਾ ਦੇ ਕੰਮ ਅਤੇ ਕਿਰਪਾ ਅਧੀਨ ਆਤਮਾ ਦੇ ਕੰਮ ਵਿਚਕਾਰ ਅੰਤਰ ਦੇ ਮਹੱਤਵ ਨੂੰ ਸਮਝਣਾ

ਪਵਿੱਤਰ ਆਤਮਾ ਦੇ ਅਧਿਐਨ ਵਿੱਚ ਸਭ ਤੋਂ ਵੱਡੀ ਗ਼ਲਤੀ ਬਿਵਸਥਾ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਅਤੇ ਕਿਰਪਾ ਦੇ ਅਧੀਨ ਉਸ ਦੇ ਕੰਮ ਦੇ ਅੰਤਰ ਨੂੰ ਸਮਝਣ ਦੀ ਭੁੱਲ ਅਤੇ ਅਣਗਹਿਲੀ ਹੈ। ਉਹ ਵਿਦਿਆਰਥੀ ਜੋ ਪੰਤੇਕੁਸਤ (ਰਸੂਲਾਂ 2) ਵੇਲੇ ਯਹੂਦੀ ਧਰਮ ਤੋਂ ਕਲੀਸਿਯਾ (ਬਿਵਸਥਾ ਤੋਂ ਕਿਰਪਾ) ਵਿੱਚ ਆਈ ਤਬਦੀਲੀ ਨੂੰ ਨਜ਼ਰਅੰਦਾਜ਼ ਕਰਦਾ ਹੈ, ਉਹ ਕਦੇ ਵੀ ਪਵਿੱਤਰ ਆਤਮਾ ਦੇ ਕੰਮਾਂ ਨੂੰ ਨਹੀਂ ਸਮਝੇਗਾ। **ਕਲੀਸਿਯਾ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਦਾ ਨਮੂਨਾ ਪੁਰਾਣੇ ਨੇਮ ਜਾਂ ਸ਼ੁਭ-ਸਮਾਚਾਰਾਂ ਵਿੱਚ ਨਹੀਂ ਮਿਲਦਾ ਹੈ।** ਸ਼ੁਭ-ਸਮਾਚਾਰਾਂ ਵਿੱਚ ਇਹ ਐਲਾਨ ਨੂੰ ਨਾ ਦੇਖਣ ਦਾ ਕੋਈ ਬਹਾਨਾ ਨਹੀਂ ਹੋ ਸਕਦਾ ਹੈ ਕਿ ਹੁਣ ਪਵਿੱਤਰ ਆਤਮਾ ਦੇ ਕੰਮ ਵਿੱਚ ਇੱਕ ਵੱਡੀ ਤਬਦੀਲੀ ਆਉਣ ਵਾਲੀ ਹੈ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਲਗਾਤਾਰ ਆਤਮਾ ਦੇ ਬਪਤਿਸਮੇ ਨੂੰ ਭਵਿੱਖ ਵਿੱਚ ਹੋਣਾ ਵਾਲਾ ਕੰਮ ਕਿਹਾ ਸੀ (ਮੱਤੀ 3:11; ਮਰਕੁਸ 1:8; ਲੂਕਾ 3:16)। ਸਵਰਗ ਜਾਣ ਵੇਲੇ ਵੀ ਮਸੀਹ ਨੇ ਆਪਣੇ ਚੇਲਿਆਂ ਨੂੰ ਕਿਹਾ ਸੀ ਕਿ ਆਤਮਾ ਦਾ ਬਪਤਿਸਮਾ ਭਵਿੱਖ ਲਈ ਹੋਵੇਗਾ ਅਤੇ ਇਹ ਜਲਦੀ ਹੋ ਹੋਵੇਗਾ (ਰਸੂਲਾਂ 1:5)। ਰਸੂਲਾਂ 11:15-16 ਦੇ ਸਮੇਂ ਤੱਕ ਆਤਮਾ ਦਾ ਇਹ ਬਪਤਿਸਮਾ ਪਹਿਲਾਂ ਹੀ ਹੋ ਚੁੱਕਾ ਸੀ। ਇਸ ਤਰ੍ਹਾਂ, ਪੰਤੇਕੁਸਤ ਦੇ ਦਿਨ ਇਹ ਤਬਦੀਲੀ ਹੋ ਗਈ ਜਿਸ ਦੀ ਭਵਿੱਖਬਾਣੀ ਕੀਤੀ ਗਈ ਸੀ। **ਪੰਤੇਕੁਸਤ ਤੋਂ ਬਾਅਦ ਪਵਿੱਤਰ ਆਤਮਾ ਦਾ ਕੰਮ ਪਹਿਲਾਂ ਵਰਗਾ ਨਹੀਂ ਹੈ।** ਇਸ ਲਈ, ਕੋਈ ਵੀ ਪੁਰਾਣੇ ਨੇਮ ਜਾਂ ਸ਼ੁਭ-ਸਮਾਚਾਰ ਨੂੰ ਅੱਜ ਦੇ ਲਈ ਪਵਿੱਤਰ ਆਤਮਾ ਦੇ ਨਮੂਨੇ ਜਾਂ ਕੰਮ ਦੇ ਰੂਪ ਵਿੱਚ ਨਹੀਂ ਦੇਖ ਸਕਦਾ ਹੈ।

ਸ਼ੁਭ-ਸਮਾਚਾਰਾਂ ਵਿੱਚ ਇਸ ਗੱਲ ਦੇ ਹੋਰ ਸੰਕੇਤ ਵੀ ਹਨ ਕਿ ਪਵਿੱਤਰ ਆਤਮਾ ਦੇ ਕੰਮ ਵਿੱਚ ਇੱਕ ਵੱਡੀ ਤਬਦੀਲੀ ਆ ਰਹੀ ਸੀ। ਯੂਹੰਨਾ 7:37-39 ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਸਾਰੇ ਵਿਸ਼ਵਾਸੀਆਂ ਦੇ ਅੰਦਰ ਵਾਸ ਕਰੇਗਾ, ਪਰ ਇਹ ਸਪੱਸ਼ਟ ਤੌਰ ਤੇ ਇਹ ਵੀ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਦਾ ਇਹ ਕੰਮ ਮਸੀਹ ਦੇ ਮਹਿਮਾ ਪ੍ਰਾਪਤ ਕਰਨ ਤੋਂ **ਬਾਅਦ** ਸ਼ੁਰੂ ਹੋਵੇਗਾ। ਇਸੇ ਤਰ੍ਹਾਂ, ਪ੍ਰਭੂ ਦੀ ਮੌਤ ਤੋਂ ਪਹਿਲਾਂ ਦੀ ਰਾਤ (ਯੂਹੰਨਾ 14:16) ਉੱਪਰਲੇ ਕਮਰੇ ਦਾ ਉਪਦੇਸ਼ ਇਸ ਉਮੀਦ ਨਾਲ ਭਰਿਆ ਹੋਇਆ ਹੈ ਕਿ ਪਵਿੱਤਰ ਆਤਮਾ ਮਸੀਹ ਦੇ ਜਾਣ ਤੋਂ ਬਾਅਦ ਨਵੀਆਂ ਸੇਵਕਾਈਆਂ ਨੂੰ ਸ਼ੁਰੂ ਕਰੇਗਾ।

ਜਿਹੜੇ ਲੋਕ ਪੁਰਾਣੇ ਨੇਮ ਅਤੇ ਸ਼ੁਭ-ਸਮਾਚਾਰਾਂ ਨੂੰ ਇਸ ਤਰ੍ਹਾਂ ਦੇਖਦੇ ਹਨ ਕਿ ਇਹਨਾਂ ਵਿੱਚ ਇਸ ਯੁੱਗ ਦੇ ਲਈ ਪਵਿੱਤਰ ਆਤਮਾ ਦੇ ਕੰਮ ਦਾ ਨਮੂਨਾ ਹੈ, ਉਹ ਆਪਣੀ ਇਸ ਉਲਝਣ ਲਈ ਆਪ ਹੀ ਜ਼ਿੰਮੇਵਾਰ ਹਨ। ਬਾਈਬਲ ਵਿੱਚ ਅਜਿਹੇ ਬਹੁਤ ਸਾਰੇ ਸੰਕੇਤ ਹਨ ਕਿ ਪ੍ਰਭੂ ਦੇ ਜੀਅ ਉੱਠਣ ਅਤੇ ਸਵਰਗ ਜਾਣ ਤੋਂ ਬਾਅਦ ਪਵਿੱਤਰ ਆਤਮਾ ਦਾ ਕੰਮ ਪੂਰੀ ਤਰ੍ਹਾਂ ਬਦਲ ਜਾਵੇਗਾ। ਹਾਲਾਂਕਿ ਇਹ ਸੱਚ ਹੈ ਕਿ ਪੁਰਾਣੇ ਨੇਮ ਦੇ ਸੰਤਾਂ ਨੇ (ਇਸ ਵਿੱਚ ਚੇਲੇ ਵੀ ਸ਼ਾਮਲ ਹਨ) ਮੁਕਤੀ ਪਾਉਣ ਤੋਂ ਬਾਅਦ ਪਵਿੱਤਰ ਆਤਮਾ ਪਾਇਆ ਸੀ, ਪਰ ਕਲੀਸਿਯਾ ਦੀ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਇਸ ਤਰ੍ਹਾਂ ਕੰਮ ਨਹੀਂ ਕਰਦਾ ਹੈ। ਬਾਈਬਲ ਦੇ ਨਜ਼ਰੀਏ ਤੋਂ ਪਵਿੱਤਰ ਆਤਮਾ ਨੂੰ ਦੇਖਣ ਲਈ, ਇਹ ਜ਼ਰੂਰੀ ਹੈ ਕਿ ਯਹੂਦੀ ਧਰਮ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਅਤੇ ਕਲੀਸਿਯਾ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਦੇ ਵਿੱਚ ਅੰਤਰ ਨੂੰ ਸਮਝ ਲਿਆ ਜਾਵੇ। ਇਹਨਾਂ ਵਿਚਕਾਰ ਅੰਤਰ ਨੂੰ ਹੁਣ ਸੂਚੀਬੱਧ ਕੀਤਾ ਜਾਵੇਗਾ, ਅਤੇ ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਦੇ ਕੰਮ ਦੀ ਵਿਆਖਿਆ ਵੀ ਕੀਤੀ ਜਾਵੇਗੀ।

### B. ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨ ਵਾਲੇ ਲੋਕ

ਬਿਵਸਥਾ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਅਕਸਰ ਮੁਕਤੀ ਪਾਉਣ ਦੇ ਬਹੁਤ ਸਮੇਂ ਬਾਅਦ ਇੱਕ ਵਿਅਕਤੀ ਦੇ "ਉੱਤੇ ਆਉਂਦਾ" ਜਾਂ "ਉਸ ਨੂੰ ਭਰਦਾ" ਸੀ **ਅਤੇ ਉਹ ਸਾਰੇ ਵਿਸ਼ਵਾਸੀਆਂ ਦੀ ਬਜਾਏ ਕੇਵਲ ਕੁਝ ਉੱਤਮ ਵਿਅਕਤੀਆਂ ਦੇ ਜੀਵਨ ਵਿੱਚ ਕੰਮ ਕਰਦਾ ਸੀ।**[1] ਕਿਰਪਾ ਦੇ ਅਧੀਨ ਪਵਿੱਤਰ ਆਤਮਾ **ਹਰੇਕ ਵਿਸ਼ਵਾਸੀ** ਦੇ ਜੀਵਨ ਵਿੱਚ ਕੰਮ ਕਰਦਾ ਹੈ ਅਤੇ ਮੁਕਤੀ ਦੇ ਸਮੇਂ ਤੋਂ ਹੀ ਕੰਮ ਕਰਨਾ ਸ਼ੁਰੂ ਕਰਦਾ ਹੈ (ਯੂਹੰਨਾ 7:37-39; ਰੋਮੀ 8:9; 1 ਕੁਰਿੰਥ 12:13; ਗਲਾਤੀ 3:2; 1 ਯੂਹੰਨਾ 4:13)।

ਜਿਹੜੇ ਲੋਕ ਪੰਤੇਕੁਸਤ ਦੇ ਬਾਅਦ ਤੋਂ ਆਤਮਾ ਦੇ ਕੰਮ ਵਿੱਚ ਇਸ ਤਬਦੀਲੀ ਨੂੰ ਦੇਖ ਲੈਂਦੇ ਹਨ, ਉਹ "ਦੂਜੀ ਅਸੀਸ" ਦੇ ਵਿਚਾਰ ਉੱਤੇ ਇਤਰਾਜ਼ ਕਰਦੇ ਹਨ, ਜਿਸ ਵਿੱਚ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੀ ਮੁਕਤੀ ਤੋਂ ਬਾਅਦ ਉਸ ਦੇ ਜੀਵਨ ਦੇ ਕਿਸੇ ਸੰਕਟ ਜਾਂ ਪਰਿਪੱਕਤਾ ਦੇ ਬਿੰਦੂ ਉੱਤੇ ਉਸ ਵਿੱਚ ਪ੍ਰਵੇਸ਼ ਕਰਦਾ ਹੈ। ਉਹ ਅਜਿਹੀ ਸਿੱਖਿਆ ਦਾ ਵੀ ਸਹੀ ਢੰਗ ਨਾਲ ਵਿਰੋਧ ਕਰਦੇ ਹਨ ਜੋ ਸਿਖਾਉਂਦੀ ਹੈ ਕਿ ਕੁਝ ਵਿਸ਼ਵਾਸੀਆਂ ਕੋਲ ਪਵਿੱਤਰ ਆਤਮਾ ਹੁੰਦਾ ਹੈ ਅਤੇ ਕੁਝ ਉਸ ਤੋਂ ਬਿਨਾਂ ਹੁੰਦੇ ਹਨ। ਇਹ ਸਿੱਖਿਆ, ਕਿ ਕੁਝ ਵਿਸ਼ਵਾਸੀਆਂ ਨੂੰ "ਦੂਜੀ ਅਸੀਸ" ਮਿਲੀ ਹੈ ਅਤੇ ਇਸ ਲਈ ਉਹਨਾਂ ਕੋਲ ਪਵਿੱਤਰ ਆਤਮਾ ਹੈ ਅਤੇ ਦੂਜਿਆਂ ਕੋਲ ਪਵਿੱਤਰ ਆਤਮਾ ਨਹੀਂ ਹੈ, ਇਹ ਬਿਵਸਥਾ ਦੇ ਨਮੂਨੇ ਉੱਤੇ ਆਧਾਰਿਤ ਹੈ। ਪਵਿੱਤਰ ਆਤਮਾ ਕਲੀਸਿਯਾ ਵਿੱਚ ਇਸ ਤਰ੍ਹਾਂ ਕੰਮ ਨਹੀਂ ਕਰਦਾ ਹੈ। ਪੁਰਾਣੇ ਨੇਮ ਦੀਆਂ ਕੁਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ ਜਿੱਥੇ ਪਵਿੱਤਰ ਆਤਮਾ **ਮੁਕਤੀ ਤੋਂ ਬਾਅਦ ਦੇ ਕਿਸੇ ਸਮੇਂ** ਸਿਰਫ਼ ਕੁਝ ਉੱਤਮ ਆਗੂਆਂ ਉੱਤੇ ਆਇਆ ਸੀ:

- ਬਸਲਏਲ - ਤੰਬੂ ਦਾ ਕਾਰੀਗਰ (ਆਤਮਾ ਨਾਲ ਭਰਪੂਰ ਸੀ, ਕੂਚ 31:3; 35:31)
- ਮੂਸਾ ਅਤੇ ਇਸਰਾਏਲ ਦੇ 70 ਆਗੂ ਜਿਹਨਾਂ ਉੱਤੇ ਪਵਿੱਤਰ ਆਤਮਾ ਉੱਤਰਿਆ (ਗਿਣਤੀ 11:17-29)
- ਯਹੋਸ਼ੁਆ - ਉੱਤੇ ਆਤਮਾ ਉੱਤਰਿਆ (ਗਿਣਤੀ 27:18)
- ਆਥਨੀਏਲ - ਉੱਤੇ ਆਤਮਾ ਉੱਤਰਿਆ (ਨਿਆਂਈ 3:10)
- ਗਿਦਾਊਨ - ਉੱਤੇ ਆਤਮਾ ਉੱਤਰਿਆ (ਨਿਆਂਈ 6:34)
- ਯਿਫ਼ਤਾਹ - ਉੱਤੇ ਆਤਮਾ ਉੱਤਰਿਆ (ਨਿਆਂਈ 11:29)
- ਸਮਸੂਨ - ਉੱਤੇ ਆਤਮਾ ਉੱਤਰਿਆ ਅਤੇ ਉਸ ਨੂੰ ਉਭਾਰਿਆ (ਨਿਆਂਈ 13:25; 14:6, 19; 15:14)
- ਸ਼ਾਊਲ- ਉੱਤੇ ਆਤਮਾ ਉੱਤਰਿਆ (1 ਸਮੂ 10:6, 10; 11:6)
- ਦਾਊਦ - ਉੱਤੇ ਆਤਮਾ ਉੱਤਰਿਆ (1 ਸਮੂ 16:13; ਅਤੇ 2 ਸਮੂ 23:2 ਵੀ ਦੇਖੋ)
- ਅਮਾਸਈ, ਦਾਊਦ ਦੇ ਸੂਬੇਦਾਰਾਂ ਵਿੱਚੋਂ ਇੱਕ - ਉੱਤੇ ਆਤਮਾ ਉੱਤਰਿਆ (1 ਇਤਿਹਾਸ 12:18)
- ਅਜ਼ਰਯਾਹ ਨਬੀ - ਉੱਤੇ ਆਤਮਾ ਉੱਤਰਿਆ (2 ਇਤਿਹਾਸ 15:1)
- ਯਹਜ਼ੀਏਲ ਨਬੀ - ਉੱਤੇ ਆਤਮਾ ਉੱਤਰਿਆ (2 ਇਤਿਹਾਸ 20:14)
- ਯਹੋਯਾਦਾ ਦੇ ਪੁੱਤਰ ਜ਼ਕਰਯਾਹ ਨਬੀ - ਉੱਤੇ ਆਤਮਾ ਉੱਤਰਿਆ (2 ਇਤਿਹਾਸ 24:20)
- ਹਿਜ਼ਕੀਏਲ - ਉੱਤੇ ਆਤਮਾ ਉੱਤਰਿਆ (ਹਿਜ਼ਕੀ 11:5)
- ਮੀਕਾਹ - ਆਤਮਾ ਨਾਲ ਭਰਪੂਰ ਸੀ (ਮੀਕਾਹ 3:8)

### C. ਪੁਰਾਣੇ ਨੇਮ ਵਿੱਚ ਪਵਿੱਤਰ ਆਤਮਾ ਦੀ ਸੇਵਕਾਈ ਦਾ ਸਮਾਂ

ਬਿਵਸਥਾ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਅਤੇ ਕਿਰਪਾ ਦੇ ਅਧੀਨ ਉਸ ਦੇ ਕੰਮ ਵਿੱਚ ਪਹਿਲਾ ਅੰਤਰ ਉਹਨਾਂ ਵਿਅਕਤੀਆਂ ਵਿੱਚ ਦਿਖਾਈ ਦਿੰਦਾ ਹੈ ਜਿਹਨਾਂ ਵਿੱਚ ਉਹ ਕੰਮ ਕਰਦਾ ਹੈ। ਬਿਵਸਥਾ ਦੇ ਅਧੀਨ ਪਵਿੱਤਰ ਆਤਮਾ ਸਾਰਿਆਂ ਉੱਤੇ ਨਹੀਂ, ਪਰ ਸਿਰਫ਼ ਕੁਝ ਚੁਣੇ ਹੋਏ ਵਿਅਕਤੀਆਂ ਉੱਤੇ ਉਹਨਾਂ ਦੀ ਮੁਕਤੀ ਤੋਂ ਬਾਅਦ ਕਿਸੇ ਸਮੇਂ ਉੱਤੇ ਆਉਂਦਾ ਸੀ। ਪੁਰਾਣੇ ਨੇਮ ਅਤੇ ਨਵੇਂ ਨੇਮ ਵਿਚਕਾਰ ਪਵਿੱਤਰ ਆਤਮਾ ਦੇ ਕੰਮ ਦਾ ਦੂਜਾ ਵੱਡਾ ਅੰਤਰ ਇੱਕ ਜੀਵਨ ਵਿੱਚ ਉਸ ਦੇ ਕੰਮ ਦਾ ਸਮਾਂ ਹੈ। ਕਲੀਸਿਯਾ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਵਿਸ਼ਵਾਸੀ ਦੇ ਜੀਵਨ ਵਿੱਚ **ਸਦਾ ਲਈ** ਰਹਿੰਦਾ ਹੈ (ਦੇਖੋ, ਯੂਹੰਨਾ 14:16-17 ਅਤੇ ਅਫ਼ਸੀ 4:30)। ਪਰ ਪੁਰਾਣੇ ਨੇਮ ਦੀ ਬਿਵਸਥਾ ਦੇ ਅਧੀਨ ਉਹ ਇੱਕ ਵਿਅਕਤੀ ਵਿੱਚ ਆਉਂਦਾ ਅਤੇ ਜਾਂਦਾ ਰਹਿੰਦਾ ਸੀ। ਇਹਨਾਂ ਦੋਵੇਂ ਵੱਖਰੀਆਂ ਪ੍ਰਣਾਲੀਆਂ ਵਿਚਕਾਰ ਉਲਝਣ ਵਿੱਚ ਪੈਣਾ ਅਤੇ ਇਹ ਸੋਚ ਲੈਣਾ ਇੱਕ ਵੱਡੀ ਗ਼ਲਤੀ ਹੋਵੇਗੀ ਕਿ ਪਵਿੱਤਰ ਆਤਮਾ ਅੱਜ ਵੀ ਕਿਸੇ ਵਿਸ਼ਵਾਸੀ ਨੂੰ ਛੱਡ ਸਕਦਾ ਹੈ ਜਾਂ ਇੱਕ ਵਿਸ਼ਵਾਸੀ ਵਿੱਚ ਉਸ ਦੀ ਨਿਰੰਤਰ ਮੌਜੂਦਗੀ ਵਿਸ਼ਵਾਸੀ ਦੀ ਪਵਿੱਤਰਤਾ ਉੱਤੇ ਨਿਰਭਰ ਕਰਦੀ ਹੈ। ਅਜਿਹੀਆਂ ਵੱਡੀਆਂ ਗ਼ਲਤੀਆਂ ਦੇ ਨਤੀਜੇ ਵਜੋਂ ਪਵਿੱਤਰ ਆਤਮਾ ਨੂੰ ਜੀਵਨ ਵਿੱਚ ਫਿਰ ਤੋਂ ਆਉਣ ਜਾਂ ਛੱਡ ਕੇ ਨਾ ਜਾਣ ਦੀ ਪ੍ਰਾਰਥਨਾ ਕਰਨ ਦੀਆਂ ਬਾਈਬਲ ਦੇ ਉਲਟ ਧਾਰਨਾਵਾਂ ਪੈਦਾ ਹੁੰਦੀਆਂ ਹਨ। ਇੱਕ ਵਿਸ਼ਵਾਸੀ ਦੇ ਜੀਵਨ ਵਿੱਚੋਂ ਪਵਿੱਤਰ ਆਤਮਾ ਦੀ ਮੌਜੂਦਗੀ ਦਾ ਪੂਰੀ ਤਰ੍ਹਾਂ ਹੱਟ ਜਾਣਾ, ਸਿਰਫ਼ ਬਿਵਸਥਾ ਦੀ ਪ੍ਰਣਾਲੀ ਵਿੱਚ ਹੀ ਹੋ ਸਕਦਾ ਸੀ। ਇਹ ਸੱਚ ਹੈ ਕਿ ਪਵਿੱਤਰ ਆਤਮਾ ਨੇ ਸਮਸੂਨ ਅਤੇ ਸ਼ਾਊਲ ਨੂੰ ਛੱਡ ਦਿੱਤਾ ਸੀ; ਅਤੇ ਦਾਊਦ ਆਤਮਾ ਦੇ ਹਟਾਏ ਜਾਣ ਦੀ ਸੰਭਾਵਨਾ ਬਾਰੇ ਚਿੰਤਤ ਸੀ।[2]

[1] ਇੱਕ ਦ੍ਰਿਸ਼ਟੀਕੋਣ ਇਹ ਹੈ ਕਿ ਪਵਿੱਤਰ ਆਤਮਾ ਦੇ ਕੰਮ ਦੇ ਲਈ ਦਿੱਤੇ ਪੁਰਾਣੇ ਨੇਮ ਦੇ ਹਵਾਲਿਆਂ ਵਿੱਚ ਸਿਰਫ਼ ਕੁਝ ਲੋਕਾਂ ਉੱਤੇ ਅਗਵਾਈ ਦੀਆਂ ਯੋਗਤਾਵਾਂ ਦੀ ਬਰਕਤ ਸ਼ਾਮਲ ਸੀ। ਇਸ ਵਿੱਚ ਪਵਿੱਤਰ ਆਤਮਾ ਦਾ ਅੰਦਰ ਵਾਸ ਕਰਨਾ ਨਹੀਂ, ਪਰ ਸੇਵਾ ਦੇ ਲਈ ਮਸਹ ਕਰਨਾ ਸ਼ਾਮਲ ਸੀ। ਇਸ ਦ੍ਰਿਸ਼ਟੀਕੋਣ ਨਾਲ, ਪੁਰਾਣੇ ਨੇਮ ਦੇ ਇਹ ਹਵਾਲੇ ਇਸ ਗੱਲ ਦਾ ਬਹੁਤ ਘੱਟ ਨਮੂਨਾ ਨਹੀਂ ਬਣਨਗੇ ਕਿ ਪੰਤੇਕੁਸਤ ਤੋਂ ਬਾਅਦ ਹਰ ਵਿਸ਼ਵਾਸੀ ਦੇ ਜੀਵਨ ਵਿੱਚ ਪਵਿੱਤਰ ਆਤਮਾ ਕਿਵੇਂ ਕੰਮ ਕਰਦਾ ਹੈ। ਪੁਰਾਣੇ ਨੇਮ ਦੀ ਇਹਨਾਂ ਵਿੱਚੋਂ ਭਾਵੇਂ ਕੋਈ ਵੀ ਵਿਆਖਿਆ ਹੋਵੇ, ਪਰ ਪਵਿੱਤਰ ਆਤਮਾ ਦੇ ਅਧਿਐਨ ਨੂੰ ਪੰਤੇਕੁਸਤ ਤੋਂ ਬਾਅਦ ਉਸ ਦੇ ਕੰਮਾਂ ਸੰਬੰਧੀ ਵਚਨਾਂ ਉੱਤੇ ਜ਼ੋਰ ਦੇਣਾ ਚਾਹੀਦਾ ਹੈ।

[2] ਕਈ ਵਾਰ ਪਵਿੱਤਰ ਆਤਮਾ ਪਾਪੀ ਲੋਕਾਂ ਦੇ ਜੀਵਨ ਵਿੱਚ ਵੀ ਕੰਮ ਕਰ ਸਕਦਾ ਸੀ। ਅਜਿਹੇ ਵੀ ਮਾਮਲੇ ਹਨ ਜਿਹਨਾਂ ਵਿੱਚ ਪਵਿੱਤਰ ਆਤਮਾ ਕੁਝ ਸਮੇਂ ਲਈ ਅਵਿਸ਼ਵਾਸੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ (ਗਿਣਤੀ 24:2; 1 ਸਮੂ 19:20-24)।

ਤਾਂ ਉਸਨੇ ਕਿਹਾ, "ਹੇ ਸਮਸੂਨ, ਫ਼ਲਿਸਤੀ ਤੇਰੇ ਉੱਤੇ ਚੜ੍ਹ ਆਏ ਹਨ!" ਉਹ ਨੀਂਦ ਤੋਂ ਜਾਗਿਆ ਅਤੇ ਸੋਚਣ ਲੱਗਾ, "ਮੈਂ ਪਹਿਲਾਂ ਵਾਂਗੂੰ ਬਾਹਰ ਨਿੱਕਲ ਕੇ ਆਪਣੇ ਆਪ ਨੂੰ ਹਿਲਾ ਕੇ ਖੇਲ੍ਹ ਲਵਾਂਗਾ।" ਪਰ ਉਹ ਨਹੀਂ ਜਾਣਦਾ ਸੀ ਕਿ **ਯਹੋਵਾਹ ਉਸ ਤੋਂ ਅਲੱਗ ਹੋ ਗਿਆ ਹੈ।** [ਨਿਆਂਈ 16:20]

**ਪਰ ਸ਼ਾਊਲ ਉੱਤੋਂ ਯਹੋਵਾਹ ਦਾ ਆਤਮਾ ਅਲੱਗ ਹੋ ਗਿਆ**... [1 ਸਮੂ 16:14]

ਮੈਨੂੰ ਆਪਣੇ ਹਜ਼ੂਰੋਂ ਨਾ ਧੱਕ, ਅਤੇ ਆਪਣਾ ਪਵਿੱਤਰ ਆਤਮਾ ਮੈਥੋਂ ਨਾ ਲੈ! [ਜ਼ਬੂਰ 51:11]

## VII. ਕਲੀਸਿਯਾ ਪ੍ਰਣਾਲੀ ਅਧੀਨ ਪਵਿੱਤਰ ਆਤਮਾ ਦੇ ਕੰਮ

### A. ਅਵਿਸ਼ਵਾਸੀਆਂ ਨਾਲ ਸੰਬੰਧਿਤ ਕੰਮ

#### 1. ਦੋਸ਼ੀ ਸਿੱਧ ਕਰਨਾ

ਮਸੀਹੀ ਲੋਕਾਂ ਵਿੱਚ ਵਾਕਾਂਸ਼ ਦੋਸ਼ੀ ਸਿੱਧ ਕਰਨਾ ਆਮ ਤੌਰ ਤੇ ਪਵਿੱਤਰ ਆਤਮਾ ਦਾ ਉਹ ਕੰਮ ਮੰਨਿਆ ਜਾਂਦਾ ਹੈ ਜਿਸ ਵਿੱਚ ਉਹ ਇੱਕ ਵਿਸ਼ਵਾਸੀ ਦੇ ਮਨ ਨੂੰ ਉਸ ਦੇ ਨਿੱਜੀ ਪਾਪਾਂ ਦੇ ਲਈ ਦੋਸ਼ੀ ਠਹਿਰਾਉਂਦਾ ਹੈ। ਇਹ ਸਹੀ ਹੈ, ਕਿਉਂਕਿ ਪਰਮੇਸ਼ਰ ਦਾ ਵਚਨ "ਸੁਧਾਰਦਾ ਅਤੇ ਤਾੜਨਾ ਦਿੰਦਾ ਹੈ" (2 ਤਿਮੋਥਿ 3:16)। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਗ਼ਲਤੀਆਂ ਬਾਰੇ ਦੋਸ਼ੀ ਸਿੱਧ ਕਰਨ ਲਈ ਵਚਨ ਦੀ ਵਰਤੋਂ ਕਰਦਾ ਹੈ। ਫਿਰ ਵੀ, ਬਾਈਬਲ ਦੀ ਸਪੱਸ਼ਟ ਸਿੱਖਿਆ ਇਹੀ ਹੈ ਕਿ ਪਵਿੱਤਰ ਆਤਮਾ ਦਾ ਦੋਸ਼ੀ ਸਿੱਧ ਕਰਨ ਦਾ ਕੰਮ ਵਿਸ਼ਵਾਸੀਆਂ ਦੀ ਬਜਾਏ ਅਵਿਸ਼ਵਾਸੀਆਂ ਨਾਲ ਸੰਬੰਧਿਤ ਹੈ। ਇਸ ਦੇ ਲਈ ਯੂਹੰਨਾ 16:7-11 ਸਭ ਤੋਂ ਮਹੱਤਵਪੂਰਣ ਵਚਨ ਹੈ।

#### a. ਪਵਿੱਤਰ ਆਤਮਾ ਦੀ ਦੋਸ਼ੀ ਸਿੱਧ ਕਰਨ ਵਾਲੀ ਸੇਵਕਾਈ ਦੀ ਲੋੜ

ਇਸ ਅਧਿਐਨ ਵਿੱਚ ਅਸੀਂ ਪਹਿਲਾਂ ਦੇਖਿਆ ਹੈ ਕਿ ਸ਼ੈਤਾਨ ਨੇ ਅਵਿਸ਼ਵਾਸੀਆਂ ਦੇ ਮਨਾਂ ਨੂੰ ਹਨੇਰਾ ਕਰ ਦਿੱਤਾ ਹੈ। ਕੋਈ ਵੀ ਅਵਿਸ਼ਵਾਸੀ ਪਵਿੱਤਰ ਆਤਮਾ ਦੇ ਗਿਆਨ ਤੋਂ ਬਿਨਾਂ ਸ਼ੁਭ-ਸਮਾਚਾਰ ਨੂੰ ਸਮਝ ਨਹੀਂ ਸਕਦਾ ਹੈ (ਦੇਖੋ, ਯੂਹੰਨਾ 6:44; ਰਸੂਲਾਂ 16:14; 26:18; 1 ਕੁਰਿੰਥ 1:18; 2:14; 2 ਕੁਰਿੰਥ 4:3-4 ਅਤੇ ਅਧਿਆਇ 4; ਅਧਿਆਇ 6; ਅਤੇ ਖ਼ਾਸ ਕਰਕੇ ਅਧਿਆਇ 9 ਵਿੱਚ ਪਹਿਲਾਂ ਤੋਂ ਚੋਣ)। ਪਰਮੇਸ਼ਰ ਜਾਣਦੇ ਹਨ ਕਿ ਪਵਿੱਤਰ ਆਤਮਾ ਦੇ ਸ਼ੈਤਾਨੀ ਹਨੇਰੇ ਨੂੰ ਦੂਰ ਕਰਨ ਦੇ ਯਤਨਾਂ ਤੋਂ ਬਿਨਾਂ ਕੋਈ ਵੀ ਸ਼ੁਭ-ਸਮਾਚਾਰ ਦੀ ਮਹੱਤਤਾ ਅਤੇ ਮੁੱਲ ਨੂੰ ਕਦੇ ਨਹੀਂ ਸਮਝ ਸਕਦਾ ਹੈ। ਇਸ ਦਾ ਵਿਨਾਸ਼ਕਾਰੀ ਨਤੀਜਾ ਇਹ ਹੋਵੇਗਾ ਕਿ ਕੋਈ ਵੀ ਕਦੇ ਵਿਸ਼ਵਾਸ ਨਹੀਂ ਕਰ ਸਕੇਗਾ। ਇਸ ਲਈ ਪਰਮੇਸ਼ਰ ਨੇ ਪਹਿਲਾਂ ਚੋਣ ਕਰਨ ਦਾ ਪ੍ਰਬੰਧ ਕੀਤਾ ਹੈ। ਜਿਹਨਾਂ ਬਾਰੇ ਪਰਮੇਸ਼ਰ ਨੇ ਪਹਿਲਾਂ ਤੋਂ ਜਾਣਿਆ ਹੈ ਕਿ ਉਹਨਾਂ ਵਿੱਚ ਵਿਸ਼ਵਾਸ ਕਰਨ ਦੀ ਸੰਭਾਵਨਾ ਹੈ, ਉਹਨਾਂ ਸਾਰੇ ਲੋਕਾਂ ਨੂੰ ਪਵਿੱਤਰ ਆਤਮਾ ਦੇ ਹਨੇਰੇ ਨੂੰ ਦੂਰ ਕਰਨ ਵਾਲੇ ਕੰਮ ਦੇ ਪ੍ਰਾਪਤਕਰਤਾ ਵਜੋਂ ਚੁਣਿਆ ਜਾਂਦਾ ਹੈ ਤਾਂ ਜੋ ਉਹਨਾਂ ਦੇ ਵਿਸ਼ਵਾਸ ਨੂੰ ਪ੍ਰਗਟ ਕੀਤਾ ਜਾ ਸਕੇ। ਪਵਿੱਤਰ ਆਤਮਾ ਦੁਆਰਾ ਦੋਸ਼ੀ ਸਿੱਧ ਕਰਨ ਨੂੰ 2 ਥੱਸਲੁ 2:13 ਅਤੇ 1 ਪਤਰਸ 1:2 ਵਿੱਚ ਸ਼ਬਦ *ਪਵਿੱਤਰ ਕੀਤੇ ਗਏ* ਦੁਆਰਾ ਸਿਖਾਇਆ ਗਿਆ ਹੈ।

#### b. ਪਵਿੱਤਰ ਆਤਮਾ ਦੇ ਸੰਸਾਰ ਨੂੰ ਦੋਸ਼ੀ ਸਿੱਧ ਕਰਨ ਦੇ ਸਾਧਨ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਰਮੇਸ਼ਰ ਦਾ ਵਚਨ ਹੀ ਉਹ ਮੁੱਖ ਸਾਧਨ ਹੈ ਜਿਸ ਦੁਆਰਾ ਪਵਿੱਤਰ ਆਤਮਾ ਦੋਸ਼ੀ ਸਿੱਧ ਕਰਨ ਦਾ ਕੰਮ ਕਰਦਾ ਹੈ (ਦੇਖੋ, ਯਾਕੂਬ 1:18; 1 ਪਤਰਸ 1:23; ਰੋਮੀ 10:14-17)। ਕਿਉਂਕਿ ਮਨੁੱਖ ਪਰਮੇਸ਼ਰ ਦੇ ਵਚਨ ਨੂੰ ਫੈਲਾਉਂਦੇ ਹਨ, ਇਸ ਲਈ ਇਹ ਸੋਚਣਾ ਵੀ ਸਹੀ ਹੈ ਕਿ ਵਿਸ਼ਵਾਸੀ ਸੰਸਾਰ ਨੂੰ ਦੋਸ਼ੀ ਸਿੱਧ ਕਰਨ ਦਾ ਇੱਕ ਸਾਧਨ ਹਨ। ਵਿਸ਼ਵਾਸੀ ਜ਼ੁਬਾਨੀ ਸੰਦੇਸ਼ ਦੁਆਰਾ (ਰਸੂਲਾਂ 5:32; 1 ਕੁਰਿੰਥ 14:24; ਅਫ਼ਸੀ 5:11) ਅਤੇ ਆਪਣੇ ਪਵਿੱਤਰ ਜੀਵਨ ਦੁਆਰਾ (ਮੱਤੀ 5:16; ਫ਼ਿਲਿੱਪੀ 2:15-16; 1 ਪਤਰਸ 2:12, 15) ਸੰਸਾਰ ਨੂੰ ਦੋਸ਼ੀ ਸਿੱਧ ਕਰਦੇ ਹਨ।

#### c. ਆਤਮਾ ਦੇ ਦੋਸ਼ੀ ਸਿੱਧ ਕਰਨ ਦੇ ਕੰਮ ਦੇ ਮੁੱਢਲੇ ਖੇਤਰ

ਹਾਲਾਂਕਿ ਪਵਿੱਤਰ ਆਤਮਾ ਵਚਨ ਰਾਹੀਂ ਅਤੇ ਵਿਸ਼ਵਾਸੀਆਂ ਰਾਹੀਂ ਸੰਸਾਰ ਨੂੰ ਖ਼ਾਸ ਨਿੱਜੀ ਪਾਪਾਂ ਬਾਰੇ ਦੋਸ਼ੀ ਸਿੱਧ ਕਰਦਾ ਹੈ (ਯੂਹੰਨਾ 3:20), ਪਰ ਨਿੱਜੀ ਪਾਪ ਪਵਿੱਤਰ ਆਤਮਾ ਦੀ ਦੋਸ਼ੀ ਸਿੱਧ ਕਰਨ ਦੀ ਸੇਵਕਾਈ ਦਾ **ਮੁੱਖ ਕੇਂਦਰ ਨਹੀਂ ਹੈ**। ਪਵਿੱਤਰ ਆਤਮਾ ਦੇ ਦੋਸ਼ੀ ਸਿੱਧ ਕਰਨ ਦੇ ਕੰਮ ਨੂੰ ਸਿਰਫ਼ ਸ਼ਰਾਬੀ, ਜਾਂ ਅਸ਼ਲੀਲਤਾ, ਜਾਂ ਗੁੱਸੇ ਵਾਲੇ ਸੁਭਾਅ ਤੱਕ ਸੀਮਿਤ ਕਰਨਾ ਇੱਕ ਅਜਿਹੀ ਗ਼ਲਤੀ ਹੈ ਜੋ ਦੋਸ਼ੀ ਸਿੱਧ ਕਰਨ ਦੇ ਕੰਮ ਵਿੱਚ ਆਤਮਾ ਦੇ ਸੱਚੇ ਟੀਚੇ ਵਿੱਚ ਰੁਕਾਵਟ ਬਣਦੀ ਹੈ। ਸਾਨੂੰ ਇਹ ਧਿਆਨ ਦੇਣਾ ਹੋਵੇਗਾ ਕਿ ਯੂਹੰਨਾ 16:8, 9 ਵਿੱਚ ਸ਼ਬਦ **ਪਾਪ ਇਕਵਚਨ ਹੈ,** ਅਤੇ ਇਸ ਦੀ ਵਿਆਖਿਆ ਯੂਹੰਨਾ 16:93 ਵਿੱਚ **ਵਿਸ਼ਵਾਸ ਕਰਨ ਦੀ ਅਸਫ਼ਲਤਾ** ਦੇ ਰੂਪ ਵਿੱਚ ਕੀਤੀ ਗਈ ਹੈ।[3] ਪਵਿੱਤਰ ਆਤਮਾ ਮੁੱਖ ਤੌਰ ਤੇ ਸੰਸਾਰ ਨੂੰ ਅਵਿਸ਼ਵਾਸ ਦੇ ਸਭ ਤੋਂ ਵੱਡੇ ਪਾਪ ਲਈ ਦੋਸ਼ੀ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦੇ ਦੋਸ਼ੀ ਸਿੱਧ ਕਰਨ ਦੇ ਬਾਕੀ ਹੋਰ ਪਹਿਲੂ ਇਸ ਪ੍ਰਮੁੱਖ ਕੰਮ ਤੋਂ ਬਾਅਦ ਦੇ ਹਨ। ਅਵਿਸ਼ਵਾਸ ਦਾ ਪਾਪ ਹੀ ਉਹ ਸਭ ਤੋਂ ਵੱਡਾ ਪਾਪ ਹੈ ਜਿਸ ਦੀ ਮਾਫ਼ੀ ਨਹੀਂ ਹੈ, ਅਤੇ ਇਹ ਇੱਕ ਵਿਅਕਤੀ ਨੂੰ ਸਦੀਪਕ ਨਾਸ਼ ਵੱਲ ਲੈ ਜਾਂਦਾ ਹੈ। ਪਵਿੱਤਰ ਆਤਮਾ ਦੀ ਦੋਸ਼ੀ ਸਿੱਧ ਕਰਨ ਦੀ ਸੇਵਕਾਈ ਦਾ ਉਦੇਸ਼ ਕਿਸੇ ਬੁਰੀ ਆਦਤ ਨੂੰ ਖ਼ਤਮ ਕਰਨ ਦੁਆਰਾ

---

ਯੂਹੰਨਾ 16:9 ਵਿੱਚ ਯੂਨਾਨੀ ਸ਼ਬਦ "ਹੋਤੀ" ਦਾ ਅਨੁਵਾਦ "ਕਿਉਂਕਿ" ਕੀਤਾ ਜਾ ਸਕਦਾ ਹੈ। ਮੁੱਖ ਪਾਪ ਇਹ ਹੈ "**ਕਿਉਂਕਿ ਉਹ ਮੇਰੇ ਵਿੱਚ ਵਿਸ਼ਵਾਸ ਨਹੀਂ ਕਰਦੇ ਹਨ।**

ਨੈਤਿਕ ਸੁਧਾਰ ਲਿਆਉਣਾ ਨਹੀਂ ਹੈ। ਉਹ ਇੱਕ ਮਨ ਵਿੱਚੋਂ ਸ਼ੈਤਾਨੀ ਹਨੇਰੇ ਨੂੰ ਦੂਰ ਕਰਕੇ ਇੱਕ ਅਵਿਸ਼ਵਾਸੀ ਵਿਅਕਤੀ ਨੂੰ ਸ਼ੁਭ-ਸਮਾਚਾਰ ਦੀ ਕੀਮਤ ਬਾਰੇ ਪ੍ਰਕਾਸ਼ਮਾਨ ਕਰਨਾ ਚਾਹੁੰਦਾ ਹੈ। ਉਹ ਯਿਸੂ ਮਸੀਹ ਦਾ ਇਨਕਾਰ ਕਰਨ ਦੇ ਭਿਆਨਕ ਪਾਪ ਵਿੱਚ ਪਏ ਇੱਕ ਅਵਿਸ਼ਵਾਸੀ ਮਨ ਨੂੰ ਦੋਸ਼ੀ ਸਿੱਧ ਕਰਨਾ ਚਾਹੁੰਦਾ ਹੈ, ਅਤੇ ਇਸ ਤਰ੍ਹਾਂ ਉਹ ਵਿਅਕਤੀ ਨੂੰ ਯਕੀਨ ਦਿਵਾਉਂਦਾ ਹੈ ਕਿ ਉਸ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ। ਪਵਿੱਤਰ ਆਤਮਾ ਦਾ ਮੁਕਤੀ ਨਾ ਪਾਏ ਲੋਕਾਂ ਲਈ ਮੁੱਖ ਕੰਮ ਨੈਤਿਕ ਸੁਧਾਰ ਨਹੀਂ, ਪਰ ਮੁਕਤੀ ਹੈ। ਅਵਿਸ਼ਵਾਸ ਦੀ ਬੁਰਾਈ ਬਾਰੇ ਦੋਸ਼ੀ ਸਿੱਧ ਕਰਨ ਤੋਂ ਬਾਅਦ ਨਿੱਜੀ ਪਾਪਾਂ ਬਾਰੇ ਦੋਸ਼ੀ ਸਿੱਧ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ, ਪਵਿੱਤਰ ਆਤਮਾ ਦਾ ਧਾਰਮਿਕਤਾ ਬਾਰੇ ਦੋਸ਼ੀ ਸਿੱਧ ਕਰਨਾ ਵੀ ਮੁਕਤੀ ਦੇ ਉਦੇਸ਼ਾਂ ਦੇ ਲਈ ਹੀ ਹੈ। ਕਿਉਂਕਿ ਹੁਣ ਸੰਸਾਰ ਮਸੀਹ ਨੂੰ ਵਿਅਕਤੀਗਤ ਰੂਪ ਵਿੱਚ ਨਹੀਂ ਦੇਖਦਾ ਹੈ, ਇਸ ਲਈ ਪਵਿੱਤਰ ਆਤਮਾ ਦੇ ਲਈ ਸੰਸਾਰ ਨੂੰ ਧਾਰਮਿਕਤਾ ਬਾਰੇ ਦੋਸ਼ੀ ਸਿੱਧ ਕਰਨਾ ਜ਼ਰੂਰੀ ਹੋ ਜਾਂਦਾ ਹੈ (ਯੂਹੰਨਾ 16:10 ਦੇ ਅਨੁਸਾਰ)। ਇਸ ਲਈ, ਜਿਸ ਕਿਸਮ ਦੀ ਧਾਰਮਿਕਤਾ ਲਈ ਪਵਿੱਤਰ ਆਤਮਾ ਸੰਸਾਰ ਨੂੰ ਦੋਸ਼ੀ ਸਿੱਧ ਕਰਦਾ ਹੈ, ਉਹ **ਮਸੀਹ ਦੀ ਆਪਣੀ ਧਾਰਮਿਕਤਾ** ਹੈ। ਪਵਿੱਤਰ ਆਤਮਾ ਮੁਕਤੀ ਤੋਂ ਪਹਿਲਾਂ ਦੇ ਪੜਾਅ ਵਿੱਚ ਨੈਤਿਕਤਾ ਦੇ ਅਰਥ ਵਿੱਚ ਧਾਰਮਿਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਘੱਟ ਦਿਲਚਸਪੀ ਰੱਖਦਾ ਹੈ ਪਰ ਉਹ ਮਸੀਹ ਦੀ ਧਾਰਮਿਕਤਾ ਬਾਰੇ ਅਵਿਸ਼ਵਾਸੀ ਨੂੰ ਦੋਸ਼ੀ ਸਿੱਧ ਕਰਦਾ ਹੈ। ਪਵਿੱਤਰ ਆਤਮਾ ਨਾ ਬਚੇ ਹੋਏ ਲੋਕਾਂ ਦੇ ਮਨਾਂ ਉੱਤੇ ਮਸੀਹ ਦੀ ਧਾਰਮਿਕਤਾ ਦੀ ਖਿੱਚ ਅਤੇ ਮਸੀਹ ਵਿੱਚ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦੀ ਜ਼ਰੂਰਤ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਮਸੀਹ ਨੂੰ ਇੱਕ ਕੁਧਰਮੀ ਧੋਖੇਬਾਜ਼ ਮੰਨਣ ਦੀ ਬੁਰਾਈ ਨੂੰ ਖ਼ਤਮ ਕਰਦਾ ਹੈ।

ਯੂਹੰਨਾ 16:7-11 ਵਿੱਚ ਪਵਿੱਤਰ ਆਤਮਾ ਦੀ ਦੋਸ਼ੀ ਸਿੱਧ ਕਰਨ ਦੀ ਸੇਵਕਾਈ ਦਾ ਆਖ਼ਰੀ ਤੱਤ ਨਿਆਂ ਹੈ। ਸਲੀਬ ਨੇ ਸ਼ੈਤਾਨ ਦੀ ਤਬਾਹੀ ਨੂੰ ਨਿਸ਼ਚਿਤ ਕਰ ਦਿੱਤਾ ਹੈ। ਸਲੀਬ ਦੁਆਰਾ ਪਰਮੇਸ਼ਰ ਨਿਆਂਪੂਰਨ ਢੰਗ ਨਾਲ ਮਨੁੱਖਾਂ ਨੂੰ ਸ਼ੈਤਾਨ ਦੇ ਅਧਿਕਾਰ ਤੋਂ ਬਚਾ ਸਕਦੇ ਹਨ ਕਿਉਂਕਿ ਪ੍ਰਭੂ ਯਿਸੂ ਨੇ ਸਾਡੇ ਪਾਪਾਂ ਦੀ ਸਜ਼ਾ ਨੂੰ ਆਪਣੇ ਉੱਪਰ ਲਿਆ ਹੈ ਅਤੇ ਜਿਸ ਨਾਲ ਸਾਡੀ ਸ਼ੈਤਾਨ ਤੋਂ ਨਿਆਂਪੂਰਨ ਰਿਹਾਈ ਹੋਈ ਹੈ। ਵਿਸ਼ਵਾਸੀ ਸ਼ੈਤਾਨ ਅਤੇ ਪਾਪ ਦੀ ਸਜ਼ਾ ਤੋਂ ਨਿਆਂਪੂਰਨ ਢੰਗ ਨਾਲ ਮੁਕਤ ਹੋਏ ਹਨ। ਜਦੋਂ ਆਖ਼ਰੀ ਚੁਣਿਆ ਹੋਇਆ ਵਿਅਕਤੀ ਬਚਾਇਆ ਜਾਵੇਗਾ, ਤਾਂ ਪਰਮੇਸ਼ਰ ਸ਼ੈਤਾਨ ਨਾਲ ਨਿਪਟਣਗੇ। ਪਵਿੱਤਰ ਆਤਮਾ ਸੰਸਾਰ ਨੂੰ ਉਸ ਨਿਆਂ ਦੇ ਲਈ ਦੋਸ਼ੀ ਸਿੱਧ ਕਰਦਾ (ਯਕੀਨ ਦਿਵਾਉਂਦਾ) ਹੈ ਜੋ ਸੱਚ ਅਤੇ ਮਸੀਹ ਦੀ ਧਾਰਮਿਕਤਾ ਦੀ ਖਿੱਚ ਨੂੰ ਨਜ਼ਰਅੰਦਾਜ਼ ਕਰਨ ਅਤੇ ਮਸੀਹ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਪਾਪੀਆਂ ਉੱਤੇ ਆਵੇਗਾ।

### d. ਕੁਝ ਸਵਾਲ ਕਿ "ਦੋਸ਼ੀ ਸਿੱਧ ਕਰਨ" ਵਜੋਂ ਕੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ

ਯੂਹੰਨਾ 16:8 ਵਿੱਚ ਸ਼ਬਦ *ਸੰਸਾਰ* ਦੀ ਵਰਤੋਂ ਅਤੇ ਅਨੁਭਵ ਤੋਂ ਇਹ ਲੱਗਦਾ ਹੈ ਕਿ ਪਵਿੱਤਰ ਆਤਮਾ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਦੋਸ਼ੀ ਸਿੱਧ ਕਰਦੇ ਹਨ ਜੋ ਅਖ਼ੀਰ ਵਿੱਚ ਸੱਚ ਨੂੰ ਰੱਦ ਕਰਦੇ ਹਨ। ਉਹ ਸ਼ੈਤਾਨੀ ਹਨੇਰੇ ਨੂੰ ਪਾਰ ਕਰਕੇ ਉਹਨਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਫਿਰ ਉਹ ਸ਼ੁਭ-ਸਮਾਚਾਰ ਦੀ ਮਹੱਤਤਾ, ਅਵਿਸ਼ਵਾਸ ਦੀ ਬੁਰਾਈ, ਮਸੀਹ ਦੀ ਧਾਰਮਿਕਤਾ ਦਾ ਤੱਥ ਅਤੇ ਮਸੀਹ ਨੂੰ ਰੱਦ ਕਰਨ ਲਈ ਨਿਆਂ ਦੇ ਖ਼ਤਰੇ ਨੂੰ ਸਮਝਦੇ ਹਨ। ਉਹ ਫਿਰ ਵੀ ਵਿਸ਼ਵਾਸ ਕਰਨ ਤੋਂ ਇਨਕਾਰ ਕਰਦੇ ਹਨ। ਇਹ ਪਵਿੱਤਰ ਆਤਮਾ ਦੇ ਦੋਸ਼ੀ ਸਿੱਧ ਦੇ ਕੰਮ ਦੀ ਹੱਦ ਦੇ ਸੰਬੰਧ ਵਿੱਚ ਕੁਝ ਸਵਾਲਾਂ ਨੂੰ ਖੜ੍ਹਾ ਕਰਦਾ ਹੈ। ਕੀ ਪਵਿੱਤਰ ਆਤਮਾ ਸੰਸਾਰ ਵਿੱਚ ਪੈਦਾ ਹੋਏ ਹਰੇਕ ਵਿਅਕਤੀ ਨੂੰ ਦੋਸ਼ੀ ਸਿੱਧ ਕਰਦਾ ਹੈ, ਜਾਂ ਕੀ ਯੂਹੰਨਾ 16:8 ਦਾ ਅਰਥ ਇਹ ਹੈ ਕਿ ਪਵਿੱਤਰ ਆਤਮਾ ਹਰੇਕ ਵਿਅਕਤੀ ਨੂੰ ਦੋਸ਼ੀ ਸਿੱਧ ਕਰਨ ਦੀ ਬਜਾਏ "ਸੰਸਾਰ ਪ੍ਰਣਾਲੀ" (ਬ੍ਰਹਿਮੰਡ) ਵਿੱਚ ਕੰਮ ਕਰ ਰਿਹਾ ਹੈ? ਇਸ ਸਵਾਲ ਨਾਲ ਜੁੜਿਆ ਮੁੱਦਾ ਇਹ ਹੈ ਕਿ ਕੀ ਪਵਿੱਤਰ ਆਤਮਾ ਲਿਖਤੀ ਪ੍ਰਕਾਸ਼ਨ ਦੇ ਬਿਨਾਂ ਦੋਸ਼ੀ ਸਿੱਧ ਕਰਦਾ ਹੈ, ਕਿਉਂਕਿ ਬਹੁਤ ਸਾਰੇ ਲੋਕ ਅਜਿਹੇ ਹਨ ਜਿਹਨਾਂ ਨੇ ਰਸਮੀ ਤੌਰ ਤੇ ਕਦੇ ਬਾਈਬਲ ਦਾ ਪ੍ਰਚਾਰ ਨਹੀਂ ਸੁਣਿਆ ਹੈ। ਅਜਿਹੇ ਸਵਾਲਾਂ ਦੇ ਜਵਾਬ ਸਾਡੇ ਉਸ ਗਿਆਨ ਨੂੰ ਪ੍ਰਭਾਵਿਤ ਨਹੀਂ ਕਰਦੇ ਕਿ ਪਵਿੱਤਰ ਆਤਮਾ ਨਾ ਬਚੇ ਹੋਏ ਸੰਸਾਰ ਵਿੱਚ ਅਸਲ ਵਿੱਚ ਕੀ ਕਰ ਰਿਹਾ ਹੈ। ਅਸੀਂ ਭਾਵੇਂ ਉਸ ਦੇ ਸਾਰੇ ਕੰਮ ਨੂੰ "ਦੋਸ਼ੀ ਸਿੱਧ ਕਰਨ" ਦੀ ਇੱਕ ਸ਼੍ਰੇਣੀ ਅਧੀਨ ਵਰਗੀਕਰਨ ਕਰਨ ਦੀ ਚੋਣ ਕਰਦੇ ਹਾਂ, ਪਰ ਉਸ ਦੇ ਕੰਮ ਦਾ ਦਾਇਰਾ ਅਤੇ ਹੱਦ ਇੱਕੋ ਜਿਹੀ ਹੀ ਹੋਵੇਗੀ।

ਇਸ ਸੱਚ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਜਿਹੜੇ ਲੋਕ ਸ੍ਰਿਸ਼ਟੀ ਤੋਂ (ਅੱਯੂਬ 12:7-9; ਜ਼ਬੂਰਾਂ 19:1-3; ਰੋਮੀ 1:19-20), ਨੈਤਿਕ ਮਨਾਂ ਤੋਂ (ਰੋਮੀ 2:14-15), ਉਹਨਾਂ ਅੰਦਰ ਪੈਦਾ ਹੋਏ ਵਿਸ਼ਵਾਸ ਤੋਂ (2 ਪਤਰਸ 3:5) ਪਰਮੇਸ਼ਰ ਬਾਰੇ ਸੱਚਾਈਆਂ ਨੂੰ ਰੱਦ ਕਰਦੇ ਹਨ, ਉਹ ਇਸ ਹੱਦ ਤੱਕ ਦੋਸ਼ੀ ਹਨ ਕਿ ਉਹ ਬਾਈਬਲ ਵਿੱਚੋਂ ਕਿਸੇ ਸਪੱਸ਼ਟ ਸ਼ੁਭ-ਸਮਾਚਾਰ ਨੂੰ ਸੁਣਨ ਤੋਂ ਬਿਨਾਂ ਹੀ ਤਬਾਹ ਕੀਤੇ ਜਾਣਗੇ। ਪਵਿੱਤਰ ਆਤਮਾ ਕੁਦਰਤੀ ਪ੍ਰਕਾਸ਼ਨ ਦੁਆਰਾ ਅਵਿਸ਼ਵਾਸੀ ਲੋਕਾਂ ਦੇ ਮਨਾਂ ਨੂੰ ਪ੍ਰੇਰਿਤ ਕਰਦਾ ਹੈ (ਰੋਮੀ 10:18)। "ਦੋਸ਼ੀ ਸਿੱਧ ਕਰਨ" ਦੀ ਹੱਦ ਦੇ ਮਾਮਲੇ ਵਿੱਚ ਅਸਲੀ ਮੁੱਦਾ ਇਹ ਹੈ ਕਿ ਕੀ ਕੁਦਰਤੀ ਪ੍ਰਕਾਸ਼ਨ (ਜੋ ਲਿਖਿਆ ਹੋਇਆ ਨਹੀਂ ਹੈ) ਦੇ ਗਿਆਨ ਨੂੰ "ਦੋਸ਼ੀ ਸਿੱਧ ਕਰਨ" ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ, ਜਾਂ ਫਿਰ ਇਸ ਨੂੰ ਪਵਿੱਤਰ ਆਤਮਾ ਦੇ ਇੱਕ ਵੱਖਰੇ ਕੰਮ ਦਾ ਨਾਮ ਦੇਣਾ ਚਾਹੀਦਾ ਹੈ?

ਜੇਕਰ ਇੱਕ ਵਿਅਕਤੀ ਯੂਹੰਨਾ 16 ਵਿੱਚ ਪਵਿੱਤਰ ਆਤਮਾ ਦੇ ਦੋਸ਼ੀ ਸਿੱਧ ਕਰਨ ਦੇ ਕੰਮ ਨੂੰ ਮਸੀਹ ਦੇ ਇੱਕ ਬਿਲਕੁਲ ਨਵੇਂ ਕੰਮ ਦੇ ਵਾਅਦੇ ਵਜੋਂ ਦੇਖਣ ਦੀ ਚੋਣ ਕਰਦਾ ਹੈ, ਤਾਂ ਪ੍ਰਕਾਸ਼ਮਾਨ ਕਰਨ ਨੂੰ ਮਸੀਹ ਦੇ

ਵਿਅਕਤੀਤਵ ਬਾਰੇ ਖ਼ਾਸ ਤੌਰ ਤੇ ਦੋਸ਼ੀ ਸਿੱਧ ਕਰਨ ਦੀ ਬਜਾਏ ਇਸ ਨੂੰ ਕੁਦਰਤੀ ਪ੍ਰਕਾਸ਼ਨ ਦੀ ਇੱਕ ਵੱਖਰੀ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ। ਫਿਰ ਦੋਸ਼ੀ ਸਿੱਧ ਕਰਨ ਨੂੰ ਪੂਰੀ ਤਰ੍ਹਾਂ ਇਸ ਯੁੱਗ ਤੱਕ ਹੀ ਸੀਮਿਤ ਅਤੇ ਇੱਕ ਅਜਿਹੀ ਗੱਲ ਵਜੋਂ ਦੇਖਿਆ ਜਾਵੇਗਾ ਜਿਸ ਲਈ ਸਪੱਸ਼ਟ ਤੌਰ ਤੇ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰਨ ਦੀ ਲੋੜ ਹੋਵੇਗੀ। ਇਹ ਇੱਕ ਅਜਿਹੀ ਗੱਲ ਹੋਵੇਗੀ ਜੋ ਪਵਿੱਤਰ ਆਤਮਾ "ਸੰਸਾਰ" ਵਿੱਚ ਤਾਂ ਕਰਦਾ ਹੈ, ਪਰ ਜ਼ਰੂਰੀ ਨਹੀਂ ਹੈ ਕਿ ਇਹ ਹਰੇਕ ਵਿਅਕਤੀ ਦੇ ਲਈ ਹੋਵੇ।

ਪਰ, ਇੱਕ ਵਿਅਕਤੀ ਯੂਹੰਨਾ 16 ਵਿੱਚ ਚਰਚਾ ਕੀਤੇ ਗਏ ਕੰਮ ਨੂੰ ਪਵਿੱਤਰ ਆਤਮਾ ਦੇ ਪਹਿਲਾਂ ਤੋਂ ਕੀਤੇ ਜਾ ਰਹੇ ਕੰਮ ਦੇ ਇੱਕ ਵਿਸਤਾਰ ਵਜੋਂ ਦੇਖਣ ਦੀ ਚੋਣ ਕਰ ਸਕਦਾ ਹੈ ਜਿਸ ਨੂੰ ਯਿਸੂ ਦੇ ਸਵਰਗ ਜਾਣ ਤੋਂ ਬਾਅਦ ਹੁਣ ਇੱਕ ਜ਼ਿਆਦਾ ਖ਼ਾਸ ਤਰੀਕੇ ਨਾਲ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ, *ਦੋਸ਼ੀ ਸਿੱਧ ਕਰਨ* ਨੂੰ ਇਸ ਤਰ੍ਹਾਂ ਦੇਖਿਆ ਜਾਵੇਗਾ ਕਿ ਇਸ ਵਿੱਚ ਕੁਦਰਤੀ ਪ੍ਰਕਾਸ਼ਨ (ਜੋ ਯਿਸੂ ਦੇ ਸਵਰਗ ਜਾਣ ਤੋਂ ਪਹਿਲਾਂ ਹੋਇਆ ਸੀ) ਅਤੇ ਸਵਰਗ ਜਾਣ ਤੋਂ ਬਾਅਦ ਮਸੀਹ ਦੇ ਵਿਅਕਤੀਤਵ ਦਾ ਇੱਕ ਜ਼ਿਆਦਾ ਖ਼ਾਸ ਪ੍ਰਕਾਸ਼ਨ ਦੋਵੇਂ ਸ਼ਾਮਲ ਹਨ। ਜੇਕਰ ਕੁਦਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਮਾਨ ਨੂੰ ਦੋਸ਼ੀ ਸਿੱਧ ਕਰਨ ਦੇ ਵਰਗੀਕਰਨ ਵਿੱਚ ਰੱਖਿਆ ਜਾਂਦਾ ਹੈ, ਤਾਂ ਸ਼ਾਬਦਿਕ ਤੌਰ ਤੇ ਸੰਸਾਰ ਦੇ ਹਰੇਕ ਪਰਿਪੱਕ ਵਿਅਕਤੀ ਨੂੰ ਪਵਿੱਤਰ ਆਤਮਾ ਦੁਆਰਾ ਦੋਸ਼ੀ ਸਿੱਧ ਕੀਤਾ ਜਾਂਦਾ ਹੈ।

ਇੱਕ ਵਾਰ ਫਿਰ, ਦੋਵੇਂ ਤਰੀਕਿਆਂ ਨਾਲ ਪਵਿੱਤਰ ਆਤਮਾ ਦੇ ਕੰਮ ਦਾ ਦਾਇਰਾ ਇੱਕੋ ਜਿਹਾ ਹੈ। ਇਸ ਵਿੱਚ ਸਿਰਫ਼ ਇੱਕ ਹੀ ਮੁਸ਼ਕਲ ਹੈ ਕਿ ਕੀ ਕੁਦਰਤੀ ਪ੍ਰਕਾਸ਼ਨ ਦੁਆਰਾ ਪਵਿੱਤਰ ਆਤਮਾ ਦੇ ਕੰਮ ਨੂੰ ਦੋਸ਼ੀ ਸਿੱਧ ਕਰਨ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ ਜਾਂ ਇਸ ਨੂੰ ਪਵਿੱਤਰ ਆਤਮਾ ਦਾ ਇੱਕ ਵੱਖਰਾ ਕੰਮ ਮੰਨਣਾ ਚਾਹੀਦਾ ਹੈ। ਪਵਿੱਤਰ ਆਤਮਾ ਨਿਸ਼ਚਿਤ ਤੌਰ ਤੇ ਅਵਿਸ਼ਵਾਸੀ ਲੋਕਾਂ ਦੇ ਮਨਾਂ ਵਿੱਚ ਲਿਖਤੀ ਵਚਨ ਤੋਂ ਬਿਨਾਂ ਕੰਮ ਕਰ ਸਕਦਾ ਹੈ। ਉਸ ਨੇ ਨੂਹ ਦੇ ਦਿਨਾਂ ਵਿੱਚ ਅਜਿਹਾ ਕੀਤਾ ਸੀ (ਉਤ 6:3)। ਅਵਿਸ਼ਵਾਸੀ ਲੋਕਾਂ ਦੇ ਮਨਾਂ ਵਿੱਚ ਸ਼ਾਇਦ ਪਵਿੱਤਰ ਆਤਮਾ ਦੇ ਅਜਿਹੇ ਬਹੁਤ ਸਾਰੇ ਕੰਮ ਹਨ ਜਿਹਨਾਂ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ (ਯੂਹੰਨਾ 3:8)।

### 2. ਰੋਕਣਾ

ਸੰਸਾਰ ਇੱਕ ਭਿਆਨਕ ਰੂਪ ਵਿੱਚ ਬੁਰਾਈ ਨਾਲ ਭਰਿਆ ਦਿਖਾਈ ਦਿੰਦਾ ਹੈ। ਫਿਰ ਵੀ, ਮਨੁੱਖੀ ਦਿਲ ਵਿੱਚ ਬੁਰਾਈ ਦੀ ਡੂੰਘਾਈ ਨੂੰ ਦੇਖਦੇ ਹੋਏ, ਅਸਲ ਵਿੱਚ ਇਹ ਇੱਕ ਹੈਰਾਨੀ ਦੀ ਗੱਲ ਹੈ ਕਿ ਸੰਸਾਰ ਦੇ ਹਾਲਤ ਐਨੇ ਭੈੜੇ ਨਹੀਂ ਹਨ। ਸੰਸਾਰ ਵਿੱਚ ਮੌਜੂਦ ਚੰਗੀਆਂ ਚੀਜ਼ ਦੀ ਮਾਤਰਾ ਪੂਰੀ ਤਰ੍ਹਾਂ ਪਰਮੇਸ਼ਰ ਦੀ ਕਿਰਪਾ ਦੇ ਕਾਰਨ ਹੈ।

ਬਾਈਬਲ ਇਹ ਸਿਖਾਉਂਦੀ ਹੈ ਕਿ ਬਿਪਤਾ ਦਾ ਇੱਕ ਅਜਿਹਾ ਸਮਾਂ ਆ ਰਿਹਾ ਹੈ ਜਿਸ ਵਿੱਚ ਕਲਪਨਾ ਤੋਂ ਬਾਹਰ ਭਿਆਨਕ ਘਟਨਾਵਾਂ ਧਰਤੀ ਨੂੰ ਪਰੇਸ਼ਾਨ ਕਰਨਗੀਆਂ। ਹਾਲਾਂਕਿ ਇਹਨਾਂ ਵਿੱਚੋਂ ਕੁਝ ਦੁੱਖ ਪਰਮੇਸ਼ਰ ਦੇ ਕ੍ਰੋਧ ਦੇ ਕਾਰਨ ਹੋਣਗੇ, ਪਰ ਇਹਨਾਂ ਵਿੱਚੋਂ ਬਹੁਤ ਜ਼ਿਆਦਾ ਦੁੱਖ ਮਨੁੱਖ ਆਪ ਹੀ ਆਪਣੇ ਉੱਤੇ ਲਿਆਵੇਗਾ। ਸੰਸਾਰ ਨੇ ਅਜੇ ਤੱਕ ਉਹ ਪੂਰਾ ਦੁੱਖ ਨਹੀਂ ਦੇਖਿਆ ਹੈ ਜੋ ਮਨੁੱਖ ਆਪਣੇ ਬੇਕਾਬੂ ਅਤੇ ਬੇਰੋਕ ਪਾਪ ਦੇ ਕਾਰਨ ਆਪਣੇ ਉੱਤੇ ਲਿਆ ਸਕਦਾ ਹੈ। 2 ਥੱਸਲੁ 2:6-7 ਇਹ ਸਿਖਾਉਂਦਾ ਹੈ ਕਿ ਕੋਈ ਹੈ ਜੋ ਇਸ ਸਮੇਂ ਸੰਸਾਰ ਵਿੱਚ ਦੁਸ਼ਟਤਾ ਨੂੰ ਰੋਕ ਰਿਹਾ ਹੈ। ਇਹ ਰੋਕਣ ਵਾਲਾ ਹੀ ਹੈ ਜੋ "ਦੁਸ਼ਟ ਮਨੁੱਖ" (ਮਸੀਹ ਵਿਰੋਧੀ) ਨੂੰ ਉੱਠਣ ਤੋਂ ਰੋਕਦਾ ਹੈ, ਨਹੀਂ ਤਾਂ ਉਹ ਉਸ ਲਈ ਪਰਮੇਸ਼ਰ ਦੁਆਰਾ ਠਹਿਰਾਏ ਗਏ ਸਮੇਂ ਤੋਂ ਪਹਿਲਾਂ ਹੀ ਉੱਠ ਖੜ੍ਹਾ ਹੋ ਜਾਂਦਾ।

> ਤੁਸੀਂ ਇਹ ਵੀ ਜਾਣਦੇ ਹੋ ਕਿ ਕਿਸ ਚੀਜ਼ ਨੇ ਦੁਸ਼ਟ ਮਨੁੱਖ ਨੂੰ ਅੱਜ ਤੱਕ ਰੋਕਿਆ ਹੋਇਆ ਹੈ। ਉਹ ਆਪਣੇ ਮਿੱਥੇ ਸਮੇਂ ਉੱਤੇ ਪ੍ਰਗਟ ਕੀਤਾ ਜਾਵੇਗਾ। ਕਿਉਂਕਿ ਗੁਪਤ ਦੁਸ਼ਟਤਾ ਇਸ ਸਮੇਂ ਵੀ ਕੰਮ ਕਰ ਰਹੀ ਹੈ ਪਰ ਇਹ ਉਸ ਸਮੇਂ ਤੱਕ ਗੁਪਤ ਰਹੇਗੀ ਜਦੋਂ ਤੱਕ ਕਿ ਇਸ ਨੂੰ ਰੋਕਣ ਵਾਲਾ ਦੂਰ ਨਾ ਕੀਤਾ ਜਾਵੇ। [2 ਥੱਸਲੁ 2: 6-7]

2 ਥੱਸਲੁ 2:6-7 ਵਿੱਚ ਜ਼ਿਕਰ ਕੀਤੇ ਗਏ ਰੋਕਣ ਵਾਲੇ ਵਿੱਚ ਅਲੌਕਿਕ ਸ਼ਕਤੀ ਹੋਣੀ ਚਾਹੀਦੀ ਹੈ, ਕਿਉਂਕਿ ਸਿਰਫ਼ ਅਜਿਹੀ ਤਾਕਤ ਹੀ ਦੁਸ਼ਟ ਮਨੁੱਖ ਰਾਹੀਂ ਸ਼ੈਤਾਨ ਦੀ ਸੰਸਾਰ ਉੱਤੇ ਰਾਜ ਕਰਨ ਦੇ ਉਦੇਸ਼ ਦਾ ਵਿਰੋਧ ਕਰ ਸਕਦੀ ਹੈ। ਆਇਤ 7 ਵਿੱਚ ਇੱਕ ਮਰਦਾਨਾ ਰੂਪ ਦੀ ਵਰਤੋਂ ਕੀਤੀ ਗਈ ਹੈ ("ਰੋਕਣ ਵਾਲਾ")। ਇਸ ਲਈ, ਰੋਕਣ ਵਾਲਾ ਇੱਕ ਵਿਅਕਤੀ ਹੈ। ਇਸ ਵਚਨ ਦੀ ਸਭ ਤੋਂ ਵਧੀਆ ਵਿਆਖਿਆ ਇਹ ਹੋ ਸਕਦੀ ਹੈ ਕਿ ਪਵਿੱਤਰ ਆਤਮਾ ਹੀ ਇਸ ਸਮੇਂ ਸੰਸਾਰ ਵਿੱਚ ਦੁਸ਼ਟਤਾ ਨੂੰ ਰੋਕੇ ਹੋਏ ਹੈ। ਜੇਕਰ ਉਹ ਅਜਿਹਾ ਨਹੀਂ ਕਰਦਾ ਹੈ, ਤਾਂ ਮਨੁੱਖ ਦਾ ਦੂਜੇ ਮਨੁੱਖ ਪ੍ਰਤੀ ਅਤਿਆਚਾਰ ਬਹੁਤ ਵੱਧ ਜਾਵੇਗਾ ਅਤੇ ਮਸੀਹ-ਵਿਰੋਧੀ ਜਲਦੀ ਹੀ ਸੱਤਾ ਵਿੱਚ ਆ ਜਾਵੇਗਾ। ਇਹ ਵਿਚਾਰ ਕਿ ਪਵਿੱਤਰ ਆਤਮਾ ਹੀ ਉਹ ਰੋਕਣ ਵਾਲਾ ਹੈ, ਇਹ ਸਮਝਣ ਵਿੱਚ ਮਦਦ ਕਰਦਾ ਹੈ ਕਿ ਆਇਤ 6 ਵਿੱਚ ਨਿਰਪੱਖ ਸ਼ਬਦ ਦੀ ਵਰਤੋਂ ਕਿਉਂ ਕੀਤੀ ਗਈ ਹੈ। ਕਿਉਂਕਿ *ਆਤਮਾ* ਸ਼ਬਦ ਨਿਰਪੱਖ ਹੈ, ਇਸ ਲਈ ਪੌਲੁਸ ਨੇ ਆਇਤ 6 ਵਿੱਚ ਨਿਰਪੱਖ ਸ਼ਬਦ ਦੀ ਵਰਤੋਂ ਕੀਤੀ ਹੈ। ਪਰ, ਉਸ ਦੇ ਵਿਅਕਤੀਤਵ ਉੱਤੇ ਜ਼ੋਰ ਦੇਣ ਦੇ ਲਈ ਪੌਲੁਸ ਨੇ ਆਇਤ 7 ਵਿੱਚ ਮਰਦਾਨਾ ਸ਼ਬਦ ਦੀ ਵਰਤੋਂ ਕੀਤੀ ਹੈ।

ਪਵਿੱਤਰ ਆਤਮਾ ਦਾ ਰੋਕਣ ਵਾਲੇ ਵਜੋਂ ਕੰਮ ਬਿਪਤਾ ਤੋਂ ਪਹਿਲਾਂ ਕਲੀਸਿਯਾ ਦੇ ਉਠਾਏ ਜਾਣ ਦੇ ਵਿਚਾਰ ਲਈ ਵੀ ਸਹਾਇਤਾ ਪ੍ਰਦਾਨ ਕਰਦਾ ਹੈ। ਇੱਕ ਸੰਭਾਵਿਤ ਰੂਪ ਵਿੱਚ, ਪਵਿੱਤਰ ਆਤਮਾ ਸੰਸਾਰ ਵਿੱਚ ਬੁਰਾਈ ਨੂੰ ਰੋਕਣ ਲਈ ਸਰਵ-ਵਿਆਪੀ ਕਲੀਸਿਯਾ ਦੀ ਵਰਤੋਂ ਕਰਦਾ ਹੈ। ਬਾਈਬਲ ਵਿੱਚ ਵਿਸ਼ਵਾਸ ਰੱਖਣ ਵਾਲੇ ਮਸੀਹੀਆਂ ਨੇ ਸੰਸਾਰ ਨੂੰ ਘੱਟ ਬੁਰਾਈ ਵੱਲ ਪ੍ਰਭਾਵਿਤ ਕੀਤਾ ਹੈ, ਅਤੇ ਜੇਕਰ ਕਲੀਸਿਯਾ ਨਾ ਹੁੰਦੀ ਤਾਂ ਇਹ ਬੁਰਾਈ ਬਹੁਤ ਵੱਧ ਜਾਣੀ ਸੀ। ਮਸੀਹ-ਵਿਰੋਧੀ ਉਦੋਂ

ਤੱਕ ਪ੍ਰਗਟ ਨਹੀਂ ਹੋ ਸਕਦਾ ਹੈ ਜਦੋਂ ਤੱਕ ਕਲੀਸਿਯਾ ਦੁਆਰਾ ਪਵਿੱਤਰ ਆਤਮਾ ਦਾ ਕੰਮ ਬੰਦ ਨਹੀਂ ਹੋ ਜਾਂਦਾ ਹੈ, ਅਤੇ ਧਰਤੀ ਉੱਤੇ ਕਲੀਸਿਯਾ ਦਾ ਕੰਮ ਸਿਰਫ਼ ਰੈਪਚਰ ਦੇ ਸਮੇਂ ਹੀ ਬੰਦ ਹੋਵੇਗਾ।

### B. ਪਵਿੱਤਰ ਆਤਮਾ ਦਾ ਵਿਸ਼ਵਾਸੀਆਂ ਨਾਲ ਸੰਬੰਧਿਤ ਕੰਮ

#### 1. ਨਵਾਂ ਜਨਮ

ਨਵਾਂ ਜਨਮ ਪਰਮੇਸ਼ਰ ਦਾ ਅਲੌਕਿਕ, ਤੁਰੰਤ ਹੋਣ ਵਾਲਾ ਕੰਮ ਹੈ ਜਿਸ ਵਿੱਚ ਉਹ ਮਸੀਹ ਵਿੱਚ ਭਰੋਸਾ ਕਰਨ ਵਾਲੇ ਸਾਰੇ ਲੋਕਾਂ ਨੂੰ ਸਦੀਪਕ ਜੀਵਨ ਦਿੰਦੇ ਹਨ। ਜ਼ਿਆਦਾਤਰ ਨਵੇਂ ਜਨਮ ਦੇ ਵਿਸ਼ੇ ਨਾਲ ਸੰਬੰਧਿਤ ਆਇਤਾਂ ਵਿੱਚ ਪਵਿੱਤਰ ਆਤਮਾ ਦਾ ਹਵਾਲਾ ਸ਼ਾਮਲ ਨਹੀਂ ਹੁੰਦਾ ਹੈ। ਫਿਰ ਵੀ, ਦੋ ਮੁੱਖ ਵਚਨ ਇਹ ਸਪੱਸ਼ਟ ਕਰਦੇ ਹਨ ਕਿ ਪਵਿੱਤਰ ਆਤਮਾ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ ਨਵਾਂ ਜਨਮ ਦੇਣ ਵਿੱਚ ਸ਼ਾਮਲ ਹੁੰਦਾ ਹੈ।

> ਯਿਸੂ ਨੇ ਉਸ ਨੂੰ ਉੱਤਰ ਦਿੱਤਾ … "ਮੈਂ ਤੈਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਦੋਂ ਤੱਕ ਕੋਈ ਮਨੁੱਖ ਪਾਣੀ ਅਤੇ **ਪਵਿੱਤਰ ਆਤਮਾ** ਦੁਆਰਾ ਜਨਮ ਨਾ ਲਵੇ, ਉਹ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਕਰ ਸਕਦਾ। ਕਿਉਂਕਿ ਜਿਹੜਾ ਸਰੀਰ ਤੋਂ ਜਨਮ ਲੈਂਦਾ ਹੈ ਉਹ ਸਰੀਰ ਹੈ ਅਤੇ ਜਿਹੜਾ **ਆਤਮਾ ਤੋਂ ਜਨਮ ਲੈਂਦਾ ਹੈ** ਉਹ ਆਤਮਾ ਹੈ … ਇਹ ਹੀ ਹਾਲ ਉਸ ਮਨੁੱਖ ਦਾ ਹੈ ਜਿਹੜਾ ਪਵਿੱਤਰ **ਆਤਮਾ ਤੋਂ ਪੈਦਾ ਹੋਇਆ ਹੈ।**" [ਯੂਹੰਨਾ 3:3,5-8]
>
> ਉਹਨਾਂ ਨੇ ਸਾਨੂੰ ਮੁਕਤੀ ਦਿੱਤੀ … ਉਹਨਾਂ ਨੇ ਸਾਡੇ ਦਿਲਾਂ ਨੂੰ ਸ਼ੁੱਧ ਕਰ ਕੇ **ਨਵਾਂ ਜਨਮ ਅਤੇ ਪਵਿੱਤਰ ਆਤਮਾ ਦੇ ਰਾਹੀਂ ਨਵਾਂ ਜੀਵਨ ਦਿੱਤਾ ਹੈ** [ਤੀਤੁਸ 3:5]

ਹੇਠ ਲਿਖੀਆਂ ਜ਼ਿਆਦਾਤਰ ਆਇਤਾਂ ਸਿੱਧੇ ਤੌਰ ਤੇ ਪਵਿੱਤਰ ਆਤਮਾ ਦਾ ਜ਼ਿਕਰ ਨਹੀਂ ਕਰਦੀਆਂ ਹਨ। ਫਿਰ ਵੀ, ਕਿਉਂਕਿ ਉਹ ਨਵੇਂ ਜਨਮ ਨਾਲ ਸੰਬੰਧਿਤ ਹਨ, ਇਸ ਲਈ ਉਹ ਪਵਿੱਤਰ ਆਤਮਾ ਦੇ ਨਵਾਂ ਜਨਮ ਦੇਣ ਵਾਲੇ ਕੰਮ ਬਾਰੇ ਸਿਖਾਉਂਦੀਆਂ ਹਨ। ਪਵਿੱਤਰ ਆਤਮਾ ਵਿਸ਼ਵਾਸ ਕਰਨ ਵਾਲੇ ਵਿਅਕਤੀ ਨੂੰ "ਨਵਾਂ ਜਨਮ" ਦਿੰਦਾ ਹੈ (ਯੂਹੰਨਾ 1:12-13; ਯੂਹੰਨਾ 3:3-8; 1 ਕੁਰਿੰਥ 4:15; 1 ਪਤਰਸ 1:3; 1 ਯੂਹੰਨਾ 5:1)। ਇੱਕ ਬੱਚੇ ਨੂੰ ਸਰੀਰਕ ਜਨਮ ਪਰਿਵਾਰ ਵਿੱਚ ਸ਼ਾਮਲ ਕਰਦਾ ਹੈ। ਨਵਾਂ ਜਨਮ ਵੀ ਇੱਕ ਵਿਅਕਤੀ ਨੂੰ ਪਰਮੇਸ਼ਰ ਦੇ ਪਰਿਵਾਰ ਵਿੱਚ ਸ਼ਾਮਲ ਕਰਦਾ ਹੈ (ਦੇਖੋ, ਅਧਿਆਇ 9 ਅਤੇ ਯੂਹੰਨਾ 1:12-13; ਰੋਮੀ 8:14-19; ਗਲਾਤੀ 3:26; 4:4-7; 1 ਯੂਹੰਨਾ 3:1-2)। ਇਸ ਜਨਮ ਦਾ ਮਤਲਬ ਇੱਕ ਨਵਾਂ ਜਨਮ ਹੈ। ਹੋਰ ਖ਼ਾਸ ਤੌਰ ਤੇ, ਪਵਿੱਤਰ ਆਤਮਾ ਇੱਕ ਵਿਸ਼ਵਾਸੀ ਨੂੰ ਸਦੀਪਕ ਜੀਵਨ ਪ੍ਰਦਾਨ ਕਰਦਾ ਹੈ (ਦੇਖੋ, ਅਧਿਆਇ 9, ਅਤੇ ਯੂਹੰਨਾ 3:16; 4:14; 5:24; 6:40, 47; 10:28; ਰੋਮੀ 6:23; 1 ਯੂਹੰਨਾ 5:13)। ਬਾਈਬਲ ਇਹੀ ਸੱਚਾਈ ਨੂੰ ਦੱਸਣ ਲਈ ਹੋਰ ਸ਼ਬਦਾਂ ਦੀ ਵਰਤੋਂ ਕਰਦੀ ਹੈ ਜਿਵੇਂ ਕਿ ਨਵਾਂ ਜਨਮ, ਸਦੀਪਕ ਜੀਵਨ। ਕਈ ਵਾਰ ਇਹ ਇੱਕ ਨਵੇਂ ਜਨਮ ਨੂੰ ਜੀਅ ਉੱਠੇ ਜੀਵਨ ਨਾਲ ਪਰਿਭਾਸ਼ਤ ਕਰਦੀ ਹੈ (ਦੇਖੋ, ਯੂਹੰਨਾ 5:21, 25; 14:19-20; ਰੋਮੀ 6:4, 11, 13; ਗਲਾਤੀ 2:20; ਅਫ਼ਸੀ 2:5; ਕੁਲੁੱਸੀ 1:27; 2:12-13; 3:1-2)। ਜਿਹੜਾ ਨਵਾਂ ਜਨਮ ਪਵਿੱਤਰ ਆਤਮਾ ਦੁਆਰਾ ਮਿਲਦਾ ਹੈ, ਉਹ ਮਸੀਹ ਦੇ ਜੀਅ ਉੱਠੇ ਜੀਵਨ ਵਿੱਚ ਹਿੱਸੇਦਾਰੀ ਬਣਾਉਂਦਾ ਹੈ। ਇਹ ਦੇਖਣਾ ਆਸਾਨ ਹੈ ਕਿ ਅਜਿਹਾ ਜੀਵਨ ਸਦੀਪਕ ਹੀ ਹੋਵੇਗਾ ਕਿਉਂਕਿ ਇਹ ਸਪੱਸ਼ਟ ਹੈ ਕਿ ਮਸੀਹ ਦਾ ਜੀਵਨ ਕਦੇ ਖ਼ਤਮ ਨਹੀਂ ਹੁੰਦਾ ਹੈ।

ਬਾਈਬਲ ਦਾ ਨਵੇਂ ਜੀਵਨ ਨੂੰ ਦਰਸਾਉਣ ਦਾ ਇਹ ਹੋਰ ਤਰੀਕਾ ਇਸ ਨੂੰ ਨਵੀਂ ਸ੍ਰਿਸ਼ਟੀ ਕਹਿਣਾ ਹੈ ਜਿਸ ਦਾ ਨਤੀਜਾ ਫਿਰ ਇੱਕ ਨਵਾਂ ਸੁਭਾਅ ਹੁੰਦਾ ਹੈ (ਇਹ 2 ਕੁਰਿੰਥ 5:17 ਦੀ ਇੱਕ ਵਿਆਖਿਆ ਹੋ ਸਕਦੀ ਹੈ; ਅਤੇ ਦੇਖੋ ਗਲਾਤੀ 6:15; ਅਫ਼ਸੀ 2:10; 4:24; 2 ਪਤਰਸ 1:4)।[4] ਇਸ ਤਰ੍ਹਾਂ, ਨਵੇਂ ਜਨਮ ਦੇ ਸਿਧਾਂਤ ਨੂੰ ਪੁੱਤਰ ਬਣਨ, ਨਵੇਂ ਅਤੇ ਸਦੀਪਕ ਜੀਵਨ ਅਤੇ ਨਵੇਂ ਸੁਭਾਅ ਦੇ ਵਿਚਾਰ ਨਾਲ ਜੋੜਿਆ ਜਾਣਾ ਚਾਹੀਦਾ ਹੈ।

ਬਾਈਬਲ ਪਵਿੱਤਰ ਆਤਮਾ ਨੂੰ ਨਵੇਂ ਜਨਮ ਦਾ ਕਾਰਕ ਦੱਸਦੀ ਹੈ, ਪਰ ਕਈ ਵਾਰ ਇਹ ਪਰਮੇਸ਼ਰ ਦੇ ਵਚਨ ਨੂੰ ਵੀ ਨਵੇਂ ਜਨਮ ਦਾ ਕਾਰਕ ਦੱਸਦੀ ਹੈ। ਨਵੇਂ ਜਨਮ ਦੇ ਇਹ ਦੋਵੇਂ ਪਹਿਲੂ ਇੱਕਜੁੱਟ ਹੋਣੇ ਚਾਹੀਦੇ ਹਨ। ਪਵਿੱਤਰ ਆਤਮਾ ਬਾਈਬਲ ਦਾ ਅਸਲੀ ਲੇਖਕ ਹੈ (2 ਸਮੂ 23:1-2; 1 ਤਿਮੋਥਿ 4:1; 2 ਪਤਰਸ 1:20-21)। ਉਹ ਆਪਣੇ ਵਚਨ ਦੀ ਵਰਤੋਂ ਨਾਲ ਨਵਾਂ ਜੀਵਨ ਲਿਆਉਂਦਾ ਹੈ (ਯਾਕੂਬ 1:18; 1 ਪਤਰਸ 1:23)। ਉਹ ਵਚਨ ਦੁਆਰਾ ਸ਼ੈਤਾਨੀ ਹਨੇਰੇ ਨੂੰ ਦੋਸ਼ੀ ਸਿੱਧ ਕਰਦਾ ਅਤੇ ਇਸ ਨੂੰ ਦੂਰ ਕਰਦਾ ਹੈ ਤਾਂ ਜੋ ਇੱਕ ਵਿਅਕਤੀ ਸ਼ੁਭ-ਸਮਾਚਾਰ ਨੂੰ ਸਮਝ ਸਕੇ ਅਤੇ ਵਿਸ਼ਵਾਸ ਕਰ ਸਕੇ।

ਕਿਉਂਕਿ ਆਤਮਾ ਦਾ ਬਪਤਿਸਮਾ ਅਤੇ ਨਵਾਂ ਜਨਮ ਦੋਵੇਂ ਹੀ ਮਸੀਹ ਨਾਲ ਏਕਤਾ ਬਾਰੇ ਗੱਲ ਕਰਦੇ ਹਨ, ਤਾਂ ਅਜਿਹਾ ਹੋਣਾ ਚਾਹੀਦਾ ਹੈ ਕਿ ਇਹਨਾਂ ਦੋਵੇਂ ਵਿਸ਼ਿਆਂ ਨੂੰ ਇੱਕ ਦੂਜੇ ਨਾਲ ਜੁੜੇ ਹੋਏ ਮੰਨਿਆ ਜਾਵੇ। ਆਤਮਾ ਵਿੱਚ ਬਪਤਿਸਮੇ ਦਾ ਅਰਥ ਹੈ ਕਿ ਮਸੀਹ ਇੱਕ ਵਿਸ਼ਵਾਸੀ ਨੂੰ ਆਪਣੇ ਆਤਮਾ ਵਿੱਚ ਰੱਖਦੇ ਹਨ, ਅਤੇ ਇਸ ਤਰ੍ਹਾਂ ਉਹ ਆਪਣੇ

[4] 2 ਕੁਰਿੰਥ 5:16 ਇਹ ਦੱਸਦਾ ਹੈ ਕਿ ਇੱਕ ਵਿਸ਼ਵਾਸੀ ਮੁਕਤੀ ਤੋਂ ਬਾਅਦ ਲੋਕਾਂ ਨੂੰ ਵੱਖਰੇ ਤਰੀਕੇ ਨਾਲ ਦੇਖਦਾ ਹੈ। ਇੱਕ ਅਵਿਸ਼ਵਾਸੀ ਜੋ ਮਸੀਹ ਨੂੰ ਨਿੱਜੀ ਤੌਰ ਤੇ ਜਾਣਦਾ ਸੀ, ਉਹ ਸਪੱਸ਼ਟ ਤੌਰ ਤੇ ਮੁਕਤੀ ਤੋਂ ਬਾਅਦ ਪ੍ਰਭੂ ਨੂੰ ਬਹੁਤ ਵੱਖਰੇ ਢੰਗ ਨਾਲ ਦੇਖਦਾ ਹੈ। ਇਸ ਲਈ, 2 ਕੁਰਿੰਥ 5:17 ਮੁੱਖ ਤੌਰ ਤੇ ਇੱਕ ਵਿਅਕਤੀ ਦੇ ਮੁਕਤੀ ਪਾਉਣ ਤੋਂ ਬਾਅਦ ਦੂਜੇ ਲੋਕਾਂ ਪ੍ਰਤੀ ਉਸ ਦੇ ਨਵੇਂ ਦ੍ਰਿਸ਼ਟੀਕੋਣ ਅਤੇ ਮੁਲਾਂਕਣ ਦੀ ਗੱਲ ਕਰ ਰਿਹਾ ਹੋਵੇਗਾ। ਇਸ

ਨਾਲ ਏਕਤਾ ਵਿੱਚ ਰੱਖਦੇ ਹਨ। ਮਸੀਹ ਦੇ ਜੀਵਨ ਨਾਲ ਇੱਕ ਹੋ ਜਾਣਾ ਹੀ ਨਵਾਂ ਜੀਵਨ ਹੈ। ਸ਼ਬਦ *ਨਵਾਂ ਜੀਵਨ* ਅਤੇ *ਆਤਮਾ ਵਿੱਚ ਬਪਤਿਸਮਾ* ਦੋਵੇਂ ਬਹੁਤ ਵੱਖਰੇ ਲੱਗਦੇ ਹਨ, ਪਰ ਅਸਲ ਵਿੱਚ ਦੋਵੇਂ ਮਸੀਹ ਨਾਲ ਏਕਤਾ ਅਤੇ ਉਹਨਾਂ ਦੇ ਜੀਵਨ ਨੂੰ ਸਾਂਝਾ ਕਰਨ ਨਾਲ ਸੰਬੰਧਿਤ ਹਨ। ਆਤਮਾ ਵਿੱਚ ਬਪਤਿਸਮਾ ਮਸੀਹ ਦੇ ਜੀਵਨ ਨਾਲ ਏਕਤਾ ਪੈਦਾ ਕਰਦਾ ਹੈ ਜਿਸ ਨੂੰ ਨਵਾਂ ਜੀਵਨ ਕਿਹਾ ਜਾ ਸਕਦਾ ਹੈ। ਦੋਸ਼ੀ ਸਿੱਧ ਕਰਨ ਨਾਲ ਵਿਸ਼ਵਾਸ ਕਰਨਾ ਸੰਭਵ ਹੋ ਜਾਂਦਾ ਹੈ, ਅਤੇ ਫਿਰ ਵਿਸ਼ਵਾਸ ਨਾਲ ਆਤਮਾ ਵਿੱਚ ਬਪਤਿਸਮਾ ਮਿਲਦਾ ਹੈ। ਇਸ ਤਰ੍ਹਾਂ, ਪਵਿੱਤਰ ਆਤਮਾ ਦੇ ਕੰਮ ਜਿਵੇਂ ਕਿ ਦੋਸ਼ੀ ਸਿੱਧ ਕਰਨਾ, ਬਪਤਿਸਮਾ, ਅਤੇ ਨਵਾਂ ਜੀਵਨ ਆਪਸ ਵਿੱਚ ਜੁੜੇ ਹੋਏ ਹਨ।

### 2. ਆਤਮਾ ਦਾ ਵਾਸ ਕਰਨਾ

ਵਿਸ਼ਵਾਸੀ ਦੇ ਅੰਦਰ ਵਾਸ ਕਰਨਾ ਪਵਿੱਤਰ ਆਤਮਾ ਦੀ ਇੱਕ ਸੇਵਕਾਈ ਹੈ ਜਿਸ ਵਿੱਚ ਪਵਿੱਤਰ ਆਤਮਾ ਮੁਕਤੀ ਦੇ ਸਮੇਂ ਹਮੇਸ਼ਾਂ ਲਈ ਵਿਸ਼ਵਾਸੀ ਵਿੱਚ ਵਾਸ ਕਰਦਾ ਹੈ। ਇਸ ਪਰਿਭਾਸ਼ਾ ਦੇ ਸਾਰੇ ਵੱਖ-ਵੱਖ ਪਹਿਲੂ ਅੱਗੇ ਦਿੱਤੀ ਚਰਚਾ ਵਿੱਚ ਸਥਾਪਿਤ ਕੀਤੇ ਜਾਣਗੇ।[5]

---

ਤੋਂ ਇਲਾਵਾ, ਇੱਕ ਨਵੇਂ ਜੀਵਨ ਪਰਿਵਰਤਨ ਹੋਣ ਵਾਲੇ ਵਿਅਕਤੀ ਦਾ ਉਸ ਤੋਂ ਪਹਿਲਾਂ ਵਿਸ਼ਵਾਸ ਵਿੱਚ ਆਏ ਵਿਅਕਤੀਆਂ ਨਾਲ ਵੀ ਇੱਕ ਨਵਾਂ ਰਿਸ਼ਤਾ ਸਥਾਪਿਤ ਹੋ ਜਾਂਦਾ ਹੈ। ਮਸੀਹੀ ਲੋਕ ਇੱਕ ਨਵੇਂ ਭਰਾ ਜਾਂ ਭੈਣ ਨੂੰ ਉਸ ਵਿਅਕਤੀ ਨਾਲੋਂ ਵੱਖਰੇ ਢੰਗ ਨਾਲ ਦੇਖਦੇ ਹਨ ਜੋ ਅਜੇ ਬਚਾਇਆ ਨਹੀਂ ਗਿਆ ਹੈ। ਜੀਵਨ ਪਰਿਵਰਤਨ ਦੇ ਕਾਰਨ ਉਹ ਇੱਕ ਵਿਅਕਤੀ ਨੂੰ ਨਵੇਂ ਵਿਅਕਤੀ "ਨਵੀਂ ਸ੍ਰਿਸ਼ਟੀ" ਦੇ ਰੂਪ ਵਿੱਚ ਦੇਖਦੇ ਹਨ।

[5] ਮਸਹ ਕਰਨ ਦੇ ਕੰਮ ਨੂੰ ਇੱਕ ਵੱਖਰੀ ਸ਼੍ਰੇਣੀ ਨਹੀਂ ਦਿੱਤੀ ਗਈ ਹੈ ਕਿਉਂਕਿ ਇਹ ਆਤਮਾ ਦੇ ਵਾਸ ਕਰਨ ਨਾਲ ਜੁੜਿਆ ਹੋਇਆ ਲੱਗਦਾ ਹੈ। ਪੁਰਾਣੇ ਨੇਮ ਵਿੱਚ,"ਮਸਹ" ਨੂੰ ਕਿਸੇ ਸੇਵਕਾਈ ਜਾਂ ਕੰਮ ਲਈ ਸੱਦੇ ਜਾਣ ਨਾਲ ਜੋੜਿਆ ਗਿਆ ਹੈ। ਜਾਜਕਾਂ ਨੂੰ ਤੇਲ ਨਾਲ ਮਸਹ ਕੀਤਾ ਜਾਂਦਾ ਸੀ (ਕੂਚ 29:7. 3:3) ਅਤੇ ਰਾਜਨੀਤਿਕ ਹਾਕਮਾਂ ਨੂੰ ਵੀ ਮਸਹ ਕੀਤਾ ਜਾਂਦਾ ਸੀ (1 ਸਮੂ 9:16; 16:12; 2 ਸਮੂ 12:7 1 ਰਾਜਾ 1:34)।

ਕਦੇ-ਕਦੇ ਸ਼ਬਦ ਮਸਹ ਪਵਿੱਤਰ ਆਤਮਾ ਦੇ ਇੱਕ ਵਿਅਕਤੀ (ਆਮ ਤੌਰ ਤੇ ਇੱਕ ਆਗੂ) ਵਿੱਚ ਸ਼ੁਰੂਆਤੀ ਵਾਸ ਨਾਲ ਇੱਕ ਕੰਮ ਲਈ ਸ਼ਕਤੀ ਦੇਣ ਬਾਰੇ ਦੱਸਦਾ ਹੈ (1 ਸਮੂ 10:1, 6, 10; 16:13)। ਇਸ ਤਰ੍ਹਾਂ, ਮਸਹ ਅਤੇ ਪਵਿੱਤਰ ਆਤਮਾ ਦਾ ਆਉਣਾ ਆਪਸ ਵਿੱਚ ਜੁੜਿਆ ਹੋਇਆ ਹੈ। ਫਿਰ ਵੀ, ਬਿਵਸਥਾ ਦੇ ਅਧੀਨ ਉਹ ਇੱਕੋ ਇੱਕ ਵਿਅਕਤੀ ਜਿਸ ਲਈ ਬਾਈਬਲ "ਆਤਮਾ ਨਾਲ ਮਸਹ" ਹੋਣਾ ਦਾ ਸਿੱਧੇ ਤੌਰ ਤੇ ਸੰਕੇਤ ਦਿੰਦੀ ਹੈ, ਉਹ ਮਸੀਹ ਹਨ (ਦੇਖੋ, ਯਸਾ 61:1; ਲੂਕਾ 4:18; ਰਸੂਲਾਂ 10:38)। ਸ਼ਾਇਦ ਇਹ ਮੰਨਣਾ ਵੀ ਸਹੀ ਹੋਵੇਗਾ ਕਿ ਦਾਊਦ ਵਰਗੇ ਹੋਰ ਲੋਕਾਂ ਨੂੰ ਵੀ ਪਵਿੱਤਰ ਆਤਮਾ ਨਾਲ ਮਸਹ ਕੀਤਾ ਗਿਆ ਸੀ (ਹਾਲਾਂਕਿ ਵਚਨ ਸਿੱਧੇ ਤੌਰ ਤੇ ਇਹ ਨਹੀਂ ਸਿਖਾਉਂਦਾ ਹੈ)। ਪਵਿੱਤਰ ਆਤਮਾ ਦਾ ਅਜਿਹਾ ਮਸਹ ਪਵਿੱਤਰ ਆਤਮਾ ਦੇ ਸ਼ੁਰੂਆਤੀ ਵਾਸ ਦਾ ਹਵਾਲਾ ਦਿੰਦਾ ਲੱਗਦਾ ਹੈ ਜੋ ਇੱਕ ਆਗੂ ਨੂੰ ਉਸ ਦਾ ਕੰਮ ਕਰਨ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਪੁਰਾਣੇ ਨੇਮ ਦੇ ਸਮੇਂ ਵਿੱਚ ਪਵਿੱਤਰ ਆਤਮਾ ਨੇ ਕੁਝ ਲੋਕਾਂ ਨੂੰ ਮਸਹ ਕੀਤਾ ਅਤੇ ਇਹ ਉਹਨਾਂ ਦੀ ਮੁਕਤੀ ਤੋਂ ਬਾਅਦ ਹੋਇਆ ਸੀ। ਇਸ ਲਈ, ਬਿਵਸਥਾ ਦੇ ਅਧੀਨ ਉਸ ਦਾ ਮਸਹ ਕਰਨ ਦਾ ਕੰਮ ਅੱਜ ਕਿਰਪਾ ਦੇ ਅਧੀਨ ਉਸ ਦੇ ਕੰਮ ਦੇ ਲਈ ਇੱਕ ਸਹੀ ਨਮੂਨਾ **ਨਹੀਂ** ਹੋਵੇਗਾ।

ਕਲੀਸਿਯਾ ਦੀ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਮੁਕਤੀ ਦੇ ਸਮੇਂ ਸਾਰੇ ਲੋਕਾਂ ਵਿੱਚ ਪੂਰੀ ਤਰ੍ਹਾਂ ਵਾਸ ਕਰਦਾ ਹੈ। ਇਸ ਲਈ, ਆਤਮਾ ਦੇ ਮਸਹ ਦੇ ਬਾਰੇ ਦਿੱਤੀ ਜਾਣ ਵਾਲੀ ਕਿਸੇ ਵੀ ਸਿੱਖਿਆ ਤੋਂ ਇਹ ਉਮੀਦ ਰਹੇਗੀ ਕਿ ਉਸ ਵਿੱਚ ਸਾਰੇ ਵਿਸ਼ਵਾਸੀ ਸ਼ਾਮਲ ਹਨ, ਅਤੇ ਇਹ ਕਿ **ਇਹ ਮੁਕਤੀ ਦੇ ਸਮੇਂ ਤੋਂ ਹੀ ਸ਼ੁਰੂ ਹੁੰਦੀ ਹੈ।**

2 ਕੁਰਿੰਥ 1:21 (ਜੋ ਸ਼ਾਇਦ ਰਸੂਲਾਂ ਦੇ ਲਈ ਹੈ, ਪਰ ਇਸ ਵਿੱਚ ਸਾਰੇ ਵਿਸ਼ਵਾਸੀਆਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ) ਅਤੇ 1 ਯੂਹੰਨਾ 2:20, 27 ਸ਼ਾਇਦ ਨਵੇਂ ਨੇਮ ਦੇ ਅਜਿਹੇ ਵਚਨ ਹਨ ਜੋ ਪਵਿੱਤਰ ਆਤਮਾ ਦੇ ਮਸਹ ਬਾਰੇ ਗੱਲ ਕਰਦੇ ਹਨ। ਇਹ ਵਚਨ ਦੱਸਦੇ ਹਨ ਕਿ ਹਰੇਕ ਵਿਸ਼ਵਾਸੀ ਨੂੰ ਮਸਹ ਕੀਤਾ ਗਿਆ ਹੈ (ਕਿਉਂਕਿ ਹਰੇਕ ਵਿਅਕਤੀ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ)। ਬਾਈਬਲ ਵਿੱਚ ਇਸ ਤੱਥ ਦਾ ਕੋਈ ਆਧਾਰ ਨਹੀਂ ਹੈ ਕਿ ਮੁਕਤੀ ਪਾਉਣ ਦੇ ਸਮੇਂ ਪਵਿੱਤਰ ਆਤਮਾ ਦਾ ਮਸਹ ਪ੍ਰਾਪਤ ਕਰਨ ਲਈ ਬੇਨਤੀ ਜਾਂ ਪ੍ਰਾਰਥਨਾ ਕੀਤੀ ਜਾਵੇ। ਹੁਣ ਸਾਰੇ ਵਿਸ਼ਵਾਸੀ ਪਹਿਲਾਂ ਹੀ ਪ੍ਰਭੂ ਦੇ ਕੰਮ ਲਈ ਅਲੱਗ (ਪਵਿੱਤਰ) ਕੀਤੇ ਗਏ ਹਨ ਅਤੇ ਇਸ ਨੂੰ ਪੂਰਾ ਕਰਨ ਦੇ ਲਈ ਉਹਨਾਂ ਨੂੰ ਆਤਮਾ ਦੁਆਰਾ ਸ਼ਕਤੀ ਨਾਲ ਮਸਹ ਕੀਤਾ ਗਿਆ ਹੈ।

"ਮਸਹ" ਸ਼ਬਦ ਦੀ ਵਰਤੋਂ ਅੱਜ ਇੱਕ ਅਜਿਹੇ ਵਿਸ਼ਵਾਸੀ ਨੂੰ ਦਰਸਾਉਣ ਲਈ ਹੋ ਸਕਦੀ ਹੈ ਜਿਸ ਨੂੰ ਪਰਮੇਸ਼ਰ ਦੁਆਰਾ ਇੱਕ ਖ਼ਾਸ ਕੰਮ ਲਈ ਅਗਵਾਈ ਕੀਤੀ ਜਾ ਰਹੀ ਹੈ ਅਤੇ ਉਸ ਕੰਮ ਨੂੰ ਕਰਨ ਦੀ ਵਿਸ਼ੇਸ਼ ਯੋਗਤਾ ਦਿੱਤੀ ਜਾ ਰਹੀ ਹੈ (ਜਿਵੇਂ ਕਿ, ਮਸਹ ਕਰਨਾ ਇੱਕ ਪਾਸਬਾਨ ਨੂੰ ਨਿਯੁਕਤ ਕਰਨ ਦਾ ਹਵਾਲਾ ਦੇ ਸਕਦਾ ਹੈ)। ਹਾਲਾਂਕਿ ਅਜਿਹੇ ਸ਼ਬਦਾਂ ਵਿੱਚ ਕੋਈ ਬੁਰਾਈ ਨਹੀਂ ਹੈ, ਅਤੇ ਇਹ ਪੁਰਾਣੇ ਨੇਮ ਦੀ ਉਦਾਹਰਣ ਨੂੰ ਦਰਸਾਉਂਦੇ ਹਨ ਜਿੱਥੇ ਇੱਕ ਵਿਅਕਤੀ ਨੂੰ ਕਿਸੇ ਵਿਸ਼ੇਸ਼ ਕੰਮ ਕਰਨ ਦੀ ਸ਼ਕਤੀ ਲਈ ਮਸਹ ਕੀਤਾ ਗਿਆ ਹੈ, ਪਰ ਅਜਿਹਾ ਲੱਗਦਾ ਹੈ ਕਿ ਨਵੇਂ ਨੇਮ ਵਿੱਚ ਆਤਮਾ ਦਾ ਮਸਹ ਇੱਕ ਵਿਅਕਤੀ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੇ ਸ਼ੁਰੂਆਤੀ ਵਾਸ ਦੀ ਸ਼ਕਤੀ ਨਾਲ ਜ਼ਿਆਦਾ ਜੁੜਿਆ ਹੋਇਆ ਹੈ। ਬਿਵਸਥਾ ਦੇ ਅਧੀਨ ਇਹ ਸ਼ੁਰੂਆਤੀ ਮਸਹ ਮੁਕਤੀ ਤੋਂ ਬਾਅਦ ਹੁੰਦਾ ਸੀ (ਜਿਵੇਂ ਕਿ ਦਾਊਦ ਨਾਲ ਹੋਇਆ ਸੀ)। ਪਰ **ਕਿਰਪਾ ਦੀ ਸਮੇਂ ਵਿੱਚ ਹਰੇਕ ਵਿਸ਼ਵਾਸੀ ਨੂੰ ਪਹਿਲਾਂ ਹੀ ਆਤਮਾ ਦੁਆਰਾ ਇੱਕ ਖ਼ਾਸ ਸੇਵਕਾਈ ਲਈ ਮਸਹ ਕੀਤਾ ਗਿਆ ਹੈ।** ਸਾਰੇ ਮਸੀਹੀ ਲੋਕ ਸੇਵਾ ਦੇ ਲਈ ਅਲੱਗ (ਮਸਹ) ਕੀਤੇ ਗਏ ਹਨ। ਸਾਰਿਆਂ ਕੋਲ ਸੇਵਾ ਲਈ ਪਵਿੱਤਰ ਆਤਮਾ ਦੇ ਸਰੋਤ ਹਨ (1 ਕੁਰਿੰਥ 12:7; ਅਫ਼ਸੀ 4:12)। ਇਸ ਲਈ, ਮਸੀਹੀਆਂ ਨੂੰ ਅਜਿਹੇ ਮਸਹ ਲਈ ਬੇਨਤੀ ਕਰਨ ਦੀ ਜ਼ਰੂਰਤ ਨਹੀਂ ਹੈ ਜੋ ਪਹਿਲਾਂ ਹੀ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੀ ਅੰਦਰੂਨੀ ਮੌਜੂਦਗੀ ਦੇ ਕਾਰਨ ਦਿੱਤਾ ਗਿਆ ਹੈ।

### a. ਪਵਿੱਤਰ ਆਤਮਾ ਕਿਹੜੇ ਵਿਅਕਤੀ ਵਿੱਚ ਵਾਸ ਕਰਦਾ ਹੈ?

ਜਿਹੜੇ ਲੋਕ ਬਿਵਸਥਾ ਅਤੇ ਕਿਰਪਾ, ਯਹੂਦੀ ਧਰਮ ਅਤੇ ਕਲੀਸਿਯਾ ਵਿੱਚ ਅੰਤਰ ਨਹੀਂ ਦੇਖਦੇ ਹਨ, ਉਹ ਵਰਤਮਾਨ ਸਮੇਂ ਵਿੱਚ ਪਵਿੱਤਰ ਆਤਮਾ ਦੇ ਵਾਸ ਕਰਨ ਦੇ ਸਿਧਾਂਤ ਨੂੰ ਵੀ ਨਹੀਂ ਸਮਝ ਪਾਉਣਗੇ। ਮਸੀਹ ਨੇ ਯੂਹੰਨਾ 7:37-39 ਅਤੇ ਯੂਹੰਨਾ 14:16-17 ਵਿੱਚ ਸਿਖਾਇਆ ਕਿ ਉਹਨਾਂ ਦੇ ਮਹਿਮਾ ਪ੍ਰਾਪਤ ਕਰਨ ਅਤੇ ਸਵਰਗ ਜਾਣ ਤੋਂ ਬਾਅਦ ਪਵਿੱਤਰ ਆਤਮਾ ਦੇ ਕੰਮ ਵਿੱਚ ਇੱਕ ਵੱਡੀ ਤਬਦੀਲੀ ਆਵੇਗੀ। ਜੇਕਰ ਕੋਈ ਅਜਿਹਾ ਮੰਨ ਲੈਂਦਾ ਹੈ ਕਿ ਉਹ ਕਲੀਸਿਯਾ ਪ੍ਰਸ਼ਾਸਨ ਦੇ ਲਈ ਪੁਰਾਣੇ ਨੇਮ ਜਾਂ ਫਿਰ ਸ਼ੁਭ-ਸਮਾਚਾਰਾਂ ਤੋਂ ਵੀ ਪਵਿੱਤਰ ਆਤਮਾ ਦੇ ਕੰਮ ਦਾ ਨਮੂਨਾ ਹਾਸਲ ਕਰ ਸਕਦਾ ਹੈ, ਤਾਂ ਇਸ ਦਾ ਨਤੀਜਾ ਬਹੁਤ ਉਲਝਣ ਵਾਲਾ ਹੋਵੇਗਾ। ਮਸੀਹ ਦੇ ਸਵਰਗ ਜਾਣ ਦੇ ਸਮੇਂ ਤੋਂ **ਜਿੰਨਿਆਂ ਨੇ ਵਿਸ਼ਵਾਸ ਕੀਤਾ ਉਹਨਾਂ ਵਿੱਚ ਪਵਿੱਤਰ ਆਤਮਾ ਦਾ ਵਾਸ ਹੋਇਆ ਹੈ**। ਪਵਿੱਤਰ ਆਤਮਾ ਉਹਨਾਂ ਸਾਰਿਆਂ ਵਿੱਚ ਵਾਸ ਕਰਦੇ ਹਨ ਜੋ ਮਸੀਹ ਨਾਲ ਸੰਬੰਧਿਤ ਹਨ।

> ...ਯਿਸੂ ਨੇ ਇਹ ਪਵਿੱਤਰ ਆਤਮਾ ਦੇ ਬਾਰੇ ਕਿਹਾ ਜਿਸ ਨੂੰ ਉਹਨਾਂ ਦੇ **ਵਿਸ਼ਵਾਸੀ** ਪ੍ਰਾਪਤ ਕਰਨ ਵਾਲੇ ਸਨ ਕਿਉਂਕਿ **ਅਜੇ ਤੱਕ ਪਵਿੱਤਰ ਆਤਮਾ ਕਿਸੇ ਨੂੰ ਨਹੀਂ ਦਿੱਤਾ ਗਿਆ ਸੀ ਕਿਉਂਕਿ ਯਿਸੂ ਅਜੇ ਤੱਕ ਆਪਣੀ ਮਹਿਮਾ ਤੱਕ ਨਹੀਂ ਪਹੁੰਚੇ ਸਨ** [ਯੂਹੰਨਾ 7:38-39]
>
> ...ਇਸੇ ਤਰ੍ਹਾਂ ਜੇਕਰ ਕਿਸੇ ਵਿੱਚ ਮਸੀਹ ਦਾ ਆਤਮਾ ਨਹੀਂ ਹੈ ਤਾਂ ਉਹ ਮਸੀਹ ਦਾ ਵੀ ਨਹੀਂ ਹੈ (ਇਸੇ ਤਰ੍ਹਾਂ ਜਿਹੜਾ ਮਸੀਹ ਨਾਲ **ਸੰਬੰਧ ਰੱਖਦਾ ਹੈ** ਉਸ ਵਿੱਚ ਪਵਿੱਤਰ ਆਤਮਾ **ਵਾਸ ਕਰਦਾ ਹੈ**) [ਰੋਮੀ 8:9b]

1 ਕੁਰਿੰਥ 12:13 ਦੱਸਦਾ ਹੈ ਕਿ "ਸਾਨੂੰ **ਸਾਰਿਆਂ** ਨੂੰ ਇੱਕ ਹੀ ਆਤਮਾ ਪਿਲਾਇਆ ਗਿਆ ਹੈ।" ਇਸ ਦੇ ਸੰਦਰਭ ਵਿੱਚ, ਇਹ ਹਵਾਲਾ ਉਹਨਾਂ ਸਾਰਿਆਂ ਲਈ ਹੈ ਜੋ ਮਸੀਹ ਨਾਲ ਏਕਤਾ ਵਿੱਚ ਹਨ ਅਤੇ ਇਹ ਉਹ ਸਾਰੇ ਹਨ ਜੋ ਵਿਸ਼ਵਾਸ ਕਰਦੇ ਹਨ।[6] ਸ਼ਬਦ "*ਪਿਲਾਇਆ*" ਇੱਕ ਅੰਦਰੂਨੀ ਕੰਮ ਬਾਰੇ ਦੱਸਦਾ ਹੈ। ਇਸ ਤਰ੍ਹਾਂ, ਪੌਲੁਸ ਸਿੱਖਾ ਰਿਹਾ ਹੈ ਕਿ ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ।

ਇਸ ਸੱਚਾਈ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਜਿਹੜੇ ਜਿਊਂਦੇ ਸਰੀਰਾਂ ਨੂੰ ਪ੍ਰਾਪਤ ਕਰਦੇ ਹਨ, ਉਹਨਾਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਕਰਦਾ ਹੈ (ਰੋਮੀ 8:11)[7] ਅਤੇ ਉਹ ਜਿਹੜੇ ਪਰਮੇਸ਼ਰ ਦੇ ਪੁੱਤਰ ਹਨ, ਉਹਨਾਂ ਸਾਰਿਆਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ (ਗਲਾਤੀ 4:6; ਰੋਮੀ 8:14)[8]

> ...ਤਾਂ ਜਿਹਨਾਂ ਨੇ ਮਸੀਹ ਨੂੰ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਹੈ, ਉਹ ਆਪਣੇ **ਆਤਮਾ ਦੇ ਵਾਸ ਦੁਆਰਾ** ਤੁਹਾਡੇ ਮਰਨਹਾਰ ਸਰੀਰਾਂ ਨੂੰ ਵੀ ਜਿਊਂਦਾ ਕਰਨਗੇ। [ਰੋਮੀ 8:11b]
>
> **ਕਿਉਂਕਿ ਤੁਸੀਂ ਸੰਤਾਨ ਹੋ**, ਇਸ ਲਈ ਪਰਮੇਸ਼ਰ ਨੇ ਆਪਣੇ ਪੁੱਤਰ ਦਾ **ਆਤਮਾ** ਸਾਡੇ ਦਿਲਾਂ ਵਿੱਚ **ਭੇਜਿਆ** ਜਿਹੜਾ "ਹੇ ਅੱਬਾ, ਹੇ ਪਿਤਾ" ਪੁਕਾਰਦਾ ਹੈ! [ਗਲਾਤੀ 4:6]

ਜਦੋਂ ਪੌਲੁਸ ਕੁਰਿੰਥੀਆਂ ਦੇ ਸਰੀਰਕ ਲੋਕਾਂ ਨੂੰ ਲਿਖਦਾ ਹੈ, ਤਾਂ ਉਸ ਨੇ ਕੋਈ ਅਜਿਹਾ ਫ਼ਰਕ ਨਹੀਂ ਕੀਤਾ ਕਿ ਕੁਝ ਲੋਕਾਂ ਵਿੱਚ ਤਾਂ ਪਵਿੱਤਰ ਆਤਮਾ ਵਾਸ ਕਰਦਾ ਹੈ, ਪਰ ਕੁਝ ਲੋਕਾਂ ਵਿੱਚ ਉਹ ਵਾਸ ਨਹੀਂ ਕਰਦਾ ਹੈ। ਉਸ ਨੇ ਇਹ ਗੱਲ ਆਮ ਤੌਰ ਤੇ ਸਾਰੇ ਲੋਕਾਂ ਦੇ ਲਈ ਕਹੀ ਕਿ ਪਵਿੱਤਰ ਆਤਮਾ ਉਹਨਾਂ ਵਿੱਚ ਵਾਸ ਕਰਦਾ ਹੈ।

> ਕੀ ਤੁਸੀਂ ਨਹੀਂ ਜਾਣਦੇ ਕਿ **ਤੁਸੀਂ ਪਵਿੱਤਰ ਆਤਮਾ ਦਾ ਹੈਕਲ ਹੋ** ਜਿਹੜਾ ਤੁਹਾਡੇ ਅੰਦਰ ਵਾਸ ਕਰਦਾ ਹੈ ਅਤੇ ਤੁਹਾਨੂੰ ਪਰਮੇਸ਼ਰ ਕੋਲੋਂ ਮਿਲਿਆ ਹੈ? [1 ਕੁਰਿੰਥ 6:19]

ਕਈ ਵਾਰ ਨਵਾਂ ਨੇਮ ਪਵਿੱਤਰ ਆਤਮਾ ਦੇ ਵਾਸ ਨੂੰ ਇੱਕ ਵਿਸ਼ਵਾਸੀ ਲਈ ਪੂਰੀ ਹੋਈ ਹਕੀਕਤ ਵਜੋਂ ਪੇਸ਼ ਕਰਦਾ ਹੈ (ਦੇਖੋ, ਰੋਮੀ 5:5; 2 ਕੁਰਿੰਥ 5:5; 1 ਯੂਹੰਨਾ 3:24; 4:13)। ਕਿਰਪਾ ਦੇ ਸਮੇਂ ਵਿੱਚ ਕਿਸੇ ਵਿਸ਼ਵਾਸੀ ਲਈ ਅਜਿਹਾ ਕੋਈ ਹੁਕਮ ਨਹੀਂ ਹੈ ਕਿ ਉਸ ਨੂੰ ਪਵਿੱਤਰ ਆਤਮਾ ਦੇ ਵਾਸ ਨੂੰ ਪ੍ਰਾਪਤ ਕਰਨ ਲਈ ਕਿਸੇ ਤਰ੍ਹਾਂ ਦੀ ਬੇਨਤੀ ਜਾਂ ਕੋਸ਼ਿਸ਼ ਕਰਨ ਦੀ ਜ਼ਰੂਰਤ ਹੈ।

### b. ਇੱਕ ਵਿਸ਼ਵਾਸੀ ਕਿਵੇਂ ਅਤੇ ਕਦੋਂ ਪਵਿੱਤਰ ਆਤਮਾ ਦੇ ਵਾਸ ਨੂੰ ਪ੍ਰਾਪਤ ਕਰਦਾ ਹੈ?

[6] ਸਾਰੇ ਵਿਸ਼ਵਾਸੀ ਮਸੀਹ ਨਾਲ ਏਕਤਾ ਵਿੱਚ ਹਨ (ਅਫ਼ਸੀ 2:4- 9; ਗਲਾਤੀ 3:26-28)। ਇਸ ਲਈ, ਅਜਿਹਾ ਹੋਣਾ ਚਾਹੀਦਾ ਹੈ ਕਿ ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ ਅਤੇ ਪਵਿੱਤਰ ਆਤਮਾ ਦਾ ਵਾਸ ਕਰਨਾ ਉਹਨਾਂ ਦੀ ਮਸੀਹ ਨਾਲ ਏਕਤਾ ਦਾ ਕਾਰਨ ਹੈ (1 ਕੁਰਿੰਥ 12:13)। ਇਸ ਵਿਚਾਰ ਦੀ ਕੋਈ ਜਗ੍ਹਾ ਨਹੀਂ ਹੈ ਕਿ ਇੱਕ ਮਸੀਹੀ ਵਿੱਚ ਪਵਿੱਤਰ ਆਤਮਾ ਨਹੀਂ ਹੈ।

[7] ਸਾਰੇ ਵਿਸ਼ਵਾਸੀਆਂ ਕੋਲ ਸਦੀਪਕ ਜੀਵਨ ਹੈ (ਯੂਹੰਨਾ 5:24; 11:25)। ਕਿਉਂਕਿ ਪਵਿੱਤਰ ਆਤਮਾ ਹੀ ਹੈ ਜੋ ਜੀਵਨ ਦਿੰਦਾ ਹੈ (ਰੋਮੀ. 8:11), ਇਸ ਲਈ ਪਵਿੱਤਰ ਆਤਮਾ ਦਾ ਸਾਰਿਆਂ ਦੇ ਅੰਦਰ ਵਾਸ ਕਰਨਾ ਜ਼ਰੂਰੀ ਹੈ। ਅਜਿਹੇ ਵਿਚਾਰ ਦੀ ਕੋਈ ਜਗ੍ਹਾ ਨਹੀਂ ਹੈ ਕਿ ਇੱਕ ਮਸੀਹੀ ਵਿੱਚ ਪਵਿੱਤਰ ਆਤਮਾ ਨਹੀਂ ਹੁੰਦਾ ਹੈ।

[8] ਸਾਰੇ ਵਿਸ਼ਵਾਸੀ ਪਰਮੇਸ਼ਰ ਦੀ ਸੰਤਾਨ ਹਨ (ਯੂਹੰਨਾ 1:12-13; ਗਲਾਤੀ 3:26)। ਕਿਉਂਕਿ ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਪਰਮੇਸ਼ਰ ਦੀ ਸੰਤਾਨ ਬਣਾਉਂਦਾ ਹੈ (ਗਲਾਤੀ 4:6 ਰੋਮੀ 8:14), ਇਸ ਲਈ ਇੱਕ ਵਿਸ਼ਵਾਸੀ ਬਾਰੇ ਇਹ ਸੋਚਣਾ ਬੇਤੁਕਾ ਹੈ ਕਿ ਉਸ ਕੋਲ ਪਵਿੱਤਰ ਆਤਮਾ ਨਹੀਂ ਹੈ। ਅਜਿਹੇ ਵਿਚਾਰ ਦੀ ਕੋਈ ਜਗ੍ਹਾ ਨਹੀਂ ਹੈ ਕਿ ਇੱਕ ਮਸੀਹੀ ਵਿੱਚ ਪਵਿੱਤਰ ਆਤਮਾ ਨਹੀਂ ਹੁੰਦਾ ਹੈ।

ਕਿਉਂਕਿ ਪਵਿੱਤਰ ਆਤਮਾ ਸਾਰੇ ਵਿਸ਼ਵਾਸੀਆਂ ਵਿੱਚ ਵਾਸ ਕਰਦਾ ਹੈ, ਤਾਂ ਇਹ ਸਪੱਸ਼ਟ ਹੈ ਕਿ **ਇੱਕ ਵਿਅਕਤੀ ਵਿਸ਼ਵਾਸ ਕਰਨ ਦੁਆਰਾ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਦਾ ਹੈ ਅਤੇ ਆਤਮਾ ਵਿਸ਼ਵਾਸ ਦੇ ਸਮੇਂ ਤੋਂ ਉਸ ਵਿੱਚ ਵਾਸ ਕਰਦਾ ਹੈ।** ਯੂਹੰਨਾ 7:38-39 ਅਤੇ ਗਲਾਤੀ 3:2 ਇਸ ਬਾਰੇ ਖ਼ਾਸ ਤੌਰ ਤੇ ਸਪੱਸ਼ਟ ਹਨ ਕਿ ਪਵਿੱਤਰ ਆਤਮਾ ਮਸੀਹ ਵਿੱਚ ਵਿਸ਼ਵਾਸ ਦੇ ਆਧਾਰ ਉੱਤੇ ਦਿੱਤਾ ਜਾਂਦਾ ਹੈ। ਅਜਿਹੀ ਕੋਈ ਗੱਲ ਨਹੀਂ ਹੋ ਸਕਦੀ ਹੈ ਕਿ ਇੱਕ ਵਿਸ਼ਵਾਸ ਵਿੱਚ ਵਿਸ਼ਵਾਸ ਤਾਂ ਹੈ ਪਰ ਉਸ ਕੋਲ ਪਵਿੱਤਰ ਆਤਮਾ ਨਹੀਂ ਹੈ। ਇਸ ਤਰ੍ਹਾਂ, ਪਵਿੱਤਰ ਆਤਮਾ ਮਸੀਹ ਵਿੱਚ ਵਿਸ਼ਵਾਸ ਦੇ ਆਧਾਰ ਉੱਤੇ ਵਾਸ ਕਰਦਾ ਹੈ ਅਤੇ ਉਸ ਸਮੇਂ ਤੋਂ ਵਾਸ ਕਰਦਾ ਹੈ ਜਦੋਂ ਇਹ ਵਿਸ਼ਵਾਸ ਸ਼ੁਰੂ ਹੁੰਦਾ ਹੈ।

> "....ਯਿਸੂ ਨੇ ਇਹ ਪਵਿੱਤਰ ਆਤਮਾ ਦੇ ਬਾਰੇ ਕਿਹਾ ਜਿਸ ਨੂੰ **ਉਹਨਾਂ ਦੇ ਵਿਸ਼ਵਾਸੀ ਪ੍ਰਾਪਤ ਕਰਨ ਵਾਲੇ ਸਨ** ਕਿਉਂਕਿ ਅਜੇ ਤੱਕ ਪਵਿੱਤਰ ਆਤਮਾ ਕਿਸੇ ਨੂੰ ਨਹੀਂ ਦਿੱਤਾ ਗਿਆ ਸੀ ਕਿਉਂਕਿ ਯਿਸੂ ਅਜੇ ਤੱਕ ਆਪਣੀ ਮਹਿਮਾ ਤੱਕ ਨਹੀਂ ਪਹੁੰਚੇ ਸਨ। [ਯੂਹੰਨਾ 7:38-39]
>
> ਮੈਂ ਤੁਹਾਡੇ ਕੋਲੋਂ ਕੇਵਲ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਪਵਿੱਤਰ ਆਤਮਾ ਨੂੰ ਵਿਵਸਥਾ ਦੇ ਕੰਮਾਂ ਦੇ ਦੁਆਰਾ ਜਾਂ ਸ਼ੁਭ ਸਮਾਚਾਰ ਨੂੰ ਸੁਣ ਕੇ ਅਤੇ **ਵਿਸ਼ਵਾਸ** ਕਰ ਕੇ ਪ੍ਰਾਪਤ ਕੀਤਾ ਹੈ? [ਗਲਾਤੀ 3:2][9]

ਇੱਕ ਵਾਰ ਫਿਰ, ਉਹ ਸਾਰੇ ਜੋ ਪਰਮੇਸ਼ਰ ਦੀ ਸੰਤਾਨ ਹਨ, ਉਹਨਾਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ (ਗਲਾਤੀ 4:6; ਰੋਮੀ 8:14)। ਕਿਉਂਕਿ ਇੱਕ ਵਿਅਕਤੀ ਵਿਸ਼ਵਾਸ ਦੁਆਰਾ ਅਤੇ ਵਿਸ਼ਵਾਸ ਕਰਨ ਦੇ ਸਮੇਂ ਪਰਮੇਸ਼ਰ ਦੀ ਸੰਤਾਨ ਬਣਦਾ ਹੈ, ਇਸ ਲਈ ਪਵਿੱਤਰ ਆਤਮਾ ਦਾ ਉਸ ਵਿੱਚ ਵਾਸ ਵਿਸ਼ਵਾਸ ਕਰਨ ਦੇ ਸਮੇਂ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ, ਜਿਹੜੇ ਲੋਕ ਮਸੀਹ ਨਾਲ ਏਕਤਾ ਵਿੱਚ ਹਨ, ਉਹਨਾਂ ਦੇ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ (ਰੋਮੀ 8:9; 1 ਕੁਰਿੰਥ 12:13)। ਕਿਉਂਕਿ ਇੱਕ ਵਿਅਕਤੀ ਮਸੀਹ ਨਾਲ ਇਸ ਏਕਤਾ ਨੂੰ ਵਿਸ਼ਵਾਸ ਦੁਆਰਾ ਪ੍ਰਾਪਤ ਕਰਦਾ ਹੈ, ਇਸ ਲਈ ਪਵਿੱਤਰ ਆਤਮਾ ਦਾ ਵਾਸ ਵੀ ਵਿਸ਼ਵਾਸ ਦੁਆਰਾ ਹੋਣਾ ਚਾਹੀਦਾ ਹੈ। ਮਸੀਹ ਵਿੱਚ ਵਿਸ਼ਵਾਸ ਸਦੀਪਕ ਜੀਵਨ ਲਿਆਉਂਦਾ ਹੈ (ਯੂਹੰਨਾ 6:40, 47), ਅਤੇ ਪਵਿੱਤਰ ਆਤਮਾ "ਸਾਰੇ ਸਰੀਰ ਨੂੰ ਜੀਵਨ ਦੇਵੇਗਾ" (ਰੋਮੀ 8:11)। **ਸਾਰੇ ਸਬੂਤ ਇਹ ਦੱਸਦੇ ਹਨ ਕਿ ਪਵਿੱਤਰ ਆਤਮਾ ਵਿਸ਼ਵਾਸ ਦੇ ਆਧਾਰ ਉੱਤੇ ਵਾਸ ਕਰਦਾ ਹੈ ਅਤੇ ਇਹ ਵਾਸ ਉਸ ਸਮੇਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਮਸੀਹ ਵਿੱਚ ਵਿਸ਼ਵਾਸ ਕੀਤਾ ਜਾਂਦਾ ਹੈ।** ਇਸ ਦੀ ਉਦਾਹਰਣ ਰਸੂਲਾਂ 10:44 ਵਿੱਚ ਮਿਲਦੀ ਹੈ। ਜਦੋਂ ਪਤਰਸ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰ ਰਿਹਾ ਸੀ, ਤਾਂ ਕੁਝ ਲੋਕਾਂ ਨੇ ਵਿਸ਼ਵਾਸ ਕੀਤਾ ਸੀ। ਪ੍ਰਚਾਰ ਦੇ ਖ਼ਤਮ ਹੋਣ ਤੋਂ ਪਹਿਲਾਂ ਹੀ, ਅਤੇ ਪਾਣੀ ਦਾ ਬਪਤਿਸਮਾ ਲੈਣ ਤੋਂ ਬਹੁਤ ਪਹਿਲਾਂ ਹੀ, ਉਹ ਲੋਕ ਪਵਿੱਤਰ ਆਤਮਾ ਪ੍ਰਾਪਤ ਕਰ ਲੈਂਦੇ ਹਨ।

### F. ਪਵਿੱਤਰ ਆਤਮਾ ਕਿੰਨੇ ਸਮੇਂ ਤੱਕ ਵਾਸ ਕਰਦਾ ਹੈ?

ਜਿਵੇਂ ਬਿਵਸਥਾ ਦੇ ਅਧੀਨ ਸੀ ਕਿ ਪਵਿੱਤਰ ਆਤਮਾ ਇੱਕ ਵਿਅਕਤੀ ਦੇ ਉੱਤੇ ਆਉਂਦਾ ਸੀ ਅਤੇ ਫਿਰ ਚਲਾ ਜਾਂਦਾ ਸੀ, ਮਸੀਹ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਪਵਿੱਤਰ ਆਤਮਾ ਦੀ ਨਵੀਂ ਸੇਵਕਾਈ ਦੇ ਅਧੀਨ ਉਹ ਵਿਸ਼ਵਾਸੀਆਂ ਵਿੱਚ ਸਦਾ ਲਈ ਰਹੇਗਾ। ਉਸੇ ਮੌਕੇ ਤੇ, ਮਸੀਹ ਨੇ ਇਹ ਵੀ ਸਪੱਸ਼ਟ ਕੀਤਾ ਕਿ ਉਹਨਾਂ ਦੇ ਸ਼ਬਦ ਸਿਰਫ਼ ਰਸੂਲਾਂ ਲਈ ਹੀ ਨਹੀਂ ਬਲਕਿ ਮਸੀਹ ਦੇ ਸਾਰੇ ਲੋਕਾਂ ਦੇ ਲਈ ਸਨ।

> "ਮੈਂ ਪਿਤਾ ਨੂੰ ਬੇਨਤੀ ਕਰਾਂਗਾ ਅਤੇ ਉਹ ਤੁਹਾਨੂੰ ਦੂਜਾ ਸਹਾਇੱਕ ਦੇਣਗੇ ਕਿ ਉਹ **ਅਨੰਤਕਾਲ ਤੱਕ** ਤੁਹਾਡੇ ਨਾਲ ਰਹੇ, ਸੱਚ ਦਾ ਆਤਮਾ, ਜਿਸ ਨੂੰ ਸੰਸਾਰ ਪ੍ਰਾਪਤ ਨਹੀਂ ਕਰ ਸਕਦਾ ਕਿਉਂਕਿ ਨਾ ਤਾਂ ਸੰਸਾਰ ਉਸ ਨੂੰ ਦੇਖਦਾ ਹੈ ਅਤੇ ਨਾ ਹੀ ਜਾਣਦਾ ਹੈ। ਪਰ ਤੁਸੀਂ ਉਸ ਨੂੰ ਜਾਣਦੇ ਹੋ ਕਿਉਂਕਿ ਉਹ ਤੁਹਾਡੇ ਨਾਲ ਰਹਿੰਦਾ ਹੈ ਅਤੇ **ਤੁਹਾਡੇ ਵਿੱਚ ਹੋਵੇਗਾ**...।" [ਯੂਹੰਨਾ 14:16-17; 23]

ਹਾਲਾਂਕਿ ਅਫ਼ਸੀ 4:30 ਤਕਨੀਕੀ ਤੌਰ ਤੇ ਵਾਸ ਕਰਨ ਬਾਰੇ ਨਹੀਂ ਪਰ ਮੋਹਰ ਬਾਰੇ ਹੈ, ਫਿਰ ਵੀ ਇਹ ਉਸ ਗੱਲ ਨੂੰ ਸਥਾਪਿਤ ਕਰਦਾ ਹੈ ਕਿ ਇੱਕ ਵਿਸ਼ਵਾਸੀ ਦੇ ਜੀਵਨ ਪਵਿੱਤਰ ਆਤਮਾ ਦਾ ਕੰਮ ਹਮੇਸ਼ਾਂ ਲਈ ਹੁੰਦਾ ਹੈ। ਉਹ ਵਿਸ਼ਵਾਸੀਆਂ ਦੇ ਜੀਵਨ ਵਿੱਚ ਵਾਸ ਕਰਦਾ ਹੈ ਅਤੇ ਉਹ ਉਹਨਾਂ ਦੇ ਜੀਵਨ ਕਾਲ ਦੌਰਾਨ ਉਹਨਾਂ ਵਿੱਚ ਕੰਮ ਕਰਦਾ ਰਹੇਗਾ।

> ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸ ਦੇ ਨਾਲ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਦੀ ਮੋਹਰ ਲਾਈ ਗਈ ਹੈ। [ਅਫ਼ਸੀ 4:30]

ਅਸਲ ਵਿੱਚ ਪਵਿੱਤਰ ਆਤਮਾ ਦੇ ਵਾਸ ਦੀ ਮਿਆਦ ਸਦੀਪਕ ਸੁਰੱਖਿਆ ਦੇ ਸਿਧਾਂਤ ਨਾਲ ਜੁੜੀ ਹੋਈ ਹੈ। ਪਵਿੱਤਰ ਆਤਮਾ ਉਹਨਾਂ ਵਿੱਚ ਵਾਸ ਕਰਦੇ ਹਨ ਜੋ ਪਰਮੇਸ਼ਰ ਦੀ ਸੰਤਾਨ ਹਨ (ਗਲਾਤੀ 4:6), ਅਤੇ ਜਿਹਨਾਂ ਦੀ ਮਸੀਹ ਨਾਲ ਏਕਤਾ ਹੈ (1 ਕੁਰਿੰਥ 12:13), ਅਤੇ ਜੋ ਜੀਅ ਉੱਠਣਗੇ (ਰੋਮੀ 8:11), ਇਸ ਲਈ, ਕਿਉਂਕਿ ਵਿਸ਼ਵਾਸੀ ਕਦੇ

[9] ਅਫ਼ਸੀ 1:13 ਵੀ ਦੇਖੋ। ਇਸ ਆਇਤ ਦਾ ਅਨੁਵਾਦ ਇਹ ਵੀ ਹੋ ਸਕਦਾ ਹੈ ਕਿ, "ਕਿਉਂਕਿ ਤੁਸੀਂ ਮਸੀਹ ਵਿੱਚ ਵਿਸ਼ਵਾਸ ਕੀਤਾ, ਇਸ ਲਈ ਤੁਹਾਡੇ ਉੱਤੇ ਪਵਿੱਤਰ ਆਤਮਾ ਮੋਹਰ ਲੱਗੀ ਹੈ"। ਹਾਲਾਂਕਿ ਅਫ਼ਸੀ 1:13 ਇਹ ਵਿਚਾਰ ਵੀ ਦੇ ਸਕਦਾ ਹੈ ਕਿ ਪਵਿੱਤਰ ਆਤਮਾ ਮੁਕਤੀ ਤੋਂ ਬਾਅਦ ਮਿਲਦਾ ਹੈ, ਪਰ ਹੋਰ ਸਪੱਸ਼ਟ ਵਚਨ ਜੋ ਦੱਸਦੇ ਹਨ ਕਿ ਵਿਸ਼ਵਾਸ ਦੁਆਰਾ ਪਵਿੱਤਰ ਆਤਮਾ ਦਾ ਵਾਸ ਹੁੰਦਾ ਹੈ, ਉਹ ਇਹ ਸਥਾਪਿਤ ਕਰਦੇ ਹਨ ਕਿ ਇਸ ਫੁੱਟਨੋਟ ਵਿੱਚਲੇ ਅਨੁਵਾਦ ਨੂੰ ਪਸੰਦ ਕੀਤਾ ਜਾ ਸਕਦਾ ਹੈ।

ਵੀ ਪਰਮੇਸ਼ਰ ਦੀ ਸੰਤਾਨ ਹੋਣਾ ਬੰਦ ਨਹੀਂ ਕਰਨਗੇ, ਨਾ ਹੀ ਮਸੀਹ ਨਾਲ ਏਕਤਾ ਨੂੰ ਗੁਆਉਣਗੇ, ਨਾ ਹੀ ਜੀਅ ਉੱਠਣ ਵਿੱਚ ਅਸਫ਼ਲ ਰਹਿਣਗੇ; ਇਸ ਲਈ ਇਹ ਜ਼ਰੂਰੀ ਹੈ ਕਿ ਪਵਿੱਤਰ ਆਤਮਾ ਦਾ ਵਾਸ ਹਮੇਸ਼ਾਂ ਲਈ ਹੋਵੇ।

ਜਿਹੜੇ ਲੋਕ ਪਵਿੱਤਰ ਆਤਮਾ ਦੇ ਆਉਣ ਅਤੇ ਜਾਣ ਦੇ ਵਿਚਾਰ ਨੂੰ ਮੰਨਦੇ ਹਨ ਅਤੇ ਜਿਹੜੇ ਸਿਖਾਉਂਦੇ ਹਨ ਕਿ ਪਵਿੱਤਰ ਆਤਮਾ ਦੇ ਵਾਸ ਲਈ ਇੱਕ ਵਿਅਕਤੀ ਨੂੰ ਕੋਸ਼ਿਸ਼ ਕਰਨੀ, ਪ੍ਰਾਰਥਨਾ ਕਰਨੀ, ਭੀਖ ਮੰਗਣੀ, ਜਾਂ ਇਸ ਦੀ ਭਾਲ ਕਰਨੀ ਚਾਹੀਦੀ ਹੈ, ਉਹ ਅਜਿਹਾ ਇਸ ਗੱਲ ਤੋਂ ਅਣਜਾਣ ਹੋ ਕੇ ਕਰਦੇ ਹਨ ਕਿ ਬਾਈਬਲ ਕਲੀਸਿਯਾ ਪ੍ਰਣਾਲੀ ਦੇ ਅਧੀਨ ਪਵਿੱਤਰ ਆਤਮਾ ਦੇ ਕੰਮ ਬਾਰੇ ਕੀ ਸਿਖਾਉਂਦੀ ਹੈ।[10]

[10] ਲੂਕਾ 11:13 ਨੂੰ ਅਕਸਰ ਪਵਿੱਤਰ ਆਤਮਾ ਮੰਗਣ ਦੇ ਸਬੂਤ ਦੇ ਰੂਪ ਵਿੱਚ ਵਰਤਿਆ ਜਾਂਦਾ ਹੈ। ਪਰ, ਇਹ ਬਿਵਸਥਾ ਪ੍ਰਣਾਲੀ ਦੇ ਅਧੀਨ ਦਿੱਤਾ ਗਿਆ ਸੀ ਜਦੋਂ ਬਹੁਤ ਘੱਟ ਵਿਸ਼ਵਾਸੀਆਂ ਕੋਲ ਪਵਿੱਤਰ ਆਤਮਾ ਸੀ। ਮਸੀਹ ਨੇ ਆਪਣੇ ਚੇਲਿਆਂ ਨੂੰ ਪਵਿੱਤਰ ਆਤਮਾ ਮੰਗਣ ਲਈ ਕਿਹਾ ਸੀ। ਹਾਲਾਂਕਿ ਪਵਿੱਤਰ ਆਤਮਾ ਦੇ ਵਾਸ ਦਾ ਕੰਮ ਮਸੀਹ ਦੇ ਮਹਿਮਾ ਪ੍ਰਾਪਤ ਕਰਨ ਤੋਂ ਪਹਿਲਾਂ ਸ਼ੁਰੂ ਨਹੀਂ ਹੋਣ ਵਾਲਾ ਸੀ (ਯੂਹੰਨਾ 7:38-39), ਅਜਿਹਾ ਹੋ ਸਕਦਾ ਹੈ ਕਿ ਪਰਮੇਸ਼ਰ ਨੇ ਮਸੀਹ ਦੀ ਸੇਵਕਾਈ ਦੀ ਸ਼ੁਰੂਆਤ ਵਿੱਚ ਉਹਨਾਂ ਦੇ ਪਿੱਛੇ ਚੱਲਣ ਵਾਲੇ ਕੁਝ ਲੋਕਾਂ ਨੂੰ ਪਵਿੱਤਰ ਆਤਮਾ ਦਿੱਤਾ ਹੋਵੇ। ਫਿਰ ਵੀ, ਅਜਿਹੀ ਕੋਈ ਵੀ ਆਇਤ ਨਹੀਂ ਹੈ ਜਿੱਥੇ ਉਹਨਾਂ ਵਿੱਚੋਂ ਕਿਸੇ ਨੇ ਕਦੇ ਵੀ ਪਵਿੱਤਰ ਆਤਮਾ ਦੀ ਮੰਗ ਕੀਤੀ ਹੋਵੇ। ਕਲੀਸਿਯਾ ਪ੍ਰਣਾਲੀ ਦੇ ਦੌਰਾਨ ਜੋ ਹਾਲਾਤ ਹਨ, ਉਹ ਉਹਨਾਂ ਹਾਲਾਤਾਂ ਤੋਂ ਵੱਖਰੇ ਹਨ ਜੋ ਲੂਕਾ 11:13 ਦੇ ਦਿੱਤੇ ਜਾਣ ਸਮੇਂ ਸਨ। ਵਰਤਮਾਨ ਸਮੇਂ ਵਿੱਚ, ਹਰੇਕ ਵਿਸ਼ਵਾਸ ਕਰਨ ਵਾਲੇ ਕੋਲ ਬਿਨਾਂ ਮੰਗੇ ਹੀ ਪਵਿੱਤਰ ਆਤਮਾ ਹੈ। ਹਾਲਾਂਕਿ ਲੂਕਾ 11:13 ਵਿੱਚ ਅੱਜ ਦੇ ਸਮੇਂ ਵਿੱਚ ਲਾਗੂ ਕੀਤਾ ਜਾ ਸਕਦਾ ਹੈ, ਪਰ ਪਵਿੱਤਰ ਆਤਮਾ ਕਲੀਸਿਯਾ ਦੀ ਸ਼ੁਰੂਆਤ ਤੋਂ ਪਹਿਲਾਂ, ਸ਼ੁਭ-ਸਮਾਚਾਰਾਂ ਦੇ ਸਮੇਂ ਵਿੱਚ ਵੱਖਰੇ ਤਰੀਕੇ ਨਾਲ ਕੰਮ ਕਰਦਾ ਸੀ।

ਯੂਹੰਨਾ 20:22 ਦੂਜਾ ਅਜਿਹਾ ਵਚਨ ਹੈ ਜਿਸ ਦੇ ਬਾਰੇ ਕੁਝ ਲੋਕ ਦਾਅਵਾ ਕਰਦੇ ਹਨ ਕਿ ਇਹ ਮੁਕਤੀ ਤੋਂ ਬਾਅਦ ਲੋਕਾਂ ਨੂੰ ਪਵਿੱਤਰ ਆਤਮਾ ਪ੍ਰਾਪਤ ਹੋਣ ਦੀ ਮਿਸਾਲ ਦਿੰਦਾ ਹੈ। ਪਰ, ਇੱਕ ਵਾਰ ਫਿਰ ਬਿਵਸਥਾ ਤੋਂ ਕਿਰਪਾ ਵਿੱਚ ਅਤੇ ਯਹੂਦੀ ਧਰਮ ਤੋਂ ਕਲੀਸਿਯਾ ਵਿੱਚ ਤਬਦੀਲੀ ਵਿਚਾਰ ਕਰਨ ਯੋਗ ਇੱਕ ਤੱਥ ਹੈ। ਇਹ ਗੱਲ ਬਿਲਕੁਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਇਹ ਤਬਦੀਲੀ ਉਦੋਂ ਤੱਕ ਨਹੀਂ ਹੋਈ ਸੀ ਕਿਉਂਕਿ ਮਸੀਹ ਆਪਣੇ ਸਵਰਗ ਜਾਣ ਸਮੇਂ ਵੀ ਸਿਖਾ ਰਹੇ ਸਨ ਕਿ ਆਤਮਾ ਦਾ ਬਪਤਿਸਮਾ ਵਿੱਚ ਹੋਵੇਗਾ (ਰਸੂਲਾਂ 1:5)। ਯੂਹੰਨਾ 20:22 ਕਲੀਸਿਯਾ ਦੇ ਪ੍ਰਸ਼ਾਸਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਉਂਦਾ ਹੈ, ਅਤੇ ਇਸ ਲਈ ਇਹ ਪਵਿੱਤਰ ਆਤਮਾ ਦੇ ਵਰਤਮਾਨ ਸਮੇਂ ਦੇ ਕੰਮ ਬਾਰੇ ਕੁਝ ਨਹੀਂ ਕਹਿੰਦਾ ਹੈ।

ਇਸ ਤੋਂ ਇਲਾਵਾ, ਯੂਹੰਨਾ 20:22 ਇੱਕ ਧੁੰਦਲਾ ਵਚਨ ਹੈ। ਇੱਕ ਵਿਚਾਰ ਇਹ ਹੈ ਕਿ ਮਸੀਹ ਸਿਰਫ਼ ਆਪਣੀ ਪੂਰਵ-ਪ੍ਰਵਾਨਗੀ ਦੇ ਰਹੇ ਹਨ ਅਤੇ ਆਤਮਾ ਦੇ ਬਪਤਿਸਮੇ ਲਈ ਅਸੀਸ ਦੇ ਰਹੇ ਹਨ ਜੋ ਜਲਦੀ ਹੀ ਹੋਣ ਵਾਲਾ ਹੈ। ਇੱਕ ਹੋਰ ਵਿਚਾਰ ਇਹ ਹੈ ਕਿ ਉਹ ਰਸੂਲਾਂ ਨੂੰ ਪਵਿੱਤਰ ਆਤਮਾ ਤੋਂ ਕੁਝ ਸਮੇਂ ਦੀ ਬਰਕਤ ਦੇ ਰਹੇ ਹਨ ਤਾਂ ਜੋ ਸਲੀਬ ਤੋਂ ਬਾਅਦ ਦੇ ਮੁਸ਼ਕਲ ਅਤੇ ਭਿਆਨਕ ਦਿਨਾਂ ਵਿੱਚ ਉਹਨਾਂ ਦੀ ਸਹਾਇਤਾ ਕਰ ਸਕੇ। ਇੱਕ ਹੋਰ ਵਿਚਾਰ ਇਹ ਹੈ ਕਿ ਪ੍ਰਭੂ ਆਪਣੇ ਰਸੂਲਾਂ ਨੂੰ ਪਵਿੱਤਰ ਆਤਮਾ ਦੁਆਰਾ ਪਰਮੇਸ਼ਰ ਦੇ ਪ੍ਰਕਾਸ਼ਨ ਅਤੇ ਪ੍ਰੇਰਨਾ ਪ੍ਰਾਪਤ ਕਰਨ ਲਈ ਪਹਿਲਾਂ ਹੀ ਅਧਿਕਾਰ ਦੇ ਰਹੇ ਹਨ। ਅੰਤ ਵਿੱਚ, ਜੇਕਰ ਕੋਈ ਇਹ ਮੰਨਦਾ ਹੈ ਕਿ ਯੂਹੰਨਾ 20:22 ਵਿੱਚ ਪਵਿੱਤਰ ਆਤਮਾ ਨੂੰ ਰਸੂਲਾਂ ਵਿੱਚ ਵੱਸਣ ਲਈ ਭੇਜਿਆ ਗਿਆ ਸੀ, ਫਿਰ ਵੀ ਇਹ ਇੱਕ ਅਜਿਹਾ ਨਮੂਨਾ ਨਹੀਂ ਦੇਵੇਗਾ ਕਿ ਪਰਮੇਸ਼ਰ ਕਿਰਪਾ ਦੇ ਅਧੀਨ ਸਾਰੇ ਵਿਸ਼ਵਾਸੀਆਂ ਨਾਲ ਅਜਿਹਾ ਹੀ ਕਰਨਗੇ। ਸੰਖੇਪ ਵਿੱਚ, ਯੂਹੰਨਾ 20:22 ਇੱਕ ਅਜਿਹਾ ਵਚਨ ਨਹੀਂ ਹੈ ਜੋ ਇਸ ਸਿੱਟੇ ਨੂੰ ਖ਼ਤਮ ਕਰਨ ਲਈ ਵਰਤਿਆ ਜਾ ਸਕਦਾ ਹੈ ਕਿ ਕਲੀਸਿਯਾ ਦੇ ਪ੍ਰਸ਼ਾਸਨ ਵਿੱਚ ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਵਾਸ ਕਰੇਗਾ।

ਕਈ ਵਾਰ ਰਸੂਲਾਂ 19:2 ਨੂੰ ਇਹ ਦਰਸਾਉਣ ਲਈ ਵਰਤਿਆ ਜਾਂਦਾ ਹੈ ਕਿ ਪਵਿੱਤਰ ਆਤਮਾ ਇੱਕ ਜੀਵਨ ਵਿੱਚ ਮੁਕਤੀ ਤੋਂ ਬਾਅਦ ਆਉਂਦਾ ਹੈ। ਪਰ, ਇਸ ਵਿੱਚ ਸਮੱਸਿਆ ਸਿਰਫ਼ ਅਨੁਵਾਦ ਦੀ ਹੈ। ਕਿੰਗ ਜੇਮਜ਼ ਵਰਜ਼ਨ ਵਿੱਚ ਲਿਖਿਆ ਹੈ, "**ਜਦੋਂ** ਤੁਸੀਂ ਵਿਸਵਾਸ ਕੀਤਾ, ਕੀ ਉਸ ਸਮੇਂ ਤੋਂ ਤੁਸੀਂ ਪਵਿੱਤਰ ਆਤਮਾ ਨਹੀਂ ਪਾਇਆ?" ਇਸ ਅਨੁਵਾਦ ਦਾ ਇਹ ਭਾਵ ਹੈ ਕਿ ਪਵਿੱਤਰ ਆਤਮਾ ਮਸੀਹ ਵਿੱਚ ਵਿਸ਼ਵਾਸ ਕਰਨ ਦੇ ਬਾਅਦ ਮਿਲਦਾ ਹੈ। ਇਹ ਸੱਚ ਹੈ ਕਿ ਪਵਿੱਤਰ ਆਤਮਾ ਵਿਸ਼ਵਾਸ ਦੇ ਬਾਅਦ ਮਿਲ ਜਾਂਦਾ ਹੈ। ਪਰ, ਉਹ ਵਿਸ਼ਵਾਸ ਤੋਂ **ਤੁਰੰਤ** ਬਾਅਦ ਮਿਲਦਾ ਹੈ। ਰਸੂਲਾਂ 19:2 ਦਾ ਵਿਅਕਰਣ ਇੱਕ ਅਜਿਹੇ ਅਨੁਵਾਦ ਦੀ ਆਗਿਆ ਦਿੰਦਾ ਹੈ ਜਿਸ ਵਿੱਚ ਵਿਸ਼ਵਾਸ ਕਰਨ ਅਤੇ ਪਵਿੱਤਰ ਆਤਮਾ ਦੀ ਪ੍ਰਾਪਤੀ ਵਿਚਕਾਰ ਸਮੇਂ ਦੀ ਲੰਬਾਈ ਮਾਪਣ ਦਾ ਕੋਈ ਸੰਕੇਤ ਨਹੀਂ ਮਿਲਦਾ ਹੈ। ਇਹ ਦੋਵੇਂ ਇੱਕੋ ਸਮੇਂ ਹੀ ਹੁੰਦੇ ਹਨ।

ਡਾਨਾ ਅਤੇ ਮੈਂਟੀ ਕਹਿੰਦੇ ਹਨ, "ਕਈ ਅਜਿਹੇ ਵਾਕ ਹੁੰਦੇ ਹਨ ਜਿੱਥੇ ਕੁਝ ਕੰਮ **ਇੱਕੋ ਸਮੇਂ** ਹੁੰਦੇ ਹਨ [ਐੱਚ. ਈ. ਡਾਨਾ ਐਂਡ ਜੂਲੀਅਸ ਆਰ. ਮੈਂਟੀ, *ਏ ਮੈਨੂਅਲ ਗ੍ਰਾਮਰ ਆਫ਼ ਦ ਗ੍ਰੀਕ ਨਿਊ ਟੈਸਟਾਮੈਂਟ* (ਟੋਰਾਂਟੋ: ਕੋਲੀਅਰ-ਮੈਕਮਿਲਨ, ਲਿਮਿਟਿਡ., 1955, 230)]। ਮੈਲਟਨ ਲਿਖਦਾ ਹੈ, "ਕੁਝ ਅਜਿਹੇ ਵਾਕ ਹੁੰਦੇ ਹਨ ਜਿੱਥੇ ਦੋ ਕੰਮ ਇੱਕੋ ਸਮੇਂ **ਇਤਫਾਕ** ਨਾਲ ਹੁੰਦੇ ਹਨ" [ਜੇਮਜ਼ ਹੋਪ ਮੈਲਟਨ ਐਂਡ ਨਾਈਜਲ ਟਰਨਰ, *ਏ ਗ੍ਰਾਮਰ ਆਫ਼ ਦ ਨਿਊ ਟੈਸਟਾਮੈਂਟ ਗ੍ਰੀਕ*, 3 ਵੋਲਯੂਮਜ਼ (ਐਡਿਨਬਰਾ: ਟੀ. ਐਂਡ ਟੀ. ਕਲਾਰਕ, 1963, 3:79)] ਇਸ ਲਈ, ਨਵੇਂ ਅਨੁਵਾਦ ਜ਼ਿਆਦਾ ਉੱਤਮ ਹਨ। ਉਹ ਰਸੂਲਾਂ 19:2 ਦਾ ਅਨੁਵਾਦ ਇਸ ਤਰ੍ਹਾਂ ਕਰਦੇ ਹਨ ਜਿਸ ਵਿੱਚ ਵਿਸ਼ਵਾਸ ਅਤੇ ਪਵਿੱਤਰ ਆਤਮਾ ਦੀ ਪ੍ਰਾਪਤੀ ਇੱਕੋ ਸਮੇਂ ਹੁੰਦੇ ਹਨ। ਨਿਊ ਅਮੈਰੀਕਨ ਸਟੈਂਡਰਡ ਬਾਈਬਲ ਵਿੱਚ ਲਿਖਿਆ ਹੈ, "ਕੀ ਤੁਸੀਂ ਉਦੋਂ ਪਵਿੱਤਰ ਆਤਮਾ ਪ੍ਰਾਪਤ ਕੀਤਾ **ਜਦੋਂ** ਤੁਸੀਂ ਵਿਸ਼ਵਾਸ ਕੀਤਾ ਸੀ…" ਨਿਊ ਇੰਟਰਨੈਸ਼ਨਲ ਵਰਜ਼ਨ ਵਿੱਚ ਵੀ ਇਸੇ ਤਰ੍ਹਾਂ ਲਿਖਿਆ ਹੈ। ਇਹ ਉੱਤਮ ਅਨੁਵਾਦ ਅਜਿਹੇ ਹਰੇਕ ਸੰਕੇਤ ਨੂੰ ਖ਼ਤਮ

ਕਰ ਦਿੰਦੇ ਹਨ ਕਿ ਪਵਿੱਤਰ ਆਤਮਾ ਮੁਕਤੀ ਤੋਂ ਬਾਅਦ ਮਿਲਦਾ ਹੈ।

ਰਸੂਲਾਂ 8:14-17 ਸ਼ਾਇਦ ਪਵਿੱਤਰ ਆਤਮਾ ਦੇ ਸਿਧਾਂਤ ਦਾ ਸਭ ਤੋਂ ਮੁਸ਼ਕਲ ਵਚਨ ਹੈ। ਇਸ ਵਿੱਚ ਫ਼ਿਲਿੱਪੁਸ ਸਾਮਰਿਯਾ ਦੇ ਲੋਕਾਂ ਨਾਲ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰਦਾ ਹੈ। ਉੱਪਰਲੇ ਸਾਰੇ ਸਬੂਤਾਂ ਦੇ ਬਾਵਜੂਦ ਕਿ ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ (ਯੂਹੰਨਾ 7:38- 39; ਰੋਮੀ 8:9; 1 ਕੁਰਿੰਥ 12:3b), ਸਾਮਰਿਯਾ ਦੇ ਲੋਕਾਂ ਨੇ ਵਿਸ਼ਵਾਸ ਕਰਨ ਦੇ ਤੁਰੰਤ ਬਾਅਦ ਪਵਿੱਤਰ ਆਤਮਾ ਨੂੰ ਪ੍ਰਾਪਤ ਨਹੀਂ ਕੀਤਾ ਸੀ। ਇਸ ਦੀ ਬਜਾਏ, ਰਸੂਲ ਪਤਰਸ ਅਤੇ ਯੂਹੰਨਾ ਦੀ ਪ੍ਰਾਰਥਨਾ ਨਾਲ ਉਹਨਾਂ ਨੇ ਪਵਿੱਤਰ ਆਤਮਾ ਪ੍ਰਾਪਤ ਕੀਤਾ ਸੀ।

ਮੁਕਤੀ ਤੋਂ ਬਾਅਦ ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਦੇ ਮਿਲਣ ਦੀ ਇਸ ਉਦਾਹਰਣ ਦੇ ਮੁੱਦੇ ਵਿੱਚ ਬਾਈਬਲ ਦੇ ਵਿਦਿਆਰਥੀ ਕੋਲ ਦੋ ਵਿਕਲਪ ਹੁੰਦੇ ਹਨ: ਜਾਂ ਤਾਂ ਇਹ ਇੱਕ ਵਿਰੋਧਾਭਾਸ ਹੈ, ਜਾਂ ਫਿਰ ਪਵਿੱਤਰ ਆਤਮਾ ਦੇ ਕੰਮ ਕਰਨ ਦੇ ਤਰੀਕੇ ਵਿੱਚ ਇੱਕ ਖ਼ਾਸ ਅਪਵਾਦ ਹੈ। ਬਾਈਬਲ ਦੀ ਅਲੋਚਨਾ ਕਰਨ ਵਾਲਾ ਵਿਅਕਤੀ ਇਸ ਨੂੰ ਇੱਕ ਵਿਰੋਧਾਭਾਸ ਕਹੇਗਾ। ਯੂਹੰਨਾ 7:38-39; ਰੋਮੀ 8:9; 1 ਕੁਰਿੰਥ 12:13b ਇਹ ਸਿਖਾਉਂਦੇ ਹਨ ਕਿ ਵਿਸ਼ਵਾਸ ਕਰਨ ਵਾਲੇ ਸਾਰੇ ਲੋਕ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਦੇ ਹਨ, ਪਰ ਰਸੂਲਾਂ 8:14-17 ਕੁਝ ਲੋਕਾਂ ਦੀ ਅਜਿਹੀ ਉਦਾਹਰਣ ਦਿੰਦਾ ਹੈ ਜਿਸ ਵਿੱਚ ਸਾਰੇ ਵਿਸ਼ਵਾਸ ਕਰਨ ਵਾਲੇ ਲੋਕਾਂ ਨੇ ਤੁਰੰਤ ਪਵਿੱਤਰ ਆਤਮਾ ਨਹੀਂ ਪਾਇਆ ਸੀ। (ਨੋਟ ਕਰੋ: ਰਸੂਲਾਂ 9:17 ਆਤਮਾ ਦੇ ਵਾਸ ਦੀ ਨਹੀਂ ਪਰ ਆਤਮਾ ਨਾਲ ਭਰਨ ਦੀ ਗੱਲ ਕਰਦਾ ਹੈ, ਅਤੇ ਰਸੂਲਾਂ 10:44 ਵਿਸ਼ਵਾਸ ਕਰਦੇ ਸਮੇਂ ਪਵਿੱਤਰ ਆਤਮਾ ਪਾਉਣ ਦੀ ਇੱਕ ਆਮ ਉਦਾਹਰਣ ਪੇਸ਼ ਕਰਦਾ ਹੈ)।

ਜਿਹੜੇ ਲੋਕ ਬਾਈਬਲ ਦੀ ਸ਼ੁੱਧਤਾ ਉੱਤੇ ਭਰੋਸਾ ਰੱਖਦੇ ਹਨ, ਉਹ ਇਸ ਵਿਰੋਧਾਭਾਸ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰ ਸਕਦੇ ਹਨ। ਇਹ ਸਪੱਸ਼ਟ ਹੈ ਕਿ ਰਸੂਲਾਂ 8:14- 17 ਵਿਚਲੀ ਸਥਿਤੀ ਇੱਕ ਅਸਾਧਾਰਣ ਸਥਿਤੀ ਹੈ। ਸਾਮਰੀ ਲੋਕਾਂ ਨਾਲ ਜੁੜੇ ਇਸ ਮੁੱਦੇ ਵਿੱਚ, ਇੱਕ ਤਰਕਪੂਰਨ ਕਾਰਨ ਦਾ ਅੰਦਾਜ਼ਾ ਲਗਾਉਣਾ ਆਸਾਨ ਹੈ ਕਿ ਇਹ ਪਵਿੱਤਰ ਆਤਮਾ ਦੇ ਆਮ ਤੌਰ ਤੇ ਕੰਮ ਕਰਨ ਦੇ ਤਰੀਕੇ ਦੀ ਇੱਕ ਵੱਖਰੀ ਸਥਿਤੀ ਕਿਉਂ ਹੈ। ਸਭ ਤੋਂ ਪਹਿਲਾਂ, ਕਲੀਸਿਯਾ ਦੇ ਛੋਟੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਪਰਾਈਆਂ ਕੌਮਾਂ ਨੂੰ ਸ਼ੁਭ-ਸਮਾਚਾਰ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ। ਦੂਜਾ, ਯਹੂਦੀ ਅਤੇ ਸਾਮਰੀ ਇੱਕ ਦੂਜੇ ਨਾਲ ਨਫਰਤ ਕਰਦੇ ਸਨ (ਦੇਖੋ, ਯੂਹੰਨਾ 4:9)। ਪਵਿੱਤਰ ਆਤਮਾ ਨੂੰ ਸਾਮਰੀ ਲੋਕਾਂ ਤੋਂ ਕੁਝ ਸਮੇਂ ਲਈ ਰੋਕਣ ਦਾ ਕਾਰਨ ਯਹੂਦੀ ਮਸੀਹੀਆਂ ਅਤੇ ਸਾਮਰੀਯਾ ਵਿਚਕਾਰ ਟਕਰਾਅ ਨੂੰ ਖ਼ਤਮ ਕਰਨਾ ਸੀ ਜਿਹਨਾਂ ਵਿੱਚ ਅਜੇ ਵੀ ਇੱਕ-ਦੂਜੇ ਪ੍ਰਤੀ ਸ਼ੱਕ ਅਤੇ ਨਫਰਤ ਭਰੀ ਹੋਈ ਸੀ। ਯਹੂਦੀ ਰਸੂਲਾਂ ਨੂੰ ਜਨਤਕ ਤੌਰ ਤੇ ਸਾਮਰੀ ਲੋਕਾਂ ਦੇ ਜੀਵਨ ਪਰਿਵਰਤਨ ਨੂੰ ਮਾਨਤਾ ਦੇਣ ਲਈ ਮਜਬੂਰ ਕੀਤਾ ਗਿਆ ਸੀ। ਉਹ ਪਵਿੱਤਰ ਆਤਮਾ ਦੇ ਆਉਣ ਦੀ ਪੁਸ਼ਟੀ ਕਰ ਸਕਦੇ ਸਨ। ਇਸੇ ਤਰ੍ਹਾਂ, ਸਾਮਰੀ ਲੋਕਾਂ ਨੂੰ ਰਸੂਲਾਂ ਰਾਹੀਂ ਪਵਿੱਤਰ ਆਤਮਾ ਪ੍ਰਾਪਤ ਕਰਕੇ ਯਹੂਦੀ ਰਸੂਲਾਂ ਦੇ ਅਧਿਕਾਰ ਦੀ ਪਛਾਣ ਕਰਨ ਲਈ

### 3. ਪਵਿੱਤਰ ਆਤਮਾ ਵਿੱਚ ਬਪਤਿਸਮਾ

#### a. ਜਾਣ-ਪਛਾਣ ਅਤੇ ਪਰਿਭਾਸ਼ਾ

ਹਾਲਾਂਕਿ ਆਤਮਾ ਦਾ ਬਪਤਿਸਮਾ ਪਵਿੱਤਰ ਆਤਮਾ ਨਾਲ ਸੰਬੰਧਿਤ ਵਿਸ਼ਿਆਂ ਵਿੱਚੋਂ ਸਭ ਤੋਂ ਮੁਸ਼ਕਲ ਵਿਸ਼ਾ ਨਹੀਂ ਹੈ, ਪਰ ਫਿਰ ਵੀ ਇਹ ਸਭ ਤੋਂ ਜ਼ਿਆਦਾ ਗ਼ਲਤ ਸਮਝਿਆ ਜਾਂਦਾ ਹੈ। ਇੱਕ ਵਿਅਕਤੀ ਨਵੇਂ ਨੇਮ ਦੀ ਪੂਰੀ ਖੋਜ ਕਰਨ ਦੇ ਬਾਅਦ ਵੀ, ਪਵਿੱਤਰ ਆਤਮਾ ਦੇ ਬਪਤਿਸਮੇ ਲਈ ਕੋਸ਼ਿਸ਼ ਕਰਨ ਬਾਰੇ ਕੋਈ ਹੁਕਮ ਨਹੀਂ ਪਾ ਸਕਦਾ ਹੈ। ਇੱਕ ਵਿਅਕਤੀ ਪੁਰਾਣੇ ਨੇਮ ਦੀ ਪੂਰੀ ਖੋਜ ਤੋਂ ਬਾਅਦ ਵੀ, ਪਵਿੱਤਰ ਆਤਮਾ ਦੇ ਬਪਤਿਸਮੇ ਦਾ ਕੋਈ ਹਵਾਲਾ ਨਹੀਂ ਪਾ ਸਕਦਾ ਹੈ।

ਆਤਮਾ ਦਾ ਬਪਤਿਸਮਾ ਇੱਕ ਭਾਵਨਾ ਜਾਂ ਅਜਿਹੇ ਮਸੀਹੀ ਅਨੁਭਵ ਦੀ ਸ਼ੁਰੂਆਤ ਨਹੀਂ ਹੈ ਜਿੱਥੇ ਜੀਵਨ ਦੇ ਦਬਾਅ ਅਤੇ ਪਰਤਾਵੇ ਬੰਦ ਹੋ ਜਾਂਦੇ ਹਨ। ਇੱਕ ਭਾਵਨਾ ਜਾਂ ਅਨੁਭਵ ਦੀ ਬਜਾਏ ਆਤਮਾ ਦਾ ਬਪਤਿਸਮਾ ਮੂਲ ਰੂਪ ਵਿੱਚ ਇੱਕ **ਸਥਿਤੀ** ਹੈ। ਹੇਠਾਂ ਦਿੱਤੀਆਂ ਦੋਵੇਂ ਪਰਿਭਾਸ਼ਾਵਾਂ ਸਹੀ ਹਾਂ:

"ਇਹ ਪਵਿੱਤਰ ਆਤਮਾ ਦਾ ਕੰਮ ਹੈ ਜਿਸ ਦੁਆਰਾ ਉਹ ਇਸ ਯੁੱਗ ਵਿੱਚ ਮੁਕਤੀ ਪ੍ਰਾਪਤ ਕਰਨ ਸਮੇਂ ਤੋਂ ਇੱਕ ਵਿਸ਼ਵਾਸੀ ਨੂੰ 'ਮਸੀਹ ਵਿੱਚ' ਰੱਖਦਾ ਹੈ।"[11]

ਆਤਮਾ ਦਾ ਬਪਤਿਸਮਾ ਉਦੋਂ ਹੁੰਦਾ ਹੈ ਜਦੋਂ ਮਸੀਹ ਇੱਕ ਵਿਸ਼ਵਾਸੀ ਨੂੰ ਆਤਮਾ ਵਿੱਚ ਡੁਬਾਉਂਦੇ ਅਤੇ ਢੱਕਦੇ ਹਨ ਤਾਂ ਜੋ ਮਸੀਹ ਦੇ ਆਤਮਾ ਨਾਲ ਏਕਤਾ ਪੈਦਾ ਕੀਤੀ ਜਾ ਸਕੇ, ਜੋ ਕਿ ਮਸੀਹ ਦੇ ਆਪਣੇ ਨਾਲ ਅਤੇ ਦੂਜੇ ਹੋਰ ਸਾਰੇ ਵਿਸ਼ਵਾਸੀਆਂ ਨਾਲ ਏਕਤਾ ਹੈ।[12]

ਇਹ ਪਰਿਭਾਸ਼ਾਵਾਂ ਵੱਖ-ਵੱਖ ਸ਼ਬਦਾਂ ਨਾਲ ਇੱਕ ਹੀ ਸਿੱਟੇ ਨੂੰ ਪ੍ਰਗਟ ਕਰਦੀਆਂ ਹਨ। ਪਹਿਲੀ ਪਰਿਭਾਸ਼ਾ ਮਸੀਹ ਨੂੰ ਆਤਮਾ ਨੂੰ "ਭੇਜਣ"

---

ਮਜਬੂਰ ਕੀਤਾ ਗਿਆ ਸੀ। ਯਹੂਦੀਆਂ ਅਤੇ ਸਾਮਰੀ ਲੋਕਾਂ ਦੇ ਵਿਚਕਾਰ ਉਸ ਸਮੇਂ ਦੀਆਂ ਸੱਭਿਆਚਾਰਕ ਅਤੇ ਸਮਾਜਿਕ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਰਸੂਲਾਂ 8:14-17 ਨੂੰ ਪਵਿੱਤਰ ਆਤਮਾ ਦੇ ਕੰਮ ਕਰਨ ਦੇ ਆਮ ਤਰੀਕੇ ਵਿੱਚ ਇੱਕ ਯੋਜਨਾਬੱਧ ਅਪਵਾਦ ਮੰਨਣਾ ਅਜਿਹਾ ਮੰਨ ਲੈਣ ਤੋਂ ਜ਼ਿਆਦਾ ਵਧੀਆ ਹੈ ਕਿ ਬਾਈਬਲ ਪਵਿੱਤਰ ਆਤਮਾ ਦੇ ਕੰਮ ਕਰਨ ਦੇ ਦੋ ਅਲੱਗ-ਅਲੱਗ ਢੰਗ ਪੇਸ਼ ਕਰਦੀ ਹੈ। ਪਵਿੱਤਰ ਆਤਮਾ ਹਰੇਕ ਵਿਸ਼ਵਾਸੀ ਵਿੱਚ ਮੁਕਤੀ ਦੇ ਸਮੇਂ ਵਾਸ ਕਰਦਾ ਹੈ। ਪਰ, ਸਾਮਰੀ ਲੋਕਾਂ ਦੇ ਸਭ ਤੋਂ ਪਹਿਲੇ ਜੀਵਨ ਪਰਿਵਰਤਨ ਦੇ ਮਾਮਲਿਆਂ ਵਿੱਚ, ਆਤਮਾ ਨੇ ਉਹਨਾਂ ਵਿੱਚ ਵਾਸ ਕਰਨ ਵਿੱਚ ਦੇਰੀ ਕੀਤੀ ਸੀ ਤਾਂ ਜੋ ਦੋਵੇਂ ਵਿਰੋਧੀ ਸਮੂਹ ਮਸੀਹ ਵਿੱਚ ਆਪਣੀ ਆਪਸੀ ਮੁਕਤੀ ਨੂੰ ਪਛਾਣ ਸਕਣ।

[11] ਡੈਨ ਫਿਲਿਪਸ, *ਕਲਾਸ ਲੈਕਚਰ ਨੋਟਸ*, ਗ੍ਰੈਂਡ ਰੈਪਿਡਸ ਸਕੂਲ ਆਫ਼ ਦ ਬਾਈਬਲ ਐਂਡ ਮਿਊਜ਼ਿਕ, ਫਾਲ 1975.

[12] ਇਹ ਲੇਖਕ ਦੀ ਆਪਣੀ ਪਰਿਭਾਸ਼ਾ ਹੈ।

ਦੀ ਭੂਮਿਕਾ ਵਿੱਚ ਵਧੇਰੇ ਦੇਖਦੀ ਹੈ; ਦੂਜੀ ਪਰਿਭਾਸ਼ਾ ਆਤਮਾ ਦੀ "ਵਰਤੋਂ" ਦੀ ਭੂਮਿਕਾ ਨੂੰ ਦੇਖਦੀ ਹੈ। ਪਰ, ਦੋਵੇਂ ਇਹ ਸਿੱਟਾ ਕੱਢਦੀਆਂ ਹਨ ਕਿ ਆਤਮਾ ਵਿੱਚ ਬਪਤਿਸਮਾ "ਮਸੀਹ ਵਿੱਚ ਏਕਤਾ" ਦੀ ਸਥਿਤੀ ਵਿੱਚ ਰੱਖੇ ਜਾਣ ਨੂੰ ਦਰਸਾਉਂਦਾ ਹੈ। ਇਸ ਪਰਿਭਾਸ਼ਾ ਦਾ ਆਧਾਰ ਆਉਣ ਵਾਲੇ ਭਾਗਾਂ ਵਿੱਚ ਸਥਾਪਿਤ ਕੀਤਾ ਜਾਵੇਗਾ।

### b. ਆਤਮਾ ਦਾ ਬਪਤਿਸਮਾ ਅਤੇ ਕਲੀਸਿਯਾ ਪ੍ਰਸ਼ਾਸਨ

ਸ਼ੁਭ-ਸਮਾਚਾਰ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਕੰਮ ਨੂੰ ਇੱਕ ਅਜਿਹੇ ਕੰਮ ਵਜੋਂ ਪੇਸ਼ ਕਰਦੇ ਹਨ ਜੋ ਅਜੇ ਤੱਕ ਨਹੀਂ ਹੋਇਆ ਸੀ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਆਤਮਾ ਦੇ ਬਪਤਿਸਮੇ ਨੂੰ ਲਗਾਤਾਰ ਮਸੀਹ ਦੇ **ਭਵਿੱਖ ਦੇ ਕੰਮ** ਵਜੋਂ ਪੇਸ਼ ਕੀਤਾ ਸੀ, "ਉਹ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ **ਦੇਣਗੇ**" (ਲੂਕਾ 3:16; ਅਤੇ ਮੱਤੀ 3:11; ਮਰਕੁਸ 1:8 ਵੀ ਦੇਖੋ)। ਇਸ ਤੋਂ ਇਲਾਵਾ, ਰਸੂਲਾਂ 1:5 ਵਿੱਚ ਮਸੀਹ ਨੇ ਆਤਮਾ ਦੇ ਬਪਤਿਸਮੇ ਦੇ ਕੰਮ ਨੂੰ ਅਪਣੇ ਸਵਰਗ ਜਾਣ ਦੇ ਸਮੇਂ ਤੋਂ ਬਾਅਦ ਵਿੱਚ ਰੱਖਿਆ, "ਪਰ ਥੋੜ੍ਹੇ ਦਿਨਾਂ ਬਾਅਦ ਤੁਸੀ ਪਵਿੱਤਰ ਆਤਮਾ ਨਾਲ ਬਪਤਿਸਮਾ **ਪਾਓਗੇ**।" ਇਸ ਲਈ, ਸਾਨੂੰ ਪੁਰਾਣੇ ਨੇਮ ਜਾਂ ਨਵੇਂ ਨੇਮ ਦੇ ਵਚਨਾਂ ਨੂੰ ਇਸ ਰੂਪ ਵਿੱਚ ਨਹੀਂ ਦੇਖਣਾ ਚਾਹੀਦਾ ਹੈ ਕਿ ਉਹ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸਿਧਾਂਤ ਬਾਰੇ ਸੱਚਾਈ ਪ੍ਰਦਾਨ ਕਰਦੇ ਹਨ। ਮਸੀਹ ਦੇ ਸਵਰਗ ਜਾਣ ਤੋਂ ਪਹਿਲਾਂ "ਪਵਿੱਤਰ ਆਤਮਾ ਦੇ ਬਪਤਿਸਮੇ" ਵਰਗੀ ਕੋਈ ਚੀਜ਼ ਨਹੀਂ ਸੀ। ਆਤਮਾ ਦਾ ਸਭ ਤੋਂ ਪਹਿਲਾਂ ਬਪਤਿਸਮਾ ਮਸੀਹ ਦੇ ਸਵਰਗ ਜਾਣ ਤੋਂ "ਥੋੜ੍ਹੇ ਦਿਨ ਬਾਅਦ" ਹੋਇਆ ਸੀ। ਪਤਰਸ ਦਰਸਾਉਂਦਾ ਹੈ ਕਿ ਰਸੂਲਾਂ 11:15- 16 ਦੇ ਸਮੇਂ ਤੱਕ ਆਤਮਾ ਦੇ ਬਪਤਿਸਮੇ ਦਾ ਕੰਮ ਸ਼ੁਰੂ ਹੋ ਚੁੱਕਾ ਸੀ। ਅਸੀਂ ਇਹ ਸਿੱਟਾ ਕੱਢਣ ਲਈ ਮਜਬੂਰ ਹਾਂ ਕਿ ਸੰਸਾਰ ਵਿੱਚ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਸਭ ਤੋਂ ਪਹਿਲਾਂ ਕੰਮ ਰਸੂਲਾਂ ਦੇ ਕਰਤੱਬ 2 ਵਿੱਚ ਪੰਤੇਕੁਸਤ ਦੇ ਦਿਨ ਸ਼ੁਰੂ ਹੋਇਆ ਸੀ। ਇਹ ਬਹੁਤ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ। ਜੇਕਰ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਉਪਰਲੀ ਪਰਿਭਾਸ਼ਾ ਸਹੀ ਹੈ, ਤਾਂ ਆਤਮਾ ਦਾ ਬਪਤਿਸਮਾ ਵਿਸ਼ਵਾਸੀਆਂ ਦੀ ਮਸੀਹ ਵਿੱਚ ਏਕਤਾ ਪੈਦਾ ਕਰਦਾ ਹੈ ਜੋ ਕਿ ਕਲੀਸਿਯਾ ਹੈ। ਇਸ ਤਰ੍ਹਾਂ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਕੰਮ ਉਸੇ ਸਮੇਂ ਸ਼ੁਰੂ ਹੋਇਆ ਜਦੋਂ ਕਲੀਸਿਯਾ ਦੀ ਸ਼ੁਰੂਆਤ ਹੋਈ ਸੀ (ਰਸੂਲਾਂ 2)।

### c. ਆਤਮਾ ਦਾ ਬਪਤਿਸਮਾ ਅਤੇ ਮਸੀਹ ਵਿੱਚ ਏਕਤਾ

ਯੂਹੰਨਾ 14:20 ਵਿੱਚ ਮਸੀਹ ਆਉਣ ਵਾਲੇ ਇੱਕ ਸੰਬੰਧ ਦੀ ਭਵਿੱਖਬਾਣੀ ਕਰਦੇ ਹਨ ਕਿ "**ਤੁਸੀਂ ਮੇਰੇ ਵਿੱਚ ਹੋ** ਅਤੇ ਮੈਂ ਤੁਹਾਡੇ ਵਿੱਚ ਹਾਂ।" "ਤੁਸੀਂ ਮੇਰੇ ਵਿੱਚ" ਹੋਣ ਦਾ ਪਹਿਲੂ ਵਿਸ਼ਵਾਸੀਆਂ ਦੇ ਮਸੀਹ ਦੇ ਆਤਮਾ ਵਿੱਚ ਰੱਖੇ ਜਾਣ (ਬਪਤਿਸਮਾ) ਵਿੱਚ ਪੂਰਾ ਹੁੰਦਾ ਹੈ। ("ਮੈਂ ਤੁਹਾਡੇ ਵਿੱਚ ਹਾਂ" ਵਾਸ ਕਰਨ ਨੂੰ ਦਰਸਾਉਂਦਾ ਹੈ।)

ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸਹੀ ਅਰਥ ਨੂੰ ਸਮਝਣ ਦਾ ਸ਼ੁਰੂਆਤੀ ਬਿੰਦੂ ਇੱਕ **ਸਮਾਨਾਂਤਰ ਹੈ ਜੋ ਨਵੇਂ ਨੇਮ ਵਿੱਚ 6 ਵਾਰ ਦੁਹਰਾਇਆ ਗਿਆ ਹੈ। ਯੂਹੰਨਾ ਬਪਤਿਸਮਾ ਦੇਣ ਵਾਲੇ ਨੇ "ਪਾਣੀ ਵਿੱਚ, ਨਾਲ, ਜਾਂ ਦੁਆਰਾ" ਬਪਤਿਸਮਾ ਦਿੱਤਾ ਸੀ। ਮਸੀਹ "ਪਵਿੱਤਰ ਆਤਮਾ ਵਿੱਚ, ਨਾਲ, ਜਾਂ ਦੁਆਰਾ" ਬਪਤਿਸਮਾ ਦੇਣਗੇ** (ਦੇਖੋ, ਮੱਤੀ 3:11; ਮਸਕੁਸ 1:8; ਲੂਕਾ 3:16; ਯੂਹੰਨਾ 1:33; ਰਸੂਲਾਂ 1:5, 11:16)।[13] ਯੂਹੰਨਾ ਕੰਮ ਕਰਨਾ ਵਾਲਾ ਹੈ। ਬਪਤਿਸਮਾ ਕੰਮ ਹੈ।

ਪਾਣੀ ਉਹ ਕਾਰਕ ਜਾਂ ਤੱਤ ਹੈ ਜਿਸ ਦੀ ਵਰਤੋਂ ਯੂਹੰਨਾ ਬਪਤਿਸਮਾ ਦੇਣ ਲਈ ਕਰਦਾ ਹੈ। ਇਸੇ ਤਰ੍ਹਾਂ, ਪਵਿੱਤਰ ਆਤਮਾ ਦੇ ਬਪਤਿਸਮੇ ਵਿੱਚ, ਮਸੀਹ ਕੰਮ ਕਰਨ ਵਾਲੇ ਹਨ; ਬਪਤਿਸਮਾ ਕੰਮ ਹੈ। ਪਵਿੱਤਰ ਆਤਮਾ ਉਹ ਕਾਰਕ ਜਾਂ ਤੱਤ ਹੈ ਜਿਸ ਦੀ ਵਰਤੋਂ ਮਸੀਹ ਬਪਤਿਸਮਾ ਦੇਣ ਲਈ ਕਰਦੇ ਹਨ। ਇਸ ਲਈ, ਇੱਕ ਤਕਨੀਕੀ ਤੌਰ ਤੇ ਆਤਮਾ ਦਾ ਬਪਤਿਸਮਾ ਮਸੀਹ ਦਾ ਇੱਕ ਕੰਮ ਹੈ। ਪਵਿੱਤਰ ਆਤਮਾ ਉਹ ਤੱਤ ਹੈ "ਜਿਸ ਵਿੱਚ," "ਜਿਸ ਦੁਆਰਾ" ਜਾਂ "ਜਿਸ ਨਾਲ" ਮਸੀਹ ਬਪਤਿਸਮਾ ਦਿੰਦੇ ਹਨ। ਪਰ, ਕਿਉਂਕਿ ਮਸੀਹ ਬਪਤਿਸਮਾ ਦੇਣ ਲਈ ਪਵਿੱਤਰ ਆਤਮਾ ਦੀ ਵਰਤੋਂ ਕਰਦੇ ਹਨ, ਇਸ ਲਈ ਇਸ ਅਧਿਐਨ ਵਿੱਚ ਆਤਮਾ ਦੇ ਬਪਤਿਸਮੇ ਨੂੰ ਆਮ ਤੌਰ ਉੱਤੇ ਆਤਮਾ ਦੇ ਕੰਮਾਂ ਅਧੀਨ ਸ਼੍ਰੇਣੀਬੱਧ ਕੀਤਾ ਗਿਆ ਹੈ।

ਹਾਲਾਂਕਿ ਉੱਪਰ ਦਿੱਤੇ ਸਾਰੇ 6 ਵਚਨਾਂ ਵਿੱਚ ਵਰਤਿਆ ਗਿਆ ਯੂਨਾਨੀ ਪੂਰਵ-ਸਰਗ "ਐਨ" ਦਾ ਅਨੁਵਾਦ "ਵਿੱਚ," "ਦੁਆਰਾ," ਅਤੇ "ਨਾਲ" ਵਜੋਂ ਕੀਤਾ ਜਾ ਸਕਦਾ ਹੈ, ਪਰ ਇਸ ਦਾ ਵਧੀਆ ਅਨੁਵਾਦ "ਆਤਮਾ **ਵਿੱਚ** ਬਪਤਿਸਮਾ" ਹੋ ਸਕਦਾ ਹੈ। ਇੱਕ ਲਾਖਣਿਕ ਅਰਥ ਦੀ ਵਿਆਖਿਆ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਇਹ ਸ਼ਾਬਦਿਕ ਅਰਥ ਉੱਤੇ ਆਧਾਰਿਤ ਹੋਵੇ। ਕਿਉਂਕਿ ਬਪਤਿਸਮੇ ਦਾ ਸ਼ਾਬਦਿਕ ਅਰਥ "ਕਿਸੇ ਚੀਜ਼ ਵਿੱਚ ਰੱਖਣਾ" ਹੈ ਇਸ ਲਈ ਇਸ

[13] ਯੂਨਾਨੀ ਸ਼ਬਦ ਅਕਸਰ *ਐਨ* (ਵਿੱਚ/ਨਾਲ) ਹੁੰਦਾ ਹੈ। ਇਹ *ਪਾਣੀ* ਨਾਲ *ਐਨ* ਨੂੰ ਜੋੜ ਕੇ ਵਰਤਿਆ ਜਾਂਦਾ ਹੈ ਅਤੇ ਇਹ ਆਤਮਾ ਦੇ ਸੰਬੰਧ ਵਿੱਚ ਵੀ ਵਰਤਿਆ ਜਾਂਦਾ ਹੈ। ਇਹ ਚਾਰਟ ਮੂਲ ਭਾਸ਼ਾ ਨੂੰ ਦੱਸਦਾ ਹੈ:

| ਆਇਤ | ਪਾਣੀ | ਆਤਮਾ |
|---|---|---|
| ਮੱਤੀ 3:11 | ਨਾਲ | ਨਾਲ |
| ਮਰਕੁਸ 1:8 | ਨਾਲ | ਨਾਲ |
| ਲੂਕਾ 3:16 | ਨਾਲ | ਨਾਲ |
| ਯੂਹੰਨਾ 1:33 | ਨਾਲ | ਨਾਲ |
| ਰਸੂਲਾਂ 1:5 | ਨਾਲ | ਨਾਲ |
| ਰਸੂਲਾਂ 11:16 | ਨਾਲ | ਨਾਲ |
| 1 ਕੁਰਿੰਥ 12:13 | ---- | ਨਾਲ |

ਪਰਿਭਾਸ਼ਾ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸਿਧਾਂਤ ਵਿੱਚ ਤਬਦੀਲ ਕੀਤਾ ਜਾਣਾ ਚਾਹੀਦਾ ਹੈ।

ਆਤਮਾ **ਵਿੱਚ** ਬਪਤਿਸਮਾ ਸਭ ਤੋਂ ਵਧੀਆ ਤਰੀਕੇ ਨਾਲ ਯੂਹੰਨਾ ਦੇ ਪਾਣੀ ਵਿੱਚ ਬਪਤਿਸਮੇ ਦੇ ਵਿਚਾਰ ਦੇ ਸਮਾਨ ਹੈ। ਦੂਜਾ, ਪਵਿੱਤਰ ਆਤਮਾ ਦੇ ਬਪਤਿਸਮੇ ਨੇ ਪੌਲੁਸ ਦੇ ਮਨ ਵਿੱਚ ਪਾਣੀ ਦਾ ਵਿਚਾਰ ਪਾਇਆ ਜਿਵੇਂ ਕਿ 1 ਕੁਰਿੰਥ 12:13 ਵਿੱਚ ਉਸ ਦੁਆਰਾ ਸ਼ਬਦ *ਪਿਲਾਇਆ* ਦੀ ਵਰਤੋਂ ਤੋਂ ਪਤਾ ਲੱਗਦਾ ਹੈ। ਇਹ ਅਜਿਹਾ ਵੀ ਦਰਸਾਉਂਦਾ ਹੈ ਕਿ ਆਤਮਾ **ਵਿੱਚ** ਬਪਤਿਸਮੇ ਦਾ ਪਾਣੀ **ਵਿੱਚ** ਬਪਤਿਸਮੇ ਵਰਗਾ ਹੀ ਸੰਬੰਧ ਹੈ। ਵਾਕਾਂਸ਼ "ਆਤਮਾ **ਵਿੱਚ** ਬਪਤਿਸਮਾ" ਦਾ ਅਨੁਵਾਦ ਕਰਨ ਲਈ ਸਭ ਤੋਂ ਮਜ਼ਬੂਤ ਦਲੀਲ ਇਹ ਹੈ ਕਿ ਆਤਮਾ ਦਾ ਬਪਤਿਸਮਾ "ਮਸੀਹ ਵਿੱਚ" ਏਕਤਾ ਪੈਦਾ ਕਰਦਾ ਹੈ। ਇਹ ਇੱਕ ਵਿਸ਼ਵਾਸੀ ਅਤੇ ਮਸੀਹ ਵਿਚਕਾਰ ਅਤੇ ਮਸੀਹ ਦੇ ਸਰੀਰ (ਕਲੀਸਿਯਾ) ਦੇ ਬਾਕੀ ਸਾਰੇ ਵਿਸ਼ਵਾਸੀਆਂ ਵਿਚਕਾਰ ਏਕਤਾ ਪੈਦਾ ਕਰਦਾ ਹੈ। 1 ਕੁਰਿੰਥ 12:12-13 ਦੀ ਦਲੀਲ ਸਪੱਸ਼ਟ ਹੈ ਕਿ ਪਵਿੱਤਰ ਆਤਮਾ ਵਿੱਚ ਬਪਤਿਸਮਾ ਮਸੀਹ ਵਿੱਚ ਏਕਤਾ ਪੈਦਾ ਕਰਦਾ ਹੈ: "...ਸਰੀਰ ਦੇ ਸਾਰੇ ਅੰਗ ਭਾਵੇਂ ਵੱਖ-ਵੱਖ ਹਨ ਤਾਂ ਵੀ ਸਰੀਰ ਇੱਕ ਹੈ। ਕਿਉਂਕਿ ਅਸੀਂ ਇੱਕ ਹੀ ਆਤਮਾ **ਦੁਆਰਾ** ਬਪਤਿਸਮੇ ਦੇ ਰਾਹੀਂ ਇੱਕ ਸਰੀਰ ਦੇ ਅੰਗ ਬਣਾਏ ਗਏ..."। ਗਲਾਤੀ 3:27 ਵੀ ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਮਸੀਹ ਵਿੱਚ ਏਕਤਾ ਨੂੰ ਪੈਦਾ ਕਰਦਾ ਹੈ: "ਤੁਹਾਡੇ ਵਿੱਚੋਂ ਜਿਹਨਾਂ ਨੇ ਮਸੀਹ **ਵਿੱਚ** ਬਪਤਿਸਮਾ ਲਿਆ ਹੈ..."।[14] ਇਹ ਸਿਧਾਂਤ ਕਿ ਪਵਿੱਤਰ ਆਤਮਾ ਵਿੱਚ ਬਪਤਿਸਮਾ ਏਕਤਾ ਪੈਦਾ ਕਰਦਾ ਹੈ, ਇਹ ਇੱਕ ਮੁੱਢਲਾ ਸੱਚ ਹੈ। ਅਤੇ ਦੂਜਾ ਤਰਕ ਇਹ ਹੈ ਏਕਤਾ ਦੇ ਗਠਨ ਦੇ ਬਾਰੇ ਅਨੁਵਾਦ "*ਨਾਲ*" ਜਾਂ "*ਦੁਆਰਾ*" ਦੇ ਮੁਕਾਬਲੇ ਵਿੱਚ ਅਨੁਵਾਦ "*ਵਿੱਚ*' ਬਿਹਤਰ ਸੰਦੇਸ਼ ਦਿੰਦਾ ਹੈ। ਇਹ ਉਸ ਆਮ ਵਾਕਾਂਸ਼ "ਮਸੀਹ ਵਿੱਚ" ਦੇ ਸਮਾਨ ਹੈ ਜਿੱਥੇ **ਇਹੀ** ਪੂਰਵ-ਸਰਗ ਵਰਤਿਆ ਗਿਆ ਹੈ, ਅਤੇ ਇਹ ਯੂਹੰਨਾ 14:20 ਵਿੱਚ "ਤੁਸੀਂ ਮੇਰੇ ਵਿੱਚ" ਦੇ ਸਮਾਨ ਵੀ ਹੈ ਜਿੱਥੇ **ਇਹੀ** ਪੂਰਵ-ਸਰਗ ਵਰਤਿਆ ਗਿਆ ਹੈ। ਇਸ ਵਾਕਾਂਸ਼ ਦਾ ਭਾਵੇਂ ਜਿਹੜਾ ਵੀ ਅਨੁਵਾਦ ਪਸੰਦ ਕੀਤਾ ਜਾਵੇ, ਪਰ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਪਰਿਭਾਸ਼ਾ 1 ਕੁਰਿੰਥ 12:12-13 ਤੋਂ ਸਪੱਸ਼ਟ ਹੋਣੀ ਚਾਹੀਦੀ ਹੈ। ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਸਭ ਤੋਂ ਪਹਿਲਾਂ ਇੱਕ ਸਥਿਤੀ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਮਸੀਹ ਇੱਕ ਵਿਸ਼ਵਾਸੀ ਨੂੰ "ਆਤਮਾ ਵਿੱਚ ਡੁੱਬੇ ਕੇ ਅਤੇ ਘੇਰ ਕੇ" ਰੱਖਦੇ ਹਨ। ਕਿਉਂਕਿ ਉਹ "ਮਸੀਹ ਦਾ ਆਤਮਾ" ਹੈ ਇਸ ਲਈ ਇਹ ਇੱਕ ਵਿਸ਼ਵਾਸੀ ਨੂੰ ਮਸੀਹ ਨਾਲ ਜਾਂ ਮਸੀਹ ਵਿੱਚ ਜੋੜਨਾ ਹੈ (ਤੁਸੀਂ ਮੇਰੇ ਵਿੱਚ, ਯੂਹੰਨਾ 14:20)। ਇਸ ਤੋਂ ਇਲਾਵਾ, ਕਿਉਂਕਿ ਸਾਰੇ ਵਿਸ਼ਵਾਸੀ ਮਸੀਹ ਦੇ ਆਤਮਾ ਵਿੱਚ ਰੱਖੇ ਗਏ ਹਨ, ਇਸ ਲਈ ਉਹ ਸਾਰੇ ਇੱਕ ਸਥਿਤੀ ਵਿੱਚ ਇੱਕਜੁੱਟ ਹਨ। ਉਹਨਾਂ ਵਿੱਚ ਮਸੀਹ ਦੀ ਏਕਤਾ ਹੈ। ਇਹ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ:

(1) ਪਵਿੱਤਰ ਆਤਮਾ ਵਿੱਚ ਬਪਤਿਸਮਾ ਮਸੀਹ ਵਿੱਚ ਏਕਤਾ ਬਣਾਉਂਦਾ ਹੈ ("ਤੁਸੀਂ ਮੇਰੇ ਵਿੱਚ", ਯੂਹੰਨਾ 14:20)




(2) ਮਸੀਹ ਵਿੱਚ ਏਕਤਾ ਇੱਕ ਵਿਸ਼ਵਾਸੀ ਨੂੰ ਦੂਜੇ ਵਿਸ਼ਵਾਸ਼ੀਆਂ ਨਾਲ ਵੀ ਜੋੜਦੀ ਹੈ।




**a. ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਪ੍ਰਾਪਤ ਕਰਨ ਵਾਲੇ (ਕੌਣ, ਕਦੋਂ, ਅਤੇ ਕਿਵੇਂ?)**

[14] ਜਿੱਥੇ ਇਹ ਜਾਣਨਾ ਮੁਸ਼ਕਲ ਹੋਵੇ ਕਿ ਲੇਖਕ ਦਾ ਉਦੇਸ਼ ਆਤਮਾ ਦਾ ਬਪਤਿਸਮਾ ਹੈ ਜਾਂ ਪਾਣੀ ਦਾ ਬਪਤਿਸਮਾ ਹੈ, ਉੱਥੇ "ਵਿੱਚ" ਸ਼ਬਦ ਬਪਤਿਸਮਾ ਦੇ ਮੂਲ ਵਚਨਾਂ ਦੇ ਨਾਲ ਜ਼ਿਆਦਾ ਅਨੁਕੂਲ ਹੁੰਦਾ ਹੈ। (ਰੋਮੀ 6:3; ਅਫ਼ਸੀ 4:5; ਕੁਲੁੱਸੀ 2:12; 1 ਪਤਰਸ 3:21)

### (1) ਉਹ ਜਿਹੜੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਦੇ ਹਨ

ਪਵਿੱਤਰ ਆਤਮਾ ਦੇ ਬਪਤਿਸਮੇ ਦੇ ਸੰਬੰਧ ਵਿੱਚ ਵਿਸ਼ਵਾਸੀਆਂ ਦੇ ਦੋ ਵਰਗ ਨਹੀਂ ਹੁੰਦੇ ਹਨ। ਇਹ ਸੱਚ ਨਹੀਂ ਹੈ ਕਿ ਕੁਝ ਵਿਸ਼ਵਾਸੀਆਂ ਨੇ ਤਾਂ ਪਵਿੱਤਰ ਆਤਮਾ ਵਿੱਚ ਬਪਤਿਸਮਾ ਲੈ ਲਿਆ ਹੈ, ਪਰ ਕੁਝ ਵਿਸ਼ਵਾਸੀਆਂ ਨੇ ਅਜੇ ਪਵਿੱਤਰ ਆਤਮਾ ਵਿੱਚ ਬਪਤਿਸਮਾ ਲੈਣਾ ਹੈ। 1 ਕੁਰਿੰਥ12:13a ਸਾਰੇ ਵਿਸ਼ਵਾਸੀਆਂ ਦੇ ਪਵਿੱਤਰ ਆਤਮਾ ਵਿੱਚ ਇੱਕ ਵਿਆਪਕ ਬਪਤਿਸਮੇ ਬਾਰੇ ਕੋਈ ਸ਼ੱਕ ਨਹੀਂ ਛੱਡਦਾ ਹੈ: "ਅਸੀਂ ਸਾਰੇ ਇੱਕ ਹੀ ਆਤਮਾ ਦੁਆਰਾ ਬਪਤਿਸਮੇ ਰਾਹੀਂ ਇੱਕ ਸਰੀਰ ਦੇ ਅੰਗ ਬਣਾਏ ਗਏ ਹਾਂ।"

ਬਾਈਬਲ ਅਨੁਸਾਰ ਇਹ ਅਸੰਭਵ ਹੈ ਕਿ ਇੱਕ ਵਿਸ਼ਵਾਸੀ ਦੀ ਅਜਿਹੀ ਸਥਿਤੀ ਹੋਵੇ ਕਿ ਉਸ ਨੇ ਅਜੇ ਤੱਕ ਪਵਿੱਤਰ ਆਤਮਾ ਵਿੱਚ ਬਪਤਿਸਮਾ ਨਹੀਂ ਲਿਆ ਹੈ। ਕਿਉਂਕਿ ਪਵਿੱਤਰ ਆਤਮਾ ਦਾ ਬਪਤਿਸਮਾ ਮਸੀਹ ਨਾਲ ਏਕਤਾ ਅਤੇ ਕਲੀਸਿਯਾ ਵਿੱਚ ਏਕਤਾ ਪੈਦਾ ਕਰਦਾ ਹੈ, ਤਾਂ "ਆਤਮਿਕ ਤੌਰ ਤੇ ਬਪਤਿਸਮਾ ਨਾ ਪਾਇਆ ਹੋਇਆ" ਵਿਸ਼ਵਾਸੀ ਇੱਕ ਅਜਿਹਾ ਵਿਸ਼ਵਾਸੀ ਹੋਵੇਗਾ ਜੋ ਮਸੀਹ ਵਿੱਚ ਨਹੀਂ ਹੈ ਅਤੇ ਜੋ ਮਸੀਹ ਦੇ ਸਰੀਰ (ਕਲੀਸਿਯਾ) ਦਾ ਹਿੱਸਾ ਨਹੀਂ ਹੈ।

ਦੂਜੀ ਦਿਸ਼ਾ ਵਿੱਚ ਤਰਕ ਕਰਨ ਦੇ ਨਾਲ ਇਹ ਦੇਖਣਾ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਉਹ ਸਾਰੇ (ਵਿਸ਼ਵਾਸੀ) ਜੋ ਮਸੀਹ ਵਿੱਚ ਹਨ ਅਤੇ ਕਲੀਸਿਯਾ ਦਾ ਹਿੱਸਾ ਹਨ ਉਹਨਾਂ ਨੇ ਪਵਿੱਤਰ ਆਤਮਾ ਵਿੱਚ ਬਪਤਿਸਮਾ ਲਿਆ ਹੋਇਆ ਹੋਵੇਗਾ (ਕਿਉਂਕਿ ਪਵਿੱਤਰ ਆਤਮਾ ਵਿੱਚ ਬਪਤਿਸਮਾ ਹੀ ਮਸੀਹ ਵਿੱਚ ਸਥਿਤੀ ਅਤੇ ਕਲੀਸਿਯਾ ਵਿੱਚ ਏਕਤਾ ਨੂੰ ਪੈਦਾ ਕਰਦਾ ਹੈ।)।[15] ਅਜਿਹਾ ਕੋਈ ਵਿਸ਼ਵਾਸੀ ਨਹੀਂ ਹੈ ਜੋ ਮਸੀਹ ਵਿੱਚ ਨਾ ਹੋਵੇ, ਜਾਂ ਅਜਿਹਾ ਕੋਈ ਵਿਸ਼ਵਾਸੀ ਨਹੀਂ ਹੈ ਜੋ ਕਲੀਸਿਯਾ ਵਿੱਚ ਨਾ ਹੋਵੇ। ਇਸ ਲਈ ਅਜਿਹਾ ਕੋਈ ਵਿਸ਼ਵਾਸੀ ਨਹੀਂ ਹੈ ਜਿਸ ਦਾ ਪਵਿੱਤਰ ਆਤਮਾ ਵਿੱਚ ਬਪਤਿਸਮਾ ਨਾ ਹੋਇਆ ਹੋਵੇ।

### (2) ਆਤਮਾ ਦੇ ਬਪਤਿਸਮੇ ਦਾ ਸਮਾਂ

ਕਈ ਵਿਚਾਰ ਇਸ ਅਟੱਲ ਸਿੱਟੇ ਵੱਲ ਇਸ਼ਾਰਾ ਕਰਦੇ ਹਨ ਕਿ ਮੁਕਤੀ ਦੇ ਸਮੇਂ ਹਰੇਕ ਵਿਸ਼ਵਾਸੀ ਪਵਿੱਤਰ ਆਤਮਾ ਵਿੱਚ ਬਪਤਿਸਮਾ ਪ੍ਰਾਪਤ ਕਰਦਾ ਹੈ।

ਪਹਿਲੀ ਗੱਲ, ਇਹ ਤੱਥ ਕਿ **ਸਾਰੇ** ਵਿਸ਼ਵਾਸੀ ਪਵਿੱਤਰ ਆਤਮਾ ਦਾ ਬਪਤਿਸਮਾ ਲੈ ਚੁੱਕੇ ਹਨ (1 ਕੁਰਿੰਥ 12:13) ਦਾ ਅਰਥ ਹੈ ਕਿ ਬਪਤਿਸਮੇ ਨੂੰ ਇੱਕ ਆਮ ਅਨੁਭਵ ਤੋਂ ਦੇਖਿਆ ਜਾਵੇ ਜੋ ਕਿ ਯਿਸੂ ਮਸੀਹ ਵਿੱਚ ਵਿਸ਼ਵਾਸ ਹੈ। ਕਿਉਂਕਿ ਸਾਰੇ ਵਿਸ਼ਵਾਸੀਆਂ ਨੇ ਆਤਮਾ ਵਿੱਚ ਬਪਤਿਸਮਾ ਲਿਆ ਹੈ, ਤਾਂ ਇਸ ਦਾ ਅਰਥ ਇਹ ਹੈ ਕਿ ਭਾਵੇਂ ਕਿਸੇ ਨੇ ਪੰਜ ਮਿੰਟ ਪਹਿਲਾਂ ਜਾਂ ਪੰਜ ਸੈਕੰਡ ਪਹਿਲਾਂ ਹੀ ਮੁਕਤੀ ਪਾਈ ਹੈ, ਉਹ "ਪਵਿੱਤਰ ਆਤਮਾ ਵਿੱਚ ਬਪਤਿਸਮਾ" ਲੈ ਚੁੱਕਿਆ ਹੈ। ਪਵਿੱਤਰ ਆਤਮਾ ਦੇ ਬਪਤਿਸਮੇ ਦਾ ਵਿਸ਼ਵ-ਵਿਆਪੀ ਸੁਭਾਅ ਸਾਡੇ ਅੱਗੇ ਸਿਰਫ਼ ਇੱਕ ਹੀ ਵਿਕਲਪ ਛੱਡਦਾ ਹੈ: ਮੁਕਤੀ ਦੇ ਸਮੇਂ ਹੀ ਪਵਿੱਤਰ ਆਤਮਾ ਦਾ ਬਪਤਿਸਮਾ ਹੋ ਜਾਂਦਾ ਹੈ।

ਦੂਜੀ ਗੱਲ, ਪਵਿੱਤਰ ਆਤਮਾ ਦਾ ਬਪਤਿਸਮਾ ਉਸ ਸਮੇਂ ਹੋਣਾ ਚਾਹੀਦਾ ਹੈ ਜਦੋਂ ਇੱਕ ਵਿਸ਼ਵਾਸੀ ਮਸੀਹ ਨਾਲ ਅਤੇ ਮਸੀਹ ਦੇ ਸਰੀਰ (ਕਲੀਸਿਯਾ) ਨਾਲ ਇੱਕ ਹੋ ਜਾਂਦਾ ਹੈ। ਇਹ ਸਵਾਲ ਕਿ "ਆਤਮਾ ਦਾ ਬਪਤਿਸਮਾ ਕਦੋਂ ਹੁੰਦਾ ਹੈ?" ਉਹੀ ਸਵਾਲ ਹੈ ਕਿ "ਇੱਕ ਵਿਸ਼ਵਾਸੀ ਮਸੀਹ ਨਾਲ ਕਦੋਂ ਇੱਕ ਹੋ ਜਾਂਦਾ ਹੈ?" ਆਤਮਾ ਦਾ ਬਪਤਿਸਮਾ ਮਸੀਹ ਨਾਲ ਇੱਕ ਹੋਣ ਦੇ ਸਮੇਂ ਹੁੰਦਾ ਹੈ, ਜੋ ਵਿਸ਼ਵਾਸ ਕਰਨ ਦਾ ਸਮਾਂ ਹੁੰਦਾ ਹੈ। ਮੁਕਤੀ ਸ਼ੁਰੂ ਤੋਂ ਹੀ ਮਸੀਹ ਵਿੱਚ ਸਥਿਤੀ ਹੋਣਾ ਹੈ (2 ਕੁਰਿੰਥ 5:21; ਅਫ਼ਸੀ 2:4ff; ਗਲਾਤੀ 3:26-28)। ਪਰਮੇਸ਼ਰ ਇੱਕ ਵਿਸ਼ਵਾਸੀ ਨੂੰ ਮਸੀਹ ਵਿੱਚ ਹੋਣ ਦੇ ਰੂਪ ਵਿੱਚ ਦੇਖਦੇ ਹਨ ਅਤੇ ਮਸੀਹ ਦੀ ਧਾਰਮਿਕਤਾ ਵਿੱਚ ਹਿੱਸਾ ਲੈਣ ਦੇ ਕਾਰਨ ਉਸ ਨੂੰ ਧਰਮੀ ਠਹਿਰਾਉਂਦੇ ਹਨ। ਕਿਉਂਕਿ ਇੱਕ ਵਿਸ਼ਵਾਸੀ ਮੁਕਤੀ ਦੇ ਸਮੇਂ ਤੋਂ ਹੀ ਮਸੀਹ ਦੀ ਮੌਤ ਅਤੇ ਜੀਅ ਉੱਠਣ ਦੇ ਗੁਣਾਂ ਵਿੱਚ ਹਿੱਸਾ ਲੈਂਦਾ ਹੈ, ਇਸ ਲਈ ਇਹ ਸੱਚ ਹੋਣਾ ਚਾਹੀਦਾ ਹੈ ਕਿ ਆਤਮਾ ਦਾ ਉਹ ਬਪਤਿਸਮਾ ਮੁਕਤੀ ਦੇ ਸਮੇਂ ਹੀ ਹੁੰਦਾ ਹੈ ਜੋ ਮਸੀਹ ਦੇ ਜੀਵਨ ਨੂੰ ਹਿੱਸੇ ਨੂੰ ਪੈਦਾ ਕਰਦਾ ਹੈ।

### (3) ਆਤਮਾ ਦੇ ਬਪਤਿਸਮੇ ਨੂੰ ਲੈਣ ਦੇ ਸਾਧਨ

ਪੂਰੇ ਨਵੇਂ ਨੇਮ ਵਿੱਚ ਪਵਿੱਤਰ ਆਤਮਾ ਦੇ ਸਾਰੇ ਹਵਾਲਿਆਂ ਦਾ ਇੱਕ ਸੰਪੂਰਨ ਅਧਿਐਨ ਇਹ ਪ੍ਰਗਟ ਕਰੇਗਾ ਕਿ **ਆਤਮਾ ਦਾ ਬਪਤਿਸਮਾ ਪ੍ਰਾਪਤ ਕਰਨ ਦਾ ਕੋਈ ਹੁਕਮ ਨਹੀਂ ਹੈ।** ਸਾਨੂੰ ਨਾ ਤਾਂ ਆਤਮਾ ਦਾ ਬਪਤਿਸਮਾ ਪਾਉਣ ਲਈ ਪ੍ਰਾਰਥਨਾ ਕਰਨ ਅਤੇ ਨਾ ਹੀ ਇਸ ਲਈ ਸੰਘਰਸ਼ ਕਰਨ ਲਈ ਨਹੀਂ ਕਿਹਾ ਗਿਆ ਹੈ। ਸਾਨੂੰ ਕਦੇ ਵੀ ਇਸ ਲਈ ਕੋਸ਼ਿਸ਼ ਕਰਨ ਜਾਂ ਅਜਿਹੇ ਕਿਸੇ ਪੱਧਰ ਨੂੰ ਪ੍ਰਾਪਤ ਕਰਨ ਦਾ ਹੁਕਮ ਨਹੀਂ ਦਿੱਤਾ ਗਿਆ ਹੈ ਜਿਸ ਵਿੱਚ ਇਹ "ਬਪਤਿਸਮਾ" ਲਿਆ ਜਾਂਦਾ ਹੈ।

ਆਤਮਾ ਵਿੱਚ ਬਪਤਿਸਮਾ ਪਰਮੇਸ਼ਰ ਦੇ ਪ੍ਰਭੂਸੱਤਾ ਵਾਲੇ ਕੰਮ ਦੇ

[15] ਸਾਰੇ ਵਿਸ਼ਵਾਸੀ "ਮਸੀਹ ਵਿੱਚ" ਹਨ (2 ਕੁਰਿੰਥ 5:21; ਅਫ਼ਸੀ 1:6-7, 2:4ff.; ਕੁਲੁੱਸੀ 1:10)। ਇਸ ਲਈ **ਸਾਰੇ** ਆਤਮਿਕ ਕਾਰਵਾਈ ਵਿੱਚੋਂ ਗਏ ਹੋਣਗੇ ਜੋ ਇਹ ਏਕਤਾ ਨੂੰ ਪੈਦਾ ਕਰਦੀ ਹੈ ਅਤੇ ਇਹ ਕਾਰਵਾਈ ਆਤਮਾ ਦਾ ਬਪਤਿਸਮਾ ਹੈ। ਸਾਰੇ ਵਿਸ਼ਵਾਸੀ ਵਿਸ਼ਵ-ਵਿਆਪਕ ਕਲੀਸਿਯਾ ਦਾ ਹਿੱਸਾ ਹਨ ਜੋ ਮਸੀਹ ਦਾ ਸਰੀਰ ਹੈ (ਰੋਮੀ 12:5; 1 ਕੁਰਿੰਥ 12:13)। ਇਸ ਲਈ ਸਾਰੇ ਆਤਮਿਕ ਕਾਰਵਾਈ ਵਿੱਚੋਂ ਗਏ ਹੋਣਗੇ ਜੋ ਮਸੀਹ ਦੇ ਸਰੀਰ ਦੀ ਸਿਰਜਣਾ ਹੈ ਅਤੇ ਇਹ ਕਾਰਵਾਈ ਆਤਮਾ ਦਾ ਬਪਤਿਸਮਾ ਹੈ।

ਰੂਪ ਵਿੱਚ ਪੇਸ਼ ਕੀਤਾ ਗਿਆ ਹੈ, ਜੋ ਉਹ ਆਪ ਹੀ ਕਰਦੇ ਹਨ। 1 ਕੁਰਿੰਥ 12:13 ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਅਤੀਤ ਦੇ ਇੱਕ ਕੰਮ ਵਜੋਂ ਦੱਸਦਾ ਹੈ, ਜੋ **ਸਾਰੇ** ਵਿਸ਼ਵਾਸੀਆਂ ਦੇ ਜੀਵਨ ਵਿੱਚ ਪਹਿਲਾਂ ਹੀ ਹੋਇਆ ਹੈ। ਆਤਮਾ ਦੇ ਬਪਤਿਸਮੇ ਦਾ ਸੰਬੰਧ ਉਸ ਕੰਮ ਨਾਲ ਹੈ ਜੋ ਮਸੀਹ ਵਿਸ਼ਵਾਸੀ ਦੀ ਆਪਣੇ ਨਾਲ ਏਕਤਾ ਬਣਾਉਣ ਲਈ ਕਰਦੇ ਹਨ। ਇਸ ਵਿੱਚ ਅਜਿਹਾ ਕੁਝ ਵੀ ਸ਼ਾਮਲ ਨਹੀਂ ਹੈ ਜੋ ਅਸੀਂ ਕਰਦੇ ਹਾਂ।

### (4) ਆਤਮਾ ਦੇ ਬਪਤਿਸਮੇ ਦੀ ਮਿਆਦ

ਯੂਹੰਨਾ 14:16-17 ਇਹ ਸਿਖਾਉਂਦਾ ਹੈ ਕਿ ਆਤਮਾ ਦਾ ਵਾਸ ਹਮੇਸ਼ਾ ਲਈ ਹੈ। ਅਫ਼ਸੀ 4:30 ਸਿਖਾਉਂਦਾ ਹੈ ਕਿ ਆਤਮਾ ਦੀ ਮੋਹਰ ਸਦਾ ਲਈ ਹੈ। ਇਸ ਤਰ੍ਹਾਂ, ਇੱਕ ਵਿਸ਼ਵਾਸੀ ਵਿੱਚ ਪਵਿੱਤਰ ਆਤਮਾ ਦਾ ਕੰਮ ਕਦੇ ਖ਼ਤਮ ਨਹੀਂ ਹੁੰਦਾ ਹੈ। ਇਸ ਲਈ, ਅਸੀਂ ਸੁਰੱਖਿਅਤ ਢੰਗ ਨਾਲ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਆਤਮਾ ਵਿੱਚ ਬਪਤਿਸਮਾ ਹਮੇਸ਼ਾ ਲਈ ਹੈ।

ਸਦੀਪਕ ਸੁਰੱਖਿਆ ਦਾ ਸਿਧਾਂਤ ਪਵਿੱਤਰ ਆਤਮਾ ਦੇ ਬਪਤਿਸਮੇ ਦੀ ਸਦੀਵਤਾ ਨਾਲ ਸੰਬੰਧਿਤ ਹੈ। ਜੇਕਰ ਪਵਿੱਤਰ ਆਤਮਾ ਦਾ ਬਪਤਿਸਮਾ ਬੰਦ ਹੋ ਜਾਂਦਾ ਹੈ, ਤਾਂ ਇੱਕ ਵਿਸ਼ਵਾਸੀ ਦੀ ਮਸੀਹ ਨਾਲ ਏਕਤਾ ਅਤੇ ਕਲੀਸਿਯਾ ਵਿੱਚ ਉਸ ਦਾ ਸ਼ਾਮਲ ਹੋਣਾ ਵੀ ਬੰਦ ਹੋ ਜਾਂਦੇ ਹਨ। ਦੂਜੇ ਪਾਸੇ, ਜੇਕਰ ਇੱਕ ਵਿਸ਼ਵਾਸੀ ਮਸੀਹ ਵਿੱਚ ਆਪਣੀ ਸਥਿਤੀ ਵਿੱਚ ਹਮੇਸ਼ਾ ਲਈ ਸੁਰੱਖਿਅਤ ਹੈ, ਤਾਂ ਉਸ ਏਕਤਾ ਨੂੰ ਬਣਾਉਣ ਵਾਲਾ ਆਤਮਾ ਵਿੱਚ ਬਪਤਿਸਮਾ ਵੀ ਹਮੇਸ਼ਾ ਲਈ ਹੋਣਾ ਚਾਹੀਦਾ ਹੈ।

### (5) ਸਿੱਟਾ

ਜਦੋਂ ਵਚਨ **ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਦੀ ਮੌਜੂਦਗੀ** ਉੱਤੇ ਜ਼ੋਰ ਦੇਣਾ ਚਾਹੁੰਦੇ ਹਨ, ਤਾਂ ਉਹ **ਅੰਦਰ ਵਾਸ ਕਰਨ** ਦੇ ਵਿਚਾਰ ਦੀ ਵਰਤੋਂ ਕਰਦੇ ਹਨ। ਜਦੋਂ ਵਚਨ **ਇੱਕ ਵਿਸ਼ਵਾਸੀ ਜਾਂ ਸਾਰੇ ਵਿਸ਼ਵਾਸ਼ੀਆਂ ਦੀ ਪਵਿੱਤਰ ਆਤਮਾ ਵਿੱਚ ਮੌਜੂਦਗੀ** ਉੱਤੇ ਜ਼ੋਰ ਦੇਣਾ ਚਾਹੁੰਦੇ ਹਨ, ਤਾਂ ਉਹ **ਬਪਤਿਸਮਾ ਲੈਣ** ਦੇ ਵਿਚਾਰ ਦੀ ਵਰਤੋਂ ਕਰਦੇ ਹਨ।

ਪਵਿੱਤਰ ਆਤਮਾ ਵਿੱਚ ਬਪਤਿਸਮਾ ਲੈਣ ਦੇ ਸਿਧਾਂਤ ਦਾ ਸਾਰ ਚਾਰ ਸ਼ਬਦਾਂ ਵਿੱਚ ਦਿੱਤਾ ਜਾ ਸਕਦਾ ਹੈ ਜੋ "ਮਸੀਹ ਵਿੱਚ ਇੱਕ ਹੋਣਾ" ਹੈ। ਮੁਕਤੀ ਦੇ ਸਮੇਂ ਇੱਕ ਵਿਸ਼ਵਾਸੀ ਨੂੰ ਮਸੀਹ ਦੇ ਆਤਮਾ ਵਿੱਚ ਰੱਖਿਆ ਜਾਂਦਾ ਹੈ। ਇਸ ਨਾਲ ਉਹ ਮਸੀਹ ਦੇ ਨਾਲ ਅਤੇ ਹੋਰ ਵਿਸ਼ਵਾਸੀਆਂ ਨਾਲ ਜੁੜਦਾ ਹੈ। ਜੇਕਰ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਇੱਕ ਸਥਿਤੀ ਦੇ ਰੂਪ ਵਿੱਚ ਸਮਝਿਆ ਜਾਂਦਾ ਹੈ, ਤਾਂ ਬਹੁਤ ਜ਼ਿਆਦਾ ਉਲਝਣ ਤੋਂ ਬਚਿਆ ਜਾ ਸਕਦਾ ਹੈ।

### 4. ਮੋਹਰ

ਪਵਿੱਤਰ ਆਤਮਾ ਆਉਣ ਵਾਲੀਆਂ ਵੱਡੀਆਂ ਬਰਕਤਾਂ ਦੀ ਗਾਰੰਟੀ ਜਾਂ ਬਿਆਨਾ ਹੈ (2 ਕੁਰਿੰਥ 1:22; 5:5; ਅਫ਼ਸੀ 1:13-14)। ਉਸ ਦਾ ਕੰਮ ਮੁਕਤੀ ਦੇ ਦਿਨ ਤੱਕ ਇੱਕ ਵਿਸ਼ਵਾਸੀ ਉੱਤੇ "ਮੋਹਰ" ਲਗਾਉਣਾ ਹੈ। ਪੁਰਾਣੇ ਜ਼ਮਾਨੇ ਵਿੱਚ, ਮੋਹਰ ਅਧਿਕਾਰ, ਪ੍ਰਵਾਨਗੀ, ਅਤੇ ਸੁਰੱਖਿਆ ਦਾ ਪ੍ਰਤੀਕ ਸੀ। ਪਵਿੱਤਰ ਆਤਮਾ ਦੀ ਮੋਹਰ (2 ਕੁਰਿੰਥ 1:22 ਅਫ਼ਸੀ 1:13-14; 4:30) ਇੱਕ ਵਿਸ਼ਵਾਸੀ ਦੀ ਸਦੀਪਕ ਸੁਰੱਖਿਆ ਨੂੰ ਨਿਸ਼ਚਿਤ ਬਣਾਉਂਦੀ ਹੈ। ਇਸ ਦੀ ਚਰਚਾ ਅਧਿਆਇ 9 ਵਿੱਚ ਚੰਗੀ ਤਰ੍ਹਾਂ ਕੀਤੀ ਗਈ ਹੈ।

> ਜਿਹਨਾਂ ਨੇ ਸਾਡੇ ਉੱਤੇ ਆਪਣੀ **ਮੋਹਰ** ਲਾਈ ਹੈ ਅਤੇ ਆਉਣ ਵਾਲੇ ਵਾਅਦੇ ਲਈ ਸਾਡੇ ਦਿਲਾਂ ਵਿੱਚ ਬਿਆਨੇ ਦੇ ਤੌਰ ਤੇ ਪਵਿੱਤਰ ਆਤਮਾ ਦਿੱਤਾ ਹੈ। [2ਕੁਰਿੰਥ 1:22]
>
> ਫਿਰ ਤੁਸੀਂ **ਮਸੀਹ ਵਿੱਚ ਵਿਸ਼ਵਾਸ ਕੀਤਾ** ਅਤੇ ਪਰਮੇਸ਼ਰ ਨੇ ਆਪਣੇ ਵਾਅਦੇ ਦੇ ਅਨੁਸਾਰ ਤੁਹਾਨੂੰ ਪਵਿੱਤਰ ਆਤਮਾ ਦੇ ਕੇ ਤੁਹਾਡੇ ਉੱਤੇ ਆਪਣੀ ਮਲਕੀਅਤ ਦੀ **ਮੋਹਰ ਲਾਈ...** [ਅਫ਼ਸੀ 1:13-14]
>
> ਪਰਮੇਸ਼ਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਸ ਦੇ ਨਾਲ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਦੀ **ਮੋਹਰ** ਲਾਈ ਗਈ ਹੈ। [ਅਫ਼ਸੀ 4:30]

### 5. ਭਰਪੂਰ ਹੋਣਾ

ਪਵਿੱਤਰ ਆਤਮਾ ਦਾ ਇੱਕੋ-ਇੱਕ ਅਜਿਹਾ ਮੁੱਖ ਕੰਮ ਹੈ ਜਿਸ ਵਿੱਚ ਵਾਰ-ਵਾਰ ਦੀ ਪ੍ਰਕਿਰਿਆ ਸ਼ਾਮਲ ਹੁੰਦੀ ਹੈ, ਉਹ ਵਿਸ਼ਵਾਸੀਆਂ ਨੂੰ ਭਰਪੂਰ ਕਰਨਾ ਹੈ। ਉਸ ਦੇ ਹੋਰ ਕੰਮਾਂ ਵਿੱਚ ਆਮ ਤੌਰ ਤੇ ਇੱਕ ਵਾਰ ਦੀ ਘਟਨਾ ਸ਼ਾਮਲ ਹੁੰਦੀ ਹੈ ਜੋ ਦੁਹਰਾਈ ਨਹੀਂ ਜਾਂਦੀ ਹੈ। ਅਤੇ, ਇਹੀ ਇੱਕੋ-ਇੱਕ ਅਜਿਹਾ ਕੰਮ ਹੈ ਜਿਸ ਵਿੱਚ ਮਨੁੱਖੀ ਸਹਿਯੋਗ ਲਈ ਹੁਕਮ ਦਿੱਤਾ ਗਿਆ ਹੈ। ਅਫ਼ਸੀ 5:18 ਵਿੱਚ "ਪਵਿੱਤਰ ਆਤਮਾ ਨਾਲ ਭਰਪੂਰ ਹੋਣਾ" ਦਾ ਹੁਕਮ ਕਰਮਵਾਚ ਹੈ। ਪਵਿੱਤਰ ਆਤਮਾ ਇਹ ਕੰਮ ਕਰਦਾ ਹੈ, ਪਰ ਇੱਕ ਮਸੀਹੀ ਨੂੰ ਇਸ ਪ੍ਰਕਿਰਿਆ ਵਿੱਚ ਸਹਿਯੋਗ ਦੇਣਾ ਹੁੰਦਾ ਹੈ।

ਕਿਉਂਕਿ ਆਤਮਾ ਨਾਲ ਭਰਪੂਰ ਹੋਣ ਨਾਲ ਜੁੜੇ ਕੁਝ ਮੁੱਦੇ ਸਰਲ ਅਤੇ ਸਪੱਸ਼ਟ ਹੁੰਦੇ ਹਨ ਅਤੇ ਕੁਝ ਗੁੰਝਲਦਾਰ ਹੁੰਦੇ ਹਨ, ਇਸ ਲਈ ਇਸ ਅਧਿਐਨ ਨੂੰ ਉਹਨਾਂ ਸੱਚਾਈਆਂ ਵਿਚਕਾਰ ਵੰਡਿਆਂ ਜਾਵੇਗਾ ਜੋ ਨਿਸ਼ਚਿਤ ਹਨ ਅਤੇ ਅਜਿਹੇ ਅੰਦਾਜ਼ੇ ਜੋ ਅਸਪੱਸ਼ਟ ਹਨ।

### a. ਮਜ਼ਬੂਤ ਸਿੱਟੇ

### (1) ਭਰਪੂਰ ਹੋਣਾ ਨਿਯੰਤਰਨ ਅਤੇ ਪ੍ਰਭਾਵਿਤ ਕਰਨ ਦੇ ਬਰਾਬਰ ਹੈ

ਅਸੀਂ ਸੁਰੱਖਿਅਤ ਰੂਪ ਵਿੱਚ ਇਹ ਸਿੱਟਾ ਕੱਢ ਸਕਦੇ ਹਾਂ ਕਿ ਆਤਮਾ ਵਿੱਚ, ਨਾਲ, ਜਾਂ ਦੁਆਰਾ ਭਰਪੂਰ ਹੋਣ ਦੇ ਪਿੱਛੇ ਦਾ ਵਿਚਾਰ ਪਵਿੱਤਰ ਆਤਮਾ ਦੇ ਨਿਯੰਤਰਨ ਜਾਂ ਪ੍ਰਭਾਵ ਵਿੱਚ ਹੋਣਾ ਹੈ। ਪਵਿੱਤਰ ਆਤਮਾ ਦੇ ਨਿਯੰਤਰਨ ਵਿੱਚ ਹੋਣਾ ਪਵਿੱਤਰ ਆਤਮਾ ਦੁਆਰਾ ਭਰਪੂਰ ਹੋਣ ਦੇ ਬਰਾਬਰ ਹੈ। ਅਜਿਹਾ ਨਿਯੰਤਰਨ ਇੱਕ ਸੰਕਟ ਨਾਲ ਭਰੇ ਅਨੁਭਵ ਵਿੱਚ ਵੀ ਹੋ ਸਕਦਾ ਹੈ, ਪਰ ਭਰਪੂਰ ਹੋਣਾ ਇੱਕ ਸੰਕਟ ਵਾਲੇ ਸਮੇਂ ਦੇ ਅਨੁਭਵ ਤੋਂ ਵੱਧ ਕੇ ਇੱਕ ਨਿਰੰਤਰ ਚੱਲਦੇ ਰਹਿਣ ਵਾਲੀ ਪ੍ਰਕਿਰਿਆ ਹੁੰਦੀ ਹੈ ਜਿਸ ਵਿੱਚ ਇੱਕ ਵਿਸ਼ਵਾਸੀ ਪਵਿੱਤਰ ਆਤਮਾ ਦੇ ਨਿਯੰਤਰਨ ਵਿੱਚ ਰਹਿੰਦਾ ਹੈ। ਬਾਈਬਲ ਅਕਸਰ ਹੀ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦੀ ਤੁਲਨਾ ਮੈਅ ਨਾਲ ਭਰਪੂਰ ਹੋਣ ਨਾਲ ਕਰਦੀ ਹੈ (ਲੂਕਾ 1:15;ਰਸੂਲਾਂ 2:4, 15; ਅਫ਼ਸੀ 5:18)। ਜਿਹੜੇ ਲੋਕ ਮੈਅ ਨਾਲ ਭਰਪੂਰ ਹੁੰਦੇ ਹਨ, ਉਹ ਉਹਨਾਂ ਨੂੰ ਨਿਯੰਤਰਿਤ ਕਰਦੀ ਅਤੇ ਪ੍ਰਭਾਵਿਤ ਕਰਦੀ ਹੈ। ਮੈਅ ਦੇ ਨਿਯੰਤਰਨ ਅਤੇ ਪ੍ਰਭਾਵ ਵਿੱਚ ਹੋਣ ਦੀ ਬਜਾਏ, ਮਸੀਹੀ ਲੋਕਾਂ ਨੂੰ ਪਵਿੱਤਰ ਆਤਮਾ ਨੂੰ ਉਹਨਾਂ ਦੇ ਜੀਵਨਾਂ ਨੂੰ ਨਿਯੰਤਰਨ ਕਰਨ ਅਤੇ ਪ੍ਰਭਾਵਿਤ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ (ਅਫ਼ਸੀ 5:18)।

ਬਾਈਬਲ "ਭਰਨ" ਸ਼ਬਦ ਦੀ ਵਰਤੋਂ ਵੱਖ-ਵੱਖ ਰਵੱਈਏ ਅਤੇ ਵਿਵਹਾਰਾਂ ਦੇ ਸੰਬੰਧ ਵਿੱਚ ਕਰਦੀ ਹੈ (ਗੁੱਸੇ ਨਾਲ ਭਰ ਗਏ, ਲੂਕਾ 4:28; **ਡਰ** ਨਾਲ ਭਰ ਗਏ, ਲੂਕਾ 5:26; ਗੁੱਸੇ ਨਾਲ ਭਰ ਗਏ, ਲੂਕਾ 6:11; **ਹੈਰਾਨੀ** ਨਾਲ ਭਰ ਗਏ, ਰਸੂਲਾਂ 3:10; **ਈਰਖਾ** ਨਾਲ ਭਰ ਗਏ, ਰਸੂਲਾਂ 5:17, 13:45; **ਉਲਝਣ** ਨਾਲ ਭਰ ਗਏ, ਰਸੂਲਾਂ 19:29; **ਅਨੰਦ** ਅਤੇ **ਸ਼ਾਂਤੀ** ਨਾਲ ਭਰਪੂਰ, ਰੋਮੀ 15:13; **ਗਿਆਨ** ਨਾਲ ਭਰਪੂਰ, ਰੋਮੀ 15:14; **ਧੀਰਜ** ਨਾਲ ਭਰਨਾ, 2 ਕੁਰਿੰਥ 7:4; **ਧਾਰਮਿਕਤਾ ਦੇ ਫਲ** ਨਾਲ ਭਰ ਕੇ, ਫ਼ਿਲਿੱਪੀ 1:11)। ਇਹਨਾਂ ਵਿੱਚੋਂ ਜ਼ਿਆਦਾਤਰ ਵਾਕਾਂਸ਼ ਨਿਯੰਤਰਨ ਜਾਂ ਪ੍ਰਭਾਵ ਦੇ ਹੀ ਵਿਚਾਰ ਨੂੰ ਦਰਸਾਉਂਦੇ ਹਨ। ਗੁੱਸੇ ਜਾਂ ਈਰਖਾ ਨਾਲ ਭਰੇ ਹੋਣ ਦਾ ਅਰਥ ਹੈ ਕਿ ਗੁੱਸਾ ਅਤੇ ਈਰਖਾ ਵਿਵਹਾਰ ਨੂੰ ਪ੍ਰਭਾਵਿਤ ਕਰਦੇ ਹਨ। ਇੱਕ ਉਲਝਣ ਨਾਲ ਭਰਿਆ ਹੋਇਆ ਸ਼ਹਿਰ ਅਜਿਹਾ ਸ਼ਹਿਰ ਹੈ ਜਿਸ ਦਾ ਵਿਵਹਾਰ ਉਲਝਣ ਦੇ ਨਿਯੰਤਰਨ ਵਿੱਚ ਹੈ।

ਆਤਮਾ ਦੇ ਨਾਲ ਜਾਂ ਦੁਆਰਾ ਭਰਪੂਰ ਹੋਣ ਵਿੱਚ ਆਤਮਾ ਦਾ ਨਿਯੰਤਰਨ ਹੋਣਾ ਜ਼ਰੂਰੀ ਹੈ। ਅਗਲਾ ਭਾਗ ਪਵਿੱਤਰ ਆਤਮਾ ਦੇ ਉਸ ਤਰੀਕੇ ਉੱਤੇ ਚਰਚਾ ਕਰਦਾ ਹੈ ਜਿਸ ਨਾਲ ਉਹ ਵਿਸ਼ਵਾਸੀਆਂ ਨੂੰ ਨਿਯੰਤਰਨ ਕਰਦਾ ਹੈ।

### (2) ਪਵਿੱਤਰ ਆਤਮਾ ਆਪਣੇ ਵਚਨਾਂ ਨਾਲ ਨਿਯੰਤਰਨ ਕਰਦਾ ਹੈ।

ਇੱਕੋ ਸਮੇਂ ਲਿਖੀਆਂ ਗਈਆਂ ਪੱਤਰੀਆਂ ਵਿੱਚ ਅਕਸਰ ਕਈ ਸਮਾਨਤਾਵਾਂ ਹੁੰਦੀਆਂ ਹਨ। ਇਹ ਅਫ਼ਸੀਆਂ ਅਤੇ ਕੁਲੁੱਸੀਆਂ ਦੀਆਂ ਪੱਤਰੀਆਂ ਦੇ ਮਾਮਲੇ ਵਿੱਚ ਸਹੀ ਹੈ। ਪੌਲੁਸ ਨੇ ਦੋਵੇਂ ਪੁਸਤਕਾਂ ਰੋਮੀ ਜੇਲ੍ਹ ਵਿੱਚੋਂ ਲਿਖੀਆਂ ਸਨ। ਇਹਨਾਂ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ।

ਅਫ਼ਸੀ 5:18ff. ਅਫ਼ਸੀਆਂ ਦੇ ਲੋਕਾਂ ਨੂੰ ਇਹ ਹੁਕਮ ਦਿੰਦਾ ਹੈ ਕਿ ਉਹ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਜਿਸ ਦੇ ਨਤੀਜੇ ਵਜੋਂ ਉਹ "ਇੱਕ ਦੂਜੇ ਦੇ ਨਾਲ ਭਜਨਾਂ, ਗੀਤਾਂ, ਅਤੇ ਭਗਤੀ ਸੰਗੀਤ ਦੇ ਰਾਹੀਂ ਆਪਣੇ ਦਿਲਾਂ ਵਿੱਚ ਪ੍ਰਭੂ ਦੇ ਲਈ ਭਜਨ ਗਾਉਣਗੇ ਅਤੇ ਉਸਤਤ ਕਰਨਗੇ।" ਫਿਰ ਪੌਲੁਸ ਅਧਿਕਾਰ ਅਤੇ ਅਧੀਨਗੀ ਦੇ ਵਿਸ਼ੇ ਉੱਤੇ ਚਰਚਾ ਕਰਦਾ ਹੈ। ਕੁਲੁੱਸੀ 3:16ff ਵਿੱਚ ਪੌਲੁਸ ਇਹ ਹੁਕਮ ਦਿੰਦਾ ਹੈ: "ਆਪਣੇ ਮਨਾਂ ਵਿੱਚ ਮਸੀਹ ਦੇ ਵਚਨ ਨੂੰ ਭਰਪੂਰੀ ਨਾਲ ਵਾਸ ਕਰਨ ਦਿਓ।" ਇਸ ਦਾ ਨਤੀਜਾ "ਇੱਕ ਦੂਜੇ ਨੂੰ ਸੰਪੂਰਨ ਗਿਆਨ ਨਾਲ ਸਿਖਾਉਣਾ ਅਤੇ ਧੰਨਵਾਦੀ ਮਨਾਂ ਨਾਲ ਪਰਮੇਸ਼ਰ ਦੀ ਉਸਤਤ ਜ਼ਬੂਰਾਂ, ਭਜਨਾਂ ਅਤੇ ਆਤਮਿਕ ਗੀਤਾਂ ਦੁਆਰਾ ਕਰਨਾ" ਹੋਵੇਗਾ। ਫਿਰ ਪੌਲੁਸ ਅਧਿਕਾਰ ਅਤੇ ਅਧੀਨਗੀ ਦੇ ਵਿਸ਼ੇ ਉੱਤੇ ਚਰਚਾ ਕਰਦਾ ਹੈ। **ਅਫ਼ਸੀ 5:18 ਦੀ ਕੁਲੁੱਸੀ 3:16 ਦੇ ਨਾਲ ਤੁਲਨਾ ਤੋਂ ਇਹ ਸਪੱਸ਼ਟ ਹੈ ਕਿ ਆਤਮਾ ਨਾਲ ਭਰਪੂਰ ਹੋਣਾ ਮਸੀਹ ਦੇ ਵਚਨ ਦੇ ਸਾਡੇ ਵਿੱਚ ਭਰਪੂਰੀ ਨਾਲ ਵੱਸੇ ਹੋਣ ਦੇ ਬਰਾਬਰ ਹੈ।** ਪਵਿੱਤਰ ਆਤਮਾ ਪਰਮੇਸ਼ਰ ਦੇ ਵਚਨ ਦੁਆਰਾ ਵਿਸ਼ਵਾਸੀਆਂ ਨੂੰ ਪ੍ਰਭਾਵਿਤ ਅਤੇ ਨਿਯੰਤਰਿਤ ਕਰਦਾ ਹੈ। ਇਹ ਕੋਈ ਬਹੁਤ ਜ਼ਿਆਦਾ ਹੈਰਾਨ ਕਰਨ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ, ਕਿਉਂਕਿ "ਆਤਮਾ ਦੀ ਤਲਵਾਰ ਪਰਮੇਸ਼ਰ ਦਾ ਵਚਨ ਹੀ ਹੈ" (ਅਫ਼ਸੀ 6:17)। ਪਵਿੱਤਰ ਆਤਮਾ ਬਾਈਬਲ ਦਾ ਲੇਖਕ ਹੈ ਅਤੇ ਉਸ ਨੇ ਨਬੀਆਂ ਨੂੰ ਪਰਮੇਸ਼ਰ ਵੱਲੋਂ ਭਵਿੱਖਬਾਣੀ ਕਰਨ ਦੀ ਪ੍ਰੇਰਨਾ ਦਿੱਤੀ (2 ਪਤਰਸ 1:21)। ਇਸ ਲਈ ਜਦੋਂ ਵਚਨ ਬੋਲਦਾ ਹੈ, ਤਾਂ ਪਵਿੱਤਰ ਆਤਮਾ ਬੋਲਦਾ ਹੈ। ਆਤਮਾ ਨਾਲ ਭਰਪੂਰ ਹੋਣਾ ਸੁਣਨ ਵਿੱਚ ਗੁਪਤ ਅਤੇ ਰਹੱਸਮਈ ਲੱਗਦਾ ਹੈ। ਪਰ ਅਸਲ ਵਿੱਚ ਇੱਕ ਮਸੀਹੀ ਜਿਸ ਦਾ ਜੀਵਨ ਪਰਮੇਸ਼ਰ ਦੇ ਵਚਨ ਦੁਆਰਾ ਨਿਯੰਤਰਿਤ ਹੁੰਦਾ ਹੈ ਉਹ ਅਜਿਹਾ ਮਸੀਹੀ ਹੈ ਜੋ ਆਤਮਾ ਨਾਲ ਭਰਪੂਰ ਹੈ। ਇਹ ਬਹੁਤ ਆਸਾਨ ਗੱਲ ਹੈ।

ਪਵਿੱਤਰ ਆਤਮਾ ਨੂੰ ਬਾਈਬਲ ਤੋਂ ਅਲੱਗ ਕਰਨ ਵਿੱਚ ਬਹੁਤ ਵੱਡਾ ਖ਼ਤਰਾ ਹੈ। ਮਸੀਹੀ ਵਿਕਾਸ ਦੇ ਬਹੁਤ ਸਾਰੇ ਤਰੀਕੇ ਨਹੀਂ ਹਨ ਜਿਵੇਂ ਕਿ ਕੁਝ ਮਸੀਹੀ "ਵਚਨ" ਦੀ ਪਾਲਣਾ ਕਰਕੇ ਪਰਿਪੱਕ ਹੁੰਦੇ ਹਨ ਅਤੇ ਕੁਝ "ਆਤਮਾ" ਦੀ ਪਾਲਣਾ ਕਰਕੇ ਪਰਿਪੱਕ ਹੁੰਦੇ ਹਨ। **ਆਓ ਅਸੀਂ ਵਚਨ ਦੀ ਪਾਲਣਾ ਨੂੰ ਆਤਮਾ ਦੀ ਪਾਲਣਾ ਦੇ ਬਰਾਬਰ ਸਮਝੀਏ।**

ਪਵਿੱਤਰ ਆਤਮਾ ਅਤੇ ਪਰਮੇਸ਼ਰ ਦੇ ਵਚਨ ਵਿਚਕਾਰ ਇੱਕ ਅਟੁੱਟ

ਸੰਬੰਧ ਬਣਾਉਣ ਲਈ ਬਾਈਬਲ ਦਾ ਇੱਕ ਠੋਸ ਆਧਾਰ ਹੈ। ਮਸੀਹ ਅਟੁੱਟ ਤੌਰ ਤੇ ਪਰਮੇਸ਼ਰ ਦੇ ਵਚਨ ਨਾਲ ਜੁੜੇ ਹੋਏ ਹਨ (ਯੂਹੰਨਾ 1:1; ਅਤੇ ਪ੍ਰਕਾਸ਼ 19:13)। ਪਵਿੱਤਰ ਆਤਮਾ ਨੂੰ ਲਿਖਤੀ ਵਚਨ ਨਾਲ ਜੋੜਨ ਵਿੱਚ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ ਹੈ। ਫਿਰ ਤੋਂ, ਅਫ਼ਸੀ 6:17 ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਵਚਨ ਦੀ ਵਰਤੋਂ ਕਰਦਾ ਹੈ, ਅਤੇ 2 ਪਤਰਸ 1:21 ਇਹ ਸਿਖਾਉਂਦਾ ਹੈ ਕਿ ਪਵਿੱਤਰ ਗ੍ਰੰਥ ਦੇ ਸ਼ਬਦ ਪਵਿੱਤਰ ਆਤਮਾ ਦੇ ਸ਼ਬਦ ਹਨ। ਆਤਮਾ ਨਾਲ ਭਰਪੂਰ ਹੋਣਾ ਮਸੀਹ ਦੇ ਵਚਨ ਨੂੰ ਅਪਣੇ ਜੀਵਨ ਵਿੱਚ ਨਿਯੰਤਿਰਤ ਕਰਨ ਦੇਣ ਦੇ ਬਰਾਬਰ ਹੈ (ਅਫ਼ਸੀ 5:18; ਦੇਖੋ, ਕੁਲੁੱਸੀ 3:16)। ਇਸ ਤੋਂ ਇਲਾਵਾ, ਨਵੇਂ ਜਨਮ ਦੇ ਨਮੂਨੇ ਉੱਤੇ ਵਿਚਾਰ ਕਰੋ। ਪਵਿੱਤਰ ਆਤਮਾ ਨਵਾਂ ਜਨਮ ਦਿੰਦਾ ਹੈ (ਯੂਹੰਨਾ 3), ਪਰ ਉਹ ਅਜਿਹਾ ਕਰਨ ਲਈ ਪਰਮੇਸ਼ਰ ਦੇ ਵਚਨ ਦੀ ਵਰਤੋਂ ਕਰਦਾ ਹੈ (ਰੋਮੀ 10:17; ਯਾਕੂਬ 1:18; 1 ਪਤਰਸ 1:23)। ਦੂਜੇ ਸ਼ਬਦਾਂ ਵਿੱਚ, ਪਵਿੱਤਰ ਆਤਮਾ ਆਪਣਾ ਕੰਮ ਕਰਨ ਲਈ ਆਪਣੇ ਹੀ ਸ਼ਬਦਾਂ ਦੀ ਵਰਤੋਂ ਕਰਦਾ ਹੈ।

ਉਸ ਬੇਤੁਕੀ ਸਥਿਤੀ ਬਾਰੇ ਵਿਚਾਰ ਕਰੋ ਜੋ ਆਤਮਾ ਦੁਆਰਾ ਭਰਪੂਰ ਹੋਣ ਨੂੰ ਲਿਖਤੀ ਵਚਨ ਤੋਂ ਅਲੱਗ ਕਰਨ ਦੇ ਨਤੀਜੇ ਵਜੋਂ ਆਉਂਦੀ ਹੈ। ਅਸਲ ਵਿੱਚ, ਇਹ ਅਜਿਹਾ ਸੋਚਣਾ ਹੈ ਕਿ ਆਤਮਿਕ ਵਿਕਾਸ ਪਰਮੇਸ਼ਰ ਦੇ ਵਚਨ ਤੋਂ ਬਿਨਾਂ ਹੀ ਹੋ ਸਕਦਾ ਹੈ। ਜਿਹੜੇ ਲੋਕ ਸੋਚਦੇ ਹਨ ਕਿ ਉਹ ਪਰਮੇਸ਼ਰ ਦੇ ਵਚਨ ਦੇ ਅਧੀਨ ਹੋਣ ਅਤੇ ਉਸ ਅਨੁਸਾਰ ਚੱਲਣ ਤੋਂ ਬਿਨਾਂ ਹੀ ਪਰਿਪੱਕ ਮਸੀਹੀ ਬਣ ਸਕਦੇ ਹਨ, ਉਹਨਾਂ ਨੂੰ ਬਾਈਬਲ ਦੀ ਸਲਾਹ ਉੱਤੇ ਵਿਚਾਰ ਕਰਨ ਦੀ ਲੋੜ ਹੈ (ਦੇਖੋ, ਯਹੋਸ਼ੁ 1:8; ਜ਼ਬੂਰ 1:2-3; 1 ਤਿਮੋਥਿ 4:13-15; 2 ਤਿਮੋਥਿ 2:15; 4:2)।

> ਸਾਰਾ ਪਵਿੱਤਰ-ਗ੍ਰੰਥ ਪਰਮੇਸ਼ਰ ਦੀ ਪ੍ਰੇਰਨਾ ਦੇ ਦੁਆਰਾ ਰਚਿਆ ਗਿਆ ਹੈ ਅਤੇ ਉਹ ਸਿਖਾਉਣ, ਤਾੜਨਾ ਦੇਣ, ਸੁਧਾਰਨ ਅਤੇ ਨੇਕੀ ਦੀ ਸਿੱਖਿਆ ਦੇ ਲਈ ਲਾਭਦਾਇੱਕ ਹੈ [2 ਤਿਮੋਥਿ 3:16]
>
> ਤੁਸੀਂ ਨਵਜਨਮੇ ਬੱਚਿਆਂ ਦੀ ਤਰ੍ਹਾਂ ਸ਼ੁੱਧ ਆਤਮਿਕ ਦੁੱਧ ਦੇ ਲਈ ਚਾਹਵਾਨ ਰਹੋ ਤਾਂ ਜੋ ਇਸ ਦੇ ਦੁਆਰਾ ਤੁਸੀਂ ਮੁਕਤੀ ਦੇ ਵਿੱਚ ਵੱਧਦੇ ਜਾਓ। [1 ਪਤਰਸ 2:2]

ਲਿਖਤੀ ਵਚਨ ਤੋਂ ਬਿਨਾਂ ਮਸੀਹੀ ਵਿਕਾਸ **ਨਹੀਂ ਹੋ ਸਕਦਾ ਹੈ**, ਅਤੇ ਇਸ ਦਾ ਮਤਲਬ ਇਹ ਹੋਣਾ ਚਾਹੀਦਾ ਹੈ ਕਿ ਪਵਿੱਤਰ ਆਤਮਾ ਸਾਨੂੰ ਭਰਨ ਲਈ ਹਮੇਸ਼ਾ ਲਿਖਤੀ ਵਚਨ ਦੀ ਵਰਤੋਂ ਕਰਦਾ ਹੈ। ਪਵਿੱਤਰ ਆਤਮਾ ਤੋਂ ਬਿਨਾਂ ਕੋਈ ਵਿਕਾਸ ਨਹੀਂ ਹੋ ਸਕਦਾ ਹੈ (ਜ਼ਕਰ 4:6), ਪਰ ਇਹ ਵੀ ਸੱਚ ਹੈ ਕਿ ਲਿਖਤੀ ਵਚਨ ਤੋਂ ਬਿਨਾਂ ਵੀ ਵਿਕਾਸ ਨਹੀਂ ਹੋਵੇਗਾ। ਪਵਿੱਤਰ ਆਤਮਾ ਦੇ ਪ੍ਰਮੁੱਖ ਕੰਮਾਂ ਵਿੱਚੋਂ ਇੱਕ ਕੰਮ ਪ੍ਰਕਾਸ਼ਮਾਨ ਕਰਨਾ ਹੈ। ਮਸੀਹੀ ਵਿਕਾਸ ਅਸਲ ਵਿੱਚ ਮਨ ਦਾ ਨਵਾਂ ਹੋਣਾ ਹੁੰਦਾ ਹੈ, ਇਸ ਬਾਰੇ ਬਹੁਤ ਸਾਰੀ ਚਰਚਾ ਹੋ ਚੁੱਕੀ ਹੈ। ਇਹ ਦੋਵੇਂ ਧਾਰਨਾਵਾਂ ਸੁਝਾਅ ਦਿੰਦੀਆਂ ਹਨ ਕਿ ਪਵਿੱਤਰ ਆਤਮਾ ਮਨ ਰਾਹੀਂ ਕੰਮ ਕਰਦਾ ਹੈ। ਇਸ ਤਰ੍ਹਾਂ ਇਹ ਵਿਚਾਰ ਆਤਮਾ ਵਿੱਚ ਭਰਪੂਰ ਹੋਣ ਦੇ ਕੰਮ ਨੂੰ ਲਿਖਤੀ ਵਚਨ ਨਾਲ ਜੋੜਨ ਨੂੰ ਸਮਰਥਨ ਦਿੰਦਾ ਹੈ।

### (3) ਭਰਪੂਰ ਹੋਣ ਦੀ ਪਰਿਭਾਸ਼ਾ:

ਇਹ ਇਸ ਵਰਤਮਾਨ ਯੁੱਗ ਵਿੱਚ ਪਵਿੱਤਰ ਆਤਮਾ ਦੀ ਨਿਰੰਤਰ ਸੇਵਕਾਈ ਹੈ ਜਿਸ ਨਾਲ ਉਹ ਉਸ ਵਿਸ਼ਵਾਸੀ ਨੂੰ ਨਿਯੰਤਰਿਤ ਕਰਦਾ ਹੈ ਜੋ ਉਸ ਦੇ ਅਧੀਨ ਹੁੰਦਾ ਹੈ।[16]

### (4) ਭਰਪੂਰ ਹੋਣ ਦੀ ਪ੍ਰਕਿਰਿਆ ਦਾ ਵੇਰਵਾ

ਜੇਕਰ ਇਸ ਗੱਲ ਦੇ ਉਲਟ ਸੋਚਣ ਦੇ ਕੋਈ ਮਜ਼ਬੂਤ ਸੰਕੇਤ ਨਾ ਹੋਣ, ਤਾਂ ਇੱਕ ਵਿਅਕਤੀ ਨੂੰ ਇਹ ਮੰਨਣਾ ਪਵੇਗਾ ਕਿ ਬਾਈਬਲ ਵਿਸ਼ਵਾਸੀ ਦੇ ਪਰਿਪੱਕ ਹੋਣ ਦੀ ਸਿਰਫ਼ ਇੱਕ ਹੀ ਪ੍ਰਕਿਰਿਆ ਪੇਸ਼ ਕਰਦੀ ਹੈ।[17] ਹਾਲਾਂਕਿ ਨਵਾਂ ਨੇਮ ਮਸੀਹੀ ਵਿਕਾਸ ਦੀ ਪ੍ਰਕਿਰਿਆ ਲਈ ਵੱਖ-ਵੱਖ ਵਾਕਾਂਸ਼ ਜਾਂ ਤਸਵੀਰਾਂ ਦੀ ਵਰਤੋਂ ਕਰਦਾ ਹੈ, ਪਰ ਇਹ ਸਾਰੇ ਅਸਲ ਵਿੱਚ ਇੱਕ ਹੀ ਪ੍ਰਕਿਰਿਆ ਦਾ ਵਰਣਨ ਕਰਦੇ ਹਨ। ਇਸ ਵਿਕਾਸ ਨੂੰ ਭਾਵੇਂ ਮਨ ਦਾ ਨਵਾਂ ਹੋਣਾ ਜਾਂ ਪਰਿਵਰਤਨ ਕਿਹਾ ਜਾਵੇ (ਜਿਵੇਂ ਕਿ ਰੋਮੀਆਂ 12 ਵਿੱਚ) ਜਾਂ ਆਤਮਾ ਦੁਆਰਾ ਭਰਪੂਰ ਹੋਣ ਜਾਂ ਆਤਮਾ ਅਨੁਸਾਰ ਚੱਲਣਾ ਕਿਹਾ ਜਾਵੇ (ਜਿਵੇਂ ਕਿ ਅਫ਼ਸੀ 5:18 ਅਤੇ ਗਲਾਤੀ 5:16-18 ਵਿੱਚ), ਫਿਰ ਵੀ ਦੋਵਾਂ ਵਿੱਚ ਇੱਕੋ ਪ੍ਰਕਿਰਿਆ ਬਾਰੇ ਗੱਲ ਹੋ ਰਹੀ ਹੈ। **ਪਵਿੱਤਰ ਆਤਮਾ ਵਿਸ਼ਵਾਸੀਆਂ ਨੂੰ ਪ੍ਰਭੂ ਯਿਸੂ ਵਰਗਾ ਬਣਾਉਣ ਲਈ ਬਾਈਬਲ ਦੀ ਵਰਤੋਂ ਕਰਦਾ ਹੈ।**

ਇਸ ਸਿੱਟੇ ਦੀ ਪੁਸ਼ਟੀ ਸ਼ੁੱਧੀਕਰਨ ਦੀ ਪ੍ਰਕਿਰਿਆ ਬਾਰੇ ਬਾਈਬਲ ਦੀ ਸਿੱਖਿਆ ਦੀ ਇੱਕ ਤੁਲਨਾ ਦੁਆਰਾ ਕੀਤੀ ਗਈ ਹੈ। ਭਾਵੇਂ ਬਾਈਬਲ ਦਾ ਇੱਕ ਲੇਖਕ "ਮਨ ਦੇ ਨਵੇਂ ਹੋਣ" ਜਾਂ "ਭਰਪੂਰ ਹੋਣ" ਜਾਂ ਕਿਸੇ ਹੋਰ ਸ਼ਬਦ ਦੀ ਗੱਲ ਕਰਦਾ ਹੈ, ਫਿਰ ਵੀ ਮਸੀਹੀ ਵਿਕਾਸ ਦੀ ਵਿਧੀ ਇੱਕੋ ਜਿਹੀ ਲੱਗਦੀ ਹੈ। ਹੇਠਾਂ ਦਿੱਤੇ ਭਾਗ ਨਵੇਂ ਹੋਣ (ਪਰਿਵਰਤਨ) ਅਤੇ ਆਤਮਾ ਨਾਲ ਭਰਪੂਰ ਹੋਣ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਉੱਤੇ ਚਰਚਾ ਕਰਨਗੇ। ਇਸ ਤੱਥ ਉੱਤੇ ਧਿਆਨ ਦਿੱਤਾ ਜਾਵੇ ਕਿ ਦੋਵਾਂ ਵਿੱਚ ਇੱਕ **ਕਿਰਿਆਸ਼ੀਲ-ਨਿਰਭਰ ਵਿਧੀ** ਕੰਮ ਕਰਦੀ ਹੈ

---

[16] ਡੈਨ ਫਿਲਿਪਸ, *ਕਲਾਸ ਲੈਕਚਰ ਨੋਟਸ*, ਗ੍ਰੈਂਡ ਰੈਪਿਡਸ ਸਕੂਲ ਆਫ਼ ਦ ਬਾਈਬਲ ਐਂਡ ਮਿਊਜ਼ਿਕ, ਫਾਲ 1975.

[17] ਇੱਕ ਬਹੁਤ ਨਵਾਂ ਵਿਸ਼ਵਾਸੀ ਬਾਈਬਲ ਰਾਹੀਂ ਪਵਿੱਤਰ ਆਤਮਾ ਦੁਆਰਾ ਨਿਯੰਤਰਿਤ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਉਹ ਆਤਮਿਕ ਹੋ ਸਕਦਾ ਹੈ। ਪਰ ਪਰਿਪੱਕ ਹੋਣ ਲਈ ਸਮਾਂ ਲੱਗਦਾ ਹੈ ਅਤੇ ਇਹ ਕਦੇ ਖ਼ਤਮ ਨਹੀਂ ਹੁੰਦਾ ਹੈ (1 ਥੱਸਲੁ 4:9,10 "ਹੋਰ ਜ਼ਿਆਦਾ...", ਫ਼ਿਲਿੱਪੀ 1:9; 3:13-16)।

ਜਿਸ ਵਿੱਚ ਵਿਸ਼ਵਾਸੀ ਕਿਰਿਆਸ਼ੀਲ ਤੌਰ ਤੇ ਆਗਿਆ ਮੰਨਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਸੇ ਸਮੇਂ ਆਗਿਆ ਮੰਨਣ ਦੇ ਲਈ ਉਸ ਵਿੱਚ ਵੱਸਦੇ ਪਵਿੱਤਰ ਆਤਮਾ ਦੀ ਸ਼ਕਤੀ ਉੱਤੇ ਨਿਰਭਰ ਕਰਦਾ ਹੈ (ਗਲਾਤੀ 5:22-23 ਦੀ ਤੁਲਨਾ 1 ਤਿਮੋਥਿ 6:11 ਨਾਲ ਕਰੋ। 1 ਤਿਮੋਥਿਉਸ ਵਿੱਚ ਵਿਸ਼ਵਾਸੀਆਂ ਨੂੰ ਉਹਨਾਂ ਵਿਸ਼ੇਸ਼ਤਾਵਾਂ ਉੱਤੇ ਕੰਮ ਕਰਨ ਲਈ ਕਿਹਾ ਗਿਆ ਹੈ ਜਿਹਨਾਂ ਨੂੰ ਗਲਾਤੀ 5:22-23 ਵਿੱਚ ਪਵਿੱਤਰ ਆਤਮਾ **ਪੈਦਾ** ਕਰਦਾ ਹੈ)।

ਇਸ ਤੋਂ ਇਲਾਵਾ, ਵਿਕਾਸ ਦੇ ਮਾਰਗ ਦਾ ਵਰਣਨ ਭਾਵੇਂ ਜਿਹੜੇ ਵੀ ਸ਼ਬਦਾਂ ਨਾਲ ਕੀਤਾ ਜਾਵੇ, **ਸਾਰੇ** ਪਵਿੱਤਰ ਆਤਮਾ ਅਤੇ ਪਰਮੇਸ਼ਰ ਦੇ ਵਚਨ ਦੋਵਾਂ ਨੂੰ ਸ਼ਾਮਲ ਕਰਦੇ ਹਨ। ਅੰਤ ਵਿੱਚ, ਨਤੀਜੇ ਇੱਕੋ ਜਿਹੇ ਹੁੰਦੇ ਹਨ: ਮਨ ਦੇ ਨਵੇਂ ਹੋਣ (ਪਰਿਵਰਤਨ) ਦਾ ਨਤੀਜਾ ਪਵਿੱਤਰ ਆਤਮਾ ਦਾ ਫਲ ਹੁੰਦਾ ਹੈ, ਜੋ ਮਸੀਹ ਵਰਗੇ ਬਣਨਾ ਹੈ।

ਇਹ ਸਪੱਸ਼ਟ ਹੈ ਕਿ ਮਸੀਹੀ ਪਰਿਪੱਕਤਾ ਲਈ ਕੰਮ ਕਰਨ ਵਾਲੀ ਸਿਰਫ਼ ਇੱਕ ਹੀ ਪ੍ਰਕਿਰਿਆ ਹੈ। ਇਸ ਲਈ, ਭਾਵੇਂ ਸ਼ੁੱਧੀਕਰਨ ਬਾਰੇ ਕੁਝ ਆਇਤਾਂ ਵਿਸ਼ੇਸ਼ ਤੌਰ ਤੇ "ਭਰਪੂਰ" ਸ਼ਬਦ ਦੀ ਵਰਤੋਂ ਨਹੀਂ ਵੀ ਕਰਦੀਆਂ ਹਨ, ਫਿਰ ਵੀ ਉਹ ਇਸ ਗੱਲ ਦੀ ਸਮਝ ਦਿੰਦੀਆਂ ਹਨ ਕਿ ਪਵਿੱਤਰ ਆਤਮਾ ਜੀਵਨ ਨੂੰ ਕਿਵੇਂ ਨਿਯੰਤਰਿਤ ਕਰਦਾ ਅਤੇ ਬਦਲਦਾ ਹੈ।

### (a) ਪਵਿੱਤਰ ਆਤਮਾ ਦਾ ਨਿਯੰਤਰਨ, ਮਨ ਨੂੰ ਨਵਾਂ ਬਣਾਉਣਾ (ਪਰਿਵਰਤਨ)

ਮਸੀਹੀ ਵਿਕਾਸ ਨਾਲ ਜੁੜੇ ਕਈ ਮੁੱਖ ਵਚਨ ਇਸ ਦੀ ਤੁਲਨਾ ਮਨ ਦੇ ਨਵੇਂ ਹੋਣ ਜਾਂ ਪਰਿਵਰਤਨ ਨਾਲ ਕਰਦੇ ਹਨ

> ...ਆਪਣੇ ਆਪ ਨੂੰ ਸੰਸਾਰ ਵਰਗੇ ਨਾ ਬਣਾਓ ਸਗੋਂ **ਅੰਦਰੋਂ ਬਦਲਦੇ ਜਾਵੋ** ਤਾਂ ਜੋ ਤੁਹਾਡਾ ਮਨ ਨਵਾਂ ਹੋ ਜਾਵੇ ਅਤੇ ਤੁਸੀਂ ਪਰਮੇਸ਼ਰ ਦੀ ਇੱਛਾ ਨੂੰ ਸਮਝ ਸਕੋ ਕਿ ਉਹਨਾਂ ਦੇ ਸਾਹਮਣੇ ਭਲਾ, ਮਨਭਾਉਂਦਾ ਅਤੇ **ਸੰਪੂਰਨ** ਕੀ ਹੈ। [ਰੋਮੀ 12:1-2]
>
> ਇਸ ਲਈ ਹੁਣ ਅਸੀਂ ਸਾਰੇ ਚਿਹਰੇ ਉੱਤੇ ਪਰਦਾ ਕੀਤੇ ਬਿਨਾਂ ਪ੍ਰਭੂ ਦੇ ਤੇਜ ਨੂੰ ਜਿਵੇਂ ਸ਼ੀਸ਼ੇ ਵਿੱਚ ਦੇਖਦੇ ਹੋਏ ਪ੍ਰਗਟ ਕਰਦੇ ਹਾਂ ਅਤੇ ਅਸੀਂ ਵੀ **ਤੇਜ ਤੋਂ ਤੇਜ ਬਣ ਜਾਂਦੇ ਹਾਂ**। ਇਹ ਕੰਮ ਪ੍ਰਭੂ ਦੇ ਹੀ ਹਨ ਜੋ **ਆਤਮਾ** ਹੈ। [2 ਕੁਰਿੰਥ 3:18]
>
> ਸਗੋਂ ਤੁਹਾਡੇ ਦਿਲ ਅਤੇ ਮਨ **ਨਵੇਂ ਬਣਦੇ ਜਾਣ** [ਅਫ਼ਸੀ 4:23]

ਤਿੰਨੇ ਵਚਨਾਂ ਵਿੱਚ ਪਵਿਰਵਤਨ ਵਿਸ਼ਵਾਸੀਆਂ ਦੁਆਰਾ ਨਹੀਂ ਹੁੰਦਾ ਹੈ। ਕੋਈ ਬਾਹਰੀ ਸ਼ਕਤੀ ਮੁੱਖ ਕੰਮ ਕਰਦੀ ਹੈ। 2 ਕੁਰਿੰਥ 3:18 ਇਸ ਬਾਹਰੀ ਸ਼ਕਤੀ ਦੀ ਪਛਾਣ ਸਪੱਸ਼ਟ ਤੌਰ ਤੇ ਪਵਿੱਤਰ ਆਤਮਾ ਦੇ ਰੂਪ ਵਿੱਚ ਕਰਦਾ ਹੈ। ਇਹ ਵਚਨ ਇਹ ਵੀ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਇੱਕ ਸ਼ੀਸ਼ੇ ਵਿੱਚੋਂ ਆ ਰਹੀਆਂ ਸੱਚਾਈਆਂ ਦੀ ਵਰਤੋਂ ਦੁਆਰਾ ਸਾਨੂੰ ਬਦਲਣ ਦਾ ਕੰਮ ਕਰਦਾ ਹੈ। ਯਾਕੂਬ 1:23-24 ਪਰਮੇਸ਼ਰ ਦੇ ਵਚਨ ਨੂੰ ਇੱਕ ਸ਼ੀਸ਼ੇ ਵਜੋਂ ਦਰਸਾਉਂਦਾ ਹੈ। ਇਸ ਤੋਂ ਇਲਾਵਾ, 2 ਕੁਰਿੰਥੀਆਂ 3 ਦਾ ਸੰਦਰਭ ਪੁਰਾਣੇ ਨੇਮ ਦੀ ਤੁਲਨਾ ਪਰਮੇਸ਼ਰ ਦੀ ਮਹਿਮਾ ਦੇ ਇੱਕ ਵੱਡੇ ਪ੍ਰਕਾਸ਼ਨ ਦੇਣ ਵਾਲੇ ਉੱਤਮ ਨਵੇਂ ਨੇਮ ਨਾਲ ਕਰਦਾ ਹੈ। ਮਨ ਦੇ ਨਵੇਂ ਹੋਣ ਉੱਤੇ ਦਿੱਤਾ ਗਿਆ ਜ਼ੋਰ ਇੱਕ ਵਿਅਕਤੀ ਦੇ ਮਨ ਉੱਤੇ ਹੋਣ ਵਾਲੇ ਬਾਈਬਲ ਦੇ ਪ੍ਰਭਾਵ ਬਾਰੇ ਵੀ ਸੋਚਣ ਦਾ ਕਾਰਨ ਬਣਦਾ ਹੈ। ਇਹਨਾਂ ਸੰਕੇਤਾਂ ਨੂੰ ਜਦੋਂ ਪਵਿੱਤਰ ਆਤਮਾ ਦੀ ਮੁਕਤੀ ਦੀ ਸੇਵਕਾਈ ਵਿੱਚ ਵਚਨ ਦੀ ਵਿਸ਼ੇਸ਼ ਵਰਤੋਂ ਨਾਲ ਜੋੜਿਆ ਜਾਂਦਾ ਹੈ, ਤਾਂ ਇਹ ਇੱਕ ਵਿਅਕਤੀ ਵਿੱਚ ਇਸ ਭਰੋਸੇ ਨੂੰ ਪੈਦਾ ਕਰ ਦਿੰਦੇ ਹਨ ਕਿ **ਮਨ ਦਾ ਨਵਾਂ ਹੋਣਾ ਪਵਿੱਤਰ ਦੀ ਵਚਨ ਦੀ ਵਰਤੋਂ ਨਾਲ ਹੁੰਦਾ ਹੈ।**

ਮਨ ਦੇ ਪਰਿਵਰਤਨ ਦੇ ਟੀਚੇ ਨੂੰ ਮਸੀਹ ਦਾ ਰੂਪ (2 ਕੁਰਿੰਥ 3:18), ਅਤੇ ਪਰਮੇਸ਼ਰ ਦਾ ਸਰੂਪ (ਅਫ਼ਸੀ 4:24, ਕੁਲੁੱਸੀ 3:10) ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਪਵਿੱਤਰ ਆਤਮਾ ਵਚਨ ਦੀਆਂ ਸੱਚਾਈਆਂ ਦੀ ਵਰਤੋਂ ਵਿਸ਼ਵਾਸੀਆਂ ਵਿੱਚ ਮਸੀਹ ਦੇ ਰੂਪ ਨੂੰ ਪੈਦਾ ਕਰਨ ਲਈ ਕਰਦਾ ਹੈ। ਰੋਮੀ 12:1-2 ਇਸ ਪ੍ਰਕਿਰਿਆ ਨੂੰ ਦੂਜੀ ਦਿਸ਼ਾ ਤੋਂ ਦੇਖਦੇ ਹੋਏ, ਇਸੇ ਨਤੀਜੇ ਉੱਤੇ ਜ਼ੋਰ ਦਿੰਦਾ ਹੈ। ਜਿਹੜੇ ਲੋਕ ਮਸੀਹ ਦੇ ਰੂਪ ਵਿੱਚ ਬਦਲ ਜਾਂਦੇ ਹਨ, ਉਹ ਸੰਸਾਰ ਵਰਗੇ ਨਹੀਂ ਰਹਿੰਦੇ ਹਨ।

**ਇਸ ਪਰਿਵਰਤਨ ਦੀ ਪ੍ਰਕਿਰਿਆ ਲਈ ਇੱਕ ਕਦਮ-ਦਰ-ਕਦਮ ਤਰੀਕਾ ਕੁਝ ਇਸ ਤਰ੍ਹਾਂ ਹੈ:**

i. ਇੱਕ ਵਿਸ਼ਵਾਸੀ ਪਾਪ ਦਾ ਇਕਰਾਰ ਕਰਦਾ ਹੈ, ਅਤੇ ਆਪਣੇ ਆਪ ਨੂੰ ਇੱਕ ਜਿਊਂਦੇ ਬਲੀਦਾਨ ਵਜੋਂ ਸਮਰਪਿਤ ਹੁੰਦਾ ਹੈ ਜਿਵੇਂ ਰੋਮੀ 12:1 ਵਿੱਚ ਹੈ। ਇਸ ਸ਼ੁਰੂਆਤੀ ਸ਼ਰਤ ਨੂੰ ਪੂਰਾ ਕੀਤੇ ਬਿਨਾਂ ਕੋਈ ਵਿਕਾਸ ਨਹੀਂ ਹੋ ਸਕਦਾ ਹੈ।

ii. ਵਿਸ਼ਵਾਸੀ ਜਦੋਂ ਪਰਮੇਸ਼ਰ ਦੇ ਵਚਨ ਦੇ ਸ਼ੀਸ਼ੇ ਅਨੁਸਾਰ **ਚੱਲਣ** ਦੇ ਵਿਚਾਰ ਨਾਲ ਇਸ ਦਾ ਅਧਿਐਨ ਕਰਦਾ ਹੈ, ਤਾਂ ਉਹ ਮਸੀਹ ਵਿੱਚ ਪਰਮੇਸ਼ਰ ਦੀ ਮਹਿਮਾ ਨੂੰ ਦੇਖਦਾ ਹੈ। ਵਿਸ਼ਵਾਸੀ ਸਰਗਰਮੀ ਨਾਲ ਵਚਨ ਦਾ ਅਧਿਐਨ ਕਰਦਾ ਹੈ, ਪਰ ਇਸ ਦੇ ਨਾਲ ਹੀ ਵਚਨ ਦੀ ਨਿੱਜੀ ਮਹੱਤਤਾ ਅਤੇ ਸਾਰਥਕਤਾ ਪ੍ਰਤੀ ਆਪਣੇ ਮਨ ਨੂੰ ਪ੍ਰਕਾਸ਼ਮਾਨ ਕਰਨ ਲਈ ਪਵਿੱਤਰ ਆਤਮਾ ਉੱਤੇ ਨਿਰਭਰ ਵੀ ਕਰਦਾ ਹੈ।

iii. ਪਵਿੱਤਰ ਆਤਮਾ ਆਪਣੇ ਵਚਨ (ਬਾਈਬਲ) ਦੀ ਵਰਤੋਂ ਕਰਦਾ ਹੈ ਕਿ ਉਹ ਮਸੀਹ ਦੇ ਚਰਿੱਤਰ ਦੀ ਮਹਿਮਾ ਦਿਖਾਵੇ, ਅਤੇ ਅਜਿਹੇ ਕਰਦੇ ਹੋਏ, ਇੱਕ ਵਿਸ਼ਵਾਸੀ ਦੇ ਜੀਵਨ ਦੀਆਂ ਕਮੀਆਂ, ਕਮਜ਼ੋਰੀਆਂ, ਗ਼ਲਤੀਆਂ ਅਤੇ ਪਾਪਾਂ ਨੂੰ ਵੀ ਦਿਖਾ ਸਕੇ।

iv. ਇਸ ਬਿੰਦੂ ਉੱਤੇ ਇੱਕ ਵਿਸ਼ਵਾਸੀ ਜਾਂ ਤਾਂ "ਸਿਰਫ਼ ਸੁਣਨ ਵਾਲਾ" ਬਣਨ ਦੀ ਚੋਣ ਕਰ ਸਕਦਾ ਹੈ, ਜਾਂ ਆਪਣੀਆਂ ਗ਼ਲਤੀਆਂ ਅਤੇ ਪਾਪਾਂ ਨੂੰ ਸਵੀਕਾਰ ਕਰਨ ਵਾਲਾ ਹੋ ਸਕਦਾ ਹੈ। ਆਦਰਸ਼ਕ ਤੌਰ ਤੇ, ਉਹ ਆਪਣੀਆਂ ਕਮੀਆਂ ਦਾ ਇਕਰਾਰ ਕਰਦੇ ਹੋਏ ਆਪਣੇ ਆਪ ਨੂੰ ਮਸੀਹ ਦੇ ਉਸ ਚਰਿੱਤਰ ਵਿੱਚ ਢਾਲਣ ਦੀ ਕੋਸ਼ਿਸ਼ ਕਰੇਗਾ ਜੋ ਵਚਨ ਵਿੱਚ ਪ੍ਰਗਟ ਕੀਤਾ ਗਿਆ ਹੈ। ਆਪਣੇ ਆਪ ਵਿੱਚ ਸੁਧਾਰ ਕਰਨ ਦੀ ਕੋਸ਼ਿਸ਼ ਦੇ ਨਾਲ-ਨਾਲ, ਅਜਿਹਾ ਪਰਿਵਰਤਨ ਹਾਸਲ ਕਰਨ ਅਤੇ ਮਸੀਹ ਵਰਗੇ ਚਰਿੱਤਰ ਵਿੱਚ ਬਦਲਣ ਤੋਂ ਰੋਕਣ ਵਾਲੇ ਪਰਤਾਵਿਆਂ ਦਾ ਸਾਹਮਣਾ ਕਰਨ ਲਈ ਉਸ ਦੇ ਅੰਦਰ ਵਾਸ ਕਰਨ ਵਾਲੇ ਪਵਿੱਤਰ ਆਤਮਾ ਦੀ ਸ਼ਕਤੀ ਉੱਤੇ ਨਿਰਭਰਤਾ ਵੀ ਹੋਣੀ ਚਾਹੀਦੀ ਹੈ।

v. ਕੁਝ ਸਮੇਂ ਬਾਅਦ, ਪਵਿੱਤਰ ਆਤਮਾ ਮਸੀਹ ਦੇ ਇੱਕ-ਇੱਕ ਚਰਿੱਤਰ ਨੂੰ ਪ੍ਰਗਟ ਕਰਨ ਅਤੇ ਵਿਸ਼ਵਾਸੀ ਦੀਆਂ ਕਮੀਆਂ ਨੂੰ ਪ੍ਰਗਟ ਕਰਨ ਲਈ ਵਚਨ ਦੀ ਵਰਤੋਂ ਕਰਦਾ ਹੈ। ਜੇਕਰ ਇੱਕ ਵਿਸ਼ਵਾਸੀ ਇਸ ਸੇਵਕਾਈ ਪ੍ਰਤੀ ਜਵਾਬ ਦਿੰਦਾ ਹੈ, ਤਾਂ ਉਹ ਥੋੜ੍ਹਾ-ਥੋੜ੍ਹਾ ਅਤੇ ਹੌਲੀ-ਹੌਲੀ ਸੰਸਾਰ ਵਰਗਾ ਘੱਟ ਅਤੇ ਪ੍ਰਭੂ ਯਿਸੂ ਮਸੀਹ ਵਰਗਾ ਜ਼ਿਆਦਾ ਬਣ ਜਾਵੇਗਾ।

ਮਨ ਦੇ ਨਵੇਂ ਹੋਣ ਜਾਂ ਪਰਿਵਰਤਨ ਦੀ ਇਹ ਪ੍ਰਕਿਰਿਆ ਰਹੱਸਮਈ, ਧੁੰਦਲੀ ਜਾਂ ਡਰਾਉਣੀ ਨਹੀਂ ਹੁੰਦੀ ਹੈ। ਹੁਣ ਸਾਨੂੰ ਪਤਾ ਲੱਗੇਗਾ ਕਿ ਇਹ ਆਤਮਾ ਵਿੱਚ ਭਰਪੂਰ ਹੋਣ ਦੇ ਸਮਾਨ ਹੈ।

### (b) ਪਵਿੱਤਰ ਆਤਮਾ ਦੇ ਨਿਯੰਤਰਨ ਦਾ ਭਰਪੂਰ ਹੋਣ ਵਜੋਂ ਵੇਰਵਾ

ਪੂਰੀ ਬਾਈਬਲ ਵਿੱਚ ਕਲੀਸਿਯਾ ਨੂੰ ਦਿੱਤੇ ਗਏ ਸਿਰਫ਼ ਪੰਜ ਅਜਿਹੇ ਹੁਕਮ ਹਨ ਜੋ ਪਵਿੱਤਰ ਆਤਮਾ ਨਾਲ ਸੰਬੰਧਿਤ ਹਨ। ਉਹਨਾਂ ਵਿੱਚੋਂ ਚਾਰ ਵਿੱਚ ਮਸੀਹੀ ਵਿਕਾਸ ਦੇ ਲਈ ਵਿਅਕਤੀਗਤ ਜ਼ਿੰਮੇਵਾਰੀ ਸ਼ਾਮਲ ਹੈ ਅਤੇ ਉਹਨਾਂ ਨੂੰ ਅਕਸਰ “ਆਤਮਾ ਨਾਲ ਭਰਪੂਰ ਹੋਣ” ਦੇ ਰੂਪ ਵਿੱਚ ਸ਼੍ਰੇਣੀਬੱਧ ਕੀਤਾ ਗਿਆ ਹੈ।[18] ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਇਹਨਾਂ ਸਾਰੇ ਹੁਕਮਾਂ ਦਾ ਸੰਬੰਧ ਪਰਿਪੱਕਤਾ ਦੀ ਪ੍ਰਕਿਰਿਆ ਵਿੱਚ ਪਵਿੱਤਰ ਆਤਮਾ ਦੀ ਭੂਮੀਕਾ ਨਾਲ ਹੈ।

#### i. ਆਤਮਾ ਨਾਲ ਭਰਪੂਰ ਹੋਣਾ (ਅਫ਼ਸੀ 5:18)

> ਮੈਅ ਨਾਲ ਮਸਤ ਨਾ ਹੋਵੋ ਕਿਉਂਕਿ ਇਸ ਨਾਲ ਬਦਕਾਰੀ ਪੈਦਾ ਹੁੰਦੀ ਹੈ ਸਗੋਂ ਪਵਿੱਤਰ ਆਤਮਾ ਨਾਲ ਭਰਪੂਰ ਹੋ ਜਾਓ। [ਅਫ਼ਸੀ 5:18][19]

[18] ਪੰਜਵਾਂ ਹੁਕਮ ਸਮੂਹਿਕ ਤੌਰ ਤੇ ਕਲੀਸਿਯਾ ਲਈ ਹੈ ਕਿ ਉਹ ਉਹਨਾਂ ਖਰੀਆਂ ਸਿੱਖਿਆਵਾਂ ਦੇ ਖਜ਼ਾਨੇ ਦੀ ਰਾਖੀ ਕਰਨ ਜੋ ਸਾਨੂੰ ਸੌਂਪਿਆ ਗਿਆ ਹੈ (2 ਤਿਮੋਥਿ 1:14)। ਪਵਿੱਤਰ ਆਤਮਾ ਦੇ ਵਾਸ ਜਾਂ ਆਤਮਾ ਦੁਆਰਾ ਬਪਤਿਸਮਾ ਲੈਣ ਦੀ ਭਾਲ ਕਰਨ ਦਾ ਕੋਈ ਹੁਕਮ ਨਹੀਂ ਦਿੱਤਾ ਗਿਆ ਹੈ।

ਇਹ ਆਇਤ ਵਿਸ਼ਵਾਸੀ ਉੱਤੇ ਪਵਿੱਤਰ ਆਤਮਾ ਦੇ ਨਿਯੰਤਰਨ ਦੀ ਗੱਲ ਕਰਦੀ ਹੈ। ਇਸ ਵਰਗਾ ਵਚਨ ਕੁਲੁੱਸੀ 3:16 ਦਰਸਾਉਂਦਾ ਹੈ ਕਿ ਇਸ ਨਿਯੰਤਰਨ ਲਈ ਪਵਿੱਤਰ ਆਤਮਾ ਆਪਣੇ ਵਚਨ ਦੀ ਵਰਤੋਂ ਕਰਦਾ ਹੈ। ਅਜਿਹਾ ਸੋਚਣ ਦਾ ਕੋਈ ਕਾਰਨ ਨਹੀਂ ਹੈ ਕਿ ਪਵਿੱਤਰ ਆਤਮਾ ਦੁਆਰਾ ਭਰਪੂਰ ਹੋਣਾ (ਨਿਯੰਤਰਨ ਜਾਂ ਪ੍ਰਭਾਵ), ਆਤਮਾ ਦੁਆਰਾ ਇੱਕ ਵਿਸ਼ਵਾਸੀ ਨੂੰ ਪ੍ਰਭਾਵਿਤ (ਪਰਿਵਰਤਨ) ਕਰਨ ਲਈ ਵਚਨ ਦੇ ਸ਼ੀਸ਼ੇ ਦੀ ਵਰਤੋਂ ਤੋਂ ਵੱਖਰਾ ਹੈ।

#### ii. ਆਤਮਾ ਦੁਆਰਾ ਚੱਲਣਾ (ਗਲਾਤੀ 5:16,25)[20]

> ਮੇਰੇ ਕਹਿਣ ਦਾ ਅਰਥ ਇਹ ਹੈ ਕਿ ਪਵਿੱਤਰ ਆਤਮਾ ਦੀ ਅਗਵਾਈ ਹੇਠ ਜੀਵਨ ਗੁਜ਼ਾਰੋ ਤਾਂ ਤੁਸੀਂ ਸਰੀਰਕ ਵਾਸਨਾਵਾਂ ਪੂਰੀਆਂ ਨਹੀਂ ਕਰੋਗੇ। ਜੇਕਰ ਅਸੀਂ ਪਵਿੱਤਰ ਆਤਮਾ ਦੁਆਰਾ ਜਿਊਂਦੇ ਹਾਂ ਤਾਂ ਅਸੀਂ ਪਵਿੱਤਰ ਆਤਮਾ ਦੀ ਅਗਵਾਈ ਹੇਠ ਚੱਲੀਏ। [ਗਲਾਤੀ 5:16,25]

ਜਦੋਂ ਅਸੀਂ ਆਪਣੇ ਪੈਰਾਂ ਨਾਲ ਚੱਲਦੇ ਹਾਂ, ਤਾਂ ਅਸੀਂ ਤਾਕਤ ਅਤੇ ਸ਼ਕਤੀ ਲਈ ਉਹਨਾਂ ਉੱਤੇ ਨਿਰਭਰ ਰਹਿੰਦੇ ਹਾਂ। ਇਸ ਤੋਂ ਇਲਾਵਾ, ਤੁਰਨ ਦੀ ਗਤੀ ਵਿੱਚ ਇੱਕ ਅੱਗੇ ਜਾਣ ਦਾ ਹੁਲਾਰਾ ਹੁੰਦਾ ਹੈ ਅਤੇ ਜੇਕਰ ਇੱਕ ਪੈਰ ਸਰੀਰ ਦੇ ਅੱਗੇ ਨਹੀਂ ਰੱਖਿਆ ਜਾਂਦਾ ਹੈ ਤਾਂ ਅਸੀਂ ਡਿੱਗ ਜਾਵਾਂਗੇ। ਜਦੋਂ ਅਸੀਂ ਤੁਰਦੇ ਹਾਂ ਤਾਂ ਅਸੀਂ ਆਪਣੇ ਸਰੀਰ ਨੂੰ ਸਹਾਰਾ ਦੇਣ ਲਈ ਅਣਜਾਣੇ ਵਿੱਚ ਪਹਿਲਾਂ ਇੱਕ ਪੈਰ ਉੱਤੇ ਅਤੇ ਫਿਰ ਦੂਜੇ ਪੈਰ ਉੱਤੇ ਭਰੋਸਾ ਰੱਖਦੇ ਹਾਂ। ਇਹ ਦੋਵੇਂ ਵਿਚਾਰ ਆਤਮਾ ਦੁਆਰਾ ਆਤਮਿਕ ਚਾਲ-ਚੱਲਣ ਦੇ ਸਿਧਾਂਤਾਂ ਦੇ ਸਮਾਨ ਹਨ। ਆਤਮਾ ਦੇ ਅਨੁਸਾਰ ਚੱਲਣ ਦਾ ਅਰਥ ਹੈ ਕਿ ਅਸੀਂ ਅੱਗੇ ਵਧਣ ਦੀ ਤਾਕਤ ਅਤੇ ਸ਼ਕਤੀ ਲਈ ਉਸ ਉੱਤੇ ਨਿਰਭਰ ਰਹਿੰਦੇ ਹਾਂ। ਇਸ ਤੋਂ ਇਲਾਵਾ, ਜਿਹੜਾ ਵਿਅਕਤੀ ਆਤਮਾ ਦੇ ਅਨੁਸਾਰ ਚੱਲਦਾ ਹੈ ਉਹ ਲਗਾਤਾਰ ਪਵਿੱਤਰ ਆਤਮਾ ਉੱਤੇ ਭਰੋਸਾ ਕਰਨ ਦੀ ਪ੍ਰਕਿਰਿਆ ਵਿੱਚ ਵੀ ਹੁੰਦਾ ਹੈ। ਉਹ ਨਾ ਸਿਰਫ਼ ਤਾਕਤ ਪਾਉਣ ਲਈ, ਬਲਕਿ ਅਗਵਾਈ ਲਈ ਵੀ ਪਵਿੱਤਰ ਆਤਮਾ ਉੱਤੇ ਭਰੋਸਾ ਰੱਖੇਗਾ। ਹਾਲਾਂਕਿ ਇਹ ਸੋਚਿਆ ਜਾ ਸਕਦਾ ਹੈ ਕਿ ਪਵਿੱਤਰ ਆਤਮਾ ਵਿਅਕਤੀਗਤ ਅਗਵਾਈ ਕਰਦਾ ਹੈ ਜਿੱਥੇ ਉਹ ਵਿਸ਼ਵਾਸੀਆਂ ਨੂੰ ਅਜਿਹੇ ਮਾਮਲਿਆਂ ਵਿੱਚ ਅਗਵਾਈ ਦਿੰਦਾ ਹੈ ਜੋ ਵਚਨ ਵਿੱਚ ਲਿਖੇ ਨਹੀਂ ਗਏ ਹਨ, ਫਿਰ ਵੀ ਪਵਿੱਤਰ ਆਤਮਾ ਦੀ ਅਗਵਾਈ ਦਾ ਮੁੱਢਲਾ ਸਾਧਨ ਉਸ ਦਾ ਆਪਣਾ ਵਚਨ ਹੀ ਹੈ। ਉਹ ਵਿਸ਼ਵਾਸੀਆਂ ਨੂੰ ਪਰਮੇਸ਼ਰ ਦੇ ਵਚਨ ਵਿੱਚ ਪਰਮੇਸ਼ਰ

[19] ਇਸ ਆਇਤ ਦਾ ਅਨੁਵਾਦ "ਆਤਮਾ ਵਿੱਚ, ਨਾਲ, ਜਾਂ ਦੁਆਰਾ ਭਰਪੂਰ ਹੋਣ" ਵਜੋਂ ਵੀ ਕੀਤਾ ਜਾ ਸਕਦਾ ਹੈ (ਅਗਲੇ ਭਾਗ ਵਿੱਚ "ਅਫ਼ਸੀਆਂ 5:18 ਦਾ ਅਰਥ" ਦੇਖੋ)।

[20] ਇਹਨਾਂ ਦੋਵਾਂ ਆਇਤਾਂ ਵਿੱਚ " ਚੱਲਣਾ" ਲਈ ਯੂਨਾਨੀ ਸ਼ਬਦ ਇੱਕੋ ਜਿਹੇ ਨਹੀਂ ਹਨ, ਪਰ ਇਹ ਲਿਖਣ ਦਾ ਵੱਖਰਾ ਤਰੀਕਾ ਹੋ ਸਕਦਾ ਹੈ।

ਦੇ ਵਚਨ ਵਿੱਚ ਪਰਮੇਸ਼ਰ ਦੀ ਇੱਛਾ ਦਿਖਾਉਂਦਾ ਹੈ। ਜਿਹੜੇ ਲੋਕ ਪਵਿੱਤਰ ਆਤਮਾ ਅਨੁਸਾਰ ਚੱਲਦੇ ਹਨ, ਉਹ ਇਹਨਾਂ ਹਿਦਾਇਤਾਂ ਦੀ ਪਾਲਣਾ ਕਰਦੇ ਹਨ ਤਾਂ ਜੋ ਉਹਨਾਂ ਨੂੰ ਆਤਮਿਕ ਤੌਰ ਤੇ "ਡਿੱਗਣ" ਤੋਂ ਬਚਾਇਆ ਜਾ ਸਕੇ। ਉਹ ਪਵਿੱਤਰ ਆਤਮਾ ਦੀ ਸ਼ਕਤੀ ਉੱਤੇ ਇਸ ਗੱਲ ਲਈ ਵੀ ਨਿਰਭਰ ਰਹਿੰਦੇ ਹਨ ਕਿ ਉਹ ਬਾਈਬਲ ਵਿੱਚ ਆਉਣ ਵਾਲੇ ਪਵਿੱਤਰ ਆਤਮਾ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਉਹਨਾਂ ਨੂੰ ਬਲ ਦੇਵੇਗਾ।

ਇਸ ਨੂੰ ਸਮਝਣ ਦਾ ਇੱਕ ਹੋਰ ਦ੍ਰਿਸ਼ਟੀਕੋਣ, ਵਾਕਾਂਸ਼ "ਆਤਮਾ ਦੇ ਅਨੁਸਾਰ ਚੱਲੋ" ਤੋਂ ਆਉਂਦਾ ਹੈ (ਰੋਮੀ 8:4)। ਹਾਲਾਂਕਿ ਇਹ ਸਪੱਸ਼ਟ ਹੈ ਕਿ "ਆਤਮਾ ਦੁਆਰਾ ਚੱਲਣਾ" ਅਤੇ "ਆਤਮਾ ਅਨੁਸਾਰ ਚੱਲਣਾ" ਇੱਕੋ ਜਿਹੇ ਹਨ, ਪਰ ਇਹ ਵੱਖਰੀਆਂ ਗੱਲਾਂ ਉੱਤੇ ਜ਼ੋਰ ਦਿੰਦੇ ਹਨ। ਇਸ ਵਿੱਚ ਪੂਰਵ-ਸਰਗ "ਅਨੁਸਾਰ" ਉੱਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਰੋਮੀ 8:4 ਵਿੱਚ ਇਸ ਦਾ ਅਰਥ "ਉਸ ਦੇ ਮਿਆਰ ਦੇ ਅਨੁਸਾਰ" ਜਾਂ "ਉਸ ਦੇ ਅਨੁਸਾਰ" ਹੈ। ਮਸੀਹ ਨੇ ਯੂਹੰਨਾ 8:15 ਵਿੱਚ ਕਿਹਾ, "ਤੁਸੀਂ ਮਨੁੱਖੀ ਆਧਾਰ ਨਾਲ ਨਿਆਂ ਕਰਦੇ ਹੋ।" ਇਸ ਦਾ ਅਰਥ ਹੈ ਕਿ ਫ਼ਰੀਸੀ ਸਰੀਰ ਦੇ ਮਿਆਰਾਂ ਦੇ ਅਨੁਸਾਰ ਨਿਆਂ ਕਰਦੇ ਸਨ। ਜਦੋਂ ਪੌਲੁਸ ਨੇ 1 ਕੁਰਿੰਥ 1:26 ਵਿੱਚ ਲਿਖਿਆ ਕਿ ਉਹਨਾਂ ਵਿੱਚੋਂ ਬਹੁਤ ਥੋੜ੍ਹੇ "ਮਨੁੱਖੀ **ਤੌਰ ਤੇ** ਬੁੱਧੀਮਾਨ" ਮਸੀਹੀ ਸਨ, ਉਸ ਦਾ ਇਹ ਅਰਥ ਨਹੀਂ ਹੈ ਕਿ ਜ਼ਿਆਦਾਤਰ ਮਸੀਹੀ ਲੋਕ ਮੂਰਖ ਹੁੰਦੇ ਹਨ। ਇਸ ਵਾਕਾਂਸ਼ ਦਾ ਅਰਥ ਹੈ ਕਿ ਜਿਹੜੇ ਲੋਕ ਸਰੀਰ ਦੇ ਮਿਆਰਾਂ ਅਨੁਸਾਰ ਨਿਆਂ ਕਰਦੇ ਹਨ ਉਹ ਬਹੁਤ ਸਾਰੇ ਮਸੀਹੀਆਂ ਨੂੰ ਬੁੱਧੀਮਾਨ ਨਹੀਂ ਮੰਨਦੇ ਹਨ। ਪਵਿੱਤਰ ਆਤਮਾ ਦੇ ਅਨੁਸਾਰ ਚੱਲਣ ਦਾ ਅਰਥ ਪਵਿੱਤਰ ਆਤਮਾ ਦੇ ਮਿਆਰਾਂ ਦੇ ਅਧੀਨ ਰਹਿਣਾ ਹੈ। ਪਵਿੱਤਰ ਆਤਮਾ ਦੇ ਮਿਆਰ ਕੀ ਹਨ? ਇਸ ਨੂੰ ਜ਼ਰੂਰਤ ਤੋਂ ਜ਼ਿਆਦਾ ਗੁੰਝਲਦਾਰ ਬਣਾਉਣ ਦੀ ਲੋੜ ਨਹੀਂ ਹੈ। ਵਚਨ ਸਾਨੂੰ ਉਹ ਮਿਆਰ ਦਿੰਦਾ ਹੈ ਜਿਸ ਅਨੁਸਾਰ ਪਰਮੇਸ਼ਰ ਚਾਹੁੰਦੇ ਹਨ ਕਿ ਵਿਸ਼ਵਾਸੀ ਆਪਣੇ ਜੀਵਨ ਨੂੰ ਬਤੀਤ ਕਰਨ। **ਸਾਰੇ ਵਿਸ਼ਵਾਸੀ ਇਸ ਅਰਥ ਵਿੱਚ ਹਰ ਸਮੇਂ ਆਤਮਾ ਦੇ ਪਿੱਛੇ ਜਾਂ ਉਸ ਅਨੁਸਾਰ ਚਲਦੇ ਹਨ** ਕਿਉਂਕਿ ਪਰਮੇਸ਼ਰ ਦਾ ਵਚਨ ਹਮੇਸ਼ਾਂ ਸਾਡੇ ਕੰਮਾਂ ਲਈ ਮਿਆਰ ਹੁੰਦਾ ਹੈ।[21]

[21] ਗਲਾਤੀ 5:18 ਇਹ ਸਿਖਾਉਂਦਾ ਹੈ ਕਿ ਇਸ ਅਰਥ ਵਿੱਚ **ਸਾਰੇ ਵਿਸ਼ਵਾਸੀ ਆਤਮਾ ਦੀ ਅਗਵਾਈ ਹੇਠ ਚੱਲਦੇ ਹਨ** ਕਿ ਹੁਣ ਕੋਈ ਵਿਸ਼ਵਾਸੀ ਅਪਣਾ ਜੀਵਨ ਬਤੀਤ ਕਰਨ ਲਈ ਬਿਵਸਥਾ ਦੇ ਮਿਆਰ ਅਧੀਨ ਨਹੀਂ ਹੈ ("ਜੇਕਰ ਤੁਸੀਂ ਆਤਮਾ ਦੀ ਅਗਵਾਈ ਹੇਠ ਚੱਲਦੇ ਹੋ ਤਾਂ ਤੁਸੀਂ ਬਿਵਸਥਾ ਦੇ ਅਧੀਨ ਨਹੀਂ ਹੋ")। ਆਪਣੇ ਸੰਦਰਭ ਵਿੱਚ, ਰੋਮੀ 8:14 ਸਿਖਾਉਂਦਾ ਹੈ ਕਿ **ਸਾਰੇ ਵਿਸ਼ਵਾਸੀ ਪਰਮੇਸ਼ਰ ਦੇ ਆਤਮਾ ਦੀ ਅਗਵਾਈ ਹੇਠ ਚੱਲਦੇ ਹਨ।** ਇਹ ਕਹਿ ਰਿਹਾ ਹੈ ਕਿ ਜਿਹੜੇ ਆਤਮਾ ਦੀ ਅਗਵਾਈ ਹੇਠ ਚੱਲਦੇ ਹਨ, ਉਹ ਪਰਮੇਸ਼ਰ ਦੀ ਸੰਤਾਨ ਹਨ। ਫਿਰ ਅਗਲੀਆਂ ਕੁਝ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਸਾਰੇ ਵਿਸ਼ਵਾਸੀ ਪਰਮੇਸ਼ਰ ਦੀ ਸੰਤਾਨ ਹਨ। ਆਤਮਾ ਇੱਕ ਸਥਿਤੀ ਵਿੱਚ ਹਰ ਸਮੇਂ ਸਾਡਾ ਆਗੂ ਹੁੰਦਾ ਹੈ (ਮੁੱਖ ਤੌਰ ਤੇ ਉਸ ਦੇ ਲਿਖਤੀ ਵਚਨ ਦੁਆਰਾ), ਭਾਵੇਂ ਅਸੀਂ ਹਮੇਸ਼ਾ ਉਸ ਦੇ ਮਗਰ ਨਹੀਂ ਚੱਲਦੇ ਹਾਂ। ਰੋਮੀ 8 ਇੱਕ ਵਿਸ਼ਵਾਸੀ ਜੋ "ਆਤਮਾ ਅਨੁਸਾਰ ਚੱਲਦਾ ਹੈ" ਅਤੇ ਜੋ ਧਾਰਮਿਕਤਾ ਦੇ ਕੰਮ ਕਰਨ ਦੀ ਯੋਗਤਾ ਰੱਖਦਾ ਹੈ, ਦੀ ਸਥਿਤੀ ਦੀ ਤੁਲਨਾ ਉਸ ਅਵਿਸ਼ਵਾਸੀ ਦੀ ਸਥਿਤੀ ਨਾਲ ਕਰ ਰਿਹਾ ਹੈ ਜੋ "ਸਰੀਰ ਅਨੁਸਾਰ ਚੱਲਦਾ ਹੈ" ਅਤੇ ਜੋ ਧਾਰਮਿਕਤਾ ਦੇ ਕੰਮ ਕਰਨ ਦੇ ਯੋਗ ਨਹੀਂ ਹੈ। ਇਸ ਆਮ ਵਿਚਾਰ ਦੇ ਬਾਵਜੂਦ ਕਿ ਰੋਮੀ 8 ਹਰੇਕ ਵਿਸ਼ਵਾਸੀ ਦੇ ਅੰਦਰ ਹੋਣ ਵਾਲੇ ਸੰਘਰਸ਼ ਦੀ ਤੁਲਨਾ ਕਰਦਾ ਹੈ (ਇਹ ਸੰਘਰਸ਼ ਗਲਾਤੀ 5 ਵਿੱਚ ਸਿਖਾਇਆ ਗਿਆ ਹੈ), ਪਰ ਰੋਮੀ 8:9a ਵਿੱਚ ਪੌਲੁਸ ਦੇ ਸ਼ਬਦ ਇਹ ਦਰਸਾਉਂਦੇ ਹਨ ਕਿ ਉਹ ਚਾਹੁੰਦਾ ਹੈ ਕਿ ਵਾਕਾਂਸ਼ "ਸਰੀਰ ਵਿੱਚ" ਦੀ ਵਿਆਖਿਆ ਪਵਿੱਤਰ ਆਤਮਾ ਤੋਂ ਰਹਿਤ ਵਿਅਕਤੀ (ਅਵਿਸ਼ਵਾਸੀ) ਦੇ ਰੂਪ ਵਿੱਚ ਕੀਤੀ ਜਾਵੇ। ਇਸੇ ਤਰ੍ਹਾਂ, ਰੋਮੀ 8 ਦੇ ਸੰਦਰਭ ਵਿੱਚ ਵੀ ਸਾਰੇ ਵਿਸ਼ਵਾਸੀ "ਆਤਮਾ ਦੀ ਅਗਵਾਈ ਹੇਠ ਹਨ।" "...ਤੁਸੀਂ **ਸਰੀਰਕ ਨਹੀਂ ਹੋ**, ਤੁਸੀਂ ਤਾਂ ਆਤਮਿਕ ਹੋ, ਪਰ ਇਹ ਤਾਂ ਹੀ ਹੋ ਸਕਦਾ ਹੈ **ਜੇਕਰ ਪਰਮੇਸ਼ਰ ਦਾ ਆਤਮਾ ਸੱਚਮੁੱਚ ਤੁਹਾਡੇ ਵਿੱਚ ਵਾਸ ਕਰਦਾ ਹੈ**..." (ਰੋਮੀ 8:9a)। ਰੋਮੀ 8:9 ਵਿੱਚ "ਸਰੀਰ ਅਨੁਸਾਰ" ਅਤੇ "ਆਤਮਾ ਅਨੁਸਾਰ" ਲਈ ਪੌਲੁਸ ਦੀਆਂ ਪਰਿਭਾਸ਼ਾਵਾਂ ਤੋਂ ਇਹ ਸਮਝਣਾ ਵਧੀਆ ਹੋਵੇਗਾ ਕਿ ਰੋਮੀ 8:4 ਇੱਕ ਵਿਸ਼ਵਾਸੀ ਦੀ ਸਥਿਤੀ ਦਾ ਵਰਣਨ ਕਰ ਰਿਹਾ ਹੈ। **ਸਾਰੇ** ਵਿਸ਼ਵਾਸੀ ਇਸੇ ਅਰਥ ਨਾਲ ਹਰ ਸਮੇਂ "ਆਤਮਾ ਦੇ ਅਨੁਸਾਰ" ਚੱਲਦੇ ਹਨ, ਜਿਸ ਵਿੱਚ ਪਵਿੱਤਰ ਆਤਮਾ ਹਰ ਸਮੇਂ ਸਾਰੇ ਵਿਸ਼ਵਾਸੀਆਂ ਦੀ ਅਗਵਾਈ ਕਰਦਾ ਹੈ। ਸਾਡੇ ਕੰਮਾਂ ਦੇ ਲਈ ਬਿਵਸਥਾ ਨਹੀਂ, ਪਰ ਪਵਿੱਤਰ ਆਤਮਾ ਸਾਡਾ ਮਿਆਰ ਹੈ। ਇਸ ਲਈ, ਸਾਰੇ ਵਿਸ਼ਵਾਸੀ ਸਥਿਤੀ ਦੇ ਅਰਥਾਂ ਨਾਲ ਹਰ ਸਮੇਂ ਆਤਮਾ ਦੇ "ਅਨੁਸਾਰ" ਚੱਲਦੇ ਹਨ। ਪਵਿੱਤਰ ਆਤਮਾ ਨਿਰੰਤਰ ਵਚਨ ਵਿੱਚੋਂ ਸਾਨੂੰ ਹੁਕਮ ਦਿੰਦਾ ਅਤੇ ਸਾਡੀ ਅਗਵਾਈ ਕਰਦਾ ਹੈ। ਉਸ ਨੇ ਕਲੀਸਿਯਾ ਨੂੰ ਹੁਕਮ ਦਿੱਤੇ (ਜੋ ਮੂਸਾ ਦੀ ਬਿਵਸਥਾ ਪ੍ਰਣਾਲੀ ਨਹੀਂ ਹੈ)। ਹਾਲਾਂਕਿ ਸਾਰੇ ਵਿਸ਼ਵਾਸੀ ਨਿਰੰਤਰ ਆਤਮਾ ਦੇ "ਅਨੁਸਾਰ" ਚੱਲਦੇ ਹਨ, ਫਿਰ ਵੀ ਹਰੇਕ ਵਿਸ਼ਵਾਸੀ ਨੂੰ "ਆਤਮਾ ਅਨੁਸਾਰ ਚੱਲਣ" ਦੇ ਹੁਕਮ ਨੂੰ ਇਸ ਤਰ੍ਹਾਂ ਪੂਰਾ ਕਰਨਾ ਚਾਹੀਦਾ ਹੈ ਕਿ ਉਹ ਨਿਰੰਤਰ ਭਰੋਸੇ ਅਤੇ ਆਗਿਆਕਾਰੀ ਦੇ ਉਸ ਮਿਆਰ ਅਨੁਸਾਰ ਚੱਲੇ ਜਿਸ ਦੁਆਰਾ ਪਵਿੱਤਰ ਆਤਮਾ ਹਮੇਸ਼ਾ ਸਾਡੀ ਅਗਵਾਈ ਕਰਦਾ ਹੈ (ਗਲਾਤੀ 5:25)।

ਪਵਿੱਤਰ ਆਤਮਾ ਨਾਲ ਭਰਪੂਰ ਹੋਣਾ ਕਿਹਾ ਜਾਵੇ ਜਾਂ ਮਨ ਪਰਿਵਰਤਨ ਕਿਹਾ ਜਾਵੇ। ਪਵਿੱਤਰ ਆਤਮਾ ਪਰਮੇਸ਼ਰ ਦੇ ਵਚਨ ਦੀ ਵਰਤੋਂ ਕਰਦੇ ਹੋਏ, ਵਿਸ਼ਵਾਸੀਆਂ ਨੂੰ ਮਸੀਹ ਦੀ ਸਮਾਨਤਾ ਵਿੱਚ ਵਧਣ ਲਈ ਅਗਵਾਈ ਕਰਦਾ ਹੈ।

### iii. ਆਤਮਾ ਨੂੰ ਨਾ ਬੁਝਾਓ (1 ਥੱਸਲੁ 5:19)

> ਆਤਮਾ ਨੂੰ ਨਾ ਬੁਝਾਓ। ਭਵਿੱਖਬਾਣੀਆਂ ਨੂੰ ਤੁੱਛ ਨਾ ਜਾਣੋ। [1 ਥੱਸਲੁ 5:19-20]

ਪਵਿੱਤਰ ਆਤਮਾ ਨੂੰ ਨਾ ਬੁਝਾਉਣ ਦੇ ਹੁਕਮ ਦਾ ਅਧਿਐਨ ਅਗਲੀ ਆਇਤ ਨੂੰ ਜੋੜਕੇ ਕੀਤਾ ਜਾਣਾ ਚਾਹੀਦਾ ਹੈ ਜੋ ਭਵਿੱਖਬਾਣੀ ਨੂੰ ਨਜ਼ਰਅੰਦਾਜ਼ ਕਰਨ ਤੋਂ ਮਨ੍ਹਾ ਕਰਦੀ ਹੈ। ਇੱਕ ਵਿਸ਼ਵਾਸੀ ਦੇ ਦਿਲ ਵਿੱਚ ਪਵਿੱਤਰ ਆਤਮਾ ਦੁਆਰਾ ਕੀਤੀ ਗਈ ਪ੍ਰੇਰਨਾ ਅਤੇ ਪ੍ਰਭਾਵਾਂ ਦਾ ਵਿਸ਼ਾ ਪੰਨੇ **261-263** ਵਿੱਚ ਪਾਇਆ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੀਆਂ ਪ੍ਰੇਰਨਾਵਾਂ ਨੂੰ ਵੀ ਇਸ ਹੁਕਮ ਦੇ ਦਾਇਰੇ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਜਦੋਂ ਇੱਕ ਆਤਮਿਕ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਦੁਆਰਾ ਕੁਝ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ, ਤਾਂ ਉਸ ਨੂੰ ਆਗਿਆ ਮੰਨਣੀ ਚਾਹੀਦੀ ਹੈ।

ਇੱਕ ਸਰੀਰਕ ਵਿਸ਼ਵਾਸੀ ਇਸ ਉਲਝਣ ਵਿੱਚ ਹੋ ਸਕਦਾ ਹੈ ਕਿ ਉਹ ਸਰੀਰਕ ਇੱਛਾਵਾਂ ਨੂੰ ਪਵਿੱਤਰ ਆਤਮਾ ਦੁਆਰਾ ਇੱਕ ਨਿਰਦੇਸ਼ ਮੰਨ ਸਕਦਾ ਹੈ। ਪਵਿੱਤਰ ਆਤਮਾ ਦੀ ਸਿੱਖਿਆ ਦਾ ਮੁੱਖ ਸਾਧਨ ਬਾਈਬਲ ਹੈ। ਜਿਹੜੇ ਲੋਕ ਪਵਿੱਤਰ ਆਤਮਾ ਦੇ ਲਿਖਤੀ ਵਚਨ ਦੀ ਪਾਲਣਾ ਕਰਨ ਦਾ ਅਭਿਆਸ ਕਰਦੇ ਹਨ, ਸਿਰਫ਼ ਉਹੀ ਲੋਕ ਪਵਿੱਤਰ ਆਤਮਾ ਦੀ ਪ੍ਰੇਰਨਾ ਨੂੰ ਸਰੀਰਕ ਭਾਵਨਾ ਤੋਂ ਵੱਖ ਕਰਨਾ ਸਿੱਖਣਗੇ। ਪਵਿੱਤਰ ਆਤਮਾ ਦੇ ਅਗਵਾਈ ਕਰਨ ਦਾ ਮੁੱਖ ਤਰੀਕਾ ਪਰਮੇਸ਼ਰ ਦਾ ਵਚਨ ਹੈ। ਹਾਲਾਂਕਿ ਅੱਜ ਕੋਈ ਨਬੀ ਨਹੀਂ ਹੈ, ਤਾਂ ਇੱਕ ਵਿਸ਼ਵਾਸੀ ਜਦੋਂ ਵੀ ਪਰਮੇਸ਼ਰ ਦੇ ਵਚਨ ਦੀ ਉਲੰਘਣਾ ਕਰਦਾ ਹੈ ਤਾਂ ਉਹ ਭਵਿੱਖਬਾਣੀ ਨੂੰ ਤੁੱਛ ਜਾਣਦਾ ਹੈ। ਇੱਕ ਆਧੁਨਿਕ ਵਿਸ਼ਵਾਸੀ ਦਾ ਪਵਿੱਤਰ ਆਤਮਾ ਨੂੰ ਬੁਝਾਉਣ ਦਾ ਮੁੱਖ ਤਰੀਕਾ ਪਵਿੱਤਰ ਆਤਮਾ ਦੁਆਰਾ ਦਿੱਤੇ ਗਏ ਆਦੇਸ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਨਜ਼ਰਅੰਦਾਜ਼ ਕਰਨਾ ਹੈ। ਪਵਿੱਤਰ ਆਤਮਾ ਵਿਸ਼ਵਾਸੀਆਂ ਦੀ ਅਗਵਾਈ ਕਰਨ ਅਤੇ ਉਹਨਾਂ ਨੂੰ ਬਦਲਣ ਲਈ ਆਪਣੇ ਵਚਨ ਦੀ ਵਰਤੋਂ ਕਰਦਾ ਹੈ। ਜਿਹੜੇ ਲੋਕ ਇਸ ਲਿਖੀ "ਭਵਿੱਖਬਾਣੀ" ਨੂੰ ਤੁੱਛ ਜਾਣਦੇ ਹਨ, ਉਹ ਆਤਮਾ ਨੂੰ ਬੁਝਾਉਂਦੇ ਹਨ।

### iv. ਆਤਮਾ ਨੂੰ ਦੁਖੀ ਨਾ ਕਰੋ (ਅਫ਼ਸੀ 4:30)

> ਪਰਮੇਸ਼ਰ ਦੇ **ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ** ਜਿਸ ਨਾਲ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਦੀ ਮੋਹਰ ਲਾਈ ਗਈ ਹੈ [ਅਫ਼ਸੀ 4:30]

ਪੌਲੁਸ ਨੂੰ ਇਹ ਲੱਗਦਾ ਹੈ ਕਿ ਉਸ ਦੇ ਪਾਠਕ ਉਹਨਾਂ ਵਿਵਹਾਰਾਂ ਨੂੰ ਜਾਣ ਲੈਣਗੇ ਜੋ ਪਵਿੱਤਰ ਆਤਮਾ ਨੂੰ ਦੁੱਖ ਪਹੁੰਚਾਉਂਦੇ ਹਨ। ਇਹ ਸਿੱਟਾ ਕੱਢਣਾ ਮੁਸ਼ਕਲ ਨਹੀਂ ਹੈ ਕਿ ਪਵਿੱਤਰ ਆਤਮਾ ਨੂੰ ਦੁੱਖ ਪਹੁੰਚਾਉਣ ਦਾ ਪਹਿਲਾਂ ਤਰੀਕਾ ਉਸ ਦੁਆਰਾ ਦਿੱਤੇ ਗਏ ਪਵਿੱਤਰ ਗ੍ਰੰਥ ਦੀ ਉਲੰਘਣਾ ਕਰਨਾ ਹੈ। ਜਿਹੜੇ ਮਸੀਹੀ ਲੋਕ ਪਰਮੇਸ਼ਰ ਦੇ ਲਿਖਤੀ ਵਚਨ ਦੀ ਪਾਲਣਾ ਕਰਦੇ ਹਨ, ਉਹ ਪਵਿੱਤਰ ਆਤਮਾ ਨੂੰ ਪ੍ਰਸੰਨ ਕਰਨਗੇ।

### v. ਆਤਮਾ ਦੇ ਨਿਯੰਤਰਨ ਵਾਲੇ ਜੀਵਨ ਦੇ ਨਤੀਜੇ: ਆਤਮਾ ਦਾ ਫਲ

> ਪਰ ਪਵਿੱਤਰ ਆਤਮਾ ਦਾ ਫਲ ਹੈ, ਪਿਆਰ, ਅਨੰਦ, ਸ਼ਾਂਤੀ, ਧੀਰਜ, ਦਇਆ, ਭਲਾਈ, ਵਫ਼ਾਦਾਰੀ, ਨਿਮਰਤਾ ਅਤੇ ਸੰਜਮ। ਅਜਿਹੀਆਂ ਗੱਲਾਂ ਦੇ ਵਿਰੁੱਧ ਕੋਈ ਵਿਵਸਥਾ ਨਹੀਂ ਹੈ। [ਗਲਾਤੀ 5:22-23]

ਇੱਕ ਵਿਸ਼ਵਾਸੀ ਜੋ ਪਵਿੱਤਰ ਆਤਮਾ ਦੀ ਅਗਵਾਈ ਅਨੁਸਾਰ (ਅਰਥਾਤ, ਪਵਿੱਤਰ ਆਤਮਾ ਦੁਆਰਾ ਲਿਖੇ ਹੋਏ ਵਚਨ ਅਨੁਸਾਰ) ਚੱਲਦਾ ਹੈ, ਉਹ ਗਲਾਤੀ 5:22-23 ਵਿੱਚ ਦਿੱਤੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਦਰਸ਼ਿਤ ਕਰੇਗਾ। ਹਰੇਕ ਵਿਅਕਤੀ ਜੋ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦੀ "ਭਾਵਨਾ" ਵਿੱਚ ਦਿਲਚਸਪੀ ਰੱਖਦਾ ਹੈ, ਉਹ ਧਿਆਨ ਦੇਵੇ ਕਿ ਪਵਿੱਤਰ ਆਤਮਾ "ਪਿਆਰ, ਅਨੰਦ, ਸ਼ਾਂਤੀ, ਧੀਰਜ, ਦਇਆ, ਭਲਾਈ, ਵਫ਼ਾਦਾਰੀ, ਨਿਮਰਤਾ ਅਤੇ ਸੰਜਮ" ਨੂੰ ਪੈਦਾ ਕਰਦਾ ਹੈ। ਇਹ ਗੁਣ ਮਸੀਹ ਦੇ ਸਰੂਪ ਦੀ ਉਦਾਹਰਣ ਦਿੰਦੇ ਹਨ ਅਤੇ ਉਹ ਅਨੁਭਵ ਹਨ ਜੋ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਪੈਦਾ ਕਰਨਾ ਚਾਹੁੰਦਾ ਹੈ। ਜਿਹੜੇ ਲੋਕ ਮਸੀਹ ਦੇ ਸਰੂਪ ਦਾ ਅਨੁਭਵ ਕਰਨ ਦੇ ਵਿਸ਼ੇਸ਼ ਮੌਕੇ ਨੂੰ ਤੁੱਛ ਜਾਣਦੇ ਹਨ ਅਤੇ ਪਵਿੱਤਰ ਆਤਮਾ ਦੇ ਹੋਰ ਤਰ੍ਹਾਂ ਅਨੁਭਵਾਂ ਦੀ ਮੰਗ ਕਰਦੇ ਹਨ, ਉਹ ਗ਼ਲਤ ਚੋਣ ਕਰ ਰਹੇ ਹਨ। ਜਿਹੜੇ ਲੋਕ ਮਸੀਹ ਦੇ ਸਰੂਪ (ਆਤਮਾ ਦਾ ਫਲ) ਤੋਂ ਅਸੰਤੁਸ਼ਟ ਹਨ, ਉਹ ਲਾਜ਼ਮੀ ਤੌਰ ਤੇ ਕਿਸੇ ਹੋਰ "ਆਤਮਿਕ ਅਨੁਭਵ" ਤੋਂ ਵੀ ਅਸੰਤੁਸ਼ਟ ਹੋਣਗੇ। ਪਵਿੱਤਰ ਆਤਮਾ ਇੱਕ ਵਿਸ਼ਵਾਸੀ ਵਿੱਚ ਮਸੀਹ ਦੇ ਸਰੂਪ ਨੂੰ ਪੈਦਾ ਕਰਨਾ ਚਾਹੁੰਦਾ ਹੈ। ਇਹ ਸੱਚੀ ਆਤਮਿਕਤਾ ਹੈ, ਅਤੇ ਮਸੀਹ ਦੇ ਸਰੂਪ ਤੋਂ ਬਿਨਾਂ ਕੋਈ ਆਤਮਿਕਤਾ ਨਹੀਂ ਹੁੰਦੀ ਹੈ, ਫਿਰ ਭਾਵੇਂ ਕਿੰਨੇ ਵੀ ਰਹੱਸਮਈ ਜਾਂ ਉਤੇਜਨਾ ਭਰੇ ਅਨੁਭਵਾਂ ਦੇ ਦਾਅਵੇ ਕਿਉਂ ਨਾ ਕੀਤੇ ਜਾਣ। "ਆਤਮਾ ਨਾਲ ਭਰਪੂਰ ਹੋਣ" ਦੀ ਮੁੱਖ ਭਾਵਨਾ ਪਵਿੱਤਰ ਆਤਮਾ ਦਾ ਫਲ ਹੈ। ਅਸੀਂ ਇਸ ਵਿੱਚ ਇਹ ਵੀ ਜੋੜ ਸਕਦੇ ਹਾਂ ਕਿ ਆਤਮਾ ਨਾਲ ਭਰਪੂਰ ਹੋਣਾ ਪਵਿੱਤਰ ਆਤਮਾ ਦੀ ਮੌਜੂਦਗੀ ਦਾ ਉਹ ਅਹਿਸਾਸ ਹੁੰਦਾ ਹੈ ਜਿਸ ਵਿੱਚ ਉਹ ਪਰਮੇਸ਼ਰ ਦੇ ਵਚਨ ਦੀ ਪਾਲਣਾ ਕਰਨ ਲਈ ਸ਼ਕਤੀ ਵਜੋਂ (ਇਹ ਅਦਭੁੱਤ ਕਰਨਾਮੇ ਕਰਨ ਦੀ

ਸ਼ਕਤੀ ਨਹੀਂ ਹੈ) ਸਾਡੇ ਅੰਦਰ ਵਾਸ ਕਰਦਾ ਹੈ ਅਤੇ ਇਸ ਦੇ ਨਾਲ ਆਤਮਾ ਦੇ ਫਲ ਦਾ ਹੋਣਾ ਵਿਸ਼ਵਾਸੀ ਲਈ ਆਤਮਾ ਵਿੱਚ ਭਰਪੂਰ ਹੋਣ ਦਾ ਅਨੁਭਵ ਹੈ। ਪਵਿੱਤਰ ਆਤਮਾ ਦੁਆਰਾ ਦਿੱਤੀਆਂ ਜਾਣ ਵਾਲੀਆਂ ਅਸਲੀ ਬਰਕਤਾਂ ਵਿੱਚ ਕੁਝ ਵੀ ਗ਼ਲਤ ਜਾਂ ਘਟੀਆ ਨਹੀਂ ਹੁੰਦਾ ਹੈ। ਮਸੀਹ ਦੇ ਸਰੂਪ ਵਿੱਚ ਹੋਣ ਬਾਰੇ ਕੀ ਕੁਝ ਘਟੀਆ ਹੋ ਸਕਦਾ ਹੈ?

### (c) ਆਤਮਾ ਵਿੱਚ ਭਰਪੂਰ ਹੋਣ ਬਾਰੇ ਸਾਰ ਅਤੇ ਸਿੱਟੇ

ਹਾਲਾਂਕਿ ਸ਼ਬਦ ਵੱਖਰੇ ਹਨ, ਪਰ ਪੇਸ਼ ਕੀਤੇ ਗਏ ਵਿਚਾਰ ਦਰਸਾਉਂਦੇ ਹਨ ਕਿ ਬਾਈਬਲ ਵਿੱਚ ਸ਼ੁੱਧੀਕਰਨ ਦੀ ਸਿਰਫ਼ ਇੱਕ ਹੀ ਪ੍ਰਕਿਰਿਆ ਹੈ। ਭਾਵੇਂ ਇਸ ਨੂੰ "ਨਵੇਂ ਜਨਮ" ਜਾਂ "ਆਤਮਾ ਨਾਲ ਭਰਪੂਰ ਹੋਣ" ਦੇ ਸ਼ਬਦਾਂ ਦੁਆਰਾ ਸਿਖਾਇਆ ਜਾਂਦਾ ਹੈ, ਪਰ ਪ੍ਰਕਿਰਿਆ ਇੱਕੋ ਜਿਹੀ ਹੈ। ਪਵਿੱਤਰ ਆਤਮਾ ਦੇ ਵੱਲੋਂ ਪਰਮੇਸ਼ਰ ਦੇ ਵਚਨ (ਆਤਮਾ ਦੀ ਤਲਵਾਰ) ਦੀ ਵਰਤੋਂ ਕਰਕੇ ਵਿਕਾਸ ਕੀਤਾ ਜਾਂਦਾ ਹੈ। ਇੱਕ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਤੋਂ ਭਰੋਸੇਯੋਗ ਅਗਵਾਈ ਲਈ ਆਤਮਾ ਦੇ ਵਚਨ ਉੱਤੇ ਸਰਗਰਮ ਨਿਰਭਰਤਾ ਵਿੱਚ ਰਹਿਣਾ ਹੋਵੇਗਾ। ਉਹ ਇਸ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਇਸ ਦੇ ਨਾਲ ਹੀ, ਉਸ ਨੂੰ ਆਗਿਆ ਮੰਨਣ ਲਈ ਲੋੜੀਂਦੀ ਤਾਕਤ ਪਾਉਣ ਲਈ ਪਵਿੱਤਰ ਆਤਮਾ ਦੀ ਸ਼ਕਤੀ ਉੱਤੇ ਨਿਰਭਰ ਰਹਿਣਾ ਹੋਵੇਗਾ। ਇਸ ਪ੍ਰਕਿਰਿਆ ਦੇ ਨਤੀਜਿਆਂ ਨੂੰ ਮਨ ਪਰਿਵਰਤਨ ਜਾਂ ਆਤਮਾ ਦਾ ਫਲ ਕਿਹਾ ਜਾ ਸਕਦਾ ਹੈ। ਭਾਵੇਂ ਇਸ ਦੇ ਲਈ ਕਿਸੇ ਵੀ ਸ਼ਬਦਾਵਲੀ ਨੂੰ ਵਰਤਿਆ ਜਾਵੇ, ਪਰ ਇਸ ਦਾ ਟੀਚਾ ਮਸੀਹ ਵਰਗੇ ਬਣਨਾ ਹੈ।

ਆਤਮਾ ਨਾਲ ਭਰਪੂਰ ਹੋਣ (ਆਤਮਾ ਦੇ ਨਿਯੰਤਰਨ ਵਿੱਚ ਆਉਣ) ਨੂੰ ਇਸ ਤਰ੍ਹਾਂ ਦੇਖਣਾ ਜ਼ਿਆਦਾ ਵਧੀਆ ਹੈ ਕਿ ਇਹ ਇੱਕ ਸੰਕਟ ਦੇ ਸਮੇਂ ਦਾ ਅਨੁਭਵ ਦੀ ਬਜਾਏ, ਇੱਕ ਲੰਬੇ ਸਮੇਂ ਦੀ ਚੱਲ ਰਹੀ ਪ੍ਰਕਿਰਿਆ ਹੈ। ਪਰਮੇਸ਼ਰ ਦੇ ਵਚਨ (ਜੋ ਆਤਮਾ ਦੁਆਰਾ ਲਿਖਿਆ ਗਿਆ ਹੈ) ਦੀ ਪਾਲਣਾ ਕਰਨ ਵਾਲਾ ਵਿਸ਼ਵਾਸੀ ਪਵਿੱਤਰ ਆਤਮਾ ਦੁਆਰਾ ਚਲਾਇਆ ਜਾਂਦਾ ਹੈ। ਇੱਕ ਵਿਸ਼ਵਾਸੀ ਜੋ ਬਾਈਬਲ ਦੇ ਕਿਸੇ ਸਿਧਾਂਤ ਦੀ ਉਲੰਘਣਾ ਕਰਦਾ ਹੈ, ਉਹ ਪਵਿੱਤਰ ਆਤਮਾ ਦੁਆਰਾ ਨਹੀਂ ਚਲਾਇਆ ਜਾਂਦਾ ਹੈ। ਪਾਪ ਦਾ ਇਕਰਾਰ ਕਰਨਾ ਉਹ ਤਰੀਕਾ ਹੈ ਜੋ ਇੱਕ ਜੀਵਨ ਵਿੱਚ ਪਵਿੱਤਰ ਆਤਮਾ ਦੇ ਨਿਯੰਤਰਨ ਨੂੰ ਮੁੜ ਸਥਾਪਿਤ ਕਰਦਾ ਹੈ (ਦੇਖੋ, 1 ਯੂਹੰਨਾ 1:9)।[22] ਨਿਯੰਤਰਨ ਦੀ ਪ੍ਰਕਿਰਿਆ ਵਿੱਚ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ ਸ਼ਾਮਲ ਹੁੰਦਾ ਹੈ, ਅਤੇ ਇਹ ਜ਼ਰੂਰੀ ਨਹੀਂ ਹੈ ਕਿ ਇਸ ਵਿੱਚ ਸੰਕਟ ਵਾਲੇ ਅਨੁਭਵ ਜਾਂ ਜ਼ਿਆਦਾ ਭਾਵਨਾਤਕ ਸਥਿਤੀਆਂ ਵੀ ਸ਼ਾਮਲ ਹੋਣ। ਜੇਕਰ ਕਾਰ ਦਾ ਗੇਅਰ ਨਹੀਂ ਪਾਇਆ ਹੁੰਦਾ ਹੈ, ਤਾਂ ਉਸ ਨੂੰ ਅੱਗੇ ਵਧਾਉਣ ਲਈ ਗੇਅਰ ਪਾਉਣਾ ਪੈਂਦਾ ਹੈ। ਇਸ ਵਿੱਚ ਕੁਝ ਨਾਟਕੀ ਹੋਣ ਦੀ ਲੋੜ ਨਹੀਂ ਹੈ।

ਇਹ ਕਹਿੰਦੇ ਹੋਏ, ਇਹ ਮੰਨਿਆ ਜਾ ਸਕਦਾ ਹੈ ਕਿ ਸੰਕਟ ਇੱਕ ਵਿਸ਼ਵਾਸੀ ਵਿੱਚ ਪਵਿੱਤਰ ਆਤਮਾ ਦੇ ਵਚਨ ਦੇ ਫਿਰ ਤੋਂ ਅਧੀਨ ਹੋਣ ਦੀ ਸ਼ੁਰੂਆਤੀ ਇੱਛਾ ਪੈਦਾ ਕਰ ਸਕਦਾ ਹੈ।[23] ਇਸ ਤੋਂ ਇਲਾਵਾ, ਜੇਕਰ ਵਿਦਰੋਹ ਦਾ ਸਮਾਂ ਲੰਬਾ ਹੁੰਦਾ ਹੈ, ਤਾਂ ਇਕਰਾਰ ਅਤੇ ਬਹਾਲੀ ਦੀ ਸਥਿਤੀ ਵਿੱਚ ਪਹੁੰਚਣ ਦੇ ਲਈ ਇੱਕ ਹੈਰਾਨੀਜਨਕ ਅਨੁਭਵ ਦੀ ਲੋੜ ਪੈ ਸਕਦੀ ਹੈ। ਪਰ, ਜੇਕਰ ਹਰੇਕ ਇਕਰਾਰ ਦੇ ਲਈ ਇੱਕ ਸੰਕਟ ਵਿੱਚੋਂ ਨਿਕਲਣਾ ਜ਼ਰੂਰੀ ਹੈ, ਤਾਂ ਪੂਰਾ ਜੀਵਨ ਇੱਕ ਸੰਕਟ ਬਣ ਜਾਵੇਗਾ, ਕਿਉਂਕਿ ਪਾਪ ਦਾ ਇਕਰਾਰ ਰੋਜ਼ਾਨਾ ਹੋਣਾ ਚਾਹੀਦਾ ਹੈ। ਇੱਕ ਆਮ ਅਨੁਭਵ ਇਹ ਹੈ ਕਿ ਪਵਿੱਤਰ ਆਤਮਾ ਦਾ ਨਿਯੰਤਰਨ ਸਿਰਫ਼ ਇਕਰਾਰ ਨਾਲ ਇੱਕ ਸਧਾਰਨ ਅਤੇ ਰੋਜ਼ਾਨਾ ਦੇ ਕੰਮ ਦੀ ਤਰ੍ਹਾਂ ਹੋ ਜਾਂਦਾ ਹੈ। ਜਦੋਂ ਵਚਨ ਪ੍ਰਤੀ ਅਧੀਨਗੀ ਮੁੜ ਸਥਾਪਿਤ ਹੁੰਦੀ ਹੈ, ਤਾਂ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ ਵੀ ਸ਼ੁਰੂ ਹੋ ਜਾਂਦਾ ਹੈ।

ਇੱਕ ਵਿਸ਼ਵਾਸੀ ਨੂੰ ਪਵਿੱਤਰ ਆਤਮਾ ਨਾਲ ਫਿਰ ਤੋਂ ਭਰਪੂਰ ਹੋਣ ਨੂੰ ਸਾਬਤ ਕਰਨ ਲਈ ਕਿਸੇ ਨਾਟਕੀ ਅਨੁਭਵ ਦੇ “ਸੰਕੇਤ” ਦੀ ਉਮੀਦ ਨਹੀਂ ਕਰਨੀ ਚਾਹੀਦੀ ਹੈ। ਇੱਕ ਵਾਰ ਜਦੋਂ ਪਾਪ ਦਾ ਇਕਰਾਰ ਹੋ ਜਾਂਦਾ ਹੈ ਅਤੇ ਇੱਕ ਵਿਸ਼ਵਾਸੀ ਫਿਰ ਤੋਂ ਵਚਨ ਦੁਆਰਾ ਪਵਿੱਤਰ ਆਤਮਾ ਦੀ ਅਗਵਾਈ ਦੇ ਅਧੀਨ ਹੋ ਜਾਂਦਾ ਹੈ, ਤਾਂ ਭਾਵੇਂ ਇਸ ਨਾਲ ਕੋਈ ਵੀ ਭਾਵਨਾਵਾਂ ਜਾਂ ਅਨੁਭਵ ਜੁੜੇ ਹੋਣ, ਉਹ ਨਿਸ਼ਚਿਤ ਤੌਰ ਤੇ “ਭਰਪੂਰ” ਹੁੰਦਾ ਹੈ। ਜੇਕਰ ਇੱਕ ਅਣਜਾਣ ਵਿਸ਼ਵਾਸੀ ਇਕਰਾਰ ਕਰਨ ਤੋਂ ਬਾਅਦ ਵੀ ਆਤਮਾ ਨਾਲ ਭਰਪੂਰ ਹੋਣ ਲਈ ਪ੍ਰਾਰਥਨਾ ਕਰਦਾ ਹੈ, ਤਾਂ ਉਹ ਸ਼ਾਇਦ ਪਰਮੇਸ਼ਰ ਦਾ ਅਪਮਾਨ ਕਰ ਰਿਹਾ ਹੁੰਦਾ ਹੈ। ਇਹ ਉਸ ਤੰਗ ਕਰਨ ਵਾਲੇ ਅਨੁਭਵ ਦੇ ਸਮਾਨ ਹੈ ਜੋ ਇੱਕ ਮਾਤਾ-ਪਿਤਾ ਨਾਲ ਹੋ ਸਕਦਾ ਹੈ ਜਦੋਂ ਇੱਕ ਬੱਚਾ ਮਿਠਆਈ ਲਈ ਰੋਂਦਾ ਹੈ ਹਾਲਾਂਕਿ ਉਹ ਪਹਿਲਾਂ ਹੀ ਉਸ ਦੇ ਸਾਹਮਣੇ ਰੱਖੀ ਗਈ ਹੈ। ਜੇਕਰ ਪਾਪ ਦਾ ਇਕਰਾਰ ਅਤੇ ਬਾਈਬਲ ਦੇ ਦੁਆਰਾ ਪਵਿੱਤਰ ਆਤਮਾ ਦੇ ਨਿਯੰਤਰਨ ਨੂੰ ਦੁਬਾਰਾ ਤੋਂ ਸਥਾਪਿਤ ਕਰ ਦਿੱਤਾ ਗਿਆ ਹੈ, ਤਾਂ ਆਤਮਾ ਦਾ ਨਿਯੰਤਰਨ ਜਾਂ

[22] ਆਤਮਾ ਨਾਲ ਭਰਪੂਰ ਹੋਣਾ ਜਾਣੇ-ਪਛਾਣੇ ਪਾਪ ਦੇ ਇਕਰਾਰ ਅਤੇ ਜੀਵਨ ਲਈ ਸੱਚਾਈ ਦੇ ਸਰੋਤ ਦੇ ਰੂਪ ਵਿੱਚ ਬਾਈਬਲ ਉੱਤੇ ਨਿਰਭਰਤਾ ਤੇ ਆਧਾਰਿਤ ਹੈ। ਆਤਮਾ ਨਾਲ ਭਰਪੂਰ ਹੋਣਾ (ਨਿਯੰਤਰਨ) ਪਵਿੱਤਰ ਆਤਮਾ ਦੇ ਵਚਨ ਦੀ ਉਲੰਘਣਾ ਕਰਨ ਅਤੇ ਇਸ ਨੂੰ ਪਾਪ ਦੇ ਰੂਪ ਵਿੱਚ ਨਾ ਮੰਨਣ ਦੁਆਰਾ ਪਵਿੱਤਰ ਆਤਮਾ ਨੂੰ ਬੁਝਾਉਣ ਜਾਂ ਦੁਖੀ ਕਰਨ ਦੇ ਅਨੁਕੂਲ ਨਹੀਂ ਹੈ।

[23] ਜੀਵਨ ਵਿੱਚ ਇੱਕ ਵੱਡੇ ਮੋੜ ਦਾ ਵਿਚਾਰ ਜੋ ਪਰਮੇਸ਼ਰ ਪ੍ਰਤੀ ਅਧੀਨਗੀ ਅਤੇ ਸਮਰਪਨ ਵੱਲ ਲੈ ਜਾਂਦਾ ਹੈ, ਉਹ ਬਾਈਬਲ ਆਧਾਰਿਤ ਹੈ (ਰੋਮੀ 6:11ff., ਰੋਮੀ 12:1-2)। ਇਸ ਮੋੜ ਤੇ ਪਹੁੰਚਣਾ ਕਿਸੇ ਸੰਕਟ ਦੁਆਰਾ ਜਾਂ ਸੰਕਟ ਤੋਂ ਬਿਨਾਂ ਵੀ ਹੋ ਸਕਦਾ ਹੈ।

ਆਤਮਾ ਨਾਲ ਭਰਪੂਰ ਹੋਣਾ ਪਹਿਲਾਂ ਹੀ ਹੋ ਚੁੱਕਾ ਹੈ। ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਆਤਮਾ ਦੇ ਸਾਧਨ (ਜੋ ਪਰਮੇਸ਼ਰ ਦਾ ਵਚਨ ਹੈ) ਉੱਤੇ ਸਰਗਰਮ ਨਿਰਭਰਤਾ ਰਹੇਗੀ। ਇਸ ਬਿੰਦੂ ਤੇ, ਜੇਕਰ ਇੱਕ ਵਿਅਕਤੀ ਆਤਮਾ ਨਾਲ ਫਿਰ ਤੋਂ ਭਰਪੂਰ ਹੋਣ ਲਈ ਪ੍ਰਾਰਥਨਾ ਕਰ ਰਿਹਾ ਹੈ, ਤਾਂ ਉਹ ਇੱਕ ਅਜਿਹੀ ਵਸਤੂ ਮੰਗ ਰਿਹਾ ਹੈ ਜੋ ਪਰਮੇਸ਼ਰ ਨੇ ਉਸ ਨੂੰ ਪਹਿਲਾਂ ਹੀ ਦਿੱਤੀ ਹੈ।[24] ਇਹ ਇੱਕ ਅਜਿਹੀ ਗੱਲ ਹੈ ਕਿ ਇੱਕ ਵਿਸ਼ਵਾਸੀ ਵਾਰ-ਵਾਰ ਮੁਕਤੀ ਲਈ ਪ੍ਰਾਰਥਨਾ ਕਰਦਾ ਹੈ ਜਦੋਂ ਕਿ ਉਹ ਪਹਿਲਾਂ ਹੀ ਇਸ ਨੂੰ ਕੇਵਲ ਵਿਸ਼ਵਾਸ ਦੁਆਰਾ ਪ੍ਰਾਪਤ ਕਰ ਚੁੱਕਾ ਹੈ। ਇਹ ਦੋਵੇਂ ਪ੍ਰਾਰਥਨਾਵਾਂ ਪਰਮੇਸ਼ਰ ਨੂੰ ਦੁਖੀ ਕਰ ਸਕਦੀਆਂ ਹਨ, ਕਿਉਂਕਿ ਇਹ ਇਸ ਗੱਲ ਦਾ ਸੰਕੇਤ ਹੈ ਕਿ ਪਰਮੇਸ਼ਰ ਦੇ ਵਚਨ ਵਿੱਚ ਇੱਕ ਬੱਚੇ ਦੀ ਤਰ੍ਹਾਂ ਵਿਸ਼ਵਾਸ ਨਹੀਂ ਕੀਤਾ ਜਾ ਰਿਹਾ ਹੈ। ਉਹ ਲੋਕ ਜਿਹੜੇ ਵਚਨ ਰਾਹੀਂ ਪਵਿੱਤਰ ਆਤਮਾ ਦੇ ਨਿਯੰਤਰਨ ਵਿੱਚ ਹਨ, ਉਹ ਆਤਮਾ ਨਾਲ ਭਰਪੂਰ ਹਨ। ਆਤਮਾ ਨਾਲ ਭਰਪੂਰ ਹੋਣ ਤੋਂ ਬਾਅਦ ਲਗਾਤਾਰ ਸੰਕੇਤਾਂ ਦੀ ਮੰਗ ਕਰਦੇ ਰਹਿਣਾ ਇਹ ਪ੍ਰਗਟ ਕਰਦਾ ਹੈ ਕਿ ਇੱਕ ਵਿਅਕਤੀ ਅਸਲ ਵਿੱਚ ਇਹ ਵਿਸ਼ਵਾਸ ਹੀ ਨਹੀਂ ਕਰਦਾ ਹੈ ਕਿ ਪਰਮੇਸ਼ਰ ਦਾ ਵਚਨ ਇੱਕ ਮਾਰਗਦਰਸ਼ਨ ਵਜੋਂ ਕਾਫ਼ੀ ਨਹੀਂ ਹੈ। ਬਾਈਬਲ ਆਤਮਾ ਨਾਲ ਭਰਪੂਰ ਹੋਣ ਦੀ ਵਿਆਖਿਆ ਭਰਪੂਰੀ ਨਾਲ ਮਸੀਹ ਦੇ ਵਚਨ ਨਾਲ ਭਰੇ ਹੋਣ ਦੇ ਰੂਪ ਵਿੱਚ ਕਰਦੀ ਹੈ। ਪਰ, ਜਿਹੜੇ ਲੋਕ ਆਤਮਾ ਨਾਲ ਭਰਪੂਰ ਹੋਣ ਦੇ ਸਬੂਤ ਲਈ ਹੋਰ ਘਟਨਾਵਾਂ ਦੀ ਭਾਲ ਵਿੱਚ ਰਹਿੰਦੇ ਹਨ, ਉਹ ਇਹ ਦਰਸਾਉਂਦੇ ਹਨ ਕਿ ਜਿਵੇਂ ਉਹ ਵਿਸ਼ਵਾਸ ਕਰਦੇ ਹੀ ਨਹੀਂ ਹਨ। ਇਸ ਤੋਂ ਇਲਾਵਾ, ਉਹ ਆਪਣੀ ਊਰਜਾ ਨੂੰ ਉਸ ਚੀਜ਼ ਨੂੰ ਪ੍ਰਾਪਤ ਕਰਨ ਲਈ ਖ਼ਤਮ ਕਰ ਰਹੇ ਹਨ, ਜੋ ਪਹਿਲਾਂ ਹੀ ਉਹਨਾਂ ਕੋਲ ਹੈ ਅਤੇ ਇਸ ਤਰ੍ਹਾਂ ਉਹ ਉਹਨਾਂ ਗੱਲਾਂ ਤੋਂ ਭਟਕ ਜਾਂਦੇ ਹਨ ਜੋ ਪਰਮੇਸ਼ਰ ਅਸਲ ਵਿੱਚ ਉਹਨਾਂ ਦੇ ਜੀਵਨ ਵਿੱਚ ਕਰਨਾ ਚਾਹੁੰਦੇ ਹਨ। ਅਫ਼ਸੀ 5:18 ਵਿੱਚ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਨੂੰ ਇੱਕ ਵਾਰ-ਵਾਰ ਹੋਣ ਵਾਲੀ ਪ੍ਰਕਿਰਿਆ ਦੇ ਰੂਪ ਵਿੱਚ ਦੇਖਿਆ ਗਿਆ ਹੈ। ਜਦੋਂ ਇਸ ਨੂੰ ਪਰਮੇਸ਼ਰ ਦੇ ਵਚਨ (ਆਤਮਾ ਦੀ ਤਲਵਾਰ) ਦੁਆਰਾ ਆਤਮਾ ਦੇ ਨਿਯੰਤਰਨ ਦੇ ਰੂਪ ਵਿੱਚ ਲਿਆ ਜਾਂਦਾ ਹੈ, ਤਾਂ ਇਹ ਦੇਖਣਾ ਆਸਾਨ ਹੋ ਜਾਂਦਾ ਹੈ ਕਿ ਕਿਉਂ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ ਇੱਕ ਲਗਾਤਾਰ ਹੁੰਦੇ ਰਹਿਣ ਵਾਲੀ ਪ੍ਰਕਿਰਿਆ ਹੈ। ਇੱਕ ਵਿਸ਼ਵਾਸੀ ਨੂੰ ਵਾਰ-ਵਾਰ ਪਾਪ ਦੇ ਇਕਰਾਰ ਰਾਹੀਂ ਬਾਈਬਲ ਦੇ ਨਿਯੰਤਰਨ ਵਿੱਚ ਆਉਣਾ ਚਾਹੀਦਾ ਹੈ।

ਜੇਕਰ ਇੱਕ ਵਿਸ਼ਵਾਸੀ ਜਾਣ-ਬੁੱਝ ਕੇ ਆਤਮਾ ਨੂੰ ਬੁਝਾਉਣ ਜਾਂ ਦੁੱਖੀ ਕਰਨ ਦਾ ਕੰਮ ਨਹੀਂ ਕਰ ਰਿਹਾ ਹੈ (ਆਤਮਾ ਦੇ ਵਚਨ ਦੀ ਉਲੰਘਣਾ ਦੁਆਰਾ), ਅਤੇ ਜੇਕਰ ਇੱਕ ਵਿਸ਼ਵਾਸੀ ਆਤਮਾ ਦੁਆਰਾ (ਆਤਮਾ ਦੀ ਅਗਵਾਈ ਵਿੱਚ) ਚੱਲਦਾ ਹੈ, ਤਾਂ ਉਹ ਪਰਿਵਰਤਨ ਦੀ ਇੱਕ ਹੌਲੀ-ਹੌਲੀ ਵਾਲੀ ਪ੍ਰਕਿਰਿਆ ਵਿੱਚੋਂ ਲੰਘ ਰਿਹਾ ਹੈ। ਪਰਿਵਰਤਨ ਦੀ ਇਹ ਪ੍ਰਕਿਰਿਆ ਆਤਮਾ ਨਾਲ ਭਰਪੂਰ ਹੋਣਾ ਹੈ। ਇਹ ਪ੍ਰਾਰਥਨਾ ਦੇ ਆਧਾਰ ਉੱਤੇ ਨਹੀਂ ਬਲਕਿ ਅਧੀਨਤਾ ਦੇ ਆਧਾਰ ਉੱਤੇ ਹੁੰਦਾ ਹੈ। ਇਹ ਅਜਿਹੇ ਹਰੇਕ ਵਿਅਕਤੀ ਦੇ ਜੀਵਨ ਵਿੱਚ ਹੋ ਰਿਹਾ ਹੈ ਜੋ ਆਤਮਾ ਦੀ ਤਲਵਾਰ (ਪਰਮੇਸ਼ਰ ਦੇ ਵਚਨ) ਦੇ ਅਧੀਨ ਹੈ ਅਤੇ ਇਹ ਅਜੀਬ ਅਤੇ ਅਸਪੱਸ਼ਟ ਅਨੁਭਵਾਂ ਤੋਂ ਬਿਨਾਂ ਵੀ ਹੁੰਦਾ ਹੈ। ਪਰਮੇਸ਼ਰ ਦੇ ਵਚਨ ਦਾ ਅਧਿਐਨ ਅਤੇ ਅਭਿਆਸ ਹੀ ਪਰਮੇਸ਼ਰ ਦੁਆਰਾ ਆਤਮਾ ਨਾਲ ਭਰਪੂਰ ਹੋਣ ਦਾ ਮੁੱਖ ਤੱਤ ਹੈ। ਇਹ ਪ੍ਰਕਿਰਿਆ ਸ਼ਾਇਦ ਉਸ ਤੋਂ ਹੌਲੀ ਅਤੇ ਘੱਟ ਸ਼ਾਨਦਾਰ ਜਾਂ ਘੱਟ ਨਾਟਕੀ ਹੋ ਸਕਦੀ ਹੈ ਜਿਵੇਂ ਬੇਸਬਰੇ ਲੋਕ ਚਾਹੁੰਦੇ ਹਨ, ਪਰ ਇਹ ਵਿਕਾਸ ਲਈ ਪਰਮੇਸ਼ਰ ਦਾ ਤਰੀਕਾ ਹੈ। ਇਸ ਦੇ ਨਤੀਜੇ ਮਸੀਹੀ ਪਰਿਪੱਕਤਾ ਲਈ ਹੋਰ ਕਿਸੇ ਵੀ ਅਜਿਹੇ ਤਰੀਕੇ ਤੋਂ ਬਹੁਤ ਵੱਧ ਕੇ ਹੋਣਗੇ ਜੋ ਬਾਈਬਲ ਅਨੁਸਾਰ ਨਹੀਂ ਹਨ, ਕਿਉਂਕਿ ਆਤਮਾ ਦਾ ਫਲ ਹੋਣਾ ਅਤੇ ਮਸੀਹ ਦੇ ਸਰੂਪ ਵਿੱਚ ਬਣਨਾ ਕਿਸੇ ਅਜਿਹੀਆਂ "ਸ਼ਕਤੀਆਂ" ਜਾਂ "ਅਨੁਭਵਾਂ" ਨਾਲੋਂ ਵਧੇਰੇ ਕੀਮਤੀ ਹੈ ਜੋ "ਆਤਮਿਕਤਾ" ਦਾ ਵਾਅਦਾ ਕਰਨ ਵਾਲੇ ਬਾਈਬਲ-ਵਿਰੋਧੀ ਤਰੀਕਿਆਂ ਤੋਂ ਆਉਂਦੇ ਹਨ।

### (5) ਆਤਮਾ ਨਾਲ ਭਰਪੂਰ ਜੀਵਨ ਦੇ ਨਤੀਜੇ

ਮਸੀਹੀ ਜੀਵਨ ਦੇ ਖੇਤਰ ਵਿੱਚ, ਆਤਮਾ ਨਾਲ ਭਰਪੂਰ ਜੀਵਨ ਦੇ ਨਤੀਜਿਆਂ ਬਾਰੇ ਬਾਈਬਲ ਦਾ ਅਧਿਐਨ ਅਸਲੀਅਤ ਨੂੰ ਕਲਪਨਾ (ਸੰਭਵ ਤੋਂ ਅਸੰਭਵ) ਤੋਂ ਵੱਖ ਕਰਨ ਵਿੱਚ ਸਹਾਇਤਾ ਕਰੇਗਾ। ਪਵਿੱਤਰ ਬਾਈਬਲ ਉਹ ਸਰੋਤ ਹੈ ਜੋ ਇਹ ਦੱਸਦਾ ਹੈ ਕਿ ਇੱਕ ਵਿਸ਼ਵਾਸੀ ਇਸ ਜੀਵਨ ਵਿੱਚ ਕੀ ਪ੍ਰਾਪਤ ਕਰ ਸਕਦਾ ਹੈ ਅਤੇ ਕੀ ਨਹੀਂ। ਬਾਈਬਲ ਦੇ ਅਨੁਸਾਰ ਆਤਮਾ ਨਾਲ ਭਰਪੂਰ ਜੀਵਨ ਦੇ ਨਤੀਜਿਆਂ ਦਾ ਅਧਿਐਨ ਕਰਨ ਨਾਲ, ਇੱਕ ਵਿਅਕਤੀ ਸਹੀ ਤਰੀਕੇ ਨਾਲ ਇਹ ਜਾਣ ਸਕਦਾ ਹੈ ਕਿ ਪਵਿੱਤਰ ਆਤਮਾ ਦੇ ਨਿਯੰਤਰਨ ਵਿੱਚ ਰਹਿਣ ਨਾਲ ਕਿਹੜੇ ਲਾਭ ਮਿਲ ਸਕਦੇ ਹਨ। ਇਹ ਉਹਨਾਂ ਲੋਕਾਂ ਦੇ ਅਤਿਕਥਨੀ ਅਤੇ ਝੂਠੇ ਵਾਅਦਿਆਂ ਦਾ ਵੀ

[24] ਇਹ ਸਪੱਸ਼ਟ ਹੈ ਕਿ ਆਤਮਾ ਨਾਲ ਭਰਪੂਰ ਹੋਣ (ਜਾਂ ਨਿਯੰਤਰਿਤ ਹੋਣ) ਦਾ ਸੰਬੰਧ ਨਵੇਂ ਨੇਮ ਦੇ ਉਹਨਾਂ ਹੋਰ ਵਾਕਾਂਸ਼ਾਂ ਨਾਲ ਹੈ ਜਿਹਨਾਂ ਵਿੱਚ ਪਵਿੱਤਰ ਆਤਮਾ ਬਾਰੇ ਹੁਕਮ ਦਿੱਤੇ ਗਏ ਹਨ। ਜਿਹੜਾ ਵਿਅਕਤੀ ਪਵਿੱਤਰ ਆਤਮਾ ਨਾਲ ਭਰਪੂਰ (ਨਿਯੰਤਰਿਤ) ਹੁੰਦਾ ਹੈ, ਉਹ ਵਚਨ ਦੀ ਉਲੰਘਣਾ ਕਰਨ ਦੁਆਰਾ ਆਤਮਾ ਨੂੰ ਦੁੱਖੀ ਜਾਂ ਬੁਝਾਉਣ ਦਾ ਕੰਮ ਨਹੀਂ ਕਰ ਰਿਹਾ ਹੈ। ਉਹ ਇਸ ਅਰਥ ਵਿੱਚ ਆਤਮਾ ਅਨੁਸਾਰ ਚੱਲ ਰਿਹਾ ਹੈ ਕਿ ਉਹ ਆਤਮਾ ਦੇ ਵਚਨਾਂ (ਪਵਿੱਤਰ ਗ੍ਰੰਥ) ਉੱਤੇ ਭਰੋਸਾ ਰੱਖਦਾ ਅਤੇ ਇਸ ਅਨੁਸਾਰ ਚੱਲਦਾ ਹੈ।

ਪਰਦਾਫਾਸ਼ ਕਰਦਾ ਹੈ ਜੋ ਅਣਜਾਣ ਹਨ ਜਾਂ ਜੋ ਅਜਿਹੇ "ਆਤਮਿਕ" ਅਨੁਭਵਾਂ ਦੇ ਪੱਧਰਾਂ ਨੂੰ ਪ੍ਰਾਪਤ ਕਰਨ ਦਾ ਦਿਖਾਵਾ ਕਰਕੇ ਆਪਣੀ ਵੱਲ ਦੂਜੇ ਲੋਕਾਂ ਦਾ ਧਿਆਨ ਖਿੱਚਦੇ ਹਨ ਜਿਹਨਾਂ ਨੂੰ ਪ੍ਰਾਪਤ ਕਰਨਾ ਇਸ ਜੀਵਨ ਵਿੱਚ ਸੰਭਵ ਹੀ ਨਹੀਂ ਹੈ।

**(a) ਆਤਮਾ ਨਾਲ ਭਰਪੂਰ ਹੋਣ ਦੇ ਝੂਠੇ ਅਤੇ ਨਕਲੀ "ਨਤੀਜੇ"**

ਬਾਈਬਲ ਅਜਿਹੇ ਲੋਕਾਂ ਨੂੰ ਕੋਈ ਦਿਲਾਸਾ ਨਹੀਂ ਦਿੰਦੀ ਹੈ ਜੋ ਆਤਮਾ ਨਾਲ ਭਰਪੂਰ ਜੀਵਨ ਨੂੰ ਇੱਕ ਅਜਿਹੇ ਨਕਲੀ ਜੀਵਨ ਵਿੱਚ ਪ੍ਰਵੇਸ਼ ਮੰਨ ਲੈਂਦੇ ਹਨ ਜਿਸ ਵਿੱਚ ਕੋਈ ਦੁੱਖ ਨਹੀਂ ਹੁੰਦਾ ਹੈ। ਜਿਹੜੇ ਲੋਕ ਆਪਣੀਆਂ ਇੱਛਾਵਾਂ ਦੇ ਅਨੁਸਾਰ "ਆਤਮਾ ਨਾਲ ਭਰਪੂਰ" ਹੋਣ ਦੀ ਅਜਿਹੀ ਭਾਲ ਕਰਦੇ ਹਨ ਜੋ ਬਾਈਬਲ ਅਨੁਸਾਰ ਨਹੀਂ ਹੈ, ਅਤੇ ਜਿਸ ਵਿੱਚ ਉਹ ਅਜਿਹੀ ਸਥਿਤੀ ਨੂੰ ਪ੍ਰਾਪਤ ਕਰ ਲੈਂਦੇ ਹਨ ਜਿਸ ਵਿੱਚ ਕੋਈ ਦੁੱਖ ਜਾਂ ਸੰਘਰਸ਼ ਨਹੀਂ ਹੁੰਦਾ ਹੈ, ਤਾਂ ਉਹਨਾਂ ਨੂੰ ਵੱਡੀ ਨਿਰਾਸ਼ਾ ਦਾ ਸਾਹਮਣਾ ਕਰਨਾ ਹੋਵੇਗਾ ਜਦੋਂ ਉਹਨਾਂ ਦੀਆਂ ਅੱਖਾਂ ਬਾਈਬਲ ਅਤੇ ਹਕੀਕਤ ਵੱਲ ਖੁੱਲ੍ਹ ਜਾਣਗੀਆਂ। **ਬਾਈਬਲ ਇਸ ਜੀਵਨ ਵਿੱਚ ਸੰਪੂਰਨ ਖ਼ੁਸ਼ੀ ਦੇ ਵਿਚਾਰ ਨੂੰ ਉਤਸ਼ਾਹਿਤ ਨਹੀਂ ਕਰਦੀ ਹੈ।** ਆਤਮਾ ਨਾਲ ਭਰਪੂਰ ਜੀਵਨ ਇਸ ਦੇ ਸਭ ਤੋਂ ਉੱਚੇ ਪੱਧਰ ਤੇ ਵੀ, ਪਾਪ ਅਤੇ ਦੁੱਖਾਂ ਉੱਤੇ ਪੂਰੀ ਜਿੱਤ ਨੂੰ ਸ਼ਾਮਲ ਨਹੀਂ ਕਰਦਾ ਹੈ। ਪਾਪ ਅਤੇ ਪਰਤਾਵੇ ਨਾਲ ਨਿਰੰਤਰ ਸੰਘਰਸ਼ ਹੋਵੇਗਾ (ਗਲਾਤੀ 5:17; ਇਬ 2:18; 4:15; 1 ਯੂਹੰਨਾ 1:8-9)। ਆਤਮਾ ਨਾਲ ਭਰਪੂਰ ਹੋਣ ਨਾਲ ਪਾਪ ਦੇ ਸੁਭਾਅ ਦੇ ਰਾਜ ਨੂੰ ਤੋੜਨ ਦੀ ਸ਼ਕਤੀ ਮਿਲ ਸਕਦੀ ਹੈ, ਪਰ ਇਹ ਪਾਪ ਜਾਂ ਇਸ ਨਾਲ ਸੰਘਰਸ਼ ਕਰਦੇ ਰਹਿਣ ਦੀ ਜ਼ਰੂਰਤ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰਦਾ ਹੈ। ਮਸੀਹੀ ਜੀਵਨ ਵਿੱਚ ਅਜੇ ਵੀ ਦੁੱਖ ਅਤੇ ਬਿਮਾਰੀ ਸ਼ਾਮਲ ਹੁੰਦੇ ਹਨ (ਰੋਮੀ 8:18, 22-23; 2 ਕੁਰਿੰਥ 5:2-4; 12:7-9)। ਉਹ ਲੋਕ ਜੋ ਇਹ ਦਾਅਵਾ ਕਰਦੇ ਹਨ ਕਿ "ਆਤਮਾ ਨਾਲ ਭਰਪੂਰ ਹੋਣਾ" ਉਹਨਾਂ ਨੂੰ ਆਤਮਿਕਤਾ ਦੇ ਉਸ ਪੱਧਰ ਉੱਤੇ ਲੈ ਜਾਂਦਾ ਹੈ ਜਿੱਥੇ ਜੀਵਨ ਆਸਾਨ ਅਤੇ ਸਮੱਸਿਆ ਤੋਂ ਮੁਕਤ ਹੋ ਜਾਂਦਾ ਹੈ, ਉਹਨਾਂ ਨੂੰ ਜਾਂ ਤਾਂ ਧੋਖਾ ਦਿੱਤਾ ਜਾਂਦਾ ਹੈ ਅਤੇ ਜਾਂ ਉਹ ਆਪਣੇ ਆਪ ਨੂੰ ਧੋਖਾ ਦਿੰਦੇ ਹਨ। ਬਾਈਬਲ ਇਸ ਤੋਂ ਵੀ ਜ਼ਿਆਦਾ ਵਾਸਤਵਿਕ ਹੈ! "ਅਸੀਂ ਜਾਣਦੇ ਹਾਂ ਕਿ ਸਾਰੀ ਸ੍ਰਿਸ਼ਟੀ ਹੁਣ ਜਣੇਪੇ ਦੀਆਂ ਪੀੜਾਂ ਦੇ ਨਾਲ ਕਰਾਹ ਰਹੀ ਹੈ...ਅਸੀਂ [ਵਿਸ਼ਵਾਸੀ] ਅੰਦਰ ਹੀ ਅੰਦਰ ਕਰਾਹਉਂਦੇ ਹਾਂ..." (ਰੋਮੀ 8:22-23)।

ਸੁਆਰਥੀ ਲੋਕ ਹਰ ਗੱਲ ਵਿੱਚ ਆਪਣੀ ਤੁਰੰਤ ਸੰਤੁਸ਼ਟੀ ਦੀ ਮੰਗ ਕਰਦੇ ਹਨ, ਪਰ ਤੁਰੰਤ ਹੋਣ ਵਾਲੀ ਮਸੀਹੀ ਪਰਿਪੱਕਤਾ ਵਰਗੀ ਕੋਈ ਚੀਜ਼ ਨਹੀਂ ਹੈ। ਮਸੀਹੀ ਵਿਕਾਸ ਇੱਕ ਰੋਜ਼ਾਨਾ ਦੀ ਪ੍ਰਕਿਰਿਆ ਹੈ ਜਿਸ ਦੇ ਪ੍ਰਤੀ ਸਮਰਪਿਤ ਹੋਣ ਵਿੱਚ ਸਮਾਂ ਲੱਗਦਾ ਹੈ (ਫ਼ਿਲਿੱਪੀ 3:13-16)। ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਪਵਿੱਤਰ ਆਤਮਾ ਦੁਆਰਾ ਇੱਕ ਖ਼ਾਸ ਤੌਰ ਤੇ ਭਰਪੂਰ ਹੋਣ ਨਾਲ ਉਹਨਾਂ ਨੂੰ ਤੁਰੰਤ ਵੱਡੇ ਆਤਮਿਕ ਵਿਅਕਤੀ ਬਣਾ ਦਿੱਤਾ ਗਿਆ ਹੈ, ਤਾਂ ਉਹ ਅਸੁਰੱਖਿਅਤ ਹਨ, ਆਪਣੇ ਵੱਲ ਲੋਕਾਂ ਦਾ ਧਿਆਨ ਖਿੱਚਣ ਵਾਲੇ ਹਨ, ਜਾਂ ਕਿਸੇ ਯੋਗਤਾ ਦੇ ਬਿਨਾਂ ਹੀ ਦੂਜਿਆਂ ਦੇ ਉੱਤੇ ਇੱਕ ਆਤਮਿਕ ਅਧਿਕਾਰ ਪਾਉਣ ਦਾ ਦਾਅਵਾ ਕਰਨ ਵਾਲੇ ਲੋਕ ਹਨ। ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਆਤਮਾ ਦੀ ਭਰਪੂਰੀ ਨਾਲ ਰਸੂਲਾਂ ਦੀਆਂ ਸ਼ਕਤੀਆਂ ਅਤੇ ਇੱਕ ਅਜਿਹਾ ਜੀਵਨ ਮਿਲਦਾ ਹੈ ਜਿਸ ਵਿੱਚ ਨਿਰੰਤਰ ਚਮਤਕਾਰਾਂ ਦਾ ਹੋਣਾ ਆਮ ਗੱਲ ਹੁੰਦੀ ਹੈ, ਤਾਂ ਉਹ ਵੀ ਮਸੀਹੀ ਜੀਵਨ ਦੇ ਇੱਕ ਅਜਿਹੇ ਵੱਡੇ ਪੱਧਰ ਤੇ ਹੋਣ ਦਾ ਦਾਅਵਾ ਕਰਦੇ ਹਨ ਜਿਸ ਦੀ ਆਗਿਆ ਬਾਈਬਲ ਨਹੀਂ ਦਿੰਦੀ ਹੈ।

ਨਵਾਂ ਨੇਮ ਅਜਿਹੀਆਂ ਉਦਾਹਰਣਾਂ ਦਿੰਦਾ ਹੈ ਜਿਹਨਾਂ ਵਿੱਚ ਧਰਮੀ ਲੋਕ ਗ਼ਰੀਬ ਹਨ (ਮੱਤੀ 8:20; ਲੂਕਾ 16:20; 2 ਕੁਰਿੰਥ 8:1-5, 9), ਅਤੇ ਦੁਸ਼ਟ ਲੋਕ ਧਨੀ ਹਨ (ਲੂਕਾ 12:16ff.; 16:19ff.; ਮੱਤੀ 19:21ff.)। ਆਤਮਾ ਨਾਲ ਭਰਪੂਰ ਜੀਵਨ ਭੌਤਿਕ ਬਰਕਤਾਂ ਵਾਲਾ ਹੋ ਸਕਦਾ ਹੈ, ਪਰ ਇਸ ਵਿਚ ਅਜਿਹਾ ਹੋਣਾ ਜ਼ਰੂਰੀ ਨਹੀਂ ਹੈ। ਇਹ ਵੀ ਸੱਚ ਹੈ ਕਿ ਮਸੀਹੀ ਜੀਵਨ ਬਹੁਤ ਜ਼ਿਆਦਾ ਲੋਕਾਂ ਵਾਲੀਆਂ ਵੱਡੀਆਂ ਸੇਵਕਾਈਆਂ ਦੀ ਗਾਰੰਟੀ ਨਹੀਂ ਦਿੰਦਾ ਹੈ, ਕਿਉਂਕਿ ਇਹ ਨੂਹ, ਏਲੀਯਾਹ, ਯਸਾਯਾਹ, ਯਿਰਮਿਯਾਹ ਅਤੇ ਹੋਰ ਲੋਕਾਂ ਦੇ ਜੀਵਨ ਤੋਂ ਸਾਬਤ ਹੁੰਦਾ ਹੈ ਜਿਹਨਾਂ ਦੀ ਸੁਣਨ ਵਾਲੇ ਥੋੜ੍ਹੇ ਹੀ ਲੋਕ ਸਨ।

ਵਿਸ਼ਵਾਸੀਆਂ ਨੂੰ ਇਸ ਬਾਰੇ ਸੰਜਮੀ ਅਤੇ ਵਧੇਰੇ ਰੂਪ ਵਿੱਚ **ਬਾਈਬਲ ਆਧਾਰਿਤ** ਉਮੀਦਾਂ ਰੱਖਦੀਆਂ ਚਾਹੀਦੀਆਂ ਹਨ ਕਿ ਇੱਕ ਮਸੀਹੀ ਜੀਵਨ ਵਿੱਚ ਕੀ ਮਿਲਦਾ ਹੈ ਅਤੇ ਕੀ ਨਹੀਂ ਮਿਲਦਾ ਹੈ। ਆਤਮਾ ਨਾਲ ਭਰਪੂਰ ਜੀਵਨ ਬਰਕਤ ਵਾਲਾ ਜੀਵਨ ਹੁੰਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਇਹ ਇੱਕ ਆਸਾਨ ਜੀਵਨ ਹੋਵੇ ਅਤੇ ਇਹ ਯਕੀਨੀ ਤੌਰ ਤੇ ਸਮੱਸਿਆ ਮੁਕਤ ਜੀਵਨ ਨਹੀਂ ਹੋਵੇਗਾ। ਅਸਲ ਵਿੱਚ, ਪਰਮੇਸ਼ਰ ਦੁਆਰਾ ਨਿਯੰਤਰਿਤ ਕੁਝ ਦੁੱਖਾਂ ਤੋਂ ਬਿਨਾਂ ਪਰਿਪੱਕਤਾ ਨਹੀਂ ਆਵੇਗੀ (ਯਾਕੂਬ 1:2-3; 1 ਪਤਰਸ4:12, 13; 5:10)।

**(b) ਆਤਮਾ ਨਾਲ ਭਰਪੂਰ ਜੀਵਨ ਦੇ ਅਸਲ ਨਤੀਜੇ**

ਉੱਚੇ ਪੱਧਰ ਵਾਲੇ ਮਸੀਹੀ ਜੀਵਨ ਵਿੱਚ ਬਹੁਤ ਸਾਰੇ ਲਾਭ ਪੈਦਾ ਹੁੰਦੇ ਹਨ। ਇੱਕ ਵਿਸ਼ਵਾਸੀ ਜੋ ਆਤਮਾ ਨਾਲ ਭਰਪੂਰ ਹੋਣ ਦੇ ਇਹਨਾਂ ਜਾਇਜ਼ ਨਤੀਜਿਆਂ ਨਾਲ ਸੰਤੁਸ਼ਟ ਰਹਿੰਦਾ ਹੈ, ਉਹ ਸਭ ਤੋਂ ਵੱਧ ਬਰਕਤ ਵਾਲਾ ਹੁੰਦਾ ਹੈ।

ਪਵਿੱਤਰ ਆਤਮਾ ਦਾ ਮੁੱਖ ਕੰਮ ਸਾਨੂੰ ਮਸੀਹ ਦੇ ਸਰੂਪ ਉੱਤੇ ਬਣਾਉਣਾ ਹੈ। ਜੀਵਨ ਵਿੱਚ "ਪਵਿੱਤਰ ਆਤਮਾ ਦਾ ਫਲ" ਜੋ ਸਥਿਰਤਾ ਅਤੇ ਸੰਤੁਸ਼ਟੀ ਦਿੰਦਾ ਹੈ (ਦੇਖੋ, ਗਲਾਤੀ 5:22-23, ਫ਼ਿਲਿੱਪੀ 1:11) ਉਹ ਮਾਮੂਲੀ ਨਹੀਂ ਹੁੰਦੀ ਹੈ। ਆਤਮਾ ਨਾਲ ਭਰਪੂਰ ਹੋਣਾ ਆਤਮਾ ਦੀ ਸ਼ਕਤੀ ਲਿਆਉਂਦਾ ਹੈ (ਰਸੂਲ 1:8; ਰੋਮੀ

15:13; ਕੁਲੁੱਸੀ 1:11; 1 ਥੱਸਲੁ 1:5)। ਜਾਇਜ਼ ਤੌਰ ਤੇ, ਇਸ ਨੂੰ ਕੁਝ ਚਮਤਕਾਰ ਕਰਨ ਦੀ ਸ਼ਕਦੀ ਨਹੀਂ ਬਲਕਿ ਆਗਿਆ ਮੰਨਣ ਦੀ ਸ਼ਕਤੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਆਤਮਾ ਨਾਲ ਭਰਪੂਰ ਵਿਸ਼ਵਾਸੀ, ਪਰਮੇਸ਼ਰ ਦੇ ਵਚਨ ਦੀ ਪਾਲਣਾ ਕਰਨ ਲਈ ਪਵਿੱਤਰ ਆਤਮਾ ਤੋਂ ਲਗਾਤਾਰ ਅਤੇ ਲੋੜ ਅਨੁਸਾਰ ਸ਼ਕਤੀ ਪ੍ਰਾਪਤ ਕਰ ਸਕਦਾ ਹੈ।[25]

ਉੱਚੇ ਪੱਧਰ ਵਾਲਾ ਮਸੀਹੀ ਜੀਵਨ ਇਸ ਗੱਲ ਦੀ ਗਾਰੰਟੀ ਨਾ ਦਿੰਦਾ ਕਿ ਇੱਕ ਵਿਅਕਤੀ “ਰੂਹਾਂ ਨੂੰ ਬਚਾਉਣ” ਵਿੱਚ ਇੱਕ ਮੁੱਖ ਭੂਮਿਕਾ ਨਿਭਾਵੇਗਾ। ਫਿਰ ਵੀ, ਰੂਹਾਂ ਨੂੰ ਜਿੱਤਣਾ ਆਤਮਿਕਤਾ ਤੋਂ ਪੈਦਾ ਹੋਣ ਵਾਲਾ ਇੱਕ ਆਮ ਰੁਝਾਨ ਹੁੰਦਾ ਹੈ (ਜਿਵੇਂ ਕਿ, ਯੂਹੰਨਾ 15:5), ਅਤੇ ਵਚਨ ਦੇ ਜ਼ਿਆਦਾ ਗਵਾਹ ਹੋਣਾ ਵੀ ਆਤਮਿਕਤਾ ਤੋਂ ਹੀ ਪੈਦਾ ਹੁੰਦਾ ਹੈ (ਰਸੂਲਾਂ 1:8)।

ਇਸੇ ਤਰ੍ਹਾਂ, ਆਤਮਾ ਵਿੱਚ ਪ੍ਰਾਰਥਨਾ ਕਰਨਾ ਪ੍ਰਾਰਥਨਾ ਵਿੱਚ ਪ੍ਰਭਾਵ ਨੂੰ ਵਧਾ ਦਿੰਦਾ ਹੈ। ਆਤਮਿਕਤਾ ਹਰੇਕ ਪ੍ਰਾਰਥਨਾ ਦੇ ‘ਹਾਂ’ ਵਿੱਚ ਜਵਾਬ ਦੀ ਗਾਰੰਟੀ ਨਹੀਂ ਦਿੰਦੀ ਹੈ। ਫਿਰ ਵੀ, ਜਿਹੜੇ ਲੋਕ ਪ੍ਰਭੂ ਦੇ ਹੁਕਮਾਂ ਦੀ ਪਾਲਣਾ ਕਰਦੇ ਹਨ, ਉਹ ਪ੍ਰਾਰਥਨਾ ਵਿੱਚ ਜ਼ਿਆਦਾ ਨਤੀਜੇ ਪ੍ਰਾਪਤ ਕਰਦੇ ਹਨ (1 ਯੂਹੰਨਾ 3:22; ਯਾਕੂਬ 5:16b)। ਆਤਮਿਕ ਲੋਕ ਉਹਨਾਂ ਪ੍ਰਾਰਥਨਾਵਾਂ ਤੋਂ ਦੂਰ ਰਹਿੰਦੇ ਹਨ ਜੋ ਸੁਆਰਥੀ ਜਾਂ ਪਰਮੇਸ਼ਰ ਦੀ ਇੱਛਾ ਤੋਂ ਬਾਹਰ ਹੁੰਦੀਆਂ ਹਨ (ਯਾਕੂਬ 4:3; 1 ਯੂਹੰਨਾ 5:14-15)। ਇਸ ਤੋਂ ਇਲਾਵਾ, ਜਿਹੜਾ ਜੀਵਨ ਆਤਮਾ ਦੁਆਰਾ ਨਿਯੰਤਰਿਤ ਨਹੀਂ ਹੁੰਦਾ ਹੈ, ਉਹ ਬੇਅਸਰ ਪ੍ਰਾਰਥਨਾ ਵੱਲ ਲੈ ਜਾਂਦਾ ਹੈ (ਜ਼ਬੂਰ 66:18; 1 ਪਤਰਸ 3:12)। ਇਸ ਤਰ੍ਹਾਂ, ਆਤਮਾ ਨਾਲ ਭਰਪੂਰ ਹੋਣਾ ਭਾਵੇਂ ਹਰੇਕ ਪ੍ਰਾਰਥਨਾ ਦੇ ‘ਹਾਂ’ ਵਿੱਚ ਜਵਾਬ ਦੀ ਗਾਰੰਟੀ ਨਹੀਂ ਦਿੰਦਾ ਹੈ, ਫਿਰ ਵੀ, ਇੱਕ ਆਮ ਤੌਰ ਤੇ ਇਹ ਪ੍ਰਾਰਥਨਾ ਵਿੱਚ ਪ੍ਰਭਾਵਸ਼ੀਲਤਾ ਨੂੰ ਵਧਾਉਂਦਾ ਹੈ।

ਬਰਕਤ ਦਾ ਇੱਕ ਹੋਰ ਖੇਤਰ ਜੋ ਉੱਚੇ ਪੱਧਰ ਦੇ ਮਸੀਹੀ ਜੀਵਨ ਵਿੱਚੋਂ ਪੈਦਾ ਹੁੰਦਾ ਹੈ, ਉਹ ਮੁਕਤੀ ਦਾ ਭਰੋਸਾ ਹੈ। ਹਾਲਾਂਕਿ ਮਸੀਹੀ ਰੱਖਿਆ ਅਧਿਐਨ ਮਸੀਹਤ ਦਾ ਸਮਰਥਨ ਕਰਨ ਲਈ ਬਾਹਰੀ ਅੰਕੜੇ ਪੇਸ਼ ਕਰਦਾ ਹੈ, ਫਿਰ ਵੀ, ਇਸ ਦੇ ਨਾਲ ਸੰਪੂਰਨ ਨਿਸ਼ਚਿਤਤਾ ਦੇਣ ਵਾਲਾ ਇੱਕ ਵਿਅਕਤੀਗਤ ਭਰੋਸਾ ਵੀ ਹੋਣਾ ਚਾਹੀਦਾ ਹੈ, ਅਤੇ ਇਹ ਪਵਿੱਤਰ ਆਤਮਾ ਤੋਂ ਆਉਂਦਾ ਹੈ। ਜਿਹੜੇ ਲੋਕ ਪਵਿੱਤਰ ਆਤਮਾ ਦੁਆਰਾ ਨਿਯੰਤਰਿਤ ਕੀਤੇ ਜਾਂਦੇ ਹਨ, ਉਹ ਉਹਨਾਂ ਲੋਕਾਂ ਦੇ ਦਿਲਾਂ ਵਿੱਚ ਮੁਕਤੀ ਦਾ ਭਰੋਸਾ ਪੈਦਾ ਕਰਦਾ ਹੈ (ਦੇਖੋ, ਰੋਮੀ 8:16; ਗਲਾਤੀ 4:6; 1 ਯੂਹੰਨਾ 5:7,10)।

ਇੱਥੇ ਪਰਮੇਸ਼ਰ ਦੀ ਖ਼ਾਸ ਇੱਛਾ ਬਾਰੇ ਪੂਰੀ ਚਰਚਾ ਸ਼ਾਮਲ ਕਰਨਾ ਸੰਭਵ ਨਹੀਂ ਹੈ। ਪਰ, ਪਵਿੱਤਰ ਆਤਮਾ ਦੇ ਅਨੁਸਾਰ ਚੱਲਣ ਦਾ ਇੱਕ ਨਤੀਜਾ ਪਰਮੇਸ਼ਰ ਦੀ ਇੱਛਾ ਦੀ ਖੋਜ ਕਰਨ ਦੀ ਇੱਕ ਵੱਡੀ ਯੋਗਤਾ ਨੂੰ ਪਾਉਣਾ ਹੈ। ਫ਼ਿਲਿੱਪੀ 2:13 ਇਹ ਸਿਖਾਉਂਦਾ ਹੈ, "ਪਰਮੇਸ਼ਰ ਆਪ ਤੁਹਾਡੇ ਵਿੱਚ ਕੰਮ ਕਰਦੇ ਹਨ ਕਿ ਉਹ ਤੁਹਾਡੇ ਵਿੱਚ ਆਪਣੇ ਨੇਕ ਇਰਾਦੇ ਦੀ ਪੂਰਤੀ ਦੇ ਲਈ ਇੱਛਾ ਪੈਦਾ ਕਰਨ ਅਤੇ ਤੁਹਾਨੂੰ ਯੋਗ ਬਣਾਉਣ।" ਪਰਮੇਸ਼ਰ ਸਾਡੇ ਮਾਰਗਾਂ ਨੂੰ ਸੇਧ ਦਿੰਦੇ ਹਨ (ਕਹਾਉਤਾਂ 3:5-6; 16:9; ਜ਼ਬੂਰ 37:5-6)। ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਪਵਿੱਤਰ ਆਤਮਾ ਜਿਸ ਪਰਿਵਰਤਨ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ, ਉਹ ਉਸ ਨੂੰ ਇੱਕ ਅਜਿਹੇ ਜੀਵਨ ਵਿੱਚ ਲੈ ਜਾਂਦੀ ਹੈ ਜਿਸ ਵਿੱਚ ਉਹ “ਪਰਮੇਸ਼ਰ ਦੀ ਭਲੀ, ਮਨਭਾਉਂਦੀ, ਅਤੇ ਸੰਪੂਰਨ ਇੱਛਾ” ਨੂੰ ਜਾਣ ਲੈਂਦਾ ਹੈ (ਦੇਖੋ, ਰੋਮੀ 12:1-3, ਅਤੇ ਇਸ ਪ੍ਰਕਿਰਿਆ ਵਿੱਚ ਪਵਿੱਤਰ ਆਤਮਾ ਦੀ ਭੂਮਿਕਾ ਨੂੰ ਜਾਣਨ ਲਈ 2 ਕੁਰਿੰਥ 3:18 ਦੇਖੋ)। ਆਤਮਾ ਨਾਲ ਭਰਪੂਰ ਵਿਸ਼ਵਾਸੀ ਨਾ ਤਾਂ ਪਰਮੇਸ਼ਰ ਦੀ ਆਮ ਇੱਛਾ ਅਤੇ ਨਾ ਹੀ ਖ਼ਾਸ ਇੱਛਾ ਤੋਂ ਅਣਜਾਣ ਹੋਣਗੇ (ਆਤਮਾ ਨਾਲ ਭਰਪੂਰ ਹੋਣ ਤੋਂ ਪਹਿਲਾਂ ਦਾ ਹੁਕਮ ਦੇਖੋ, ਅਫ਼ਸੀ 5:17)। ਜਿਹੜੇ ਵਿਸ਼ਵਾਸੀ ਆਤਮਾ ਨਾਲ ਨਿਯੰਤਰਿਤ ਨਹੀਂ ਹੁੰਦੇ ਹਨ, ਉਹਨਾਂ ਨੇ ਪਰਮੇਸ਼ਰ ਦੀ ਇੱਛਾ ਨੂੰ ਜਾਣਨ ਦੀ ਸ਼ਰਤ ਨੂੰ ਪੂਰਾ ਨਹੀਂ ਕੀਤਾ ਹੈ।

ਪ੍ਰਕਾਸ਼ਮਾਨ ਕਰਨਾ ਉਸ ਪ੍ਰਕਿਰਿਆ ਦਾ ਹਿੱਸਾ ਹੈ ਜਿਸ ਦੁਆਰਾ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਨੂੰ ਭਰਪੂਰ (ਨਿਯੰਤਰਿਤ) ਕਰਦਾ ਹੈ। ਪਵਿੱਤਰ ਆਤਮਾ ਤੱਥਾਂ ਦੀ ਸਮੱਗਰੀ ਨੂੰ ਜ਼ਿਆਦਾ ਨਹੀਂ (ਜਿਸ ਨੂੰ ਅਧਿਐਨ ਦੁਆਰਾ ਸਿੱਖਿਆ ਜਾ ਸਕਦਾ ਹੈ, 2 ਤਿਮੋਥਿ 2:15), ਪਰ ਪਵਿੱਤਰ ਗ੍ਰੰਥ ਦੀ ਆਤਮਿਕ ਮਹੱਤਤਾ ਅਤੇ ਸਾਰਥਕਤਾ ਨੂੰ ਪ੍ਰਕਾਸ਼ਮਾਨ ਕਰਦਾ ਹੈ। ਉਹ ਵਿਸ਼ਵਾਸੀਆਂ ਨੂੰ ਬਾਈਬਲ ਦੀ ਨਿੱਜੀ ਮਹੱਤਤਾ ਬਾਰੇ ਸਿਖਾਉਣਾ ਚਾਹੁੰਦਾ ਹੈ। ਇਹ ਪਵਿੱਤਰ ਆਤਮਾ ਦੇ ਉਸ ਕੰਮ ਦਾ ਹਿੱਸਾ ਹੈ ਜਿਸ ਵਿੱਚ ਉਹ ਸਾਡੇ ਮਨਾਂ ਨੂੰ ਮਸੀਹ ਦੇ ਸਰੂਪ ਵਿੱਚ ਬਦਲਦਾ ਹੈ।

ਪਰ ਬਾਈਬਲ ਵਿੱਚ ਜ਼ਿਆਦਾ ਪ੍ਰਕਾਸ਼ਨ ਪਾਉਣ ਨੂੰ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਸਬੂਤ ਵੀ ਕਿਹਾ ਜਾ ਸਕਦਾ ਹੈ। ਆਤਮਾ ਲਿਖਤੀ ਵਚਨ ਦੁਆਰਾ ਨਿਯੰਤਰਿਤ ਕਰਦਾ ਹੈ, ਪਰ ਇਸ ਪ੍ਰਕਿਰਿਆ ਵਿੱਚ ਉਹ ਉਸ ਵਿਅਕਤੀ ਨੂੰ ਵਚਨ ਬਾਰੇ ਹੋਰ ਜ਼ਿਆਦਾ ਸਿਖਾਉਂਦਾ ਹੈ ਜੋ ਉਸ ਦੇ ਨਿਯੰਤਰਨ ਵਿੱਚ ਰਹਿੰਦਾ ਹੈ। ਇਸ ਤਰ੍ਹਾਂ, ਆਤਮਾ ਨਾਲ ਭਰਪੂਰ ਹੋਣ ਦਾ ਨਤੀਜਾ ਪਰਮੇਸ਼ਰ ਦੇ ਵਚਨ ਦੀ ਜ਼ਿਆਦਾ ਕਦਰ ਅਤੇ ਉਸ ਦੀ ਵਿਹਾਰਕ ਸਮਝ ਹੁੰਦਾ ਹੈ (1 ਕੁਰਿੰਥ 2:15; 1 ਯੂਹੰਨਾ 2:20, 27)। ਪ੍ਰਕਾਸ਼ਮਾਨ ਕਰਨਾ ਪਵਿੱਤਰ ਆਤਮਾ

[25] ਪਰਮੇਸ਼ਰ ਪਵਿੱਤਰ ਆਤਮਾ ਸਾਡੀ ਤਾਕਤ ਹੈ (ਪੁਰਾਣੇ ਨੇਮ ਦੀਆਂ ਆਇਤਾਂ ਦੇਖੋ ਜਿੱਥੇ ਪਰਮੇਸ਼ਰ ਵਿਸ਼ਵਾਸੀ ਦੀ ਤਾਕਤ ਹਨ, ਕੂਚ 15:2; ਜ਼ਬੂਰ 46:1,118:14; ਨਹਮ 8:10)।

ਦੀ ਇੱਕ ਮਹੱਤਵਪੂਰਣ ਸੇਵਕਾਈ ਹੈ ਅਤੇ ਇਸ ਅਗਲੇ ਭਾਗ ਵਿੱਚ ਇਸ ਬਾਰੇ ਹੋਰ ਚਰਚਾ ਕਰਾਂਗੇ।

ਆਤਮਾ ਨਾਲ ਭਰਪੂਰ ਜੀਵਨ ਦਾ ਨਤੀਜਾ ਵੱਡੀ ਬਰਕਤ ਹੁੰਦੀ ਹੈ। ਕੁਝ ਅਜਿਹੇ ਲੋਕ ਵੀ ਹਨ ਜੋ ਸੱਚੀਆਂ ਆਤਮਿਕ ਕਦਰਾਂ-ਕੀਮਤਾਂ ਦੀ ਕਦਰ ਨਹੀਂ ਕਰਦੇ ਹਨ, ਅਤੇ ਇਸ ਲਈ, ਜੋ ਕੁਝ ਮਸੀਹੀ ਜੀਵਨ ਅਸਲ ਵਿੱਚ ਦਿੰਦਾ ਹੈ, ਉਹ ਇਸ ਗੱਲ ਤੋਂ ਅਸੰਤੁਸ਼ਟ ਹੁੰਦੇ ਹਨ। ਉਹ ਕੁਝ ਹੋਰ ਜ਼ਿਆਦਾ ਦੀ ਭਾਲ ਕਰਦੇ ਹਨ। ਉਹ ਆਤਮਾ ਨਾਲ ਇਸ ਤਰ੍ਹਾਂ ਭਰਪੂਰ ਹੋਣ ਦੀ ਇੱਛਾ ਰੱਖਦੇ ਹਨ, ਜੋ ਅਜਿਹੇ ਨਤੀਜੇ ਪੈਦਾ ਕਰਦਾ ਹੈ ਜਿਹਨਾਂ ਨੂੰ ਉਹ ਵਿਅਕਤੀਗਤ ਤੌਰ ਤੇ ਫਾਇਦੇਮੰਦ ਸਮਝਦੇ ਹਨ। ਫਿਰ ਵੀ, ਜਿਹਨਾਂ ਵਿਸ਼ਵਾਸੀਆਂ ਨੂੰ ਆਤਮਿਕ ਤਰਜੀਹਾਂ ਦੀ ਸਹੀ ਸਮਝ ਹੈ, ਉਹ ਉਹਨਾਂ ਅਨਮੋਲ ਬਰਕਤਾਂ ਦੇ ਖਜ਼ਾਨਿਆਂ ਨੂੰ ਪਛਾਣ ਲੈਂਦੇ ਹਨ ਜੋ ਪਰਮੇਸ਼ਰ ਉਹਨਾਂ ਨੂੰ ਦੇਣਾ ਚਾਹੁੰਦੇ ਹਨ। ਉਹ ਉੱਚੇ ਪੱਧਰ ਵਾਲੇ ਮਸੀਹੀ ਜੀਵਨ ਦੇ ਲਈ ਬਾਈਬਲ ਆਧਾਰਿਤ ਜਾਇਜ਼ ਨਤੀਜਿਆਂ ਤੋਂ ਸੰਤੁਸ਼ਟ ਰਹਿੰਦੇ ਹਨ, ਕਿਉਂਕਿ ਉਹ ਇਹਨਾਂ ਦੇ ਉੱਤਮ ਮੁੱਲ ਨੂੰ ਸਮਝਦੇ ਹਨ। ਜਿਹੜੀਆਂ ਬਰਕਤਾਂ ਪਰਮੇਸ਼ਰ ਦੇਣਾ ਚਾਹੁੰਦੇ ਹਨ, ਉਹ ਉਹਨਾਂ ਬਰਕਤਾਂ ਨਾਲੋਂ ਬਹੁਤ ਜ਼ਿਆਦਾ ਕੀਮਤੀ ਹਨ ਜਿਹੜੀਆਂ ਸੰਸਾਰਕ ਮਸੀਹੀ ਪ੍ਰਾਪਤ ਕਰਨਾ ਚਾਹੁੰਦੇ ਹਨ। ਆਤਮਾ ਨਾਲ ਭਰਪੂਰ ਜੀਵਨ ਦੇ ਬਹੁਤ ਸਾਰੇ ਨਤੀਜੇ ਹਨ ਜਿਵੇਂ ਕਿ ਆਤਮਾ ਦਾ ਫਲ, ਆਗਿਆ ਮੰਨਣ ਦੀ ਸ਼ਕਤੀ ਦੇ ਸਰੋਤ ਵਜੋਂ ਪਵਿੱਤਰ ਆਤਮਾ ਦੀ ਮੌਜੂਦਗੀ, ਆਤਮਾ ਨੂੰ ਜਿੱਤਣਾ, ਪ੍ਰਾਰਥਨਾ ਵਿੱਚ ਜ਼ਿਆਦਾ ਪ੍ਰਭਾਵਸ਼ਾਲੀ ਹੋਣਾ, ਮੁਕਤੀ ਦਾ ਭਰੋਸਾ, ਜੀਵਨ ਲਈ ਪਰਮੇਸ਼ਰ ਦੀ ਇੱਛਾ ਵਿੱਚ ਅਗਵਾਈ, ਵਚਨ ਦਾ ਪ੍ਰਕਾਸ਼ਨ, ਅਤੇ ਹੋਰ ਬਹੁਤ ਕੁਝ। ਇਹ ਸਮਝਣਾ ਮੁਸ਼ਕਲ ਹੈ ਕਿ ਕੁਝ ਲੋਕ ਅਸੰਤੁਸ਼ਟ ਰਹਿੰਦੇ ਹੋਏ ਆਤਮਾ ਦੇ ਹੋਰ ਅਜਿਹੇ "ਪ੍ਰਗਟਾਵਿਆਂ" ਦੀ ਭਾਲ ਕਿਉਂ ਕਰਦੇ ਹਨ ਜੋ ਅਸਲ ਵਿੱਚ ਆਤਮਿਕ ਤੌਰ ਤੇ ਵਧੇਰੇ ਕੀਮਤੀ ਨਹੀਂ ਹਨ, ਅਤੇ ਅਸਲ ਵਿੱਚ ਵਧੇਰੇ ਚਮਤਕਾਰੀ ਨਹੀਂ ਹਨ, ਅਤੇ ਅਸਲ ਵਿੱਚ ਉਸ ਦਾਇਰੇ ਤੋਂ ਬਾਹਰ ਹਨ ਜੋ ਬਾਈਬਲ ਇੱਕ ਮਸੀਹੀ ਜੀਵਨ ਵਿੱਚ ਹੋਣ ਵਾਲੇ ਕੰਮਾਂ ਬਾਰੇ ਸਿਖਾਉਂਦੀ ਹੈ।

### (6) ਆਤਮਾ ਨਾਲ ਭਰਪੂਰ ਹੋਣ ਸੰਬੰਧਿਤ ਵਿਸ਼ੇ

#### (a) ਪ੍ਰਕਾਸ਼ਮਾਨ ਕਰਨਾ

ਪਵਿੱਤਰ ਆਤਮਾ ਸੱਚਾਈ ਦਾ ਸਿੱਖਿਅਕ ਅਤੇ ਪ੍ਰਕਾਸ਼ਕਾਰ ਹੈ। ਪਵਿੱਤਰ ਆਤਮਾ ਦੁਆਰਾ ਕੀਤੇ ਜਾਣ ਵਾਲੇ ਪ੍ਰਕਾਸ਼ਨ ਨੂੰ ਜਾਂ ਤਾਂ ਆਤਮਾ ਦੇ ਨਿਯੰਤਰਨ ਦੀ ਪ੍ਰਕਿਰਿਆ ਦੇ ਮੁੱਖ ਕਦਮਾਂ ਵਿੱਚੋਂ ਇੱਕ ਵਜੋਂ ਦੇਖਿਆ ਜਾ ਸਕਦਾ ਹੈ, ਅਤੇ ਜਾਂ ਆਤਮਾ ਨਾਲ ਭਰਪੂਰ ਹੋਣ ਦੇ ਨਿਰੰਤਰ ਨਤੀਜੇ ਵਜੋਂ ਦੇਖਿਆ ਜਾ ਸਕਦਾ ਹੈ। ਪਵਿੱਤਰ ਆਤਮਾ ਵਿਸ਼ਵਾਸੀ ਦੀ ਸਮਝ ਨੂੰ ਪਰਮੇਸ਼ਰ ਦੇ ਵਚਨ ਪ੍ਰਤੀ ਪ੍ਰਕਾਸ਼ਮਾਨ ਕਰਦਾ ਹੈ ਕਿ ਫਿਰ ਉਹ ਉਸ ਨੂੰ ਪਰਮੇਸ਼ਰ ਦੇ ਵਚਨ ਦੁਆਰਾ ਨਿਯੰਤਰਿਤ ਕਰ ਸਕੇ। ਫਿਰ ਵੀ, ਜਿੱਥੇ ਇੱਕ ਜੀਵਨ ਆਤਮਾ ਦੇ ਨਿਯੰਤਰਣ ਵਿੱਚ ਹੁੰਦਾ ਹੈ, ਉਥੇ ਸੱਚਾਈ ਦਾ ਹੋਰ ਵੀ ਪ੍ਰਕਾਸ਼ਨ ਹੁੰਦਾ ਹੈ।

ਭਰਪੂਰ ਹੋਣ ਵਿੱਚ ਸਮਝ ਤੋਂ ਕੁਝ ਜ਼ਿਆਦਾ ਸ਼ਾਮਲ ਹੁੰਦਾ ਹੈ। ਭਰਪੂਰ ਹੋਣ ਲਈ, ਉਸ ਵਚਨ ਪ੍ਰਤੀ ਜਵਾਬ (ਅਧੀਨਗੀ) ਵੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ, ਭਰਪੂਰ ਹੋਣਾ ਅਤੇ ਪ੍ਰਕਾਸ਼ਮਾਨ ਕਰਨਾ ਇੱਕੋ ਜਿਹੇ ਸ਼ਬਦ ਨਹੀਂ ਹਨ। ਭਰਪੂਰ ਹੋਣ ਵਿੱਚ ਪ੍ਰਕਾਸ਼ਨ ਤੋਂ ਇਲਾਵਾ ਵੀ ਬਹੁਤ ਕੁਝ ਹੁੰਦਾ ਹੈ। ਫਿਰ ਵੀ, ਭਰਪੂਰ ਹੋਣ ਦੀ ਪ੍ਰਕਿਰਿਆ ਲਈ ਇੱਕ ਜ਼ਰੂਰੀ ਕਦਮ ਦੇ ਰੂਪ ਵਿੱਚ ਪ੍ਰਕਾਸ਼ਮਾਨ ਦਾ ਹੋਣਾ ਜ਼ਰੂਰੀ ਹੈ। ਇਸ ਲਈ ਆਤਮਾ ਭਰਪੂਰ (ਨਿਯੰਤਰਿਤ) ਕਰਨ ਲਈ ਪ੍ਰਕਾਸ਼ਨ ਦਿੰਦਾ ਹੈ।

ਹਾਲਾਂਕਿ, ਲੇਖਕ ਇਹ ਮੰਨਦਾ ਹੈ ਕਿ ਯੂਹੰਨਾ 14:26; 15:26-27; 16:12-14 ਅਤੇ 1 ਕੁਰਿੰਥ 2:6-13 ਅਜਿਹੇ ਵਚਨ ਹਨ ਜੋ **ਆਮ ਵਿਸ਼ਵਾਸੀਆਂ ਨੂੰ ਪ੍ਰਕਾਸ਼ਨ ਦੇਣ** ਦੇ ਵਿਸ਼ੇ ਦੀ **ਬਜਾਏ**, ਰਸੂਲਾਂ ਨੂੰ ਪਰਮੇਸ਼ਰ ਦੇ **ਪ੍ਰਕਾਸ਼ਨ** ਦੇਣ ਦੀ ਪਵਿੱਤਰ ਆਤਮਾ ਦੀ ਸੇਵਕਾਈ ਨਾਲ ਸੰਬੰਧਿਤ ਹਨ, ਪਰ ਫਿਰ ਵੀ ਇਸ ਗੱਲ ਦੇ ਕਾਫ਼ੀ ਸਬੂਤ ਹਨ ਕਿ ਪਵਿੱਤਰ ਆਤਮਾ ਸਾਰੇ ਵਿਸ਼ਵਾਸੀਆਂ ਨੂੰ ਪ੍ਰਕਾਸ਼ਮਾਨ ਕਰਦਾ ਹੈ।

> ਜਿਸ ਨੂੰ ਪਰਮੇਸ਼ਰ ਦਾ ਆਤਮਾ ਨਹੀਂ ਮਿਲਿਆ ਉਹ ਪਰਮੇਸ਼ਰ ਦੇ ਆਤਮਾ ਦੀਆਂ ਗੱਲਾਂ ਨਹੀਂ ਮੰਨਦਾ। ਉਸ ਦੇ ਲਈ ਉਹ ਸਭ ਮੂਰਖਤਾ ਦੀਆਂ ਗੱਲਾਂ ਹਨ। ਉਹ ਉਹਨਾਂ ਨੂੰ ਨਹੀਂ ਸਮਝ ਸਕਦਾ ਕਿਉਂਕਿ ਉਹਨਾਂ ਗੱਲਾਂ ਨੂੰ ਕੇਵਲ ਆਤਮਿਕ ਤੌਰ ਤੇ ਹੀ ਸਮਝਿਆ ਜਾ ਸਕਦਾ ਹੈ। [1 ਕੁਰਿੰਥ 2:14-15]
>
> ਪਰ ਤੁਹਾਡਾ ਮਸਹ ਮਸੀਹ ਦੇ ਦੁਆਰਾ ਹੋ ਚੁੱਕਾ ਹੈ ਅਤੇ ਤੁਸੀਂ ਸਾਰੀ ਸੱਚਾਈ ਨੂੰ ਜਾਣਦੇ ਹੋ ... ਪਰ ਜਿਹੜਾ ਮਸਹ ਤੁਸੀਂ ਮਸੀਹ ਤੋਂ ਪ੍ਰਾਪਤ ਕੀਤਾ ਹੈ ਤੁਹਾਡੇ ਵਿੱਚ ਬਣਿਆ ਰਹਿੰਦਾ ਹੈ ਅਤੇ ਤੁਹਾਨੂੰ ਲੋੜ ਨਹੀਂ ਕਿ ਕੋਈ ਤੁਹਾਨੂੰ ਸਿੱਖਿਆ ਦੇਵੇ। [1 ਯੂਹੰਨਾ 2:20, 27]

ਪਵਿੱਤਰ ਆਤਮਾ ਦੀ ਪ੍ਰਕਾਸ਼ਮਾਨ ਕਰਨ ਦੀ ਸੇਵਕਾਈ ਉੱਤੇ ਗ਼ਲਤ ਤਰੀਕੇ ਨਾਲ ਜ਼ੋਰ ਦੇਣ ਵਿੱਚ ਖ਼ਤਰਾ ਹੁੰਦਾ ਹੈ। ਇੱਕ ਵਾਰ ਇੱਕ ਮਾਰਮਨ ਵਿਚਾਰ ਵਾਲੇ ਵਿਅਕਤੀ ਨੇ ਲੇਖਕ ਨੂੰ ਦੱਸਿਆ ਕਿ ਮਾਰਮਨ ਵਿਚਾਰ ਨੂੰ ਸੱਚਾ ਹੋਣਾ ਚਾਹੀਦਾ ਹੈ ਕਿਉਂਕਿ "ਪਵਿੱਤਰ ਆਤਮਾ ਨੇ ਇਸ ਬਾਰੇ ਚੰਗੀ ਭਾਵਨਾ ਦਿੱਤੀ ਹੈ!"

ਸਾਨੂੰ ਇਹ ਸਮਝਣਾ ਹੋਵੇਗਾ ਕਿ ਪ੍ਰਕਾਸ਼ਮਾਨ ਕਰਨਾ ਪ੍ਰਕਾਸ਼ਨ ਨਹੀਂ ਹੈ, ਇਹ ਪ੍ਰੇਰਣਾ ਨਹੀਂ ਹੈ, ਇਹ ਮੁੱਖ ਤੌਰ ਤੇ ਬਾਈਬਲ ਅਧਿਐਨ

ਦੇ ਬੌਧਿਕ ਪਹਿਲੂਆਂ ਨਾਲ ਸੰਬੰਧਿਤ ਨਹੀਂ ਹੈ। ਪ੍ਰਕਾਸ਼ਨ ਪਰਮੇਸ਼ਰ ਦੁਆਰਾ ਦਿੱਤੀਆਂ ਗਈਆਂ ਉਹ ਸੱਚਾਈਆਂ ਹਨ ਜਿਹਨਾਂ ਨੂੰ ਮਨੁੱਖ ਹੋਰ ਕਿਸੇ ਤਰੀਕੇ ਨਾਲ ਨਹੀਂ ਜਾਣ ਸਕਦਾ ਹੈ। ਪਰਮੇਸ਼ਰ ਨੇ ਇਹਨਾਂ ਸੱਚਾਈਆਂ ਨੂੰ ਨਬੀਆਂ ਅਤੇ ਰਸੂਲਾਂ ਉੱਤੇ ਪ੍ਰਗਟ ਕੀਤਾ ਸੀ। ਪ੍ਰੇਰਨਾ ਪ੍ਰਕਾਸ਼ਨ ਨੂੰ ਲਿਖਣ ਦੀ ਪ੍ਰਕਿਰਿਆ ਵਿੱਚ ਪਰਮੇਸ਼ਰ ਦੀ ਨਿਗਰਾਨੀ ਹੈ ਤਾਂ ਜੋ ਇਸ ਨੂੰ ਬਿਨਾਂ ਕਿਸੇ ਗ਼ਲਤੀ ਦੇ ਲਿਖਿਆ ਜਾ ਸਕੇ ਅਤੇ ਪਰਮੇਸ਼ਰ ਦੇ ਸਾਰੇ ਲੋਕਾਂ ਨੂੰ ਦਿੱਤਾ ਜਾ ਸਕੇ। ਪ੍ਰਕਾਸ਼ਮਾਨ ਕਰਨਾ ਪਰਮੇਸ਼ਰ ਦਾ ਉਹ ਕੰਮ ਹੈ ਜਿਸ ਵਿੱਚ ਉਹ ਆਪਣੇ ਲੋਕਾਂ ਨੂੰ ਪ੍ਰੇਰਿਤ ਕੀਤੇ ਪ੍ਰਕਾਸ਼ਨ ਨੂੰ ਸਮਝਣ ਦੀ ਯੋਗਤਾ ਦਿੰਦੇ ਹਨ। ਪ੍ਰਕਾਸ਼ਮਾਨ ਦਾ ਸੰਬੰਧ ਨਵੇਂ ਪ੍ਰਕਾਸ਼ਨ ਦੇ ਦਿੱਤੇ ਜਾਣ ਨਾਲ ਜਾਂ ਉਸ ਪ੍ਰੇਰਨਾ ਨਾਲ ਨਹੀਂ ਹੈ ਜੋ ਅਜਿਹੇ ਨਵੇਂ ਪ੍ਰਕਾਸ਼ਨ ਨੂੰ ਲਿਖਦੀ ਹੈ। ਇਹ ਉਸ ਗੱਲ ਨੂੰ ਸਮਝਣ ਨਾਲ ਸੰਬੰਧ ਰੱਖਦਾ ਹੈ ਜੋ ਪਹਿਲਾਂ ਹੀ ਪ੍ਰਗਟ ਕੀਤੀ ਜਾ ਚੁੱਕੀ ਹੈ ਅਤੇ ਬਿਨਾਂ ਕਿਸੇ ਗ਼ਲਤੀ ਦੇ ਲਿਖੀ ਗਈ ਹੈ, ਜੋ ਕਿ ਬਾਈਬਲ ਹੈ।

ਪਵਿੱਤਰ ਆਤਮਾ ਦੀ ਸੇਵਕਾਈ ਬਾਈਬਲ ਦੀ ਬੌਧਿਕ ਸਮਝ ਨਾਲ ਸੰਬੰਧਿਤ ਹੈ। ਉਹ ਸਵੈ-ਨਿਯੰਤਰਨ (ਅਨੁਸ਼ਾਸਨ) ਦਿੰਦਾ ਹੈ ਜੋ ਬਾਈਬਲ ਨੂੰ ਸਮਝਣ ਲਈ ਜ਼ਰੂਰੀ ਹੁੰਦਾ ਹੈ (ਗਲਾਤੀ 5:22-23)। ਪਵਿੱਤਰ ਆਤਮਾ ਸੱਚਾਈ ਲਈ ਉਹ ਭੁੱਖ ਅਤੇ ਪਿਆਸ ਪੈਦਾ ਕਰਦਾ ਹੈ ਜੋ ਇੱਕ ਵਿਸ਼ਵਾਸੀ ਨੂੰ ਮਿਹਨਤ ਕਰਨ ਦੀ ਉਸ ਸਥਿਤੀ ਵਿੱਚ ਅਗਵਾਈ ਕਰਦਾ ਹੈ ਜੋ ਬਾਈਬਲ ਦੀ ਪ੍ਰਾਣਿਕ ਸਮਝ ਲਈ ਜ਼ਰੂਰੀ ਹੁੰਦੀ ਹੈ। ਪਰ, ਇਹ ਵੀ ਸੱਚ ਹੈ ਕਿ ਪ੍ਰਕਾਸ਼ਮਾਨ ਕਰਨ ਦਾ ਜ਼ੋਰ ਕਿਸੇ ਹੋਰ ਦਿਸ਼ਾ ਵੱਲ ਜ਼ੋਰ ਹੁੰਦਾ ਹੈ ਅਤੇ ਇਹ ਬੌਧਿਕ ਗਿਆਨ ਵੱਲ ਨਹੀਂ ਬਲਕਿ ਭਾਵਨਾਵਾਂ ਅਤੇ ਇੱਛਾ ਵੱਲ ਹੁੰਦਾ ਹੈ।

ਪ੍ਰਕਾਸ਼ਮਾਨ ਕਰਨ ਬਾਰੇ ਬਾਈਬਲ ਦੀ ਸਿੱਖਿਆ, ਬਾਈਬਲ ਦੇ ਉਸ ਹੁਕਮ ਨੂੰ ਰੱਦ ਨਹੀਂ ਕਰਦੀ ਹੈ ਜੋ ਬਾਈਬਲ ਦੇ ਤੱਥਾਂ ਦਾ ਅਧਿਐਨ ਕਰਨ ਬਾਰੇ ਹੈ (ਅਜ਼ਰਾ 7:10; ਜ਼ਬੂਰ 1:2-3; ਮੱਤੀ 4:4; 1 ਤਿਮੋਥਿ 4:13 ਅਤੇ 15; 5:17; 2 ਤਿਮੋਥਿ 2:15; 1 ਪਤਰਸ 2:2)। ਪਵਿੱਤਰ ਆਤਮਾ ਉਹਨਾਂ ਵਿਸ਼ਵਾਸੀਆਂ ਨੂੰ ਬਾਈਬਲ ਦੇ ਪ੍ਰਮਾਣਿਕ ਤੱਥਾਂ ਬਾਰੇ ਨਹੀਂ ਸਿਖਾਉਂਦਾ ਹੈ ਜੋ ਕੀਮਤੀ ਵਚਨ ਦਾ ਅਧਿਐਨ ਕਰਨ ਲਈ ਬਹੁਤ ਬੇਪਰਵਾਹ ਹਨ। ਅਤੇ, ਇਹ ਵੀ ਸੱਚ ਹੈ ਕਿ ਇੱਕ ਵਿਅਕਤੀ ਪ੍ਰਕਾਸ਼ਮਾਨ ਕੀਤੇ ਜਾਣ ਤੋਂ ਬਿਨਾਂ ਵੀ ਬਾਈਬਲ ਦੇ ਤੱਥਾਂ ਨੂੰ ਸਮਝ ਸਕਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਇੱਕ ਅਵਿਸ਼ਵਾਸੀ ਇਤਿਹਾਸਕਾਰ ਮਸੀਹਤ ਦੇ ਤੱਥਾਂ ਨੂੰ ਸਹੀ ਢੰਗ ਨਾਲ ਪੇਸ਼ ਕਰਦਾ ਹੈ, ਜਾਂ ਇੱਕ ਖੁੱਲ੍ਹੇ ਵਿਚਾਰਾਂ ਵਾਲਾ ਵਿਦਵਾਨ ਵਿਸ਼ਵਾਸ ਦੁਆਰਾ ਧਰਮੀ ਠਹਿਰਾਉਣ ਬਾਰੇ ਲੂਥਰ ਦੀਆਂ ਸਿੱਖਿਆਵਾਂ ਨੂੰ ਸਹੀ ਢੰਗ ਨਾਲ ਸਮਝਦਾ ਹੈ। ਪ੍ਰਕਾਸ਼ਮਾਨ ਕੀਤੇ ਜਾਣ ਤੋਂ ਬਿਨਾਂ ਬੌਧਿਕ ਸਮਝ ਉਦੋਂ ਵੀ ਕੰਮ ਕਰ ਰਹੀ ਹੁੰਦੀ ਹੈ ਜਦੋਂ ਇੱਕ ਬਾਈਬਲ ਕਾਲਜ਼ ਦਾ ਵਿਦਿਆਰਥੀ ਮਾੜੇ ਰਵੱਈਏ ਨਾਲ ਬਾਈਬਲ ਦਾ ਅਧਿਐਨ ਕਰਦਾ ਹੈ ਅਤੇ ਫਿਰ ਵੀ "A" (ਉੱਚੇ ਨੰਬਰ) ਪ੍ਰਾਪਤ ਕਰਦਾ ਹੈ, ਜਾਂ ਜਦੋਂ ਇੱਕ ਪਾਸਬਾਨ ਸਿਰਫ਼ ਤਨਖਾਹ ਪ੍ਰਾਪਤ ਕਰਨ ਲਈ ਇੱਕ ਅਜਿਹਾ ਪ੍ਰਚਾਰ ਕਰਦਾ ਹੈ ਜੋ ਸਿਧਾਂਤਕ ਤੌਰ ਤੇ ਸਹੀ ਹੁੰਦਾ ਹੈ। ਬਾਈਬਲ ਦੇ ਉਹ ਵਚਨ ਜੋ ਪ੍ਰਕਾਸ਼ਮਾਨ ਕਰਨ ਦੇ ਵਿਸ਼ੇ ਨਾਲ ਸੰਬੰਧਿਤ ਹਨ, ਉਹ ਸਮਝਣ ਵਿੱਚ ਅਸਫ਼ਲ ਹੋਣ ਨੂੰ ਬੁੱਧ ਦੀ ਅਸਫਲਤਾ ਤੋਂ ਜ਼ਿਆਦਾ ਬਾਈਬਲ ਦੀ ਸੁੰਦਰਤਾ ਅਤੇ ਮੁੱਲ ਨੂੰ ਨਾ ਦੇਖਣ ਵਿੱਚ ਭਾਵਨਾਵਾਂ ਦੀ ਅਸਫਲਤਾ ਅਤੇ ਆਗਿਆ ਨਾ ਮੰਨਣ ਦੀ ਇੱਛਾ ਦੀ ਅਸਫਲਤਾ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ।

> ਮਸੀਹ ਦੀ ਸਲੀਬ ਦਾ ਸੰਦੇਸ਼ ਉਹਨਾਂ ਦੇ ਲਈ ਜਿਹੜੇ ਬਰਬਾਦੀ ਦੇ ਰਾਹ ਉੱਤੇ ਹਨ, **ਮੂਰਖਤਾ ਹੈ** ਪਰ ਸਾਡੇ ਲਈ ਜਿਹੜੇ ਮੁਕਤੀ ਦੀ ਰਾਹ ਉੱਤੇ ਹਾਂ, ਪਰਮੇਸ਼ਰ ਦੀ ਸਮਰੱਥਾ ਹੈ। [1 ਕੁਰਿੰਥ 1:18]
>
> ਜਿਸ ਨੂੰ ਪਰਮੇਸ਼ਰ ਦਾ ਆਤਮਾ ਨਹੀਂ ਮਿਲਿਆ ਉਹ ਪਰਮੇਸ਼ਰ ਦੇ ਆਤਮਾ ਦੀਆਂ ਗੱਲਾਂ ਨਹੀਂ ਮੰਨਦਾ... ਉਹ ਉਹਨਾਂ ਨੂੰ ਨਹੀਂ ਸਮਝ ਸਕਦਾ ਕਿਉਂਕਿ ਉਹਨਾਂ ਗੱਲਾਂ ਨੂੰ ਕੇਵਲ ਆਤਮਿਕ ਤੌਰ ਤੇ ਹੀ **ਸਮਝਿਆ** ਜਾ ਸਕਦਾ ਹੈ। [1ਕੁਰਿੰਥ 2:14-15]

1 ਕੁਰਿੰਥ 1:18 ਇਸ ਗੱਲ ਦਾ ਇਨਕਾਰ ਨਹੀਂ ਕਰਦਾ ਹੈ ਕਿ ਇੱਕ ਅਵਿਸ਼ਵਾਸੀ ਸ਼ੁਭ-ਸਮਾਚਾਰ ਦੇ ਤੱਥਾਂ ਨੂੰ ਸਮਝ ਨਹੀਂ ਸਕਦਾ ਹੈ। ਉਹ ਬੌਧਿਕ ਤੌਰ ਤੇ ਇਹ ਸਮਝ ਸਕਦਾ ਹੈ ਕਿ ਮਸੀਹ ਨੇ ਪਰਮੇਸ਼ਰ ਦੇ ਪੁੱਤਰ ਹੋਣ ਦਾ ਦਾਅਵਾ ਕੀਤਾ ਹੈ। ਉਹ "ਮੌਤ, ਦਫ਼ਨਾਉਣ, ਅਤੇ ਜੀਅ ਉੱਠਣ" ਦਾ ਅਰਥ ਜਾਣਦਾ ਹੈ। ਇੱਥੇ ਸਮੱਸਿਆ ਤੱਥਾਂ ਨੂੰ ਸਮਝਣ ਦੀ ਨਹੀਂ ਹੈ, ਪਰ ਸਮੱਸਿਆ ਇਹਨਾਂ ਤੱਥਾਂ ਦੀ ਕਦਰ ਕਰਨ ਅਤੇ ਮੁਲਾਂਕਣ ਕਰਨ ਵਿੱਚ ਹੈ। ਇੱਕ ਅਵਿਸ਼ਵਾਸੀ ਦੇ ਲਈ ਸ਼ੁਭ-ਸਮਾਚਾਰ ਸਮਝ ਤੋਂ ਬਾਹਰ ਨਹੀਂ ਹੈ। ਪਰ ਇਹ ਉਸ ਲਈ "ਮੂਰਖਤਾ" ਹੈ (ਇੱਥੇ ਯੂਨਾਨੀ ਸ਼ਬਦ "ਬੇਵਕੂਫ਼ੀ" ਹੈ)। ਉਸ ਦੇ ਲਈ ਇਹ ਬੇਲੋੜਾ, ਬੇਤੁਕਾ, ਅਤੇ ਮਜ਼ਾਕ ਹੈ।

1 ਕੁਰਿੰਥ 2:14 ਇਹ ਸਿਖਾਉਂਦਾ ਹੈ ਕਿ ਅਵਿਸ਼ਵਾਸੀ ਬਾਈਬਲ ਦੀਆਂ ਸੱਚਾਈਆਂ ਨੂੰ ਨਾ ਤਾਂ ਸਵੀਕਾਰ ਕਰਦੇ ਹਨ ਅਤੇ ਨਾ ਹੀ ਸਹੀ ਢੰਗ ਨਾਲ ਇਹਨਾਂ ਦੀ ਜਾਂਚ ਕਰ ਸਕਦੇ ਹਨ। ਸ਼ਬਦ "ਸਵੀਕਾਰ" ਦਾ ਅਰਥ "ਸਵਾਗਤ ਕਰਨਾ" ਹੁੰਦਾ ਹੈ (ਦੇਖੋ, ਮੱਤੀ 10:14, 40; 18:5)। ਇੱਥੇ ਸਮੱਸਿਆ ਤੱਥਾਂ ਨੂੰ ਸਮਝਣ ਵਿੱਚ ਅਯੋਗਤਾ ਨਹੀਂ ਹੈ, ਬਲਕਿ ਅਸਲੀ ਸਮੱਸਿਆ ਉਹਨਾਂ ਦਾ ਸਹੀ ਮੁਲਾਂਕਣ ਨਾ ਕਰਨ ਦੀ ਅਯੋਗਤਾ ਹੈ। ਇੱਕ ਅਵਿਸ਼ਵਾਸੀ ਮਾਨਸਿਕ ਤੌਰ ਤੇ ਸਧਾਰਨ ਮਸੀਹੀ ਸੱਚਾਈਆਂ ਨੂੰ ਸਮਝ ਸਕਦਾ ਹੈ, ਫਿਰ ਵੀ ਉਹ ਉਹਨਾਂ ਨੂੰ ਸਵੀਕਾਰ ਨਹੀਂ ਕਰਦਾ ਹੈ ਕਿਉਂਕਿ ਉਹ ਇਹਨਾਂ

ਸੱਚਾਈਆਂ ਦਾ ਮੁਲਾਂਕਣ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹਿੰਦਾ ਹੈ। ਉਸ ਦਾ ਦਿਮਾਗ ਸਮਝ ਲੈਂਦਾ ਹੈ, ਪਰ ਭਾਵਨਾਵਾਂ ਇਸ ਨੂੰ ਨਹੀਂ ਚਾਹੁੰਦੀਆਂ ਹਨ ਅਤੇ ਇੱਛਾ ਇਸ ਦੀ ਕਦਰ ਨਹੀਂ ਕਰਦੀ ਹੈ। ਹਾਲਾਂਕਿ ਅਵਿਸ਼ਵਾਸੀ ਵਿਅਕਤੀ ਉਹਨਾਂ ਨੂੰ ਮਾਨਸਿਕ ਤੌਰ ਤੇ ਸਮਝ ਸਕਦਾ ਹੈ, ਪਰ ਉਸ ਦੀਆਂ ਭਾਵਨਾਵਾਂ ਅਤੇ ਇੱਛਾ ਬਾਈਬਲ ਦੀਆਂ ਸੱਚਾਈਆਂ ਦਾ ਮੁਲਾਂਕਣ ਕਰਦੇ ਹੋਏ ਇਹਨਾਂ ਨੂੰ ਬੇਤੁਕੀਆਂ, ਤਰਕਹੀਣ, ਘਿਣਾਉਣੀਆਂ, ਅਤੇ ਪੂਰੀ ਤਰ੍ਹਾਂ ਬਕਵਾਸ ਹੀ ਮੰਨਣਗੀਆਂ।

1 ਕੁਰਿੰਥ 2:14 ਵਿੱਚ ਸ਼ਬਦ "ਮੁਲਾਂਕਣ" ਇਹ ਵੀ ਦਰਸਾਉਂਦਾ ਹੈ ਕਿ ਪ੍ਰਕਾਸ਼ਮਾਨ ਕਰਨ ਦਾ ਸੰਬੰਧ ਜਿੰਨਾ ਭਾਵਨਾ ਅਤੇ ਇੱਛਾ ਨਾਲ ਹੈ, ਓਨਾ ਸਮਝ ਨਾਲ ਨਹੀਂ ਹੈ। ਇਹ ਇੱਕ ਅਦਾਲਤੀ ਸ਼ਬਦ ਹੈ ਜਿਸ ਦਾ ਅਰਥ ਨਿਆਂ ਕਰਨਾ ਹੈ (ਰਸੂਲਾਂ 4:9; 12:19; 17:11; 24:8)। ਇੱਕ ਵਿਅਕਤੀ ਪ੍ਰਕਾਸ਼ਮਾਨ ਹੋਣ ਤੋਂ ਬਿਨਾਂ ਸ਼ੁਭ-ਸਮਾਚਾਰ ਜਾਂ ਮਸੀਹੀ ਸਿਧਾਂਤ, ਅਤੇ ਨੈਤਿਕਤਾ ਨੂੰ ਸਮਝ ਸਕਦਾ ਹੈ, ਉਸ ਵਿੱਚ ਕਿਸੇ ਵੀ ਨਿਰਪੱਖਤਾ ਅਤੇ ਭਾਵਨਾ ਨਾਲ ਇਹਨਾਂ ਸੱਚਾਈਆਂ ਦਾ ਨਿਆਂ ਕਰਨ, ਮੁਲਾਂਕਣ ਕਰਨ, ਜਾਂਚ ਕਰਨ ਦੀ ਯੋਗਤਾ ਦੀ ਘਾਟ ਹੁੰਦੀ ਹੈ। ਉਹ ਬੌਧਿਕ ਤੌਰ ਉੱਤੇ ਬਾਈਬਲ ਨੂੰ ਸਮਝ ਸਕਦਾ ਹੈ, ਪਰ ਉਹ ਇਸ ਦੀ ਕਦਰ ਜਾਂ ਸਵਾਗਤ ਨਹੀਂ ਕਰ ਸਕਦਾ ਹੈ। ਉਹ ਆਪਣੀ ਇੱਛਾ ਨਾਲ ਇਸ ਦੀ ਪਾਲਣਾ ਕਰਨ ਦੀ ਚੋਣ ਨਹੀਂ ਕਰਦਾ ਹੈ।

ਵਿਸ਼ਵਾਸੀਆਂ ਨੂੰ ਪਵਿੱਤਰ ਆਤਮਾ ਦੇ ਪ੍ਰਕਾਸ਼ਮਾਨ ਕਰਨ ਦੇ ਕੰਮ ਨੂੰ ਇਸ ਤਰ੍ਹਾਂ ਦੇਖਣਾ ਹੋਵੇਗਾ ਕਿ ਉਹ ਬਾਈਬਲ ਦੇ ਤੱਥਾਂ ਦੀ ਮਾਨਸਿਕ ਸਮਝ ਤੋਂ ਵੱਧਕੇ ਹੈ। ਪਵਿੱਤਰ ਆਤਮਾ ਇਸ ਅਰਥ ਵਿੱਚ ਪ੍ਰਕਾਸ਼ਮਾਨ ਕਰਨਾ ਚਾਹੁੰਦਾ ਹੈ ਕਿ ਉਹ ਇੱਕ ਵਿਸ਼ਵਾਸੀ ਨੂੰ ਪਰਮੇਸ਼ਰ ਦੇ ਵਚਨ ਦੀ ਮਹੱਤਤਾ, ਸੁੰਦਰਤਾ, ਮਹਿਮਾ, ਵਿਅਕਤੀਗਤ ਸਾਰਥਕਤਾ ਅਤੇ ਕੀਮਤ ਦਿਖਾਉਣਾ ਚਾਹੁੰਦਾ ਹੈ। ਇੱਕ ਸੰਸਾਰਿਕ ਵਿਅਕਤੀ ਵਰਗਾ ਮਸੀਹੀ ਬਾਈਬਲ ਦੇ ਤੱਥਾਂ ਨੂੰ ਬੌਧਿਕ ਤੌਰ ਤੇ ਸਮਝ ਸਕਦਾ ਹੈ। ਪਵਿੱਤਰ ਆਤਮਾ ਦੁਆਰਾ ਸਿਖਾਇਆ ਜਾ ਰਿਹਾ ਇੱਕ ਮਸੀਹੀ ਵੀ ਇਹਨਾਂ ਤੱਥਾਂ ਨੂੰ ਮੰਨ ਲੈਣ ਨਾਲ ਹੋਣ ਵਾਲੇ ਨਿੱਜੀ ਪ੍ਰਭਾਵ, ਜੀਵਨ ਵਿੱਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਅਤੇ ਨਿੱਜੀ ਲਾਭਾਂ ਨੂੰ ਸਮਝ ਸਕਦਾ ਹੈ। ਇੱਕ ਸੰਸਾਰਿਕ ਵਿਅਕਤੀ ਵਰਗਾ ਵਿਸ਼ਵਾਸੀ ਅਧਿਆਤਮਿਕ ਗਿਆਨ ਦੇ ਲਈ ਇੱਕ ਵਾਕ ਨੂੰ ਬੌਧਿਕ ਤੌਰ ਤੇ ਸਮਝ ਸਕਦਾ ਹੈ। ਇੱਕ ਆਤਮਿਕ ਵਿਸ਼ਵਾਸੀ ਵੀ ਬਾਈਬਲ ਦੇ ਉਸ ਵਾਕ ਦੇ ਸਿਧਾਂਤ ਅਤੇ ਜੀਵਨ ਉੱਤੇ ਹੋਣ ਵਾਲੇ ਪ੍ਰਭਾਵ, ਅਤੇ ਵਰਤਮਾਨ ਸੰਸਾਰ ਵਿੱਚ ਹੋਣ ਵਾਲੇ ਪਰਮੇਸ਼ਰ ਦੇ ਕੰਮ ਨੂੰ ਸਮਝ ਸਕਦਾ ਹੈ।

ਹਾਲਾਂਕਿ, ਪਵਿੱਤਰ ਆਤਮਾ ਬਾਈਬਲ ਦੀ ਵਿੱਦਿਅਕ ਸਮਝ ਵਿੱਚ ਇੱਕ ਭੂਮਿਕਾ ਨਿਭਾਉਂਦਾ ਹੈ, ਪਰ ਉਸ ਦਾ ਸਿੱਖਿਆ ਦੇਣ ਦਾ ਕੰਮ ਇਸ ਤੋਂ ਕਿਤੇ ਜ਼ਿਆਦਾ ਹੈ। ਪ੍ਰਕਾਸ਼ਮਾਨ ਉਦੋਂ ਕੀਤਾ ਜਾਂਦਾ ਹੈ ਜਦੋਂ ਪਵਿੱਤਰ ਆਤਮਾ ਇੱਕ ਆਤਮਿਕ ਵਿਅਕਤੀ ਨੂੰ ਬਾਈਬਲ ਦੇ ਆਤਮਿਕ ਮਹੱਤਵ, ਆਤਮਿਕ ਮਹਿਮਾ, ਅਤੇ ਆਤਮਿਕ ਗਿਆਨ ਸਿਖਾਉਂਦਾ ਹੈ।

### (b) ਪਵਿੱਤਰ ਆਤਮਾ ਦੁਆਰਾ ਵਿਅਕਤੀਗਤ ਅਗਵਾਈ

ਸਾਰੇ ਵਿਸ਼ਵਾਸੀ ਇਸ ਅਰਥ ਵਿੱਚ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਹਨ ਕਿ ਉਹ ਆਪਣੇ ਵਚਨ ਦੇ ਮਿਆਰਾਂ ਦੁਆਰਾ ਉਹਨਾਂ ਨੂੰ ਨਿਯੰਤਰਿਤ ਕਰਨਾ ਚਾਹੁੰਦਾ ਹੈ (ਰੋਮੀ 8:14; ਗਲਾਤੀ 5:18)। ਪਵਿੱਤਰ ਆਤਮਾ ਮੁੱਖ ਤੌਰ ਤੇ ਵਚਨ ਦੁਆਰਾ ਸਿਖਾਉਂਦਾ ਹੈ, ਅਗਵਾਈ ਕਰਦਾ ਹੈ, ਅਤੇ ਨਿਯੰਤਰਿਤ ਕਰਦਾ ਹੈ। ਕੀ ਉਸ ਦੀ ਸੇਵਕਾਈ ਵਿੱਚ ਵਚਨ ਦੁਆਰਾ ਅਗਵਾਈ ਦੀ ਸਿੱਖਿਆ ਤੋਂ ਇਲਾਵਾ ਕੋਈ ਹੋਰ ਅਗਵਾਈ ਵੀ ਸ਼ਾਮਲ ਹੈ? ਕੀ ਉਹ ਇੱਕ ਵਿਅਕਤੀ ਦੀ ਖ਼ਾਸ ਤੌਰ ਉੱਤੇ ਅਗਵਾਈ ਕਰਦਾ ਹੈ?

ਕੁਝ ਲੋਕ ਇਹ ਮੰਨਦੇ ਹਨ ਕਿ ਹਰੇਕ ਵਿਅਕਤੀ ਦੇ ਲਈ ਪਵਿੱਤਰ ਆਤਮਾ ਦੁਆਰਾ ਵਿਅਕਤੀਗਤ ਅਗਵਾਈ ਵਰਗੀ ਕੋਈ ਚੀਜ਼ ਨਹੀਂ ਹੈ। ਉਹ ਪਵਿੱਤਰ ਆਤਮਾ ਦੀ ਅਗਵਾਈ ਨੂੰ ਸਿਰਫ਼ ਉਸ ਤੱਕ ਸੀਮਿਤ ਰੱਖਣਾ ਚਾਹੁੰਦੇ ਹਨ, ਜੋ ਵਚਨ ਦੁਆਰਾ ਸਿਖਾਇਆ ਗਿਆ ਹੈ। ਹਾਲਾਂਕਿ ਲੇਖਕ ਪਵਿੱਤਰ ਆਤਮਾ ਦੁਆਰਾ ਪ੍ਰੇਰਿਤ ਹੋਣ ਦੇ ਵਿਚਾਰ ਤੋਂ ਅਣਜਾਣ ਹੋ ਕੇ ਜਾਂ ਜਾਣਬੁੱਝ ਕੇ ਇਸ ਦੀ ਦੁਰਵਰਤੋਂ ਦੇ ਖ਼ਤਰਿਆਂ ਨੂੰ ਸਮਝਦਾ ਹੈ, ਫਿਰ ਵੀ ਉਸ ਦਾ ਮੰਨਣਾ ਹੈ ਕਿ ਵਿਅਕਤੀਗਤ ਅਗਵਾਈ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ ਇੱਕ ਹੱਦ ਤੋਂ ਜ਼ਿਆਦਾ ਵੱਡੀ ਪ੍ਰਤੀਕਿਰਿਆ ਹੈ। ਇਸ ਵਿਸ਼ੇ ਉੱਤੇ ਸਾਵਧਾਨੀ ਭਰੀ ਸਿੱਖਿਆ ਨਾਲ ਇਸ ਦੀ ਗ਼ਲਤ ਵਰਤੋਂ ਨੂੰ ਰੋਕਣ ਦੀ ਕੋਸ਼ਿਸ਼ ਵਧੀਆ ਹੋਵੇਗੀ।

#### i. ਸੁਣਨਯੋਗ ਆਵਾਜ਼ਾਂ ਦੁਆਰਾ ਅਗਵਾਈ

ਕੀ ਪਰਮੇਸ਼ਰ ਪਵਿੱਤਰ ਆਤਮਾ ਕਲੀਸਿਯਾ ਦੇ ਯੁੱਗ ਦੌਰਾਨ ਸੁਣਨਯੋਗ ਆਵਾਜ਼ਾਂ ਜਾਂ ਦਰਸ਼ਨਾਂ ਦੁਆਰਾ ਅਗਵਾਈ ਕਰ ਸਕਦਾ ਹੈ? ਇਹ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਪਰਮੇਸ਼ਰ ਨੂੰ ਇੱਕ ਡੱਬੇ ਵਿੱਚ ਬੰਦ ਕਰਕੇ ਇਸ ਗੱਲ ਉੱਤੇ ਜ਼ੋਰ ਨਾ ਦਿੱਤਾ ਜਾਵੇ ਕਿ ਪਰਮੇਸ਼ਰ ਇੱਕ ਖ਼ਾਸ ਤਰੀਕੇ ਨਾਲ ਕੰਮ ਨਹੀਂ ਕਰ ਸਕਦੇ ਹਨ। ਹਾਲਾਂਕਿ ਪਰਮੇਸ਼ਰ ਜ਼ਬਾਨੀ ਸੰਚਾਰ ਕਰ ਸਕਦੇ ਅਤੇ ਸੰਭਵ ਤੌਰ ਤੇ ਕਰਦੇ ਵੀ ਹਨ, ਫਿਰ ਵੀ ਬਾਈਬਲ ਵਿੱਚ ਕੁਝ ਅਜਿਹੀਆਂ ਸੱਚਾਈਆਂ ਹਨ ਜਿਹਨਾਂ ਨੂੰ ਇਸ ਤਰ੍ਹਾਂ ਦੇ ਸੰਚਾਰ ਬਾਰੇ ਸਾਡੀ ਸਮਝ ਨੂੰ ਕੰਟਰੋਲ ਕਰਨਾ ਚਾਹੀਦਾ ਹੈ।

ਪਹਿਲੀ ਗੱਲ, ਅੱਜ ਕੋਈ ਰਸੂਲ ਜਾਂ ਨਬੀ ਨਹੀਂ ਹਨ। ਰਸੂਲ ਹੋਣ ਦੀ ਇੱਕ ਸ਼ਰਤ ਇਹ ਸੀ ਕਿ ਉਸ ਨੇ ਜੀਅ ਉੱਠੇ ਪ੍ਰਭੂ ਨੂੰ ਦੇਖਿਆ ਹੋਵੇ (ਦੇਖੋ, ਰਸੂਲਾਂ 1:21-22; 1 ਕੁਰਿੰਥ 9:1)। ਸਪੱਸ਼ਟ ਹੈ ਕਿ

ਪੌਲੁਸ ਹੀ ਇਸ ਯੋਗਤਾ ਵਾਲਾ ਆਖ਼ਰੀ ਵਿਅਕਤੀ ਸੀ (1 ਕੁਰਿੰਥ 15:8)। ਰਸੂਲ ਅਤੇ ਨਬੀ ਕਲੀਸਿਯਾ ਦੀ ਸਥਾਪਨਾ ਦੇ ਸਮੇਂ ਦੇ ਹਿੱਸੇ ਸਨ (ਅਫ਼ਸੀ 2:20)। ਉਹ ਅਜਿਹੇ ਸਾਧਨ ਸਨ ਜਿਹਨਾਂ ਦੁਆਰਾ ਕਲੀਸਿਯਾ ਨੂੰ ਪ੍ਰਕਾਸ਼ਨ ਦਿੱਤਾ ਗਿਆ ਸੀ (ਦੇਖੋ, ਯੂਹੰਨਾ ਅਧਿਆਇ 14-16; ਅਫ਼ਸੀ 3:5)। ਨਵੇਂ ਨੇਮ ਦੇ ਕੈਨਨ ਵਿੱਚ ਇੱਕ ਪੁਸਤਕ ਦੇ ਸ਼ਾਮਲ ਹੋਣ ਲਈ ਇਸ ਦਾ ਰਸੂਲ ਦੁਆਰਾ ਜਾਂ ਰਸੂਲ ਦੇ ਅਧਿਕਾਰ ਅਧੀਨ ਲਿਖਿਆ ਜਾਣਾ ਜ਼ਰੂਰੀ ਸੀ। ਕਿਉਂਕਿ ਹੁਣ ਕੋਈ ਨਬੀ ਜਾਂ ਰਸੂਲ ਨਹੀਂ ਹਨ, ਇਸ ਲਈ ਆਧੁਨਿਕ ਪ੍ਰਕਾਸ਼ਨ ਵਰਗੀ ਕੋਈ ਚੀਜ਼ ਨਹੀਂ ਹੋ ਸਕਦੀ ਹੈ ਜੋ ਪੂਰੀ ਕਲੀਸਿਯਾ ਉੱਤੇ ਲਾਗੂ ਹੋਵੇ। ਹਾਲਾਂਕਿ ਸੁਣਨ ਵਾਲੀ ਆਵਾਜ਼ ਵਿੱਚ **ਸਿਰਫ਼ ਨਿੱਜੀ** ਪ੍ਰਕਾਸ਼ਨ ਸੰਭਵ ਹੋ ਸਕਦਾ ਹੈ, ਪਰ ਪਵਿੱਤਰ ਆਤਮਾ ਦੁਆਰਾ ਦਿੱਤਾ ਗਿਆ ਅਜਿਹਾ ਕੋਈ ਅਧਿਕਾਰ ਵਾਲਾ ਪ੍ਰਕਾਸ਼ਨ ਨਹੀਂ ਹੋ ਸਕਦਾ ਹੈ ਜੋ ਪੂਰੀ ਕਲੀਸਿਯਾ ਉੱਤੇ ਲਾਗੂ ਹੋਵੇ। ਇਸ ਤਰ੍ਹਾਂ, ਜੇਕਰ ਕੋਈ ਅਜਿਹਾ ਆਗੂ ਹੋਣ ਦਾ ਦਾਅਵਾ ਕਰਦਾ ਹੈ ਕਿ ਉਸ ਨੇ ਨਵਾਂ ਪ੍ਰਕਾਸ਼ਨ ਜਾਂ ਅਧਿਕਾਰ ਪ੍ਰਾਪਤ ਕੀਤਾ ਹੈ ਅਤੇ ਉਹ ਦੂਜਿਆਂ ਨੂੰ ਪਰਮੇਸ਼ਰ ਦਾ ਪ੍ਰਕਾਸ਼ਨ ਦੇ ਸਕਦਾ ਹੈ, ਤਾਂ ਉਸ ਨੂੰ ਤੁਰੰਤ ਹੀ ਅਸਵੀਕਾਰ ਕਰ ਦੇਣਾ ਚਾਹੀਦਾ ਹੈ। ਜੇਕਰ ਪਰਮੇਸ਼ਰ ਦਾ ਸੁਣਨਯੋਗ ਪ੍ਰਕਾਸ਼ਨ ਅੱਜ ਵੀ ਸੰਭਵ ਹੈ, ਤਾਂ ਇਹ ਸਿਰਫ਼ ਬਹੁਤ ਹੀ ਵਿਅਕਤੀਗਤ ਰੂਪ ਵਿੱਚ ਹੋਵੇਗਾ। ਕਲੀਸਿਯਾ ਦੇ ਲਈ ਅਧਿਕਾਰ ਰਸੂਲਾਂ ਅਤੇ ਨਬੀਆਂ ਦੇ ਨਵੇਂ ਨੇਮ ਤੋਂ ਆਉਂਦਾ ਹੈ। ਮਸੀਹੀ ਲੋਕਾਂ ਨੂੰ ਅੰਨ੍ਹੇਵਾਹ ਕਿਸੇ ਅਜਿਹੇ ਵਿਅਕਤੀ ਦੇ ਅਧੀਨ ਨਹੀਂ ਹੋਣਾ ਚਾਹੀਦਾ ਜੋ ਇਹ ਦਾਅਵਾ ਕਰਦਾ ਹੈ ਕਿ ਉਸ ਕੋਲ ਉਹਨਾਂ ਲਈ ਪਰਮੇਸ਼ਰ ਦੀ ਇੱਛਾ ਬਾਰੇ ਨਵਾਂ ਪ੍ਰਕਾਸ਼ਨ ਹੈ। ਇਹ ਇੱਕ ਧੋਖਾ ਹੈ।

ਇੱਕ ਦੂਜਾ ਵਿਚਾਰ ਇਹ ਹੈ ਕਿ ਭਾਵੇਂ ਪਵਿੱਤਰ ਆਤਮਾ ਇੱਕ ਸਿੱਧਾ (ਪਰ ਬਹੁਤ ਜ਼ਿਆਦਾ ਨਿੱਜੀ) ਪ੍ਰਕਾਸ਼ਨ ਦੇ ਸਕਦਾ ਹੈ, ਪਰ ਇਸ ਨੂੰ ਉਸ ਦੇ ਕੰਮ ਕਰਨ ਦਾ ਆਮ ਤਰੀਕਾ ਨਹੀਂ ਮੰਨਿਆ ਜਾ ਸਕਦਾ ਹੈ। **ਮੁੱਖ ਤੌਰ ਤੇ, ਉਹ ਵਚਨ ਦੁਆਰਾ ਅਗਵਾਈ ਕਰਦਾ ਹੈ।** ਉਸ ਦਾ ਦੂਜਾ ਤਰੀਕਾ **ਸੁਣਾਈ ਨਾ ਦੇਣ ਵਾਲੇ ਸੰਕੇਤ ਅਤੇ ਨਿਸ਼ਾਨ** ਹੁੰਦੇ ਹਨ (ਅਗਲਾ ਭਾਗ ਦੇਖੋ, ii)। ਹਾਲਾਂਕਿ ਉਹ ਸੁਣਨਯੋਗ ਨਿੱਜੀ ਪ੍ਰਕਾਸ਼ਨ ਦੇ ਸਕਦਾ ਹੈ, ਪਰ ਉਹ ਪਵਿੱਤਰ ਆਤਮਾ ਦੇ ਕੰਮ ਕਰਨ ਦਾ ਆਮ ਤਰੀਕਾ ਨਹੀਂ ਹੈ, ਅਤੇ ਸਾਨੂੰ ਇਸ ਨੂੰ ਕਦੇ-ਕਦਾਈਂ ਹੋਣ ਵਾਲੀ ਘਟਨਾ ਮੰਨਣਾ ਚਾਹੀਦਾ ਹੈ ਕਿਉਂਕਿ ਹੁਣ ਅਸੀਂ ਹੁਣ ਰਸੂਲਾਂ ਦੇ ਯੁੱਗ ਵਿੱਚ ਨਹੀਂ ਹਾਂ। ਲੇਖਕ ਮਹਿਸੂਸ ਕਰਦਾ ਹੈ ਕਿ ਪਰਮੇਸ਼ਰ ਵੱਲੋਂ ਸਿੱਧੇ ਤੌਰ ਤੇ ਗੱਲ ਨੂੰ ਜ਼ਿਆਦਾਤਰ ਇਹ ਮੰਨ ਕੇ ਖ਼ਤਮ ਕਰ ਦੇਣਾ ਚਾਹੀਦਾ ਹੈ ਕਿ ਉਹ ਜਾਂ ਤਾਂ ਉਲਝਣ ਵਿੱਚ ਪਾ ਕੇ ਆਪਣੀ ਵੱਲ ਧਿਆਨ ਖਿੱਚਣ ਦੇ ਤਰੀਕੇ ਹਨ, ਜਾਂ ਸ਼ੱਕੀ ਵਿਵਹਾਰ ਨੂੰ ਤਰਕ ਦੁਆਰਾ ਸਹੀ ਠਹਿਰਾਉਣ ਦੀਆਂ ਕੋਸ਼ਿਸ਼ਾਂ ਹਨ (ਜਿਵੇਂ ਕਿ, ਪ੍ਰਚਾਰਕ ਦਾਅਵਾ ਕਰਦੇ ਹਨ ਕਿ ਪਰਮੇਸ਼ਰ ਨੇ ਉਹਨਾਂ ਨੂੰ "ਪੈਸੇ" ਇਕੱਠੇ ਕਰਨ ਲਈ "ਕਿਹਾ" ਹੈ)।

ਇਸ ਸੁਣਾਈ ਦੇਣ ਵਾਲੇ ਪ੍ਰਕਾਸ਼ਨ ਦੀ ਇਹ ਹੱਦ ਤਹਿ ਕਰਨ ਤੋਂ ਬਾਅਦ ਕਿ ਇਹ ਸਿਰਫ਼ ਇੱਕ ਵਿਅਕਤੀਗਤ ਸੰਦੇਸ਼ ਹੀ ਹੋ ਸਕਦਾ ਹੈ ਅਤੇ ਅਜਿਹਾ ਪ੍ਰਕਾਸ਼ਨ ਬਹੁਤ ਘੱਟ ਹੁੰਦਾ ਹੈ, ਫਿਰ ਵੀ ਪਵਿੱਤਰ ਆਤਮਾ ਦੇ ਅੱਜ ਸੁਣਾਈ ਦੇਣ ਵਾਲੀ ਆਵਾਜ਼ ਵਿੱਚ ਬੋਲਣ ਦੀ ਬਹੁਤ ਘੱਟ ਸੰਭਾਵਨਾ ਹੈ। ਲੇਖਕ ਅਜਿਹੇ ਸਾਰੇ ਦਾਅਵਿਆਂ ਤੋਂ ਇਨਕਾਰ ਕਰਨ ਦੀ ਜ਼ਿਮੇਵਾਰੀ ਮਹਿਸੂਸ ਨਹੀਂ ਕਰਦਾ ਹੈ। ਜੇਕਰ ਇੱਕ ਦਾਅਵਾ ਕਰਦਾ ਹੈ ਕਿ ਉਸ ਦੇ ਕੋਲ ਦੂਜਿਆਂ ਉੱਤੇ ਲਾਗੂ ਕੀਤੇ ਜਾਣ ਵਾਲਾ ਕੋਈ ਸੰਦੇਸ਼ ਹੈ, ਤਾਂ ਉਹ ਧੋਖੇਬਾਜ਼ ਹੈ। ਜੇਕਰ ਉਹ ਇਹ ਦਾਅਵਾ ਕਰਦਾ ਹੈ ਕਿ ਪਰਮੇਸ਼ਰ ਉਸ ਨਾਲ ਅਕਸਰ ਗੱਲ ਕਰਦੇ ਹਨ, ਤਾਂ ਉਹ ਵੀ ਭਰੋਸੇਯੋਗ ਵਿਅਕਤੀ ਨਹੀਂ ਹੈ। ਫਿਰ ਵੀ, ਇੱਕ ਕਦੇ-ਕਦਾਈਂ ਹੋਣ ਵਾਲੇ ਅਤੇ ਇੱਕ ਨਿੱਜੀ ਸੰਚਾਰ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਪੌਲੁਸ ਜਿਸ ਨੇ ਅਜਿਹੇ ਵਿਅਕਤੀਗਤ ਪ੍ਰਕਾਸ਼ਨ ਪਾਏ ਸੀ, ਉਸ ਦੀ ਉਦਾਹਰਣ ਇਹ ਦਰਸਾਉਂਦੀ ਹੈ ਕਿ ਉਸ ਨੇ ਅਜਿਹੇ ਅਨੁਭਵਾਂ ਬਾਰੇ ਕੋਈ ਸ਼ੇਖੀ ਨਹੀਂ ਮਾਰੀ ਸੀ। ਅਸਲ ਵਿੱਚ, ਉਸ ਨੇ ਇਹਨਾਂ ਬਾਰੇ 14 ਸਾਲਾਂ ਤੱਕ ਕੋਈ ਗੱਲ ਹੀ ਨਹੀਂ ਕੀਤੀ ਸੀ ਅਤੇ ਬਾਅਦ ਵਿੱਚ ਵੀ ਉਸ ਨੇ ਇਸ ਦੇ ਜ਼ਿਆਦਾ ਵੇਰਵੇ ਨਹੀਂ ਦਿੱਤੇ ਸਨ (2 ਕੁਰਿਥੀਆਂ 12)। ਪਵਿੱਤਰ ਆਤਮਾ ਦੁਆਰਾ ਇੱਕ ਸੁਣਨਯੋਗ ਪ੍ਰਕਾਸ਼ਨ ਪ੍ਰਾਪਤ ਕਰਨ ਦਾ ਦਾਅਵਾ ਸ਼ੇਖੀ ਮਾਰਨ ਦੀ ਉਤਸੁਕਤਾ ਦੁਆਰਾ ਝੂਠਾ ਸਾਬਤ ਹੁੰਦਾ ਹੈ। ਅਜਿਹੇ ਪ੍ਰਕਾਸ਼ਨਾਂ ਨੂੰ ਸਿਰਫ਼ ਨਿੱਜੀ ਸੰਦੇਸ਼ਾਂ ਦੀ ਹੱਦ ਤੱਕ ਹੀ ਰੱਖਣਾ ਚਾਹੀਦਾ ਹੈ, ਅਤੇ ਉਹਨਾਂ ਨੂੰ ਇੰਨੇ ਨਿੱਜੀ ਮੰਨਣਾ ਚਾਹੀਦਾ ਹੈ ਕਿ ਇੱਕ ਵਿਅਕਤੀ ਨੂੰ ਆਪਣੇ ਵੱਲ ਜਾਂ ਇਸ ਅਨੁਭਵ ਵੱਲ ਧਿਆਨ ਖਿੱਚਣ ਵਿੱਚ ਝਿਜਕਣਾ ਚਾਹੀਦਾ ਹੈ। ਪਵਿੱਤਰ ਆਤਮਾ ਦੁਆਰਾ ਦਿੱਤੇ ਗਏ ਜ਼ੁਬਾਨੀ ਸੰਦੇਸ਼ ਦੇ ਹਰੇਕ ਦਾਅਵੇ ਨੂੰ ਝੂਠਾ ਨਹੀਂ ਮੰਨਣਾ ਚਾਹੀਦਾ ਹੈ। ਪਰ ਅਜਿਹੇ ਸੰਦੇਸ਼ ਜਿਹਨਾਂ ਨੂੰ ਦੂਜਿਆਂ ਉੱਤੇ ਅਧਿਕਾਰ ਕਰਨ ਲਈ ਵਰਤਿਆ ਜਾਂਦਾ ਹੈ, ਉਹ ਉਨੇ ਹੀ ਨਾਜਾਇਜ਼ ਹਨ ਜਿੰਨੇ ਉਹ ਸ਼ਬਦ ਹੁੰਦੇ ਹਨ ਜੋ ਸਪੱਸ਼ਟ ਤੌਰ ਤੇ ਪਰਮੇਸ਼ਰ ਦੇ ਵਚਨ ਦਾ ਵਿਰੋਧ ਕਰਦੇ ਹਨ। ਇਸ ਤੋਂ ਇਲਾਵਾ, ਅਜਿਹੇ ਦਾਅਵੇ ਜੋ ਅਕਸਰ ਕੀਤੇ ਜਾਂਦੇ ਹਨ ਅਤੇ ਜਿਹਨਾਂ ਵਿੱਚ ਆਪਣੇ ਵੱਲ ਧਿਆਨ ਖਿੱਚਣ ਦੀ ਇੱਛਾ ਸ਼ਾਮਲ ਹੁੰਦੀ ਹੈ, ਉਹ ਸਭ ਤੋਂ ਵੱਧ ਸ਼ੱਕ ਵਾਲੇ ਹੁੰਦੇ ਹਨ। ਭਰੋਸੇਯੋਗਤਾ ਸਾਬਤ ਕਰਨ ਦਾ ਇੱਕ ਹੋਰ ਤੱਥ ਬਾਈਬਲ ਦੀ ਸੱਚਾਈ ਬਾਰੇ ਇੱਕ ਵਿਅਕਤੀ ਦੇ ਨਿਰਣੇ ਦੀ ਵਿਸ਼ਵਾਸਯੋਗਤਾ ਹੈ। ਜੇਕਰ ਉਹ ਬਾਈਬਲ ਦੀਆਂ ਵਿਆਖਿਆਵਾਂ ਬਾਰੇ ਕੋਈ ਬੁਰਾ ਨਿਰਣਾ ਰੱਖਦਾ ਹੈ, ਤਾਂ ਅਜਿਹੇ ਆਤਮਿਕ ਅਨੁਭਵਾਂ ਬਾਰੇ ਉਸ ਦੀ ਪਰਖ ਵੀ ਭਰੋਸੇਮੰਦ ਨਹੀਂ ਮੰਨੀ ਜਾ ਸਕਦੀ ਹੈ।

### ii. ਪਵਿੱਤਰ ਆਤਮਾ ਦੁਆਰਾ ਸੁਣਾਈ ਨਾ ਦੇਣ ਵਾਲੇ ਸੰਕੇਤ ਅਤੇ ਪ੍ਰਭਾਵ

ਬਾਈਬਲ ਇੱਕ ਵਿਸ਼ਵਾਸੀ ਦੀ ਅਗਵਾਈ ਕਰਨ ਲਈ ਪਵਿੱਤਰ ਆਤਮਾ ਧੀਮੀ ਆਵਾਜ਼ ਵਾਲੀ ਪ੍ਰੇਰਨਾ ਅਤੇ ਪ੍ਰਭਾਵ ਨੂੰ ਅਜਿਹੀ ਸਥਿਤੀ ਤੋਂ ਜ਼ਿਆਦਾ ਵੱਡਾ ਆਧਾਰ ਪ੍ਰਦਾਨ ਕਰਦੀ ਹੈ ਕਿ ਜਿਸ ਵਿੱਚ ਸੁਣਨ ਵਾਲੀ ਆਵਾਜ਼ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਪਰ ਇਹ ਖੇਤਰ ਸੁਣਨਯੋਗ ਪ੍ਰਕਾਸ਼ਨਾਂ ਜਾਂ ਦਰਸ਼ਨਾਂ ਦੀ ਤਰ੍ਹਾਂ ਹੀ ਦੁਰਵਿਵਹਾਰ ਅਤੇ ਗ਼ਲਤਫ਼ਹਿਮੀਆਂ ਦੇ ਯੋਗ ਹੈ।

ਸਰੀਰਕ ਭਾਵਨਾਵਾਂ ਨੂੰ "ਆਤਮਾ ਦੀ ਅਗਵਾਈ" ਸਾਬਤ ਕਰਨ ਲਈ ਮਨ ਤੋਂ ਬਣਾਈ ਗਈ ਗੱਲ ਦੇ ਵਿਰੁੱਧ ਸਖ਼ਤ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਹੈ। ਅੰਦਰੂਨੀ ਧੀਮੀ ਆਵਾਜ਼, ਮਾਨਸਿਕ ਪ੍ਰਭਾਵ, ਆਤਮਿਕ ਬੋਝ ਇੱਕ ਅਜਿਹੇ ਜੀਵਨ ਦੇ ਸੰਦਰਭ ਵਿੱਚ ਹੀ ਭਰੋਸੇਯੋਗ ਮੰਨੇ ਜਾ ਸਕਦੇ ਹਨ ਜੋ ਲਗਾਤਾਰ ਵਚਨ ਵਿੱਚੋਂ ਪਵਿੱਤਰ ਆਤਮਾ ਦੀ ਸਪੱਸ਼ਟ ਸਿੱਖਿਆ ਅਨੁਸਾਰ ਚੱਲਦਾ ਹੈ। ਜੇਕਰ ਇੱਕ ਵਿਅਕਤੀ ਵਚਨ ਵਿੱਚੋਂ ਮਿਲਣ ਵਾਲੀ ਪਵਿੱਤਰ ਆਤਮਾ ਦੀ ਸਪੱਸ਼ਟ ਅਗਵਾਈ ਨੂੰ ਨਜ਼ਰਅੰਦਾਜ਼ ਕਰਦਾ ਹੈ, ਤਾਂ ਉਹ ਕਿਸੇ ਮਾਮਲੇ ਵਿੱਚ ਪਵਿੱਤਰ ਆਤਮਾ ਤੋਂ ਖ਼ਾਸ ਅਗਵਾਈ ਨੂੰ ਸਮਝਣ ਦੇ ਯੋਗ ਨਹੀਂ ਹੁੰਦਾ ਹੈ। ਅੰਦਰੂਨੀ ਭਾਵਨਾਵਾਂ ਸਿਰਫ਼ ਉਦੋਂ ਹੀ ਭਰੋਸੇਯੋਗ ਹੁੰਦੀਆਂ ਹਨ ਜੇਕਰ ਉਹ ਇੱਕ ਅਜਿਹੇ ਦਿਲ ਤੋਂ ਪੈਦਾ ਹੁੰਦੀਆਂ ਹਨ ਜੋ ਵਚਨ ਵਿੱਚ ਪ੍ਰਗਟ ਕੀਤੇ ਗਏ ਜੀਵਨ ਦੇ ਹਰੇਕ ਖੇਤਰ ਵਿੱਚ ਪਰਮੇਸ਼ਰ ਦੇ ਅਧੀਨ ਹੁੰਦਾ ਹੈ। ਨਹੀਂ ਤਾਂ, ਮਨਘੜਤ ਗੱਲਾਂ ਅਤੇ ਹੇਰਾਫੇਰੀ ਲਈ ਬਹੁਤ ਸੰਭਾਵਨਾ ਬਣੀ ਰਹਿੰਦੀ ਹੈ। ਜੇਕਰ ਸੰਕੇਤ ਅਤੇ ਪ੍ਰੇਰਨਾਵਾਂ ਨੂੰ ਵਚਨ ਦੇ ਅਧੀਨ ਨਹੀਂ ਹੁੰਦੀਆਂ ਹਨ, ਤਾਂ ਉਹ ਫ਼ੈਸਲਾ ਲੈਣ ਜਾਂ ਜੀਵਨ ਬਤੀਤ ਕਰਨ ਦਾ ਇੱਕ ਬਹੁਤ ਹੀ ਕਮਜ਼ੋਰ ਆਧਾਰ ਹਨ (ਦੇਖੋ, ਅਫ਼ਸੀ 5:18, ਕੁਲੁੱਸੀ 3:16)।

ਇਹ ਚੇਤਾਵਨੀ ਦੇਣ ਤੋਂ ਬਾਅਦ, ਇਹ ਵੀ ਸੱਚ ਹੈ ਕਿ ਬਾਈਬਲ ਇਸ ਵਿਚਾਰ ਨੂੰ ਉਤਸ਼ਾਹਿਤ ਕਰਦੀ ਹੈ ਕਿ ਪਵਿੱਤਰ ਆਤਮਾ **ਆਤਮਿਕ** ਲੋਕਾਂ ਦੀ ਧੀਮੀ ਆਵਾਜ਼ ਅਤੇ ਮਨਾਂ ਵਿੱਚ ਪ੍ਰਭਾਵਾਂ ਦੁਆਰਾ ਅਗਵਾਈ ਕਰਦਾ ਹੈ। ਅਜਿਹੀ ਨਾ ਸੁਣਨਯੋਗ ਆਵਾਜ਼ ਕਦੇ ਵੀ ਪਰਮੇਸ਼ਰ ਦੇ ਲਿਖਤੀ ਵਚਨ ਦਾ ਵਿਰੋਧ ਨਹੀਂ ਕਰੇਗੀ (ਯਸਾ 8:20)। ਇਹ ਮਸੀਹੀ ਜੀਵਨ ਦੇ ਅਜਿਹੇ ਕਿਸੇ ਰਹੱਸ ਵੱਲ ਨਹੀਂ ਲੈ ਜਾਂਦੀ ਹੈ ਜੋ ਪਹਿਲਾਂ ਹੀ ਬਾਈਬਲ ਵਿੱਚ ਦਰਜ਼ ਨਹੀਂ ਹੈ, ਜਾਂ ਇਹ ਇੱਕ ਵਿਅਕਤੀ ਨੂੰ ਜੀਵਨ ਬਤੀਤ ਕਰਨ ਦਾ ਕੋਈ ਅਜਿਹਾ ਸਾਧਨ ਨਹੀਂ ਦੇ ਸਕਦੀ ਹੈ ਜੋ ਦੂਜੇ ਵਿਸ਼ਵਾਸੀਆਂ ਲਈ ਉਪਲਬਧ ਨਹੀਂ ਹੈ। ਇੱਕ ਮਸੀਹੀ ਜੀਵਨ ਬਤੀਤ ਕਰਨ ਲਈ ਸਾਰੇ ਜ਼ਰੂਰੀ ਵਾਅਦੇ (2 ਪਤਰਸ 1:3) ਅਤੇ ਮਸੀਹੀ ਸੇਵਕਾਈ ਲਈ ਸਾਰੇ ਸਾਧਨ ਸਿਰਫ਼ ਪਵਿੱਤਰ ਬਾਈਬਲ ਵਿੱਚ ਹੀ ਹਨ (2 ਤਿਮੋਥਿ 3:16-17)।

ਫਿਰ ਵੀ, ਮਸੀਹਤ ਵਿੱਚ ਕੁਝ ਬਹੁਤ ਹੀ ਨਿੱਜੀ ਅਤੇ ਵਿਅਕਤੀਗਤ ਪਹਿਲੂ ਹਨ। ਪਰਮੇਸ਼ਰ ਦੀ ਖ਼ਾਸ ਅਤੇ ਵਿਅਕਤੀਗਤ ਇੱਛਾ ਦੇ ਗਿਆਨ ਦੇ ਅਜਿਹੇ ਖੇਤਰਾਂ ਵਿੱਚ, ਪਵਿੱਤਰ ਆਤਮਾ ਦੀ ਸੇਵਕਾਈ ਦੀ ਅਗਵਾਈ ਨੂੰ ਸ਼ਾਮਲ ਕਰਨਾ ਜ਼ਰੂਰੀ ਹੁੰਦਾ ਹੈ। ਬਾਈਬਲ ਵਿੱਚ ਦਿੱਤੇ ਗਏ ਸਾਰੇ ਵਿਵਹਾਰਾਂ ਬਾਰੇ ਸਾਰੇ ਵਿਸ਼ਵਾਸੀਆਂ ਦੀ ਇੱਕ-ਜਿਹੀ ਧਾਰਨਾ ਹੁੰਦੀ ਹੈ। ਇਸ ਲਈ, ਮਸੀਹੀ ਆਜ਼ਾਦੀ ਦੇ ਖੇਤਰਾਂ ਵਿੱਚ ਆਪਣੇ ਵਿਅਕਤੀਗਤ ਮਿਆਰਾਂ ਨੂੰ ਵਿਕਸਤ ਕਰਨ ਲਈ ਪਰਮੇਸ਼ਰ ਵੱਲੋਂ ਕੁਝ ਵਿਅਕਤੀਗਤ ਅਗਵਾਈ ਹੋਣੀ ਚਾਹੀਦੀ ਹੈ। ਰੋਮੀ 14:22-23 ਇਹ ਸੰਕੇਤ ਦਿੰਦਾ ਹੈ ਕਿ ਮਸੀਹੀ ਆਜ਼ਾਦੀ ਦੇ ਖੇਤਰ ਵਿੱਚ ਕੰਮਾਂ ਦੀ ਉਚਿਤਤਾ ਅਤੇ ਅਣਉਚਿਤਤਾ ਬਾਰੇ ਮਸੀਹੀਆਂ ਦੇ ਭਰੋਸੇ (ਵਿਸ਼ਵਾਸ) ਦੇ ਵੱਖ-ਵੱਖ ਪੱਧਰ ਹੋਣਗੇ। ਇਹ ਮੰਨਣਾ ਤਰਕਪੂਰਨ ਹੈ ਕਿ ਪਵਿੱਤਰ ਆਤਮਾ ਆਤਮਿਕ ਵਿਸ਼ਵਾਸੀਆਂ ਦੇ ਜੀਵਨਾਂ ਵਿੱਚ ਮਸੀਹੀ ਆਜ਼ਾਦੀ ਦੇ ਵੱਖ-ਵੱਖ ਮੁੱਦਿਆਂ ਵਿੱਚ ਵਿਅਕਤੀਗਤ ਧਾਰਨਾਵਾਂ ਦੇ ਰੂਪ ਵਿੱਚ ਧੀਮੀ ਆਵਾਜ਼ ਨਾਲ ਬੋਲਣ, ਮਨ ਵਿੱਚ ਪ੍ਰਭਾਵ, ਅਤੇ ਬੋਝ ਦੁਆਰਾ ਅਜਿਹੀਆਂ ਧਾਰਨਾਵਾਂ ਨੂੰ ਵਿਕਸਤ ਕਰਨਾ ਚਾਹੁੰਦਾ ਹੈ। ਇਸੇ ਤਰ੍ਹਾਂ, ਹਰੇਕ ਵਿਸ਼ਵਾਸੀ ਕੋਲ ਇੱਕ ਆਤਮਿਕ ਵਰਦਾਨ ਹੁੰਦਾ ਹੈ, ਪਰ ਸਾਰਿਆਂ ਕੋਲ ਇੱਕੋ ਜਿਹਾ ਵਰਦਾਨ ਨਹੀਂ ਹੁੰਦਾ ਹੈ। ਇਸ ਲਈ, ਇੱਕ ਅਜਿਹੀ ਸਪੱਸ਼ਟ ਅਗਵਾਈ ਜ਼ਰੂਰ ਹੋਣੀ ਚਾਹੀਦੀ ਹੈ, ਜਿਸ ਦੁਆਰਾ ਇੱਕ ਵਿਅਕਤੀ ਆਪਣੇ ਵਰਦਾਨ (ਵਰਦਾਨਾਂ) ਦੀ ਪਛਾਣ ਕਰ ਸਕੇ। ਅਜਿਹਾ ਹੋਣ ਦੀ ਬਹੁਤ ਸੰਭਵਨਾ ਹੈ ਕਿ ਪਵਿੱਤਰ ਆਤਮਾ ਇੱਕ **ਆਤਮਿਕ** ਵਿਅਕਤੀ ਨੂੰ ਭਰੋਸੇ ਦਾ ਇੱਕ ਮਾਪ ਦਿੰਦਾ ਹੈ (ਅਰਥਾਤ, ਵਿਸ਼ਵਾਸ, ਰੋਮੀ 12:3) ਕਿ ਉਹ ਇਹ ਜਾਣ ਲਵੇ ਕਿ ਉਸ ਨੂੰ ਪਰਮੇਸ਼ਰ ਦੇ ਲਈ ਕੀ ਕੰਮ ਕਰਨਾ ਹੈ। ਵਿਅਕਤੀਗਤ ਧਾਰਨਾਵਾਂ ਅਤੇ ਆਤਮਿਕ ਵਰਦਾਨਾਂ ਦੀ ਪਛਾਣ ਦੇ ਖੇਤਰਾਂ ਵਿੱਚ ਪਵਿੱਤਰ ਆਤਮਾ (ਸਿਰਫ਼ ਆਤਮਿਕ ਲੋਕਾਂ ਨਾਲ) ਧੀਮੀ ਆਵਾਜ਼ ਵਿੱਚ ਗੱਲ ਕਰਦਾ ਹੈ। ਇਸ ਤੋਂ ਇਲਾਵਾ, ਇਸ ਗੱਲ ਦੇ ਸਬੂਤ ਹਨ ਕਿ ਪਵਿੱਤਰ ਆਤਮਾ **ਆਤਮਿਕ ਲੋਕਾਂ** ਨਾਲ ਇਸ ਤਰ੍ਹਾਂ ਨਾਲ ਧੀਮੀ ਆਵਾਜ਼ ਵਿੱਚ ਗੱਲ ਕਰਦਾ ਅਤੇ ਉਹਨਾਂ ਉੱਤੇ ਪ੍ਰਭਾਵ ਪਾਉਂਦਾ ਹੈ ਕਿ ਫਿਰ ਉਹ ਉਸ ਦੀ ਖ਼ਾਸ ਇੱਛਾ ਅਨੁਸਾਰ ਫ਼ੈਸਲੇ ਲੈ ਸਕਦੇ ਹਨ (ਫ਼ਿਲਿੱਪੀ 2:13)।[26] ਅਜਿਹਾ ਨਹੀਂ ਲੱਗਦਾ ਹੈ ਕਿ ਬਾਈਬਲ ਪਰਮੇਸ਼ਰ ਦੀ ਉਸ ਆਮ ਅਗਵਾਈ ਨੂੰ ਸੀਮਿਤ ਕਰਦੀ ਹੈ ਜੋ ਸਾਰੇ ਮਸੀਹੀਆਂ ਨੂੰ ਹਰ ਸਮੇਂ ਪਵਿੱਤਰ ਵਚਨ ਵਿੱਚੋਂ ਸਿੱਧੇ ਤੌਰ ਤੇ ਦਿੱਤੀ ਜਾਂਦੀ ਹੈ (ਕਹਾਉਤਾਂ

[26] ਬਾਈਬਲ ਇਸ ਗੱਲ ਦੇ ਬਹੁਤ ਸਾਰੇ ਕਾਰਨ ਦਿੰਦੀ ਹੈ ਕਿ ਪਰਮੇਸ਼ਰ ਇੱਕ ਵਿਸ਼ਵਾਸੀ ਦੇ ਜੀਵਨ ਵਿੱਚ ਬਿਮਾਰੀ ਜਾਂ ਦੁੱਖ ਦੀ ਆਗਿਆ ਦੇ ਸਕਦੇ ਹਨ। ਕੀ ਇਹ ਸੋਚਣਾ ਸਹੀ ਹੈ ਕਿ ਪਵਿੱਤਰ ਆਤਮਾ ਇੱਕ ਵਿਸ਼ਵਾਸੀ ਦੇ ਮਨ ਨੂੰ ਕਿਸੇ ਦੁੱਖ ਦੇ ਇੱਕ ਖ਼ਾਸ ਉਦੇਸ਼ ਦੇ ਬਾਰੇ ਕਾਇਲ ਕਰੇ ਜੋ ਉਸ ਨੇ ਸਹੇ ਹਨ?

3:5-6; ਜ਼ਬੂਰ 32:8; 37:4-5; 73:23-24)। ਅਤੇ ਇਹ ਵੀ ਸਪੱਸ਼ਟ ਹੈ ਕਿ ਪਰਮੇਸ਼ਰ ਵਿਅਕਤੀਗਤ ਤੌਰ ਤੇ ਵੀ ਅਗਵਾਈ ਦਿੰਦੇ ਹਨ।

ਕੁਝ ਲੋਕ ਪਵਿੱਤਰ ਆਤਮਾ ਦੀ ਧੀਮੀ ਆਵਾਜ਼ ਅਤੇ ਪ੍ਰਭਾਵ ਪਾਉਣ ਦੀ ਆਲੋਚਨਾ ਕਰਦੇ ਹਨ ਕਿ ਇਹ ਬਹੁਤ ਜ਼ਿਆਦਾ ਵਿਅਕਤੀਗਤ ਹਨ। ਇਹ ਸੱਚ ਹੈ ਕਿ ਇਸ ਵਿਚਾਰ ਦੀ ਅਜਿਹੇ ਲੋਕਾਂ ਦੁਆਰਾ ਗ਼ਲਤ ਵਰਤੋਂ ਕੀਤੀ ਜਾ ਸਕਦੀ ਹੈ ਜੋ ਆਤਮਿਕ ਨਹੀਂ ਹਨ। ਪਰ ਫਿਰ ਵੀ ਪਵਿੱਤਰ ਆਤਮਾ ਦੀ ਧੀਮੀ ਆਵਾਜ਼ ਨਾਲ ਗੱਲ ਕਰਨ ਜਾਂ ਪ੍ਰਭਾਵ ਪਾਉਣ ਦੁਆਰਾ ਅਗਵਾਈ ਕਰਨ ਦੀ ਅਗਵਾਈ ਵਚਨ ਉੱਤੇ ਭਰੋਸਾ ਕਰਨ ਤੇ ਹੀ ਨਿਰਭਰ ਹੈ। ਬਾਈਬਲ ਸਿਖਾਉਂਦੀ ਹੈ ਕਿ ਪਰਮੇਸ਼ਰ ਪਵਿੱਤਰ ਆਤਮਾ ਸਾਡੇ ਅੰਦਰ ਵੱਸਦਾ ਹੈ। ਇਹ ਸਿਖਾਉਂਦੀ ਹੈ ਕਿ ਉਹ ਆਤਮਿਕ ਲੋਕਾਂ ਦੀਆਂ ਮਾਨਸਿਕ ਯੋਗਤਾਵਾਂ ਵਿੱਚ ਕੰਮ ਕਰਦਾ ਹੈ (ਫ਼ਿਲਿੱਪੀ 2:13) ਅਤੇ ਉਹਨਾਂ ਨੂੰ ਆਪਣੀ ਇੱਛਾ ਦੇ ਮਾਮਲਿਆਂ ਵਿੱਚ ਪ੍ਰੇਰਨਾ ਅਤੇ ਅਗਵਾਈ ਦਿੰਦਾ ਹੈ (ਜਿਵੇਂ ਕਿ ਮਸੀਹੀ ਆਜ਼ਾਦੀ ਦੇ ਖੇਤਰ ਵਿੱਚ, ਰੋਮੀ 14:22-23, ਜਾਂ ਆਤਮਿਕ ਵਰਦਾਨਾਂ ਦੇ ਬਾਰੇ, ਰੋਮੀ 12:3)। ਜੇਕਰ ਸੰਸਾਰਿਕ ਵਿਅਕਤੀ ਅਜਿਹੀ ਧੀਮੀ ਆਵਾਜ਼ ਅਤੇ ਪ੍ਰਭਾਵਾਂ ਉੱਤੇ ਭਰੋਸਾ ਕਰੇਗਾ, ਤਾਂ ਉਹ ਆਪਣੀਆਂ ਸੁਆਰਥੀ ਭਾਵਨਾਵਾਂ ਨੂੰ "ਆਤਮਾ ਦੀ ਅਗਵਾਈ" ਮੰਨ ਕੇ ਪਾਪ ਕਰੇਗਾ। ਇਹ ਜਾਣਬੁੱਝ ਕੇ ਕਿਸੇ ਜਾਇਜ਼ ਸਿਧਾਂਤ ਨੂੰ ਤੋੜ-ਮਰੋੜ ਕੇ ਆਪਣੇ ਬੁਰੇ ਉਦੇਸ਼ਾਂ ਦੇ ਲਈ ਵਰਤੋਂ ਕਰਨ ਦੁਆਰਾ ਵੀ ਕੀਤਾ ਜਾ ਸਕਦਾ ਹੈ। ਫਿਰ ਵੀ, ਆਤਮਿਕ ਵਿਅਕਤੀ ਜੋ ਧੀਮੀ ਆਵਾਜ਼ ਅਤੇ ਮਨ ਉੱਤੇ ਪਾਏ ਗਏ ਪ੍ਰਭਾਵਾਂ ਉੱਤੇ ਭਰੋਸਾ ਰੱਖਦਾ ਹੈ, ਉਹ ਅਸਲ ਵਿੱਚ ਬਾਈਬਲ ਦੀ ਸਿੱਖਿਆ ਵਿੱਚ ਵਿਸ਼ਵਾਸ ਪ੍ਰਗਟ ਕਰ ਰਿਹਾ ਹੈ ਕਿ ਪਰਮੇਸ਼ਰ ਇੱਕ ਖ਼ਾਸ ਤਰੀਕੇ ਨਾਲ ਵਿਸ਼ਵਾਸੀ ਦੇ ਦਿਲ ਵਿੱਚ ਕੰਮ ਕਰਦੇ ਹਨ। ਇੱਕ ਆਤਮਿਕ ਵਿਅਕਤੀ ਦੇ ਲਈ ਮਨ ਉੱਤੇ ਪਾਏ ਗਏ ਪ੍ਰਭਾਵ ਉੱਤੇ ਭਰੋਸਾ ਕਰਨਾ ਅਪਣੇ ਆਪ ਨੂੰ ਹੀ ਧੋਖਾ ਦੇਣ ਵਾਲੇ ਕਿਸੇ ਮਾਮਲੇ ਵਿੱਚ ਸ਼ਾਮਲ ਹੋ ਜਾਣਾ ਨਹੀਂ ਹੈ। ਇਹ ਉਸ ਪਵਿੱਤਰ ਵਚਨ ਵਿੱਚ ਭਰੋਸਾ ਹੈ ਜੋ ਸਿਖਾਉਂਦਾ ਹੈ ਕਿ ਪਰਮੇਸ਼ਰ ਅੰਦਰ ਵੱਸਦੇ ਹਨ, ਅਤੇ ਉਹ ਵੱਖ-ਵੱਖ ਧਾਰਨਾਵਾਂ, ਬੋਝ, ਵਰਦਾਨਾਂ, ਅਤੇ ਫੈਸਲਿਆਂ ਦੇ ਗਿਆਨ ਵਿੱਚ ਵਿਅਕਤੀਗਤ ਅਗਵਾਈ ਕਰਦੇ ਹਨ। ਹਾਲਾਂਕਿ ਪਵਿੱਤਰ ਆਤਮਾ ਦੇ ਧੀਮੀ ਆਵਾਜ਼ ਵਿੱਚ ਗੱਲ ਕਰਨ ਦੇ ਖੇਤਰ ਵਿੱਚ ਇਸ ਦੀ ਗ਼ਲਤ ਵਰਤੋਂ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਅਜਿਹੀ ਅਗਵਾਈ ਦੇ ਪੂਰੇ ਵਿਚਾਰ ਨੂੰ ਹੀ ਰੱਦ ਕਰ ਦਿੱਤਾ ਜਾਵੇ। ਜਦੋਂ ਧੀਮੀ ਆਵਾਜ਼ ਅਤੇ ਪ੍ਰਭਾਵ ਇੱਕ ਅਜਿਹੇ ਜੀਵਨ ਵਿੱਚ ਪੈਦਾ ਹੁੰਦੇ ਹਨ ਜੋ ਆਤਮਿਕ ਹੈ, ਤਾਂ ਇਹਨਾਂ ਨੂੰ ਵਿਅਕਤੀਗਤ ਅਗਵਾਈ ਦੇਣ ਲਈ ਪਵਿੱਤਰ ਆਤਮਾ ਦੇ ਜਾਇਜ਼ ਸਾਧਨ ਮੰਨਣਾ ਚਾਹੀਦਾ ਹੈ।

### (c) ਆਤਮਾ ਵਿੱਚ ਪ੍ਰਾਰਥਨਾ

> **ਆਤਮਾ ਵਿੱਚ** ਹਰ ਰੇਮ ਪ੍ਰਾਰਥਨਾ ਅਤੇ ਹਰ ਤਰ੍ਹਾਂ ਦੀ ਬੇਨਤੀ ਕਰਦੇ ਰਹੋ…[ਅਫ਼ਸੀ 6:18]
>
> ਪਰ ਤੁਸੀਂ ਮੇਰੇ ਪਿਆਰੇ ਮਿੱਤਰੋ, ਆਪਣੇ ਆਪ ਨੂੰ ਅਤਿ ਪਵਿੱਤਰ ਵਿਸ਼ਵਾਸ ਦੇ ਵਿੱਚ ਉਸਾਰਦੇ ਜਾਓ ਅਤੇ **ਪਵਿੱਤਰ ਆਤਮਾ ਦੇ ਵਿੱਚ ਪ੍ਰਾਰਥਨਾ ਕਰਦੇ ਰਹੋ** [ਯਹੂਦਾ 20]

ਪਵਿੱਤਰ ਆਤਮਾ ਵਿੱਚ ਜਾਂ ਦੁਆਰਾ ਪ੍ਰਾਰਥਨਾ ਕਰਨਾ ਇੱਕ ਅਜਿਹਾ ਖੇਤਰ ਹੈ ਜਿਸ ਨੂੰ ਪਵਿੱਤਰ ਆਤਮਾ ਦੇ ਨਿਯੰਤਰਨ (ਭਰਪੂਰ ਹੋਣ) ਦੀ ਪ੍ਰਕਿਰਿਆ ਦੇ ਹਿੱਸਾ ਮੰਨਿਆ ਜਾ ਸਕਦਾ ਹੈ, ਪਰ ਇਸ ਨੂੰ ਇੱਕ ਵਿਅਕਤੀ ਦੇ ਜੀਵਨ ਉੱਤੇ ਆਤਮਾ ਦੇ ਨਿਯੰਤਰਨ ਦਾ ਨਿਰੰਤਰ ਵੱਧਦਾ ਹੋਇਆ ਨਤੀਜਾ ਵੀ ਮੰਨਿਆ ਜਾ ਸਕਦਾ ਹੈ।[27]

"ਆਤਮਾ ਵਿੱਚ ਜਾਂ ਦੁਆਰਾ" ਪ੍ਰਾਰਥਨਾ ਕਰਨ ਦਾ ਜ਼ਿਕਰ ਅਫ਼ਸੀ 6:18 ਅਤੇ ਯਹੂਦਾ 20 ਵਿੱਚ ਕੀਤਾ ਗਿਆ ਹੈ। ਅਫ਼ਸੀ 2:18 ਵੀ ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਇੱਕ ਸਾਧਨ ਹੈ ਜਿਸ ਦੁਆਰਾ ਪ੍ਰਾਰਥਨਾਵਾਂ ਪਿਤਾ ਤੱਕ ਪਹੁੰਚਦੀਆਂ ਹਨ (ਜ਼ਕਰ 12:10 ਵਿੱਚ ਪਵਿੱਤਰ ਆਤਮਾ ਲਈ ਸਿਰਲੇਖ "ਬੇਨਤੀ ਦਾ ਆਤਮਾ" ਦੇਖੋ)।

"ਆਤਮਾ ਵਿੱਚ ਪ੍ਰਾਰਥਨਾ" ਵਾਕਾਂਸ਼ ਦਾ ਅਰਥ ਘੱਟੋ-ਘੱਟ ਇਹ ਜ਼ਰੂਰ ਹੈ ਕਿ ਵਿਸ਼ਵਾਸੀ ਪਵਿੱਤਰ ਆਤਮਾ ਦੇ ਨਾਲ ਇੱਕ ਅਜਿਹੇ ਸੰਬੰਧ ਵਿੱਚ ਹੋਣ ਕਿ ਉਹ ਪ੍ਰਭਾਵਸ਼ਾਲੀ ਪ੍ਰਾਰਥਨਾ ਕਰ ਸਕਣ। ਪਵਿੱਤਰ ਆਤਮਾ ਨੂੰ ਦੁੱਖੀ ਕਰਨਾ ਜਾਂ ਬੁਝਾਉਣਾ ਪ੍ਰਾਰਥਨਾ ਕਰਨ ਦਾ ਇੱਕ ਸਿਹਤਮੰਦ ਆਧਾਰ ਨਹੀਂ ਹੋ ਸਕਦਾ ਹੈ, ਕਿਉਂਕਿ ਪਾਪ ਪ੍ਰਾਰਥਨਾ ਨੂੰ ਪ੍ਰਭਾਵਸ਼ਾਲੀ ਹੋਣ ਤੋਂ ਰੋਕਦਾ ਹੈ (ਜ਼ਬੂਰ 66:18; 1 ਪਤਰਸ 3:7,12; ਯਾਕੂਬ 4:3), ਪਰ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਪ੍ਰਾਰਥਨਾ ਵਿੱਚ ਪ੍ਰਭਾਵ ਨੂੰ ਵਧਾ ਦਿੰਦੀ ਹੈ (1ਯੂਹੰਨਾ 3:22; ਯਾਕੂਬ 5:16)। ਇਸ ਤੋਂ ਇਲਾਵਾ, ਇਸ ਸੰਭਵ ਹੈ ਕਿ ਪਵਿੱਤਰ ਆਤਮਾ ਬੋਝ ਦਿੰਦਾ ਹੈ, ਧੀਮੀ ਆਵਾਜ਼ ਵਿੱਚ ਗੱਲ ਕਰਦਾ ਹੈ, ਅਤੇ ਪ੍ਰਾਰਥਨਾ ਨਾਲ ਜੁੜੇ ਮੁੱਦਿਆਂ ਦੇ ਬਾਰੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਆਤਮਾ ਨਾਲ ਭਰਪੂਰ ਹੋਣ ਦੀ ਪ੍ਰਕਿਰਿਆ ਦਾ ਇੱਕ ਹਿੱਸਾ ਪਵਿੱਤਰ ਆਤਮਾ ਨਾਲ ਇੱਕ ਅਜਿਹਾ ਸਹੀ ਸੰਬੰਧ ਵਿੱਚ ਹੋਣਾ ਹੈ ਜਿਹੜਾ ਪ੍ਰਾਰਥਨਾ ਨੂੰ ਉਤਸ਼ਾਹਿਤ ਕਰਦਾ ਹੋਵੇ। ਇਸ ਤਰ੍ਹਾਂ ਆਤਮਾ ਨਾਲ ਭਰਪੂਰ ਹੋਣਾ ਪ੍ਰਾਰਥਨਾਵਾਂ ਵਿੱਚ ਪਵਿੱਤਰ ਆਤਮਾ ਦੀ ਧੀਮੀ ਆਵਾਜ਼ ਨੂੰ ਸੁਣਨ ਦੀ ਸੰਵੇਦਨਸ਼ੀਲਤਾ ਨੂੰ ਵੀ ਵਧਾ ਦਿੰਦਾ ਹੈ।

[27] ਦੂਜੇ ਸ਼ਬਦਾਂ ਵਿੱਚ, ਇੱਕ ਵਿਅਕਤੀ ਉਦੋਂ ਤੱਕ ਆਤਮਾ ਨਾਲ ਭਰਪੂਰ ਨਹੀਂ ਹੈ ਜਦੋਂ ਤੱਕ ਪਵਿੱਤਰ ਆਤਮਾ ਉਹਨਾਂ ਦੇ ਪ੍ਰਾਰਥਨਾ ਦੇ ਖੇਤਰ ਨੂੰ ਨਿਯੰਤਰਿਤ ਨਹੀਂ ਕਰਦਾ ਹੈ। ਫਿਰ ਵੀ, ਆਤਮਾ ਦੇ ਨਿਯੰਤਰਨ ਦਾ ਨਤੀਜਾ ਪਵਿੱਤਰ ਆਤਮਾ ਨਾਲ ਪ੍ਰਾਰਥਨਾ ਕਰਨ ਦੀ ਯੋਗਤਾ ਦਾ ਵੱਧ ਜਾਣਾ ਹੋਵੇਗਾ।

ਇੱਥੇ ਇਹ ਚੇਤਾਵਨੀ ਦੇਣਾ ਜ਼ਰੂਰੀ ਹੈ ਕਿ ਆਤਮਾ ਦੁਆਰਾ ਜਾਂ ਨਾਲ ਪ੍ਰਾਰਥਨਾ ਦੇ ਵਿਚਾਰ ਨੂੰ ਵਚਨ ਦੁਆਰਾ ਦਿੱਤੀਆਂ ਹੱਦਾਂ ਤੋਂ ਬਹੁਤ ਜ਼ਿਆਦਾ ਬਾਹਰ ਨਹੀਂ ਲੈਣਾ ਚਾਹੀਦਾ ਹੈ। ਇਹ ਵਾਕਾਂਸ਼ ਪ੍ਰਾਰਥਨਾ ਦੇ ਦੌਰੇ ਜਾਂ ਸਮਾਧੀ ਬਾਰੇ ਗੱਲ ਨਹੀਂ ਕਰਦਾ ਹੈ। 1 ਕੁਰਿੰਥ 14:15 ਅਤੇ ਮੱਤੀ 6:7 ਇਹ ਸਿਖਾਉਂਦੇ ਹਨ ਕਿ ਪ੍ਰਾਰਥਨਾ ਅਜਿਹੀ ਭਾਸ਼ਾ ਹੈ ਜੋ ਸਮਝ ਵਿੱਚ ਆਉਂਦੀ ਹੈ। 1 ਕੁਰਿੰਥ 14:32 ਇੱਕ ਆਮ ਸਿਧਾਂਤ ਦੀ ਗੱਲ ਕਰਦਾ ਹੈ ਕਿ ਪਰਮੇਸ਼ਰ ਆਪਣੇ ਲੋਕਾਂ ਵਿੱਚ ਇਸ ਤਰ੍ਹਾਂ ਕੰਮ ਕਰਦੇ ਹਨ ਕਿ ਉਹਨਾਂ ਦੀ ਮਾਨਸਿਕ ਯੋਗਤਾਵਾਂ ਉਹਨਾਂ ਦੇ ਆਪਣੇ ਕਾਬੂ ਵਿੱਚ ਹੀ ਰਹਿੰਦੀਆਂ ਹਨ।

> "ਪ੍ਰਾਰਥਨਾ ਕਰਦੇ ਸਮੇਂ ਆਪਣੀ ਪ੍ਰਾਰਥਨਾ ਵਿੱਚ ਪਰਾਈਆਂ ਕੌਮਾਂ ਦੀ ਤਰ੍ਹਾਂ ਬਾਰ-ਬਾਰ ਬੇਮਤਲਬ ਗੱਲਾਂ ਨਾ ਕਰੋ..." [ਮੱਤੀ 6:7]
>
> ਫਿਰ ਮੈਂ ਕੀ ਕਰਾਂ? ਮੈਂ ਆਤਮਾ ਦੁਆਰਾ ਪ੍ਰਾਰਥਨਾ ਕਰਾਂਗਾ ਅਤੇ **ਬੁੱਧੀ ਨਾਲ ਵੀ**....ਨਬੀ ਆਪਣੀਆਂ ਆਤਮਾਵਾਂ ਨੂੰ ਕਾਬੂ ਵਿੱਚ ਰੱਖਦੇ ਹਨ ਕਿਉਂਕਿ ਪਰਮੇਸ਼ਰ ਬੇਤਰਤੀਬੀ ਦੇ ਨਹੀਂ ਸਗੋਂ ਸ਼ਾਂਤੀ ਦੇ ਪਰਮੇਸ਼ਰ ਹਨ। [1 ਕੁਰਿੰਥ 14:15a; 32-33]

ਰੋਮੀ 8:26-27 ਦਾ ਜ਼ਿਆਦਾ ਸੰਬੰਧ ਪਵਿੱਤਰ ਆਤਮਾ ਵਿੱਚ ਵਿਸ਼ਵਾਸੀਆਂ ਦੇ ਪ੍ਰਾਰਥਨਾ ਕਰਨ ਨਾਲ ਨਹੀਂ ਹੈ, ਪਰ ਉਸ ਪ੍ਰਾਰਥਨਾ ਨਾਲ ਹੈ ਜੋ ਪਵਿੱਤਰ ਆਤਮਾ ਆਪ ਵਿਸ਼ਵਾਸੀਆਂ ਦੇ ਲਈ ਕਰਦਾ ਹੈ। ਇਹ ਪਵਿੱਤਰ ਆਤਮਾ ਦੀ ਇੱਕ ਹੋਰ ਸੇਵਕਾਈ ਹੈ ਜੋ ਪ੍ਰਾਰਥਨਾ ਨਾਲ ਸੰਬੰਧਿਤ ਹੈ। ਫਿਰ ਵੀ, ਇਹ ਉਹ "ਆਤਮਾ ਵਿੱਚ ਪ੍ਰਾਰਥਨਾ ਕਰਨਾ" ਨਹੀਂ ਹੈ ਜਿਸ ਦਾ ਸੰਬੰਧ ਵਿਸ਼ਵਾਸੀਆਂ ਦੀਆਂ ਪ੍ਰਾਰਥਨਾਵਾਂ ਦੇ ਸੁਚੇਤ ਵਿਚਾਰਾਂ (ਅਕਸਰ ਸੁਣਨਯੋਗ ਸ਼ਬਦਾਂ) ਨਾਲ ਹੁੰਦਾ ਹੈ। ਪਵਿੱਤਰ ਆਤਮਾ ਵਿਸ਼ਵਾਸੀਆਂ ਦੀ ਤਰਫ਼ੋ ਇੱਕ ਰਹੱਸਮਈ ਅਤੇ ਨਾ ਸੁਣਨਯੋਗ ਤਰੀਕੇ ਨਾਲ ਪ੍ਰਾਰਥਨਾ ਕਰਦਾ ਹੈ। ਉਹ ਕਦੋਂ ਅਤੇ ਕਿਵੇਂ ਸਿਫ਼ਾਰਸ਼ ਕਰਦਾ ਹੈ, ਇਸ ਬਾਰੇ ਸਾਨੂੰ ਕੋਈ ਜਾਣਕਾਰੀ ਜਾਂ ਗਿਆਨ ਨਹੀਂ ਹੁੰਦਾ ਹੈ।

### (d) ਭਰੋਸਾ

ਪਵਿੱਤਰ ਆਤਮਾ ਦੁਆਰਾ ਉਹਨਾਂ ਵਿਸ਼ਵਾਸੀਆਂ ਦੇ ਦਿਲਾਂ ਵਿੱਚ ਮੁਕਤੀ ਦਾ ਭਰੋਸਾ ਦਿੱਤਾ ਜਾਂਦਾ ਹੈ ਜੋ ਉਸ ਦੇ ਨਿਯੰਤਰਨ ਅਧੀਨ ਰਹਿੰਦਾ ਹੈ। ਇਹ ਮੁਕਤੀ ਦਾ ਨਤੀਜਾ ਹੁੰਦਾ ਹੈ ਅਤੇ ਇਸ ਬਾਰੇ ਅਸੀਂ ਪਹਿਲਾਂ ਹੀ ਗੱਲ ਕੀਤੀ ਹੈ (ਦੇਖੋ, ਰੋਮੀ 8:16; ਗਲਾਤੀ 4:6; 1 ਯੂਹੰਨਾ 5:7,10)।

### (e) ਪਵਿੱਤਰ ਆਤਮਾ ਦਾ ਫਲ

ਇਸੇ ਤਰ੍ਹਾਂ, ਆਤਮਾ ਦਾ ਫਲ ਪਵਿੱਤਰ ਆਤਮਾ ਨਾਲ ਭਰਪੂਰ ਹੋਣ ਦਾ ਨਤੀਜਾ ਹੁੰਦਾ ਹੈ। ਪਵਿੱਤਰ ਆਤਮਾ ਦੇ ਫਲ ਦਾ ਵਿਸ਼ਾ ਵਧੇਰੇ ਅਧਿਐਨ ਦੇ ਯੋਗ ਵਿਸ਼ਾ ਹੈ, ਪਰ ਇਹ ਸਾਡੇ ਇਸ ਸੀਮਿਤ ਅਧਿਐਨ ਦੇ ਦਾਇਰੇ ਤੋਂ ਬਾਹਰ ਚਲਾ ਜਾਵੇਗਾ। ਆਤਮਾ ਦਾ ਫਲ ਗਲਾਤੀ 5:22-23 ਵਿੱਚ ਸੂਚੀਬੱਧ ਹੈ।

ਇੱਥੇ ਇਹ ਧਿਆਨ ਦੇਣਾ ਚੰਗਾ ਹੋਵੇਗਾ ਕਿ ਇੱਕ ਮਸੀਹੀ ਜੀਵਨ ਵਿੱਚ ਇਹਨਾਂ ਵਿਸ਼ੇਸ਼ਤਾਵਾਂ ਦਾ ਡੂੰਗੇ ਹੋਣਾ ਅਤੇ ਵੱਧਣਾ ਜ਼ਰੂਰੀ ਹੈ। ਇੱਕ ਨਵਾਂ ਵਿਸ਼ਵਾਸੀ ਆਤਮਿਕ (ਆਤਮਾ ਨਾਲ ਨਿਯੰਤਰਿਤ) ਹੋ ਸਕਦਾ ਹੈ ਅਤੇ ਤੁਰੰਤ ਕੁਝ ਹੱਦ ਤੱਕ ਆਤਮਾ ਦੇ ਫਲ ਨੂੰ ਪ੍ਰਦਰਸ਼ਿਤ ਕਰ ਸਕਦਾ ਹੈ। ਫਿਰ ਵੀ, ਪਰਿਪੱਕ ਹੋਣ ਵਿੱਚ ਸਮਾਂ ਲੱਗਦਾ ਹੈ, ਅਤੇ ਇੱਕ ਵਿਅਕਤੀ ਆਪਣੇ ਜੀਵਨ ਕਾਲ ਦੇ ਦੌਰਾਨ ਮਸੀਹ ਦੇ ਚਰਿੱਤਰ ਵਿੱਚ ਵੱਧਦਾ ਜਾਂਦਾ ਹੈ। ਨਵਾਂ ਨੇਮ ਸਪੱਸ਼ਟ ਤੌਰ ਤੇ ਇਹ ਸਿਖਾਉਂਦਾ ਹੈ ਕਿ ਪਿਆਰ ਸਮੇਂ ਦੇ ਨਾਲ-ਨਾਲ ਡੂੰਘਾ ਹੁੰਦਾ ਹੈ। ਫ਼ਿਲਿੱਪੀ 1:9-11 ਪਿਆਰ, ਗਿਆਨ, ਸਮਝ, ਅਤੇ ਧਾਰਮਿਕਤਾ ਵਿੱਚ ਡੂੰਘੇ ਹੋਣ ਦਾ ਹਵਾਲਾ ਦਿੰਦਾ ਹੈ। ਅਫ਼ਸੀ 3:16ff. ਪਵਿੱਤਰ ਆਤਮਾ ਅਤੇ ਉਸ ਨਾਲ "ਭਰਪੂਰ ਹੋਣ" ਦਾ ਜ਼ਿਕਰ ਕਰਦਾ ਹੈ। ਇਹ ਸਿਖਾਉਂਦਾ ਹੈ ਕਿ ਵਿਸ਼ਵਾਸੀ ਮਸੀਹ ਦੇ ਪਿਆਰ ਅਤੇ ਗਿਆਨ ਵਿੱਚ ਵੱਧਦੇ ਹਨ। 1 ਥੱਸਲੁ 4:8-10 ਦਰਸਾਉਂਦਾ ਹੈ ਕਿ ਹਾਲਾਂਕਿ ਪਵਿੱਤਰ ਆਤਮਾ ਸਾਰਿਆਂ ਵਿੱਚ ਪਿਆਰ ਪੈਦਾ ਕਰਦਾ ਹੈ, ਫਿਰ ਵੀ ਪਿਆਰ ਵਿੱਚ "ਹੋਰ ਵੀ ਜ਼ਿਆਦਾ" ਵੱਧਦੇ ਜਾਣਾ ਹੈ।

> ਮੇਰੀ ਪਰਮੇਸ਼ਰ ਅੱਗੇ ਪ੍ਰਾਰਥਨਾ ਹੈ ਕਿ ਉਹ ਆਪਣੀ ਮਹਿਮਾ ਦੇ ਭੰਡਾਰ ਵਿੱਚੋਂ **ਆਪਣੇ ਆਤਮਾ ਦੇ ਦੁਆਰਾ** ਤੁਹਾਨੂੰ ਸਮਰੱਥਾ ਦੇਣ ਕਿ ਤੁਸੀਂ ਆਪਣੀ ਅੰਦਰੂਨੀ ਮਨੁੱਖਤਾ ਵਿੱਚ ਸਮਰੱਥਾ ਪ੍ਰਾਪਤ ਕਰੋ... **ਤੁਸੀਂ ਉਹਨਾਂ ਦੇ ਪਿਆਰ ਨੂੰ ਜਾਣੋ ਜਿਹੜਾ ਮਨੁੱਖੀ ਸਮਝ ਤੋਂ ਪਰੇ ਹੈ** ਅਤੇ **ਪਰਮੇਸ਼ਰ ਦੀ ਸੰਪੂਰਨਤਾ ਨਾਲ ਭਰਪੂਰ ਹੋ ਜਾਵੋ।** [ਅਫ਼ਸੀ 3:16-19]
>
> ਮੇਰੀ ਪ੍ਰਾਰਥਨਾ ਇਹ ਹੈ ਕਿ **ਤੁਹਾਡਾ ਪਿਆਰ ਹੋਰ ਜ਼ਿਆਦਾ ਵੱਧਦਾ ਜਾਵੇ ...** ਪਰਮੇਸ਼ਰ ਦੀ ਮਹਿਮਾ ਅਤੇ ਉਸਤਤ ਦੇ ਲਈ ਉਸ ਭਲਾਈ ਦਾ ਫਲ ਪੈਦਾ ਕਰੋ ਜਿਹੜਾ ਕੇਵਲ ਯਿਸੂ ਮਸੀਹ ਤੋਂ ਮਿਲ ਸਕਦਾ ਹੈ। [ਫ਼ਿਲਿੱਪੀ 1:9-11]
>
> ਇਸ ਲਈ ਜਿਹੜਾ ਕੋਈ ਵੀ ਇਹਨਾਂ ਹਿਦਾਇਤਾਂ ਦੀ ਉਲੰਘਣਾ ਕਰਦਾ ਹੈ, ਉਹ ਮਨੁੱਖ ਦੀ ਨਹੀਂ ਸਗੋਂ ਪਰਮੇਸ਼ਰ ਦੀ ਉਲੰਘਣਾ ਕਰਦਾ ਹੈ ਜਿਹੜੇ ਤੁਹਾਨੂੰ ਆਪਣਾ **ਪਵਿੱਤਰ ਆਤਮਾ** ਦਿੰਦੇ ਹਨ ...ਤੁਸੀਂ ਸਾਰੇ ਮਕਦੂਨੀਯਾ ਦੇ ਸਾਰੇ ਵਿਸ਼ਵਾਸੀਆਂ ਦੇ ਨਾਲ ਪਿਆਰ ਕਰਦੇ ਹੀ ਹੋ ਪਰ ਸਾਡੀ ਤੁਹਾਡੇ ਅੱਗੇ ਬੇਨਤੀ ਹੈ ਕਿ ਤੁਸੀਂ ਉਹਨਾਂ ਦੇ ਨਾਲ **ਹੋਰ ਵੀ ਜ਼ਿਆਦਾ ਪਿਆਰ** ਕਰੋ। [1 ਥੱਸਲੁ 4:8-10]

ਹਾਲਾਂਕਿ ਆਤਮਾ ਦੇ ਫਲ ਨਾਲ ਆਤਮਿਕ ਜੀਵਨ ਸਾਰੇ ਵਿਸ਼ਵਾਸੀਆਂ ਲਈ ਉਪਲਬਧ ਹੁੰਦਾ ਹੈ, ਫਿਰ ਵੀ ਪਰਿਪੱਕ ਹੋਣ ਵਿੱਚ ਸਮਾਂ ਲੱਗਦਾ ਹੈ। ਸਾਰੇ ਵਿਸ਼ਵਾਸੀ ਆਤਮਿਕ ਹੋ ਸਕਦੇ ਹਨ। ਪਰ, ਜੇਕਰ ਉਸੇ ਸਮੇਂ ਦੇਖਿਆ ਜਾਵੇ ਤਾਂ ਸਾਰੇ ਪਰਿਪੱਕ ਨਹੀਂ ਹੋ ਸਕਦੇ ਹਨ। ਪਰਿਪੱਕ ਹੋਣ ਦੀ ਪ੍ਰਕਿਰਿਆ ਵਿੱਚ ਸਮਾਂ ਲੱਗਦਾ ਹੈ, ਅਤੇ ਡੂੰਘਾਈ ਪੈਦਾ ਕਰਨ ਦਾ ਕੋਈ ਅਜਿਹਾ ਢੰਗ ਨਹੀਂ ਕਿ ਇਹ ਬਹੁਤ ਜਲਦੀ ਹੋ ਜਾਵੇ। ਇਹ ਖ਼ਤਰਾ ਬਣਿਆ ਰਹਿੰਦਾ ਹੈ ਕਿ ਵਿਕਾਸ ਲਈ ਇੱਕ ਵਿਅਕਤੀ ਪਰਮੇਸ਼ਰ ਦੀ ਇਸ ਜ਼ਿਆਦਾ ਸਖ਼ਤ ਅਤੇ ਲੰਬੀ ਪ੍ਰਕਿਰਿਆ ਵਿੱਚੋਂ ਜਾਣ ਨੂੰ ਰੱਦ ਕਰ ਦੇਵੇ, ਅਤੇ ਪਵਿੱਤਰ ਬਾਈਬਲ ਦਾ ਪੂਰਾ ਵਿਰੋਧ ਕਰਨ ਵਾਲੇ ਅਜਿਹੇ ਵਿਚਾਰਾਂ ਨੂੰ ਸਵੀਕਾਰ ਕਰੇ ਜੋ ਆਤਮਿਕ ਖੇਤਰਾਂ ਵਿੱਚ ਸ਼ਾਮਲ ਹੋਣ ਦੇ ਆਸਾਨ ਅਤੇ ਜਲਦੀ ਵਾਲੇ ਤਰੀਕੇ ਦੱਸਦੇ ਹਨ। ਸਾਰਿਆਂ ਵਿੱਚ ਪਵਿੱਤਰ ਆਤਮਾ ਦਾ ਫਲ ਹੋ ਸਕਦਾ ਹੈ। ਸਾਰੇ ਆਤਮਿਕ ਹੋ ਸਕਦੇ ਹਨ। ਫਿਰ ਵੀ, ਇਸ ਫਲ ਦੇ ਪਰਿਪੱਕ ਹੋਣ ਵਿੱਚ ਸਮਾਂ ਅਤੇ ਮਿਹਨਤ (ਨਿਰੰਤਰ ਨਿਰਭਰਤਾ) ਲੱਗਦੀ ਹੈ। ਇਸ ਦਾ ਕੋਈ ਹੋਰ ਤਰੀਕਾ ਨਹੀਂ ਹੈ।

### b. ਆਤਮਾ ਨਾਲ ਭਰਪੂਰ ਹੋਣ ਸੰਬੰਧੀ ਰਹੱਸ

ਯੂਹੰਨਾ 3:8 ਵਿੱਚ ਪ੍ਰਭੂ ਨੇ ਇਹ ਸਿਖਾਇਆ ਹੈ ਕਿ ਪਵਿੱਤਰ ਆਤਮਾ ਦਾ ਕੰਮ ਹਵਾ ਦੀ ਤਰ੍ਹਾਂ ਰਹੱਸਮਈ ਹੁੰਦਾ ਹੈ। ਇਸ ਲਈ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ ਕਿ ਪਵਿੱਤਰ ਪਵਿੱਤਰ ਦੇ ਕੰਮ ਦੇ ਕੁਝ ਪਹਿਲੂ ਚੰਗੀ ਤਰ੍ਹਾਂ ਨਹੀਂ ਸਮਝੇ ਗਏ ਹਨ। ਆਤਮਾ ਨਾਲ ਭਰਪੂਰ ਹੋਣ ਬਾਰੇ ਇਸ ਭਾਗ ਵਿੱਚ ਅਜਿਹੀਆਂ ਗੱਲਾਂ ਸ਼ਾਮਲ ਕੀਤੀਆਂ ਗਈਆਂ ਹਨ ਜਿਹਨਾਂ ਦੇ ਬਾਰੇ ਸ਼ਾਇਦ ਕੋਈ ਅੰਤਿਮ ਜਵਾਬ ਨਹੀਂ ਦਿੱਤਾ ਜਾ ਸਕਦਾ ਹੈ। ਕਈ ਵਾਰ ਇਹ ਜਾਣਨਾ ਮਦਦਗਾਰ ਹੁੰਦਾ ਹੈ ਕਿ ਬਾਈਬਲ ਕਿਸੇ ਮੁੱਦੇ ਉੱਤੇ ਸਪੱਸ਼ਟ ਗੱਲ ਨਹੀਂ ਕਰਦੀ ਹੈ। ਜਦੋਂ ਅਸੀਂ ਉਹਨਾਂ ਗੱਲਾਂ ਬਾਰੇ ਆਪਣੀ ਅਗਿਆਨਤਾ ਨੂੰ ਮੰਨ ਲੈਂਦੇ ਹਾਂ, ਤਾਂ ਸਾਨੂੰ ਬਾਈਬਲ ਦੇ ਮਹੱਤਵਪੂਰਣ ਸਿਧਾਂਤਾਂ ਅਤੇ ਮਾਮੂਲੀ ਗੱਲਾਂ ਵਿਚਕਾਰ ਫ਼ਰਕ ਕਰਨ ਵਿੱਚ ਮਦਦ ਮਿਲ ਸਕਦੀ ਹੈ। ਜੇਕਰ ਬਾਈਬਲ ਵਿੱਚ ਕਿਸੇ ਸੱਚਾਈ ਦੀ ਸਪੱਸ਼ਟ ਸਿੱਖਿਆ ਨਹੀਂ ਦਿੱਤੀ ਗਈ ਹੈ, ਤਾਂ ਮਸੀਹੀਆਂ ਨੂੰ ਆਪਣੀ ਆਤਮਿਕ ਤਾਕਤ ਨੂੰ ਅਜਿਹੀਆਂ ਗੱਲਾਂ ਵਿੱਚ ਖ਼ਰਚ ਕਰਨ ਦੀ ਲੋੜ ਨਹੀਂ ਹੈ ਜਿਹਨਾਂ ਨੂੰ ਬਾਈਬਲ ਦਾ ਕੋਈ ਸਮਰਥਨ ਨਹੀਂ ਹੈ।

ਕੁਦਰਤੀ ਤੌਰ ਤੇ ਵਾਕਾਂਸ਼ "ਆਤਮਾ ਨਾਲ ਭਰਪੂਰ ਹੋਣ" ਤੋਂ ਕਈ ਸਵਾਲ ਉੱਠਦੇ ਹਨ। ਕੀ ਇੱਕ ਵਿਸ਼ਵਾਸੀ ਆਪਣੇ ਜੀਵਨ ਦੇ ਇੱਕ ਸਮੇਂ ਵਿੱਚ ਦੂਜੇ ਸਮੇਂ ਨਾਲੋਂ ਜ਼ਿਆਦਾ ਪਵਿੱਤਰ ਆਤਮਾ ਪ੍ਰਾਪਤ ਕਰ ਸਕਦਾ ਹੈ? ਕੀ ਇੱਕ ਵਿਸ਼ਵਾਸੀ ਦੂਜੇ ਵਿਸ਼ਵਾਸੀ ਨਾਲੋਂ ਜ਼ਿਆਦਾ ਪਵਿੱਤਰ ਆਤਮਾ ਪ੍ਰਾਪਤ ਕਰ ਸਕਦਾ ਹੈ? ਇਸ ਅਧਿਐਨ ਤੋਂ ਇਹ ਸਿੱਟਾ ਕੱਢਿਆ ਜਾਵੇਗਾ ਕਿ ਅਸੀਂ ਇਹਨਾਂ ਸਵਾਲਾਂ ਦੇ ਨਿਸ਼ਚਿਤ ਜਵਾਬ ਨਹੀਂ ਜਾਣਦੇ ਹਾਂ। ਇਸ ਅਗਿਆਨਤਾ ਸਿੱਟੇ ਉੱਤੇ ਪਹੁੰਚਣਾ ਬਹੁਤ ਹੀ ਮਹੱਤਵਪੂਰਣ ਸਾਬਤ ਹੋ ਸਕਦਾ ਹੈ ਕਿਉਂਕਿ ਇਹ "ਆਤਮਾ ਨਾਲ ਭਰਪੂਰ ਹੋਣ" ਦੇ ਇਸ ਖ਼ਾਸ ਪਹਿਲੂ ਨੂੰ ਬੇਤੁਕਾ ਬਣਾਉਂਦਾ ਹੈ।

ਅਸੀਂ ਇਹ ਜਾਣਦੇ ਹਾਂ ਕਿ ਆਤਮਾ ਨਾਲ ਭਰਪੂਰ ਹੋਣ ਦੇ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ, ਅਤੇ ਅਸੀਂ ਇਹ ਵੀ ਜਾਣਦੇ ਹਾਂ ਆਤਮਾ ਨਾਲ ਭਰਪੂਰ ਜੀਵਨ ਦੇ ਸਰਵੋਤਮ ਨਤੀਜੇ ਕੀ ਹੁੰਦੇ ਹਨ। ਇਸ ਤਰ੍ਹਾਂ, ਇੱਕ ਮਸੀਹੀ ਦੀਆਂ ਜ਼ਿੰਮੇਵਾਰੀਆਂ ਅਤੇ ਉਮੀਦਾਂ ਦੋਵੇਂ ਪ੍ਰਗਟ ਹੋਈਆਂ ਹਨ। ਅਸਲ ਵਿੱਚ, ਇਸ ਨਾਲ ਬਹੁਤ ਘੱਟ ਵਿਹਾਰਕ ਫ਼ਰਕ ਪੈਂਦਾ ਹੈ ਕਿ ਆਤਮਾ ਗੁਪਤ ਰੂਪ ਵਿੱਚ ਕੀ ਕਰ ਰਿਹਾ ਹੈ। ਅਸੀਂ ਅਜਿਹੀਆਂ ਗਤੀਵਿਧੀਆਂ ਨੂੰ ਦੇਖ ਨਹੀਂ ਪਾਉਂਦੇ ਹਾਂ। ਬਾਈਬਲ ਵਿੱਚ ਆਤਮਾ ਨੂੰ ਹੋਰ ਪ੍ਰਾਪਤ ਕਰਨ ਦੀ ਭਾਲ ਕਰਨ ਜਾਂ ਇਸ ਦੇ ਲਈ ਜ਼ਿਆਦਾ ਪ੍ਰਾਰਥਨਾ ਕਰਨ ਦਾ ਕੋਈ ਹੁਕਮ ਨਹੀਂ ਹੈ। ਸਾਡਾ ਕੰਮ ਆਤਮਾ ਨੂੰ ਨਾ ਬੁਝਾਉਂਦੇ ਹੋਏ ਅਤੇ ਦੁੱਖੀ ਨਾ ਕਰਦੇ ਹੋਏ, ਉਸ ਅਨੁਸਾਰ ਚੱਲਣ ਦੁਆਰਾ ਆਪਣੇ ਕੰਮ ਨੂੰ ਧਿਆਨ ਵਿੱਚ ਰੱਖਣਾ ਹੈ। ਆਤਮਾ ਨੂੰ ਜ਼ਿਆਦਾ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਖ਼ਰਚ ਕੀਤੀ ਤਾਕਤ ਬਰਬਾਦ ਹੀ ਹੁੰਦੀ ਹੈ। ਅਸੀਂ ਆਪਣੇ ਕੰਮਾਂ ਨੂੰ ਜਾਣਦੇ ਹਾਂ। ਆਤਮਾ ਜੋ ਵੀ ਕਰਦਾ ਹੈ ਉਹ ਉਸ ਦਾ ਕੰਮ ਹੈ, ਅਤੇ ਇਹ ਸਾਡੀ ਚਿੰਤਾ ਨਹੀਂ ਹੈ। ਅਸੀਂ ਇਹ ਨਹੀਂ ਜਾਣਦੇ ਹਾਂ ਕਿ ਅਸੀਂ ਉਸ ਨੂੰ ਜ਼ਿਆਦਾ ਪ੍ਰਾਪਤ ਕਰ ਸਕਦੇ ਹਾਂ ਜਾਂ ਨਹੀਂ। ਮਸੀਹੀ ਦ੍ਰਿਸ਼ਟੀਕੋਣ ਤੋਂ ਅਜਿਹੀਆਂ ਕੋਸ਼ਿਸ਼ਾਂ ਅਤੇ ਇਹਨਾਂ ਦੇ ਨਤੀਜਿਆਂ ਵਿੱਚ ਕੋਈ ਵਿਹਾਰਕ ਫ਼ਰਕ ਨਹੀਂ ਪੈਂਦਾ ਹੈ। ਭਾਵੇਂ "ਭਰਪੂਰ ਹੋਣ" ਵਿੱਚ ਆਤਮਾ ਦਾ ਜ਼ਿਆਦਾ ਹਿੱਸਾ ਮਿਲਣਾ ਸ਼ਾਮਲ ਹੈ ਜਾਂ ਨਹੀਂ, ਸਾਡਾ ਕੰਮ ਇੱਕੋ ਜਿਹਾ ਹੀ ਰਹੇਗਾ ਅਤੇ ਇਸ ਦੇ ਨਤੀਜੇ ਵੀ ਇੱਕੋ ਜਿਹੇ ਹੀ ਰਹਿਣਗੇ।

ਜਿਹੜੇ ਲੋਕ ਪਰਮੇਸ਼ਰ ਦੁਆਰਾ ਪਵਿੱਤਰ ਆਤਮਾ ਦੇ ਬਾਰੇ ਪ੍ਰਗਟ ਕੀਤੀਆਂ ਗੱਲਾਂ ਅਤੇ ਉਸ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਤੋਂ ਸੰਤੁਸ਼ਟ ਨਹੀਂ ਹਨ, ਉਹ ਪਵਿੱਤਰ ਆਤਮਾ ਨੂੰ ਹੋਰ ਪ੍ਰਾਪਤ ਕਰਨ ਦੀ ਖੋਜ ਦੁਆਰਾ ਭਟਕ ਸਕਦੇ ਹਨ। ਪਰਮੇਸ਼ਰ ਦੇ ਵਚਨ ਵਿੱਚ ਅਜਿਹੀਆਂ ਖੋਜਾਂ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ ਹੈ। ਪਰਿਪੱਕਤਾ ਲਈ ਬਾਈਬਲ ਜਿਹਨਾਂ ਗੱਲਾਂ ਨੂੰ ਪ੍ਰਗਟ ਕਰਦੀ ਹੈ, ਅਜਿਹੀਆਂ ਕੋਸ਼ਿਸ਼ਾਂ ਉਹਨਾਂ ਗੱਲਾਂ ਤੋਂ ਭਟਕਾਂ ਦਿੰਦੀਆਂ ਹਨ।

ਸਾਨੂੰ ਪਰਿਪੱਕਤਾ ਦਾ ਰਾਹ ਵਿੱਚ ਉਹਨਾਂ ਗੱਲਾਂ ਵਿੱਚ ਆਨੰਦਿਤ ਅਤੇ ਸੰਤੁਸ਼ਟ ਰਹਿਣਾ ਹੈ ਜੋ ਪ੍ਰਗਟ ਕੀਤੀਆਂ ਗਈਆਂ ਹਨ ਅਤੇ ਉਹਨਾਂ ਉੱਤੇ ਧਿਆਨ ਦੇਣਾ ਹੈ ਜੋ ਅਸੀਂ ਜਾਣਦੇ ਹਾਂ ਕਿ ਪਰਮੇਸ਼ਰ ਸਾਡੇ ਤੋਂ ਕਰਵਾਉਣਾ ਚਾਹੁੰਦੇ ਹਨ (ਇਹ ਉਹਨਾਂ ਰਹੱਸਾਂ ਬਾਰੇ ਅੰਦਾਜ਼ਿਆਂ ਲਈ ਸਪੱਸ਼ਟ ਸਿੱਖਿਆਵਾਂ ਨੂੰ ਰੱਦ ਕਰਨਾ ਨਹੀਂ ਹੈ ਜੋ ਨਾ ਸਾਡੇ ਵੱਸ ਵਿੱਚ ਹਨ ਅਤੇ ਨਾ ਹੀ ਜਿਹਨਾਂ ਨੂੰ ਅਸੀਂ ਜਾਣ ਸਕਦੇ ਹਾਂ)।

### (1) ਪਵਿੱਤਰ ਆਤਮਾ ਨੂੰ ਹੋਰ ਪ੍ਰਾਪਤ ਕਰਨ ਬਾਰੇ ਅਸਪੱਸ਼ਟਤਾ ਦੇ ਕਾਰਨ

ਉਹ ਆਇਤਾਂ ਜੋ "ਆਤਮਾ ਨਾਲ ਭਰਪੂਰ ਹੋਣ" ਦਾ ਹਵਾਲਾ ਦਿੰਦੀਆਂ ਹਨ, ਉਹ ਸਾਰੀਆਂ ਪੌਲੁਸ ਅਤੇ ਲੂਕਾ ਦੀਆਂ ਲਿਖਤਾਂ ਵਿੱਚ ਮਿਲਦੀਆਂ ਹਨ। ਫਿਰ ਵੀ, ਦੋਵਾਂ ਲੇਖਕਾਂ ਦੇ ਵਿੱਚ ਅੰਤਰ ਹਨ।

ਪਹਿਲੀ ਗੱਲ, ਯੂਨਾਨੀ ਕਿਰਿਆ "ਭਰਨਾ" ਲੂਕਾ ਅਤੇ ਰਸੂਲਾਂ ਦੇ ਕਰਤੱਬ ਵਿੱਚ ਉਹੀ ਸ਼ਬਦ **ਨਹੀਂ** ਹੈ ਜੋ ਅਫ਼ਸੀ 5:18 ਵਿੱਚ ਹੈ। ਦੂਜੀ ਗੱਲ, ਲੂਕਾ ਅਤੇ ਪੌਲੁਸ ਦੋਵੇਂ ਹੀ ਵੱਖ-ਵੱਖ ਪੂਰਵ-ਸਰਗਾਂ ਦੀ ਵਰਤੋਂ ਕਰਦੇ ਹਨ। ਲੂਕਾ "ਆਤਮਾ ਨਾਲ ਭਰਪੂਰ" ਹੋਣ ਬਾਰੇ ਲਿਖਦਾ ਹੈ (ਆਮ ਤੌਰ ਤੇ ਇਹ ਬਿਨਾਂ ਪੂਰਵ-ਸਰਗ ਦੇ ਹੁੰਦਾ ਹੈ), ਜਦੋਂ ਕਿ ਪੌਲੁਸ "ਆਤਮਾ ਵਿੱਚ, ਆਤਮਾ ਨਾਲ, ਜਾਂ ਆਤਮਾ ਦੁਆਰਾ" ਭਰਪੂਰ ਹੋਣ ਬਾਰੇ ਲਿਖਦਾ ਹੈ। ਇਸ ਤਰ੍ਹਾਂ ਦੀਆਂ ਦਲੀਲ ਦਾ ਕੋਈ ਅੰਤ ਨਹੀਂ ਹੈ ਕਿ ਇਹ ਅੰਤਰ ਸਿਰਫ਼ ਸ਼ੈਲੀ ਵਿੱਚ ਹਨ ਜਾਂ ਇਹਨਾਂ ਵਿੱਚ ਕੁਝ ਵਿਸ਼ਿਆਂ ਦਾ ਅੰਤਰ ਹੈ। ਅਸੀਂ ਇਸ ਦੇ ਵੱਖ-ਵੱਖ ਵਿਕਲਪ ਸੂਚੀਬੱਧ ਕਰਾਂਗੇ। **ਯਾਦ ਰੱਖੋ ਕਿ ਇਸ ਸਮੱਗਰੀ ਦਾ ਉਦੇਸ਼ ਇਹ ਦਿਖਾਉਣਾ ਹੈ ਕਿ ਸਾਨੂੰ ਇਸ ਦਾ ਜਵਾਬ ਨਹੀਂ ਪਤਾ ਹੈ।** ਇਸ ਵਿੱਚ ਅਗਿਆਨਤਾ ਨੂੰ ਆਸਾਨੀ ਨਾਲ ਸਥਾਪਿਤ ਕੀਤਾ ਜਾਵੇਗਾ।

### (2) ਲੂਕਾ ਅਤੇ ਰਸੂਲਾਂ ਦੇ ਕਰਤੱਬ ਵਿੱਚ ਪਵਿੱਤਰ ਆਤਮਾ ਨਾਲ ਭਰਪੂਰ ਹੋਣਾ

ਲੂਕਾ ਬਹੁਤ ਸਾਰੀਆਂ ਥਾਵਾਂ ਵਿੱਚ ਆਤਮਾ ਨਾਲ ਭਰਪੂਰ ਹੋਣ ਦੇ ਕੁਝ ਰੂਪ ਦੀ ਵਰਤੋਂ ਕਰਦਾ ਹੈ (ਯੂਹੰਨਾ ਬਪਤਿਸਮਾ ਦੇਣ ਵਾਲਾ, ਲੂਕਾ 1:15; ਇਲੀਸਬਤ, ਲੂਕਾ 1:41; ਜ਼ਕਰਯਾਹ, ਲੂਕਾ 1:67; ਪੰਤੇਕੁਸਤ, ਰਸੂਲਾਂ 2:4; ਪਤਰਸ, ਰਸੂਲਾਂ 4:8; ਸ਼ੁਰੂਆਤੀ ਮਸੀਹੀ, ਰਸੂਲਾਂ 4:31; ਸਾਊਲ, ਰਸੂਲਾਂ 9:17; 13:9)।[28] ਇਸ ਵਾਕਾਂਸ਼ ਦੇ ਕਈ ਅਰਥ ਹੋ ਸਕਦੇ ਹਨ। ਅਤੇ, ਇਸ ਦੇ ਅਫ਼ਸੀਆਂ 5:18 ਵਿੱਚ "ਆਤਮਾ ਨਾਲ ਭਰਪੂਰ" ਹੋਣ ਦੇ ਪੌਲੁਸ ਦੇ ਹੁਕਮ ਨਾਲ ਸੰਬੰਧ ਨੂੰ ਵੱਖ-ਵੱਖ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਅੱਗੇ ਕੁਝ ਵੱਖ-ਵੱਖ ਵਿਕਲਪ ਦਿੱਤੇ ਗਏ ਹਨ। ਇੱਥੇ ਇਹ ਸਾਬਤ ਕਰਨਾ ਮੁਸ਼ਕਲ ਹੈ ਕਿ ਇਹਨਾਂ ਵਿੱਚੋਂ ਕਿਹੜਾ ਵਿਚਾਰ ਸਹੀ ਹੈ।

(a) ਵਾਕਾਂਸ਼ "ਆਤਮਾ ਨਾਲ ਭਰਪੂਰ ਹੋਣ" ਦੁਆਰਾ ਲੂਕਾ ਦਾ ਅਰਥ ਭਰਪੂਰ ਹੋਣ ਦਾ ਉਹ ਕੰਮ ਹੈ ਜੋ ਪਵਿੱਤਰ ਆਤਮਾ ਕਰਦਾ ਹੈ, ਇਹ ਨਹੀਂ ਕਿ ਇਸ ਵਿੱਚ ਆਤਮਾ ਦੀ ਹੋਰ ਜ਼ਿਆਦਾ ਭਰਪੂਰੀ ਪ੍ਰਾਪਤ ਕੀਤੀ ਜਾਣੀ ਹੁੰਦੀ ਹੈ। ਆਤਮਾ ਭਰਪੂਰ ਕਰਦਾ ਹੈ, ਪਰ ਉਹ ਵਚਨ ਨਾਲ ਭਰਪੂਰ ਕਰਦਾ ਹੈ। ਇਸ ਦੀ ਚੰਗੀ ਸਮਝ "ਆਤਮਾ ਦੁਆਰਾ ਭਰਪੂਰ ਕੀਤਾ" ਹੋਵੇਗੀ (ਪਰ ਭਰਪੂਰ ਲਿਖਤੀ ਵਚਨ ਨਾਲ ਕੀਤਾ ਜਾਂਦਾ ਹੈ)।

ਇਸ ਤੋਂ ਇਲਾਵਾ, ਇਸ ਨੂੰ ਉਸੇ ਤਰ੍ਹਾਂ ਸਮਝਿਆ ਜਾ ਸਕਦਾ ਹੈ ਜਿਵੇਂ ਅਫ਼ਸੀ 5:18 ਵਿੱਚ ਹੁਕਮ ਦਿੱਤਾ ਗਿਆ ਹੈ। ਉੱਥੇ ਪੌਲੁਸ ਵਿਸ਼ਵਾਸੀਆਂ ਨੂੰ "ਆਤਮਾ ਦੇ ਦੁਆਰਾ ਭਰਪੂਰ" ਹੋਣ ਦਾ ਹੁਕਮ ਦਿੰਦਾ ਹੈ। ਆਤਮਾ ਭਰਪੂਰ ਕਰਦਾ ਹੈ, ਪਰ ਉਹ ਅਪਣੇ ਨਾਲ ਨਹੀਂ ਭਰਪੂਰ ਕਰਦਾ ਹੈ। ਉਹ ਪਰਮੇਸ਼ਰ ਦੇ ਵਚਨ ਨਾਲ ਭਰਪੂਰ ਕਰਦਾ ਹੈ (ਦੇਖੋ, ਕੁਲੁੱਸੀ 3:16)। ਵਿਸ਼ਵਾਸੀ **ਕਦੇ ਵੀ** ਪਵਿੱਤਰ ਆਤਮਾ ਨੂੰ **ਹੋਰ ਜ਼ਿਆਦਾ** ਪ੍ਰਾਪਤ ਨਹੀਂ ਕਰਦੇ ਹਨ।

ਪਹਿਲਾਂ ਵਿਚਾਰ ਉਹਨਾਂ ਕਲੀਸਿਆਵਾਂ ਵਿੱਚ ਪ੍ਰਸਿੱਧ ਹੈ ਜੋ ਚਮਤਕਾਰੀ ਨਹੀਂ ਹਨ। ਇਸ ਵਿਚਾਰ ਦਾ ਬਚਾਅ ਕੀਤਾ ਜਾ ਸਕਦਾ ਹੈ, ਪਰ ਇਹ ਪੂਰੀ ਤਰ੍ਹਾਂ ਨਿਸ਼ਚਿਤ ਨਹੀਂ ਹੈ।

(b) ਲੂਕਾ ਦੇ ਵਾਕਾਂਸ਼ "ਆਤਮਾ ਨਾਲ ਭਰਪੂਰ ਹੋਣ" ਵਿੱਚ ਦੂਜਾ ਵਿਚਾਰ ਲੂਕਾ ਦੀਆਂ ਲਿਖਤਾਂ ਵਿੱਚ ਭਰਪੂਰ ਹੋਣ ਨੂੰ ਪੌਲੁਸ ਦੀਆਂ ਲਿਖਤਾਂ ਵਿੱਚ ਆਤਮਾ ਦੀ ਭਰਪੂਰੀ ਤੋਂ ਵੱਖਰਾ ਮੰਨਦਾ ਹੈ, ਅਤੇ ਇਸ ਨੂੰ ਸਿਰਫ਼ ਰਸੂਲਾਂ ਦੇ ਸਮੇਂ ਤੱਕ ਹੀ ਸੀਮਿਤ ਮੰਨਿਆ ਗਿਆ ਹੈ। ਸ਼ਾਇਦ ਲੂਕਾ ਆਤਮਾ ਨੂੰ ਹੋਰ ਪ੍ਰਾਪਤ ਕਰਨ ਵੱਲ ਇਸ਼ਾਰਾ ਕਰ ਰਿਹਾ ਹੈ। ਵਾਕਾਂਸ਼ "ਆਤਮਾ ਨਾਲ ਭਰਪੂਰ" ਦਾ ਅਰਥ ਸ਼ਾਇਦ ਉਸ ਭਰਪੂਰ ਹੋਣ ਨਾਲ ਹੈ ਜਿਸ ਵਿੱਚ ਖ਼ੁਦ ਪਵਿੱਤਰ ਆਤਮਾ ਨੇ ਆਪਣੇ ਨਾਲ ਭਰਿਆ ਹੈ।[29]

ਫਿਰ ਵੀ, ਇੱਕ ਵਿਅਕਤੀ ਇਹ ਦਲੀਲ ਦੇ ਸਕਦਾ ਹੈ ਕਿ ਇੱਥੇ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਪਰਿਵਾਰ ਅਤੇ ਸ਼ੁਰੂਆਤੀ ਕਲੀਸਿਯਾ ਕੁਝ ਅਲੱਗ ਤਰ੍ਹਾਂ ਦੇ ਖ਼ਾਸ ਮਾਮਲੇ ਹਨ। ਉਹਨਾਂ ਨੇ ਆਤਮਾ ਦੀ ਜ਼ਿਆਦਾ ਭਰਪੂਰੀ ਪਾਈ ਸੀ, ਪਰ ਉਹਨਾਂ ਦੇ ਅਨੁਭਵ ਸਿਰਫ਼ ਇੱਕ ਇਤਿਹਾਸਕ ਘਟਨਾਵਾਂ ਵਜੋਂ ਦਰਜ਼ ਕੀਤਾ ਗਿਆ ਹੈ (ਨਾ ਕਿ ਉਸ ਨਮੂਨੇ ਵਜੋਂ ਜਿਸ ਦੀ ਸਾਨੂੰ ਪਾਲਣਾ ਕਰਨ ਦਾ ਹੁੱਕਮ ਦਿੱਤਾ ਗਿਆ ਹੈ)। ਇਸ ਦਾ ਅੱਜ ਦੇ ਜੀਵਨ ਨਾਲ ਕੋਈ ਸਿੱਧਾ ਸੰਬੰਧ ਨਹੀਂ ਹੈ, ਅਤੇ ਇਹ ਰਸੂਲਾਂ ਦੇ ਸਮੇਂ ਤੋਂ ਬਾਅਦ ਨਹੀਂ ਹੋ ਸਕਦਾ ਹੈ। ਲੂਕਾ ਅਤੇ ਰਸੂਲਾਂ ਦੇ ਕਰਤੱਬ ਦੀਆਂ ਇਤਿਹਾਸਕ ਪੁਸਤਕਾਂ ਸਿਰਫ਼ ਕੁਝ ਅਜਿਹੇ ਲੋਕਾਂ ਦੀਆਂ ਗੱਲਾਂ ਨੂੰ ਦਰਜ਼ ਕਰਦੀਆਂ ਹਨ ਜਿਹਨਾਂ ਨੇ ਇੱਕ ਖ਼ਾਸ ਮਾਤਰਾ ਵਿੱਚ ਪਵਿੱਤਰ ਆਤਮਾ ਪਾਇਆ ਸੀ।[30] ਸਾਨੂੰ ਇਸ ਤਰ੍ਹਾਂ ਦਾ ਅਨੁਭਵ ਪਾਉਣ ਲਈ ਕੋਈ ਹੁਕਮ ਨਹੀਂ ਦਿੱਤਾ ਗਿਆ

[28] ਲੂਕਾ ਦੁਆਰਾ ਨਾਂਵ "ਭਰਪੂਰ ਹੋਣ" ਦੇ ਉਪਯੋਗਾਂ ਵਿੱਚ ਸ਼ਾਮਲ ਹਨ: ਲੂਕਾ 4:1 (ਮਸੀਹ), ਰਸੂਲਾਂ 6:3, 5; 7:55 (ਸਤੀਫ਼ਨੁਸ) ਅਤੇ ਰਸੂਲਾਂ 11:24 (ਬਰਨਾਬਾਸ)।

[29] ਇੱਥੇ ਆਤਮਿਕ ਭਰਪੂਰੀ ਦੀ ਗੱਲ ਹੋ ਸਕਦੀ ਹੈ ਜਾਂ ਅਸੀਂ ਯੂਨਾਨੀ ਭਾਸ਼ਾ ਵਿੱਚ ਇਸ ਨੂੰ ਸਰੋਤ, ਸਾਧਨ, ਜਾਂ ਹਵਾਲੇ ਵਜੋਂ ਮੰਨ ਸਕਦੇ ਹਾਂ।

[30] ਯੂਹੰਨਾ 3:34 ਨਾਲ ਤੁਲਨਾ ਕਰੋ

ਹੈ।

ਅਫ਼ਸੀ 5:18 ਹੀ ਆਤਮਾ ਨਾਲ ਭਰਪੂਰ ਹੋਣ ਦੇ ਨਾਲ ਸੰਬੰਧਿਤ ਇੱਕੋ ਇੱਕ ਹੁਕਮ ਹੈ। ਉੱਥੇ ਪੌਲੁਸ ਨੇ ਇੱਕ ਵੱਖਰੀ ਕਿਰਿਆ ਅਤੇ ਇੱਕ ਵੱਖਰੇ ਪੂਰਵ-ਸਰਗ ਦੀ ਵਰਤੋਂ ਕੀਤੀ ਹੈ। ਉਹ ਜ਼ਿਆਦਾ ਆਤਮਾ ਪਾਉਣ ਦੀ ਗੱਲ ਨਹੀਂ ਕਰ ਰਿਹਾ ਹੈ, ਪਰ ਉਹ ਆਤਮਾ ਦੁਆਰਾ ਵਚਨ ਨਾਲ ਭਰਪੂਰ ਹੋਣ ਦੀ ਗੱਲ ਕਰ ਰਿਹਾ ਹੈ। ਇਸ ਤਰ੍ਹਾਂ, ਲੂਕਾ ਇਤਿਹਾਸਕ ਉਦਾਹਰਣਾਂ ਬਾਰੇ ਲਿਖਦਾ ਹੈ, ਪਰ ਉਹ ਅੱਜ ਦੇ ਜੀਵਨ ਲਈ ਕੋਈ ਹੁਕਮ ਨਹੀਂ ਦਿੰਦਾ ਹੈ। ਅੱਜ ਕੋਈ ਵੀ ਪਵਿੱਤਰ ਆਤਮਾ ਨੂੰ ਜ਼ਿਆਦਾ ਪ੍ਰਾਪਤ ਨਹੀਂ ਕਰ ਸਕਦਾ ਹੈ। ਅਫ਼ਸੀ 5:18 ਇੱਕ ਵੱਖਰੇ ਹੀ ਅਨੁਭਵ ਦੀ ਗੱਲ ਕਰਦਾ ਹੈ।

(c) ਦੂਜੇ ਵਿਚਾਰ ਦੀ ਤਰ੍ਹਾਂ, ਤੀਜਾ ਵਿਚਾਰ ਵੀ ਲੂਕਾ ਦੇ ਵਾਕਾਂਸ਼ "ਆਤਮਾ ਦੁਆਰਾ ਭਰਪੂਰ ਹੋਣ" ਅਤੇ ਪੌਲੁਸ ਦੇ ਵਾਕਾਂਸ਼ "ਆਤਮਾ ਦੁਆਰਾ ਜਾਂ ਨਾਲ ਭਰਪੂਰ ਹੋਣ" ਵਿਚਕਾਰ ਫ਼ਰਕ ਨੂੰ ਦਰਸਾਉਂਦਾ ਹੈ। ਫਿਰ ਵੀ, ਜਿਵੇਂ ਦੂਜੇ ਵਿਚਾਰ ਵਿੱਚ ਨਹੀਂ ਹੈ, ਅਜਿਹਾ ਵੀ ਮੰਨਿਆ ਜਾ ਸਕਦਾ ਹੈ ਕਿ ਆਤਮਾ ਨੂੰ ਜ਼ਿਆਦਾ ਮਾਤਰਾ ਵਿੱਚ ਦਿੱਤੇ ਜਾਣਾ ਸਿਰਫ਼ ਰਸੂਲਾਂ ਦੇ ਸਮੇਂ ਤੱਕ ਹੀ ਸੀਮਿਤ ਨਹੀਂ ਹੈ।

ਅਫ਼ਸੀ 5:18 ਵਿਸ਼ਵਾਸੀਆਂ ਨੂੰ "ਆਤਮਾ ਨਾਲ ਭਰਪੂਰ ਹੋਣ" ਦਾ ਹੁਕਮ ਦਿੰਦਾ ਹੈ, ਪਰ ਇਹ ਪਵਿੱਤਰ ਆਤਮਾ ਦੁਆਰਾ ਸਾਨੂੰ ਲਿਖਤੀ ਵਚਨ ਨਾਲ ਭਰਪੂਰ ਕਰਨ ਬਾਰੇ ਦੱਸਦਾ ਹੈ। ਆਤਮਾ ਨਾਲ ਭਰਪੂਰ ਹੋਣ ਬਾਰੇ ਵਿੱਚ ਇਹੀ ਇੱਕੋ ਇੱਕ ਹੁਕਮ ਹੈ। ਪਰ ਇਹ ਹੋ ਸਕਦਾ ਹੈ ਕਿ ਪਰਮੇਸ਼ਰ ਆਪਣੀ ਇੱਛਾ ਨਾਲ ਅੱਜ ਕਿਸੇ ਵਿਅਕਤੀ ਨੂੰ ਆਤਮਾ ਦਾ ਇੱਕ ਵਾਧੂ ਹਿੱਸਾ ਦੇ ਸਕਦੇ ਹਨ। ਇਹ ਕੋਈ ਅਜਿਹੀ ਗੱਲ ਨਹੀਂ ਹੈ ਜਿਸ ਦੇ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਪਰ ਇਹ ਇੱਕ ਅਜਿਹਾ ਕੰਮ ਹੈ ਜੋ ਪਰਮੇਸ਼ਰ ਦੇ ਸਕਦੇ ਹਨ। ਦੂਜੇ ਅਤੇ ਤੀਜੇ ਵਿਚਾਰ ਵਿੱਚ ਸਿਰਫ਼ ਇੱਕ ਹੀ ਫ਼ਰਕ ਹੈ ਕਿ ਤੀਜੇ ਵਿਚਾਰ ਦੇ ਸਮਰਥਕ ਅਜਿਹਾ ਨਹੀਂ ਸਮਝਦੇ ਹਨ ਕਿ ਆਤਮਾ ਦਾ ਜ਼ਿਆਦਾ ਮਾਤਰਾ ਵਿੱਚ ਦਿੱਤਾ ਜਾਣਾ ਇੱਕ ਅਜਿਹੀ ਗੱਲ ਹੈ ਜੋ ਸਿਰਫ਼ ਸ਼ੁਰੂਆਤੀ ਕਲੀਸਿਯਾ ਤੱਕ ਹੀ ਸੀਮਿਤ ਸੀ।

(d) ਲੂਕਾ ਦੇ ਵਾਕਾਂਸ਼ "ਆਤਮਾ ਨਾਲ ਭਰਪੂਰ" ਦਾ ਇੱਕ ਅੰਤਿਮ ਵਿਚਾਰ ਇਸ ਨੂੰ ਪੌਲੁਸ ਦੇ ਵਾਕਾਂਸ਼ 'ਆਤਮਾ ਨਾਲ ਭਰਪੂਰ ਹੋਣ" ਦੇ ਵਰਗਾ ਮੰਨਦਾ ਹੈ। ਫਿਰ ਵੀ, ਜਿਵੇਂ ਕਿ ਪਹਿਲੇ ਵਿਚਾਰ ਵਿੱਚ ਹੈ, ਇਹ ਵਿਚਾਰ ਕਹਿੰਦਾ ਹੈ ਕਿ ਦੋਵੇਂ ਹੀ ਵਾਕਾਂਸ਼ ਆਤਮਾ ਨਾਲ ਜ਼ਿਆਦਾ ਭਰਨ ਦੀ ਗੱਲ ਕਰਦੇ ਹਨ। ਅਫ਼ਸੀ 5:18 ਸਾਨੂੰ "ਆਤਮਾ ਦੁਆਰਾ ਭਰਪੂਰ ਹੋਣ" ਦਾ ਹੁਕਮ ਦਿੰਦਾ ਹੈ। ਇਸ ਦਾ ਅਰਥ ਸਿਰਫ਼ ਇਹ ਨਹੀਂ ਹੈ ਕਿ ਇਹ ਸਿਰਫ਼ ਆਤਮਾ ਦਾ ਭਰਨਾ ਹੈ, ਬਲਕਿ ਇਹ ਵੀ ਹੈ ਕਿ ਜੋ ਭਰਿਆ ਗਿਆ ਹੈ, ਉਹ ਖ਼ੁਦ ਪਵਿੱਤਰ ਆਤਮਾ ਹੈ। ਆਤਮਾ ਦਾ ਇੱਕ ਵੱਡਾ ਪੱਧਰ ਸਿਰਫ਼ ਰਸੂਲਾਂ ਦੇ ਸਮੇਂ ਤੱਕ ਹੀ ਸੀਮਿਤ ਨਹੀਂ ਹੈ, ਨਾ ਹੀ ਇਹ ਕੋਈ ਅਜਿਹਾ ਕੰਮ ਹੈ ਜੋ ਪਰਮੇਸ਼ਰ ਸਿਰਫ਼ ਕੁਝ ਗਿਣੇ-ਚੁਣੇ ਲੋਕਾਂ ਦੇ ਲਈ ਕਰਨਗੇ, ਪਰ ਉਹ ਆਤਮਾ ਦੀ ਅਜਿਹੀ ਭਰਪੂਰੀ ਸਾਰਿਆਂ ਨੂੰ ਦੇਣਾ ਚਾਹੁੰਦੇ ਹਨ।

ਇਹ ਅੰਤਿਮ ਵਿਚਾਰ ਗ਼ੈਰ-ਚਮਤਕਾਰੀ ਸਿਧਾਂਤ ਤੋਂ ਪੂਰੀ ਤਰ੍ਹਾਂ ਵੱਖਰਾ ਵਿਚਾਰ ਹੈ। ਫਿਰ ਵੀ, ਉੱਪਰ ਦਿੱਤੇ ਵਿਚਾਰਾਂ ਦੇ ਕਾਰਨ ਮਸੀਹੀ ਜੀਵਨ ਦੇ ਅਭਿਆਸ ਵਿੱਚ ਕਿਸੇ ਬਦਲਾਵ ਦੀ ਕੋਈ ਜ਼ਰੂਰੀ ਨਹੀਂ ਹੈ। ਜੇਕਰ ਅਫ਼ਸੀ 5:18 ਹੋਰ ਜ਼ਿਆਦਾ ਪਵਿੱਤਰ ਆਤਮਾ ਪ੍ਰਾਪਤ ਕਰਨ ਦੀ ਗੱਲ ਕਰਦਾ ਹੈ, ਤਾਂ ਇਸ ਨੂੰ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਪਹਿਲਾਂ ਗੱਲ ਕੀਤੀ ਗਈ ਹੈ। ਇੱਕ ਵਿਸ਼ਵਾਸੀ ਦੀ ਜ਼ਿੰਮੇਵਾਰੀ ਇਹੀ ਹੈ ਕਿ ਉਹ ਵਚਨ ਰਾਹੀਂ ਆਤਮਾ ਦੁਆਰਾ ਨਿਯੰਤਰਿਤ ਕੀਤਾ ਜਾਵੇ। ਇਸ ਵਿੱਚ ਜ਼ਿੰਮੇਵਾਰੀਆਂ ਅਤੇ ਨਤੀਜਿਆਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ ਹੈ। ਇਸ ਵਿੱਚ ਫ਼ਰਕ ਸਿਰਫ਼ ਪਵਿੱਤਰ ਆਤਮਾ ਦੇ ਨਾ ਦਿਖਣ ਵਾਲੇ ਕੰਮਾਂ ਅਤੇ ਇਸ ਬਾਰੇ ਅੰਦਾਜ਼ਿਆਂ ਵਿੱਚ ਹੋਵੇਗਾ ਕਿ ਕੀ ਇੱਕ ਵਿਸ਼ਵਾਸੀ ਹੋਰ ਜ਼ਿਆਦਾ ਪਵਿੱਤਰ ਆਤਮਾ ਨੂੰ ਪ੍ਰਾਪਤ ਕਰ ਸਕਦਾ ਹੈ ਜਾਂ ਨਹੀਂ।

### (3) ਅਫ਼ਸੀਆਂ 5:18 ਦਾ ਅਰਥ

ਲੂਕਾ ਦੇ ਵਾਕਾਂਸ਼ "ਆਤਮਾ ਨਾਲ ਭਰਪੂਰ" ਦੀ ਤਰ੍ਹਾਂ ਅਫ਼ਸੀ 5:18 ਦੀ ਵਿਆਖਿਆ ਦੇ ਵੀ ਬਹੁਤ ਸਾਰੇ ਵਿਕਲਪ ਹਨ। ਇਹ ਜਾਣਨਾ ਬਹੁਤ ਮੁਸ਼ਕਲ ਹੈ ਕਿ ਇੱਕ ਵਿਸ਼ਵਾਸੀ ਹੋਰ ਜ਼ਿਆਦਾ ਪਵਿੱਤਰ ਆਤਮਾ ਪਾ ਸਕਦਾ ਹੈ ਜਾਂ ਨਹੀਂ। ਫਿਰ ਵੀ, ਇਸ ਨਾਲ ਮਸੀਹੀ ਜੀਵਨ ਵਿੱਚ ਕੋਈ ਫ਼ਰਕ ਨਹੀਂ ਪੈਂਦਾ ਹੈ।

(a) ਕੁਝ ਵਿਆਖਿਆਕਾਰ ਇਹ ਮੰਨਦੇ ਹਨ ਕਿ ਅਫ਼ਸੀ 5:18 ਪਵਿੱਤਰ ਆਤਮਾ ਦੁਆਰਾ ਭਰਪੂਰ ਹੋਣ ਬਾਰੇ ਵਿੱਚ ਨਹੀਂ ਹੈ। ਉਹ "ਆਤਮਾ" ਨੂੰ ਮਨੁੱਖੀ ਆਤਮਾ ਵਜੋਂ ਮੰਨਦੇ ਹਨ, ਅਤੇ ਪੂਰਵ-ਸਰਗ "ਵਿੱਚ" ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ: "ਮੈਅ ਨਾਲ ਮਸਤ ਨਾ ਹੋਵੋ ਕਿਉਂਕਿ ਇਸ ਨਾਲ ਬਦਕਾਰੀ ਪੈਦਾ ਹੁੰਦੀ ਹੈ ਸਗੋਂ ਪਵਿੱਤਰ ਆਤਮਾ ਵਿੱਚ ਭਰਪੂਰ ਹੋ ਜਾਓ, ਇੱਕ ਦੂਜੇ ਦੇ ਨਾਲ ਭਜਨਾਂ, ਗੀਤਾਂ ਅਤੇ ਭਗਤੀ ਸੰਗੀਤ ਦੇ ਰਾਹੀਂ ਆਪਣੇ ਭਾਵ ਪ੍ਰਗਟ ਕਰੋ। ਆਪਣੇ ਦਿਲਾਂ ਵਿੱਚ ਪ੍ਰਭੂ ਦੇ ਲਈ ਭਜਨ ਗਾਓ ਅਤੇ ਉਸਤਤ ਕਰੋ।"

"ਆਤਮਾ" ਸ਼ਬਦ ਪਵਿੱਤਰ ਆਤਮਾ ਜਾਂ ਮਨੁੱਖੀ ਆਤਮਾ ਦੋਵਾਂ ਦੇ ਬਾਰੇ ਹੋ ਸਕਦਾ ਹੈ। ਇਸ ਸੰਦਰਭ ਵਿੱਚ ਇਹ ਮਨੁੱਖੀ ਆਤਮਾ ਦੇ ਨਾਲ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ। ਪੌਲੁਸ ਇੱਕ ਅਜਿਹੇ ਮਨੁੱਖੀ ਆਤਮਾ ਦੇ ਬਾਰੇ ਗੱਲ ਕਰ ਰਿਹਾ ਹੋਵੇਗਾ ਜਿਸ ਦਾ ਆਨੰਦ ਨਾਲ ਭਰਿਆ ਸੁਭਾਅ ਹੈ। ਇਸ ਤੋਂ ਇਲਾਵਾ, ਇਹ ਕੁਲੁੱਸੀਆਂ 3:16 ਦੇ ਨਾਲ ਇੱਕ ਚੰਗਾ ਸਮਾਨਾਂਤਰ ਹੋਵੇਗਾ, ਜੋ ਕਹਿੰਦਾ ਹੈ ਕਿ "ਮਸੀਹ ਦੇ ਵਚਨ ਨੂੰ ਆਪਣੇ ਮਨਾਂ (ਆਤਮਾ) ਵਿੱਚ ਭਰਪੂਰੀ ਨਾਲ ਵਾਸ ਕਰਨ ਦਿਓ"।

ਪੂਰਵ-ਸਰਗ ਦਾ ਅਨੁਵਾਦ "ਵਿੱਚ" ਹੋ ਸਕਦਾ ਹੈ (ਲੇਖਕ ਵੀ ਇਸ ਪੂਰਵ-ਸਰਗ ਦੇ "ਵਿੱਚ" ਅਨੁਵਾਦ ਨੂੰ ਵਾਕਾਂਸ਼ “ਆਤਮਾ ਵਿੱਚ ਬਪਤਿਸਮਾ" ਲਈ ਸਭ ਤੋਂ ਵਧੀਆ ਅਨੁਵਾਦ ਮੰਨਦਾ ਹੈ)।

ਇਸ ਵਿਚਾਰ ਦੇ ਸਮਰਥਕ ਅਫ਼ਸੀਆਂ 5 ਵਿੱਚ ਪੌਲੁਸ ਅਤੇ ਲੂਕਾ ਦੇ ਵਾਕਾਂਸ਼ "ਆਤਮਾ ਨਾਲ ਭਰਪੂਰ" ਵਿਚਕਾਰ ਇੱਕ ਵੱਡੇ ਅੰਤਰ ਹੋਣ ਦਾ ਤਰਕ ਕਰਨਗੇ। ਉਹ ਕਹਿਣਗੇ ਕਿ ਲੂਕਾ ਪਵਿੱਤਰ ਆਤਮਾ ਦੁਆਰਾ ਭਰਪੂਰ ਹੋਣ ਦੀ ਗੱਲ ਕਰਦਾ ਹੈ ਅਤੇ ਅਫ਼ਸੀਆਂ 5:18 ਵਿੱਚ ਪੌਲੁਸ ਇਸ ਦੀ ਗੱਲ ਨਹੀਂ ਕਰਦਾ ਹੈ।[31]

ਅਫ਼ਸੀਆਂ 5:18 ਦੀ ਇਹ ਅਸਧਾਰਨ ਵਿਆਖਿਆ ਪਵਿੱਤਰ ਆਤਮਾ ਦੁਆਰਾ ਨਿਯੰਤਰਿਤ ਹੋਣ ਦੀ ਲੋੜ ਨੂੰ ਰੱਦ ਨਹੀਂ ਕਰਦੀ ਹੈ। ਫਿਰ ਵੀ ਮਸੀਹੀ ਜੀਵਨ ਉਵੇਂ ਹੀ ਰਹੇਗਾ। ਤਾਂ ਵੀ "ਆਤਮਾ ਦੇ ਅਨੁਸਾਰ ਚੱਲਣ", "ਆਤਮਾ ਨੂੰ ਦੁਖੀ ਨਾ ਕਰਨ", "ਆਤਮਾ ਨੂੰ ਨਾ ਬੁਝਾਉਣ" ਦੇ ਹੁਕਮ ਉਵੇਂ ਹੀ ਬਣੇ ਰਹਿਣਗੇ। ਫਿਰ ਵੀ, ਇਸ ਨੂੰ "ਆਤਮਾ ਨਾਲ ਭਰਪੂਰ ਹੋਣ" ਦਾ ਸਿਧਾਂਤ ਕਹਿਣ ਵਿੱਚ ਇੱਕ ਝਿਜਕ ਮਹਿਸੂਸ ਹੋਵੇਗੀ।

ਅਫ਼ਸੀਆਂ 5:18 ਦਾ ਇਹ ਪਹਿਲਾਂ ਵਿਚਾਰ ਇੱਕ ਘੱਟ ਗਿਣਤੀ ਵਾਲਾ ਵਿਚਾਰ ਹੈ, ਪਰ ਇਸ ਨੂੰ ਗ਼ਲਤ ਕਹਿੰਦੇ ਹੋਏ ਰੱਦ ਨਹੀਂ ਕੀਤਾ ਜਾ ਸਕਦਾ ਹੈ। ਅਸਲ ਵਿੱਚ, ਇਸ ਨੂੰ ਰਵਾਇਤੀ ਤੌਰ ਤੇ ਜਿੰਨੀ ਮਾਨਤਾ ਨਹੀਂ ਮਿਲੀ ਹੈ, ਇਹ ਉਸ ਤੋਂ ਜ਼ਿਆਦਾ ਮਾਨਤਾ ਦਿੱਤੇ ਜਾਣ ਦੇ ਯੋਗ ਹੈ।

### (b) ਆਤਮਾ ਵਿੱਚ, ਦੁਆਰਾ, ਜਾਂ ਨਾਲ ਭਰਪੂਰ ਹੋਣਾ

ਅਫ਼ਸੀ 5:18 ਵਿੱਚ ਵਰਤੋਂ ਕੀਤੇ ਗਏ ਪੂਰਵ-ਸਰਗ ਦਾ ਅਨੁਵਾਦ "ਵਿੱਚ," "ਦੁਆਰਾ", ਜਾਂ "ਨਾਲ" ਹੋ ਸਕਦਾ ਹੈ। ਹਰੇਕ ਅਨੁਵਾਦ ਤੋਂ ਇਹ ਮੁੱਦਾ ਪ੍ਰਭਾਵਿਤ ਹੋਵੇਗਾ ਕਿ ਕੀ ਇੱਕ ਵਿਸ਼ਵਾਸੀ ਕਦੇ ਜ਼ਿਆਦਾ ਪਵਿੱਤਰ ਆਤਮਾ ਨੂੰ ਪ੍ਰਾਪਤ ਕਰ ਸਕਦਾ ਹੈ ਜਾਂ ਨਹੀਂ। ਫਿਰ ਵੀ, ਵਿਆਕਰਣ ਅਤੇ ਸੰਦਰਭ ਇੱਕ ਨੂੰ ਦੂਜੇ ਤੋਂ ਉੱਚਾ ਸਾਬਤ ਕਰਦੇ ਹਨ। ਇਸ ਵਿੱਚ ਸਿਰਫ਼ ਇਹ ਹੋ ਸਕਦਾ ਹੈ ਕਿ ਪੂਰਵ-ਅਨੁਮਾਨਿਤ ਅਧਿਆਤਮਿਕ ਅਧਿਐਨ ਦੇ ਅਨੁਸਾਰ ਅਨੁਵਾਦ ਕੀਤਾ ਜਾਵੇ, ਅਤੇ ਵੱਖਰੇ ਵਿਚਾਰ ਰੱਖਣ ਵਾਲਿਆਂ ਦੇ ਪ੍ਰਤੀ ਦਿਆਲੂ ਰਹੀਏ।

#### (i) ਆਤਮਾ ਦੁਆਰਾ ਭਰਪੂਰ ਹੋਣਾ

ਇਹ ਅਨੁਵਾਦ ਉਹਨਾਂ ਲੋਕਾਂ ਦੁਆਰਾ ਪਸੰਦ ਕੀਤਾ ਜਾਵੇਗਾ ਜੋ ਸੋਚਦੇ ਹਨ ਕਿ ਇੱਕ ਵਿਸ਼ਵਾਸੀ ਦੇ ਲਈ ਜ਼ਿਆਦਾ ਪਵਿੱਤਰ ਆਤਮਾ ਪਾਉਣਾ ਅਸੰਭਵ ਹੈ। ਇਸ ਵਿੱਚ ਇਹ ਵਿਚਾਰ ਕਾਇਮ ਰਹੇਗਾ ਕਿ ਵਿਸ਼ਵਾਸੀਆਂ ਨੂੰ "ਪਵਿੱਤਰ ਆਤਮਾ ਦੁਆਰਾ ਭਰਿਆ" ਜਾਣਾ ਚਾਹੀਦਾ ਹੈ, ਪਰ ਇਹ ਪਰਮੇਸ਼ਰ ਦੇ ਵਚਨ ਨਾਲ ਹੁੰਦਾ ਹੈ (ਕੁਲੁੱਸੀ 3:16)। ਆਤਮਾ ਨੂੰ ਏਜੰਟ ਰੂਪ ਵਿੱਚ ਦੇਖਿਆ ਗਿਆ ਹੈ, ਪਰ ਭਰੇ ਜਾਣ ਵਾਲੀ ਸਮੱਗਰੀ ਦੇ ਰੂਪ ਵਿੱਚ ਨਹੀਂ।

ਫਿਰ ਵੀ, ਇਹ ਜ਼ਰੂਰੀ ਨਹੀਂ ਹੈ ਕਿ "ਦੁਆਰਾ" ਅਨੁਵਾਦ ਪਵਿੱਤਰ ਪਵਿੱਤਰ ਆਤਮਾ ਨਾਲ ਜ਼ਿਆਦਾ ਭਰੇ ਜਾਣ ਨੂੰ ਰੱਦ ਕਰ ਦੇਵੇ। ਸ਼ਾਇਦ ਵਿਸ਼ਵਾਸੀ ਇਹਨਾਂ ਦੋਵੇਂ ਅਰਥਾਂ ਵਿੱਚ “ਆਤਮਾ ਦੁਆਰਾ ਭਰਪੂਰ” ਹੁੰਦੇ ਹਨ ਕਿ ਪਵਿੱਤਰ ਆਤਮਾ ਹੀ ਹੈ ਜੋ ਭਰਪੂਰ ਕਰਦਾ ਹੈ, ਅਤੇ ਉਹੀ ਉਹ ਸਮੱਗਰੀ ਹੈ ਜਿਸ ਨਾਲ ਇਹ ਭਰਪੂਰੀ ਹੁੰਦੀ ਹੈ।

ਇਸ ਤੋਂ ਇਲਾਵਾ, ਪਰਮੇਸ਼ਰ ਦੇ ਵਚਨ ਦਾ ਵੱਧ ਤੋਂ ਵੱਧ ਸੇਵਨ ਨੂੰ ਪਵਿੱਤਰ ਆਤਮਾ ਦੇ ਵਿਅਕਤੀਤਵ ਅਤੇ ਵਿਚਾਰਾਂ ਦਾ ਵੱਧ ਤੋਂ ਵੱਧ ਸੇਵਨ ਮੰਨਿਆ ਜਾ ਸਕਦਾ ਹੈ। ਪਵਿੱਤਰ ਆਤਮਾ ਹੀ ਲੇਖਕ ਹੈ।

#### (ii) ਆਤਮਾ ਨਾਲ ਭਰਪੂਰ ਹੋਣਾ [32]

ਜਿਹੜੇ ਲੋਕ ਇਹ ਮੰਨਦੇ ਹਨ ਕਿ ਇੱਕ ਵਿਅਕਤੀ ਜ਼ਿਆਦਾ ਆਤਮਾ ਪ੍ਰਾਪਤ ਕਰ ਸਕਦਾ ਹੈ, ਉਹ ਇਸ ਹੁਕਮ ਦਾ ਅਨੁਵਾਦ ਇਸ ਤਰ੍ਹਾਂ ਕਰਨਾ ਪਸੰਦ ਕਰਨਗੇ, “ਆਤਮਾ **ਨਾਲ** ਭਰਪੂਰ ਹੁੰਦੇ ਜਾਓ”। ਆਤਮਾ ਉਹ ਏਜੰਟ ਹੈ ਜੋ ਭਰਪੂਰ ਕਰਦਾ ਹੈ, ਪਰ ਉਹ ਖ਼ੁਦ ਭਰਪੂਰ ਹੋਣ ਵਾਲੀ ਸਮੱਗਰੀ ਵੀ ਹੋ ਸਕਦਾ ਹੈ।

#### (iii) ਆਤਮਾ ਵਿੱਚ ਭਰਪੂਰ ਹੋਣਾ

ਜਿਹੜੇ ਲੋਕ ਮੰਨਦੇ ਹਨ ਕਿ ਇੱਥੇ *ਆਤਮਾ* ਮਨੁੱਖੀ ਆਤਮਾ ਹੈ, ਉਹ ਇਸ ਦੇ ਅਨੁਵਾਦ “ਵਿੱਚ” ਨੂੰ ਜ਼ਿਆਦਾ ਪਸੰਦ ਕਰਨਗੇ। ਫਿਰ ਵੀ ਇੱਕ ਵਿਅਕਤੀ ਦੇ ਲਈ ਇਹ ਸੰਭਵ ਹੈ ਕਿ ਉਹ ਇੱਥੇ “ਵਿੱਚ” ਅਨੁਵਾਦ ਦੇ ਨਾਲ ਆਤਮਾ ਨੂੰ ਪਵਿੱਤਰ ਆਤਮਾ ਵੀ ਮੰਨ ਲਵੇ। ਤਾਂ ਇਸ ਦਾ ਅਰਥ ਹੋਵੇਗਾ, “ਪਵਿੱਤਰ ਆਤਮਾ ਦੇ ਖੇਤਰ *ਵਿੱਚ* ਭਰਪੂਰ ਹੋਣਾ”। ਵੈਸੇ ਵੀ, ਇਸੇ ਪੂਰਵ-ਸਰਗ ਦਾ “ਪਵਿੱਤਰ ਆਤਮਾ ਵਿੱਚ ਬਪਤਿਸਮਾ” ਵਿੱਚ ਅਨੁਵਾਦ “ਵਿੱਚ” ਹੀ ਕੀਤਾ ਗਿਆ ਹੈ।

### (4) ਆਤਮਾ ਨੂੰ ਜ਼ਿਆਦਾ ਪ੍ਰਾਪਤ ਕਰਨ ਬਾਰੇ ਸਿੱਟਾ

ਲੇਖਕ ਇਸ ਗੱਲ ਉੱਤੇ ਨਿਰਪੱਖ ਹੈ ਕਿ ਕੀ ਇੱਕ ਵਿਸ਼ਵਾਸੀ ਜ਼ਿਆਦਾ ਪਵਿੱਤਰ ਆਤਮਾ ਨੂੰ ਪ੍ਰਾਪਤ ਕਰ ਸਕਦਾ ਹੈ ਜਾਂ ਨਹੀਂ। ਪਰ ਇਸ ਖੁੱਲ੍ਹੇ ਵਿਚਾਰ ਦੇ ਨਾਲ, ਇਹ ਰਵੱਈਆ ਵੀ ਹੁੰਦਾ ਹੈ ਕਿ ਇਹ ਮੁੱਦਾ

[31] ਮਨੁੱਖੀ ਆਤਮਾ ਵਿੱਚ ਭਰਪੂਰੀ ਦੇ ਵਿਚਾਰ ਦੀਆਂ ਅੱਗੇ ਦਿੱਤੀਆਂ ਹੋਰ ਆਇਤਾਂ ਹੋ ਸਕਦੀਆਂ ਹਨ: (ਅਫ਼ਸੀ 3:19; ਫ਼ਿਲਿੱਪੀ 1:11;ਕੁਲੁੱਸੀ 1:9-10)।

[32] ਦੇਖੋ, ਸੀ. ਐੱਫ. ਡੀ. ਮੌਲ, *ਐਨ ਇਡੀਅਮ ਬੁੱਕ ਆਫ਼ ਨਿਊ ਟੈਸਟਾਮੈਂਟ ਗ੍ਰੀਕ*, ਸੈਕੰਡ ਐਡ., (ਕੈਂਬ੍ਰਿਜ ਯੂਨੀਵਰਸਿਟੀ ਪ੍ਰੈਸ, 1959), ਪੰਨਾ.79 ਇੱਥੇ ਮੌਲ ਪੂਰਵ-ਸਰਗ "ਐਨ" ਦਾ ਅਰਥ “ਵਿੱਚ ਕੁਝ ਸ਼ਾਮਲ ਕਰਨਾ” ਸਿਖਾਉਂਦਾ ਹੈ।

ਬਹੁਤ ਮਾਮੂਲੀ ਹੈ। ਇਸ ਮੁੱਦੇ ਦਾ ਸੰਬੰਧ ਸਾਡੇ ਨਾਲ ਨਹੀਂ ਪਰ ਪਵਿੱਤਰ ਆਤਮਾ ਨਾਲ ਹੈ। ਭਾਵੇਂ ਜੋ ਵੀ ਹੋਵੇ, ਇਸ ਦੀ ਕਾਰਨ ਮਨੁੱਖੀ ਅਨੁਭਵ ਵਿੱਚ ਕੋਈ ਫ਼ਰਕ ਨਹੀਂ ਪਵੇਗਾ। ਵਿਸ਼ਵਾਸੀਆਂ ਨੂੰ ਇਹ ਦੱਸਿਆ ਗਿਆ ਹੈ ਕਿ ਉਹਨਾਂ ਨੂੰ ਪਵਿੱਤਰ ਆਤਮਾ ਬਾਰੇ ਕੀ ਕਰਨਾ ਚਾਹੀਦਾ ਹੈ। ਬਾਈਬਲ ਆਤਮਾ ਨਾਲ ਭਰਪੂਰ ਜੀਵਨ ਲਈ ਸਰਵੋਤਮ ਨਤੀਜੇ ਪ੍ਰਗਟ ਕਰਦੀ ਹੈ। ਇਸ ਪ੍ਰਕਿਰਿਆ ਵਿੱਚ, ਜੇਕਰ ਅਸੀਂ ਜ਼ਿਆਦਾ ਪਵਿੱਤਰ ਆਤਮਾ ਪ੍ਰਾਪਤ ਕਰਦੇ ਹਾਂ, ਤਾਂ ਸਾਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਹੈ।[33] ਇਸ ਪ੍ਰਕਿਰਿਆ ਵਿੱਚ, ਜੇਕਰ ਅਸੀਂ ਜ਼ਿਆਦਾ ਪਵਿੱਤਰ ਆਤਮਾ ਨੂੰ ਪ੍ਰਾਪਤ ਨਹੀਂ ਕਰਦੇ ਹਾਂ, ਤਾਂ ਸਾਨੂੰ ਇਸ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਹੈ। ਦੋਵੇਂ ਸਥਿਤੀਆਂ ਵਿੱਚ, ਸਾਡੀਆਂ ਜ਼ਿੰਮੇਵਾਰੀਆਂ ਇੱਕੋ ਜਿਹੀਆਂ ਰਹਿੰਦੀਆਂ ਹਨ, ਅਤੇ ਇਹਨਾਂ ਵਿੱਚ ਜ਼ਿਆਦਾ ਆਤਮਾ ਦਿੱਤੇ ਜਾਣ ਦੇ ਲਈ ਕਿਸੇ ਪ੍ਰਾਰਥਨਾ ਕਰਨ ਜਾਂ ਖੋਜ ਕਰਨ ਦੀ ਕੋਈ ਗੱਲ ਸ਼ਾਮਲ ਨਹੀਂ ਹੁੰਦੀ ਹੈ। ਅਜਿਹਾ ਹੋਣਾ ਪਰਿਪੱਕ ਹੋਣ ਦੇ ਜਾਣੇ-ਪਛਾਣੇ ਤਰੀਕੇ ਦੇ ਲਈ ਹਾਨੀਕਾਰਕ ਹੋਵੇਗਾ। ਆਤਮਾ ਨਾਲ ਭਰਪੂਰ ਜੀਵਨ ਬਤੀਤ ਕਰਨ ਲਈ ਸਾਡੇ ਸਰੋਤ ਇੱਕੋ ਜਿਹੇ ਰਹਿੰਦੇ ਹਨ, ਫਿਰ ਭਾਵੇਂ ਉਹ ਅਜਿਹੀ ਸਥਿਤੀ ਹੋਵੇ ਜਾਂ ਨਾ ਹੋਵੇ ਜਿਸ ਵਿੱਚ ਸਾਨੂੰ ਇੱਕ ਰਹੱਸਮਈ ਢੰਗ ਨਾਲ ਜ਼ਿਆਦਾ ਆਤਮਾ ਦਿੱਤਾ ਜਾਂਦਾ ਹੈ ਜਾਂ ਨਹੀਂ ਦਿੱਤਾ ਜਾਂਦਾ ਹੈ। ਕਿਸੇ ਵੀ ਵਿਸ਼ਵਾਸੀ ਕੋਲ ਦੂਜੇ ਵਿਸ਼ਵਾਸੀ ਨਾਲੋਂ ਜ਼ਿਆਦਾ ਸਰੋਤ ਨਹੀਂ ਹੁੰਦੇ ਹਨ, ਹਾਲਾਂਕਿ ਇੱਕ ਵਿਅਕਤੀ ਇਹਨਾਂ ਦੀ ਦੂਜੇ ਨਾਲੋਂ ਜ਼ਿਆਦਾ ਚੰਗੀ ਤਰ੍ਹਾਂ ਵਰਤੋਂ ਕਰਦਾ ਹੈ। ਅੰਤ ਵਿੱਚ, ਭਾਵੇਂ ਅਸੀਂ ਜ਼ਿਆਦਾ ਪਵਿੱਤਰ ਆਤਮਾ ਪ੍ਰਾਪਤ ਕਰੀਏ ਜਾਂ ਨਾ ਕਰੀਏ, ਆਤਮਾ ਨਾਲ ਭਰਪੂਰ ਹੋਣ ਦੇ ਨਤੀਜੇ ਇੱਕੋ ਜਿਹੇ ਹੀ ਹੋਣਗੇ। ਮਸੀਹੀ ਜੀਵਨ ਬਤੀਤ ਕਰਨ ਦੀ ਤੁਲਨਾ ਵਿੱਚ ਇਹ ਮੁੱਦਾ ਮਹੱਤਵਪੂਰਣ ਨਹੀਂ ਹੈ ਕਿ ਵਿਸ਼ਵਾਸੀ ਜ਼ਿਆਦਾ ਪਵਿੱਤਰ ਆਤਮਾ ਪਾ ਸਕਦੇ ਹਨ ਜਾਂ ਨਹੀਂ। ਅੰਤਿਮ ਦੇ ਇਸ ਪੂਰੇ ਭਾਗ ਦੀ ਇਹੀ ਮੁੱਖ ਗੱਲ ਹੈ। ਕਿਉਂਕਿ ਇਸ ਵਿਚਾਰ ਦੇ ਹੱਕ ਵਿੱਚ ਜਾਂ ਵਿਰੋਧ ਵਿੱਚ ਕੋਈ ਨਿਸ਼ਚਿਤ ਸਬੂਤ ਨਹੀਂ ਹੈ, ਇਸ ਲਈ ਇੱਕ ਵਿਸ਼ਵਾਸੀ ਦੀ ਸੋਚ ਵਿੱਚ ਇਸ ਨੂੰ ਘੱਟ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਇਸ ਨਾਲ ਨਾ ਤਾਂ ਸਾਡੀ ਮਸੀਹੀ ਜ਼ਿੰਮੇਵਾਰੀ ਅਤੇ ਨਾ ਹੀ ਸਾਡੇ ਆਤਮਾ ਨਾਲ ਭਰਪੂਰ ਜੀਵਨ ਵਿੱਚ ਕੋਈ ਫ਼ਰਕ ਪੈਂਦਾ ਹੈ। ਯਕੀਨੀ ਤੌਰ ਤੇ ਜ਼ਿਆਦਾ ਆਤਮਾ ਪ੍ਰਾਪਤ ਕਰਨ ਲਈ ਕੋਈ ਪ੍ਰਾਰਥਨਾ ਕਰਨ ਜਾਂ ਖੋਜ ਕਰਨ ਦਾ ਕੋਈ ਹੁਕਮ ਨਹੀਂ ਦਿੱਤਾ ਗਿਆ ਹੈ। ਜੇਕਰ ਪਵਿੱਤਰ ਆਤਮਾ ਆਪਣੀ ਵੱਡੀ ਭਰਪੂਰੀ ਵਿੱਚ ਆਉਂਦਾ ਹੈ, ਤਾਂ ਵੀ ਸਾਡਾ ਜੀਵਨ ਉਵੇਂ ਦਾ ਹੀ ਰਹੇਗਾ, ਜਿਵੇਂ ਦਾ ਉਦੋਂ ਹੁੰਦਾ ਹੈ ਜਦੋਂ ਉਹ ਆਪਣੀ ਭਰਪੂਰੀ ਵਿੱਚ ਨਹੀਂ ਆਉਂਦਾ ਹੈ। ਇਸ ਲਈ, ਆਪਣਾ ਧਿਆਨ ਅਤੇ ਊਰਜਾ ਨੂੰ ਪਵਿੱਤਰ ਆਤਮਾ ਦੀ ਜ਼ਿਆਦਾ ਭਰਪੂਰੀ ਪਾਉਣ ਉੱਤੇ ਖ਼ਰਚ ਕਰਨਾ ਇੱਕ ਵੱਡੀ ਗ਼ਲਤੀ ਹੋਵੇਗੀ ਜਦੋਂ ਕਿ ਅਜਿਹਾ ਕਰਨ ਦੇ ਲਈ ਬਾਈਬਲ ਵਿੱਚ ਕੋਈ ਮਜ਼ਬੂਤ ਆਧਾਰ ਨਹੀਂ ਮਿਲਦਾ ਹੈ। ਪਵਿੱਤਰ ਆਤਮਾ ਨਾਲ ਇੱਕ ਸਹੀ ਸੰਬੰਧ ਨਾਲ ਜੁੜੇ ਰਹਿਣ ਦੇ ਬਾਰੇ ਵਿੱਚ ਬਾਈਬਲ ਸਾਨੂੰ ਸੰਪੂਰਨ ਸਿੱਖਿਆ ਦਿੰਦੀ ਹੈ। ਸਾਨੂੰ ਸਿਰਫ਼ ਇਸੇ ਗੱਲ ਉੱਤੇ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਆਤਮਾ ਦੇ ਰਹੱਸਾਂ ਨੂੰ ਆਤਮਾ ਉੱਤੇ ਛੱਡ ਦੇਣਾ ਚਾਹੀਦਾ ਹੈ (ਬਿਵਸਥਾ 29:29)।

[33] ਸ਼ਾਇਦ ਪਰਮੇਸ਼ਰ ਪਵਿੱਤਰ ਆਤਮਾ ਦੇ ਭਰਪੂਰੀ ਦੇ ਪੱਧਰਾਂ ਦੀ ਤੁਲਨਾ ਕਰਨ ਨਾਲ ਆਉਣ ਵਾਲੇ ਸਾਰੇ ਘਮੰਡ ਅਤੇ ਹੰਕਾਰ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਸਾਡੇ ਲਈ ਕੁਝ ਗੱਲਾਂ ਨੂੰ ਨਾ ਜਾਣਨਾ ਹੀ ਚੰਗਾ ਹੈ।

ਅਧਿਆਇ 10

# ਪਵਿੱਤਰ ਆਤਮਾ ਦਾ ਸਿਧਾਂਤ

## *ਭਾਗ: 2*

## ਪਵਿੱਤਰ ਆਤਮਾ ਦੇ ਵਰਦਾਨ

### ਰੂਪ-ਰੇਖਾ


I. ਜਾਣ-ਪਛਾਣ **279**

II. ਚਿੰਨ੍ਹ ਵਾਲੇ ਵਰਦਾਨਾਂ ਦਾ ਬੰਦ ਹੋਣਾ **280**

A. ਬਾਈਬਲ ਅਨੁਸਾਰ ਸੰਭਵ ਤੌਰ ਤੇ ਚਿੰਨ੍ਹ ਵਾਲੇ ਵਰਦਾਨਾਂ ਦਾ ਬੰਦ ਹੋਣਾ

1. ਵਰਦਾਨਾਂ ਦੇ ਬੰਦ ਹੋਣ ਦਾ ਪੂਰਵ-ਪ੍ਰਮਾਣ
2. ਚਿੰਨ੍ਹ ਵਾਲੇ ਵਰਦਾਨ ਜੋ ਰਸੂਲਾਂ ਨਾਲ ਜੁੜੇ ਹੋਏ ਸਨ **281**
3. ਵੱਖ-ਵੱਖ ਭਾਸ਼ਾਵਾਂ ਦਾ ਚਿੰਨ੍ਹ ਅਤੇ ਇਸਰਾਏਲ **282**
4. ਚਮਤਕਾਰਾਂ ਦੀ ਵਾਰਵਾਰਤਾ ਬਾਰੇ ਬਾਈਬਲ ਦੇ ਨਮੂਨੇ **284**

B. ਇਤਿਹਾਸਕ ਤੌਰ ਤੇ ਚਿੰਨ੍ਹ ਵਾਲੇ ਵਰਦਾਨਾਂ ਦੀ ਨਿਸ਼ਚਿਤ ਸਮਾਪਤੀ

III. ਵੱਖ-ਵੱਖ ਭਾਸ਼ਾਵਾਂ ਦੀ ਪ੍ਰਕਿਰਤੀ **286**

A. ਭਾਸ਼ਾਵਾਂ ਬੋਲੀ ਦੇ ਰੂਪ ਵਿੱਚ

1. ਧਰਮ-ਨਿਰਪੱਖ ਯੂਨਾਨੀ ਭਾਸ਼ਾ
2. ਯੂਨਾਨੀ ਨਵੇਂ ਨੇਮ ਵਿੱਚ ਵੱਖ-ਵੱਖ ਭਾਸ਼ਾਵਾਂ
   a. ਰਸੂਲਾਂ ਦੇ ਕਰਤੱਬ ਵਿੱਚ ਵੱਖ-ਵੱਖ ਭਾਸ਼ਾਵਾਂ
   b. ਪ੍ਰਕਾਸ਼ ਦੀ ਪੋਥੀ ਵਿੱਚ ਵੱਖ-ਵੱਖ ਭਾਸ਼ਾਵਾਂ
   c. 1 ਕੁਰਿੰਥੀਆਂ ਵਿੱਚ ਵੱਖ-ਵੱਖ ਭਾਸ਼ਾਵਾਂ

B. ਵੱਖ-ਵੱਖ ਭਾਸ਼ਾਵਾਂ ਬਾਰੇ ਆਧੁਨਿਕ ਦਾਅਵੇ **287**

1. ਆਧੁਨਿਕ "ਭਾਸ਼ਾਵਾਂ" ਉੱਤੇ ਅਧਿਐਨ
2. ਦੂਜੇ ਧਰਮਾਂ ਦੇ ਨਾਲ ਸਮਾਨਤਾਵਾਂ **288**
3. ਹੋਰ ਧਰਮਾਂ ਦੀ ਸਮਝ ਨਾ ਆਉਣ ਵਾਲੀ ਭਾਸ਼ਾ ਬਾਰੇ ਬਾਈਬਲ ਦੀ ਸਿੱਖਿਆ **289**
4. ਸਿੱਟਾ

IV. ਵੱਖ-ਵੱਖ ਭਾਸ਼ਾਵਾਂ ਦੇ ਬਾਰੇ ਬਾਈਬਲ ਦੇ ਨਿਯਮ **290**

A. ਵੱਖ-ਵੱਖ ਭਾਸ਼ਾਵਾਂ ਨੂੰ ਇੱਕ ਹੇਠਲੇ ਕ੍ਰਮ ਵਿੱਚ ਰੱਖਣਾ

B. ਸਿੱਖਿਆ ਦੁਆਰਾ ਆਤਮਿਕ ਉਸਾਰੀ ਨੂੰ ਸਭ ਤੋਂ ਵੱਧ ਮਹੱਤਤਾ ਦੇਣੀ

C. ਸਾਰਿਆਂ ਕੋਲ ਭਾਸ਼ਾਵਾਂ ਬੋਲਣ ਦਾ ਵਰਦਾਨ ਨਹੀਂ ਹੈ **291**

D. ਮਸੀਹੀਆਂ ਦਾ ਵੱਖ-ਵੱਖ ਭਾਸ਼ਾਵਾਂ ਦੀ ਭਾਲ ਕਰਨਾ ਕਮਜ਼ੋਰ ਵਿਚਾਰ ਹੈ

E. ਪ੍ਰਾਰਥਨਾ ਕਰਨ ਲਈ ਵੱਖ-ਵੱਖ ਭਾਸ਼ਾਵਾਂ ਦੇ ਜ਼ਰੂਰੀ ਹੋਣ ਦੀ ਦਲੀਲ ਕਮਜ਼ੋਰ ਹੈ **292**

F. ਵੱਖ-ਵੱਖ ਭਾਸ਼ਾਵਾਂ ਸਿਰਫ਼ ਅਵਿਸ਼ਵਾਸੀਆਂ ਦੇ ਲਈ ਇੱਕ ਚਿੰਨ੍ਹ ਹੋਣ **293**

G. ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣ ਵਾਲੇ ਆਪਣੇ ਪੂਰੇ ਨਿਯੰਤਰਨ ਵਿੱਚ ਰਹਿਣ

H. ਕਲੀਸਿਯਾ ਸਭਾ ਵਿੱਚ ਸਿਰਫ਼ ਸਮਝਣ ਯੋਗ ਭਾਸ਼ਾ ਹੀ ਬੋਲੀ ਜਾਵੇ

I. ਇੱਕ ਸਭਾ ਵਿੱਚ ਕਿੰਨੇ ਵੱਖ-ਵੱਖ ਭਾਸ਼ਾ ਬੋਲਣ ਵਾਲੇ ਹੋਣ

J. ਸਭਾਵਾਂ ਕ੍ਰਮਬੱਧ ਅਤੇ ਬਿਨਾਂ ਕਿਸੇ ਉਲਝਣ ਦੇ ਹੋਣ

K. ਵੱਖ-ਵੱਖ ਭਾਸ਼ਾਵਾਂ ਬਾਰੇ ਬਾਈਬਲ ਦੇ ਨਿਯਮਾਂ ਦਾ ਸਾਰ

V. ਚਮਤਕਾਰੀ ਚੰਗਿਆਈ ਦੇ ਬਾਰੇ ਬਾਈਬਲ ਦੀ ਸਿੱਖਿਆ **294**

A. ਚੰਗਿਆਈ ਬਨਾਮ ਚੰਗਾ ਕਰਨ ਵਾਲੇ

B. ਚਿੰਨ੍ਹ ਵਾਲੇ ਵਰਦਾਨ ਅਤੇ ਚੰਗਿਆਈ

C. ਸਿਹਤ ਬਾਰੇ ਕੈਰਿਸਮੈਟਿਕ ਦਾਅਵੇ ਬਨਾਮ ਚੰਗਿਆਈ ਅਤੇ ਬਾਈਬਲ ਦੀ ਸਿੱਖਿਆ **295**

1. ਚਮਤਕਾਰਾਂ ਦੀ ਵਾਰਵਰਤਾ
2. ਬਿਮਾਰੀ ਲਈ ਬਾਈਬਲ ਦੇ ਨਮੂਨੇ **296**
3. ਦੁੱਖ ਦੀ ਆਗਿਆ ਦੇਣ ਵਿੱਚ ਪਰਮੇਸ਼ਰ ਦੀ ਯੋਜਨਾ
4. ਬਾਈਬਲ ਵਿੱਚ ਦਿੱਤੇ ਗਏ ਚੰਗਿਆਈ ਦੇ ਨਮੂਨੇ **297**
   a. ਵਿਸ਼ਵਾਸ ਤੋਂ ਬਿਨਾਂ ਵਾਲੇ ਲੋਕਾਂ ਦੀ ਚੰਗਿਆਈ
   b. ਚੰਗਾਈਆਂ ਦੀ ਸਫਲਤਾ ਦਾ ਦਰ **298**
   c. ਦੂਰੀ ਚੰਗਿਆਈ ਵਿੱਚ ਰੁਕਾਵਟ ਨਹੀਂ ਹੁੰਦੀ ਹੈ
   d. ਤੁਰੰਤ, ਅਚਾਨਕ ਅਤੇ ਜਨਤਕ ਚੰਗਿਆਈ
5. ਸੰਪੂਰਨ ਤੰਦਰੁਸਤੀ ਭਵਿੱਖ ਦਾ ਵਾਅਦਾ ਹੈ
6. ਚੰਗਿਆਈ ਬਾਰੇ ਸੰਖੇਪ ਸਾਰ **299**

VI. ਕੈਰਿਸਮੈਟਿਕ ਅੰਦੋਲਨ ਉੱਤੇ ਸਿੱਟੇ

VII. ਜਾਇਜ਼ ਆਤਮਿਕ ਵਰਦਾਨ **300**

A. ਆਤਮਿਕ ਵਰਦਾਨਾਂ ਨੂੰ ਪ੍ਰਾਪਤ ਕਰਨ ਵਾਲੇ

B. ਆਤਮਿਕ ਵਰਦਾਨ ਨੂੰ ਪ੍ਰਾਪਤ ਕਰਨ ਦਾ ਸਮਾਂ **301**

C. ਆਤਮਿਕ ਵਰਦਾਨਾਂ ਅਤੇ ਕੁਦਰਤੀ ਯੋਗਤਾਵਾਂ ਵਿਚਕਾਰ ਸੰਬੰਧ

D. ਆਤਮਿਕ ਵਰਦਾਨਾਂ ਦਾ ਉਦੇਸ਼

E. ਆਪਣੇ ਵਰਦਾਨ ਦੀ ਪਛਾਣ ਕਰਨਾ

1. ਸਮਰਪਿਤ ਹੋਣਾ ਅਤੇ ਮਨ ਦਾ ਨਵਾਂ ਹੋਣਾ **302**

2. ਸ਼ਾਂਤ ਅਤੇ ਉਦੇਸ਼ਪੂਰਵਕ ਤਰੀਕੇ ਨਾਲ ਵਿਚਾਰ ਕਰੋ

F. ਵਰਦਾਨਾਂ ਬਾਰੇ ਵਿਭਿੰਨ ਸਿੱਖਿਆਵਾਂ **303**

1. ਵਰਦਾਨਾਂ ਨੂੰ ਵਿਕਸਿਤ ਕਰਨਾ
2. ਵਰਦਾਨਾਂ ਪ੍ਰਤੀ ਲਾਪਰਵਾਹੀ ਕਰਨਾ
3. ਆਤਮਿਕ ਵਰਦਾਨ ਦੀ ਦੁਰਵਰਤੋਂ ਕਰਨਾ
4. ਵਰਦਾਨ ਅਟੱਲ ਹਨ **304**

G. ਵਰਦਾਨਾਂ ਦੀਆਂ ਪਰਿਭਾਸ਼ਾਵਾਂ

1. ਰੋਮੀਆਂ 12:6-8
   a. ਭਵਿੱਖਬਾਣੀ
   b. ਸੇਵਾ (ਸੇਵਕਾਈ) **305**
   c. ਸਿੱਖਿਆ ਦੇਣਾ
   d. ਉਤਸ਼ਾਹ ਦੇਣਾ
   e. ਦਾਨ ਦੇਣਾ
   f. ਅਗਵਾਈ ਕਰਨਾ **306**
   g. ਦਇਆ ਕਰਨਾ
2. ਅਫ਼ਸੀ 4:11,12
   a. ਰਸੂਲ
   b. ਨਬੀ
   c. ਸ਼ੁਭ-ਸਮਾਚਾਰ ਦੇ ਪ੍ਰਚਾਰਕ
   d. ਪਾਸਬਾਨ/ਸਿੱਖਿਅਕ
3. 1 ਪਤਰਸ 4:10-11
4. 1 ਕੁਰਿੰਥ 12:8-10, 28-30 **307**
   a. ਬੁੱਧੀ ਨਾਲ ਬੋਲਣਾ
   b. ਗਿਆਨ ਭਰਿਆ ਉਪਦੇਸ਼
   c. ਵਿਸ਼ਵਾਸ
   d. ਚੰਗਾ ਕਰਨਾ/ਚਮਤਕਾਰ ਕਰਨਾ
   e. ਆਤਮਾਵਾਂ ਦੇ ਭੇਤ ਦਾ ਗਿਆਨ **308**
   f. ਪਰਾਈਆਂ ਭਾਸ਼ਾਵਾਂ ਬੋਲਣਾ ਅਤੇ ਇਹਨਾਂ ਦਾ ਅਨੁਵਾਦ ਕਰਨਾ
   g. ਸਹਾਇਤਾ ਕਰਨਾ
   h. ਪ੍ਰਬੰਧਕ

**VIII.** ਪਵਿੱਤਰ ਆਤਮਾ ਦੇ ਸਿਧਾਂਤ ਦਾ ਸਿੱਟਾ

# *ਪਵਿੱਤਰ ਆਤਮਾ ਦੇ ਵਰਦਾਨ*

**I. ਜਾਣ-ਪਛਾਣ**

ਵਰਦਾਨ ਦੇਣ ਵਾਲੇ ਦੇ ਰੂਪ ਵਿੱਚ ਪਵਿੱਤਰ ਆਤਮਾ ਦੀ ਸੇਵਕਾਈ ਆਪਣੇ ਆਪ ਵਿੱਚ ਹੀ ਇੱਕ ਵੱਡੇ ਅਧਿਐਨ ਦੀ ਹੱਕਦਾਰ ਹੈ ਕਿਉਂਕਿ ਕੱਟੜ ਮਸੀਹੀਆਂ ਵਿੱਚ ਉਸ ਦੇ ਇਸ ਕੰਮ ਦੇ ਬਾਰੇ ਬਹੁਤ ਵੱਡੇ ਮੱਤਭੇਤ ਹਨ। ਵਰਦਾਨਾਂ ਵਿੱਚ ਵਿਸ਼ਵਾਸ ਰੱਖਣ ਵਾਲੇ ਅੰਦੋਲਨ ਦੀ ਸ਼ੁਰੂਆਤ ਅਤੇ ਵਿਕਾਸ ਦੇ ਕਾਰਨ ਇਹ ਜ਼ਰੂਰੀ ਹੋ ਗਿਆ ਹੈ ਕਿ ਆਮ ਤੌਰ ਤੇ ਵਰਦਾਨਾਂ ਬਾਰੇ ਅਧਿਐਨ ਕਰਨ ਤੋਂ ਪਹਿਲਾਂ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋਣ ਦੇ ਮੁੱਦੇ ਉੱਤੇ ਵਿਸਤ੍ਰਿਤ ਅਧਿਐਨ ਕੀਤਾ ਜਾਵੇ। ਹਾਲਾਂਕਿ, ਚਿੰਨ੍ਹ-ਚਮਤਕਾਰਾਂ ਵਾਲੇ ਵਰਦਾਨਾਂ ਵਿੱਚ ਵਿਸ਼ਵਾਸ ਰੱਖਣ ਵਾਲੇ (ਕੈਰਿਸਮੈਟਿਕ) ਸੱਚਮੁੱਚ ਮਸੀਹ ਦੇ ਵਿਅਕਤੀਤਵ ਅਤੇ ਸਲੀਬ ਉੱਤੇ ਉਸ ਦੇ ਕੰਮ ਵਿੱਚ ਵਿਸ਼ਵਾਸ ਰੱਖਦੇ ਹਨ, ਫਿਰ ਵੀ ਇਸ ਨਾਲ ਆਮ ਕੈਰਿਸਮੈਟਿਕ ਵਿਚਾਰ ਅਤੇ ਆਮ ਗ਼ੈਰ-ਕੈਰਿਸਮੈਟਿਕ ਵਿਚਾਰ ਦੇ ਵਿਚਕਾਰ ਵੱਡੇ ਮੱਤਭੇਤ ਘੱਟ ਨਹੀਂ ਹੁੰਦੇ ਹਨ। ਜਿੱਥੇ ਮਸੀਹ ਵਿੱਚ ਅਸਲੀ ਵਿਸ਼ਵਾਸ ਕਰਨ ਮੁੱਦਾ ਹੁੰਦਾ ਹੈ, ਉੱਥੇ ਇਹ ਦੋਵੇਂ ਸਮੂਹ ਅਕਸਰ ਭਾਈਚਾਰੇ ਨੂੰ ਸਵੀਕਾਰ ਕਰਨ ਲਈ ਕਾਫ਼ੀ ਸਮਝਦਾਰ ਹੁੰਦੇ ਹਨ। ਫਿਰ ਵੀ, ਅਧਿਆਤਮਿਕ ਗਿਆਨ ਅਤੇ ਕਲੀਸਿਯਾ ਸੰਬੰਧੀ ਡੂੰਘੇ ਅੰਤਰਾਂ ਲਈ, ਨਿਰੰਤਰ ਸੰਯੁਕਤ ਸੇਵਕਾਈਆਂ (ਸਿੱਖਿਆ ਅਤੇ ਸਲਾਹਕਾਰੀ) ਵਿੱਚ ਕੁਝ ਸੀਮਾਵਾਂ ਦੀ ਲੋੜ ਹੁੰਦੀ ਹੈ। ਜਿੱਥੇ ਮੁੱਦਾ ਡੂੰਘੇ ਧਰਮ-ਤਿਆਗ ਦਾ ਹੋਵੇ ਜੋ ਮਸੀਹੀਆਂ ਨੂੰ ਅਵਿਸ਼ਵਾਸੀਆਂ ਤੋਂ ਅਲੱਗ ਕਰਦਾ ਹੈ, ਤਾਂ ਉੱਥੇ ਆਤਮਾ ਦੇ ਗਿਆਨ ਬਾਰੇ ਅਜਿਹੇ ਜ਼ਿਆਦਾ ਮੁੱਦੇ ਨਹੀਂ ਹੁੰਦੇ ਹਨ ਜਿਹਨਾਂ ਨੂੰ ਵਿਸ਼ਵਾਸ ਦੇ ਬੁਨਿਆਦੀ ਤੱਥ ਕਿਹਾ ਜਾ ਸਕਦਾ ਹੈ। ਫਿਰ ਵੀ, ਉਹ ਧਾਰਨਾਵਾਂ ਜੋ ਆਮ ਕੈਰਿਸਮੈਟਿਕ ਮਸੀਹੀਆਂ ਨੂੰ ਗ਼ੈਰ-ਕੈਰਿਸਮੈਟਿਕ ਮਸੀਹੀਆਂ ਤੋਂ ਅਲੱਗ ਕਰਦੀਆਂ ਹਨ, ਉਹ "ਸੈਕੰਡਰੀ" ਸਿਧਾਂਤਾਂ ਵਿੱਚੋਂ ਸਭ ਤੋਂ ਮਹੱਤਵਪੂਰਣ ਹੋ ਸਕਦੀਆਂ ਹਨ। ਅਸਲ ਵਿੱਚ, ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋ ਜਾਣ ਦਾ ਫ਼ਰਕ ਹੋਰ ਮਹੱਤਵਪੂਰਣ ਸਿਧਾਂਤਾਂ ਦੇ ਮੁਕਾਬਲੇ ਇੱਕ ਮਾਮੂਲੀ ਹੈ, ਜਿਵੇਂ ਕਿ, ਕੀ ਪਵਿੱਤਰ ਆਤਮਾ ਦਾ ਨਿਵਾਸ ਸਾਰੇ ਵਿਸ਼ਵਾਸੀਆਂ ਲਈ ਹੈ ਜਾਂ ਕੁਝ ਵਿਸ਼ਵਾਸੀਆਂ ਲਈ ਹੈ; ਕੀ ਆਤਮਾ ਦਾ ਬਪਤਿਸਮਾ ਇੱਕ ਸਥਿਤੀ ਹੈ ਜਾਂ ਇੱਕ ਅਨੁਭਵ ਹੈ; ਕੀ ਇੱਕ ਵਿਅਕਤੀ ਨੂੰ ਜ਼ਿਆਦਾ ਆਤਮਾ ਪ੍ਰਾਪਤ ਕਰਨ ਲਈ ਕੋਸ਼ਿਸ਼ ਅਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਾਂ ਨਹੀਂ; ਕੀ ਅੱਜ ਨਬੀ ਜਾਂ ਰਸੂਲ ਹਨ ਜੋ ਕਲੀਸਿਯਾ ਲਈ ਪ੍ਰਕਾਸ਼ਨ ਪ੍ਰਾਪਤ ਕਰਦੇ ਹਨ; ਕੀ ਨਵਾਂ ਪਵਿੱਤਰ ਗ੍ਰੰਥ (ਬਾਈਬਲ) ਲਿਖਿਆ ਜਾ ਸਕਦਾ ਹੈ। ਇਸ ਅਧਿਐਨ ਵਿੱਚ, ਇਹਨਾਂ ਪ੍ਰਮੁੱਖ ਵਿਸ਼ਿਆਂ ਤੇ ਪਹਿਲਾਂ ਹੀ ਚਰਚਾ ਕੀਤੀ ਗਈ ਹੈ। ਇੱਕ ਆਮ ਤੌਰ ਤੇ ਕੈਰਿਸਮੈਟਿਕ ਮਸੀਹੀ ਇਹਨਾਂ ਵਿਸ਼ਿਆਂ ਉੱਤੇ ਉਲਝਣ ਵਿੱਚ ਹੁੰਦੇ ਹਨ, ਅਤੇ ਇਹ ਕੁਝ ਸਵਾਲਾਂ ਨੂੰ ਉਠਾਉਂਦਾ ਹੈ ਕਿ ਕੀ ਜ਼ਿਆਦਾ ਡੂੰਘੇ ਵਿਸ਼ਿਆਂ ਉੱਤੇ ਉਹਨਾਂ ਦੀ ਵਿਆਖਿਆ ਵਿੱਚ ਭਰੋਸਾ ਕੀਤਾ ਜਾ ਸਕਦਾ ਹੈ। ਕੈਰਿਸਮੈਟਿਕ ਸਿਧਾਂਤ ਦੀ ਵੀ ਬਾਈਬਲ ਦੁਆਰਾ ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਜੇਕਰ ਇਸ ਨੇ ਪਵਿੱਤਰ ਆਤਮਾ ਦੇ ਸਿਧਾਂਤ ਦੇ ਪ੍ਰਮੁੱਖ ਖੇਤਰਾਂ ਵਿੱਚ ਗ਼ਲਤੀਆਂ ਕੀਤੀਆਂ ਹਨ, ਤਾਂ ਇੱਕ ਵਿਅਕਤੀ ਕੈਰਿਸਮੈਟਿਕ ਮਸੀਹੀਆਂ ਦੁਆਰਾ ਕੀਤੀ

ਜਾਣ ਵਾਲੀ ਹਰੇਕ ਘੋਸ਼ਣਾ ਨੂੰ ਬਾਈਬਲ ਦੀ ਪ੍ਰਮਾਣਿਕਤਾ ਤੋਂ ਪਰਖੇ ਬਿਨਾਂ ਸਵੀਕਾਰ ਨਹੀਂ ਕਰ ਸਕਦਾ ਹੈ। ਮਸੀਹੀਆਂ ਕੋਲ ਅਨੁਭਵਾਂ ਬਾਰੇ ਸਵਾਲ ਕਰਨ ਦਾ ਪੂਰਾ ਹੱਕ ਹੈ, ਕਿਉਂਕਿ ਅਨੁਭਵ ਮਨੁੱਖਾਂ ਤੋਂ ਅਤੇ ਸ਼ੈਤਾਨ ਤੋਂ ਹੋ ਸਕਦੇ ਹਨ। ਮਸੀਹੀਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਪਵਿੱਤਰ ਬਾਈਬਲ ਦੁਆਰਾ ਹੀ ਸੱਚ ਦੇ ਹਰੇਕ ਦਾਅਵੇ ਨੂੰ ਪਰਖਣ ਅਤੇ ਉਸ ਦਾ ਮੁਲਾਂਕਣ ਕਰਨ।

> ਪਰਮੇਸ਼ਰ ਦੀ ਬਿਵਸਥਾ ਅਤੇ ਚੇਤਾਵਨੀ ਦੀਆਂ ਸਾਖੀਆਂ ਤੋਂ ਸਲਾਹ ਲਓ! ਜੇ ਉਹ ਇਸ ਵਚਨ ਅਨੁਸਾਰ ਨਾ ਆਖਣ ਤਾਂ ਸੱਚ-ਮੁੱਚ ਉਨ੍ਹਾਂ ਲਈ ਪਹੁ ਨਾ ਫਟੇਗੀ। [ਯਸਾ 8:20]
>
> ਉਹਨਾਂ ਨੇ ਵਚਨ ਨੂੰ ਬੜੇ ਉਤਸ਼ਾਹ ਨਾਲ ਸਵੀਕਾਰ ਕੀਤਾ ਅਤੇ ਉਹ ਹਰ ਦਿਨ ਪਵਿੱਤਰ-ਗ੍ਰੰਥਾਂ ਵਿੱਚੋਂ ਲੱਭਦੇ ਰਹੇ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਜਾਂ ਨਹੀਂ। [ਰਸੂਲਾਂ 17:11]
>
> ਸਗੋਂ ਹਰ ਇੱਕ ਚੀਜ਼ ਨੂੰ ਪਰਖੋ ਅਤੇ ਜੋ ਕੁਝ ਭਲਾ ਹੋਵੇ ਉਸ ਨੂੰ ਰੱਖ ਲਵੋ। [1ਥੱਸਲੁ 5:21]
>
> ਪਿਆਰੇ ਮਿੱਤਰੋ, ਜਿਹੜੇ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਵਿੱਚ ਪਵਿੱਤਰ ਆਤਮਾ ਹੈ ਸਗੋਂ ਉਹਨਾਂ ਨੂੰ ਪਰਖੋ ਕਿ ਉਹ ਪਰਮੇਸ਼ਰ ਦੇ ਵੱਲੋਂ ਹਨ ਜਾਂ ਨਹੀਂ ਕਿਉਂਕਿ ਬਹੁਤ ਸਾਰੇ ਝੂਠੇ ਨਬੀ ਸੰਸਾਰ ਵਿੱਚ ਉੱਠ ਖੜ੍ਹੇ ਹੋਏ ਹਨ। [1 ਯੂਹੰਨਾ 4:1]

ਕਿਉਂਕਿ ਕੈਰਿਸਮੈਟਿਕ ਮਸੀਹੀਆਂ ਅਤੇ ਗ਼ੈਰ-ਕੈਰਿਸਮੈਟਿਕ ਮਸੀਹੀਆਂ ਵਿਚਕਾਰ ਅਪਵਾਦ ਦੇ ਬਹੁਤ ਸਾਰੇ ਖੇਤਰਾਂ ਦਾ ਅਧਿਐਨ ਪਹਿਲਾਂ ਹੀ ਕੀਤਾ ਗਿਆ ਹੈ, ਇਸ ਲਈ ਹੁਣ ਸਿਰਫ਼ ਵਰਦਾਨਾਂ ਦੇ ਖੇਤਰ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

## II. ਚਿੰਨ੍ਹ ਵਾਲੇ ਵਰਦਾਨਾਂ ਦਾ ਬੰਦ ਹੋਣਾ:

### A. ਬਾਈਬਲ ਅਨੁਸਾਰ ਸੰਭਵ ਤੌਰ ਤੇ ਚਿੰਨ੍ਹ ਵਾਲੇ ਵਰਦਾਨਾਂ ਦਾ ਬੰਦ ਹੋਣਾ

ਇਹ ਦਾਅਵਾ ਕਰਨਾ ਅਨੁਚਿਤ ਹੋਵੇਗਾ ਕਿ ਚਿੰਨ੍ਹ ਵਾਲੇ ਵਰਦਾਨਾਂ ਨੂੰ ਬੰਦ ਕਰਨ ਦੀ ਦਲੀਲ ਬਾਈਬਲ ਦੀ ਪ੍ਰੇਰਣਾ ਜਾਂ ਮਸੀਹ ਦੇ ਪਰਮੇਸ਼ਰ ਹੋਣ ਵਾਂਗ ਮਜ਼ਬੂਤ ਹੈ। ਫਿਰ ਵੀ, ਇਹ ਸਿੱਟਾ ਕੱਢਣਾ ਉਚਿਤ ਹੋਵੇਗਾ ਕਿ ਬਾਈਬਲ ਦੇ ਸਬੂਤ ਇੱਕ ਵਿਅਕਤੀ ਨੂੰ ਅਜਿਹੀ ਉਮੀਦ ਲਈ ਪ੍ਰੇਰਿਤ ਕਰਨਗੇ ਕਿ ਰਸੂਲਾਂ ਦੇ ਸਮੇਂ ਤੋਂ ਬਾਅਦ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋਣ ਨੂੰ ਮੰਨਿਆ ਜਾ ਸਕਦਾ ਹੈ। ਜੇਕਰ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਨਹੀਂ ਹੋਏ ਸਨ, ਤਾਂ ਇਸ ਯੁੱਗ ਦੇ ਬਾਰੇ ਬਾਈਬਲ ਦਾ ਚਿੱਤਰ ਬਹੁਤ ਉਲਝਣ ਵਾਲਾ ਅਤੇ ਗੁੰਮਰਾਹ ਕਰਨ ਵਾਲਾ ਹੋਵੇਗਾ। ਹਾਲਾਂਕਿ, ਬਾਈਬਲ ਇੱਕ ਸਪੱਸ਼ਟ ਤੌਰ ਤੇ ਇਹ ਨਹੀਂ ਸਿਖਾਉਂਦੀ ਹੈ ਕਿ "ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਖ਼ਤਮ ਹੋ ਜਾਣਗੇ," ਫਿਰ ਵੀ ਜੋ ਕੁਝ ਬਾਈਬਲ ਸਿਖਾਉਂਦੀ ਹੈ, ਉਸ ਤੋਂ ਇਹੀ ਤਰਕਪੂਰਨ ਅਨੁਮਾਨ ਨਿਕਲਦਾ ਹੈ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਖ਼ਤਮ ਹੋ ਜਾਣਗੇ। ਬਾਈਬਲ ਦੇ ਸਬੂਤ ਇਹ ਸੁਝਾਅ ਦਿੰਦੇ ਹਨ ਕਿ ਰਸੂਲਾਂ ਦੇ ਯੁੱਗ ਦੇ ਖ਼ਤਮ ਹੋਣ ਦੇ ਨਾਲ-ਨਾਲ ਸ਼ਾਇਦ ਚਿੰਨ੍ਹ ਵਾਲੇ ਵਰਦਾਨ ਵੀ ਖ਼ਤਮ ਹੋ ਜਾਣਗੇ। ਗ਼ੈਰ-ਕੈਰਿਸਮੈਟਿਕ ਮਸੀਹੀਆਂ ਨੂੰ ਇਸ ਨਤੀਜੇ ਤੇ ਪਹੁੰਚਣ ਲਈ ਦੋਸ਼ੀ ਨਹੀਂ ਠਹਿਰਾਇਆ ਜਾਣਾ ਚਾਹੀਦਾ ਹੈ। ਕੁਝ ਵਰਦਾਨਾਂ ਦੇ ਬੰਦ ਹੋ ਜਾਣ ਦੀ ਇਤਿਹਾਸਕ ਸੱਚਾਈ ਇਸ ਤਰਕਪੂਰਨ ਵਿਚਾਰ ਦਾ ਸਮਰਥਨ ਕਰਦੀ ਹੈ।

#### 1. ਵਰਦਾਨਾਂ ਦੇ ਬੰਦ ਹੋਣ ਦਾ ਪੂਰਵ-ਪ੍ਰਮਾਣ

ਇਸ ਗੱਲ ਨੂੰ ਚੁਣੌਤੀ ਦੇਣਾ ਮੁਸ਼ਕਲ ਹੈ ਕਿ ਰਸੂਲ ਬਣਨ ਦਾ ਵਰਦਾਨ ਬੰਦ ਹੋ ਗਿਆ ਹੈ। ਰਸੂਲ ਬਣਨ ਦੀ ਇੱਕ ਯੋਗਤਾ ਇਹ ਸੀ ਕਿ ਇੱਕ ਵਿਅਕਤੀ ਦਾ ਜੀਅ ਉੱਠੇ ਪ੍ਰਭੂ ਦਾ ਚਸ਼ਮਦੀਦ ਗਵਾਹ ਹੋਣਾ ਜ਼ਰੂਰੀ ਸੀ। ਰਸੂਲਾਂ ਦੇ ਕਰਤੱਬ 1:21, 22 ਇੱਕ ਵਿਅਕਤੀ ਦੇ ਰਸੂਲ ਬਣਨ ਅਤੇ ਯਹੂਦਾ ਇਸਕਰਿਯੋਤੀ ਦਾ ਸਥਾਨ ਲੈਣ ਦੀ ਯੋਗਤਾ ਦਿੰਦਾ ਹੈ।

> "ਇਸ ਲਈ ਇਹ ਜ਼ਰੂਰੀ ਹੈ ਕਿ **ਇੱਕ ਆਦਮੀ ਸਾਡੇ ਨਾਲ ਪ੍ਰਭੂ ਯਿਸੂ ਦੇ ਪੁਨਰ-ਉਥਾਨ ਦਾ ਗਵਾਹ ਬਣੇ।** ਇਹ ਆਦਮੀ ਉਹਨਾਂ ਆਦਮੀਆਂ ਵਿੱਚੋਂ ਹੋਣਾ ਚਾਹੀਦਾ ਹੈ ਜਿਹੜੇ ਉਸ ਸਾਰੇ ਸਮੇਂ ਵਿੱਚ ਯੂਹੰਨਾ ਦੇ ਬਪਤਿਸਮਾ ਦੇਣ ਤੋਂ ਲੈ ਕੇ ਯਿਸੂ ਦੇ ਸਵਰਗ ਵਿੱਚ ਉੱਠਾਏ ਜਾਣ ਤੱਕ ਜਦੋਂ ਕਿ ਯਿਸੂ ਸਾਡੇ ਵਿੱਚ ਆਉਂਦੇ ਜਾਂਦੇ ਰਹੇ, ਲਗਾਤਾਰ ਸਾਡੇ ਨਾਲ ਸੀ।" ਉਹਨਾਂ ਨੇ ਦੋ ਆਦਮੀਆਂ ਨੂੰ ਅੱਗੇ ਕੀਤਾ, ਇੱਕ ਯੂਸਫ਼ ਜਿਹੜਾ ਬਰਸੱਬਾਸ ਅਖਵਾਉਂਦਾ ਸੀ ਜਿਸ ਦਾ ਉਪਨਾਮ ਯੂਸਤੁਸ ਸੀ ਅਤੇ ਦੂਜਾ ਮੱਥਿਯਾਸ। ਫਿਰ ਉਹਨਾਂ ਨੇ ਇਸ ਤਰ੍ਹਾਂ ਪ੍ਰਾਰਥਨਾ ਕੀਤੀ, "ਹੇ ਪ੍ਰਭੂ, ਤੁਸੀਂ ਸਾਰਿਆਂ ਦੇ ਦਿਲਾਂ ਨੂੰ ਜਾਣਦੇ ਹੋ । ਇਸ ਲਈ ਸਾਡੇ ਉੱਤੇ ਪ੍ਰਗਟ ਕਰੋ ਕਿ ਇਹਨਾਂ ਦੋਨਾਂ ਵਿੱਚੋਂ ਤੁਸੀਂ ਕਿਸ ਨੂੰ ਚੁਣਿਆ ਹੈ ਕਿ ਉਹ **ਰਸੂਲ ਹੋਣ ਦਾ ਸਥਾਨ** ਪ੍ਰਾਪਤ ਕਰੇ ਜਿਸ ਨੂੰ ਛੱਡ ਕੇ ਯਹੂਦਾ ਆਪਣੀ ਥਾਂ ਉੱਤੇ ਚਲਾ ਗਿਆ ਹੈ।" [ਰਸੂਲਾਂ 1:21-25]
>
> …ਕੀ ਮੈਂ ਇੱਕ **ਰਸੂਲ** ਨਹੀਂ ਹਾਂ? ਕੀ ਮੈਂ ਯਿਸੂ ਦੇ ਜਿਹੜੇ ਸਾਡੇ ਪ੍ਰਭੂ ਹਨ, **ਦਰਸ਼ਨ** ਨਹੀਂ ਕੀਤੇ?…[1 ਕੁਰਿੰਥ 9:1]

1 ਕੁਰਿੰਥ 15:1-10 ਵਿੱਚ ਪੌਲੁਸ ਮਸੀਹ ਦੇ ਜੀਅ ਉੱਠਣ ਤੋਂ ਬਾਅਦ ਲੋਕਾਂ ਨੂੰ ਦਿਖਾਈ ਦੇਣ ਦੀ ਗੱਲ ਕਰਦਾ ਹੈ। ਆਇਤ 8 ਵਿੱਚ ਉਹ ਕਹਿੰਦਾ ਹੈ ਕਿ ਉਹ ਜੀਅ ਉੱਠੇ ਮਸੀਹ ਨੂੰ ਦੇਖਣ ਵਾਲਾ **ਸਭ ਤੋਂ ਆਖ਼ਰੀ** ਵਿਅਕਤੀ ਸੀ ਅਤੇ ਜੀਅ ਉੱਠੇ ਮਸੀਹ ਨੂੰ ਦੇਖਣ ਦਾ ਸਮੇਂ ਅਸਾਧਾਰਨ ਸੀ (ਅਸਾਧਾਰਨ ਸਮਾਂ ਸੀ)। ਪੌਲੁਸ ਨੇ ਪ੍ਰਭੂ ਨੂੰ ਸਭ ਤੋਂ ਅਖੀਰ ਵਿੱਚ ਇੱਕ ਅਸਾਧਾਰਨ ਸਮੇਂ ਵਿੱਚ ਦੇਖਿਆ ਸੀ। ਆਇਤ 9

ਵਿੱਚ ਉਹ ਜੀਅ ਉੱਠੇ ਪ੍ਰਭੂ ਨੂੰ ਦੇਖਣ ਦੀ ਗਵਾਹੀ ਨੂੰ ਤੁਰੰਤ ਰਸੂਲ ਹੋਣ ਦੇ ਵਿਸ਼ੇ ਨਾਲ ਜੋੜਦਾ ਹੈ।

> **ਸਭ ਤੋਂ ਬਾਅਦ ਵਿੱਚ** ਮਸੀਹ ਨੇ ਮੈਨੂੰ ਦਰਸ਼ਨ ਦਿੱਤੇ, ਜਿਸ ਦਾ ਜਨਮ ਅਸਾਧਾਰਣ ਤੌਰ ਤੇ ਹੋਇਆ ਸੀ। ਮੈਂ ਤਾਂ **ਸਾਰਿਆਂ** ਤੋਂ ਛੋਟਾ ਰਸੂਲ ਹਾਂ ਅਤੇ **ਰਸੂਲ** ਅਖਵਾਉਣ ਦੇ ਯੋਗ ਵੀ ਨਹੀਂ ਹਾਂ ਕਿਉਂਕਿ ਮੈਂ ਪਰਮੇਸ਼ਰ ਦੀ ਕਲੀਸਿਯਾ ਉੱਤੇ ਅਤਿਆਚਾਰ ਕੀਤੇ ਸਨ। [1 ਕੁਰਿੰਥ 15:8-9]

ਕਿਉਂਕਿ ਅੱਜ ਦਾ ਕੋਈ ਵੀ ਵਿਅਕਤੀ ਪ੍ਰਭੂ ਦੇ ਜੀਅ ਉੱਠਣ ਦੇ ਸਮੇਂ ਵਿੱਚ ਨਹੀਂ ਸੀ ਅਤੇ ਕਿਸੇ ਨੇ ਵੀ ਜੀਅ ਉੱਠੇ ਪ੍ਰਭੂ ਨੂੰ ਨਹੀਂ ਦੇਖਿਆ ਹੈ, ਇਸ ਲਈ ਅੱਜ ਕੋਈ ਰਸੂਲ ਨਹੀਂ ਹੋ ਸਕਦਾ ਹੈ। ਇਹ ਇੱਕ ਬਹੁਤ ਮਹੱਤਵਪੂਰਣ ਮੁੱਦਾ ਹੈ ਕਿਉਂਕਿ ਇਹ ਕਿਸੇ ਕੋਲ ਵੀ ਹੋਰ ਬਾਈਬਲ ਲਿਖਣ ਦਾ ਅਧਿਕਾਰ ਹੋਣ ਦੀ ਸੰਭਾਵਨਾ ਨੂੰ ਖ਼ਤਮ ਕਰਦਾ ਹੈ। ਨਵੇਂ ਨੇਮ ਦਾ ਹਿੱਸਾ ਬਣਨ ਲਈ ਇੱਕ ਲਿਖਤ ਦਾ ਰਸੂਲ ਦੁਆਰਾ ਲਿਖਿਆ ਜਾਣਾ ਜ਼ਰੂਰੀ ਸੀ (ਇਹ ਜਾਂ ਤਾਂ ਇੱਕ ਰਸੂਲ ਦੁਆਰਾ ਜਾਂ ਇੱਕ ਰਸੂਲ ਦੀ ਨਿਗਰਾਨੀ ਹੇਠ ਲਿਖੀ ਜਾਣੀ ਚਾਹੀਦੀ ਸੀ)। ਰਸੂਲਾਂ ਦਾ ਹੁਣ ਮੌਜੂਦ ਨਾ ਹੋਣਾ, ਵਚਨ ਦੇ ਕੈਨਨ ਦੇ ਬੰਦ ਹੋਣ ਦਾ ਕਾਰਨ ਬਣਦਾ ਹੈ।

ਅਫ਼ਸੀ 2:20 ਨਾਲ ਇਹ ਵਿਵਾਦ ਹਮੇਸ਼ਾ ਲਈ ਖ਼ਤਮ ਹੋ ਜਾਣਾ ਚਾਹੀਦਾ ਹੈ ਕਿ ਰਸੂਲ ਹੋਣ ਦਾ ਵਰਦਾਨ ਖ਼ਤਮ ਹੋ ਗਿਆ ਹੈ। ਇਹ ਵਚਨ ਰਸੂਲਾਂ ਨੂੰ ਕਲੀਸਿਯਾ ਦੀ ਸਥਾਪਨਾ ਦੇ ਸਮੇਂ ਵਿੱਚ ਰੱਖਦਾ ਹੈ।

> ਤੁਸੀਂ ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣਾਏ ਗਏ ਹੋ ਜਿਸ ਦੇ ਕੋਨੇ ਦਾ ਪੱਥਰ ਮਸੀਹ ਯਿਸੂ ਆਪ ਹਨ [ਅਫ਼ਸੀ 2:20]

ਇੱਕ ਵਰਦਾਨ ਦੇ ਬੰਦ ਹੋਣ ਜਾਣ ਦਾ ਵਿਚਾਰ ਬਾਈਬਲ ਦੇ ਵਿਰੋਧ ਵਿੱਚ ਨਹੀਂ ਹੈ। ਰਸੂਲ ਹੋਣਾ ਬੰਦ ਹੋ ਗਿਆ ਹੈ। ਵਿਆਖਿਆਕਾਰਾਂ ਨੂੰ ਇਸ ਵਿਚਾਰ ਨੂੰ ਵੀ ਰੱਦ ਨਹੀਂ ਕਰਨਾ ਚਾਹੀਦਾ ਹੈ ਕਿ ਹੋਰ ਵਰਦਾਨ ਵੀ (ਖ਼ਾਸ ਕਰਕੇ ਜੋ ਰਸੂਲਾਂ ਨਾਲ ਜੁੜੇ ਹੋਏ ਸਨ) ਬੰਦ ਹੋ ਗਏ ਹਨ।

### 2. ਚਿੰਨ੍ਹ ਵਾਲੇ ਵਰਦਾਨ ਜੋ ਰਸੂਲਾਂ ਨਾਲ ਜੁੜੇ ਹੋਏ ਸਨ

ਬਾਈਬਲ ਚਿੰਨ੍ਹ ਵਾਲੇ ਵਰਦਾਨਾਂ ਨੂੰ (ਜਿਵੇਂ ਕਿ ਵੱਖ-ਵੱਖ ਭਾਸ਼ਾਵਾਂ ਬੋਲਣਾ, ਚਮਤਕਾਰ, ਆਦਿ) ਰਸੂਲਾਂ ਦੇ ਨਾਲ ਜੋੜਦੀ ਹੈ। ਇਹ ਤੱਥ ਕਿ ਸਤੀਫ਼ਨੁਸ (ਰਸੂਲਾਂ 6:8), ਜਾਂ ਫ਼ਿਲਿੱਪੁਸ (ਰਸੂਲਾਂ 8:6), ਜਾਂ ਇੱਥੋਂ ਤੱਕ ਕਿ ਕੁਰਿੰਥੁਸ ਦੇ ਵਿਸ਼ਵਾਸੀਆਂ ਨੇ (ਜੋ ਰਸੂਲ ਨਹੀਂ ਸਨ) ਚਿੰਨ੍ਹ ਚਮਤਕਾਰ ਕੀਤੇ ਸਨ, ਇਹ ਬਾਈਬਲ ਦੁਆਰਾ ਚਿੰਨ੍ਹ ਵਾਲੇ ਵਰਦਾਨਾਂ ਅਤੇ ਰਸੂਲਾਂ ਦੇ ਵਿਚਕਾਰ ਮਜ਼ਬੂਤ ਸੰਗਤ ਨੂੰ ਤੋੜਨ ਦੇ ਯੋਗ ਨਹੀਂ ਹੈ। ਜੋ ਰਸੂਲ ਨਹੀਂ ਸਨ, ਉਹਨਾਂ ਦੁਆਰਾ ਸਮਰੱਥ ਦੇ ਕੰਮ ਵੀ ਪਰਮੇਸ਼ਰ ਦੁਆਰਾ ਰਸੂਲਾਂ ਦੇ ਸਮਰਥਨ ਦੀ ਪੁਸ਼ਟੀ ਕਰਨ ਵਾਲਾ ਤੱਥ ਹੋ ਸਕਦਾ ਹੈ। ਉਦਾਹਰਣ ਲਈ, ਜੇਕਰ ਪਤਰਸ ਦੁਆਰਾ ਪ੍ਰਭੂ ਕੋਲ ਲਿਆਉਣ ਵਾਲਿਆਂ ਜਾਂ ਪਤਰਸ ਦੀ ਨਿਗਰਾਨੀ ਹੇਠ ਸੇਵਾ ਕਰਨ ਵਾਲਿਆਂ ਕੋਲ ਚਿੰਨ੍ਹ ਵਾਲੇ ਵਰਦਾਨ ਸਨ, ਤਾਂ ਇਹ ਤੱਥ ਪਤਰਸ ਦੀ ਹੀ ਪਰਮੇਸ਼ਰ ਦੁਆਰਾ ਰਸੂਲ ਨਿਯੁਕਤ ਕੀਤੇ ਜਾਣ ਦੀ ਪੁਸ਼ਟੀ ਕਰ ਰਿਹਾ ਹੈ (ਜਿਸ ਨੂੰ ਪਰਮੇਸ਼ਰ ਨੇ ਇੱਕ ਆਦੇਸ਼ ਨਾਲ ਭੇਜਿਆ ਸੀ)। ਇਸ ਤੋਂ ਇਲਾਵਾ, ਇਹ ਮੰਨਣਾ ਵੀ ਸੰਭਵ ਹੈ ਕਿ ਜੋ ਰਸੂਲ ਨਹੀਂ ਸਨ, ਉਹਨਾਂ ਨੂੰ ਵੀ ਚਿੰਨ੍ਹ ਵਾਲੇ ਵਰਦਾਨ ਇੱਕ ਰਸੂਲ ਦੁਆਰਾ ਦਿੱਤੇ ਗਏ ਸਨ (ਰੋਮੀ 1:11; 1 ਤਿਮੋਥਿ 4:14; 2 ਤਿਮੋਥਿ 1:6)। ਜੇਕਰ ਅਜਿਹਾ ਹੀ ਸੀ, ਤਾਂ ਉਹਨਾਂ ਲੋਕਾਂ (ਜੋ ਰਸੂਲ ਨਹੀਂ ਸਨ) ਦੁਆਰਾ ਚਿੰਨ੍ਹ ਵਾਲੇ ਵਰਦਾਨਾਂ ਦਾ ਪ੍ਰਦਰਸ਼ਨ ਵੀ ਇੱਕ ਰਸੂਲ ਦੀ ਪੁਸ਼ਟੀ ਹੀ ਸੀ।

ਇਹਨਾਂ ਤੱਥਾਂ ਦੇ ਵੇਰਵਿਆਂ ਦੇ ਬਾਵਜੂਦ, ਦੋਵੇਂ ਹੀ ਸੱਚਾਈਆਂ ਨੂੰ ਕਾਇਮ ਰੱਖਿਆ ਜਾ ਸਕਦਾ ਹੈ। ਜਿਹੜੇ ਲੋਕ ਰਸੂਲ ਨਹੀਂ ਸਨ, ਉਹਨਾਂ ਨੇ ਵੀ ਚਿੰਨ੍ਹ ਵਾਲੇ ਵਰਦਾਨਾਂ ਦਾ ਪ੍ਰਦਰਸ਼ਨ ਕੀਤਾ ਸੀ। ਫਿਰ ਵੀ ਬਾਈਬਲ ਚਿੰਨ੍ਹ ਵਾਲੇ ਵਰਦਾਨਾਂ ਨੂੰ ਰਸੂਲਾਂ ਨਾਲ ਜੋੜਦੀ ਹੈ। ਪੌਲੁਸ ਨੇ 2 ਕੁਰਿੰਥ 12:12 ਵਿੱਚ ਇੱਕ ਰਸੂਲ ਦੇ ਚਿੰਨ੍ਹਾਂ ਦਾ ਜ਼ਿਕਰ ਕੀਤਾ ਹੈ।

> ਉਹ **ਚਿੰਨ੍ਹ**, ਚਮਤਕਾਰ ਅਤੇ ਅਦਭੁੱਤ ਕੰਮ ਜਿਹੜੇ ਮੈਂ ਤੁਹਾਡੇ ਵਿਚਕਾਰ ਧੀਰਜ ਨਾਲ ਕੀਤੇ ਉਹ ਮੇਰੇ **ਰਸੂਲ** ਹੋਣ ਦੇ ਅਧਿਕਾਰ ਨੂੰ ਸਿੱਧ ਕਰਦੇ ਹਨ। [2 ਕੁਰਿੰਥ 12:12]

ਜੇਕਰ ਚਿੰਨ੍ਹ ਵਾਲੇ ਵਰਦਾਨ ਇੱਕ ਰਸੂਲ ਦੀ ਨਿਸ਼ਾਨੀ ਹਨ, ਤਾਂ ਅਸੀਂ ਇਹ ਉਮੀਦ ਨਹੀਂ ਕਰ ਸਕਦੇ ਹਾਂ ਕਿ ਇਹ ਰਸੂਲਾਂ ਦੇ ਸਮੇਂ ਤੋਂ ਬਾਅਦ ਹੋਏ ਹੋਣਗੇ। ਨਹੀਂ ਤਾਂ, ਉਹ ਵਰਦਾਨ ਫਿਰ ਅਜਿਹੇ ਲੋਕਾਂ ਦੀ ਪੁਸ਼ਟੀ ਦਾ ਕੰਮ ਕਰਦੇ ਜੋ ਰਸੂਲ ਨਹੀਂ ਸਨ ਜਾਂ ਜਿਹਨਾਂ ਦਾ ਰਸੂਲਾਂ ਦੇ ਨਾਲ ਕੋਈ ਨਿੱਜੀ ਸੰਬੰਧ ਨਹੀਂ ਸੀ। ਹਾਲਾਂਕਿ ਇਹ ਇੱਕ ਅਨੁਮਾਨ ਹੈ, ਪਰ ਇਹ ਜਾਇਜ਼ ਤਰਕ ਹੈ। ਬਾਈਬਲ ਇੱਕ ਵਿਅਕਤੀ ਦੀ ਅਗਵਾਈ ਅਜਿਹੀ ਦਿਸ਼ਾ ਵਿੱਚ ਕਰਦੀ ਹੈ, ਜਿੱਥੇ ਉਹ ਇਹ ਉਮੀਦ ਰੱਖੇ ਕਿ ਚਿੰਨ੍ਹਾਂ ਵਾਲੇ ਵਰਦਾਨ ਉਦੋਂ ਬੰਦ ਹੋ ਜਾਣਗੇ ਜਦੋਂ ਰਸੂਲਾਂ ਦਾ ਕੰਮ ਬੰਦ ਹੋ ਜਾਵੇਗਾ ਕਿਉਂਕਿ ਅਜਿਹੇ ਵਰਦਾਨਾਂ ਦਾ ਉਦੇਸ਼ ਰਸੂਲਾਂ ਦੀ ਪੁਸ਼ਟੀ ਕਰਨਾ ਸੀ (ਭਾਵੇਂ ਇਹ ਸਿੱਧੇ ਜਾਂ ਅਸਿੱਧੇ ਤੌਰ ਉੱਤੇ ਸੀ)।

ਸਿਰਫ਼ ਪੌਲੁਸ ਹੀ ਨਵੇਂ ਨੇਮ ਦਾ ਇਕਲੌਤਾ ਲੇਖਕ ਨਹੀਂ ਹੈ ਜਿਸ ਨੇ ਚਿੰਨ੍ਹ ਵਾਲੇ ਵਰਦਾਨਾਂ ਨੂੰ ਰਸੂਲ ਹੋਣ ਨਾਲ ਜੋੜਿਆ ਹੈ। ਰਸੂਲਾਂ ਅਤੇ ਚਿੰਨ੍ਹ ਵਾਲੇ ਵਰਦਾਨਾਂ ਨੂੰ ਰਸੂਲਾਂ ਦੇ ਕਰਤੱਬ ਵਿੱਚ ਵੀ ਇੱਕ-ਦੂਜੇ ਨਾਲ ਜੋੜਿਆ ਗਿਆ ਹੈ।

> ਸਾਰੇ ਲੋਕ ਬਹੁਤ ਭੈ ਨਾਲ ਭਰੇ ਹੋਏ ਸਨ ਕਿਉਂਕਿ **ਰਸੂਲਾਂ** ਦੁਆਰਾ ਬਹੁਤ ਚਮਤਕਾਰ ਅਤੇ **ਚਿੰਨ੍ਹ** ਹੁੰਦੇ ਸਨ। [ਰਸੂਲਾਂ 2:43]

> **ਰਸੂਲਾਂ** ਦੇ ਰਾਹੀਂ ਲੋਕਾਂ ਵਿੱਚ ਬਹੁਤ ਸਾਰੇ **ਚਿੰਨ੍ਹ** ਅਤੇ ਚਮਤਕਾਰ ਹੋ ਰਹੇ ਸਨ।...[ਰਸੂਲਾਂ 5:12]
>
> ...ਪ੍ਰਭੂ ਨੇ ਵੀ ਉਹਨਾਂ ਦੁਆਰਾ ਚਮਤਕਾਰ ਅਤੇ **ਚਿੰਨ੍ਹ** ਦਿਖਾ ਕੇ ਆਪਣੇ ਕਿਰਪਾ ਵਾਲੇ ਵਚਨ ਨੂੰ ਸੱਚਾ ਸਿੱਧ ਕੀਤਾ। ਇਸ ਕਾਰਨ ਸ਼ਹਿਰ ਦੇ ਲੋਕਾਂ ਵਿੱਚ ਫੁੱਟ ਪੈ ਗਈ, ਕੁਝ ਯਹੂਦੀਆਂ ਵੱਲ ਹੋ ਗਏ ਅਤੇ ਕੁਝ **ਰਸੂਲਾਂ** ਵੱਲ। [ਰਸੂਲਾਂ 14:3-4]

ਪੌਲੁਸ ਨੇ ਆਪਣੇ ਰਸੂਲ ਹੋਣ ਉੱਤੇ ਜ਼ੋਰ ਦਿੰਦੇ ਹੋਏ, ਰੋਮ ਦੀ ਕਲੀਸਿਯਾ ਉੱਤੇ ਆਪਣੇ ਅਧਿਕਾਰ ਨੂੰ ਮਜ਼ਬੂਤ ਕਰਨ ਲਈ ਚਿੰਨ੍ਹ ਵਾਲੇ ਵਰਦਾਨਾਂ ਦੇ ਖੇਤਰ ਵਿੱਚ ਆਪਣੀਆਂ ਯੋਗਤਾਵਾਂ ਦੀ ਵਰਤੋਂ ਕੀਤੀ (ਰੋਮੀ 15:15-16 ਦਾ ਸੰਦਰਭ ਦੇਖੋ, ਅਤੇ ਰੋਮੀ 1:1-5, 11:13 ਵੀ ਦੇਖੋ)।

> ...ਮੈਂ ਕੇਵਲ ਇਹ ਦੱਸਾਂਗਾ ਕਿ ਉਹਨਾਂ ਨੇ ਸ਼ਬਦਾਂ, ਕੰਮਾਂ, ਚਿੰਨ੍ਹਾਂ, ਚਮਤਕਾਰਾਂ ਅਤੇ ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਕੀ ਕੀਤਾ ਹੈ। ਮੈਂ ਯਰੂਸ਼ਲਮ ਤੋਂ ਸ਼ੁਰੂ ਕਰ ਕੇ ਇੱਲਿਰਿਕੁਮ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਮਸੀਹ ਦੇ ਸ਼ੁਭ ਸਮਾਚਾਰ ਦਾ ਪੂਰਾ ਪ੍ਰਚਾਰ ਕੀਤਾ ਹੈ। [ਰੋਮੀ 15:18-19]

ਅੰਤ ਵਿੱਚ, ਇਬਰਾਨੀਆਂ ਦੀ ਪੁਸਤਕ ਦਾ ਲੇਖਕ ਪਰਮੇਸ਼ਰ ਦੇ ਚਿੰਨ੍ਹ ਵਾਲੇ ਵਰਦਾਨਾਂ ਦੀ ਅਤੀਤ ਵਿੱਚ ਪੁਸ਼ਟੀ ਕਰਦਾ ਹੈ।

> ...ਇਸੇ ਦੀ ਪੁਸ਼ਟੀ ਸਾਡੇ ਲਈ ਉਹਨਾਂ ਦੇ ਦੁਆਰਾ ਕੀਤੀ ਗਈ **ਜਿਹਨਾਂ ਨੇ ਇਸ ਨੂੰ ਸੁਣਿਆ ਸੀ।** ਇਸ ਦੇ ਨਾਲ ਹੀ ਪਰਮੇਸ਼ਰ ਨੇ **ਚਿੰਨ੍ਹਾਂ**, ਅਦਭੁੱਤ ਕੰਮਾਂ, ਵੱਖ-ਵੱਖ ਤਰ੍ਹਾਂ ਦੇ ਚਮਤਕਾਰਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨੂੰ ਆਪਣੀ ਇੱਛਾ ਦੇ ਅਨੁਸਾਰ ਵੰਡਣ ਦੇ **ਦੁਆਰਾ** ਇਸ ਦੀ ਗਵਾਹੀ ਦਿੱਤੀ। [ਇਬ 2:3-4]

ਯੂਨਾਨੀ ਭਾਸ਼ਾ ਵਿੱਚ, ਇੱਕ ਕ੍ਰਿਦੰਤ ਦਾ ਸਮਾਂ ਵਾਕ ਦੀ ਪ੍ਰਮੁੱਖ ਕਿਰਿਆ ਦੇ ਸਮੇਂ ਉੱਤੇ ਨਿਰਭਰ ਕਰਦਾ ਹੈ। ਇਬਰਾਨੀਆਂ 2 ਦੇ ਇਸ ਹਵਾਲੇ ਵਿੱਚ, ਇਸ ਦਾ ਅਰਥ ਹੈ ਕਿ "ਪਰਮੇਸ਼ਰ ਦਾ ਗਵਾਹੀ ਦੇਣਾ" ਵੀ ਉਸੇ ਸਮੇਂ ਹੋਇਆ ਜਦੋਂ ਉਸ ਕੰਮ ਦੀ "ਪੁਸ਼ਟੀ ਕੀਤੀ ਗਈ ਸੀ।" ਇਸ ਤਰ੍ਹਾਂ, ਪਰਮੇਸ਼ਰ ਦਾ ਪੁਸ਼ਟੀ ਕਰਨ ਦਾ ਕੰਮ ਅਤੇ ਗਵਾਹੀ ਦੇਣ ਦਾ ਕੰਮ ਦੋਵੇਂ **ਅਤੀਤ** ਵਿੱਚ ਹਨ। ਇਬਰਾਨੀਆਂ ਦਾ ਲੇਖਕ ਕਹਿੰਦਾ ਹੈ ਕਿ ਪਰਮੇਸ਼ਰ ਨੇ ਅਤੀਤ ਵਿੱਚ ਉਹਨਾਂ ਲੋਕਾਂ ਦੀ ਪੁਸ਼ਟੀ ਕੀਤੀ ਜੋ ਧਰਤੀ ਉੱਤੇ ਮਸੀਹ ਦੀ ਸਿੱਖਿਆ ਦੀ ਸੇਵਕਾਈ ਦੇ ਚਸ਼ਮਦੀਦ ਗਵਾਹ ਸਨ। ਪਰਮੇਸ਼ਰ ਨੇ ਅਤੀਤ ਵਿੱਚ ਚਿੰਨ੍ਹਾਂ ਦੁਆਰਾ ਉਹਨਾਂ ਲੋਕਾਂ ਦੀ ਪੁਸ਼ਟੀ ਕੀਤੀ ਅਤੇ ਉਹਨਾਂ ਦੀ ਗਵਾਹੀ ਦਿੱਤੀ।

ਇਸ ਗੱਲ ਉੱਤੇ ਵੀ ਧਿਆਨ ਦਿਓ ਕਿ ਇਹਨਾਂ ਚਿੰਨ੍ਹਾਂ ਦਾ ਉਦੇਸ਼ ਉਹਨਾਂ ਲੋਕਾਂ ਦੀ ਪੁਸ਼ਟੀ ਕਰਨਾ ਸੀ ਜੋ ਨਿੱਜੀ ਤੌਰ ਤੇ ਪ੍ਰਭੂ ਨੂੰ ਜਾਣਦੇ ਸਨ। ਹਾਲਾਂਕਿ, ਇਸ ਵਚਨ ਦਾ ਸੰਦਰਭ ਸਿਰਫ਼ ਰਸੂਲਾਂ ਨੂੰ ਹੀ ਇਸ ਸਮੂਹ ਵਿੱਚ ਸੀਮਿਤ ਨਹੀਂ ਕਰਦਾ ਹੈ, ਪਰ ਇਬਰਾਨੀਆਂ ਦਾ ਲੇਖਕ ਨਿਸ਼ਚਿਤ ਤੌਰ ਤੇ ਇਹ ਜਾਣਦਾ ਸੀ ਕਿ ਉਸ ਦੇ ਪਾਠਕ ਸਿਰਫ਼ ਰਸੂਲਾਂ ਬਾਰੇ ਸੋਚਣਗੇ ਜਿਹਨਾਂ ਨੇ ਪ੍ਰਭੂ ਤੋਂ ਨਿੱਜੀ ਸਿੱਖਿਆ ਪ੍ਰਾਪਤ ਕੀਤੀ ਸੀ ਅਤੇ ਜਿਹਨਾਂ ਦੀ ਪਵਿੱਤਰ ਆਤਮਾ ਨੇ ਚਿੰਨ੍ਹਾਂ ਦੁਆਰਾ ਪੁਸ਼ਟੀ ਕੀਤੀ ਸੀ। ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਪੁਸ਼ਟੀ ਦੀ ਇਸ ਅਤੀਤ ਦੀ ਸੇਵਕਾਈ ਵਿੱਚ, ਰਸੂਲਾਂ ਨੂੰ ਘੱਟੋਂ ਘੱਟ ਇੱਕ ਪ੍ਰਮੁੱਖਤਾ ਦਾ ਦਰਜ਼ਾ ਜ਼ਰੂਰ ਦਿੱਤਾ ਜਾਵੇ। ਉੱਪਰ ਦਿੱਤੀਆਂ ਸਾਰੀਆਂ ਆਇਤਾਂ ਜੋ ਚਿੰਨ੍ਹਾਂ ਨੂੰ ਰਸੂਲਾਂ ਨਾਲ ਜੋੜਦੀਆਂ ਹਨ, ਵਿਆਖਿਆਕਾਰਾਂ ਨੂੰ ਇਹ ਸੋਚਣ ਵਾਲੇ ਬਣਾ ਸਕਦੀਆਂ ਹਨ ਕਿ ਇਬਰਾਨੀਆਂ ਦੀ ਪੁਸਤਕ ਸਿਰਫ਼ ਰਸੂਲਾਂ ਨੂੰ ਹੀ ਪ੍ਰਭੂ ਦੀ ਸੁਣਨ ਵਾਲਿਆਂ ਦੇ ਰੂਪ ਵਿੱਚ ਪੇਸ਼ ਕਰ ਰਹੀ ਹੈ।

ਕਿਸੇ ਵੀ ਤਰੀਕੇ ਨਾਲ, ਚਿੰਨ੍ਹਾਂ ਦੁਆਰਾ ਪੁਸ਼ਟੀ ਇੱਕ **ਅਤੀਤ** ਦੀ ਗੱਲ ਹੈ, ਅਤੇ ਅੱਜ ਕੋਈ ਵੀ ਨਾ ਤਾਂ ਰਸੂਲ ਹੋਣ ਅਤੇ ਨਾ ਹੀ ਪ੍ਰਭੂ ਦੁਆਰਾ ਸਿੱਖਿਆ ਦੇ ਕੰਮ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ। ਇਸ ਲਈ, ਅਜਿਹੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ ਕਿ ਚਿੰਨ੍ਹ ਵਾਲੇ ਵਰਦਾਨਾਂ, ਇਸ ਵਰਤਮਾਨ ਸਮੇਂ ਵਿੱਚ ਵੀ ਪਰਮੇਸ਼ਰ ਦੇ ਕੰਮ ਕਰਨ ਦਾ ਆਮ ਤਰੀਕਾ ਹੋਣ।

ਚਿੰਨ੍ਹ ਵਾਲੇ ਵਰਦਾਨਾਂ ਨੂੰ ਰਸੂਲਾਂ ਨਾਲ ਨਾ ਜੋੜਨ ਵਿੱਚ ਕੋਈ ਬਹਾਨਾ ਨਹੀਂ ਹੈ। ਇਸ ਤੋਂ ਇਲਾਵਾ, ਕਿਉਂਕਿ ਚਿੰਨ੍ਹ ਵਾਲੇ ਵਰਦਾਨਾਂ ਦਾ ਉਦੇਸ਼ (ਜਿਹਨਾਂ ਵਿੱਚ ਪਰਾਈਆਂ ਭਾਸ਼ਾਵਾਂ ਬੋਲਣਾ ਵੀ ਸ਼ਾਮਲ ਸੀ, ਦੇਖੋ 1 ਕੁਰਿੰਥ 14:22 ਜਿੱਥੇ ਇਸ ਨੂੰ ਇੱਕ ਚਿੰਨ੍ਹ ਕਿਹਾ ਗਿਆ ਹੈ) ਰਸੂਲਾਂ ਦੀ ਪੁਸ਼ਟੀ ਕਰਨਾ ਸੀ, ਇਸ ਲਈ ਇਹ ਸਿੱਟਾ ਕੱਢਣਾ ਸਹੀ ਹੋਵੇਗਾ ਕਿ ਰਸੂਲ ਹੋਣ ਦੇ ਵਰਦਾਨ ਦੇ ਬੰਦ ਹੋਣ ਦੇ ਨਾਲ-ਨਾਲ ਚਿੰਨ੍ਹ ਵਾਲੇ ਵਰਦਾਨ ਵੀ ਬੰਦ ਹੋ ਜਾਣਗੇ।

### 3. ਵੱਖ-ਵੱਖ ਭਾਸ਼ਾਵਾਂ ਦਾ ਚਿੰਨ੍ਹ ਅਤੇ ਇਸਰਾਏਲ

1 ਕੁਰਿੰਥ 14:21-22 ਵਿੱਚ ਪੌਲੁਸ ਸਿਖਾਉਂਦਾ ਹੈ ਕਿ ਪਰਾਈਆਂ ਭਾਸ਼ਾਵਾਂ (ਵਿਦੇਸ਼ੀ ਭਾਸ਼ਾਵਾਂ) ਦੇ ਚਿੰਨ੍ਹ ਦਾ ਵਰਦਾਨ ਯਹੂਦੀਆਂ ਦੇ ਲਈ ਇੱਕ ਖ਼ਾਸ ਦਿਲਚਸਪੀ ਵਾਲੀ ਗੱਲ ਹੋਣੀ ਚਾਹੀਦੀ ਹੈ।

> ਪਵਿੱਤਰ ਗੰਥ ਵਿੱਚ ਲਿਖਿਆ ਹੈ, "ਪ੍ਰਭੂ ਕਹਿੰਦੇ ਹਨ, **ਮੈਂ ਇਹਨਾਂ ਲੋਕਾਂ ਨਾਲ ਪਰਾਈਆਂ ਭਾਸ਼ਾਵਾਂ** ਅਤੇ ਵਿਦੇਸ਼ੀਆਂ ਦੁਆਰਾ **ਬੋਲਾਂਗਾ** ਪਰ ਤਾਂ ਵੀ ਇਹ ਮੇਰੀ ਨਹੀਂ ਸੁਣਨਗੇ।" ਇਸ ਤੋਂ ਸਾਫ਼ ਪ੍ਰਗਟ ਹੈ ਕਿ ਪਰਾਈਆਂ ਭਾਸ਼ਾਵਾਂ ਬੋਲਣਾ ਵਿਸ਼ਵਾਸੀਆਂ ਦੇ ਲਈ ਚਿੰਨ੍ਹ ਨਹੀਂ ਸਗੋਂ ਅਵਿਸ਼ਵਾਸੀਆਂ ਦੇ ਲਈ ਹੈ। ਇਸੇ ਤਰ੍ਹਾਂ ਪਰਮੇਸ਼ਰ ਦਾ ਸੰਦੇਸ਼ ਸੁਣਾਉਣਾ ਅਵਿਸ਼ਵਾਸੀਆਂ ਦੇ ਲਈ ਨਹੀਂ ਸਗੋਂ ਵਿਸ਼ਵਾਸੀਆਂ ਦੇ ਲਈ ਚਿੰਨ੍ਹ ਹੈ। [1 ਕੁਰਿੰਥ 14:21-22]

ਆਇਤ 21 ਯਸਾਯਾਹ 28:11 ਦਾ ਹਵਾਲਾ ਹੈ। ਯਸਾਯਾਹ ਦੀ ਮੁੱਖ ਗੱਲ ਇਹ ਹੈ ਕਿ ਕਿਉਂਕਿ ਇਸਰਾਏਲ ਆਪਣੀ ਭਾਸ਼ਾ ਵਿੱਚ ਪਰਮੇਸ਼ਰ ਦੀ ਗੱਲ ਸੁਣਨ ਲਈ ਤਿਆਰ ਨਹੀਂ ਹੈ, ਇਸ ਲਈ ਪਰਮੇਸ਼ਰ ਇਸ ਕੌਮ ਨੂੰ ਉਹਨਾਂ ਅੱਸ਼ੂਰੀ ਲੋਕਾਂ ਦੀ ਵਿਦੇਸ਼ੀ ਭਾਸ਼ਾ ਵਿੱਚ ਆਪਣੇ ਵਚਨ ਉੱਤੇ ਧਿਆਨ ਦੇਣ ਲਈ ਮਜਬੂਰ ਕਰਨਗੇ ਜੋ ਆ ਕੇ ਇਸਰਾਏਲ ਦੇ 10 ਉੱਤਰੀ ਗੋਤਰਾਂ ਨੂੰ ਜਿੱਤਣ ਵਾਲੇ ਸਨ। ਯਸਾਯਾਹ ਦੇ ਦਿਨਾਂ ਵਿੱਚ, ਵਿਦੇਸ਼ੀ ਭਾਸ਼ਾਵਾਂ ਇਸਰਾਏਲ ਲਈ ਇੱਕ ਨਿਆਂ ਦਾ ਚਿੰਨ੍ਹ ਸਨ।

ਪੌਲੁਸ ਨੇ ਯਸਾਯਾਹ ਦਾ ਹਵਾਲਾ ਇੱਕ ਪੂਰੀ ਹੋਈ ਭਵਿੱਖਬਾਣੀ ਦੇ ਰੂਪ ਵਿੱਚ ਕੀਤਾ ਸੀ। ਜਿਸ ਤਰ੍ਹਾਂ ਵਿਦੇਸ਼ੀ ਭਾਸ਼ਾਵਾਂ ਅਤੀਤ ਵਿੱਚ ਪਰਮੇਸ਼ਰ ਦੇ ਇਸਰਾਏਲ ਤੋਂ ਨਿਰਾਸ਼ ਹੋਣ ਦਾ ਇੱਕ ਚਿੰਨ੍ਹ ਸਨ, ਉਸੇ ਤਰ੍ਹਾਂ ਇਹ ਨਮੂਨਾ ਸ਼ੁਰੂਆਤੀ ਕਲੀਸਿਯਾ ਵਿੱਚ ਆਪਣੇ ਆਪ ਨੂੰ ਦੁਹਰਾ ਰਿਹਾ ਸੀ। ਜਿਹੜੀਆਂ ਵਿਦੇਸ਼ੀ ਭਾਸ਼ਾਵਾਂ ਕਦੇ ਸਿੱਖੀਆਂ ਨਾ ਹੋਣ, ਉਹਨਾਂ ਨੂੰ ਬੋਲਣ ਦੀ ਯੋਗਤਾ ਇੱਕ ਅਜਿਹਾ ਚਿੰਨ੍ਹ ਵਾਲਾ ਵਰਦਾਨ ਸੀ ਜਿਸ ਨੇ ਰਸੂਲਾਂ ਦੀ ਪੁਸ਼ਟੀ ਕੀਤੀ ਸੀ।[34] ਫਿਰ ਵੀ, ਰਸੂਲਾਂ ਦੀ ਪੁਸ਼ਟੀ ਕਰਨ ਦੀ ਪ੍ਰਕਿਰਿਆ ਵਿੱਚ ਪਰਮੇਸ਼ਰ ਇਸਰਾਏਲ ਉੱਤੇ ਆਪਣੀ ਨਾਰਾਜ਼ਗੀ ਅਤੇ ਨਿਆਂ ਨੂੰ ਪ੍ਰਗਟ ਕਰ ਰਹੇ ਸਨ। ਚਿੰਨ੍ਹ ਵਾਲੇ ਵਰਦਾਨਾਂ ਦੇ ਦੋਵੇਂ ਉਦੇਸ਼ ਪੂਰਕ ਹਨ। ਕਲੀਸਿਯਾ ਅਤੇ ਰਸੂਲਾਂ ਦੁਆਰਾ ਕੰਮ ਸ਼ੁਰੂ ਕਰਦੇ ਹੋਏ, ਪਰਮੇਸ਼ਰ ਜਾਜਕਾਂ ਅਤੇ ਯਹੂਦੀ ਧਰਮ ਦੁਆਰਾ ਆਪਣੇ ਕੰਮ ਨੂੰ ਬੰਦ ਕਰ ਰਹੇ ਸਨ। ਕਲੀਸਿਯਾ ਦੀ ਨੀਂਹ ਦੇ ਰੂਪ ਵਿੱਚ ਰਸੂਲਾਂ ਦੀ ਪੁਸ਼ਟੀ ਦੇ ਸੰਕੇਤ ਵੀ ਹੈਕਲ/ਜਾਜਕਾਂ ਅਤੇ ਲੇਵੀ ਪ੍ਰਣਾਲੀ ਵਿਰੁੱਧ ਨਿਆਂ ਦੇ ਸੰਕੇਤ ਸਨ ਜਿਹਨਾਂ ਨੂੰ ਹੁਣ ਅਜਿਹੇ ਸਾਧਨ ਹੋਣ ਤੋਂ ਹਟਾਇਆ ਜਾਣ ਵਾਲਾ ਸੀ ਜਿਸ ਦੁਆਰਾ ਪਰਮੇਸ਼ਰ ਸੰਸਾਰ ਵਿੱਚ ਹੁਣ ਤੱਕ ਕਰ ਰਹੇ ਸਨ।

1 ਕੁਰਿੰਥ 14:21-22 ਇਹ ਸਿਖਾਉਂਦਾ ਹੈ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣਾ ਅਵਿਸ਼ਵਾਸੀਆਂ ਲਈ ਇੱਕ ਚਿੰਨ੍ਹ ਹੈ। ਇਸ ਅਵਿਸ਼ਵਾਸ ਨੂੰਸਿਰਫ਼ ਯਹੂਦੀਆਂ ਤੱਕ ਹੀ ਸੀਮਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ। ਮਸੀਹ ਨੇ ਸਿਖਾਇਆ ਕਿ ਇਸਰਾਏਲ ਨੂੰ ਕੋਈ ਖ਼ਾਸ ਚਿੰਨ੍ਹ ਨਹੀਂ ਦਿੱਤਾ ਜਾਵੇਗਾ (ਦੇਖੋ, ਮੱਤੀ 16:4; ਮਰਕੁਸ 8:12, ਆਦਿ) ਅਤੇ ਚਿੰਨ੍ਹ ਵਾਲੇ ਵਰਦਾਨਾਂ ਨੇ ਰਸੂਲਾਂ ਦੀ ਪੁਸ਼ਟੀ ਅਜਿਹੇ ਖੇਤਰਾਂ ਵਿੱਚ ਕੀਤੀ ਜੋ ਇਸਰਾਏਲ ਤੋਂ ਬਹੁਤ ਦੂਰ ਸਨ (ਰੋਮੀ 15:19-20)। ਫਿਰ ਵੀ, ਯਹੂਦੀ ਲੋਕ "ਅਵਿਸ਼ਵਾਸੀਆਂ" ਦੀ ਸ਼੍ਰੇਣੀ ਦਾ ਇੱਕ ਸਮੂਹ ਸਨ। ਪੌਲੁਸ ਨੇ ਸਿਖਾਇਆ ਕਿ ਵੱਖ-ਵੱਖ ਭਾਸਾਵਾਂ ਅਵਿਸ਼ਵਾਸੀਆਂ ਲਈ ਇੱਕ ਚਿੰਨ੍ਹ ਸਨ, ਅਤੇ ਇਸ ਤੱਥ ਨੂੰ ਇਸ ਤਰ੍ਹਾਂ ਵੀ ਲਾਗੂ ਕੀਤਾ ਜਾ ਸਕਦਾ ਹੈ ਕਿ ਇਹ ਉਹਨਾਂ ਯਹੂਦੀਆਂ ਲਈ ਇੱਕ ਚਿੰਨ੍ਹ ਸੀ ਜਿਹਨਾਂ ਨੇ ਵਿਸ਼ਵਾਸ ਕਰਨ ਤੋਂ ਇਨਕਾਰ ਕੀਤਾ ਸੀ (ਇਹ ਚਿੰਨ੍ਹ ਯਹੂਦੀਆਂ ਦੀ ਬੇਦਖਲੀ ਦੇ ਰੂਪ ਵਿੱਚ ਨਹੀਂ ਬਲਕਿ ਉਹਨਾਂ ਦੇ ਅਵਿਸ਼ਵਾਸ ਉੱਤੇ ਜ਼ੋਰ ਦੇਣ ਦੇ ਲਈ ਸੀ)। ਚਿੰਨ੍ਹ ਵਾਲੇ ਵਰਦਾਨ, ਅਤੇ ਖ਼ਾਸ ਤੌਰ ਤੇ ਵੱਖ-ਵੱਖ ਭਾਸ਼ਾਵਾਂ, ਅਵਿਸ਼ਵਾਸੀ ਯਹੂਦੀਆਂ ਨੂੰ ਯਸਾਯਾਹ ਦੇ ਸਮੇਂ ਦੀਆਂ ਵਿਦੇਸ਼ੀ ਭਾਸ਼ਾਵਾਂ ਦੀ ਤਰ੍ਹਾਂ ਨਿਆਂ ਦੇ ਬਾਰੇ ਸੋਚਣ ਤੇ ਮਜਬੂਰ ਕਰਨ ਲਈ ਸਨ। ਰਸੂਲਾਂ ਦੀ ਪੁਸ਼ਟੀ ਕਰਨ ਵਾਲੇ ਇਹ ਚਿੰਨ੍ਹ, ਅਵਿਸ਼ਵਾਸੀ ਯਹੂਦੀ ਧਰਮ ਦੇ ਅਸਵੀਕਾਰ ਕੀਤੇ ਜਾਣ ਅਤੇ ਇਸ ਦਾ ਨਿਆਂ ਕੀਤੇ ਜਾਣ ਦਾ ਵੀ ਚਿੰਨ੍ਹ ਸਨ। ਕਲੀਸਿਯਾ ਦੀ ਸਥਾਪਨਾ ਵਿੱਚ ਪਰਮੇਸ਼ਰ ਨੇ ਰਸੂਲਾਂ ਦੇ ਕੰਮ ਦੀ ਪ੍ਰਵਾਨਗੀ ਦਿੱਤੀ ਸੀ। ਪਰ ਪਰਮੇਸ਼ਰ ਇਸਰਾਏਲ ਉੱਤੇ ਵੀ ਗੁੱਸਾ ਸਨ।

ਪਾਠਕ ਸ਼ਾਇਦ ਸੋਚ ਰਿਹਾ ਹੋਵੇਗਾ ਕਿ ਇਹਨਾਂ ਤੱਥਾਂ ਨੂੰ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋ ਜਾਣ ਦੀ ਸ਼੍ਰੇਣੀ ਵਿੱਚ ਕਿਵੇਂ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਧਿਆਨ ਵਿੱਚ ਰੱਖਦੇ ਹੋਏ ਕਿ ਵੱਖ-ਵੱਖ ਭਾਸ਼ਾਵਾਂ ਦੇ ਚਿੰਨ੍ਹ ਵਾਲੇ ਵਰਦਾਨ ਦਾ ਇੱਕ ਉਦੇਸ਼ ਪਰਮੇਸ਼ਰ ਦੁਆਰਾ ਯਹੂਦੀ ਧਰਮ ਨੂੰ ਰੱਦ ਕਰਨਾ ਸੀ, ਇਸ ਲਈ ਹੁਣ ਇਸ ਚਿੰਨ੍ਹ ਦੀ ਕੋਈ ਲੋੜ ਨਹੀਂ ਰਹੀ ਹੈ। 70 ਈਸਵੀ ਵਿੱਚ, ਸੈਨਾਪਤੀ ਟਾਈਟਸ ਦੇ ਅਧੀਨ ਰੋਮ ਨੇ ਹੈਕਲ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਉਸ ਸਮੇਂ ਤੋਂ ਅੱਜ ਤੱਕ ਕੋਈ ਜਾਜਕੀ ਬਿਵਸਥਾ ਨਹੀਂ ਹੈ ਕਿਉਂਕਿ ਵੰਸ਼ਾਵਲੀ ਦੀਆਂ ਲਿਖਤਾਂ ਨੂੰ ਨਸ਼ਟ ਕਰ ਦਿੱਤਾ ਗਿਆ ਸੀ। ਹੁਣ ਕੋਈ ਜਗਵੇਦੀ ਨਹੀਂ ਹੈ ਅਤੇ ਨਾ ਹੀ ਪਸ਼ੂਆਂ ਦੀ ਬਲੀ ਦਿੱਤੀ ਜਾਂਦੀ ਹੈ। ਪੁਰਾਣੇ ਨੇਮ ਦੇ ਨਮੂਨੇ ਉੱਤੇ ਆਧਾਰਿਤ ਯਹੂਦੀ ਧਰਮ, ਅਤੇ ਸ਼ੁਭ-ਸਮਾਚਾਰਾਂ ਅਤੇ ਸ਼ੁਰੂਆਤੀ ਕਲੀਸਿਯਾ ਦੇ ਸਮੇਂ ਦੌਰਾਨ ਜਾਣਿਆ ਗਿਆ ਯਹੂਦੀ ਧਰਮ 70 ਈਸਵੀ ਤੋਂ ਬਾਅਦ ਖ਼ਤਮ ਹੋ ਗਿਆ ਹੈ। ਇਸ ਲਈ ਹੁਣ ਅਜਿਹੇ ਕਿਸੇ ਚਿੰਨ੍ਹ ਦੀ ਲੋੜ ਨਹੀਂ ਰਹੀ ਹੈ ਜਿਸ ਦੇ ਉਦੇਸ਼ਾਂ ਵਿੱਚੋਂ ਇੱਕ ਇਹ ਦੱਸਣਾ ਸੀ ਕਿ ਪਰਮੇਸ਼ਰ ਹੁਣ ਹੈਕਲ, ਜਾਜਕ, ਜਗਵੇਦੀ, ਅਤੇ ਬਲੀਦਾਨਾਂ ਦੁਆਰਾ ਕੰਮ ਨਹੀਂ ਕਰ ਰਹੇ ਹਨ। ਹੁਣ ਜਦੋਂ ਹੈਕਲ, ਜਾਜਕ, ਅਤੇ ਬਲੀਦਾਨ ਹੀ ਮੌਜੂਦ ਨਹੀਂ ਹਨ ਤਾਂ ਉਸ ਉਦੇਸ਼ ਨੂੰ ਪੂਰਾ ਕਰਨ ਵਾਲੇ ਕਿਸੇ ਚਿੰਨ੍ਹ ਦੀ ਕੋਈ ਜ਼ਰੂਰਤ ਹੀ ਨਹੀਂ ਹੈ। ਉਸ ਪ੍ਰਣਾਲੀ ਦਾ ਖ਼ਤਮ ਹੋਣ ਤੋਂ ਬਾਅਦ, ਇਹ ਸਪੱਸ਼ਟ ਹੋ ਗਿਆ ਸੀ ਕਿ ਹੁਣ ਉਹ ਪਰਮੇਸ਼ਰ ਦੇ ਕਿਸੇ ਕੰਮ ਦੀ ਨਹੀਂ ਰਹੀ ਹੈ। ਕਿਉਂਕਿ ਵੱਖ-ਵੱਖ ਭਾਸ਼ਾਵਾਂ ਦਾ ਇੱਕ ਅੰਸ਼ਕ ਉਦੇਸ਼ ਇਹ ਦਿਖਾਉਣਾ ਵੀ ਸੀ ਕਿ ਪਰਮੇਸ਼ਰ ਇਸਰਾਏਲ ਤੋਂ ਨਾਖੁਸ਼ ਹਨ ਅਤੇ ਹੁਣ ਉਹ ਹੈਕਲ ਪ੍ਰਣਾਲੀ ਨਾਲ ਕੰਮ ਨਹੀਂ ਕਰਨਗੇ, ਇਸ ਲਈ ਇੱਕ ਵਿਅਕਤੀ ਇਹ ਅੰਦਾਜ਼ਾ ਲਗਾ ਸਕਦਾ ਹੈ ਕਿ ਜਦੋਂ ਹੁਣ ਹੈਕਲ ਪ੍ਰਣਾਲੀ ਹੀ ਕੰਮ ਨਹੀਂ ਕਰ ਰਹੀ ਹੈ ਤਾਂ ਵੱਖ-ਵੱਖ ਭਾਸ਼ਾਵਾਂ ਵੀ ਹੁਣ ਕੰਮ ਨਹੀਂ ਕਰਨਗੀਆਂ। ਇਸ ਮੁੱਦੇ ਨੂੰ ਇੱਕ ਨਕਾਰਾਤਮਕ ਰੂਪ ਵਿੱਚ ਪੇਸ਼ ਕੀਤਾ ਜਾਵੇ, ਤਾਂ ਇੱਕ ਵਿਅਕਤੀ ਇਹ ਉਮੀਦ ਕਰ ਸਕਦਾ ਹੈ ਕਿ ਜੇਕਰ ਹੈਕਲ ਕਿਸੇ ਕੰਮ ਦੀ ਨਹੀਂ ਰਹੀ, ਤਾਂ ਵੱਖ-ਵੱਖ ਭਾਸ਼ਾਵਾਂ ਵੀ ਕਿਸੇ ਕੰਮ ਦੀਆਂ ਨਹੀਂ ਹਨ। ਜੋ ਕੁਝ ਬਾਈਬਲ ਸਿਖਾਉਂਦੀ ਹੈ, ਉਸ ਤੋਂ ਇਸ ਸਿੱਟੇ ਤੇ

[34] "ਬੋਲੀ" ਨੂੰ "ਭਾਸ਼ਾ" ਦੇ ਰੂਪ ਵਿੱਚ ਅੱਗੇ ਪਰਿਭਾਸ਼ਿਤ ਕੀਤਾ ਜਾਵੇਗਾ।

ਪਹੁੰਚਣਾ ਜਾਇਜ਼ ਹੀ ਹੈ। ਚਿੰਨ੍ਹ ਵਾਲੇ ਵਾਦਰਨਾਂ ਦੇ ਬੰਦ ਹੋਣ ਦੀ ਪੂਰੀ ਚਰਚਾ ਵਿੱਚ ਇਹ ਸਿਰਫ਼ ਘੱਟ ਮਹੱਤਵਪੂਰਣ ਮੁੱਦਾ ਹੋ ਸਕਦਾ ਹੈ, ਫਿਰ ਵੀ ਲੇਵੀ ਪ੍ਰਣਾਲੀ ਦੇ ਵਿਨਾਸ਼ ਤੋਂ ਬਾਅਦ, ਚਿੰਨ੍ਹ ਵਾਲੇ ਵਰਦਾਨਾਂ ਦੀ ਹੌਲੀ-ਹੌਲੀ ਸਮਾਪਤੀ ਨਾਲ ਇਸ ਦੀ ਪ੍ਰਮਾਣਿਕਤਾ ਨੂੰ ਇਤਿਹਾਸਕ ਸਮਰਥਨ ਮਿਲ ਜਾਂਦਾ ਹੈ।

### 4. ਚਮਤਕਾਰਾਂ ਦੀ ਵਾਰਵਾਰਤਾ ਬਾਰੇ ਬਾਈਬਲ ਦੇ ਨਮੂਨੇ

ਬਾਈਬਲ ਉਹਨਾਂ ਸਮਿਆਂ ਦਾ ਇੱਕ ਨਮੂਨਾ ਪੇਸ਼ ਕਰਦੀ ਹੈ, ਇੱਕ ਸਮੇਂ ਦੌਰਾਨ ਚਮਤਕਾਰ ਆਮ ਗੱਲ ਹੁੰਦੇ ਹਨ, ਅਤੇ ਫਿਰ ਸਮਾਂ ਆਉਂਦਾ ਹੈ ਜਦੋਂ ਚਮਤਕਾਰ ਬਹੁਤ ਘੱਟ ਹੁੰਦੇ ਹਨ। ਮੂਸਾ, ਏਲੀਯਾਹ ਅਤੇ ਅਲੀਸ਼ਾ ਅਤੇ ਮਸੀਹ ਅਤੇ ਰਸੂਲਾਂ ਦੇ ਸਮੇਂ ਦੌਰਾਨ ਚਮਤਕਾਰਾਂ ਵਿੱਚ ਵਾਧਾ ਹੋਇਆ ਸੀ।

ਅਜਿਹੇ ਸਮਿਆਂ ਵਿੱਚ ਬਹੁਤ ਸਾਰੇ ਚਿੰਨ੍ਹ-ਚਮਤਕਾਰ ਹੋਏ ਸਨ। ਪਰ, ਇਹਨਾਂ ਸਮਿਆਂ ਵਿਚਕਾਰ ਚਮਤਕਾਰ ਤਾਂ ਸੰਭਵ ਸਨ, ਪਰ ਇਹ ਬਹੁਤ ਘੱਟ ਹੁੰਦੇ ਸਨ। ਬਾਈਬਲ ਦੇ ਜ਼ਿਆਦਾਤਰ ਸਮਿਆਂ ਵਿੱਚ, ਚਿੰਨ੍ਹ ਅਤੇ ਚਮਤਕਾਰ ਬਹੁਤ ਘੱਟ ਹੋਏ ਹਨ। ਬਹੁਤ ਜ਼ਿਆਦਾ ਚਿੰਨ੍ਹ-ਚਮਤਕਾਰਾਂ ਦੇ ਸਮੇਂ ਦੌਰਾਨ ਵੀ ਚਮਤਕਾਰ ਇੱਕ ਵੱਡੇ ਭੂਗੋਲਿਕ ਖੇਤਰ ਵਿੱਚ ਨਹੀਂ ਹੋਏ ਸਨ ਅਤੇ ਨਾ ਹੀ ਇਹ ਹਰੇਕ ਵਿਅਕਤੀ ਲਈ ਹੋਏ ਸਨ। ਯਿਸੂ ਮਸੀਹ ਦੀ ਧਰਤੀ ਉੱਤੇ ਸੇਵਕਾਈ ਦੌਰਾਨ ਚੀਨ, ਭਾਰਤ, ਅਰਬ ਆਦਿ ਜਗ੍ਹਾਵਾਂ ਵਿੱਚ ਲੱਖਾਂ ਬਿਮਾਰ ਦੁੱਖਾਂ ਨੂੰ ਝੱਲ ਰਹੇ ਸਨ। ਮਸੀਹ ਨੇ ਧਰਤੀ ਉੱਤੇ ਰਹਿੰਦੇ ਹੋਏ ਹਰ ਸਮੇਂ ਅਤੇ ਹਰ ਜਗ੍ਹਾ ਦੇ ਲੋਕਾਂ ਨੂੰ ਚੰਗਾ ਕਰਨਾ ਨਹੀਂ ਚਾਹਿਆ ਸੀ।

> "...ਫਿਰ ਵੀ ਏਲੀਯਾਹ ਨਬੀ ਉਹਨਾਂ ਵਿਧਵਾਵਾਂ ਕੋਲ ਨਹੀਂ ਭੇਜਿਆ ਗਿਆ ਸੀ। ਉਹ ਸੈਦਾ ਦੇਸ਼ ਦੇ ਸਾਰਪਤ ਸ਼ਹਿਰ ਦੀ ਰਹਿਣ ਵਾਲੀ ਵਿਧਵਾ ਕੋਲ ਭੇਜਿਆ ਗਿਆ ਸੀ। ਅਤੇ ਏਲੀਸ਼ਾ ਨਬੀ ਦੇ ਸਮੇਂ ਇਸਰਾਏਲ ਵਿੱਚ ਬਹੁਤ ਕੋੜ੍ਹੀ ਸਨ ਪਰ ਸੀਰੀਯਾ ਦੇਸ਼ ਦੇ ਰਹਿਣ ਵਾਲੇ ਨਮਾਨ ਕੋੜ੍ਹੀ ਤੋਂ ਸਿਵਾਏ ਹੋਰ ਕੋਈ ਸ਼ੁੱਧ ਨਾ ਕੀਤਾ ਗਿਆ।" [ਲੂਕਾ 4:25-27]

ਅੱਜ ਚਿੰਨ੍ਹ ਅਤੇ ਚਮਤਕਾਰ ਕਰਨ ਦੀ ਯੋਗਤਾ ਰੱਖਣ ਦਾ ਦਾਅਵਾ ਕਰਨ ਵਾਲੇ ਬਹੁਤ ਸਾਰੇ ਲੋਕ, ਚਮਤਕਾਰਾਂ ਦੀ ਵਾਰਵਾਰਤਾ ਅਤੇ ਹੱਦ ਦੇ ਮਾਮਲੇ ਵਿੱਚ ਮਸੀਹ ਨੂੰ ਵੀ ਪਿੱਛੇ ਛੱਡਣ ਦਾ ਦਾਅਵਾ ਕਰਦੇ ਹਨ। ਬਾਈਬਲ ਦੇ ਚਿੰਨ੍ਹ ਅਤੇ ਚਮਤਕਾਰਾਂ ਦਾ ਨਮੂਨਾ ਇਹ ਸੰਕੇਤ ਨਹੀਂ ਦਿੰਦਾ ਹੈ ਕਿ ਪਰਮੇਸ਼ਰ ਹਰ ਸਮੇਂ ਅਤੇ ਹਰ ਜਗ੍ਹਾ ਚਮਤਕਾਰ ਕਰਨਾ ਚਾਹੁੰਦੇ ਹਨ। ਅਸਲ ਵਿੱਚ, ਅਸੀਂ ਆਪਣੇ ਸਮੇਂ ਨੂੰ ਬਾਈਬਲ ਦੇ ਉਹਨਾਂ ਜ਼ਿਆਦਾਤਰ ਸਮਿਆਂ ਵਾਂਗ ਵੀ ਮੰਨ ਸਕਦੇ ਹਾਂ ਜਿਹਨਾਂ ਵਿੱਚ ਚਮਤਕਾਰ ਸੰਭਵ ਤਾਂ ਸਨ, ਪਰ ਇਹ ਕਦੇ-ਕਦਾਈਂ ਹੁੰਦੇ ਸਨ।

## B. ਇਤਿਹਾਸਕ ਤੌਰ ਤੇ ਚਿੰਨ੍ਹ ਵਾਲੇ ਵਰਦਾਨਾਂ ਦੀ ਨਿਸ਼ਚਿਤ ਸਮਾਪਤੀ

ਬਾਈਬਲ ਇਹ ਵਿਚਾਰ ਦਿੰਦੀ ਹੈ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਦੇ ਯੁੱਗ ਦੇ ਪੂਰਾ ਹੁੰਦੇ-ਹੁੰਦੇ ਬੰਦ ਹੋ ਜਾਣਗੇ। ਇਹ ਇਤਿਹਾਸਕ ਤੱਥ ਕਿ ਉਹ ਬੰਦ ਹੋ ਗਏ ਸਨ, ਇਹ ਸਾਬਤ ਕਰਦਾ ਹੈ ਕਿ ਰਸੂਲਾਂ ਦੇ ਯੁੱਗ ਦੇ ਅੰਤ ਵਿੱਚ ਇਹਨਾਂ ਦਾ ਬੰਦ ਹੋਣ ਦਾ ਅਨੁਮਾਨ ਜਾਇਜ਼ ਹੈ। ਬਾਈਬਲ ਇਹ ਸੰਕੇਤ ਦਿੰਦੀ ਹੈ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਦੇ ਨਾਲ ਬੰਦ ਹੋ ਜਾਣਗੇ। ਕਿਉਂਕਿ ਉਹ ਅਸਲ ਵਿੱਚ ਬੰਦ ਹੋ ਗਏ ਸਨ, ਇਸ ਲਈ ਸਾਨੂੰ ਭਰੋਸਾ ਹੈ ਕਿ ਇਸ ਮੁੱਦੇ ਉੱਤੇ ਅਸੀਂ ਬਾਈਬਲ ਦੀ ਸਹੀ ਵਿਆਖਿਆ ਕੀਤੀ ਹੈ। ਚਿੰਨ੍ਹ ਵਾਲੇ ਚਮਤਕਾਰਾਂ ਦੇ ਬੰਦ ਹੋਣ ਨੂੰ ਸਾਬਤ ਕਰਨ ਦੇ ਮਾਮਲੇ ਵਿੱਚ, ਸਬੂਤ ਇਕੱਠੇ ਕਰਨ ਦਾ ਬੋਝ ਇੱਕ ਲੰਬੇ ਸਮੇਂ ਤੋਂ ਗ਼ੈਰ-ਕੈਰਿਸਮੈਟਿਕ ਮਸੀਹੀਆਂ ਉੱਤੇ ਰੱਖਿਆ ਗਿਆ ਹੈ। ਇਤਿਹਾਸਕ ਤੱਥ ਇਹ ਹੈ ਕਿ ਉਹ ਬੰਦ ਹੋ ਗਏ ਹਨ। ਇਸ ਲਈ, ਇਹ ਸਾਬਤ ਕਰਨ ਦੇ ਸਬੂਤ ਦਾ ਬੋਝ ਕੈਰਿਸਮੈਟਿਕ ਮਸੀਹੀਆਂ ਉੱਤੇ ਹੋਣਾ ਚਾਹੀਦਾ ਹੈ ਕਿ ਚਿੰਨ੍ਹ ਵਾਲੇ ਵਰਦਾਨ 20ਵੀਂ ਸਦੀ ਵਿੱਚ ਫਿਰ ਤੋਂ ਸ਼ੁਰੂ ਹੋਣਗੇ।[35] ਬਾਈਬਲ ਦਾ ਕਿਹੜਾ ਵਚਨ ਇਹ ਸਿਖਾਉਂਦਾ ਹੈ ਕਿ ਕਲੀਸਿਯਾ ਦੇ ਯੁੱਗ ਦੌਰਾਨ ਇੱਕ ਹੋਰ ਪੰਤੇਕੁਸਤ ਵੀ ਹੋਵੇਗਾ?

ਇਹ ਸੱਚ ਹੈ ਕਿ ਕਲੀਸਿਯਾ ਦੇ ਇਤਿਹਾਸ ਦੇ ਵੱਡੇ ਹਿੱਸੇ ਵਿੱਚ, ਚਿੰਨ੍ਹ ਵਾਲੇ ਵਰਦਾਨ ਪਰਮੇਸ਼ਰ ਦੇ ਕੰਮ ਕਰਨ ਦੇ ਆਮ ਤਰੀਕੇ ਵਜੋਂ ਬੰਦ ਹੋ ਗਏ ਹਨ। ਜੇਕਰ ਅਜਿਹਾ ਨਾ ਹੁੰਦਾ, ਤਾਂ ਅੱਜ ਇਸ ਵਿਸ਼ੇ ਤੇ ਕੋਈ ਬਹਿਸ ਨਾ ਹੁੰਦੀ। ਹਾਲਾਂਕਿ ਚਿੰਨ੍ਹ ਵਾਲੇ ਵਰਦਾਨਾਂ ਦਾ ਬੰਦ ਹੋਣਾ ਬਾਈਬਲ ਦੀ ਇੱਕ ਸਪੱਸ਼ਟ ਸਿੱਖਿਆ ਨਹੀਂ ਪਰ ਬਾਈਬਲ ਤੋਂ ਇੱਕ ਤਰਕਪੂਰਨ ਅਨੁਮਾਨ ਹੀ ਹੈ, ਪਰ ਇਹ ਤੱਥ ਕਿ ਉਹ ਬੰਦ ਹੋ ਗਏ ਹਨ, ਇਹ ਦਰਸਾਉਂਦਾ ਹੈ ਕਿ ਇਹ ਅਨੁਮਾਨ ਸਹੀ ਤਰਕ ਉੱਤੇ ਆਧਾਰਿਤ ਹੈ। ਅਜਿਹਾ ਲੱਗਦਾ ਹੈ ਕਿ ਬਾਈਬਲ ਇਹ ਸਿਖਾਉਂਦੀ ਹੈ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਹੋ ਜਾਣਗੇ। ਕਿਉਂਕਿ ਇਹ ਵਰਦਾਨ ਅਸਲ ਵਿੱਚ ਬੰਦ ਹੋ ਗਏ ਹਨ, ਤਾਂ ਜੋ ਗ਼ੈਰ-ਕੈਰਿਸਮੈਟਿਕ ਮਸੀਹੀ ਬਾਈਬਲ ਨੂੰ ਗ਼ਲਤ ਤਰੀਕੇ ਨਾਲ ਨਹੀਂ ਪੜ੍ਹ ਰਹੇ ਹਨ।

---

[35] ਇਤਿਹਾਸਕਾਰ ਅਕਸਰ ਚਿੰਨ੍ਹ ਵਾਲੇ ਵਰਦਾਨਾਂ ਦੀ ਆਤਮਿਕ ਜਾਗ੍ਰਿਤੀ ਦੀ ਸ਼ੁਰੂਆਤ 1901 ਵਿੱਚ ਟੋਪੇਕਾ (ਕੰਸਾਸ) ਵਿੱਚ, ਅਤੇ 1906 ਵਿੱਚ ਕੈਲੀਫੋਰਨੀਆ ਦੇ ਅਜ਼ੂਸਾ ਸਟ੍ਰੀਟ ਵਿੱਚ ਹੋਈ ਆਤਮਿਕ ਜਾਗ੍ਰਿਤੀ ਵਿੱਚ ਦੇਖਦੇ ਹਨ [ਦੇਖੋ, ਗ੍ਰਾਂਟ ਵੈਕਰ, "ਦ ਪੈਂਟੇਕੋਸਟਲ ਮੂਵਮੈਂਟ" ਇਨ *ਈਰਡਮੈਨਸ ਹੈਂਡਬੁੱਕ ਆਫ਼ ਕ੍ਰਿਸ਼ਚੀਆਨਿਟੀ ਇਨ ਅਮੈਰਿਕਾ* ਐਡਿਟਡ ਬਾਏ ਮਾਰਕ ਪੀ. ਨੈਲ, ਨੇਥਨ ਓ. ਹੈਚ, ਜਾਰਜ ਐੱਮ. ਮਾਰਸਡਨ, ਡੇਵਿਡ ਐੱਫ. ਵੈੱਲਜ਼, ਜੌਨ ਡੀ. ਵੁੱਡ-ਬ੍ਰਿਜ (ਗ੍ਰੈਂਡ ਰੈਪਿਡਸ: ਈਰਡਮੈਨਸ ਪਬਲਿਸ਼ਿੰਗ ਕੋ., 1983)] ਬਾਈਬਲ ਦੇ ਅਜਿਹੇ ਹਵਾਲੇ ਜੋ ਪਵਿੱਤਰ ਆਤਮਾ ਦੀ ਭਰਪੂਰੀ ਦੇ ਡੋਲ੍ਹੇ ਜਾਣ ਦੀ ਗੱਲ ਕਰਦੇ ਹਨ,

ਕਲੀਸਿਯਾ ਦੇ ਇਤਿਹਾਸ ਤੋਂ ਇਹ ਦੇਖਣਾ ਆਸਾਨ ਹੈ ਕਿ ਚਿੰਨ੍ਹ ਵਾਲੇ ਵਰਦਾਨ ਬੰਦ ਹੋ ਗਏ ਹਨ।[36] ਬਾਈਬਲ ਵਿੱਚ ਇਹ ਦਿਖਾਉਣਾ ਅਸੰਭਵ ਹੈ ਕਿ ਉਹ ਯਿਸੂ ਦੇ ਫਿਰ ਤੋਂ ਆਉਣ ਅਤੇ ਹਜ਼ਾਰ ਸਾਲਾਂ ਦੇ ਰਾਜ ਤੋਂ ਪਹਿਲਾਂ ਫਿਰ ਤੋਂ ਸ਼ੁਰੂ ਹੋ ਸਕਦੇ ਹਨ। ਸੰਤ ਕ੍ਰਿਸੋਸਟੋਮ (345-407) ਨੇ ਚਿੰਨ੍ਹ ਵਾਲੇ ਵਰਦਾਨਾਂ ਨੂੰ ਅਤੀਤ ਦੀ ਗੱਲ ਮੰਨਿਆ ਸੀ। 1 ਕੁਰਿੰਥ 12 ਉੱਤੇ ਲਿਖਦੇ ਹੋਏ ਉਸ ਨੇ ਕਿਹਾ ਕਿ ਉਸ ਦੇ ਸਮੇਂ ਦੇ ਲੋਕ ਹੁਣ ਇਸ ਨੂੰ ਚੰਗੀ ਤਰ੍ਹਾਂ ਸਮਝਦੇ ਨਹੀਂ ਹਨ, ਕਿਉਂਕਿ ਚਿੰਨ੍ਹ ਵਾਲੇ ਵਰਦਾਨ ਬੰਦ ਹੋ ਗਏ ਹਨ।

"ਇਹ ਪੂਰਾ ਭਾਗ ਬਹੁਤ ਧੁੰਦਲਾ ਹੈ; ਪਰ ਇਹ ਧੁੰਦਲਾਪਣ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋਣ ਬਾਰੇ ਸਾਡੀ ਅਗਿਆਨਤਾ ਹੈ ਜੋ ਪਹਿਲਾਂ ਕੰਮ ਕਰਦੇ ਸਨ ਪਰ ਹੁਣ ਕੰਮ ਨਹੀਂ ਹੁੰਦੇ ਹਨ। ਉਹ ਹੁਣ ਕੰਮ ਕਿਉਂ ਨਹੀਂ ਹੁੰਦੇ ਹਨ? ਇਸ ਧੁੰਦਲੇਪਣ ਨੇ ਸਾਡੇ ਅੰਦਰ ਇੱਕ ਹੋਰ ਸਵਾਲ ਪੈਦਾ ਕੀਤਾ ਹੈ: ਉਹ ਇਹ ਹੈ ਕਿ, ਉਹਨਾਂ ਨੇ ਉਸ ਸਮੇਂ ਕੰਮ ਕਿਉਂ ਕੀਤਾ ਅਤੇ ਹੁਣ ਕੰਮ ਕਿਉਂ ਨਹੀਂ ਕਰਦੇ ਹਨ?"[37]

ਅਗਸਤੀਨ (354-430 ਈਸਵੀ) ਉੱਤਰੀ ਅਫਰੀਕਾ ਵਿੱਚ ਹਿੱਪੋ ਦਾ ਬਿਸ਼ਪ ਸੀ। ਉਸ ਦੇ ਲੇਖ ਤੋਂ ਇਹ ਸਪੱਸ਼ਟ ਹੈ ਕਿ ਚਿੰਨ੍ਹ ਵਾਲੇ ਵਰਦਾਨ ਨਾ ਸਿਰਫ਼ ਕੁਸਤੁਨਤੁਨੀਆ ਵਿੱਚ ਬਲਕਿ ਅਫਰੀਕਾ ਵਿੱਚ ਵੀ ਬੰਦ ਹੋ ਗਏ ਸਨ।

"ਪਹਿਲੇ ਸਮਿਆਂ ਵਿੱਚ, ਵਿਸ਼ਵਾਸ ਕਰਨ ਵਾਲਿਆਂ ਉੱਤੇ ਪਵਿੱਤਰ ਆਤਮਾ ਆਇਆ ਸੀ: ਅਤੇ ਉਹਨਾਂ ਨੇ ਪਵਿੱਤਰ ਆਤਮਾ ਦੀ ਅਗਵਾਈ ਦੁਆਰਾ ਵੱਖ-ਵੱਖ ਭਾਸ਼ਾਵਾਂ ਬੋਲਿਆ ਸਨ ਜਿਹੜੀਆਂ ਉਹਨਾਂ ਨੇ ਸਿੱਖਿਆ ਨਹੀਂ ਸਨ। ਇਹ ਸਮੇਂ ਦੇ ਅਨਕੂਲ ਚਿੰਨ੍ਹ ਸਨ। ਉਸ ਸਮੇਂ ਸਾਰੀਆਂ ਭਾਸ਼ਾਵਾਂ ਵਿੱਚ ਬੋਲਣਾ ਪਵਿੱਤਰ ਆਤਮਾ ਦਾ ਚਿੰਨ੍ਹ ਹੋਣਾ ਜ਼ਰੂਰੀ ਸੀ, ਤਾਂ ਜੋ ਇਹ ਦਿਖਾਵੇ ਕਿ ਪਰਮੇਸ਼ਰ ਦਾ ਸ਼ੁਭ-ਸਮਾਚਾਰ ਸਾਰੀ ਧਰਤੀ ਉੱਤੇ ਸਾਰੀਆਂ ਭਾਸ਼ਾਵਾਂ ਵਿੱਚ ਫੈਲੇ। ਇਹ ਇੱਕ ਸੰਕੇਤ ਲਈ ਸੀ ਅਤੇ ਇਹ ਖ਼ਤਮ ਹੋ ਗਿਆ...ਇਸ ਲਈ, ਜੇਕਰ ਪਵਿੱਤਰ ਆਤਮਾ ਦੀ ਮੌਜੂਦਗੀ ਦੀ ਗਵਾਹੀ ਹੁਣ ਇਹਨਾਂ ਚਿੰਨ੍ਹਾਂ-ਚਮਤਕਾਰਾਂ ਦੁਆਰਾ ਨਹੀਂ ਦਿੱਤੀ ਰਹੀ ਹੈ, ਤਾਂ ਇਹ ਕਿਵੇਂ ਦਿੱਤੀ ਰਹੀ ਹੈ, ਅਤੇ ਕੋਈ ਇਹ ਕਿਵੇਂ ਜਾਣ ਸਕਦਾ ਹੈ ਕਿ ਉਸ ਨੇ ਪਵਿੱਤਰ ਆਤਮਾ ਪ੍ਰਾਪਤ ਕਰ ਲਿਆ ਹੈ?"[38]

ਅਜਿਹਾ ਲੱਗਦਾ ਹੈ ਕਿ ਵਚਨ ਚਿੰਨ੍ਹ ਵਾਲੇ ਵਰਦਾਨਾਂ ਨੂੰ ਰਸੂਲਾਂ ਨਾਲ ਜੁੜਿਆ ਹੋਇਆ ਦਿਖਾਉਂਦਾ ਹੈ। ਇਸ ਲਈ, ਇੱਕ ਵਿਅਕਤੀ ਇਹ ਉਮੀਦ ਕਰੇਗਾ ਕਿ ਜਦੋਂ ਰਸੂਲਾਂ ਦੀ ਪੁਸ਼ਟੀ ਕਰਨ ਲਈ ਉਹਨਾਂ ਦੀ ਲੋੜ ਨਹੀਂ ਰਹੇਗੀ ਤਾਂ ਇਹ ਵੀ ਬੰਦ ਹੋ ਜਾਣਗੇ। ਇਹ ਤੱਥ ਕਿ ਚਿੰਨ੍ਹ ਵਾਲੇ ਵਰਦਾਨ ਬੰਦ ਹੋ ਗਏ ਹਨ, ਇਸ ਤਰਕ ਵਲੀ ਸੋਚ ਨੂੰ ਸਹੀ ਠਹਿਰਾਉਂਦਾ ਹੈ। ਬਾਈਬਲ ਦੇ ਸਿੱਟੇ ਨੂੰ ਜਦੋਂ ਇਤਿਹਾਸਕ ਤੱਥ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਤਾਂ ਕੈਰਿਸਮੈਟਿਕ ਮਸੀਹੀਆਂ ਦੇ ਦਾਅਵਿਆਂ ਦੇ ਨਕਾਰਾਤਮਕ ਮੁਲਾਂਕਣ ਵੱਲ ਲੈ ਜਾਂਦੇ ਹਨ ਜੋ ਕਹਿੰਦੇ ਹਨ ਕਿ ਚਮਤਕਾਰੀ ਵਰਦਾਨ ਅੱਜ ਵੀ ਪਰਮੇਸ਼ਰ ਦੇ ਕੰਮ ਕਰਨ ਦਾ ਇੱਕ ਆਮ ਸਾਧਨ ਹਨ।

ਕੈਰਿਸਮੈਟਿਕ ਮਸੀਹੀਆਂ ਦੇ ਦਾਅਵਿਆਂ ਦੇ ਮੁਲਾਂਕਣ ਵਿੱਚ ਦੂਜਾ ਵੱਡਾ ਖੇਤਰ ਚਿੰਨ੍ਹ ਵਾਲੇ ਵਰਦਾਨਾਂ ਦੀ ਪ੍ਰਕਿਰਤੀ ਹੈ। ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋਣ ਦੀ ਸੋਚ ਦੇ ਨਾਲ ਸਾਨੂੰ ਨਾ ਸਿਰਫ਼ ਸਬੂਤ ਦਾ ਅਧਿਐਨ ਕਰਨਾ ਹੋਵੇਗਾ ਬਲਕਿ ਸਾਨੂੰ ਇਹ ਵੀ ਨਿਰਧਾਰਿਤ ਕਰਨਾ ਹੋਵੇਗਾ ਕਿ ਕੈਰਿਸਮੈਟਿਕ ਮਸੀਹੀ ਜਿਹਨਾਂ ਚਮਤਕਾਰਾਂ ਦੇ ਹੋਣ ਦਾ ਦਾਅਵਾ ਕਰਦੇ ਹਨ, ਉਹ ਪਵਿੱਤਰ ਵਚਨ ਵਿੱਚ ਦੱਸੇ ਗਏ ਚਮਤਕਾਰਾਂ ਨਾਲ ਮੇਲ ਖਾਂਦੇ ਹਨ ਜਾਂ ਨਹੀਂ। ਇੱਥੇ ਇਸ ਅਧਿਐਨ ਨੂੰ ਵੱਖ-ਵੱਖ ਭਾਸ਼ਾਵਾਂ ਅਤੇ ਚਮਤਕਾਰਾਂ ਵਿਚਕਾਰ ਵੰਡਣਾ ਪਵੇਗਾ। ਬਾਈਬਲ ਵਿਚਲੀਆਂ ਵੱਖ-ਵੱਖ ਭਾਸ਼ਾਵਾਂ ਦੀ ਪ੍ਰਕਿਰਤੀ ਕੀ ਸੀ? ਕੀ ਆਧੁਨਿਕ "ਵੱਖ-ਵੱਖ ਭਾਸ਼ਾਵਾਂ" ਬਾਈਬਲ ਦੇ ਸਮੇਂ ਦੀਆਂ ਭਾਸ਼ਾਵਾਂ ਦੇ ਬਰਾਬਰ ਹਨ?

---

ਉਹਨਾਂ ਦਾ ਸੰਦਰਭ ਅੰਤ ਦੇ ਸਮੇਂ ਦੀਆਂ ਘਟਨਾਵਾਂ ਨਾਲ ਜੁੜਿਆ ਹੋਇਆ ਹੈ (ਜਿਵੇਂ ਕਿ, ਹਿਜ਼ਕੀਏਲ 36-39 ਅਤੇ ਯੋਏਲ 2-3)। ਇਹਨਾਂ ਆਇਤਾਂ ਨਾਲ ਜੁੜੀਆਂ ਭਵਿੱਖ ਦੀਆਂ ਬਰਕਤਾਂ ਬਾਰੇ ਚਰਚਾ ਦੇ ਲਈ, ਦੇਖੋ ਅਧਿਆਇ 12, ਭਾਗ XIII, F5e, "ਆਤਮਾ ਦਾ ਭਰਪੂਰੀ ਨਾਲ ਡੁੱਲ੍ਹਣਾ"।

[36] ਚਿੰਨ੍ਹ ਵਾਲੇ ਵਰਦਾਨ ਦੇ ਬੰਦ ਹੋਣ ਨਾਲ, ਲੇਖਕ ਕਦੇ-ਕਦੇ ਹੋਣ ਵਾਲੇ ਚਮਤਕਾਰਾਂ ਤੋਂ ਇਨਕਾਰ ਨਹੀਂ ਕਰ ਰਿਹਾ ਹੈ। ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋਣ ਦਾ ਅਰਥ ਇਹ ਹੈ ਕਿ ਪਰਮੇਸ਼ਰ ਹੁਣ ਕਿਸੇ ਵਿਅਕਤੀ ਨੂੰ ਇਹ ਯੋਗਤਾ ਨਹੀਂ ਦਿੰਦੇ ਹਨ ਕਿ ਉਹ ਨਿਰੰਤਰ ਅਤੇ ਆਪਣੇ ਜੀਵਨ ਵਿੱਚ ਇੱਕ ਆਮ ਤੌਰ ਤੇ ਚਿੰਨ੍ਹ-ਚਮਤਕਾਰ ਦਿਖਾਵੇ। ਇਹ ਮੰਨਣਾ ਇੱਕ ਗੱਲ ਹੋਵੇਗੀ ਕਿ ਪਰਮੇਸ਼ਰ ਨੇ ਕੁਝ ਲੋਕਾਂ ਨੂੰ ਇੱਕ ਵਰਦਾਨ ਦੇ ਕੇ ਵਿਸ਼ਵਾਸ ਨਾਲ ਚੰਗਾ ਕਰਨ ਵਾਲਾ ਬਣਾਇਆ ਹੈ। ਅਤੇ ਇਹ ਮੰਨਣਾ ਦੂਜੀ ਗੱਲ ਹੈ ਕਿ ਪਰਮੇਸ਼ਰ ਪ੍ਰਾਰਥਨਾ ਦੇ ਜਵਾਬ ਵਿੱਚ ਵੀ ਚੰਗਾ ਕਰ ਸਕਦੇ ਹਨ। ਰਸੂਲਾਂ ਦੇ ਯੁੱਗ ਤੋਂ ਬਾਅਦ, ਸ਼ਾਇਦ ਕੁਝ ਚਮਤਕਾਰੀ ਘਟਨਾਵਾਂ ਹੋਈਆਂ ਹੋਣਗੀਆਂ, ਪਰ ਇਹ ਯਕੀਨੀ ਤੌਰ ਤੇ ਲਗਾਤਾਰ ਉਸ ਤਰ੍ਹਾਂ ਨਹੀਂ ਹੋਣਗੀਆਂ ਜਿਵੇਂ ਯਿਸੂ ਮਸੀਹ ਅਤੇ ਰਸੂਲਾਂ ਦੇ ਦੇ ਸਮੇਂ ਵਿੱਚ ਹੋਈਆਂ ਸਨ।

[37] ਕ੍ਰਾਈਸੋਸਟਮ, *ਹੋਮਿਲੀਜ਼ ਇਨ ਫਸਟ ਕੋਰਿੰਥੀਅਨਜ਼*, ਹੋਮਿਲੀ XXIX, ਇਨ ਦ ਨਾਈਸੀਨ ਐਂਡ ਪੋਸਟ-ਨਾਈਸੀਨ ਫਾਦਰਜ਼, ਰੀਪ੍ਰਿੰਟਡ ਐਡ. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1979) ਵੈਲ. 12, ਪੰਨਾ 168.

[38] ਅੱਗਸਟੀਨ, *ਦ ਐਪਿਸਟਲ ਆਫ਼ ਸੰਟ. ਜੌਨ*, VI, 10, ਇਨ ਦ ਨਾਈਸੀਨ ਐਂਡ ਪੋਸਟ-ਨਾਈਸੀਨ ਫਾਦਰਜ਼, ਰੀਪ੍ਰਿੰਟ ਐਡ., (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1979) ਵੈਲ. 7, ਪੰਨੇ 497-498.

### III. ਵੱਖ-ਵੱਖ ਭਾਸ਼ਾਵਾਂ ਦੀ ਪ੍ਰਕਿਰਤੀ

ਬਾਈਬਲ ਦੇ ਸਮੇਂ ਵੱਖ-ਵੱਖ ਭਾਸ਼ਾਵਾਂ ਬੋਲਣ ਦਾ ਵਰਦਾਨ ਇੱਕ ਅਜਿਹੀ ਵਿਦੇਸ਼ੀ ਭਾਸ਼ਾ ਬੋਲਣ ਦੀ ਚਮਤਕਾਰੀ ਯੋਗਤਾ ਸੀ ਜੋ ਇੱਕ ਵਿਅਕਤੀ ਨੇ ਕਦੇ ਨਾ ਸਿੱਖੀ ਹੋਵੇ। ਬਾਈਬਲ ਦੇ ਸਮੇਂ ਭਾਸ਼ਾਵਾਂ ਦੀ ਵਿਆਖਿਆ ਕਰਨ ਦਾ ਵਰਦਾਨ ਅਜਿਹੀ ਭਾਸ਼ਾ ਦਾ ਅਨੁਵਾਦ ਕਰਨ ਦੀ ਯੋਗਤਾ ਸੀ ਜੋ ਇੱਕ ਵਿਅਕਤੀ ਨੇ ਪਹਿਲਾਂ ਕਦੇ ਸਿੱਖੀ ਨਾ ਹੋਵੇ।

#### A. ਭਾਸ਼ਾਵਾਂ ਬੋਲੀ ਦੇ ਰੂਪ ਵਿੱਚ

#### 1. ਧਰਮ-ਨਿਰਪੱਖ ਯੂਨਾਨੀ ਭਾਸ਼ਾ

ਗ਼ੈਰ-ਮਸੀਹੀ ਯੂਨਾਨੀ ਸਾਹਿਤ ਦਾ ਇੱਕ ਵਿਸਤ੍ਰਿਤ ਅਧਿਐਨ ਸਾਡੇ ਇਸ ਅਧਿਐਨ ਦੇ ਦਾਇਰੇ ਤੋਂ ਬਾਹਰ ਹੈ। ਫਿਰ ਵੀ, ਅਜਿਹੀ ਖੋਜ ਦੇ ਸਿੱਟੇ ਬਾਰੇ ਦੱਸਣਾ ਜ਼ਰੂਰੀ ਹੈ। ਭਾਸ਼ਾ ਦੇ ਲਈ ਯੂਨਾਨੀ ਸ਼ਬਦ *ਗਲੋਸਾ* ਹੈ (ਜਿਸ ਤੋਂ ਸ਼ਬਦਾਵਲੀ ਨਿਕਲਦਾ ਹੈ)। ਇਸ ਦਾ ਅਰਥ ਭੌਤਿਕ ਅੰਗ ਜਾਂ ਭਾਸ਼ਾ ਹੁੰਦਾ ਹੈ। ਇਸ ਸਿੱਟੇ ਉੱਤੇ ਪਹੁੰਚਣ ਦਾ ਕੋਈ ਆਧਾਰ ਨਹੀਂ ਹੈ ਕਿ ਯੂਨਾਨੀ ਸ਼ਬਦ "ਭਾਸ਼ਾਵਾਂ" ਦਾ ਅਰਥ ਕਦੇ ਮਦਹੋਸ਼ ਭਾਸ਼ਣ, ਸਮਝ ਨਾ ਆਉਣ ਵਾਲੀ ਭਾਸ਼ਾ ਜਾਂ ਬੁੜਬੁੜ ਕਰਨਾ ਹੋ ਸਕਦਾ ਸੀ।

"ਜਿਹੜੇ ਸਬੂਤ ਸਾਡੇ ਕੋਲ ਹਨ, ਉਹਨਾਂ ਤੋਂ ਇਹ ਸਪੱਸ਼ਟ ਹੈ ਕਿ ਪ੍ਰਾਚੀਨ ਯੂਨਾਨੀ ਲੋਕਾਂ ਲਈ *ਗਲੋਸਾ* ਸ਼ਬਦ ਦਾ ਅਰਥ ਕਦੇ ਵੀ ਸਮਝ ਤੋਂ ਬਾਹਰ ਅਤੇ ਮਦਹੋਸ਼ ਭਾਸ਼ਣ ਨਹੀਂ ਸੀ। ਇਹ ਅਜਿਹੀ ਭਾਸ਼ਾ ਦੇ ਹਵਾਲਿਆਂ ਦੀ ਘਾਟ ਕਾਰਨ ਨਹੀਂ ਹੈ, ਕਿਉਂਕਿ ਯੂਨਾਨੀ ਸਾਹਿਤ ਵਿੱਚ ਇਸ ਦੇ ਬਹੁਤ ਸਾਰੇ ਹਵਾਲੇ ਹਨ।"[39]

ਕਿਉਂਕਿ ਧਰਮ-ਨਿਰਪੱਖ ਯੂਨਾਨੀ ਭਾਸ਼ਾ ਨੇ "ਭਾਸ਼ਾਵਾਂ" ਸ਼ਬਦ ਦੀ ਵਰਤੋਂ ਕਦੇ ਸਮਝ ਨਾ ਆਉਣ ਵਾਲੀ ਭਾਸ਼ਾ ਦੇ ਲਈ ਨਹੀਂ ਕੀਤੀ ਹੈ, ਇਸ ਲਈ ਜਦੋਂ ਬਾਈਬਲ ਵਿੱਚ ਇਸ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਤਾਂ ਅਜਿਹੀ ਪਰਿਭਾਸ਼ਾ ਨੂੰ ਅਪਣਾਉਣ ਦੇ ਵਿਰੁੱਧ ਇੱਕ ਪੱਖਪਾਤੀ ਵਿਚਾਰ ਹੋਣਾ ਚਾਹੀਦਾ ਹੈ। ਜਦੋਂ ਤੱਕ ਇਸ ਵਿਚਾਰ ਦੇ ਵਿਰੁੱਧ ਕੋਈ ਠੋਸ ਸਬੂਤ ਨਹੀਂ ਹੁੰਦਾ ਹੈ, ਉਦੋਂ ਤੱਕ ਨਵੇਂ ਨੇਮ ਦੇ ਸ਼ਬਦ "ਭਾਸ਼ਾ" ਨੂੰ "ਆਮ ਭਾਸ਼ਾ" ਹੀ ਸਮਝਿਆ ਜਾਣਾ ਚਾਹੀਦਾ ਹੈ। ਅਸਲ ਵਿੱਚ, ਇਹ ਕੋਈ ਸਮੱਸਿਆ ਪੈਦਾ ਨਹੀਂ ਕਰਦਾ ਹੈ। ਨਵਾਂ ਨੇਮ ਸਪੱਸ਼ਟ ਤੌਰ ਉੱਤੇ ਇਹ ਸਾਬਤ ਕਰਦਾ ਹੈ ਕਿ "ਭਾਸ਼ਾ" ਦਾ ਅਰਥ "ਆਮ *ਭਾਸ਼ਾ*" ਹੁੰਦਾ ਹੈ।

#### 2. ਯੂਨਾਨੀ ਨਵੇਂ ਨੇਮ ਵਿੱਚ ਪਰਾਈਆਂ ਭਾਸ਼ਾਵਾਂ

#### a. ਰਸੂਲਾਂ ਦੇ ਕਰਤੱਬ ਵਿੱਚ ਪਰਾਈਆਂ ਭਾਸ਼ਾਵਾਂ

ਲੂਕਾ ਦੋ ਵਾਰ ਯੂਨਾਨੀ ਸ਼ਬਦ *ਡਾਇਲੈਕਟੋਸ* ਦੀ ਵਰਤੋਂ ਕਰਦਾ ਹੈ (ਜਿਸ ਤੋਂ ਸਾਡਾ ਸ਼ਬਦ *ਬੋਲੀ*ਆਉਂਦਾ ਹੈ)। ਇਸ ਤੋਂ ਇਲਾਵਾ, ਉਹ ਅਜਿਹੇ 16 ਨਸਲੀ ਸਮੂਹਾਂ ਦੀ ਸੂਚੀ ਦਿੰਦਾ ਹੈ ਜੋ ਪੰਤੇਕੁਸਤ ਦੀ ਤਿਉਹਾਰ ਲਈ ਯਰੂਸ਼ਲਮ ਗਏ ਸਨ। ਉਹਨਾਂ ਸਾਰਿਆਂ ਨੇ ਆਪਣੀ ਭਾਸ਼ਾ ਵਿੱਚ ਸ਼ੁਭ-ਸਮਾਚਾਰ ਨੂੰ ਸੁਣਿਆ ਸੀ! [ਰਸੂਲਾਂ 2:5-11 ਨੂੰ ਜ਼ਰੂਰ ਪੜ੍ਹੋ]

ਪੰਤੇਕੁਸਤ ਦੇ ਦਿਨ ਦੁਨੀਆਂ ਭਰ ਤੋਂ ਆਏ ਲੋਕਾਂ ਨੇ ਆਪਣੀਆਂ "ਭਾਸ਼ਾਵਾਂ" ਵਿੱਚ ਪਰਮੇਸ਼ਰ ਦੇ ਸੰਦੇਸ਼ ਨੂੰ ਸੁਣਕੇ ਸਮਝਿਆ ਸੀ। ਉਹ ਇਸ ਗੱਲ ਤੋਂ ਹੈਰਾਨ ਸਨ ਕਿ ਗਲੀਲ ਦੇ ਲੋਕਾਂ ਕੋਲ ਉਹਨਾਂ ਦੀਆਂ **ਭਾਸ਼ਾਵਾਂ** ਵਿੱਚ ਗੱਲ ਕਰਨ ਦੀ ਚਮਤਕਾਰੀ ਯੋਗਤਾ ਸੀ।

#### B. ਪ੍ਰਕਾਸ਼ ਦੀ ਪੋਥੀ ਵਿੱਚ ਵੱਖ-ਵੱਖ ਭਾਸ਼ਾਵਾਂ

ਪ੍ਰਕਾਸ਼ ਦੀ ਪੋਥੀ ਵਿੱਚ "ਵੱਖ-ਵੱਖ ਭਾਸ਼ਾਵਾਂ" ਦਾ ਅਰਥ ਭਾਸ਼ਾਵਾਂ ਤੋਂ ਇਲਾਵਾਂ ਹੋਰ ਕੁਝ ਨਹੀਂ ਹੋ ਸਕਦਾ ਹੈ। ਇਸ ਨੂੰ ਅਕਸਰ ਲੋਕਾਂ ਨੂੰ ਸ਼੍ਰੇਣੀਬੱਧ ਕਰਨ ਵਾਲੇ ਸਮੂਹਾਂ ਦੇ ਨਾਲ ਸੂਚੀਬੱਧ ਕੀਤਾ ਗਿਆ ਹੈ।

> ਉਹ ਇਹ ਨਵਾਂ ਭਜਨ ਗਾ ਰਹੇ ਸਨ, "ਤੁਸੀਂ ਸਕ੍ਰੋਲ ਨੂੰ ਖੋਲ੍ਹਣ ਅਤੇ ਮੋਹਰਾਂ ਨੂੰ ਤੋੜਨ ਦੇ ਯੋਗ ਹੋ ਕਿਉਂਕਿ ਤੁਸੀਂ ਬਲੀਦਾਨ ਦੇ ਲਈ ਕਤਲ ਕੀਤੇ ਗਏ ਸੀ ਅਤੇ ਤੁਸੀਂ ਆਪਣੇ ਖ਼ੂਨ ਦੇ ਦੁਆਰਾ ਪਰਮੇਸ਼ਰ ਦੇ ਲਈ ਹਰ ਕਬੀਲੇ, **ਭਾਸ਼ਾ** ਅਤੇ ਕੌਮ ਦੇ ਮਨੁੱਖ ਖ਼ਰੀਦੇ ਹਨ" [ਪ੍ਰਕਾਸ਼ 5:9]
>
> ਇਸ ਦੇ ਬਾਅਦ ਮੈਂ ਇੱਕ ਵੱਡੀ ਭੀੜ ਨੂੰ ਸਿੰਘਾਸਣ ਅਤੇ ਮੇਮਣੇ ਦੇ ਸਾਹਮਣੇ ਖੜ੍ਹੇ ਦੇਖਿਆ । ਉਸ ਭੀੜ ਦੀ ਗਿਣਤੀ ਕੋਈ ਨਹੀਂ ਕਰ ਸਕਦਾ ਸੀ। ਉਸ ਭੀੜ ਵਿੱਚ ਹਰ ਕੌਮ, ਕਬੀਲੇ, ਦੇਸ਼ ਅਤੇ **ਭਾਸ਼ਾ** ਦੇ ਲੋਕ ਸਨ। ਉਹਨਾਂ ਨੇ ਚਿੱਟੇ ਚੋਗੇ ਪਹਿਨੇ ਹੋਏ ਸਨ ਅਤੇ ਉਹਨਾਂ ਦੇ ਹੱਥਾਂ ਵਿੱਚ ਖਜੂਰ ਦੀਆਂ ਟਹਿਣੀਆਂ ਸਨ। [ਪ੍ਰਕਾਸ਼ 7:9]
>
> [ਪ੍ਰਕਾਸ਼ ਦੀ ਪੋਥੀ ਵਿੱਚੋਂ ਇਸ ਬਾਰੇ ਹੋਰ ਆਇਤਾਂ ਵੀ ਦੇਖੋ ਪ੍ਰਕਾਸ਼ 10:11; ਪ੍ਰਕਾਸ਼ 11:9; ਪ੍ਰਕਾਸ਼ 13:7; ਪ੍ਰਕਾਸ਼ 14:6; ਪ੍ਰਕਾਸ਼ 17:15]

ਰਸੂਲਾਂ ਦੇ ਕਰਤੱਬ ਵਿੱਚ ਭਾਸ਼ਾ ਦਾ ਅਰਥ ਬੋਲੀ ਹੈ। ਪ੍ਰਕਾਸ਼ ਦੀ ਪੋਥੀ ਵਿੱਚ ਭਾਸ਼ਾ ਦਾ ਅਰਥ ਬੋਲੀ ਜਾਂ ਭਾਸ਼ਾ ਹੈ। ਇਸ ਤੋਂ ਇਲਾਵਾ, 1 ਕੁਰਿੰਥੀਆਂ ਵਿੱਚ ਵੀ ਅਜਿਹੇ ਸੰਕੇਤ ਹਨ ਕਿ ਭਾਸ਼ਾ ਦਾ ਅਰਥ ਕੋਈ ਬੋਲੀ ਜਾਂ ਭਾਸ਼ਾ ਹੁੰਦਾ ਹੈ।

#### C. 1 ਕੁਰਿੰਥੀਆਂ ਵਿੱਚ ਵੱਖ-ਵੱਖ ਭਾਸ਼ਾਵਾਂ

1 ਕੁਰਿੰਥ 14:21 ਯਸਾਯਾਹ 28:11 ਦਾ ਇੱਕ ਹਵਾਲਾ ਹੈ। ਪੌਲੁਸ ਇਹ ਸਿਖਾਉਂਦਾ ਹੈ ਕਿ ਯਸਾਯਾਹ ਦੇ ਦਿਨਾਂ ਦੀਆਂ ਵੱਖ-ਵੱਖ ਭਾਸ਼ਾਵਾਂ ਨਵੇਂ ਨੇਮ ਦੇ ਸਮੇਂ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਵਰਦਾਨ ਬਾਰੇ ਇੱਕ

[39] ਥਾਮਸ ਆਰ. ਐਡਗਰ, *ਸਿਰਾਕਿਊਲਸ ਗਿਫਟਸ*, (ਨੈਪਚੂਨ, ਨਿਊ ਜਰਸੀ, ਲੋਇਜ਼ੋ ਬ੍ਰਦਰਜ਼, 1983), ਪੰਨਾ 114.

ਸੱਚਾਈ ਪ੍ਰਦਰਸ਼ਿਤ ਕਰਦੀਆਂ ਹਨ। ਯਸਾਯਾਹ ਜਿਹਨਾਂ ਭਾਸ਼ਾਵਾਂ ਦੀ ਗੱਲ ਕਰ ਰਿਹਾ ਸੀ, ਉਹ ਇਸਰਾਏਲ ਉੱਤੇ ਜਿੱਤ ਪਾਉਣ ਵਾਲੇ ਲੋਕਾਂ ਦੀਆਂ ਵਿਦੇਸ਼ੀ ਭਾਸ਼ਾਵਾਂ ਸਨ। ਇਸ ਤਰ੍ਹਾਂ, ਜੇਕਰ 1 ਕੁਰਿੰਥ 14:21 ਵਿੱਚ ਵੱਖ-ਵੱਖ ਭਾਸ਼ਾਵਾਂ ਆਮ ਭਾਸ਼ਾਵਾਂ ਹਨ, ਤਾਂ 1 ਕੁਰਿੰਥ 14:22 ਵਿੱਚ ਇਸ ਨੂੰ ਇੱਕ ਵੱਖਰਾ ਅਰਥ ਕਿਉਂ ਦਿੱਤਾ ਜਾਣਾ ਚਾਹੀਦਾ ਹੈ? ਇਸ ਤੋਂ ਇਲਾਵਾ, ਜੇਕਰ 1 ਕੁਰਿੰਥ 14:22 ਵਿੱਚ ਵੱਖ-ਵੱਖ ਭਾਸ਼ਾਵਾਂ ਦਾ ਅਰਥ ਆਮ ਭਾਸ਼ਾਵਾਂ ਹੈ, ਤਾਂ ਇਸ ਨੂੰ ਪੂਰੇ ਸੰਦਰਭ ਵਿੱਚ ਭਾਸ਼ਾ ਹੀ ਸਮਝਿਆ ਜਾਣਾ ਚਾਹੀਦਾ ਹੈ।

ਇੱਕ ਹੋਰ ਮੁੱਦਾ ਜੋ ਦਰਸਾਉਂਦਾ ਹੈ ਕਿ 1 ਕੁਰਿੰਥੀਆਂ ਵਿੱਚ ਪਰਾਈਆਂ ਭਾਸ਼ਾਵਾਂ ਆਮ ਭਾਸ਼ਾ ਹਨ, ਉਹ 1 ਕੁਰਿੰਥ 14:16 ਅਤੇ 23 ਵਿੱਚ *ਯੂਨਾਨੀ ਸ਼ਬਦ ਇਡੀਓਟੇਸ* ਹੈ। ਇਸ ਤੋਂ ਅੰਗਰੇਜ਼ੀ ਸ਼ਬਦ "ਇਡੀਅਟ" ਲਿਆ ਗਿਆ ਹੈ। ਇਸ ਸ਼ਬਦ ਦਾ ਇੱਕ ਚੰਗਾ ਅਨੁਵਾਦ "ਅਣਜਾਣ ਜਾਂ ਅਣਪੜ੍ਹ" ਹੋਣਾ ਹੈ। ਇੱਕ ਵਿਅਕਤੀ ਦੇ ਵੱਖ-ਵੱਖ ਭਾਸ਼ਾਵਾਂ ਨੂੰ ਨਾ ਸਮਝਣ ਦਾ ਇੱਕੋ-ਇੱਕ ਕਾਰਨ ਉਸ ਭਾਸ਼ਾ ਵਿੱਚ ਦੇ ਅਧਿਐਨ ਵਿੱਚ ਉਸ ਦਾ "ਅਣਜਾਣ ਜਾਂ ਅਣਪੜ੍ਹ" ਹੋਣਾ ਹੀ ਹੋ ਸਕਦਾ ਹੈ। ਇਹ ਉਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣ ਦਾ ਵਰਦਾਨ ਇੱਕ ਅਜਿਹੀ ਵਿਦੇਸ਼ੀ ਭਾਸ਼ਾ ਨੂੰ ਬੋਲਣ ਦੀ ਚਮਤਕਾਰੀ ਯੋਗਤਾ ਸੀ, ਜਿਹੜੀ ਇੱਕ ਵਿਅਕਤੀ ਨੇ ਕਦੇ ਸਿੱਖੀ ਹੀ ਨਹੀਂ ਸੀ।[40]

ਜਦੋਂ ਸੰਨ 1600 ਦੇ ਦਹਾਕੇ ਵਿੱਚ ਕਿੰਗ ਜੇਮਜ਼ ਬਾਈਬਲ ਦਾ ਅਨੁਵਾਦ ਕੀਤਾ ਗਿਆ ਸੀ, ਉਦੋਂ " ਵੱਖ-ਵੱਖ ਭਾਸ਼ਾਵਾਂ" ਸ਼ਬਦ ਦਾ ਅਰਥ ਜੀਭ ਸੀ। ਇਹ ਪ੍ਰਕਾਸ਼ ਦੀ ਪੋਥੀ 9:11 ਦੇ ਅਨੁਵਾਦ ਤੋਂ ਸਪੱਸ਼ਟ ਹੋ ਜਾਂਦਾ ਹੈ, "ਉਹਨਾਂ ਦਾ ਰਾਜਾ ਅਥਾਹ ਕੁੰਡ ਦਾ ਸਵਰਗਦੂਤ ਸੀ, ਜਿਸ ਦਾ ਨਾਂ ਇਬਰਾਨੀ ਜੀਭ ਵਿੱਚ ਅੱਬਦੋਨ ਅਤੇ ਯੂਨਾਨੀ ਜੀਭ ਵਿੱਚ ਅਪੋਲਿਓਨ ਹੈ ਜਿਸ ਦਾ ਅਰਥ ਵਿਨਾਸ਼ਕ ਹੈ।" "ਇਬਰਾਨੀ ਜੀਭ" ਅਤੇ "ਯੂਨਾਨੀ ਜੀਭ" ਦੋਵੇਂ "ਇਬਰਾਨੀ ਭਾਸ਼ਾ" ਅਤੇ "ਯੂਨਾਨੀ ਭਾਸ਼ਾ" ਦੇ ਬਰਾਬਰ ਹਨ। ਜੇਕਰ ਆਧੁਨਿਕ ਅਨੁਵਾਦਕ "ਜੀਭ" (ਅਰਥਾਤ ਭਾਸ਼ਾ) ਦੀ ਪੁਰਾਣੀ ਵਰਤੋਂ ਨੂੰ ਛੱਡ ਕੇ "ਭਾਸ਼ਾ/ਬੋਲੀ" ਦੀ ਵਰਤੋਂ ਕਰਨ, ਤਾਂ ਇਹ ਸਪੱਸ਼ਟ ਹੋ ਜਾਵੇਗਾ।

ਇਹ ਦੁੱਖ ਦੀ ਗੱਲ ਹੈ ਕਿ ਖੁੱਲ੍ਹੇ ਵਿਚਾਰਾਂ ਵਾਲਿਆਂ ਨੇ ਹੀ ਸਭ ਤੋਂ ਪਹਿਲਾਂ ਵੱਖ-ਵੱਖ ਭਾਸ਼ਾਵਾਂ ਦੀ ਵਿਆਖਿਆ ਸਮਝ ਨਾ ਆਉਣ ਵਾਲੀ ਭਾਸ਼ਾ (ਜਿਬਰਿਸ਼) ਦੇ ਰੂਪ ਵਿੱਚ ਕੀਤੀ ਸੀ। ਅਲੌਕਿਕ ਸਮਰੱਥ ਦਾ ਇਨਕਾਰ ਕਰਦੇ ਹੋਏ, ਉਹ ਇਸ ਵਿਚਾਰ ਨੂੰ ਸਵੀਕਾਰ ਨਹੀਂ ਕਰ ਪਾ ਰਹੇ ਸਨ ਕਿ ਵੱਖ-ਵੱਖ ਭਾਸ਼ਾਵਾਂ ਦੇ ਵਰਦਾਨ ਵਿੱਚ ਅਸਲ ਭਾਸ਼ਾ ਸ਼ਾਮਲ ਹੈ।

[40] ਪੌਲੁਸ ਵਰਗੇ ਮਿਸ਼ਨਰੀ ਨੂੰ ਕਈ ਸਾਲਾਂ ਤੱਕ ਵਿਦੇਸ਼ੀ ਭਾਸ਼ਾਵਾਂ ਦਾ ਅਧਿਐਨ ਕੀਤੇ ਬਿਨਾਂ ਹੀ ਇਹਨਾਂ ਵਿੱਚ ਕੰਮ ਕਰਨ ਦੀ ਯੋਗਤਾ ਦਾ ਮਿਲਣਾ ਇੱਕ ਵੱਡੀ ਬਰਕਤ ਸੀ (1 ਕੁਰਿੰਥ 14:18)।

ਕੈਰਿਸਮੈਟਿਕ ਮਸੀਹੀ ਜਿਹਨਾਂ ਵਿੱਚੋਂ ਜ਼ਿਆਦਾਤਰ ਲੋਕ ਵਚਨ ਪ੍ਰਤੀ ਆਪਣੇ ਰਵੱਈਏ ਵਿੱਚ ਕੱਟੜਵਾਦੀ ਹਨ, ਉਹ ਵੱਖ-ਵੱਖ ਭਾਸ਼ਾਵਾਂ ਦੇ ਵਰਦਾਨ ਨੂੰ ਭਾਸ਼ਾਵਾਂ/ਬੋਲੀਆਂ ਦੇ ਰੂਪ ਵਿੱਚ ਦੇਖਣ ਦੀ ਬਜਾਏ, ਅਕਸਰ ਇਸ ਨੂੰ ਇੱਕ ਬਾਈਬਲ ਵਿਰੋਧੀ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਨ। ਕੈਰਿਸਮੈਟਿਕ ਮਸੀਹੀਆਂ ਦੇ ਵੱਖ-ਵੱਖ ਭਾਸ਼ਾਵਾਂ ਦੇ ਬਾਰੇ ਵਿੱਚ ਕੀਤੇ ਜਾਣ ਵਾਲੇ ਦਾਅਵੇ, ਇਸ ਦੀ ਬਾਈਬਲ ਅਨੁਸਾਰ ਕੀਤੀ ਗਈ ਵਿਆਖਿਆ ਦੇ ਨਾਲ ਮੇਲ ਨਹੀਂ ਖਾਂਦੇ ਹਨ।

### B. ਵੱਖ-ਵੱਖ ਭਾਸ਼ਾਵਾਂ ਬਾਰੇ ਆਧੁਨਿਕ ਦਾਅਵੇ

ਇੱਕ ਜੋਸ਼ ਦੀ ਸਥਿਤੀ ਵਿੱਚ ਸਮਝ ਨਾ ਆਉਣ ਵਾਲੀ ਭਾਸ਼ਾ ਬੋਲਣ ਦੀ ਯੋਗਤਾ ਨੂੰ ਵੱਖ-ਵੱਖ ਭਾਸ਼ਾਵਾਂ ਦਾ ਸੱਚਾ ਵਰਦਾਨ ਨਹੀਂ ਮੰਨਿਆ ਜਾਣਾ ਚਾਹੀਦਾ ਹੈ। ਕੈਰਿਸਮੈਟਿਕ ਮਸੀਹੀ ਜਿਹੜੇ ਅਨੁਭਵ ਨੂੰ ਪਵਿੱਤਰ ਆਤਮਾ ਦੇ ਵਰਦਾਨ ਦੇ ਰੂਪ ਵਿੱਚ ਸਵੀਕਾਰ ਕਰਨਾ ਚਾਹੁੰਦੇ ਹਨ, ਉਸ ਦੀ ਸਮਾਨਤਾ ਬਾਈਬਲ ਦੀਆਂ ਵੱਖ-ਵੱਖ ਭਾਸ਼ਾਵਾਂ ਨਾਲੋਂ ਜ਼ਿਆਦਾ ਝੂਠੇ ਧਰਮਾਂ ਨਾਲ ਹੈ।

#### 1. ਆਧੁਨਿਕ "ਭਾਸ਼ਾਵਾਂ" ਉੱਤੇ ਅਧਿਐਨ

ਜਦੋਂ ਵੀਹਵੀਂ ਸਦੀ ਦੇ ਅੱਧ ਵਿੱਚ, ਕੈਰਿਸਮੈਟਿਕ ਅੰਦੋਲਨ ਬਹੁਤ ਪ੍ਰਚਲਿਤ ਹੋ ਰਿਹਾ ਸੀ, ਉਦੋਂ ਕੁਝ ਭਾਸ਼ਾ ਵਿਗਿਆਨੀਆਂ ਨੇ ਆਧੁਨਿਕ ਵੱਖ-ਵੱਖ ਭਾਸ਼ਾਵਾਂ ਬੋਲਣ ਦੀ ਪ੍ਰਕਿਰਤੀ ਸਮਝਣ ਲਈ ਕਈ ਅਧਿਐਨ ਕੀਤੇ ਸਨ। ਉਹਨਾਂ ਨੇ ਇਹ ਸਿੱਟਾ ਕੱਢਿਆ ਕਿ ਆਧੁਨਿਕ ਪਰਾਈਆਂ ਭਾਸ਼ਾਵਾਂ ਬੋਲਣ ਵਾਲੇ ਆਮ ਭਾਸ਼ਾਵਾਂ ਨਹੀਂ ਬੋਲਦੇ ਸਨ (ਦੇਖੋ, ਕ੍ਰਿਸਚੀਆਨਿਟੀ ਟੂਡੇ, ਸਤੰਬਰ 13 ਐਂਡ ਨਵੰਬਰ 8, 1963)।

"ਗਲੋਸੋਲਾਲੀਆ (ਵੱਖ-ਵੱਖ ਭਾਸ਼ਾਵਾਂ) ਦੇ ਇੱਕ ਵਿਗਿਆਨਕ ਅਧਿਐਨ ਨੇ ਇਹ ਸਿੱਟਾ ਕੱਢਿਆ ਹੈ ਕਿ ਜਿਹਨਾਂ ਲੋਕਾਂ ਦੇ ਸ਼ਬਦਾਂ ਦੀ ਜਾਂਚ-ਪਰਖ ਕੀਤੀ ਗਈ ਸੀ, ਉਹਨਾਂ ਵਿੱਚ ਕੋਈ ਅਜਿਹੀ ਵਿਸ਼ੇਸ਼ਤਾ ਨਹੀਂ ਸੀ ਜੋ ਇੱਕ ਮਨੁੱਖੀ ਭਾਸ਼ਾ ਦਾ ਜ਼ਰੂਰੀ ਤੱਤ ਹੁੰਦੀ ਹੈ, ਅਤੇ ਉਹਨਾਂ ਸ਼ਬਦਾਂ ਦੇ ਟੇਪ ਪ੍ਰਯੋਗ ਵਿੱਚ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਦੂਜਿਆਂ ਦੁਆਰਾ ਬੋਲੀਆਂ ਗਈਆਂ ਗੱਲਾਂ ਦੇ ਅਰਥ ਨਾਲ ਸਹਿਮਤ ਹੋਏ ਨਹੀਂ ਪਾਏ ਗਏ....ਇਸ ਅਧਿਐਨ ਨੇ ਇਹ ਦਿਖਾਇਆ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ ਦਾ ਰੁਝਾਨ "ਅਧਿਕਾਰ ਵਾਲੇ ਵਿਅਕਤੀ ਦੀ ਮੌਜਦੂਗੀ ਵਿੱਚ ਵਧੇਰੇ ਅਧੀਨ ਹੋਣ ਅਤੇ ਨਿਰਭਰ ਹੋਣ" ਦਾ ਹੈ। ਆਮ ਤੌਰ ਤੇ, ਇਹ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣਾ ਨਹੀਂ ਹੁੰਦਾ ਹੈ ਬਲਕਿ ਇਹ ਇੱਕ ਆਗੂ ਦੇ ਅਧਿਕਾਰ ਦੇ ਅਧੀਨ ਹੋਣਾ ਹੈ ਜੋ ਵੱਡੀਆਂ ਭਾਵਨਾਵਾਂ ਅਤੇ ਉਤਸ਼ਾਹ ਲਿਆਉਂਦਾ ਹੈ। ਇਹ ਖੋਜ ਦਾ ਪ੍ਰੋਜੈਕਟ ਬਰੁਕਲਿਨ, ਨਿਊਯਾਰਕ ਵਿੱਚ ਲੂਥਰਨ ਮੈਡੀਕਲ ਸੈਂਟਰ ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਅਧਿਐਨ ਉਹਨਾਂ ਲੋਕਾਂ ਉੱਤੇ ਕੀਤੇ ਗਏ ਟੈਸਟਾਂ ਅਤੇ ਇੰਟਰਵਿਊ ਉੱਤੇ ਆਧਾਰਿਤ

ਸਨ ਜਿਹਨਾਂ ਵਿੱਚ 26 ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਅਤੇ 13 ਵੱਖ-ਵੱਖ ਭਾਸ਼ਾਵਾਂ ਨਾ ਬੋਲਣ ਵਾਲੇ ਸਨ। ਭਾਸ਼ਾ ਵਿਗਿਆਨੀ ਵਿਲੀਅਮ ਸਾਮਰੀਨ ਨੇ ਕਿਹਾ ਕਿ ਜਿੱਥੇ ਕਿਤੇ ਪ੍ਰਮੁੱਖ ਪਰਾਈਆਂ ਭਾਸ਼ਾਵਾਂ ਬੋਲਣ ਵਾਲੇ ਆਉਂਦੇ ਸਨ, ਉੱਥੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ ਦੇ ਪੂਰੇ ਸਮੂਹ ਉਹਨਾਂ ਵਰਗੀ ਭਾਸ਼ਾ ਸ਼ੈਲੀ ਵਿੱਚ ਬੋਲਦੇ ਸਨ।....ਇਸ ਰਿਪੋਰਟ ਵਿੱਚ ਉਹਨਾਂ ਵਿਸ਼ੇਸ਼ਤਾਵਾਂ ਨੂੰ ਸੂਚੀਬੱਧ ਕੀਤਾ ਸੀ, ਜੋ ਭਾਸ਼ਾ ਮਾਹਰਾਂ ਅਨੁਸਾਰ ਮਨੁੱਖੀ ਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਸਨ, ਅਤੇ ਮਾਹਰਾਂ ਦਾ ਵਿਚਾਰ ਸੀ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲਿਆਂ ਦੀਆਂ ਰਿਕਾਰਡ ਕੀਤੀਆਂ ਗਈਆਂ ਭਾਸ਼ਾਵਾਂ ਦਾ ਅਧਿਐਨ ਕਰਨ ਤੋਂ ਬਾਅਦ, ਇਹ ਪਾਇਆ ਗਿਆ ਕਿ ਉਹਨਾਂ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਮਨੁੱਖੀ ਬੋਲੀਆਂ ਦੀਆਂ ਵਿਸ਼ੇਸ਼ਤਾਵਾਂ ਮੌਜੂਦ ਨਹੀਂ ਸਨ", ਕ੍ਰਿਸਚੀਆਨਿਟੀ ਟੂਡੇ, ਜੂਨ 4, 1971.

"ਹਾਲਾਂਕਿ ਪੰਤੇਕੁਸਤ ਸਮੂਹਾਂ ਦੇ ਕੁਝ ਵਿਦਵਾਨਾਂ ਨੇ ਮੰਨਿਆ ਹੈ ਕਿ ਬਾਈਬਲ ਦੇ ਅਨੁਸਾਰ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਵਿਦੇਸ਼ੀ ਭਾਸ਼ਾਵਾਂ ਬੋਲਣ ਦੀ ਯੋਗਤਾ ਹੈ, ਫਿਰ ਵੀ ਕਿਸੇ ਨੇ ਵੀ ਅਜਿਹੇ ਅਨੁਭਵਾਂ ਦੀ ਪੁਸ਼ਟੀ ਨਹੀਂ ਕੀਤੀ ਹੈ, ਅਤੇ ਇੱਕ ਵੱਡੀ ਬਹੁਗਿਣਤੀ ਤਾਂ ਇਹ ਦਾਅਵਾ ਹੀ ਨਹੀਂ ਕਰਦੀ ਹੈ ਕਿ ਉਹ ਕੋਈ ਮਨੁੱਖੀ ਭਾਸ਼ਾ ਬੋਲਦੇ ਹਨ।" [41]

### 2. ਦੂਜੇ ਧਰਮਾਂ ਦੇ ਨਾਲ ਸਮਾਨਤਾਵਾਂ

ਇੱਕ ਮਦਦੋਸ਼ੀ ਦੀ ਸਥਿਤੀ ਵਿੱਚ ਬੁੜ-ਬੁੜ ਕਰਨ ਨਾਲ ਰਸੂਲਾਂ ਦੀ ਪੁਸ਼ਟੀ ਵਿੱਚ ਬਹੁਤ ਘੱਟ ਮਦਦ ਹੋਈ ਹੋਵੇਗੀ। ਪ੍ਰਾਚੀਨ ਸੰਸਾਰ ਅਜਿਹੇ ਧਾਰਮਿਕ ਸਮੂਹਾਂ ਨਾਲ ਭਰਿਆ ਹੋਇਆ ਸੀ ਜੋ ਸਮਾਧੀ ਵਰਗੀਆਂ ਸਥਿਤੀਆਂ ਵਿੱਚ ਸਮਝ ਨਾ ਆਉਣ ਵਾਲੀਆਂ ਭਾਸ਼ਾਵਾਂ ਬੋਲਦੇ ਸਨ। ਅਸਲ ਵਿੱਚ, ਇਹ ਹੁਣ ਵੀ ਹੁੰਦਾ ਹੈ! ਇਹ ਇੱਕ ਹੈਰਾਨੀ ਵਾਲੀ ਗੱਲ ਹੈ ਕਿ ਮਸੀਹੀ ਇੱਕ ਕੰਮ ਨੂੰ ਪਵਿੱਤਰ ਆਤਮਾ ਦਾ ਕੰਮ ਕਹਿੰਦੇ ਹਨ, ਜਦੋਂ ਕਿ ਅਵਿਸ਼ਵਾਸੀ ਵੀ ਉਹੀ ਕੰਮ ਕਰ ਸਕਦੇ ਹਨ। ਕੀ ਪ੍ਰਾਚੀਨ ਮੂਰਤੀਪੂਜਕ ਯੂਨਾਨੀਆਂ ਨੇ ਜਾਂ ਅੱਜ ਦੇ ਮਾਰਮਾਨ ਲੋਕਾਂ ਨੇ ਪਵਿੱਤਰ ਆਤਮਾ ਦੀ ਸ਼ਕਤੀ ਦੁਆਰਾ ਸਮਝ ਵਿੱਚ ਨਾ ਆਉਣ ਵਾਲੀ ਭਾਸ਼ਾ ਦੀਆਂ ਯੋਗਤਾਵਾਂ ਨੂੰ ਪ੍ਰਾਪਤ ਕੀਤਾ ਹੈ? ਗ਼ੈਰ-ਮਸੀਹੀ ਲੋਕਾਂ ਵਿੱਚ ਮਦਦੋਸ਼ੀ ਦੀ ਸਥਿਤੀ ਵਿੱਚ ਬੋਲਣ ਦੇ ਬਾਰੇ ਇਹ ਕੁਝ ਹਵਾਲੇ ਹਨ:

"ਉਸ ਨੇ ਆਪਣੀ ਮਦਦੋਸ਼ ਸਥਿਤੀ ਅਤੇ ਭਾਸ਼ਾ ਨੂੰ ਇੱਕ ਭੂਤ-ਪ੍ਰੇਤ ਵਾਲੀ ਗੁਫਾ ਵਿੱਚ ਪ੍ਰਾਪਤ ਕੀਤਾ, ਜਿੱਥੇ ਹਵਾਵਾਂ ਅਜੀਬ ਆਵਾਜ਼ਾਂ ਅਤੇ ਸੰਗੀਤ ਪੈਦਾ ਕਰ ਰਹੀਆਂ ਸਨ। ਜਦੋਂ ਉਹ ਆਤਮਾ ਵਿੱਚ ਅਪੋਲੋ ਦੇਵਤਾ ਨਾਲ ਇਕਜੁੱਟ ਹੋ ਗਈ, ਤਾਂ ਉਸ ਨੇ ਪਰਾਈਆਂ ਭਾਸ਼ਾਵਾਂ ਬੋਲਣੀਆਂ ਸ਼ੁਰੂ ਕਰ ਦਿੱਤੀਆਂ, ਇਹ ਕੁਝ ਅਣਜਾਣ ਅਤੇ ਕੁਝ ਉਲਝਣ ਵਾਲੀਆਂ ਭਾਸ਼ਾਵਾਂ ਸਨ। (ਵਰਜਿਲ ਦੀ ਪਹਿਲੀ ਸਦੀ (ਈਸਾ ਪੂਰਵ) ਦੇ ਡੇਲੋਸ ਟਾਪੂ ਉੱਤੇ ਇੱਕ ਪੁਜਾਰਨ ਬਾਰੇ ਟਿੱਪਣੀ)[42]

"ਇੱਕ ਸਮਾਧੀ ਵਿੱਚ ਅਤੇ ਸ਼ਾਇਦ ਨਸ਼ੀਲੇ ਪਦਾਰਥਾਂ ਦੀਆਂ ਜੜ੍ਹੀਆਂ ਬੂਟੀਆਂ ਦੇ ਕਾਰਨ, ਉਹ ਇੱਕ ਤਿਪਾਈ ਉੱਤੇ ਬੈਠ ਗਈ ਅਤੇ ਸਮਝ ਨਾ ਆਉਣ ਵਾਲੀ ਭਾਸ਼ਾ ਵਿੱਚ ਬੋਲਣ ਲੱਗੀ। ਪੁਜਾਰੀਆਂ ਨੇ ਉਸ ਦੀਆਂ ਸਮਝ ਨਾ ਆਉਣ ਵਾਲੀਆਂ ਗੱਲਾਂ ਦਾ ਅਨੁਵਾਦ ਭਵਿੱਖਬਾਣੀਆਂ ਦੇ ਰੂਪ ਵਿੱਚ ਕਰਕੇ ਆਪਣੇ ਆਪ ਨੂੰ ਨਿਹਾਲ ਕੀਤਾ।" (ਡੈਲਫੀ ਦੀ ਪੁਜਾਰਨ ਬਾਰੇ ਨੈਸ਼ਨਲ ਜੀਓਗਰਾਫਿਕ ਦੀ ਟਿੱਪਣੀ)[43]

ਇਸੇ ਪੁਜਾਰਨ ਬਾਰੇ ਗੱਲ ਕਰਦੇ ਹੋਏ, ਚੌਥੀ ਸਦੀ ਦੇ ਇੱਕ ਮਸੀਹੀ ਕ੍ਰਿਸੋਸਟੋਮ ਨੇ ਲਿਖਿਆ: "...ਇਹ ਉਹੀ ਯੂਨਾਨੀ ਸੂਰਜ ਦੇਵਤਾ ਅਪੋਲੋ ਦੀ ਪੁਜਾਰਨ ਹੈ, ਜੋ ਕਦੇ-ਕਦੇ ਅਪੋਲੋ ਦੀ ਤਿਪਾਈ ਉੱਤੇ ਬੈਠਦੀ ਹੈ, ਅਤੇ ਹੇਠਾਂ ਤੋਂ ਉੱਪਰ ਆ ਰਹੀ ਦੁਸ਼ਟ ਆਤਮਾ ਉਸ ਦੇ ਸਰੀਰ ਦੇ ਹੇਠਲੇ ਭਾਗ ਵਿੱਚੋਂ ਉਸ ਵਿੱਚ ਪ੍ਰਵੇਸ਼ ਕਰਦੀ ਹੈ, ਅਤੇ ਇਸ ਇਸ ਔਰਤ ਨੂੰ ਪਾਗਲ ਬਣਾ ਦਿੰਦੀ ਹੈ, ਅਤੇ ਉਹ ਆਪਣੇ ਖੁੱਲ੍ਹੇ ਵਾਲਾ ਨਾਲ ਮਸਤ ਹੋ ਜਾਂਦੀ ਹੈ, ਉਹ ਦੇ ਮੂੰਹ ਵਿੱਚੋਂ ਝੱਗ ਨਿਕਲਣ ਲੱਗਦੀ ਹੈ, ਅਤੇ ਇਸ ਤਰ੍ਹਾਂ ਉਹ ਜੋਸ਼ ਵਿੱਚ ਆਪਣੇ ਪਾਗਲਪਣ ਦੇ ਸ਼ਬਦਾਂ ਨੂੰ ਬੋਲਣ ਲੱਗਦੀ ਹੈ।"[44]

ਸਮਝ ਨਾ ਆਉਣ ਵਾਲੀ ਭਾਸ਼ਾ ਸਿਰਫ਼ ਪ੍ਰਾਚੀਨ ਧਰਮਾਂ ਤੱਕ ਹੀ ਸੀਮਿਤ ਨਹੀਂ ਹੈ। ਸ਼ੁਰੂਆਤੀ ਮਾਰਮਨ ਲੋਕ ਵੀ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਦੇ ਸਨ। ਜੋਸਫ਼ ਸਮਿਥ ਨੇ ਇਹ ਹੁਕਮ ਦਿੱਤਾ ਸੀ, "ਉਠੋ, ਬੋਲੋ, ਜਾਂ ਕੁਝ ਅਵਾਜ਼ਾ ਕੱਢੋ, ਕਿਸੇ ਕਿਸਮ ਦੀਆਂ ਆਵਾਜ਼ਾਂ ਵਿੱਚ ਬੋਲਦੇ ਰਹੋ, ਅਤੇ ਪ੍ਰਭੂ ਇਸ ਨੂੰ ਇੱਕ ਭਾਸ਼ਾ ਵਿੱਚ ਬਦਲ ਦੇਵੇਗਾ।"[45]

ਬ੍ਰਿਘਮ ਯੰਗ ਵੀ "ਪਰਾਈਆਂ ਭਾਸ਼ਾਵਾਂ" ਬੋਲਦਾ ਸੀ: ਉਸ ਦੀਆਂ

[41] ਐਡਗਰ, *ਮਿਰਾਕਿਊਲਿਸ ਗਿਫਟਸ* ਪੰਨਾ 283, ਭਾਵੇਂ ਇੱਕ ਵਿਅਕਤੀ ਕਿਸੇ ਅਣਜਾਣ ਭਾਸ਼ਾ ਬੋਲਣ ਦੇ ਮੌਕਿਆਂ ਨੂੰ ਦਸਤਾਵੇਜ਼ ਵੀ ਕਰ ਲਵੇ, ਫਿਰ ਵੀ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਯੋਗਤਾ ਇੱਕ ਵਰਦਾਨ ਵਜੋਂ ਨਹੀਂ ਦਿੱਤੀ ਗਈ ਹੈ। ਜੇਕਰ ਅਜਿਹੀ ਯੋਗਤਾ ਇੱਕ ਵਰਦਾਨ ਦੇ ਰੂਪ ਵਿੱਚ ਦਿੱਤੀ ਗਈ ਹੋਵੇ, ਤਾਂ ਕੈਰਿਸਮੈਟਿਕ ਪ੍ਰਚਾਰਕਾਂ ਨੂੰ ਕਦੇ ਵੀ ਕਿਸੇ ਵੱਖਰੀ ਭਾਸ਼ਾ ਦੇ ਲੋਕਾਂ ਦੀ ਸੇਵਾ ਕਰਨ ਵੇਲੇ ਅਨੁਵਾਦਕਾਂ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ ਹੈ।

[42] ਸਾਈਟਿਡ ਬਾਏ ਜੈਨ ਮਾਈਲਜ਼, *ਦ ਸਬਜੈਕਟ ਆਫ਼ ਟੰਗਜ਼, ਐਨ ਇੰਟਰੋਡੈਕਸ਼ਨ ਟੂ ਕ੍ਰਿਸਚੀਅਨ ਡਾਕਟ੍ਰਾਈਨ: ਐਨ ਆਊਟਲਾਈਨ ਕੋਰਸ*, (ਗ੍ਰੈਂਡ ਰੈਪਿਡਸ; ਗ੍ਰੈਂਡ ਰੈਪਿਡਸ ਸਕੂਲ ਆਫ਼ ਦ ਬਾਈਬਲ ਐਂਡ ਮਿਊਜ਼ਿਕ, 1974), ਪੰਨਾ 2.

[43] ਗ੍ਰੀਸ ਐਂਡ ਰੋਮ: *ਬਿਲਡਰਜ਼ ਆਫ਼ ਅਵਰ ਵਰਲਡ*, ਨੈਸ਼ਨਲ ਜੀਓਗ੍ਰਾਫਿਕ ਸੋਸਾਇਟੀ, 1968), ਪੰਨਾ 171.

[44] ਮਾਈਲਜ਼, *ਇੰਟਰੋਡੈਕਸ਼ਨ ਟੂ ਕ੍ਰਿਸਚੀਅਨ ਡਾਕਟ੍ਰਾਈਨ*, ਪੰਨਾ 2.

[45] ਜੋਸਫ ਡਿਲੇ, *ਸਪੀਕਿੰਗ ਇਨ ਟੰਗਜ਼* (ਗ੍ਰੈਂਡ ਰੈਪਿਡਸ: ਜ਼ੋਂਡਰਵੈਨ ਪਬਲਿਸ਼ਿੰਗ ਹਾਊਸ, 1975), ਪੰਨਾ 173.

ਸੇਵਾਵਾਂ ਵਿੱਚ ਚੀਕਣਾ, ਝਟਕੇ ਖਾਣਾ, ਅਤੇ ਨੱਚਣਾ ਇੱਕ ਆਮ ਗੱਲ ਸੀ, ਅਤੇ ਬ੍ਰਿਘਮ ਯੰਗ ਨਾ ਸਿਰਫ਼ ਪਰਾਈਆਂ ਭਾਸ਼ਾਵਾਂ ਵਿੱਚ ਬੋਲਦਾ ਸੀ ਬਲਕਿ ਆਪਣੇ ਸੁਣਨ ਵਾਲਿਆਂ ਲਈ ਆਪਣੇ ਸੰਦੇਸ਼ਾਂ ਦਾ ਅਨੁਵਾਦ ਵੀ ਕਰਦਾ ਸੀ।"[46]

ਅਜਿਹੀਆਂ ਬਹੁਤ ਸਾਰੀਆਂ ਪੁਸਤਕਾਂ ਹਨ ਜਿਹਨਾਂ ਵਿੱਚ ਗ਼ੈਰ-ਮਸੀਹੀਆਂ ਵਿਚਕਾਰ "ਵੱਖ-ਵੱਖ ਭਾਸ਼ਾਵਾਂ" (ਅਰਥਾਤ, ਮਦਹੋਸ਼ੀ ਵਿੱਚ ਬੁੜਬੁੜ ਕਰਨ) ਦਾ ਵੇਰਵਾ ਦਰਜ ਹਨ। ਇਸ ਵਿੱਚ ਦੂਜੇ ਧਰਮਾਂ ਦੇ ਪੁਜਾਰੀਆਂ ਅਤੇ ਤਾਂਤਰਿਕਾਂ ਦੀਆਂ ਉਦਾਹਰਣਾਂ ਸ਼ਾਮਲ ਹਨ। ਮਦਹੋਸ਼ੀ ਵਿੱਚ ਬੁੜਬੁੜ ਕਰਨਾ ਕੁਝ ਧਰਮਾਂ ਵਿੱਚ ਵੱਡੇ ਪੱਧਰ ਤੇ ਹੁੰਦਾ ਹੈ। ਬਹੁਤ ਸਾਰੇ ਦਸਤਾਵੇਜ਼ਾਂ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਜ਼ਿਕਰ ਹੈ ਜੋ ਪ੍ਰਾਚੀਨ ਫ਼ੋਨੀਸ਼ੀਅਨ, ਯੂਨਾਨੀ, ਮੁਸਲਮਾਨ, ਮਾਰਮਨ, ਅਮਰੀਕੀ ਭਾਰਤੀ ਪੰਥ, ਐਸਕੀਮੋ ਧਰਮ, ਤਿੱਬਤੀ ਅਤੇ ਚੀਨੀ ਧਰਮ, ਉੱਤਰੀ ਬੋਰਨੀਓ ਪੰਥ ਆਦਿ ਵਿੱਚ ਹੁੰਦੀਆਂ ਸਨ।[47] ਇਸ ਤੋਂ ਪਹਿਲਾਂ ਕਿ ਅਮਰੀਕਾ ਵਿੱਚ ਮਸੀਹ ਵਿੱਚ ਵਿਸ਼ਵਾਸ ਕਰਨ ਵਾਲੇ ਹੁੰਦੇ, ਉੱਥੇ "ਵੱਖ-ਵੱਖ ਭਾਸ਼ਾਵਾਂ" (ਅਰਥਾਤ, ਸਮਝ ਨਾ ਆਉਣ ਵਾਲੀ ਭਾਸ਼ਾ) ਬੋਲਣ ਵਾਲੇ ਲੋਕ ਸਨ।

"ਹੁਣ ਇਸ ਤੋਂ ਪਹਿਲਾਂ ਕਿ ਤੁਸੀਂ ਮੈਨੂੰ ਇਹ ਦੱਸਣ ਲਈ ਚਿੱਠੀ ਲਿਖਣ ਲਈ ਬੈਠੇ ਕਿ ਵੱਖ-ਵੱਖ ਭਾਸ਼ਾਵਾਂ ਬੋਲਣ ਦਾ ਤੁਹਾਡਾ ਅਨੁਭਵ ਕਿੰਨਾ ਅਸਲੀ ਹੈ, ਮੈਂ ਤੁਹਾਨੂੰ ਆਪਣੇ ਅਨੁਭਵ ਬਾਰੇ ਦੱਸਦਾ ਹਾਂ। ਮੈਂ ਕਈ ਮੌਕਿਆਂ ਉੱਤੇ ਪਰਾਈਆਂ ਭਾਸ਼ਾਵਾਂ ਵਿੱਚ ਬੋਲਿਆ ਹਾਂ। ਮੈਂ ਅਰਾਧਨਾ ਸਭਾਵਾਂ ਵਿੱਚ ਸਭ ਤੋਂ ਅੱਗੇ ਜਗਵੇਦੀ ਦੇ ਕੋਲ ਖੜ੍ਹੇ ਹੋਏ ਕੇ ਪ੍ਰਾਰਥਨਾ ਕੀਤੀ ਹੈ, ਮੈਂ ਉਹਨਾਂ ਆਤਮਿਕ ਆਗੂਆਂ ਦੇ ਉਪਦੇਸ਼ਾਂ ਦੀ ਪਾਲਣਾ ਕੀਤੀ ਹੈ ਜੋ ਮੈਨੂੰ ਪਰਾਈਆਂ ਭਾਸ਼ਾਵਾਂ ਬੋਲਣਾ ਸਿਖਾ ਰਹੇ ਸਨ, ਅਤੇ ਮੈਂ ਪਰਾਈਆਂ ਭਾਸ਼ਾਵਾਂ ਵਿੱਚ ਬੋਲਿਆ ਹਾਂ। ਇਹ ਬਹੁਤ ਹੀ ਅਸਲੀ ਸੀ। ਇਹ ਸੱਚਮੁੱਚ ਹੋਇਆ ਸੀ। ਇਸ ਵਿੱਚ ਕੁਝ ਵੀ ਨਕਲੀ ਨਹੀਂ ਸੀ। ਪਰ ਇਹ ਪਵਿੱਤਰ ਆਤਮਾ ਦੁਆਰਾ ਨਹੀਂ ਸੀ! ਮੈਂ ਇਹ ਕਿਵੇਂ ਜਾਣਦਾ ਹਾਂ? ਕਿਉਂਕਿ ਉਸ ਸਮੇਂ ਮੈਂ ਮੁਕਤੀ ਨਹੀਂ ਪਾਈ ਸੀ। ਜਿਹੜੇ ਪ੍ਰਚਾਰ ਮੈਂ ਸੁਣੇ ਸੀ ਉਹਨਾਂ ਨੇ ਮੈਨੂੰ ਕਾਇਲ ਕਰ ਦਿੱਤਾ ਸੀ ਕਿ ਪਰਮੇਸ਼ਰ ਦੇ ਨਾਲ ਇੱਕ ਸਹੀ ਸੰਬੰਧ ਬਣਾਉਣ ਲਈ ਮੈਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣਾ ਹੋਵੇਗਾ। ਮੈਨੂੰ ਇਸ ਵਿੱਚ ਪੂਰਾ ਯਕੀਨ ਸੀ ਅਤੇ ਮੈਂ ਇਹ ਕੀਤਾ।"[48]

[46] ਐਡਗਰ, ਮਿਰਾਕਿਊਲਸ ਗਿਫਟਸ, ਪੰਨਾ 255.

[47] ਦੇਖੋ, ਡਿਲੋ, ਸਪੀਕਿੰਗ ਇਨ ਟੰਗਜ਼, ਪੰਨਾ 171; ਐਡਗਰ, ਮਿਰਾਕਿਊਲਸ ਗਿਫਟਸ, ਪੰਨਾ 252; ਅਤੇ ਡੈਨਲਡ ਡਬਲਯੂ. ਬਰਡਿਕ, ਟੰਗਜ਼: ਟੂ ਸਪੀਕ ਔਰ ਨੈਟ ਟੂ ਸਪੀਕ, (ਸ਼ਿਕਾਗੋ: ਮੂਡੀ ਪ੍ਰੈਸ, 1969), ਪੰਨਾ 65

[48] ਮਾਈਲਜ਼, *ਇੰਟਰਰੋਡਕਸ਼ਨ ਟੂ ਕ੍ਰਿਸਚੀਅਨ ਡਾਕਟ੍ਰਾਈਨ*, ਪੰਨਾ 3

ਲੇਖਕ ਦੀ ਪਤਨੀ ਦੇ ਅਜਿਹੇ ਨਿੱਜੀ ਮਿੱਤਰ ਹਨ ਜਿਹਨਾਂ ਨੇ ਮਸੀਹ ਵਿੱਚ ਵਿਸ਼ਵਾਸ ਕਰਨ ਤੋਂ ਪਹਿਲਾਂ ਕੈਰਿਸਮੈਟਿਕ ਸਭਾਵਾਂ ਵਿੱਚ "ਵੱਖ-ਵੱਖ ਭਾਸ਼ਾਵਾਂ" ਬੋਲੀਆਂ ਸਨ। ਇਹ ਸਾਰੀਆਂ ਉਦਾਹਰਣਾਂ ਇਹ ਦਰਸਾਉਂਦੀਆਂ ਹਨ ਕਿ ਜ਼ਰੂਰੀ ਨਹੀਂ ਹੈ ਕਿ ਸਮਝ ਨਾ ਆਉਣ ਵਾਲੀ ਭਾਸ਼ਾ ਵਿੱਚ ਬੋਲਣਾ ਪਵਿੱਤਰ ਆਤਮਾ ਦਾ ਹੀ ਵਰਦਾਨ ਹੋਵੇ। ਜਦੋਂ ਕਿ ਬਾਈਬਲ ਦਾ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਇੱਕ ਅਜਿਹੀ ਭਾਸ਼ਾ ਬੋਲਣ ਦੀ ਯੋਗਤਾ ਸੀ ਜਿਸ ਨੂੰ ਪਹਿਲਾਂ ਕਦੇ ਸਿੱਖਿਆ ਨਹੀਂ ਗਿਆ ਸੀ, ਉੱਥੇ ਹੀ ਅੱਜ ਦੇ ਕੈਰਿਸਮੈਟਿਕ ਮਸੀਹੀ ਪਰਾਈਆਂ ਭਾਸ਼ਾਵਾਂ ਦੇ ਅਭਿਆਸ ਵਿੱਚ ਬਾਈਬਲ ਦੀ ਮਸੀਹਤ ਦੀ ਬਜਾਏ ਝੂਠੇ ਧਰਮਾਂ ਦੇ ਸਮਾਨ ਹਨ। ਇਸ ਦਾ ਅਰਥ ਇਹ ਨਹੀਂ ਹੈ ਕਿ ਕੈਰਿਸਮੈਟਿਕ ਮਸੀਹੀਆਂ ਨੇ ਮੁਕਤੀ ਨਹੀਂ ਪਾਈ ਹੈ। ਮਸੀਹ ਵਿੱਚ ਵਿਸ਼ਵਾਸ ਕਾਰਨ ਉਹ ਨਿਸ਼ਚਿਤ ਤੌਰ ਤੇ ਉਹ ਸਾਡੇ ਮਸੀਹੀ ਭਰਾ-ਭੈਣ ਹੀ ਹਨ। ਪਰ ਗ਼ੈਰ-ਕੈਰਿਸਮੈਟਿਕ ਮਸੀਹੀਆਂ ਨੂੰ ਇਸ ਗੱਲ ਵਿੱਚ ਗ਼ਲਤ ਨਹੀਂ ਠਹਿਰਾਉਣਾ ਚਾਹੀਦਾ ਕਿ ਉਹ ਕੈਰਿਸਮੈਟਿਕ ਮਸੀਹੀਆਂ ਦੀ ਨਾ ਸਮਝ ਆਉਣ ਵਾਲੀ ਭਾਸ਼ਾ ਤੋਂ ਪ੍ਰਭਾਵਿਤ ਅਤੇ ਕਾਇਲ ਨਹੀਂ ਹੁੰਦੇ ਹਨ। ਇਹ ਵੱਖ-ਵੱਖ ਭਾਸ਼ਾਵਾਂ ਦੀ ਬਾਈਬਲ ਦੇ ਅਨੁਸਾਰ ਸਹੀ ਵਿਆਖਿਆ ਨਹੀਂ ਹੈ। ਜੇਕਰ ਸਮਝ ਨਾ ਆਉਣ ਵਾਲੀ ਭਾਸ਼ਾ ਪਵਿੱਤਰ ਆਤਮਾ ਦਾ ਵਰਦਾਨ ਹੈ, ਤਾਂ ਕੀ ਸਾਨੂੰ ਇਹ ਵੀ ਮੰਨਣਾ ਚਾਹੀਦਾ ਹੈ ਕਿ ਬਹੁਤ ਸਾਰੇ ਹੋਰ ਧਰਮਾਂ ਵਿੱਚ ਵੀ ਪਵਿੱਤਰ ਆਤਮਾ ਹੈ?

### 3. ਹੋਰ ਧਰਮਾਂ ਦੀ ਸਮਝ ਨਾ ਆਉਣ ਵਾਲੀ ਭਾਸ਼ਾ ਬਾਰੇ ਬਾਈਬਲ ਦੀ ਸਿੱਖਿਆ

ਹੋਰ ਧਰਮਾਂ ਦੀ ਸਮਝ ਨਾ ਆਉਣ ਵਾਲੀ ਭਾਸ਼ਾ ਦਾ ਬਾਈਬਲ ਵਿੱਚ ਘੱਟੋ-ਘੱਟ ਇੱਕ ਹਵਾਲਾ ਤਾਂ ਜ਼ਰੂਰੀ ਹੈ। ਜਿਵੇਂ ਕਿ ਅਸੀਂ ਦੇਖਾਂਗੇ, ਪੌਲੁਸ ਕਲੀਸਿਯਾ ਵਿੱਚ ਅਤੇ ਸ਼ਾਇਦ ਪ੍ਰਾਰਥਨਾ ਵਿੱਚ ਅਨੁਵਾਦ ਨਾ ਕੀਤੀਆਂ ਜਾਣ ਵਾਲੀਆਂ **ਭਾਸ਼ਾਵਾਂ** ਦੀ ਵਰਤੋਂ ਦੀ ਆਗਿਆ ਨਹੀਂ ਦਿੰਦਾ ਹੈ। ਤਾਂ ਨਿਸ਼ਚਿਤ ਹੀ ਉਸ ਨੇ ਸਮਝ ਨਾ ਆਉਣ ਵਾਲੀਆਂ ਭਾਸ਼ਾਵਾਂ ਦੀ ਵੀ ਇਜਾਜ਼ਤ ਨਹੀਂ ਦਿੱਤੀ ਹੋਵੇਗੀ।

> "ਪ੍ਰਾਰਥਨਾ ਕਰਦੇ ਸਮੇਂ ਆਪਣੀ ਪ੍ਰਾਰਥਨਾ ਵਿੱਚ ਪਰਾਈਆਂ ਕੌਮਾਂ ਦੀ ਤਰ੍ਹਾਂ ਬਾਰ ਬਾਰ **ਬੇਮਤਲਬ ਗੱਲਾਂ ਨਾ ਕਰੋ** ਕਿਉਂਕਿ ਉਹ ਸੋਚਦੇ ਹਨ ਕਿ ਬਹੁਤ ਬੋਲਣ ਨਾਲ ਪਰਮੇਸ਼ਰ ਉਹਨਾਂ ਨੂੰ ਸੁਣ ਲੈਣਗੇ…" [ਮੱਤੀ 6:7]
>
> ਫਿਰ ਮੈਂ ਕੀ ਕਰਾਂ? ਮੈਂ ਆਤਮਾ ਦੁਆਰਾ ਪ੍ਰਾਰਥਨਾ ਕਰਾਂਗਾ ਅਤੇ **ਬੁੱਧੀ ਨਾਲ ਵੀ।** ਮੈਂ ਆਤਮਾ ਦੁਆਰਾ ਗਾਵਾਂਗਾ ਅਤੇ **ਬੁੱਧੀ ਨਾਲ ਵੀ।** [1 ਕੁਰਿੰਥ 14:15]

### B. ਸਿੱਟਾ

ਬਾਈਬਲ ਅਜਿਹੀ ਸੋਚ ਦਾ ਆਧਾਰ ਪ੍ਰਦਾਨ ਕਰਦੀ ਹੈ ਕਿ ਚਿੰਨ੍ਹ

ਵਾਲੇ ਵਰਦਾਨ ਬੰਦ ਹੋ ਗਏ ਹਨ। ਫਿਰ ਵੀ, ਇਸ ਸਿੱਟੇ ਤੋਂ ਅੱਗੇ ਇਸ ਗੱਲ ਦਾ ਮੁਲਾਂਕਣ ਵੀ ਜ਼ਰੂਰੀ ਹੈ ਕਿ ਕੀ ਅੱਜ ਦੇ ਕੈਰਿਸਮੈਟਿਕ ਮਸੀਹੀਆਂ ਦੇ ਅਨੁਭਵ ਨਵੇਂ ਨੇਮ ਦੇ ਸੱਚੇ ਵਰਦਾਨਾਂ ਵਾਂਗ ਹਨ ਜਾਂ ਨਹੀਂ। ਜਿੱਥੋਂ ਤੱਕ ਵੱਖ-ਵੱਖ ਭਾਸ਼ਾਵਾਂ ਦਾ ਸੰਬੰਧ ਹੈ, ਤਾਂ ਅਜਿਹਾ ਨਹੀਂ ਹੈ। ਬਾਈਬਲ ਆਧਾਰਿਤ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਇੱਕ ਅਜਿਹੀ ਵਿਦੇਸ਼ੀ ਭਾਸ਼ਾ ਬੋਲਣ ਦੀ ਯੋਗਤਾ ਸੀ ਜਿਸ ਨੂੰ ਕਦੇ ਸਿੱਖਿਆ ਨਹੀਂ ਗਿਆ ਸੀ। ਆਧੁਨਿਕ ਕੈਰਿਸਮੈਟਿਕ ਮਸੀਹੀਆਂ ਕੋਲ ਪਰਾਈਆਂ ਭਾਸ਼ਾਵਾਂ ਦਾ ਸਹੀ ਵਰਦਾਨ ਨਹੀਂ ਹੈ। ਇਹ ਤੱਥ ਉਸ ਸਮੇਂ ਸਪੱਸ਼ਟ ਹੁੰਦਾ ਹੈ ਜਦੋਂ ਵਿਦੇਸ਼ੀ ਦੇਸ਼ਾਂ ਵਿੱਚ ਸਭਾਵਾਂ ਵਿੱਚ ਪ੍ਰਚਾਰ ਕਰਨ ਲਈ ਉਹਨਾਂ ਨੂੰ ਅਨੁਵਾਦਕਾਂ ਦੀ ਲੋੜ ਪੈਂਦੀ ਹੈ।

## IV. ਵੱਖ-ਵੱਖ ਭਾਸ਼ਾਵਾਂ ਦੇ ਬਾਰੇ ਬਾਈਬਲ ਦੇ ਨਿਯਮ

ਬਾਈਬਲ ਵਿੱਚ ਇਹ ਮੰਨਣ ਦਾ ਆਧਾਰ ਹੈ ਕਿ ਚਿੰਨ੍ਹ ਵਾਲੇ ਵਰਦਾਨ, ਜਿਹਨਾਂ ਵਿੱਚ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਵੀ ਸ਼ਾਮਲ ਹੈ, ਬੰਦ ਹੋ ਗਏ ਹਨ। ਇਸ ਤੋਂ ਇਲਾਵਾ, ਸਮਝ ਨਾ ਆਉਣ ਵਾਲੀ ਭਾਸ਼ਾ ਨਵੇਂ ਨੇਮ ਦਾ ਸੱਚਾ ਵਰਦਾਨ ਨਹੀਂ ਹੈ। ਜੇਕਰ ਅਸੀਂ ਅਜਿਹਾ ਮੰਨ ਵੀ ਲੈਂਦੇ ਹਾਂ ਕਿ ਚਿੰਨ੍ਹ ਵਾਲੇ ਵਰਦਾਨ ਅੱਜ ਲਈ ਹਨ ਅਤੇ ਅੱਜ ਦੇ ਕੈਰਿਸਮੈਟਿਕ ਮਸੀਹੀਆਂ ਕੋਲ ਵੱਖ-ਵੱਖ ਭਾਸ਼ਾਵਾਂ ਦਾ ਸੱਚਾ ਵਰਦਾਨ ਹੈ, ਤਾਂ ਫਿਰ ਵੀ ਸਾਨੂੰ ਇਹ ਮੁਲਾਂਕਣ ਕਰਨਾ ਪਵੇਗਾ ਕਿ ਕੀ ਉਹਨਾਂ ਦਾ ਅਭਿਆਸ ਅਜਿਹੇ ਵਰਦਾਨਾਂ ਲਈ ਬਾਈਬਲ ਦੇ ਨਿਯਮਾਂ ਅਨੁਸਾਰ ਹੈ ਜਾਂ ਨਹੀਂ। ਜੇਕਰ ਪੂਰੀ ਇਮਾਨਦਾਰੀ ਨਹੀਂ ਕਿਹਾ ਜਾਵੇ, ਤਾਂ ਬਾਈਬਲ ਅਨੁਸਾਰ ਚੱਲਣ ਵਾਲੇ ਕੁਝ ਕੈਰਿਸਮੈਟਿਕ ਮਸੀਹੀ ਉਹਨਾਂ ਮਿਆਰਾਂ ਦੀ ਪਾਲਣਾ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦੇ ਹਨ। ਫਿਰ ਵੀ, ਅਜਿਹੇ ਲੋਕ ਵੀ ਹਨ ਜੋ ਇਹਨਹੀਂ ਕਰਦੇ ਹਨ; ਅਤੇ ਅਜਿਹਾ ਕੋਈ ਵੀ ਨਹੀਂ ਹੈ ਜੋ ਇਹਨਾਂ ਮਿਆਰਾਂ ਦੇ ਅਨੁਸਾਰ ਚੱਲਦਾ ਹੋਵੇ।

### A. ਪ੍ਰਾਥਮਿਕਤਾ ਦੇ ਕ੍ਰਮ ਵਿੱਚ, ਸਭਾਵਾਂ ਵਿੱਚ ਵੱਖ-ਵੱਖ ਭਾਸ਼ਾਵਾਂ ਨੂੰ ਇੱਕ ਹੇਠਲੇ ਕ੍ਰਮ ਵਿੱਚ ਰੱਖਣਾ ਚਾਹੀਦਾ ਹੈ

1 ਕੁਰਿੰਥ 12:28 ਅਤੇ 30 ਵਿੱਚ ਵਰਦਾਨਾਂ ਦੀ ਸੂਚੀ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣ ਅਤੇ ਭਾਸ਼ਾਵਾਂ ਦੇ ਅਨੁਵਾਦ ਨੂੰ ਸਭ ਤੋਂ ਅੰਤ ਵਿੱਚ ਰੱਖਿਆ ਗਿਆ ਹੈ। ਅਜਿਹਾ ਕ੍ਰਮ ਸਿਰਫ਼ ਇੱਕ ਸਾਹਿਤਕ ਸ਼ੈਲੀ ਤੋਂ ਵੱਧ ਕੇ ਹੈ। ਪੌਲੁਸ ਖ਼ਾਸ ਕਰਕੇ 1 ਕੁਰਿੰਥ 12:28 ਵਿੱਚ ਵਰਦਾਨਾਂ ਨੂੰ ਉਹਨਾਂ ਦੀ ਮਹੱਤਤਾ ਅਨੁਸਾਰ ਸੂਚੀਬੱਧ ਕਰ ਰਿਹਾ ਹੈ। ਇਸ ਲਈ, ਜੇਕਰ ਅੱਜ ਵੀ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਦਿੱਤਾ ਜਾਂਦਾ; ਤਾਂ ਸਭਾਵਾਂ ਵਿੱਚ ਉਹਨਾਂ ਨੂੰ ਸਭ ਤੋਂ ਜ਼ਿਆਦਾ ਪ੍ਰਾਥਮਿਕਤਾ ਦੇਣ ਦੀ ਕੋਈ ਲੋੜ ਨਹੀਂ ਹੋਣੀ ਚਾਹੀਦੀ ਹੈ। ਅਕਸਰ ਕੈਰਿਸਮੈਟਿਕ ਜੋਸ਼ ਦੇ ਕਾਰਨ ਅਜਿਹੇ ਅਨੁਭਵਾਂ ਉੱਤੇ ਜ਼ਿਆਦਾ ਧਿਆਨ ਕੇਂਦਰਿਤ ਹੋ ਜਾਂਦਾ ਹੈ, ਅਤੇ ਵਿਸ਼ਵਾਸ ਦੇ ਜ਼ਿਆਦਾ ਮਹੱਤਵਪੂਰਣ ਮਾਮਲਿਆਂ ਨੂੰ ਘੱਟ ਅਤੇ ਬਾਈਬਲ ਤੋਂ ਬਾਹਰ ਦੇ ਮਾਮਲਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ।

> ਪਰਮੇਸ਼ਰ ਨੇ ਕਲੀਸਿਯਾ ਵਿੱਚ ਹਰ ਇੱਕ ਨੂੰ ਵੱਖ-ਵੱਖ ਸੇਵਾ ਦੇ ਕੰਮ ਸੌਂਪੇ ਹਨ, ਪਹਿਲਾਂ ਰਸੂਲ, ਦੂਜੇ ਨਬੀ, ਤੀਜੇ ਸਿੱਖਿਅਕ, ਫਿਰ ਚਮਤਕਾਰ ਕਰਨ ਵਾਲੇ, ਬਿਮਾਰੀਆਂ ਤੋਂ ਚੰਗਾ ਕਰਨ ਵਾਲੇ, ਸਹਾਇਤਾ ਕਰਨ ਵਾਲੇ, ਪ੍ਰਬੰਧਕ, ਅਤੇ ਪਰਾਈਆਂ ਭਾਸ਼ਾਵਾਂ ਬੋਲਣ ਵਾਲੇ। ਕੀ ਸਾਰੇ ਰਸੂਲ ਹਨ? ਕੀ ਸਾਰੇ ਸਿੱਖਿਅਕ ਹਨ? ਕੀ ਸਾਰੇ ਚਮਤਕਾਰ ਕਰਨ ਵਾਲੇ ਹਨ? ਕੀ ਸਾਰਿਆਂ ਨੂੰ ਬਿਮਾਰਾਂ ਨੂੰ ਚੰਗਾ ਕਰਨ ਵਾਲੀ ਸਮਰੱਥਾ ਦਾ ਵਰਦਾਨ ਮਿਲਿਆ ਹੈ? ਕੀ ਸਾਰਿਆਂ ਨੂੰ ਪਰਾਈਆਂ ਭਾਸ਼ਾਵਾਂ ਬੋਲਣ ਦਾ ਵਰਦਾਨ ਮਿਲਿਆ ਹੈ? ਕੀ ਸਾਰੇ ਅਨੁਵਾਦਕ ਹਨ? [1 ਕੁਰਿੰਥ 12:28-30]

### B. ਸਭਾਵਾਂ ਵਿੱਚ ਸਿੱਖਿਆ ਦੁਆਰਾ ਆਤਮਿਕ ਉਸਾਰੀ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ

ਕੋਈ ਵਿਅਕਤੀ 1 ਕੁਰਿੰਥਆਂ 12-14 ਨੂੰ ਪੜ੍ਹਨ ਤੋਂ ਬਾਅਦ, ਅਰਾਧਨਾ ਸਭਾ ਵਿੱਚ ਸਿੱਖਿਆ ਦੀ ਪ੍ਰਾਥਮਿਕਤਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ਹੈ। ਇਹ ਬਹੁਤ ਜ਼ਿਆਦਾ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਹੈ, ਕਿਉਂਕਿ ਸਿੱਖਿਆ ਦੇਣ ਦੀ ਜ਼ਰੂਰਤ ਬਾਰੇ ਹੋਰ ਕਈ ਥਾਵਾਂ ਵਿੱਚ ਵੀ ਸਿਖਾਇਆ ਗਿਆ ਹੈ (ਅਫ਼ਸੀ 4:11ff.; 1 ਤਿਮੋਥਿ 4:13; 2 ਤਿਮੋਥਿ 2:2; 3:16-17; 4:2)। ਹਾਲਾਂਕਿ ਅੱਜ ਕੋਈ ਨਬੀ ਨਹੀਂ ਹਨ, ਫਿਰ ਵੀ ਕਲੀਸਿਯਾ ਵਿੱਚ ਬਾਈਬਲ ਦੇ ਨਬੀਆਂ ਦੀਆਂ ਪੁਸਤਕਾਂ ਬਾਰੇ ਸਿੱਖਾ ਕੇ ਅੱਜ ਵੀ ਭਵਿੱਖਬਾਣੀ ਉੱਤੇ ਜ਼ੋਰ ਦਿੱਤਾ ਜਾ ਸਕਦਾ ਹੈ। ਸ਼ੁਰੂਆਤੀ ਕਲੀਸਿਯਾ ਵਿੱਚ ਅਨੁਵਾਦ ਨਾ ਕੀਤੀਆਂ ਭਾਸ਼ਾਵਾਂ ਬੋਲਣ ਦੀ ਆਗਿਆ ਨਹੀਂ ਸੀ, ਕਿਉਂਕਿ ਭਾਸ਼ਾਵਾਂ ਦਾ ਜ਼ੋਰ ਆਤਮਿਕ ਉਸਾਰੀ ਉੱਤੇ ਸੀ। ਬਹੁਤ ਸਾਰੀਆਂ ਕੈਰਿਸਮੈਟਿਕ ਕਲੀਸਿਯਾਵਾਂ ਬਾਈਬਲ ਦੀ ਸਿੱਖਿਆ ਦੇਣ ਦੇ ਖੇਤਰ ਵਿੱਚ ਲਾਪਰਵਾਹੀ ਕਰਦੀਆਂ ਹਨ। ਉਹ ਅਨੁਭਵਾਂ ਨੂੰ ਉੱਚਾ ਚੁੱਕਦੀਆਂ ਹਨ ਅਤੇ ਬਾਈਬਲ ਦੇ ਗੰਭੀਰ ਅਧਿਐਨ ਨੂੰ ਅਣਦੇਖਾ ਕਰਦੀਆਂ ਹਨ। ਜੇਕਰ ਉਹਨਾਂ ਦਾ "ਵੱਖ-ਵੱਖ ਭਾਸ਼ਾਵਾਂ ਬੋਲਣ ਦਾ ਵਰਦਾਨ" ਅਸਲੀ ਵੀ ਹੁੰਦਾ, ਤਾਂ ਵੀ ਇਹ ਕਲੀਸਿਯਾ ਦੇ ਉਸ ਫ਼ਲਸਫ਼ੇ ਨੂੰ ਵਿਕਸਿਤ ਕਰਨ ਦਾ ਬਹਾਨਾ ਨਹੀਂ ਹੋ ਸਕਦਾ ਹੈ ਜੋ ਆਤਮਿਕ ਅਨੁਭਵਾਂ ਨੂੰ ਤਾਂ ਉੱਚਾ ਚੁੱਕਦਾ ਹੋਵੇ ਪਰ ਬਾਈਬਲ ਦੇ ਅਧਿਐਨ ਅਤੇ ਉਸ ਦੀ ਵਿਖਾਇਆ ਨੂੰ ਨੀਵਾਂ ਦਿਖਾਉਂਦਾ ਹੋਵੇ।

> ਪਰ ਜਿਹੜਾ ਮਨੁੱਖ ਪਰਮੇਸ਼ਰ ਦੇ ਸੰਦੇਸ਼ ਦਾ ਪ੍ਰਚਾਰ ਕਰਦਾ ਹੈ, ਉਹ ਮਨੁੱਖਾਂ ਨਾਲ ਬੋਲਦਾ ਹੈ, ਉਹਨਾਂ ਦੀ ਆਤਮਿਕ ਉਸਾਰੀ ਕਰਦਾ ਅਤੇ ਉਤਸ਼ਾਹ ਅਤੇ ਦਿਲਾਸਾ ਦਿੰਦਾ ਹੈ। ਜਿਹੜਾ ਮਨੁੱਖ ਪਰਾਈਆਂ ਭਾਸ਼ਾਵਾਂ ਬੋਲਦਾ ਹੈ, ਉਹ ਕੇਵਲ ਆਪਣੇ ਆਪ ਨੂੰ ਹੀ ਉਸਾਰਦਾ ਹੈ ਪਰ

> ਜਿਹੜਾ ਪਰਮੇਸ਼ਰ ਦਾ ਸੰਦੇਸ਼ ਸੁਣਾਉਂਦਾ ਹੈ, ਉਹ ਸਾਰੀ ਕਲੀਸਿਯਾ ਦੀ ਉਸਾਰੀ ਕਰਦਾ ਹੈ.... ਪਰ ਕਲੀਸਿਯਾ ਵਿੱਚ **ਮੈਂ ਪੰਜ ਸ਼ਬਦ ਬੁੱਧੀ ਨਾਲ ਬੋਲਣੇ ਜ਼ਿਆਦਾ ਪਸੰਦ ਕਰਾਂਗਾ ਕਿ ਦੂਜਿਆਂ ਨੂੰ ਸਿੱਖਿਆ ਦੇਵਾਂ, ਬਜਾਏ ਇਸ ਦੇ ਕਿ ਹਜ਼ਾਰ ਸ਼ਬਦ ਪਰਾਈਆਂ ਭਾਸ਼ਾਵਾਂ ਵਿੱਚ ਬੋਲਾਂ** [1 ਕੁਰਿੰਥ 14:3-4, 12,19]

### C. ਸਾਰਿਆਂ ਕੋਲ ਵੱਖ-ਵੱਖ ਭਾਸ਼ਾਵਾਂ ਬੋਲਣ ਦਾ ਵਰਦਾਨ ਨਹੀਂ ਹੈ

ਬਹੁਤ ਸਾਰੇ ਕੈਰਿਸਮੈਟਿਕ ਮਸੀਹੀ ਦਾਅਵਾ ਕਰਦੇ ਹਨ ਕਿ ਵੱਖ-ਵੱਖ ਭਾਸ਼ਾਵਾਂ ਬੋਲਣਾ ਇੱਕ ਵਿਅਕਤੀ ਦੇ ਪਵਿੱਤਰ ਆਤਮਾ ਦਾ ਬਪਤਿਸਮਾ ਪਾਏ ਹੋਣ ਜਾਂ ਉਸ ਅੰਦਰ ਪਵਿੱਤਰ ਆਤਮਾ ਦੇ ਵਾਸ ਹੋਣ ਦਾ ਅਟੱਲ ਸੰਕੇਤ ਹੁੰਦਾ ਹੈ। ਇਸ ਤੋਂ ਇਲਾਵਾ, ਬਹੁਤ ਸਾਰੇ ਕੈਰਿਸਮੈਟਿਕ ਮਸੀਹੀ ਦੂਜਿਆਂ ਨੂੰ ਵੀ ਵੱਖ-ਵੱਖ ਭਾਸ਼ਾਵਾਂ ਦਾ ਵਰਦਾਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦੇ ਹਨ, ਅਤੇ ਜਿਸ ਦੇ ਕੋਲ ਇਹ ਵਰਦਾਨ ਨਹੀਂ ਹੈ, ਉਸ ਨੂੰ ਉਹ ਦੂਜੇ ਦਰਜੇ ਦਾ ਮਸੀਹੀ ਸਮਝਦੇ ਹਨ। ਪਰ ਬਾਈਬਲ ਇਸ ਗੱਲ ਉੱਤੇ ਸਪੱਸ਼ਟ ਹੈ ਕਿ ਸਾਰੇ ਵਿਸ਼ਵਾਸੀ ਪਵਿੱਤਰ ਆਤਮਾ ਦਾ ਬਪਤਿਸਮਾ ਪਾ ਚੁੱਕੇ ਹਨ, ਅਤੇ ਸਾਰਿਆਂ ਵਿੱਚ ਪਵਿੱਤਰ ਆਤਮਾ ਵਾਸ ਕਰਦਾ ਹੈ। ਬਾਈਬਲ ਇਸ ਗੱਲ ਬਾਰੇ ਵੀ ਸਪੱਸ਼ਟ ਹੈ ਕਿ ਪਰਮੇਸ਼ਰ ਨੇ ਅਜਿਹੀ ਕਦੇ ਵੀ ਇੱਛਾ ਨਹੀਂ ਰੱਖੀ ਸੀ ਕਿ ਸਾਰੇ ਮਸੀਹੀ ਵੱਖ-ਵੱਖ ਭਾਸ਼ਾ ਦੇ ਵਰਦਾਨ ਨੂੰ ਪ੍ਰਾਪਤ ਕਰਨ। ਪੌਲੁਸ ਦਾ ਇਹ ਸਵਾਲ ਨਕਾਰਾਤਮਕ ਜਵਾਬ ਦੀ ਮੰਗ ਕਰਦਾ ਹੈ।

> ਕੀ ਸਾਰਿਆਂ ਨੂੰ ਬਿਮਾਰਾਂ ਨੂੰ ਚੰਗਾ ਕਰਨ ਵਾਲੀ ਸਮਰੱਥਾ ਦਾ ਵਰਦਾਨ ਮਿਲਿਆ ਹੈ? ਕੀ ਸਾਰਿਆਂ ਨੂੰ ਪਰਾਈਆਂ ਭਾਸ਼ਾਵਾਂ ਬੋਲਣ ਦਾ ਵਰਦਾਨ ਮਿਲਿਆ ਹੈ? ਕੀ ਸਾਰੇ ਅਨੁਵਾਦਕ ਹਨ? [1 ਕੁਰਿੰਥ 12:30]

### D. ਇਹ ਵਿਚਾਰ ਕਮਜ਼ੋਰ ਹੈ ਕਿ ਮਸੀਹੀਆਂ ਨੂੰ ਪਰਾਈਆਂ ਭਾਸ਼ਾਵਾਂ ਅਤੇ ਹੋਰ ਵਰਦਾਨਾਂ ਦੀ ਭਾਲ ਕਰਨੀ ਚਾਹੀਦੀ ਹੈ।

1 ਕੁਰਿੰਥੀਆਂ 12 ਦੀ ਇੱਕ ਮੁੱਖ ਗੱਲ ਇਹ ਹੈ ਕਿ ਪਰਮੇਸ਼ਰ ਆਪਣੀ ਇੱਛਾ ਅਨੁਸਾਰ ਸਭ ਨੂੰ ਵਰਦਾਨ ਦਿੰਦੇ ਹਨ (1 ਕੁਰਿੰਥ 12:7, 11, 18, 24, 28)। ਇਸ ਦਾ ਅਰਥ ਇਹ ਹੈ ਕਿ ਉਹਨਾਂ ਦੀ ਇਹ ਇੱਛਾ ਨਹੀਂ ਹੈ ਕਿ ਸਭ ਨੂੰ ਇੱਕੋ ਜਿਹਾ ਵਰਦਾਨ ਮਿਲੇ, ਜਿਸ ਵਿੱਚ ਵੱਖ-ਵੱਖ ਭਾਸ਼ਾ ਵਿੱਚ ਬੋਲਣਾ ਦਾ ਵਰਦਾਨ ਵੀ ਸ਼ਾਮਲ ਹੈ। ਇੱਕ ਹੋਰ ਮੁੱਖ ਗੱਲ ਇਹ ਹੈ ਕਿ ਵਿਸ਼ਵਾਸੀਆਂ ਨੂੰ ਆਪਣੇ ਵਰਦਾਨ ਨਾਲ ਸੰਤੁਸ਼ਟ ਰਹਿਣਾ ਚਾਹੀਦਾ ਹੈ। ਕਿਸੇ ਵਰਦਾਨ ਦੇ ਨਾ ਮਿਲਣ ਤੇ ਕੋਈ ਨਿਰਾਸ਼ ਨਾ ਹੋਵੇ ਅਤੇ ਨਾ ਹੀ ਉਹਨਾਂ ਪ੍ਰਤੀ ਈਰਖਾ ਰੱਖੇ, ਜਿਹਨਾਂ ਕੋਲ ਇੱਕ ਵੱਖਰਾ ਵਰਦਾਨ ਹੈ (1 ਕੁਰਿੰਥ 12:15ff.)। ਇਹਨਾਂ ਦੋਵੇਂ ਗੱਲਾਂ ਉੱਤੇ ਜ਼ੋਰ ਦੇਣ ਤੋਂ ਬਾਅਦ, ਕਿਸੇ ਹੋਰ ਵਰਦਾਨ ਦੀ "ਲਾਲਸਾ" ਦੇ ਵਿਚਾਰ ਨੂੰ ਮਿਲਾਉਣਾ ਮੁਸ਼ਕਲ ਹੈ। ਪਰਮੇਸ਼ਰ ਉਸ ਤਰ੍ਹਾਂ ਵਰਦਾਨ ਵੰਡਦੇ ਹਨ ਜਿਵੇਂ ਉਹਨਾਂ ਨੂੰ ਚੰਗਾ ਲੱਗਦਾ ਹੈ। ਸਾਨੂੰ ਉਹਨਾਂ ਦੁਆਰਾ ਕੀਤੇ ਗਏ ਕੰਮ ਵਿੱਚ ਸੰਤੁਸ਼ਟ ਰਹਿਣਾ ਚਾਹੀਦਾ ਹੈ।

ਉਹ ਆਇਤਾਂ ਜੋ ਸ਼ਾਇਦ ਦੂਜੇ ਵਰਦਾਨਾਂ ਦੀ ਭਾਲ ਕਰਨ ਦਾ ਸੁਝਾਅ ਦਿੰਦੀਆਂ ਹਨ, ਉਹਨਾਂ ਦੀ ਇੱਕ ਅਲੱਗ ਤਰੀਕੇ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ। 1 ਕੁਰਿੰਥ 12:31 ਵਿੱਚ ਲਿਖਿਆ ਹੈ, "ਤੁਸੀਂ ਉੱਤਮ ਵਰਦਾਨਾਂ ਦੇ ਚਾਹਵਾਨ ਰਹੋ।" "ਚਾਹਵਾਨ ਰਹਿਣ" ਲਈ ਯੂਨਾਨੀ ਸ਼ਬਦ *ਜ਼ੀਲਾਓ* ਹੈ, ਅਤੇ ਇਸ ਦਾ "ਚਾਹਵਾਨ ਰਹੋ" ਅਰਥ ਬਿਲਕੁਲ ਸਹੀ ਹੈ। ਇਸ ਤੋਂ ਇਲਾਵਾ, ਇਸ ਦਾ ਕਿਰਿਆ ਰੂਪ ਬਹੁਵਚਨ ਹੈ। ਇਸ ਤਰ੍ਹਾਂ, ਪੌਲੁਸ ਪੂਰੀ ਕਲੀਸਿਯਾ ਨੂੰ ਇੱਕ **ਸਮੂੱਚੇ ਰੂਪ** ਵਿੱਚ ਉੱਤਮ ਵਰਦਾਨਾਂ ਲਈ ਚਾਹਵਾਨ ਰਹਿਣ ਦੇ ਲਈ ਕਹਿ ਰਿਹਾ ਹੈ। ਕਲੀਸਿਯਾ ਨੂੰ ਆਪਣੀ ਸਮੂਹਿਕ ਸੇਵਕਾਈ ਅਤੇ ਅਰਾਧਨਾ ਵਿੱਚ ਭਵਿੱਖਬਾਣੀ ਅਤੇ ਸਿੱਖਿਆ ਵਰਗੇ ਉੱਤਮ ਵਰਦਾਨਾਂ ਉੱਤੇ ਜ਼ੋਰ ਦੇਣਾ ਚਾਹੀਦਾ ਹੈ। 1 ਕੁਰਿੰਥ 12:31 ਨੂੰ ਇਸ ਤਰ੍ਹਾਂ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਪਰਮੇਸ਼ਰ ਦੁਆਰਾ ਦਿੱਤੇ ਵਰਦਾਨ ਤੋਂ ਅਸੰਤੁਸ਼ਟ ਹੋ ਕੇ ਕਿਸੇ ਹੋਰ ਵਰਦਾਨ ਦੀ ਖੋਜ ਵਿੱਚ ਰਹਿਣ ਬਾਰੇ ਸਿਖਾਉਂਦਾ ਹੈ। ਸੰਦਰਭ ਨੂੰ ਦੇਖਦੇ ਹੋਏ, ਜੋ ਪਰਮੇਸ਼ਰ ਦੇ ਆਪਣੀ ਇੱਛਾ ਅਨੁਸਾਰ ਵਰਦਾਨ ਦੇਣ ਅਤੇ ਮਸੀਹ ਦੇ ਸਰੀਰ ਵਿੱਚ ਆਪਣੀ ਸਥਿਤੀ ਨਾਲ ਸੰਤੁਸ਼ਟ ਰਹਿਣ ਦੀ ਸਾਡੇ ਜ਼ਿੰਮੇਵਾਰੀ ਉੱਤੇ ਜ਼ੋਰ ਦਿੰਦਾ ਹੈ, ਤਾਂ ਇਹ ਜ਼ਿਆਦਾ ਵਧੀਆ ਰਹੇਗਾ ਕਿ 1 ਕੁਰਿੰਥ 12:31 ਦੀ ਆਗਿਆ ਨੂੰ ਸਿਰਫ਼ ਇੱਕ ਵਿਅਕਤੀ ਦੇ ਲਈ ਨਹੀਂ ਬਲਕਿ ਪੂਰੀ ਕਲੀਸਿਯਾ ਦੇ ਲਈ ਇੱਕ ਸਮੂਹਿਕ ਹੁਕਮ ਦੇ ਰੂਪ ਵਿੱਚ ਲਿਆ ਜਾਵੇ। ਇਸ ਤਰ੍ਹਾਂ, ਕਿਸੇ ਇੱਕ ਵਿਅਕਤੀ ਦੁਆਰਾ ਹੋਰ ਵਰਦਾਨਾਂ ਦੀ ਭਾਲ ਕਰਨ ਦੀ ਦਲੀਲ ਕਮਜ਼ੋਰ ਹੋ ਜਾਂਦੀ ਹੈ।[49]

ਜੇਕਰ ਇਸ ਤੋਂ ਬਾਅਦ ਕੋਈ ਵਿਅਕਤੀਗਤ ਵਰਦਾਨਾਂ ਦੀ ਖੋਜ ਕਰਨ ਦੇ ਵਿਚਾਰ ਉੱਤੇ ਕਾਇਮ ਰਹਿਣਾ ਚਾਹੁੰਦਾ ਹੈ, ਤਾਂ ਉਸ ਨੂੰ

[49] ਕੁਝ ਲੋਕ 1 ਕੁਰਿੰਥ 12:31 ਨੂੰ ਇੱਕ ਹੁਕਮ ਨਹੀਂ ਪਰ ਇੱਕ ਕਥਨ ਦੇ ਰੂਪ ਵਿੱਚ ਲੈਂਦੇ ਹਨ। ਇਹ ਵਿਆਕਰਣ ਦੇ ਅਨੁਸਾਰ ਅਜਿਹਾ ਕਰਨਾ ਸੰਭਵ ਹੈ ਅਤੇ ਇਸ ਤਰ੍ਹਾਂ ਵਰਦਾਨਾਂ ਦੀ ਵਿਅਕਤੀਗਤ ਖੋਜ ਦੀ ਸੰਭਵਨਾ ਵੀ ਖ਼ਤਮ ਹੋ ਜਾਂਦੀ ਹੈ। ਪਰ ਅਸਲ ਵਿੱਚ ਕੁਰਿੰਥੁਸ ਦੇ ਲੋਕ ਭਵਿੱਖਬਾਣੀ ਅਤੇ ਸਿੱਖਿਆ ਵਰਗੇ ਵੱਡੇ ਵਰਦਾਨਾਂ ਦੀ ਭਾਲ **ਨਹੀਂ** ਕਰ ਰਹੇ ਸਨ। ਇਸ ਤੋਂ ਇਲਾਵਾ, 1 ਕੁਰਿੰਥ 14:1 ਦੇ ਸਮਾਨਾਂਤਰ ਵਾਕਾਂਸ਼ ਨੂੰ ਵੀ ਇੱਕ ਹੁਕਮ ਦੇ ਰੂਪ ਵਿੱਚ ਹੀ ਲੈਣਾ ਜਾਣਾ ਚਾਹੀਦਾ ਹੈ। ਕਿਉਂਕਿ 1 ਕੁਰਿੰਥੀਆਂ 13 ਬ੍ਰੈਕਟ ਵਿੱਚ ਹੈ, ਇਸ ਦਾ ਇਹ ਅਰਥ ਹੈ ਕਿ 1 ਕੁਰਿੰਥ 12:31 ਅਤੇ 14:1 ਸਮਾਨਾਂਤਰ ਵਚਨ ਹਨ। ਕਿਉਂਕਿ 14:1 ਇੱਕ ਹੁਕਮ ਹੈ, ਇਸ ਲਈ 12:31 ਨੂੰ ਵੀ ਇੱਕ ਹੁਕਮ ਹੀ ਮੰਨਣਾ ਚਾਹੀਦਾ ਹੈ (ਸੰਕੇਤਕ ਨਹੀਂ ਪਰ ਹੁਕਮ)। ਇੱਥੇ ਮੁੱਖ ਗੱਲ ਇਹ ਹੈ ਕਿ ਪੌਲੁਸ ਦੇ ਹੁਕਮ ਨੂੰ ਇੱਕ ਵਿਅਕਤੀਗਤ ਹੁਕਮ ਨਹੀਂ ਪਰ ਪੂਰੀ ਕਲੀਸਿਯਾ (ਬਹੁਵਚਨ) ਨੂੰ ਦਿੱਤਾ ਗਿਆ ਹੁਕਮ ਮੰਨਣਾ ਚਾਹੀਦਾ ਹੈ।

ਇਸ ਤੱਥ ਉੱਤੇ ਧਿਆਨ ਦੇਣਾ ਚਾਹੀਦਾ ਹੈ ਕਿ 1 ਕੁਰਿੰਥ 12:31 ਫਿਰ ਵੀ ਵੱਖ-ਵੱਖ ਭਾਸ਼ਾਵਾਂ ਵਰਗੇ ਵਰਦਾਨਾਂ ਦੀ ਮੰਗ ਕਰਨ ਦਾ ਸਮਰਥਨ ਨਹੀਂ ਕਰਦਾ ਹੈ। ਜੇਕਰ ਕੋਈ 1 ਕੁਰਿੰਥ 12:31 ਨੂੰ ਇੱਕ ਵਿਅਕਤੀਗਤ ਹੁਕਮ ਦੇ ਰੂਪ ਵਿੱਚ ਲੈਣਾ ਚਾਹੁੰਦਾ ਹੈ, ਤਾਂ ਅੱਜ ਦੇ ਸਮੇਂ ਵਿੱਚ ਉਸ ਨੂੰ ਸਿੱਖਿਆ ਦੇਣ ਦੇ ਵਰਦਾਨ ਦੇ ਰੂਪ ਵਿੱਚ ਲਾਗੂ ਕਰਨਾ ਸਭ ਤੋਂ ਵਧੀਆ ਰਹੇਗਾ।

### E. ਪ੍ਰਾਰਥਨਾ ਕਰਨ ਲਈ ਪਰਾਈਆਂ ਭਾਸ਼ਾਵਾਂ ਦੇ ਜ਼ਰੂਰੀ ਹੋਣ ਦੀ ਦਲੀਲ ਕਮਜ਼ੋਰ ਹੈ

ਬਹੁਤ ਸਾਰੇ ਕੈਰਿਸਮੈਟਿਕ ਮਸੀਹੀ "ਵੱਖ-ਵੱਖ ਭਾਸ਼ਾਵਾਂ" ਨੂੰ ਪ੍ਰਾਰਥਨਾ ਦੀ ਭਾਸ਼ਾ ਵਜੋਂ ਮੰਨਦੇ ਹਨ, ਅਤੇ ਮਹਿਸੂਸ ਕਰਦੇ ਹਨ ਕਿ ਉਹਨਾਂ ਦਾ "ਵਰਦਾਨ" ਨਿੱਜੀ ਵਰਤੋਂ ਲਈ ਹੈ। ਪਰ ਅਜਿਹੇ ਦਾਅਵਿਆਂ ਨੂੰ ਬਾਈਬਲ ਅਨੁਸਾਰ ਸਹੀ ਸਾਬਤ ਕਰਨਾ ਮੁਸ਼ਕਲ ਹੋਵੇਗਾ। ਇਹ ਪਹਿਲਾਂ ਹੀ ਦੱਸਿਆ ਜਾ ਚੁੱਕਾ ਹੈ ਕਿ ਮੱਤੀ 6:7 ਪ੍ਰਾਰਥਨਾ ਵਿੱਚ ਸਮਝ ਨਾ ਆਉਣ ਵਾਲੀ ਭਾਸ਼ਾ ਬੋਲਣ ਤੋਂ ਮਨ੍ਹਾ ਕਰਦਾ ਹੈ। ਅਤੇ, 1 ਕੁਰਿੰਥ 14:15 ਵੀ ਅਜਿਹੇ ਸ਼ਬਦਾਂ ਵਿੱਚ ਪ੍ਰਾਰਥਨਾ ਕਰਨ ਤੋਂ ਮਨ੍ਹਾ ਕਰਦਾ ਹੈ ਜਿਹਨਾਂ ਨੂੰ ਬੁੱਧ ਨਾਲ ਸਮਝਿਆ ਨਹੀਂ ਜਾ ਸਕਦਾ ਹੈ। ਕਿਉਂਕਿ ਇਹ ਉਹਨਾਂ ਜਾਇਜ਼ ਵਿਦੇਸ਼ੀ ਭਾਸ਼ਾਵਾਂ ਲਈ ਸੱਚ ਹੈ ਜਿਹਨਾਂ ਨੂੰ ਸਮਝਿਆ ਨਹੀਂ ਜਾ ਸਕਦਾ ਹੈ, ਤਾਂ ਕੀ ਇਸ ਵਿੱਚ ਕੋਈ ਸ਼ੱਕ ਹੋ ਸਕਦਾ ਹੈ ਕਿ ਪੌਲੁਸ ਨੇ ਪ੍ਰਾਰਥਨਾ ਵਿੱਚ ਅਰਥਹੀਣ ਭਾਸ਼ਾ ਤੋਂ ਮਨ੍ਹਾ ਕੀਤਾ ਹੋਵੇਗਾ?

ਹਾਲਾਂਕਿ ਇੱਕ ਵਰਦਾਨ ਕਿਸੇ ਲਈ ਵਿਅਕਤੀਗਤ ਤੌਰ ਤੇ ਲਾਭਦਾਇਕ ਹੋ ਸਕਦਾ ਹੈ, ਪਰ ਸਾਰੇ ਵਾਰਦਾਨਾਂ ਦਾ ਉਦੇਸ਼ ਦੂਜਿਆਂ ਨੂੰ ਲਾਭ ਪਹੁੰਚਾਉਣਾ ਹੁੰਦਾ ਹੈ (1 ਕੁਰਿੰਥ 12:7)। ਇਹ ਮੰਨਣਾ ਮੁਸ਼ਕਲ ਹੈ ਕਿ ਕੋਈ ਵਰਦਾਨ ਵਿਅਕਤੀਗਤ ਲਾਭ ਦੇ ਲਈ ਵਰਤਣ ਲਈ ਦਿੱਤਾ ਗਿਆ ਹੋਵੇ। ਇਸ ਤੋਂ ਇਲਾਵਾ, ਸਾਰੇ ਵਰਦਾਨਾਂ ਦੀ ਵਰਤੋਂ ਪਿਆਰ ਨਾਲ ਕੀਤੀ ਜਾਣੀ ਚਾਹੀਦੀ ਹੈ (1 ਕੁਰਿੰਥੀਆਂ 13)। ਇਸ ਤੋਂ ਵੀ ਇਹ ਸੰਕੇਤ ਮਿਲਦਾ ਹੈ ਕਿ ਕੋਈ ਵੀ ਵਰਦਾਨ ਨਿੱਜੀ ਵਰਤੋਂ ਦੇ ਲਈ ਨਹੀਂ, ਪਰ ਸਾਰਿਆਂ ਦੇ ਲਾਭ ਦੇ ਲਈ ਹੈ। 1 ਕੁਰਿੰਥ 14:22 ਵਿੱਚ ਵੱਖ-ਵੱਖ ਭਾਸ਼ਾਵਾਂ ਬਾਰੇ ਕਿਹਾ ਗਿਆ ਹੈ ਕਿ ਇਹ ਵਿਸ਼ੇਸ਼ ਤੌਰ ਤੇ ਅਵਿਸ਼ਵਾਸੀਆਂ ਲਈ ਹਨ। ਜੇਕਰ ਇਸ ਵਰਦਾਨ ਨੂੰ ਨਿੱਜੀ ਪ੍ਰਾਰਥਨਾ ਲਈ ਦਿੱਤਾ ਜਾਂਦਾ ਤਾਂ ਇਸ ਵਰਦਾਨ ਨਾਲ ਅਵਿਸ਼ਵਾਸੀਆਂ ਨੂੰ ਲਾਭ ਪਹੁੰਚਾਉਣਾ ਮੁਸ਼ਕਲ ਹੋਣਾ ਸੀ। ਇਹ ਸਾਰੇ ਤੱਥ ਇਸ ਵਿਚਾਰ ਦੇ ਵਿਰੁੱਧ ਸੰਘਰਸ਼ ਕਰਦੇ ਹਨ ਕਿ ਪਰਮੇਸ਼ਰ ਨੇ ਕਿਸੇ ਨੂੰ ਵੱਖ-ਵੱਖ ਭਾਸ਼ਾਵਾਂ ਉਸ ਦੇ ਨਿੱਜੀ ਉਪਯੋਗ ਲਈ ਦਿੱਤੀਆਂ ਹੋਣਗੀਆਂ।

ਅੰਤ ਵਿੱਚ, ਕੈਰਿਸਮੈਟਿਕ ਮਸੀਹੀ ਲੋਕ ਜਿਹਨਾਂ ਆਇਤਾਂ ਨੂੰ ਨਿੱਜੀ "ਪ੍ਰਾਰਥਨਾ ਵਿੱਚ ਭਾਸ਼ਾਵਾਂ" ਦਾ ਸਮਰਥਨ ਕਰਨ ਵਾਲੀਆਂ ਆਇਤਾਂ ਕਹਿੰਦੇ ਹਨ, ਉਹਨਾਂ ਦੀ ਵਿਆਖਿਆ ਇੱਕ ਹੋਰ ਵਧੀਆ ਤਰੀਕੇ ਨਾਲ ਕੀਤੀ ਜਾ ਸਕਦੀ ਹੈ। 1 ਕੁਰਿੰਥ 14:1 ਇਹ ਸਿਖਾਉਂਦਾ ਹੈ ਕਿ ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ ਭਵਿੱਖਬਾਣੀ ਨਾਲੋਂ ਛੋਟਾ ਹੈ। ਆਇਤ 2 "ਕਿਉਂਕਿ" ਨਾਲ ਸ਼ੁਰੂ ਹੁੰਦੀ ਹੈ। ਇਸ ਤਰ੍ਹਾਂ, ਆਇਤ 2 ਪਰਾਈਆਂ ਭਾਸ਼ਾਵਾਂ ਦੀ ਨਿੱਜੀ ਵਰਤੋਂ ਦਾ ਸਮਰਥਨ ਨਹੀਂ ਕਰਦੀ ਹੈ। ਇਹ ਆਇਤ 1 ਦੇ ਇਸ ਵਿਚਾਰ ਦੇ ਸਮਰਥਨ ਵਿੱਚ ਇੱਕ ਨਕਾਰਾਤਮਕ ਬਿਆਨ ਦੇ ਰਹੀ ਹੈ ਕਿ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣਾ ਭਵਿੱਖਬਾਣੀ ਨਾਲੋਂ ਛੋਟਾ ਹੈ। ਅਸੀਂ 1 ਕੁਰਿੰਥ 14:1-2 ਦੀ ਸਿੱਖਿਆ ਨੂੰ ਸੰਖੇਪ ਵਿੱਚ ਇਸ ਤਰ੍ਹਾਂ ਕਹਿ ਸਕਦੇ ਹਾਂ: "ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣਾ ਭਵਿੱਖਬਾਣੀ ਨਾਲੋਂ ਇਸ ਲਈ ਛੋਟਾ ਹੈ ਕਿਉਂਕਿ ਸਿਰਫ਼ ਪਰਮੇਸ਼ਰ ਹੀ ਉਸ ਭਾਸ਼ਾ ਨੂੰ ਸਮਝ ਸਕਦੇ ਹਨ ਜਿਸ ਦਾ ਅਨੁਵਾਦ ਨਹੀਂ ਕੀਤਾ ਗਿਆ ਹੋਵੇ।" 1 ਕੁਰਿੰਥ 14:2 ਵੱਖ-ਵੱਖ ਭਾਸ਼ਾਵਾਂ ਦੀ ਨਿੱਜੀ ਵਰਤੋਂ ਦਾ ਸਮਰਥਨ ਨਹੀਂ ਕਰਦਾ ਹੈ। ਇਹ ਅਨੁਵਾਦ ਨਾ ਕੀਤੀ ਜਾਣ ਵਾਲੀ ਭਾਸ਼ਾ ਦੀ ਵਰਤੋਂ ਦੀ ਆਲੋਚਨਾ ਕਰ ਰਿਹਾ ਹੈ। ਸਿਰਫ਼ ਪਰਮੇਸ਼ਰ ਹੀ ਜਾਣਦੇ ਹਨ ਕਿ ਅਜਿਹੀ ਭਾਸ਼ਾਵਾਂ ਦਾ ਕੀ ਅਰਥ ਹੁੰਦਾ ਹੈ।

ਇਸੇ ਤਰ੍ਹਾਂ, 1 ਕੁਰਿੰਥ 14:4 ਵਿੱਚ ਪੌਲੁਸ ਦਾ ਬਿਆਨ ਵੀ ਵੱਖ-ਵੱਖ ਭਾਸ਼ਾਵਾਂ ਦੀ ਨਿੱਜੀ ਵਰਤੋਂ ਦਾ ਸਮਰਥਨ ਨਹੀਂ ਕਰਦਾ ਹੈ। ਇਹ ਅਨੁਵਾਦ ਨਾ ਕੀਤੇ ਜਾਣ ਵਾਲੀਆਂ ਭਾਸ਼ਾਵਾਂ ਦੀ ਵਰਤੋਂ ਦੀ ਅਲੋਚਨਾ ਹੈ। ਇਸ ਆਇਤ ਦਾ ਪਹਿਲਾਂ ਭਾਗ ਦੱਸਦਾ ਹੈ, "ਜਿਹੜਾ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਦਾ ਹੈ, ਉਹ ਕੇਵਲ ਆਪਣੇ ਆਪ ਨੂੰ ਹੀ ਉਸਾਰਦਾ ਹੈ।" ਇਸ ਸੰਦਰਭ ਵਿੱਚ, ਆਪਣੇ ਆਪ ਨੂੰ ਉਸਾਰਨਾ ਪ੍ਰਸ਼ੰਸਾਯੋਗ ਨਹੀਂ ਹੈ; ਇਹ ਆਲੋਚਨਾ ਦੇ ਯੋਗ ਹੈ। ਅਗਲੀ ਸਤਰ ਇਹ ਸਿਖਾਉਂਦੀ ਹੈ ਕਿ ਭਵਿੱਖਬਾਣੀ ਇਸ ਤੋਂ ਉੱਤਮ ਹੈ ਕਿਉਂਕਿ ਇਹ ਸਾਰੀ ਕਲੀਸਿਯਾ ਦੀ ਉਸਾਰੀ ਕਰਦੀ ਹੈ (ਸ਼ਬਦ "ਉਸਾਰੀ" ਦੇ ਨਕਾਰਾਤਮਕ ਪਹਿਲੂ ਲਈ 1 ਕੁਰਿੰਥ 8:10 ਨੂੰ ਯੂਨਾਨੀ ਭਾਸ਼ਾ ਵਿੱਚ ਦੇਖੋ)। 1 ਕੁਰਿੰਥ 14:4 ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਪ੍ਰਾਰਥਨਾ ਦੀ ਭਾਸ਼ਾ ਹੋਣ ਦਾ ਸਮਰਥਨ ਨਹੀਂ ਮਿਲਦਾ ਹੈ।

1 ਕੁਰਿੰਥ 14:28 ਨੂੰ ਵੀ ਇਸ ਵਿਚਾਰ ਦੇ ਅਨੁਕੂਲ ਬਣਾਇਆ ਜਾ ਸਕਦਾ ਹੈ ਕਿ ਵੱਖ-ਵੱਖ ਭਾਸ਼ਾਵਾਂ ਨੂੰ ਕਦੇ ਵੀ ਨਿੱਜੀ ਵਰਤੋਂ ਲਈ ਨਹੀਂ ਦਿੱਤਾ ਗਿਆ ਸੀ। ਇਹ ਆਇਤ ਵੱਖ-ਵੱਖ ਭਾਸ਼ਾਵਾਂ ਵਿੱਚ ਬੋਲਣ ਵਾਲੇ ਨੂੰ ਕਲੀਸਿਯਾ ਵਿੱਚ ਚੁੱਪ ਰਹਿਣ ਦਾ ਹੁਕਮ ਦਿੰਦੀ ਹੈ ਜੇਕਰ ਇਸ ਦਾ ਕੋਈ ਅਨੁਵਾਦਕ ਨਹੀਂ ਹੁੰਦਾ ਹੈ। ਇਸ ਆਇਤ ਦਾ ਆਖ਼ਰੀ ਹਿੱਸਾ ਦੱਸਦਾ ਹੈ, "ਉਹ ਸਿਰਫ਼ ਆਪਣੇ ਆਪ ਅਤੇ ਪਰਮੇਸ਼ਰ ਨਾਲ ਗੱਲਾਂ ਕਰੇ।" ਸ਼ਾਇਦ ਇਸ ਦਾ ਅਰਥ ਸਿਰਫ਼ ਇਹ ਹੈ ਕਿ ਪਰਾਈਆਂ ਭਾਸ਼ਾਵਾਂ ਬੋਲਣ ਵਾਲਾ ਅਨੁਵਾਦਕ ਦੇ ਨਾ ਹੋਣ ਤੇ ਸਭ ਦੇ ਸਾਹਮਣੇ ਪਰਾਈਆਂ ਭਾਸ਼ਾਵਾਂ ਵਿੱਚ ਨਾ ਬੋਲੇ, ਬਲਕਿ

ਕਲੀਸਿਯਾ ਦੀ ਸਭ ਵਿੱਚ ਆਪਣੀ ਮਾਂ ਬੋਲੀ ਵਿੱਚ ਸ਼ਾਂਤੀ ਨਾਲ ਧਿਆਨ ਅਤੇ ਪ੍ਰਾਰਥਨਾ ਕਰਦਾ ਰਹੇ। ਇਸ ਆਇਤ ਨੂੰ ਪ੍ਰਾਰਥਨਾ ਵਿੱਚ ਵੱਖ-ਵੱਖ ਭਾਸ਼ਾਵਾਂ ਦੀ ਵਰਤੋਂ ਦੇ ਕਿਸੇ ਵੀ ਸਮਰਥਨ ਵਜੋਂ ਲੈਣ ਦੀ ਜ਼ਰੂਰਤ ਨਹੀਂ ਹੈ।

ਸੰਖੇਪ ਵਿੱਚ, ਇਹ ਸਪੱਸ਼ਟ ਹੈ ਕਿ ਬਾਈਬਲ ਪ੍ਰਾਰਥਨਾ ਵਿੱਚ ਵੱਖ-ਵੱਖ ਭਾਸ਼ਾਵਾਂ ਦੀ ਵਰਤੋਂ ਦੀ ਪੁਸ਼ਟੀ ਨਹੀਂ ਕਰਦੀ ਹੈ। ਸਾਰੇ ਵਿਸ਼ਵਾਸੀ ਜਾਜਕ ਹਨ ਅਤੇ ਪ੍ਰਾਰਥਨਾ ਦੇ ਕਿਸੇ ਵਿਸ਼ੇਸ਼ ਵਰਦਾਨ ਦੇ ਬਿਨਾਂ ਹੀ ਸਾਰਿਆਂ ਦੀ ਪਰਮੇਸ਼ਰ ਦੇ ਕੋਲ ਬਰਾਬਰ ਦੀ ਪਹੁੰਚ ਹੈ (ਅਫ਼ਸੀ 2:18; 1 ਪਤਰਸ 2:9; ਪ੍ਰਕਾਸ਼ 1:6; 5:10)। ਜੇਕਰ ਕੋਈ ਭਾਸ਼ਾ ਸਮਝ ਹੀ ਨਹੀਂ ਆਉਂਦੀ ਹੈ ਤਾਂ ਇਸ ਵਿੱਚ ਪ੍ਰਾਰਥਨਾ ਕਰਨ ਦੀ ਸਲਾਹ ਨਹੀਂ ਦਿੱਤੀ ਜਾ ਸਕਦੀ ਹੈ (1 ਕੁਰਿੰਥ 14:15)। ਸਮਝ ਨਾ ਆਉਣ ਵਾਲੀ ਭਾਸ਼ਾ ਜੋ ਇੱਕ ਅਸਲੀ ਭਾਸ਼ਾ ਦਾ ਹਿੱਸਾ ਨਹੀਂ ਹੈ, ਉਸ ਵਿੱਚ ਪ੍ਰਾਰਥਨਾ ਕਰਨ ਦੀ ਆਗਿਆ ਨਹੀਂ ਦਿੱਤੀ ਗਈ ਹੈ (ਮੱਤੀ 6:7)।

### F. ਵੱਖ-ਵੱਖ ਭਾਸ਼ਾਵਾਂ ਸਿਰਫ਼ ਅਵਿਸ਼ਵਾਸੀਆਂ ਦੇ ਲਈ ਇੱਕ ਚਿੰਨ੍ਹ ਹੋਣ

1 ਕੁਰਿੰਥ 14:22 ਇਹ ਸਿਖਾਉਂਦਾ ਹੈ ਕਿ ਪਰਾਈਆਂ ਭਾਸ਼ਾਵਾਂ ਅਵਿਸ਼ਵਾਸੀਆਂ ਲਈ ਚਿੰਨ੍ਹ ਹਨ। ਆਧੁਨਿਕ ਕੈਰਿਸਮੈਟਿਕ ਅੰਦੋਲਨ ਵਿੱਚ ਪਰਾਈਆਂ ਭਾਸ਼ਾਵਾਂ ਕੇਵਲ ਕਲੀਸਿਯਾ ਵਿੱਚ ਵਰਤੀਆਂ ਜਾਂਦੀਆਂ ਹਨ ਅਤੇ ਅਵਿਸ਼ਵਾਸੀ ਦੇ ਲਈ ਸ਼ੁਭ-ਸਮਾਚਾਰ ਦੇ ਪ੍ਰਚਾਰ ਲਈ ਬਹੁਤ ਹੀ ਘੱਟ ਵਰਤੀਆਂ ਜਾਂਦੀਆਂ ਹਨ।

### G. ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਵਾਲੇ ਆਪਣੇ ਪੂਰੇ ਨਿਯੰਤਰਨ ਵਿੱਚ ਰਹਿਣ

1 ਕੁਰਿੰਥ 14:32 ਇਹ ਸਿਖਾਉਂਦਾ ਹੈ, “ਨਬੀ ਆਪਣੀਆਂ ਆਤਮਾਵਾਂ ਨੂੰ ਕਾਬੂ ਵਿੱਚ ਰੱਖਦੇ ਹਨ।” ਇਸ ਦਾ ਅਰਥ ਹੈ ਕਿ ਨਵੇਂ ਨੇਮ ਦੇ ਭਵਿੱਖਬਾਣੀ ਦੇ ਵਰਦਾਨ ਦੀ ਵਰਤੋਂ ਵਿੱਚ ਕੋਈ ਮਦਹੋਸ਼ੀ ਵਾਲੀ ਸਮਾਧੀ ਦੀ ਸਥਿਤੀ ਸ਼ਾਮਲ ਨਹੀਂ ਹੁੰਦੀ ਹੈ, ਜਿੱਥੇ ਇੱਕ ਵਿਅਕਤੀ ਆਪਣੇ ਕਾਬੂ ਤੋਂ ਬਾਹਰ ਹੋ ਜਾਵੇ। ਇਸ ਤੋਂ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਪਰਾਈਆਂ ਭਾਸ਼ਾਵਾਂ ਦੇ ਵਰਦਾਨ ਦੀ ਵਰਤੋਂ ਕਰਦੇ ਸਮੇਂ ਵੀ ਇਹੀ ਸ਼ਰਤਾਂ ਸਹੀ ਹਨ। ਫਿਰ ਵੀ, ਬਹੁਤ ਸਾਰੇ ਕਰਿਸਮੈਟਿਕ ਲੋਕ ਮਦਹੋਸ਼ੀ ਵਾਲੀ ਸਮਾਧੀ ਦੀ ਸਥਿਤੀ ਨੂੰ ਆਤਮਿਕ ਸਥਿਤੀ ਕਹਿੰਦੇ ਹਨ।

### H. ਕਲੀਸਿਯਾ ਸਭਾ ਵਿੱਚ ਸਿਰਫ਼ ਸਮਝਣ ਯੋਗ ਭਾਸ਼ਾ ਹੀ ਬੋਲੀ ਜਾਵੇ

ਬਹੁਤ ਸਾਰੇ ਕੈਰਿਸਮੈਟਿਕ ਸਮੂਹ ਇਸ ਮਿਆਰ ਦੀ ਉਲੰਘਣਾ ਕਰਦੇ ਹਨ। ਸ਼ੁਰੂਆਤੀ ਕਲੀਸਿਯਾ ਵਿੱਚ ਅਨੁਵਾਦ ਨਾ ਕੀਤੀਆਂ ਜਾਣ ਵਾਲੀਆਂ ਭਾਸ਼ਾਵਾਂ ਬੋਲਣ ਦੀ ਆਗਿਆ ਨਹੀਂ ਸੀ (1 ਕੁਰਿੰਥ 14:7-12, 28)। ਇਹ ਵਿਚਾਰ ਸਹੀ ਹੀ ਸੀ ਕਿ ਬਾਹਰ ਦੇ ਲੋਕ ਉਹਨਾਂ ਵਿਦੇਸ਼ੀ ਭਾਸ਼ਾਵਾਂ ਨੂੰ ਇੱਕ ਪਾਗਲਪਣ ਸਮਝਣ ਜਿਹਨਾਂ ਦਾ ਕਲੀਸਿਯਾ ਦੀ ਸਭਾ ਵਿੱਚ ਅਨੁਵਾਦ ਨਾ ਕੀਤਾ ਜਾ ਰਿਹਾ ਹੋਵੇ (1 ਕੁਰਿੰਥ14:23)। ਸਮਝ ਨਾ ਆਉਣ ਵਾਲੀਆਂ ਭਾਸ਼ਾਵਾਂ ਦੀ ਵਰਤੋਂ ਉੱਤੇ ਜ਼ੋਰ ਦੇਣਾ ਛੋਟੇ ਬੱਚੇ ਵਰਗੀ ਸਮਝ ਨੂੰ ਦਰਸਾਉਂਦਾ ਹੈ (1 ਕੁਰਿੰਥ 14:20)।

ਜਿਸ ਸਮੇਂ ਪਰਾਈਆਂ ਭਾਸ਼ਾਵਾਂ ਦਾ ਅਸਲੀ ਵਰਦਾਨ ਦਿੱਤਾ ਜਾ ਰਿਹਾ ਸੀ, ਉਸ ਸਮੇਂ ਵੀ ਕਲੀਸਿਯਾ ਵਿੱਚ ਸਮਝ ਨਾ ਆਉਣ ਵਾਲੀਆਂ ਭਾਸ਼ਾਵਾਂ ਵਿੱਚ ਬੋਲਣ ਤੇ ਰੋਕ ਲੱਗੀ ਹੋਈ ਸੀ। ਇਸ ਲਈ, ਇਹ ਤਰਕ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ ਹੈ ਕਿ ਬੁੜਬੁੜ ਕਰਨਾ, ਜੋ ਕਿਸੇ ਅਸਲੀ ਭਾਸ਼ਾ ਵਿੱਚ ਸ਼ਾਮਲ ਨਹੀਂ ਹੈ, ਕਲੀਸਿਯਾ ਵਿੱਚ ਉਸ ਦੇ ਬੋਲੇ ਜਾਣ ਤੇ ਵੀ ਰੋਕ ਲਗਾਉਣੀ ਚਾਹੀਦੀ ਹੈ।

### I. ਇੱਕ ਸਭਾ ਵਿੱਚ ਕਿੰਨੇ ਪਰਾਈ ਭਾਸ਼ਾ ਬੋਲਣ ਵਾਲੇ ਹੋਣ

ਇੱਕ ਸਭਾ ਵਿੱਚ ਦੋ ਜਾਂ ਤਿੰਨ ਪਰਾਈ ਭਾਸ਼ਾ ਵਿੱਚ ਬੋਲਣ ਵਾਲੇ ਹੋ ਸਕਦੇ ਹਨ, ਅਤੇ ਉਹ ਵਾਰੀ ਵਾਰੀ ਬੋਲ ਸਕਦੇ ਹਨ (1 ਕੁਰਿੰਥ 14:27)। ਇਹਨਾਂ ਨਿਰਦੇਸ਼ਾਂ ਦੀ ਪਾਲਣਾ ਕਰਨਾ ਕਾਫ਼ੀ ਆਸਾਨ ਹੋਣਾ ਚਾਹੀਦਾ ਹੈ, ਫਿਰ ਵੀ ਬਹੁਤ ਸਾਰੀਆਂ ਕੈਰਿਸਮੈਟਿਕ ਸਭਾਵਾਂ ਵਿੱਚ ਇਸ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ।

### J. ਸਭਾਵਾਂ ਕ੍ਰਮਬੱਧ ਅਤੇ ਬਿਨਾਂ ਕਿਸੇ ਉਲਝਣ ਦੇ ਹੋਣ (1 ਕੁਰਿੰਥ 14:33, 40)

ਕੁਝ ਕੈਰਿਸਮੈਟਿਕ ਸਮੂਹ ਕਲੀਸਿਯਾ ਦੀ ਕਾਰਵਾਈ ਲਈ ਇਸ ਬੁਨਿਆਦੀ ਸਿਧਾਂਤ ਦੀ ਪਾਲਣਾ ਨਹੀਂ ਕਰਦੇ ਹਨ।

### K. ਪਰਾਈਆਂ ਭਾਸ਼ਾਵਾਂ ਬਾਰੇ ਬਾਈਬਲ ਦੇ ਨਿਯਮਾਂ ਦਾ ਸਾਰ

ਕੈਰਿਸਮੈਟਿਕ ਅੰਦੋਲਨ ਲੋਕਾਂ ਦੀ ਇੱਕ ਵਿਸ਼ਾਲ ਵਿਭਿੰਨਤਾ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਇਸ ਦਾ ਸਖ਼ਤੀ ਨਾਲ ਅਭਿਆਸ ਕਰਨ ਵਾਲਿਆਂ ਤੋਂ ਲੈ ਕੇ ਨਰਮਾਈ ਨਾਲ ਅਭਿਆਸ ਕਰਨ ਵਾਲੇ ਸ਼ਾਮਲ ਹਨ। ਪਰ, ਭਾਵੇਂ ਅਸੀਂ ਮੰਨਦੇ ਹਾਂ ਕਿ ਚਿੰਨ੍ਹ ਵਾਲੇ ਵਰਦਾਨ ਬੰਦ ਨਹੀਂ ਹੋਏ ਹਨ, ਅਤੇ ਅਸੀਂ ਮੰਨਦੇ ਹਾਂ ਕਿ ਕੈਰਿਸਮੈਟਿਕ ਮਸੀਹੀਆਂ ਦੇ ਵਰਦਾਨ ਅਸਲੀ ਹਨ, ਤਾਂ ਵੀ ਇਹਨਾਂ ਵਿੱਚੋਂ ਬਹੁਤ ਸਾਰੇ ਸਮੂਹ ਪਰਾਈਆਂ ਭਾਸ਼ਾਵਾਂ ਦੇ ਨਿਯਮਾਂ ਦੇ ਬਾਈਬਲ ਦੁਆਰਾ ਸਥਾਪਿਤ ਕੀਤੇ ਮਿਆਰਾਂ ਦੀ ਪਾਲਣਾ ਨਹੀਂ ਕਰਦੇ ਹਨ।

ਇਸ ਤਰ੍ਹਾਂ ਦੇ ਸਾਰੇ ਸਮੂਹ ਇਸ ਨਿਯਮ ਦੀ ਪਾਲਣਾ ਨਹੀਂ ਕਰਦੇ ਹਨ ਕਿ ਜਿਹੜੀ ਭਾਸ਼ਾ ਸਮਝ ਹੀ ਨਹੀਂ ਆਉਂਦੀ ਹੈ, ਉਸ ਦੀ ਵਰਤੋਂ ਕਲੀਸਿਯਾ ਸਭਾ ਵਿੱਚ ਨਾ ਕੀਤੀ ਜਾਵੇ (1 ਕੁਰਿੰਥ 14:28)।

ਜੇਕਰ ਇਹ ਅਸਲੀ ਵਿਦੇਸ਼ੀ ਭਾਸ਼ਾਵਾਂ ਦੇ ਲਈ ਸਹੀ ਸੀ, ਤਾਂ ਇਹ ਮਦਹੋਸ਼ੀ ਵਿੱਚ ਬੁੜਬੁੜ ਲਈ ਵੀ ਸੱਚ ਹੋਣਾ ਚਾਹੀਦਾ ਹੈ। ਸ਼ੁਰੂਆਤੀ ਕਲੀਸਿਯਾ ਵਿੱਚ ਸਮਝ ਨਾ ਆਉਣ ਵਾਲੀ ਭਾਸ਼ਾ, ਅਰਥਹੀਣ ਭਾਸ਼ਾ, ਬੁੜਬੁੜ ਕਰਨ ਦੀ ਆਗਿਆ ਨਹੀਂ ਸੀ।

ਕੈਰਿਸਮੈਟਿਕ ਅੰਦੋਲਨ ਦਾ ਪਰਾਈਆਂ ਭਾਸ਼ਾਵਾਂ ਦੇ ਥੋੜ੍ਹੇ ਜਾਂ ਜ਼ਿਆਦਾ ਨਿਯਮਾਂ ਦੀ ਉਲੰਘਣਾ ਕਰਨਾ ਉਹਨਾਂ ਦੇ ਅਜਿਹੇ ਰਵੱਈਏ ਦਾ ਸੰਕੇਤ ਦਿੰਦਾ ਹੈ ਜਿਸ ਵਿੱਚ ਬਾਈਬਲ ਦਾ ਅਧਿਕਾਰ ਘੱਟ ਹੋ ਜਾਂਦਾ ਹੈ ਅਤੇ ਇਸ ਦੀ ਜਗ੍ਹਾ ਅਨੁਭਵ ਅਤੇ ਦਿਖਾਵਾ ਕਰਨ ਵਾਲੇ ਆਗੂਆਂ ਨੂੰ ਉੱਚਾ ਚੁੱਕਿਆਂ ਜਾਂਦਾ ਹੈ। ਜੇਕਰ ਇੱਕ ਵਿਅਕਤੀ ਬੁਨਿਆਦੀ ਸਿੱਖਿਆਵਾਂ ਜਿਵੇਂ ਕਿ ਆਤਮਾ ਵਿੱਚ ਬਪਤਿਸਮਾ, ਆਤਮਾ ਦਾ ਅੰਦਰ ਵਾਸ, ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਦੇ ਨਿਯਮ ਉੱਤੇ ਕੈਰਿਸਮੈਟਿਕ ਲੋਕਾਂ ਦੀ ਸਮਝ ਉੱਤੇ ਭਰੋਸਾ ਨਹੀਂ ਕਰ ਸਕਦਾ ਹੈ, ਤਾਂ ਅਜਿਹਾ ਭਰੋਸਾ ਕਿਉਂ ਕੀਤਾ ਜਾਵੇ ਕਿ ਉਹ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋ ਜਾਣ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਨੂੰ ਸਮਝਦੇ ਹਨ? ਜੇਕਰ ਲਿਖੇ ਹੋਏ ਵਚਨ ਨੂੰ ਬਹੁਤ ਘੱਟ ਸਮਝਿਆ ਜਾਂ ਮੰਨਿਆ ਜਾਂਦਾ ਹੈ ਤਾਂ ਉਹਨਾਂ ਦੇ ਕੈਰਿਸਮੈਟਿਕ ਅਨੁਭਵਾਂ ਦੀ ਵਿਆਖਿਆ ਕਿਵੇਂ ਵਿਸ਼ਵਾਸਯੋਗ ਹੋ ਸਕਦੀ ਹੈ?

ਇਹ ਵਿਸ਼ਵਾਸ ਕਰਨ ਦੇ ਬਾਈਬਲ ਆਧਾਰਿਤ ਕਾਰਨ ਹਨ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਦੇ ਬਾਅਦ ਬੰਦ ਹੋ ਗਏ ਸਨ। ਇਸ ਤੋਂ ਇਲਾਵਾ, ਅੱਜ ਦੇ ਕੈਰਿਸਮੈਟਿਕ ਮਸੀਹੀਆਂ ਦੀ ਸਮਝ ਨਾ ਆਉਣ ਵਾਲੀ ਭਾਸ਼ਾ ਜਾਇਜ਼ ਭਾਸ਼ਾਵਾਂ ਦੇ ਵਰਦਾਨ ਦੇ ਬਰਾਬਰ ਨਹੀਂ ਹੈ। ਅੰਤ ਵਿੱਚ, ਜੇਕਰ ਇਹ ਪਰਾਈਆਂ ਭਾਸ਼ਾਵਾਂ *ਅਸਲੀ* ਭਾਸ਼ਾਵਾਂ ਹਨ, ਤਾਂ ਵੀ ਕੈਰਿਸਮੈਟਿਕ ਲੋਕ ਇਸ ਵਰਦਾਨ ਦੇ ਬਾਰੇ ਵਿੱਚ ਦਿੱਤੇ ਗਏ ਬਾਈਬਲ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦੇ ਹਨ। ਇਹਨਾਂ ਤਿੰਨਾਂ ਦ੍ਰਿਸ਼ਟੀਕੋਣਾਂ ਨਾਲ ਕੈਰਿਸਮੈਟਿਕ ਮਸੀਹੀਆਂ ਦਾ ਇੱਕ ਨਕਾਰਾਤਮਕ ਮੁਲਾਂਕਣ ਹੀ ਹੋਣਾ ਚਾਹੀਦਾ ਹੈ। ਅੰਦੋਲਨ ਚੰਗਿਆਈ ਦੇ ਖੇਤਰ ਵਿੱਚ ਵੀ ਆਪਣੇ ਵਿਸ਼ਵਾਸਾਂ ਅਤੇ ਅਭਿਆਸਾਂ ਵਿੱਚ ਅਸਫਲ ਹੈ।

### V. ਚਮਤਕਾਰੀ ਚੰਗਿਆਈ ਦੇ ਬਾਰੇ ਬਾਈਬਲ ਦੀ ਸਿੱਖਿਆ

> ਕੀ ਤੁਹਾਡੇ ਵਿੱਚੋਂ ਕੋਈ ਬਿਮਾਰ ਹੈ? ਉਹ ਕਲੀਸਿਯਾ ਦੇ ਬਜ਼ੁਰਗ ਆਗੂਆਂ ਨੂੰ ਸੱਦੇ ਅਤੇ ਉਹ ਉਸ ਦੇ ਲਈ ਪ੍ਰਾਰਥਨਾ ਕਰਨ ਅਤੇ ਪ੍ਰਭੂ ਦੇ ਨਾਮ ਵਿੱਚ ਉਸ ਨੂੰ ਤੇਲ ਦੇ ਨਾਲ ਮਸਹ ਕਰਨ। ਇਹ ਵਿਸ਼ਵਾਸ ਦੇ ਨਾਲ ਕੀਤੀ ਹੋਈ ਪ੍ਰਾਰਥਨਾ ਬਿਮਾਰ ਨੂੰ ਚੰਗਾ ਕਰੇਗੀ ਅਤੇ ਪ੍ਰਭੂ ਉਸ ਨੂੰ ਉਠਾ ਖੜ੍ਹਾ ਕਰਨਗੇ। ਜੇਕਰ ਉਸ ਨੇ ਪਾਪ ਵੀ ਪੀਤੇ ਹੋਣਗੇ ਤਾਂ ਉਹ ਵੀ ਮਾਫ਼ ਕਰ ਦਿੱਤੇ ਜਾਣਗੇ। [ਯਾਕੂਬ 5:14-15]

#### A. ਚੰਗਿਆਈ ਬਨਾਮ ਚੰਗਾ ਕਰਨ ਵਾਲੇ

ਯਾਕੂਬ 5:14-15 ਇਹ ਸਿਖਾਉਂਦਾ ਹੈ ਕਿ ਪ੍ਰਾਰਥਨਾ ਬਿਮਾਰਾਂ ਨੂੰ ਚੰਗਾ ਕਰਨ ਦਾ ਇੱਕ ਸਾਧਨ ਹੈ। ਬਾਈਬਲ ਵਿੱਚ ਪ੍ਰਭੂ ਦੇ ਲੋਕਾਂ ਦੇ ਬਿਮਾਰ ਹੋਣ ਦੀ ਉਦਾਹਰਣਾਂ ਨੂੰ ਦੇਖਦੇ ਹੋਏ, ਇਹੀ ਸਮਝਣਾ ਸਭ ਤੋਂ ਵਧੀਆ ਹੋਵੇਗਾ ਕਿ ਯਾਕੂਬ ਉਹਨਾਂ ਦੀ ਚੰਗਿਆਈ ਦੇ ਲਈ ਕੋਈ ਅਟੱਲ ਵਾਅਦਾ ਨਹੀਂ ਬਲਕਿ ਇੱਕ ਐੱਮ ਸਿਧਾਂਤ ਸਥਾਪਿਤ ਕਰ ਰਿਹਾ ਸੀ। ਦੂਜੇ ਸ਼ਬਦਾਂ ਵਿੱਚ, ਪ੍ਰਾਰਥਨਾ ਅਕਸਰ, ਰਵਾਇਤੀ ਤੌਰ ਉੱਤੇ ਅਤੇ ਆਮ ਤੌਰ ਉੱਤੇ ਚੰਗਿਆਈ ਪ੍ਰਾਪਤ ਕਰਨ ਦਾ ਸਾਧਨ ਹੈ। ਇਹ ਕੋਈ ਅਸਾਧਾਰਨ ਗੱਲ ਨਹੀਂ ਹੈ ਕਿ ਪਰਮੇਸ਼ਰ ਪ੍ਰਾਰਥਨਾ ਦੇ ਜਵਾਬ ਵਿੱਚ ਕਿਸੇ ਬਿਮਾਰੀ ਨੂੰ ਚੰਗਾ ਕਰਦੇ ਹਨ, ਪਰ ਉਹ ਹਰੇਕ ਵਿਸ਼ਵਾਸੀ ਨੂੰ ਹਰ ਸਮੇਂ ਹਰੇਕ ਬਿਮਾਰੀ ਤੋਂ ਚੰਗਾ ਕਰਨ ਦੇ ਲਈ ਪਾਬੰਦ ਨਹੀਂ ਹੈ। ਇਸ ਤੋਂ ਇਲਾਵਾ, ਇਸ ਤੱਥ ਨੂੰ ਸਪੱਸ਼ਟ ਨਹੀਂ ਕਰਦਾ ਹੈ ਕਿ ਚੰਗਿਆਈ ਤੁਰੰਤ ਹੋਵੇਗੀ ਜਾਂ ਹੌਲੀ-ਹੌਲੀ ਹੋਵੇਗੀ। ਚੰਗਿਆਈ ਕਿਵੇਂ ਅਤੇ ਕਦੋਂ ਹੋਵੇਗੀ, ਇਹ ਪਰਮੇਸ਼ਰ ਦੇ ਹੱਥ ਵਿੱਚ ਹੈ। ਬਾਈਬਲ ਵਿੱਚ ਵਿਸ਼ਵਾਸ ਕਰਨ ਵਾਲੀਆਂ ਸਾਰੀਆਂ ਕਲੀਸਿਯਾਵਾਂ ਚੰਗਿਆਈ ਪ੍ਰਾਪਤ ਕਰਨ ਵਿੱਚ ਪ੍ਰਾਰਥਨਾ ਦੀ ਭੂਮਿਕਾ ਨੂੰ ਸਵੀਕਾਰ ਕਰਦੀਆਂ ਹਨ। ਪਰ, ਇਸ ਵਿਸ਼ਵਾਸ ਵਿੱਚ ਕਿ ਪ੍ਰਾਰਥਨਾ ਨਾਲ ਚੰਗਿਆਈ ਮਿਲ ਸਕਦੀ ਹੈ ਅਤੇ ਇਸ ਵਿਸ਼ਵਾਸ ਵਿੱਚ ਕਿ ਚੰਗਾ ਕਰਨ ਵਾਲੇ ਕੁਝ ਲੋਕ ਵੀ ਹੋ ਸਕਦੇ ਹਨ, ਇੱਕ ਬਹੁਤ ਵੱਡਾ ਅੰਤਰ ਹੈ।

ਇਹ ਦੇਖਣਾ ਇੱਕ ਦਿਲਚਸਪ ਗੱਲ ਹੈ ਕਿ ਸ਼ੁਰੂਆਤੀ ਕਲੀਸਿਯਾ ਵਿੱਚ ਯਾਕੂਬ ਨੇ ਵਿਸ਼ਵਾਸੀ ਨੂੰ ਇਹ ਨਹੀਂ ਕਿਹਾ ਕਿ ਜਦੋਂ ਉਹ ਬਿਮਾਰ ਹੋਣ ਤਾਂ ਕਿਸੇ ਚੰਗਾ ਕਰਨ ਵਾਲੇ ਵਿਅਕਤੀ ਦੇ ਕੋਲ ਜਾਣ। ਇਸ ਦੀ ਬਜਾਏ, ਉਸ ਨੇ ਕਿਹਾ ਕਿ ਉਹ ਪ੍ਰਾਰਥਨਾ ਦੇ ਲਈ ਕਲੀਸਿਯਾ ਦੇ ਆਗੂਆਂ ਨੂੰ ਆਪਣੇ ਕੋਲ ਬੁਲਾਉਣ। ਇਹ ਤੱਥ ਹੀ ਆਪਣੇ ਆਪ ਵਿੱਚ ਚੰਗਿਆਈ ਦੇ ਵਰਦਾਨ ਵਾਲੇ ਲੋਕਾਂ ਬਹੁਤ ਘੱਟ ਹੋਣ ਦਾ ਸੰਕੇਤ ਹੈ। ਇਸ ਤੋਂ ਇਲਾਵਾ, ਇਹ ਸ਼ਾਇਦ ਦਰਸਾਉਂਦਾ ਹੈ ਕਿ ਚਿੰਨ੍ਹ ਵਾਲੇ ਵਰਦਾਨਾਂ ਦੀ ਜ਼ਿਆਦਾ ਵਰਤੋਂ ਉਹਨਾਂ ਲੋਕਾਂ ਵਿਚਕਾਰ ਹੋਣੀ ਚਾਹੀਦੀ ਸੀ ਜੋ ਕਲੀਸਿਯਾ ਤੋਂ ਬਾਹਰ ਸਨ। ਬਿਮਾਰੀ ਪ੍ਰਤੀ ਹਰੇਕ ਵਿਸ਼ਵਾਸੀ ਦੀ ਆਮ ਪ੍ਰਤੀਕਿਰਿਆ ਇਹ ਹੋਣੀ ਚਾਹੀਦੀ ਹੈ ਕਿ ਉਹ ਦੂਜੇ ਵਿਸ਼ਵਾਸੀਆਂ ਨੂੰ ਉਸ ਲਈ ਪ੍ਰਾਰਥਨਾ ਕਰਨ ਲਈ ਕਹੇ। ਜੋ ਕਲੀਸਿਯਾਵਾਂ ਕੈਰਿਸਮੈਟਿਕ ਨਹੀਂ ਹੈ ਉਹ ਅਜਿਹਾ ਹੀ ਕਰਦੀਆਂ ਹਨ। ਹਾਲਾਂਕਿ ਉਹ ਇਹ ਮੰਨਦੇ ਹਨ ਕਿ ਪਰਮੇਸ਼ਰ ਚੰਗਾ ਕਰ ਸਕਦੇ ਹਨ ਅਤੇ ਕਰਦੇ ਵੀ ਹਨ, ਪਰ ਉਹ ਇਸ ਸਿਧਾਂਤ ਨਾਲ ਸਹਿਮਤ ਨਹੀਂ ਹੁੰਦੇ ਹਨ ਕਿ ਪਰਮੇਸ਼ਰ ਨੇ ਅੱਜ ਵੀ ਸੰਸਾਰ ਵਿੱਚ ਚੰਗਾ ਕਰਨ ਵਾਲੇ ਭੇਜੇ ਹੋਏ ਹਨ।

#### B. ਚਿੰਨ੍ਹ ਵਾਲੇ ਵਰਦਾਨ ਅਤੇ ਚੰਗਿਆਈ

ਇਸ ਵਿਸ਼ਵਾਸ ਨੂੰ ਇੱਥੇ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ ਕਿ

ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਹੋ ਗਏ ਸਨ। ਇੱਥੇ ਸਿਰਫ਼ ਇਹ ਦਿਖਾਉਣ ਦੀ ਜ਼ਰੂਰਤ ਹੈ ਕਿ ਚੰਗਾ ਕਰਨਾ ਇੱਕ ਚਿੰਨ੍ਹ ਵਾਲਾ ਵਰਦਾਨ ਹੈ। ਇਸ ਤੱਥ ਨੂੰ ਸਥਾਪਿਤ ਕਰਨਾ ਮੁਸ਼ਕਲ ਨਹੀਂ ਹੈ। ਰਸੂਲਾਂ ਦੇ ਕਰਤੱਬ ਵਿੱਚ ਚਿੰਨ੍ਹ ਵਾਲੇ ਵਰਦਾਨਾਂ ਦੇ ਬਾਰੇ ਦੱਸਣ ਵਾਲੇ ਬਹੁਤ ਸਾਰੇ ਵਚਨਾਂ ਦਾ ਸੰਦਰਭ ਚਮਤਕਾਰੀ ਚੰਗਿਆਈ ਹੈ।

> **ਚੰਗਾ** ਕਰਨ ਦੇ ਲਈ ਅਪਣਾ ਹੱਥ ਵਧਾਓ ਕਿ ਤੁਹਾਡੇ ਪਵਿੱਤਰ ਸੇਵਕ ਯਿਸੂ ਦੇ ਨਾਮ ਦੁਆਰਾ **ਚਿੰਨ੍ਹ** ਅਤੇ ਚਮਤਕਾਰ ਹੋਣ [ਰਸੂਲਾਂ 4:30]
>
> ਰਸੂਲਾਂ ਦੇ ਰਾਹੀਂ ਲੋਕਾਂ ਵਿੱਚ ਬਹੁਤ ਸਾਰੇ **ਚਿੰਨ੍ਹ** ਅਤੇ ਚਮਤਕਾਰ ਹੋ ਰਹੇ ਸਨ। ਉਹ ਸਾਰੇ ਮਿਲ ਕੇ ਸੁਲੇਮਾਨ ਦੇ ਵਰਾਂਡੇ ਵਿੱਚ ਇਕੱਠੇ ਹੁੰਦੇ ਸਨ ....ਇੱਥੋਂ ਤੱਕ ਕਿ ਲੋਕ **ਰੋਗੀਆਂ** ਨੂੰ ਮੰਜੀਆਂ ਅਤੇ ਚਟਾਈਆਂ ਉੱਤੇ ਬਾਹਰ ਗਲੀਆਂ ਵਿੱਚ ਲੰਮੇ ਪਾ ਦਿੰਦੇ ਸਨ ਕਿ ਜਦੋਂ ਪਤਰਸ ਲੰਘੇ ਤਾਂ ਉਸ ਦਾ ਪਰਛਾਵਾਂ ਹੀ ਉਹਨਾਂ ਵਿੱਚੋਂ ਕਿਸੇ ਉੱਤੇ ਪੈ ਜਾਵੇ। ਯਰੂਸ਼ਲਮ ਦੇ ਨੇੜੇ ਦੇ ਸ਼ਹਿਰਾਂ ਦੇ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਆਪਣੇ ਰੋਗੀਆਂ ਅਤੇ ਅਸ਼ੁੱਧ ਆਤਮਾਵਾਂ ਨਾਲ ਪੀੜਤਾਂ ਨੂੰ ਲਿਆਉਂਦੇ ਅਤੇ ਸਾਰੇ **ਚੰਗੇ** ਕੀਤੇ ਜਾਂਦੇ ਸਨ। [ਰਸੂਲਾਂ 5:12, 15-16]

ਚੰਗਿਆਈ ਯਕੀਨੀ ਤੌਰ ਤੇ ਇੱਕ "ਚਿੰਨ੍ਹ" ਵਾਲਾ ਵਰਦਾਨ ਹੈ। ਕਿਉਂਕਿ ਚਿੰਨ੍ਹ ਰਸੂਲਾਂ ਦੀ ਪੁਸ਼ਟੀ ਕਰਨ ਲਈ ਸਨ, ਇਸ ਲਈ ਇੱਕ ਵਿਅਕਤੀ ਇਹੀ ਉਮੀਦ ਕਰੇਗਾ ਕਿ ਚੰਗਾ ਕਰਨ ਦਾ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਹੋ ਜਾਵੇਗਾ। ਇਸ ਦਾ ਇਹ ਅਰਥ ਨਹੀਂ ਹੈ ਕਿ ਪਰਮੇਸ਼ਰ ਪ੍ਰਾਰਥਨਾ ਦੁਆਰਾ ਚਮਤਕਾਰ ਅਤੇ ਚੰਗਿਆਈ ਨਹੀਂ ਦੇਣਗੇ। ਪਰ ਇਸ ਦਾ ਅਰਥ ਇਹ ਹੈ ਕਿ ਅੱਜ ਕੋਈ ਚਮਤਕਾਰ ਕਰਨ ਵਾਲਾ ਜਾਂ ਵਿਸ਼ਵਾਸ ਦੁਆਰਾ ਚੰਗਾ ਕਰਨ ਵਾਲਾ ਵਿਅਕਤੀ ਨਹੀਂ ਹੈ। ਸਾਨੂੰ ਚੰਗਿਆਈ ਅਤੇ ਚੰਗਾ ਕਰਨ ਵਾਲਿਆਂ, ਅਤੇ ਚਮਤਕਾਰਾਂ ਅਤੇ ਚਮਤਕਾਰ ਕਰਨ ਵਾਲਿਆਂ ਵਿਚਕਾਰ ਫ਼ਰਕ ਨੂੰ ਸਮਝਣਾ ਹੋਵੇਗਾ। ਇੱਕ ਸੰਭਵ ਹੈ ਅਤੇ ਦੂਜਾ ਸੰਭਵ ਨਹੀਂ ਹੈ।

## C. ਸਿਹਤ ਬਾਰੇ ਕੈਰਿਸਮੈਟਿਕ ਦਾਅਵੇ ਬਨਾਮ ਚੰਗਿਆਈ ਅਤੇ ਬਾਈਬਲ ਦੀ ਸਿੱਖਿਆ

### 1. ਚਮਤਕਾਰਾਂ ਦੀ ਵਾਰਵਰਤਾ

ਇਸ ਗੱਲ ਉੱਤੇ ਧਿਆਨ ਦੇਣ ਦੀ ਲੋੜ ਹੈ ਕਿ ਕੈਰਿਸਮੈਟਿਕ ਮਸੀਹੀਆਂ ਲਈ ਇਹ ਦਾਅਵਾ ਕਰਨਾ ਆਮ ਗੱਲ ਹੈ ਕਿ ਅੱਜ ਬਾਈਬਲ ਦੇ ਉਸ ਇਤਿਹਾਸ ਵਿੱਚ ਹੋਏ ਚਮਤਕਾਰਾਂ ਤੋਂ ਜ਼ਿਆਦਾ ਚਮਤਕਾਰ ਹੁੰਦੇ ਹਨ, ਜਿਸ ਵਿੱਚ ਮਸੀਹ ਦੀ ਧਰਤੀ ਉੱਤੇ ਸੇਵਕਾਈ ਅਤੇ ਰਸੂਲਾਂ ਦੀ ਸੇਵਕਾਈ ਵੀ ਸ਼ਾਮਲ ਹੈ।[50] ਧਰਤੀ ਉੱਤੇ ਚਮਤਕਾਰਾਂ ਦੇ ਤਿੰਨ ਵੱਡੇ ਸਮੇਂ ਰਹੇ ਹਨ: ਮੂਸਾ ਅਤੇ ਯਹੋਸ਼ੁਆ ਦਾ ਸਮਾਂ, ਏਲੀਯਾਹ ਆਏ ਅਲੀਸ਼ਾ ਦਾ ਸਮਾਂ, ਮਸੀਹ ਅਤੇ ਰਸੂਲਾਂ ਦਾ ਸਮਾਂ। ਬਾਕੀ ਦੇ ਸਮਿਆਂ ਵਿੱਚ (ਇੱਥੋਂ ਤੱਕ ਕਿ ਬਾਈਬਲ ਦੇ ਦਿਨਾਂ ਵਿੱਚ ਵੀ) ਚਮਤਕਾਰ ਬਹੁਤ ਘੱਟ ਹੋਏ ਹਨ।

ਪ੍ਰਭੂ ਨੇ ਸਾਰੇ ਲੋਕਾਂ ਨੂੰ ਚੰਗਾ ਨਹੀਂ ਕੀਤਾ ਸੀ, ਅਤੇ ਉਹਨਾਂ ਦੀ ਸੇਵਕਾਈ ਭੂਗੋਲਿਕ ਖੇਤਰ ਵਿੱਚ ਵੱਡੀ ਨਹੀਂ ਸੀ। ਨਵੇਂ ਨੇਮ ਦੇ ਸਮੇਂ ਵਿੱਚ ਸੰਸਾਰ ਵਿੱਚ ਅਜਿਹੇ ਬਹੁਤ ਸਾਰੇ ਬਿਮਾਰ ਲੋਕ ਸਨ ਜਿਹਨਾਂ ਨੂੰ ਚਮਤਕਾਰੀ ਢੰਗ ਨਾਲ ਚੰਗਾ ਨਹੀਂ ਕੀਤਾ ਗਿਆ ਸੀ। ਚਮਤਕਾਰ ਹਮੇਸ਼ਾ ਸਮੇਂ ਅਤੇ ਭੂਗੋਲਿਕ ਹੱਦ ਤੱਕ ਸੀਮਿਤ ਰਹੇ ਹਨ।

> "ਇਹ ਸੱਚ ਹੈ ਕਿ ਏਲੀਯਾਹ ਨਬੀ ਦੇ ਸਮੇਂ ਵਿੱਚ ਇਸਰਾਏਲ ਦੇਸ਼ ਵਿੱਚ ਬਹੁਤ ਵਿਧਵਾਵਾਂ ਸਨ ਜਦੋਂ ਕਿ ਸਾਢੇ ਤਿੰਨ ਸਾਲ ਤੱਕ ਮੀਂਹ ਨਹੀਂ ਵਰ੍ਹਿਆ ਅਤੇ ਸਾਰੇ ਦੇਸ਼ ਵਿੱਚ ਇੱਕ ਵੱਡਾ ਕਾਲ ਪੈ ਗਿਆ ਸੀ। ਫਿਰ ਵੀ ਏਲੀਯਾਹ ਨਬੀ ਉਹਨਾਂ ਵਿਧਵਾਵਾਂ ਕੋਲ ਨਹੀਂ ਭੇਜਿਆ ਗਿਆ ਸੀ। ਉਹ ਸੈਦਾ ਦੇਸ਼ ਦੇ ਸਾਰਪਤ ਸ਼ਹਿਰ ਦੀ ਰਹਿਣ ਵਾਲੀ ਵਿਧਵਾ ਕੋਲ ਭੇਜਿਆ ਗਿਆ ਸੀ। ਅਤੇ ਏਲੀਸ਼ਾ ਨਬੀ ਦੇ ਸਮੇਂ ਇਸਰਾਏਲ ਵਿੱਚ ਬਹੁਤ ਕੋੜ੍ਹੀ ਸਨ ਪਰ ਸੀਰੀਯਾ ਦੇਸ਼ ਦੇ ਰਹਿਣ ਵਾਲੇ ਨਮਾਨ ਕੋੜ੍ਹੀ ਤੋਂ ਸਿਵਾਏ ਹੋਰ ਕੋਈ ਸ਼ੁੱਧ ਨਾ ਕੀਤਾ ਗਿਆ।" [ਲੂਕਾ 4:25-28]
>
> ਇਹਨਾਂ ਬਾਰ੍ਹਾਂ ਨੂੰ ਯਿਸੂ ਨੇ ਇਹ ਕਹਿ ਕੇ ਬਾਹਰ ਭੇਜਿਆ, "ਪਰਾਈਆਂ ਕੌਮਾਂ ਦੇ ਇਲਾਕੇ ਵੱਲ ਨਾ ਜਾਣਾ ਅਤੇ ਨਾ ਹੀ ਸਾਮਰੀਯਾ ਦੇ ਕਿਸੇ ਸ਼ਹਿਰ ਵਿੱਚ ਪ੍ਰਵੇਸ਼ ਕਰਨਾ। ਸਗੋਂ ਤੁਸੀਂ ਇਸਰਾਏਲ ਕੌਮ ਦੀਆਂ ਗੁਆਚੀਆਂ ਭੇਡਾਂ ਕੋਲ ਜਾਣਾ।" [ਮੱਤੀ 10:5-6]

ਅੱਜ ਚੰਗਾ ਕਰਨ ਵਾਲੇ ਅਜਿਹੇ ਦਾਅਵੇ ਕਰਦੇ ਹਨ ਜੋ ਚਮਤਕਾਰਾਂ ਦੀ ਵਾਰਵਰਤਾ, ਚਮਤਕਾਰਾਂ ਦੀ ਮਿਆਦ ਅਤੇ ਚਮਤਕਾਰਾਂ ਦੀਆਂ ਭੂਗੋਲਿਕ ਸੀਮਾਵਾਂ ਦੇ ਮਾਮਲੇ ਵਿੱਚ ਬਾਈਬਲ ਦੇ ਚਮਤਕਾਰਾਂ ਦੀਆਂ ਉਦਾਹਰਣਾਂ ਤੋਂ ਵੀ ਜ਼ਿਆਦਾ ਅੱਗੇ ਨਿਕਲ ਜਾਂਦੇ ਹਨ। ਬਾਈਬਲ ਦੇ ਇਤਿਹਾਸ ਦੇ ਸਮੇਂ ਦੌਰਾਨ, ਚਿੰਨ੍ਹ ਚਮਤਕਾਰ ਆਮ ਅਤੇ ਕਦੇ-ਕਦਾਈਂ ਹੁੰਦੇ ਸਨ। ਉਹ ਕਦੇ ਵੀ ਆਮ, ਲੰਬੇ ਸਮੇਂ ਤੱਕ ਹੁੰਦੇ ਰਹਿਣ ਵਾਲੇ ਜਾਂ ਇੱਕ ਖੇਤਰ ਵਿੱਚ ਨਹੀਂ ਹੁੰਦੇ ਹਨ।

---

[50] ਯੂਹੰਨਾ 14:12 ਦਾ ਅਰਥ ਇਹ ਨਹੀਂ ਹੈ ਕਿ ਰਸੂਲ ਸਰੀਰਕ ਚੰਗਿਆਈ ਦੇ ਮਾਮਲੇ ਵਿੱਚ ਪ੍ਰਭੂ ਯਿਸੂ ਤੋਂ ਵੀ ਵੱਡੇ ਚਮਤਕਾਰ ਕਰਨਗੇ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਪ੍ਰਭੂ ਯਿਸੂ ਦੀ ਧਰਤੀ ਉੱਤੇ ਸੇਵਕਾਈ ਜਿੰਨੇ ਲੋਕਾਂ ਦਾ ਜੀਵਨ-ਪਰਿਵਰਤਨ ਨਹੀਂ ਹੋਇਆ ਸੀ, ਉਹ ਇਸ ਤੋਂ ਜ਼ਿਆਦਾ ਲੋਕਾਂ ਦੇ ਜੀਵਨ ਨੂੰ ਪਰਿਵਰਤਿਤ ਹੁੰਦੇ ਦੇਖਣਗੇ।

## 2. ਬਿਮਾਰੀ ਲਈ ਬਾਈਬਲ ਦੇ ਨਮੂਨੇ

ਅਕਸਰ ਚੰਗਾ ਕਰਨ ਵਾਲੇ ਦਾਅਵਾ ਕਰਦੇ ਹਨ ਕਿ ਪਰਮੇਸ਼ਰ ਦੀ ਇਹ ਇੱਛਾ ਹੈ ਕਿ ਹਰੇਕ ਵਿਸ਼ਵਾਸੀ ਐੱਚਆਰ ਸਮੇਂ ਚੰਗਾ ਰਹੇ। ਉਹਨਾਂ ਦੇ ਲਈ ਸਰੀਰਕ ਕਮਜ਼ੋਰੀ ਇੱਕ ਆਤਮਿਕ ਸਮੱਸਿਆ ਦਾ ਵੀ ਸੰਕੇਤ ਦਿੰਦੀ ਹੈ। ਇਸ ਵਿਚਾਰ ਨੂੰ ਬਾਈਬਲ ਦੀਆਂ ਉਦਾਹਰਣਾਂ ਤੋਂ ਸਮਰਥਨ ਨਹੀਂ ਮਿਲਦਾ ਹੈ। ਰਸੂਲ ਪੌਲੁਸ ਬਿਮਾਰ ਸੀ ਭਾਵੇਂ ਉਹ ਆਪਣੇ ਜੀਵਨ ਵਿੱਚ ਪਰਮੇਸ਼ਰ ਦੀ ਇੱਛਾ ਪ੍ਰਤੀ ਬਹੁਤ ਸਮਰਪਿਤ ਸੀ।

> ਇਸ ਲਈ ਕਿ ਉਹਨਾਂ ਮਹਾਨ ਪ੍ਰਕਾਸ਼ਨਾਂ ਦੇ ਕਾਰਨ ਮੈਂ ਫੁੱਲ ਨਾ ਜਾਵਾਂ ਜਿਹੜੇ ਪਰਮੇਸ਼ਰ ਨੇ ਮੇਰੇ ਉੱਤੇ ਪ੍ਰਗਟ ਕੀਤੇ ਹਨ, **ਮੇਰੇ ਸਰੀਰ ਵਿੱਚ ਇੱਕ ਕੰਡਾ** ਚੋਭਿਆ ਗਿਆ ਹੈ ਜਿਹੜਾ ਸ਼ੈਤਾਨ ਦਾ ਦੂਤ ਹੈ, ਉਹ ਮੈਨੂੰ ਸਤਾਉਂਦਾ ਹੈ ਕਿ ਮੈਂ ਫੁੱਲ ਨਾ ਜਾਵਾਂ। ਤਿੰਨ ਵਾਰ ਮੈਂ ਪਰਮੇਸ਼ਰ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਇਸ ਨੂੰ ਮੇਰੇ ਤੋਂ ਦੂਰ ਕਰਨ। ਪਰ ਉਹਨਾਂ ਨੇ ਮੈਨੂੰ ਉੱਤਰ ਦਿੱਤਾ, "ਮੇਰੀ ਕਿਰਪਾ ਤੇਰੇ ਲਈ ਬਹੁਤ ਹੈ ਕਿਉਂਕਿ ਮੇਰੀ ਸਮਰੱਥਾ ਕਮਜ਼ੋਰੀ ਵਿੱਚ ਹੀ ਸੰਪੂਰਨ ਹੁੰਦੀ ਹੈ" [2 ਕੁਰਿੰਥ 12:7-9a]

ਸ਼ੁਰੂਆਤੀ ਕਲੀਸਿਯਾ ਦੇ ਹੋਰ ਮਸੀਹੀਆਂ ਨੂੰ ਸਰੀਰਕ ਬਿਮਾਰੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਹ ਗੱਲ ਸੱਚੀ ਨਹੀਂ ਹੈ ਕਿ ਵਿਸ਼ਵਾਸਯੋਗ ਮਸੀਹੀ ਹਮੇਸ਼ਾ ਤੰਦਰੁਸਤ ਰਹਿੰਦੇ ਹਨ।

> ਹੁਣ ਤੋਂ ਕੇਵਲ ਪਾਣੀ ਹੀ ਨਾ ਪੀ ਸਗੋਂ ਆਪਣੇ ਪੇਟ ਅਤੇ **ਬਾਰ ਬਾਰ ਹੋਣ ਵਾਲੀਆਂ ਬਿਮਾਰੀਆਂ** ਦੇ ਕਾਰਨ ਥੋੜ੍ਹੀ ਮੈਅ ਵੀ ਲੈ ਲਿਆ ਕਰ [1 ਤਿਮੋਥਿ 5:23]

> ਪਰ ਮੈਂ ਇਹ ਵੀ ਜ਼ਰੂਰੀ ਸਮਝਦਾ ਹਾਂ ਕਿ ਇਪਾਫ਼ਰੋਦੀਤੁਸ ਨੂੰ ਤੁਹਾਡੇ ਕੋਲ ਵਾਪਸ ਭੇਜਾਂ...ਜਦੋਂ ਉਸ ਨੂੰ ਪਤਾ ਲੱਗਾ ਕਿ ਤੁਸੀਂ ਉਸ ਦੀ ਬਿਮਾਰੀ ਦੇ ਬਾਰੇ ਸੁਣ ਚੁੱਕੇ ਹੋ ਤਾਂ ਉਸ ਸਮੇਂ ਤੋਂ ਉਹ ਤੁਹਾਨੂੰ ਮਿਲਣ ਦੇ ਲਈ ਬਹੁਤ ਚਾਹਵਾਨ ਅਤੇ ਬੇਚੈਨ ਹੈ। ਇਹ ਸੱਚ ਹੈ ਕਿ ਉਹ ਬਹੁਤ **ਬਿਮਾਰ** ਹੋ ਗਿਆ ਸੀ, **ਇੱਥੋਂ ਤੱਕ ਕਿ ਮਰਨ ਵਾਲਾ ਸੀ**...[ਫ਼ਿਲਿੱਪੀ 2:25-27]
>
> ਅਰਾਸਤੁਸ ਕੁਰਿੰਥੁਸ ਵਿੱਚ ਹੀ ਰਹਿ ਗਿਆ ਹੈ ਅਤੇ ਤ੍ਰੋਫ਼ਿਮੁਸ ਨੂੰ ਉਸ ਦੀ **ਬਿਮਾਰੀ** ਦੇ ਕਾਰਨ, ਮੈਂ ਮਿਲੇਤੁਸ ਵਿੱਚ ਹੀ ਛੱਡ ਆਇਆ ਹਾਂ। [2 ਤਿਮੋਥਿ 4:20]

ਇਹ ਤੱਥ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਬਹੁਤ ਸਾਰੇ ਵਿਸ਼ਵਾਸੀ ਬਿਮਾਰ ਹੋਏ ਹਨ ਅਤੇ ਮਰ ਵੀ ਗਏ ਹਨ। ਲੂਥਰ ਅਤੇ ਕੈਲਵਿਨ ਦੋਵੇਂ (ਖ਼ਾਸ ਕਰਕੇ ਕੈਲਵਿਨ) ਬਿਮਾਰ ਰਹਿੰਦੇ ਸਨ। ਇਹ ਦਾਅਵਾ ਕਰਨਾ ਅਧਿਆਤਮਿਕ ਅਤੇ ਅਨੁਭਵ ਤੌਰ ਤੇ ਮੂਰਖਤਾ ਹੈ ਕਿ ਪਰਮੇਸ਼ਰ ਇਹ ਚਾਹੁੰਦੇ ਹਨ ਕਿ ਸਾਰੇ ਵਿਸ਼ਵਾਸੀ ਹਮੇਸ਼ਾ ਤੰਦਰੁਸਤ ਰਹਿਣ। ਅਜਿਹੀਆਂ ਝੂਠੀਆਂ ਸਿੱਖਿਆਵਾਂ ਨਾਲ ਮਸੀਹਤ ਦਾ ਨਾਮ ਖ਼ਰਾਬ ਹੁੰਦਾ ਹੈ। ਜਿਹੜੇ ਇਹ ਵਿਸ਼ਵਾਸ ਕਰਦੇ ਹਨ ਕਿ ਪਰਮੇਸ਼ਰ ਹਮੇਸ਼ਾ ਤੰਦਰੁਸਤੀ ਦੀ ਇੱਛਾ ਰੱਖਦੇ ਹਨ ਪਰ ਜਦੋਂ ਉਹ ਬਿਮਾਰ ਹੋ ਜਾਂਦੇ ਹਨ ਤਾਂ ਉਹ ਕਈ ਨਕਾਰਾਤਮਕ ਪ੍ਰਤੀਕਿਰਿਆ ਕਰ ਸਕਦੇ ਹਨ। ਉਹਨਾਂ ਦੀ ਬਿਮਾਰੀ ਦਾ ਕਾਰਨ ਉਹਨਾਂ ਵਿੱਚ ਆਤਮਿਕਤਾ ਦੀ ਘਾਟ ਜਾਂ ਪਰਮੇਸ਼ਰ ਦੀ ਤਾੜਨਾ ਨਾ ਹੋਣ ਤੇ ਵੀ, ਉਹ ਆਪਣੇ ਆਪ ਨੂੰ ਨਫ਼ਰਤ ਅਤੇ ਦੋਸ਼ ਨਾਲ ਦੇਖ ਸਕਦੇ ਹਨ। ਇਸ ਨਾਲ ਝੂਠੇ ਦੋਸ਼, ਦਬਾਅ, ਅਤੇ ਅਯੋਗਤਾ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਅਤੇ ਇਹ ਪਰਮੇਸ਼ਰ ਦੇ ਪਿਆਰ ਉੱਤੇ ਸ਼ੱਕ ਕਰਨ ਦਾ ਕਾਰਨ ਵੀ ਬਣ ਸਕਦਾ ਹੈ।

ਜਿਸ ਦਾ ਭਰੋਸਾ "ਤੰਦਰੁਸਤੀ ਦੇ ਸਿਧਾਂਤ" ਵਿੱਚ ਹੋਵੇਗਾ, ਬਿਮਾਰੀ ਉਸ ਦੇ ਖ਼ੁਦ ਬਾਰੇ ਦ੍ਰਿਸ਼ਟੀਕੋਣ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ। ਪਰ ਇਹ ਪਰਮੇਸ਼ਰ ਦੇ ਪ੍ਰਤੀ ਉਸ ਦੇ ਨਜ਼ਰੀਏ ਨੂੰ ਵੀ ਵਿਗਾੜ ਸਕਦੀ ਹੈ। ਜੇਕਰ ਇੱਕ ਵਿਅਕਤੀ ਦੇ ਜੀਵਨ ਵਿੱਚ ਕੁਝ ਗ਼ਲਤ ਨਾ ਹੋਵੇ, ਤਾਂ ਉਸ ਦੀ ਦ੍ਰਿਸ਼ਟੀ ਵਿੱਚ ਬਿਮਾਰੀ ਪਰਮੇਸ਼ਰ ਨੂੰ ਬੇਰਹਿਮ ਅਤੇ ਨੈਤਿਕ ਤੌਰ ਉੱਤੇ ਬਦਲਾ ਲੈਣ ਵਾਲੇ ਪੇਸ਼ ਕਰਦੀ ਹੈ। ਦੂਜੇ ਪਾਸੇ, ਜੇਕਰ ਪਰਮੇਸ਼ਰ ਤੰਦਰੁਸਤੀ ਦੀ ਗਾਰੰਟੀ ਦੇਣ ਤੋਂ ਬਾਅਦ ਵੀ ਅਜਿਹਾ ਨਹੀਂ ਕਰਦੇ ਹਨ, ਤਾਂ ਫਿਰ ਉਹ ਕਮਜ਼ੋਰ ਲੱਗਦੇ ਹਨ। ਅਤੇ ਸਭ ਤੋਂ ਬੁਰੀ ਪ੍ਰਤੀਕਿਰਿਆ ਤਾਂ ਇਹ ਹੋਵੇਗੀ ਕਿ ਕੋਈ ਪਰਮੇਸ਼ਰ ਹੀ ਨਹੀਂ ਹਨ।

ਇਹ ਝੂਠਾ ਅਧਿਆਤਮਿਕ ਗਿਆਨ ਬਹੁਤ ਸਾਰੇ ਲੋਕਾਂ ਨੂੰ ਆਕਰਸ਼ਿਤ ਕਰਦਾ ਹੈ ਕਿ ਪਰਮੇਸ਼ਰ ਚਾਹੁੰਦੇ ਹਨ ਕਿ ਸਾਰੇ ਲੋਕ ਹਰ ਸਮੇਂ ਤੰਦਰੁਸਤ ਰਹਿਣ, ਪਰ ਇਹ ਨਾ ਤਾਂ ਬਾਈਬਲ ਦੇ ਅਨੁਸਾਰ ਹੈ ਅਤੇ ਨਾ ਹੀ ਵਿਸ਼ਵਾਸ ਨੂੰ ਵਧਾਉਣ ਵਾਲੀ ਗੱਲ ਹੈ। ਪਰਮੇਸ਼ਰ ਬਿਮਾਰੀ ਦੀ ਵਰਤੋਂ ਕਰ ਸਕਦੇ ਹਨ, ਅਤੇ ਉਹ ਇਸ ਨੂੰ ਇੱਕ ਵਿਸ਼ਵਾਸੀ ਦੇ ਅਨੁਭਵ ਤੋਂ ਪੂਰੀ ਤਰ੍ਹਾਂ ਖ਼ਤਮ ਨਹੀਂ ਕਰ ਦਿੰਦੇ ਹਨ। ਪਰਮੇਸ਼ਰ ਇੱਕ ਆਤਮਿਕ ਵਿਸ਼ਵਾਸੀ ਦੇ ਜੀਵਨ ਵਿੱਚ ਵੀ ਦੁੱਖਾਂ ਨੂੰ ਆਉਣ ਦੀ ਆਗਿਆ ਕਿਉਂ ਦਿੰਦੇ ਹਨ, ਬਾਈਬਲ ਇਸ ਦੇ ਬਹੁਤ ਸਾਰੇ ਚੰਗੇ ਕਾਰਨ ਦਿੰਦੀ ਹੈ।

## 3. ਦੁੱਖ ਦੀ ਆਗਿਆ ਦੇਣ ਵਿੱਚ ਪਰਮੇਸ਼ਰ ਦੀ ਯੋਜਨਾ

ਇਹ ਇੱਕ ਗ਼ਲਤ ਵਿਚਾਰ ਹੈ ਕਿ ਪਰਮੇਸ਼ਰ ਵਿਸ਼ਵਾਸੀਆਂ ਨੂੰ ਬਿਮਾਰੀਆਂ ਸਮੇਤ ਹਰੇਕ ਤਰ੍ਹਾਂ ਦੇ ਦੁੱਖਾਂ ਤੋਂ ਬਚਾ ਕੇ ਰੱਖਣਾ ਚਾਹੁੰਦੇ ਹਨ। ਹਾਲਾਂਕਿ ਵਿਅਕਤੀਗਤ ਪਾਪ ਕਿਸੇ ਬਿਮਾਰੀ ਦਾ ਕਾਰਨ ਹੋ ਸਕਦੇ ਹਨ (ਦੇਖੋ, ਯੂਹੰਨਾ 5:14; 1 ਕੁਰਿੰਥ 11:30), ਪਰ ਪਰਮੇਸ਼ਰ ਵੱਖ-ਵੱਖ ਕਾਰਨਾਂ ਲਈ ਦੁੱਖਾਂ ਦੀ ਆਗਿਆ ਦਿੰਦੇ ਹਨ। ਅਸਲ ਵਿੱਚ, ਬਾਈਬਲ ਇਹ ਸਿਖਾਉਂਦੀ ਹੈ ਕਿ ਮਸੀਹੀਆਂ

ਨੂੰ ਦੁੱਖ ਝੱਲਣ ਲਈ ਪਹਿਲਾਂ ਤੋਂ ਨਿਰਧਾਰਿਤ ਕੀਤਾ ਗਿਆ ਹੈ (ਫ਼ਿਲਿੱਪੀ 1:29; 1 ਥੱਸਲੁ 3:3; 2 ਤਿਮੋਥਿ 2:12; 3:12; 1 ਪਤਰਸ 4:12,13)। ਪਰੀਖਿਆਵਾਂ ਭਾਵੇਂ ਬਿਮਾਰੀ ਤੋਂ ਜਾਂ ਹੋਰ ਕਿਸਮ ਦੀਆਂ ਸਮੱਸਿਆਵਾਂ ਤੋਂ ਆਉਣ, ਇਹ ਮਸੀਹੀ ਵਿਕਾਸ ਲਈ ਪਰਮੇਸ਼ਰ ਦੀ ਯੋਜਨਾ ਦਾ ਹਿੱਸਾ ਹਨ। ਜਿਹੜੇ ਲੋਕ ਇਹ ਮੰਨਦੇ ਹਨ ਕਿ ਸਾਰੇ ਦੁੱਖਾਂ ਦੇ ਲਈ ਸਿਰਫ਼ ਸ਼ੈਤਾਨ ਜਾਂ ਵਿਅਕਤੀਗਤ ਪਾਪ ਹੀ ਜ਼ਿੰਮੇਵਾਰ ਹੁੰਦੇ ਹਨ, ਤਾਂ ਦੁੱਖ ਦੇ ਬਾਰੇ ਉਹਨਾਂ ਦਾ ਸਿਧਾਂਤ ਬਾਈਬਲ ਦੇ ਅਨੁਸਾਰ ਨਹੀਂ ਹੈ। ਪਰਮੇਸ਼ਰ ਧਰਮੀ ਲੋਕਾਂ ਨੂੰ ਦੁੱਖ ਝੱਲਣ ਦੀ ਆਗਿਆ ਦਿੰਦੇ ਹਨ (ਜ਼ਬੂਰ 34:19)।

ਪਰੀਖਿਆਵਾਂ ਇੱਕ ਵਿਅਕਤੀ ਨੂੰ ਦੂਜਿਆਂ ਪ੍ਰਤੀ ਜ਼ਿਆਦਾ ਹਮਦਰਦ ਹੋਣ ਅਤੇ ਇਸ ਤਰ੍ਹਾਂ ਦੀ ਸਮੱਸਿਆ ਵਾਲੇ ਲੋਕਾਂ ਦੀ ਸੇਵਾ ਕਰਨ ਵਾਲਾ ਬਣਾ ਦਿੰਦੀਆਂ ਹਨ (2 ਕੁਰਿੰਥ 1:3-4)। ਦੁੱਖ ਜੀਵਨ ਵਿੱਚ ਭਵਿੱਖ ਦੀਆਂ ਮੁਸ਼ਕਲਾਂ ਲਈ ਤਾਕਤ ਅਤੇ ਸਹਿਣਸ਼ੀਲਤਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ (ਯਾਕੂਬ 1: 2-3)। ਇਹ ਦੂਜੇ ਮਸੀਹੀਆਂ ਦੇ ਲਈ ਵਫ਼ਾਦਾਰੀ ਦੀਆਂ ਉਦਾਹਰਣਾਂ (ਅੱਯੂਬ ਦੀ ਉਦਾਹਰਣ, ਦੇਖੋ, ਅੱਯੂਬ 13:15) ਜਾਂ ਅਵਿਸ਼ਵਾਸੀਆਂ ਦੇ ਲਈ ਇੱਕ ਗਵਾਹੀ ਤਿਆਰ ਕਰ ਸਕਦੇ ਹਨ (ਦੇਖੋ, ਯੂਹੰਨਾ 11:4; 12:10-11)। ਮੁਸ਼ਕਲਾਂ ਸਾਨੂੰ ਪਰਮੇਸ਼ਰ ਉੱਤੇ ਨਿਰਭਰ ਰਹਿਣ ਲਈ ਮਜਬੂਰ ਕਰਦੀਆਂ ਹਨ, ਜਦੋਂ ਕਿ ਆਰਾਮ ਵਾਲਾ ਜੀਵਨ ਸਾਨੂੰ ਪਰਮੇਸ਼ਰ ਨੂੰ ਭੁੱਲ ਜਾਣ ਵਾਲੇ ਬਣਾ ਸਕਦਾ ਹੈ (2 ਕੁਰਿੰਥ 12:6-9; ਬਿਵਸਥਾ 6:10-12; 8:3)। ਮੁਸ਼ਕਲਾਂ ਸਾਨੂੰ ਪ੍ਰਾਰਥਨਾ ਕਰਨਾ ਵੀ ਸਿਖਾਉਂਦੀਆਂ ਹਨ। ਬਾਈਬਲ ਵਿੱਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਹਨਾਂ ਵਿੱਚ ਦਬਾਅ ਕਾਰਨ ਗੰਭੀਰ ਪ੍ਰਾਰਥਨਾ ਕੀਤੀ ਗਈ (1 ਸਮੂ 23:1ff.; ਯਸਾ 37:1; ਮੱਤੀ 26:36-45; ਰਸੂਲਾਂ 4:29; 12:5)। ਆਮ ਤੌਰ ਤੇ, ਬਾਈਬਲ ਮਸੀਹ ਦੇ ਅਨੁਭਵ ਨੂੰ ਇਸ ਤਰ੍ਹਾਂ ਦਰਸਾਉਂਦੀ ਹੈ ਜਿਸ ਵਿੱਚ ਦੁੱਖ ਤੋਂ ਬਾਅਦ ਮਹਿਮਾ ਆਉਂਦੀ ਹੈ (ਲੂਕਾ 24:26; ਫ਼ਿਲਿੱਪੀ 2:8-10; 1 ਪਤਰਸ 1:11)।

ਇਹ ਇੱਕ ਮਸੀਹੀ ਦੇ ਜੀਵਨ ਦੇ ਲਈ ਪਰਮੇਸ਼ਰ ਦੇ ਮਕਸਦ ਦਾ ਨਮੂਨਾ ਹੈ। ਪਰਮੇਸ਼ਰ ਚਾਹੁੰਦੇ ਹਨ ਕਿ ਵਿਸ਼ਵਾਸੀ ਕੁਝ ਹੱਦ ਤੱਕ ਦੁੱਖ ਝੱਲਣ ਤਾਂ ਜੋ ਉਹ ਹੋਰ ਜ਼ਿਆਦਾ ਮਸੀਹ ਵਰਗੇ ਬਣ ਸਕਣ। ਅਖ਼ੀਰ ਵਿੱਚ, ਉਹ ਵਿਸ਼ਵਾਸੀਆਂ ਨੂੰ ਮਹਿਮਾ ਵਿੱਚ ਲਿਆਉਣਗੇ (1 ਪਤਰਸ 2:21; 4:13; 5:1,10)। ਪਰਮੇਸ਼ਰ ਦੀ ਯੋਜਨਾ ਵਿੱਚ ਵਿਸ਼ਵਾਸੀਆਂ ਦੇ ਲਈ ਅਜਿਹੇ ਦੁੱਖ ਸ਼ਾਮਲ ਹਨ ਜੋ ਉਹਨਾਂ ਲਈ ਲਾਭਦਾਇਕ ਸਾਬਤ ਹੋਣਗੇ। ਅਜਿਹੀ ਸਿੱਖਿਆ ਪਰੀਖਿਆਵਾਂ ਦੇ ਉਦੇਸ਼ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਦੇ ਵਿਰੁੱਧ ਵਿੱਚ ਹੈ ਜੋ ਇਹ ਸਿਖਾਉਂਦੀ ਹੈ ਕਿ ਪਰਮੇਸ਼ਰ ਦੀ ਇੱਛਾ ਵਿੱਚ ਦੁੱਖ ਦੀ ਆਗਿਆ ਦੇਣਾ ਨਹੀਂ ਹੈ, ਜਾਂ ਸਾਰੇ ਦੁੱਖ ਸ਼ੈਤਾਨ ਦੇ ਹਮਲੇ ਹਨ ਅਤੇ ਜਾਂ ਫਿਰ ਦੁੱਖ ਆਤਮਿਕ ਅਸਫਲਤਾ ਦਾ ਸੰਕੇਤ ਹਨ।

### 4. ਬਾਈਬਲ ਵਿੱਚ ਦਿੱਤੇ ਗਏ ਚੰਗਿਆਈ ਦੇ ਨਮੂਨੇ

ਚੰਗਾ ਕਰਨ ਵਾਲਿਆਂ ਦੇ ਆਧੁਨਿਕ ਅਭਿਆਸਾਂ ਅਤੇ ਸਿੱਖਿਆਵਾਂ ਦੀ ਤੁਲਨਾ ਬਾਈਬਲ ਵਿਚਲੀਆਂ ਚੰਗਿਆਈਆਂ ਦੀਆਂ ਘਟਨਾਵਾਂ ਨਾਲ ਕਰਨ ਦੀ ਲੋੜ ਹੈ। ਇਹ ਪ੍ਰਯੋਗ ਦਰਸਾਉਂਦਾ ਹੈ ਕਿ ਚੰਗਾ ਕਰਨ ਦਾ ਦਾਅਵਾ ਕਰਨ ਵਾਲੇ ਅੱਜ ਦੇ ਮਸੀਹੀ, ਬਾਈਬਲ ਦੇ ਪਾਤਰਾਂ ਦੁਆਰਾ ਅਭਿਆਸ ਕੀਤੇ ਗਏ ਚੰਗਿਆਈ ਦੇ ਸੱਚੇ ਵਰਦਾਨ ਦੇ ਨੇੜੇ ਵੀ ਨਹੀਂ ਹਨ।

#### a. ਵਿਸ਼ਵਾਸ ਤੋਂ ਬਿਨਾਂ ਵਾਲੇ ਲੋਕਾਂ ਦੀ ਚੰਗਿਆਈ

ਬਾਈਬਲ ਦੀ ਚੰਗਿਆਈ ਆਖ਼ਰਕਾਰ ਬਿਮਾਰ ਵਿਅਕਤੀ ਦੇ ਵਿਸ਼ਵਾਸ ਉੱਤੇ ਨਿਰਭਰ ਨਹੀਂ ਰਹਿੰਦੀ ਸੀ। ਇਸ ਗੱਲ ਸੱਚ ਹੈ ਕਿ ਪ੍ਰਭੂ ਅਤੇ ਉਹਨਾਂ ਦੇ ਰਸੂਲ ਨੇ ਅਕਸਰ ਵਿਸ਼ਵਾਸ ਦੀ ਮੰਜਦੂਗੀ ਵਿੱਚ ਚੰਗਾ ਕੀਤਾ ਸੀ, ਅਤੇ ਜਿੱਥੇ ਵਿਸ਼ਵਾਸ ਨਹੀਂ ਹੁੰਦਾ ਸੀ ਉੱਥੇ ਚੰਗਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਫਿਰ ਵੀ, ਕਿਉਂਕਿ ਉਹਨਾਂ ਕੋਲ ਚੰਗਿਆਈ ਦਾ ਅਸਲੀ ਵਰਦਾਨ ਸੀ, ਇਸ ਲਈ ਵਿਸ਼ਵਾਸ ਦੀ ਘਾਟ ਹੋਣ ਤੇ ਵੀ ਉਹ ਚੰਗਾ ਕਰਨ ਦੀ ਯੋਗਤਾ ਰੱਖਦੇ ਸਨ। ਯਕੀਨਨ, ਦੁਸ਼ਟ ਆਤਮਾ ਨਾਲ ਭਰੇ ਵਿਅਕਤੀ ਵਿੱਚ ਚੰਗਾ ਹੋਣ ਦੇ ਲਈ ਵਿਸ਼ਵਾਸ ਨਹੀਂ ਸੀ (ਮੱਤੀ 8:28,29; ਮਰਕੁਸ 1:23-26)। ਕਈ ਘਟਨਾਵਾਂ ਵਿੱਚ, ਪ੍ਰਭੂ ਯਿਸੂ ਨੇ ਅਜਿਹੇ ਲੋਕਾਂ ਨੂੰ ਚੰਗਾ ਕੀਤਾ ਜੋ ਉਹਨਾਂ ਬਾਰੇ ਜਾਣਦੇ ਵੀ ਨਹੀਂ ਸਨ, ਬੈਥਜ਼ਥਾ ਤਲਾਬ ਦੇ ਕੋਲ ਅਧਰੰਗੀ ਆਦਮੀ ਇਹ ਨਹੀਂ ਜਾਣਦਾ ਸੀ ਕਿ ਉਸ ਨੂੰ ਕਿਸ ਨੇ ਚੰਗਾ ਕੀਤਾ ਸੀ (ਯੂਹੰਨਾ 5:13)। ਜਨਮ ਤੋਂ ਅੰਨ੍ਹੇ ਆਦਮੀ ਨੇ ਉਦੋਂ ਤੱਕ ਮਸੀਹ ਵਿੱਚ ਵਿਸ਼ਵਾਸ ਨਹੀਂ ਕੀਤਾ ਸੀ ਜਦੋਂ ਤੱਕ ਉਸ ਨੇ ਦੇਖਣਾ ਸ਼ੁਰੂ ਨਹੀਂ ਕੀਤਾ ਸੀ (ਯੂਹੰਨਾ 9:25,35-36)। ਚੰਗਾ ਹੋਣ ਤੋਂ ਪਹਿਲਾਂ ਇਹਨਾਂ ਦੋਵੇਂ ਆਦਮੀਆਂ ਵਿੱਚ ਕੋਈ ਵਿਸ਼ਵਾਸ ਨਹੀਂ ਸੀ। ਚੰਗਿਆਈ ਪਾਏ ਹੋਏ ਦਸ ਕੋੜ੍ਹੀਆਂ ਵਿੱਚੋਂ ਨੌ ਮਸੀਹ ਦੀ ਬਰਕਤ ਦੇ ਲਈ ਉਹਨਾਂ ਦਾ ਧੰਨਵਾਦ ਕਰਨ ਵੀ ਨਹੀਂ ਆਏ ਸਨ (ਲੂਕਾ 17:11-19)। ਯਕੀਨਨ, ਉਹਨਾਂ ਦਾ ਵਿਸ਼ਵਾਸ ਜਾਂ ਤਾਂ ਬਹੁਤ ਕਮਜ਼ੋਰ ਸੀ ਅਤੇ ਜਾਂ ਬਿਲਕੁਲ ਵੀ ਨਹੀਂ ਸੀ। ਹੈਕਲ ਦੇ ਦਰਵਾਜ਼ੇ ਕੋਲ ਲੰਗੜੇ ਆਦਮੀ ਨੇ ਨਾ ਤਾਂ ਚੰਗਿਆਈ ਦੀ ਮੰਗ ਕੀਤੀ ਸੀ ਅਤੇ ਨਾ ਹੀ ਚੰਗਿਆਈ ਦੀ ਉਮੀਦ ਕੀਤੀ ਸੀ। ਉਸ ਨੇ ਪੈਸੇ ਮੰਗੇ ਸਨ, ਅਤੇ ਪਤਰਸ ਨੇ ਉਸ ਨੂੰ ਚੰਗਿਆਈ ਦਿੱਤੀ ਸੀ (ਰਸੂਲਾਂ 3:2-8)।

ਜਿਹਨਾਂ ਕੋਲ ਚੰਗਿਆਈ ਦਾ ਸੱਚਾ ਵਰਦਾਨ ਹੈ, **ਉਹਨਾਂ ਨੂੰ ਅਜਿਹੇ ਲੋਕਾਂ ਨੂੰ ਵੀ ਚੰਗਾ ਕਰਨਾ ਚਾਹੀਦਾ ਹੈ ਜਿਹਨਾਂ ਵਿੱਚ ਕੋਈ ਵਿਸ਼ਵਾਸ ਨਹੀਂ ਹੈ।** ਇਸ ਦੇ ਉਲਟ, ਚੰਗਾ ਕਰਨ ਦਾ ਦਾਅਵਾ ਕਰਨ ਵਾਲੇ

ਅੱਜ ਦੇ ਮਸੀਹੀ, ਚੰਗਿਆਈ ਨਾ ਮਿਲਣ ਕਾਰਨ ਬਿਮਾਰ ਵਿਅਕਤੀ ਵਿੱਚ ਵਿਸ਼ਵਾਸ ਦੀ ਘਾਟ ਦੱਸਦੇ ਹਨ। ਬਿਮਾਰ ਵਿਅਕਤੀ ਦੇ ਵਿਸ਼ਵਾਸ ਦੀ ਪਰਵਾਹ ਕੀਤੇ ਬਿਨਾਂ ਚੰਗਾ ਕਰਨ ਵਿੱਚ ਯੋਗ ਨਾ ਹੋਣਾ ਦਰਸਾਉਂਦਾ ਹੈ ਕਿ ਅਜਿਹੇ ਲੋਕਾਂ ਕੋਲ ਅਸਲ ਵਿੱਚ ਚੰਗਿਆਈ ਦਾ ਸੱਚਾ ਵਰਦਾਨ ਨਹੀਂ ਹੈ।

### b. ਬਾਈਬਲ ਦੀਆਂ ਚੰਗਾਈਆਂ ਦੀ ਸਫਲਤਾ ਦਾ ਦਰ

ਇਹ ਸੱਚ ਹੈ ਕਿ ਕਈ ਵਾਰ ਮਸੀਹ ਅਤੇ ਰਸੂਲਾਂ ਨੇ ਕੁਝ ਖ਼ਾਸ ਤਰ੍ਹਾਂ ਦੇ ਲੋਕਾਂ ਨੂੰ ਚੰਗਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਜਦੋਂ ਵੀ ਉਹ ਚੰਗਾ ਕਰਨ ਦਾ ਫ਼ੈਸਲਾ ਕਰਦੇ ਸਨ, ਤਾਂ ਉਹ ਹਮੇਸ਼ਾ ਸਫਲ ਹੁੰਦੇ ਸਨ।[51] ਬਿਵਸਥਾ 18:21-22 ਨੇ ਇਸਰਾਏਲ ਨੂੰ ਇਹ ਹੁਕਮ ਦਿੱਤਾ ਗਿਆ ਸੀ ਕਿ ਜੇਕਰ ਇੱਕ ਨਬੀ ਦੀ ਇੱਕ ਵੀ ਭਵਿੱਖਬਾਣੀ ਪੂਰੀ ਨਾ ਹੋਵੇ, ਤਾਂ ਉਹ ਇੱਕ ਝੂਠਾ ਨਬੀ ਮੰਨਿਆ ਜਾਵੇ। ਇਹ ਵੀ ਠੀਕ ਹੈ ਕਿ ਚੰਗਿਆਈ ਦੇ ਅਸਲੀ ਵਰਦਾਨ ਹੋਣ ਦਾ ਦਾਅਵਾ ਕਰਨ ਵਾਲਿਆਂ ਦੇ ਲਈ ਵੀ ਇਹੀ ਮਿਆਰ ਨਿਰਧਾਰਿਤ ਕੀਤਾ ਜਾਵੇ। ਅਜਿਹਾ ਇੱਕ ਵੀ ਮਾਮਲਾ ਨਹੀਂ ਹੋਣਾ ਚਾਹੀਦਾ ਜਿਸ ਵਿੱਚ ਉਹ ਚੰਗਾ ਕਰਨ ਵਿੱਚ ਅਸਫਲ ਰਹੇ ਹੋਣ (ਇਸ ਵਿੱਚ ਅਵਿਸ਼ਵਾਸੀਆਂ ਨੂੰ ਚੰਗਾ ਕਰਨ ਵੀ ਸ਼ਾਮਲ ਹੈ)।

### c. ਦੂਰੀ ਚੰਗਿਆਈ ਵਿੱਚ ਰੁਕਾਵਟ ਨਹੀਂ ਹੁੰਦੀ ਹੈ

ਕਈ ਵਾਰ ਮਸੀਹ ਨੇ ਅਜਿਹੇ ਲੋਕਾਂ ਨੂੰ ਚੰਗਾ ਕੀਤਾ ਸੀ ਜੋ ਸਰੀਰਕ ਰੂਪ ਵਿੱਚ ਉਹਨਾਂ ਦੇ ਕੋਲ ਮੌਜੂਦ ਨਹੀਂ ਸਨ (ਮੱਤੀ 8:5-13; ਯੂਹੰਨਾ 4:49-53)। ਜਿਹਨਾਂ ਲੋਕਾਂ ਕੋਲ ਚੰਗਿਆਈ ਦਾ ਅਸਲੀ ਵਰਦਾਨ ਹੈ, ਉਹਨਾਂ ਨੂੰ ਇਸ ਯੋਗ ਹੋਣਾ ਚਾਹੀਦਾ ਹੈ ਕਿ ਆਪਣੀ ਕਲੀਸਿਯਾ ਸਭਾਵਾਂ ਵਿੱਚ ਖੜ੍ਹੇ ਹੋ ਕੇ ਕਿਸੇ ਦੂਰ ਦੇ ਹਸਪਤਾਲ ਵਿੱਚ ਪਾਏ ਬਿਮਾਰ ਵਿਅਕਤੀ ਨੂੰ ਚੰਗਾ ਕਰ ਦੇਣ। ਇੱਕ ਅਜਿਹੀ ਵਿਸ਼ੇਸ਼ ਚੰਗਿਆਈ ਸਭਾ ਦਾ ਪ੍ਰਬੰਧ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਹੈ ਜਿਸ ਵਿੱਚ ਬਿਮਾਰਾਂ ਨੂੰ ਇੱਕ ਚੰਗਾ ਕਰਨ ਵਾਲੇ ਦੇ ਕੋਲ ਲਿਆਉਣਾ ਪਵੇ। ਉਸ ਨੂੰ ਸਿਰਫ਼ ਚੰਗਾ ਕਰਨ ਵਾਲਾ ਇੱਕ ਸ਼ਬਦ ਬੋਲਣਾ ਚਾਹੀਦਾ ਹੈ ਜਿਸ ਨਾਲ ਉਹ ਲੋਕ ਵੀ ਚੰਗੇ ਹੋ ਜਾਣ ਜੋ ਅਸਲ ਵਿੱਚ ਉੱਥੇ ਮੌਜੂਦ ਨਹੀਂ ਹਨ।

### d. ਤੁਰੰਤ, ਅਚਾਨਕ ਅਤੇ ਜਨਤਕ ਚੰਗਿਆਈ

ਨਵੇਂ ਨੇਮ ਵਿੱਚ ਚੰਗਿਆਈਆਂ ਸਿਰਫ਼ ਨਿੱਜੀ ਅਤੇ ਵਿਸ਼ੇਸ਼ ਤੌਰ ਤੇ ਕੀਤੀਆਂ ਸਭਾਵਾਂ ਤੱਕ ਹੀ ਸੀਮਿਤ ਨਹੀਂ ਸਨ। ਅਜਿਹੀਆਂ ਕੋਈ "ਚੰਗਿਆਈ ਸਭਾਵਾਂ" ਨਹੀਂ ਹੁੰਦੀਆਂ ਸਨ ਜਿਹਨਾਂ ਵਿੱਚ ਸਿਰਫ਼ ਵਿਸ਼ਵਾਸੀ ਅਤੇ ਚੰਗਿਆਈ ਦੀ ਉਮੀਦ ਕਰਨ ਵਾਲੇ ਹੀ ਸੱਦੇ ਜਾਂਦੇ ਸਨ। ਬਾਈਬਲ ਦੀਆਂ ਚੰਗਿਆਈਆਂ ਅਚਾਨਕ ਅਤੇ ਤੁਰੰਤ ਅਤੇ ਜਨਤਕ ਰੂਪ ਵਿੱਚ ਹੁੰਦੀਆਂ ਸਨ। ਮਸੀਹ ਨੇ ਮਰਦਿਆਂ ਨੂੰ ਅੰਤਿਮ-ਸੰਸਕਾਰ ਦੇ ਸਮੇਂ (ਲੂਕਾ 7:11ff., ਮੱਤੀ 9:23-25) ਅਤੇ ਕਬਰਸਤਾਨ ਤੋਂ (ਯੂਹੰਨਾ 11:43-44) ਜਿਊਂਦਾ ਕੀਤਾ ਸੀ। ਪੌਲੁਸ ਨੇ ਇੱਕ ਅਚਾਨਕ ਦੇ ਹਾਦਸੇ ਤੋਂ ਬਾਅਦ ਯੂਤਖੁਸ ਜਿਊਂਦਾ ਕੀਤਾ ਸੀ (ਰਸੂਲਾਂ 20:7ff.)। ਇਸ ਤੋਂ ਇਲਾਵਾ, ਬਾਈਬਲ ਦੀਆਂ ਚੰਗਿਆਈਆਂ ਇੰਨੀਆਂ ਪ੍ਰਭਾਵਸ਼ਾਲੀ ਸਨ ਕਿ ਮਸੀਹ ਦੇ ਦੁਸ਼ਮਣ ਵੀ ਉਹਨਾਂ ਦੀ ਵੈਧਤਾ ਤੋਂ ਇਨਕਾਰ ਨਹੀਂ ਕਰ ਸਕੇ ਸਨ (ਯੂਹੰਨਾ 11:47-48; ਰਸੂਲਾਂ 2:22; 4:16; 5:13)। ਅਜਿਹਾ ਕਦੋਂ ਹੋਇਆ ਕਿ ਚੰਗਾ ਕਰਨ ਵਾਲੇ ਨੇ ਕਿਸੇ ਹਸਪਤਾਲ ਦੇ ਐਮਰਜੈਂਸੀ ਕਮਰਿਆਂ ਵਿੱਚ ਸਾਰੇ ਬਿਮਾਰਾਂ ਨੂੰ ਅਚਾਨਕ ਚੰਗਾ ਕਰਕੇ ਇਹਨਾਂ ਨੂੰ ਖਾਲੀ ਕੀਤਾ ਹੋਵੇ? ਕੀ ਉਹ ਕਦੇ ਕਿਸੇ ਅੰਤਿਮ-ਸੰਸਾਰ ਜਾਂ ਕਬਰਸਤਾਨ ਵਿੱਚ ਉਸ ਵਿਅਕਤੀ ਨੂੰ "ਚੰਗਾ" ਕਰਨ ਲਈ ਗਏ ਹਨ ਜਿਸ ਨੂੰ ਅਵਿਸ਼ਵਾਸੀਆਂ ਨੇ ਮੁਰਦਾ ਮੰਨਿਆ ਹੈ? ਕੀ ਉਹਨਾਂ ਦਾ ਚੰਗਾ ਕਰਨਾ ਇੰਨਾ ਅਚਾਨਕ ਹੈ ਕਿ ਇਹ ਮਸੀਹ ਦੇ ਦੁਸ਼ਮਣਾਂ ਨੂੰ ਵੀ ਯਕੀਨ ਦਿਵਾਉਂਦਾ ਹੈ? ਆਧੁਨਿਕ ਚੰਗਾ ਕਰਨ ਵਾਲੇ ਬਾਈਬਲ ਵਿੱਚ ਦਿੱਤੀਆਂ ਚੰਗਿਆਈ ਦੇ ਵਰਦਾਨ ਦੀਆਂ ਸੱਚੀਆਂ ਉਦਹਾਰਣਾਂ ਦੀ ਤੁਲਨਾ ਵਿੱਚ ਫਿੱਕੇ ਪੈ ਜਾਂਦੇ ਹਨ। ਅਸਲ ਵਿੱਚ, ਬਾਈਬਲ ਦੀ ਉਦਾਹਰਣ ਉਹਨਾਂ ਨੂੰ ਬੇਨਕਾਬ ਕਰਦੇ ਹੋਏ ਇਹ ਦਰਸਾਉਂਦੀ ਹੈ ਕਿ ਇਹਨਾਂ ਕੋਲ ਕੋਈ ਸੱਚਾ ਵਰਦਾਨ ਨਹੀਂ ਹੈ।

### 5. ਸੰਪੂਰਨ ਤੰਦਰੁਸਤੀ ਭਵਿੱਖ ਦਾ ਵਾਅਦਾ ਹੈ

ਸਲੀਬ ਦਾ ਮੁੱਖ ਉਦੇਸ਼ ਆਤਮਿਕ ਚੰਗਿਆਈ ਸੀ। ਇਹ ਦਰਸਾਉਣ ਲਈ ਪਤਰਸ ਯਸਾਯਾਹ 53 ਦਾ ਹਵਾਲਾ ਦਿੰਦਾ ਹੈ (1 ਪਤਰਸ 2:24-25)। ਫਿਰ ਵੀ, ਇਹ ਦੇਖਣ ਵਿੱਚ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ ਕਿ ਸਰੀਰਕ ਚੰਗਿਆਈ ਵੀ ਪ੍ਰਾਸਚਿਤ ਦਾ ਇੱਕ ਪਹਿਲੂ ਸੀ। ਪਾਪ ਦੀ ਸਜ਼ਾ ਵਿੱਚ ਆਤਮਿਕ ਅਤੇ ਸਰੀਰਕ ਦੁੱਖ ਦੋਵੇਂ ਸ਼ਾਮਲ ਹਨ। ਇਹ ਇੱਕ ਤਰਕਪੂਰਨ ਸਿੱਟਾ ਹੋਵੇਗਾ ਕਿ ਮਸੀਹ ਨੇ ਪਾਪ ਦਾ ਇਸ ਤਰ੍ਹਾਂ ਭੁਗਤਾਨ ਕੀਤਾ ਕਿ ਉਹਨਾਂ ਨੇ ਮਨੁੱਖਤਾ ਨੂੰ ਉਸ ਦੇ ਸਾਰੇ ਸਰਾਪਾਂ ਤੋਂ ਮੁਕਤੀ ਦਿਵਾ ਦਿੱਤੀ ਹੈ, ਜਿਸ ਵਿੱਚ ਬਿਮਾਰੀਆਂ ਵੀ ਸ਼ਾਮਲ ਹਨ। ਯਸਾਯਾਹ 53:4 ਵਿੱਚ ਇਬਰਾਨੀ ਸ਼ਬਦ ਦੇ ਅਰਥ

[51] ਇਹ ਕਥਨ ਪ੍ਰਭੂ ਯਿਸੂ ਦੇ ਬਾਰੇਹਰ ਸਮੇਂ, ਅਤੇ ਰਸੂਲਾਂ ਦੇ ਬਾਰੇ ਵਿੱਚ ਉਸ ਸਮੇਂ ਸਹੀ ਸਾਬਤ ਹੋਇਆ ਸੀ ਜਦੋਂ ਚੰਗਿਆਈ ਦਾ ਵਰਦਾਨ ਦੇਣ ਦੇ ਲਈ ਪਵਿੱਤਰ ਆਤਮਾ ਉਹਨਾਂ ਦੇ ਉੱਤੇ ਆਇਆ ਸੀ। ਪੰਤੇਕੁਸਤ ਅਤੇ ਪਵਿੱਤਰ ਆਤਮਾ ਦੁਆਰਾ ਰਸੂਲਾਂ ਵਿੱਚ ਵਾਸ ਕਰਨ ਜਾਂ ਚੰਗਿਆਈ ਦਾ ਵਰਦਾਨ ਦਿੱਤੇ ਜਾਣ ਤੋਂ ਪਹਿਲਾਂ, ਰਸੂਲ ਇੱਕ ਮੌਕੇ ਤੇ ਚੰਗਾ ਕਰਨ ਵਿੱਚ ਅਸਫਲ ਰਹੇ ਸਨ (ਮੱਤੀ 17:16; ਮਰਕੁਸ 9:17; ਲੂਕਾ 9:40)। ਪਰ ਇਹ ਚੰਗਿਆਈ ਦਾ ਵਰਦਾਨ ਪਾਏ ਹੋਏ ਵਿਅਕਤੀ ਦੇ ਚੰਗਾ ਕਰਨ ਵਿੱਚ ਅਸਫਲ ਰਹਿਣ ਦਾ ਅਨੁਭਵ ਨਹੀਂ ਹੈ। ਇਸ ਦੀ ਬਜਾਏ, ਇਹ ਅਜਿਹੇ ਲੋਕਾਂ ਦੀ ਪ੍ਰਾਰਥਨਾ ਦਾ ਪ੍ਰਭਾਵਸ਼ਾਲੀ ਨਾ ਹੋਣਾ ਹੈ ਜਿਹਨਾਂ ਨੂੰ ਉਸ ਸਮੇਂ ਤੱਕ ਚੰਗਿਆਈ ਦਾ ਵਰਦਾਨ ਨਹੀਂ ਮਿਲਿਆ ਸੀ। ਪੰਤੇਕੁਸਤ ਤੋਂ ਬਾਅਦ, ਰਸੂਲਾਂ ਨੇ ਚੰਗਿਆਈ ਦਾ ਵਰਦਾਨ ਪਾ ਲਿਆ ਸੀ।

ਵਿੱਚ ਇਹ ਵਿਚਾਰ ਵੀ ਸ਼ਾਮਲ ਕੀਤਾ ਜਾ ਸਕਦਾ ਹੈ ਕਿ ਮਸੀਹ ਦਾ ਮਰਨਾ ਸਾਡੇ ਰੋਗਾਂ ਦੇ ਲਈ ਵੀ ਸੀ। ਇਸ ਆਇਤ ਦਾ ਇਹ ਅਨੁਵਾਦ ਹੋ ਸਕਦਾ ਹੈ, "ਸੱਚ-ਮੁੱਚ, ਉਹਨਾਂ ਨੇ ਸਾਡੇ ਰੋਗ ਚੁੱਕ ਲਏ ਅਤੇ ਸਾਡੇ ਦੁੱਖ ਉਠਾਏ।"

ਕੈਰਿਸਮੈਟਿਕ ਅਤੇ ਗ਼ੈਰ-ਕੈਰਿਸਮੈਟਿਕ ਦੋਵੇਂ ਹੀ ਇਸ ਗੱਲ ਨਾਲ ਸਹਿਮਤ ਹੋ ਸਕਦੇ ਹਨ ਕਿ ਸਲੀਬ ਉੱਤੇ ਮਸੀਹ ਦੀ ਮੌਤ ਸਰੀਰਕ ਤੰਦਰੁਸਤੀ ਉੱਤੇ ਮਹੱਤਵਪੂਰਣ ਪ੍ਰਭਾਵ ਪਾਉਂਦੀ ਹੈ। ਪਰ, ਇੱਥੇ ਮੁੱਦਾ ਸਮਾਂ ਹੈ। ਸਲੀਬ ਬਿਮਾਰੀ ਦਾ ਹੱਲ ਹੈ, ਪਰ ਸੰਪੂਰਨ ਚੰਗਿਆਈ ਕਦੋਂ ਮਿਲੇਗੀ?

ਇਹ ਉਸ ਤੰਦਰੁਸਤੀ ਦਾ ਅੰਸ਼ਕ ਸਵਾਦ ਸੀ ਜੋ ਅਸਲ ਵਿੱਚ ਹਜ਼ਾਰ ਸਾਲਾਂ ਦੇ ਰਾਜ ਵਿੱਚ ਮਸੀਹ ਦੀ ਧਰਤੀ ਉੱਤੇ ਸੇਵਕਾਈ ਦੌਰਾਨ ਹੋਵੇਗਾ (ਮੱਤੀ 8:17, ਸ਼ਾਇਦ ਇਬ 6:5 ਵੀ )। ਰਾਜਾ ਧਰਤੀ ਉੱਤੇ ਸੀ, ਅਤੇ ਇਹ ਉਸ ਚੰਗਿਆਈ ਦੇ ਨਮੂਨੇ ਸਨ ਜੋ ਹਜ਼ਾਰ ਸਾਲਾਂ ਦੇ ਰਾਜ ਵਿੱਚ ਉਹ ਲਿਆ ਸਕਦੇ ਹਨ। ਪਰ, ਰਾਜੇ ਨੂੰ ਰੱਦ ਕਰ ਦਿੱਤਾ ਗਿਆ, ਅਤੇ ਉਸ ਦੇ ਰਾਜ ਵਿੱਚ ਦੇਰੀ ਹੋਈ। ਇਸ ਲਈ, ਚੰਗਿਆਈ ਦਾ ਇਹ ਅੰਸ਼ਕ ਸਵਾਦ, ਰਾਜ ਵਿੱਚ ਦੇਰੀ ਹੋ ਜਾਣ ਦੇ ਬਾਅਦ ਹੁਣ ਤੰਦਰੁਸਤੀ ਦੀਆਂ ਸਥਿਤੀਆਂ ਬਾਰੇ ਜ਼ਿਆਦਾ ਕੁਝ ਨਹੀਂ ਸਿਖਾਉਂਦੇ ਹਨ।

ਹਾਲਾਂਕਿ ਮਸੀਹ ਦੀ ਮੌਤ ਨੇ ਸੱਚਮੁੱਚ ਬਿਮਾਰੀ ਦੇ ਖਾਤਮੇ ਦੀ ਨੀਂਹ ਰੱਖੀ ਹੈ, ਪਰ ਬਹੁਤ ਸਾਰੇ ਵਚਨ ਇਹ ਸਿਖਾਉਂਦੇ ਹਨ ਕਿ ਵਰਤਮਾਨ ਸਮਾਂ ਵਿਸ਼ਵ-ਵਿਆਪੀ ਤੰਦਰੁਸਤੀ ਦਾ ਸਮਾਂ ਨਹੀਂ ਹੋਵੇਗਾ। ਰੋਮੀ 8:22-23 ਅਤੇ 2 ਕੁਰਿੰਥ 5:2ff. ਦਾ ਪਹਿਲਾਂ ਹੀ ਇਸ ਤੱਥ ਨੂੰ ਸਥਾਪਿਤ ਕਰਨ ਲਈ ਹਵਾਲਾ ਦਿੱਤਾ ਗਿਆ ਹੈ ਕਿ ਪਰਮੇਸ਼ਰ ਦੇ ਲੋਕਾਂ ਨੂੰ ਇੱਕ ਹੱਦ ਤੱਕ ਸਰੀਰਕ ਰੂਪ ਵਿੱਚ "ਦੁੱਖ" ਦੀ ਉਮੀਦ ਕਰਨੀ ਚਾਹੀਦੀ ਹੈ। ਪ੍ਰਾਸਚਿਤ ਵਿੱਚ ਤੰਦਰੁਸਤੀ ਹੈ, ਪਰ ਇਹ ਪੂਰੀ ਤਰ੍ਹਾਂ ਲਾਗੂ ਭਵਿੱਖ ਵਿੱਚ ਹੋਵੇਗੀ। ਇਹ ਤੱਥ ਕਿ ਬਾਈਬਲ ਪ੍ਰਕਾਸ਼ ਦੀ ਪੋਥੀ 21:4 ਵਿੱਚ ਅਜਿਹੇ ਭਵਿੱਖ ਦਾ ਦਾਅਵਾ ਕਰਦੀ ਹੈ ਜਿਸ ਵਿੱਚ ਸਾਰਿਆਂ ਦੇ ਹੰਝੂ ਪੂੰਝੇ ਜਾਣਗੇ ਅਤੇ ਬਿਮਾਰੀ ਅਤੇ ਮੌਤ ਨੂੰ ਖ਼ਤਮ ਕਰ ਦਿੱਤਾ ਜਾਵੇਗਾ, ਇਹ ਇਸ ਗੱਲ ਦੀ ਪੁਸ਼ਟੀ ਹੈ ਕਿ ਬਿਮਾਰੀ ਅਤੇ ਮੌਤ ਅਜੇ ਤੱਕ ਖ਼ਤਮ ਨਹੀਂ ਹੋਏ ਹਨ। ਜਿਸ ਤਰ੍ਹਾਂ ਸਲੀਬ ਦੁਆਰਾ ਸ਼ੈਤਾਨ ਦੀ ਤਬਾਹੀ ਨਿਸ਼ਚਿਤ ਹੋ ਗਈ ਹੈ, ਪਰ ਉਹ ਅਜੇ ਵੀ ਲਾਗੂ ਨਹੀਂ ਕੀਤੀ ਗਈ ਹੈ, ਉਸੇ ਤਰ੍ਹਾਂ ਬਿਮਾਰੀਆਂ ਦਾ ਨਾਸ਼ ਹੋਣ ਦਾ ਆਧਾਰ ਵੀ ਸਲੀਬ ਦੁਆਰਾ ਤਿਆਰ ਕੀਤਾ ਗਿਆ ਹੈ, ਪਰ ਇਸ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ ਹੈ। ਮੁੱਦਾ ਇਹ ਨਹੀਂ ਹੈ ਕਿ ਕੀ ਸਲੀਬ ਨੇ ਬਿਮਾਰੀ ਉੱਤੇ ਜਿੱਤ ਪ੍ਰਦਾਨ ਕੀਤੀ ਹੈ ਜਾਂ ਨਹੀਂ, ਪਰ ਇਹ ਹੈ ਕਿ ਇਹ ਜਿੱਤ ਕਦੋਂ ਹੋਵੇਗੀ। ਪਾਪ ਦੇ ਪੂਰੀ ਤਰ੍ਹਾਂ ਖ਼ਤਮ ਹੋਣ ਦਾ ਵਾਅਦਾ ਇੱਕ ਭਵਿੱਖ ਦੀ ਘਟਨਾ ਹੈ। ਹਾਲਾਂਕਿ ਮਸੀਹ ਵਿੱਚ ਵਿਸ਼ਵਾਸ ਕਰਨ ਵਾਲਿਆਂ ਦੇ ਲਈ ਸਰੀਰਕ ਚੰਗਿਆਈ ਹੁੰਦੀ ਹੈ, ਫਿਰ ਵੀ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਪਾਪ ਦੇ ਬਹੁਤ ਸਾਰੇ ਸਰੀਰਕ ਸਰਾਪ ਅੱਜ ਵੀ ਕੰਮ ਕਰ ਰਹੇ ਹਨ (ਦੇਖੋ, ਉਤ 3:14ff)। ਸੱਪ ਅਜੇ ਵੀ ਘੁੰਮਦੇ ਰਹਿੰਦੇ ਹਨ। ਕੰਡੇ ਅਜੇ ਵੀ ਉੱਗਦੇ ਹਨ। ਮਨੁੱਖ ਨੂੰ ਅਜੇ ਵੀ ਜਿਊਂਦੇ ਰਹਿਣ ਲਈ ਕੰਮ ਕਰਨਾ ਪੈਂਦਾ ਹੈ। ਬੱਚੇ ਦਾ ਜਨਮ ਅਜੇ ਵੀ ਦੁਖਦਾਈ ਢੰਗ ਨਾਲ ਹੁੰਦਾ ਹੈ। ਲੋਕ ਅਜੇ ਵੀ ਮਰ ਰਹੇ ਹਨ। ਹਜ਼ਾਰ ਸਾਲ ਦੇ ਰਾਜ ਵਿੱਚ ਸਰਾਪ ਘੱਟ ਹੋ ਜਾਵੇਗਾ (ਯਸਾ 11:6-9; 65:25), ਪਰ ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਵੇਗਾ (ਯਸਾ 65:20)। ਉਦੋਂ ਵੀ ਮੌਤ ਹੋਵੇਗੀ। ਸਾਰੀਆਂ ਬਿਮਾਰੀਆਂ ਦਾ ਪੂਰੀ ਤਰ੍ਹਾਂ ਖ਼ਤਮ ਹੋਣਾ ਸਦੀਪਕ ਰਾਜ (ਸਵਰਗ) ਵਿੱਚ ਹੋਵੇਗਾ (ਪ੍ਰਕਾਸ਼ 21:4)। ਉਦੋਂ ਤੱਕ, ਚੰਗਾ ਕਰਨ ਵਾਲਿਆਂ ਦੇ ਦਾਅਵਿਆਂ ਦੇ ਬਾਵਜੂਦ, ਬਿਮਾਰੀ ਇੱਕ ਆਮ ਮਨੁੱਖੀ ਸਮੱਸਿਆ ਬਣੀ ਰਹੇਗੀ।

### 6. ਚੰਗਿਆਈ ਬਾਰੇ ਸੰਖੇਪ ਸਾਰ

ਸਾਰੇ ਬਾਈਬਲ ਸਿੱਖਿਅਕ ਇਹ ਮੰਨਦੇ ਹਨ ਕਿ ਪਰਮੇਸ਼ਰ ਪ੍ਰਾਰਥਨਾ ਦੇ ਜਵਾਬ ਵਿੱਚ ਚੰਗਾ ਕਰਦੇ ਹਨ, ਪਰ ਪਰਮੇਸ਼ਰ ਦੀ ਚੰਗਿਆਈ ਅਤੇ ਇੱਕ ਵਿਅਕਤੀ ਦੁਆਰਾ ਚੰਗਾ ਹੋਣਾ ਦੋ ਵੱਖਰੇ ਮੁੱਦੇ ਹਨ। ਚੰਗਿਆਈ ਮੁੱਖ ਤੌਰ ਤੇ ਇੱਕ ਚਿੰਨ੍ਹ ਵਾਲਾ ਵਰਦਾਨ ਸੀ। ਰਸੂਲਾਂ ਦੀ ਪੁਸ਼ਟੀ ਕਰਨ ਵਾਲੇ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਹੀ ਬੰਦ ਹੋ ਗਏ ਸਨ। ਇਹ ਇੱਕ ਇਤਿਹਾਸਕ ਤੱਥ ਹੈ ਕਿ ਉਹ ਬੰਦ ਹੋ ਗਏ ਹਨ।

ਕੈਰਿਸਮੈਟਿਕ ਸਿੱਖਿਆ ਬਿਮਾਰੀ ਅਤੇ ਦੁੱਖਾਂ ਦੇ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਦੇ ਅਨੁਕੂਲ ਹੁੰਦੀਆਂ ਹਨ। ਪਰਮੇਸ਼ਰ ਦੇ ਲੋਕ ਬਿਮਾਰ ਹੁੰਦੇ ਹਨ, ਅਤੇ ਪਰਮੇਸ਼ਰ ਆਪਣੀ ਚੰਗੀ ਇੱਛਾ ਵਿੱਚ ਹੀ ਆਪਣੇ ਬੱਚਿਆਂ ਦੇ ਜੀਵਨ ਵਿੱਚ ਮੁਸ਼ਕਲਾਂ ਆਉਣ ਦੀ ਆਗਿਆ ਦਿੰਦੇ ਹਨ। ਇਸ ਤੋਂ ਇਲਾਵਾ, ਅੱਜ ਦੇ ਚੰਗਾ ਕਰਨ ਵਾਲਿਆਂ ਦੇ ਦਾਅਵੇ ਅਤੇ ਅਨੁਭਵ ਨਵੇਂ ਨੇਮ ਦੇ ਚੰਗਿਆਈ ਦੇ ਸੱਚੇ ਵਰਦਾਨ ਦੇ ਸਮਾਨ ਨਹੀਂ ਹਨ। ਹਾਲਾਂਕਿ, ਪਰਮੇਸ਼ਰ ਪ੍ਰਾਰਥਨਾ ਦੇ ਜਵਾਬ ਵਿੱਚ ਚੰਗਾ ਕਰਨ ਦੀ ਚੋਣ ਕਰ ਸਕਦੇ ਹਨ, ਪਰ ਉਹ ਸਾਡੇ ਸਮੇਂ ਵਿੱਚ ਚੰਗਾ ਕਰਨ ਵਾਲਿਆਂ ਨੂੰ ਖੜ੍ਹੇ ਨਹੀਂ ਕਰ ਰਹੇ ਹਨ। ਬਿਮਾਰੀਆਂ ਦਾ ਪੂਰੀ ਤਰ੍ਹਾਂ ਖ਼ਤਮ ਹੋਣਾ ਸਦੀਪਕ ਰਾਜ (ਸਵਰਗ) ਤੋਂ ਪਹਿਲਾਂ ਨਹੀਂ ਹੋਵੇਗਾ।

## VI. ਕੈਰਿਸਮੈਟਿਕ ਅੰਦੋਲਨ ਉੱਤੇ ਸਿੱਟੇ

ਪਰਿਭਾਸ਼ਾ ਅਨੁਸਾਰ ਮਸੀਹਤ ਕਰਾਮਾਤਾਂ ਵਿੱਚ ਵਿਸ਼ਵਾਸ ਕਰਦੀ ਹੈ। ਪਰਮੇਸ਼ਰ ਹੁਣ ਵੀ ਚਮਤਕਾਰ ਕਰ ਸਕਦੇ ਅਤੇ ਕਰਦੇ ਹਨ। ਪਰ, ਇਹ ਅਜਿਹਾ ਮੰਨਣਾ ਨਹੀਂ ਹੈ ਕਿ ਪਰਮੇਸ਼ਰ ਦੇ ਕੰਮ ਵਿੱਚ ਚਮਤਕਾਰ ਇੱਕ ਆਮ ਗੱਲ ਹਨ। ਹਾਲਾਂਕਿ, ਅਸਲੀ ਚਿੰਨ੍ਹ-ਚਮਤਕਾਰਾਂ ਦੀਆਂ ਥੋੜ੍ਹੀਆਂ ਬਹੁਤ ਘਟਨਾਵਾਂ ਹੁੰਦੀਆਂ ਹਨ, ਪਰ ਇਹ ਪਰਮੇਸ਼ਰ ਦੇ ਕੰਮ ਕਰਨ ਦੇ ਆਮ ਸਾਧਨ ਨਹੀਂ ਹਨ। ਇਹ

ਅਧਿਐਨ ਇਸ ਸਿੱਟੇ ਉੱਤੇ ਪਹੁੰਚਦਾ ਹੈ ਕਿ ਹਾਲਾਂਕਿ ਸਮੇਂ-ਸਮੇਂ ਉੱਤੇ ਚਮਤਕਾਰ ਹੋ ਸਕਦੇ ਹਨ, ਪਰ ਪਰਮੇਸ਼ਰ ਹੁਣ ਚਮਤਕਾਰੀ ਵਰਦਾਨ ਨਹੀਂ ਦਿੰਦੇ ਹਨ (ਚਮਤਕਾਰਾਂ ਦੀ ਘਟਨਾਵਾਂ ਹੋ ਸਕਦੀਆਂ ਹਨ; ਚਮਤਕਾਰਾਂ ਦੇ ਵਰਦਾਨ ਨਹੀਂ ਹੋ ਸਕਦੇ ਹਨ)।

ਕੈਰਿਸਮੈਟਿਕ ਅੰਦੋਲਨ ਦਾ ਅਜਿਹਾ ਨਕਾਰਾਤਮਕ ਮੁਲਾਂਕਣ ਕਈ ਸਵਾਲ ਖੜ੍ਹੇ ਕਰਦਾ ਹੈ। ਜੇਕਰ ਇਹ ਕੰਮ ਪਵਿੱਤਰ ਆਤਮਾ ਤੋਂ ਨਹੀਂ ਹੈ, ਤਾਂ ਇਸ ਦੀ ਸ਼ੁਰੂਆਤ ਕੀ ਹੈ? ਕੈਰਿਸਮੈਟਿਕ ਮਸੀਹਤ ਇੰਨੀ ਪ੍ਰਸਿੱਧ ਕਿਉਂ ਹੈ? ਗ਼ੈਰ-ਕੈਰਿਸਮੈਟਿਕ ਮਸੀਹੀਆਂ ਨੂੰ ਕੈਰਿਸਮੈਟਿਕ ਭਰਾਵਾਂ ਨਾਲ ਕਿਵੇਂ ਦਾ ਸੰਬੰਧ ਰੱਖਣਾ ਚਾਹੀਦਾ ਹੈ?

ਕੈਰਿਸਮੈਟਿਕ ਅੰਦੋਲਨ ਬਹੁਤ ਵੱਡਾ ਅਤੇ ਬਹੁਤ ਸਾਰੇ ਲੋਕਾਂ ਨੂੰ ਖਿੱਚਣ ਵਾਲਾ ਹੈ, ਪਰ ਵਿਸਤਾਰ ਅਤੇ ਪ੍ਰਸਿੱਧੀ ਸੱਚਾਈ ਨੂੰ ਸਥਾਪਿਤ ਨਹੀਂ ਕਰ ਸਕਦੇ ਹਨ। **ਸਿਰਫ਼ ਬਾਈਬਲ ਸੱਚਾਈ ਨੂੰ ਸਥਾਪਿਤ ਕਰਦੀ ਹੈ।** ਕੈਰਿਸਮੈਟਿਕ ਸਿੱਖਿਆ ਦਾ ਜ਼ਿਆਦਾ ਧਿਆਨ ਭਾਵਨਾ ਉੱਤੇ ਹੁੰਦਾ ਹੈ। ਇਹ ਬਹੁਤ ਸਾਰੇ ਲੋਕਾਂ ਨੂੰ "ਚੰਗਾ" ਲੱਗਦਾ ਹੈ। ਉਹ ਕੇਵਲ ਉਸ ਤੋਂ ਆਉਣ ਵਾਲੇ "ਜੋਸ਼" ਵਿੱਚ ਆਨੰਦ ਲੈਂਦੇ ਹਨ। ਕੁਝ ਲੋਕ ਆਤਮਿਕ ਜਾਂ ਪਦਾਰਥਕ ਸਫ਼ਲਤਾ ਦੇ ਵਾਅਦੇ ਕਾਰਨ ਇਸ ਵੱਲ ਆਕਰਸ਼ਿਤ ਹੁੰਦੇ ਹਨ। ਉਹ ਬਾਈਬਲ ਦੁਆਰਾ ਸਿਖਾਏ ਜਾਣ ਵਾਲੇ ਸ਼ੁੱਧੀਕਰਨ ਦੀ ਹੌਲੀ-ਹੌਲੀ ਹੋਣ ਵਾਲੀ ਪ੍ਰਕਿਰਿਆ ਤੋਂ ਸੰਤੁਸ਼ਟ ਨਹੀਂ ਹੁੰਦੇ ਹਨ। ਇਸ ਤੋਂ ਇਲਾਵਾ, ਤੁਰੰਤ ਆਤਮਿਕ ਪਰਿਪੱਕਤਾ ਅਤੇ ਆਤਮਿਕ ਸ਼ਕਤੀ ਦੇ ਦਾਅਵਿਆਂ ਨਾਲ ਅਜਿਹੇ ਲੋਕ ਚੰਗਾ ਮਹਿਸੂਸ ਕਰਦੇ ਹਨ ਜੋ ਦੂਜਿਆਂ ਉੱਤੇ ਅਧਿਕਾਰ ਪ੍ਰਾਪਤ ਕਰਨਾ ਚਾਹੁੰਦੇ ਹਨ, ਜਾਂ ਜੋ ਕਾਨੂੰਨੀ ਅਧਿਕਾਰ ਦੀ ਉਲੰਘਣਾ ਕਰਨ ਦੇ ਬਹਾਨੇ ਚਾਹੁੰਦੇ ਹਨ। ਕੈਰਿਸਮੈਟਿਕ ਪ੍ਰਣਾਲੀ ਉਹਨਾਂ ਲੋਕਾਂ ਨੂੰ ਆਕਰਸ਼ਿਤ ਕਰਦੀ ਹੈ ਜੋ ਅਸੁਰੱਖਿਅਤ ਹੁੰਦੇ ਹਨ ਅਤੇ ਜੋ ਜੀਵਨ ਦੇ ਦਬਾਅ ਦਾ ਸਾਹਮਣਾ ਕਰਨ ਵਿੱਚ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦੇ ਹਨ। ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਲਈ ਪਰਮੇਸ਼ਰ ਦੀ ਕਿਰਪਾ ਉੱਤੇ ਭਰੋਸਾ ਕਰਨ ਦੀ ਬਜਾਏ, ਉਹ ਆਪਣੀ ਪਸੰਦ ਦੇ ਦੇਵਤੇ ਦੀ ਸਿਰਜਣਾ ਕਰਦੇ ਹਨ ਜੋ ਫਿਰ ਉਹਨਾਂ ਦੇ ਜੀਵਨ ਨੂੰ ਆਸਾਨ ਬਣਾਉਣ ਦੇ ਲਈ ਚਮਤਕਾਰ ਕਰਦਾ ਹੈ। ਇੱਕ ਅਜਿਹੀ ਸਿੱਖਿਆ ਜੋ ਮੁਸ਼ਕਲਾਂ ਵਿੱਚ ਚਮਤਕਾਰੀ ਰਾਹਤ ਦਾ ਵਾਅਦਾ ਕਰਦੀ ਹੈ, ਉਹ ਬਹੁਤ ਆਕਰਸ਼ਿਕ ਹੁੰਦੀ ਹੈ।

ਕੈਰਿਸਮੈਟਿਕ ਅੰਦੋਲਨ ਵਿੱਚ ਲੋਕਾਂ ਦੇ ਜੁੜਨ ਦਾ ਇੱਕ ਕਾਰਨ ਉਹਨਾਂ ਦੇ ਵਿਸ਼ਵਾਸ ਖੋਖਲਾਪਣ ਹੈ ਜਾਂ ਇਸ ਨੂੰ ਵਿਸ਼ਵਾਸ ਦੀ ਗ਼ਲਤ ਦਿਸ਼ਾ ਵੀ ਕਿਹਾ ਜਾ ਸਕਦਾ ਹੈ। ਪਰਮੇਸ਼ਰ ਵਿੱਚ ਸਾਡੇ ਵਿਸ਼ਵਾਸ ਜਾਂ ਸੰਤੁਸ਼ਟੀ ਨੂੰ ਲਗਾਤਾਰ ਅਜਿਹੇ ਅਨੁਭਵਾਂ ਜਾਂ ਚਮਤਕਾਰੀ ਚਿੰਨ੍ਹਾਂ ਦੁਆਰਾ ਮਜ਼ਬੂਤ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਹੈ ਜੋ ਪਰਮੇਸ਼ਰ ਬਾਰੇ ਸ਼ੱਕ ਕਰਨ ਵਾਲੇ ਲੋਕਾਂ ਲਈ ਕਰਾਮਾਤ ਨੂੰ "ਸਾਬਤ" ਕਰਦੇ ਹਨ। ਮਸੀਹੀ ਵਿਸ਼ਵਾਸ ਨੂੰ ਮਸੀਹ ਦੇ ਵਿਅਕਤੀਤਵ ਅਤੇ ਬਾਈਬਲ ਉੱਤੇ ਨਿਰਦੇਸ਼ਿਤ ਹੋਣਾ ਚਾਹੀਦਾ ਹੈ (ਯੂਹੰਨਾ 4:48; ਲੂਕਾ 16:31; ਰੋਮੀ 10:17; 2 ਕੁਰਿੰਥ 5:7)। ਵਿਸ਼ਵਾਸ ਨੂੰ ਮਜ਼ਬੂਤ ਰਹਿਣ ਦੇ ਲਈ ਚਿੰਨ੍ਹਾਂ-ਚਮਤਕਾਰਾਂ ਉੱਤੇ ਨਿਰਭਰ ਨਹੀਂ ਰਹਿਣਾ ਚਾਹੀਦਾ ਹੈ। ਅਜਿਹਾ ਲੱਗਦਾ ਹੈ ਕਿ ਬਹੁਤ ਸਾਰੇ ਕੈਰਿਸਮੈਟਿਕ ਮਸੀਹੀ ਵਿਸ਼ਵਾਸ ਨੂੰ ਗ਼ਲਤ ਚੀਜ਼ ਉੱਤੇ ਰੱਖਦੇ ਹਨ। ਉਹ ਬਾਈਬਲ ਅਤੇ ਮਸੀਹ ਦੀ ਭਰੋਸੇਯੋਗਤਾ ਦੇ ਕਾਰਨ ਨਹੀਂ, ਪਰ ਆਪਣੇ ਅਨੁਭਵਾਂ ਦੇ ਕਾਰਨ ਵਿਸ਼ਵਾਸ ਕਰਦੇ ਹਨ।

ਕੁਝ ਕੈਰਿਸਮੈਟਿਕ ਸਮੂਹਾਂ ਦੇ ਪ੍ਰਸਿੱਧ ਹੋ ਜਾਣ ਦਾ ਇੱਕ ਕਾਰਨ ਸ਼ਾਇਦ ਸ਼ੈਤਾਨ ਵੀ ਹੈ। ਕੁਝ ਕੱਟੜ ਕੈਰਿਸਮੈਟਿਕ ਸਮੂਹਾਂ ਅਤੇ ਕੁਝ ਜਾਦੂਗਰੀ ਦੇ ਅਭਿਆਸਾਂ ਦੇ ਵਿਚਕਾਰ ਇੱਕ ਗੂੜ੍ਹਾ ਸੰਬੰਧ ਹੈ। ਬਾਈਬਲ ਦੇ ਅਧਿਕਾਰ ਨੂੰ ਘੱਟ ਕਰਨਾ ਅਤੇ "ਆਤਮਾ" ਦੀ ਗੱਲ ਸੁਣਨ ਉੱਤੇ ਜ਼ਿਆਦਾ ਧਿਆਨ ਦੇਣਾ, ਇੰਨੀਆਂ ਮਿਲਦੀਆਂ ਜੁਲਦੀਆਂ ਗੱਲਾਂ ਹਨ ਕਿ ਇਹ ਵਿਸ਼ਵਾਸੀਆਂ ਦੇ ਲਈ ਇੱਕ ਡਰ ਵਾਲੀ ਗੱਲ ਹੋਣੀ ਚਾਹੀਦੀ ਹੈ।

ਕੈਰਿਸਮੈਟਿਕ "ਛਤਰੀ" ਦੇ ਹੇਠਾਂ ਵਿਸ਼ਵਾਸਾਂ ਅਤੇ ਅਭਿਆਸਾਂ ਦਾ ਇੱਕ ਵਿਸ਼ਾਲ ਕ੍ਰਮ ਹੈ। ਹਰੇਕ ਤਰ੍ਹਾਂ ਦੇ ਕੈਰਿਸਮੈਟਿਕ ਮਸੀਹੀਆਂ ਨਾਲ ਕਿਸੇ ਵੀ ਤਰ੍ਹਾਂ ਦੀ ਸੰਗਤ ਰੱਖਣਾ ਸਹੀ ਨਹੀਂ ਹੈ। ਕੈਰਿਸਮੈਟਿਕ ਅਤੇ ਗ਼ੈਰ-ਕੈਰਿਸਮੈਟਿਕ ਸਮੂਹਾਂ ਵਿਚਕਾਰ ਅੰਤਰ ਇੰਨੇ ਵੱਡੇ ਹਨ ਕਿ ਉਹਨਾਂ ਦੇ ਲਈ ਇੱਕ-ਦੂਜੇ ਨਾਲ ਹਮੇਸ਼ਾਂ ਲਈ ਸੇਵਕਾਈਆਂ ਵਿੱਚ ਜੁੜਨਾ ਮੁਸ਼ਕਲ ਹੋਵੇਗਾ (ਉਦਾਹਰਣ ਦੇ ਲਈ, ਕੈਰਿਸਮੈਟਿਕ ਮਿਸ਼ਨਰੀਆਂ ਨੂੰ ਗ਼ੈਰ-ਕੈਰਿਸਮੈਟਿਕ ਕਲੀਸਿਯਾ ਦੇ ਮਿਸ਼ਨ ਪ੍ਰੋਗਰਾਮ ਵਿੱਚ ਸ਼ਾਮਲ ਕਰਨਾ ਜਾਂ ਇੱਕ ਕਲੀਸਿਯਾ ਦੇ ਸਟਾਫ ਵਿੱਚ ਦੋਵਾਂ ਪ੍ਰਣਾਲੀਆਂ ਨੂੰ ਮਿਲਾ ਦੇਣਾ)। ਫਿਰ ਵੀ, ਇਸ ਦਾ ਅਰਥ ਇਹ ਨਹੀਂ ਹੈ ਕਿ ਕੈਰਿਸਮੈਟਿਕ ਵਿਸ਼ਵਾਸੀਆਂ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਜਾਵੇ ਜਾਂ ਉਹਨਾਂ ਨਾਲ ਅਵਿਸ਼ਵਾਸੀਆਂ ਵਰਗਾ ਵਿਵਹਾਰ ਕੀਤਾ ਜਾਵੇ। ਮਸੀਹ ਵਿੱਚ ਸਾਡੀ ਨਿੱਜੀ ਮਿੱਤਰਤਾ ਅਤੇ ਆਪਣੀ ਮਾਨਤਾ ਉਹਨਾਂ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ ਜੋ ਅਸਲ ਵਿੱਚ ਵਿਸ਼ਵਾਸ ਕਰਦੇ ਹਨ।

## VII. ਜਾਇਜ਼ ਆਤਮਿਕ ਵਰਦਾਨ

ਕੈਰਿਸਮੈਟਿਕ ਸਮੂਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਦੀ ਆਲੋਚਨਾ ਤੋਂ ਬਾਅਦ, ਇਹ ਮਹੱਤਵਪੂਰਣ ਹੈ ਕਿ ਆਤਮਿਕ ਵਰਦਾਨਾਂ ਦੇ ਵਿਸ਼ੇ ਦਾ ਇੱਕ ਜ਼ਿਆਦਾ ਸਕਾਰਾਤਮਕ ਦ੍ਰਿਸ਼ਟੀਕੋਣ ਨਾਲ ਅਧਿਐਨ ਕੀਤਾ ਜਾਵੇ। ਆਤਮਿਕ ਵਰਦਾਨਾਂ ਨਾਲ ਸੰਬੰਧਿਤ ਮਾਮਲਿਆਂ ਵਿੱਚ, ਪਵਿੱਤਰ ਆਤਮਾ ਅੱਜ ਕਿਵੇਂ ਕੰਮ ਕਰਦਾ ਹੈ?

### A. ਆਤਮਿਕ ਵਰਦਾਨਾਂ ਨੂੰ ਪ੍ਰਾਪਤ ਕਰਨ ਵਾਲੇ

ਬਾਈਬਲ ਇਸ ਬਾਰੇ ਬਹੁਤ ਸਪੱਸ਼ਟ ਹੈ ਕਿ ਹਰੇਕ ਵਿਸ਼ਵਾਸੀ ਕੋਲ ਇੱਕ (ਜਾਂ ਇੱਕ ਤੋਂ ਜ਼ਿਆਦਾ) ਆਤਮਿਕ ਵਰਦਾਨ ਹੁੰਦੇ ਹਨ।

> ਸਭ ਦੇ ਭਲੇ ਲਈ **ਹਰ ਆਦਮੀ** ਨੂੰ ਆਤਮਿਕ ਪ੍ਰਕਾਸ਼ਨ ਦਿੱਤਾ ਗਿਆ ਹੈ। [1 ਕੁਰਿੰਥ 12:7]
>
> ਮਸੀਹ ਨੇ ਸਾਨੂੰ **ਹਰ ਇੱਕ ਨੂੰ** ਆਪਣੇ ਮਾਪ ਦੇ ਅਨੁਸਾਰ ਕਿਰਪਾ ਦਾ ਵਰਦਾਨ ਦਿੱਤਾ ਹੈ। [ਅਫ਼ਸੀ 4:7]
>
> **ਜਿਸ ਨੂੰ** ਜਿਹੜਾ ਵਰਦਾਨ ਮਿਲਿਆ ਹੈ ਉਹ ਉਸ ਦੇ ਅਨੁਸਾਰ ਪਰਮੇਸ਼ਰ ਦੀ ਵੱਖ ਵੱਖ ਤਰ੍ਹਾਂ ਦੀ ਕਿਰਪਾ ਦੇ ਚੰਗੇ ਪ੍ਰਬੰਧਕਾਂ ਦੀ ਤਰ੍ਹਾਂ ਇੱਕ ਦੂਜੇ ਦੀ ਸੇਵਾ ਕਰੇ। [1 ਪਤਰਸ 4:10]

### B. ਆਤਮਿਕ ਵਰਦਾਨ ਨੂੰ ਪ੍ਰਾਪਤ ਕਰਨ ਦਾ ਸਮਾਂ

ਜੇਕਰ ਹਰੇਕ ਵਿਸ਼ਵਾਸੀ ਕੋਲ ਇੱਕ ਆਤਮਿਕ ਵਰਦਾਨ ਹੈ, ਤਾਂ ਇਹ ਤਰਕ ਕਰਨ ਠੀਕ ਹੋਵੇਗਾ ਕਿ ਸਾਰੇ ਵਿਸ਼ਵਾਸੀ ਮੁਕਤੀ ਪਾਉਣ ਦੇ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਦਾ ਵਰਦਾਨ ਪ੍ਰਾਪਤ ਕਰਨ। ਜੇਕਰ ਸਾਰੇ ਵਿਸ਼ਵਾਸੀਆਂ ਕੋਲ ਵਰਦਾਨ ਹਨ, ਤਾਂ ਜਿਸ ਨੂੰ ਕੁਝ ਮਿੰਟ ਪਹਿਲਾਂ ਹੀ ਮੁਕਤੀ ਮਿਲੀ ਹੈ, ਉਸ ਨੂੰ ਵੀ ਇੱਕ ਵਰਦਾਨ ਦਿੱਤਾ ਗਿਆ ਹੈ। ਇਸ ਨਾਲ ਇਹ ਵਿਚਾਰ ਰੱਦ ਨਹੀਂ ਹੁੰਦਾ ਹੈ ਕਿ ਉਹ ਵਰਦਾਨ ਉਸ ਨੂੰ ਇੱਕ ਅਜਿਹੇ ਬੀਜ ਦੇ ਰੂਪ ਵਿੱਚ ਦਿੱਤਾ ਗਿਆ ਹੈ, ਜਿਸ ਨੂੰ ਆਪਣੀ ਪੂਰੀ ਯੋਗਤਾ ਪ੍ਰਾਪਤ ਕਰਨ ਦੇ ਲਈ ਹੌਲੀ-ਹੌਲੀ ਵਿਕਸਿਤ ਹੋਣਾ ਹੈ। ਇਸ ਤੋਂ ਇਲਾਵਾ, ਹਾਲਾਂਕਿ ਇਹ ਜ਼ਰੂਰੀ ਹੈ ਕਿ ਮੁਕਤੀ ਦੇ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਦਾ ਵਰਦਾਨ ਦਿੱਤੇ ਜਾਵੇ, ਪਰ ਸ਼ਾਇਦ ਇਹ ਵੀ ਸੱਚ ਹੈ ਕਿ ਬਾਅਦ ਵਿੱਚ ਹੋਰ ਵਰਦਾਨ ਦਿੱਤੇ ਜਾ ਸਕਦੇ ਹਨ। ਅਜਿਹਾ ਲੱਗਦਾ ਹੈ ਕਿ ਪੌਲੁਸ ਨੇ ਤਿਮੋਥਿਉਸ ਨੂੰ ਕੁਝ ਵਰਦਾਨ ਦਿੱਤੇ ਸਨ (ਦੇਖੋ, ਰੋਮੀ 1:11; 1 ਤਿਮੋਥਿ 4:14; 2 ਤਿਮੋਥਿ 1:6)।

### C. ਆਤਮਿਕ ਵਰਦਾਨਾਂ ਅਤੇ ਕੁਦਰਤੀ ਯੋਗਤਾਵਾਂ ਵਿਚਕਾਰ ਸੰਬੰਧ

ਇਹ ਸਪੱਸ਼ਟ ਹੈ ਕਿ ਅਵਿਸ਼ਵਾਸੀਆਂ ਕੋਲ ਨਾ ਤਾਂ ਪਵਿੱਤਰ ਆਤਮਾ ਹੈ ਅਤੇ ਨਾ ਹੀ ਪਵਿੱਤਰ ਆਤਮਾ ਦੁਆਰਾ ਦਿੱਤੇ ਜਾਣ ਵਾਲੇ ਵਰਦਾਨ ਹਨ। ਕਿਉਂਕਿ ਅਵਿਸ਼ਵਾਸੀਆਂ ਵਿੱਚ ਵੀ ਸਿੱਖਿਆ, ਪ੍ਰਸ਼ਾਸਨ, ਸੰਗੀਤ ਆਦਿ ਖੇਤਰਾਂ ਵਿੱਚ ਕੁਦਰਤੀ ਯੋਗਤਾਵਾਂ ਹੁੰਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਸਿਰਫ਼ ਕੁਦਰਤੀ ਯੋਗਤਾਵਾਂ ਅਤੇ ਆਤਮਿਕ ਵਰਦਾਨਾਂ ਦੇ ਵਿਚਕਾਰ ਇੱਕ ਸਪੱਸ਼ਟ ਅੰਤਰ ਨੂੰ ਜਾਣਿਆ ਜਾਵੇ। ਅਵਿਸ਼ਵਾਸੀ ਲੋਕਾਂ ਦੀਆਂ ਕੁਦਰਤੀ ਯੋਗਤਾਵਾਂ ਆਤਮਿਕ ਵਰਦਾਨ ਨਹੀਂ ਹਨ। ਇਹ ਤਾਂ ਇੱਕ ਨਿਸ਼ਚਿਤ ਗੱਲ ਹੈ। ਫਿਰ ਵੀ, ਇਹ ਹੋ ਸਕਦਾ ਹੈ ਕਿ ਇੱਕ ਵਿਅਕਤੀ ਦੇ ਮਨ-ਪਰਿਵਰਤਨ ਦੇ ਬਾਅਦ, ਪਵਿੱਤਰ ਆਤਮਾ ਉਸ ਦੀ ਇਸ ਪੂਰੀ ਤਰ੍ਹਾਂ ਕੁਦਰਤੀ ਯੋਗਤਾ ਨੂੰ ਪਰਮੇਸ਼ਰ ਦੇ ਕੰਮ ਵਿੱਚ ਵਰਤਣ ਲਈ ਬਦਲ ਦੇਣ। ਕੁਝ ਹੋਰ ਮਾਮਲਿਆਂ ਵਿੱਚ, ਪਵਿੱਤਰ ਆਤਮਾ ਸ਼ਾਇਦ ਬਿਲਕੁਲ ਨਵੀਆਂ ਰੁਚੀਆਂ, ਦਿਲਚਸਪੀਆਂ, ਅਤੇ ਯੋਗਤਾਵਾਂ ਪ੍ਰਦਾਨ ਕਰਦਾ ਹੈ।

### D. ਆਤਮਿਕ ਵਰਦਾਨਾਂ ਦਾ ਉਦੇਸ਼

ਪਰਮੇਸ਼ਰ ਵਿਸ਼ਵਾਸੀਆਂ ਨੂੰ ਆਤਮਿਕ ਵਰਦਾਨ ਉਹਨਾਂ ਦੇ ਨਿੱਜੀ ਆਨੰਦ, ਇੱਕ-ਦੂਜੇ ਨਾਲ ਮੁਕਾਬਲੇ, ਜਾਂ ਸ਼ਾਨਦਾਰ ਪ੍ਰਦਰਸ਼ਨ ਦੇ ਲਈ ਨਹੀਂ ਦਿੰਦੇ ਹਨ। ਇਹ ਕਿਸੇ ਮੁਕਾਬਲੇ ਜਾਂ ਖ਼ੁਦ ਨੂੰ ਉੱਚਾ ਕਰਨ ਦੇ ਲਈ ਨਹੀਂ ਹਨ। ਪਵਿੱਤਰ ਆਤਮਾ ਵਰਦਾਨ ਇਸ ਲਈ ਦਿੰਦਾ ਹੈ ਤਾਂ ਜੋ ਇਹਨਾਂ ਨੂੰ ਦੂਜੇ ਵਿਸ਼ਵਾਸੀਆਂ ਨੂੰ ਬਰਕਤ ਦੇਣ ਅਤੇ ਉਹਨਾਂ ਦੀ ਉਸਾਰੀ ਦੇ ਲਈ ਵਰਤਿਆ ਜਾਵੇ।

> **ਤੁਹਾਡੇ ਵਿੱਚੋਂ ਹਰ ਕੋਈ ਆਪਣਾ ਹੀ ਭਲਾ ਨਾ ਦੇਖੇ** ਸਗੋਂ ਦੂਜੇ ਦਾ ਵੀ ਦੇਖੇ। [1 ਕੁਰਿੰਥ 10:24]
>
> **ਸਭ ਦੇ ਭਲੇ ਲਈ** ਹਰ ਆਦਮੀ ਨੂੰ ਆਤਮਿਕ ਪ੍ਰਕਾਸ਼ਨ ਦਿੱਤਾ ਗਿਆ ਹੈ। [1 ਕੁਰਿੰਥ 12:7]

ਆਤਮਿਕ ਵਰਦਾਨਾਂ ਨੂੰ ਪਿਆਰ ਨਾਲ (1 ਕੁਰਿੰਥ 13) ਸਾਰਿਆਂ ਦੀ ਉਸਾਰੀ ਨੂੰ ਧਿਆਨ ਵਿੱਚ ਰੱਖਦੇ ਹੋਏ ਵਰਤਿਆ ਜਾਣਾ ਚਾਹੀਦਾ ਹੈ (1 ਕੁਰਿੰਥ 14:4; 12,17; 1 ਪਤਰਸ 4:10)। ਇੱਕ ਵਰਦਾਨ ਦੀ ਵਰਤੋਂ ਦਾ ਟੀਚਾ ਪਰਮੇਸ਼ਰ ਦੀ ਮਹਿਮਾ ਅਤੇ ਦੂਜੇ ਵਿਸ਼ਵਾਸੀਆਂ ਦਾ ਲਾਭ ਹੋਣਾ ਚਾਹੀਦਾ ਹੈ। ਇਹ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਉਦੇਸ਼ ਅਤੇ ਨਤੀਜੇ ਦੇ ਵਿਚਕਾਰ ਅੰਤਰ ਹੁੰਦਾ ਹੈ। ਆਤਮਿਕ ਵਰਦਾਨ ਖ਼ੁਦ ਦੀ ਭਰਪੂਰਤਾ ਲਈ ਨਹੀਂ ਹੁੰਦੇ, ਪਰ ਇਹ ਉਹਨਾਂ ਦਾ ਨਤੀਜਾ ਹੋ ਸਕਦਾ ਹੈ। ਮਸੀਹੀ ਜੀਵਨ ਦੇ ਰਹੱਸਾਂ ਵਿੱਚੋਂ ਇੱਕ ਰਹੱਸ ਇਹ ਹੈ ਕਿ ਜੋ ਖ਼ੁਦ ਨੂੰ ਗੁਆ ਦਿੰਦੇ ਹਨ, ਉਹ ਖ਼ੁਦ ਨੂੰ ਲਾਭਦਾਇਕ ਕਰਦੇ ਹਨ। ਜੇਕਰ ਇੱਕ ਵਿਅਕਤੀ ਖ਼ੁਦ ਨੂੰ ਲਾਭਦਾਇਕ ਕਰਨ ਦੇ ਉਦੇਸ਼ ਨਾਲ ਇੱਕ ਆਤਮਿਕ ਵਰਦਾਨ ਦੀ ਵਰਤੋਂ ਕਰੇਗਾ, ਤਾਂ ਉਹ ਆਪਣਾ ਨੁਕਸਾਨ ਕਰੇਗਾ। ਜੇਕਰ ਇੱਕ ਵਿਅਕਤੀ ਉਸੇ ਵਰਦਾਨ ਦੀ ਵਰਤੋਂ ਪਰਮੇਸ਼ਰ ਦੀ ਮਹਿਮਾ ਅਤੇ ਦੂਜਿਆਂ ਨੂੰ ਲਾਭ ਪਹੁੰਚਾਉਣ ਲਈ ਕਰੇਗਾ, ਤਾਂ ਉਹ ਇਸ ਦੇ ਨਤੀਜੇ ਵਜੋਂ ਆਪਣੇ ਆਪ ਨੂੰ ਲਾਭ ਪਹੁੰਚਾਏਗਾ।

### E. ਆਪਣੇ ਵਰਦਾਨ ਦੀ ਪਛਾਣ ਕਰਨਾ

ਰੋਮੀਆਂ 12 ਸ਼ਾਇਦ ਬਾਈਬਲ ਵਿੱਚ ਇੱਕੋ-ਇੱਕ ਜਗ੍ਹਾ ਹੈ ਜਿੱਥੇ ਆਪਣੇ ਆਤਮਿਕ ਵਰਦਾਨਾਂ ਦੀ ਪਛਾਣ ਕਰਨ ਬਾਰੇ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।

> ....ਪਰਮੇਸ਼ਰ ਤੋਂ ਮਿਲੀ ਕਿਰਪਾ ਦੇ ਕਾਰਨ ਸਾਡੇ ਸਾਰਿਆਂ ਦੇ ਵੱਖ ਵੱਖ ਵਰਦਾਨ ਹਨ। ਇਸ ਲਈ ਜੇਕਰ ਸਾਡਾ ਵਰਦਾਨ ਪਰਮੇਸ਼ਰ ਦੇ ਸੰਦੇਸ਼ ਨੂੰ ਪ੍ਰਚਾਰ ਕਰਨ ਦਾ ਹੈ ਤਾਂ ਸਾਨੂੰ ਆਪਣੇ ਵਿਸ਼ਵਾਸ ਦੇ ਅਨੁਸਾਰ ਕਰਨਾ ਚਾਹੀਦਾ ਹੈ। ਜੇਕਰ ਇਹ ਦੂਜਿਆਂ ਦੀ ਸੇਵਾ ਕਰਨ ਦਾ ਹੈ ਤਾਂ ਸਾਨੂੰ

> ਸੇਵਾ ਕਰਨੀ ਚਾਹੀਦੀ ਹੈ। ਜੇਕਰ ਇਹ ਸਿੱਖਿਆ ਦੇਣ ਦਾ ਹੈ ਤਾਂ ਸਾਨੂੰ ਸਿੱਖਿਆ ਦੇਣੀ ਚਾਹੀਦੀ ਹੈ। ਜੇਕਰ ਸਾਡਾ ਵਰਦਾਨ ਦੂਜਿਆਂ ਨੂੰ ਉਤਸ਼ਾਹ ਦੇਣ ਦਾ ਹੈ, ਸਾਨੂੰ ਇਸੇ ਤਰ੍ਹਾਂ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਜਿਹੜਾ ਦਾਨੀ ਹੈ, ਉਹ ਦਿਲ ਖੋਲ੍ਹ ਕੇ ਦਾਨ ਕਰੇ, ਜਿਹੜਾ ਆਗੂ ਹੈ, ਉਹ ਮਿਹਨਤ ਨਾਲ ਅਗਵਾਈ ਕਰੇ ਅਤੇ ਜਿਹੜਾ ਦਇਆ ਕਰਨ ਵਾਲਾ ਹੈ, ਉਹ ਖ਼ੁਸ਼ੀ ਨਾਲ ਦਇਆ ਕਰੇ। [ਰੋਮੀ 12:1-8]

ਇਸ ਵਚਨ ਵਿੱਚ, ਪੌਲੁਸ ਸਭ ਤੋਂ ਪਹਿਲਾਂ ਇੱਕ ਆਮ ਤੌਰ ਤੇ ਮਸੀਹੀ ਜੀਵਨ ਬਾਰੇ ਚਰਚਾ ਕਰਦਾ ਹੈ (ਆਇਤਾਂ 1-2a)। ਫਿਰ ਉਹ ਪਰਮੇਸ਼ਰ ਦੀ ਇੱਛਾ ਨੂੰ ਜਾਣਨ ਬਾਰੇ ਗੱਲ ਕਰਦਾ ਹੈ। ਅੰਤ ਵਿੱਚ, ਆਇਤਾਂ 3-8 ਵਿੱਚ, ਉਹ ਆਤਮਿਕ ਵਰਦਾਨਾਂ ਦੀ ਗੱਲ ਕਰਦਾ ਹੈ। ਆਪਣੇ-ਆਪਣੇ ਵਰਦਾਨ (ਜਾਂ ਵਰਦਾਨਾਂ) ਦੀ ਪਛਾਣ ਕਰਨ ਦੀ ਕਦਮ-ਦਰ-ਕਦਮ ਪ੍ਰਕਿਰਿਆ ਇਹ ਹੋ ਸਕਦੀ ਹੈ:

### 1. ਸਮਰਪਿਤ ਹੋਣਾ ਅਤੇ ਮਨ ਦਾ ਨਵਾਂ ਹੋਣਾ (ਰੋਮੀ 12:1-2a)

ਆਤਮਿਕ ਵਰਦਾਨਾਂ ਉੱਤੇ ਦਿੱਤੇ ਜਾਣ ਵਾਲੇ ਅੱਜ ਦੇ ਜ਼ੋਰ ਨੂੰ ਦੇਖਦੇ ਹੋਏ, ਅਜਿਹਾ ਆਸਾਨੀ ਨਾਲ ਹੋ ਸਕਦਾ ਹੈ ਕਿ ਅਸੀਂ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਉਲਝਾ ਦੇਈਏ, ਅਤੇ ਆਤਮਿਕ ਵਰਦਾਨਾਂ ਦੇ ਮਾਮਲੇ ਵਿੱਚ ਗ਼ਲਤ ਤਰੀਕੇ ਨਾਲ ਅੱਗੇ ਵਧੀਏ। ਇਹ ਜ਼ਰੂਰੀ ਨਹੀਂ ਹੈ ਕਿ ਜਿਹੜੇ ਮਸੀਹੀ ਨੂੰ ਆਪਣੇ ਆਤਮਿਕ ਵਰਦਾਨਾਂ ਦੀ ਸਪੱਸ਼ਟ ਸਮਝ ਨਹੀਂ ਹੈ, ਉਸ ਨੂੰ ਪ੍ਰਭੂ ਦੇ ਕੰਮ ਵਿੱਚ ਨਹੀਂ ਹੋਣਾ ਚਾਹੀਦਾ ਹੈ। ਅਜਿਹਾ ਨਹੀਂ ਹੈ ਕਿ ਜਦੋਂ ਤੱਕ ਇੱਕ ਮਸੀਹੀ ਆਪਣੇ ਆਤਮਿਕ ਵਰਦਾਨ ਦੀ ਪਛਾਣ ਨਾ ਕਰ ਲਵੇ, ਉਦੋਂ ਤੱਕ ਉਹ ਸੇਵਾ ਨਾ ਕਰੇ। ਹਾਲਾਂਕਿ, ਆਤਮਿਕ ਵਰਦਾਨਾਂ ਦੀ ਸਿੱਖਿਆ ਮਹੱਤਵਪੂਰਣ ਹੈ, ਪਰ ਸੇਵਕ ਹੋਣਾ ਇੱਕ ਜ਼ਿਆਦਾ ਮਹੱਤਵਪੂਰਣ ਸਿੱਖਿਆ ਹੈ। ਜਿਹੜਾ ਵਿਅਕਤੀ ਆਪਣੇ ਆਤਮਿਕ ਵਰਦਾਨ ਨੂੰ ਨਹੀਂ ਪਛਾਣਦਾ ਹੈ, ਉਸ ਨੂੰ ਫਿਰ ਵੀ ਆਪਣੇ ਆਪ ਨੂੰ "ਜਿਉਂਦਾ ਬਲੀਦਾਨ" ਵਜੋਂ ਪੇਸ਼ ਕਰਨਾ ਚਾਹੀਦਾ ਹੈ ਅਤੇ ਪਰਮੇਸ਼ਰ ਦੇ ਵਚਨ ਵਿੱਚ ਦਿੱਤੀ ਗਈ ਪਵਿੱਤਰ ਆਤਮਾ ਦੀ ਸਿੱਖਿਆ ਨਾਲ ਨਾਲ ਆਪਣੇ ਆਪ ਨੂੰ ਬਦਲਣਾ ਚਾਹੀਦਾ ਹੈ। ਉਸ ਨੂੰ ਸਾਰੇ ਵਿਸ਼ਵਾਸੀਆਂ ਨੂੰ ਦਿੱਤੇ ਗਏ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਪਰਿਵਰਤਨ ਕਰਨ ਵਾਲੇ ਪਰਮੇਸ਼ਰ ਦੇ ਵਚਨ ਦੇ ਅਧੀਨ ਹੋਣਾ ਚਾਹੀਦਾ ਹੈ। ਇਸ ਵਿੱਚ ਸਹੀ ਕ੍ਰਮ ਇਹ ਨਹੀਂ ਹੈ ਕਿ ਪਹਿਲਾਂ ਇੱਕ ਵਰਦਾਨ ਨੂੰ ਲੱਭੋ ਅਤੇ ਫਿਰ ਸੇਵਾ ਕਰੋ, ਬਲਕਿ ਇਹ ਹੈ ਕਿ ਪਹਿਲਾਂ ਸੇਵਾ ਕਰੋ ਕਿ ਤੁਸੀਂ "ਪਰਮੇਸ਼ਰ ਦੀ ਭਲੀ, ਮਨਭਾਉਂਦੀ, ਅਤੇ ਸੰਪੂਰਨ ਇੱਛਾ" ਨੂੰ ਜਾਣ ਸਕੋ (ਆਇਤ 2b), ਜਿਸ ਵਿੱਚ ਆਤਮਿਕ ਵਰਦਾਨਾਂ ਦੀ ਖ਼ਾਸ ਜਾਣਕਾਰੀ ਵੀ ਸ਼ਾਮਲ ਹੈ (ਆਇਤ 3ff.)। ਖ਼ਾਸ ਦਿਲਚਸਪੀਆਂ ਅਤੇ ਯੋਗਤਾਵਾਂ ਦੀ ਜਾਣਕਾਰੀ ਸੇਵਾ ਕਰਨ ਦੇ ਸੰਦਰਭ ਤੋਂ ਪ੍ਰਗਟ ਹੁੰਦੀ ਹੈ। ਮਸੀਹ ਦੇ ਕੰਮ ਵਿੱਚ ਵਿਸ਼ੇਸ਼ ਦਿਸ਼ਾ ਉਸ ਕੰਮ ਵਿੱਚ ਸ਼ਾਮਲ ਹੋਣ ਦੁਆਰਾ ਪੈਦਾ ਹੁੰਦੀ ਹੈ। ਮਸੀਹੀ ਜੀਵਨ ਵਿੱਚ ਪਹਿਲੀ ਚੀਜ਼ ਨੂੰ ਪਹਿਲਾਂ ਹੀ ਰੱਖਣਾ ਚਾਹੀਦਾ ਹੈ। ਜਿਹੜੇ ਲੋਕ ਆਪਣੇ ਵਰਦਾਨਾਂ ਬਾਰੇ ਪੱਕੇ ਨਹੀਂ ਹੁੰਦੇ ਹਨ ਉਹਨਾਂ ਨੂੰ ਸਭ ਤੋਂ ਵਧੀਆ ਸਲਾਹ ਇਹੀ ਦਿੱਤੀ ਜਾ ਸਕਦੀ ਹੈ ਕਿ ਉਹ ਸੇਵਾ ਦੇ ਕੰਮ ਵਿੱਚ ਲੱਗ ਜਾਣ ਅਤੇ ਉਹਨਾਂ ਖੇਤਰਾਂ ਵਿੱਚ ਅੱਗੇ ਵੱਧਣ ਜੋ ਸਾਰੇ ਵਿਸ਼ਵਾਸੀਆਂ ਦੇ ਲਈ ਇੱਕ ਆਮ ਤੌਰ ਤੇ ਪਰਮੇਸ਼ਰ ਦੀ ਇੱਛਾ ਹੈ, ਅਰਥਾਤ ਰੋਮੀ 12:1-2a ਦੀ ਪਾਲਣਾ ਕਰਨ। ਆਤਮਿਕ ਵਰਦਾਨਾਂ ਦੇ ਬਾਰੇ ਪਰਮੇਸ਼ਰ ਦੀ ਇੱਛਾ ਦਾ ਗਿਆਨ ਬਾਅਦ ਵਿੱਚ ਆਪਣੇ ਆਪ ਮਿਲ ਜਾਵੇਗਾ।

### 2. ਸ਼ਾਂਤ ਅਤੇ ਉਦੇਸ਼ਪੂਰਵਕ ਤਰੀਕੇ ਨਾਲ ਵਿਚਾਰ ਕਰੋ ਕਿ ਵੱਖ-ਵੱਖ ਵਰਦਾਨਾਂ ਦੇ ਸੰਬੰਧ ਵਿੱਚ ਵਿਸ਼ਵਾਸ (ਭਰੋਸੇ) ਦੇ ਨਾਪ ਨੂੰ ਨਿਰਧਾਰਿਤ ਕੀਤਾ ਜਾ ਸਕੇ

ਆਪਣੇ ਵਰਦਾਨ ਬਾਰੇ ਪਤਾ ਲਗਾਉਣ ਦਾ ਪਹਿਲਾ ਕਦਮ ਇੱਕ ਜਿਉਂਦੇ ਬਲੀਦਾਨ ਵਜੋਂ ਸਮਰਪਿਤ ਹੋਣਾ ਅਤੇ ਬਾਈਬਲ ਰਾਹੀਂ ਪਵਿੱਤਰ ਆਤਮਾ ਦੁਆਰਾ ਮਨ ਨੂੰ ਨਵਾਂ ਕਰਨ ਲਈ ਵਚਨਬੱਧ ਹੋਣਾ ਹੈ। ਇਸ ਤੋਂ ਬਾਅਦ, ਪੌਲੁਸ ਸਾਨੂੰ ਆਪਣੇ ਬਾਰੇ ਸ਼ਾਂਤੀ ਨਾਲ ਵਿਚਾਰ ਕਰਨ ਲਈ ਕਹਿੰਦਾ ਹੈ। ਰੋਮੀ 12:3 ਵਿੱਚ ਜਿਸ ਤਰ੍ਹਾਂ ਦੇ ਮੁਲਾਂਕਣ ਦੀ ਆਗਿਆ ਦਿੱਤੀ ਗਈ ਹੈ, ਉਹ ਅਜਿਹਾ ਨਿਮਰਤਾ ਵਾਲਾ ਮੁਲਾਂਕਣ ਹੈ ਜਿਸ ਵਿੱਚ ਖ਼ੁਦ ਨੂੰ ਕਿਸੇ ਤਰ੍ਹਾਂ ਦੇ ਧੋਖੇ ਵਿੱਚ ਨਹੀਂ ਰੱਖਣਾ ਹੈ। ਰੋਮੀ 12:3 ਦਾ ਆਖ਼ਰੀ ਹਿੱਸਾ ਖ਼ੁਦ ਦੇ ਮੁਲਾਂਕਣ ਨੂੰ ਪਰਮੇਸ਼ਰ ਦੁਆਰਾ ਦਿੱਤੇ ਗਏ ਵਿਸ਼ਵਾਸ (ਭਰੋਸੇ) ਦੇ ਨਾਪ ਨੂੰ ਨਿਰਧਾਰਤ ਕਰਨ ਨਾਲ ਜੋੜਦਾ ਹੈ। ਆਇਤਾਂ 4-8 ਸਹਾਇਕ ਭਾਗ ਦੇ ਰੂਪ ਵਿੱਚ ਸਿੱਧੀਆਂ ਆਇਤ 3 ਨਾਲ ਜੁੜੀਆਂ ਹੋਈਆਂ ਹਨ, ਅਤੇ ਇਹ ਦਰਸਾਉਂਦੀਆਂ ਹਨ ਕਿ ਆਇਤ 3 ਦਾ "ਵਿਸ਼ਵਾਸ ਦਾ ਨਾਪ" ਆਤਮਿਕ ਵਰਦਾਨਾਂ ਨਾਲ ਸੰਬੰਧਿਤ ਹੈ। ਹਰੇਕ ਵਿਸ਼ਵਾਸੀ ਜੋ ਸਮਰਪਿਤ ਹੋਣ ਅਤੇ ਜੀਵਨ ਪਰਿਵਰਤਨ ਦੀ ਸ਼ਰਤ ਨੂੰ ਪੂਰਾ ਕਰਦਾ ਹੈ, ਉਹ ਖ਼ੁਦ ਦਾ ਇਸ ਉਦੇਸ਼ ਨਾਲ ਮੁਲਾਂਕਣ ਕਰੇ ਕਿ ਉਸ ਨੂੰ ਵੱਖ-ਵੱਖ ਆਤਮਿਕ ਵਰਦਾਨਾਂ ਬਾਰੇ ਆਪਣੇ "ਵਿਸ਼ਵਾਸ ਦੇ ਨਾਪ" ਨੂੰ ਨਿਰਧਾਰਿਤ ਕਰਨਾ ਹੈ। ਇਸ ਮੁਲਾਂਕਣ ਦੇ ਬਾਰੇ ਵਿੱਚ ਇੱਕ ਵਿਹਾਰਿਕ ਸੁਝਾਅ ਇਹ ਹੈ ਕਿ ਉਹ ਇਸ ਦੀ ਸ਼ੁਰੂਆਤ ਬਾਈਬਲ ਵਿੱਚ ਦਿੱਤੇ ਗਏ ਆਤਮਿਕ ਵਰਦਾਨਾਂ ਨਾਲ ਕਰੇ (ਪਰ ਇਹ ਯਕੀਨੀ ਬਣਾਉਂਦੇ ਹੋਏ ਕਿ ਇਹਨਾਂ ਵਰਦਾਨਾਂ ਦੀ ਸਹੀ ਵਿਆਖਿਆ ਕੀਤੀ ਗਈ ਹੋਵੇ, ਅਤੇ ਚਿੰਨ੍ਹ ਵਾਲੇ ਵਰਦਾਨਾਂ ਨੂੰ ਵਿਚਾਰ ਵਿੱਚੋਂ ਹਟਾ ਦਿੱਤਾ ਜਾਵੇ)। ਇਹ ਤੱਥ ਕਿ ਬਾਈਬਲ ਵਿੱਚ ਦਿੱਤੀ ਗਈ ਆਤਮਿਕ ਵਰਦਾਨਾਂ ਦੀ ਹਰੇਕ ਸੂਚੀ ਦੂਜੀ ਸੂਚੀ ਤੋਂ ਵੱਖਰੀ ਹੈ, ਇਹ ਇਸ ਤਰਕ ਨੂੰ ਹੋਰ ਵੀ ਭਾਰੀ ਬਣਾ ਦਿੰਦੀ ਹੈ ਕਿ ਬਾਈਬਲ ਪਵਿੱਤਰ ਆਤਮਾ ਦੁਆਰਾ ਦਿੱਤੇ ਜਾਂਣ ਵਾਲੇ ਵਰਦਾਨਾਂ ਨੂੰ ਇੱਕ

ਵਿਸਤ੍ਰਿਤ ਰੂਪ ਵਿੱਚ ਸੂਚੀਬੱਧ ਨਹੀਂ ਕਰਦੀ ਹੈ। ਇਸ ਲਈ, ਇੱਕ ਵਿਅਕਤੀ ਨੂੰ ਆਪਣੇ ਆਤਮਿਕ ਵਰਦਾਨਾਂ ਵਿੱਚ ਸ਼ਾਮਲ ਹੋਣ ਦੇ ਆਪਣੇ ਵਿਸ਼ਵਾਸ ਦੇ ਮੁਲਾਂਕਣ ਦੀ ਸ਼ੁਰੂਆਤ ਆਤਮਿਕ ਵਰਦਾਨਾਂ ਦੀਆਂ ਉਹਨਾਂ ਸੂਚੀਆਂ ਨਾਲ ਕਰਨੀ ਚਾਹੀਦੀ ਹੈ ਜੋ ਬਾਈਬਲ ਵਿੱਚ ਦਿੱਤੀਆਂ ਗਈਆਂ ਹਨ, ਪਰ ਇਸ ਨੂੰ ਮਸੀਹੀ ਸੇਵਾ ਦੇ ਸਾਰੇ ਵੱਖ-ਵੱਖ ਪਹਿਲੂਆਂ ਤੱਕ ਵੀ ਫੈਲਣਾ ਚਾਹੀਦਾ ਹੈ। ਜੇਕਰ ਇੱਕ ਵਿਅਕਤੀ ਰੋਮੀ 12:1ff ਦੀ ਸਲਾਹ ਦੀ ਪਾਲਣਾ ਕਰਦਾ ਹੈ, ਉਸ ਨੂੰ ਅੰਤ ਵਿੱਚ ਪਰਮੇਸ਼ਰ ਦੀ ਸੰਪੂਰਨ ਇੱਛਾ ਦਾ ਪਤਾ ਲੱਗ ਜਾਵੇਗਾ ਜਿਸ ਵਿੱਚ ਵਿਸ਼ਵਾਸ ਦਾ ਉਹ ਨਾਪ ਸ਼ਾਮਲ ਹੋਵੇਗਾ ਜਿਸ ਦਾ ਸੰਬੰਧ ਆਤਮਿਕ ਵਰਦਾਨਾਂ ਨਾਲ ਹੈ। ਜਦੋਂ ਇੱਕ ਵਿਅਕਤੀ ਰੋਮੀਆਂ 12 ਵਿੱਚ ਦਿੱਤੀ ਗਈ ਪੌਲੁਸ ਦੀ ਸਲਾਹ ਦੀ ਪਾਲਣਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਫਿਰ ਵੀ ਆਪਣੇ ਵਰਦਾਨ (ਜਾਂ ਵਰਦਾਨਾਂ) ਬਾਰੇ ਨਿਸ਼ਚਿਤ ਨਹੀਂ ਹੈ, ਤਾਂ ਸਭ ਤੋਂ ਵਧੀਆ ਤਰੀਕਾ ਇਹੀ ਹੈ ਕਿ ਉਹ ਇੱਕ ਜਿਊਂਦਾ ਬਲੀਦਾਨ ਹੋਣ ਅਤੇ ਮਨ ਦੇ ਪਰਿਵਰਤਿਤ ਹੋਣ ਦੇ ਵਿਚਾਰਾਂ ਦੇ ਪ੍ਰਤੀ ਧੀਰਜ ਰੱਖੇ ਅਤੇ ਵਫ਼ਾਦਾਰ ਬਣਿਆ ਰਹੇ। ਉਹ ਪਹਿਲਾਂ ਉਹਨਾਂ ਖੇਤਰਾਂ ਵਿੱਚ ਸੇਵਾ ਕਰੇ ਜੋ ਸਾਰੇ ਵਿਸ਼ਵਾਸੀਆਂ ਦੇ ਲਈ ਪਰਮੇਸ਼ਰ ਦੀ ਜਾਣੀ ਪਛਾਣੀ ਇੱਛਾ ਹੈ। ਇਸ ਤੋਂ ਬਾਅਦ, ਭਵਿੱਖ ਵਿੱਚ ਕੀਤੇ ਜਾ ਰਹੇ ਖ਼ੁਦ ਦੇ ਮੁਲਾਂਕਣ ਦੇ ਦੌਰਾਨ ਵਰਦਾਨ ਨਾਲ ਸੰਬੰਧਿਤ ਪਰਮੇਸ਼ਰ ਦੀ ਖ਼ਾਸ ਇੱਛਾ ਦੀ ਜਾਣਕਾਰੀ ਵੀ ਉਹਨਾਂ ਦੇ ਠਹਿਰਾਏ ਗਏ ਇੱਕ ਸਹੀ ਸਮੇਂ ਤੇ ਮਿਲ ਜਾਵੇਗੀ।[52]

### F. ਵਰਦਾਨਾਂ ਬਾਰੇ ਵਿਭਿੰਨ ਸਿੱਖਿਆਵਾਂ

#### 1. ਵਰਦਾਨਾਂ ਨੂੰ ਵਿਕਸਿਤ ਕਰਨਾ

[52] ਕਈ ਵਾਰ ਇੱਕ ਵਿਅਕਤੀ ਵਿੱਚ ਅਜਿਹੇ ਭਰੋਸੇ (ਵਿਸ਼ਵਾਸ) ਦਾ ਇੱਕ ਵੱਡਾ ਨਾਪ ਹੋ ਸਕਦਾ ਹੈ ਕਿ ਪਰਮੇਸ਼ਰ ਇਹ ਚਾਹੁੰਦੇ ਹਨ ਕਿ ਉਹ ਕਿਸੇ ਖ਼ਾਸ ਵਰਦਾਨ ਦੀ ਵਰਤੋਂ ਕਰੇ। ਫਿਰ ਹੋਰ ਵਰਦਾਨਾਂ ਦੇ ਬਾਰੇ ਅਜਿਹੇ ਵਿਸ਼ਵਾਸ ਦਾ ਵੱਡਾ ਨਾਪ ਹੋ ਸਕਦਾ ਹੈ ਕਿ ਪਰਮੇਸ਼ਰ ਇਹ ਨਹੀਂ ਚਾਹੁੰਦੇ ਹਨ ਕਿ ਉਹ ਇੱਕ ਸੇਵਕਾਈ ਦੇ ਕਿਸੇ ਕੰਮ ਵਿੱਚ ਹਿੱਸਾ ਲਵੇ (ਜਿਵੇਂ ਕਿ ਵਿਅਕਤੀ ਨੂੰ ਗਾਉਣਾ ਜਾਂ ਸਿਖਾਉਣਾ ਨਹੀਂ ਚਾਹੀਦਾ ਹੈ)। ਸੇਵਕਾਈ ਵਿੱਚ ਬਹੁਤ ਸਾਰੇ ਅਜਿਹੇ ਖੇਤਰ ਹੋ ਸਕਦੇ ਹਨ ਜਿਹਨਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਸ਼ਵਾਸ ਦੇ ਨਾਪ ਦੀ ਲੋੜ ਨਾ ਹੋਵੇ। ਹਾਲਾਂਕਿ ਇਹ ਹੋ ਸਕਦਾ ਹੈ ਕਿ ਸੇਵਕਾਈ ਵਿੱਚ ਸ਼ਾਮਲ ਹੋਣ ਦੇ ਲਈ ਕੋਈ ਖ਼ਾਸ ਬੋਝ ਨਾ ਹੋਵੇ, ਪਰ ਇਹ ਵੀ ਹੋ ਸਕਦਾ ਹੈ ਕਿ ਅਜਿਹਾ ਕਰਨ ਤੇ ਕੋਈ ਪਾਬੰਦੀ ਵੀ ਨਾ ਹੋਵੇ। ਸ਼ਾਇਦ ਇਹ ਖੇਤਰ ਇੱਕ ਵਿਅਕਤੀ ਦੇ ਜੀਵਨ ਵਿੱਚ ਉਸ ਦੀ ਸੇਵਕਾਈ ਦੇ ਮੁੱਖ ਖੇਤਰ ਨਾ ਹੋਣ, ਪਰ ਜਦੋਂ ਕਲੀਸਿਯਾ ਨੂੰ ਮਦਦ ਦੀ ਜ਼ਰੂਰਤ ਹੈ ਤਾਂ ਇੱਕ ਚੰਗੇ ਸੇਵਕ ਵਜੋਂ ਉਸ ਨੂੰ ਅਸਥਾਈ ਤਰੀਕੇ ਨਾਲ ਇਸ ਵਿੱਚ ਸ਼ਾਮਲ ਹੋਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਫਿਰ ਜਦੋਂ ਉਸ ਵਰਦਾਨ ਦੇ ਨਾਲ ਕੋਈ ਹੋਰ ਉੱਠਦਾ ਹੈ, ਤਾਂ ਪਹਿਲੇ ਵਿਅਕਤੀ ਨੂੰ ਉਸ ਦੀ ਸਥਿਤੀ ਨੂੰ ਛੱਡਣ ਲਈ ਤਿਆਰ ਹੋਣਾ ਚਾਹੀਦਾ ਹੈ।

ਕਿਉਂਕਿ ਮੁਕਤੀ ਪਾਏ ਸਾਰੇ ਲੋਕਾਂ ਕੋਲ ਆਤਮਿਕ ਵਰਦਾਨ ਹੁੰਦੇ ਹਨ, ਇਸ ਲਈ ਇੱਕ 6 ਸਾਲ ਦੇ ਮਸੀਹੀ ਕੋਲ ਵੀ ਇੱਕ ਆਤਮਿਕ ਵਰਦਾਨ ਹੋ ਸਕਦਾ ਹੈ। ਫਿਰ ਵੀ, ਇਹ ਸਪੱਸ਼ਟ ਹੈ ਕਿ ਇੱਕ ਬੱਚੇ ਦੇ ਵਰਦਾਨ ਦਾ ਪਾਲਣ ਪੋਸ਼ਣ ਅਤੇ ਵਿਕਾਸ ਕਰਨ ਦੀ ਜ਼ਰੂਰਤ ਪਵੇਗੀ। ਇਸ ਸੱਚ ਸਿਰਫ਼ ਲੋਕਾਂ ਦੇ ਮੁਲਾਂਕਣ ਉੱਤੇ ਆਧਾਰਿਤ ਨਹੀਂ ਹੈ, ਪਰ 2 ਤਿਮੋਥਿਉਸ 1:6 ਵਿੱਚ ਵਚਨ ਵੀ ਇਸ ਦਾ ਸਮਰਥਨ ਕਰਦਾ ਹੈ।

> ਇਸੇ ਕਾਰਨ ਮੈਂ ਤੈਨੂੰ ਯਾਦ ਕਰਵਾ ਰਿਹਾ ਹਾਂ ਕਿ ਤੂੰ ਉਸ ਵਰਦਾਨ ਨੂੰ ਜਿਊਂਦਾ ਰੱਖ ਜਿਹੜਾ ਤੇਰੇ ਸਿਰ ਦੇ ਉੱਤੇ ਮੇਰੇ ਹੱਥ ਰੱਖਣ ਦੇ ਸਮੇਂ ਤੈਨੂੰ ਪਰਮੇਸ਼ਰ ਨੇ ਦਿੱਤਾ ਸੀ [2 ਤਿਮੋਥਿ 1:6]

ਇਹ ਸਪੱਸ਼ਟ ਹੈ ਕਿ "ਵਰਦਾਨ ਦਾ ਹੋਣਾ" ਸੇਵਕਾਈ ਦੀਆਂ ਯੋਗਤਾਵਾਂ ਨੂੰ ਵਿਕਸਿਤ ਅਤੇ ਲਾਗੂ ਕਰਨ ਦੇ ਲਈ ਜ਼ਰੂਰੀ ਸਖ਼ਤ ਮਿਹਨਤ ਨੂੰ ਰੱਦ ਨਹੀਂ ਕਰ ਦਿੰਦਾ ਹੈ।

#### 2. ਵਰਦਾਨਾਂ ਪ੍ਰਤੀ ਲਾਪਰਵਾਹੀ ਕਰਨਾ

1 ਤਿਮੋਥਿਉਸ 4:14 ਦੱਸਦਾ ਹੈ ਕਿ ਇੱਕ ਆਤਮਿਕ ਵਰਦਾਨ ਪ੍ਰਤੀ ਲਾਪਰਵਾਹੀ ਕੀਤੀ ਜਾ ਸਕਦੀ ਹੈ।

ਪਰਮੇਸ਼ਰ ਦੀ ਸੇਵਾ ਕਰਨ ਦੇ ਹੁਕਮ ਦੀ ਜਾਣਬੁੱਝ ਕੇ ਪਾਲਣਾ ਨਾ ਕਰਨ ਦੁਆਰਾ ਇੱਕ ਵਰਦਾਨ ਦੇ ਪ੍ਰਤੀ ਲਾਪਰਵਾਹੀ ਕੀਤੀ ਜਾ ਸਕਦੀ ਹੈ। ਮਸੀਹੀਆਂ ਨੂੰ ਅਜਿਹਾ ਸੋਚਣ ਦੀ ਗ਼ਲਤੀ ਤੋਂ ਬਚਣਾ ਚਾਹੀਦਾ ਹੈ ਕਿ ਮਸੀਹੀ ਸੇਵਾ ਸਿਰਫ਼ ਕਲੀਸਿਯਾ ਦੇ ਭਵਨ ਦੇ ਅੰਦਰ ਅਤੇ ਸਿਰਫ਼ ਐਤਵਾਰ ਨੂੰ ਹੀ ਨਹੀਂ ਹੋ ਸਕਦੀ ਹੈ। ਸਾਨੂੰ ਸੇਵਾ ਦੇ ਵਰਦਾਨਾਂ ਨੂੰ ਸਿਰਫ਼ ਇੱਕ ਖ਼ਾਸ ਜਗ੍ਹਾ ਜਾਂ ਖ਼ਾਸ ਸਮੇਂ ਤੱਕ ਹੀ ਸੀਮਿਤ ਕਰਕੇ ਉਹਨਾਂ ਪ੍ਰਤੀ ਲਾਪਰਵਾਹੀ ਨਹੀਂ ਕਰਨੀ ਚਾਹੀਦੀ ਹੈ। 1 ਕੁਰਿੰਥ 12:4-6 ਇਹ ਸਿਖਾਉਂਦਾ ਹੈ ਕਿ ਪਵਿੱਤਰ ਆਤਮਾ ਵੱਖ-ਵੱਖ ਵਰਦਾਨ ਦਿੰਦਾ ਹੈ। ਇੱਕੋ ਹੀ ਵਰਦਾਨ ਦੀ ਵਰਤੋਂ ਵੱਖ-ਵੱਖ ਸੇਵਕਾਈਆਂ ਵਿੱਚ ਕੀਤੀ ਜਾ ਸਕਦੀ ਹੈ। ਜਿਵੇਂ ਕਿ, ਸਿੱਖਿਆ ਦੇ ਵਰਦਾਨ ਦੀ ਵਰਤੋਂ ਬੱਚਿਆਂ, ਨੌਜਵਾਨਾਂ, ਬਜ਼ੁਰਗ ਲੋਕਾਂ, ਬਾਈਬਲ ਕਾਲਜ਼ਾਂ, ਮਿਸ਼ਨ ਦੇ ਕੰਮਾਂ ਆਦਿ ਲਈ ਕੀਤੀ ਜਾ ਸਕਦੀ ਹੈ। ਇੱਕ ਹੀ ਤਰ੍ਹਾਂ ਦੀ ਸੇਵਕਾਈ ਦੇ ਵੀ ਵੱਖ-ਵੱਖ ਪ੍ਰਭਾਵ ਹੋ ਸਕਦੇ ਹਨ, ਜਿਵੇਂ ਕਿ ਇੱਕ ਕਲੀਸਿਯਾ ਰਵਾਇਤੀ ਹੋ ਕੇ ਪੇਸ਼ੇਵਰ ਲੋਕਾਂ ਨੂੰ ਆਕ੍ਰਸ਼ਿਤਕ ਕਰ ਸਕਦੀ ਹੈ, ਅਤੇ ਦੂਜੀ ਕਲੀਸਿਯਾ ਸਮਕਾਲੀ ਹੋ ਕੇ ਇੱਕ ਵੱਖਰੇ ਸਮੂਹ ਨੂੰ ਆਕਰਸ਼ਿਤ ਕਰ ਸਕਦੀ ਹੈ। ਇੱਕ ਹੀ ਵਰਦਾਨ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ। ਮਸੀਹੀਆਂ ਨੂੰ ਵਰਦਾਨਾਂ ਪ੍ਰਤੀ ਲਾਪਰਵਾਹੀ ਬਾਰੇ ਸਾਵਧਾਨ ਰਹਿਣਾ ਚਾਹੀਦਾ ਹੈ।

#### 3. ਆਤਮਿਕ ਵਰਦਾਨ ਦੀ ਦੁਰਵਰਤੋਂ ਕਰਨਾ

1 ਕੁਰਿੰਥ 1:7 ਇਹ ਦਿਖਾਉਂਦਾ ਹੈ ਕਿ ਉਹਨਾਂ ਲੋਕਾਂ ਕੋਲ ਵੀ ਵੱਡੇ ਵਰਦਾਨ ਹੋ ਸਕਦੇ ਹਨ ਜੋ ਆਤਮਿਕ ਨਹੀਂ ਹਨ (ਜਿਵੇਂ ਕਿ

ਕੁਰਿੰਥੀਆਂ ਦੇ ਸਰੀਰਕ ਲੋਕ ਸਨ)। ਜਦੋਂ ਮਸੀਹੀ ਆਪਣੇ ਵਰਦਾਨਾਂ ਨੂੰ ਪਰਮੇਸ਼ਰ ਦੀ ਮਹਿਮਾ ਕਰਨ ਜਾਂ ਮਸੀਹ ਦੇ ਸਰੀਰ ਵਿੱਚ ਦੂਜਿਆਂ ਦੀ ਉਸਾਰੀ ਕਰਨ ਦੀ ਬਜਾਏ ਆਪਣੇ ਸੁਆਰਥੀ ਅਤੇ ਪਾਪੀ ਕੰਮਾਂ ਦੇ ਲਈ ਵਰਤਦੇ ਹਨ, ਤਾਂ ਉਹ ਇਹਨਾਂ ਦੀ ਦੁਰਵਰਤੋਂ ਕਰਦੇ ਹਨ।

### G. ਵਰਦਾਨ ਅਟੱਲ ਹਨ

ਰੋਮੀ 11:29 ਦੱਸਦਾ ਹੈ, "ਪਰਮੇਸ਼ਰ ਦੇ ਦਾਅਵੇ ਅਤੇ ਬੁਲਾਵੇ ਹਮੇਸ਼ਾ ਅਟੱਲ ਹਨ।" ਇਹ ਆਇਤ ਆਪਣੇ ਸੰਦਰਭ ਵਿੱਚ ਸਿਖਾਉਂਦੀ ਹੈ ਕਿ ਇਸਰਾਏਲ ਨਾਲ ਕੀਤੇ ਗਏ ਪਰਮੇਸ਼ਰ ਦੇ ਵਾਅਦਿਆਂ ਨੂੰ ਰੱਦ ਨਹੀਂ ਕੀਤਾ ਜਾਵੇਗਾ। ਫਿਰ ਵੀ, ਇੱਕ ਆਮ ਸਿਧਾਂਤ ਦੇ ਰੂਪ ਵਿੱਚ, ਇਹ ਇਸ ਵਿਚਾਰ ਦਾ ਵੀ ਸਮਰਥਨ ਕਰਦਾ ਹੈ ਕਿ ਇੱਕ ਆਤਮਿਕ ਵਰਦਾਨ ਦੇ ਲਈ ਪਰਮੇਸ਼ਰ ਦੀ ਇਹ ਇੱਛਾ ਹੈ ਕਿ ਉਸ ਦੀ ਜੀਵਨ ਭਰ ਵਰਤੋਂ ਕੀਤੀ ਜਾਵੇ। ਇਹ ਇਸ ਸੱਚਾਈ ਨੂੰ ਖ਼ਤਮ ਨਹੀਂ ਕਰਦਾ ਹੈ ਕਿ ਇੱਕ ਵਿਅਕਤੀ 1 ਤਿਮੋਥਿ 3 ਅਤੇ ਤੀਤੁਸ 1 ਦੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿ ਕੇ ਕਲੀਸਿਯਾ ਦੀ ਅਗਵਾਈ ਤੋਂ ਆਪਣੇ ਆਪ ਨੂੰ ਅਯੋਗ ਕਰ ਸਕਦਾ ਹੈ। ਪਰਮੇਸ਼ਰ ਦੇ ਇਖਤਿਆਰੀ ਢੰਗ ਨਾਲ ਵਰਦਾਨ ਨੂੰ ਵਾਪਸ ਲੈਣ ਅਤੇ ਇੱਕ ਵਿਅਕਤੀ ਦੇ ਪਾਪ ਨਾਲ ਅਪਣੇ ਆਪ ਨੂੰ ਸੇਵਾ ਦੇ ਆਯੋਗ ਬਣਾਉਣ ਵਿੱਚ ਅੰਤਰ ਹੈ।

### H. ਵਰਦਾਨਾਂ ਦੀਆਂ ਪਰਿਭਾਸ਼ਾਵਾਂ

ਆਤਮਿਕ ਵਰਦਾਨਾਂ ਦੀ ਸਹੀ ਪਰਿਭਾਸ਼ਾ ਦੀ ਖੋਜ ਕਰਨਾ ਸਿਰਫ਼ ਇੱਕ ਅਕਾਦਮਿਕ ਅਭਿਆਸ ਨਹੀਂ ਹੈ। ਜੇਕਰ ਮਸੀਹੀ ਲੋਕਾਂ ਨੂੰ ਆਪਣੇ ਖ਼ੁਦ ਦੇ ਆਤਮਿਕ ਵਾਰਦਾਨਾਂ ਦੀ ਪਛਾਣ ਕਰਨੀ ਹੈ, ਤਾਂ ਉਹਨਾਂ ਲਈ ਬਾਈਬਲ ਵਿੱਚ ਦਿੱਤੇ ਵਰਦਾਨਾਂ ਦੀ ਸਹੀ ਪਰਿਭਾਸ਼ਾ ਨੂੰ ਜਾਣਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਵਰਦਾਨਾਂ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਨਾ ਚਾਹੀਦਾ ਹੈ ਕਿ ਜਿਹੜੇ ਚਿੰਨ੍ਹ ਵਾਲੇ ਵਰਦਾਨ ਹਨ, ਉਹਨਾਂ ਨੂੰ ਅੱਜ ਦੇ ਵਰਦਾਨਾਂ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਹ ਦੁੱਖ ਦੀ ਗੱਲ ਹੈ ਕਿ ਅੱਜ ਵਰਦਾਨਾਂ ਉੱਤੇ ਦਿੱਤੇ ਜਾ ਰਹੇ ਜ਼ੋਰ ਦੇ ਨਾਲ-ਨਾਲ ਉਹਨਾਂ ਦੀ ਸਹੀ ਵਿਆਖਿਆ ਕਰਨ ਉੱਤੇ ਧਿਆਨ ਨਹੀਂ ਦਿੱਤਾ ਗਿਆ ਹੈ।

ਨਵੇਂ ਨੇਮ ਵਿੱਚ ਆਤਮਿਕ ਵਾਰਦਾਨਾਂ ਦੀਆਂ ਚਾਰ ਸੂਚੀਆਂ ਦਿੱਤੀਆਂ ਗਈਆਂ ਹਨ: ਰੋਮੀ 12:6-8; ਅਫ਼ਸੀ 4:11; 1 ਪਤਰਸ 4:10-11; ਅਤੇ 1 ਕੁਰਿੰਥ 12:8-10, 28-30

### 1. ਰੋਮੀਆਂ 12:6-8

#### a. ਭਵਿੱਖਬਾਣੀ

ਬਹੁਤ ਸਾਰੇ ਲੋਕ ਇਹ ਸਿਖਾਉਂਦੇ ਹਨ ਕਿ ਭਵਿੱਖਬਾਣੀ ਦਾ ਵਰਦਾਨ ਪਰਮੇਸ਼ਰ ਦੇ ਸੰਦੇਸ਼ ਦਾ "ਉਪਦੇਸ਼" ਕਰਨਾ ਹੁੰਦਾ ਹੈ। ਇਹ ਭਵਿੱਖਬਾਣੀ ਨੂੰ ਕਿਸੇ ਵੀ ਤਰ੍ਹਾਂ ਦੇ ਪ੍ਰਚਾਰ ਜਾਂ ਸਿੱਖਿਆ ਵਰਗਾ ਬਣਾ ਦਿੰਦਾ ਹੈ। ਹਾਲਾਂਕਿ ਨਬੀ ਪਰਮੇਸ਼ਰ ਦਾ ਸੰਦੇਸ਼ ਹੀ ਦਿੰਦੇ ਸਨ, ਪਰ ਇਸ ਦੀ ਅੱਜ ਦੀ ਪਰਿਭਾਸ਼ਾ ਵਿੱਚ ਇਹ ਕਮੀ ਹੈ ਕਿ ਇਹ ਭਵਿੱਖਬਾਣੀ ਵਿੱਚ ਸ਼ਾਮਲ ਸਾਰੀਆਂ ਗੱਲਾਂ ਬਾਰੇ ਨਹੀਂ ਦੱਸਦੀ ਹੈ।

ਪੁਰਾਣੇ ਨੇਮ ਵਿੱਚ ਇੱਕ ਨਬੀ ਪਰਮੇਸ਼ਰ ਦੇ ਪ੍ਰਕਾਸ਼ਨ ਦੁਆਰਾ ਸੰਦੇਸ਼ ਪ੍ਰਾਪਤ ਕਰਦਾ ਸੀ, ਅਤੇ ਉਹ ਭਵਿੱਖ ਵਿੱਚ ਹੋਣ ਵਾਲੀਆਂ ਗੱਲਾਂ ਬਾਰੇ ਭਵਿੱਖਬਾਣੀ ਕਰ ਸਕਦਾ ਸੀ। ਇਹ ਪੁਰਾਣੇ ਨੇਮ ਦੇ ਬਹੁਤ ਸਾਰੇ ਵਚਨਾਂ ਅਤੇ ਖ਼ਾਸ ਕਰਕੇ ਬਿਵਸਥਾ ਸਾਰ ਦੀ ਪੁਸਤਕ ਤੋਂ ਸਪੱਸ਼ਟ ਹੁੰਦਾ ਹੈ। ਬਿਵਸਥਾ 18:18 ਵਿੱਚ ਇੱਕ ਨਬੀ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਗਈ ਹੈ ਕਿ ਜਿਸ ਨੂੰ ਪਰਮੇਸ਼ਰ ਨੇ "ਆਪਣੇ ਵਚਨ" ਦਿੱਤੇ ਹਨ। ਬਿਵਸਥਾ 18:22 ਦੱਸਦਾ ਹੈ ਕਿ ਭਵਿੱਖਬਾਣੀ ਵਿੱਚ ਭਵਿੱਖ ਦੇ ਤੱਤ ਸ਼ਾਮਲ ਹੁੰਦੇ ਸਨ।

> "ਮੈਂ ਉਹਨਾਂ ਦੇ ਲਈ ਉਨ੍ਹਾਂ ਦੇ ਭਰਾਵਾਂ ਵਿੱਚੋਂ ਤੇਰੇ ਵਰਗਾ ਇੱਕ ਨਬੀ ਖੜ੍ਹਾ ਕਰਾਂਗਾ ਅਤੇ **ਮੈਂ ਆਪਣੇ ਸ਼ਬਦ ਉਸ ਦੇ ਮੂੰਹ ਵਿੱਚ ਪਾਵਾਂਗਾ** ਅਤੇ ਉਹ ਇਹ ਸਾਰੇ ਹੁਕਮ ਜਿਹੜੇ ਮੈਂ ਉਹ ਨੂੰ ਦਿਆਂਗਾ, ਉਨ੍ਹਾਂ ਨੂੰ ਦੱਸੇਗਾ।" [ਬਿਵਸਥਾ 18:18] (ਬਿਵਸਥਾ 18:22 ਵੀ ਦੇਖੋ)

ਲੂਕਾ ਨੂੰ ਛੱਡ ਕੇ ਨਵੇਂ ਨੇਮ ਸਾਰੇ ਲੇਖਕ ਯਹੂਦੀ ਸਨ ਜਿਹਨਾਂ ਦੀ ਸੋਚ ਕੁਦਰਤੀ ਤੌਰ ਉੱਤੇ ਪੁਰਾਣੇ ਨੇਮ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਵੇਗੀ। ਇਸ ਲਈ, ਇਸ ਤੋਂ ਪਹਿਲਾਂ ਕਿ ਅਸੀਂ ਪੁਰਾਣੇ ਨੇਮ ਦੇ ਨਬੀ ਬਾਰੇ ਵਿਚਾਰ ਨੂੰ ਸੋਧਣ ਦੀ ਕੋਸ਼ਿਸ਼ ਕਰੀਏ, ਸਾਨੂੰ ਬਹੁਤ ਮਜ਼ਬੂਤ ਸਬੂਤ ਉੱਤੇ ਜ਼ੋਰ ਦੇਣਾ ਪਵੇਗਾ। ਅਸਲ ਵਿੱਚ, ਇਹ ਸੋਚਣ ਦਾ ਕੋਈ ਸਬੂਤ ਨਹੀਂ ਹੈ ਕਿ ਨਵੇਂ ਨੇਮ ਦੇ ਲੇਖਕਾਂ ਦੀ ਭਵਿੱਖਬਾਣੀ ਦੀ ਪਰਿਭਾਸ਼ਾ ਪੁਰਾਣੇ ਨੇਮ ਦੇ ਲੇਖਕਾਂ ਨਾਲੋਂ ਵੱਖਰੀ ਸੀ। ਮਰਕੁਸ 14:64 ਵਿੱਚ ਯਹੂਦੀ ਮਹਾਂ-ਸਭਾ ਦੇ ਸਦੱਸਾਂ ਨੇ ਮਸੀਹ ਨੂੰ ਥੱਪੜ ਮਾਰ ਕੇ ਪੁੱਛਿਆ ਕਿ ਉਹ ਭਵਿੱਖਬਾਣੀ ਕਰਕੇ ਦੱਸੇ ਕਿ ਉਸ ਨੂੰ ਕਿਸ ਨੇ ਮਾਰਿਆ ਸੀ ਜਦੋਂ ਕਿ ਉਸ ਸਮੇਂ ਮਸੀਹ ਦੀਆਂ ਅੱਖਾਂ ਉੱਤੇ ਪੱਟੀ ਬੰਨ੍ਹੀ ਸੀ। ਇੱਕ ਸਪੱਸ਼ਟ ਰੂਪ ਵਿੱਚ, ਉਹ ਮਸੀਹ ਤੋਂ ਉਸ ਨੂੰ ਮਾਰਨ ਵਾਲੇ ਦੀ ਅਲੌਕਿਕ ਪ੍ਰਕਾਸ਼ਨ ਨਾਲ ਪਛਾਨਣ ਦੀ ਮੰਗ ਕਰ ਰਹੇ ਸਨ। ਲੂਕਾ 1:67 ਵਿੱਚ ਜ਼ਕਰਯਾਹ ਨੇ ਆਪਣੇ ਪੁੱਤਰ ਯੂਹੰਨਾ ਬਪਤਿਸਮਾ ਦੇਣ ਵਾਲੇ ਬਾਰੇ ਭਵਿੱਖਬਾਣੀ ਕੀਤੀ ਸੀ। ਇਸ ਦੇ ਸੰਦਰਭ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਉਹ ਭਵਿੱਖ ਦੇ ਬਾਰੇ ਪਰਮੇਸ਼ਰ ਦੇ ਪ੍ਰਕਾਸ਼ਨ ਦੀ ਭਵਿੱਖਬਾਣੀ ਕਰ ਰਿਹਾ ਸੀ। ਰਸੂਲਾਂ ਦੇ ਕਰਤੱਬ ਦੀ ਪੁਸਤਕ ਵੀ ਇਹ ਦੱਸਦੀ ਹੈ ਕਿ ਸ਼ੁਰੂਆਤੀ ਕਲੀਸਿਯਾ ਭਵਿੱਖਬਾਣੀ ਨੂੰ ਕਿਵੇਂ ਦੇਖਦੀ ਸੀ। ਦਾਊਦ ਨੂੰ ਇੱਕ ਨਬੀ ਮੰਨਿਆ ਗਿਆ ਸੀ ਕਿਉਂਕਿ ਉਸ ਨੇ ਮਸੀਹ ਦੇ ਜੀਅ ਉੱਠਣ ਬਾਰੇ ਭਵਿੱਖਬਾਣੀ ਕੀਤੀ ਸੀ (ਰਸੂਲਾਂ 2:30-31)। ਆਗਬੁਸ ਨਵੇਂ ਨੇਮ ਦਾ ਇੱਕ ਨਬੀ ਸੀ ਜਿਸ ਨੇ ਅਕਾਲ ਬਾਰੇ (ਰਸੂਲਾਂ 11:27-28)

ਅਤੇ ਪੌਲੁਸ ਦੇ ਯਰੂਸ਼ਲਮ ਵਿੱਚ ਦੁੱਖ ਝੱਲਣ ਬਾਰੇ ਭਵਿੱਖਬਾਣੀ ਕੀਤੀ ਸੀ (ਰਸੂਲਾਂ 21:10-11)।

ਭਵਿੱਖਬਾਣੀ ਬਾਰੇ ਪੁਰਾਣੇ ਨੇਮ ਦੇ ਹਵਾਲਿਆਂ ਤੋਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਸ ਵਿੱਚ ਇੱਕ ਮਸੀਹੀ ਸੇਵਕ ਦੁਆਰਾ ਸੰਦੇਸ਼ ਦਿੱਤੇ ਜਾਣ ਤੋਂ ਕੁਝ ਜ਼ਿਆਦਾ ਸ਼ਾਮਲ ਹੁੰਦਾ ਹੈ। ਨਬੀ ਪਰਮੇਸ਼ਰ ਤੋਂ ਇੱਕ ਸਿੱਧਾ ਪ੍ਰਕਾਸ਼ਨ ਪ੍ਰਾਪਤ ਕਰਦੇ ਸਨ, ਅਤੇ ਉਹ ਅਕਸਰ ਭਵਿੱਖ ਦੀਆਂ ਘਟਨਾਵਾਂ ਬਾਰੇ ਅਗੰਮ ਵਾਕ ਕਰਦੇ ਸਨ। ਅਫ਼ਸੀ 3:5 ਇਹ ਦਰਸਾਉਂਦਾ ਹੈ ਕਿ ਨਬੀ ਪ੍ਰਕਾਸ਼ਨ ਪ੍ਰਾਪਤ ਕਰਦੇ ਸਨ। 1 ਕੁਰਿੰਥ 14:29-30 ਸ਼ੁਰੂਆਤੀ ਕਲੀਸਿਯਾ ਵਿੱਚ ਭਵਿੱਖਬਾਣੀ ਦੇ ਵਰਦਾਨ ਦੀ ਵਰਤੋਂ ਦਾ ਨਿਰਦੇਸ਼ ਦਿੰਦਾ ਹੈ। ਇਹ ਦੱਸਦਾ ਹੈ ਕਿ ਜਦੋਂ ਕਿਸੇ ਦੂਜੇ **ਨਬੀ** ਨੂੰ **ਪ੍ਰਕਾਸ਼ਨ** ਮਿਲੇ, ਤਾਂ ਪਹਿਲਾਂ ਚੁੱਪ ਹੋ ਜਾਵੇ।

> ਇਸ ਤਰ੍ਹਾਂ ਦੋ ਜਾਂ ਤਿੰਨ **ਨਬੀ** ਬੋਲਣ ਅਤੇ ਬਾਕੀ ਉਹਨਾਂ ਦੇ ਸੰਦੇਸ਼ ਨੂੰ ਪਰਖਣ। ਪਰ ਜੇਕਰ ਉੱਥੇ ਬੈਠੇ ਕਿਸੇ ਦੂਜੇ ਉੱਤੇ **ਪਰਮੇਸ਼ਰ ਦਾ ਸੰਦੇਸ਼** ਪ੍ਰਗਟ ਹੋ ਜਾਵੇ ਤਾਂ ਪਹਿਲਾ ਚੁੱਪ ਹੋ ਜਾਵੇ। [1 ਕੁਰਿੰਥ 14:29-30 ]
>
> (ਅਫ਼ਸੀਆਂ 3:5 ਵੀ ਦੇਖੋ)

ਇਹ ਸੱਚ ਹੈ ਕਿ ਇੱਕ ਨਬੀ ਪਰਮੇਸ਼ਰ ਦਾ ਸੰਦੇਸ਼ਵਾਚਕ ਹੁੰਦਾ ਹੈ, ਪਰ ਨਬੀ ਅਤੇ ਮਸੀਹੀ ਮੰਚ (ਪੁਲਪਿਟ) ਉੱਤੇ ਇੱਕ ਸੇਵਕ ਵਿਚਾਰ ਫ਼ਰਕ ਹੁੰਦਾ ਹੈ। ਇੱਕ ਨਬੀ ਪਵਿੱਤਰ ਗ੍ਰੰਥਾਂ ਵਿੱਚੋਂ ਨਹੀਂ ਬਲਕਿ ਸਿੱਧੇ ਤੌਰ ਤੇ ਪਰਮੇਸ਼ਰ ਦੇ ਪ੍ਰਕਾਸ਼ਨ ਤੋਂ ਆਪਣਾ ਸੰਦੇਸ਼ ਪ੍ਰਾਪਤ ਕਰਦਾ ਹੈ। ਅਸਲ ਵਿੱਚ, ਨਬੀਆਂ ਨੇ ਪਵਿੱਤਰ ਗ੍ਰੰਥ ਲਿਖੇ ਸਨ! ਜਦੋਂ ਲਿਖਤੀ ਪਵਿੱਤਰ ਗ੍ਰੰਥ ਪੂਰੇ ਹੋ ਗਏ, ਤਾਂ ਭਵਿੱਖਬਾਣੀ ਦੇ ਵਰਦਾਨ ਦੀ ਲੋੜ ਨਹੀਂ ਰਹੀ। ਜਦੋਂ ਵੀ ਅਸੀਂ ਬਾਈਬਲ ਪੜ੍ਹਦੇ ਹਾਂ ਤਾਂ ਅਸੀਂ ਭਵਿੱਖਬਾਣੀ ਦਾ ਹੀ ਅਧਿਐਨ ਕਰਦੇ ਹਾਂ, ਇਸ ਲਈ, 1 ਕੁਰਿੰਥੀਆਂ 14 ਦੇ ਹੁਕਮ ਅਨੁਸਾਰ ਅਸੀਂ ਅੱਜ ਵੀ ਭਵਿੱਖਬਾਣੀ ਦੀ ਖੋਜ ਵਿੱਚ ਰਹਿ ਸਕਦੇ ਹਾਂ। ਪਰ, ਅਫ਼ਸੀ 2:20 ਭਵਿੱਖਬਾਣੀ ਦੇ ਵਰਦਾਨ ਨੂੰ ਰਸੂਲਾਂ ਅਤੇ ਕਲੀਸਿਯਾ ਦੀ ਸਥਾਪਨਾ ਦੇ ਸਮੇਂ ਨਾਲ ਜੋੜਦਾ ਹੈ। ਪਰਮੇਸ਼ਰ ਅੱਜ ਭਵਿੱਖਬਾਣੀ ਦਾ ਵਰਦਾਨ ਨਹੀਂ ਦਿੰਦੇ ਹਨ।

> ...ਤੁਸੀਂ **ਰਸੂਲਾਂ ਅਤੇ ਨਬੀਆਂ ਦੀ ਨੀਂਹ** ਉੱਤੇ ਬਣਾਏ ਗਏ ਹੋ ਜਿਸ ਦੇ ਕੋਨੇ ਦਾ ਪੱਥਰ ਮਸੀਹ ਯਿਸੂ ਆਪ ਹਨ [ਅਫ਼ਸੀ 2:19-20]

### b. ਸੇਵਾ (ਸੇਵਕਾਈ)

ਇੱਥੇ ਮੂਲ ਸ਼ਬਦ ਉਹ ਹੈ ਜਿਸ ਤੋਂ ਸ਼ਬਦ "ਡੀਕਨ" ਲਿਆ ਗਿਆ ਹੈ। ਇਹ ਇੱਕ ਆਮ ਸ਼ਬਦ ਹੈ ਅਤੇ ਇਹ ਸੇਵਾ ਦੇ ਕਈ ਪਹਿਲੂਆਂ ਨੂੰ ਦਰਸਾਉਂਦਾ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਇੱਕ ਮੈਡੀਕਲ ਮਿਸ਼ਨਰੀ, ਇੱਕ ਕਲੀਸਿਯਾ ਖ਼ਜ਼ਾਨਚੀ, ਇੱਕ ਨਰਸਰੀ ਮਾਲੀ ਆਦਿ ਸਾਰਿਆਂ ਕੋਲ ਸੇਵਾ ਦਾ ਵਰਦਾਨ ਹੁੰਦਾ ਹੈ। ਸਾਰੇ ਮਸੀਹੀਆਂ ਨੂੰ ਸੇਵਾ ਕਰਨੀ ਚਾਹੀਦੀ ਹੈ। ਪਰਮੇਸ਼ਰ ਦੀ ਇੱਛਾ ਹੈ ਕਿ ਕੁਝ ਲੋਕ ਉਹਨਾਂ ਕੰਮਾਂ ਵਿੱਚ ਮੁਹਾਰਤ ਹਾਸਲ ਕਰਨ ਜਿਹਨਾਂ ਨੂੰ ਆਮ ਸੇਵਾਵਾਂ ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

### c. ਸਿੱਖਿਆ ਦੇਣਾ

ਸਿੱਖਿਆ ਦੇਣਾ ਭਵਿੱਖਬਾਣੀ ਕਰਨ ਨਾਲੋਂ ਵੱਖਰਾ ਹੈ। ਸਿੱਖਿਅਕ ਸਿੱਧੇ ਤੌਰ ਤੇ ਪਰਮੇਸ਼ਰ ਦੇ ਪ੍ਰਕਾਸ਼ਨ ਨੂੰ ਪ੍ਰਾਪਤ ਨਹੀਂ ਕਰਦੇ ਹਨ। ਇਸ ਦੀ ਬਜਾਏ, ਉਹ ਉਹਨਾਂ ਸੱਚਾਈਆਂ ਦੀ ਵਿਆਖਿਆ ਕਰਦੇ ਹਨ ਜੋ ਪਹਿਲਾਂ ਹੀ ਬਾਈਬਲ ਵਿੱਚ ਮੌਜੂਦ ਹਨ। ਪਰਮੇਸ਼ਰ ਦੇ ਕੰਮ ਦੇ ਅਜਿਹੇ ਬਹੁਤ ਸਾਰੇ ਖੇਤਰ ਹਨ ਜਿੱਥੇ ਸਿੱਖਿਆ ਦੇ ਵਰਦਾਨ ਦੀ ਵਰਤੋਂ ਕੀਤੀ ਜਾ ਸਕਦੀ ਹੈ (ਜਿਵੇਂ ਕਿ, ਬੱਚਿਆਂ, ਔਰਤਾਂ, ਨੌਜਵਾਨਾਂ, ਪ੍ਰਚਾਰ ਦੀ ਸੇਵਕਾਈ ਆਦਿ)। ਸਿੱਖਿਆ ਦਾ ਵਰਦਾਨ ਸਿਰਫ਼ ਪਾਸਬਾਨਾਂ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ ਹੈ। ਹਾਲਾਂਕਿ ਇੱਕ ਪਾਸਟਰ/ਨਿਗਾਹਬਾਨ ਦੀਆਂ ਸਿੱਖਿਆ ਦੇਣ ਤੋਂ ਇਲਾਵਾ ਹੋਰ ਵੀ ਜ਼ਿਮੇਵਾਰੀਆਂ ਹੁੰਦੀਆਂ ਹਨ, ਫਿਰ ਵੀ ਉਹ ਸਿਖਾਉਣ ਵਾਲਾ ਹੋਣਾ ਚਾਹੀਦਾ ਹੈ (1 ਤਿਮੋਥਿ 3:2; ਤੀਤੁਸ 1:9)। ਸਾਰੇ ਨਿਗਾਹਬਾਨਾਂ ਨੂੰ ਸਿਖਾਉਣ ਦੇ ਯੋਗ ਹੋਣਾ ਚਾਹੀਦਾ ਹੈ, ਪਰ ਕੁਝ ਵਿਸ਼ੇਸ਼ ਸਿੱਖਿਅਕ ਹੁੰਦੇ ਹਨ (1 ਤਿਮੋਥਿ 5:17)। ਕਿਉਂਕਿ ਅੱਜ ਰਸੂਲ ਹੋਣ ਅਤੇ ਨਬੀ ਹੋਣ ਵਰਦਾਨ ਨਹੀਂ ਦਿੱਤੇ ਜਾਂਦੇ ਹਨ, ਇਸ ਲਈ ਸਿੱਖਿਆ ਦੇਣ ਦਾ ਵਰਦਾਨ ਸਭ ਤੋਂ ਮਹੱਤਵਪੂਰਣ ਵਰਦਾਨ ਹੈ (1 ਕੁਰਿੰਥ 12:28)।

### d. ਉਤਸ਼ਾਹ ਦੇਣਾ

ਸਾਰੇ ਵਿਸ਼ਵਾਸੀਆਂ ਨੂੰ ਇੱਕ ਦੂਜੇ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਜੀਵਨ ਦੀਆਂ ਮੁਸ਼ਕਲਾਂ ਵਿੱਚ ਇੱਕ-ਦੂਜੇ ਦੀ ਹਿੰਮਤ ਵਧਾਉਣ ਵਾਲੇ ਹੋਣਾ ਚਾਹੀਦਾ ਹੈ (ਇਬ 10:25)। ਕੁਝ ਲੋਕਾਂ ਕੋਲ ਦੂਜਿਆਂ ਨੂੰ ਤਸੱਲੀ ਦੇਣ ਅਤੇ ਸੰਭਾਲਣ ਦਾ ਖ਼ਾਸ ਵਰਦਾਨ ਹੁੰਦਾ ਹੈ। ਉਹ ਦੂਜੇ ਵਿਸ਼ਵਾਸੀਆਂ ਨੂੰ ਪ੍ਰੇਰਣਾ ਦੇਣ ਵਿੱਚ ਬਹੁਤ ਮਾਹਰ ਹੁੰਦੇ ਹਨ ਅਤੇ ਇਸ ਕੰਮ ਵਿੱਚ ਆਨੰਦ ਲੈਂਦੇ ਹਨ। ਉਤਸ਼ਾਹਿਤ ਕਰਨ ਦਾ ਕੰਮ ਇੱਕ ਰਸਮੀ ਭਾਸ਼ਣ ਦੁਆਰਾ ਕੀਤਾ ਜਾਣਾ ਚਾਹੀਦਾ ਹੈ, ਪਰ ਇਹ ਗ਼ੈਰ-ਰਸਮੀ ਗੱਲਬਾਤ ਵਿੱਚ ਵੀ ਆਸਾਨੀ ਨਾਲ ਹੋ ਸਕਦਾ ਹੈ। ਇਹ ਮੰਨਣਾ ਠੀਕ ਹੈ ਕਿ ਸੰਗੀਤਕਾਰਾਂ ਵਿੱਚ ਸੰਗੀਤ ਦੀ ਸੇਵਕਾਈ ਦੁਆਰਾ ਉਤਸ਼ਾਹਿਤ ਕਰਨ ਦੀ ਯੋਗਤਾ ਹੁੰਦੀ ਹੈ।

### e. ਦਾਨ ਦੇਣਾ

ਸਾਰੇ ਮਸੀਹੀਆਂ ਨੂੰ ਦਾਨ ਦੇਣਾ ਚਾਹੀਦਾ ਹੈ। ਦਾਨ ਦੇਣ ਦੇ ਵਰਦਾਨ ਦਾ ਅਰਥ ਹੈ ਕਿ ਕੁਝ ਲੋਕ ਖ਼ਾਸ ਤੌਰ ਤੇ ਦਾਨ ਦੇਣਗੇ ਅਤੇ ਦੂਜੇ ਮਸੀਹੀਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਮਰਪਿਤ ਹੋਣਗੇ। ਇੱਕ ਵਿਅਕਤੀ ਨੂੰ ਪਿਆਰ ਅਤੇ ਫਿਕਰ ਦਾ ਦਾਨ ਦੇਣ ਲਈ ਪੈਸੇ ਨਾਲ ਅਮੀਰ ਹੋਣ ਦੀ ਲੋੜ ਨਹੀਂ ਹੈ। ਸਭ ਤੋਂ ਵੱਧਕੇ ਇਹ ਹੈ ਕਿ ਇੱਕ ਦਾਨ ਦੇਣ ਵਾਲਾ ਦੂਜੇ ਮਸੀਹੀਆਂ ਬਾਰੇ ਆਪਣੇ ਵਿਚਾਰਾਂ ਅਤੇ

ਦਿਲਚਸਪੀ ਵਿੱਚ ਸੁਆਰਥੀ ਨਹੀਂ ਹੁੰਦਾ ਹੈ। ਅੱਗੇ (ਰੋਮੀ 12:13) ਪੌਲੁਸ ਨੇ ਪਰਾਹੁਣਚਾਰੀ ਦਾ ਜ਼ਿਕਰ ਕੀਤਾ ਹੈ। ਜਿਹਨਾਂ ਕੋਲ ਦਾਨ ਦੇਣ ਦਾ ਵਰਦਾਨ ਹੁੰਦਾ ਹੈ, ਉਹ ਆਪਣੇ ਪੈਸੇ ਨੂੰ ਵਿਅਰਥ ਵਿੱਚ ਬਰਬਾਦ ਨਹੀਂ ਕਰਦੇ ਹਨ। ਉਹ ਆਪਣੇ ਸਰੋਤਾਂ ਦੀ ਵਰਤੋਂ ਦੂਜੇ ਵਿਸ਼ਵਾਸੀਆਂ ਪ੍ਰਤੀ ਆਪਣੀ ਪਰਾਹੁਣਚਾਰੀ ਅਤੇ ਪਿਆਰ ਦਿਖਾਉਣ ਲਈ ਕਰਦੇ ਹਨ।

### f. ਅਗਵਾਈ ਕਰਨਾ

ਅਗਵਾਈ ਕਰਨ ਦੇ ਵਰਦਾਨ ਦਾ ਅਧਿਐਨ ਪ੍ਰਸ਼ਾਸਨ ਦੇ ਵਰਦਾਨ ਦੇ ਨਾਲ ਕੀਤਾ ਜਾਵੇਗਾ (1 ਕੁਰਿੰਥ 12:28)।

### g. ਦਇਆ ਕਰਨਾ

ਸਾਰੇ ਵਿਸ਼ਵਾਸੀਆਂ ਨੂੰ ਦਇਆ ਦਿਖਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਕੁਝ ਲੋਕਾਂ ਦੇ ਅੰਦਰ ਗ਼ਰੀਬ, ਬਿਮਾਰ, ਅਤੇ ਕਮਜ਼ੋਰ ਲੋਕਾਂ ਵਿੱਚ ਖ਼ਾਸ ਦਿਲਚਸਪੀ ਹੋਵੇਗੀ। ਉਹ ਆਪਣਾ ਜ਼ਿਆਦਾ ਸਮਾਂ ਅਤੇ ਊਰਜਾ ਅਜਿਹੇ ਹਲਾਤਾਂ ਵਾਲੇ ਲੋਕਾਂ ਦੀ ਮਦਦ ਕਰਨ ਵਿੱਚ ਖਰਚ ਕਰਨਾ ਚਾਹੁਣਗੇ।

## 2. ਅਫ਼ਸੀ 4:11,12

### a. ਰਸੂਲ

ਰਸੂਲ ਹੋਣ ਦੇ ਵਰਦਾਨ ਬਾਰੇ ਪਹਿਲਾਂ ਹੀ ਚਿੰਨ੍ਹ ਵਾਲੇ ਵਰਦਾਨਾਂ ਦੇ ਬੰਦ ਹੋ ਜਾਣ ਵਾਲੇ ਭਾਗ ਵਿੱਚ ਵਿਚਾਰ ਕੀਤਾ ਗਿਆ ਹੈ। ਰਸੂਲ ਮਸੀਹ ਦੇ ਜੀਅ ਉੱਠਣ ਦੀ ਸੇਵਕਾਈ ਦੇ ਗਵਾਹ ਸਨ (ਰਸੂਲਾਂ 1:21-22; 1 ਕੁਰਿੰਥ 9:1)। ਸ਼ਬਦ "ਰਸੂਲ" ਦਾ ਅਰਥ ਇੱਕ ਅਜਿਹਾ ਵਿਅਕਤੀ ਹੈ ਜਿਸ ਨੂੰ ਮਸੀਹ ਨੇ ਇੱਕ ਅਧਿਕਾਰ ਦੇ ਨਾਲ ਇੱਕ ਖ਼ਾਸ ਕੰਮ ਦੇ ਲਈ ਭੇਜਿਆ ਹੈ (1 ਕੁਰਿੰਥ 15:8,9)। ਰਸੂਲ ਹੋਣਾ ਕਲੀਸਿਯਾ ਦੀ ਸਥਾਪਨਾ ਦੇ ਸਮੇਂ ਲਈ ਸੀ (ਅਫ਼ਸੀ 2:20)। ਜੇਕਰ ਕੋਈ ਇਹ ਮੰਨਦਾ ਹੈ ਕਿ ਉਹ ਇੱਕ ਰਸੂਲ ਹੈ, ਤਾਂ ਉਸ ਨੂੰ ਰੋਮੀ 12:3 ਦੇ ਹੁਕਮ ਅਨੁਸਾਰ ਆਪਣੇ ਆਪ ਨੂੰ ਕਾਫੀ ਨਿਮਰਤਾ ਦੇ ਨਾਲ ਜਾਂਚਿਆ ਜਾਂ ਪਰਖਿਆ ਨਹੀਂ ਹੈ।

### b. ਨਬੀ

ਭਵਿੱਖਬਾਣੀ ਦੇ ਵਰਦਾਨ ਦੇ ਬਾਰੇ ਰੋਮੀਆਂ12 ਦੀ ਆਤਮਿਕ ਵਾਰਦਾਨਾਂ ਦੀ ਸੂਚੀ ਅਧੀਨ ਅਧਿਐਨ ਕੀਤਾ ਗਿਆ ਹੈ।

### c. ਸ਼ੁਭ-ਸਮਾਚਾਰ ਦੇ ਪ੍ਰਚਾਰਕ

ਯੂਨਾਨੀ ਸ਼ਬਦ *ਯੂਅੰਗਲ* ਦੇ ਸ਼ਬਦਾਂ ਤੋਂ ਆਇਆ ਹੈ, *ਯੂ* ਜਿਸ ਦਾ ਅਰਥ "ਚੰਗਾ/ਸ਼ੁਭ" ਅਤੇ ਏਂਜਲ ਜਿਸ ਦਾ ਅਰਥ "ਸੰਦੇਸ਼/ਸਮਾਚਾਰ" ਹੁੰਦਾ ਹੈ। ਸਾਰੇ ਮਸੀਹੀਆਂ ਨੂੰ ਸ਼ੁਭ-ਸਮਾਚਾਰ ਸੁਣਾਉਣ (ਪ੍ਰਚਾਰ ਕਰਨ) ਦਾ ਕੰਮ ਕਰਨਾ ਚਾਹੀਦਾ ਹੈ, ਇੱਥੋਂ ਤੱਕ ਕਿ ਉਹਨਾਂ ਨੂੰ ਵੀ ਜਿਹਨਾਂ ਦਾ ਮੁੱਖ ਵਰਦਾਨ ਕਿਸੇ ਹੋਰ ਖੇਤਰ ਵਿੱਚ ਕੰਮ ਕਰਨ ਦੇ ਲਈ ਹੈ (2 ਤਿਮੋਥਿ 4:5)। ਫਿਰ ਵੀ, ਕੁਝ ਲੋਕ ਹੋਣਗੇ ਜੋ ਖ਼ਾਸ ਤੌਰ ਤੇ ਸ਼ੁਭ-ਸਮਾਚਾਰ ਦੇ ਪ੍ਰਚਾਰ ਕਰਨ ਦਾ ਕੰਮ ਕਰਨਾ ਚਾਹੁਣਗੇ। ਇੱਕ ਸ਼ੁਭ-ਸਮਾਚਾਰ ਦਾ ਪ੍ਰਚਾਰਕ ਉਹ ਵਿਅਕਤੀ ਹੁੰਦਾ ਹੈ ਜੋ ਲਗਾਤਾਰ "ਬੇਦਾਰੀ" ਦੀਆਂ ਸਭਾਵਾਂ ਲਈ ਯਾਤਰਾ ਕਰਦਾ ਰਹਿੰਦਾ ਹੈ। ਮਿਸ਼ਨਰੀ ਸ਼ੁਭ-ਸਮਾਚਾਰ ਪ੍ਰਚਾਰਕ ਹੁੰਦੇ ਹਨ। ਇਸ ਤੋਂ ਇਲਾਵਾ, ਜਿਹੜੇ ਲੋਕ ਬਹੁਤ ਸਾਰੇ ਲੋਕਾਂ ਦੇ ਸਾਹਮਣੇ ਪ੍ਰਚਾਰ ਨਹੀਂ ਕਰਦੇ ਹਨ, ਉਹ ਵੀ ਸ਼ੁਭ-ਸਮਾਚਾਰ ਦੇ ਪ੍ਰਚਾਰਕ ਹੋ ਸਕਦੇ ਹਨ।

### d. ਪਾਸਬਾਨ/ਸਿੱਖਿਅਕ

ਮੂਲ ਭਾਸ਼ਾ ਤੋਂ ਇਹ ਕਹਿਣਾ ਮੁਸ਼ਕਲ ਹੈ ਕਿ ਪੌਲੁਸ ਇੱਥੇ ਦੋ ਵਰਦਾਨਾਂ (ਪਾਸਬਾਨ ਅਤੇ ਸਿੱਖਿਅਕ) ਦੀ ਜਾਂ ਸਿਰਫ਼ ਇੱਕ ਵਰਦਾਨ ਪਾਸਬਾਨ/ਸਿੱਖਿਅਕ) ਦੀ ਗੱਲ ਕਰ ਰਿਹਾ ਹੈ। ਬਹੁਤ ਸਾਰੇ ਲੋਕ ਇਹ ਸਿੱਟਾ ਕੱਢਦੇ ਹਨ ਕਿ ਯੂਨਾਨੀ ਵਿਅਕਰਣ ਵਿੱਚ ਗ੍ਰੈਨਵਿਲ ਸ਼ਾਰਪ ਦੇ ਨਿਯਮ ਅਨੁਸਾਰ, ਇੱਥੇ ਸਿਰਫ਼ ਇੱਕ ਹੀ ਵਰਦਾਨ ਹੈ। ਫਿਰ ਵੀ, ਯੂਨਾਨੀ ਵਿਅਕਰਣ ਦਾ ਇਹ ਨਿਯਮ ਬਹੁਵਚਨਾਂ ਉੱਤੇ ਲਾਗੂ ਨਹੀਂ ਹੁੰਦਾ ਹੈ।[53] ਇਸ ਲਈ, ਇਹ ਕਹਿਣਾ ਮੁਸ਼ਕਲ ਹੈ ਕਿ ਪੌਲੁਸ ਇੱਕ ਵਰਦਾਨ ਜਾਂ ਦੋ ਵਰਦਾਨਾਂ ਦੀ ਗੱਲ ਕਰ ਰਿਹਾ ਹੈ।

ਇਹ ਆਇਤ ਭਾਵੇਂ ਜੋ ਕੁਝ ਵੀ ਕਹਿੰਦਾ ਹੋਵੇ, ਪਰ ਪਵਿੱਤਰ ਬਾਈਬਲ ਦੀ ਸਮੁੱਚੀ ਸਿੱਖਿਆ ਇਹ ਸੁਝਾਅ ਦਿੰਦੀ ਹੈ ਕਿ ਇੱਕ ਵਿਅਕਤੀ ਪਾਸਬਾਨ ਬਣੇ ਬਿਨਾਂ ਵੀ ਸਿੱਖਿਅਕ ਹੋ ਸਕਦਾ ਹੈ। ਫਿਰ ਵੀ, ਇੱਕ ਪਾਸਬਾਨ ਨੂੰ ਸਿੱਖਿਆ ਦੇਣ ਦੇ ਯੋਗ ਹੋਣਾ ਚਾਹੀਦਾ ਹੈ (1 ਤਿਮੋਥਿ 3:2, ਤੀਤੁਸ 1:9)। ਅਜਿਹਾ ਲੱਗਦਾ ਹੈ ਕਿ ਜਿਵੇਂ ਦੋ ਤਰ੍ਹਾਂ ਦੇ ਪਾਸਬਾਨ/ਨਿਗਾਹਬਾਨ ਹੁੰਦੇ ਹਨ, ਉਹ ਜੋ ਅਗਵਾਈ ਕਰਦੇ ਹਨ ਅਤੇ ਜਿਹਨਾਂ ਵਿੱਚ ਸਿਖਾਉਣ ਦੀ ਵੀ ਯੋਗਤਾ ਹੁੰਦੀ ਹੈ, ਅਤੇ ਉਹ ਜੋ ਅਗਵਾਈ ਕਰਦੇ ਹਨ ਅਤੇ ਜਿਹਨਾਂ ਵਿੱਚ ਸਿਖਾਉਣ ਦਾ ਵਿਸ਼ੇਸ਼ ਹੁਨਰ ਹੁੰਦਾ ਹੈ (ਦੇਖੋ, 1 ਤਿਮੋਥਿ 5:17)। ਇਹਨਾਂ ਨੂੰ ਅਕਸਰ "ਅਗਵਾਈ ਕਰਨ ਵਾਲੇ ਬਜ਼ੁਰਗ/ਨਿਗਾਹਬਾਨ" ਅਤੇ "ਸਿਖਾਉਣ ਵਾਲੇ ਬਜ਼ੁਰਗ/ਨਿਗਾਹਬਾਨ" ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ।[54]

## 3. 1 ਪਤਰਸ 4:10-11

1 ਪਤਰਸ 4 ਦਾ ਇਹ ਵਚਨ ਜ਼ਿਆਦਾ ਖ਼ਾਸ ਵਰਦਾਨਾਂ ਦੀ ਸੂਚੀ ਨਹੀਂ ਦਿੰਦਾ ਹੈ। ਪਰ, ਇਹ ਵਰਦਾਨਾਂ ਦੀਆਂ ਦੋ ਆਮ ਸ਼੍ਰੇਣੀਆਂ ਦਿੰਦਾ

---

[53] ਗ੍ਰੈਨਵਿਲ ਸ਼ਾਰਪ, ਰੀਮਾਰਕਸ ਔਨ ਦ ਯੂਜ਼ਿਜ਼ ਆਫ਼ ਦ ਡੈਫੀਨਿਟਿਵ ਆਰਟੀਕਲ ਇਨ *ਦ ਗ੍ਰੀਕ ਟੈਕਸਟ ਆਫ਼ ਦ ਨਿਊ ਟੈਸਟਾਮੈਂਟ*, 3rd ਐਡ. (ਫਿਲਾਡੇਲਫਿਆ: ਬੀ. ਬੀ. ਹੈਪਕਿਨਜ਼ ਐਂਡ ਕੋ., 1807), ਪੰਨੇ 3-7.

[54] ਨਿਗਾਹਬਾਨਾਂ ਬਾਰੇ ਉੱਤੇ ਡੂੰਘੇ ਅਧਿਐਨ ਲਈ ਅਧਿਆਇ 11 ਦੇਖੋ।

ਹੈ। ਕੁਝ **ਬੋਲਣ** ਵਾਲੇ ਵਰਦਾਨ ਹਨ ਅਤੇ ਕੁਝ **ਸੇਵਾ** ਵਾਲੇ ਵਰਦਾਨ ਹਨ। ਜੇਕਰ ਵਰਦਾਨਾਂ ਨੂੰ ਵਿਸ਼ੇ ਅਨੁਸਾਰ ਸ਼੍ਰੇਣੀਬੱਧ ਕੀਤਾ ਜਾਵੇ, ਤਾਂ ਇਹਨਾਂ ਨੂੰ "ਚਿੰਨ੍ਹ ਵਾਲੇ ਵਰਦਾਨਾਂ, ਪਰਾਈਆਂ ਭਾਸ਼ਾਵਾਂ ਬੋਲਣ ਵਾਲੇ ਵਰਦਾਨਾਂ ਅਤੇ ਸੇਵਾ ਦੇ ਵਰਦਾਨਾਂ" ਦੇ ਰੂਪ ਵਿੱਚ ਸ਼੍ਰੇਣੀਬੱਧ ਕਰਨਾ ਠੀਕ ਹੋਵੇਗਾ।

**4. 1 ਕੁਰਿੰਥ 12:8-10, 28-30**

### a. ਬੁੱਧੀ ਨਾਲ ਬੋਲਣਾ

ਜਦੋਂ ਵੀ ਕਿਸੇ ਵਿਚਾਰ ਨੂੰ ਘੱਟ ਵਰਤਿਆ ਜਾਂਦਾ ਹੈ, ਤਾਂ ਉਸ ਨੂੰ ਪਰਿਭਾਸ਼ਿਤ ਕਰਨਾ ਜ਼ਿਆਦਾ ਮੁਸ਼ਕਲ ਹੋ ਜਾਂਦਾ ਹੈ। ਇੱਕ ਆਤਮਿਕ ਵਰਦਾਨ ਦੇ ਰੂਪ ਵਿੱਚ, ਬੁੱਧੀ ਨਾਲ ਬੋਲਣ ਦੇ ਵਰਦਾਨ ਦਾ ਸਿਰਫ਼ ਇੱਕ ਹੀ ਵਾਰ ਜ਼ਿਕਰ ਕੀਤਾ ਗਿਆ ਹੈ। ਇੱਥੇ ਜਿਹੜੀ ਪਰਿਭਾਸ਼ਾ ਨੂੰ ਚੁਣਿਆ ਗਿਆ ਹੈ, ਉਹ ਇਸ ਤੱਥ ਨੂੰ ਪ੍ਰਭਾਵਿਤ ਕਰਦੀ ਹੈ ਕਿ ਕੀ ਬੁੱਧੀ ਨਾਲ ਬੋਲਣ ਨੂੰ ਇੱਕ ਅਜਿਹਾ ਵਰਦਾਨ ਮੰਨ ਲਿਆ ਜਾਵੇ ਜੋ ਅੱਜ ਦੇ ਲਈ ਹੈ, ਜਾਂ ਇਹ ਉਹਨਾਂ ਚਿੰਨ੍ਹ ਵਾਲੇ ਵਰਦਾਨਾਂ ਵਿੱਚੋਂ ਇੱਕ ਹੈ ਜੋ ਬੰਦ ਹੋ ਗਏ ਹਨ।

ਬਹੁਤ ਸਾਰੇ ਕੈਰਿਸਮੈਟਿਕ ਮਸੀਹੀ ਬੁੱਧੀ ਨਾਲ ਬੋਲਣ ਦੀ ਵਿਆਖਿਆ ਪਰਮੇਸ਼ਰ ਵੱਲੋਂ ਮਿਲੇ ਇੱਕ ਖ਼ਾਸ ਪ੍ਰਕਾਸ਼ਨ ਦੇ ਰੂਪ ਵਿੱਚ ਕਰਦੇ ਹਨ। ਉਹ ਇੱਕ ਅਜਿਹਾ ਪ੍ਰਕਾਸ਼ਨ ਮਿਲਣ ਦਾ ਦਾਅਵਾ ਕਰ ਸਕਦੇ ਹਨ ਜੋ ਦਰਸ਼ਕਾਂ ਵਿੱਚੋਂ ਇੱਕ ਖ਼ਾਸ ਬਿਮਾਰੀ ਵਾਲੇ ਵਿਅਕਤੀ ਦਾ ਪਤਾ ਲਗਾਉਂਦਾ ਹੈ। ਜੇਕਰ ਬੁੱਧੀ ਨਾਲ ਬੋਲਣ ਦੀ ਇਹ ਪਰਿਭਾਸ਼ਾ ਹੈ, ਤਾਂ ਇਸ ਨੂੰ ਪਰਮੇਸ਼ਰ ਵੱਲੋਂ ਸਿੱਧੇ ਪ੍ਰਕਾਸ਼ਨ ਦੀ ਉਪ-ਸ਼੍ਰੇਣੀ, ਅਤੇ ਇੱਕ ਅਜਿਹੀ ਗੱਲ ਦੇ ਰੂਪ ਵਿੱਚ ਦੇਖਣਾ ਹੋਵੇਗਾ ਜੋ ਰਸੂਲਾਂ ਅਤੇ ਨਬੀਆਂ ਦੇ ਦਿਨਾਂ ਵਿੱਚ ਸੀ।

ਬੁੱਧ ਦੇ ਵਰਦਾਨ ਦੀ ਇੱਕ ਜ਼ਿਆਦਾ ਵਧੀਆ ਵਿਆਖਿਆ ਇਹ ਹੋਵੇਗੀ ਕਿ ਇਹ ਬਾਈਬਲ ਵਿੱਚੋਂ ਸਿਰਫ਼ ਬੁੱਧ ਪ੍ਰਾਪਤ ਕਰਨ ਅਤੇ ਦੂਜਿਆਂ ਨੂੰ ਚੰਗੀ ਸਲਾਹ ਦੇਣ ਦੀ ਯੋਗਤਾ ਹੈ। 1 ਕੁਰਿੰਥ 2:6-7 ਵਿੱਚ ਅਤੇ 1 ਕੁਰਿੰਥੀਆਂ ਵਿੱਚ ਹੋਰ ਥਾਵਾਂ ਉੱਤੇ, ਪੌਲੁਸ "ਬੁੱਧ" ਦਾ ਹਵਾਲਾ ਸਮਝਦਾਰੀ ਨਾਲ ਅਤੇ ਸਹੀ ਫ਼ੈਸਲੇ ਦੇ ਰੂਪ ਵਿੱਚ ਦਿੰਦਾ ਹੈ। ਜਦੋਂ 1 ਕੁਰਿੰਥੀਆਂ 12 ਵਿੱਚ ਇਹ ਵਰਦਾਨਾਂ ਦੀ ਸੂਚੀ ਵਿੱਚ ਦਿਖਾਈ ਦਿੰਦਾ ਹੈ, ਤਾਂ ਉੱਥੇ ਵੀ ਇਸ ਦੇ ਬਾਰੇ ਪੌਲੁਸ ਦੀ ਪਰਿਭਾਸ਼ਾ ਨੂੰ ਬਦਲਣ ਦਾ ਕੋਈ ਕਾਰਨ ਨਹੀਂ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਪ੍ਰਕਾਸ਼ਨ ਪ੍ਰਾਪਤ ਕਰਨ ਦੀ ਯੋਗਤਾ ਭਵਿੱਖਬਾਣੀ ਦੇ ਵਰਦਾਨ ਵਿੱਚ ਹੀ ਹੁੰਦੀ ਹੈ। ਬੁੱਧੀ ਨਾਲ ਬੋਲਣ ਦਾ ਕੁਝ ਹੋਰ ਹੀ ਸੰਕੇਤ ਹੁੰਦਾ ਹੈ। ਇਹ ਸੰਭਵ ਹੈ ਕਿ ਇੱਕ ਚੰਗੇ ਮਸੀਹੀ ਸਲਾਹਕਾਰ ਕੋਲ ਉਸੇ ਤਰ੍ਹਾਂ ਬੁੱਧੀ ਨਾਲ ਬੋਲਣ ਦਾ ਵਰਦਾਨ ਹੋਵੇ ਜਿਵੇਂ ਕਲੀਸਿਯਾ ਦੇ ਬਹੁਤ ਸਾਰੇ ਪਰਿਪੱਕ ਸੰਤਾਂ ਕੋਲ ਹੁੰਦਾ ਹੈ। ਜੇਕਰ ਬੁੱਧੀ ਨਾਲ ਬੋਲਣ ਦੀ ਇਹ ਦੂਜੀ ਪਰਿਭਾਸ਼ਾ ਨੂੰ ਸਵੀਕਾਰ ਕਰ ਲਿਆ ਜਾਵੇ, ਤਾਂ ਇਹ ਮੰਨਣ ਦਾ ਕੋਈ ਕਾਰਨ ਨਹੀਂ ਹੋਵੇਗਾ ਕਿ ਬੁੱਧੀ ਨਾਲ ਬੋਲਣ ਦਾ ਵਰਦਾਨ ਬੰਦ ਹੋ ਗਿਆ ਹੈ।

### b. ਗਿਆਨ ਭਰਿਆ ਉਪਦੇਸ਼

ਬੁੱਧੀ ਨਾਲ ਬੋਲਣ ਵਾਲੇ ਵਰਦਾਨ ਬਾਰੇ ਉੱਪਰ ਦਿੱਤੇ ਬਿਆਨ ਗਿਆਨ ਨਾਲ ਭਰੇ ਉਪਦੇਸ਼ ਉੱਤੇ ਵੀ ਲਾਗੂ ਹੁੰਦੇ ਹਨ। ਜੇਕਰ ਕੋਈ ਇਹ ਸੋਚਦਾ ਹੈ ਕਿ ਇਸ ਦਾ ਸੰਬੰਧ ਪਰਮੇਸ਼ਰ ਦੇ ਪ੍ਰਕਾਸ਼ਨ ਦੇ ਕਿਸੇ ਪਹਿਲੂ ਨਾਲ ਹੈ (ਜਿਵੇਂ ਕਿ ਇਸ ਵਿੱਚ ਪਰਮੇਸ਼ਰ ਤੋਂ ਸਿੱਧੀ ਆਵਾਜ਼ ਆਉਂਦੀ ਹੈ), ਤਾਂ ਇਸ ਵਰਦਾਨ ਨੂੰ ਰਸੂਲਾਂ ਅਤੇ ਨਬੀਆਂ ਦੇ ਦਿਨਾਂ ਤੱਕ ਸੀਮਿਤ ਕਰਨਾ ਪਵੇਗਾ। ਪਰ, 1 ਕੁਰਿੰਥ 8:1ff. ਸ਼ਾਇਦ ਸਿਰਫ਼ ਗਿਆਨਵਾਨ ਹੋਣ ਦੀ ਗੱਲ ਕਰਦਾ ਹੈ, ਅਤੇ ਭਵਿੱਖਬਾਣੀ ਦੇ ਵਰਦਾਨ ਵਿੱਚ ਪਹਿਲਾਂ ਹੀ ਪ੍ਰਕਾਸ਼ਨ ਪ੍ਰਾਪਤ ਕਰਨ ਦੀ ਯੋਗਤਾ ਮੌਜੂਦ ਹੈ। ਸ਼ਾਇਦ "ਗਿਆਨ ਭਰਿਆ ਉਪਦੇਸ਼" ਬਾਈਬਲ ਦੀਆਂ ਗੁੰਝਲਦਾਰ ਸੱਚਾਈਆਂ ਨੂੰ ਸਮਝਣ ਅਤੇ ਦੂਜਿਆਂ ਨੂੰ ਵੀ ਇਹਨਾਂ ਨੂੰ ਸਮਝਣ ਵਿੱਚ ਮਦਦ ਕਰਨ ਦੀ ਇੱਕ ਖ਼ਾਸ ਯੋਗਤਾ ਦੇ ਬਾਰੇ ਦੱਸਦਾ ਹੈ। ਜੇਕਰ ਬਾਈਬਲ ਦੇ ਵਿਦਵਾਨਾਂ ਨੂੰ ਇੱਕ ਰਹੱਸਮਈ ਤਰੀਕੇ ਨਾਲ ਪ੍ਰਭਾਵਿਤ ਹੋਏ ਬਿਨਾਂ ਗਿਆਨ ਦਾ ਵਰਦਾਨ ਪ੍ਰਾਪਤ ਕੀਤੇ ਵਿਅਕਤੀ ਮੰਨ ਲਿਆ ਜਾਵੇ, ਤਾਂ ਗਿਆਨ ਦੇ ਵਰਦਾਨ ਨੂੰ ਰਸੂਲਾਂ ਅਤੇ ਨਬੀਆਂ ਦੇ ਦਿਨਾਂ ਤੱਕ ਸੀਮਿਤ ਕਰਨ ਦੀ ਕੋਈ ਲੋੜ ਨਹੀਂ ਹੋਵੇਗੀ।

### c. ਵਿਸ਼ਵਾਸ

ਪਰਿਭਾਸ਼ਾ ਅਨੁਸਾਰ ਸਾਰੇ ਮਸੀਹੀ ਲੋਕਾਂ ਵਿੱਚ ਵਿਸ਼ਵਾਸ ਹੈ। ਜਿਹਨਾਂ ਕੋਲ ਵਿਸ਼ਵਾਸ ਦਾ ਵਰਦਾਨ ਹੈ, ਉਹ ਆਪਣੇ ਮੁਸ਼ਕਲ ਹਲਾਤਾਂ ਵਿੱਚ ਵੀ ਪਰਮੇਸ਼ਰ ਵਿੱਚ ਆਪਣਾ ਡੂੰਘਾ ਭਰੋਸਾ ਬਣਾਈ ਰੱਖਦੇ ਹਨ। ਖਤਰਨਾਕ ਜਗ੍ਹਾਵਾਂ ਵਿੱਚ ਕੰਮ ਕਰਨ ਵਾਲੇ ਮਿਸ਼ਨਰੀਆਂ ਵਿੱਚ ਵਿਸ਼ਵਾਸ ਦਾ ਇੱਕ ਖ਼ਾਸ ਵਰਦਾਨ ਹੁੰਦਾ ਹੈ ਜੋ ਉਹਨਾਂ ਨੂੰ ਭੌਤਿਕ ਸਹੂਲਤਾਂ ਛੱਡਣ ਅਤੇ ਮਸੀਹ ਦੇ ਲਈ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਪ੍ਰੇਰਿਤ ਕਰ ਦਿੰਦਾ ਹੈ।

### d. ਚੰਗਾ ਕਰਨਾ/ਚਮਤਕਾਰ ਕਰਨਾ

ਚੰਗਾ ਕਰਨ ਦਾ ਵਰਦਾਨ ਚੰਗਿਆਈ ਦੇ ਵਰਦਾਨ ਨਾਲੋਂ ਵਿਆਪਕ ਹੈ, ਪਰ ਦੋਵਾਂ ਦਾ ਇਕੱਠੇ ਅਧਿਐਨ ਕੀਤਾ ਜਾ ਸਕਦਾ ਹੈ। ਸਾਡੇ ਇਸ ਅਧਿਐਨ ਦੇ ਪਿਛਲੇ ਭਾਗਾਂ ਵਿੱਚ, ਅਜਿਹਾ ਮੰਨਣ ਦਾ ਸਮਰਥਨ ਕੀਤਾ ਗਿਆ ਹੈ ਕਿ ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਹੋ ਗਏ ਹਨ। ਇਸ ਸਾਬਤ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਹੈ ਕਿ ਚੰਗਾ ਕਰਨ ਅਤੇ ਚਮਤਕਾਰ ਕਰਨ ਦੇ ਵਰਦਾਨਾਂ ਨੂੰ ਚਿੰਨ੍ਹ ਵਾਲੇ ਵਰਦਾਨਾਂ ਵਜੋਂ ਸ਼੍ਰੇਣੀਬੱਧ ਕੀਤਾ ਜਾਣਾ ਚਾਹੀਦਾ ਹੈ (ਦੇਖੋ, ਰਸੂਲਾਂ 5:12-15)। ਇਸ ਲਈ, ਅੱਜ ਚੰਗਾ ਕਰਨ ਅਤੇ ਚਮਤਕਾਰ

ਕਰਨ ਦਾ ਕੋਈ ਵਰਦਾਨ ਨਹੀਂ ਹੈ। ਪਰਮੇਸ਼ਰ ਸਮੇਂ-ਸਮੇਂ ਤੇ ਚੰਗਿਆਈ ਅਤੇ ਚਮਤਕਾਰ ਦੇ ਅਜਿਹੇ ਕੰਮ ਕਰ ਸਕਦੇ ਹਨ ਜਿਹਨਾਂ ਵਿੱਚ ਉਹਨਾਂ ਨੂੰ ਅਜਿਹੇ ਵਰਦਾਨ ਵਾਲੇ ਕਿਸੇ ਵਿਅਕਤੀ ਦੀ ਕੋਈ ਜ਼ਰੂਰਤ ਹੀ ਨਾ ਹੋਵੇ। ਚੰਗਿਆਈਆਂ ਅਤੇ ਚਮਤਕਾਰ ਹੋ ਸਕਦੇ ਹਨ, ਪਰ ਅੱਜ ਚੰਗਾ ਕਰਨ ਜਾਂ ਚਮਤਕਾਰ ਕਰਨ ਵਾਲੇ ਕੋਈ ਲੋਕ ਨਹੀਂ ਹਨ। ਇਹ ਵਰਦਾਨ ਚਿੰਨ੍ਹ ਵਾਲੇ ਵਰਦਾਨ ਹਨ। ਚਿੰਨ੍ਹ ਵਾਲੇ ਵਰਦਾਨ ਰਸੂਲਾਂ ਤੋਂ ਬਾਅਦ ਬੰਦ ਹੋ ਗਏ ਹਨ (ਦੇਖੋ, ਉੱਪਰ ਦਿੱਤੇ ਭਾਗ II-V)।

### e. ਆਤਮਾਵਾਂ ਦੇ ਭੇਤ ਦਾ ਗਿਆਨ

ਇਹ ਇੱਕ ਹੋਰ ਵਰਦਾਨ ਹੈ ਜਿਸ ਦੀ ਸਹੀ ਪਰਿਭਾਸ਼ਾ ਦੇਣਾ ਮੁਸ਼ਕਲ ਹੈ। ਜੇਕਰ ਇਸ ਨੂੰ ਇਸ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਇਹ ਦੁਸ਼ਟ ਆਤਮਾਵਾਂ ਦੀ ਨਾ ਦਿਖਣ ਵਾਲੀ ਮੌਜੂਦਗੀ ਦਾ ਪਤਾ ਲਗਾਉਣ ਦੀ ਯੋਗਤਾ ਹੈ, ਤਾਂ ਇਹ ਵੀ ਸੋਚਣਾ ਜ਼ਰੂਰੀ ਹੋ ਜਾਵੇਗਾ ਕਿ ਇਹ ਇੱਕ ਚਿੰਨ੍ਹ ਵਾਲਾ ਵਰਦਾਨ ਹੈ ਜਾਂ ਫਿਰ ਸੇਵਾ ਦਾ ਵਰਦਾਨ ਹੈ। ਇਹ ਹੋ ਸਕਦਾ ਹੈ ਕਿ ਆਤਮਾਵਾਂ ਦੇ ਭੇਤ ਦਾ ਗਿਆਨ ਸਿਰਫ਼ ਨੈਤਿਕ ਜਾਂ ਸਿਧਾਂਤਕ ਗ਼ਲਤੀ ਦਾ ਪਤਾ ਲਗਾਉਣ ਦੀ ਇੱਕ ਖ਼ਾਸ ਯੋਗਤਾ ਹੋਵੇ। 1 ਯੂਹੰਨਾ 4:1 ਸਾਰੇ ਮਸੀਹੀਆਂ ਨੂੰ ਆਤਮਾਵਾਂ ਨੂੰ ਪਰਖਣ ਲਈ ਉਤਸ਼ਾਹਿਤ ਕਰਦਾ ਹੈ, ਪਰ ਆਪਣੇ ਸੰਦਰਭ ਵਿੱਚ, ਇਹ ਉਹਨਾਂ ਝੂਠੇ ਨਬੀਆਂ ਦੀ ਝੂਠੀ ਸਿੱਖਿਆ ਬਾਈ ਗੱਲ ਕਰ ਰਿਹਾ ਸੀ ਜੋ ਅਸਲ ਵਿੱਚ "ਦੁਸ਼ਟ ਆਤਮਾਵਾਂ" ਦੇ ਏਜੰਟ ਸਨ। ਸ਼ਾਇਦ “ਆਤਮਾਵਾਂ ਦੇ ਭੇਤ ਦੇ ਗਿਆਨ” ਦੇ ਵਰਦਾਨ ਦਾ ਅਰਥ ਸਿਰਫ਼ ਝੂਠੀਆਂ ਗੱਲਾਂ ਨੂੰ ਪਛਾਣਨ ਦੀ ਯੋਗਤਾ ਹੈ (ਰਸੂਲਾਂ 17:11; 1 ਥੱਸਲੁ 5:21 ਵੀ ਦੇਖੋ)।

### f. ਪਰਾਈਆਂ ਭਾਸ਼ਾਵਾਂ ਬੋਲਣਾ ਅਤੇ ਇਹਨਾਂ ਦਾ ਅਨੁਵਾਦ ਕਰਨਾ

ਰਸੂਲਾਂ ਦੇ ਸਮਿਆਂ ਵਿੱਚ, ਪਰਮੇਸ਼ਰ ਅਜਿਹੀਆਂ ਵਿਦੇਸ਼ੀ ਭਾਸ਼ਾਵਾਂ ਬੋਲਣ ਦੀ ਯੋਗਤਾ ਦਿੰਦੇ ਸਨ ਜਿਹਨਾਂ ਨੂੰ ਇੱਕ ਵਿਅਕਤੀ ਨੇ ਪਹਿਲਾਂ ਕਦੇ ਸਿੱਖਿਆ ਨਾ ਹੋਵੇ। ਪਰਮੇਸ਼ਰ ਨੇ ਅਜਿਹੀਆਂ ਭਾਸ਼ਾਵਾਂ ਦੀ ਵਿਆਖਿਆ ਕਰਨ ਦੀ ਯੋਗਤਾ ਵੀ ਦਿੱਤੀ ਸੀ ਜਿਹਨਾਂ ਨੂੰ ਇੱਕ ਵਿਅਕਤੀ ਨੇ ਪਹਿਲਾਂ ਕਦੇ ਸਿੱਖਿਆ ਨਹੀਂ ਸੀ। ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਦਾ ਅਸਲੀ ਵਰਦਾਨ ਅਸਲੀ ਭਾਸ਼ਾਵਾਂ ਦੇ ਲਈ ਸੀ, ਇਹ ਸਮਝ ਨਾ ਆਉਣ ਵਾਲ਼ੀਆਂ ਭਾਸ਼ਾਵਾਂ ਦੇ ਲਈ ਨਹੀਂ ਸੀ (ਰਸੂਲਾਂ 2:6, 8 ਅਤੇ ਇਸ ਅਧਿਆਇ ਦਾ ਭਾਗ III ਦੇਖੋ)। 1 ਕੁਰਿੰਥ 14:22 ਦੇ ਅਨੁਸਾਰ, ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ ਚਿੰਨ੍ਹ ਵਾਲੇ ਵਰਦਾਨਾਂ ਵਿੱਚੋਂ ਇੱਕ ਹੈ। ਚਿੰਨ੍ਹ ਵਾਲੇ ਵਰਦਾਨ ਰਸੂਲਾਂ ਦੀ ਪੁਸ਼ਟੀ ਕਰਨ ਦੇ ਲਈ ਸਨ (2 ਕੁਰਿੰਥ 12:12)। ਕਿਉਂਕਿ ਅੱਜ ਰਸੂਲ ਨਹੀਂ ਹਨ, ਇਸ ਲਈ ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਦਾ ਵਰਦਾਨ ਵੀ ਨਹੀਂ ਹੈ। ਹੁਣ ਨਾ ਤਾਂ ਕੋਈ ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਦਾ ਅਤੇ ਨਾ ਹੀ ਪਰਾਈਆਂ ਭਾਸ਼ਾਵਾਂ ਦੀ ਵਿਆਖਿਆ ਕਰਨ ਦਾ ਕੋਈ ਵਰਦਾਨ ਹੈ।

### g. ਸਹਾਇਤਾ ਕਰਨਾ (1 ਕੁਰਿੰਥ 12:28)

ਰੋਮੀਆਂ 12 ਦੀ ਸੂਚੀ ਵਿੱਚ, ਜਿਹੜਾ ਯੂਨਾਨੀ ਸ਼ਬਦ "ਸਹਾਇਤਾ" ਦੇ ਲਈ ਵਰਤਿਆ ਗਿਆ ਹੈ, ਉਹ "ਸੇਵਾ" ਦੇ ਲਈ ਵਰਤੇ ਗਏ ਯੂਨਾਨੀ ਸ਼ਬਦ ਤੋਂ ਵੱਖਰਾ ਹੈ। ਹੋ ਇਹ ਸ਼ਾਇਦ ਜਾਣਬੁੱਝ ਕੇ ਕੀਤਾ ਗਿਆ ਹੈ। ਸ਼ਾਇਦ ਜਿਹੜੇ ਲੋਕ “ਸੇਵਾ” ਕਰਦੇ ਹਨ ਉਹ ਦੂਜਿਆਂ ਦੀ ਸੇਵਾ ਕਰਨ ਦੇ ਲਈ ਅਜਿਹਾ ਕਰਦੇ ਹਨ। “ਸਹਾਇਤਾ” ਸ਼ਾਇਦ ਇੱਕ ਜ਼ਿਆਦਾ ਖ਼ਾਸ ਕੰਮ ਹੈ। ਜਿਹੜੇ “ਸਹਾਇਤਾ” ਕਰਦੇ ਹਨ ਉਹ ਦੂਜਿਆਂ ਨੂੰ ਉਹਨਾਂ ਦੇ ਵਰਦਾਨਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਦੇ ਲਈ ਆਜ਼ਾਦ ਕਰ ਕਰਦੇ ਹਨ। ਕਲੀਸਿਯਾ ਦੀ ਇੱਕ ਸਕੱਤਰ ਕਲੀਸਿਯਾ ਦੇ ਆਗੂਆਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇੰਨੀ ਜ਼ਿਆਦਾ ਸੇਵਾ ਨਹੀਂ ਕਰਦੀ ਹੈ, ਪਰ ਉਹ ਉਹਨਾਂ ਦੇ ਵਰਦਾਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਆਜ਼ਾਦੀ ਪ੍ਰਦਾਨ ਕਰਦੀ ਹੈ। ਮਸੀਹ ਦੀ ਸੇਵਕਾਈ ਕਰਨ ਦੇ ਲਈ, ਹਰੇਕ ਪਤਨੀ ਨੂੰ ਉਸ ਦੇ ਪਤੀ ਦੀ ਮਦਦ ਕਰਨੀ ਚਾਹੀਦੀ ਹੈ।

### h. ਪ੍ਰਬੰਧਕ

1 ਕੁਰਿੰਥ 12:28 ਵਿੱਚ ਪ੍ਰਬੰਧਕ ਦੇ ਲਈ ਯੂਨਾਨੀ ਸ਼ਬਦ ਰੋਮੀ 12:8 ਵਿੱਚ ਅਗਵਾਈ ਦੇ ਯੂਨਾਨੀ ਸ਼ਬਦ ਤੋਂ ਵੱਖਰਾ ਹੈ। ਫਿਰ ਤੋਂ ਇਹ ਇੱਕ ਫ਼ਰਕ ਦਰਸਾਉਣ ਦੇ ਲਈ ਹੋ ਸਕਦਾ ਹੈ। ਇੱਕ ਵਿਅਕਤੀ ਸ਼ਾਸਨ ਕੀਤੇ ਬਿਨਾਂ ਇੱਕ ਪ੍ਰਬੰਧਕ ਹੋ ਸਕਦਾ ਹੈ। ਇੱਕ ਸੰਸਥਾ ਦੇ ਪ੍ਰਬੰਧ ਵਿੱਚ ਮਦਦ ਕਰਨ ਅਤੇ ਇੱਕ ਫੈਸਲਾ ਲੈਣ ਵਾਲਾ ਅਧਿਕਾਰੀ ਹੋਣ ਵਿੱਚ ਅੰਤਰ ਹੈ। ਜਿਸ ਦੇ ਕੋਲ ਆਗੂ ਹੋਣ ਦਾ ਵਰਦਾਨ ਹੁੰਦਾ ਹੈ, ਉਹਨਾਂ ਕੋਲ ਕਲੀਸਿਯਾ ਦੀ ਨੀਤੀ ਅਤੇ ਪ੍ਰਗੋਰਾਮ ਬਣਾਉਣ ਦਾ ਅੰਤਿਮ ਅਧਿਕਾਰ ਹੁੰਦਾ ਹੈ, ਪਰ ਉਹ ਅਸਲ ਕੰਮ ਉਹਨਾਂ ਨੂੰ ਸੌਂਪ ਦਿੰਦੇ ਹਨ ਜਿਹਨਾਂ ਕੋਲ ਪ੍ਰਬੰਧ ਕਰਨ ਦਾ ਵਰਦਾਨ ਹੁੰਦਾ ਹੈ। ਉਦਾਹਰਣ ਦੇ ਲਈ, ਕਲੀਸਿਯਾ ਦੇ ਬਜ਼ੁਰਗ ਅਗਵਾਈ ਕਰ ਸਕਦੇ ਹਨ, ਪਰ ਉਹ ਕਿਸੇ ਦਿੱਤੇ ਗਏ ਕੰਮ ਨੂੰ ਨਿਰਦੇਸ਼ਿਤ ਕਰਨ ਲਈ ਪ੍ਰਬੰਧਕ ਕਰਨ ਵਾਲੇ ਵਰਦਾਨ ਵਾਲੇ ਇੱਕ ਵਿਅਕਤੀ ਨੂੰ ਲੱਭਣਾ ਚਾਹੁੰਦੇ ਹਨ।

## VIII. ਪਵਿੱਤਰ ਆਤਮਾ ਦੇ ਸਿਧਾਂਤ ਦਾ ਸਿੱਟਾ

ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪਵਿੱਤਰ ਆਤਮਾ ਦੇ ਕੰਮ ਦੇ ਬਾਰੇ ਬਹੁਤ ਉਲਝਣ ਫੈਲੀ ਹੋਈ ਹੈ। ਦੁੱਖ ਇਸ ਗੱਲ ਦਾ ਵੀ ਹੈ ਕਿ ਬਹੁਤ ਸਾਰੇ ਸਵੈ-ਕੇਂਦਰਿਤ ਅਤੇ ਸਰੀਰਕ ਕੰਮਾਂ ਨੂੰ ਪਵਿੱਤਰ ਆਤਮਾ ਦਾ ਕੰਮ ਦੱਸਿਆ ਜਾਂਦਾ ਹੈ। ਇਸ ਦੇ ਬਾਵਜੂਦ, ਪਵਿੱਤਰ ਆਤਮਾ ਇੱਕ ਅਨਮੋਲ ਸਾਥੀ ਹੈ, ਅਤੇ ਉਹ ਵਿਸ਼ਵਾਸੀਆਂ ਦਾ ਵਿਕਾਸ ਕਰਨਾ ਅਤੇ ਉਹਨਾਂ ਨੂੰ ਬਰਕਤਾਂ ਦੇਣਾ ਚਾਹੁੰਦਾ ਹੈ। ਇਹ ਉਦੋਂ ਹੋ ਸਕਦਾ ਹੈ ਜਦੋਂ ਪਵਿੱਤਰ ਆਤਮਾ ਦੁਆਰਾ ਉਸ ਦੇ ਵਚਨ (ਬਾਈਬਲ) ਵਿੱਚ ਸਿਖਾਈਆਂ ਗਈਆਂ ਗੱਲਾਂ ਦੇ ਲਈ ਇੱਕ ਭੁੱਖ ਅਤੇ ਅਧੀਨਗੀ ਹੋਵੇਗੀ।

ਅਧਿਆਇ 11

# ਕਲੀਸਿਯਾ ਦਾ ਸਿਧਾਂਤ

**ਰੂਪ ਰੇਖਾ**


I. ਭੂਮਿਕਾ ਅਤੇ ਪਰਿਭਾਸ਼ਾ **310**

II. ਵਿਸ਼ਵ-ਵਿਆਪੀ ਕਲੀਸਿਯਾ ਲਈ ਤਸਵੀਰਾਂ **312**

A. ਚਰਵਾਹਾ ਅਤੇ ਭੇਡਾਂ

B. ਸਿਰ ਅਤੇ ਸਰੀਰ

C. ਲਾੜੀ ਅਤੇ ਲਾੜਾ **313**

D. ਹੈਕਲ, ਘਰ ਜਾਂ ਭਵਨ ਜਿਸ ਦੇ ਕੋਨੇ ਦਾ ਪੱਥਰ ਮਸੀਹ ਹਨ **315**

E. ਜਾਜਕ ਜਿਸ ਦੇ ਮਹਾਨ ਪ੍ਰਧਾਨ ਜਾਜਕ ਮਸੀਹ ਹਨ **316**

F. ਸੱਚ ਦਾ ਥੰਮ੍ਹ **317**

III. ਵਿਸ਼ਵ-ਵਿਆਪੀ ਕਲੀਸਿਯਾ ਕਲੀਸਿਯਾ ਦੀ ਸ਼ੁਰੂਆਤ

IV. ਕਲੀਸਿਯਾ, ਪਰਮੇਸ਼ਰ ਦੇ ਇੱਕ ਵਿਲੱਖਣ ਕੰਮ ਦੇ ਰੂਪ ਵਿੱਚ **318**

A. ਡਿਸਪੈਂਸੇਸ਼ਨਲਿਜ਼ਮ ਦੀ ਮਹੱਤਤਾ

B. ਡਿਸਪੈਂਸੇਸ਼ਨਲਿਜ਼ਮ ਲਈ ਸਬੂਤ

1. ਬਿਵਸਥਾ ਬਨਾਮ ਕਿਰਪਾ, ਜਾਂ ਯਹੂਦੀ ਧਰਮ ਬਨਾਮ ਕਲੀਸਿਯਾ
2. ਆਉਣ ਵਾਲਾ ਰਾਜ **320**
3. ਹੋਰ ਪ੍ਰਸ਼ਾਸਨਾਂ ਦੇ ਲਈ ਤਰਕਪੂਰਨ ਵਿਚਾਰ **325**
4. ਕਲੀਸਿਯਾ, ਇੱਕ ਭੇਤ
   a. ਨਵੇਂ ਨੇਮ ਦੁਆਰਾ ਪ੍ਰਗਟ ਹੋਏ ਭੇਤਾਂ ਦਾ ਪਤਾ ਲਗਾਉਣਾ
   b. ਨਵੇਂ ਨੇਮ ਦੁਆਰਾ ਪ੍ਰਗਟ ਕੀਤੇ ਗਏ ਭੇਤਾਂ ਬਾਰੇ ਸਿੱਟੇ **329**
5. ਪ੍ਰਸ਼ਾਸਨਾਂ ਦੇ ਬਦਲ ਜਾਣ ਦੇ ਸਬੂਤ
6. ਕੀ *ਡਿਸਪੈਂਸੇਸ਼ਨ* ਬਾਈਬਲ ਦਾ ਸ਼ਬਦ ਹੈ?
7. ਡਿਸਪੈਂਸੇਸ਼ਨ ਵਿਚਾਰ ਦੇ ਵੱਖ-ਵੱਖ ਵੇਰਵੇ **331**
8. ਸਿੱਟਾ **333**

V. ਸਥਾਨਕ ਕਲੀਸਿਯਾ

A. ਸਥਾਨਕ ਕਲੀਸਿਯਾ ਦੇ ਲਈ ਉਦੇਸ਼

1. ਸਿੱਖਿਆ/ਸਿਧਾਂਤ **334**
2. ਮਸੀਹੀ ਵਿਧੀਆਂ ਨੂੰ ਪੂਰਾ ਕਰਨਾ **335**
3. ਪ੍ਰਾਰਥਨਾ
4. ਸ਼ੁਭ-ਸਮਾਚਾਰ ਦਾ ਪ੍ਰਚਾਰ
5. ਅਰਾਧਨਾ **336**
6. ਭਲਾਈ ਦੇ ਕੰਮ **337**

B. ਸਥਾਨਕ ਕਲੀਸਿਯਾ ਵਿੱਚ ਪ੍ਰਸ਼ਾਸਨ

1. ਐਪੀਸਕੋਪਲ
2. ਪ੍ਰੈਸਬੈਟੀਰੀਅਨ **338**
3. ਕੋਂਗਰੀਗੇਸ਼ਨਲ **339**
4. ਕਲੀਸਿਯਾ ਦੇ ਪ੍ਰਸ਼ਾਸਨ ਉੱਤੇ ਸਿੱਟੇ **340**

C. ਕਲੀਸਿਯਾ ਦੇ ਲਈ ਅਧਿਕਾਰੀ

1. ਬਜ਼ੁਰਗ ਆਗੂ/ਨਿਗਾਹਬਾਨ, ਪਾਸਬਾਨ, ਬਿਸ਼ਪ ਦੀ ਸਮਾਨਤਾ
2. ਨਿਗਾਹਬਾਨਾਂ ਦੀਆਂ ਯੋਗਤਾਵਾਂ **341**
   a. ਆਮ ਯੋਗਤਾਵਾਂ
   b. ਨੈਤਿਕ ਯੋਗਤਾਵਾਂ
   c. ਮਾਨਸਿਕ ਯੋਗਤਾਵਾਂ
   d. ਵਿਅਕਤੀਗਤ ਯੋਗਤਾਵਾਂ **342**
   e. ਘਰੇਲੂ ਯੋਗਤਾਵਾਂ **343**
   f. ਮਸੀਹੀ ਅਨੁਭਵ ਦੀ ਯੋਗਤਾ
   g. ਪ੍ਰਤਿਸ਼ਠਾ ਦੀਆਂ ਯੋਗਤਾ
3. ਨਿਗਾਹਬਾਨਾਂ ਦੀ ਗਿਣਤੀ
4. ਬਜ਼ੁਰਗ ਆਗੂਆਂ ਵਿਚਕਾਰ ਅੰਤਰ
5. ਨਿਗਾਹਬਾਨਾਂ ਦੀਆਂ ਜ਼ਿੰਮੇਵਾਰੀਆਂ
6. ਨਿਗਾਹਬਾਨਾਂ ਦੀ ਸੇਵਾ ਦੀ ਮਿਆਦ **344**
7. ਨਿਗਾਹਬਾਨਾਂ ਦੀ ਚੋਣ
   a. ਸਰੋਤ
   b. ਚੁਣਨ ਦੀ ਵਿਧੀ
8. ਨਿਗਾਹਬਾਨਾਂ ਨੂੰ ਅਹੁਦੇ ਤੋਂ ਹਟਾਉਣਾ **345**
9. ਸੇਵਾਦਾਰ
10. ਸੇਵਕ ਔਰਤਾਂ **347**
11. ਕਲੀਸਿਯਾ ਵਿੱਚ ਔਰਤਾਂ ਦੀ ਭੂਮਿਕਾ

D. ਕਲੀਸਿਯਾ ਦੀਆਂ ਵਿਧੀਆਂ **348**

1. ਪ੍ਰਭੂ-ਭੋਜ
   a. ਸ਼ੁਰੂਆਤੀ ਵਿਕਲਪਿਕ ਅਭਿਆਸ **349**
      (1) ਪਿਆਰ ਦੇ ਭੋਜ
      (2) ਪ੍ਰਭੂ ਭੋਜ ਦੀ ਮੈਅ
      (3) ਪ੍ਰਭੂ ਭੋਜ ਦੀ ਵਾਰਵਾਰਤਾ **350**
      (4) ਮਸੀਹ ਦੇ ਆਖ਼ਰੀ ਭੋਜਨ ਦੇ ਅਭਿਆਸ
   b. ਪ੍ਰਭੂ ਭੋਜ ਦੇ ਲਾਜ਼ਮੀ ਅਭਿਆਸ **351**
   c. ਪ੍ਰਭੂ ਭੋਜ ਦਾ ਅਰਥ **352**
      (1) ਪਰਿਵਰਤਨਸ਼ੀਲ

(2) ਕੈਣਸਬਸਟੇਨਟੇਸ਼ਨ 353
(3) ਯਾਦਗਾਰੀ ਦਾ ਵਿਚਾਰ
(a) ਯੂਕਾਰਿਸਟ 354
(b) ਕਮਿਊਨੀਅਨ
(c) ਲੋਰਡ ਸਪਰ
(4) ਸੰਖੇਪ-ਸਾਰ
2. ਬਪਤਿਸਮਾ
a. ਬਪਤਿਸਮੇ ਬਾਰੇ ਵੱਖ-ਵੱਖ ਦ੍ਰਿਸ਼ਟੀਕੋਣ 355
(1) ਸੈਕਰਾਮੈਂਟਲ ਦ੍ਰਿਸ਼ਟੀਕੋਣ
(2) ਬਪਤਿਸਮੇ ਦੁਆਰਾ ਨਵਾਂ ਜੀਵਨ
(3) ਬਪਤਿਸਮੇ ਬਾਰੇ ਰੇਫੋਰਮਰ ਦ੍ਰਿਸ਼ਟੀਕੋਣ
(4) ਬਪਤਿਸਮਾ ਜ਼ਰੂਰੀ ਨਹੀਂ ਹੈ
(5) ਬੈਪਟਿਸਟ ਵਿਸ਼ਵਾਸੀਆਂ ਦਾ ਦ੍ਰਿਸ਼ਟੀਕੋਣ
b. ਪਾਣੀ ਦੇ ਬਪਤਿਸਮੇ ਦਾ ਅਰਥ 357
(1) ਬਪਤਿਸਮਾ ਦਰਸਾਉਂਦਾ ਹੈ ਕਿ ਨਵਾਂ ਵਿਸ਼ਵਾਸੀ ਮਸੀਹ ਦੇ ਹੁਕਮ ਦੀ ਪਾਲਣਾ ਕਰਨਾ ਚਾਹੁੰਦਾ ਹੈ
(2) ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਵਿੱਚ ਭਾਗੀਦਾਰੀ ਦਾ ਪ੍ਰਤੀਕ
(3) ਪਵਿੱਤਰ ਆਤਮਾ ਦੇ ਬਪਤਿਸਮੇ ਦਾ ਪ੍ਰਤੀਕ
(4) ਜਨਤਕ ਰੂਪ ਵਿੱਚ ਕਲੀਸਿਯਾ ਦੇ ਨਾਲ ਇੱਕ ਹੋ ਜਾਣ ਨੂੰ ਦਰਸਾਉਂਦਾ ਹੈ
(5) ਸੰਖੇਪ-ਸਾਰ
c. ਬਪਤਿਸਮਾ ਲੈਣ ਦਾ ਤਰੀਕਾ 358
*(1)* ਪ੍ਰਾਚੀਨ ਧਰਮ ਨਿਰਪੱਖ ਯੂਨਾਨੀ ਭਾਸ਼ਾ ਅਤੇ ਸ਼ਬਦ *ਬੈਪਟੇ/ਬੈਪਟੀਜ਼ੋ* ਦਾ ਅਰਥ
(2) ਸੈਪਟੂਜਿੰਟ *ਅਤੇ ਬੈਪਟੇ/ਬੈਪਟੀਜ਼ੋ*
(3) ਨਵੇਂ ਨੇਮ ਵਿੱਚ ਬੈਪਟੇ/ਬੈਪਟੀਜ਼ੋ 359
(4) ਪ੍ਰਤੀਕਵਾਦ ਡੁੱਬਕੀ ਦੇ ਵਿਚਾਰ ਲਈ ਦਲੀਲ
(5) ਡੁਬੋਣ ਨੂੰ ਸਾਬਤ ਕਰਨ ਵਾਲੇ ਪੂਰਵ-ਸਰਗ
(6) ਕਲੀਸਿਯਾ ਦਾ ਇਤਿਹਾਸ ਅਤੇ ਡੁੱਬਕੀ ਦੁਆਰਾ ਬਪਤਿਸਮਾ 360
d. ਪਾਣੀ ਦੇ ਬਪਤਿਸਮੇ ਬਾਰੇ ਸਿੱਟੇ
E. ਕਲੀਸਿਯਾ ਦੀ ਸ਼ੁੱਧਤਾ 361
1. ਕਲੀਸਿਯਾ ਦਾ ਅਲੱਗ ਹੋਣਾ
a. ਅਲੱਗ ਹੋਣ ਦਾ ਹੁਕਮ
(1) ਝੂਠੇ ਸਿਧਾਂਤਾਂ ਤੋਂ ਅਲੱਗ ਹੋਣਾ
(2) ਫੁੱਟ ਪਾਉਣ ਵਾਲੇ ਤੋਂ ਅਲੱਗ ਹੋਣਾ 362
(3) ਅਨੈਤਿਕਤਾ ਤੋਂ ਅਲੱਗ ਹੋਣਾ 363
(4) ਬਾਈਬਲ ਦੀ ਆਮ ਉਲੰਘਣਾ
b. ਬਾਈਬਲ ਦੇ ਸਿਧਾਂਤ ਦੀਆਂ ਸਮਕਾਲੀ ਸੰਸਥਾਪਿਤ ਵਿਚਾਰਧਾਰਾਵਾਂ
(1) ਖੁੱਲ੍ਹਾ ਵਿਚਾਰ
(2) ਕੱਟੜਵਾਦ 364
(3) ਨਵਾਂ ਸ਼ੁਭ-ਸਮਾਚਾਰ ਪ੍ਰਚਾਰਵਾਦ
c. ਅਲੱਗ ਹੋਣ ਦੀਆਂ ਵਿਸ਼ੇਸ਼ਤਾਵਾਂ 365
(1) ਬਾਈਬਲ ਪ੍ਰਤੀ ਅਧੀਨਗੀ ਬਨਾਮ ਵਿਦਰੋਹ ਦਾ ਵਿਵਹਾਰ
(2) ਸੰਗਤ ਦੇ ਦਾਇਰੇ 366
2. ਕਲੀਸਿਯਾ ਦਾ ਅਨੁਸ਼ਾਸਨ 367
a. ਅਨੁਸ਼ਾਸਨ ਨੂੰ ਲਾਗੂ ਕਰਨ ਲਈ ਬਾਈਬਲ ਦੇ ਹੁਕਮ
b. ਅਨੁਸ਼ਾਸਨ ਦੇ ਅਭਿਆਸ ਲਈ ਬਾਈਬਲ ਆਧਾਰਿਤ ਕਾਰਨ
c. ਅਨੁਸ਼ਾਸਨ ਦੇ ਯੋਗ ਗ਼ਲਤੀਆਂ 368
d. ਕਲੀਸਿਯਾ ਵਿੱਚ ਅਨੁਸ਼ਾਸਨ ਦਾ ਪ੍ਰਸ਼ਾਸਨ 369
(1) ਅਧਿਕਾਰ ਵਾਲੇ ਵਿਅਕਤੀ
(2) ਅਨੁਸ਼ਾਸਨ ਕਰਨ ਦੀ ਵਿਧੀ
e. ਕਲੀਸਿਯਾ ਅਨੁਸ਼ਾਸਨ ਦੇ ਬਾਰੇ ਸਿੱਟੇ 371
F. ਕਲੀਸਿਯਾ ਦਾ ਇਤਿਹਾਸ – ਸੰਪਰਦਾਵਾਂ
G. ਕਲੀਸਿਯਾ ਦੇ ਅਧਿਐਨ ਦੇ ਬਾਰੇ ਸਿੱਟਾ 372

# *ਕਲੀਸਿਯਾ ਦਾ ਸਿਧਾਂਤ*

## I. ਭੂਮਿਕਾ ਅਤੇ ਪਰਿਭਾਸ਼ਾ

ਕਲੀਸਿਯਾ ਦੇ ਲਈ ਯੂਨਾਨੀ ਸ਼ਬਦ *ਏਕਲੇਸੀਆ* ਹੈ। ਇਹ ਦੋ ਸ਼ਬਦਾਂ ਦੇ ਸੰਯੋਗ ਤੋਂ ਆਇਆ ਹੈ, *ਏਕ* ਦਾ ਅਰਥ "ਬਾਹਰ" ਹੈ ਅਤੇ *ਕਾਲੇਓ* ਦਾ ਅਰਥ "ਬੁਲਾਇਆ ਗਿਆ" ਹੈ। ਇਸ ਤਰ੍ਹਾਂ, ਕਲੀਸਿਯਾ ਪਰਮੇਸ਼ਰ ਦੇ ਲਈ ਸੰਸਾਰ ਵਿੱਚੋਂ ਬਾਹਰ ਬੁਲਾਏ ਗਏ ਲੋਕਾਂ ਦਾ ਸਮੂਹ ਹੈ। ਇਹ "ਸੱਦੇ ਗਏ" ਲੋਕਾਂ ਦੀ ਇੱਕ ਸਭਾ ਹੈ। ਰਸੂਲਾਂ ਦੇ ਕਰਤੱਬ 15:14 ਵਿੱਚ ਯਾਕੂਬ ਇਸ ਯੁੱਗ ਵਿੱਚ ਪਰਮੇਸ਼ਰ ਦੇ ਕੰਮ ਦਾ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ "ਪਰਮੇਸ਼ਰ ਨੇ ਆਪਣੇ ਨਾਮ ਦੇ ਲਈ ਪਰਾਈਆਂ ਕੌਮਾਂ ਵਿੱਚੋਂ ਅਪਣੇ ਲੋਕਾਂ ਨੂੰ ਚੁਣ ਲਿਆ ਹੈ।" ਪਰਮੇਸ਼ਰ ਆਪਣੇ ਲੋਕਾਂ (ਪਰਾਈਆਂ ਕੌਮਾਂ) ਨੂੰ ਆਪਣੇ ਲਈ ਸੱਦਾ

ਦੇ ਰਹੇ ਹਨ। ਉਹ ਇੱਕ ਨਵਾਂ ਸਮੂਹ (ਕਲੀਸਿਯਾ, ਜਾਂ ਪਰਮੇਸ਼ਰ ਦੀ ਕਲੀਸਿਯਾ) ਬਣਾਉਣ ਲਈ ਯਹੂਦੀਆਂ ਨਾਲ ਜੁੜੇ ਹੋਏ ਹਨ (ਦੇਖੋ, ਅਫ਼ਸੀ 3:6, 10 ਅਤੇ 1 ਕੁਰਿੰਥ 10:32 ਜੋ ਲੋਕਾਂ ਦੇ ਤਿੰਨ ਵਰਗ ਦਿੰਦੇ ਹਨ, ਯਹੂਦੀ, ਪਰਾਈਆਂ ਕੌਮਾਂ, ਅਤੇ ਪਰਮੇਸ਼ਰ ਦੀ ਕਲੀਸਿਯਾ, ਅਤੇ 1 ਪਤਰਸ 2:9 "ਪਰਮੇਸ਼ਰ ਦੇ ਆਪਣੇ ਲੋਕਾਂ" ਦੇ ਬਾਰੇ ਦੱਸਦਾ ਹੈ")।

ਬਾਈਬਲ ਦਾ ਅਧਿਐਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਜਾਣਕਾਰੀ ਮਿਲਦੀ ਹੈ ਕਿ ਬਾਈਬਲ ਕਲੀਸਿਯਾ ਸ਼ਬਦ ਨੂੰ ਦੋ ਵੱਖੋ-ਵੱਖਰੇ ਅਰਥਾਂ ਵਿੱਚ ਵਰਤਦੀ ਹੈ। *ਕਲੀਸਿਯਾ* ਇੱਕ ਵਿਸ਼ਵ-ਵਿਆਪੀ ਕਲੀਸਿਯਾ ਜਾਂ ਸਥਾਨਕ ਕਲੀਸਿਯਾ ਹੋ ਸਕਦੀ ਹੈ। ਵਿਸ਼ਵ-ਵਿਆਪੀ ਕਲੀਸਿਯਾ ਪ੍ਰਭੂ ਯਿਸੂ ਵਿੱਚ ਵਿਸ਼ਵਾਸੀ ਕਰਨਾ ਵਾਲੇ ਸਾਰੇ ਲੋਕਾਂ ਦਾ ਸਮੂਹ ਹੈ (ਜੋ ਪੰਤੇਕੁਸਤ ਤੋਂ ਲੈ ਕੇ ਰੈਪਚਰ ਤੱਕ ਦੇ ਵਿਸ਼ਵਾਸੀ ਹਨ)। ਵਿਸ਼ਵ-ਵਿਆਪੀ ਕਲੀਸਿਯਾ ਵਿੱਚ ਉਹ ਸਾਰੇ ਲੋਕ ਸ਼ਾਮਲ ਹੁੰਦੇ ਹਨ ਜੋ ਮਰ ਚੁੱਕੇ ਹਨ ਅਤੇ ਹੁਣ ਸਵਰਗ ਵਿੱਚ ਹਨ, ਅਤੇ ਉਹ ਵਿਸ਼ਵਾਸੀ ਵੀ ਜੋ ਹੁਣ ਧਰਤੀ ਉੱਤੇ ਰਹਿੰਦੇ ਹਨ। ਬਾਈਬਲ ਕਲੀਸਿਯ ਦੀ ਤੁਲਨਾ ਇੱਕ ਸੰਸਥਾ ਨਾਲ ਨਹੀਂ ਪਰ ਇੱਕ ਸਰੀਰ (ਮਸੀਹ ਦਾ ਸਰੀਰ) ਨਾਲ ਕਰਦੀ ਹੈ। ਬਹੁਤ ਸਾਰੇ ਵਚਨ ਇਸ ਵਿਸ਼ਵ-ਵਿਆਪੀ ਕਲੀਸਿਯਾ ਦਾ ਹਵਾਲਾ ਦਿੰਦੇ ਹਨ (ਦੇਖੋ, 1 ਕੁਰਿੰਥ 12:28; 15:9; ਅਫ਼ਸੀ 5:23-24, 32)।

> "ਇਸ ਲਈ ਮੈਂ ਤੈਨੂੰ ਦੱਸਦਾ ਹਾਂ, ਤੂੰ ਪਤਰਸ ਭਾਵ ਉਹ ਚਟਾਨ ਹੈਂ ਜਿਸ ਉੱਤੇ ਮੈਂ ਆਪਣੀ **ਕਲੀਸਿਯਾ** ਬਣਾਵਾਂਗਾ ਅਤੇ ਇਸ ਨੂੰ ਮੌਤ ਵੀ ਹਿਲਾ ਨਹੀਂ ਸਕੇਗੀ" [ਮੱਤੀ 16:18]

ਮਸੀਹ ਇੱਥੇ ਲੋਕਾਂ ਦੇ ਇੱਕ ਵਿਸ਼ਾਲ ਸਮੂਹ ਦੀ ਗੱਲ ਕਰਦੇ ਹਨ ਜਿਸ ਵਿੱਚ ਸਥਾਨਕ ਕਲੀਸਿਯਾ ਉਸ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਇਹ ਵੱਡਾ ਸਮੂਹ ਕਲੀਸਿਯਾ ਹੈ।

> ਪਰ ਕਿਸੇ ਦੇ ਲਈ ਵੀ ਠੋਕਰ ਦਾ ਕਰਨ ਨਾ ਬਣੋ, ਨਾ ਯਹੂਦੀਆਂ ਦੇ ਲਈ, ਨਾ ਪਰਾਈਆਂ ਕੌਮਾਂ ਦੇ ਲਈ, ਅਤੇ ਨਾ **ਪਰਮੇਸ਼ਰ ਦੀ ਕਲੀਸਿਯਾ** ਦੇ ਲਈ [1ਕੁਰਿੰਥ 10:32]

ਉੱਪਰ ਦਿੱਤੀ ਆਇਤ ਵਿੱਚ ਕਲੀਸਿਯਾ **ਸਾਰੀਆਂ ਸ਼੍ਰੇਣੀਆਂ ਦੇ** ਲੋਕਾਂ ਦੇ ਬਾਰੇ ਗੱਲ ਕਰਦੀ ਹੈ।

> ਉੱਥੋਂ ਹੀ ਮਸੀਹ ਸਾਰੇ ਸ਼ਾਸਕਾਂ, ਅਧਿਕਾਰੀਆਂ, ਸ਼ਕਤੀਆਂ ਅਤੇ ਹਾਕਮਾਂ ਉੱਤੇ ਰਾਜ ਕਰਦੇ ਹਨ...ਪਰਮੇਸ਼ਰ ਨੇ ਸਾਰੀਆਂ ਚੀਜ਼ਾਂ ਮਸੀਹ ਦੇ ਪੈਰਾਂ ਹੇਠ ਕਰ ਦਿੱਤੀਆਂ ਅਤੇ ਉਹਨਾਂ ਨੂੰ ਸਰਤਾਜ ਬਣਾ ਕੇ **ਕਲੀਸਿਯਾ** ਨੂੰ ਦਿੱਤਾ ਹੈ। ਕਲੀਸਿਯਾ **ਉਹਨਾਂ ਦਾ ਸਰੀਰ ਹੈ**, ਉਹ ਹੀ ਉਸ ਦੀ ਭਰਪੂਰੀ ਹਨ ਜਿਹੜੇ ਸਭ ਕੁਝ ਸੰਪੂਰਨ ਕਰਦੇ ਹਨ। [ਅਫ਼ਸੀ 1:21-23]

ਇਹ ਧਿਆਨ ਦਿਓ ਕਿ *ਕਲੀਸਿਯਾ* ਨੂੰ ਮਸੀਹ ਦਾ ਸਰੀਰ ਕਿਹਾ ਗਿਆ ਹੈ।

> ਉਹ ਭੇਤ ਇਹ ਹੈ ਕਿ ਸ਼ੁਭ ਸਮਾਚਾਰ ਦੇ ਦੁਆਰਾ ਪਰਾਈਆਂ ਕੌਮਾਂ ਵੀ ਯਹੂਦੀਆਂ ਦੇ ਨਾਲ ਪਰਮੇਸ਼ਰ ਦੀ ਮਸੀਹ ਯਿਸੂ ਵਿੱਚ ਵਾਅਦਾ ਕੀਤੀ ਹੋਈ ਵਿਰਾਸਤ ਵਿੱਚ ਸਾਂਝੀ ਹਨ ਅਤੇ ਉਹਨਾਂ ਦੇ ਨਾਲ ਇੱਕ ਸਰੀਰ ਦੇ ਅੰਗ ਹਨ.... ਤਾਂ ਜੋ ਇਸ ਯੁੱਗ ਵਿੱਚ **ਕਲੀਸਿਯਾ** ਦੇ ਦੁਆਰਾ ਪਰਮੇਸ਼ਰ ਦੀ ਬਹੁਗੁਣੀ ਬੁੱਧ, ਅਕਾਸ਼ੀ ਹਕੂਮਤਾਂ ਅਤੇ ਅਧਿਕਾਰੀਆਂ ਉੱਤੇ ਪ੍ਰਗਟ ਹੋਵੇ। [ਅਫ਼ਸੀ 3:6, 10]

ਆਇਤ 6 ਉਸ ਸਮੂਹ ਬਾਰੇ ਦੱਸਦੀ ਹੈ ਜੋ ਯਹੂਦੀਆਂ ਅਤੇ ਪਰਾਈਆਂ ਕੌਮਾਂ ਨੂੰ ਮਿਲਾ ਕੇ ਬਣਿਆ ਹੈ। ਆਇਤ 10 **ਇਸ ਵਿਸ਼ਾਲ ਸਮੂਹ ਨੂੰ ਕਲੀਸਿਯਾ ਕਹਿੰਦੀ ਹੈ**।

> ਪਤੀਓ, ਤੁਸੀਂ ਵੀ ਆਪਣੀਆਂ ਪਤਨੀਆਂ ਨਾਲ ਉਸੇ ਤਰ੍ਹਾਂ ਪਿਆਰ ਕਰੋ ਜਿਸ ਤਰ੍ਹਾਂ ਮਸੀਹ ਨੇ ਕਲੀਸਿਯਾ ਦੇ ਨਾਲ ਪਿਆਰ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਬਲੀਦਾਨ ਕਰ ਦਿੱਤਾ। ਉਹਨਾਂ ਨੇ ਇਹ ਇਸ ਲਈ ਕੀਤਾ ਕਿ ਉਹ ਕਲੀਸਿਯਾ ਨੂੰ ਪਾਣੀ ਅਤੇ ਪਵਿੱਤਰ ਵਚਨ ਦੇ ਨਾਲ ਸ਼ੁੱਧ ਅਤੇ ਪਵਿੱਤਰ ਕਰਨ ਅਤੇ ਇਸ ਤਰ੍ਹਾਂ ਉਹ ਉਸ ਨੂੰ ਆਪਣੇ ਲਈ ਸੰਪੂਰਨ ਮਹਿਮਾ ਭਰੀ ਸੁੰਦਰਤਾ ਸਮੇਤ ਬਿਨਾਂ ਕਿਸੇ ਧੱਬੇ ਅਤੇ ਝੁਰੜੀ ਦੇ ਹਾਜ਼ਰ ਕਰਨ। [ਅਫ਼ਸੀ 5:25-27]

ਇੱਥੇ *ਕਲੀਸਿਯਾ* ਦਾ ਹਵਾਲਾ ਸਿਰਫ਼ ਇੱਕ ਸਥਾਨਕ ਸਮੂਹ ਨਹੀਂ ਬਲਕਿ ਵਿਸ਼ਵਾਸ਼ੀਆਂ ਦੇ ਪੂਰੇ ਸਮੂਹ ਦੇ ਰੂਪ ਵਿੱਚ ਕੀਤਾ ਗਿਆ ਹੈ।

> ਮਸੀਹ ਆਪਣੇ **ਸਰੀਰ** ਭਾਵ **ਕਲੀਸਿਯਾ** ਦੇ ਸਿਰ ਹਨ ਅਤੇ ਉਸ ਦਾ ਆਰੰਭ ਹਨ। ਉਹ ਸਭ ਤੋਂ ਪਹਿਲਾਂ ਮੁਰਦਿਆਂ ਵਿੱਚੋਂ ਜੀਅ ਉੱਠੇ ਤਾਂ ਜੋ ਉਹ ਸਾਰੀਆਂ ਚੀਜ਼ਾਂ ਵਿੱਚ ਸਭ ਤੋਂ ਉੱਚੀ ਥਾਂ ਪ੍ਰਾਪਤ ਕਰਨ....ਹੁਣ ਮੈਨੂੰ ਤੁਹਾਡੀ ਖ਼ਾਤਰ ਦੁੱਖ ਸਹਿ ਕੇ ਖ਼ੁਸ਼ੀ ਹੋ ਰਹੀ ਹੈ। ਇਸ ਤਰ੍ਹਾਂ ਮੈਂ ਆਪਣੇ ਦੁੱਖਾਂ ਦੇ ਰਾਹੀਂ ਮਸੀਹ ਦੇ ਬਾਕੀ ਰਹਿ ਗਏ ਦੁੱਖਾਂ ਨੂੰ **ਉਹਨਾਂ ਦੇ ਸਰੀਰ** ਜੋ ਕਿ **ਕਲੀਸਿਯਾ** ਹੈ ਦੇ ਲਈ ਪੂਰਾ ਕਰ ਰਿਹਾ ਹਾਂ। [ਕੁਲੁੱਸੀ 1:18, 24]

ਉੱਪਰ ਦਿੱਤੀਆਂ ਦੋਵੇਂ ਆਇਤਾਂ ਵਿੱਚ ਮਸੀਹ ਦੇ ਸਰੀਰ ਨੂੰ *ਕਲੀਸਿਯਾ* ਕਿਹਾ ਗਿਆ ਹੈ।

> ਤੁਸੀਂ ਉਸ ਦੇ ਜੇਠਿਆਂ ਦੀ **ਕਲੀਸਿਯਾ** ਦੇ ਕੋਲ ਪਹੁੰਚ ਗਏ ਹੋ ਜਿਹਨਾਂ ਦੇ ਨਾਂ ਸਵਰਗ ਵਿੱਚ ਲਿਖੇ ਜਾ ਚੁੱਕੇ ਹਨ। ਤੁਸੀਂ

ਪਰਮੇਸ਼ਰ ਜਿਹੜੇ ਸਾਰਿਆਂ ਦੇ ਨਿਆਂਕਾਰ ਹਨ ਅਤੇ ਉਹਨਾਂ ਨੇਕ ਲੋਕਾਂ ਦੀਆਂ ਆਤਮਾਵਾਂ ਦੇ ਸਾਹਮਣੇ ਜਿਹੜੀਆਂ ਸੰਪੂਰਨ ਕੀਤੀਆਂ ਜਾ ਚੁੱਕੀਆਂ ਹਨ, [ਇਬ 12:23]

ਜਿਹਨਾਂ ਦੇ "**ਨਾਂ ਸਵਰਗ ਵਿੱਚ ਲਿਖੇ ਜਾ ਚੁੱਕੇ ਹਨ,"** ਦਾ ਅਰਥ ਹੈ ਕਿ ਜਿਹੜੇ ਬਚਾਏ ਗਏ ਹਨ ਅਤੇ **ਉਹ ਕਲੀਸਿਯਾ ਦੇ ਮੈਂਬਰ ਹਨ।**

ਅਖੀਰ ਵਿੱਚ, ਕਲੀਸਿਯਾ ਪੂਰੀ ਤਰ੍ਹਾਂ ਅਦਿੱਖ ਹੈ। ਇਸ ਵਿੱਚ ਜੀਵਤ ਅਤੇ ਮ੍ਰਿਤਕ ਦੋਵੇਂ ਸ਼ਾਮਲ ਹਨ। ਇਸ ਨੂੰ ਰੈਪਚਰ ਤੋਂ ਪਹਿਲਾਂ ਇੱਕ ਸਮੇਂ ਵਿੱਚ ਅਤੇ ਇੱਕ ਸਭਾ ਦੇ ਰੂਪ ਵਿੱਚ ਇੱਕ ਸਥਾਨ ਉੱਤੇ ਇਕੱਠਾ ਨਹੀਂ ਕੀਤਾ ਜਾ ਸਕਦਾ ਹੈ। ਇਸ ਦੀ ਤੁਲਨਾ ਵਿੱਚ, ਸਥਾਨਕ ਕਲੀਸਿਯਾ ਵਿਸ਼ਵ-ਵਿਆਪੀ ਕਲੀਸਿਯਾ ਦਾ ਦਿੱਖਣ ਯੋਗ ਪ੍ਰਗਟਾਵਾ ਹੈ। ਇਹ ਸਪੱਸ਼ਟ ਹੈ ਕਿ ਸਥਾਨਕ ਕਲੀਸਿਯਾ ਵਿੱਚ ਵਿਸ਼ਵ-ਵਿਆਪੀ ਕਲੀਸਿਯਾ ਦੇ ਉਹ ਲੋਕ ਸ਼ਾਮਲ ਨਹੀਂ ਹਨ ਜੋ ਮਰਨ ਤੋਂ ਬਾਅਦ ਪ੍ਰਭੂ ਦੇ ਕੋਲ ਹਨ। ਜੋ ਵਿਸ਼ਵ-ਵਿਆਪੀ ਕਲੀਸਿਯਾ ਵਿੱਚ ਨਹੀਂ ਹੋ ਸਕਦਾ ਹੈ, ਸਥਾਨਕ ਕਲੀਸਿਯਾ ਵਿੱਚ ਅਵਿਸ਼ਵਾਸੀ ਵੀ ਜੁੜੇ ਹੋ ਸਕਦੇ ਹਨ। ਨਵੇਂ ਨੇਮ ਵਿੱਚ ਸ਼ਬਦ *ਏਕਲੇਸੀਆ* ਦਾ ਲਗਭਗ 115 ਵਾਰ ਹਵਾਲਾ ਦਿੱਤਾ ਗਿਆ ਹੈ, ਇਸ ਵਿੱਚੋਂ ਜ਼ਿਆਦਾਤਰ ਇੱਕ ਸਥਾਨਕ ਕਲੀਸਿਯਾ ਜਾਂ ਕਲੀਸਿਯਾਵਾਂ ਦੇ ਲਈ ਵਰਤਿਆ ਗਿਆ ਹੈ (ਜਿਵੇਂ ਕਿ, ਯਰੂਸ਼ਲਮ ਦੀ ਕਲੀਸਿਯਾ, ਰਸੂਲਾਂ 8:1; 11:22; ਗਲਾਤੀਯਾ ਦੀਆਂ ਕਲੀਸਿਯਾਵਾਂ, 1 ਕੁਰਿੰਥ 16:1; ਮਕਦੂਨੀਯਾ ਦੀਆਂ ਕਲੀਸਿਯਾਵਾਂ, 2 ਕੁਰਿੰਥ 8:1; ਥੱਸਲੁਨੀਕਾ ਦੀਆਂ ਕਲੀਸਿਯਾਵਾਂ, 1 ਥੱਸਲੁ 1:1, ਆਦਿ)।

ਸਾਡਾ ਅਧਿਐਨ ਪਹਿਲਾਂ ਵਿਸ਼ਵ-ਵਿਆਪੀ ਕਲੀਸਿਯਾ, ਅਤੇ ਫਿਰ ਸਥਾਨਕ ਕਲੀਸਿਯਾ ਦੇ ਬਾਰੇ ਚਰਚਾ ਕਰੇਗਾ।

### II. ਵਿਸ਼ਵ-ਵਿਆਪੀ ਕਲੀਸਿਯਾ ਲਈ ਤਸਵੀਰਾਂ

ਨਵੇਂ ਨੇਮ ਅਜਿਹੇ ਬਹੁਤ ਸਾਰੇ ਚਿੱਤਰ ਪੇਸ਼ ਕਰਦਾ ਹੈ ਜੋ ਮਸੀਹ ਅਤੇ ਕਲੀਸਿਯਾ ਦੇ ਵਿਚਕਾਰ ਸੰਬੰਧਾਂ ਬਾਰੇ ਸਿਖਾਉਂਦੇ ਹਨ ਅਤੇ ਜਾਂ ਕਲੀਸਿਯਾ ਦੇ ਸੁਭਾਅ ਦਾ ਵਰਣਨ ਕਰਦੇ ਹਨ।

#### A. ਚਰਵਾਹਾ ਅਤੇ ਭੇਡਾਂ

ਪੁਰਾਣਾ ਨੇਮ ਪਰਮੇਸ਼ਰ ਦੇ ਲੋਕਾਂ ਨੂੰ ਭੇਡਾਂ ਦੇ ਰੂਪ ਵਿੱਚ ਦਰਸਾਉਂਦਾ ਹੈ ਜਿਹਨਾਂ ਦਾ ਚਰਵਾਹਾ ਪਰਮੇਸ਼ਰ ਹਨ (ਜ਼ਬੂਰ 23:1; 74:1; 78:52; 79:13; 80:1; 95:7; 100:3; ਯਸਾਯਾਹ 40:11; ਯਿਰ 23:1; ਹਿਜ਼ਕੀ 34; ਜ਼ਕਰ 13:7)। ਚੰਗੇ ਚਰਵਾਹੇ ਬਾਰੇ ਸਿੱਖਿਆ ਵਿੱਚ ਮਸੀਹ ਨੇ ਸਿਖਾਇਆ ਕਿ ਉਹ ਆਪਣੀਆਂ ਭੇਡਾਂ ਨੂੰ ਇੱਕ ਝੁੰਡ (ਯਹੂਦੀ ਧਰਮ) ਵਿੱਚੋਂ ਬਾਹਰ ਲਿਆ ਰਹੇ ਸਨ, ਅਤੇ ਉਹਨਾਂ ਦੀਆਂ ਹੋਰ ਵੀ ਭੇਡਾਂ (ਪਰਾਈਆਂ ਕੌਮਾਂ) ਹਨ। ਇਹ ਸਾਰੇ ਮਿਲ ਕੇ ਇੱਕ ਨਵਾਂ ਝੁੰਡ ਬਣਾਉਣ ਵਾਲੇ ਸਨ (ਦੇਖੋ, ਯੂਹੰਨਾ 10:16)। ਮਸੀਹ ਇਸ ਨਵੇਂ ਝੁੰਡ ਦੇ ਸਿਰ ਹਨ, ਜਿਸ ਨੂੰ *ਕਲੀਸਿਯਾ* ਕਿਹਾ ਜਾਂਦਾ ਹੈ (ਦੇਖੋ, ਰਸੂਲਾਂ 20:28)। ਯਿਸੂ ਪ੍ਰਮੁੱਖ ਚਰਵਾਹਾ (1 ਪਤਰਸ 5:4; ਅਤੇ 1 ਪਤਰਸ 2:25 ਵੀ ਦੇਖੋ), ਅਤੇ ਮਹਾਨ ਚਰਵਾਹਾ ਹਨ (ਇਬ 13:20)। ਉਹਨਾਂ ਦੇ ਨੁਮਾਇੰਦੇ ਪਾਸਬਾਨ (ਚਰਵਾਹੇ, ਨਿਗਾਹਬਾਨ) ਹਨ (ਰਸੂਲਾਂ 20:28; ਅਫ਼ਸੀ 4:11; 1 ਪਤਰਸ 5:2-3)।

ਚਰਵਾਹੇ ਅਤੇ ਭੇਡ ਦੀ ਤਸਵੀਰ ਇਹ ਸਿਖਾਉਂਦੀ ਹੈ ਕਿ ਮਸੀਹ ਕਲੀਸਿਯਾ ਉੱਤੇ ਅਧਿਕਾਰ ਰੱਖਦੇ ਹਨ। ਉਹ ਵਿਸ਼ਵਾਸੀਆਂ ਨੂੰ ਸੁਰੱਖਿਆ, ਅਗਵਾਈ, ਅਤੇ ਪਾਲਣ-ਪੋਸ਼ਣ ਪ੍ਰਦਾਨ ਕਰਦੇ ਹਨ। ਭੇਡਾਂ ਦੇ ਰੂਪ ਵਿੱਚ ਵਿਸ਼ਵਾਸੀ ਭਟਕਦੇ ਰਹਿੰਦੇ ਹਨ ਅਤੇ ਉਹਨਾਂ ਨੂੰ ਚਰਵਾਹੇ ਦੀ ਬੁੱਧ ਅਤੇ ਤਾਕਤ ਦੀ ਜ਼ਰੂਰਤ ਹੁੰਦੀ ਹੈ।

> "ਮੇਰੀਆਂ ਕੁਝ ਹੋਰ ਵੀ **ਭੇਡਾਂ** ਹਨ ਜਿਹੜੀਆਂ ਇਸ ਵਾੜੇ ਵਿੱਚ ਨਹੀਂ ਹਨ । ਮੇਰੇ ਲਈ ਉਹਨਾਂ ਨੂੰ ਵੀ ਲਿਆਉਣਾ ਜ਼ਰੂਰੀ ਹੈ। ਉਹ ਮੇਰੀ ਆਵਾਜ਼ ਸੁਣਨਗੀਆਂ ਫਿਰ ਇੱਕ ਹੀ ਇੱਜੜ ਹੋਵੇਗਾ ਅਤੇ ਇੱਕ ਹੀ **ਚਰਵਾਹਾ**" [ਯੂਹੰਨਾ 10:16]
>
> ਆਪਣਾ ਅਤੇ ਆਪਣੇ **ਝੁੰਡ** ਦਾ ਖਿਆਲ ਰੱਖੋ, ਜਿਸ ਦੇ ਨਿਗਾਹਬਾਨ ਪਵਿੱਤਰ ਆਤਮਾ ਨੇ ਤੁਹਾਨੂੰ ਨਿਯੁਕਤ ਕੀਤਾ ਹੈ। ਤੁਸੀਂ **ਪਰਮੇਸ਼ਰ ਦੇ ਲੋਕਾਂ** ਦੀ ਸੁਰੱਖਿਆ ਕਰੋ ਜਿਹਨਾਂ ਨੂੰ ਉਹਨਾਂ ਨੇ ਆਪਣੇ ਲਈ ਆਪਣੇ ਖ਼ੂਨ ਦੁਆਰਾ ਪ੍ਰਾਪਤ ਕੀਤਾ ਹੈ। [ਰਸੂਲਾਂ 20:28]
>
> ਹੁਣ ਸ਼ਾਂਤੀ ਦੇ ਪਰਮੇਸ਼ਰ, ਜਿਹਨਾਂ ਨੇ **ਭੇਡਾਂ ਦੇ ਮਹਾਨ ਚਰਵਾਹੇ**, ਸਾਡੇ ਪ੍ਰਭੂ ਯਿਸੂ ਨੂੰ ਅਨੰਤ ਨੇਮ ਦੇ ਖ਼ੂਨ ਦੇ ਦੁਆਰਾ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ [ਇਬ 13:20]
>
> **ਪਰਮੇਸ਼ਰ ਦੇ ਝੁੰਡ** ਦੀ ਦੇਖ ਭਾਲ ਕਰੋ, ਜਿਹੜਾ ਉਹਨਾਂ ਨੇ ਤੁਹਾਨੂੰ ਦਿੱਤਾ ਹੈ...ਜਿਹੜੇ ਲੋਕ ਤੁਹਾਨੂੰ ਸੌਂਪੇ ਗਏ ਹਨ ਉਹਨਾਂ ਦੇ ਉੱਤੇ ਰਾਜ ਨਾ ਕਰੋ ਸਗੋਂ **ਝੁੰਡ** ਦੇ ਲਈ ਉਦਾਹਰਨ ਬਣੋ। ਜਦੋਂ **ਪ੍ਰਮੁੱਖ ਚਰਵਾਹਾ** ਭਾਵ ਪ੍ਰਭੂ ਯਿਸੂ ਪ੍ਰਗਟ ਹੋਣਗੇ... [1 ਪਤਰਸ 5:2-4]

#### B. ਸਿਰ ਅਤੇ ਸਰੀਰ

ਕਲੀਸਿਯਾ ਲਈ ਬਾਈਬਲ ਦਾ ਦੂਜਾ ਆਮ ਚਿੱਤਰ ਇੱਕ ਸਰੀਰ ਹੈ ਜਿਸ ਦਾ ਸਿਰ ਮਸੀਹ ਹਨ (ਦੇਖੋ, 1 ਕੁਰਿੰਥ 10:17; ਅਫ਼ਸੀ 2:16; 3:6; 4:4, 12, 16; 5:23, 30; 6:15-16; ਕੁਲੁੱਸੀ 2:19; 3:15)

> ਇਸੇ ਤਰ੍ਹਾਂ ਭਾਵੇਂ ਅਸੀਂ ਗਿਣਤੀ ਵਿੱਚ ਕਿੰਨੇ ਹੀ ਹਾਂ ਪਰ ਅਸੀਂ ਸਾਰੇ **ਮਸੀਹ ਵਿੱਚ ਇੱਕ ਹੋ ਕੇ ਇੱਕ ਸਰੀਰ ਹਾਂ** ਅਤੇ ਇਸ ਤਰ੍ਹਾਂ ਇੱਕ ਸਰੀਰ ਦੇ ਵੱਖ ਵੱਖ ਅੰਗ ਹੋਣ ਕਰ ਕੇ ਅਸੀਂ ਇੱਕ ਦੂਜੇ ਨਾਲ ਜੁੜੇ ਹੋਏ ਹਾਂ। [ਰੋਮੀ 12:5]
>
> ਸਰੀਰ ਇੱਕ ਹੈ ਜਿਸ ਦੇ ਬਹੁਤ ਸਾਰੇ ਅੰਗ ਹਨ ਭਾਵੇਂ ਇਸ

ਦੇ ਵੱਖ-ਵੱਖ ਅੰਗ ਹਨ ਤਾਂ ਵੀ **ਸਰੀਰ ਇੱਕ ਹੈ** ਇਸੇ ਤਰ੍ਹਾਂ ਮਸੀਹ ਵੀ ਹਨ। ਇਸੇ ਤਰ੍ਹਾਂ ਅਸੀਂ ਭਾਵੇਂ ਯਹੂਦੀ ਜਾਂ ਪਰਾਈਆਂ ਕੌਮਾਂ ਜਾਂ ਗ਼ੁਲਾਮ ਜਾਂ ਆਜ਼ਾਦ ਹੋਈਏ ਅਸੀਂ ਇੱਕ ਹੀ ਆਤਮਾ ਦੁਆਰਾ ਬਪਤਿਸਮੇ ਦੇ ਰਾਹੀਂ **ਇੱਕ ਸਰੀਰ** ਦੇ ਅੰਗ ਬਣਾਏ ਗਏ ਹਾਂ ਅਤੇ ਸਾਨੂੰ ਸਾਰਿਆਂ ਨੂੰ ਇੱਕ ਹੀ ਆਤਮਾ ਪਿਲਾਇਆ ਗਿਆ ਹੈ। ਤੁਸੀਂ ਸਾਰੇ **ਮਸੀਹ ਦਾ ਸਰੀਰ** ਹੋ ਅਤੇ ਹਰ ਇੱਕ ਆਪਣੇ ਤੌਰ ਤੇ ਉਹਨਾਂ ਦੇ ਵੱਖ-ਵੱਖ ਅੰਗ ਹੋ। [1 ਕੁਰਿੰਥ 12:12-13, 27]

ਪਰਮੇਸ਼ਰ ਨੇ ਸਾਰੀਆਂ ਚੀਜ਼ਾਂ ਮਸੀਹ ਦੇ ਪੈਰਾਂ ਹੇਠ ਕਰ ਦਿੱਤੀਆਂ ਅਤੇ ਉਹਨਾਂ ਨੂੰ ਸਰਤਾਜ ਬਣਾ ਕੇ ਕਲੀਸਿਯਾ ਨੂੰ ਦਿੱਤਾ ਹੈ। **ਕਲੀਸਿਯਾ ਉਹਨਾਂ ਦਾ ਸਰੀਰ ਹੈ**, ਉਹ ਹੀ ਉਸ ਦੀ ਭਰਪੂਰੀ ਹਨ ਜਿਹੜੇ ਸਭ ਕੁਝ ਸੰਪੂਰਨ ਕਰਦੇ ਹਨ [ਅਫ਼ਸੀ 1:22-23]

ਮਸੀਹ ਆਪਣੇ **ਸਰੀਰ ਭਾਵ ਕਲੀਸਿਯਾ ਦੇ ਸਿਰ ਹਨ**.... ਹੁਣ ਮੈਨੂੰ ਤੁਹਾਡੀ ਖ਼ਾਤਰ ਦੁੱਖ ਸਹਿ ਕੇ ਖ਼ੁਸ਼ੀ ਹੋ ਰਹੀ ਹੈ। ਇਸ ਤਰ੍ਹਾਂ ਮੈਂ ਆਪਣੇ ਦੁੱਖਾਂ ਦੇ ਰਾਹੀਂ ਮਸੀਹ ਦੇ ਬਾਕੀ ਰਹਿ ਗਏ ਦੁੱਖਾਂ ਨੂੰ **ਉਹਨਾਂ ਦੇ ਸਰੀਰ** ਜੋ ਕਿ **ਕਲੀਸਿਯਾ** ਹੈ ਦੇ ਲਈ ਪੂਰਾ ਕਰ ਰਿਹਾ ਹਾਂ। [ਕੁਲੁੱਸੀ 1:18a, 24]

ਇੱਕ ਸਰੀਰ ਦੇ ਰੂਪ ਵਿੱਚ, ਕਲੀਸਿਯਾ ਵਿੱਚ ਵਿਭਿੰਨਤਾ ਅਤੇ ਏਕਤਾ ਦੋਵੇਂ ਹਨ। ਹਰੇਕ ਅੰਗ ਪੂਰੇ ਸਰੀਰ ਨੂੰ ਪ੍ਰਭਾਵਿਤ ਕਰਦਾ ਹੈ। ਜਿਸ ਤਰ੍ਹਾਂ ਸਰੀਰ ਦਾ ਹਰੇਕ ਅੰਗ ਜ਼ਰੂਰੀ ਹੈ ਅਤੇ ਇਹ ਇੱਕ-ਦੂਜੇ ਉੱਤੇ ਨਿਰਭਰ ਹੁੰਦੇ ਹਨ, ਉਸੇ ਤਰ੍ਹਾਂ ਇੱਕ-ਦੂਜੇ ਪ੍ਰਤੀ ਕੋਈ ਈਰਖਾ ਜਾਂ ਇੱਕ-ਦੂਜੇ ਨੂੰ ਛੋਟਾ ਸਮਝਣਾ ਜਾਂ ਦੂਜਿਆਂ ਪ੍ਰਤੀ ਵਿਅਰਥ ਦੀ ਭਾਵਨਾ ਨਹੀਂ ਹੋਣੀ ਚਾਹੀਦੀ ਹੈ। ਸਰੀਰ ਦੀ ਤਸਵੀਰ ਸਿਖਾਉਂਦੀ ਹੈ ਕਿ ਸਾਨੂੰ ਦੂਜੇ ਵਿਸ਼ਵਾਸ਼ੀਆਂ ਨੂੰ ਇੱਕ ਅਲੱਗ ਪਹਿਚਾਣ ਰੱਖਣ ਦੀ ਆਗਿਆ ਦੇਣੀ ਚਾਹੀਦੀ ਹੈ, ਪਰ ਫਿਰ ਵੀ ਉਹਨਾਂ ਨਾਲ ਏਕਤਾ ਦੀ ਭਾਵਨਾ ਬਣਾਏ ਰੱਖਣਾ ਚਾਹੀਦਾ ਹੈ। ਵਿਸ਼ਵਾਸੀਆਂ ਨੂੰ ਖੁਸ਼ੀ ਮਨਾਉਣੀ ਚਾਹੀਦੀ ਹੈ ਜਦੋਂ ਦੂਜੇ ਵਿਸ਼ਵਾਸੀਆਂ ਨੂੰ ਬਰਕਤ ਮਿਲਦੀ ਹੈ ਅਤੇ ਉਹਨਾਂ ਨੂੰ ਦੂਜੇ ਵਿਸ਼ਵਾਸੀਆਂ ਦੇ ਦੁੱਖ ਵਿੱਚ ਦੁੱਖੀ ਹੋਣਾ ਚਾਹੀਦਾ ਹੈ।

ਸਰੀਰ ਦੇ ਸਿਰ ਦੇ ਰੂਪ ਵਿੱਚ, ਮਸੀਹ ਅਗਵਾਈ ਅਤੇ ਬੁੱਧੀ ਪ੍ਰਦਾਨ ਕਰਦੇ ਹਨ। ਉਹ ਸਰੀਰ ਦੇ ਸਾਰੇ ਕੰਮਾਂ ਨੂੰ ਨਿਰਦੇਸ਼ਿਤ ਕਰਨ ਵਾਲੇ ਅਧਿਕਾਰੀ ਹਨ।

### C. ਲਾੜੀ ਅਤੇ ਲਾੜਾ

ਪੁਰਾਣਾ ਨੇਮ ਪਰਮੇਸ਼ਰ ਅਤੇ ਇਸਰਾਏਲ ਦੇ ਰਿਸ਼ਤੇ ਦੀ ਤੁਲਨਾ ਇੱਕ ਪਤੀ ਅਤੇ ਉਸ ਦੀ ਪਤਨੀ ਦੇ ਰਿਸ਼ਤੇ ਨਾਲ ਕਰਦਾ ਹੈ। ਅਕਸਰ, ਇਸਰਾਏਲ ਦਾ ਜ਼ਿਕਰ ਇੱਕ ਅਜਿਹੀ ਬੇਵਫ਼ਾ ਪਤਨੀ ਦੇ ਰੂਪ ਵਿੱਚ ਕੀਤਾ ਗਿਆ ਹੈ ਜਿਸ ਨੂੰ ਅੰਤ ਵਿੱਚ ਬਹਾਲ ਕੀਤਾ ਜਾਵੇਗਾ (ਦੇਖੋ, ਯਸਾ 50:1; ਯਿਰ 2:2; 31:32; ਹਿਜ਼ਕੀ 16:32; ਹੋਸ਼ੇਆ 2:2ff.; ਯਸਾ 54:5-8; 62:4-5)।

> "**ਤੇਰਾ ਪਤੀ** ਤਾਂ ਤੇਰਾ ਕਰਤਾਰ ਹੈ, ਸੈਨਾਂ ਦਾ ਯਹੋਵਾਹ ਉਹ ਦਾ ਨਾਮ ਹੈ। ਤੇਰਾ ਛੁਡਾਉਣ ਵਾਲਾ ਇਸਰਾਏਲ ਦਾ ਪਵਿੱਤਰ ਪੁਰਖ ਹੈ, ਉਹ ਸਾਰੀ ਧਰਤੀ ਦਾ ਪਰਮੇਸ਼ਰ ਸੱਦਿਆ ਜਾਵੇਗਾ। ਯਹੋਵਾਹ ਨੇ ਤਾਂ ਤੈਨੂੰ ਤਿਆਗੀ ਹੋਈ ਅਤੇ ਆਤਮਾ ਵਿੱਚ ਸੋਗਣ **ਇਸਤਰੀ** ਵਾਂਗੂੰ ਬੁਲਾਇਆ, **ਜੁਆਨੀ ਦੀ ਪਤਨੀ ਵਾਂਗੂੰ** ਜਦ ਉਹ ਛੱਡੀ ਜਾਂਦੀ, ਤੇਰਾ ਪਰਮੇਸ਼ਰ ਆਖਦਾ ਹੈ... [ਯਸਾ 54:5-8]
>
> ਤੂੰ ਫੇਰ "ਛੱਡੀ ਹੋਈ" ਨਾ ਸਦਾਏਂਗੀ, ਨਾ ਤੇਰੀ ਧਰਤੀ ਫੇਰ "ਉਜਾੜ" ਅਖਵਾਏਗੀ, ਪਰ ਤੂੰ ਹੇਪਸੀਬਾ ਸੱਦੀ ਜਾਵੇਂਗੀ, ਅਰਥਾਤ "ਮੇਰੀ ਭਾਉਣੀ ਉਹ ਦੇ ਵਿੱਚ ਹੈ," ਅਤੇ ਤੇਰੀ ਧਰਤੀ ਬਿਯੂਲਾਹ ਅਰਥਾਤ "**ਸੁਹਾਗਣ**" ਅਖਵਾਏਗੀ, ਕਿਉਂ ਜੋ ਯਹੋਵਾਹ ਤੇਰੇ ਤੋਂ ਪ੍ਰਸੰਨ ਹੈ, ਅਤੇ ਤੇਰੀ ਧਰਤੀ ਵਿਆਹੀ ਜਾਵੇਗੀ। ਜਿਵੇਂ ਜੁਆਨ ਕੁਆਰੀ ਨੂੰ ਵਿਆਹ ਲੈਂਦਾ ਹੈ, ਉਸੇ ਤਰ੍ਹਾਂ ਤੇਰੇ ਪੁੱਤਰ ਤੈਨੂੰ ਵਿਆਹ ਲੈਣਗੇ, ਅਤੇ **ਜਿਵੇਂ ਲਾੜਾ ਆਪਣੀ ਲਾੜੀ ਉੱਤੇ ਅਨੰਦ ਹੁੰਦਾ ਹੈ**, ਉਸੇ ਤਰ੍ਹਾਂ **ਤੇਰਾ ਪਰਮੇਸ਼ਰ ਤੇਰੇ ਉੱਤੇ ਅਨੰਦ ਹੋਵੇਗਾ**। [ਯਸਾ 62:4-5]

ਲਾੜੇ ਦੀ ਤਸਵੀਰ ਸ਼ੁਭ-ਸਮਾਚਾਰਾਂ ਵਿੱਚ ਵਾਰ-ਵਾਰ ਮਿਲਦੀ ਹੈ। ਮਸੀਹ ਨੂੰ ਲਾੜੇ ਦੇ ਰੂਪ ਵਿੱਚ ਦਿਖਾਇਆ ਗਿਆ ਹੈ ਅਤੇ ਉਹਨਾਂ ਦੇ ਚੇਲੇ, ਖ਼ਾਸ ਕਰਕੇ ਯੂਹੰਨਾ ਬਪਤਿਸਮਾ ਦੇਣ ਵਾਲਾ ਲਾੜੇ ਦੇ ਮਿੱਤਰਾਂ ਦੀ ਭੂਮਿਕਾ ਵਿੱਚ ਹਨ (ਦੇਖੋ, ਮੱਤੀ 9:15; 25:1-13; ਮਰਕੁਸ 2:19-20; ਲੂਕਾ 5:34-35; ਯੂਹੰਨਾ 3:29)।

> ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, "ਕੀ **ਲਾੜੇ** ਦੇ ਨਾਲ ਹੁੰਦੇ ਹੋਏ ਬਰਾਤੀ ਸੋਗ ਕਰ ਸਕਦੇ ਹਨ? ਨਹੀਂ, ਇਹ ਨਹੀਂ ਹੋ ਸਕਦਾ ਪਰ ਉਹ ਦਿਨ ਆਉਣਗੇ ਜਦੋਂ **ਲਾੜਾ** ਉਹਨਾਂ ਤੋਂ ਵੱਖ ਕੀਤਾ ਜਾਵੇਗਾ, ਤਦ ਉਹ ਵਰਤ ਰੱਖਣਗੇ" [ਮੱਤੀ 9:15]
>
> ਯੂਹੰਨਾ ਨੇ ਉੱਤਰ ਦਿੱਤਾ...'ਮੈਂ ਮਸੀਹ ਨਹੀਂ ਹਾਂ ਪਰ ਉਹਨਾਂ ਤੋਂ ਪਹਿਲਾਂ ਭੇਜਿਆ ਗਿਆ ਹਾਂ।' **ਲਾੜਾ** ਉਹ ਹੈ ਜਿਸ ਦੀ ਲਾੜੀ ਹੁੰਦੀ ਹੈ। ਜਿਹੜਾ ਕੋਲ ਖੜ੍ਹਾ ਹੁੰਦਾ ਹੈ ਅਤੇ ਉਸ ਦੀ ਸੁਣਦਾ ਹੈ ਉਹ ਉਸ ਦਾ ਮਿੱਤਰ ਹੈ। ਉਹ ਲਾੜੇ ਦੀ ਆਵਾਜ਼ ਨੂੰ ਸੁਣ ਕੇ ਬਹੁਤ ਖ਼ੁਸ਼ ਹੁੰਦਾ ਹੈ। ਮੇਰੀ ਇਹ ਖ਼ੁਸ਼ੀ ਪੂਰੀ ਹੋ ਗਈ ਹੈ।" [ਯੂਹੰਨਾ 3:27- 29]

ਕਲੀਸਿਯਾ ਨੂੰ ਸੰਬੋਧਿਤ ਵਚਨਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਸੀਹ ਦੀ ਇੱਕ ਲਾੜੇ ਦੇ ਰੂਪ ਵਿੱਚ ਆਪਣੀ ਲਾੜੀ (ਕਲੀਸਿਯਾ) ਨਾਲ ਮੰਗਣੀ ਹੋਈ ਹੈ। ਯਹੂਦੀ ਸਭਿਆਚਾਰ ਵਿੱਚ ਮੰਗਣੀ ਦਾ ਮਹੱਤਵ

ਅੱਜ ਦੀ ਮੰਗਣੀ ਨਾਲੋਂ ਜ਼ਿਆਦਾ ਹੁੰਦਾ ਸੀ। ਮਸੀਹ ਅਤੇ ਉਹਨਾਂ ਦੀ ਕਲੀਸਿਯਾ ਦੇ ਵਿਚਕਾਰ ਨੇਮ ਨੂੰ ਕਦੇ ਕੋਈ ਵੀ ਨਹੀਂ ਤੋੜ ਸਕਦਾ ਹੈ। ਕਲੀਸਿਯਾ ਦੀ ਹੁਣ ਮਸੀਹ ਨਾਲ ਮੰਗਣੀ ਹੋ ਚੁੱਕੀ ਹੈ ਅਤੇ ਇਹ ਇੱਕ ਅਜਿਹਾ ਰਿਸ਼ਤਾ ਹੈ ਜਿਸ ਨੂੰ ਤੋੜਿਆ ਨਹੀਂ ਜਾ ਸਕਦਾ ਹੈ। ਇਹ ਸਵਰਗੀ ਸ਼ਹਿਰ ਵਿੱਚ ਮੇਮਣੇ ਦੇ ਵਿਆਹ ਨਾਲ ਪੂਰਾ ਹੋਵੇਗਾ।

> ਇਸ ਲਈ ਜੇਕਰ ਉਹ ਆਪਣੇ ਪਤੀ ਦੇ ਜਿਊਂਦੇ ਜੀ ਦੂਜੇ ਆਦਮੀ ਦੇ ਨਾਲ ਰਹੇ ਤਾਂ ਉਹ ਵਿਭਚਾਰਨ ਅਖਵਾਏਗੀ ਪਰ ਜੇਕਰ ਉਸ ਦਾ ਪਤੀ ਮਰ ਜਾਵੇ ਤਾਂ ਉਹ ਵਿਵਸਥਾ ਦੇ ਅਨੁਸਾਰ ਸੁਤੰਤਰ ਹੈ, ਜੇਕਰ ਉਹ ਇਸ ਹਾਲਤ ਵਿੱਚ ਕਿਸੇ ਦੂਜੇ ਆਦਮੀ ਨਾਲ ਵਿਆਹ ਵੀ ਕਰ ਲਵੇ ਤਾਂ ਉਹ ਵਿਭਚਾਰਨ ਨਹੀਂ ਹੈ। ਮੇਰੇ ਭਰਾਵੋ ਅਤੇ ਭੈਣੋ, ਇਹੋ ਹਾਲ ਤੁਹਾਡਾ ਵੀ ਹੈ। ਤੁਸੀਂ ਵੀ, ਜਿੱਥੋਂ ਤੱਕ ਵਿਵਸਥਾ ਦਾ ਸੰਬੰਧ ਹੈ, ਮਰ ਚੁੱਕੇ ਹੋ ਕਿਉਂਕਿ ਤੁਸੀਂ ਮਸੀਹ ਦੇ ਸਰੀਰ ਦੇ ਅੰਗ ਹੋ ਅਤੇ **ਕਿਸੇ ਹੋਰ ਦੇ ਹੋ ਜਾਓ,** ਭਾਵ ਉਹਨਾਂ ਦੇ ਜਿਹੜੇ ਮੁਰਦਿਆਂ ਵਿੱਚੋਂ ਜੀਅ ਉੱਠੇ ਹਨ ਕਿ ਅਸੀਂ ਸਾਰੇ ਪਰਮੇਸ਼ਰ ਦੇ ਲਈ ਲਾਭਦਾਇੱਕ ਸਿੱਧ ਹੋਈਏ। [ਰੋਮੀ 7:3-4]

> ਮੈਂ ਤੁਹਾਡੇ ਲਈ ਪਰਮੇਸ਼ਰ ਵਾਂਗ ਅਣਖ ਰੱਖਦਾ ਹਾਂ। ਮੈਂ ਤੁਹਾਨੂੰ ਇੱਕ ਪਵਿੱਤਰ ਕੁਆਰੀ ਦੀ ਤਰ੍ਹਾਂ ਤੁਹਾਡੇ **ਇੱਕ ਹੀ ਪਤੀ** ਭਾਵ **ਮਸੀਹ ਨੂੰ** ਸੌਂਪਣ ਦਾ ਵਾਅਦਾ ਕੀਤਾ ਸੀ। [2 ਕੁਰਿੰਥ 11:2]

> ਪਤਨੀਓ, ਆਪਣੇ ਆਪ ਨੂੰ ਆਪਣੇ ਪਤੀਆਂ ਦੇ ਅਧੀਨ ਕਰ ਦੇਵੋ, ਜਿਵੇਂ ਪ੍ਰਭੂ ਦੇ ਅਧੀਨ ਹੋ ਕਿਉਂਕਿ ਪਤੀ, ਪਤਨੀ ਦਾ ਸਿਰ ਹੈ। ਜਿਸ ਤਰ੍ਹਾਂ ਮਸੀਹ ਕਲੀਸਿਯਾ ਦੇ ਸਿਰ ਅਤੇ ਮੁਕਤੀਦਾਤਾ ਹਨ, ਕਲੀਸਿਯਾ ਮਸੀਹ ਦਾ ਸਰੀਰ ਹੈ। ਇਸ ਲਈ ਪਤਨੀਆਂ ਉਸੇ ਤਰ੍ਹਾਂ ਆਪਣੇ ਪਤੀਆਂ ਦੇ ਅਧੀਨ ਰਹਿਣ ਜਿਸ ਤਰ੍ਹਾਂ ਕਲੀਸਿਯਾ ਮਸੀਹ ਦੇ ਅਧੀਨ ਹੈ। **ਪਤੀਓ, ਤੁਸੀਂ ਵੀ ਆਪਣੀਆਂ ਪਤਨੀਆਂ ਨਾਲ ਉਸੇ ਤਰ੍ਹਾਂ ਪਿਆਰ ਕਰੋ ਜਿਸ ਤਰ੍ਹਾਂ ਮਸੀਹ ਨੇ ਕਲੀਸਿਯਾ ਦੇ ਨਾਲ ਪਿਆਰ ਕੀਤਾ** ਅਤੇ ਆਪਣੇ ਆਪ ਨੂੰ ਉਸ ਦੇ ਲਈ ਬਲੀਦਾਨ ਕਰ ਦਿੱਤਾ। ਉਹਨਾਂ ਨੇ ਇਹ ਇਸ ਲਈ ਕੀਤਾ ਕਿ ਉਹ ਕਲੀਸਿਯਾ ਨੂੰ ਪਾਣੀ ਅਤੇ ਪਵਿੱਤਰ ਵਚਨ ਦੇ ਨਾਲ ਸ਼ੁੱਧ ਅਤੇ ਪਵਿੱਤਰ ਕਰਨ ਅਤੇ ਇਸ ਤਰ੍ਹਾਂ ਉਹ ਉਸ ਨੂੰ ਆਪਣੇ ਲਈ ਸੰਪੂਰਨ ਮਹਿਮਾ ਭਰੀ ਸੁੰਦਰਤਾ ਸਮੇਤ ਬਿਨਾਂ ਕਿਸੇ ਧੱਬੇ ਅਤੇ ਝੁਰੜੀ ਦੇ ਹਾਜ਼ਰ ਕਰਨ। ਪਤੀਆਂ ਨੂੰ ਆਪਣੀਆਂ ਪਤਨੀਆਂ ਨਾਲ ਇਸ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ ਜਿਸ ਤਰ੍ਹਾਂ ਉਹ ਆਪਣੇ ਸਰੀਰਾਂ ਨਾਲ ਪਿਆਰ ਕਰਦੇ ਹਨ ਕਿਉਂਕਿ ਜਿਹੜਾ ਕੋਈ ਆਪਣੀ ਪਤਨੀ ਨਾਲ ਪਿਆਰ ਕਰਦਾ ਹੈ, ਉਹ ਅਸਲ ਵਿੱਚ ਆਪਣੇ ਆਪ ਨਾਲ ਪਿਆਰ ਕਰਦਾ ਹੈ। ਕੋਈ ਮਨੁੱਖ ਆਪਣੇ ਸਰੀਰ ਨੂੰ ਨਫ਼ਰਤ ਨਹੀਂ ਕਰਦਾ ਸਗੋਂ ਉਹ ਉਸ ਦਾ ਇਸ ਤਰ੍ਹਾਂ ਪਾਲਣ-ਪੋਸ਼ਣ ਕਰਦਾ ਹੈ, ਜਿਸ ਤਰ੍ਹਾਂ ਮਸੀਹ ਕਲੀਸਿਯਾ ਦਾ ਪਾਲਣ-ਪੋਸ਼ਣ ਕਰਦੇ ਹਨ ਕਿਉਂਕਿ ਅਸੀਂ ਵੀ ਉਹਨਾਂ ਦੇ ਸਰੀਰ ਦੇ ਅੰਗ ਹਾਂ। ਇਸੇ ਲਈ ਪਵਿੱਤਰ-ਗ੍ਰੰਥ ਕਹਿੰਦਾ ਹੈ, "ਆਦਮੀ ਇਸੇ ਕਾਰਨ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਆਪਣੀ ਪਤਨੀ ਨਾਲ ਜੁੜਿਆ ਰਹੇਗਾ ਅਤੇ ਇਸ ਤਰ੍ਹਾਂ ਉਹ ਦੋਵੇਂ ਇੱਕ ਸਰੀਰ ਹੋਣਗੇ। [ਅਫ਼ਸੀ 5:22-31]

> "ਆਓ ਅਸੀਂ ਅਨੰਦਿਤ ਹੋਈਏ ਅਤੇ ਖ਼ੁਸ਼ੀ ਮਨਾਈਏ ਅਤੇ ਉਹਨਾਂ ਦੀ ਮਹਿਮਾ ਕਰੀਏ, ਕਿਉਂਕਿ **ਮੇਮਣੇ ਦੇ ਵਿਆਹ** ਦਾ ਸਮਾਂ ਆ ਗਿਆ ਹੈ। ਉਸ ਦੀ **ਲਾੜੀ** ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। ਪਰਮੇਸ਼ਰ ਨੇ ਉਸ ਨੂੰ ਚਮਕਦਾਰ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨਣ ਦਾ ਹੱਕ ਦੇ ਦਿੱਤਾ ਹੈ।" (ਇਹ ਮਲਮਲ ਦੇ ਕੱਪੜੇ ਪਰਮੇਸ਼ਰ ਦੇ ਲੋਕਾਂ ਦੇ ਨੇਕ ਕੰਮ ਹਨ।) ਤਦ ਸਵਰਗਦੂਤ ਨੇ ਮੈਨੂੰ ਕਿਹਾ, "ਲਿਖ, ਧੰਨ ਹਨ ਉਹ ਲੋਕ ਜਿਹਨਾਂ ਨੂੰ ਮੇਮਣੇ ਦੇ ਵਿਆਹ-ਭੋਜ ਦਾ ਸੱਦਾ ਮਿਲਿਆ ਹੈ।" ਉਸ ਨੇ ਮੈਨੂੰ ਇਹ ਵੀ ਕਿਹਾ, "ਇਹ ਪਰਮੇਸ਼ਰ ਦੇ ਸੱਚੇ ਵਚਨ ਹਨ।" [ਪ੍ਰਕਾਸ਼ 19:7-9]

> ਮੈਂ ਪਵਿੱਤਰ ਸ਼ਹਿਰ, ਨਵੇਂ ਯਰੂਸ਼ਲਮ ਨੂੰ, ਸਵਰਗ ਤੋਂ ਪਰਮੇਸ਼ਰ ਦੇ ਕੋਲੋਂ ਉਤਰਦੇ ਦੇਖਿਆ। ਉਹ ਇਸ ਤਰ੍ਹਾਂ ਤਿਆਰ ਸੀ ਜਿਸ ਤਰ੍ਹਾਂ ਇੱਕ **ਲਾੜੀ** ਆਪਣੇ ਲਾੜੇ ਦੇ ਲਈ ਸ਼ਿੰਗਾਰੀ ਹੋਵੇ....ਤਦ ਉਹਨਾਂ ਸੱਤ ਸਵਰਗਦੂਤਾਂ ਵਿੱਚੋਂ ਜਿਹਨਾਂ ਦੇ ਕੋਲ ਆਖ਼ਰੀ ਸੱਤ ਮਹਾਂਮਾਰੀਆਂ ਦੇ ਕਟੋਰੇ ਸਨ ਇੱਕ ਮੇਰੇ ਕੋਲ ਆਇਆ ਅਤੇ ਉਸ ਨੇ ਮੈਨੂੰ ਕਿਹਾ, "ਆ, ਮੈਂ ਤੈਨੂੰ **ਲਾੜੀ ਜਿਹੜੀ ਮੇਮਣੇ ਦੀ ਪਤਨੀ ਹੈ** ਦਿਖਾਵਾਂ। [ਪ੍ਰਕਾਸ਼ 21:2, 9]

> ਆਤਮਾ ਅਤੇ **ਲਾੜੀ** ਕਹਿੰਦੇ ਹਨ, "ਆ..." [ਪ੍ਰਕਾਸ਼ 22:17]

ਮਸੀਹ ਅਤੇ ਕਲੀਸਿਯਾ ਵਿਚਕਾਰ ਰਿਸ਼ਤਾ ਇੱਕ ਮਸੀਹੀ ਪਤੀ ਅਤੇ ਪਤਨੀ ਦੇ ਰਿਸ਼ਤੇ ਵਾਂਗ ਹੋਣਾ ਚਾਹੀਦਾ ਹੈ। ਮਸੀਹ ਆਪਣੀ ਕਲੀਸਿਯਾ ਨੂੰ ਨਿਰਸੁਆਰਥ ਅਤੇ ਬਲੀਦਾਨ ਵਾਲੇ ਪਿਆਰ ਨਾਲ ਪਿਆਰ ਕਰਦੇ ਹਨ। ਕਲੀਸਿਯਾ ਨੂੰ ਉਸ ਤਰ੍ਹਾਂ ਮਸੀਹ ਦੇ ਅਧੀਨ ਹੋਣਾ ਚਾਹੀਦਾ ਹੈ ਜਿਵੇਂ ਇੱਕ ਪਤਨੀ ਆਪਣੇ ਪਤੀ ਦੇ ਅਧੀਨ ਹੁੰਦੀ ਹੈ। ਇਹ ਇੱਕ ਦਿਲਚਸਪ ਗੱਲ ਹੈ ਕਿ ਇਬਰਾਨੀ ਭਾਸ਼ਾ ਵਿੱਚ ਇੱਕ ਸ਼ਬਦ ਅਜਿਹਾ ਹੈ ਜਿਸ ਦਾ ਅਰਥ ਮਾਲਕ ਅਤੇ ਪਤੀ ਦੋਵੇਂ ਹੁੰਦਾ ਹੈ।

ਪਵਿੱਤਰ ਸ਼ਹਿਰ ਨੂੰ ਇੱਕ ਲਾੜੀ ਕਹਿ ਕੇ ਸੰਬੋਧਿਤ ਕਰਨ ਵਿੱਚ ਸ਼ਾਇਦ ਇਹ ਸੱਚ ਵੀ ਸ਼ਾਮਲ ਹੈ ਕਿ ਇਹ ਸ਼ਹਿਰ ਮਸੀਹ ਦੀ ਲਾੜੀ, ਕਲੀਸਿਯਾ ਦਾ ਸਦੀਪਕ ਘਰ ਹੈ।

**D. ਹੈਕਲ, ਘਰ ਜਾਂ ਭਵਨ ਜਿਸ ਦੇ ਕੋਨੇ ਦਾ ਪੱਥਰ ਮਸੀਹ ਹਨ**

ਇਹ ਤਸਵੀਰਾਂ ਵੱਖ-ਵੱਖ ਸੱਚਾਈਆਂ ਨੂੰ ਪੇਸ਼ ਕਰਦੀਆਂ ਹਨ। ਕਲੀਸਿਯਾ ਦੀ ਤੁਲਨਾ ਇੱਕ ਹੈਕਲ ਨਾਲ ਕਰਨ ਦਾ ਅਰਥ ਇਹ ਸੱਚ ਨੂੰ ਦਰਸਾਉਂਦਾ ਹੈ ਕਿ ਪਰਮੇਸ਼ਰ ਆਪ ਉਸੇ ਤਰ੍ਹਾਂ ਕਲੀਸਿਯਾ ਵਿੱਚ ਵੀ ਆ ਵੱਸੇ ਹਨ ਜਿਸ ਤਰ੍ਹਾਂ ਉਹ ਪੁਰਾਣੇ ਨੇਮ ਦੇ ਤੰਬੂ ਵਿੱਚ ਆ ਕੇ ਵੱਸੇ ਸਨ। 1 ਕੁਰਿੰਥ 3:16-17 ਇਹ ਸਖ਼ਤ ਚੇਤਾਵਨੀ ਦਿੰਦਾ ਹੈ ਕਿ ਜੋ ਵੀ ਕਲੀਸਿਯਾ (ਸਥਾਨਕ ਕਲੀਸਿਯਾਵਾਂ) ਨੂੰ ਨਸ਼ਟ ਕਰੇਗਾ, ਪਰਮੇਸ਼ਰ ਉਸ ਨੂੰ ਨਸ਼ਟ ਕਰਨ ਦਾ ਵਾਅਦਾ ਕਰਦੇ ਹਨ।

> ਕੀ ਤੁਸੀਂ ਨਹੀਂ ਜਾਣਦੇ ਕਿ ਤੁਸੀਂ **ਪਰਮੇਸ਼ਰ ਦੇ ਹੈਕਲ** ਹੋ ਅਤੇ ਪਰਮੇਸ਼ਰ ਦਾ ਆਤਮਾ ਤੁਹਾਡੇ ਅੰਦਰ ਵਾਸ ਕਰਦਾ ਹੈ। ਇਸ ਲਈ ਜੇਕਰ ਕੋਈ **ਪਰਮੇਸ਼ਰ ਦੇ ਹੈਕਲ** ਨੂੰ ਨਾਸ਼ ਕਰੇਗਾ ਤਾਂ ਪਰਮੇਸ਼ਰ ਉਸ ਦਾ ਨਾਸ਼ ਕਰਨਗੇ ਕਿਉਂਕਿ **ਪਰਮੇਸ਼ਰ ਦਾ ਹੈਕਲ** ਪਵਿੱਤਰ ਹੈ ਅਤੇ **ਤੁਸੀਂ ਹੀ ਉਹ ਹੈਕਲ ਹੋ।** [1 ਕੁਰਿੰਥ 3:16-17]

(ਹੈਕਲ ਦੀ ਤਰ੍ਹਾਂ ਕਲੀਸਿਯਾ ਵਿੱਚ ਪਰਮੇਸ਼ਰ ਦੀ ਮੌਜੂਦਗੀ ਦੇ ਹਵਾਲੇ ਲਈ 2 ਕੁਰਿੰਥ 6:16 ਅਤੇ ਅਫ਼ਸੀ 2:19-22 ਨੂੰ ਵੀ ਦੇਖੋ)।

ਕਈ ਹੋਰ ਵਚਨ ਕਲੀਸਿਯਾ ਨੂੰ ਇੱਕ ਭਵਨ ਦੀ ਤਰ੍ਹਾਂ ਦਰਸਾਉਂਦੇ ਹਨ ਜਿਸ ਦੇ ਕੋਨੇ ਦਾ ਪੱਥਰ ਪ੍ਰਭੂ ਯਿਸੂ ਹਨ। ਜ਼ਬੂਰ 118:22ff. ਹਵਾਲਾ ਦਿੰਦਾ ਹੈ ਕਿ "ਜਿਸ ਪੱਥਰ ਨੂੰ ਰਾਜ ਮਿਸਤਰੀਆਂ ਨੇ ਰੱਦ ਕੀਤਾ, ਉਹ ਹੀ ਕੋਨੇ ਦਾ ਪੱਥਰ ਬਣਿਆ ਹੈ।" ਮਸੀਹ ਇਹ ਦਾਅਵਾ ਕੀਤਾ ਸੀ ਕਿ ਇਹ ਜ਼ਬੂਰ 118 ਉਹਨਾਂ ਬਾਰੇ ਹੀ ਸਿਖਾਉਂਦਾ ਹੈ (ਮੱਤੀ 21:42ff.; ਮਰਕੁਸ 12:10ff.; ਅਤੇ ਲੂਕਾ 20:17)। ਪਤਰਸ ਨੇ ਵੀ ਇਹ ਕਿਹਾ ਕਿ ਜ਼ਬੂਰ 118 ਪ੍ਰਭੂ ਯਿਸੂ ਮਸੀਹ ਵਿੱਚ ਪੂਰਾ ਹੋਇਆ ਹੈ (ਰਸੂਲਾਂ 4:11)। ਮਸੀਹ ਕੋਨੇ ਦਾ ਪੱਥਰ ਹਨ। ਰਸੂਲ ਅਤੇ ਨਬੀ ਨੀਂਹ ਹਨ। ਕਲੀਸਿਯਾ (ਵਿਸ਼ਵਾਸੀ) ਭਵਨ ਹੈ।

> ਕਿਉਂਕਿ ਅਸੀਂ ਪਰਮੇਸ਼ਰ ਦੇ ਸਹਿਕਰਮੀ ਹਾਂ ਅਤੇ ਤੁਸੀਂ ਉਹਨਾਂ ਦੇ ਖੇਤ ਹੋ। **ਤੁਸੀਂ ਪਰਮੇਸ਼ਰ ਦੇ ਭਵਨ ਹੋ।** ਪਰਮੇਸ਼ਰ ਦੇ ਦਿੱਤੇ ਵਰਦਾਨ ਦੁਆਰਾ, ਮੈਂ ਇੱਕ ਸਮਝਦਾਰ ਰਾਜ ਮਿਸਤਰੀ ਦੀ ਤਰ੍ਹਾਂ ਨੀਂਹ ਰੱਖੀ ਅਤੇ ਕੋਈ ਦੂਜਾ ਉਸ ਉੱਤੇ ਉਸਾਰੀ ਕਰ ਰਿਹਾ ਹੈ। ਹੁਣ ਹਰ ਕੋਈ ਇਹ **ਖਿਆਲ ਰੱਖੇ** ਕਿ **ਉਹ ਕਿਸ ਤਰ੍ਹਾਂ ਦੀ ਉਸਾਰੀ ਕਰ ਰਿਹਾ ਹੈ।** ਪਰਮੇਸ਼ਰ ਨੇ ਜਿਹੜੀ ਨੀਂਹ ਪਹਿਲਾਂ ਹੀ ਰੱਖ ਦਿੱਤੀ ਹੈ ਭਾਵ ਯਿਸੂ ਮਸੀਹ, ਉਹਨਾਂ ਤੋਂ ਸਿਵਾਏ ਕੋਈ ਹੋਰ ਮਨੁੱਖ ਨਵੀਂ ਨੀਂਹ ਨਹੀਂ ਰੱਖ ਸਕਦਾ। [1 ਕੁਰਿੰਥ 3:9-11]
>
> ਇਸ ਲਈ ਤੁਸੀਂ ਹੁਣ ਵਿਦੇਸ਼ੀ ਅਤੇ ਓਪਰੇ ਨਹੀਂ ਰਹੇ ਸਗੋਂ ਤੁਸੀਂ ਪਰਮੇਸ਼ਰ ਦੇ ਲੋਕਾਂ ਦੇ ਨਾਲ ਸਹਿ-ਨਾਗਰਿਕ ਅਤੇ **ਪਰਮੇਸ਼ਰ ਦੇ ਪਰਿਵਾਰ** ਦਾ ਹਿੱਸਾ ਹੋ। ਤੁਸੀਂ **ਰਸੂਲਾਂ ਅਤੇ ਨਬੀਆਂ ਦੀ ਨੀਂਹ** ਉੱਤੇ ਬਣਾਏ ਗਏ ਹੋ ਜਿਸ ਦੇ **ਕੋਨੇ ਦਾ ਪੱਥਰ ਮਸੀਹ ਯਿਸੂ ਆਪ ਹਨ** ਅਤੇ ਯਿਸੂ ਵਿੱਚ **ਸਾਰੀ ਇਮਾਰਤ** ਮਿਲ ਕੇ ਪ੍ਰਭੂ ਦਾ **ਪਵਿੱਤਰ ਹੈਕਲ** ਬਣਦਾ ਜਾਂਦਾ ਹੈ ਅਤੇ ਉਹਨਾਂ ਵਿੱਚ ਹੀ ਦੂਜਿਆਂ ਦੇ ਨਾਲ **ਤੁਹਾਡੀ ਵੀ** ਪਵਿੱਤਰ ਆਤਮਾ ਦੇ ਦੁਆਰਾ ਪਰਮੇਸ਼ਰ ਦਾ ਨਿਵਾਸ ਸਥਾਨ ਹੋਣ ਲਈ **ਉਸਾਰੀ ਹੋ ਰਹੀ ਹੈ** [ਅਫ਼ਸੀ 2:19-22]
>
> ਤੁਸੀਂ ਪ੍ਰਭੂ ਦੇ ਕੋਲ ਆਏ ਹੋ ਜਿਹੜੇ **ਜਿਊਂਦੇ ਪੱਥਰ** ਹਨ ਜਿਹੜੇ ਮਨੁੱਖਾਂ ਦੇ ਦੁਆਰਾ ਰੱਦ ਕੀਤੇ ਗਏ ਪਰ ਪਰਮੇਸ਼ਰ ਦੇ ਲਈ ਉਹ ਚੁਣੇ ਹੋਏ ਅਤੇ ਬਹੁਮੁੱਲੇ ਹਨ, **ਤੁਸੀਂ ਜਿਊਂਦੇ ਪੱਥਰ ਦੀ ਤਰ੍ਹਾਂ ਆਤਮਿਕ ਇਮਾਰਤ ਦੇ ਰੂਪ ਵਿੱਚ ਉਸਾਰੇ ਜਾ ਰਹੇ ਹੋ** ਕਿ ਤੁਸੀਂ ਪਵਿੱਤਰ ਪੁਰੋਹਿਤ ਬਣ ਜਾਓ ਅਤੇ ਅਜਿਹੇ ਆਤਮਿਕ ਚੜ੍ਹਾਵੇ ਚੜ੍ਹਾਓ ਜਿਹਨਾਂ ਨੂੰ ਪਰਮੇਸ਼ਰ ਯਿਸੂ ਮਸੀਹ ਦੇ ਦੁਆਰਾ ਸਵੀਕਾਰ ਕਰਦੇ ਹਨ[1 ਪਤਰਸ 2:4-5]

ਇੱਕ ਭਵਨ ਦੀ ਤਸਵੀਰ ਸਾਨੂੰ ਸਿਖਾਉਂਦੀ ਹੈ ਕਿ ਕਲੀਸਿਯਾ ਉਸੇ ਤਰ੍ਹਾਂ ਇੱਕ ਦੂਜੇ ਉੱਤੇ ਨਿਰਭਰ ਵਿਅਕਤੀਆਂ ਨਾਲ ਬਣੀ ਹੈ, ਜਿਵੇਂ ਇੱਕ ਭਵਨ ਵੀ ਬਹੁਤ ਸਾਰੇ ਵੱਖ-ਵੱਖ ਪਰ ਆਪਸ ਵਿੱਚ ਜੁੜੇ ਪੱਥਰਾਂ ਨਾਲ ਬਣਿਆ ਹੁੰਦਾ ਹੈ। ਇਸ ਤੋਂ ਇਲਾਵਾ, ਕਲੀਸਿਯਾ ਦੇ ਆਪਣੇ ਨਿਰਮਾਣ ਦੀ ਪ੍ਰਕਿਰਿਆ ਵਿੱਚ ਨਿਰੰਤਰ ਅੱਗੇ ਵੱਧ ਰਹੀ ਹੈ। ਇਹ ਇੱਕ ਅਜਿਹਾ ਭਵਨ ਹੈ ਜਿਸ ਦੇ ਨਿਰਮਾਣ ਦਾ ਕੰਮ ਅੱਗੇ ਵੱਧਦਾ ਹੈ ਜਦੋਂ ਨਵੇਂ ਲੋਕ ਵਿਸ਼ਵਾਸੀਆਂ ਦੇ ਰੂਪ ਵਿੱਚ ਮਸੀਹ ਵਿੱਚ ਭਰੋਸਾ ਕਰਦੇ ਹਨ, ਅਤੇ ਜਦੋਂ ਵਿਸ਼ਵਾਸੀ ਇੱਕ-ਦੂਜੇ ਦੀ "ਉਸਾਰੀ" ਕਰਦੇ ਹਨ। ਭਵਨ ਦੀ ਤਸਵੀਰ ਤੋਂ ਮਿਲਣ ਵਾਲੀ ਇੱਕ ਹੋਰ ਬੁਨਿਆਦੀ ਸਿੱਖਿਆ ਇਹ ਹੈ ਕਿ ਸਿਰਫ਼ ਮਸੀਹ ਹੀ ਕਲੀਸਿਯਾ ਦੀ ਜਾਇਜ਼ ਅਤੇ ਸਥਾਈ ਨੀਂਹ ਹਨ (ਮੱਤੀ 7:24 ff. ਵਿੱਚ ਸਮਝਦਾਰ ਵਿਅਕਤੀ ਦੀ ਦ੍ਰਿਸ਼ਟਾਂਤ ਨੂੰ ਦੇਖੋ ਜੋ ਪੱਥਰ ਉੱਤੇ ਘਰ ਬਣਾਉਂਦਾ ਹੈ)।

ਕਲੀਸਿਯਾ ਦੀ ਤੁਲਨਾ "ਵਿਸ਼ਵਾਸ ਦੇ ਘਰ" ਨਾਲ ਹੈਕਲ ਜਾਂ ਭਵਨ ਦੀ ਤਸਵੀਰ ਨਾਲ ਸੰਬੰਧਿਤ ਹੈ। ਕਈ ਵਾਰ ਇੱਕ ਹੀ ਸ਼ਬਦ ਵਿੱਚ ਇਹ ਸਾਰੇ ਸ਼ਾਮਲ ਹੁੰਦੇ ਹਨ (ਜਿਵੇਂ ਕਿ, ਅਫ਼ਸੀ 2:19-22: ਘਰ, ਆਇਤ 19; ਭਵਨ, ਆਇਤ 21; ਹੈਕਲ, ਆਇਤ 21)। ਇੱਕ ਘਰ ਦਾ ਵਿਚਾਰ ਏਕਤਾ ਅਤੇ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਾ ਹੈ।

> ਇਸ ਲਈ ਜਿੱਥੇ ਵੀ ਸਾਨੂੰ ਮੌਕਾ ਮਿਲੇ, ਹਰ ਕਿਸੇ ਨਾਲ ਭਲਾਈ ਕਰੀਏ। ਖ਼ਾਸ ਕਰਕੇ ਉਹਨਾਂ ਨਾਲ **ਜਿਹਨਾਂ ਦਾ**

**ਸੰਬੰਧ ਕਲੀਸਿਯਾ ਦੇ ਨਾਲ ਹੈ**। [ਗਲਾਤੀ 6:10]

ਪਰ ਜੇਕਰ ਮੈਨੂੰ ਦੇਰ ਹੋ ਜਾਵੇ ਤਾਂ ਤੈਨੂੰ ਮੇਰੀਆਂ ਇਹਨਾਂ ਲਿਖੀਆਂ ਗੱਲਾਂ ਤੋਂ ਪਤਾ ਲੱਗ ਜਾਵੇਗਾ ਕਿ ਸਾਨੂੰ **ਪਰਮੇਸ਼ਰ ਦੇ ਘਰ** ਵਿੱਚ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ ਜਿਹੜੀ ਕਿ **ਜਿਊਂਦੇ ਪਰਮੇਸ਼ਰ ਦੀ ਕਲੀਸਿਯਾ ਹੈ**...[1 ਤਿਮੋਥਿ 3:15a]

ਕਿਉਂਕਿ ਸਮਾਂ ਆ ਗਿਆ ਹੈ ਕਿ ਨਿਆਂ ਦੀ ਸ਼ੁਰੂਆਤ **ਪਰਮੇਸ਼ਰ ਦੇ ਆਪਣੇ ਘਰ** ਤੋਂ ਹੋਵੇ...[1 ਪਤਰਸ 4:17]

### E. ਜਾਜਕ ਜਿਸ ਦੇ ਮਹਾਨ ਪ੍ਰਧਾਨ ਜਾਜਕ ਮਸੀਹ ਹਨ

ਵਿਸ਼ਵਾਸੀਆਂ ਦੇ ਜਾਜਕ ਹੋਣ ਦਾ ਸਿਧਾਂਤ ਸੁਧਾਰਵਾਦੀ ਅੰਦੋਲਨ ਦੇ ਤਿੰਨ ਮੁੱਖ ਸਿਧਾਂਤਾਂ ਵਿੱਚੋਂ ਇੱਕ ਸੀ, ਅਤੇ ਇਸ ਵਿੱਚ ਹੋਰ ਵੀ ਵਿਚਾਰ ਸ਼ਾਮਲ ਸਨ ਜਿਵੇਂ ਕਿ ਸਿਰਫ਼ ਵਿਸ਼ਵਾਸ ਨਾਲ ਧਰਮੀ ਠਹਿਰਨਾ, ਅਤੇ ਕਲੀਸਿਯਾ ਦੀ ਪਰੰਪਰਾ ਨਹੀਂ ਬਲਕਿ ਸਿਰਫ਼ ਬਾਈਬਲ ਹੀ ਅੰਤਿਮ ਅਧਿਕਾਰ ਹੈ। ਪ੍ਰੋਟੈਸਟੈਂਟ ਵਿਸ਼ਵਾਸੀਆਂ ਨੇ ਰੋਮਨ ਕੈਥੋਲਿਕ ਕਲੀਸਿਯਾ ਦੇ ਇਸ ਅਭਿਆਸ ਉੱਤੇ ਇਤਰਾਜ਼ ਕੀਤਾ ਸੀ ਕਿ ਇਸ ਵਿੱਚ ਇੱਕ ਮਨੁੱਖੀ ਜਾਜਕ ਦੇ ਅੱਗੇ ਪਾਪਾਂ ਦਾ ਇਕਰਾਰ ਜਾਂ ਮਰੇ ਹੋਏ ਸੰਤਾਂ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ, ਉਹਨਾਂ ਨੇ ਰੋਮਨ ਕੈਥੋਲਿਕ ਦੇ ਇਸ ਤਰਕ ਦਾ ਵੀ ਵਿਰੋਧ ਕੀਤਾ ਕਿ ਬਾਈਬਲ ਦਾ ਅਧਿਐਨ ਕੇਵਲ ਪ੍ਰਾਚੀਨ ਭਾਸ਼ਾਵਾਂ ਵਿੱਚ ਜਾਜਕਾਂ ਦੇ ਇੱਕ ਖ਼ਾਸ ਵਰਗ ਦੁਆਰਾ ਹੀ ਕੀਤਾ ਜਾਣਾ ਚਾਹੀਦਾ ਹੈ। ਪਰ ਪ੍ਰੋਟੈਸਟੈਂਟ ਇਹ ਮੰਨਦੇ ਸਨ ਕਿ ਪਰਮੇਸ਼ਰ ਇਹ ਚਾਹੁੰਦੇ ਹਨ ਕਿ ਆਮ ਲੋਕ ਆਪਣੀ ਭਾਸ਼ਾ ਵਿੱਚ ਬਾਈਬਲ ਦਾ ਅਧਿਐਨ ਕਰਨ (ਇਸ ਦਾ ਅਰਥ ਇਹ ਨਹੀਂ ਹੈ ਕਿ ਸੁਧਾਰਕ ਵਿੱਦਿਆ ਨੂੰ ਬੇਲੋੜਾ ਸਮਝਦੇ ਸਨ ਜਾਂ ਇਹ ਕਿ ਕਲੀਸਿਯਾ ਦਾ ਪ੍ਰਸ਼ਾਸਨ ਚਲਾਉਣ ਜਾਂ ਕਲੀਸਿਯਾ ਵਿੱਚ ਸਿਖਾਉਣ ਦਾ ਹਰੇਕ ਵਿਅਕਤੀ ਕੋਲ ਬਰਾਬਰ ਦਾ ਅਧਿਕਾਰ ਹੋਣਾ ਚਾਹੀਦਾ ਹੈ)। ਸਾਰੇ ਵਿਸ਼ਵਾਸੀ ਜਾਜਕ ਹਨ।

ਇਬਰਾਨੀਆਂ ਦੀ ਪੁਸਤਕ ਇਸ ਸੱਚਾਈ ਤੇ ਜ਼ੋਰ ਦਿੰਦੀ ਹੈ ਕਿ ਯਿਸੂ ਮਸੀਹ ਵਿਸ਼ਵਾਸੀਆਂ ਲਈ ਮਹਾਨ ਪ੍ਰਧਾਨ ਜਾਜਕ ਹਨ। ਪਰਮੇਸ਼ਰ ਅਤੇ ਮਨੁੱਖ ਦੇ ਵਿਚਕਾਰ ਉਹੀ ਸੰਪੂਰਨ ਅਤੇ ਅੰਤਿਮ ਵਿਚੋਲਾ ਹਨ (ਦੇਖੋ, 1 ਤਿਮੋਥਿ 2:5)। ਉਸ ਨੇ ਸਾਰੇ ਬਲੀਦਾਨਾਂ ਨੂੰ ਖ਼ਤਮ ਕਰ ਦੇਣ ਅਤੇ ਪਰਮੇਸ਼ਰ ਅਤੇ ਮਨੁੱਖਾਂ ਵਿਚਕਾਰ ਇੱਕ ਸਥਾਈ ਸੰਬੰਧ ਸਥਾਪਿਤ ਕਰ ਦੇਣ ਦੇ ਲਈ ਸੰਪੂਰਨ ਬਲੀਦਾਨ ਦਿੱਤਾ, ਅਤੇ ਹੁਣ ਲਗਾਤਾਰ ਜਾਨਵਰਾਂ ਦੇ ਬਲੀਦਾਨ ਚੜਾਉਣ ਜਾਂ ਇੱਕ ਖ਼ਾਸ ਜਾਜਕ ਵਰਗ ਦੀ ਕੋਈ ਲੋੜ ਨਹੀਂ ਰਹੀ ਹੈ (ਦੇਖੋ, ਇਬ 2:17; 5:5-6, 10; 7:17, 26; 9:11; 10:11-12, 21)।

ਇਸ ਲਈ ਮੇਰੇ ਪਵਿੱਤਰ ਭਰਾਵੋ ਅਤੇ ਭੈਣੋ ਜਿਹੜੇ ਸਵਰਗੀ ਸੱਦੇ ਦੇ ਵਿੱਚ ਸਾਂਝੀ ਹੋ, **ਯਿਸੂ** ਦੇ ਵੱਲ ਧਿਆਨ ਕਰੋ, ਜਿਹੜੇ ਰਸੂਲ ਅਤੇ ਪ੍ਰਧਾਨ-**ਜਾਜਕ** ਹਨ ਜਿਹਨਾਂ ਦੇ ਵਿੱਚ ਅਸੀਂ ਵਿਸ਼ਵਾਸ ਕਰਦੇ ਹਾਂ। [ਇਬ 3:1]

ਇਸ ਲਈ ਕਿਉਂਕਿ ਸਾਡੇ ਇੱਕ **ਮਹਾਨ** ਪ੍ਰਧਾਨ-**ਜਾਜਕ** ਹਨ ਭਾਵ **ਪਰਮੇਸ਼ਰ ਦੇ ਪੁੱਤਰ ਯਿਸੂ** ਜਿਹੜੇ ਅਸਮਾਨਾਂ ਤੋਂ ਪਾਰ ਗਏ, ਇਸ ਲਈ ਆਓ, ਅਸੀਂ ਆਪਣੇ ਉਸ ਵਿਸ਼ਵਾਸ ਦੇ ਉੱਤੇ ਪੱਕੇ ਰਹੀਏ ਜਿਸ ਦਾ ਅਸੀਂ ਇੱਕਰਾਰ ਕਰਦੇ ਹਾਂ। ਸਾਡੇ **ਮਹਾਂ-ਜਾਜਕ** ਯਿਸੂ ਅਜਿਹੇ ਨਹੀਂ ਹਨ ਜਿਹੜੇ ਸਾਡੇ ਨਾਲ ਸਾਡੀਆਂ ਕਮਜ਼ੋਰੀਆਂ ਵਿੱਚ ਹਮਦਰਦ ਨਾ ਹੋ ਸਕਣ ਪਰ ਉਹ ਆਪ ਸਾਡੇ ਵਾਂਗ ਹਰ ਗੱਲ ਵਿੱਚ ਪਰਖੇ ਗਏ, ਤਾਂ ਵੀ ਉਹ ਨਿਰਦੋਸ਼ ਰਹੇ। [ਇਬ 4:14-15]

ਜਿੱਥੇ **ਯਿਸੂ** ਮਲਕਿਸਿਦਕ ਦੀ ਰੀਤ ਦੇ ਅਨੁਸਾਰ ਆਗੂ ਬਣ ਕੇ ਅਨੰਤਕਾਲ ਦੇ ਲਈ **ਮਹਾਂ-ਜਾਜਕ** ਦੇ ਰੂਪ ਵਿੱਚ ਸਾਡੇ ਲਈ ਅੰਦਰ ਜਾ ਚੁੱਕੇ ਹਨ। [ਇਬ 6:20]

ਜੋ ਕੁਝ ਅਸੀਂ ਕਹਿ ਰਹੇ ਹਾਂ, ਉਸ ਦੀ ਮੁੱਖ ਗੱਲ ਇਹ ਹੈ ਕਿ ਸਾਡੇ ਇੱਕ ਅਜਿਹੇ **ਮਹਾਂ-ਜਾਜਕ** ਹਨ ਜਿਹੜੇ ਸਵਰਗ ਵਿੱਚ ਪਰਮ ਪ੍ਰਧਾਨ ਪਰਮੇਸ਼ਰ ਦੇ ਸਿੰਘਾਸਣ ਦੇ ਸੱਜੇ ਹੱਥ ਵਿਰਾਜਮਾਨ ਹਨ [ਇਬ 8:1]

ਬਿਵਸਥਾ ਦੇ ਦਿੱਤੇ ਜਾਣ ਸਮੇਂ, ਪਰਮੇਸ਼ਰ ਨੇ ਇਸਰਾਏਲ ਨੂੰ ਜਾਜਕਾਂ ਦਾ ਰਾਜ ਬਣਾਉਣ ਦਾ ਵਾਅਦਾ ਕੀਤਾ ਸੀ; "ਜੇਕਰ ਤੁਸੀਂ ਮੇਰੀ ਆਵਾਜ਼ ਨੂੰ ਸੁਣੋਗੇ…" (ਕੂਚ 19:5-6)। ਪਰ, ਇਸਰਾਏਲ ਨੇ ਪੁਰਾਣੇ ਨੇਮ (ਮੂਸਾ ਦੀ ਬਿਵਸਥਾ) ਨੂੰ ਤੋੜ ਦਿੱਤਾ, ਅਤੇ ਇਸ ਦੇ ਕਾਰਨ, ਉਹਨਾਂ ਨੇ ਜਾਜਕਾਂ ਦਾ ਇੱਕ ਰਾਜ ਹੋਣ ਦੇ ਆਪਣੇ ਅਧਿਕਾਰ ਨੂੰ ਗੁਆ ਦਿੱਤਾ ਸੀ। ਬਾਅਦ ਵਿੱਚ, ਇਸਰਾਏਲ ਨੇ ਆਪਣੇ ਮਸੀਹ ਨੂੰ ਰੱਦ ਕਰ ਦਿੱਤਾ ਸੀ। ਮਸੀਹ ਦੇ ਲਹੂ ਦੇ ਆਧਾਰ ਤੇ ਪਰਮੇਸ਼ਰ ਇੱਕ ਨਵਾਂ ਨੇਮ ਪੇਸ਼ ਕਰਦੇ ਹਨ ਜੋ ਕਲੀਸਿਯਾ ਦੇ ਰੂਪ ਵਿੱਚ ਹੁਣ ਲਾਗੂ ਹੋਇਆ ਹੈ। ਕਲੀਸਿਯਾ ਦੇ ਸਾਰੇ ਵਿਸ਼ਵਾਸੀਆਂ ਨੂੰ ਜਾਜਕਾਂ ਦਾ ਰਾਜ ਬਣਾ ਦਿੱਤਾ ਗਿਆ ਹੈ ਜਿਸ ਵਿੱਚ ਮਸੀਹ ਪ੍ਰਧਾਨ ਜਾਜਕ ਹਨ।

ਤੁਸੀਂ ਜਿਊਂਦੇ ਪੱਥਰ ਦੀ ਤਰ੍ਹਾਂ ਆਤਮਿਕ ਇਮਾਰਤ ਦੇ ਰੂਪ ਵਿੱਚ ਉਸਾਰੇ ਜਾ ਰਹੇ ਹੋ ਕਿ ਤੁਸੀਂ **ਪਵਿੱਤਰ ਜਾਜਕ** ਬਣ ਜਾਓ ਅਤੇ ਅਜਿਹੇ ਆਤਮਿਕ ਚੜ੍ਹਾਵੇ ਚੜ੍ਹਾਓ ਜਿਹਨਾਂ ਨੂੰ ਪਰਮੇਸ਼ਰ ਯਿਸੂ ਮਸੀਹ ਦੇ ਦੁਆਰਾ ਸਵੀਕਾਰ ਕਰਦੇ ਹਨ....ਪਰ ਤੁਸੀਂ ਚੁਣਿਆ ਹੋਇਆ ਵੰਸ, **ਜਾਜਕਾਂ** ਦਾ ਸ਼ਾਹੀ ਦਲ, ਪਵਿੱਤਰ ਕੌਮ, ਅਤੇ ਪਰਮੇਸ਼ਰ ਦੇ ਆਪਣੇ ਲੋਕ ਹੋ ਤਾਂ ਜੋ ਤੁਸੀਂ ਉਹਨਾਂ ਦੇ ਵੱਡੇ ਕੰਮਾਂ ਦਾ ਪ੍ਰਚਾਰ ਕਰੋ ਜਿਹਨਾਂ ਨੇ ਤੁਹਾਨੂੰ ਹਨੇਰੇ ਵਿੱਚੋਂ ਆਪਣੇ ਅਦਭੁੱਤ ਚਾਨਣ ਵਿੱਚ ਸੱਦਿਆ

ਹੈ [1 ਪਤਰਸ 2:5, 9]

ਅਤੇ ਜਿਹਨਾਂ ਨੇ ਸਾਨੂੰ ਆਪਣੇ ਪਰਮੇਸ਼ਰ ਅਤੇ ਪਿਤਾ ਦੀ ਸੇਵਾ ਦੇ ਲਈ ਇੱਕ ਰਾਜ ਅਤੇ **ਜਾਜਕ** ਬਣਾਇਆ, ਉਹਨਾਂ ਦੀ ਮਹਿਮਾ ਅਤੇ ਸਮਰੱਥਾ ਅਨੰਤਕਾਲ ਤੱਕ ਹੋਵੇ! ਆਮੀਨ। [ਪ੍ਰਕਾਸ਼ 1:6]

ਉਹ ਇਹ ਨਵਾਂ ਭਜਨ ਗਾ ਰਹੇ ਸਨ, "ਤੁਸੀਂ ਸਕ੍ਰੋਲ ਨੂੰ ਖੋਲ੍ਹਣ ਅਤੇ ਮੋਹਰਾਂ ਨੂੰ ਤੋੜਨ ਦੇ ਯੋਗ ਹੋ... ਤੁਸੀਂ ਉਹਨਾਂ ਨੂੰ ਪਰਮੇਸ਼ਰ ਦੇ ਲਈ ਇੱਕ ਰਾਜ ਅਤੇ **ਜਾਜਕ** ਬਣਾਇਆ ਅਤੇ ਉਹ ਧਰਤੀ ਦੇ ਉੱਤੇ ਰਾਜ ਕਰਨਗੇ।" [ਪ੍ਰਕਾਸ਼ 5:9-10]

ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ **ਜਾਜਕ** ਹੋਣਗੇ ਅਤੇ ਉਹਨਾਂ ਦੇ ਨਾਲ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ। [ਪ੍ਰਕਾਸ਼ 20:6 ]

ਕਿਉਂਕਿ ਸਾਰੇ ਵਿਸ਼ਵਾਸੀ ਜਾਜਕ ਹਨ , ਇਸ ਲਈ ਕਿਸੇ ਵਿਚੋਲੇ ਦੀ ਪ੍ਰਾਰਥਨਾ ਦੇ ਬਿਨਾਂ ਹੀ ਉਹ ਪਰਮੇਸ਼ਰ ਤੱਕ ਸਿੱਧੀ ਪਹੁੰਚ ਦਾ ਵਿਸ਼ੇਸ਼ ਅਧਿਕਾਰ ਰੱਖਦੇ ਹਨ (ਅਫ਼ਸੀ 2:18)। ਇਸ ਤੋਂ ਇਲਾਵਾ, ਇਹ ਪਰਮੇਸ਼ਰ ਦੀ ਇੱਛਾ ਹੈ ਕਿ ਸਾਰੇ ਵਿਸ਼ਵਾਸੀਆਂ ਦੇ ਕੋਲ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਪਰਮੇਸ਼ਰ ਦਾ ਵਚਨ ਹੋਵੇ ਤਾਂ ਜੋ ਉਹ ਨਿੱਜੀ ਵਿਸ਼ਵਾਸਾਂ ਨੂੰ ਵਿਕਸਿਤ ਕਰ ਸਕਣ ਅਤੇ ਸਿੱਖਿਅਕਾਂ ਦੁਆਰਾ ਕਲੀਸਿਯਾ ਵਿੱਚ ਦਿਤੀਆਂ ਜਾਣ ਵਾਲੀਆਂ ਸਿੱਖਿਆਵਾਂ ਦੀ ਆਪ ਹੀ ਪੁਸ਼ਟੀ ਕਰ ਸਕਣ (ਦੇਖੋ, ਰਸੂਲਾਂ 17:11;1 ਯੂਹੰਨਾ 4:1)।

ਜਾਜਕਾਂ ਦੀ ਜ਼ਿਮੇਵਾਰੀ ਬਲੀਦਾਨ ਚੜ੍ਹਾਉਣਾ ਹੁੰਦੀ ਹੈ। ਨਵੇਂ ਨੇਮ ਵਿੱਚ ਘੱਟੋ-ਘੱਟ ਤਿੰਨ ਬਲੀਦਾਨਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਵਿਸ਼ਵਾਸੀ-ਜਾਜਕਾਂ ਨੂੰ ਚੜ੍ਹਾਉਣੇ ਚਾਹੀਦੇ ਹਨ। ਸਭ ਤੋਂ ਪਹਿਲਾਂ, ਸਾਨੂੰ ਆਪਣੇ ਆਪ ਨੂੰ ਇੱਕ ਜਿਊਂਦਾ ਬਲੀਦਾਨ ਦੇ ਰੂਪ ਵਿੱਚ ਚੜ੍ਹਾਉਣ ਦੀ ਲੋੜ ਹੈ (ਰੋਮੀ 12:1)। ਇਸ ਤੋਂ ਬਾਅਦ, ਪਰਮੇਸ਼ਰ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਕੰਮ ਨੂੰ ਅੱਗੇ ਵਧਾਉਣ ਲਈ ਅਸੀਂ ਆਪਣੀ ਦੌਲਤ ਦੀ ਭੇਟ ਚੜ੍ਹਾਈਏ (ਫ਼ਿਲਿੱਪੀ 4:18)। ਅੰਤ ਵਿੱਚ, ਵਿਸ਼ਵਾਸੀ-ਜਾਜਕਾਂ ਨੂੰ ਵਡਿਆਈ ਅਤੇ ਉਸਤਤ ਦਾ ਬਲੀਦਾਨ ਦੇਣਾ ਚਾਹੀਦਾ ਹੈ (ਇਬ 13:15-16)।

ਇਸ ਲਈ ਮੇਰੇ ਭਰਾਵੋ ਅਤੇ ਭੈਣੋ, ਪਰਮੇਸ਼ਰ ਦੀ ਮਹਾਨ ਦਇਆ ਨੂੰ ਯਾਦ ਕਰਵਾਉਂਦੇ ਹੋਏ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ **ਆਪਣੇ ਸਰੀਰਾਂ** ਨੂੰ ਪਰਮੇਸ਼ਰ ਦੇ ਸਾਹਮਣੇ ਜਿਊਂਦਾ, ਪਵਿੱਤਰ ਅਤੇ ਮਨਭਾਉਂਦਾ **ਬਲੀਦਾਨ** ਹੋਣ ਲਈ ਚੜ੍ਹਾਓ ਕਿਉਂਕਿ ਇਹ ਹੀ ਤੁਹਾਡੀ ਸੱਚੀ ਭਗਤੀ ਹੈ। [ਰੋਮੀ 12:1]

ਮੇਰੇ ਕੋਲ ਸਭ ਕੁਝ ਹੈ ਸਗੋਂ ਭਰਪੂਰੀ ਨਾਲ ਹੈ। ਤੁਹਾਡੇ ਵੱਲੋਂ ਇਪਾਫ਼ਰੋਦੀਤੁਸ ਦੇ ਰਾਹੀਂ **ਭੇਜੀਆਂ ਚੀਜ਼ਾਂ** ਨੂੰ ਪ੍ਰਾਪਤ ਕਰ ਕੇ ਮੈਂ ਸੰਤੁਸ਼ਟ ਹੋ ਗਿਆ ਹਾਂ। ਉਹ ਚੀਜ਼ਾਂ ਇੱਕ ਮਿੱਠੀ ਸੁਗੰਧ ਅਤੇ **ਪ੍ਰਵਾਨਯੋਗ ਬਲੀਦਾਨ** ਹਨ ਜਿਹੜੀਆਂ ਪਰਮੇਸ਼ਰ ਨੂੰ ਭਾਉਂਦੀਆਂ ਹਨ [ਫ਼ਿਲਿੱਪੀ 4:18]

ਇਸ ਲਈ ਆਓ, ਅਸੀਂ ਯਿਸੂ ਦੇ ਰਾਹੀਂ ਆਪਣੇ **ਵਡਿਆਈ ਦੇ ਬਲੀਦਾਨ** ਨੂੰ ਪਰਮੇਸ਼ਰ ਦੇ ਸਾਹਮਣੇ ਚੜ੍ਹਾਉਂਦੇ ਰਹੀਏ, ਉਹ ਵਡਿਆਈ ਜਿਹੜੀ ਮੂੰਹ ਦੇ ਦੁਆਰਾ ਯਿਸੂ ਦੇ ਨਾਮ ਦਾ ਇੱਕਰਾਰ ਕਰਨ ਤੋਂ ਪੈਦਾ ਹੁੰਦੀ ਹੈ ਅਤੇ ਇੱਕ ਦੂਜੇ ਦੇ ਨਾਲ **ਭਲਾਈ ਅਤੇ ਮਦਦ ਕਰਨਾ** ਨਾ ਭੁੱਲੀਏ ਕਿਉਂਕਿ ਪਰਮੇਸ਼ਰ **ਅਜਿਹੇ ਬਲੀਦਾਨਾਂ** ਤੋਂ ਪ੍ਰਸੰਨ ਹੁੰਦੇ ਹਨ। [ਇਬ 13:15-16]

### F. ਸੱਚ ਦਾ ਥੰਮ੍ਹ

ਪਰ ਜੇਕਰ ਮੈਨੂੰ ਦੇਰ ਹੋ ਜਾਵੇ ਤਾਂ ਤੈਨੂੰ ਮੇਰੀਆਂ ਇਹਨਾਂ ਲਿਖੀਆਂ ਗੱਲਾਂ ਤੋਂ ਪਤਾ ਲੱਗ ਜਾਵੇਗਾ ਕਿ ਸਾਨੂੰ ਪਰਮੇਸ਼ਰ ਦੇ ਘਰ ਵਿੱਚ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਚਾਹੀਦਾ ਹੈ ਜਿਹੜੀ ਕਿ ਜਿਊਂਦੇ ਪਰਮੇਸ਼ਰ ਦੀ **ਕਲੀਸਿਯਾ** ਹੈ ਜਿਹੜੀ **ਥੰਮ੍ਹ ਅਤੇ ਸੱਚ ਦੀ ਨੀਂਹ ਹੈ** [1 ਤਿਮੋਥਿ 3:15]

ਕਲੀਸਿਯਾ ਦਾ ਸੱਚ ਦਾ ਥੰਮ੍ਹ ਹੋਣਾ, ਬਾਈਬਲ ਦੀ ਸਿੱਖਿਆ ਦੇਣ ਵਾਲੀਆਂ ਕਲੀਸਿਯਾਵਾਂ ਦੇ ਲਈ ਇੱਕ ਪਸੰਦੀਦਾ ਵਿਸ਼ਾ ਹੋਣਾ ਚਾਹੀਦਾ ਹੈ। ਇੱਕ ਸਥਾਨਕ ਕਲੀਸਿਯਾ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਸ ਹਨੇਰੇ ਦੇ ਸੰਸਾਰ ਵਿੱਚ ਸੱਚਾਈ ਨੂੰ ਸੁਰੱਖਿਅਤ ਰੱਖੇ (ਦੇਖੋ, ਫ਼ਿਲਿੱਪੀ 2:15)। ਕਲੀਸਿਯਾ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਵਿੱਚੋਂ ਸਭ ਤੋਂ ਪ੍ਰਮੁੱਖ ਜ਼ਿਮੇਵਾਰੀ ਪਵਿੱਤਰ ਬਾਈਬਲ ਦੀ ਸਿੱਖਿਆ ਦੇਣਾ ਹੈ।

## III. ਵਿਸ਼ਵ-ਵਿਆਪੀ ਕਲੀਸਿਯਾ ਕਲੀਸਿਯਾ ਦੀ ਸ਼ੁਰੂਆਤ

ਮੱਤੀ 16:18 ਵਿੱਚ ਪ੍ਰਭੂ ਨੇ ਕਲੀਸਿਯਾ ਨੂੰ ਭਵਿੱਖ ਦੀ ਗੱਲ ਮੰਨਿਆ ਸੀ: "ਮੈਂ ਆਪਣੀ ਕਲੀਸਿਯਾ ਬਣਾਵਾਂਗਾ।" ਯੂਹੰਨਾ 17:11 ਅਤੇ 21 ਵਿੱਚ ਮਸੀਹ ਨੇ ਇਹ ਪ੍ਰਾਰਥਨਾ ਕੀਤੀ ਕਿ ਸਾਰੇ ਵਿਸ਼ਵਾਸੀ ਇੱਕ ਹੋ ਜਾਣ। 1 ਕੁਰਿੰਥ 12:12-13 ਵਿੱਚ ਮਸੀਹ ਦੇ ਸਰੀਰ (ਕਲੀਸਿਯਾ) ਵਿੱਚ ਏਕਤਾ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਆਉਂਦੀ ਹੈ। ਇਸ ਲਈ, ਕਲੀਸਿਯਾ ਦੀ ਸ਼ੁਰੂਆਤ ਨੂੰ ਪਵਿੱਤਰ ਆਤਮਾ ਦੇ ਬਪਤਿਸਮਾ ਦੀ ਸੇਵਕਾਈ ਵਿੱਚ ਹੀ ਦੇਖਣਾ ਹੋਵੇਗਾ।

ਸ਼ੁਭ-ਸਮਾਚਾਰਾਂ ਵਿੱਚ ਸ਼ੁਰੂ ਤੋਂ ਅੰਤ ਤੱਕ, ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਇੱਕ ਭਵਿੱਖ ਦੇ ਕੰਮ ਦੇ ਰੂਪ ਵਿੱਚ ਦੇਖਿਆ ਗਿਆ ਹੈ। ਸਵਰਗ ਉਠਾਏ ਜਾਣ ਵੇਲੇ ਪ੍ਰਭੂ ਨੇ ਕਿਹਾ ਕਿ "ਥੋੜ੍ਹੇ ਦਿਨਾਂ ਵਿੱਚ" ਉਹ ਆਤਮਾ ਦਾ ਬਪਤਿਸਮਾ ਪ੍ਰਾਪਤ ਕਰਨਗੇ (ਰਸੂਲਾਂ 1:5)। ਰਸੂਲਾਂ

11:15-16 ਵਿੱਚ ਪਤਰਸ ਇਹ ਸਿਖਾਉਂਦਾ ਹੈ ਕਿ ਉਹਨਾਂ ਦਾ ਆਤਮਾ ਦਾ ਬਪਤਿਸਮਾ ਹੋਇਆ ਹੈ ਜਿਸ ਤਰ੍ਹਾਂ "ਸ਼ੁਰੂ ਵਿੱਚ ਸਾਡੇ ਉੱਤੇ ਹੋਇਆ ਸੀ।" ਇਸ ਤਰ੍ਹਾਂ, ਕਲੀਸਿਯਾ ਦੀ ਸਥਾਪਨਾ ਰਸੂਲਾਂ 1:5 ਦੀਆਂ ਘਟਨਾਵਾਂ ਤੋਂ ਬਾਅਦ ਜਲਦੀ ਹੀ ਹੋ ਗਈ ਸੀ, ਅਤੇ ਇਹ ਰਸੂਲਾਂ 11:15,16 ਦੇ ਸਮੇਂ ਤੋਂ ਬਹੁਤ ਪਹਿਲਾਂ ਹੀ ਹੋ ਗਈ ਸੀ। ਇਸ ਤੋਂ ਇਲਾਵਾ, ਕਲੀਸਿਯਾ ਦੀ ਸਥਾਪਨਾ ਵਿੱਚ ਪਤਰਸ ਅਤੇ ਦੂਜੇ ਹੋਰ ਰਸੂਲ ਸ਼ਾਮਲ ਸਨ। ਸਾਰੇ ਸਬੂਤ ਪਵਿੱਤਰ ਆਤਮਾ ਦੇ ਪਹਿਲੇ ਬਪਤਿਸਮੇ ਦੇ ਲਈ ਰਸੂਲਾਂ ਰਸੂਲਾਂ ਦੇ ਕਰਤੱਬ 2 ਵਿੱਚ ਪੰਤੇਕੁਸਤ ਵੱਲ ਇਸ਼ਾਰਾ ਕਰਦੇ ਹਨ, ਅਤੇ ਇਸ ਲਈ ਉਹੀ ਸਮਾਂ ਕਲੀਸਿਯਾ ਦੀ ਸ਼ੁਰੂਆਤ ਦਾ ਸਮਾਂ ਹੈ।

## IV. ਕਲੀਸਿਯਾ, ਪਰਮੇਸ਼ਰ ਦੇ ਇੱਕ ਵਿਲੱਖਣ ਕੰਮ ਦੇ ਰੂਪ ਵਿੱਚ:

### A. "ਡਿਸਪੈਂਸੇਸ਼ਨਲਿਜ਼ਮ" ਦੀ ਮਹੱਤਤਾ

ਡਿਸਪੈਂਸੇਸ਼ਨਲਿਜ਼ਮ ਇੱਕ ਵਿਚਾਰਧਾਰਾ ਹੈ ਜੋ ਇਹ ਮੰਨਦੀ ਹੈ ਕਿ ਸੰਸਾਰ ਵਿੱਚ ਪਰਮੇਸ਼ਰ ਦਾ ਕੰਮ ਵੱਖ-ਵਹਖ ਪ੍ਰਣਾਲੀਆਂ ਜਾਂ ਪ੍ਰਸ਼ਾਸਨਾਂ ਦੁਆਰਾ ਕੀਤਾ ਜਾਂਦਾ ਹੈ। ਸਾਡਾ ਅਧਿਐਨ ਇਸ ਦੀ ਵਧੀਆ ਪਰਿਭਾਸ਼ਾ ਉੱਤੇ ਅੱਗੇ ਧਿਆਨ ਕਰੇਗਾ। ਇੱਥੇ ਦਾ ਉਦੇਸ਼ ਸਿਰਫ਼ ਇਹ ਤਰਕ ਕਰਨਾ ਹੈ ਕਿ ਪਰਮੇਸ਼ਰ ਦਾ ਵਿਸ਼ਵ-ਵਿਆਪੀ ਕੰਮ ਤਿੰਨ ਮੁੱਖ ਪ੍ਰਸ਼ਾਸਨਾਂ (ਡਿਸਪੈਂਸੇਸ਼ਨਾਂ) ਦੁਆਰਾ ਲਾਗੂ ਕੀਤਾ ਗਿਆ ਹੈ ਜਾਂ ਲਾਗੂ ਕੀਤਾ ਜਾਵੇਗਾ: ਬਿਵਸਥਾ ਜਾਂ ਯਹੂਦੀ ਧਰਮ, ਕਿਰਪਾ ਜਾਂ ਕਲੀਸਿਯਾ, ਅਤੇ ਰਾਜ ਜਾਂ ਹਜ਼ਾਰ ਸਾਲ ਦਾ ਰਾਜ।

ਹਾਲਾਂਕਿ ਇਹ ਸੱਚ ਹੈ ਕਿ ਇੱਕ ਵਿਅਕਤੀ ਡਿਸਪੈਂਸੇਸ਼ਨ ਦੇ ਵਿਚਾਰ ਨੂੰ ਅਪਣਾਏ ਬਿਨਾਂ ਵੀ ਵਿਸ਼ਵਾਸ ਦੀਆਂ ਜ਼ਰੂਰੀ ਗੱਲਾਂ ਵਿੱਚ ਕੱਟੜਵਾਦੀ ਮਸੀਹੀ ਹੋ ਸਕਦਾ ਹੈ, ਪਰ ਇਹ ਵੀ ਸੱਚ ਹੈ ਕਿ ਬਾਈਬਲ ਦੀ ਸੰਪੂਰਨ ਅਤੇ ਨਿਯਮਿਤ ਸਮਝ ਡਿਸਪੈਂਸੇਸ਼ਨ ਵਿਚਾਰ ਉੱਤੇ ਹੀ ਆਧਾਰਿਤ ਹੋਣੀ ਚਾਹੀਦੀ ਹੈ। ਜਿਹੜੇ ਲੋਕਾਂ ਵਿੱਚ ਪਰਮੇਸ਼ਰ ਦੇ ਵੱਖ-ਵੱਖ ਪ੍ਰਸ਼ਾਸਨਾਂ ਬਾਰੇ ਸਪੱਸ਼ਟ ਸਮਝ ਨਹੀਂ ਹੋਵੇਗੀ, ਉਹ ਸਿਧਾਂਤ ਦੇ ਗੰਭੀਰ ਖੇਤਰਾਂ ਵਿੱਚ ਗੰਭੀਰ ਗ਼ਲਤੀਆਂ ਕਰਨਗੇ। ਉਦਾਹਰਣ ਦੇ ਲਈ, ਜਿਹੜੇ ਲੋਕਾ ਇਹ ਨਹੀਂ ਸਮਝਦੇ ਹਨ ਕਿ ਪਵਿੱਤਰ ਆਤਮਾ ਕਲੀਸਿਯਾ ਪ੍ਰਸ਼ਾਸਨ/ਪ੍ਰਣਾਲੀ ਵਿੱਚ ਵੱਖਰੇ ਤਰੀਕੇ ਨਾਲ ਕੰਮ ਕਰਦਾ ਹੈ, ਉਹ ਇਹ ਮੰਨ ਸਕਦੇ ਹਨ ਕਿ ਲੂਕਾ 11:13 ਇਹ ਸਿਖਾਉਂਦਾ ਹੈ ਕਿ ਸਾਨੂੰ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨ ਦੇ ਲਈ ਪਰਮੇਸ਼ਰ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਪਰ, ਇਹ ਆਇਤ ਉਹਨਾਂ ਚੇਲਿਆਂ ਬਾਰੇ ਹੈ ਜੋ ਬਿਵਸਥਾ ਪ੍ਰਸ਼ਾਸਨ ਦੇ ਅਧੀਨ ਜੀਵਨ ਬਤੀਤ ਕਰ ਰਹੇ ਸਨ, ਅਤੇ ਜਦੋਂ ਸਾਰੇ ਵਿਸ਼ਵਾਸੀਆਂ ਵਿੱਚ ਪਵਿੱਤਰ ਆਤਮਾ ਦਾ ਅੰਦਰੂਨੀ ਵਾਸ ਨਹੀਂ ਹੋਇਆ ਸੀ। ਉਹ ਮਸੀਹੀ ਸੰਸਥਾਵਾਂ ਜੋ ਪਾਸਬਾਨਾਂ ਨੂੰ "ਜਾਜਕ" ਕਹਿੰਦੀਆਂ ਹਨ, ਉਹ ਕਲੀਸਿਯਾ ਅਤੇ ਯਹੂਦੀ ਧਰਮ ਦੇ ਵਿਚਕਾਰ ਅੰਤਰ ਨੂੰ ਉਲਝਾਉਂਦੀਆਂ ਹਨ। ਮੂਸਾ ਦੀ ਬਿਵਸਥਾ ਦੇ ਅਧੀਨ ਇੱਕ ਜਾਜਕਵਾਦ ਹੁੰਦਾ ਸੀ, ਪਰ ਕਿਰਪਾ ਦੀ ਬਿਵਸਥਾ ਵਿੱਚ ਸਾਰੇ ਵਿਸ਼ਵਾਸੀ ਜਾਜਕ ਹਨ। ਬਿਵਸਥਾ ਦੇ ਅਧੀਨ ਵਿਸ਼ਵਾਸੀਆਂ ਦਾ ਇੱਕ ਜਾਜਕ ਹੁੰਦਾ ਸੀ। ਕਲੀਸਿਯਾ ਦੇ ਅਧੀਨ ਵਿਸ਼ਵਾਸੀ ਆਪ ਹੀ ਜਾਜਕ ਹਨ। ਇਸ ਤੋਂ ਇਲਾਵਾ, ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸ਼ੁਭ-ਸਮਾਚਾਰਾਂ ਵਿੱਚ ਜਿਹੜੇ "ਸੇਵਕਾਂ" ਨੂੰ ਬਾਹਰ ਹਨੇਰੇ ਵਿੱਚ ਸੁੱਟਣ ਦਾ ਹਵਾਲਾ ਦਿੱਤਾ ਗਿਆ ਹੈ (ਮੱਤੀ 8:12; 25:30; ਲੂਕਾ 12:46), ਉਹ ਕਲੀਸਿਯਾ ਦੇ ਵਿਸ਼ਵਾਸੀ ਸੇਵਕਾਂ ਦੇ ਲਈ ਨਹੀਂ ਬਲਕਿ ਅਵਿਸ਼ਵਾਸੀ ਇਸਰਾਏਲੀਆਂ ਬਾਰੇ ਹੈ। ਇਸ ਵਿੱਚ ਸਦੀਪਕ ਸੁਰੱਖਿਆ ਦੇ ਸਿਧਾਂਤ ਨਾਲ ਕਿਸੇ ਤਰ੍ਹਾਂ ਦਾ ਕੋਈ ਸਮਝੌਤਾ ਕਰਨ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਂਦੀ ਹੈ। ਵੱਖ-ਵੱਖ ਪ੍ਰਸ਼ਾਸਨਾਂ, ਖ਼ਾਸ ਤੌਰ ਤੇ ਮੂਸਾ ਦੀ ਬਿਵਸਥਾ, ਕਲੀਸਿਯਾ, ਅਤੇ ਹਜ਼ਾਰ ਸਾਲ ਦੇ ਰਾਜ ਦੇ ਪ੍ਰਸ਼ਾਸਨਾਂ ਵਿਚਕਾਰ ਫ਼ਰਕ ਨਾ ਜਾਣਨ ਦੇ ਕਾਰਨ ਹੋਣ ਵਾਲੀਆਂ ਗ਼ਲਤੀਆਂ ਨੂੰ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ।

### B. ਡਿਸਪੈਂਸੇਸ਼ਨਲਿਜ਼ਮ ਲਈ ਸਬੂਤ

ਜਿਹੜਾ ਵੀ ਵਿਅਕਤੀ ਕਲੀਸਿਯਾ ਵਿੱਚ ਜਾਨਵਰ ਬਲੀ ਲੈ ਕੇ ਨਹੀਂ ਆਉਂਦਾ ਜਾਂ ਖਜੂਰ ਦੀਆਂ ਟਹਿਣੀਆਂ ਨਾਲ ਬਣੀਆਂ ਝੌਂਪੜੀਆਂ ਵਿੱਚ ਰਹਿ ਕੇ ਤੰਬੂਆਂ ਦਾ ਤਿਉਹਾਰ ਨਹੀਂ ਮਨਾਉਂਦਾ ਹੈ, ਅਸਲ ਵਿੱਚ ਉਹ ਡਿਸਪੈਂਸੇਸ਼ਨ ਦਾ ਹੀ ਅਭਿਆਸ ਕਰਦਾ ਹੈ, ਹਾਲਾਂਕਿ ਸਿਧਾਂਤਕ ਤੌਰ ਤੇ ਉਹ ਇਸ ਤੋਂ ਇਨਕਾਰ ਕਰਨ ਵਾਲਾ ਹੋ ਸਕਦਾ ਹੈ। ਪਰਮੇਸ਼ਰ ਨੇ ਵੱਖ-ਵੱਖ ਪ੍ਰਸ਼ਾਸਨਾਂ ਜਾਂ ਪ੍ਰਣਾਲੀਆਂ ਦੁਆਰਾ ਕੰਮ ਕੀਤਾ ਹੈ, ਇਹ ਇੱਕ ਪ੍ਰਮਾਣਿਤ ਸੱਚਾਈ ਹੈ।

#### 1. ਬਿਵਸਥਾ ਬਨਾਮ ਕਿਰਪਾ, ਜਾਂ ਯਹੂਦੀ ਧਰਮ ਬਨਾਮ ਕਲੀਸਿਯਾ

ਬਾਈਬਲ ਮੂਸਾ ਦੀ ਬਿਵਸਥਾ ਦੇ ਖ਼ਤਮ ਹੋਣ ਬਾਰੇ ਬਹੁਤ ਸਪੱਸ਼ਟ ਹੈ। ਇਸ ਨੂੰ ਰੱਦ ਕਰ ਦਿੱਤਾ ਗਿਆ ਹੈ, ਅਤੇ ਇਹ ਹੁਣ ਵਿਸ਼ਵਾਸੀਆਂ ਤੇ ਲਾਗੂ ਨਹੀਂ ਹੁੰਦੀ ਹੈ। ਇਸ ਕਰਕੇ ਹੁਣ ਸਾਡੇ ਕੋਲ ਕੋਈ ਹੈਕਲ, ਜਾਜਕ, ਬਲੀਦਾਨ, ਜਾਂ ਯਹੂਦੀ ਧਰਮ ਦੀਆਂ ਹੋਰ ਰਸਮਾਂ ਨਹੀਂ ਹਨ।

ਇਹ ਕਹਿਣਾ ਕਿ ਮੂਸਾ ਦੀ ਬਿਵਸਥਾ ਨੂੰ ਰੱਦ ਕਰ ਦਿੱਤਾ ਗਿਆ ਹੈ, ਇਹ ਉਸ ਦੇ ਨਸ਼ਟ ਹੋਣ ਦੀ ਪੁਸ਼ਟੀ ਨਹੀਂ ਕਰਦਾ ਹੈ (ਜ਼ਬੂਰ 119:89; ਮੱਤੀ 5:17)। ਹਾਲਾਂਕਿ ਕਲੀਸਿਯਾ ਬਿਵਸਥਾ ਦੇ ਅਧੀਨ ਨਹੀਂ ਹੈ, ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਬਿਵਸਥਾ ਨਸ਼ਟ ਹੋ ਗਈ ਹੈ ਜਾਂ ਇਹ ਕਿ ਮਸੀਹੀ ਪੁਰਾਣੇ ਨੇਮ ਦੀ ਬੇਇੱਜ਼ਤੀ ਕਰਦੇ ਹਨ। ਕਿਉਂਕਿ ਪਰਮੇਸ਼ਰ ਆਪਣੇ ਗੁਣਾਂ ਵਿੱਚ ਕਦੇ ਨਹੀਂ ਬਦਲਦੇ ਹਨ, ਇਸ ਲਈ ਪਰਮੇਸ਼ਰ ਦੇ ਸੁਭਾਅ ਬਾਰੇ ਜੋ ਕੁਝ ਵੀ ਪੁਰਾਣਾ ਨੇਮ ਸਿਖਾਉਂਦਾ ਹੈ ਉਹ ਅਜੇ ਵੀ ਜਾਇਜ਼ ਹੈ (ਮਲਾਕੀ 3:6; ਯਾਕੂਬ 1:17)। ਪੁਰਾਣੇ ਨੇਮ ਦੀਆਂ ਆਇਤਾਂ ਅਤੇ ਕਹਾਣੀਆਂ ਦੀ ਉਹਨਾਂ ਸੱਚਾਈਆਂ ਨੂੰ

ਪ੍ਰਮਾਣਿਤ ਜਾਂ ਲਾਗੂ ਕਰਨ ਦੇ ਲਈ ਹੁਣ ਵੀ ਵਰਤੋਂ ਹੋ ਸਕਦੀ ਹੈ ਜਿਹਨਾਂ ਨੂੰ ਬਾਈਬਲ ਵਿੱਚ ਕਲੀਸਿਯਾ ਦੇ ਲਈ ਦੁਹਰਾਇਆ ਗਿਆ ਹੈ (ਰੋਮੀ 15:4; 1 ਕੁਰਿੰਥ 10:6, 11; 2 ਤਿਮੋਥਿ 3:16)। ਮੂਸਾ ਦੀ ਬਿਵਸਥਾ ਅਜੇ ਵੀ ਮਨੁੱਖ ਦੇ ਦੋਸ਼ ਨੂੰ ਸਾਬਤ ਕਰਦੀ ਹੈ (ਰੋਮੀ 3:20; 1 ਤਿਮੋਥਿ 1:8 ff.)। ਬਿਵਸਥਾ ਵਿੱਚ ਬਹੁਤ ਸਾਰੀਆਂ ਅਜੇ ਪੂਰੀਆਂ ਨਾ ਹੋਈਆਂ ਭਵਿੱਖਬਾਣੀਆਂ ਵੀ ਹਨ ਅਤੇ ਇਹ ਪਰਾਈਆਂ ਕੌਮਾਂ ਨਾਲ ਪਰਮੇਸ਼ਰ ਦੇ ਵਿਵਹਾਰ ਬਾਰੇ ਸਿਖਾਉਂਦੀਆਂ ਹਨ। ਇਸ ਤੋਂ ਇਲਾਵਾ, ਪੁਰਾਣਾ ਨੇਮ ਵਿੱਚ ਅਜਿਹੇ ਬਹੁਤ ਸਾਰੇ ਵਿਚਾਰ ਹਨ ਜੋ ਪੂਰੀ ਕਲੀਸਿਯਾ ਉੱਤੇ ਸਖ਼ਤੀ ਨਾਲ ਤਾਂ ਲਾਗੂ ਨਹੀਂ ਹੁੰਦੇ ਹਨ, ਪਰ ਉਹ ਮਸੀਹੀ ਆਜ਼ਾਦੀ ਦੇ ਖੇਤਰਾਂ ਵਿੱਚ ਵਿਅਕਤੀਗਤ ਭਾਵਨਾਵਾਂ ਨੂੰ ਵਿਕਸਿਤ ਕਰਨ ਦੇ ਲਈ ਇੱਕ ਸਰੋਤ ਹੋ ਸਕਦੇ ਹਨ (ਜਿਵੇਂ, ਇੱਕ ਗ਼ਰੀਬ ਵਿਸ਼ਵਾਸੀ ਨੂੰ ਵਿਆਜ਼ ਉੱਤੇ ਪੈਸੇ ਨਹੀਂ ਦੇਣਾ)। ਡਿਸਪੈਂਸੇਸ਼ਨ ਵਿਚਾਰ ਵਾਲੇ ਲੋਕ ਪੁਰਾਣੇ ਨੇਮ ਨੂੰ ਨਜ਼ਰਅੰਦਾਜ਼ ਨਹੀਂ ਕਰਦੇ ਹਨ। ਉਹ ਇਸ ਦੀ ਸਿਰਫ਼ ਸਹੀ ਤਰੀਕੇ ਨਾਲ ਵਰਤੋਂ ਕਰਦੇ ਹਨ। 1 ਤਿਮੋਥਿ 1:8 ਨੂੰ ਦੇਖੋ: "...ਵਿਵਸਥਾ **ਉੱਤਮ** ਹੈ, ਜੇਕਰ ਇਸ ਦੀ ਵਰਤੋਂ ਸਹੀ ਢੰਗ ਨਾਲ ਕੀਤੀ ਜਾਵੇ।"

ਬਿਵਸਥਾ ਤੋਂ ਕਿਰਪਾ ਵਿੱਚ ਤਬਦੀਲੀ ਨੂੰ ਸਮਝਣ ਵਿੱਚ ਅਸਫਲ ਹੋਣ ਦੇ ਲਈ ਕੋਈ ਬਹਾਨਾ ਨਹੀਂ ਹੈ। ਇਹ ਨਵੇਂ ਨੇਮ ਦੀ ਇੱਕ ਬੁਨਿਆਦੀ ਸਿੱਖਿਆ ਹੈ।

> ਪਰਮੇਸ਼ਰ ਨੇ ਵਿਵਸਥਾ ਤਾਂ ਮੂਸਾ ਦੇ ਦੁਆਰਾ ਦਿੱਤੀ ਪਰ **ਕਿਰਪਾ** ਅਤੇ ਸੱਚਾਈ **ਯਿਸੂ ਮਸੀਹ** ਦੇ ਦੁਆਰਾ ਆਏ। [ਯੂਹੰਨਾ 1:17]
>
> ਕਿਉਂਕਿ ਪਾਪ ਤੁਹਾਡਾ ਮਾਲਕ ਨਹੀਂ ਹੈ ਅਤੇ ਤੁਸੀਂ **ਬਿਵਸਥਾ ਦੇ ਅਧੀਨ ਨਹੀਂ** ਸਗੋਂ ਪਰਮੇਸ਼ਰ ਦੀ **ਕਿਰਪਾ** ਦੇ ਅਧੀਨ ਹੋ। [ਰੋਮੀ 6:14]
>
> ਮੇਰੇ ਭਰਾਵੋ ਅਤੇ ਭੈਣੋ, ਇਹੋ ਹਾਲ ਤੁਹਾਡਾ ਵੀ ਹੈ। ਤੁਸੀਂ ਵੀ, ਜਿੱਥੋਂ ਤੱਕ **ਵਿਵਸਥਾ ਦਾ ਸੰਬੰਧ ਹੈ, ਮਰ ਚੁੱਕੇ ਹੋ** ਕਿਉਂਕਿ ਤੁਸੀਂ ਮਸੀਹ ਦੇ ਸਰੀਰ ਦੇ ਅੰਗ ਹੋ ਅਤੇ ਕਿਸੇ ਹੋਰ ਦੇ ਹੋ ਜਾਓ, ਭਾਵ ਉਹਨਾਂ ਦੇ ਜਿਹੜੇ ਮੁਰਦਿਆਂ ਵਿੱਚੋਂ ਜੀਅ ਉੱਠੇ ਹਨ ਕਿ ਅਸੀਂ ਸਾਰੇ ਪਰਮੇਸ਼ਰ ਦੇ ਲਈ ਲਾਭਦਾਇੱਕ ਸਿੱਧ ਹੋਈਏ [ਰੋਮੀ 7:4]
>
> ਮਸੀਹ ਨੇ **ਵਿਵਸਥਾ ਦਾ ਉਦੇਸ਼ ਪੂਰਾ ਕਰ ਦਿੱਤਾ** ਕਿ ਜਿਹੜਾ ਕੋਈ ਵਿਸ਼ਵਾਸ ਕਰੇ ਉਹ ਪਰਮੇਸ਼ਰ ਦੇ ਸਾਹਮਣੇ ਨੇਕ ਠਹਿਰੇ। [ਰੋਮੀ 10:4]
>
> **ਪੱਥਰ ਦੇ ਉੱਤੇ ਉੱਕਰੇ ਹੋਏ ਨੇਮ** ਦਾ ਅੰਤ ਭਾਵੇਂ ਮੌਤ ਨਾਲ ਹੋਇਆ ਅਤੇ ਇਹ ਤੇਜ ਕੁਝ ਹੀ ਸਮੇਂ ਤੱਕ ਰਿਹਾ ਭਾਵੇਂ ਇਹ ਵੱਡੇ ਪ੍ਰਤਾਪ ਦੇ ਨਾਲ ਦਿੱਤਾ ਗਿਆ ਸੀ। ਉਸ ਦਾ ਤੇਜ ਮੂਸਾ ਦੇ ਚਿਹਰੇ ਉੱਤੇ ਇੰਨਾ ਸੀ ਕਿ ਇਸਰਾਏਲੀ ਉਸ ਵੱਲ ਦੇਖ ਵੀ ਨਹੀਂ ਸਕਦੇ ਸਨ। ਤਾਂ ਫਿਰ ਆਤਮਾ ਦੇ ਦੇਣ ਸਮੇਂ ਇਹ ਪ੍ਰਤਾਪ ਕਿੰਨਾ ਮਹਾਨ ਹੋਵੇਗਾ?.... ਕਿਉਂਕਿ ਜੇਕਰ **ਥੋੜ੍ਹੇ ਸਮੇਂ ਤੱਕ ਰਹਿਣ ਵਾਲੇ** ਦਾ ਆਪਣਾ ਤੇਜ ਇੰਨਾ ਸੀ ਤਾਂ ਫਿਰ ਅਨੰਤਕਾਲ ਤੱਕ ਰਹਿਣ ਵਾਲੇ ਦਾ ਤੇਜ ਕਿੰਨਾ ਜ਼ਿਆਦਾ ਹੋਵੇਗਾ। [2 ਕੁਰਿੰਥ 3:7-8, 11]
>
> ਇਸ ਲਈ ਮਸੀਹ ਦੇ ਆਉਣ ਤੱਕ **ਵਿਵਸਥਾ ਸਾਡੀ ਸਿੱਖਿਅਕ ਸੀ** ਕਿ ਅਸੀਂ ਵਿਸ਼ਵਾਸ ਦੇ ਦੁਆਰਾ ਨੇਕ ਠਹਿਰੀਏ। ਪਰ ਹੁਣ ਜਦੋਂ ਵਿਸ਼ਵਾਸ ਆ ਗਿਆ ਹੈ ਤਾਂ **ਅਸੀਂ ਵਿਵਸਥਾ ਦੇ ਹੇਠ ਨਹੀਂ ਰਹੇ**। [ਗਲਾਤੀ 3:24-25]
>
> ਉਹਨਾਂ ਨੇ **ਵਿਵਸਥਾ** ਦੇ ਹੁਕਮਾਂ ਅਤੇ ਨਿਯਮਾਂ ਨੂੰ **ਖ਼ਤਮ ਕਰ ਦਿੱਤਾ** ਤਾਂ ਜੋ ਯਹੂਦੀਆਂ ਅਤੇ ਪਰਾਈਆਂ ਕੌਮਾਂ ਵਿੱਚੋਂ ਇੱਕ ਸਾਂਝੀ ਕੌਮ ਪੈਦਾ ਕਰਨ ਜਿਹੜੀ ਉਹਨਾਂ ਵਿੱਚ ਇੱਕ ਹੋ ਜਾਵੇ ਅਤੇ ਇਸ ਤਰ੍ਹਾਂ ਸ਼ਾਂਤੀ ਕਾਇਮ ਰਹੇ [ਅਫ਼ਸੀ 2:15]
>
> ਉਹਨਾਂ ਨੇ ਉਸ ਕਰਜ਼ੇ ਦੇ ਖਾਤੇ ਨੂੰ **ਰੱਦ ਕਰ ਦਿੱਤਾ** ਹੈ ਜਿਹੜਾ ਸਾਡੇ ਕੋਲੋਂ **ਵਿਵਸਥਾ** ਦੀ ਪੂਰਤੀ ਦੀ ਮੰਗ ਕਰਦਾ ਸੀ। ਉਹ ਸਾਡਾ ਵਿਰੋਧੀ ਸੀ ਪਰ ਪਰਮੇਸ਼ਰ ਨੇ ਉਸ ਨੂੰ ਸਲੀਬ ਉੱਤੇ ਕਿੱਲਾਂ ਨਾਲ ਟੰਗ ਕੇ ਉਸ ਕਰਜ਼ੇ ਨੂੰ ਮਿਟਾ ਦਿੱਤਾ [ਕੁਲੁੱਸੀ 2:14]

ਇਹ ਲੇਵੀ ਜਾਜਕ ਸੀ ਜਿਸ ਦੇ ਆਧਾਰ ਦੇ ਉੱਤੇ ਇਸਰਾਏਲੀ ਕੌਮ ਨੂੰ ਵਿਵਸਥਾ ਮਿਲੀ। ਹੁਣ ਜੇਕਰ ਇਸ ਲੇਵੀ ਪੁਰੋਹਿਤਾਈ ਦੇ ਦੁਆਰਾ ਸੰਪੂਰਨਤਾ ਪ੍ਰਾਪਤ ਹੋ ਸਕਦੀ ਤਾਂ ਫਿਰ ਇਸ ਦੂਸਰੀ ਤਰ੍ਹਾਂ ਦੀ ਜਾਜਕੀ ਦੀ ਲੋੜ ਨਾ ਹੁੰਦੀ ਜਿਹੜੀ ਹਾਰੂਨ ਦੀ ਰੀਤ ਦੇ ਅਨੁਸਾਰ ਨਹੀਂ ਸਗੋਂ ਮਲਕਿਸਿਦਕ ਦੀ ਰੀਤ ਦੇ ਅਨੁਸਾਰ ਸੀ। ਫਿਰ ਜੇਕਰ ਪੁਰੋਹਿਤਾਈ ਵਿੱਚ ਬਦਲਾਵ ਆ ਗਿਆ ਤਾਂ ਇਹ ਜ਼ਰੂਰੀ ਹੈ ਕਿ **ਵਿਵਸਥਾ ਵਿੱਚ ਵੀ ਬਦਲਾਵ** ਆਵੇ। ਕਿਉਂਕਿ ਜਿਹਨਾਂ ਦੇ ਬਾਰੇ ਇਹ ਗੱਲਾਂ ਕਹੀਆਂ ਗਈਆਂ ਹਨ, ਉਹਨਾਂ ਦਾ ਸੰਬੰਧ ਕਿਸੇ ਹੋਰ ਕਬੀਲੇ ਦੇ ਨਾਲ ਸੀ ਜਿਸ ਦੇ ਕਿਸੇ ਵੀ ਆਦਮੀ ਨੇ ਕਦੀ ਵੀ ਪੁਰੋਹਿਤਾਈ ਨਹੀਂ ਕੀਤੀ ਸੀ। ਕਿਉਂਕਿ ਇਹ ਸਾਫ਼ ਹੈ ਕਿ ਸਾਡੇ ਪ੍ਰਭੂ ਦਾ ਸੰਬੰਧ ਯਹੂਦਾ ਦੇ ਕਬੀਲੇ ਦੇ ਨਾਲ ਸੀ ਅਤੇ ਮੂਸਾ ਨੇ ਇਸ ਕਬੀਲੇ ਦੇ ਸੰਬੰਧ ਵਿੱਚ ਜਾਜਕਾਂ ਦੇ ਬਾਰੇ ਕੁਝ ਨਹੀਂ ਕਿਹਾ। ਇਹ ਗੱਲ ਹੋਰ ਵੀ ਸਾਫ਼ ਹੋ ਜਾਂਦੀ ਹੈ ਕਿ ਮਲਕਿਸਿਦਕ ਦੇ ਵਾਂਗ ਇੱਕ ਹੋਰ ਪੁਰੋਹਿਤ ਦੇ ਪ੍ਰਗਟ ਹੋ ਜਾਣ ਦੇ ਨਾਲ, ਜਿਹਨਾਂ ਦੀ ਪੁਰੋਹਿਤਾਈ ਵਿਵਸਥਾ ਜਾਂ ਸਰੀਰਕ ਵੰਸਾਵਲੀ ਦੇ ਨਿਯਮ ਦੇ ਅਨੁਸਾਰ ਨਹੀਂ ਸਗੋਂ ਅਨੰਤ ਜੀਵਨ ਦੀ ਸਮਰੱਥਾ ਦੇ ਅਨੁਸਾਰ ਬਣੀ ਹੈ। ਉਹਨਾਂ ਦੇ ਸੰਬੰਧ ਵਿੱਚ ਪਵਿੱਤਰ-ਗ੍ਰੰਥ

ਇਸ ਤਰ੍ਹਾਂ ਗਵਾਹੀ ਦਿੰਦਾ ਹੈ, "ਤੂੰ ਮਲਕਿਸਿਦਕ ਦੀ ਰੀਤ ਦੇ ਅਨੁਸਾਰ, ਅਨੰਤਕਾਲ ਦੇ ਲਈ ਜਾਜਕ ਹੈਂ।" ਇਸ ਲਈ **ਪੁਰਾਣੇ ਹੁਕਮ ਨੂੰ ਰੱਦ ਦਿੱਤਾ ਗਿਆ** ਕਿਉਂਕਿ ਉਹ ਕਮਜ਼ੋਰ ਅਤੇ ਵਿਅਰਥ ਸੀ। ਕਿਉਂਕਿ ਵਿਵਸਥਾ ਦੁਆਰਾ ਸੰਪੂਰਨਤਾ ਨਾ ਮਿਲ ਸਕੀ। ਇਸ ਲਈ ਉਸ ਤੋਂ ਵੀ ਇੱਕ ਉੱਤਮ ਉਮੀਦ ਪੈਦਾ ਕੀਤੀ ਗਈ, ਜਿਸ ਦੇ ਦੁਆਰਾ ਅਸੀਂ ਪਰਮੇਸ਼ਰ ਦੇ ਨੇੜੇ ਆਉਂਦੇ ਹਾਂ.... ਇਸ ਲਈ **ਯਿਸੂ** ਹੁਣ ਇੱਕ **ਉੱਤਮ ਨੇਮ** ਦੇ ਜ਼ਾਮਨ ਬਣ ਗਏ ਹਨ। [ਇਬ 7:11-19, 22]

ਜੇਕਰ **ਪਹਿਲਾ ਨੇਮ** ਨਿਹਕਲੰਕ ਹੁੰਦਾ ਤਾਂ **ਦੂਜੇ ਨੇਮ** ਨੂੰ ਲੱਭਣ ਦੀ ਲੋੜ ਨਾ ਹੁੰਦੀ। 'ਨਵਾਂ' ਕਹਿ ਕੇ ਉਹਨਾਂ ਨੇ **ਪਹਿਲੇ ਨੇਮ ਨੂੰ ਪੁਰਾਣਾ ਬਣਾ ਦਿੱਤਾ** ਅਤੇ ਜਿਹੜਾ ਪੁਰਾਣਾ ਹੋ ਰਿਹਾ ਹੈ, ਉਹ ਛੇਤੀ ਹੀ ਅਲੋਪ ਹੋ ਜਾਵੇਗਾ। [ਇਬ 8:7, 13]

**2. ਆਉਣ ਵਾਲਾ ਰਾਜ**

ਇਹ ਇੱਕ ਹੈਰਾਨੀ ਦੀ ਗੱਲ ਹੈ ਕਿ ਇੱਕ ਵਿਅਕਤੀ ਬਾਈਬਲ ਪੜ੍ਹੇ ਅਤੇ ਇਹ ਵਿਸ਼ਵਾਸ ਨਾ ਕਰੇ ਕਿ ਉਹ ਇੱਕ ਅਜਿਹੇ ਭਵਿੱਖ ਦੇ ਰਾਜ ਦਾ ਵਾਅਦਾ ਕਰਦੀ ਹੈ ਜੋ ਇਸਰਾਏਲ ਕੌਮ ਉੱਤੇ ਕੇਂਦਰਿਤ ਹੋਵੇਗਾ। ਇਸ ਬਾਰੇ ਬਾਈਬਲ ਵਿੱਚ ਬਹੁਤ ਸਾਰੇ ਸਬੂਤ ਹਨ। ਪਰਮੇਸ਼ਰ ਨੇ ਬਿਵਸਥਾ ਦੇ ਪ੍ਰਸ਼ਾਸਨ ਨੂੰ ਬਦਲ ਕੇ ਕਿਰਪਾ ਦਾ ਪ੍ਰਸ਼ਾਸਨ ਸਥਾਪਿਤ ਕੀਤਾ ਹੈ, ਅਤੇ ਉਹ ਇੱਕ ਦਿਨ ਕਲੀਸਿਯਾ ਦੇ ਪ੍ਰਸ਼ਾਸਨ ਨੂੰ ਬਦਲ ਕੇ ਇੱਕ ਰਾਜਨੀਤਿਕ ਰਾਜ ਸਥਾਪਿਤ ਕਰਨਗੇ ਜਿਸ ਵਿੱਚ ਮਸੀਹ ਮਸੀਹ ਯਰੂਸ਼ਲਮ ਵਿੱਚ ਦਾਊਦ ਦੇ ਸਿੰਘਾਸਣ ਉੱਤੇ ਬੈਠਣਗੇ।

ਪਰਮੇਸ਼ਰ ਨੇ ਇਹ ਵਾਅਦਾ ਕੀਤਾ ਸੀ ਕਿ ਫ਼ਲਸਤੀਨ ਦੀ ਧਰਤੀ ਹਮੇਸ਼ਾ ਲਈ ਅਬਰਾਹਾਮ ਦੀ ਸੰਤਾਨ ਦੀ ਹੋਵੇਗੀ। ਸ਼ਬਦ "ਸਦਾ ਲਈ" ਸ਼ੁਰੂਆਤੀ ਵਾਅਦੇ ਵਿੱਚ ਅਤੇ ਬਾਅਦ ਦੀਆਂ ਸਦੀਆਂ ਵਿੱਚ ਹੋਣ ਵਾਲੇ ਵਾਅਦਿਆਂ ਦੀ ਪੁਸ਼ਟੀ ਵਿੱਚ ਵੀ ਮਿਲਦਾ ਹੈ। **ਅਬਰਾਹਾਮ ਦੀ ਸੰਤਾਨ ਦੇ ਲਈ ਇੱਕ ਦੇਸ਼ ਦਾ ਵਾਅਦਾ ਪੂਰਾ ਹੋਣਾ ਹੈ**। ਇਸਰਾਏਲ ਕੌਮ ਨੂੰ ਇੱਕ ਰਾਜ **ਮਿਲੇਗਾ।**

> ਕਿਉਂਕਿ ਇਹ ਸਾਰੀ **ਧਰਤੀ** ਜੋ ਤੂੰ ਵੇਖਦਾ ਹੈਂ, ਮੈਂ ਤੈਨੂੰ ਅਤੇ ਤੇਰੀ ਅੰਸ ਨੂੰ **ਸਦਾ ਲਈ ਦੇ ਦਿਆਂਗਾ।** [ਉਤ 13:15]
>
> "ਮੈਂ ਆਪਣਾ ਨੇਮ ਆਪਣੇ ਅਤੇ ਤੇਰੀ ਅੰਸ ਦੇ ਵਿੱਚ ਜੋ ਤੇਰੇ ਬਾਅਦ ਹੋਵੇਗੀ ਸਗੋਂ ਉਨ੍ਹਾਂ ਦੀਆਂ ਪੀੜ੍ਹੀਆਂ ਤੱਕ ਇੱਕ **ਅਨੰਤ ਨੇਮ** ਕਰਕੇ ਬੰਨ੍ਹਾਂਗਾ, ਮੈਂ ਤੇਰਾ ਅਤੇ ਤੇਰੇ ਬਾਅਦ ਤੇਰੀ ਅੰਸ ਦਾ ਪਰਮੇਸ਼ਰ ਹੋਵਾਂਗਾ"…. ਪਰ ਪਰਮੇਸ਼ਰ ਨੇ ਆਖਿਆ, ਤੇਰੀ ਪਤਨੀ ਸਾਰਾਹ ਜ਼ਰੂਰ ਤੇਰੇ ਲਈ ਇੱਕ ਪੁੱਤਰ ਜਣੇਗੀ, ਤੂੰ ਉਹ ਦਾ ਨਾਮ **ਇਸਹਾਕ** ਰੱਖੀਂ ਅਤੇ ਮੈਂ ਆਪਣਾ ਨੇਮ ਉਹ ਦੇ ਨਾਲ ਅਤੇ ਉਹ ਦੇ ਬਾਅਦ **ਉਹ ਦੀ ਅੰਸ ਨਾਲ, ਇੱਕ ਅਨੰਤ ਨੇਮ ਕਰਕੇ ਕਾਇਮ ਕਰਾਂਗਾ।**" [ਉਤ 17:7,19]

ਜਿਹੜਾ ਉਹ ਨੇ **ਅਬਰਾਹਾਮ** ਨਾਲ ਬੰਨ੍ਹਿਆ, ਅਤੇ ਇਸਹਾਕ ਨਾਲ ਉਹ ਦੀ ਸਹੁੰ ਖਾਧੀ, ਅਤੇ ਉਹ ਨੂੰ ਯਾਕੂਬ ਲਈ ਬਿਧੀ ਕਰਕੇ ਅਤੇ ਇਸਰਾਏਲ ਲਈ **ਅਨੰਤ** ਨੇਮ ਕਰਕੇ ਦ੍ਰਿੜ੍ਹ ਕੀਤਾ। [1 ਇਤਿਹਾਸ 16:16-17]

ਉਹ ਨੇ ਆਪਣੇ **ਨੇਮ** ਨੂੰ **ਸਦਾ** ਚੇਤੇ ਰੱਖਿਆ ਹੈ, ਉਸ ਵਚਨ ਨੂੰ ਜਿਹ ਦਾ ਉਸ ਨੇ ਹਜ਼ਾਰਾਂ ਪੀੜ੍ਹੀਆਂ ਲਈ ਹੁਕਮ ਕੀਤਾ, ਜਿਹੜਾ ਉਹ ਨੇ **ਅਬਰਾਹਾਮ ਨਾਲ** ਬੰਨ੍ਹਿਆ, ਨਾਲੇ ਇਸਹਾਕ ਨਾਲ ਉਹ ਦੀ ਸਹੁੰ ਨੂੰ, ਅਤੇ ਉਹ ਨੇ ਯਾਕੂਬ ਲਈ ਬਿਧੀ ਕਰਕੇ ਅਤੇ ਇਸਰਾਏਲ ਲਈ **ਅਨੰਤ ਨੇਮ** ਕਰਕੇ ਉਹ ਨੂੰ ਦ੍ਰਿੜ੍ਹ ਕੀਤਾ [ਜ਼ਬੂਰ 105:8-10]

"ਤਾਂ ਵੀ **ਮੈਂ ਆਪਣੇ ਉਸ ਨੇਮ ਨੂੰ ਜੋ ਤੇਰੀ ਜੁਆਨੀ ਦੇ ਦਿਨਾਂ ਵਿੱਚ ਤੇਰੇ** [ਜਾਂ ਤਾਂ ਅਬਰਾਹਾਮ ਨਾਲ ਅਤੇ ਜਾਂ ਮੂਸਾ] ਨਾਲ ਸੀ , ਚੇਤੇ ਰੱਖਾਂਗਾ ਅਤੇ **ਸਦਾ ਦਾ ਨੇਮ** ਤੇਰੇ ਨਾਲ ਕਾਇਮ ਕਰਾਂਗਾ। ਜਦੋਂ ਤੂੰ ਆਪਣੀ ਛੋਟੀ ਤੇ ਵੱਡੀ ਭੈਣ ਨੂੰ ਆਪਣੇ ਨਾਲ ਮਿਲਾਵੇਂਗੀ, ਤਦ ਤੂੰ ਆਪਣੀਆਂ ਪਿੱਛਲੀਆਂ ਚਾਲਾਂ ਨੂੰ ਚੇਤੇ ਕਰਕੇ ਸ਼ਰਮਿੰਦੀ ਹੋਵੇਂਗੀ ਅਤੇ ਮੈਂ ਉਹਨਾਂ ਨੂੰ ਧੀਆਂ ਕਰਕੇ ਤੈਨੂੰ ਦਿਆਂਗਾ, ਪਰ ਇਹ ਤੇਰੇ ਨੇਮ ਦੇ ਅਨੁਸਾਰ ਨਹੀਂ ਹੈ। ਮੈਂ ਆਪਣਾ ਨੇਮ ਤੇਰੇ ਨਾਲ ਬੰਨ੍ਹਾਂਗਾ ਅਤੇ ਤੂੰ ਜਾਣੇਗੀ ਕਿ ਯਹੋਵਾਹ ਮੈਂ ਹਾਂ" [ਹਿਜ਼ਕੀ 16:60-62]

"ਉਹ **ਉਸ ਦੇਸ ਵਿੱਚ** ਜਿਹੜਾ ਮੈਂ ਆਪਣੇ ਦਾਸ **ਯਾਕੂਬ** ਨੂੰ ਦਿੱਤਾ ਸੀ, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, **ਵੱਸਣਗੇ** ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ ਸਦਾ ਤੱਕ ਉਸ ਵਿੱਚ ਸਦਾ ਲਈ ਵੱਸਣਗੇ। ਮੇਰਾ ਦਾਸ ਦਾਊਦ ਸਦਾ ਲਈ ਉਹਨਾਂ ਦਾ ਰਾਜਕੁਮਾਰ ਹੋਵੇਗਾ। ਮੈਂ ਉਹਨਾਂ ਦੇ ਨਾਲ ਸ਼ਾਂਤੀ ਦਾ ਨੇਮ ਅਰਥਾਤ **ਸਦਾ ਦਾ ਨੇਮ** ਬੰਨ੍ਹਾਂਗਾ, ਮੈਂ ਉਹਨਾਂ ਨੂੰ ਵਸਾਵਾਂਗਾ ਅਤੇ ਉਹਨਾਂ ਨੂੰ ਵਧਾਵਾਂਗਾ। **ਉਹਨਾਂ ਦੇ ਵਿੱਚਕਾਰ ਆਪਣੇ ਪਵਿੱਤਰ ਸਥਾਨ ਨੂੰ ਸਦਾ ਲਈ ਕਾਇਮ ਕਰਾਂਗਾ**" [ਹਿਜ਼ਕੀ 37:25-26]

ਮੇਰੇ ਕਹਿਣ ਦਾ ਅਰਥ ਇਹ ਹੈ, ਵਿਵਸਥਾ ਜਿਹੜੀ ਚਾਰ ਸੌ ਤੀਹ ਸਾਲ ਬਾਅਦ ਆਈ, ਪਰਮੇਸ਼ਰ ਦੇ ਪਹਿਲਾਂ ਕੀਤੇ **ਇੱਕਰਾਰਨਾਮੇ ਨੂੰ ਤੋੜ ਨਹੀਂ ਸਕਦੀ ਅਤੇ ਨਾ ਉਹਨਾਂ ਦੇ ਵਾਅਦੇ ਨੂੰ ਰੱਦ ਕਰ ਸਕਦੀ ਹੈ।** [ਗਲਾਤੀ 3:17]

ਜਦੋਂ ਪਰਮੇਸ਼ਰ ਨੇ **ਅਬਰਾਹਾਮ ਦੇ ਨਾਲ ਆਪਣਾ ਵਾਅਦਾ** ਕੀਤਾ ਤਾਂ ਉਹਨਾਂ ਨੇ ਆਪਣੇ ਹੀ ਨਾਮ ਦੀ ਸੌਂਹ ਚੁੱਕੀ ਕਿਉਂਕਿ ਉਹਨਾਂ ਤੋਂ ਵੱਡਾ ਹੋਰ ਕੋਈ ਨਹੀਂ ਸੀ ਜਿਸ ਦੇ ਨਾਂ ਦੀ ਉਹ ਸੌਂਹ

ਚੁੱਕ ਸਕਦੇ। ਪਰਮੇਸ਼ਰ ਚਾਹੁੰਦੇ ਸਨ ਕਿ ਉਹ ਆਪਣੇ ਵਾਅਦੇ ਦੇ ਵਾਰਿਸਾਂ ਦੇ ਉੱਤੇ ਆਪਣੇ ਅਟੱਲ ਉਦੇਸ਼ਾਂ ਨੂੰ ਪ੍ਰਗਟ ਕਰਨ ਇਸ ਲਈ ਉਹਨਾਂ ਨੇ ਪੱਕੇ ਸਬੂਤ ਦੇ ਲਈ ਸੌਂਹ ਚੁੱਕੀ ਤਾਂ ਜੋ ਅਟੱਲ ਰਹਿਣ ਵਾਲੀਆਂ ਦੋ ਗੱਲਾਂ, ਵਾਅਦੇ ਅਤੇ ਸੌਂਹ, ਜਿਹਨਾਂ ਦੇ ਦੁਆਰਾ ਪਰਮੇਸ਼ਰ ਦਾ ਝੂਠ ਬੋਲਣਾ ਅਸੰਭਵ ਹੈ, ਅਸੀਂ ਜਿਹੜੇ ਸਾਹਮਣੇ ਰੱਖੀ ਹੋਈ ਆਸ ਨੂੰ ਪ੍ਰਾਪਤ ਕਰਨ ਦੇ ਵੱਲ ਦੌੜੇ ਹਾਂ, ਸਾਨੂੰ ਪੱਕਾ ਉਤਸ਼ਾਹ ਮਿਲੇ [ਇਬ 6:13, 17-18]

ਪਰਮੇਸ਼ਰ ਨੇ ਦਾਊਦ ਨਾਲ ਵਾਅਦਾ ਕੀਤਾ ਸੀ ਕਿ ਉਸ ਦੀ ਸੰਤਾਨ ਨੂੰ ਰਾਜ ਕਰਨ ਦਾ ਹੱਕ ਹੋਵੇਗਾ ਅਤੇ ਉਹ ਇਸਰਾਏਲ ਉੱਤੇ ਸਦਾ ਦੇ ਲਈ ਰਾਜ ਕਰੇਗਾ। ਫਿਰ ਵੀ, ਗ਼ੁਲਾਮੀ ਤੋਂ ਬਾਅਦ ਦਾਊਦ ਦੇ ਵੰਸ਼ਾਂ ਨੇ ਇਸਰਾਏਲ ਉੱਤੇ ਰਾਜ ਨਹੀਂ ਕੀਤਾ ਸੀ (ਰਾਜਾ ਹੇਰੋਦੇਸ ਨਾ ਤਾਂ ਦਾਊਦ ਦੇ ਵੰਸ਼ ਤੋਂ ਸੀ ਅਤੇ ਨਾ ਹੀ ਪੱਕਾ ਯਹੂਦੀ ਸੀ)। ਦਾਊਦ ਨਾਲ ਕੀਤੇ ਗਏ ਸਦੀਪਕ ਰਾਜ ਦੇ ਵਾਅਦੇ ਨੂੰ ਅੰਤ ਵਿੱਚ ਦਾਊਦ ਦੇ ਪੁੱਤਰ ਪ੍ਰਭੂ ਯਿਸੂ ਵਿੱਚ ਪੂਰਾ ਹੋਣਾ ਚਾਹੀਦਾ ਹੈ। **ਉਹਨਾਂ ਨੂੰ ਕਿਸੇ ਦਿਨ ਸ਼ਾਬਦਿਕ ਤੌਰ ਤੇ ਦਾਊਦ ਦੇ ਰਾਜ ਉੱਤੇ ਸ਼ਾਸਨ ਕਰਨਾ ਹੈ**, ਇੱਕ ਅਜਿਹਾ ਸ਼ਾਸਨ ਜੋ ਪ੍ਰਕਾਸ਼ ਦੀ ਪੋਥੀ 20:4-6 ਦੇ ਅਨੁਸਾਰ 1,000 ਸਾਲ ਦਾ ਰਾਜ ਹੋਵੇਗਾ, ਪਰ ਇਸ ਅਰਥ ਵਿੱਚ ਹਮੇਸ਼ਾਂ ਦਾ ਰਾਜ ਵੀ ਹੋਵੇਗਾ ਕਿਉਂਕਿ ਹਜ਼ਾਰ ਸਾਲ ਦੇ ਰਾਜ ਸਦੀਪਕ ਰਾਜ ਵਿੱਚ ਮਿਲਾ ਦਿੱਤਾ ਜਾਵੇਗਾ। ਦਾਊਦ ਨਾਲ ਕੀਤਾ ਗਿਆ ਮੂਲ ਵਾਅਦਾ ਸਦਾ ਲਈ ਸੀ। ਜਿਵੇਂ ਕਿ ਅਬਰਾਹਾਮ ਨਾਲ ਕੀਤਾ ਨੇਮ ਸਦੀਪਕ ਹੈ, ਉਵੇਂ ਹੀ ਦਾਊਦ ਨਾਲ ਕੀਤਾ ਨੇਮ ਵੀ ਅਟੱਲ ਅਤੇ ਸਦੀਪਕ ਹੈ। ਭਵਿੱਖ ਵਿੱਚ ਕਲੀਸਿਯਾ ਦਾ ਪ੍ਰਸ਼ਾਸਨ ਖ਼ਤਮ ਹੋ ਜਾਵੇਗਾ ਅਤੇ ਰਾਜ ਸ਼ੁਰੂ ਹੋ ਜਾਵੇਗਾ।

> "...ਉਹ ਮੇਰੇ ਨਾਮ ਦਾ ਇੱਕ ਭਵਨ ਬਣਾਵੇਗਾ ਅਤੇ ਮੈਂ **ਉਸ ਦੀ ਰਾਜ ਗੱਦੀ ਨੂੰ ਸਦੀਪਕ ਕਾਲ ਤੱਕ ਸਥਿਰ ਰੱਖਾਂਗਾ।** ਮੈਂ ਉਸ ਦਾ ਪਿਤਾ ਹੋਵਾਂਗਾ ਅਤੇ ਉਹ ਮੇਰਾ ਪੁੱਤਰ ਹੋਵੇਗਾ...**ਤੇਰਾ ਘਰਾਣਾ ਅਤੇ ਤੇਰਾ ਰਾਜ ਸਦੀਪਕ ਕਾਲ ਤੱਕ ਤੇਰੇ ਅੱਗੇ ਅਟੱਲ ਰਹੇਗਾ। ਤੇਰੀ ਰਾਜ ਗੱਦੀ ਸਦਾ ਅਟੱਲ ਰਹੇਗੀ**" [2 ਸਮੂ 7:12-16]
>
> ਮੈਂ **ਆਪਣੇ ਚੁਣੇ ਹੋਏ ਦੇ ਨਾਲ ਨੇਮ ਬੰਨ੍ਹਿਆ ਹੈ**, ਅਤੇ ਆਪਣੇ ਦਾਸ **ਦਾਊਦ** ਨਾਲ ਸਹੁੰ ਖਾਧੀ, ਕਿ ਮੈਂ **ਤੇਰੀ ਅੰਸ ਨੂੰ ਸਦਾ ਤੱਕ ਕਾਇਮ ਰੱਖਾਂਗਾ ਅਤੇ ਤੇਰੀ ਰਾਜ ਗੱਦੀ ਨੂੰ ਪੀੜ੍ਹੀਓਂ ਪੀੜ੍ਹੀ ਬਣਾਈ ਰੱਖਾਂਗਾ।** [ਜ਼ਬੂਰ 89:3-4]
>
> "ਮੈਂ **ਸਦਾ** ਉਹ ਦੇ ਲਈ ਆਪਣੀ ਦਯਾ ਬਣਾਈ ਰੱਖਾਂਗਾ, ਅਤੇ ਮੇਰਾ ਨੇਮ ਉਹ ਦੇ ਨਾਲ ਪੱਕਾ ਰਹੇਗਾ, ਅਤੇ ਮੈਂ **ਉਹ ਦੇ ਵੰਸ਼ ਨੂੰ** ਸਦਾ ਤੱਕ, ਅਤੇ ਉਹ ਦੀ **ਰਾਜ ਗੱਦੀ ਨੂੰ ਅਕਾਸ਼ ਦੇ ਦਿਨਾਂ** ਵਾਂਗੂੰ ਸਾਂਭਾਂਗਾ" [ਜ਼ਬੂਰ 89:28-29]
>
> "ਪਰ ਮੈਂ ਆਪਣੀ ਦਯਾ ਉਸ ਤੋਂ **ਹਟਾ ਨਾ ਲਵਾਂਗਾ**, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ। ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ ਨਾ ਬਦਲਾਂਗਾ। ਇੱਕ ਵਾਰ ਮੈਂ ਆਪਣੀ ਪਵਿੱਤਰਤਾਈ ਦੀ ਸਹੁੰ ਖਾ ਚੁੱਕਾ ਹਾਂ, ਫੇਰ **ਦਾਊਦ** ਨਾਲ ਝੂਠ ਨਾ ਬੋਲਾਂਗਾ। ਉਹ ਦਾ **ਵੰਸ਼ ਅੰਤ ਤੱਕ**, ਅਤੇ ਉਹ ਦੀ ਰਾਜ ਗੱਦੀ **ਸੂਰਜ** ਵਾਂਗੂੰ ਮੇਰੇ ਅੱਗੇ **ਬਣੀ ਰਹੇਗੀ**। ਉਹ ਚੰਦਰਮਾਂ ਜਿਹੀ ਕਾਇਮ ਰਹੇਗੀ, ਅਤੇ ਗਗਣ ਦੀ ਸੱਚੀ ਸਾਖੀ ਜਿਹੀ" [ਜ਼ਬੂਰ 89:33-37]
>
> "ਕੰਨ ਲਾਓ ਅਤੇ ਮੇਰੇ ਵੱਲ ਆਓ, ਸੁਣੋ ਤਾਂ ਤੁਸੀਂ ਜੀਉਂਦੇ ਰਹੋਗੇ, ਅਤੇ ਮੈਂ ਤੁਹਾਡੇ ਨਾਲ ਇੱਕ **ਸਦੀਪਕ ਨੇਮ** ਬੰਨ੍ਹਾਂਗਾ, ਅਰਥਾਤ **ਦਾਊਦ ਨਾਲ** ਬੰਨ੍ਹੀਆਂ ਅਟੱਲ **ਦਿਆਲ਼ਗੀਆਂ ਦਾ ਨੇਮ**" [ਯਸਾ 55:3]
>
> "ਉਸ ਦਿਨ ਇਸ ਤਰ੍ਹਾਂ ਹੋਵੇਗਾ, ਸੈਨਾਂ ਦੇ ਯਹੋਵਾਹ ਦਾ ਵਾਕ ਹੈ, ਕਿ ਮੈਂ ਤੇਰੀ ਧੌਣ ਉੱਤੋਂ ਉਹ ਦਾ ਜੂਲਾ ਭੰਨ ਸੁੱਟਾਂਗਾ, ਮੈਂ ਤੇਰੇ ਬੰਧਣ ਖੋਲ੍ਹ ਦਿਆਂਗਾ, ਅਤੇ ਓਪਰੇ ਫੇਰ ਉਹ ਦੇ ਕੋਲੋਂ ਟਹਿਲ ਨਾ ਕਰਾਉਣਗੇ। ਪਰ ਉਹ ਯਹੋਵਾਹ ਆਪਣੇ ਪਰਮੇਸ਼ਰ ਦੀ, ਅਤੇ **ਦਾਊਦ ਆਪਣੇ ਰਾਜਾ ਦੀ**, ਜਿਹ ਨੂੰ ਮੈਂ ਉਹਨਾਂ ਲਈ **ਖੜਾ ਕਰਾਂਗਾ** ਟਹਿਲ ਕਰਨਗੇ" [ਯਿਰ 30:8-9]
>
> ਇਸ ਤਰ੍ਹਾਂ ਇਸਰਾਏਲੀ ਵੀ ਬਹੁਤ ਦਿਨਾਂ ਤੱਕ ਬਿਨ੍ਹਾਂ ਰਾਜੇ ਤੇ ਹਾਕਮ ਦੇ, ਬਿਨ੍ਹਾਂ ਭੇਟ ਤੇ ਥੰਮ੍ਹ ਦੇ, ਬਿਨ੍ਹਾਂ ਏਫ਼ੋਦ ਤੇ ਤਰਾਫ਼ੀਮ ਦੇ ਰਹਿਣਗੇ। ਇਸ ਤੋਂ ਬਾਅਦ ਇਸਰਾਏਲੀ ਮੁੜਨਗੇ ਅਤੇ ਯਹੋਵਾਹ ਆਪਣੇ ਪਰਮੇਸ਼ਰ ਨੂੰ ਅਤੇ **ਦਾਊਦ ਆਪਣੇ ਰਾਜਾ** ਨੂੰ ਭਾਲਣਗੇ। **ਆਖ਼ਰੀ ਦਿਨਾਂ ਵਿੱਚ** ਯਹੋਵਾਹ ਅਤੇ ਉਹ ਦੀ ਭਲਿਆਈ ਵੱਲ ਭੈਅ ਮੰਨ ਕੇ ਮੁੜਨਗੇ। [ਹੋਸ਼ੇਆ 3:4-5]
>
> ਉਸ ਦਿਨ ਮੈਂ **ਦਾਊਦ** ਦੇ ਡਿੱਗੇ ਹੋਏ ਡੇਰੇ ਨੂੰ **ਖੜ੍ਹਾ ਕਰਾਂਗਾ** ਅਤੇ ਉਸ ਦੀਆਂ ਤੇੜਾਂ ਨੂੰ ਬੰਦ ਕਰਾਂਗਾ, ਮੈਂ ਉਸ ਦੇ ਖੰਡਰਾਂ ਨੂੰ ਫੇਰ ਬਣਾਵਾਂਗਾ ਅਤੇ ਉਸ ਨੂੰ ਪੁਰਾਣੇ ਸਮਿਆਂ ਵਰਗਾ ਬਣਾ ਦਿਆਂਗਾ [ਆਮੋਸ 9:11]

ਪੁਰਾਣੇ ਨੇਮ ਦੇ ਨਬੀਆਂ ਨੇ ਵੀ ਇੱਕ ਅਜਿਹੇ ਨਵੇਂ ਨੇਮ ਦੇ ਬਾਰੇ ਗੱਲ ਕੀਤੀ ਸੀ ਜੋ ਇਸਰਾਏਲ ਨਾਲ ਬੰਨਿਆ ਜਾਵੇਗਾ। ਇਹ ਨਵਾਂ ਨੇਮ ਮਸੀਹ ਦੇ ਲਹੂ ਉੱਤੇ ਆਧਾਰਿਤ ਹੈ (ਮੱਤੀ 26:28)। ਇਹ ਕਲੀਸਿਯਾ ਵਿੱਚ ਲਾਗੂ ਹੋ ਚੁੱਕਾ ਹੈ ਅਤੇ ਅੰਤ ਵਿੱਚ ਇਸਰਾਏਲ ਕੌਮ ਨਾਲ ਵੀ ਇਸ ਦੀ ਪੁਸ਼ਟੀ ਕੀਤੀ ਜਾਵੇਗੀ (ਦੇਖੋ, ਇਬ 8:7-13)। ਇਹ ਮਸੀਹ ਵਿੱਚ ਨਵਾਂ ਨੇਮ ਬਿਨਾਂ ਕਿਸੇ ਸ਼ਰਤ ਦੇ ਹੈ। ਇਸ ਨੂੰ ਤੋੜਿਆ ਨਹੀਂ ਜਾ ਸਕਦਾ ਹੈ, ਅਤੇ ਇਸ ਕਾਰਨ, ਇਹ ਇਸਰਾਏਲ ਦੇ ਲਈ ਇੱਕ ਭਵਿੱਖ

ਨੂੰ ਪੱਕਾ ਕਰਦਾ ਹੈ। ਇਸ ਦਾ ਅਰਥ ਹੈ ਕਿ ਕਲੀਸਿਯਾ ਦੇ ਪ੍ਰਸ਼ਾਸਨ ਤੋਂ ਬਾਅਦ ਰਾਜ ਦਾ ਪ੍ਰਸ਼ਾਸਨ ਹੋਵੇਗਾ।

"ਦੇਖੋ, ਉਹ ਦਿਨ ਆ ਰਹੇ ਹਨ, ਯਹੋਵਾਹ ਦਾ ਵਾਕ ਹੈ, ਕਿ **ਮੈਂ ਇਸਰਾਏਲ ਦੇ ਘਰਾਣੇ ਨਾਲ ਅਤੇ ਯਹੂਦਾਹ ਦੇ ਘਰਾਣੇ ਨਾਲ ਇੱਕ ਨਵਾਂ ਨੇਮ ਬੰਨ੍ਹਾਂਗਾ** ਉਸ ਨੇਮ ਵਾਂਗੂੰ ਨਹੀਂ ਜਿਹੜਾ ਉਹਨਾਂ ਦੇ ਪੁਰਖਿਆਂ ਨਾਲ ਬੰਨ੍ਹਿਆ ਜਿਸ ਦਿਨ ਮੈਂ ਉਹਨਾਂ ਦਾ ਹੱਥ ਫੜ੍ਹਿਆ ਕਿ ਉਹਨਾਂ ਨੂੰ ਮਿਸਰ ਦੇਸ ਵਿੱਚੋਂ ਬਾਹਰ ਲਿਆਵਾਂ, ਜਿਸ ਮੇਰੇ ਨੇਮ ਨੂੰ ਉਹਨਾਂ ਨੇ ਤੋੜ ਦਿੱਤਾ ਭਾਵੇਂ ਮੈਂ ਉਹਨਾਂ ਦਾ ਸੁਆਮੀ ਸੀ, ਯਹੋਵਾਹ ਦਾ ਵਾਕ ਹੈ ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਉਹ ਸਾਰੀਆਂ ਦੇ ਸਾਰੇ ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ ਮੈਨੂੰ ਜਾਣ ਲੈਣਗੇ, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ। ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਜੋ ਦਿਨ ਦੇ ਚਾਨਣ ਲਈ **ਸੂਰਜ** ਦਿੰਦਾ, ਅਤੇ ਰਾਤ ਦੇ ਚਾਨਣ ਲਈ **ਚੰਦ** ਅਤੇ ਤਾਰਿਆਂ ਦੀ ਬਿਧੀ, ਜੋ ਸਮੁੰਦਰ ਨੂੰ ਐਉਂ ਉਛਾਲਦਾ ਹੈ, ਕਿ ਉਹ ਦੀਆਂ ਲਹਿਰਾਂ ਗੱਜਦੀਆਂ ਹਨ, ਸੈਨਾਂ ਦਾ ਯਹੋਵਾਹ ਉਸ ਦਾ ਨਾਮ ਹੈ। **ਜੇ ਇਹ ਬਿਧੀਆਂ ਮੇਰੇ ਅੱਗੋਂ ਹਟਾਈਆਂ ਜਾਣ**, ਯਹੋਵਾਹ ਦਾ ਵਾਕ ਹੈ, ਤਾਂ **ਇਸਰਾਏਲ ਦੀ ਨਸਲ ਵੀ ਜਾਂਦੀ ਰਹੇਗੀ, ਭਈ ਉਹ ਸਦਾ ਲਈ ਮੇਰੇ ਅੱਗੇ ਕੌਮ ਨਾ ਰਹੇ।** ਯਹੋਵਾਹ ਇਸ ਤਰ੍ਹਾਂ ਆਖਦਾ ਹੈ, - **ਜੇ ਉੱਪਰੋਂ ਅਕਾਸ਼ ਮਿਣਿਆ ਜਾਵੇ, ਅਤੇ ਹੇਠਾਂ ਧਰਤੀ ਦੀਆਂ ਨੀਹਾਂ ਦੀ ਭਾਲ ਕੀਤੀ ਜਾਵੇ, ਤਦ ਮੈਂ ਵੀ ਇਸਰਾਏਲ ਦੀ ਸਾਰੀ ਨਸਲ ਨੂੰ ਉਹਨਾਂ ਦੇ ਸਾਰੇ ਕੰਮਾਂ ਦੇ ਕਾਰਨ ਰੱਦ ਦਿਆਂਗਾ,** ਯਹੋਵਾਹ ਦਾ ਵਾਕ ਹੈ। [ਯਿਰ 31:31-37]

"ਮੈਂ ਉਹਨਾਂ ਨਾਲ ਇੱਕ **ਸਦਾ ਦਾ ਨੇਮ** ਬੰਨ੍ਹਾਂਗਾ ਅਤੇ ਮੈਂ ਉਹਨਾਂ ਦਾ ਭਲਾ ਕਰਨ ਤੋਂ ਨਾ ਹਟਾਂਗਾ ਅਤੇ ਮੈਂ ਆਪਣਾ ਭੈਅ ਉਹਨਾਂ ਦੇ ਦਿਲ ਵਿੱਚ ਪਾਵਾਂਗਾ ਭਈ ਉਹ ਫੇਰ ਮੈਥੋਂ ਫਿਰ ਨਾ ਜਾਣ" [ਯਿਰ 32:40]

"ਕਿਉਂ ਜੋ ਮੈਂ ਤੁਹਾਨੂੰ ਕੌਮਾਂ ਵਿੱਚੋਂ ਲਵਾਂਗਾ, **ਸਾਰੇ ਦੇਸਾਂ ਵਿੱਚੋਂ ਤੁਹਾਨੂੰ ਇਕੱਠੇ ਕਰਾਂਗਾ** ਅਤੇ **ਤੁਹਾਨੂੰ ਤੁਹਾਡੀ ਭੂਮੀ ਵਿੱਚ ਲਿਆਵਾਂਗਾ।** ਤਦ ਤੁਹਾਡੇ ਉੱਤੇ ਨਿਰਮਲ ਜਲ ਛਿੜਕਾਂਗਾ, ਤੁਸੀਂ ਸ਼ੁੱਧ ਹੋਵੇਗੇ ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁੱਧ ਕਰਾਂਗਾ। ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ। ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ" [ਹਿਜ਼ਕੀ 36:24-26]

ਇਸ ਲਈ ਤੂੰ ਭਵਿੱਖਬਾਣੀ ਕਰ ਅਤੇ ਇਹਨਾਂ ਨੂੰ ਆਖ, ਪ੍ਰਭੂ ਯਹੋਵਾਹ ਇਹ ਆਖਦਾ ਹੈ, ਹੇ ਮੇਰੇ ਲੋਕੋ, ਦੇਖੋ! ਮੈਂ **ਤੁਹਾਡੀਆਂ ਕਬਰਾਂ ਨੂੰ ਖੋਲ੍ਹਾਂਗਾ** ਅਤੇ ਤੁਹਾਨੂੰ ਉਹਨਾਂ ਵਿੱਚੋਂ ਬਾਹਰ ਕੱਢਾਂਗਾ ਅਤੇ **ਇਸਰਾਏਲ ਦੀ ਭੂਮੀ ਵਿੱਚ ਲਿਆਵਾਂਗਾ**। ਹੇ ਮੇਰੇ ਲੋਕੋ, **ਜਦੋਂ ਮੈਂ ਤੁਹਾਡੀਆਂ ਕਬਰਾਂ ਨੂੰ ਖੋਲ੍ਹਾਂਗਾ** ਅਤੇ ਤੁਹਾਨੂੰ ਤੁਹਾਡੀਆਂ ਕਬਰਾਂ ਵਿੱਚੋਂ ਬਾਹਰ ਕੱਢਾਂਗਾ, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ! ਮੈਂ ਆਪਣਾ ਸਾਹ ਤੁਹਾਡੇ ਵਿੱਚ ਪਾਵਾਂਗਾ ਅਤੇ ਤੁਸੀਂ ਜੀਉਂਦੇ ਹੋ ਜਾਵੋਗੇ। ਮੈਂ ਤੁਹਾਨੂੰ ਤੁਹਾਡੀ ਭੂਮੀ ਉੱਤੇ ਵਸਾਵਾਂਗਾ, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਨੇ ਆਖਿਆ ਹੈ ਅਤੇ ਮੈਂ ਹੀ ਪੂਰਾ ਕੀਤਾ, ਯਹੋਵਾਹ ਦਾ ਵਾਕ ਹੈ" [ਹਿਜ਼ਕੀ 37:12-14]

"ਮੈਂ ਉਹਨਾਂ ਦੇ ਨਾਲ **ਸ਼ਾਂਤੀ ਦਾ ਨੇਮ** ਅਰਥਾਤ **ਸਦਾ ਦਾ ਨੇਮ** ਬੰਨ੍ਹਾਂਗਾ, ਮੈਂ ਉਹਨਾਂ ਨੂੰ ਵਸਾਵਾਂਗਾ ਅਤੇ ਉਹਨਾਂ ਨੂੰ ਵਧਾਵਾਂਗਾ। ਉਹਨਾਂ ਦੇ ਵਿੱਚ**ਕਾਰ ਆਪਣੇ ਪਵਿੱਤਰ ਸਥਾਨ ਨੂੰ ਸਦਾ ਲਈ ਕਾਇਮ ਕਰਾਂਗਾ**।" [ਹਿਜ਼ਕੀ 37:26] (ਹਿਜ਼ਕੀਏਲ 37 ਦਾ ਇਹ ਹਵਾਲਾ ਹਿਜ਼ਕੀਏਲ 36 ਵਿੱਚ ਇਸਰਾਏਲ ਦੇ ਨਾਲ ਨਵੇਂ ਨੇਮ ਦੀ ਪੁਸ਼ਟੀ ਸਾਬਤ ਕਰਨ ਵਿੱਚ ਵੀ ਮਦਦ ਕਰਦਾ ਹੈ)।

ਪੁਰਾਣਾ ਨੇਮ ਇਹ ਵਾਅਦਾ ਕਰਦਾ ਹੈ ਕਿ ਇਸਰਾਏਲ ਇੱਕ ਵਿਸ਼ਵ-ਵਿਆਪੀ ਅਤੇ ਸਥਾਈ ਰਾਜ ਦਾ ਕੇਂਦਰ ਹੋਵੇਗਾ। ਜੇਕਰ ਅਸੀਂ ਇਹ ਨਹੀਂ ਮੰਨਦੇ ਕਿ ਪਰਮੇਸ਼ਰ ਜਾਂ ਤਾਂ ਝੂਠੇ ਹਨ ਅਤੇ ਜਾਂ ਉਹ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਕਮਜ਼ੋਰ ਹਨ, **ਤਾਂ ਸਾਨੂੰ ਇਹ ਮੰਨਣਾ ਹੋਵੇਗਾ ਕਿ ਇਸਰਾਏਲ ਦੇ ਲਈ ਇੱਕ ਭਵਿੱਖ ਦਾ ਰਾਜ ਹੈ** (ਯਿਰ 31:3 ਵੀ ਦੇਖੋ)।

**ਆਖ਼ਰੀ ਦਿਨਾਂ** ਦੇ ਵਿੱਚ ਅਜਿਹਾ ਹੋਵੇਗਾ ਕਿ **ਯਹੋਵਾਹ ਦੇ ਭਵਨ ਦਾ ਪਰਬਤ ਪਰਬਤਾਂ ਦੇ ਸਿਰੇ ਉੱਤੇ ਕਾਇਮ ਕੀਤਾ ਜਾਵੇਗਾ**, ਅਤੇ ਉਹ ਪਹਾੜੀਆਂ ਤੋਂ ਉੱਚਾ ਕੀਤਾ ਜਾਵੇਗਾ, ਅਤੇ **ਸਭ ਕੌਮਾਂ ਧਾਰ ਵਾਂਗੂੰ ਉਸ ਦੇ ਵੱਲ ਵਗਣਗੀਆਂ।** ਬਹੁਤੀਆਂ ਉੱਮਤਾਂ ਆਉਣਗੀਆਂ ਅਤੇ ਆਖਣਗੀਆਂ, ਆਓ, ਅਸੀਂ ਯਹੋਵਾਹ ਦੇ ਪਰਬਤ ਉੱਤੇ, ਯਾਕੂਬ ਦੇ ਪਰਮੇਸ਼ਰ ਦੇ ਭਵਨ ਵੱਲ ਚੜ੍ਹੀਏ, ਤਾਂ ਜੋ ਉਹ ਸਾਨੂੰ **ਰਾਹ ਵਿਖਾਵੇ**, ਅਤੇ ਅਸੀਂ ਉਹ

ਦੇ ਰਾਹਾਂ ਵਿੱਚ ਚੱਲੀਏ, ਕਿਉਂ ਜੋ **ਬਿਵਸਥਾ ਸੀਯੋਨ ਤੋਂ ਨਿੱਕਲੇਗੀ**, ਅਤੇ ਯਹੋਵਾਹ ਦਾ ਵਚਨ ਯਰੂਸ਼ਲਮ ਤੋਂ। **ਉਹ ਕੌਮਾਂ ਵਿੱਚ ਨਿਆਂ ਕਰੇਗਾ**, ਅਤੇ ਬਹੁਤੀਆਂ ਉੱਮਤਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫ਼ਾਲ ਅਤੇ ਆਪਣੇ ਬਰਛਿਆਂ ਨੂੰ ਦਾਤੀਆਂ ਬਣਾਉਣਗੇ। ਕੌਮ-ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ ਉਹ **ਫੇਰ ਕਦੀ ਵੀ ਲੜਾਈ ਨਾ** ਸਿੱਖਣਗੇ। [ਯਸਾ 2:2-4]

"ਕੌਮਾਂ ਤੇਰੇ ਚਾਨਣ ਵੱਲ ਆਉਣਗੀਆਂ, ਅਤੇ ਰਾਜੇ ਤੇਰੇ ਚੜ੍ਹਾਓ ਦੀ ਚਮਕ ਵੱਲ। ਤਦ ਤੂੰ ਇਸ ਨੂੰ ਵੇਖੇਂਗੀ ਅਤੇ ਚਮਕੇਂਗੀ, ਅਤੇ ਤੇਰਾ ਦਿਲ ਥਰ-ਥਰ ਕੰਬੇਗਾ ਅਤੇ ਅਨੰਦ ਨਾਲ ਭਰ ਜਾਵੇਗਾ, ਕਿਉਂ ਜੋ ਸਮੁੰਦਰ ਦੀ ਬਹੁਤਾਇਤ ਤੇਰੇ ਵੱਲ ਫਿਰੇਗੀ, ਅਤੇ **ਕੌਮਾਂ ਦਾ ਮਾਲ-ਧਨ ਤੇਰੇ ਵੱਲ ਆਵੇਗਾ।**" [ਯਸਾ 60:3, 5]

"ਪਰਦੇਸੀ ਤੇਰੀਆਂ ਕੰਧਾਂ ਨੂੰ ਉਸਾਰਨਗੇ, ਅਤੇ ਉਹਨਾਂ ਦੇ ਰਾਜੇ ਤੇਰੀ ਸੇਵਾ ਕਰਨਗੇ, ਭਾਵੇਂ ਮੈਂ ਤੈਨੂੰ ਆਪਣੇ ਕ੍ਰੋਧ ਵਿੱਚ ਮਾਰਿਆ, ਪਰ ਮੈਂ ਆਪਣੀ ਪ੍ਰਸੰਨਤਾ ਵਿੱਚ ਤੇਰੇ ਉੱਤੇ ਰਹਮ ਕਰਾਂਗਾ। **ਤੇਰੇ ਫਾਟਕ ਸਦਾ ਖੁੱਲ੍ਹੇ ਰਹਿਣਗੇ**, ਉਹ ਦਿਨ ਰਾਤ ਬੰਦ ਨਾ ਹੋਣਗੇ, ਤਾਂ ਜੋ **ਲੋਕ ਤੇਰੇ ਕੋਲ ਕੌਮਾਂ ਦਾ ਧਨ**, ਅਤੇ ਉਹਨਾਂ ਦੇ ਰਾਜਿਆਂ ਨੂੰ ਬੰਦੀ ਬਣਾ ਕੇ ਜਿੱਤ ਦੇ ਜਲੂਸ ਵਿੱਚ **ਤੇਰੇ ਕੋਲ ਲਿਆਉਣ।**" [ਯਸਾ 60:10- 11]

"ਤੂੰ ਕੌਮਾਂ ਦਾ ਦੁੱਧ ਚੁੰਘੇਗੀ, ਅਤੇ ਰਾਜਿਆਂ ਦੀ ਛਾਤੀ ਚੁੰਘੇਗੀ, ਤੂੰ ਜਾਣ ਲਵੇਂਗੀ ਕਿ ਮੈਂ ਯਹੋਵਾਹ ਤੇਰਾ ਬਚਾਉਣ ਵਾਲਾ ਹਾਂ, ਤੇਰਾ ਛੁਡਾਉਣ ਵਾਲਾ, ਯਾਕੂਬ ਦਾ ਸਰਵ ਸ਼ਕਤੀਮਾਨ ਹਾਂ। ਪਿੱਤਲ ਦੀ ਥਾਂ ਮੈਂ ਸੋਨਾ ਅਤੇ ਲੋਹੇ ਦੀ ਥਾਂ ਮੈਂ ਚਾਂਦੀ ਲਿਆਵਾਂਗਾ, ਲੱਕੜੀ ਦੇ ਥਾਂ ਪਿੱਤਲ ਅਤੇ ਪੱਥਰਾਂ ਦੇ ਥਾਂ ਲੋਹਾ ਲਿਆਵਾਂਗਾ, ਮੈਂ ਸ਼ਾਂਤੀ ਨੂੰ ਤੇਰਾ ਹਾਕਮ ਅਤੇ ਸੁੱਖ ਨੂੰ ਤੇਰਾ ਧਰਮ ਬਣਾਵਾਂਗਾ। **ਤੇਰੇ ਦੇਸ ਵਿੱਚ ਫੇਰ ਕਦੀ ਜ਼ੁਲਮ** ਅਤੇ ਤੇਰੀਆਂ ਹੱਦਾਂ ਵਿੱਚ ਬਰਬਾਦੀ ਜਾਂ ਤਬਾਹੀ ਫੇਰ ਕਦੀ **ਸੁਣਾਈ ਨਾ ਦੇਵੇਗੀ**, ਤੂੰ ਆਪਣੀਆਂ ਕੰਧਾਂ ਨੂੰ ਮੁਕਤੀ, ਅਤੇ ਆਪਣੇ ਫਾਟਕਾਂ ਨੂੰ ਉਸਤਤ ਸੱਦੇਂਗੀ। ਫੇਰ ਦਿਨ ਨੂੰ ਸੂਰਜ ਤੇਰਾ ਚਾਨਣ ਨਾ ਹੋਵੇਗਾ, ਨਾ ਚੰਦ ਉਜਾਲੇ ਲਈ ਤੈਨੂੰ ਚਾਨਣ ਦੇਵੇਗਾ, ਪਰ **ਯਹੋਵਾਹ ਤੇਰਾ ਸਦੀਪਕ ਚਾਨਣ ਹੋਵੇਗਾ, ਅਤੇ ਤੇਰਾ ਪਰਮੇਸ਼ਰ ਤੇਰੀ ਸ਼ੋਭਾ ਠਹਿਰੇਗਾ।** ਤੇਰਾ ਸੂਰਜ ਫੇਰ ਨਹੀਂ ਲੱਥੇਗਾ, ਨਾ ਤੇਰੇ ਲਈ ਚੰਦ ਦੀ ਰੋਸ਼ਨੀ ਘੱਟ ਹੋਵੇਗੀ, ਕਿਉਂ ਜੋ ਯਹੋਵਾਹ ਜੋ ਤੇਰੇ ਲਈ ਸਦੀਪਕ ਚਾਨਣ ਹੋਵੇਗਾ, ਅਤੇ **ਤੇਰੇ ਸੋਗ ਦੇ ਦਿਨ ਮੁੱਕ ਜਾਣਗੇ।** ਤੇਰੇ ਸਾਰੇ ਲੋਕ ਧਰਮੀ ਹੋਣਗੇ, **ਉਹ ਧਰਤੀ ਨੂੰ ਸਦਾ ਲਈ ਵੱਸ ਵਿੱਚ ਰੱਖਣਗੇ**, ਉਹ ਮੇਰੇ ਲਾਏ ਹੋਏ ਬੂਟੇ ਅਤੇ ਮੇਰੇ ਹੱਥਾਂ ਦਾ ਕੰਮ ਠਹਿਰਣਗੇ ਤਾਂ ਜੋ ਮੇਰੀ ਸ਼ੋਭਾ ਪਰਗਟ ਹੋਵੇ। [ਯਸਾ 60:16-21]

ਪਰ ਤੁਸੀਂ ਯਹੋਵਾਹ ਦੇ ਜਾਜਕ ਕਹਾਓਗੇ, ਲੋਕ ਤੁਹਾਨੂੰ ਸਾਡੇ ਪਰਮੇਸ਼ਰ ਦੇ ਸੇਵਕ ਆਖਣਗੇ, ਤੁਸੀਂ **ਕੌਮਾਂ ਦਾ ਧਨ** ਖਾਓਗੇ, ਅਤੇ ਉਹਨਾਂ ਦੇ ਮਾਲ-ਧਨ ਉੱਤੇ ਮਾਣ ਕਰੋਗੇ। [ਯਸਾ. 61:6]

ਹੇ ਯਰੂਸ਼ਲਮ, ਮੈਂ ਤੇਰੀਆਂ ਕੰਧਾਂ ਉੱਤੇ ਰਾਖੇ ਲਾਏ ਹਨ, ਸਾਰਾ ਦਿਨ ਅਤੇ ਸਾਰੀ ਰਾਤ ਉਹ ਕਦੀ ਚੁੱਪ ਨਾ ਰਹਿਣਗੇ, ਤੁਸੀਂ ਜਿਹੜੇ ਯਹੋਵਾਹ ਨੂੰ ਪੁਕਾਰਦੇ ਹੋ ਅਰਾਮ ਨਾ ਕਰੋ! ਅਤੇ ਉਹ ਨੂੰ ਅਰਾਮ ਨਾ ਕਰਨ ਦਿਓ, ਜਦ ਤੱਕ ਉਹ **ਯਰੂਸ਼ਲਮ ਨੂੰ ਧਰਤੀ ਉੱਤੇ ਉਸਤਤ** ਲਈ ਕਾਇਮ ਨਾ ਕਰੇ! [ਯਸਾ 62:6-7]

"ਉਸ ਵੇਲੇ ਉਹ **ਯਰੂਸ਼ਲਮ ਨੂੰ "ਯਹੋਵਾਹ ਦਾ ਸਿੰਘਾਸਣ"** ਆਖਣਗੇ ਅਤੇ ਉਹ ਦੇ ਕੋਲ ਯਹੋਵਾਹ ਦੇ ਨਾਮ ਉੱਤੇ **ਸਾਰੀਆਂ ਕੌਮਾਂ ਯਰੂਸ਼ਲਮ ਵਿੱਚ ਇਕੱਠੀਆਂ ਹੋਣਗੀਆਂ।** ਉਹ ਫਿਰ ਆਪਣੇ ਬੁਰੇ ਦਿਲ ਦੀ ਅੜੀ ਪਿੱਛੇ ਨਾ ਚੱਲਣਗੀਆਂ" [ਯਿਰ 3:17]

**ਆਖ਼ਰੀ ਦਿਨਾਂ** ਵਿੱਚ ਅਜਿਹਾ ਹੋਵੇਗਾ, ਕਿ **ਯਹੋਵਾਹ ਦੇ ਭਵਨ** ਦਾ ਪਰਬਤ ਸਾਰਿਆਂ ਪਹਾੜਾਂ ਦੇ ਸਿਰਾਂ ਉੱਤੇ ਕਾਇਮ ਕੀਤਾ ਜਾਵੇਗਾ, ਅਤੇ ਉਹ ਸਭ ਪਹਾੜੀਆਂ ਤੋਂ ਉੱਚਾ ਕੀਤਾ ਜਾਵੇਗਾ, ਅਤੇ **ਸਭ ਕੌਮਾਂ ਉਸ ਦੇ ਵੱਲ ਸੋਤੇ ਵਾਂਗੂੰ ਵਗਣਗੀਆਂ। ਬਹੁਤੀਆਂ ਕੌਮਾਂ ਆਉਣਗੀਆਂ** ਅਤੇ ਆਖਣਗੀਆਂ, "ਆਓ, ਅਸੀਂ ਯਹੋਵਾਹ ਦੇ ਪਰਬਤ ਉੱਤੇ ਚੜ੍ਹੀਏ, ਅਤੇ ਯਾਕੂਬ ਦੇ ਪਰਮੇਸ਼ਰ ਦੇ ਭਵਨ ਨੂੰ ਜਾਈਏ, ਤਾਂ ਜੋ ਉਹ ਸਾਨੂੰ ਆਪਣੇ ਰਾਹ ਵਿਖਾਵੇ, ਅਤੇ ਅਸੀਂ ਉਹ ਦੇ ਮਾਰਗਾਂ ਵਿੱਚ ਚੱਲੀਏ," ਕਿਉਂ ਜੋ ਬਿਵਸਥਾ ਸੀਯੋਨ ਤੋਂ, ਅਤੇ ਯਹੋਵਾਹ ਦਾ ਵਚਨ ਯਰੂਸ਼ਲਮ ਤੋਂ ਨਿੱਕਲੇਗਾ। **ਉਹ ਬਹੁਤੀਆਂ ਉੱਮਤਾਂ ਦਾ ਨਿਆਂ ਕਰੇਗਾ**, ਅਤੇ ਦੂਰ-ਦੂਰ ਦੀਆਂ ਤਕੜੀਆਂ ਕੌਮਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫਾਲੇ ਬਣਾਉਣਗੇ, ਅਤੇ ਆਪਣੇ ਬਰਛੀਆਂ ਨੂੰ ਦਾਤ। ਕੌਮ, ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ **ਉਹ ਫੇਰ ਕਦੀ ਵੀ ਲੜਾਈ** ਨਾ ਸਿੱਖਣਗੇ [ਮੀਕਾਹ 4:1-3]

"...**ਬਹੁਤ ਸਾਰੇ ਲੋਕ ਅਤੇ ਸੂਰਬੀਰ ਕੌਮਾਂ ਸੈਨਾਂ ਦੇ ਯਹੋਵਾਹ ਨੂੰ ਭਾਲਣ** ਲਈ ਯਰੂਸ਼ਲਮ ਵਿੱਚ ਆਉਣਗੀਆਂ ਅਤੇ ਯਹੋਵਾਹ ਦੇ ਅੱਗੇ ਬੇਨਤੀ ਕਰਨਗੀਆਂ। ਸੈਨਾਂ ਦਾ ਯਹੋਵਾਹ ਇਸ ਤਰ੍ਹਾਂ ਕਹਿੰਦਾ ਹੈ ਕਿ ਉਹਨਾਂ ਦਿਨਾਂ ਵਿੱਚ ਅਲੱਗ-ਅਲੱਗ ਬੋਲੀ ਦੇ ਬੋਲਣ ਵਾਲੀਆਂ ਕੌਮਾਂ ਦੇ ਦਸ ਮਨੁੱਖ ਇੱਕ ਯਹੂਦੀ ਦਾ ਪੱਲਾ ਫੜ੍ਹਨਗੇ ਅਤੇ ਆਖਣਗੇ ਕਿ ਅਸੀਂ ਤੁਹਾਡੇ ਨਾਲ

ਚੱਲਾਂਗੇ, ਕਿਉਂ ਜੋ ਅਸੀਂ ਸੁਣਿਆ ਹੈ ਕਿ ਪਰਮੇਸ਼ੁਰ ਤੁਹਾਡੇ ਨਾਲ ਹੈ।'" [ਜ਼ਕਰ 8:20-23]

ਸਾਰੀ **ਧਰਤੀ ਉੱਤੇ ਯਹੋਵਾਹ ਹੀ ਪਾਤਸ਼ਾਹ ਹੋਵੇਗਾ**, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ। [ਜ਼ਕਰ. 14:9]

ਉਸ ਵਿੱਚ ਉਹ ਵੱਸਣਗੇ ਅਤੇ ਫੇਰ ਸਰਾਪ ਨਾ ਹੋਵੇਗਾ, **ਯਰੂਸ਼ਲਮ ਸੁੱਖ** ਵਿੱਚ ਵੱਸੇਗਾ। [ਜ਼ਕਰ 14:11]

ਯਹੂਦਾਹ ਵੀ **ਯਰੂਸ਼ਲਮ** ਨਾਲ ਲੜੇਗਾ ਅਤੇ ਆਲੇ-ਦੁਆਲੇ ਦੀਆਂ **ਸਾਰੀਆਂ ਕੌਮਾਂ ਦਾ ਧਨ ਇਕੱਠਾ ਕੀਤਾ ਜਾਵੇਗਾ** ਅਰਥਾਤ ਸੋਨਾ ਚਾਂਦੀ ਅਤੇ ਬਸਤਰ ਢੇਰਾਂ ਦੇ ਢੇਰ। [ਜ਼ਕਰ 14:14]

ਇਸ ਤਰ੍ਹਾਂ ਹੋਵੇਗਾ ਕਿ ਜੋ **ਸਾਰੀਆਂ ਕੌਮਾਂ** ਵਿੱਚੋਂ ਜਿਹੜੀਆਂ ਯਰੂਸ਼ਲਮ ਦੇ ਵਿਰੁੱਧ ਆਈਆਂ ਹਨ ਬਾਕੀ ਰਹਿ ਜਾਣਗੀਆਂ, **ਉਹ ਹਰ ਸਾਲ ਸੈਨਾਂ ਦੇ ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ** ਅਤੇ ਡੇਰਿਆਂ ਦਾ ਪਰਬ ਮਨਾਉਣ ਲਈ ਉਤਾਂਹਾਂ ਨੂੰ ਜਾਣਗੀਆਂ। ਅਤੇ ਇਸ ਤਰ੍ਹਾਂ ਹੋਵੇਗਾ ਜਿਹੜਾ ਧਰਤੀ ਦੇ ਪਰਿਵਾਰਾਂ ਵਿੱਚੋਂ ਸੈਨਾਂ ਦੇ ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ **ਯਰੂਸ਼ਲਮ ਨੂੰ** ਨਾ ਆਵੇਗਾ ਉਹ ਦੇ ਉੱਤੇ ਮੀਂਹ ਨਾ ਪਵੇਗਾ। [ਜ਼ਕਰ. 14:16- 17]

ਇਹ ਸਾਰੇ ਵਾਅਦੇ (ਨੇਮ) ਅੰਤ ਵਿੱਚ ਪ੍ਰਭੂ ਯਿਸੂ ਮਸੀਹ ਵਿੱਚ ਪੂਰੇ ਹੋਣਗੇ ਜੋ ਇਸਰਾਏਲ ਨੂੰ ਉਸ ਦੀ ਧਰਤੀ ਉੱਤੇ ਸਦੀਪਕ ਅਧਿਕਾਰ ਅਤੇ ਦਾਊਦ ਦਾ ਸਦੀਪਕ ਸਿੰਘਾਸਣ ਦੇਣ ਲਈ ਵਾਪਸ ਆਉਣਗੇ। ਬਹੁਤ ਸਾਰੀਆਂ ਆਇਤਾਂ ਆਉਣ ਵਾਲੇ ਰਾਜ ਵਿੱਚ ਮਸੀਹਾ ਦੀ ਭੂਮਿਕਾ ਉੱਤੇ ਧਿਆਨ ਕੇਂਦਰਿਤ ਕਰਦੀਆਂ ਹਨ।

"ਪਰ ਮੈਂ ਆਪਣੇ ਯਰੂਸ਼ਲਮ ਸ਼ਹਿਰ ਅਰਥਾਤ ਪਵਿੱਤਰ ਪਰਬਤ **ਸੀਯੋਨ ਉੱਤੇ ਆਪਣੇ ਪਾਤਸ਼ਾਹ** ਨੂੰ ਬਿਠਾ ਦਿੱਤਾ ਹੈ।" [ਜ਼ਬੂਰ 2:6]

**ਸਾਡੇ ਲਈ ਤਾਂ ਇੱਕ ਬਾਲਕ ਜੰਮਿਆ**, ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਹ ਸੱਦਿਆ ਜਾਵੇਗਾ, "ਅਚਰਜ਼ ਸਲਾਹਕਾਰ, ਸ਼ਕਤੀਮਾਨ ਪਰਮੇਸ਼ਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ।" **ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ**, ਇਸ ਲਈ ਉਹ ਉਸ ਨੂੰ **ਦਾਊਦ ਦੀ ਰਾਜ ਗੱਦੀ ਉੱਤੇ**, ਅਤੇ **ਉਹ ਦੀ ਪਾਤਸ਼ਾਹੀ ਉੱਤੇ**, ਹੁਣ ਤੋਂ ਲੈ ਕੇ **ਜੁੱਗੋ-ਜੁੱਗ** ਨਿਆਂ ਅਤੇ ਧਰਮ ਨਾਲ ਕਾਇਮ ਕਰੇਗਾ ਅਤੇ ਸੰਭਾਲੀ ਰੱਖੇਗਾ। ਸੈਨਾਂ ਦੇ ਯਹੋਵਾਹ ਦੀ ਅਣਖ ਇਹ ਕਰੇਗੀ। [ਯਸਾ 9:6-7]

ਦੇਖੋ, ਉਹ ਦਿਨ ਆਉਂਦੇ ਹਨ, ਯਹੋਵਾਹ ਦਾ ਵਾਕ ਹੈ, ਕਿ ਮੈਂ ਦਾਊਦ ਲਈ ਇੱਕ **ਧਰਮੀ ਸ਼ਾਖ** ਖੜੀ ਕਰਾਂਗਾ। **ਉਹ ਰਾਜਾ ਹੋ ਕੇ ਰਾਜ ਕਰੇਗਾ** ਅਤੇ ਬੁੱਧਵਾਨ ਹੋਵੇਗਾ ਅਤੇ ਦੇਸ ਵਿੱਚ ਇਨਸਾਫ਼ ਅਤੇ ਧਰਮ ਦੇ ਕੰਮ ਕਰੇਗਾ ਉਹ ਦੇ ਦਿਨਾਂ ਵਿੱਚ ਯਹੂਦਾਹ ਬਚਾਇਆ ਜਾਵੇਗਾ ਅਤੇ ਇਸਰਾਏਲ ਸੁੱਖ ਨਾਲ ਵੱਸੇਗਾ ਅਤੇ ਉਹ ਦਾ ਇਹ ਨਾਮ ਹੋਵੇਗਾ ਜਿਸ ਦੇ ਨਾਲ ਉਹ ਪੁਕਾਰਿਆ ਜਾਵੇਗਾ, "ਯਹੋਵਾਹ ਸਾਡਾ ਧਰਮ" [ਯਿਰ 23:5-6]

"ਮੈਂ ਰਾਤ ਦੇ ਇਸ ਦਰਸ਼ਣ ਵਿੱਚ ਦੇਖਿਆ ਅਤੇ ਦੇਖੋ, ਇੱਕ ਜਣਾ **ਮਨੁੱਖ ਦੇ ਪੁੱਤਰ** ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅੱਤ ਪ੍ਰਾਚੀਨ ਤੱਕ ਪਹੁੰਚਿਆ, ਅਤੇ ਉਹ ਉਸ ਨੂੰ ਉਹ ਦੇ ਅੱਗੇ ਲਿਆਏ। **ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ ਉਹ ਨੂੰ ਦਿੱਤਾ ਗਿਆ,** ਜੋ **ਸੱਭੇ ਕੌਮਾਂ ਅਤੇ ਲੋਕ** ਅਤੇ ਬੋਲੀਆਂ **ਉਹ ਦੀ ਸੇਵਾ ਕਰਨ**। ਉਹ ਦਾ ਰਾਜ **ਸਦਾ** ਦਾ ਰਾਜ ਹੈ, ਜਿਹੜਾ ਮਿਟੇਗਾ ਨਾ, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ।" [ਦਾਨੀਏਲ 7:13-14]

ਸਾਰੀ ਧਰਤੀ ਉੱਤੇ **ਯਹੋਵਾਹ ਹੀ ਪਾਤਸ਼ਾਹ ਹੋਵੇਗਾ**, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ। [ਜ਼ਕਰ 14:9]

ਇਸਰਾਏਲ ਦੇ ਭਵਿੱਖ ਬਾਰੇ ਇਹਨਾਂ ਸਿੱਟਿਆਂ ਦੇ ਕਾਰਨ ਅਜਿਹਾ ਨਾ ਮੰਨ ਲਿਆ ਜਾਵੇ ਕਿ ਵਿਸ਼ਵਾਸੀਆਂ (ਜੋ ਕਲੀਸਿਯਾ ਦਾ ਇੱਕ ਹਿੱਸਾ ਹਨ) ਦੀ ਰਾਜ ਵਿੱਚ ਕੋਈ ਭੂਮਿਕਾ ਨਹੀਂ ਹੋਵੇਗੀ। ਵਿਸ਼ਵਾਸੀ "ਅਬਰਾਹਾਮ ਦੀ ਸੰਤਾਨ" ਹਨ ਅਤੇ ਉਹਨਾਂ ਨੂੰ "ਸੱਚੀ ਸੁੰਨਤ" ਵਾਲੇ ਵੀ ਕਿਹਾ ਜਾ ਸਕਦਾ ਹੈ (ਦੇਖੋ, ਰੋਮੀ 4:13-16; ਗਲਾਤੀ 3:7, 9, 14; ਫ਼ਿਲਿੱਪੀ 3:3, 9)। ਪਰ, ਇਹ ਤੱਥ ਕਿ ਕਲੀਸਿਯਾ ਦਾ ਹਜ਼ਾਰ ਸਾਲ ਦੀ ਬਰਕਤ ਵਿੱਚ ਭਾਗ ਹੋਵੇਗਾ, ਇਹ ਬਾਈਬਲ ਦੀ ਇਸ ਸੱਚਾਈ ਨੂੰ ਰੱਦ ਨਹੀਂ ਕਰਦਾ ਹੈ ਕਿ ਇਸਰਾਏਲ ਦਾ ਇੱਕ ਭਵਿੱਖ ਹੈ ਅਤੇ ਦਾਊਦ ਦੇ ਸਿੰਘਾਸਣ ਉੱਤੇ ਮਸੀਹ ਦਾ ਰਾਜ ਇੱਕ ਰਾਜਨੀਤਿਕ ਅਤੇ ਧਰਤੀ ਦਾ ਰਾਜ ਹੈ (ਇਹ ਉਸ ਰਾਜ ਦੇ ਉਲਟ ਹੈ ਜੋ ਵਰਤਮਾਨ ਪ੍ਰਸ਼ਾਸਨ ਵਿੱਚ ਕਲੀਸਿਯਾ ਦੇ ਦੁਆਰਾ ਸਿਰਫ਼ ਇੱਕ ਆਤਮਿਕ ਰਾਜ ਹੈ)। ਇਸਰਾਏਲ ਉੱਤੇ ਕੇਂਦਰਿਤ ਧਰਤੀ ਦੇ ਰਾਜ ਦੇ ਵਾਅਦੇ (ਜਿਸ ਵਿੱਚ ਮਸੀਹ ਰਾਜਾ ਹਨ), ਸਿਰਫ਼ ਪੁਰਾਣੇ ਨੇਮ ਦੇ ਸਾਹਿਤ ਤੱਕ ਹੀ ਸੀਮਿਤ ਨਹੀਂ ਹਨ। ਨਵਾਂ ਨੇਮ ਵੀ ਇਹੀ ਸਿਖਾਉਂਦਾ ਹੈ। **ਜਿਵੇਂ ਬਿਵਸਥਾ ਦਾ ਪ੍ਰਸ਼ਾਸਨ ਖ਼ਤਮ ਹੋਇਆ, ਉਸੇ ਤਰ੍ਹਾਂ ਕਲੀਸਿਯਾ ਦਾ ਪ੍ਰਸ਼ਾਸਨ ਵੀ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਕਰੇਗਾ।**

ਯਿਸੂ ਨੇ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ

ਮਨੁੱਖ ਦਾ ਪੁੱਤਰ ਨਵੀਂ ਸ੍ਰਿਸ਼ਟੀ ਵਿੱਚ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ, **ਉਸ ਸਮੇਂ ਤੁਸੀਂ ਵੀ ਬਾਰ੍ਹਾਂ ਕਬੀਲਿਆਂ ਦਾ ਨਿਆਂ ਕਰੋਗੇ**" [ਮੱਤੀ 19:28]

"ਉਹ ਮਹਾਨ ਹੋਣਗੇ । ਉਹ ਪਰਮ ਪ੍ਰਧਾਨ ਪਰਮੇਸ਼ਰ ਦੇ ਪੁੱਤਰ ਅਖਵਾਉਣਗੇ। ਪ੍ਰਭੂ ਪਰਮੇਸ਼ਰ **ਉਹਨਾਂ ਦੇ ਪੁਰਖੇ ਦਾਊਦ ਦੀ ਰਾਜ-ਗੱਦੀ** ਉਹਨਾਂ ਨੂੰ ਦੇਣਗੇ। ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ ਰਾਜ ਕਰਨਗੇ। **ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ।**" [ਲੂਕਾ 1:32-33]

ਮੇਰੇ ਭਰਾਵੋ ਅਤੇ ਭੈਣੋ, ਇਹ ਇੱਕ ਗਹਿਰਾ ਭੇਤ ਹੈ ਜਿਹੜਾ ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣੋ। ਇਹ ਤੁਹਾਨੂੰ ਆਪਣੇ ਆਪ ਨੂੰ ਬਹੁਤ ਬੁੱਧੀਮਾਨ ਸਮਝਣ ਦੇ ਹੰਕਾਰ ਤੋਂ ਬਚਾਵੇਗਾ। ਇਹ ਭੇਤ ਇਹ ਹੈ ਕਿ **ਇਸਰਾਏਲ ਦੇ ਦਿਲਾਂ ਦੀ ਕਠੋਰਤਾ ਹਮੇਸ਼ਾ ਤੱਕ ਨਹੀਂ ਰਹੇਗੀ। ਇਹ ਬਹੁਤ ਸਾਰੀਆਂ ਪਰਾਈਆਂ ਕੌਮਾਂ ਦੇ ਮਸੀਹ ਦੇ ਕੋਲ ਆਉਣ ਤੱਕ ਰਹੇਗੀ।** ਇਸ ਤਰ੍ਹਾਂ **ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ**। ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ **ਮੁਕਤੀਦਾਤਾ ਆਵੇਗਾ**, ਉਹ **ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ**। ਮੈਂ ਉਹਨਾਂ ਦੇ ਨਾਲ ਇੱਕ ਨੇਮ ਬੰਨ੍ਹਾਂਗਾ, ਜਦੋਂ ਮੈਂ ਉਹਨਾਂ ਦੇ ਸਾਰੇ ਪਾਪਾਂ ਨੂੰ ਦੂਰ ਕਰਾਂਗਾ।" [ਰੋਮੀ 11:25-27]

... ਉਹ ਸਾਰੇ ਫਿਰ ਜੀਅ ਉੱਠੇ ਅਤੇ **ਉਹਨਾਂ ਨੇ ਮਸੀਹ ਦੇ ਨਾਲ ਮਿਲ ਕੇ ਇੱਕ ਹਜ਼ਾਰ ਸਾਲ ਤੱਕ ਰਾਜ ਕੀਤਾ।** ਇਹ ਪਹਿਲਾ ਪੁਨਰ-ਉਥਾਨ ਹੈ। ਜਦੋਂ ਤੱਕ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਗਏ, ਬਾਕੀ ਦੇ ਮੁਰਦੇ ਜਿਉਂਦੇ ਨਾ ਹੋਏ। ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ **ਉਹਨਾਂ ਦੇ ਨਾਲ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ**। [ਪ੍ਰਕਾਸ਼ 20:4-6]

### 3. ਹੋਰ ਪ੍ਰਸ਼ਾਸਨਾਂ ਦੇ ਲਈ ਤਰਕਪੂਰਨ ਵਿਚਾਰ

ਪਵਿੱਤਰ ਗ੍ਰੰਥ ਖ਼ੁਦ ਜ਼ੋਰ ਦੇ ਕੇ ਕਹਿੰਦਾ ਹੈ ਕਿ ਪ੍ਰਸ਼ਾਸਨ ਵਿੱਚ **ਬਿਵਸਥਾ ਤੋਂ ਕਿਰਪਾ, ਯਹੂਦੀ ਧਰਮ ਤੋਂ ਕਲੀਸਿਯਾ** ਵਿੱਚ ਤਬਦੀਲੀ ਆਈ ਹੈ। ਇਹ ਉਸੇ ਸਪੱਸ਼ਟਤਾ ਦੇ ਨਾਲ ਇਹ ਭਵਿੱਖਬਾਣੀ ਵੀ ਕਰਦਾ ਹੈ ਕਿ ਮਸੀਹ ਦੀ ਧਰਤੀ ਉੱਤੇ ਵਾਪਸੀ ਤੋਂ ਬਾਅਦ **ਕਲੀਸਿਯਾ** ਤੋਂ ਇੱਕ ਸ਼ਾਬਦਿਕ ਰਾਜਨੀਤਿਕ **ਰਾਜ** ਵਿੱਚ **ਤਬਦੀਲੀ ਵੀ ਆਵੇਗੀ**। ਇਸ ਤਰ੍ਹਾਂ, ਘੱਟੋ-ਘੱਟ ਤਿੰਨ ਪ੍ਰਸ਼ਾਸਨ ਹਨ: **ਬਿਵਸਥਾ, ਕਲੀਸਿਯਾ, ਅਤੇ ਰਾਜ**।

ਇਹ ਕਹਿਣਾ ਪੂਰੀ ਤਰ੍ਹਾਂ ਸਹੀ ਨਹੀਂ ਹੋਵੇਗਾ ਕਿ ਬਾਈਬਲ ਵਿੱਚ ਹੋਰ ਪ੍ਰਸ਼ਾਸਨਾਂ ਦੇ ਲਈ ਵੀ ਇੰਨੇ ਹੀ ਸਪੱਸ਼ਟ ਸਬੂਤ ਹਨ, ਪਰ ਇਹ ਇੱਕ ਤਰਕਪੂਰਨ ਵਿਚਾਰ ਹੈ ਕਿ ਅਸੀਂ ਮਨੁੱਖ ਦੇ ਨਾਲ ਪਰਮੇਸ਼ਰ ਦੇ ਕੰਮ ਦੇ ਸ਼ੁਰੂਆਤੀ ਸਮਿਆਂ ਵਿੱਚ ਹੋਰ ਵੀ ਕਈ ਪ੍ਰਸ਼ਾਸਨਾਂ ਨੂੰ ਸ਼ਾਮਲ ਕਰੀਏ। ਇਹ ਸੋਚਣਾ ਜਾਇਜ਼ ਹੀ ਹੋਵੇਗਾ ਕਿ ਪਰਮੇਸ਼ਰ ਨੇ ਮਨੁੱਖਜਾਤੀ ਨਾਲ ਜੋ ਯੋਜਨਾ ਬਣਾਈ ਸੀ, ਉਹ ਇਸ ਦੇ ਪਾਪ ਵਿੱਚ ਡਿੱਗਣ ਤੋਂ ਬਾਅਦ ਦੀ ਯੋਜਨਾ ਤੋਂ ਵੱਖਰੀ ਹੋਵੇਗੀ; ਪਰਮੇਸ਼ਰ ਦੀ ਜੋ ਯੋਜਨਾ ਜਲ-ਪਰਲੋ ਤੋਂ ਪਹਿਲਾਂ ਸੀ, ਉਹ ਜਲ-ਪਰਲੋ ਤੋਂ ਬਾਅਦ ਬਣਾਈ ਗਈ ਯੋਜਨਾ ਤੋਂ ਵੱਖਰੀ ਹੋਵੇਗੀ; ਅਤੇ ਇਹ ਅਬਰਾਹਾਮ ਦੇ ਦੁਆਰਾ ਇੱਕ ਕੌਮ ਦੇ ਰੂਪ ਵਿੱਚ ਇਸਰਾਏਲ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਬਣਾਈ ਗਈ ਯੋਜਨਾ ਤੋਂ ਵੱਖਰੀ ਹੋਵੇਗੀ।

ਅਕਸਰ ਡਿਸਪੈਂਸੇਸ਼ਨ ਵਿਚਾਰ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਪਰਮੇਸ਼ਰ ਦੇ ਵੱਖ-ਵੱਖ ਪ੍ਰਸ਼ਾਸਨਾਂ ਨੂੰ ਇਸ ਤਰ੍ਹਾਂ ਸੂਚੀਬੱਧ ਕਰਦੇ ਹਨ:

**ਨਿਰਦੋਸ਼ਤਾ** – ਪਾਪ ਵਿੱਚ ਡਿੱਗਣ ਤੋਂ ਪਹਿਲਾਂ (ਉਤ 1:28 -3:6)

**ਵਿਵੇਕ** – ਪਾਪ ਵਿੱਚ ਡਿੱਗਣ ਤੋਂ ਬਾਅਦ ਅਤੇ ਜਲ-ਪਰਲੋ ਤੋਂ ਪਹਿਲਾਂ (ਉਤ 3:7 - 8:14)

**ਮਨੁੱਖੀ ਨਾਗਰਿਕ ਸਰਕਾਰ** – ਜਲ-ਪਰਲੋ ਤੋਂ ਬਾਅਦ, ਪਰ ਅਬਰਾਹਾਮ ਤੋਂ ਇੱਕ ਮਹਾਨ ਕੌਮ ਬਣਾਉਣ ਦੇ ਵਾਅਦੇ ਤੋਂ ਪਹਿਲਾਂ (ਉਤ 8:14 -11:32)

**ਵਾਅਦਾ** – ਅਬਰਾਹਾਮ ਦੇ ਸੱਦੇ ਅਤੇ ਇਸਰਾਏਲ ਦੀ ਸ਼ੁਰੂਆਤ ਤੋਂ ਬਾਅਦ, ਪਰ ਸੀਨਈ ਪਰਬਤ ਉੱਤੇ ਮੂਸਾ ਦੀ ਬਿਵਸਥਾ ਦੇ ਦੇਣ ਤੋਂ ਪਹਿਲਾਂ (ਉਤ 11:32 – ਕੂਚ 18)

**ਬਿਵਸਥਾ** – ਬਿਵਸਥਾ ਸੀਨਈ ਪਰਬਤ ਉੱਤੇ ਦਿੱਤੇ ਜਾਣ ਤੋਂ ਬਾਅਦ ਪਵਿੱਤਰ ਆਤਮਾ ਦੁਆਰਾ ਪੰਤੇਕੁਸਤ ਦੇ ਦਿਨ ਕਲੀਸਿਯਾ ਦੀ ਸਥਾਪਨਾ ਤੱਕ ਲਾਗੂ ਸੀ (ਕੂਚ 19 – ਰਸੂਲਾਂ 2; ਸ਼ੁਭ-ਸਮਾਚਾਰਾਂ ਵਿੱਚ ਕੁਝ ਵਚਨ ਭਵਿੱਖ ਦੀ ਕਲੀਸਿਯਾ ਬਾਰੇ ਸਿੱਖਿਆ ਦਿੰਦੇ ਹਨ)

**ਕਿਰਪਾ ਜਾਂ ਕਲੀਸਿਯਾ** – ਪਰਮੇਸ਼ਰ ਪੰਤੇਕੁਸਤ ਦੇ ਦਿਨ ਤੋਂ ਕਲੀਸਿਯਾ ਦੁਆਰਾ ਧਰਤੀ ਉੱਤੇ ਆਪਣੇ ਕੰਮ ਨੂੰ ਕਰ ਰਹੇ ਹਨ ਅਤੇ ਇਹ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਲੀਸਿਯਾ ਦਾ ਰੈਪਚਰ ਨਹੀਂ ਹੁੰਦਾ ਹੈ (ਰਸੂਲਾਂ 2 ਤੋਂ ਰੈਪਚਰ ਤੱਕ)

**ਰਾਜ** – ਮਸੀਹ ਧਰਤੀ ਉੱਤੇ 1,000 ਸਾਲਾਂ ਲਈ ਰਾਜ ਕਰਨਗੇ। ਹਜ਼ਾਰ ਸਾਲਾਂ ਤੋਂ ਬਾਅਦ ਪ੍ਰਭੂ ਦਾ ਦੂਜੀ ਵਾਰ ਆਉਣਾ ਹੋਵੇਗਾ।

### 4. ਕਲੀਸਿਯਾ, ਇੱਕ ਭੇਤ

#### a. ਨਵੇਂ ਨੇਮ ਦੁਆਰਾ ਪ੍ਰਗਟ ਹੋਏ ਭੇਤਾਂ ਦਾ ਪਤਾ ਲਗਾਉਣਾ

ਡਿਸਪੈਂਸੇਸ਼ਨ ਦੇ ਵਿਚਾਰ ਨੂੰ ਬਾਈਬਲ ਦੀ ਬਿਵਸਥਾ ਤੋਂ ਕਲੀਸਿਯਾ

ਵਿੱਚ ਤਬਦੀਲੀ ਨੂੰ ਦੇਖ ਕੇ ਅਤੇ ਆਉਣ ਵਾਲੇ ਰਾਜ ਦੇ ਬਿਨਾਂ ਕਿਸੇ ਸ਼ਰਤ ਦੇ ਵਾਅਦੇ ਨੂੰ ਧਿਆਨ ਵਿੱਚ ਰੱਖ ਕੇ ਸਾਬਤ ਕੀਤਾ ਜਾ ਸਕਦਾ ਹੈ। ਪਰ ਡਿਸਪੈਂਸੇਸ਼ਨ ਸੋਚ ਦੀ ਵੈਧਤਾ ਨੂੰ ਸਾਬਤ ਕਰਨ ਦੇ ਤਰਕ ਦੀ ਸਿਰਫ਼ ਇਹੀ ਇੱਕਲੌਤੀ ਵਿਚਾਰਧਾਰਾ ਹੈ।

ਨਵੇਂ ਨੇਮ ਵਿੱਚ, ਸ਼ਬਦ *ਭੇਤ* ਕਿਸੇ ਅਜਿਹੇ ਸੱਚ ਦੀ ਗੱਲ ਨਹੀਂ ਕਰਦਾ ਹੈ ਜਿਸ ਨੂੰ ਸਮਝਣਾ ਬਿਲਕੁਲ ਅਸੰਭਵ ਹੋਵੇ। ਇੱਕ *ਭੇਤ* ਉਹ ਸੱਚ ਹੁੰਦਾ ਹੈ ਜੋ ਗੁਪਤ ਜਾਂ ਲੁਕਿਆ ਹੋਇਆ ਸੀ। ਜਦੋਂ ਅਸੀਂ ਨਵੇਂ ਨੇਮ ਵਿੱਚ ਸ਼ਬਦ *ਭੇਤ* ਦੀ ਵਰਤੋਂ ਉੱਤੇ ਧਿਆਨ ਦਿੰਦੇ ਹਾਂ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਕਲੀਸਿਯਾ ਸੰਸਾਰ ਵਿੱਚ ਪਰਮੇਸ਼ਰ ਦੇ ਕੰਮ ਦਾ ਇੱਕ ਬਿਲਕੁਲ ਨਵਾਂ ਪਹਿਲੂ ਸੀ। ਪੁਰਾਣੇ ਨੇਮ ਸੰਤ ਜੋ ਮੂਸਾ ਦੀ ਬਿਵਸਥਾ ਦੇ ਅਧੀਨ ਸਨ, ਉਹ ਕਲੀਸਿਯਾ ਬਾਰੇ ਸੱਚਾਈਆਂ ਤੋਂ ਪੂਰੀ ਤਰ੍ਹਾਂ ਅਗਿਆਤ ਸਨ। ਇਸ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਇਸਰਾਏਲ ਅਤੇ ਕਲੀਸਿਯਾ ਦੇ ਵਿਚਕਾਰ ਇੱਕ ਵੱਡਾ ਅੰਤਰ ਹੈ। ਜਦੋਂ ਪਰਮੇਸ਼ਰ ਨੇ ਕਲੀਸਿਯਾ ਨੂੰ ਸ਼ੁਰੂ ਕੀਤਾ, ਉਸ ਸਮੇਂ ਉਹ ਅਪਣੇ ਸ਼ਾਸਨ ਵਿੱਚ ਇੱਕ ਬਿਲਕੁਲ ਨਵੇਂ ਪ੍ਰਸ਼ਾਸਨ ਦੀ ਸ਼ੁਰੂਆਤ ਕਰ ਰਹੇ ਸਨ।

ਬਹੁਤ ਸਾਰੇ ਵਚਨ ਰਸੂਲਾਂ ਨੂੰ ਦਿੱਤੀਆਂ ਗਈਆਂ ਨਵੀਆਂ ਸੱਚਾਈਆਂ ਨੂੰ ਆਮ ਤੌਰ ਤੇ ਇੱਕ ਭੇਤ ਕਹਿੰਦੇ ਹਨ। ਇੱਕ ਆਮ ਅਰਥ ਵਿੱਚ, ਉਹ ਅਜਿਹੀਆਂ ਸੱਚਾਈਆਂ ਸਨ ਜੋ ਬਿਵਸਥਾ ਦੇ ਪ੍ਰਸ਼ਾਸਨ ਵਿੱਚ ਅਗਿਆਤ ਸਨ (ਰੋਮੀ 16:25-26; 1 ਕੁਰਿੰਥ 2:7; 4:1; ਅਫ਼ਸੀ 1:9; 6:19; ਕੁਲੁੱਸੀ 2:2; 4:3; 1 ਤਿਮੋਥਿ 3:9)।

> ਹੁਣ ਪਰਮੇਸ਼ਰ ਤੁਹਾਨੂੰ ਮੇਰੇ ਸ਼ੁਭ ਸਮਾਚਾਰ ਅਤੇ ਯਿਸੂ ਮਸੀਹ ਦੇ ਸੰਦੇਸ਼ ਅਨੁਸਾਰ ਮਜ਼ਬੂਤ ਰੱਖਣ ਦੇ ਯੋਗ ਹਨ, ਉਸ **ਭੇਤ ਦੇ ਪ੍ਰਗਟ ਕੀਤੇ ਜਾਣ** ਦੇ ਅਨੁਸਾਰ **ਜਿਹੜਾ ਸਦੀਆਂ ਤੋਂ ਗੁਪਤ ਰੱਖਿਆ ਗਿਆ ਸੀ** ਪਰ **ਹੁਣ ਖੋਲ੍ਹਿਆ ਜਾ ਚੁੱਕਾ ਹੈ** ਅਤੇ ਨਬੀਆਂ ਦੀਆਂ ਲਿਖਤਾਂ ਦੁਆਰਾ, ਪਰਮੇਸ਼ਰ ਦੇ ਹੁਕਮ ਅਨੁਸਾਰ ਸਾਰੀਆਂ ਕੌਮਾਂ ਉੱਤੇ **ਪ੍ਰਗਟ ਕੀਤਾ ਗਿਆ ਹੈ** ਤਾਂ ਜੋ ਸਾਰੇ ਉਹਨਾਂ ਵਿੱਚ ਵਿਸ਼ਵਾਸ ਕਰਨ ਅਤੇ ਉਹਨਾਂ ਦੇ ਹੁਕਮ ਦੀ ਪਾਲਣਾ ਕਰਨ [ਰੋਮੀ 16:25-26]

ਡਿਸਪੈਂਸੇਸ਼ਨ ਦੇ ਵਿਸ਼ੇ ਨਾਲ ਜ਼ਿਆਦਾ ਸੰਬੰਧਿਤ ਉਹ ਆਇਤਾਂ ਹਨ ਜੋ ਉਹਨਾਂ ਖ਼ਾਸ ਸੱਚਾਈਆਂ ਨੂੰ ਪ੍ਰਗਟ ਕਰਦੀਆਂ ਹਨ ਜੋ ਪੁਰਾਣੇ ਨੇਮ ਦੇ ਸੰਤਾਂ ਦੇ ਲਈ ਲੁਕੇ ਹੋਏ ਭੇਤ ਸਨ, ਪਰ ਉਹਨਾਂ ਨੂੰ ਰਸੂਲਾਂ ਦੇ ਸਮਿਆਂ ਵਿੱਚ ਪ੍ਰਗਟ ਕੀਤਾ ਗਿਆ ਸੀ। ਜਦੋਂ ਇਹਨਾਂ ਆਇਤਾਂ ਦੀਆਂ ਮੁੱਖ ਗੱਲਾਂ ਤੇ ਸਮੂਹਿਕ ਰੂਪ ਵਿੱਚ ਵਿਚਾਰ ਕੀਤਾ ਜਾਂਦਾ ਹੈ, ਤਾਂ ਇਹ ਪਰਮੇਸ਼ਰ ਦੇ ਕੰਮ ਦੇ ਬਾਰੇ ਉਹੀ ਦ੍ਰਿਸ਼ਟੀਕੋਣ ਪੈਦਾ ਕਰਦੀਆਂ ਹਨ ਜਿਸ ਦਾ "ਡਿਸਪੈਂਸੇਸ਼ਨ ਵਿਚਾਰ" ਸਮਰਥਨ ਕਰਦਾ ਹੈ। ਅਸੀਂ ਇਹਨਾਂ ਦਾ ਅਧਿਐਨ ਵਚਨ ਦੇ ਕ੍ਰਮ ਅਨੁਸਾਰ ਨਹੀਂ ਪਰ ਤਰਕਪੂਰਨ ਤਰੀਕੇ ਨਾਲ ਕਰਾਂਗੇ।

ਯਹੂਦੀ ਇੱਕ ਮਸੀਹ ਦੇ ਆਉਣ ਦੀ ਉਮੀਦ ਕਰਦੇ ਸਨ ਜੋ ਉਹਨਾਂ ਦੇ ਦੁਸ਼ਮਣਾਂ ਨੂੰ ਸਰਾਪ ਦੇਵੇਗਾ ਅਤੇ ਸੰਪੂਰਨ ਧਾਰਮਿਕਤਾ, ਸ਼ਾਂਤੀ, ਅਤੇ ਖੁਸ਼ਹਾਲੀ ਦੇ ਵਿਸ਼ਵ-ਵਿਆਪੀ ਰਾਜ ਦੀ ਸ਼ੁਰੂਆਤ ਕਰੇਗਾ। ਜਦੋਂ ਉਹਨਾਂ ਨੇ ਆਪਣੇ ਰਾਜੇ ਨੂੰ ਰੱਦ ਕਰ ਦਿੱਤਾ, ਤਾਂ ਉਸ ਨੇ ਉਹਨਾਂ ਨੂੰ "ਸਵਰਗ ਦੇ ਰਾਜ ਦੇ ਭੇਤਾਂ" ਬਾਰੇ ਉਪਦੇਸ਼ ਦਿੱਤਾ (ਮੱਤੀ 13:11ff.; ਮਰਕੁਸ 4:11; ਲੂਕਾ 8:10)। ਇੱਕ ਭੇਤ ਜੋ ਬਿਵਸਥਾ ਦੇ ਅਧੀਨ ਪੁਰਾਣੇ ਨੇਮ ਦੇ ਸੰਤਾਂ ਲਈ ਪੂਰੀ ਤਰ੍ਹਾਂ ਗੁਪਤ ਸੀ, ਉਹ ਇਹ ਸੀ ਕਿ **ਮਸੀਹ ਦੋ ਵਾਰ ਆਉਣਗੇ ਜਿਹਨਾਂ ਵਿੱਚ ਇੱਕ ਅੰਤਰਾਲ ਹੋਵੇਗਾ ਜਿਸ ਵਿੱਚ ਚੰਗੇ ਅਤੇ ਬੁਰੇ ਨੂੰ ਮਿਲਾਇਆ ਜਾਵੇਗਾ,** ਜਿਵੇਂ ਕਿ ਕਣਕ ਅਤੇ ਜੰਗਲੀ ਬੂਟੀ ਅਤੇ ਜਾਲ ਦੇ ਦ੍ਰਿਸ਼ਟਾਂਤ ਵਿੱਚ ਦਰਸਾਇਆ ਗਿਆ ਹੈ। ਧਰਤੀ ਉੱਤੇ ਤੁਰੰਤ ਇੱਕ ਸੰਪੂਰਨ ਨਿਆਂ ਅਤੇ ਰਾਜਨੀਤਿਕ ਰਾਜ ਲਿਆਉਣ ਦੀ ਬਜਾਏ, ਮਸੀਹ ਇੱਕ ਅਜਿਹੇ ਸਮੇਂ ਦੀ ਆਗਿਆ ਦੇਣ ਜਾ ਰਹੇ ਸਨ ਜਿਸ ਵਿੱਚ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦਾ ਆਤਮਿਕ (ਪਰ ਗ਼ੈਰ-ਰਾਜਨੀਤਿਕ) ਪਹਿਲੂ ਪ੍ਰਬਲ ਹੋਣ ਵਾਲਾ ਸੀ। ਉਸ ਵਿੱਚ ਭਲਿਆਈ ਅਤੇ ਬੁਰਿਆਈ ਇੱਕ-ਦੂਜੇ ਦੇ ਨਾਲ ਯੁੱਗ ਦੇ ਅੰਤ ਤੱਕ ਬਣੇ ਰਹਿਣਗੇ ਜਿਸ ਦੇ ਪੂਰਾ ਹੋਣ ਤੋਂ ਬਾਅਦ ਮਨੁੱਖ ਦਾ ਪੁੱਤਰ ਭਲੇ ਨੂੰ ਬੁਰੇ ਤੋਂ ਅਲੱਗ ਕਰਨ ਅਤੇ ਇੱਕ ਜ਼ਿਆਦਾ ਰਾਜਨੀਤਿਕ ਰੂਪ ਵਿੱਚ ਆਪਣੇ ਰਾਜ ਦੀ ਸ਼ੁਰੂਆਤ ਕਰਨ ਦੇ ਲਈ ਆਉਣ ਵਾਲਾ ਸੀ (ਦੇਖੋ, ਮੱਤੀ 13:39-43, 47-50)। ਮਸੀਹ ਦੇ ਅਜਿਹੇ ਦੋ ਵਾਰ ਆਉਣ ਦੀ ਸਿੱਖਿਆ ਜਿਹਨਾਂ ਵਿਚਕਾਰ ਚੰਗੇ ਅਤੇ ਬੁਰੇ ਦਾ ਮਿਲੇ-ਜੁਲੇ ਹੋਣਾ, ਇੱਕ ਅਜਿਹੀ ਨਵੀਂ ਸਿੱਖਿਆ ਸੀ ਜੋ ਪੁਰਾਣੇ ਨੇਮ ਦੇ ਸੰਤਾਂ ਦੇ ਲਈ ਇੱਕ ਭੇਤ ਸੀ। ਇਸ ਨੂੰ 1 ਤਿਮੋਥਿ 3:16 ਵਿੱਚ ਵੀ ਦੱਸਿਆ ਗਿਆ ਹੈ। ਮਸੀਹ ਆਏ ਸਨ, ਪਰ ਉਹ ਸਵਰਗ ਗਏ ਹਨ ਕਿ ਉੱਥੇ ਉਹ ਇੱਕ ਹੋਰ ਸਮੇਂ ਧਰਤੀ ਉੱਤੇ ਇੱਕ ਸ਼ਾਬਦਿਕ ਰਾਜ ਦੀ ਸਥਾਪਨਾ ਦੀ ਉਡੀਕ ਕਰਨ।

> ਇਹ ਗੱਲ ਬਿਨਾਂ ਕਿਸੇ ਸ਼ੱਕ ਦੇ ਕਹੀ ਜਾ ਸਕਦੀ ਹੈ ਕਿ ਸਾਡੇ ਵਿਸ਼ਵਾਸ ਦਾ **ਭੇਤ** ਕਿੰਨਾ ਮਹਾਨ ਹੈ, "ਪ੍ਰਭੂ ਯਿਸੂ ਮਨੁੱਖੀ **ਸਰੀਰ ਵਿੱਚ ਪ੍ਰਗਟ ਹੋਏ**, ਆਤਮਾ ਦੁਆਰਾ ਨੇਕ ਠਹਿਰਾਏ ਗਏ, ਸਵਰਗਦੂਤਾਂ ਨੂੰ ਦਿਖਾਈ ਦਿੱਤੇ, ਉਹਨਾਂ ਦਾ ਪਰਾਈਆਂ ਕੌਮਾਂ ਵਿੱਚ ਪ੍ਰਚਾਰ ਹੋਇਆ, ਉਹਨਾਂ ਦੇ ਵਿੱਚ ਸੰਸਾਰ ਨੇ ਵਿਸ਼ਵਾਸ ਕੀਤਾ, ਅਤੇ **ਉਹ ਮਹਿਮਾ ਦੇ ਵਿੱਚ ਉੱਪਰ ਉਠਾ ਲਏ ਗਏ**।" [1 ਤਿਮੋਥਿ 3:16]

**ਇੱਕ ਹੋਰ ਭੇਤ** ਜਿਸ ਤੋਂ ਪੁਰਾਣੇ ਨੇਮ ਦੇ ਸੰਤਾਂ ਨੂੰ ਸਮਝ ਨਹੀਂ ਆਇਆ, ਉਹ ਇਹ ਸੱਚਾਈ ਹੈ ਕਿ ਪਰਮੇਸ਼ਰ ਨੇ ਆਪਣੇ ਕੰਮ ਵਿੱਚ, **ਇਸਰਾਏਲ ਨੂੰ ਕੁਝ ਸਮੇਂ ਲਈ ਅਲੱਗ ਰੱਖਿਆ ਜਾਵੇਗਾ ਅਤੇ ਬਾਅਦ ਵਿੱਚ ਉਸ ਨੂੰ ਬਹਾਲ ਕੀਤਾ ਜਾਵੇਗਾ।**

> ਮੇਰੇ ਭਰਾਵੋ ਅਤੇ ਭੈਣੋ, ਇਹ ਇੱਕ ਗਹਿਰਾ **ਭੇਤ** ਹੈ ਜਿਹੜਾ ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣੋ। ਇਹ ਤੁਹਾਨੂੰ ਆਪਣੇ ਆਪ ਨੂੰ ਬਹੁਤ ਬੁੱਧੀਮਾਨ ਸਮਝਣ ਦੇ ਹੰਕਾਰ ਤੋਂ ਬਚਾਵੇਗਾ। ਇਹ ਭੇਤ ਇਹ ਹੈ ਕਿ **ਇਸਰਾਏਲ ਦੇ ਦਿਲਾਂ ਦੀ ਕਠੋਰਤਾ ਹਮੇਸ਼ਾ ਤੱਕ ਨਹੀਂ ਰਹੇਗੀ। ਇਹ ਬਹੁਤ ਸਾਰੀਆਂ ਪਰਾਈਆਂ ਕੌਮਾਂ ਦੇ ਮਸੀਹ ਦੇ ਕੋਲ ਆਉਣ ਤੱਕ ਰਹੇਗੀ।** ਇਸ ਤਰ੍ਹਾਂ ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ। ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "**ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ**। ਮੈਂ ਉਹਨਾਂ ਦੇ ਨਾਲ ਇੱਕ ਨੇਮ ਬੰਨ੍ਹਾਂਗਾ, ਜਦੋਂ ਮੈਂ ਉਹਨਾਂ ਦੇ ਸਾਰੇ ਪਾਪਾਂ ਨੂੰ ਦੂਰ ਕਰਾਂਗਾ... [ਰੋਮੀ 11:25-29]

ਪੁਰਾਣੇ ਨੇਮ ਦੇ ਸੰਤਾਂ ਨੇ ਕਦੇ ਸੁਪਨੇ ਵਿੱਚ ਵੀ ਇਹ ਨਹੀਂ ਸੋਚਿਆ ਸੀ ਕਿ ਮਸੀਹ ਦੋ ਵਾਰ ਆਉਣਗੇ ਅਤੇ ਇਹਨਾਂ ਦੋਵਾਂ ਦੇ ਵਿਚਕਾਰ ਕੁਝ ਸਮਾਂ ਹੋਵੇਗਾ। ਉਹਨਾਂ ਨੂੰ ਇਹ ਨਹੀਂ ਪਤਾ ਸੀ ਕਿ ਪਰਮੇਸ਼ਰ ਕੁਝ ਸਮੇਂ ਲਈ ਇਸਰਾਏਲ ਦੁਆਰਾ ਕੰਮ ਕਰਨਾ ਬੰਦ ਕਰ ਦੇਣਗੇ। ਇਸ ਭੇਤ ਦੇ ਬਾਰੇ ਹੋਰ ਵਚਨ ਇਹ ਭੇਤ ਦਰਸਾਉਂਦੇ ਹਨ ਕਿ **ਕਲੀਸਿਯਾ ਇੱਕ ਅਜਿਹਾ ਬਿਲਕੁਲ ਨਵਾਂ ਪ੍ਰਕਾਸ਼ਨ ਹੈ ਜੋ ਬਿਵਸਥਾ ਦੇ ਅਧੀਨ ਮੌਜੂਦ ਨਹੀਂ ਸੀ।** (ਇਹ ਡਿਸਪੈਂਸੇਸ਼ਨ ਵਿਚਾਰ ਦਾ ਸਾਰ ਹੈ)।

> ਤੁਸੀਂ ਜ਼ਰੂਰ ਸੁਣ ਚੁੱਕੇ ਹੋ ਕਿ **ਪਰਮੇਸ਼ਰ ਨੇ ਆਪਣੀ ਕਿਰਪਾ** ਨਾਲ ਮੈਨੂੰ ਇਹ ਜ਼ਿੰਮੇਵਾਰੀ ਤੁਹਾਡੇ ਭਲੇ ਲਈ ਸੌਂਪੀ ਹੈ। ਪਰਮੇਸ਼ਰ ਨੇ ਆਪਣਾ **ਭੇਤ ਮੇਰੇ ਉੱਤੇ ਪ੍ਰਗਟ ਕੀਤਾ** ਹੈ। ਇਸ ਬਾਰੇ ਮੈਂ ਪਹਿਲਾਂ ਹੀ ਤੁਹਾਨੂੰ ਲਿਖ ਚੁੱਕਾ ਹਾਂ ਅਤੇ ਜੇਕਰ ਤੁਸੀਂ ਉਹ ਸਭ ਪੜ੍ਹੋਗੇ ਤਾਂ ਤੁਸੀਂ **ਮਸੀਹ ਦੇ ਭੇਤ** ਦੇ ਬਾਰੇ ਮੇਰੇ ਵਿਚਾਰ ਜਾਣ ਜਾਵੋਗੇ। **ਪਿਛਲੀਆਂ ਪੀੜ੍ਹੀਆਂ ਦੇ ਲੋਕਾਂ ਉੱਤੇ ਇਹ ਭੇਤ ਪ੍ਰਗਟ ਨਹੀਂ ਕੀਤਾ ਗਿਆ ਸੀ** ਪਰ ਪਰਮੇਸ਼ਰ ਨੇ ਆਪਣੇ ਆਤਮਾ ਦੇ ਦੁਆਰਾ **ਹੁਣ ਇਹ ਭੇਤ** ਆਪਣੇ ਪਵਿੱਤਰ ਰਸੂਲਾਂ ਅਤੇ ਨਬੀਆਂ ਉੱਤੇ **ਪ੍ਰਗਟ ਕੀਤਾ ਹੈ**। ਉਹ ਭੇਤ ਇਹ ਹੈ ਕਿ ਸ਼ੁਭ ਸਮਾਚਾਰ ਦੇ ਦੁਆਰਾ **ਪਰਾਈਆਂ ਕੌਮਾਂ ਵੀ** ਯਹੂਦੀਆਂ ਦੇ ਨਾਲ ਪਰਮੇਸ਼ਰ ਦੀ ਮਸੀਹ ਯਿਸੂ ਵਿੱਚ ਵਾਅਦਾ ਕੀਤੀ ਹੋਈ **ਵਿਰਾਸਤ ਵਿੱਚ ਸਾਂਝੀ ਹਨ** ਅਤੇ ਉਹਨਾਂ ਦੇ ਨਾਲ ਇੱਕ ਸਰੀਰ ਦੇ ਅੰਗ ਹਨ। [ਅਫ਼ਸੀ 3:2-6]

ਜਦੋਂ ਪਰਮੇਸ਼ਰ ਨੇ **ਯਹੂਦੀਆਂ ਅਤੇ ਪਰਾਈਆਂ ਕੌਮਾਂ ਦੇ ਇੱਕ ਸਮੂਹ ਦੀ ਸਥਾਪਨਾ ਕੀਤੀ, ਉਸ ਸਮੇਂ ਉਹਨਾਂ ਨੇ ਇੱਕ ਬਿਲਕੁਲ ਨਵਾਂ ਕੰਮ ਸ਼ੁਰੂ ਕੀਤਾ ਸੀ**। ਹੁਣ ਉਹ ਯਹੂਦੀ ਧਰਮ ਰਾਹੀਂ ਕੰਮ ਨਹੀਂ ਕਰ ਰਹੇ ਸਨ, ਪਰ ਮਸੀਹ ਵਿੱਚ ਸਾਰੇ ਵਿਸ਼ਵਾਸੀ ਇੱਕ ਹੋ ਗਏ ਸਨ। ਇਹ ਧਿਆਨ ਦਿਓ ਕਿ ਇਸ ਸੰਦਰਭ ਵਿੱਚ, ਵਿਸ਼ਵਾਸੀਆਂ ਦੇ ਇਸ ਨਵੇਂ ਸੰਗਠਨ ਨੂੰ "*ਕਲੀਸਿਯਾ*" ਕਿਹਾ ਗਿਆ ਹੈ (ਅਫ਼ਸੀ 3:10) ਅਤੇ ਪੌਲੁਸ ਨੇ ਇਹ ਕਿਹਾ ਕਿ ਇਸ ਨਵੇਂ ਪ੍ਰਕਾਸ਼ਨ (*ਭੇਤ*) ਨੇ ਇੱਕ ਅਜਿਹੇ ਨਵੇਂ ਪ੍ਰਸ਼ਾਸਨ ਨੂੰ ਪ੍ਰਗਟ ਕੀਤਾ ਹੈ ਜੋ ਹੁਣ ਤੱਕ ਗੁਪਤ ਸੀ। ਅਫ਼ਸੀ 3:2 ਵਿੱਚ *ਪ੍ਰਬੰਧਨ* ਅਤੇ ਅਫ਼ਸੀ 3:9 ਵਿੱਚ *ਪ੍ਰਸ਼ਾਸਨ* ਲਈ ਸ਼ਬਦ ਦਾ ਅਰਥ *ਡਿਸਪੈਂਸੇਸ਼ਨ* ਹੈ। ਇਹ ਇੱਕ ਹੀ ਯੂਨਾਨੀ ਸ਼ਬਦ ਹਨ।

**ਇੱਕ ਹੋਰ ਭੇਤ** ਜੋ ਬਿਵਸਥਾ ਦੇ ਅਧੀਨ ਅਗਿਆਤ ਸੀ ਉਹ ਇਹ ਹੈ ਕਿ ਯਹੂਦੀ ਅਤੇ ਪਰਾਈਆਂ ਕੌਮਾਂ ਦੇ ਵਿਸ਼ਵਾਸੀਆਂ ਦੇ ਇਸ ਸਮੂਹ ਵਿੱਚ **ਖ਼ੁਦ ਪਰਮੇਸ਼ਰ** ਦਾ **ਅੰਦਰੂਨੀ ਵਾਸ ਹੋਵੇਗਾ**। ਬਿਵਸਥਾ ਦੇ ਅਧੀਨ ਸਿਰਫ਼ ਕੁਝ ਵਿਸ਼ਵਾਸੀਆਂ ਵਿੱਚ ਹੀ ਪਵਿੱਤਰ ਆਤਮਾ ਦਾ ਅੰਦਰੂਨੀ ਵਾਸ ਹੁੰਦਾ ਸੀ (ਦੇਖੋ, ਪਵਿੱਤਰ ਆਤਮਾ ਦਾ ਸਿਧਾਂਤ)। ਪੁਰਾਣੇ ਨੇਮ ਦੇ ਜ਼ਿਆਦਾਤਰ ਲੋਕਾਂ ਦਾ ਪਰਮੇਸ਼ਰ ਨਾਲ ਮਿਲਾਪ ਦਾ ਅਸਲ ਅਨੁਭਵ ਨਹੀਂ ਹੋਇਆ ਸੀ। ਇੱਕ ਵਾਰ ਫਿਰ, ਕਲੀਸਿਯਾ ਪਰਮੇਸ਼ਰ ਦੇ ਇੱਕ ਬਿਲਕੁਲ ਨਵੇਂ ਕੰਮ ਵਜੋਂ ਦਿਖਾਈ ਦਿੰਦੀ ਹੈ ਜੋ ਬਿਵਸਥਾ ਦੇ ਅਧੀਨ ਇਸਰਾਏਲ ਤੋਂ ਬਹੁਤ ਅਲੱਗ ਹੈ। ਇਹ ਧਿਆਨ ਦਿਓ ਕਿ ਕੁਲੁੱਸੀਆਂ 1:25 ਵਿੱਚ ਸ਼ਬਦ *ਸੇਵਾ ਦੇ ਕੰਮ* ਦਾ ਅਰਥ ਡਿਸਪੈਂਸੇਸ਼ਨ ਹੈ।

> ਪਰਮੇਸ਼ਰ ਨੇ ਮੈਨੂੰ ਕਲੀਸਿਯਾ ਦਾ ਸੇਵਕ ਬਣਾਇਆ ਹੈ। ਉਹਨਾਂ ਨੇ ਮੈਨੂੰ ਤੁਹਾਡੀ ਖ਼ਾਤਰ ਇਹ ਖ਼ਾਸ **ਸੇਵਾ ਦਾ ਕੰਮ** ਦਿੱਤਾ ਹੈ ਕਿ ਮੈਂ ਤੁਹਾਡੇ ਸਾਹਮਣੇ ਪਰਮੇਸ਼ਰ ਦੇ ਸੰਦੇਸ਼ ਨੂੰ ਪੂਰੀ ਤਰ੍ਹਾਂ ਨਾਲ ਪੇਸ਼ ਕਰਾਂ ਤਾਂ ਜੋ ਉਸ **ਭੇਤ** ਨੂੰ ਪ੍ਰਗਟ ਕਰਾਂ **ਜਿਹੜਾ ਸਾਰੇ ਯੁੱਗਾਂ ਅਤੇ ਪੀੜ੍ਹੀਆਂ ਕੋਲੋਂ ਅੱਜ ਤੱਕ ਗੁਪਤ ਰਿਹਾ ਹੈ** ਪਰ ਹੁਣ ਉਹਨਾਂ ਨੇ ਆਪਣੇ ਲੋਕਾਂ ਉੱਤੇ ਪ੍ਰਗਟ ਕੀਤਾ ਹੈ। ਪਰਮੇਸ਼ਰ ਨੇ ਆਪਣੀ ਇੱਛਾ ਦੇ ਨਾਲ ਆਪਣੇ ਲੋਕਾਂ ਉੱਤੇ ਇਹ ਪ੍ਰਗਟ ਕੀਤਾ ਹੈ ਕਿ **ਉਹ ਭੇਤ** ਸਾਰੀਆਂ ਕੌਮਾਂ ਦੇ ਲਈ ਮਹਿਮਾ ਦਾ ਧਨ ਹੈ, ਉਹ ਭੇਤ ਇਹ ਹੈ ਕਿ **ਮਸੀਹ ਤੁਹਾਡੇ ਵਿੱਚ ਹਨ** ਜਿਹੜੇ ਅੱਗੇ ਆਉਣ ਵਾਲੀ ਮਹਿਮਾ ਦੀ ਉਮੀਦ ਹਨ। [ਕੁਲੁੱਸੀ 1:25-27]

> ਕਿਉਂਕਿ **ਅਸੀਂ ਵੀ ਉਹਨਾਂ ਦੇ ਸਰੀਰ ਦੇ ਅੰਗ ਹਾਂ।** ਇਸੇ ਲਈ ਪਵਿੱਤਰ-ਗ੍ਰੰਥ ਕਹਿੰਦਾ ਹੈ, "ਆਦਮੀ ਇਸੇ ਕਾਰਨ ਆਪਣੇ ਮਾਤਾ-ਪਿਤਾ ਨੂੰ ਛੱਡ ਕੇ ਆਪਣੀ ਪਤਨੀ ਨਾਲ ਜੁੜਿਆ ਰਹੇਗਾ ਅਤੇ ਇਸ ਤਰ੍ਹਾਂ ਉਹ ਦੋਵੇਂ ਇੱਕ ਸਰੀਰ ਹੋਣਗੇ।" ਇਹਨਾਂ ਸ਼ਬਦਾਂ ਵਿੱਚ ਇੱਕ ਵੱਡਾ **ਭੇਤ** ਪ੍ਰਗਟ ਕੀਤਾ ਗਿਆ ਹੈ ਜੋ ਮੈਂ ਸਮਝਦਾ ਹਾਂ ਕਿ **ਮਸੀਹ ਅਤੇ ਕਲੀਸਿਯਾ** ਉੱਤੇ ਲਾਗੂ ਹੁੰਦਾ ਹੈ। [ਅਫ਼ਸੀ 5:30-32]

ਜ਼ਿਆਦਾਤਰ ਲੋਕ 1 ਕੁਰਿੰਥ 15:51-52 ਦੇ ਭੇਤ ਦੀ ਵਿਆਖਿਆ ਸਰੀਰ ਦੇ ਜੀਅ ਉੱਠਣ ਦੇ ਰੂਪ ਵਿੱਚ ਹੀ ਕਰਨਗੇ।

> ਸੁਣੋ, ਮੈਂ ਤੁਹਾਨੂੰ ਇੱਕ **ਗੁਪਤ ਭੇਤ** ਦੱਸਦਾ ਹਾਂ, **ਅਸੀਂ ਸਾਰੇ ਮਰਾਂਗੇ ਨਹੀਂ** ਸਗੋਂ **ਅਸੀਂ ਸਾਰੇ ਬਦਲ ਜਾਵਾਂਗੇ।** ਇਹ ਅੰਤਿਮ

> ਤੁਰ੍ਹੀ ਦੀ ਅਵਾਜ਼ ਨਿਕਲਦੇ ਹੀ ਇੱਕਦਮ ਅੱਖ ਦੇ ਝਮਕਦੇ ਹੀ ਹੋ ਜਾਵੇਗਾ। ਤੁਰ੍ਹੀ ਦੀ ਅਵਾਜ਼ ਆਉਂਦੇ ਹੀ ਮੁਰਦੇ ਅਵਿਨਾਸ਼ੀ ਹਾਲਤ ਵਿੱਚ ਜਿਊਂਦੇ ਕੀਤੇ ਜਾਣਗੇ ਅਤੇ ਅਸੀਂ ਸਾਰੇ ਬਦਲ ਜਾਵਾਂਗੇ। [1 ਕੁਰਿੰਥ 15:51-52]

ਜੀਅ ਉੱਠਣ ਨੂੰ ਪੌਲੁਸ ਦੇ ਭੇਤ ਦੇ ਨਾਲ ਜੋੜਨ ਵਿੱਚ ਸਮੱਸਿਆ ਇਹ ਹੈ ਕਿ ਬਿਵਸਥਾ ਵਿੱਚ ਜੀਅ ਉਠਣਾ ਕੋਈ ਭੇਤ ਨਹੀਂ ਸੀ (ਅੱਯੂਬ 19:25-27; ਯਸਾ 26:19; ਹਿਜ਼ਕੀ 37:12; ਦਾਨੀ 12:2)। ਇਸ ਲਈ, ਇਸ ਨੂੰ ਇਹ ਮੰਨ ਲੈਣਾ ਮੁਸ਼ਕਲ ਹੈ ਕਿ ਇੱਥੇ ਪੌਲੁਸ ਮੁਰਦਿਆਂ ਦੇ ਜੀਅ ਉੱਠਣ ਨੂੰ ਇੱਕ ਭੇਤ ਕਹਿ ਰਿਹਾ ਹੋਵੇਗਾ। ਜੇਕਰ ਜ਼ਿਆਦਾ ਧਿਆਨ ਨਾਲ ਪੜ੍ਹਿਆ ਜਾਵੇ, ਤਾਂ ਜੋ ਇੱਥੇ ਅਸਲ ਵਿੱਚ ਕਿਹਾ ਜਾ ਰਿਹਾ ਹੈ, ਉਹ ਇਸ ਸਿੱਟੇ ਤੇ ਪਹੁੰਚਾਉਂਦਾ ਹੈ ਕਿ ਇਸ ਆਇਤ ਵਿੱਚ **ਨਵਾਂ ਪ੍ਰਕਾਸ਼ਨ** ਇਹ ਹਨ ਕਿ **ਸਾਰੇ ਵਿਸ਼ਵਾਸੀ ਮੌਤ ਦਾ ਅਨੁਭਵ ਨਹੀਂ ਕਰਨਗੇ** ਅਤੇ ਇਹ ਕਿ ਸਾਰੇ (ਭਾਵੇਂ ਮਰੇ ਹੋਏ ਜਾਂ ਜਿੰਦਾ) ਪਰਮੇਸ਼ਰ ਦੀ ਪੁਕਾਰ ਦੇ (ਤੁਰ੍ਹੀ) ਵੇਲੇ **ਤੁਰੰਤ ਬਦਲ ਜਾਣ** ਦਾ ਅਨੁਭਵ ਕਰਨਗੇ। ਨਵੇਂ ਨੇਮ ਦੇ ਵਿਦਿਆਰਥੀ ਤੁਰੰਤ ਹੀ ਇਹਨਾਂ ਵਿਚਾਰਾਂ ਨੂੰ 1 ਥੱਸਲੁ 4:13-18 ਦੇ ਨਾਲ ਅਤੇ ਰੈਪਚਰ ਦੇ ਸਿਧਾਂਤ ਨਾਲ ਜੋੜਨਗੇ। ਬਿਵਸਥਾ ਦੇ ਅਧੀਨ ਅਗਿਆਤ **ਭੇਤ** ਇਹ ਸੀ **ਕਿ ਮਸੀਹ ਬੱਦਲਾਂ ਉੱਤੇ ਵਾਪਸ ਆਉਣਗੇ** (ਧਰਤੀ ਤੱਕ ਨਹੀਂ ਆਉਣਗੇ) ਅਤੇ ਉਹਨਾਂ ਵਿੱਚ ਵਿਸ਼ਵਾਸ ਕਰਨ ਵਾਲੇ **ਤੁਰੰਤ ਬਦਲ ਜਾਣਗੇ।** ਜਿਹੜੇ ਮਰ ਚੁੱਕੇ ਹਨ ਉਹ ਜੀਅ ਉੱਠਣਗੇ ਅਤੇ ਮਹਿਮਾ ਪ੍ਰਾਪਤ ਕਰਨਗੇ, ਪਰ ਕੁਝ ਕਦੇ ਨਹੀਂ ਮਰਨਗੇ, ਅਤੇ ਉਹਨਾਂ ਨੂੰ ਮੌਤ ਦਾ ਅਨੁਭਵ ਕੀਤੇ ਬਿਨਾਂ ਹੀ ਤੁਰੰਤ ਮਹਿਮਾ ਮਿਲੇਗੀ।

ਰਸੂਲਾਂ ਦੇ ਸਮੇਂ ਵਿੱਚ ਜਿਹੜਾ **ਆਖ਼ਰੀ** "**ਭੇਤ**" ਪ੍ਰਗਟ ਕੀਤਾ ਗਿਆ ਸੀ, ਉਹ 2 ਥੱਸਲੁ 2:7 ਵਿੱਚ **ਦੁਸ਼ਟਤਾ ਦਾ ਭੇਤ** ਹੈ। ਇਹ ਸਾਰੀ ਚਰਚਾ ਨੂੰ ਇੱਕ ਸੰਦਰਭ ਪ੍ਰਦਾਨ ਕਰਨ ਵਿੱਚ ਕੁਝ ਮਦਦ ਕਰੇਗਾ।

> ਕੋਈ ਤੁਹਾਨੂੰ ਕਿਸੇ ਤਰ੍ਹਾਂ ਧੋਖਾ ਨਾ ਦੇਵੇ। ਉਹ ਦਿਨ ਉਸ ਸਮੇਂ ਤੱਕ ਨਹੀਂ ਆਵੇਗਾ, ਜਦੋਂ ਤੱਕ ਕਿ ਵਿਦਰੋਹ ਨਾ ਹੋ ਜਾਵੇ ਅਤੇ ਦੁਸ਼ਟ ਮਨੁੱਖ ਪ੍ਰਗਟ ਨਾ ਹੋ ਜਾਵੇ ਜਿਸ ਦਾ ਅੰਤ ਨਾਸ਼ ਹੈ। ਉਹ ਆਪਣੇ ਆਪ ਨੂੰ ਹਰੇਕ ਦੇਵਤੇ ਜਾਂ ਅਰਾਧਨਾ ਕੀਤੀ ਜਾਣ ਵਾਲੀ ਚੀਜ਼ ਤੋਂ ਉੱਚਾ ਕਰੇਗਾ ਅਤੇ ਉਹਨਾਂ ਦਾ ਵਿਰੋਧ ਕਰੇਗਾ। ਇੱਥੋਂ ਤੱਕ ਕਿ ਉਹ ਪਰਮੇਸ਼ਰ ਦੇ ਹੈਕਲ ਵਿੱਚ ਜਾ ਕੇ ਬੈਠੇਗਾ ਅਤੇ ਦਾਅਵਾ ਕਰੇਗਾ ਕਿ ਉਹ ਪਰਮੇਸ਼ਰ ਹੈ। ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਮੈਂ ਤੁਹਾਡੇ ਨਾਲ ਸੀ ਮੈਂ ਤੁਹਾਨੂੰ ਇਹ ਸਾਰੀਆਂ ਗੱਲਾਂ ਦੱਸਦਾ ਹੁੰਦਾ ਸੀ। ਤੁਸੀਂ ਇਹ ਵੀ ਜਾਣਦੇ ਹੋ ਕਿ ਕਿਸ ਚੀਜ਼ ਨੇ ਦੁਸ਼ਟ ਮਨੁੱਖ ਨੂੰ ਅੱਜ ਤੱਕ ਰੋਕਿਆ ਹੋਇਆ ਹੈ। ਉਹ ਆਪਣੇ ਮਿੱਥੇ ਸਮੇਂ ਉੱਤੇ ਪ੍ਰਗਟ ਕੀਤਾ ਜਾਵੇਗਾ। ਕਿਉਂਕਿ **ਗੁਪਤ ਦੁਸ਼ਟਤਾ** ਇਸ ਸਮੇਂ ਵੀ ਕੰਮ ਕਰ ਰਹੀ ਹੈ ਪਰ ਇਹ ਉਸ ਸਮੇਂ ਤੱਕ ਗੁਪਤ ਰਹੇਗੀ ਜਦੋਂ ਤੱਕ ਕਿ ਇਸ ਨੂੰ ਰੋਕਣ ਵਾਲਾ ਦੂਰ ਨਾ ਕੀਤਾ ਜਾਵੇ। ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ ਜਿਸ ਨੂੰ ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ ਮਾਰ ਦੇਣਗੇ ਅਤੇ ਆਪਣੇ ਤੇਜ ਦੇ ਨਾਲ ਉਸ ਦਾ ਨਾਸ਼ ਕਰ ਦੇਣਗੇ। ਉਸ ਦੁਸ਼ਟ ਮਨੁੱਖ ਦਾ ਆਉਣਾ ਨਾਸ਼ ਹੋਣ ਵਾਲਿਆਂ ਦੇ ਲਈ ਸ਼ੈਤਾਨ ਦੀ ਤਾਕਤ ਦੇ ਨਾਲ ਹਰ ਤਰ੍ਹਾਂ ਦੇ ਚਿੰਨ੍ਹਾਂ ਅਤੇ ਝੂਠੇ ਚਮਤਕਾਰਾਂ ਦੇ ਰੂਪ ਵਿੱਚ ਪ੍ਰਗਟ ਹੋਵੇਗਾ। ਉਹ ਨਾਸ਼ ਹੋਣ ਵਾਲੇ ਲੋਕਾਂ ਉੱਤੇ ਹਰ ਤਰ੍ਹਾਂ ਦੀ ਦੁਸ਼ਟਤਾ ਦੇ ਧੋਖੇ ਦੀ ਵਰਤੋਂ ਕਰੇਗਾ। ਉਹ ਲੋਕ ਨਾਸ਼ ਹੋਣਗੇ ਕਿਉਂਕਿ ਉਹਨਾਂ ਨੇ ਸੱਚ ਨੂੰ ਪਿਆਰ ਕਰਨ ਤੋਂ ਇਨਕਾਰ ਕੀਤਾ ਜਿਸ ਦੇ ਨਾਲ ਉਹਨਾਂ ਦੀ ਮੁਕਤੀ ਹੋ ਸਕਦੀ ਸੀ। [2 ਥੱਸਲੁ 2:3-10]

2 ਥੱਸਲੁਨੀਕੀਆਂ 2 ਵਿੱਚ "ਦੁਸ਼ਟ ਮਨੁੱਖ" ਹੈਕਲ ਵਿੱਚ ਬੈਠ ਕੇ ਪਰਮੇਸ਼ਰ ਹੋਣ ਦਾ ਦਾਅਵਾ ਕਰਦਾ ਹੈ (ਆਇਤ 4)। ਉਸ ਉਹ "ਬਰਬਾਦੀ ਕਰਨ ਵਾਲੀ ਘਿਨਾਉਣੀ ਚੀਜ਼" ਸਮਝਣਾ ਚਾਹੀਦਾ ਹੈ ਜਿਸ ਬਾਰੇ ਮਸੀਹ ਨੇ ਚੇਤਾਵਨੀ ਦਿੱਤੀ ਸੀ (ਮੱਤੀ 24:15)। "ਗੁਪਤ ਦੁਸ਼ਟਤਾ" ਸ਼ੈਤਾਨ ਦਾ ਉਹ ਕੰਮ ਹੈ ਜਿਸ ਵਿੱਚ ਉਹ "ਮਸੀਹ ਵਿਰੋਧੀ" ਦੁਆਰਾ ਸੰਸਾਰ ਨੂੰ ਆਪਣੇ ਕਾਬੂ ਵਿੱਚ ਕਰਨਾ ਚਾਹੇਗਾ। ਪਰ, ਵਰਤਮਾਨ ਵਿੱਚ (ਕਲੀਸਿਯਾ ਦੇ ਪ੍ਰਸ਼ਾਸਨ ਦੌਰਾਨ) ਇੱਕ ਰੋਕਣ ਵਾਲਾ ਉਸ ਦੁਸ਼ਟ ਨੂੰ ਪੂਰਾ ਅਧਿਕਾਰ ਪਾਉਣ ਤੋਂ ਰੋਕ ਕੇ ਰੱਖੇਗਾ ਜਦੋਂ ਤੱਕ ਕਿ ਸੰਸਾਰ ਦੇ ਇਤਿਹਾਸ ਲਈ ਪਰਮੇਸ਼ਰ ਦੀ ਯੋਜਨਾ ਦਾ ਸਮਾਂ ਪੂਰਾ ਨਹੀਂ ਹੋ ਜਾਂਦਾ ਹੈ।

ਕੁਝ ਲੋਕਾਂ ਦਾ ਇਹ ਮੰਨਣਾ ਹੈ ਕਿ ਸਰਕਾਰ ਉਸ ਦੁਸ਼ਟ ਨੂੰ ਰੋਕਣ ਵਾਲੀ ਸ਼ਕਤੀ ਹੈ। ਪਰ, ਇੱਥੇ ਆਇਤ 7 ਵਿੱਚ ਇੱਕ ਵਿਅਕਤੀਗਤ ਸਰਵਨਾਮ “ਉਹ” ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ, ਸਰਕਾਰਾਂ ਸ਼ੈਤਾਨ ਨੂੰ ਕਾਬੂ ਕਰਨ ਲਈ ਇੰਨੀਆਂ ਸ਼ਕਤੀਸ਼ਾਲੀ ਨਹੀਂ ਹਨ, ਅਤੇ ਨਾ ਹੀ ਉਹ ਹਮੇਸ਼ਾ ਦੁਸ਼ਟਤਾ ਨੂੰ ਰੋਕਦੀਆਂ ਹਨ; ਕਈ ਵਾਰ ਤਾਂ ਇਹ ਇਸ ਦਾ ਕਾਰਨ ਬਣਦੀਆਂ ਹਨ। ਕੁਝ ਹੋਰ ਲੋਕ ਸੋਚਦੇ ਹਨ ਕਿ ਕਲੀਸਿਯਾ ਦੁਸ਼ਟਤਾ ਨੂੰ ਰੋਕਣ ਵਾਲੀ ਸ਼ਕਤੀ ਹੈ। ਇਹ ਥੋੜ੍ਹਾ ਵਧੀਆ ਅਨੁਮਾਨ ਹੈ। ਪਰ, ਕਲੀਸਿਯਾ ਵੀ ਸ਼ੈਤਾਨ ਦਾ ਸਾਹਮਣਾ ਨਹੀਂ ਕਰ ਸਕਦੀ ਹੈ, ਅਤੇ ਇਸ ਨੂੰ ਵੀ “ਉਹ” ਨਿੱਜੀ ਸਰਵਨਾਮ ਨਹੀਂ ਮੰਨਿਆ ਜਾ ਸਕਦਾ ਹੈ।

ਰੋਕਣ ਵਾਲੇ ਦੀ ਪਛਾਣ ਦਾ ਸਭ ਤੋਂ ਵਧੀਆ ਹੱਲ ਇਹ ਹੈ ਕਿ ਉਹ ਪਵਿੱਤਰ ਆਤਮਾ ਹੈ। ਸਿਰਫ਼ ਪਰਮੇਸ਼ਰ ਹੀ ਅਜਿਹੇ ਸ਼ਕਤੀਸ਼ਾਲੀ ਹਨ ਜੋ ਸ਼ੈਤਾਨ ਦੀਆਂ ਸਭ ਤੋਂ ਵੱਡੀਆਂ ਇੱਛਾਵਾਂ ਨੂੰ ਰੋਕ ਸਕਦੇ ਹਨ। ਇਸ ਤੋਂ ਇਲਾਵਾ, ਪਵਿੱਤਰ ਆਤਮਾ ਇੱਕ ਵਿਅਕਤੀ ਹੈ ਅਤੇ ਆਇਤ 7 ਵਿੱਚ ਸਰਵਨਾਮ “ਉਹ” ਹੋਣ ਦੇ ਯੋਗ ਹੈ; ਪਰ “ਆਤਮਾ” ਲਈ

ਵਰਤਿਆ ਗਿਆ ਯੂਨਾਨੀ ਸ਼ਬਦ "ਨਿਰਪੱਖ" ਹੈ, ਜੋ ਆਇਤ 6 ਵਿੱਚ "ਰੋਕਣ ਵਾਲੇ" ਦੇ ਨਿਰਪੱਖ ਹਵਾਲੇ ਦੀ ਵਿਆਖਿਆ ਕਰਦਾ ਹੈ।

ਇਸ ਤਰਕ ਦੇ ਅਨੁਸਾਰ ਕਿ ਪਵਿੱਤਰ ਆਤਮਾ ਕਲੀਸਿਯਾ ਵਿੱਚ ਇੱਕ ਖ਼ਾਸ ਤਰੀਕੇ ਨਾਲ (ਹਰੇਕ ਵਿਸ਼ਵਾਸੀ ਵਿੱਚ ਅੰਦਰੂਨੀ ਵਾਸ ਕਰਨ ਅਤੇ ਉਹਨਾਂ ਨੂੰ ਇੱਕ ਸਰੀਰ ਵਿੱਚ ਬਪਤਿਸਮਾ ਦੇਣ ਦੁਆਰਾ) ਮੌਜੂਦ ਹੈ, ਤਾਂ ਅਜਿਹਾ ਸੋਚ ਲੈਣਾ ਮੁਸ਼ਕਲ ਹੈ ਕਿ ਕਲੀਸਿਯਾ ਦੇ ਹੁੰਦੇ ਹੋਏ ਪਵਿੱਤਰ ਆਤਮਾ ਦੀ ਵਿਸ਼ੇਸ਼ ਮੌਜੂਦਗੀ ਨੂੰ ਹਟਾਇਆ ਜਾ ਸਕਦਾ ਹੈ। 2 ਥੱਸਲੁ 2:6ff. ਇਸ ਵਿਚਾਰ ਨਾਲ ਸਹਿਮਤ ਹੈ ਕਿ ਪਵਿੱਤਰ ਆਤਮ ਉਦੋਂ ਤੱਕ ਮਸੀਹ-ਵਿਰੋਧੀ ਨੂੰ ਰੋਕ ਕੇ ਰੱਖੇਗਾ ਜਦੋਂ ਤੱਕ ਕਲੀਸਿਯਾ ਨੂੰ ਉਠਾਇਆ ਨਹੀਂ ਜਾਂਦਾ ਹੈ (ਅਤੇ ਕਲੀਸਿਯਾ ਦੇ ਨਾਲ-ਨਾਲ ਪਵਿੱਤਰ ਆਤਮਾ ਦੀ ਗਵਾਹੀ ਅਤੇ ਮੌਜੂਦਗੀ ਵੀ ਹਟਾਈ ਜਾਵੇਗੀ)। ਕਲੀਸਿਯਾ ਦੇ ਰੈਪਚਰ ਦੁਆਰਾ "ਦੁਸ਼ਟਤਾ ਦੇ ਮਨੁੱਖ (ਮਸੀਹ-ਵਿਰੋਧੀ) ਦਾ ਪ੍ਰਗਟ ਹੋਣਾ ਸੰਭਵ ਹੋ ਜਾਵੇਗਾ।

### b. ਨਵੇਂ ਨੇਮ ਦੁਆਰਾ ਪ੍ਰਗਟ ਕੀਤੇ ਗਏ ਭੇਤਾਂ ਬਾਰੇ ਸਿੱਟੇ

ਜਿਹੜਾ ਵੀ ਵਿਅਕਤੀ ਡਿਸਪੈਂਸੇਸ਼ਨ ਵਿਚਾਰ ਨੂੰ ਜਾਣਦਾ ਹੈ, ਉਹ ਇਹ ਸਮਝ ਸਕਦਾ ਹੈ ਕਿ **ਨਵੇਂ ਨੇਮ ਦੇ "ਗੁਪਤ ਭੇਤ" ਪ੍ਰਸ਼ਾਸਨ ਪ੍ਰਣਾਲੀ ਦੀ ਗੱਲ ਕਰਦੇ ਹਨ।** ਮਸੀਹ ਦੇ ਪਹਿਲੇ ਅਤੇ ਦੂਜੇ ਆਗਮਨ ਦੇ ਵਿਚਕਾਰ ਇੱਕ ਸਮਾਂ ਹੋਵੇਗਾ ਜਿਸ ਦੌਰਾਨ ਭਲਿਆਈ ਅਤੇ ਬੁਰਾਈ ਨਾਲ-ਨਾਲ ਹੋਣਗੇ (ਮੱਤੀ 13:11ff.; ਮਰਕੁਸ 4:11; ਲੂਕਾ 8:10; 1 ਤਿਮੋਥਿ 3:16)। ਇਸ ਸਮੇਂ ਦੌਰਾਨ ਇਸਰਾਏਲ ਨੂੰ ਪਾਸੇ ਕਰ ਦਿੱਤਾ ਜਾਵੇਗਾ ਅਤੇ ਪਰਮੇਸ਼ਰ ਨਵੇਂ ਪ੍ਰਸ਼ਾਸਨ (ਕਲੀਸਿਯਾ) ਦੇ ਦੁਆਰਾ ਕੰਮ ਕਰਨਗੇ ਜਿਸ ਵਿੱਚ ਮਸੀਹ ਵਿੱਚ ਇੱਕ ਹੋਏ ਯਹੂਦੀ ਅਤੇ ਗ਼ੈਰ-ਯਹੂਦੀ ਦੋਵੇਂ ਸ਼ਾਮਲ ਹਨ (ਰੋਮੀ 11:25-29; ਅਫ਼ਸੀ 3:2-6, 5:30-32; ਕੁਲੁੱਸੀ 1:25-27)। ਅੰਤ ਵਿੱਚ, ਇਸ ਕਲੀਸਿਯਾ ਦਾ ਉਠਾਇਆ ਜਾਵੇਗਾ (ਰੈਪਚਰ) ਅਤੇ ਸਾਰੇ (ਮਰੇ ਅਤੇ ਜਿਊਂਦਾ) ਮਹਿਮਾ ਪ੍ਰਾਪਤ ਕਰਨਗੇ (1 ਕੁਰਿੰਥ 15:51, 52)। ਕਲੀਸਿਯਾ ਦੇ ਉਠਾਏ ਜਾਣ ਤੋਂ ਬਾਅਦ, ਮਸੀਹ-ਵਿਰੋਧੀ ਪ੍ਰਗਟ ਹੋ ਜਾਵੇਗਾ (2 ਥੱਸਲੁ 2:3-10)। ਪਰ, ਇਹ ਦੁਸ਼ਟ ਮਨੁੱਖ ਅੰਤ ਵਿੱਚ ਪ੍ਰਭੂ ਦੇ ਹੱਥੋਂ ਉਸ ਸਮੇਂ ਮਾਰਿਆ ਜਾਵੇਗਾ ਜਦੋਂ ਉਹ ਭਲੇ ਨੂੰ ਬੁਰੇ ਤੋਂ ਅਲੱਗ ਕਰਕੇ ਧਰਤੀ ਉੱਤੇ ਇੱਕ ਰਾਜ ਦੀ ਸ਼ੁਰੂਆਤ ਕਰਨ ਦੇ ਲਈ ਆਉਣਗੇ, ਅਤੇ ਪਰਮੇਸ਼ਰ ਫਿਰ ਤੋਂ ਇਸਰਾਏਲ ਦੁਆਰਾ ਕੰਮ ਕਰਨ ਦੀ ਚੋਣ ਕਰਨਗੇ। ਇਸ ਗੱਲ ਤੋਂ ਇਨਕਾਰ ਕਰਨਾ ਅਸੰਭਵ ਹੈ ਕਿ ਕਲੀਸਿਯਾ ਦੇ "ਭੇਤ" ਇਹ ਸਾਬਤ ਕਰਦੇ ਹਨ ਕਿ ਘੱਟੋ-ਘੱਟ ਤਿੰਨ ਪ੍ਰਸ਼ਾਸਨ ਜਾਂ ਡਿਸਪੈਂਸੇਸ਼ਨ ਹਨ: ਬਿਵਸਥਾ, ਕਲੀਸਿਯਾ, ਅਤੇ ਰਾਜ।

### 5. ਪ੍ਰਸ਼ਾਸਨਾਂ ਦੇ ਬਦਲ ਜਾਣ ਦੇ ਸਬੂਤ

ਸ਼ੁਭ-ਸਮਾਚਾਰ ਅਜਿਹੇ ਬਹੁਤ ਸਾਰੇ ਸੰਕੇਤ ਦਿੰਦੇ ਹਨ ਕਿ ਮਸੀਹ ਦੇ ਧਰਤੀ ਤੋਂ ਜਾਣ ਦੇ ਬਾਅਦ ਪਰਮੇਸ਼ਰ ਦੇ ਕੰਮ ਕਰਨ ਦੇ ਤਰੀਕੇ ਵਿੱਚ ਇੱਕ ਤਬਦੀਲੀ ਆਵੇਗੀ। ਸਭ ਤੋਂ ਵੱਡੀਆਂ ਤਬਦੀਲੀਆਂ ਪਵਿੱਤਰ ਆਤਮਾ ਦੀ ਸੇਵਕਾਈ ਵਿੱਚ ਹੋਈਆਂ (ਇਸ ਦਾ ਜ਼ਿਕਰ ਅਧਿਆਇ 10, "ਪਵਿਤਰ ਆਤਮਾ ਦੇ ਸਿਧਾਂਤ" ਵਿੱਚ ਕੀਤਾ ਗਿਆ ਹੈ)।

ਮਸੀਹ ਨੇ ਚੇਲਿਆਂ ਨਾਲ਼ ਵਾਅਦਾ ਕੀਤਾ ਸੀ ਕਿ ਮਸੀਹ ਦੇ ਸਵਰਗ ਜਾਣ ਤੋਂ ਬਾਅਦ ਪਵਿੱਤਰ ਆਤਮਾ ਇੱਕ ਵਿਲੱਖਣ ਤਰੀਕੇ ਨਾਲ ਆਵੇਗਾ (ਯੂਹੰਨਾ 16:7-13)। ਜਿਵੇਂ ਬਿਵਸਥਾ ਦੇ ਪ੍ਰਸ਼ਾਸਨ ਵਿੱਚ ਨਹੀਂ ਸੀ, **ਪਵਿੱਤਰ ਆਤਮਾ ਸਾਰੇ ਵਿਸ਼ਵਾਸੀਆਂ** ਵਿੱਚ ਮੁਕਤੀ ਦੇ ਸਮੇਂ ਤੋਂ **ਹਮੇਸ਼ਾ ਲਈ ਵਾਸ ਕਰੇਗਾ** (ਯੂਹੰਨਾ 7:37-39;14:16-17; ਰੋਮੀ 8:9; 1 ਕੁਰਿੰਥ 12:13)। ਇਸ ਤੋਂ ਇਲਾਵਾ, ਯੂਹੰਨਾ ਬਪਤਿਸਮਾ ਦੇ ਵਾਲੇ ਨੇ ਪਵਿੱਤਰ ਆਤਮਾ ਦੇ ਜਿਸ ਬਪਤਿਸਮੇ ਦੀ ਭਵਿੱਖਬਾਣੀ ਕੀਤੀ ਸੀ (ਮੱਤੀ 3:11; ਮਰਕੁਸ 1:8; ਲੂਕਾ 3:16; ਯੂਹੰਨਾ 1:33) ਉਹ ਪ੍ਰਭੂ ਦੇ ਜਾਣ ਤੋਂ ਬਾਅਦ ਹੋਇਆ (ਰਸੂਲਾਂ 1:5) ਕਿ ਮਸੀਹ ਦਾ ਸਰੀਰ (ਕਲੀਸਿਯਾ) ਤਿਆਰ ਹੋ ਸਕੇ (1 ਕੁਰਿੰਥ 12:13)।

ਪਵਿੱਤਰ ਆਤਮਾ ਦੀ ਸੇਵਕਾਈ ਵਿੱਚ ਹੋਈਆਂ ਇਹ ਤਬਦੀਲੀਆਂ ਸਾਬਤ ਕਰਦੀਆਂ ਹਨ ਕਿ ਬਿਵਸਥਾ ਅਤੇ ਕਲੀਸਿਯਾ ਵਿਚਕਾਰ ਇੱਕ ਵੱਡੀ ਤਬਦੀਲੀ ਆਈ ਸੀ ਜੋ ਡਿਸਪੈਂਸੇਸ਼ਨ ਵਿਚਾਰ ਦਾ ਸਮਰਥਨ ਕਰਦੀ ਹੈ। ਇਸ ਤੱਥ ਉੱਤੇ ਜ਼ੋਰ ਦੇਣਾ ਵੀ ਜ਼ਰੂਰੀ ਹੈ ਕਿ **ਕਲੀਸਿਯਾ ਉਸ ਸਮੇਂ ਇੱਕ ਭਵਿੱਖ ਦਾ ਵਿਸ਼ਾ ਸੀ** ਜਦੋਂ ਮੱਤੀ 16:18 ਵਿੱਚ ਮਸੀਹ ਨੇ ਇਹ ਕਿਹਾ ਸੀ: "ਮੈਂ ਆਪਣੀ ਕਲੀਸਿਯਾ **ਬਣਾਵਾਂਗਾ**।" ਮਸੀਹ ਦੀ ਜ਼ਿਆਦਾਤਰ ਸਿੱਖਿਆ ਉਸ ਤਬਦੀਲੀ ਦੀ ਤਿਆਰੀ ਦੇ ਲਈ ਸੀ ਜੋ **ਯਹੂਦੀ ਧਰਮ ਤੋਂ ਕਲੀਸਿਯਾ ਵਿੱਚ ਹੋਣ ਵਾਲੀ ਸੀ**।

ਅੰਤ ਵਿੱਚ, ਸਬਤ (ਸ਼ਨੀਵਾਰ) ਨੂੰ ਛੱਡ ਕੇ ਐਤਵਾਰ ਨੂੰ ਅਰਾਧਨਾ ਦੇ ਦਿਨ ਵਿੱਚ ਤਬਦੀਲੀ ਵੀ ਇਹ ਸਥਾਪਿਤ ਕਰਦੀ ਹੈ ਕਿ ਪ੍ਰਸ਼ਾਸਨਾਂ ਵਿੱਚ ਇੱਕ ਤਬਦੀਲੀ ਹੋ ਗਈ ਸੀ ਜਿਸ ਵਿੱਚ ਹੁਣ ਬਿਵਸਥਾ ਦੀ ਜਗ੍ਹਾ ਕਲੀਸਿਯਾ ਹੈ (ਸਥਾਨਕ ਕਲੀਸਿਯਾ ਉੱਤੇ ਭਾਗ ਦੇਖੋ)।

### 6. ਕੀ ਡਿਸਪੈਂਸੇਸ਼ਨ ਬਾਈਬਲ ਦਾ ਸ਼ਬਦ ਹੈ?

ਤ੍ਰਿਏਕ ਜਾਂ ਰੈਪਚਰ ਨਾਲੋਂ ਜ਼ਿਆਦਾ *ਡਿਸਪੈਂਸੇਸ਼ਨ* ਸ਼ਬਦ ਬਾਈਬਲ ਦਾ ਸ਼ਬਦ ਹੈ। *ਡਿਸਪੈਂਸੇਸ਼ਨ* ਇੱਕ ਪੁਰਾਣਾ ਅੰਗਰੇਜ਼ੀ ਸ਼ਬਦ ਹੈ ਜਿਸ ਨੂੰ ਕਿੰਗ ਜੇਮਜ਼ ਵਰਜਨ ਦੇ ਅਨੁਵਾਦਕਾਂ ਨੇ ਯੂਨਾਨੀ ਸ਼ਬਦ *ਓਇਕੋਨੋਮੀਆ* ਦਾ ਅਨੁਵਾਦ ਕਰਨ ਦੇ ਲਈ ਵਰਤਿਆ ਸੀ ਜਿਸ ਤੋਂ ਸ਼ਬਦ ਅਰਥ-ਵਿਵਸਥਾ ਨਿਕਲਦਾ ਹੈ। *ਓਇਕੋਸ* ਦਾ ਅਰਥ "ਘਰ" ਅਤੇ *ਨੇਮੋਸ* ਦਾ ਅਰਥ "ਬਿਵਸਥਾ/ਕਾਨੂੰਨ" ਹੈ। ਇਸ ਤਰ੍ਹਾਂ, ਇਹ ਪਰਿਵਾਰ ਦੇ ਕਾਨੂੰਨ ਜਾਂ ਨਿਯਮਾਂ ਦੀ ਪ੍ਰਣਾਲੀ ਨੂੰ ਦਰਸਾਉਂਦਾ ਹੈ ਜਿਸ ਦੁਆਰਾ ਇੱਕ ਪਰਿਵਾਰ ਚਲਾਇਆ ਜਾਂਦਾ ਹੈ। ਸਾਨੂੰ ਇੱਕ ਵੱਡੀ ਪੇਂਡੂ ਕਾਰੋਬਾਰ ਬਾਰੇ ਸੋਚਣਾ ਚਾਹੀਦਾ ਹੈ ਜਿਸ ਵਿੱਚ ਬਹੁਤ ਸਾਰੇ ਪੁੱਤਰ,

ਧੀਆਂ, ਨੌਕਰ, ਕੁਝ ਮਜ਼ਦੂਰ ਸ਼ਾਮਲ ਹੁੰਦੇ ਹਨ। ਉੱਥੇ ਕੁਝ ਲੇਖਾਕਾਰ ਅਤੇ ਵਪਾਰੀ ਵੀ ਹੋ ਸਕਦੇ ਹਨ ਜੋ ਕਾਰੋਬਾਰ ਦੀਆਂ ਜ਼ਰੂਰੀ ਚੀਜ਼ਾਂ ਨੂੰ ਖਰੀਦਦੇ ਅਤੇ ਇਸ ਦੇ ਉਤਪਾਦਾਂ ਨੂੰ ਵੇਚਦੇ ਹਨ। ਜਿਸ ਪ੍ਰਸ਼ਾਸਨ ਦੁਆਰਾ ਇਸ ਵੱਡੇ ਪਰਿਵਾਰ ਦੇ ਵਪਾਰ ਦੇ ਕੰਮਾਂ ਦਾ ਪ੍ਰਸ਼ਾਸਨ ਕੀਤਾ ਜਾਂਦਾ ਸੀ, ਉਸ ਨੂੰ "ਅਰਥ-ਵਿਵਸਥਾ" ਕਿਹਾ ਜਾਂਦਾ ਸੀ। ਆਧੁਨਿਕ ਅਨੁਵਾਦਕਾਂ ਨੇ ਪੁਰਾਣੇ ਸ਼ਬਦ *ਡਿਸਪੈਂਸੇਸ਼ਨ* ਨੂੰ ਛੱਡ ਕੇ ਹੋਰ ਨਵੇਂ ਸ਼ਬਦਾਂ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਹੈ ਜਿਵੇਂ ਕਿ ਹੇਠਾਂ ਦਿੱਤੇ ਚਾਰਟ ਤੋਂ ਪਤਾ ਚਲਦਾ ਹੈ।

| **ਆਇਤ** | **ਐਨ.ਏ.ਐਸ.ਬੀ** | **ਐਨ.ਆਈ.ਵੀ** |
|---|---|---|
| ਲੂਕਾ 16:2 | ਪ੍ਰਬੰਧਕ | ਪ੍ਰਬੰਧਕ |
| ਲੂਕਾ 16:3 | ਪ੍ਰਬੰਧਕ | ਮੇਰਾ ਕੰਮ (ਇੱਕ ਪ੍ਰਬੰਧਕ ਵਜੋਂ) |
| ਲੂਕਾ 16:4 | ਪ੍ਰਬੰਧਕ | ਮੇਰਾ ਕੰਮ (ਇੱਕ ਪ੍ਰਬੰਧਕ ਵਜੋਂ) |
| 1 ਕੁਰਿੰਥ 9:17 | ਸੇਵਕ | ਸੇਵਾ |
| ਅਫ਼ਸੀ 1:10 | ਜ਼ਿੰਮੇਵਾਰ | (ਅਨੁਵਾਦ ਨਹੀਂ ਕੀਤਾ ਗਿਆ) |
| ਅਫ਼ਸੀ 3:2 | ਪ੍ਰਬੰਧਕ | ਜ਼ਿੰਮੇਵਾਰ |
| ਅਫ਼ਸੀ 3:9 | ਜ਼ਿੰਮੇਵਾਰ | ਜ਼ਿੰਮੇਵਾਰ |
| ਕੁਲੁੱਸੀ 1:25 | ਪ੍ਰਬੰਧਕ | ਸੇਵਾ |
| 1 ਤਿਮੋਥਿ 1:4 | ਪਰਮੇਸ਼ਰ ਦੀ ਯੋਜਨਾ | ਪਰਮੇਸ਼ਰ ਦਾ ਕੰਮ |

ਕੇ.ਜੇ.ਵੀ. ਨੇ "ਅਰਥ-ਵਿਵਸਥਾ" ਦਾ ਅਨੁਵਾਦ ਚਾਰ ਵਾਰ *ਪ੍ਰਬੰਧਕ* ਕੀਤਾ ਹੈ। *ਡਿਸਪੈਂਸੇਸ਼ਨਲਿਜ਼ਮ* ਆਪਣਾ ਨਾਮ ਇਸ ਪੁਰਾਣੇ ਸ਼ਬਦ ਤੋਂ ਲੈਂਦਾ ਹੈ। ਪਰ, ਅੱਜ ਦੇ ਕਈ ਸਮਾਨਾਰਥੀ ਸ਼ਬਦਾਂ ਵਿੱਚ ਇਹੀ ਵਿਚਾਰ ਸ਼ਾਮਲ ਹੈ।

"ਅਰਥ-ਵਿਵਸਥਾ" ਵਪਾਰ ਦੀ ਇੱਕ ਪ੍ਰਣਾਲੀ ਹੁੰਦੀ ਹੈ। ਅਮਰੀਕਾ ਇੱਕ ਪੂੰਜੀਵਾਦੀ ਵਿਵਸਥਾ ਹੈ; ਸੋਵੀਅਤ ਯੂਨੀਅਨ ਇੱਕ ਕਮਿਊਨਿਸਟ ਵਿਵਸਥਾ ਸੀ। "ਪ੍ਰਸ਼ਾਸਨ" ਪ੍ਰਬੰਧਨ ਦੀ ਇੱਕ ਪ੍ਰਣਾਲੀ ਹੁੰਦੀ ਹੈ ਜੋ ਇੱਕ ਸਰਕਾਰ ਨੂੰ ਦਿਸ਼ਾ ਦਿੰਦੀ ਹੈ। ਵਾਸ਼ਿੰਗਟਨ, ਜੈਫਰਸਨ, ਲਿੰਕਨ, ਰੂਜ਼ਵੈਲਟ ਆਦਿ ਨੇ ਸਰਕਾਰ ਦੇ ਵੱਖ-ਵੱਖ ਰਾਜਨੀਤਿਕ ਪ੍ਰਬੰਧਾਂ ਜਾਂ ਪ੍ਰਸ਼ਾਸਨਾਂ ਵਿੱਚ ਸੇਵਾ ਨਿਭਾਈ ਸੀ। ਇੱਕ ਪ੍ਰਬੰਧਕ ਹੋਣਾ ਸੰਪਤੀ ਜਾਂ ਰਾਜ ਦੇ ਪ੍ਰਬੰਧਨ ਲਈ ਇੱਕ ਭਰੋਸਾ ਜਾਂ ਜ਼ਿੰਮੇਵਾਰੀ ਹੁੰਦੀ ਹੈ। ਯੂਸਫ਼ ਕੋਲ ਪੋਟੀਫ਼ਰ ਦੇ ਘਰ ਦੇ ਪ੍ਰਬੰਧਨ ਦਾ ਅਧਿਕਾਰ ਸੀ। ਇਸ ਦੇ ਬੁਨਿਆਦੀ ਰੂਪ ਵਿੱਚ, ਇੱਕ ਪ੍ਰਸ਼ਾਸਨ ਵਿੱਚ ਪ੍ਰਸ਼ਾਸ਼ਨ ਵਾਲੀ ਪ੍ਰਣਾਲੀ, ਅਤੇ ਪ੍ਰਣਾਲੀ ਦੇ ਸੰਗਠਨ ਦੇ ਨਿਯਮ ਹੁੰਦੇ ਹਨ। ਇਸ ਤਰ੍ਹਾਂ, "ਡਿਸਪੈਂਸੇਸ਼ਨ" ਪ੍ਰਬੰਧਨ ਦੀ ਇੱਕ ਪ੍ਰਣਾਲੀ, ਪ੍ਰਸ਼ਾਸਨ, ਸੇਵਾ, ਭਰੋਸਾ ਜਾਂ ਜ਼ਿੰਮੇਵਾਰੀ ਹੁੰਦੀ ਹੈ ਜਿਸ ਵਿੱਚ ਪਰਮੇਸ਼ਰ ਮਨੁੱਖ ਨੂੰ ਪੂਰੇ ਕਰਨ ਲਈ ਕੁਝ ਕੰਮ ਦਿੰਦੇ ਹਨ। ਡਿਸਪੈਂਸੇਸ਼ਨਲਿਜ਼ਮ ਦਾ ਅਰਥ ਸਿਰਫ਼ ਇਹ ਹੈ ਕਿ ਪਰਮੇਸ਼ਰ ਨੇ ਨੇ ਵਿਸ਼ਵਾਸ ਦੇ ਘਰ ਵਿੱਚ ਰਹਿਣ ਅਤੇ ਕੰਮ ਕਰਨ ਦੇ ਲਈ ਵੱਖ-ਵੱਖ ਕੰਮ ਦੀਆਂ ਪ੍ਰਣਾਲੀਆਂ ਨੂੰ ਲਾਗੂ ਕੀਤਾ ਹੈ। ਇਹਨਾਂ ਵੱਖ-ਵੱਖ ਪ੍ਰਸ਼ਾਸਨਾਂ ਵਿੱਚ ਮੁਕਤੀ ਪਾਉਣ ਦੇ ਵੱਖ-ਵੱਖ ਤਰੀਕੇ ਨਹੀਂ ਹਨ, ਕਿਉਂਕਿ ਮੁਕਤੀ ਦਾ ਤਰੀਕਾ ਹਮੇਸ਼ਾਂ ਸਿਰਫ਼ ਵਿਸ਼ਵਾਸ ਹੀ ਰਿਹਾ ਹੈ (ਉਤ 15:6; ਹਬੱਕੂਕ 2:4)। ਪ੍ਰਸ਼ਾਸਨਾਂ ਵਿੱਚ ਉਹਨਾਂ ਜ਼ਿਮੇਵਾਰੀਆਂ ਅਤੇ ਕੰਮਾਂ ਦਾ ਫ਼ਰਕ ਹੈ ਜੋ ਪਰਮੇਸ਼ਰ ਚਾਹੁੰਦੇ ਹਨ ਕਿ ਉਹਨਾਂ ਦੇ ਲੋਕ ਇਸ ਲਈ ਕਰਨ ਕਿ ਉਹ ਸੰਸਾਰ ਵਿੱਚ ਉਹਨਾਂ ਦੀ ਇੱਛਾ ਅਤੇ ਯੋਜਨਾ ਨੂੰ ਪੂਰੀ ਕਰਨ।

ਬਾਈਬਲ ਵਿੱਚ ਪ੍ਰਸ਼ਾਸਨ ਦੀਆਂ ਨੌ ਘਟਨਾਵਾਂ ਹਨ, ਇਹਨਾਂ ਵਿੱਚ ਅਫ਼ਸੀਆਂ 3 ਅਤੇ ਕੁਲੁੱਸੀਆਂ 1 ਇਸ ਵਿਚਾਰ ਦਾ ਸਭ ਤੋਂ ਮਜ਼ਬੂਤ ਸਮਰਥਨ ਕਰਦੇ ਹਨ ਕਿ ਕਲੀਸਿਯਾ ਇੱਕ ਨਵਾਂ ਪ੍ਰਸ਼ਾਸਨ ਹੈ ਜੋ ਬਿਵਸਥਾ ਦੇ ਪੁਰਾਣੇ ਪ੍ਰਸ਼ਾਸਨ ਤੋਂ ਵੱਖਰਾ ਹੈ।

> ਇਸ ਕਾਰਨ ਮੈਂ ਪੌਲੁਸ, ਤੁਹਾਡੇ ਲਈ ਜਿਹੜੇ ਪਰਾਈਆਂ ਕੌਮਾਂ ਹੋ, ਮਸੀਹ ਯਿਸੂ ਦਾ ਕੈਦੀ ਹਾਂ।...ਤੁਸੀਂ ਜ਼ਰੂਰ ਸੁਣ ਚੁੱਕੇ ਹੋ ਕਿ ਪਰਮੇਸ਼ਰ ਨੇ ਆਪਣੀ **ਕਿਰਪਾ ਨਾਲ ਮੈਨੂੰ ਇਹ ਜ਼ਿੰਮੇਵਾਰੀ** (ਡਿਸਪੈਂਸੇਸ਼ਨ) ਤੁਹਾਡੇ ਭਲੇ ਲਈ ਸੌਂਪੀ ਹੈ। ਪਰਮੇਸ਼ਰ ਨੇ ਆਪਣਾ **ਭੇਤ ਮੇਰੇ ਉੱਤੇ ਪ੍ਰਗਟ ਕੀਤਾ ਹੈ।** ਇਸ ਬਾਰੇ ਮੈਂ ਪਹਿਲਾਂ ਹੀ ਤੁਹਾਨੂੰ ਲਿਖ ਚੁੱਕਾ ਹਾਂ ਅਤੇ ਜੇਕਰ ਤੁਸੀਂ ਉਹ ਸਭ ਪੜ੍ਹੋਗੇ ਤਾਂ ਤੁਸੀਂ **ਮਸੀਹ ਦੇ ਭੇਤ** ਦੇ ਬਾਰੇ ਮੇਰੇ ਵਿਚਾਰ ਜਾਣ ਜਾਵੋਗੇ। **ਪਿਛਲੀਆਂ ਪੀੜ੍ਹੀਆਂ ਦੇ ਲੋਕਾਂ ਉੱਤੇ ਇਹ ਭੇਤ ਪ੍ਰਗਟ ਨਹੀਂ ਕੀਤਾ ਗਿਆ ਸੀ** ਪਰ ਪਰਮੇਸ਼ਰ ਨੇ ਆਪਣੇ ਆਤਮਾ ਦੇ ਦੁਆਰਾ ਹੁਣ ਇਹ ਭੇਤ ਆਪਣੇ ਪਵਿੱਤਰ ਰਸੂਲਾਂ ਅਤੇ ਨਬੀਆਂ ਉੱਤੇ ਪ੍ਰਗਟ ਕੀਤਾ ਹੈ। ਉਹ ਭੇਤ ਇਹ

ਹੈ ਕਿ ਸ਼ੁਭ ਸਮਾਚਾਰ ਦੇ ਦੁਆਰਾ **ਪਰਾਈਆਂ ਕੌਮਾਂ** ਵੀ ਯਹੂਦੀਆਂ ਦੇ ਨਾਲ ਪਰਮੇਸ਼ਰ ਦੀ ਮਸੀਹ ਯਿਸੂ ਵਿੱਚ ਵਾਅਦਾ ਕੀਤੀ ਹੋਈ ਵਿਰਾਸਤ ਵਿੱਚ ਸਾਂਝੀ ਹਨ ਅਤੇ ਉਹਨਾਂ ਦੇ ਨਾਲ **ਇੱਕ ਸਰੀਰ** ਦੇ ਅੰਗ ਹਨ। ਪਰਮੇਸ਼ਰ ਨੇ ਆਪਣੀ ਕਿਰਪਾ ਦੇ ਦਾਨ ਅਤੇ ਆਪਣੀ ਹਰ ਸਮੇਂ ਕੰਮ ਕਰ ਰਹੀ ਸਮਰੱਥਾ ਦੇ ਦੁਆਰਾ ਮੈਨੂੰ ਸ਼ੁਭ ਸਮਾਚਾਰ ਦਾ ਸੇਵਕ ਬਣਾਇਆ ਹੈ। ਮੈਂ ਪਰਮੇਸ਼ਰ ਦੇ ਸਾਰੇ ਲੋਕਾਂ ਵਿੱਚੋਂ ਛੋਟੇ ਤੋਂ ਵੀ ਛੋਟਾ ਹਾਂ ਪਰ ਫਿਰ ਵੀ ਪਰਮੇਸ਼ਰ ਨੇ ਮੈਨੂੰ ਆਪਣੀ ਕਿਰਪਾ ਦੇ ਨਾਲ ਇਸ ਯੋਗ ਸਮਝਿਆ ਕਿ ਮੈਂ ਮਸੀਹ ਦੀਆਂ ਬੇਅੰਤ ਅਸੀਸਾਂ ਦਾ ਸ਼ੁਭ ਸਮਾਚਾਰ ਪਰਾਈਆਂ ਕੌਮਾਂ ਨੂੰ ਸੁਣਾਵਾਂ ਅਤੇ ਪਰਮੇਸ਼ਰ ਦਾ ਭੇਤ **ਸਾਰੀ ਮਨੁੱਖਜਾਤੀ** ਸਾਹਮਣੇ ਖੋਲ੍ਹਾਂ। ਪਰਮੇਸ਼ਰ ਨੇ ਜਿਹੜੇ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਹਨ, **ਇਹ ਭੇਤ ਪਹਿਲੇ ਸਾਰੇ ਯੁੱਗਾਂ ਵਿੱਚ ਆਪਣੇ ਤੱਕ ਰੱਖਿਆ ਸੀ** ਤਾਂ ਜੋ **ਇਸ ਯੁੱਗ ਵਿੱਚ ਕਲੀਸਿਯਾ ਦੇ ਦੁਆਰਾ** ਪਰਮੇਸ਼ਰ ਦੀ ਬਹੁਗੁਣੀ ਬੁੱਧ, ਅਕਾਸ਼ੀ ਹਕੂਮਤਾਂ ਅਤੇ ਅਧਿਕਾਰੀਆਂ ਉੱਤੇ ਪ੍ਰਗਟ ਹੋਵੇ। [ਅਫ਼ਸੀ 3:1-12]

...ਪਰਮੇਸ਼ਰ ਨੇ ਮੈਨੂੰ **ਕਲੀਸਿਯਾ** ਦਾ ਸੇਵਕ ਬਣਾਇਆ ਹੈ। ਉਹਨਾਂ ਨੇ ਮੈਨੂੰ ਤੁਹਾਡੀ ਖ਼ਾਤਰ ਇਹ ਖ਼ਾਸ ਸੇਵਾ ਦਾ ਕੰਮ ਦਿੱਤਾ ਹੈ ਕਿ ਮੈਂ ਤੁਹਾਡੇ ਸਾਹਮਣੇ ਪਰਮੇਸ਼ਰ ਦੇ ਸੰਦੇਸ਼ (ਡਿਸਪੈਂਸੇਸ਼ਨ) ਨੂੰ ਪੂਰੀ ਤਰ੍ਹਾਂ ਨਾਲ ਪੇਸ਼ ਕਰਾਂ ਤਾਂ ਜੋ **ਉਸ ਭੇਤ** ਨੂੰ ਪ੍ਰਗਟ ਕਰਾਂ **ਜਿਹੜਾ ਸਾਰੇ ਯੁੱਗਾਂ ਅਤੇ ਪੀੜ੍ਹੀਆਂ ਕੋਲੋਂ ਅੱਜ ਤੱਕ ਗੁਪਤ ਰਿਹਾ ਹੈ** ਪਰ ਹੁਣ ਉਹਨਾਂ ਨੇ ਆਪਣੇ ਲੋਕਾਂ ਉੱਤੇ ਪ੍ਰਗਟ ਕੀਤਾ ਹੈ। ਪਰਮੇਸ਼ਰ ਨੇ ਆਪਣੀ ਇੱਛਾ ਦੇ ਨਾਲ ਆਪਣੇ ਲੋਕਾਂ ਉੱਤੇ ਇਹ ਪ੍ਰਗਟ ਕੀਤਾ ਹੈ ਕਿ **ਉਹ ਭੇਤ ਸਾਰੀਆਂ ਕੌਮਾਂ ਦੇ ਲਈ** ਮਹਿਮਾ ਦਾ ਧਨ ਹੈ, ਉਹ ਭੇਤ ਇਹ ਹੈ ਕਿ **ਮਸੀਹ ਤੁਹਾਡੇ ਵਿੱਚ ਹਨ** ਜਿਹੜੇ ਅੱਗੇ ਆਉਣ ਵਾਲੀ ਮਹਿਮਾ ਦੀ ਉਮੀਦ ਹਨ। [ਕੁਲੁੱਸੀ 1:24-27]

ਦੋਵਾਂ ਵਚਨਾਂ ਵਿੱਚ ਪੌਲੁਸ ਕਹਿੰਦਾ ਹੈ ਕਿ ਉਸ ਨੂੰ ਇੱਕ ਨਵੇਂ ਪ੍ਰਸ਼ਾਸਨ ਜਾਂ ਡਿਸਪੈਂਸੇਸ਼ਨ (ਕਲੀਸਿਯਾ) ਦਾ ਪ੍ਰਕਾਸ਼ਨ ਮਿਲਿਆ ਸੀ। ਇਹ ਨਵਾਂ ਡਿਸਪੈਂਸੇਸ਼ਨ ਪੁਰਾਣੇ ਨੇਮ ਦੇ ਲੋਕਾਂ ਤੋਂ "ਲੁਇਆ ਹੋਇਆ" ਸੀ, ਪਰ ਕੁਝ ਸਮੇਂ ਪਹਿਲਾਂ ਹੀ ਰਸੂਲਾਂ ਅਤੇ ਨਵੇਂ ਨੇਮ ਦੇ ਨਬੀਆਂ ਨੂੰ ਪ੍ਰਗਟ ਕੀਤਾ ਗਿਆ ਸੀ। ਜਿਹੜੀਆਂ ਸਥਿਤੀਆਂ ਬਿਵਸਥਾ ਦੇ ਪ੍ਰਸ਼ਾਸਨ ਵਿੱਚ ਪ੍ਰਚਲਿਤ ਸਨ, ਉਹ ਕਲੀਸਿਯਾ ਦੇ ਪ੍ਰਸ਼ਾਸਨ ਵਿੱਚ ਬੰਦ ਹੋ ਗਈਆਂ ਸਨ, ਜਿਸ ਵਿੱਚ ਯਹੂਦੀ ਅਤੇ ਗ਼ੈਰ-ਯਹੂਦੀ ਹੁਣ ਮਿਲ ਕੇ ਇੱਕ ਹੋ ਗਏ ਸਨ। ਇਹਨਾਂ ਡਿਸਪੈਂਸੇਸ਼ਨਾਂ (ਪ੍ਰਸ਼ਾਸਨਾਂ) ਵਿੱਚ ਇੱਕ ਹੋਰ ਅੰਤਰ ਇਹ ਸੀ ਕਿ ਹੁਣ ਸਾਰੇ ਵਿਸ਼ਵਾਸੀ ਅੰਦਰ ਮਸੀਹ ਦਾ ਵਾਸ ਸੀ। ਇਸ ਉੱਤੇ ਧਿਆਨ ਦਿਓ ਕਿ ਅਫ਼ਸੀ 3:9 ਇਹ ਸਿਖਾਉਂਦਾ ਹੈ ਕਿ ਪਰਮੇਸ਼ਰ ਨੇ ਪੌਲੁਸ ਨੂੰ ਇਹ ਕੰਮ ਦਿੱਤਾ ਸੀ ਕਿ ਉਹ ਇਸ ਨਵੇਂ ਪ੍ਰਸ਼ਾਸਨ ਨੂੰ ਸਮਝਣ ਵਿੱਚ ਸਾਰੇ ਲੋਕਾਂ ਦੀ ਮਦਦ ਕਰੇ। ਇਹ ਬਹੁਤ ਹੈਰਾਨੀ ਵਿੱਚ ਪਾਉਣ ਵਾਲੀ ਗੱਲ ਹੈ ਕਿ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰਨ ਵਾਲੀ ਕਲੀਸਿਯਾ ਵਚਨ ਤੋਂ ਇੰਨੀ ਅਗਿਆਤ ਹੈ ਕਿ ਉਸ ਨੇ ਪੈਂਸੇਸ਼ਨਲਿਜ਼ਮ ਨੂੰ ਬਾਈਬਲ ਤੋਂ ਬਾਹਰ ਦਾ ਵਿਚਾਰ ਘੋਸ਼ਿਤ ਕਰ ਦਿੱਤਾ ਹੈ!

### 7. ਡਿਸਪੈਂਸੇਸ਼ਨ ਵਿਚਾਰ ਦੇ ਵੱਖ-ਵੱਖ ਵੇਰਵੇ

ਡਿਸਪੈਂਸੇਸ਼ਨ ਵਿਚਾਰ ਬਾਰੇ ਇੱਕ ਵੱਡੀ ਗ਼ਲਤ-ਫ਼ਹਿਮੀ ਇਹ ਹੈ ਕਿ ਕੁਝ ਲੋਕ ਸੋਚਦੇ ਹਨ ਕਿ ਇਸ ਵਿੱਚ ਮੁਕਤੀ ਦੇ ਨਵੇਂ ਤਰੀਕੇ ਸਿਖਾਏ ਜਾਂਦੇ ਹਨ। ਇਹ ਬਿਲਕੁਲ ਵੀ ਸੱਚ ਨਹੀਂ ਹੈ। ਪੁਰਾਣੇ ਨੇਮ ਦੇ ਲੋਕ ਵਿਸ਼ਵਾਸ ਦੁਆਰਾ ਬਚਾਏ ਗਏ ਸਨ (ਉਤ 15:6; ਹਬੱਕੂਕ 2:4; ਰੋਮੀ 4:6)। ਪੁਰਾਣੇ ਨੇਮ ਦੇ ਲੋਕ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਸਿਰਫ਼ ਪਸ਼ੂਆਂ ਦਾ ਬਲੀਦਾਨ ਬਚਾ ਨਹੀਂ ਸਕਦਾ ਹੈ। ਜਿਹੜੇ ਵਿਸ਼ਵਾਸ ਨਾਲ ਬਲੀਦਾਨ ਦੀ ਭੇਟ ਚੜ੍ਹਾਈ ਜਾਂਦੀ ਸੀ, ਉਸ ਨਾਲ ਮੁਕਤੀ ਮਿਲਦੀ ਸੀ (ਦੇਖੋ, 1 ਸਮੂ 15:22; ਜ਼ਬੂਰ 40:6; 51:16; ਕਹਾਉਤਾ 15:8; 21:27; ਯਸਾ 1: 11ff; ਹੋਸ਼ੇਆ 6:3-6; ਮੀਕਾਹ 6:6ff; ਇਬ 9:12; 10:3)।

ਡਿਸਪੈਂਸੇਸ਼ਨ ਪਰਮੇਸ਼ਰ ਦੇ ਕੰਮ ਕਰਨ ਲਈ ਵੱਖ-ਵੱਖ ਪ੍ਰਣਾਲੀਆਂ, ਪਰਮੇਸ਼ਰ ਦੀ ਇੱਛਾ ਨੂੰ ਪੂਰੀ ਕਰਨ ਲਈ ਕੰਮ ਕਰਨ ਦੇ ਵੱਖ-ਵੱਖ ਢੰਗਾਂ, ਪਰਮੇਸ਼ਰ ਦੇ ਵਿਸ਼ਵਾਸ ਦੇ ਘਰ ਦੇ ਪ੍ਰਬੰਧਨ ਲਈ ਵੱਖ-ਵੱਖ ਜ਼ਿੰਮੇਵਾਰੀਆਂ ਅਤੇ ਜ਼ਰੂਰਤਾਂ ਨੂੰ ਦਰਸਾ ਸਕਦਾ ਹੈ, ਪਰ **ਇਹ ਮੁਕਤੀ ਦੇ ਵੱਖ-ਵੱਖ ਤਰੀਕਿਆਂ ਨੂੰ ਨਹੀਂ ਸਿਖਾਉਂਦਾ ਹੈ।**

ਜਿਵੇਂ ਕਿ ਅਮਰੀਕਾ ਵਿੱਚ ਸੰਵਿਧਾਨ ਦੇ ਅਧੀਨ ਸਿਰਫ਼ ਇੱਕ ਹੀ ਸਰਕਾਰ ਹੈ, ਪਰ ਇਸ ਦਾ ਪ੍ਰਬੰਧਨ 40 ਤੋਂ ਵੱਧ ਪ੍ਰਸ਼ਾਸਨ ਕਰਦੇ ਹਨ, ਉਵੇਂ ਹੀ ਪਰਮੇਸ਼ਰ ਦੀ ਸਿਰਫ਼ ਇੱਕ ਹੀ ਸਰਕਾਰ ਹੈ; ਪਰ ਉਸ ਦੇ ਪ੍ਰਬੰਧਨ ਦੇ ਲਈ ਪਰਮੇਸ਼ਰ ਨੇ ਵੱਖ-ਵੱਖ ਪ੍ਰਸ਼ਾਸਨਾਂ ਦਾ ਗਠਨ ਕੀਤਾ ਹੈ। ਪਰਮੇਸ਼ਰ ਦੇ ਗੁਣ ਕਦੇ ਵੀ ਬਦਲਦੇ ਨਹੀਂ ਹਨ। ਮੁਕਤੀ ਦਾ ਤਰੀਕਾ ਕਦੇ ਨਹੀਂ ਬਦਲਦਾ ਨਹੀਂ ਹੈ। ਫਿਰ ਵੀ, ਪਰਮੇਸ਼ਰ ਨੇ ਆਪਣੇ ਲੋਕਾਂ ਰਾਹੀਂ ਆਪਣੇ ਕੰਮਾਂ ਨੂੰ ਬਦਲ ਕੇ ਉਹਨਾਂ ਨਾਲ ਅਪਣੇ ਰਿਸ਼ਤੇ ਦੇ ਪ੍ਰਸ਼ਾਸਨ ਨੂੰ ਬਦਲਿਆ ਹੈ। ਹਾਲਾਂਕਿ, ਡਿਸਪੈਂਸੇਸ਼ਨ ਵਿੱਚ ਸਮਾਂ ਇੱਕ ਤੱਥ ਹੈ, ਫਿਰ ਵੀ ਸਮਾਂ ਇੱਕ ਗੌਣ ਮੁੱਦਾ ਹੈ। ਡਿਸਪੈਂਸੇਸ਼ਨ ਇੱਕ ਵੱਖਰੀ ਪ੍ਰਣਾਲੀ ਹੈ ਜਿਸ ਦੁਆਰਾ ਪਰਮੇਸ਼ਰ ਇਹ ਆਦੇਸ਼ ਦਿੰਦੇ ਹਨ ਕਿ ਵਿਸ਼ਵਾਸ ਦੇ ਪਰਿਵਾਰ ਦਾ ਪ੍ਰਬੰਧਨ ਕਿਵੇਂ ਹੋਵੇਗਾ। ਜਿਵੇਂ ਕਿ ਕਮਿਊਨਿਸਟ ਸਮਿਆਂ ਜਾਂ ਪੂੰਜੀਵਾਦ ਸਮਿਆਂ ਨੂੰ ਇੱਕ ਕਮਿਊਨਿਸਟ ਪ੍ਰਣਾਲੀ ਅਤੇ ਪੂੰਜੀਵਾਦ ਪ੍ਰਣਾਲੀ ਕਹਿਣਾ ਜ਼ਿਆਦਾ ਵਧੀਆ ਹੈ, ਉਵੇਂ ਹੀ ਬਿਵਸਥਾ ਦਾ ਯੁੱਗ ਜਾਂ ਕਲੀਸਿਯਾ ਦਾ ਯੁੱਗ ਕਹਿਣ ਦੀ ਬਜਾਏ ਬਿਵਸਥਾ ਪ੍ਰਣਾਲੀ/ਪ੍ਰਸ਼ਾਸਨ ਜਾਂ ਕਲੀਸਿਯਾ ਪ੍ਰਣਾਲੀ/ਪ੍ਰਸ਼ਾਸਨ ਕਹਿਣਾ ਜ਼ਿਆਦਾ ਵਧੀਆ ਹੈ।

ਜਿਵੇਂ ਪਿਛਲੇ ਸਰਕਾਰੀ ਪ੍ਰਸ਼ਾਸਨਾਂ ਦੇ ਨਿਯਮ, ਜੇਕਰ ਰੱਦ ਨਾ ਕੀਤੇ ਜਾਣ, ਤਾਂ ਹੁਣ ਵੀ ਲਾਗੂ ਹਨ, ਉਵੇਂ ਪਿਛਲੇ ਪ੍ਰਸ਼ਾਸਨਾਂ ਦੇ ਨਿਯਮ, ਜੇਕਰ ਰੱਦ ਨਾ ਕੀਤੇ ਗਏ ਹੋਣ, ਤਾਂ ਉਹਨਾਂ ਨੂੰ ਵੀ ਕਲੀਸਿਯਾ ਦੇ ਪ੍ਰਸ਼ਾਸਨ ਵਿੱਚ ਲਾਗੂ ਮੰਨਣਾ ਚਾਹੀਦਾ ਹੈ।

ਇਸ ਲਈ, ਹੁਣ ਅਸੀਂ ਲਹੂ ਦੀ ਬਲੀ ਚੜ੍ਹਾਉਣ ਦੇ ਲਈ ਪਾਬੰਦ ਨਹੀਂ ਹਾਂ। ਪਰ, ਬਾਅਦ ਦੇ ਪਵਿੱਤਰ ਸ਼ਾਸਤਰ ਦੁਆਰਾ ਮਨੁੱਖੀ ਸਰਕਾਰ ਦੇ ਪ੍ਰਸ਼ਾਸਨ ਨੂੰ ਕਦੇ ਵੀ ਰੱਦ ਨਹੀਂ ਕੀਤਾ ਗਿਆ ਹੈ। ਇਹੀ ਕਾਰਨ ਹੈ ਕਿ ਫਾਂਸੀ ਦੀ ਸਜ਼ਾ ਵਰਗੀਆਂ ਸੱਚਾਈਆਂ ਅਜੇ ਵੀ ਲਾਗੂ ਹਨ (ਉਤ 9:6)। ਇੱਕ ਵਾਰ ਫਿਰ, ਪ੍ਰਸ਼ਾਸਨਾਂ ਵਿੱਚ ਸਮਾਂ ਸਿਰਫ਼ ਇੱਕ ਗੌਣ ਪਹਿਲੂ ਹੈ। ਮੁੱਖ ਵਿਸ਼ਾ ਜਾਂ ਵਿਚਾਰ ਪ੍ਰਬੰਧਨ ਜਾਂ ਪ੍ਰਸ਼ਾਸਨ ਦੀਆਂ ਪ੍ਰਣਾਲੀਆਂ ਹਨ। ਹੇਠਾਂ ਦਿੱਤੇ **ਚਾਰਟ A** ਅਤੇ **B** ਦੁਆਰਾ ਦਰਸਾਏ ਅਨੁਸਾਰ ਪਿਛਲੇ ਪ੍ਰਸ਼ਾਸਨਾਂ ਦੇ ਨਿਯਮਾਂ ਨੂੰ ਸਮੂਹਿਕ ਬਣਾਇਆ ਗਿਆ ਹੈ (ਜਦੋਂ ਤੱਕ ਉਹਨਾਂ ਨੂੰ ਰੱਦ ਨਹੀਂ ਕੀਤਾ ਜਾਂਦਾ ਹੈ)।

**ਬਿਵਸਥਾ ਤੋਂ ਪਹਿਲਾਂ ਦੇ ਪ੍ਰਸ਼ਾਸਨਾਂ ਦੀ ਸਮੂਹਿਕ ਪ੍ਰਕਿਰਤੀ**

| | |
|---|---|
| ਕਲੀਸਿਯਾ -ਪੰਤੇਕੁਸਤ ਤੋਂ ਲੈ ਕੇ ਹੁਣ ਤੱਕ – ਰੈਪਚਰ ਤੱਕ | **ਵਰਤਮਾਨ** |
| ਬਿਵਸਥਾ (ਰੱਦ ਕੀਤੀ ਗਈ) | ▲ |
| ਵਾਅਦਾ | ▲ |
| ਮਨੁੱਖੀ ਸਿਵਲ ਸਰਕਾਰ | ▲ |
| ਵਿਵੇਕ | ▲ |
| ਨਿਰਦੋਸ਼ਤਾ (ਰੱਦ ਕੀਤੀ ਗਈ) | ▲ |
| | **ਆਰੰਭ** |

**ਚਾਰਟ A**

**ਚਾਰਟ B**

| **ਨਿਰਦੋਸ਼ਤਾ** | **ਵਿਵੇਕ** | **ਸਿਵਲ ਸਰਕਾਰ** | **ਵਾਅਦਾ** | **ਵਿਵਸਥਾ** | **ਕਲੀਸਿਯਾ** | **ਰਾਜ** |
|---|---|---|---|---|---|---|
| ਉਤ 1:28 ਤੋਂ<br>ਉਤ 3:6 | ਉਤ 3:7 ਤੋਂ<br>ਉਤ8:14 | ਉਤ 8:14 ਤੋਂ<br>ਉਤ 11:32 | ਉਤ 11:32 ਤੋਂ<br>ਰੂਥ 18 | ਰੂਥ 19 ਤੋਂ<br>ਰਸੂਲਾਂ ਦੇ ਕਰਤੱਬ 2 | ਰਸੂਲਾਂ ਦੇ ਕਰਤੱਬ 2 ਤੋਂ<br>ਉਠਾਏ ਜਾਣ ਤੱਕ | ਯਿਸੂ ਦਾ ਦੁਬਾਰਾ ਆਉਣਾ<br>ਅਤੇ ਹਜ਼ਾਰ ਸਾਲ |
| | | | | ਵਿਵਸਥਾ<br>ਰੱਦ ਕੀਤੀ ਗਈ | ਕਲੀਸੀਆ ਦੀ ਵਿਵਸਥਾ<br>ਹੁਣ ਲਾਗੂ ਹੈ | ਅਜੇ ਤੱਕ ਲਾਗੂ ਨਹੀਂ<br>ਹੋਇਆ |
| | | | ਅਬਰਾਹਾਮ ਨਾਲ ਕੀਤਾ<br>ਵਾਅਦਾ ਰੱਦ ਨਹੀਂ ਕੀਤਾ<br>ਗਿਆ (ਗਲਾ. 3:16-<br>17) | | | |
| | | ਸਿਵਲ ਸਰਕਾਰ ਇੱਕ<br>ਵਿਵਸਥਾ ਵਜੋਂ ਰੱਦ ਨਹੀਂ<br>ਕੀਤੀ ਗਈ (ਰੋਮੀ. 13:1<br>ਤੋਂ ਅੱਗੇ) | | | | |
| | ਵਿਵੇਕ ਇੱਕ ਵਿਵਸਥਾ<br>ਵਜੋਂ ਰੱਦ ਨਹੀਂ ਕੀਤੀ<br>ਗਈ (ਰੋਮੀ. 2:14-15) | | | | | |
| ਨਿਰਦੋਸ਼ਤਾ ਬਾਗ਼ ਵਿੱਚੋਂ<br>ਕੱਢੇ ਜਾਣ ਵੇਲੇ ਰੱਦ<br>ਕੀਤੀ ਗਈ | | | | | | |

**ਚਾਰਟ B**

**8. ਸਿੱਟਾ**

ਪਰਮੇਸ਼ਰ ਦੀ ਸਰਕਾਰ ਵਿੱਚ ਕਲੀਸਿਯਾ ਪ੍ਰਸ਼ਾਸਨ ਦੀ ਇੱਕ ਵਿਲੱਖਣ ਪ੍ਰਣਾਲੀ ਹੈ। ਬਾਈਬਲ ਦੇ ਜਿਹੜੇ ਵਿਦਿਆਰਥੀ ਬਿਵਸਥਾ, ਕਿਰਪਾ, ਅਤੇ ਭਵਿੱਖ ਦੇ ਹਜ਼ਾਰ ਸਾਲ ਦੇ ਰਾਜ ਵਿਚਕਾਰ ਅੰਤਰ ਨੂੰ ਨਹੀਂ ਸਮਝਦੇ ਹਨ, ਉਹ ਕਦੇ ਵੀ ਬਾਈਬਲ ਦੀਆਂ ਡੂੰਘੀਆਂ ਗੱਲਾਂ ਨੂੰ ਨਹੀਂ ਸਮਝ ਸਕਣਗੇ। ਡਿਸਪੈਂਡੇਸ਼ਨ ਦੇ ਵਿਚਾਰ ਤੋਂ ਬਿਨਾਂ, ਬਾਈਬਲ ਦੇ ਬਹੁਤ ਸਾਰੇ ਭਾਗ ਲੁਕੇ ਹੋਏ ਅਤੇ ਧੁੰਦਲੇ ਹੀ ਰਹਿਣਗੇ। ਸਭ ਤੋਂ ਬੁਰੀ ਗੱਲ ਇਹ ਹੈ ਕਿ ਉਹਨਾਂ ਦੀ ਵਰਤੋਂ ਝੂਠੇ ਵਿਚਾਰਾਂ ਨੂੰ ਵਿਕਸਿਤ ਕਰਨ ਲਈ ਕੀਤੀ ਜਾਵੇਗੀ।

**V. ਸਥਾਨਕ ਕਲੀਸਿਯਾ**

ਇੱਕ ਸਥਾਨਕ ਕਲੀਸਿਯਾ ਲੋਕਾਂ ਦਾ ਇੱਕ ਅਜਿਹਾ ਸਮੂਹ ਹੈ ਜਿਸ ਵਿੱਚ ਲੋਕ ਪ੍ਰਭੂ ਯਿਸੂ ਮਸੀਹ ਵਿੱਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਦੇ ਹਨ। ਵਿਸ਼ਵ-ਵਿਆਪੀ ਕਲੀਸਿਯਾ ਦੀ ਤਰ੍ਹਾਂ, ਇਹ ਵੀ ਇੱਕ "ਬੁਲਾਇਆ ਹੋਇਆ ਸਮੂਹ" ਹੈ। ਪਰ ਵਿਸ਼ਵ-ਵਿਆਪੀ ਕਲੀਸਿਯਾ ਦੇ ਉਲਟ, ਇੱਕ ਸਥਾਨਕ ਕਲੀਸਿਯਾ ਵਿੱਚ ਅਜਿਹੇ ਲੋਕ ਵੀ ਸ਼ਾਮਲ ਹੋ ਸਕਦੇ ਹਨ ਜਿਹਨਾਂ ਦਾ ਅਸਲ ਵਿੱਚ ਮਸੀਹ ਵਿੱਚ ਕੋਈ ਭਰੋਸਾ ਨਾ ਹੋਵੇ। ਇਸ ਲਈ, ਇੱਕ ਵਿਅਕਤੀ ਵਿਸ਼ਵ-ਵਿਆਪੀ ਕਲੀਸਿਯਾ ਦਾ ਮੈਂਬਰ ਨਾ ਹੁੰਦੇ ਹੋਏ ਵੀ ਸਥਾਨਕ ਕਲੀਸਿਯਾ ਦਾ ਮੈਂਬਰ ਹੋ ਸਕਦਾ ਹੈ। ਇਸ ਤੋਂ ਇਲਾਵਾ, ਵਿਸ਼ਵ-ਵਿਆਪੀ ਕਲੀਸਿਯਾ ਵਿੱਚ ਉਹ ਵਿਸ਼ਵਾਸੀ ਵੀ ਸ਼ਾਮਲ ਹਨ ਜੋ ਮਰ ਗਏ ਹਨ ਅਤੇ ਹੁਣ ਮਸੀਹ ਦੇ ਕੋਲ ਹਨ। ਇਸ ਤਰ੍ਹਾਂ, ਸਾਰੀਆਂ ਸਥਾਨਕ ਕਲੀਸਿਯਾਵਾਂ ਦੇ ਸਾਰੇ ਮੈਂਬਰ ਮਿਲ ਕੇ ਸੱਚੀ ਕਲੀਸਿਯਾ ਨੂੰ ਇਕੱਠਾ ਨਹੀਂ ਕਰ ਸਕਦੇ ਹਨ ਜਿਸ ਦੇ ਬਹੁਤ ਸਾਰੇ ਮੈਂਬਰ ਹੁਣ ਸਵਰਗ ਵਿੱਚ ਹਨ। ਇਹ ਵੀ ਹੋ ਸਕਦਾ ਹੈ ਕਿ ਇੱਕ ਵਿਅਕਤੀ ਵਿਸ਼ਵ-ਵਿਆਪੀ ਕਲੀਸਿਯਾ ਦਾ ਮੈਂਬਰ ਹੋਵੇ ਪਰ ਕਿਸੇ ਸਥਾਨਕ ਕਲੀਸਿਯਾ ਵਿੱਚ ਭਾਗੀਦਾਰੀ ਨਾ ਕਰਦਾ ਹੋਵੇ।

**A. ਸਥਾਨਕ ਕਲੀਸਿਯਾ ਦੇ ਲਈ ਉਦੇਸ਼**

ਇੱਕ ਸਥਾਨਕ ਕਲੀਸਿਯਾ ਦੇ ਲਈ ਨਿਸ਼ਚਿਤ ਉਦੇਸ਼ ਉਹੀ ਹੈ ਜੋ ਵਿਸ਼ਵ-ਵਿਆਪੀ ਕਲੀਸਿਯਾ ਦੇ ਲਈ ਹੈ। ਕਲੀਸਿਯਾ ਦੀ ਮੌਜੂਦਗੀ ਇਸ ਲਈ ਹੈ ਕਿ ਇਹ ਪਰਮੇਸ਼ਰ ਦੀ ਵਡਿਆਈ (ਜਿਵੇਂ ਕਿ, ਆਦਰ, ਉਸਤਤ, ਅਰਾਧਨਾ, ਸਤਿਕਾਰ) ਕਰੇ।

> "ਗੁਰੂ ਜੀ, ਸਭ ਤੋਂ ਵੱਡਾ ਹੁਕਮ ਕਿਹੜਾ ਹੈ?" ਯਿਸੂ ਨੇ ਉਸ ਨੂੰ ਉੱਤਰ ਦਿੱਤਾ, "'ਤੂੰ **ਪ੍ਰਭੂ ਆਪਣੇ ਪਰਮੇਸ਼ਰ** ਨੂੰ ਆਪਣੇ ਸਾਰੇ ਦਿਲ, ਸਾਰੇ ਪ੍ਰਾਣ, ਅਤੇ ਸਾਰੀ ਬੁੱਧ ਨਾਲ ਪਿਆਰ ਕਰ।' **ਇਹ ਸਭ ਤੋਂ ਵੱਡਾ ਅਤੇ ਜ਼ਰੂਰੀ ਹੁਕਮ ਹੈ**" [ਮੱਤੀ 22:36- 38]

ਪਰਮੇਸ਼ਰ ਜਿਹੜੇ ਧੀਰਜ ਅਤੇ ਉਤਸ਼ਾਹ ਦੇ ਸ੍ਰੋਤ ਹਨ, ਤੁਹਾਨੂੰ ਮਸੀਹ ਯਿਸੂ ਦੀ ਤਰ੍ਹਾਂ ਇੱਕ ਮਨ ਹੋਣ ਦੀ ਪ੍ਰੇਰਨਾ ਦੇਣ ਤਾਂ ਜੋ ਤੁਸੀਂ ਇੱਕ ਮਨ ਅਤੇ ਇੱਕ ਆਵਾਜ਼ ਨਾਲ ਆਪਣੇ ਪ੍ਰਭੂ ਯਿਸੂ ਮਸੀਹ ਦੇ ਪਿਤਾ ਪਰਮੇਸ਼ਰ ਦੀ **ਮਹਿਮਾ ਕਰੋ।** [ਰੋਮੀ 15:5-6]

ਮੈਂ ਤੁਹਾਨੂੰ ਦੱਸਦਾ ਹਾਂ ਕਿ ਮਸੀਹ ਯਹੂਦੀਆਂ ਦੇ ਸੇਵਕ ਇਸ ਲਈ ਬਣੇ ਕਿ ਉਹ ਪਰਮੇਸ਼ਰ ਨੂੰ ਵਿਸ਼ਵਾਸ ਯੋਗ ਸਿੱਧ ਕਰਨ ਅਤੇ ਪਰਮੇਸ਼ਰ ਦੇ ਉਹਨਾਂ ਦੇ ਪੁਰਖਿਆਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਪੂਰਾ ਕਰਨ ਅਤੇ ਪਰਾਈਆਂ ਕੌਮਾਂ ਨੂੰ ਵੀ ਪਰਮੇਸ਼ਰ ਦੀ ਕਿਰਪਾ ਦੇ ਲਈ ਵਡਿਆਈ ਦੇ ਯੋਗ ਬਣਾਉਣ। ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਵੀ ਕਹਿੰਦਾ ਹੈ, "ਇਸ ਕਾਰਨ ਮੈਂ ਪਰਾਈਆਂ ਕੌਮਾਂ ਵਿੱਚ ਤੁਹਾਡੀ **ਮਹਿਮਾ ਕਰਾਂਗਾ**, ਮੈਂ ਤੁਹਾਡੇ ਨਾਮ ਦੀ ਵਡਿਆਈ ਕਰਾਂਗਾ।" [ਰੋਮੀ 15:8-9]

ਉਹਨਾਂ ਨੇ ਸਾਨੂੰ ਪਹਿਲਾਂ ਹੀ ਚੁਣ ਲਿਆ ਕਿ ਅਸੀਂ ਯਿਸੂ ਮਸੀਹ ਦੁਆਰਾ ਉਹਨਾਂ ਦੀ ਗੋਦ ਲਈ ਹੋਈ ਸੰਤਾਨ ਬਣ ਜਾਈਏ। ਇਹ ਸਭ ਉਹਨਾਂ ਦੀ ਆਪਣੀ ਖ਼ੁਸ਼ੀ ਅਤੇ ਇਰਾਦੇ ਦੇ ਕਾਰਨ ਹੋਇਆ ਹੈ ਤਾਂ ਜੋ ਅਸੀਂ **ਪਰਮੇਸ਼ਰ ਦੀ ਮਹਾਨ ਕਿਰਪਾ ਦੇ ਲਈ ਉਹਨਾਂ ਦੀ ਵਡਿਆਈ ਕਰੀਏ** ਜਿਹੜੀ ਉਹਨਾਂ ਨੇ ਸਾਨੂੰ ਆਪਣੇ ਪਿਆਰੇ ਪੁੱਤਰ ਦੁਆਰਾ ਵਰਦਾਨ ਵਿੱਚ ਮੁਫ਼ਤ ਦਿੱਤੀ ਹੈ। [ਅਫ਼ਸੀ 1:5-6]

ਤਾਂ ਜੋ ਅਸੀਂ ਜਿਹਨਾਂ ਨੇ ਪਹਿਲਾਂ ਮਸੀਹ ਉੱਤੇ ਆਪਣੀ ਆਸ ਰੱਖੀ ਹੋਈ ਸੀ, **ਉਹਨਾਂ ਦੀ ਮਹਿਮਾ ਅਤੇ ਵਡਿਆਈ ਦਾ ਕਾਰਨ ਬਣੀਏ।** ਇਸੇ ਤਰ੍ਹਾਂ ਤੁਸੀਂ ਵੀ ਸੱਚ ਦਾ ਸੰਦੇਸ਼ ਸੁਣਿਆ ਜਿਹੜਾ ਤੁਹਾਡੀ ਮੁਕਤੀ ਦਾ ਸ਼ੁਭ ਸਮਾਚਾਰ ਹੈ। ਫਿਰ ਤੁਸੀਂ ਮਸੀਹ ਵਿੱਚ ਵਿਸ਼ਵਾਸ ਕੀਤਾ ਅਤੇ ਪਰਮੇਸ਼ਰ ਨੇ ਆਪਣੇ ਵਾਅਦੇ ਦੇ ਅਨੁਸਾਰ ਤੁਹਾਨੂੰ ਪਵਿੱਤਰ ਆਤਮਾ ਦੇ ਕੇ ਤੁਹਾਡੇ ਉੱਤੇ ਆਪਣੀ ਮਲਕੀਅਤ ਦੀ ਮੋਹਰ ਲਾਈ। ਇਹ ਪਵਿੱਤਰ ਆਤਮਾ ਪਰਮੇਸ਼ਰ ਨੇ ਬਿਆਨੇ ਦੇ ਤੌਰ ਤੇ ਆਪਣੇ ਵਿਰਸੇ ਦੇ ਵਾਅਦੇ ਦੇ ਅਨੁਸਾਰ ਆਪਣੇ ਲੋਕਾਂ ਦੀ ਮੁਕਤੀ ਦੇ ਲਈ ਦਿੱਤਾ। **ਉਹਨਾਂ ਦੀ ਮਹਿਮਾ ਅਤੇ ਵਡਿਆਈ ਹੋਵੇ**! [ਅਫ਼ਸੀ 1:12-14]

ਅਤੇ ਪਰਮੇਸ਼ਰ ਦਾ ਭੇਤ ਸਾਰੀ ਮਨੁੱਖਜਾਤੀ ਸਾਹਮਣੇ ਖੋਲ੍ਹਾਂ। ਪਰਮੇਸ਼ਰ ਨੇ ਜਿਹੜੇ ਸਾਰੀਆਂ ਚੀਜ਼ਾਂ ਦੇ ਸਿਰਜਣਹਾਰ ਹਨ, ਇਹ ਭੇਤ ਪਹਿਲੇ ਸਾਰੇ ਯੁੱਗਾਂ ਵਿੱਚ ਆਪਣੇ ਤੱਕ ਰੱਖਿਆ ਸੀ ਤਾਂ ਜੋ ਇਸ ਯੁੱਗ ਵਿੱਚ ਕਲੀਸਿਯਾ ਦੇ **ਦੁਆਰਾ ਪਰਮੇਸ਼ਰ ਦੀ ਬਹੁਗੁਣੀ ਬੁੱਧ**, ਅਕਾਸ਼ੀ ਹਕੂਮਤਾਂ ਅਤੇ ਅਧਿਕਾਰੀਆਂ ਉੱਤੇ **ਪ੍ਰਗਟ ਹੋਵੇ।** ਉਸੇ ਪਰਮੇਸ਼ਰ ਦੀ **ਵਡਿਆਈ** ਕਲੀਸਿਯਾ ਦੇ

ਵਿੱਚ ਅਤੇ ਮਸੀਹ ਯਿਸੂ ਦੇ ਵਿੱਚ, ਪੀੜ੍ਹੀ ਤੋਂ ਪੀੜ੍ਹੀ ਵਿੱਚ ਅਨੰਤਕਾਲ ਤੱਕ ਹੁੰਦੀ ਰਹੇ। ਆਮੀਨ! [ਅਫ਼ਸੀ 3:9-10,21]

ਮਸੀਹ ਆਪਣੇ ਸਰੀਰ ਭਾਵ **ਕਲੀਸਿਯਾ ਦੇ ਸਿਰ** ਹਨ ਅਤੇ ਉਸ ਦਾ ਆਰੰਭ ਹਨ। ਉਹ ਸਭ ਤੋਂ ਪਹਿਲਾਂ ਮੁਰਦਿਆਂ ਵਿੱਚੋਂ ਜੀਅ ਉੱਠੇ ਤਾਂ ਜੋ **ਉਹ** ਸਾਰੀਆਂ ਚੀਜ਼ਾਂ ਵਿੱਚ ਸਭ ਤੋਂ **ਉੱਚੀ ਥਾਂ** ਪ੍ਰਾਪਤ ਕਰਨ। [ਕੁਲੁੱਸੀ 1:18]

ਸਾਡੀ ਪ੍ਰਾਰਥਨਾ ਹੈ ਕਿ ਸਾਡੇ **ਪ੍ਰਭੂ ਯਿਸੂ** ਦਾ ਨਾਮ **ਤੁਹਾਡੇ ਵਿੱਚ ਮਹਿਮਾ ਪਾਵੇ** ਅਤੇ ਤੁਸੀਂ ਵੀ ਸਾਡੇ ਪਰਮੇਸ਼ਰ ਅਤੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਦੇ ਦੁਆਰਾ ਉਹਨਾਂ ਵਿੱਚ ਮਹਿਮਾ ਪਾਵੋ। [2 ਥੱਸਲੁ 1:12]

ਪਰ ਤੁਸੀਂ ਚੁਣਿਆ ਹੋਇਆ ਵੰਸ, ਪੁਰੋਹਿਤਾਂ ਦਾ ਸ਼ਾਹੀ ਦਲ, ਪਵਿੱਤਰ ਕੌਮ, ਅਤੇ ਪਰਮੇਸ਼ਰ ਦੇ ਆਪਣੇ ਲੋਕ ਹੋ ਤਾਂ ਜੋ ਤੁਸੀਂ **ਉਹਨਾਂ ਦੇ ਵੱਡੇ ਕੰਮਾਂ ਦਾ ਪ੍ਰਚਾਰ ਕਰੋ** ਜਿਹਨਾਂ ਨੇ ਤੁਹਾਨੂੰ ਹਨੇਰੇ ਵਿੱਚੋਂ ਆਪਣੇ ਅਦਭੁੱਤ ਚਾਨਣ ਵਿੱਚ ਸੱਦਿਆ ਹੈ। [1 ਪਤਰਸ 2:9]

ਜੇਕਰ ਕੋਈ ਗੱਲ ਕਰੇ ਤਾਂ ਉਹ ਇਸ ਤਰ੍ਹਾਂ ਕਰੇ ਕਿ ਜਿਵੇਂ ਉਹ ਪਰਮੇਸ਼ਰ ਦਾ ਵਚਨ ਹੈ। ਜੇਕਰ ਕੋਈ ਸੇਵਾ ਕਰਦਾ ਹੈ ਤਾਂ ਉਹ ਇਸ ਤਰ੍ਹਾਂ ਕਰੇ ਜਿਵੇਂ ਪਰਮੇਸ਼ਰ ਦੀ ਸਮਰੱਥਾ ਦੇ ਨਾਲ ਕਰਦਾ ਹੈ। **ਤੁਹਾਡੇ ਹਰ ਕੰਮ ਵਿੱਚ ਯਿਸੂ ਮਸੀਹ ਦੇ ਦੁਆਰਾ ਪਰਮੇਸ਼ਰ ਦੀ ਮਹਿਮਾ ਹੋਵੇ।** ਮਹਿਮਾ ਅਤੇ ਸਮਰੱਥਾ ਅਨੰਤਕਾਲ ਤੱਕ ਉਹਨਾਂ ਦੇ ਹਨ। ਆਮੀਨ! [1 ਪਤਰਸ 4:11]

"ਹੇ ਸਾਡੇ ਪ੍ਰਭੂ ਅਤੇ ਪਰਮੇਸ਼ਰ, ਤੁਸੀਂ ਹੀ **ਮਹਿਮਾ, ਆਦਰ, ਅਤੇ ਸਮਰੱਥਾ ਪ੍ਰਾਪਤ ਕਰਨ ਦੇ ਯੋਗ ਹੋ**, ਕਿਉਂਕਿ ਤੁਸੀਂ ਸਾਰੀਆਂ ਚੀਜ਼ਾਂ ਦੀ ਰਚਨਾ ਕੀਤੀ ਹੈ, ਤੁਹਾਡੀ ਇੱਛਾ ਤੋਂ ਹੀ ਉਹਨਾਂ ਨੂੰ ਹੋਂਦ ਮਿਲੀ ਅਤੇ ਉਹ ਰਚੀਆਂ ਗਈਆਂ ਹਨ।" [ਪ੍ਰਕਾਸ਼ 4:11]

ਪਰਮੇਸ਼ਰ ਨੂੰ ਸਨਮਾਨ ਦੇਣ ਦਾ ਇਹ ਆਮ ਉਦੇਸ਼ ਕਲੀਸਿਯਾ ਦੇ ਕਈ ਮਹੱਤਵਪੂਰਣ ਕੰਮਾਂ ਰਾਹੀਂ ਹੁੰਦਾ ਹੈ। ਇਹ ਹੋ ਸਕਦਾ ਹੈ ਕਿ ਇਸ ਦੀ ਪ੍ਰਕਿਰਤੀ ਇੱਕ ਸਭਿਆਚਾਰ ਤੋਂ ਦੂਜੇ ਸਭਿਆਚਾਰ ਅਤੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਬਦਲਦੀ ਰਹੇ, ਪਰ ਬੁਨਿਆਦੀ ਸਿਧਾਂਤ ਅਤੇ ਕਲੀਸਿਯਾ ਦੇ ਇਹ ਜ਼ਰੂਰੀ ਕੰਮ ਨਹੀਂ ਬਦਲ ਸਕਦੇ ਹਨ। ਇਹਨਾਂ ਨੂੰ ਮਹੱਤਵ ਦੇ ਕਿਸੇ ਵੀ ਕ੍ਰਮ ਵਿੱਚ ਸੂਚੀਬੱਧ ਨਹੀਂ ਕੀਤਾ ਗਿਆ ਹੈ। ਸਾਰੇ ਹੀ ਮਹੱਤਵਪੂਰਣ ਹਨ, ਅਤੇ ਇੱਕ ਸਥਾਨਕ ਕਲੀਸਿਯਾ ਦੇ ਲਈ ਪਰਮੇਸ਼ਰ ਦੇ ਯੋਜਨਾ ਨੂੰ ਪੂਰਾ ਕਰਨ ਦੇ ਲਈ ਇਹਨਾਂ ਨੂੰ **ਬਰਾਬਰੀ** ਦੇ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

### 1. ਸਿੱਖਿਆ/ਸਿਧਾਂਤ

ਕਈ ਵਾਰ ਮਸੀਹੀ ਲੋਕ ਇਹ ਭੁੱਲ ਜਾਂਦੇ ਹਨ ਕਿ ਸਿੱਖਿਆ ਦੇਣ ਦਾ ਕੰਮ ਮਹਾਨ ਆਦੇਸ਼ ਦਾ ਇੱਕ ਪ੍ਰਮੁੱਖ ਹਿੱਸਾ ਹੈ। "ਉਹਨਾਂ ਨੂੰ ਇਹਨਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨੀ **ਸਿਖਾਓ** ਜਿਹਨਾਂ ਦਾ ਮੈਂ ਤੁਹਾਨੂੰ ਹੁੱਕਮ ਦਿੱਤਾ ਹੈ" (ਮੱਤੀ 28:20)। ਬਹੁਤ ਸਾਰੇ ਵਚਨ ਇਸ ਤੱਥ ਦਾ ਸਮਰਥਨ ਕਰਦੇ ਹਨ ਕਿ ਜਿਸ ਕਲੀਸਿਯਾ ਵਿੱਚ ਸਿੱਖਿਆ ਨਹੀਂ ਦਿੱਤੀ ਜਾਂਦੀ ਹੈ, ਉਹ ਕਲੀਸਿਯਾ ਬਾਈਬਲ ਦੀ ਪਾਲਣਾ ਨਹੀਂ ਕਰਦੀ ਹੈ। ਸਿੱਖਿਆ ਵਿੱਚ ਨਾ ਸਿਰਫ਼ ਸਿਧਾਂਤਾਂ ਦਾ ਅਧਿਐਨ ਬਲਕਿ ਨੈਤਿਕਤਾ ਅਤੇ ਮਸੀਹੀ ਸੇਵਕਾਈ ਨੂੰ ਸਿਖਾਉਣਾ ਵੀ ਸ਼ਾਮਲ ਹੋਣਾ ਚਾਹੀਦਾ ਹੈ। ਕਲੀਸਿਯਾ ਜੋ ਸੱਚ ਦਾ ਇੱਕ ਥੰਮ੍ਹ ਹੈ (1 ਤਿਮੋਥਿ 3:15) ਉਸ ਨੂੰ ਪਰਮੇਸ਼ਰ ਦਾ ਵਚਨ ਸਿਖਾਉਣਾ ਚਾਹੀਦਾ ਹੈ (ਅਫ਼ਸੀ 4:11-12 ਵੀ ਦੇਖੋ)।

ਉਹ ਸਭ ਬੜੀ ਸ਼ਰਧਾ ਨਾਲ **ਰਸੂਲਾਂ ਤੋਂ ਸਿੱਖਿਆ ਲੈਂਦੇ**, ਸੰਗਤੀ ਕਰਦੇ, ਇਕੱਠੇ ਰੋਟੀ ਖਾਂਦੇ ਅਤੇ ਪ੍ਰਾਰਥਨਾ ਵਿੱਚ ਲੱਗੇ ਰਹਿੰਦੇ ਸਨ। [ਰਸੂਲਾਂ 2:42]

ਇਸ ਲਈ ਤੁਸੀਂ ਵੀ ਜਿਹੜੇ ਆਤਮਿਕ ਵਰਦਾਨਾਂ ਦੀ ਖੋਜ ਵਿੱਚ ਹੋ, ਇਸ ਤਰ੍ਹਾਂ ਕੋਸ਼ਿਸ਼ ਕਰੋ ਕਿ ਤੁਹਾਡੇ ਵਰਦਾਨਾਂ ਦੁਆਰਾ **ਕਲੀਸਿਯਾ ਦੀ ਉਸਾਰੀ ਹੋਵੇ।** [1 ਕੁਰਿੰਥ 14:12]

... ਪਰ ਇਹ ਸਭ ਕੁਝ ਕਲੀਸਿਯਾ ਦੀ **ਉਸਾਰੀ** ਲਈ ਹੋਣਾ ਚਾਹੀਦਾ ਹੈ। [1 ਕੁਰਿੰਥ 14:26]

ਉਹਨਾਂ ਵਿੱਚ ਆਪਣੇ ਆਪ ਨੂੰ ਪੱਕਾ ਕਰੋ ਅਤੇ ਵੱਧਦੇ ਜਾਓ ਅਤੇ ਉਸ ਵਿਸ਼ਵਾਸ ਵਿੱਚ ਅਟੱਲ ਰਹੋ ਜਿਸ ਦੀ **ਸਿੱਖਿਆ** ਤੁਹਾਨੂੰ ਦਿੱਤੀ ਗਈ ਹੈ ਅਤੇ ਧੰਨਵਾਦ ਨਾਲ ਭਰਪੂਰ ਰਹੋ। [ਕੁਲੁੱਸੀ 2:7]

ਮੇਰੇ ਆਉਣ ਤੱਕ ਤੂੰ ਆਪਣੇ ਆਪ ਨੂੰ ਪਵਿੱਤਰ-ਗ੍ਰੰਥ ਨੂੰ **ਪੜ੍ਹ ਕੇ** ਸੁਣਾਉਣ ਲਈ, ਪ੍ਰਚਾਰ ਕਰਨ ਲਈ ਅਤੇ **ਸਿੱਖਿਆ ਦੇਣ ਦੇ ਲਈ ਅਰਪਣ ਕਰ।** [1 ਤਿਮੋਥਿ 4:13]

ਜਿਹੜੀ ਸਿੱਖਿਆ ਤੂੰ ਮੇਰੇ ਕੋਲੋਂ ਬਹੁਤ ਸਾਰੇ ਗਵਾਹਾਂ ਦੇ ਸਾਹਮਣੇ ਸੁਣੀ ਹੈ ਉਹ ਭਰੋਸੇਯੋਗ ਆਦਮੀਆਂ ਨੂੰ ਸੌਂਪ ਦੇ ਜਿਹੜੇ ਦੂਜਿਆਂ ਨੂੰ **ਸਿੱਖਿਆ ਦੇਣ** ਦੀ ਯੋਗਤਾ ਰੱਖਦੇ ਹੋਣ। [2 ਤਿਮੋਥਿ 2:2]

ਸਾਰਾ ਪਵਿੱਤਰ-ਗ੍ਰੰਥ ਪਰਮੇਸ਼ਰ ਦੀ ਪ੍ਰੇਰਨਾ ਦੇ ਦੁਆਰਾ ਰਚਿਆ ਗਿਆ ਹੈ ਅਤੇ ਉਹ **ਸਿਖਾਉਣ**, ਤਾੜਨਾ ਦੇਣ, ਸੁਧਾਰਨ ਅਤੇ ਨੇਕੀ ਦੀ ਸਿੱਖਿਆ ਦੇ ਲਈ ਲਾਭਦਾਇੱਕ ਹੈ ਤਾਂ **ਜੋ ਪਰਮੇਸ਼ਰ ਦਾ ਸੇਵਕ ਹਰ ਭਲਾ ਕੰਮ ਕਰਨ ਦੀ ਯੋਗਤਾ ਰੱਖੇ।** [2 ਤਿਮੋਥਿ 3:16-17]

**ਵਚਨ ਦਾ ਪ੍ਰਚਾਰ ਕਰ**, ਭਾਵੇਂ ਸਮਾਂ ਸੌਖਾ ਹੋਵੇ ਜਾਂ ਔਖਾ ਇਸ ਦੇ ਲਈ ਤਿਆਰ ਰਹਿ, ਤਾੜਨਾ ਕਰ, ਸੁਧਾਰ ਕਰ, ਉਤਸ਼ਾਹ ਦੇ ਅਤੇ ਧੀਰਜ ਦੇ ਨਾਲ **ਸਿੱਖਿਆ** ਦੇ। [2 ਤਿਮੋਥਿ 4:2]

### 2. ਮਸੀਹੀ ਵਿਧੀਆਂ ਨੂੰ ਪੂਰਾ ਕਰਨਾ

ਇੱਕ ਸਥਾਨਕ ਕਲੀਸਿਯਾ ਨੂੰ ਨਵੇਂ ਵਿਸ਼ਵਾਸ਼ੀਆਂ ਨੂੰ ਬਪਤਿਸਮਾ ਦੇਣਾ ਦੁਆਰਾ ਮਹਾਨ ਆਗਿਆ ਨੂੰ ਪੂਰਾ ਕਰਨਾ ਚਾਹੀਦਾ ਹੈ, ਅਤੇ ਪ੍ਰਭੂ ਭੋਜ ਵਿੱਚ ਭਾਗ ਲੈ ਕੇ ਮਸੀਹ ਦੇ ਬਲੀਦਾਨ ਨੂੰ ਯਾਦ ਰੱਖਣਾ ਚਾਹੀਦਾ ਹੈ। ਬਪਤਿਸਮੇ ਅਤੇ ਪ੍ਰਭੂ ਭੋਜ, ਦੋਵਾਂ ਦਾ ਅਧਿਐਨ ਅੱਗੇ ਵਿਸਥਾਰ ਨਾਲ ਕੀਤਾ ਗਿਆ ਹੈ।

"ਇਸ ਲਈ ਜਾਓ, ਸਾਰੀਆਂ ਕੌਮਾਂ ਨੂੰ ਚੇਲੇ ਬਣਾਓ, ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ** ਦਿਓ।" [ਮੱਤੀ 28:19]

ਉਹ ਸਭ ਬੜੀ ਸ਼ਰਧਾ ਨਾਲ ਰਸੂਲਾਂ ਤੋਂ ਸਿੱਖਿਆ ਲੈਂਦੇ, ਸੰਗਤੀ ਕਰਦੇ, **ਇਕੱਠੇ ਰੋਟੀ ਖਾਂਦੇ** ਅਤੇ ਪ੍ਰਾਰਥਨਾ ਵਿੱਚ **ਲੱਗੇ ਰਹਿੰਦੇ ਸਨ**। [ਰਸੂਲਾਂ 2:42]

ਇਹ ਰਵਾਇਤ ਜਿਹੜੀ ਮੈਨੂੰ ਪ੍ਰਭੂ ਤੋਂ ਮਿਲੀ ਹੈ, ਮੈਂ ਤੁਹਾਨੂੰ ਦਿੰਦਾ ਹਾਂ, ਪ੍ਰਭੂ ਯਿਸੂ ਜਿਸ ਰਾਤ ਫੜਵਾਏ ਗਏ ਸਨ, ਉਸ ਰਾਤ ਪ੍ਰਭੂ ਨੇ ਰੋਟੀ ਲਈ, ਧੰਨਵਾਦ ਕਰਕੇ ਤੋੜੀ ਅਤੇ ਕਿਹਾ, "ਇਹ ਮੇਰਾ ਸਰੀਰ ਹੈ ਜਿਹੜਾ ਤੁਹਾਡੇ ਲਈ ਹੈ। ਮੇਰੀ ਯਾਦ ਵਿੱਚ ਇਹ ਕਰਿਆ ਕਰੋ।" ਇਸੇ ਤਰ੍ਹਾਂ ਭੋਜਨ ਦੇ ਬਾਅਦ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦਾ ਨਵਾਂ ਨੇਮ ਹੈ ਜਿਹੜਾ ਮੇਰੇ ਖ਼ੂਨ ਦੁਆਰਾ ਮੋਹਰ ਕੀਤਾ ਗਿਆ ਹੈ। ਜਦੋਂ ਕਦੀ ਵੀ ਤੁਸੀਂ ਇਸ ਵਿੱਚੋਂ ਪੀਵੋ ਤਾਂ ਮੇਰੀ ਯਾਦ ਵਿੱਚ ਇਹ ਹੀ ਕਰਿਆ ਕਰੋ।" ਕਿਉਂਕਿ ਜਦੋਂ ਕਦੀ ਵੀ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿੱਚੋਂ ਪੀਂਦੇ ਹੋ ਤਾਂ ਤੁਸੀਂ ਪ੍ਰਭੂ ਦੇ ਆਉਣ ਤੱਕ ਉਹਨਾਂ ਦੀ ਮੌਤ ਦਾ ਐਲਾਨ ਕਰਦੇ ਹੋ। [1 ਕੁਰਿੰਥ 11:23- 26]

### 3. ਪ੍ਰਾਰਥਨਾ

ਪ੍ਰਾਰਥਨਾ ਸਥਾਨਕ ਕਲੀਸਿਯਾ ਦਾ ਇੱਕ ਮੁੱਖ ਕੰਮ ਹੈ। ਇਸ ਨੂੰ ਕਲੀਸਿਯਾ ਦੇ ਜੀਵਨ ਦੀ ਸਿੱਖਿਆ, ਪ੍ਰਚਾਰ ਅਤੇ ਅਰਾਧਨਾ ਵਰਗੇ ਕਿਸੇ ਵੀ ਪਹਿਲੂ ਦੇ ਹੇਠਾਂ ਨਹੀਂ ਦਬਾਇਆ ਜਾ ਸਕਦਾ ਹੈ। ਹਾਲਾਂਕਿ, ਪ੍ਰਾਰਥਨਾ ਦਾ ਸਿਧਾਂਤ ਲੋਕਾਂ ਲਈ ਵਿਅਕਤੀਗਤ ਰੂਪ ਵਿੱਚ ਢੁੱਕਵਾਂ ਹੈ, ਪਰ ਇਹ ਇੱਕ ਅਜਿਹਾ ਅਭਿਆਸ ਹੈ ਜਿਸ ਨੂੰ ਸਮੂਹਿਕ ਰੂਪ ਵਿੱਚ ਵੀ ਕੀਤਾ ਜਾਣਾ ਚਾਹੀਦਾ ਹੈ। ਪ੍ਰਾਰਥਨਾ ਵਿਸ਼ਵਾਸੀਆਂ ਵਿੱਚ ਏਕਤਾ ਬਣਾਉਣ ਵਿੱਚ ਮਦਦ ਕਰਦੀ ਹੈ। ਇਹ ਸ਼ੁਭ-ਸਮਾਚਾਰ ਦੇ ਪ੍ਰਚਾਰ ਦੀ ਇੱਕ ਬੁਨਿਆਦੀ ਲੋੜ ਹੈ। ਸਭ ਤੋਂ ਮਹੱਤਵਪੂਰਣ ਸੱਚ ਇਹ ਹੈ ਕਿ ਪ੍ਰਾਰਥਨਾ ਪਰਮੇਸ਼ਰ ਨੂੰ ਪ੍ਰਸੰਨ ਕਰਦੀ ਹੈ ਅਤੇ ਉਹਨਾਂ ਦੀ ਕਿਰਪਾ ਅਤੇ ਬਰਕਤਾਂ ਲਿਆਉਂਦੀ ਹੈ। ਕੋਈ ਵੀ ਕਲੀਸਿਯਾ ਜੋ ਇੱਕ ਸਿਹਤਮੰਦ ਕਲੀਸਿਯਾ ਹੋਣਾ ਚਾਹੁੰਦੀ ਹੈ, ਤਾਂ ਉਹ ਪ੍ਰਾਰਥਨਾ ਦੀ ਭੂਮਿਕਾ ਦੇ ਪ੍ਰਤੀ ਲਾਪਰਵਾਹੀ ਦਿਖਾਉਣ ਦੀ ਹਿੰਮਤ ਨਹੀਂ ਕਰ ਸਕਦੀ ਹੈ। ਇਹ ਧਿਆਨ ਦਿਓ ਕਿ ਰਸੂਲਾਂ ਨੇ ਪ੍ਰਾਰਥਨਾ ਅਤੇ ਵਚਨ ਦੀ ਸੇਵਾ ਨੂੰ ਪਹਿਲ ਦਿੱਤੀ ਸੀ (ਰਸੂਲਾਂ 6:4)।

ਫਿਰ ਪ੍ਰਭੂ ਯਿਸੂ ਨੇ ਚੇਲਿਆਂ ਨੂੰ ਇਹ ਸਿਖਾਇਆ ਕਿ **ਹਮੇਸ਼ਾ ਪ੍ਰਾਰਥਨਾ ਕਰਦੇ ਰਹੋ** ਅਤੇ ਨਿਰਾਸ਼ ਨਾ ਹੋਵੋ। [ਲੂਕਾ 18:1]

ਉਹ ਸਭ ਬੜੀ ਸ਼ਰਧਾ ਨਾਲ ਰਸੂਲਾਂ ਤੋਂ ਸਿੱਖਿਆ ਲੈਂਦੇ, ਸੰਗਤੀ ਕਰਦੇ, ਇਕੱਠੇ ਰੋਟੀ ਖਾਂਦੇ ਅਤੇ **ਪ੍ਰਾਰਥਨਾ ਵਿੱਚ ਲੱਗੇ ਰਹਿੰਦੇ ਸਨ**। [ਰਸੂਲਾਂ 2:42]

ਪਤਰਸ ਹਵਾਲਾਤ ਵਿੱਚ ਬੰਦ ਸੀ ਪਰ **ਕਲੀਸਿਯਾ** ਉਸ ਦੇ ਲਈ **ਇੱਕ ਮਨ ਹੋ ਕੇ ਪ੍ਰਾਰਥਨਾ ਕਰਨ** ਵਿੱਚ ਲੱਗੀ ਹੋਈ ਸੀ। [ਰਸੂਲਾਂ 12:5]

ਆਤਮਾ ਵਿੱਚ **ਹਰ ਸਮੇਂ ਪ੍ਰਾਰਥਨਾ** ਅਤੇ ਹਰ ਤਰ੍ਹਾਂ ਦੀ ਬੇਨਤੀ ਕਰਦੇ ਰਹੋ। ਸੁਚੇਤ ਰਹੋ ਅਤੇ ਪਰਮੇਸ਼ਰ ਦੇ ਲੋਕਾਂ ਦੇ ਲਈ ਹਰ ਸਮੇਂ ਪ੍ਰਾਰਥਨਾ ਕਰਦੇ ਰਹੋ। [ਅਫ਼ਸੀ 6:18]
**ਲਗਾਤਾਰ ਪ੍ਰਾਰਥਨਾ ਕਰੋ**। [1 ਥੱਸਲੁ 5:17]

ਸਭ ਤੋਂ ਪਹਿਲਾਂ ਮੇਰੀ ਇਹ ਬੇਨਤੀ ਹੈ ਕਿ ਸਾਰੇ ਲੋਕਾਂ ਦੇ ਲਈ **ਬੇਨਤੀਆਂ, ਪ੍ਰਾਰਥਨਾਵਾਂ, ਮਿੰਨਤਾਂ ਅਤੇ ਧੰਨਵਾਦ** ਕੀਤੇ ਜਾਣ, ਰਾਜਿਆਂ ਅਤੇ ਸਾਰੇ ਅਧਿਕਾਰੀਆਂ ਦੇ ਲਈ ਵੀ ਤਾਂ ਜੋ ਅਸੀਂ ਪੂਰੀ ਭਗਤੀ ਅਤੇ ਗੰਭੀਰਤਾ ਨਾਲ ਅਮਨ-ਚੈਨ ਅਤੇ ਸ਼ਾਂਤੀ ਵਾਲਾ ਜੀਵਨ ਬਤੀਤ ਕਰੀਏ। [1 ਤਿਮੋਥਿ 2:1-2]

ਕੀ ਤੁਹਾਡੇ ਵਿੱਚੋਂ ਕੋਈ ਬਿਮਾਰ ਹੈ? ਉਹ **ਕਲੀਸਿਯਾ** ਦੇ ਬਜ਼ੁਰਗ ਆਗੂਆਂ ਨੂੰ ਸੱਦੇ ਅਤੇ ਉਹ ਉਸ ਦੇ ਲਈ **ਪ੍ਰਾਰਥਨਾ ਕਰਨ** ਅਤੇ ਪ੍ਰਭੂ ਦੇ ਨਾਮ ਵਿੱਚ ਉਸ ਨੂੰ ਤੇਲ ਦੇ ਨਾਲ ਮਸਹ ਕਰਨ। ਇਹ ਵਿਸ਼ਵਾਸ ਦੇ ਨਾਲ ਕੀਤੀ ਹੋਈ ਪ੍ਰਾਰਥਨਾ ਬਿਮਾਰ ਨੂੰ ਚੰਗਾ ਕਰੇਗੀ ਅਤੇ ਪ੍ਰਭੂ ਉਸ ਨੂੰ ਉਠਾ ਖੜ੍ਹਾ ਕਰਨਗੇ। ਜੇਕਰ ਉਸ ਨੇ ਪਾਪ ਵੀ ਕੀਤੇ ਹੋਣਗੇ ਤਾਂ ਉਹ ਵੀ ਮਾਫ਼ ਕਰ ਦਿੱਤੇ ਜਾਣਗੇ। [ਯਾਕੂਬ 5:14-15]

### 4. ਸ਼ੁਭ-ਸਮਾਚਾਰ ਦਾ ਪ੍ਰਚਾਰ (ਇਸ ਵਿੱਚ ਮਿਸ਼ਨਰੀ ਪ੍ਰਚਾਰ ਵੀ ਸ਼ਾਮਲ ਹੈ)

ਇਹ ਸੱਚ ਹੈ ਕਿ ਮਹਾਨ ਆਗਿਆ ਰਸੂਲਾਂ ਨੂੰ ਦਿੱਤੀ ਗਈ ਸੀ, ਪਰ ਇਹ ਸਪੱਸ਼ਟ ਹੈ ਕਿ ਪ੍ਰਭੂ ਨੇ ਇਹ ਕਲਪਨਾ ਕੀਤੀ ਸੀ ਕਿ ਇਹ ਕੰਮ ਉਹਨਾਂ ਲੋਕਾਂ ਦੁਆਰਾ ਵੀ ਕੀਤਾ ਜਾਵੇਗਾ ਜੋ "ਯੁੱਗ ਦੇ ਅੰਤ ਤੱਕ" ਰਸੂਲਾਂ ਦੇ ਸੰਦੇਸ਼ ਵਿੱਚ ਵਿਸ਼ਵਾਸ ਕਰਨ ਵਾਲੇ ਸਨ। ਇਸ ਲਈ, ਇਹ ਅਜੇ ਵੀ ਪਰਮੇਸ਼ਰ ਦੀ ਇੱਛਾ ਹੈ ਕਿ ਕਲੀਸਿਯਾ ਮਸੀਹ ਵਿੱਚ

ਵਿਸ਼ਵਾਸ ਦੁਆਰਾ ਮੁਕਤੀ ਦੇ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰੇ। ਵਿਸ਼ਵਾਸੀਆਂ ਦੀ ਵਿਅਕਤੀਗਤ ਗਵਾਹੀ ਹੁੰਦੀ ਹੈ, ਪਰ ਇੱਕ ਦੂਜੇ ਅਰਥ ਵਿੱਚ, ਪੂਰੀ ਕਲੀਸਿਯਾ ਵੀ ਮੁਕਤੀ ਦੇਣ ਵਾਲੀ ਕਿਰਪਾ ਦੀ ਗਵਾਹ ਹੋ ਸਕਦੀ ਹੈ। ਇੱਕ ਸਥਾਨਕ ਕਲੀਸਿਯਾ ਨੂੰ ਆਪਣੇ ਇਲਾਵੇ ਵਿੱਚ ਪਰਮੇਸ਼ਰ ਦੀ ਮਹਿਮਾ ਦਾ ਐਲਾਨ ਕਰਨ ਦੇ ਨਾਲ-ਨਾਲ, ਆਪਣੇ ਵਿੱਚੋਂ ਕੁਝ ਲੋਕਾਂ ਨੂੰ ਦੂਜੇ ਇਲਾਕਿਆਂ ਵਿੱਚ ਵੀ ਭੇਜਣਾ ਚਾਹੀਦਾ ਹੈ।

> "ਇਸ ਲਈ ਜਾਓ, **ਸਾਰੀਆਂ ਕੌਮਾਂ ਨੂੰ ਚੇਲੇ ਬਣਾਓ**, ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ। ਅਤੇ ਉਹਨਾਂ ਨੂੰ ਇਹਨਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨੀ ਸਿਖਾਓ ਜਿਹਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਦੇਖੋ, ਯੁੱਗ ਦੇ ਅੰਤ ਤੱਕ ਮੈਂ ਹਮੇਸ਼ਾ ਤੁਹਾਡੇ ਨਾਲ ਹਾਂ।" [ਮੱਤੀ 28:19-20]
>
> ਅਤੇ ਉਹਨਾਂ ਨੂੰ ਕਿਹਾ, "ਮਸੀਹ ਦੇ ਬਾਰੇ ਪਵਿੱਤਰ-ਗ੍ਰੰਥ ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਉਹ ਦੁੱਖ ਸਹੇਗਾ ਅਤੇ ਤੀਜੇ ਦਿਨ ਮੁਰਦਿਆਂ ਵਿੱਚੋਂ ਜੀਅ ਉੱਠੇਗਾ। ਅਤੇ ਯਰੂਸ਼ਲਮ ਤੋਂ ਸ਼ੁਰੂ ਕਰ ਕੇ **ਸਾਰੀਆਂ ਕੌਮਾਂ ਵਿੱਚ** ਉਸ ਦੇ ਨਾਮ ਵਿੱਚ ਤੋਬਾ ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਕੀਤਾ ਜਾਵੇਗਾ।" [ਲੂਕਾ 24:46- 47]
>
> ਇਸ ਤਰ੍ਹਾਂ ਸਾਰੇ ਯਹੂਦੀਯਾ, ਗਲੀਲ ਅਤੇ ਸਾਮਰੀਯਾ ਵਿੱਚ **ਕਲੀਸਿਯਾ** ਨੂੰ ਸ਼ਾਂਤੀ ਮਿਲ ਗਈ। ਇਹ ਪਵਿੱਤਰ ਆਤਮਾ ਦੀ ਮਦਦ ਦੇ ਨਾਲ ਪ੍ਰਭੂ ਦੇ ਡਰ ਵਿੱਚ ਮਜ਼ਬੂਤ ਹੋ ਰਹੀ ਸੀ ਅਤੇ **ਇਸ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਸੀ**। [ਰਸੂਲਾਂ 9:31]
>
> ਜਦੋਂ ਉਹ ਪ੍ਰਭੂ ਦੀ ਭਗਤੀ ਕਰ ਰਹੇ ਅਤੇ ਵਰਤ ਰੱਖ ਰਹੇ ਸਨ ਤਾਂ ਪਵਿੱਤਰ ਆਤਮਾ ਨੇ ਕਿਹਾ, "ਮੇਰੇ ਲਈ ਬਰਨਾਬਾਸ ਅਤੇ ਸਾਊਲ ਨੂੰ **ਉਸ ਕੰਮ ਦੇ ਲਈ ਵੱਖਰੇ ਰੱਖੋ** ਜਿਸ ਦੇ ਲਈ ਮੈਂ ਉਹਨਾਂ ਨੂੰ ਸੱਦਿਆ ਹੈ।" ਇਸ ਲਈ ਉਹਨਾਂ ਨੇ ਵਰਤ ਰੱਖ ਕੇ ਬਰਨਾਬਾਸ ਅਤੇ ਸਾਊਲ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕੀਤੀ **ਅਤੇ ਉਹਨਾਂ ਦੋਨਾਂ ਨੂੰ ਵਿਦਾ ਕੀਤਾ**। [ਰਸੂਲਾਂ 13:2-3]
>
> ਇਸ ਤਰ੍ਹਾਂ **ਕਲੀਸਿਯਾਵਾਂ** ਵਿਸ਼ਵਾਸ ਵਿੱਚ ਮਜ਼ਬੂਤ ਹੁੰਦੀਆਂ ਅਤੇ **ਗਿਣਤੀ ਵਿੱਚ ਹਰ ਰੋਜ਼ ਵੱਧਦੀਆਂ ਗਈਆਂ।** [ਰਸੂਲਾਂ 16:5]
>
> ਪਰ ਉਹ ਪ੍ਰਭੂ ਦਾ ਨਾਮ ਕਿਸ ਤਰ੍ਹਾਂ ਲੈਣਗੇ ਜਦੋਂ ਕਿ ਉਹਨਾਂ ਨੇ ਪ੍ਰਭੂ ਵਿੱਚ ਵਿਸ਼ਵਾਸ ਹੀ ਨਹੀਂ ਕੀਤਾ? ਅਤੇ **ਉਹ ਕਿਸ ਤਰ੍ਹਾਂ ਵਿਸ਼ਵਾਸ ਕਰਨਗੇ ਜਦੋਂ ਕਿ ਉਹਨਾਂ ਨੇ ਪ੍ਰਭੂ ਦੇ ਬਾਰੇ ਸੰਦੇਸ਼ ਹੀ ਨਹੀਂ ਸੁਣਿਆ?** ਅਤੇ ਕਿਸ ਤਰ੍ਹਾਂ ਸੁਣਨਗੇ ਜਦੋਂ ਤੱਕ ਕੋਈ ਉਹਨਾਂ ਨੂੰ ਸੰਦੇਸ਼ ਹੀ ਨਾ ਸੁਣਾਵੇ? ਪਰ ਸੰਦੇਸ਼ ਕਿਸ ਤਰ੍ਹਾਂ ਸੁਣਾਇਆ ਜਾ ਸਕਦਾ ਹੈ ਜਦੋਂ ਤੱਕ ਕਿ ਸੰਦੇਸ਼ਵਾਹਕ ਹੀ ਨਾ ਭੇਜੇ ਜਾਣ? ਇਸ ਬਾਰੇ ਪਵਿੱਤਰ-ਗ੍ਰੰਥ ਦਾ ਵਚਨ ਹੈ, "ਸ਼ੁਭ ਸਮਾਚਾਰ ਲਿਆਉਣ ਵਾਲਿਆਂ ਦਾ ਆਉਣਾ ਕਿੰਨਾ ਸੁਖਦਾਇੱਕ ਹੈ!" [ਰੋਮੀ 10:14-15]

(ਯੂਹੰਨਾ 4:35ff.; ਮੱਤੀ 9:37-38 ਵੀ ਦੇਖੋ)

> ਤੁਹਾਡੇ ਦੁਆਰਾ ਨਾ ਕੇਵਲ ਮਕਦੂਨੀਯਾ ਅਤੇ ਅਖਾਯਾ ਵਿੱਚ ਪ੍ਰਭੂ ਦਾ ਸੰਦੇਸ਼ ਪਹੁੰਚਿਆ ਸਗੋਂ **ਪਰਮੇਸ਼ਰ ਵਿੱਚ ਤੁਹਾਡੇ ਵਿਸ਼ਵਾਸ ਦਾ ਸਮਾਚਾਰ ਹਰ ਜਗ੍ਹਾ ਫੈਲ ਗਿਆ ਹੈ।** [1 ਥੱਸਲੁ 1:8]
>
> ਪਰ ਤੁਸੀਂ ਚੁਣਿਆ ਹੋਇਆ ਵੰਸ, ਪੁਰੋਹਿਤਾਂ ਦਾ ਸ਼ਾਹੀ ਦਲ, ਪਵਿੱਤਰ ਕੌਮ, ਅਤੇ ਪਰਮੇਸ਼ਰ ਦੇ ਆਪਣੇ ਲੋਕ ਹੋ ਤਾਂ ਜੋ ਤੁਸੀਂ ਉਹਨਾਂ ਦੇ ਵੱਡੇ ਕੰਮਾਂ ਦਾ **ਪ੍ਰਚਾਰ ਕਰੋ** ਜਿਹਨਾਂ ਨੇ ਤੁਹਾਨੂੰ ਹਨੇਰੇ ਵਿੱਚੋਂ ਆਪਣੇ ਅਦਭੁੱਤ ਚਾਨਣ ਵਿੱਚ ਸੱਦਿਆ ਹੈ। [1 ਪਤਰਸ 2:9]

### 5. ਅਰਾਧਨਾ

"ਸਬਤ ਦੇ ਦਿਨ ਨੂੰ ਚੇਤੇ ਰੱਖਣਾ" (ਕੂਚ 20:8) ਦਸ ਹੁਕਮਾਂ ਵਿੱਚੋਂ ਇੱਕੋ-ਇੱਕ ਅਜਿਹਾ ਹੁਕਮ ਹੈ ਜੋ ਕਲੀਸਿਯਾ ਦੇ ਲਈ ਦੁਹਰਾਇਆ ਨਹੀਂ ਗਿਆ ਹੈ। ਇੱਕ-ਦੂਜੇ ਨਾਲ ਮਿਲਣ ਦਾ ਹੁਕਮ ਤਾਂ ਹੈ (ਇਬ 10:25), ਪਰ ਕਲੀਸਿਯਾ ਦੇ ਮਿਲ ਕੇ ਪ੍ਰਾਰਥਨਾ ਕਰਨ ਦਾ ਕੋਈ ਦਿਨ ਨਹੀਂ ਠਹਿਰਾਇਆ ਗਿਆ ਹੈ (ਰੋਮੀ 14:5-6; ਕੁਲੁੱਸੀ 2:16)। ਪਰ, ਸ਼ੁਰੂਆਤੀ ਕਲੀਸਿਯਾ ਦੀ ਪਰੰਪਰਾ ਅਨੁਸਾਰ ਕਲੀਸਿਯਾਵਾਂ ਹਫ਼ਤੇ ਦੇ ਪਹਿਲੇ ਦਿਨ, ਐਤਵਾਰ ਨੂੰ ਇਕੱਠਾ ਹੁੰਦੀਆਂ ਸਨ ਕਿ ਉਹ ਹਫ਼ਤੇ ਦੇ ਪਹਿਲੇ ਦਿਨ ਪ੍ਰਭੂ ਯਿਸੂ ਦੇ ਜੀਅ-ਉੱਠਣ ਨੂੰ ਯਾਦ ਕਰਨ (ਯੂਹੰਨਾ 20:1)। ਮਸੀਹ ਦਾ ਚੇਲਿਆਂ ਨੂੰ ਦੋ ਵਾਰ ਇੱਕ ਘਰ ਵਿੱਚ ਦਿਖਾਈ ਦੇਣਾ ਵੀ ਹਫ਼ਤੇ ਦੇ ਪਹਿਲੇ ਦਿਨ ਹੋਇਆ ਸੀ (ਯੂਹੰਨਾ 20:19, 26), ਅਤੇ ਪੰਤੇਕੁਸਤ ਦਾ ਦਿਨ (ਕਲੀਸਿਯਾ ਦਾ ਜਨਮਦਿਨ) ਵੀ ਐਤਵਾਰ ਦਾ ਦਿਨ ਸੀ। ਇਸ ਤਰ੍ਹਾਂ, ਪਰੰਪਰਾ ਦੇ ਅਨੁਸਾਰ ਕਲੀਸਿਯਾ ਨਵੇਂ ਨੇਮ ਦੇ ਸਮੇਂ ਤੋਂ ਹੁਣ ਤੱਕ ਐਤਵਾਰ ਨੂੰ ਅਰਾਧਨਾ ਲਈ ਇਕੱਠੀ ਹੁੰਦੀ ਆ ਰਹੀ ਹੈ (ਦੇਖੋ, ਰਸੂਲਾਂ 20:7; 1 ਕੁਰਿੰਥ 16:2)।

> **ਹਫ਼ਤੇ ਦੇ ਪਹਿਲੇ ਦਿਨ** ਅਸੀਂ ਪ੍ਰਭੂ ਭੋਜ ਦੇ ਲਈ ਇਕੱਠੇ ਹੋਏ। ਪੌਲੁਸ ਅਗਲੇ ਦਿਨ ਜਾਣ ਵਾਲਾ ਸੀ, ਇਸ ਲਈ ਉਹ ਲੋਕਾਂ ਨਾਲ ਗੱਲ ਬਾਤ ਕਰਨ ਲੱਗਾ ਅਤੇ ਗੱਲ ਬਾਤ ਅੱਧੀ ਰਾਤ ਤੱਕ ਚੱਲਦੀ ਰਹੀ। [ਰਸੂਲਾਂ 20:7]
>
> **ਹਰ ਐਤਵਾਰ ਨੂੰ** ਤੁਹਾਡੇ ਵਿੱਚੋਂ ਹਰ ਕੋਈ ਆਪਣੀ ਆਮਦਨ ਦਾ ਕੁਝ ਹਿੱਸਾ ਵੱਖਰਾ ਰੱਖ ਲਵੇ, ਤਾਂ ਜੋ ਮੇਰੇ ਆਉਣ ਤੇ ਤੁਹਾਨੂੰ ਦਾਨ ਇਕੱਠਾ ਨਾ ਕਰਨਾ ਪਵੇ। [1 ਕੁਰਿੰਥ 16:2]

ਬਾਈਬਲ ਸਿਖਾਉਣ ਵਾਲੀਆਂ ਕਲੀਸਿਯਾਵਾਂ ਦੇ ਅੱਜ ਦੇ ਵਿਸ਼ਵਾਸੀਆਂ ਨੂੰ ਸ਼ੁਰੂਆਤੀ ਕਲੀਸਿਯਾ ਦੀਆਂ ਸਭਾਵਾਂ ਵਿੱਚ ਕੋਈ ਬੇਚੈਨੀ ਮਹਿਸੂਸ ਨਹੀਂ ਹੁੰਦੀ ਹੈ। ਉਹਨਾਂ ਵਿੱਚ ਬਾਈਬਲ ਦੀ ਸਿੱਖਿਆ (ਰਸੂਲਾਂ 2:42; 1 ਕੁਰਿੰਥ 14:19, 26; 1 ਤਿਮੋਥਿ 4:13; 2 ਤਿਮੋਥਿ 4:2), ਭਜਨ ਗਾਉਣਾ (1 ਕੁਰਿੰਥ 14:26; ਅਫ਼ਸੀ 5:19; ਕੁਲੁੱਸੀ 3:16), ਦਾਨ ਇਕੱਠਾ ਕਰਨਾ (ਰੋਮੀ 15:26; 1 ਕੁਰਿੰਥ 16:2; 2 ਕੁਰਿੰਥੀਆਂ 8 ਅਤੇ 9), ਪ੍ਰਾਰਥਨਾ ਕਰਨਾ (ਰਸੂਲਾਂ 2:42), ਸੰਗਤ (ਇਬ 10:24-25; ਯਹੂਦਾ 12), ਅਤੇ ਪ੍ਰਭੂ ਭੋਜ (ਰਸੂਲਾਂ 20:7) ਸ਼ਾਮਲ ਸੀ। ਘਰਾਂ ਵਿੱਚ ਸਭਾਵਾਂ ਹੁੰਦੀਆਂ ਸਨ (1 ਕੁਰਿੰਥ 16:19; ਕੁਲੁੱਸੀ 4:15) ਅਤੇ ਇਹ ਸਭ ਬਿਨਾਂ ਕਿਸੇ ਉਲਝਣ ਦੇ ਅਨੁਸ਼ਾਸ਼ਿਤ ਢੰਗ ਨਾਲ ਹੁੰਦਾ ਸੀ (1 ਕੁਰਿੰਥ 14:32, 40)। 1 ਕੁਰਿੰਥ 14:26 ਵਿੱਚ ਇੱਕ ਕਲੀਸਿਯਾ ਸਭਾ ਦੇ ਕ੍ਰਮ ਦਾ ਸਭ ਤੋਂ ਵਧੀਆ ਬਿਆਨ ਮਿਲਦਾ ਹੈ।

> ਭਰਾਵੋ ਅਤੇ ਭੈਣੋ, ਮੇਰੇ ਕਹਿਣ ਦਾ ਕੀ ਅਰਥ ਹੋਇਆ? ਜਦੋਂ ਕਦੀ ਵੀ ਤੁਸੀਂ ਅਰਾਧਨਾ ਦੇ ਲਈ ਇਕੱਠੇ ਹੋਵੋ ਤਾਂ ਤੁਹਾਡੇ ਵਿੱਚੋਂ ਕੋਈ ਭਜਨ ਗਾਉਣ ਲਈ, ਕੋਈ ਸਿੱਖਿਆ ਦੇਣ ਲਈ, ਕੋਈ ਪਰਮੇਸ਼ਰ ਦਾ ਦਿੱਤਾ ਗਿਆ ਸੰਦੇਸ਼ ਸੁਣਾਉਣ ਲਈ, ਕੋਈ ਪਰਾਈ ਭਾਸ਼ਾ ਵਿੱਚ ਬੋਲਣ ਲਈ ਅਤੇ ਕੋਈ ਉਸ ਦਾ ਅਨੁਵਾਦ ਕਰਨ ਦੇ ਲਈ ਤਿਆਰ ਰਹੇ ਪਰ ਇਹ ਸਭ ਕੁਝ ਕਲੀਸਿਯਾ ਦੀ ਉਸਾਰੀ ਲਈ ਹੋਣਾ ਚਾਹੀਦਾ ਹੈ। [1 ਕੁਰਿੰਥ 14:26]

ਜਸਟਿਨ ਮਾਰਟਰ A.D. 100-167 ਦੌਰਾਨ ਇਸਰਾਏਲ ਵਿੱਚ ਰਿਹਾ ਸੀ। ਉਸ ਦੁਆਰਾ ਦਿੱਤਾ ਗਿਆ ਅਰਾਧਨਾ ਸਭਾ ਦਾ ਬਿਆਨ ਇਹ ਦਰਸਾਉਂਦਾ ਹੈ ਕਿ ਉਦੋਂ ਤੋਂ ਹੁਣ ਤੱਕ ਕੁਝ ਵੀ ਨਹੀਂ ਬਦਲਿਆ ਹੈ:

> "ਐਤਵਾਰ ਨੂੰ ਨਗਰਾਂ ਜਾਂ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਕਿਸੇ ਇੱਕ ਜਗ੍ਹਾ ਇਕੱਠਾ ਹੋ ਜਾਂਦੇ ਹਨ, ਅਤੇ ਜਿੰਨਾ ਚਿਰ ਸਮਾਂ ਆਗਿਆ ਦਿੰਦਾ ਹੈ, ਰਸੂਲਾਂ ਦੀਆਂ ਲਿਖਤਾਂ ਜਾਂ ਨਬੀਆਂ ਦੀਆਂ ਲਿਖਤਾਂ ਨੂੰ ਪੜ੍ਹਿਆ ਜਾਂਦਾ ਹੈ; ਜਦੋਂ ਪੜ੍ਹਨ ਵਾਲਾ ਪੜ੍ਹਨਾ ਬੰਦ ਕਰਦਾ ਹੈ, ਤਾਂ ਪ੍ਰਧਾਨ ਉਪਦੇਸ਼ ਦਿੰਦਾ ਹੈ ਅਤੇ ਇਹਨਾਂ ਗੱਲਾਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕਰਦਾ ਹੈ। ਫਿਰ ਅਸੀਂ ਸਾਰੇ ਇਕੱਠੇ ਉੱਠ ਕੇ ਪ੍ਰਾਰਥਨਾ ਕਰਦੇ ਹਾਂ। ਜਦੋਂ ਸਾਡੀ ਪ੍ਰਾਰਥਨਾ ਖ਼ਤਮ ਹੁੰਦੀ ਹੈ ਤਾਂ ਰੋਟੀ ਅਤੇ ਮੈਅ ਅਤੇ ਪਾਣੀ ਲਿਆਂਦਾ ਜਾਂਦਾ ਹੈ, ਅਤੇ ਪ੍ਰਧਾਨ ਉਸੇ ਤਰ੍ਹਾਂ ਆਪਣੀ ਯੋਗਤਾ ਅਨੁਸਾਰ ਪ੍ਰਾਰਥਨਾ ਕਰਦਾ ਹੈ, ਅਤੇ ਲੋਕ ਆਮੀਨ ਕਹਿ ਕੇ ਸਹਿਮਤੀ ਦਿੰਦੇ ਹਨ ….ਉਹ ਜਿਹੜੇ ਚੰਗੇ ਕਾਰੋਬਾਰ ਵਾਲੇ ਹੁੰਦੇ ਹਨ, ਅਤੇ ਜਿਹਨਾਂ ਦੀ ਇੱਛਾ ਹੁੰਦੀ ਹੈ, ਉਹ ਆਪਣੀ ਯੋਗਤਾ ਦੇ ਅਨੁਸਾਰ ਦਾਨ ਦਿੰਦੇ ਹਨ, ਜੋ ਵੀ ਦਾਨ ਇਕੱਠਾ ਕੀਤਾ ਜਾਂਦਾ ਹੈ, ਉਹ ਪ੍ਰਧਾਨ ਕੋਲ ਜਮ੍ਹਾ ਹੁੰਦਾ ਹੈ, ਅਤੇ ਉਹ ਇਸ ਨੂੰ ਅਨਾਥਾਂ, ਵਿਧਵਾਵਾਂ, ਅਤੇ ਬਿਮਾਰਾਂ, ਦੂਜੇ ਲੋੜਵੰਦ ਲੋਕਾਂ, ਕੈਦੀਆਂ, ਅਤੇ ਸਾਡੇ ਵਿੱਚ ਆਏ ਪਰਦੇਸੀਆਂ ਦੀ ਦੇਖਭਾਲ ਕਰਨ ਦੇ ਲਈ ਖ਼ਰਚ ਕਰਦਾ ਹੈ। ਜੇਕਰ ਇੱਕ ਸ਼ਬਦ ਵਿੱਚ ਕਿਹਾ ਜਾਵੇ ਤਾਂ ਹਰੇਕ ਲੋੜਵੰਦ ਦੀ ਲੋੜ ਪੂਰੀ ਕੀਤੀ ਜਾਂਦੀ ਹੈ।"[1]

### 6. ਭਲਾਈ ਦੇ ਕੰਮ

ਇੱਕ ਸਥਾਨਕ ਕਲੀਸਿਯਾ ਦੀ ਇਹ ਜ਼ਿਮੇਵਾਰੀ ਬਣਦੀ ਹੈ ਕਿ ਉਹ ਉਹਨਾਂ ਦੀ ਮਦਦ ਕਰੇ ਜੋ ਅਸਲ ਵਿੱਚ ਗ਼ਰੀਬ ਹਨ। ਇਸ ਮਦਦ ਦੇ ਸਿਰਫ਼ ਵਿਸ਼ਵਾਸੀ ਹੀ ਹੱਕਦਾਰ ਨਹੀਂ ਹਨ ਪਰ ਇਹ ਖ਼ਾਸ ਤੌਰ ਤੇ ਉਹਨਾਂ ਦੇ ਲਈ ਹੈ:

> …ਇਸ ਲਈ ਜਿੱਥੇ ਵੀ ਸਾਨੂੰ ਮੌਕਾ ਮਿਲੇ, ਹਰ ਕਿਸੇ ਨਾਲ ਭਲਾਈ ਕਰੀਏ। ਖ਼ਾਸ ਕਰਕੇ ਉਹਨਾਂ ਨਾਲ ਜਿਹਨਾਂ ਦਾ ਸੰਬੰਧ ਕਲੀਸਿਯਾ ਦੇ ਨਾਲ ਹੈ। [ਗਲਾਤੀ 6:10]

ਨਵੇਂ ਨੇਮ ਵਿੱਚ ਮਸੀਹੀਆਂ ਦੁਆਰਾ ਆਪਣੇ ਦੂਜੇ ਮਸੀਹੀ ਭੈਣਾਂ-ਭਰਾਵਾਂ ਦੀ ਮਦਦ ਕਰਨ ਦੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ। ਇਹ ਮਸੀਹੀਆਂ ਨੂੰ ਹੋਰ ਲੋੜਵੰਦ ਮਸੀਹੀਆਂ ਦੀ ਮਦਦ ਕਰਨ ਦੇ ਹੁਕਮ ਵੀ ਦਿੰਦਾ ਹੈ (ਰਸੂਲਾਂ 2:44-45; 4:32-38; 11:28-30; ਗਲਾਤੀ 2:10; 1 ਯੂਹੰਨਾ 3:17-18; ਯਾਕੂਬ 1:27; 2:15-16)। ਸ਼ੁਰੂਆਤੀ ਕਲੀਸਿਯਾ ਖ਼ਾਸ ਤੌਰ ਤੇ ਵਿਧਵਾਵਾਂ ਦੀ ਮਦਦ ਕਰਨ ਦੀ ਇੱਕ ਰਸਮੀ ਸੇਵਕਾਈ ਵਿੱਚ ਸ਼ਾਮਲ ਸੀ (ਰਸੂਲਾਂ 6:1-6; 1 ਤਿਮੋਥਿ 5:3-16)। ਕਿਸੇ ਮਦਦ ਦੀ ਯੋਗਤਾ ਪ੍ਰਾਪਤ ਕਰਨ ਲਈ ਕੁਝ ਸਖ਼ਤ ਨਿਰਦੇਸ਼ਾਂ ਨੂੰ ਪੂਰਾ ਕਰਨਾ ਪੈਂਦਾ ਸੀ, ਖ਼ਾਸ ਕਰਕੇ ਉਹਨਾਂ ਵਿਧਵਾਵਾਂ ਲਈ ਜੋ ਮਦਦ ਚਾਹੁੰਦੀਆਂ ਸਨ (2 ਥੱਸਲੁ 3:10; 1 ਤਿਮੋਥਿ 5:4, 9-11)।

## B. ਸਥਾਨਕ ਕਲੀਸਿਯਾ ਵਿੱਚ ਪ੍ਰਸ਼ਾਸਨ

ਕਲੀਸਿਯਾ ਦੇ ਪ੍ਰਸ਼ਾਸਨ ਲਈ ਤਿੰਨ ਆਮ ਢਾਂਚੇ ਹਨ: ਐਪੀਸਕੋਪਲ, ਪ੍ਰੈਸਬੈਟੀਰੀਅਨ, ਅਤੇ ਕੋਂਗਰੀਗੇਸ਼ਨਲ

### 1. ਐਪੀਸਕੋਪਲ

ਪ੍ਰਸ਼ਾਸਨ ਦੀ ਐਪੀਸਕੋਪਲ ਪ੍ਰਣਾਲੀ ਨੂੰ ਰੋਮਨ ਕੈਥੋਲਿਕ, ਐਂਗਲੀਕਨ, ਐਪੀਸਕੋਪੀਲੀਅਨ, ਅਤੇ ਮੈਥੋਡਿਸਟ ਕਲੀਸਿਯਾ ਦੁਆਰਾ ਅਪਣਾਇਆ ਜਾਂਦਾ ਹੈ। ਇਹ ਇੱਕ ਸ਼੍ਰੇਣੀਬੱਧ ਅਧਿਕਾਰੀ ਵਰਗ ਦੀ ਪ੍ਰਣਾਲੀ ਹੈ ਜਿਸ ਵਿੱਚ ਸਭ ਤੋਂ ਉੱਤੇ ਇੱਕ ਵੱਡਾ ਅਧਿਕਾਰੀ ਹੁੰਦਾ ਹੈ। ਰੋਮਨ ਕੈਥੋਲਿਕ ਪ੍ਰਣਾਲੀ ਵਿੱਚ ਸਭ ਤੋਂ ਉੱਪਰ ਪੋਪ, ਫਿਰ ਕਾਰਡੀਨਲ, ਫਿਰ ਆਰਚਬਿਸ਼ਪ, ਫਿਰ ਬਿਸ਼ਪ, ਫਿਰ ਪਾਸਬਾਨ,

[1] ਜਸਟਿਨ ਮਾਰਟਰ, ਦ ਫਸਟ ਅਪੋਲੈਜੀ ਆਫ਼ ਜਸਟਿਨ, ਇਨ ਦ ਐਂਟੀ-ਨਾਈਸੀਨ ਫਾਦਰਜ਼, ਐਡ. ਅਲੈਗਜ਼ੈਂਡਰ ਰੌਬਰਟਸ ਐਂਡ ਜੇਮਜ਼ ਡੋਨਾਲਡਸਨ, ਰੀਪ੍ਰਿੰਟਡ., 10 ਵੋਲਯੂਮਜ਼. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨ ਪਬਲਿਸ਼ਿੰਗ ਕੋ., 1969, 1:186. (ਫਸਟ ਅਪੋਲੈਜੀ ਆਫ਼ ਜਸਟਿਨ 67)

ਪਾਸਬਾਨ, ਸੇਵਕ, ਅਤੇ ਆਮ ਲੋਕ ਹਨ।

ਪੂਰਾ ਜੀਵਨ ਬਾਈਬਲ ਪੜ੍ਹਦੇ ਰਹਿਣ ਤੋਂ ਬਾਅਦ ਵੀ, ਇਹਨਾਂ ਸਮੂਹਾਂ ਦੁਆਰਾ ਕਲੀਸਿਯਾ ਦੇ ਪ੍ਰਸ਼ਾਸਨ ਦੇ ਲਈ ਵਰਤੋਂ ਕੀਤੀ ਗਈ ਐਪੀਸਕੋਪਲ ਪ੍ਰਣਾਲੀ ਦਾ ਕਿਤੇ ਕੋਈ ਹਵਾਲਾ ਨਹੀਂ ਮਿਲੇਗਾ। ਫਿਰ ਵੀ, ਐਪੀਸਕੋਪਲ ਪ੍ਰਣਾਲੀ ਬਾਈਬਲ ਵਿੱਚ ਅਧਿਕਾਰ ਦੇ ਉੱਪਰ ਤੋਂ ਹੇਠਾਂ ਆਉਣ ਦੀ ਮਿਸਾਲ ਦੇ ਅਨੁਸਾਰ ਹੀ ਹੈ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਹੈ ਕਿ ਸ਼ੁਰੂਆਤੀ ਕਲੀਸਿਯਾ ਵਿੱਚ ਰਸੂਲਾਂ ਦਾ ਅਧਿਕਾਰ ਸਭ ਤੋਂ ਜ਼ਿਆਦਾ ਸੀ।

> "ਇਸ ਲਈ ਮੈਂ ਤੈਨੂੰ ਦੱਸਦਾ ਹਾਂ, ਤੂੰ **ਪਤਰਸ** ਭਾਵ ਉਹ ਚਟਾਨ ਹੈਂ **ਜਿਸ ਉੱਤੇ ਮੈਂ ਆਪਣੀ ਕਲੀਸਿਯਾ ਬਣਾਵਾਂਗਾ** ਅਤੇ ਇਸ ਨੂੰ ਮੌਤ ਵੀ ਹਿਲਾ ਨਾ ਸਕੇਗੀ।" [ਮੱਤੀ 16:18]
>
> ਜੇਕਰ ਕੋਈ ਮਨੁੱਖ ਆਪਣੇ ਆਪ ਨੂੰ ਪਰਮੇਸ਼ਰ ਦਾ ਨਬੀ ਜਾਂ ਆਤਮਿਕ ਮਨੁੱਖ ਸਮਝਦਾ ਹੈ ਤਾਂ ਉਹ ਇਹ ਜਾਣ ਲਵੇ ਕਿ **ਜੋ ਕੁਝ ਮੈਂ ਤੁਹਾਨੂੰ ਲਿਖਿਆ ਹੈ, ਇਹ ਪਰਮੇਸ਼ਰ ਦਾ ਹੁਕਮ ਹੈ।** [1 ਕੁਰਿੰਥ 14:37]
>
> **ਤੁਸੀਂ ਰਸੂਲਾਂ** ਅਤੇ ਨਬੀਆਂ **ਦੀ ਨੀਂਹ** ਉੱਤੇ ਬਣਾਏ ਗਏ ਹੋ ਜਿਸ ਦੇ ਕੋਨੇ ਦਾ ਪੱਥਰ ਮਸੀਹ ਯਿਸੂ ਆਪ ਹਨ [ਅਫ਼ਸੀ 2:20]
>
> ਤੁਸੀਂ ਪਵਿੱਤਰ ਨਬੀਆਂ ਦੇ ਦੁਆਰਾ ਬੀਤੇ ਹੋਏ ਸਮੇਂ ਵਿੱਚ ਕਹੇ ਗਏ ਸ਼ਬਦਾਂ ਅਤੇ **ਪ੍ਰਭੂ ਅਤੇ ਮੁਕਤੀਦਾਤਾ ਦੇ ਹੁਕਮਾਂ ਨੂੰ ਯਾਦ ਰੱਖੋ ਜਿਹੜੇ ਤੁਹਾਨੂੰ ਤੁਹਾਡੇ ਰਸੂਲਾਂ ਦੇ ਦੁਆਰਾ ਦਿੱਤੇ ਗਏ ਸਨ।** [2 ਪਤਰਸ 3:2]
>
> ਪਰ ਮੇਰੇ ਮਿੱਤਰੋ, ਤੁਸੀਂ ਉਹਨਾਂ ਗੱਲਾਂ ਨੂੰ ਯਾਦ ਰੱਖੋ ਜਿਹੜੀਆਂ ਸਾਡੇ ਪ੍ਰਭੂ ਯਿਸੂ ਮਸੀਹ ਦੇ **ਰਸੂਲਾਂ** ਨੇ ਪਹਿਲਾਂ ਹੀ ਕਹੀਆਂ ਸਨ [ਯਹੂਦਾ 17]

ਰਸੂਲਾਂ ਦੇ ਕਰਤੱਬ 15 ਵਿੱਚ ਕਲੀਸਿਯਾ ਪਰਾਈਆਂ ਕੌਮਾਂ ਦੀ ਸੁੰਨਤ ਦੇ ਮੁੱਦੇ ਉੱਤੇ ਸੰਘਰਸ਼ ਕਰ ਰਹੀ ਸੀ। ਇਸ ਸਭਾ ਵਿੱਚ ਅਧਿਕਾਰ ਪੂਰੀ ਕਲੀਸਿਯਾ ਕੋਲ ਨਹੀਂ ਪਰ ਰਸੂਲਾਂ ਅਤੇ ਨਿਗਾਹਬਾਨਾਂ ਕੋਲ ਸੀ (ਦੇਖੋ, ਰਸੂਲਾਂ 15:2, 6)। ਇਸ ਤੋਂ ਇਲਾਵਾ, ਤੀਤੁਸ 1 ਅਤੇ 1 ਤਿਮੋਥਿ 3 ਵਿੱਚ ਪੌਲੁਸ ਉਹ ਵਿਅਕਤੀ ਹੈ ਜੋ ਹਰ ਕਲੀਸਿਯਾ ਲਈ ਨਿਗਾਹਬਾਨਾਂ ਦੀ ਚੋਣ ਕਰਨ ਦਾ ਅਧਿਕਾਰ ਦਿੰਦਾ ਹੈ। ਇਸ ਤਰ੍ਹਾਂ, ਸ਼ੁਰੂਆਤੀ ਕਲੀਸਿਯਾ ਵਿੱਚ ਅਧਿਕਾਰ ਦੇ ਉੱਪਰ ਤੋਂ ਹੇਠਾਂ ਆਉਣ ਦਾ ਢਾਂਚਾ ਸੀ: ਰਸੂਲ, ਨਿਗਾਹਬਾਨ, ਸੇਵਕ, ਅਤੇ ਕਲੀਸਿਯਾ।

ਹੁਣ ਪੂਰੀ ਤਰ੍ਹਾਂ ਸ਼ੁਰੂਆਤੀ ਕਲੀਸਿਯਾ ਦੇ ਪ੍ਰਸ਼ਾਸਨ ਦੇ ਢਾਂਚੇ ਵਿੱਚ ਚਲੇ ਜਾਣਾ ਸੰਭਵ ਨਹੀਂ ਹੈ। ਕਿਉਂਕਿ ਅੱਜ ਕੋਈ ਅਜਿਹਾ ਵਿਅਕਤੀ ਮੌਜੂਦ ਨਹੀਂ ਹੈ ਜਿਸ ਨੇ ਜੀਅ ਉੱਠੇ ਮਸੀਹ ਨੂੰ ਦੇਖਿਆ ਹੈ, ਇਸ ਲਈ ਕਲੀਸਿਯਾ ਵਿੱਚ ਅੱਜ ਕੋਈ ਰਸੂਲ ਨਹੀਂ ਹੈ (ਰਸੂਲਾਂ 1:21-22; 1 ਕੁਰਿੰਥ 9:1)। ਰਸੂਲਾਂ ਦੇ ਅਧਿਕਾਰ ਦੇ ਬਿਨਾਂ, ਨਵੇਂ ਨੇਮ ਦਾ ਅਗਲਾ ਢਾਂਚਾ ਇਹ ਹੋਵੇਗਾ ਕਿ ਸਾਰਾ ਅਧਿਕਾਰ ਨਿਗਾਹਬਾਨਾਂ ਦੇ ਕੋਲ ਹੋਵੇ ਜਿਸ ਵਿੱਚ ਹਰੇਕ ਸਥਾਨਕ ਕਲੀਸਿਯਾ ਕੋਲ ਵਿਅਕਤੀਗਤ ਸੁਤੰਤਤਾ ਹੋਵੇ।

### 2. ਪ੍ਰੈਸਬੈਟੀਰੀਅਨ

ਪ੍ਰੈਸਬੈਟੀਰੀਅਨ ਕਲੀਸਿਯਾ ਪ੍ਰਣਾਲੀ ਪ੍ਰੈਸਬੈਟੀਰੀਅਨ ਅਤੇ ਰਿਫਾਰਮਰ ਪਰੰਪਰਾ ਦਾ ਪਾਲਣ ਕਰਨ ਵਾਲੀਆਂ ਕਲੀਸਿਯਾਵਾਂ, ਅਤੇ ਕੁਝ ਬਾਈਬਲ ਦੇ ਅਨੁਸਾਰ ਚੱਲਣ ਵਾਲੀਆਂ ਕਲੀਸਿਯਾਵਾਂ ਵਿੱਚ ਪਾਈ ਜਾ ਸਕਦੀ ਹੈ।

ਸ਼ੁਰੂਆਤੀ ਕਲੀਸਿਯਾ ਵਿੱਚ ਰਸੂਲਾਂ ਦਾ ਅਧਿਕਾਰ ਸਭ ਤੋਂ ਵੱਡਾ ਸੀ। ਫਿਰ ਵੀ, ਨਿਗਾਹਬਾਨ ਰਸੂਲਾਂ ਦੇ ਨਾਲ ਇੱਕ ਸਮੂਹਿਕ ਰੂਪ ਵਿੱਚ ਜੁੜੇ ਹੋਏ ਸਨ (ਦੇਖੋ, ਰਸੂਲਾਂ 15:2, 6)। ਅਜਿਹੀਆਂ ਬਹੁਤ ਸਾਰੀਆਂ ਆਇਤਾਂ ਹਨ ਜੋ ਕਲੀਸਿਯਾ ਦੇ ਆਗੂਆਂ ਦੀ ਆਗਿਆਕਾਰੀ ਬਾਰੇ ਸਿਖਾਉਂਦੀਆਂ ਹਨ। ਰਸੂਲ ਹੋਣ ਦੀ ਸਥਿਤੀ ਦੇ ਬੰਦ ਹੋਣ ਤੋਂ ਬਾਅਦ, ਪ੍ਰੈਸਬੈਟੀਰੀਅਨ ਪ੍ਰਸ਼ਾਸਨ ਦੀ ਪ੍ਰਣਾਲੀ ਬਾਈਬਲ ਵਿੱਚ ਦਰਸਾਏ ਕਲੀਸਿਯਾ ਦੇ ਪ੍ਰਸ਼ਾਸਨ ਦੇ ਨਮੂਨੇ ਦੇ ਸਭ ਤੋਂ ਜ਼ਿਆਦਾ ਨੇੜੇ ਹੈ।

ਇੱਕ ਦਿੱਤੇ ਗਏ ਕੰਮ ਵਿੱਚ ਉਸ ਨੂੰ ਕਰਨ ਦਾ ਅਧਿਕਾਰ ਵੀ ਸ਼ਾਮਲ ਹੁੰਦਾ ਹੈ। ਇਹ ਮੰਨ ਲੈਣਾ ਪੂਰੀ ਤਰ੍ਹਾਂ ਤਰਕਪੂਰਨ ਹੈ ਕਿ ਅਜੇਕਰ ਪਰਮੇਸ਼ਰ ਕੋਈ ਕੰਮ ਦਿੰਦੇ ਹਨ, ਤਾਂ ਉਹ ਉਸ ਕੰਮ ਨੂੰ ਪੂਰਾ ਕਰਨ ਦਾ ਅਧਿਕਾਰ ਵੀ ਦਿੰਦੇ ਹਨ। ਬਾਈਬਲ ਨਿਗਾਹਬਾਨਾਂ ਨੂੰ ਕਲੀਸਿਯਾ ਦੀ ਅਗਵਾਈ ਅਤੇ ਰਖਵਾਲੀ ਕਰਨ ਦੀ ਜ਼ਿੰਮੇਵਾਰੀ ਦਿੰਦੀ ਹੈ। ਅਸੀਂ ਇਹ ਸੁਰੱਖਿਅਤ ਢੰਗ ਨਾਲ ਮੰਨ ਸਕਦੇ ਹਾਂ ਕਿ ਪਰਮੇਸ਼ਰ ਨੇ ਇਸ ਕੰਮ ਨੂੰ ਪੂਰਾ ਕਰਨ ਦੇ ਲਈ ਜ਼ਰੂਰੀ ਅਧਿਕਾਰ ਵੀ ਉਹਨਾਂ ਨੂੰ ਦਿੱਤਾ ਹੈ।

> "ਆਪਣਾ ਅਤੇ ਆਪਣੇ ਝੁੰਡ ਦਾ ਖਿਆਲ ਰੱਖੋ, ਜਿਸ ਦੇ **ਨਿਗਾਹਬਾਨ** ਪਵਿੱਤਰ ਆਤਮਾ ਨੇ ਤੁਹਾਨੂੰ ਨਿਯੁਕਤ ਕੀਤਾ ਹੈ। ਤੁਸੀਂ ਪਰਮੇਸ਼ਰ ਦੇ ਲੋਕਾਂ ਦੀ ਸੁਰੱਖਿਆ ਕਰੋ ਜਿਹਨਾਂ ਨੂੰ ਉਹਨਾਂ ਨੇ ਆਪਣੇ ਲਈ ਆਪਣੇ ਖ਼ੂਨ ਦੁਆਰਾ ਪ੍ਰਾਪਤ ਕੀਤਾ ਹੈ। [ਰਸੂਲਾਂ 20:28]
>
> ਭਰਾਵੋ ਅਤੇ ਭੈਣੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਕਿ ਉਹਨਾਂ ਸਾਰਿਆਂ ਦਾ ਆਦਰ ਕਰੋ ਜਿਹੜੇ ਤੁਹਾਡੇ ਵਿੱਚਕਾਰ ਸਖ਼ਤ ਮਿਹਨਤ ਕਰਦੇ ਹਨ ਅਤੇ ਪ੍ਰਭੂ ਵਿੱਚ **ਤੁਹਾਡੇ ਆਗੂ** ਅਤੇ ਸਲਾਹਕਾਰ ਹਨ। [1 ਥੱਸਲੁ 5:12]
>
> ਜੇਕਰ ਕੋਈ ਆਪਣੇ ਹੀ ਪਰਿਵਾਰ ਦੀ **ਦੇਖਭਾਲ** ਕਰਨੀ ਨਾ ਜਾਣਦਾ ਹੋਵੇ, ਉਹ **ਪਰਮੇਸ਼ਰ ਦੀ ਕਲੀਸਿਯਾ ਦੀ ਦੇਖਭਾਲ**

**ਕਿਸ ਤਰ੍ਹਾਂ ਕਰ ਸਕੇਗਾ**? [1 ਤਿਮੋਥਿ 3:5]

ਕਲੀਸਿਯਾ ਦੇ **ਬਜ਼ੁਰਗ ਆਗੂ** ਜਿਹੜੇ ਚੰਗੀ ਅਗਵਾਈ ਕਰਦੇ ਹਨ ਆਦਰ ਅਤੇ ਉਚਿਤ ਤਨਖ਼ਾਹ ਦੇ ਯੋਗ ਸਮਝੇ ਜਾਣ, ਖ਼ਾਸ ਕਰ ਕੇ ਉਹ ਜਿਹੜੇ ਪ੍ਰਚਾਰ ਅਤੇ ਸਿੱਖਿਆ ਦੇ ਕੰਮ ਵਿੱਚ ਸਖ਼ਤ ਮਿਹਨਤ ਕਰਦੇ ਹਨ। [1 ਤਿਮੋਥਿ 5:17]

**ਆਪਣੇ ਆਗੂਆਂ ਦੇ ਆਗਿਆਕਾਰੀ ਬਣ ਕੇ ਰਹੋ ਅਤੇ ਉਹਨਾਂ ਦੇ ਅਧੀਨ ਰਹੋ।** ਉਹ ਤੁਹਾਡੇ ਪ੍ਰਾਣਾਂ ਦੀ ਚੌਕਸੀ ਕਰਦੇ ਹਨ ਅਤੇ ਉਹਨਾਂ ਨੇ ਪਰਮੇਸ਼ਰ ਦੇ ਸਾਹਮਣੇ ਤੁਹਾਡੇ ਲਈ ਲੇਖਾ ਦੇਣਾ ਹੈ ਤਾਂ ਜੋ ਉਹ ਇਹ ਕੰਮ ਖ਼ੁਸ਼ੀ ਦੇ ਨਾਲ ਕਰਨ ਨਾ ਕਿ ਭਾਰ ਸਮਝ ਕੇ, ਕਿਉਂਕਿ ਤੁਹਾਨੂੰ ਇਸ ਤੋਂ ਕੋਈ ਲਾਭ ਨਹੀਂ ਹੋਵੇਗਾ। [ਇਬ 13:17]

ਮੈਂ ਬਜ਼ੁਰਗ ਆਗੂਆਂ ਨੂੰ ਜਿਹੜੇ ਤੁਹਾਡੇ ਵਿੱਚ ਹਨ ਇੱਕ ਸਾਥੀ ਆਗੂ ਹੁੰਦੇ ਹੋਏ ਜਿਹੜਾ ਮਸੀਹ ਦੇ ਦੁੱਖਾਂ ਦਾ ਗਵਾਹ ਅਤੇ ਪ੍ਰਗਟ ਹੋਣ ਵਾਲੀ ਮਹਿਮਾ ਦੇ ਵਿੱਚ ਹਿੱਸੇਦਾਰ ਹੋਵਾਂਗਾ, ਬੇਨਤੀ ਕਰਦਾ ਹਾਂ, ਪਰਮੇਸ਼ਰ ਦੇ **ਝੁੰਡ ਦੀ ਦੇਖ ਭਾਲ ਕਰੋ**, ਜਿਹੜਾ ਉਹਨਾਂ ਨੇ ਤੁਹਾਨੂੰ ਦਿੱਤਾ ਹੈ... [1ਪਤਰਸ 5:1-2]

ਸ਼ੁਰੂਆਤੀ ਕਲੀਸਿਯਾ ਦੀ ਅਗਵਾਈ ਦੀ ਸ਼ੈਲੀ ਨੂੰ ਇਸ ਤਰ੍ਹਾਂ ਦੇਖਣਾ ਹੀ ਸਭ ਤੋਂ ਵਧੀਆ ਹੋਵੇਗਾ (ਰਸੂਲਾਂ ਨੂੰ ਸ਼ਾਮਲ ਨਾ ਕਰਦੇ ਹੋਏ), ਕਿ ਉਹ ਇੱਕ ਅਜਿਹੀ ਆਧੁਨਿਕ ਬੋਰਡ ਦੀ ਤਰ੍ਹਾਂ ਸੀ ਜੋ ਅੱਜ ਏਕ ਬਾਈਬਲ ਕਾਲਜ਼ ਜਾਂ ਮਿਸ਼ਨ ਦੀ ਅਗਵਾਈ ਕਰਦਾ ਹੈ। ਉਸ ਦੇ ਵਰਤਮਾਨ ਆਗੂ ਨਵੇਂ ਆਗੂਆਂ ਨੂੰ ਨਿਯੁਕਤ ਕਰਦੇ ਹਨ।

ਤੂੰ ਉਸ ਆਤਮਿਕ ਵਰਦਾਨ ਦੀ ਲਾਪਰਵਾਹੀ ਨਾ ਕਰ ਜਿਹੜੀ ਤੈਨੂੰ ਭਵਿੱਖਬਾਣੀ ਦੁਆਰਾ **ਬਜ਼ੁਰਗ ਆਗੂਆਂ** ਦੇ ਤੇਰੇ ਉੱਤੇ ਹੱਥ ਰੱਖਣ ਨਾਲ ਮਿਲੀ ਸੀ। [1 ਤਿਮੋਥਿ 4:14]

ਨਿਗਾਹਬਾਨ ਆਗੂ ਆਪਣੇ ਸਾਥੀਆਂ ਨੂੰ ਝਿੜਕ ਦਿੰਦੇ ਸਨ ਅਤੇ ਉਹਨਾਂ ਵਿੱਚੋਂ ਅਯੋਗ ਲੋਕਾਂ ਨੂੰ ਕਲੀਸਿਯਾ ਦੀ ਅਗਵਾਈ ਵਿੱਚੋਂ ਹਟਾ ਵੀ ਦਿੰਦੇ ਸਨ।

ਕਲੀਸਿਯਾ ਦੇ ਕਿਸੇ **ਬਜ਼ੁਰਗ ਦੇ ਵਿਰੁੱਧ ਉਸ ਸਮੇਂ ਤੱਕ ਕੋਈ ਦੋਸ਼ ਨਾ ਸੁਣ** ਜਦੋਂ ਤੱਕ ਇਸ ਦੇ ਬਾਰੇ **ਦੋ ਜਾਂ ਤਿੰਨ ਗਵਾਹ ਨਾ ਹੋਣ। ਪਾਪ ਕਰਨ ਵਾਲਿਆਂ ਨੂੰ ਸਾਰਿਆਂ ਦੇ ਸਾਹਮਣੇ ਝਿੜਕ** ਤਾਂ ਜੋ ਦੂਜੇ ਵੀ ਇਸ ਤੋਂ ਡਰਨ। [1 ਤਿਮੋਥਿ 5:19-20]

ਕਲੀਸਿਯਾ ਦੇ ਆਗੂਆਂ ਨੂੰ ਨਿਯੁਕਤ ਕਰਨ ਅਤੇ ਕਲੀਸਿਯਾ ਦੇ ਬਾਰੇ ਮੁੱਖ ਫ਼ੈਸਲੇ ਲੈਣ ਵਿੱਚ ਕਲੀਸਿਯਾ ਦੀ ਵੀ ਭਾਗੀਦਾਰੀ ਹੁੰਦੀ ਹੈ, ਕਿਉਂਕਿ ਆਗੂ ਨੂੰ ਇਹ ਹੁਕਮ ਦਿੱਤਾ ਗਿਆ ਹੈ ਕਿ ਉਹ ਕਲੀਸਿਯਾ ਦੇ ਉੱਤੇ "ਰਾਜ" ਨਾ ਕਰੇ (1 ਪਤਰਸ 5:3)। ਫਿਰ ਵੀ, ਨਵੇਂ ਨੇਮ ਵਿੱਚ ਅਧਿਕਾਰ ਉੱਪਰੋਂ ਹੇਠਾਂ ਤੱਕ ਆਉਂਦਾ ਸੀ। ਰਸੂਲਾਂ ਦੇ ਅਧਿਕਾਰ ਦਾ ਬੰਦ ਹੋਣ ਦੇ ਨਤੀਜਾ ਬਜ਼ੁਰਗ ਆਗੂਆਂ ਦਾ ਅਧਿਕਾਰ ਹੋਵੇਗਾ।

### 3. ਕੋਂਗਰੀਗੇਸ਼ਨਲ

ਇੱਕ ਲੋਕਤੰਤਰ ਦੇਸ਼ ਵਿੱਚ ਕੋਂਗਰੀਗੇਸ਼ਨਲ ਪ੍ਰਸ਼ਾਸਨ ਦੇ ਪ੍ਰਸਿੱਧ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ। ਨਿਊ ਇੰਗਲੈਡ ਵਿੱਚ ਸ਼ੁਰੂਆਤੀ ਅਮਰੀਕੀ ਕਲੀਸਿਯਾਵਾਂ ਕੋਂਗਰੀਗੇਸ਼ਨਲ ਹੀ ਸਨ, ਅਤੇ ਇਹ ਅੱਜ ਵੀ ਬਹੁਤ ਸਾਰੇ ਸਮੂਹਾਂ, ਖ਼ਾਸ ਕਰਕੇ ਬੈਪਟਿਸਟ ਅਤੇ ਕਈ ਬਾਈਬਲ ਸਿਖਾਉਣ ਵਾਲੀਆਂ ਕਲੀਸਿਯਾਵਾਂ ਵਿੱਚ ਜਾਰੀ ਹੈ।

ਕੋਈ ਵੀ ਸੰਪੂਰਨ ਕੋਂਗਰੀਗੇਸ਼ਨਲ ਪ੍ਰਸ਼ਾਸਨ ਨੂੰ ਇੱਕ ਸਿਧਾਂਤਕ ਤੌਰ ਉੱਤੇ ਝੂਠੀ ਸਿੱਖਿਆ ਵਜੋਂ ਸ਼੍ਰੇਣੀਬੱਧ ਨਹੀਂ ਕਰਨਾ ਚਾਹੁੰਦਾ ਹੈ, ਪਰ, ਤਿੰਨੇ ਤਰ੍ਹਾਂ ਦੀਆਂ ਪ੍ਰਣਾਲੀਆਂ ਵਿੱਚ, ਇਹੀ ਇੱਕ ਪ੍ਰਣਾਲੀ ਹੈ ਜੋ ਨਵੇਂ ਨੇਮ ਦੀ ਕਲੀਸਿਯਾ ਦੇ ਨਾਲ ਸਭ ਤੋਂ ਘੱਟ ਮੇਲ ਖਾਂਦੀ ਹੈ। ਜਿਵੇਂ ਕਿ, ਕੀ ਅਸੀਂ ਗੰਭੀਰਤਾ ਨਾਲ ਇਹ ਮੰਨ ਸਕਦੇ ਹਾਂ ਕਿ ਕੁਰਿੰਥੁਸ ਦੀ ਕਲੀਸਿਯਾ ਪੌਲੁਸ ਦੇ ਅਧਿਕਾਰ ਨੂੰ ਕਲੀਸਿਯਾ ਵਿੱਚ ਵੋਟਾਂ ਪਾ ਕੇ ਰੱਦ ਕਰ ਸਕਦੀ ਸੀ? ਇਸ ਤੋਂ ਇਲਾਵਾ, ਕੋਂਗਰੀਗੇਸ਼ਨਲ ਪ੍ਰਸ਼ਾਸਨ ਵਿਹਾਰਕ ਨਹੀਂ ਹੈ। ਭਾਵੇਂ ਇੱਕ ਕਲੀਸਿਯਾ ਦੇ ਸਾਰੇ ਮੈਂਬਰ ਬਹੁਤ ਆਤਮਿਕ ਵੀ ਕਿਉਂ ਨਾ ਹੋਣ (ਜੋ ਕਿ ਬਹੁਤ ਘੱਟ ਹੁੰਦਾ ਹੈ, ਤਾਂ ਇੱਕ ਵੱਡੇ ਸਮੂਹ ਦੇ ਲਈ ਅਜਿਹੀ ਪੂਰੀ ਜਾਣਕਾਰੀ ਰੱਖਣਾ ਸੰਭਵ ਨਹੀਂ ਹੈ ਕਿ ਉਹ ਸਮਝਦਾਰੀ ਨਾਲ ਫ਼ੈਸਲੇ ਲੈਣ। ਉਹ ਉਦੋਂ ਹੋਰ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ ਜਦੋਂ ਕੋਈ ਸੰਵੇਦਨਸ਼ੀਲ ਮੁੱਦਾ ਹੁੰਦਾ ਹੈ, ਅਤੇ ਜਿਸ ਨੂੰ ਨਿੱਜੀ ਤੌਰ ਤੇ ਹੱਲ ਕਰਨਾ ਜ਼ਿਆਦਾ ਵਧੀਆ ਹੁੰਦਾ ਹੈ। ਕਲੀਸਿਯਾ ਦੇ ਲੋਕਾਂ ਦੀਆਂ ਵੋਟਾਂ ਦੁਆਰਾ ਕਲੀਸਿਯਾ ਵਿੱਚ ਅਨੁਸ਼ਾਸਨ ਬਣਾਉਣਾ ਲਗਭਗ ਹਮੇਸ਼ਾਂ ਹੀ ਬਹੁਤ ਹਾਨੀਕਾਰਕ ਹੁੰਦਾ ਹੈ।

ਕਲੀਸਿਯਾ ਦੁਆਰਾ ਪ੍ਰਸ਼ਾਸਨ ਦੇ ਹੱਕ ਵਿੱਚ ਜੋ ਬਾਈਬਲ ਵਿੱਚੋਂ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ, ਅਸਲ ਵਿੱਚ, ਉਹ ਕਲੀਸਿਯਾ ਦੇ ਲੋਕਾਂ ਕੋਲ ਸੰਪੂਰਨ ਅਧਿਕਾਰ ਦਾ ਸਮਰਥਨ ਨਹੀਂ ਕਰਦੀਆਂ ਹਨ। ਕੁਝ ਲੋਕ ਇਹ ਤਰਕ ਦਿੰਦੇ ਹਨ ਕਿ ਰਸੂਲਾਂ 6:1-6 ਕਲੀਸਿਯਾ ਦਾ ਲੋਕਾਂ ਦੁਆਰਾ ਪ੍ਰਸ਼ਾਸਨ ਦੀ ਇੱਕ ਉਦਾਹਰਣ ਹੈ। ਰਸੂਲਾਂ ਨੇ ਯਰੂਸ਼ਲਮ ਦੀ ਕਲੀਸਿਯਾ ਅੱਗੇ ਇਹ ਪ੍ਰਸਤਾਵ ਰੱਖਿਆ ਸੀ: "ਇਸ ਲਈ ਭਰਾਵੋ ਅਤੇ ਭੈਣੋ, ਆਪਣੇ ਵਿੱਚੋਂ ਸੱਤ ਨੇਕ ਆਦਮੀਆਂ ਨੂੰ ਚੁਣ ਲਵੋ ਜਿਹੜੇ ਬੁੱਧੀ ਅਤੇ ਪਵਿੱਤਰ ਆਤਮਾ ਨਾਲ ਭਰਪੂਰ ਹੋਣ, ਅਸੀਂ ਉਹਨਾਂ ਨੂੰ ਇਸ ਕੰਮ ਲਈ ਨਿਯੁਕਤ ਕਰ ਦੇਵਾਂਗੇ।" ਇਸ ਘਟਨਾ ਦੀ ਜਾਂਚ ਤੋਂ ਪਤਾ ਲੱਗਦਾ ਹੈ ਕਿ ਮੁੱਖ ਅਧਿਕਾਰ ਰਸੂਲਾਂ ਦੇ ਕੋਲ ਹੀ ਸੀ। ਸਭ ਤੋਂ ਪਹਿਲਾਂ, ਉਹਨਾਂ ਨੇ ਹੀ ਕਲੀਸਿਯਾ ਨੂੰ ਅਜਿਹੇ ਲੋਕ ਚੁਣਨ ਦੀ ਆਗਿਆ ਦਿੱਤੀ ਸੀ, ਪਰ ਜੇਕਰ ਉਹ ਕਲੀਸਿਯਾ ਦੀ ਮਦਦ ਦੇ ਬਿਨਾਂ ਵੀ ਚੋਣ ਕਰਦੇ ਤਾਂ ਇਸ ਵਿੱਚ ਕੁਝ ਗ਼ਲਤ ਨਹੀਂ ਹੋਣਾ ਸੀ।

ਅਤੇ, ਇਹਨਾਂ ਆਦਮੀਆਂ ਨੂੰ ਉਹਨਾਂ ਦੇ ਅਹੁਦਿਆਂ ਉੱਤੇ ਰੱਖਣ ਦਾ ਅਧਿਕਾਰ ਰਸੂਲਾਂ ਦੇ ਕੋਲ ਹੀ ਸੀ। ਉਹ ਕਲੀਸਿਯਾ ਦੁਆਰਾ ਚੁਣੇ ਲੋਕਾਂ ਨੂੰ ਰੱਦ ਵੀ ਕਰ ਸਕਦੇ ਸਨ। ਇਸ ਤਰ੍ਹਾਂ, ਹਾਲਾਂਕਿ ਰਸੂਲਾਂ ਨੇ ਕਲੀਸਿਯਾ ਦੇ ਲੋਕਾਂ ਨੂੰ ਇਸ ਕੰਮ ਵਿੱਚ ਸ਼ਾਮਲ ਜ਼ਰੂਰ ਕੀਤਾ ਸੀ, ਪਰ ਅੰਤਿਮ ਅਧਿਕਾਰ ਉਹਨਾਂ ਦੇ ਹੱਥ ਵਿੱਚ ਹੀ ਸੀ। ਹਾਲਾਂਕਿ ਰਸੂਲਾਂ 6:1-6 ਦਾ ਵਚਨ ਕਲੀਸਿਯਾ ਦੇ ਲੋਕਾਂ ਨੂੰ ਸ਼ਾਮਲ ਕਰਨ ਦੀ ਗੱਲ ਕਰਦਾ ਹੈ, ਪਰ ਅਸਲ ਵਿੱਚ, ਇਹ ਇਸ ਗੱਲ ਦੀ ਇੱਕ ਹੋਰ ਉਦਾਹਰਣ ਹੈ ਕਿ ਸ਼ੁਰੂਆਤੀ ਕਲੀਸਿਯਾ ਵਿੱਚ ਮੁੱਖ ਅਧਿਕਾਰ ਰਸੂਲਾਂ ਕੋਲ ਹੀ ਸੀ।

ਕਲੀਸਿਯਾ ਦੇ ਲੋਕਾਂ ਦੁਆਰਾ ਪ੍ਰਸ਼ਾਸਨ ਬਾਰੇ ਦਿੱਤੀਆਂ ਜਾਣ ਵਾਲੀਆਂ ਹੋਣ ਉਦਾਹਰਣਾਂ ਵੀ ਇਸ ਬਾਰੇ ਯਕੀਨ ਨਹੀਂ ਦਿਵਾਉਂਦੀਆਂ ਹਨ। ਸ਼ੁਰੂਆਤੀ ਕਲੀਸਿਯਾ ਵਿੱਚ ਮੁੱਖ ਅਧਿਕਾਰ ਰਸੂਲਾਂ ਕੋਲ ਅਤੇ ਉਹਨਾਂ ਤੋਂ ਬਾਅਦ ਨਿਗਾਹਬਾਨ ਆਗੂਆਂ ਕੋਲ ਸੀ। ਰਸੂਲਾਂ ਹੋਣ ਦੀ ਸਥਿਤੀ ਦੇ ਬੰਦ ਹੋ ਤੋਂ ਬਾਅਦ ਪ੍ਰੈਸਬੈਟੀਰੀਅਨ ਪ੍ਰਣਾਲੀ ਹੀ ਬਾਈਬਲ ਦੇ ਨਮੂਨੇ ਨਾਲ ਸਭ ਤੋਂ ਜ਼ਿਆਦਾ ਮਿਲਦੀ-ਜੁਲਦੀ ਹੈ।

### 4. ਕਲੀਸਿਯਾ ਦੇ ਪ੍ਰਸ਼ਾਸਨ ਉੱਤੇ ਸਿੱਟੇ

ਜੇਕਰ ਇੱਕ ਕਲੀਸਿਯਾ ਪ੍ਰਸ਼ਾਸਨ ਦਾ ਅਧਿਕਾਰ ਅਜਿਹੇ ਲੋਕਾਂ ਦੇ ਹੱਥ ਵਿੱਚ ਹੋਵੇਗਾ ਜੋ ਆਤਮਿਕ ਨਹੀਂ ਹਨ, ਤਾਂ ਅਜਿਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਨਾਲ ਅਸਫਲ ਸਾਬਤ ਹੋਵੇਗਾ। ਯਕੀਨਨ, ਆਤਮਿਕ ਲੋਕਾਂ ਦੁਆਰਾ ਕਲੀਸਿਯਾ ਦਾ ਪ੍ਰਸ਼ਾਸਨ ਦੁਸ਼ਟ ਆਗੂਆਂ ਦੇ ਪ੍ਰੈਸਬੈਟੀਰੀਅਨ ਪ੍ਰਸ਼ਾਸਨ ਨਾਲੋਂ ਵਧੀਆ ਹੈ। ਫਿਰ ਵੀ, ਨਵੇਂ ਨੇਮ ਦੀ ਕਲੀਸਿਯਾ ਵਿੱਚ ਅਧਿਕਾਰ ਹੇਠਾਂ ਲੋਕਾਂ ਤੋਂ ਲੈ ਕੇ ਉੱਪਰ ਆਗੂਆਂ ਤੱਕ ਨਹੀਂ, ਪਰ ਉੱਪਰ ਆਗੂਆਂ ਤੋਂ ਹੇਠਾਂ ਕਲੀਸਿਯਾ ਤੱਕ ਹੁੰਦਾ ਸੀ। ਜਦੋਂ ਤੱਕ ਆਗੂ 1 ਤਿਮੋਥਿ 3 ਅਤੇ ਤੀਤੁਸ 1 ਦੀਆਂ ਯੋਗਤਾਵਾਂ ਨੂੰ ਪੂਰਾ ਕਰਦੇ ਹਨ, ਉਦੋਂ ਤੱਕ ਉਹਨਾਂ ਦਾ ਅਧਿਕਾਰ ਲੋਕਾਂ ਤੋਂ ਨਹੀਂ ਪਰ ਪਰਮੇਸ਼ਰ ਤੋਂ ਆਉਂਦਾ ਰਹੇਗਾ। ਇਹ ਪੁਰਾਣੇ ਨੇਮ ਅਤੇ ਨਵੇਂ ਨੇਮ ਦੋਵਾਂ ਵਿੱਚ ਹੀ ਬਾਈਬਲ-ਆਧਾਰਿਤ ਨਮੂਨਾ ਹੈ।

## C. ਕਲੀਸਿਯਾ ਦੇ ਲਈ ਅਧਿਕਾਰੀ

ਬਾਈਬਲ ਵਿੱਚ ਨਿਸ਼ਚਿਤ ਤੌਰ ਤੇ ਕਲੀਸਿਯਾ ਦੇ ਦੋ ਅਧਿਕਾਰੀਆਂ (ਬਜ਼ੁਰਗ ਆਗੂ/ਨਿਗਾਹਬਾਨ ਅਤੇ ਸੇਵਕ) ਦਾ ਜ਼ਿਕਰ ਕੀਤਾ ਗਿਆ ਹੈ, ਅਤੇ ਤੀਜਾ ਅਧਿਕਾਰ ਔਰਤ-ਸੇਵਕ ਦਾ ਹੈ ਪਰ ਇਹ ਘੱਟ ਨਿਸ਼ਚਿਤ ਹੈ।

### 1. ਬਜ਼ੁਰਗ ਆਗੂ/ਨਿਗਾਹਬਾਨ, ਪਾਸਬਾਨ, ਬਿਸ਼ਪ ਦੀ ਸਮਾਨਤਾ

ਇੱਕ ਸਥਾਨਕ ਕਲੀਸਿਯਾ ਦੇ ਆਤਮਿਕ ਆਗੂ ਦੇ ਲਈ ਯੂਨਾਨੀ ਭਾਸ਼ਾ ਤਿੰਨ ਸ਼ਬਦ ਦਿੰਦੀ ਹੈ: *ਐਪੀਸਕੋਪੋਸ*, ਜਿਸ ਤੋਂ ਅਸੀਂ ਸ਼ਬਦ *ਐਪੀਸਕੋਪਲ* ਪ੍ਰਾਪਤ ਕਰਦੇ ਹਾਂ, ਜਿਸ ਦਾ ਅਰਥ "ਨਿਗਾਹਬਾਨ" ਹੈ। ਕਿੰਗ ਜੇਮਜ਼ ਵਰਜ਼ਨ *ਐਪੀਸਕੋਪੋਸ* ਦਾ ਅਨੁਵਾਦ "ਬਿਸ਼ਪ" ਵਜੋਂ ਕਰਦਾ ਹੈ। ਇੱਕ ਕਲੀਸਿਯਾ ਦੇ ਆਤਮਿਕ ਆਗੂਆਂ ਨੂੰ *ਪੋਇਮੀਨ* ਵੀ ਕਿਹਾ ਜਾਂਦਾ ਹੈ ਜਿਸ ਦਾ ਅਰਥ "ਚਰਵਾਹਾ" ਹੈ ਅਤੇ ਪੰਜਾਬੀ ਵਿੱਚ ਇਸ ਦਾ ਅਨੁਵਾਦ ਪਾਸਬਾਨ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਤੀਜਾ ਸ਼ਬਦ *ਪ੍ਰੈਸਬੁਟੇਰੋਸ* ਹੈ ਜਿਸ ਤੋਂ ਸਾਨੂੰ ਸ਼ਬਦ *ਪ੍ਰੈਸਬੈਟੀਰੀਅਨ* ਮਿਲਦਾ ਹੈ। ਇਸ ਦਾ ਅਰਥ ਬਜ਼ੁਰਗ ਆਗੂ ਹੁੰਦਾ ਹੈ। ਇਹ ਦਰਸਾਉਣਾ ਆਸਾਨ ਹੈ ਕਿ ਨਵਾਂ ਨੇਮ *ਬਿਸ਼ਪ*, *ਪਾਸਬਾਨ*, ਅਤੇ *ਬਜ਼ੁਰਗ ਆਗੂ* ਸ਼ਬਦਾਂ ਦੀ ਵਰਤੋਂ ਇੱਕ-ਦੂਜੇ ਦੀ ਜਗ੍ਹਾ ਕਰਦਾ ਹੈ। ਨਵਾਂ ਨੇਮ ਇਹਨਾਂ ਤਿੰਨਾਂ ਨੂੰ ਵੱਖ-ਵੱਖ ਅਧਿਕਾਰ ਜਾਂ ਅਧਿਕਾਰ ਦੇ ਵੱਖ-ਵੱਖ ਅਹੁਦਿਆਂ ਦੇ ਰੂਪ ਵਿੱਚ ਨਹੀਂ ਦੇਖਦਾ ਹੈ।

> ...ਹਰ ਨਗਰ ਵਿੱਚ **ਬਜ਼ੁਰਗ ਆਗੂਆਂ** [*ਪ੍ਰੈਸਬੁਟੇਰੋਸ*] ਨੂੰ ਨਿਯੁਕਤ ਕਰੋ ਅਤੇ ਮੇਰੀਆਂ ਹਿਦਾਇਤਾਂ ਨੂੰ ਯਾਦ ਰੱਖੋ । ਬਜ਼ੁਰਗ ਆਗੂ ਨਿਰਦੋਸ਼ ਹੋਣਾ ਚਾਹੀਦਾ ਹੈ। ਉਹ ਆਪਣੀ ਪਤਨੀ ਦੇ ਨਾਲ ਵਫ਼ਾਦਾਰ ਹੋਵੇ, ਉਸ ਦੇ ਬੱਚੇ ਵਿਸ਼ਵਾਸੀ ਹੋਣ ਜਿਹਨਾਂ ਦਾ ਆਚਰਨ ਬੁਰਾ ਨਾ ਹੋਵੇ ਅਤੇ ਜਿਹੜੇ ਆਗਿਆਕਾਰੀ ਹੋਣ ਕਿਉਂਕਿ ਕਲੀਸਿਯਾ ਦਾ **ਨਿਗਾਹਬਾਨ** [*ਐਪੀਸਕੋਪੋਸ*] ਜਿਹੜਾ ਪਰਮੇਸ਼ਰ ਦੇ ਕੰਮ ਦੇ ਲਈ ਜ਼ਿੰਮੇਵਾਰ ਹੈ, ਉਹ ਨਿਰਦੋਸ਼ ਹੋਵੇ...[ਤੀਤੁਸ 1:5-7, 1 ਤਿਮੋਥਿ3:1ff.]
>
> ਪੌਲੁਸ ਨੇ ਮਿਲੇਤੁਸ ਤੋਂ ਅਫ਼ਸੁਸ ਦੀ ਕਲੀਸਿਯਾ ਦੇ **ਬਜ਼ੁਰਗ ਆਗੂਆਂ** [*ਪ੍ਰੈਸਬੁਟੇਰੋਸ*] ਨੂੰ ਸੱਦਾ ਭੇਜਿਆ...ਆਪਣਾ ਅਤੇ ਆਪਣੇ ਝੁੰਡ ਦਾ ਖਿਆਲ ਰੱਖੋ, ਜਿਸ ਦੇ **ਨਿਗਹਾਬਾਨ** [*ਐਪੀਸਕੋਪੋਈ*] ਪਵਿੱਤਰ ਆਤਮਾ ਨੇ ਤੁਹਾਨੂੰ ਨਿਯੁਕਤ ਕੀਤਾ ਹੈ। ਤੁਸੀਂ ਪਰਮੇਸ਼ਰ ਦੇ ਲੋਕਾਂ ਦੀ **ਸੁਰੱਖਿਆ ਕਰੋ** [ਪਾਸਬਾਨ] ਜਿਹਨਾਂ ਨੂੰ ਉਹਨਾਂ ਨੇ ਆਪਣੇ ਲਈ ਆਪਣੇ ਖ਼ੂਨ ਦੁਆਰਾ ਪ੍ਰਾਪਤ ਕੀਤਾ ਹੈ।" [ਰਸੂਲਾਂ 20:17,28]
>
> ਮੈਂ **ਬਜ਼ੁਰਗ ਆਗੂਆਂ** [*ਪ੍ਰੈਸਬੁਟੇਰੋਸ*] ਨੂੰ ਜਿਹੜੇ ਤੁਹਾਡੇ ਵਿੱਚ ਹਨ ਇੱਕ ਸਾਥੀ ਆਗੂ ਹੁੰਦੇ ਹੋਏ ਜਿਹੜਾ ਮਸੀਹ ਦੇ ਦੁੱਖਾਂ ਦਾ ਗਵਾਹ ਅਤੇ ਪ੍ਰਗਟ ਹੋਣ ਵਾਲੀ ਮਹਿਮਾ ਦੇ ਵਿੱਚ ਹਿੱਸੇਦਾਰ ਹੋਵਾਂਗਾ, ਬੇਨਤੀ ਕਰਦਾ ਹਾਂ: ਪਰਮੇਸ਼ਰ ਦੇ ਝੁੰਡ ਦੀ **ਦੇਖ ਭਾਲ** ਕਰੋ [ਪਾਸਬਾਨ], ਜਿਹੜਾ ਉਹਨਾਂ ਨੇ ਤੁਹਾਨੂੰ ਦਿੱਤਾ ਹੈ । ਇਹ **ਸੇਵਾ** [ਐਪੀਸਕੋਪੋਸ] ਕਿਸੇ ਮਜਬੂਰੀ ਦੇ ਨਾਲ ਨਹੀਂ..[1 ਪਤਰਸ 5:1-2]

ਬਾਈਬਲ ਅਨੁਸਾਰ *ਪਾਸਬਾਨ*, *ਬਜ਼ੁਰਗ ਆਗੂ/ਨਿਗਾਹਬਾਨ*, ਅਤੇ *ਬਿਸ਼ਪ* ਵਿਚਕਾਰ ਕੋਈ ਫ਼ਰਕ ਨਹੀਂ ਹੈ। ਇਸ ਤੱਥ ਨੂੰ ਜੋੜ ਦੇਣਾ ਮਹੱਤਵਪੂਰਣ ਹੈ ਕਿ ਅਕਸਰ ਕਲੀਸਿਯਾ ਦੇ ਪ੍ਰਸ਼ਾਸਨਾਂ ਵਿੱਚ ਕਿਸੇ ਨੂੰ ਨਿਗਾਹਬਾਨ ਕਹੇ ਬਿਨਾਂ ਹੀ ਉਸ ਨੂੰ ਨਿਗਾਹਬਾਨ ਦੀ ਜ਼ਿੰਮੇਵਾਰੀ

ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ, ਨਵੇਂ ਨੇਮ ਦੇ ਬਜ਼ੁਰਗ ਆਗੂ/ਨਿਗਾਹਬਾਨ ਦੇ ਕੰਮ ਨਾਲ ਕਿਸੇ ਤਰ੍ਹਾਂ ਦੀ ਸਮਾਨਤਾ ਦੇ ਬਿਨਾਂ ਹੀ, ਕਲੀਸਿਯਾਵਾਂ ਕਿਸੇ ਦੇ ਅਹੁਦੇ ਨੂੰ "ਬਜ਼ੁਰਗ ਆਗੂ/ਨਿਗਾਹਬਾਨ" ਕਹਿ ਸਕਦੀਆਂ ਹਨ। ਇੱਕ ਅਹੁਦੇ ਨੂੰ "ਬਜ਼ੁਰਗ ਆਗੂ" ਕਹਿਣਾ ਉਦੋਂ ਹੀ ਵਧੀਆ ਹੋਵੇਗਾ ਜੇਕਰ ਉਹ 1 ਤਿਮੋਥਿ 3 ਅਤੇ ਤੀਤੁਸ 1 ਦੀਆਂ ਯੋਗਤਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦਾ ਨਮੂਨਾ ਹੋਵੇ।

### 2. ਨਿਗਾਹਬਾਨਾਂ ਦੀਆਂ ਯੋਗਤਾਵਾਂ

ਨਵਾਂ ਨੇਮ ਨਿਗਾਹਬਾਨਾਂ ਦੀਆਂ ਯੋਗਤਾਵਾਂ ਦਿੰਦਾ ਹੈ। ਇਸ ਵਿੱਚ ਇੱਕ ਕਲੀਸਿਯਾ ਦਾ 18 ਸਾਲ ਤੋਂ ਵੱਧ ਉਮਰ ਵਾਲਾ ਮਰਦ ਪੁਰਸ਼ ਹੋਣ ਨਾਲ-ਨਾਲ ਹੋਰ ਵੀ ਬਹੁਤ ਕੁਝ ਸ਼ਾਮਲ ਹੈ।

> ਇਹ ਵਚਨ ਭਰੋਸੇਯੋਗ ਹੈ ਕਿ ਜੇਕਰ ਕੋਈ ਮਨੁੱਖ ਕਲੀਸਿਯਾ ਦਾ ਨਿਗਾਹਬਾਨ ਬਣਨਾ ਚਾਹੁੰਦਾ ਹੈ ਉਹ ਭਲੇ ਕੰਮ ਦੀ ਇੱਛਾ ਕਰਦਾ ਹੈ। ਇਸ ਲਈ ਕਲੀਸਿਯਾ ਦਾ ਨਿਗਾਹਬਾਨ ਨਿਰਦੋਸ਼, ਆਪਣੀ ਪਤਨੀ ਦੇ ਨਾਲ ਵਫ਼ਾਦਾਰ, ਸਮਝਦਾਰ, ਸੰਜਮੀ, ਆਦਰਯੋਗ, ਪਰਾਹੁਣਚਾਰ, ਸਿੱਖਿਆ ਦੇਣ ਦੇ ਯੋਗ ਹੋਵੇ, ਉਹ ਸ਼ਰਾਬੀ ਅਤੇ ਹਿੰਸਕ ਨਾ ਹੋਵੇ ਸਗੋਂ ਸ਼ਾਂਤ ਸੁਭਾਅ ਵਾਲਾ ਹੋਵੇ, ਝਗੜਾਲੂ ਅਤੇ ਧਨ ਦਾ ਲੋਭੀ ਨਾ ਹੋਵੇ। ਉਹ ਆਪਣੇ ਪਰਿਵਾਰ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਵਾਲਾ ਹੋਵੇ ਅਤੇ ਆਪਣੇ ਬੱਚਿਆਂ ਨੂੰ ਬਹੁਤ ਆਦਰ ਦੇ ਨਾਲ ਆਗਿਆਕਾਰੀ ਬਣਾਵੇ। ਜੇਕਰ ਕੋਈ ਆਪਣੇ ਹੀ ਪਰਿਵਾਰ ਦੀ ਦੇਖਭਾਲ ਕਰਨੀ ਨਾ ਜਾਣਦਾ ਹੋਵੇ, ਉਹ ਪਰਮੇਸ਼ਰ ਦੀ ਕਲੀਸਿਯਾ ਦੀ ਦੇਖਭਾਲ ਕਿਸ ਤਰ੍ਹਾਂ ਕਰ ਸਕੇਗਾ? ਉਹ ਨਵਾਂ ਵਿਸ਼ਵਾਸੀ ਨਾ ਹੋਵੇ, ਕਿ ਕਿਤੇ ਉਹ ਘਮੰਡ ਵਿੱਚ ਫੁੱਲ ਕੇ ਸ਼ੈਤਾਨ ਵਾਲੀ ਸਜ਼ਾ ਪਾਵੇ। ਉਹ ਕਲੀਸਿਯਾ ਤੋਂ ਬਾਹਰ ਦੇ ਲੋਕਾਂ ਵਿੱਚ ਵੀ ਆਦਰਯੋਗ ਹੋਵੇ ਤਾਂ ਜੋ ਉਸ ਦਾ ਅਪਮਾਨ ਨਾ ਹੋਵੇ ਅਤੇ ਉਹ ਸ਼ੈਤਾਨ ਦੇ ਫੰਦੇ ਵਿੱਚ ਨਾ ਫਸੇ। [1 ਤਿਮੋਥਿ 3:1-7]
>
> ਮੇਰਾ ਤੈਨੂੰ ਕਰੇਤ ਵਿੱਚ ਛੱਡਣ ਦਾ ਉਦੇਸ਼ ਇਹ ਸੀ ਕਿ ਜੋ ਕੰਮ ਬਾਕੀ ਰਹਿ ਗਿਆ ਹੈ, ਤੂੰ ਉਸ ਨੂੰ ਪੂਰਾ ਕਰੇਂ ਅਤੇ ਹਰ ਨਗਰ ਵਿੱਚ ਬਜ਼ੁਰਗ ਆਗੂਆਂ ਨੂੰ ਨਿਯੁਕਤ ਕਰੇਂ ਅਤੇ ਮੇਰੀਆਂ ਹਿਦਾਇਤਾਂ ਨੂੰ ਯਾਦ ਰੱਖੇਂ। ਬਜ਼ੁਰਗ ਆਗੂ ਨਿਰਦੋਸ਼ ਹੋਣਾ ਚਾਹੀਦਾ ਹੈ । ਉਹ ਆਪਣੀ ਪਤਨੀ ਦੇ ਨਾਲ ਵਫ਼ਾਦਾਰ ਹੋਵੇ, ਉਸ ਦੇ ਬੱਚੇ ਵਿਸ਼ਵਾਸੀ ਹੋਣ ਜਿਹਨਾਂ ਦਾ ਆਚਰਨ ਬੁਰਾ ਨਾ ਹੋਵੇ ਅਤੇ ਜਿਹੜੇ ਆਗਿਆਕਾਰੀ ਹੋਣ। ਕਿਉਂਕਿ ਕਲੀਸਿਯਾ ਦਾ ਨਿਗਾਹਬਾਨ ਜਿਹੜਾ ਪਰਮੇਸ਼ਰ ਦੇ ਕੰਮ ਦੇ ਲਈ ਜ਼ਿੰਮੇਵਾਰ ਹੈ, ਉਹ ਨਿਰਦੋਸ਼ ਹੋਵੇ। ਉਹ ਹੰਕਾਰੀ ਨਾ ਹੋਵੇ, ਨਾ ਹੀ ਜਲਦੀ ਗੁੱਸੇ ਵਿੱਚ ਆਉਣ ਵਾਲਾ, ਨਾ ਹੀ ਮੈਅ ਪੀਣ ਦਾ ਆਦੀ, ਨਾ ਹੀ ਹਿੰਸਕ ਅਤੇ ਨਾ ਹੀ ਧਨ ਦਾ ਲਾਲਚੀ ਹੋਵੇ। ਸਗੋਂ ਉਹ ਪਰਾਹੁਣਚਾਰ, ਭਲਾਈ ਨੂੰ ਪਿਆਰ ਕਰਨ ਵਾਲਾ, ਆਤਮ-ਸੰਜਮੀ, ਨੇਕ, ਪਵਿੱਤਰ ਅਤੇ ਆਪਣੇ ਆਪ ਨੂੰ ਅਨੁਸ਼ਾਸਨ ਵਿੱਚ ਰੱਖਣ ਵਾਲਾ ਹੋਵੇ। ਉਸ ਨੂੰ ਭਰੋਸੇਯੋਗ ਵਚਨ ਵਿੱਚ ਪੱਕਾ ਰਹਿਣਾ ਚਾਹੀਦਾ ਹੈ ਜਿਹੜਾ ਉਸ ਨੂੰ ਸਿਖਾਇਆ ਗਿਆ ਹੈ ਤਾਂ ਜੋ ਉਹ ਦੂਜਿਆਂ ਨੂੰ ਖਰੀ ਸਿੱਖਿਆ ਦੇ ਨਾਲ ਉਤਸ਼ਾਹ ਦੇ ਸਕੇ ਅਤੇ ਵਿਰੋਧੀਆਂ ਨੂੰ ਝੂਠਾ ਸਾਬਤ ਕਰ ਸਕੇ। [ਤੀਤੁਸ 1:5-9]

#### a. ਆਮ ਯੋਗਤਾਵਾਂ

“ਨਿਰਦੋਸ਼” – ਇੱਕ ਨਿਗਾਹਬਾਨ ਵਿੱਚ ਅਜਿਹੇ ਕੋਈ ਵੀ ਗੰਭੀਰ ਦੋਸ਼ ਨਹੀਂ ਹੋਣੇ ਚਾਹੀਦੇ ਜਿਹਨਾਂ ਦੇ ਕਾਰਨ ਕਲੀਸਿਯਾ ਦੀ ਪ੍ਰਤਿਸ਼ਠਾ ਨੂੰ ਨੁਕਸਾਨ ਹੋਵੇ। ਇਸ ਦਾ ਅਰਥ ਇਹ ਨਹੀਂ ਹੈ ਕਿ ਇੱਕ ਆਦਮੀ ਦਾ ਸੰਪੂਰਨ ਅਤੇ ਪਾਪ ਰਹਿਤ ਹੋਣਾ ਜ਼ਰੂਰੀ ਹੈ, ਪਰ ਇਸ ਦਾ ਇਹ ਅਰਥ ਹੈ ਕਿ ਅਜਿਹਾ ਨਾ ਹੋਵੇ ਕਿ ਕੋਈ ਵਿਅਕਤੀ ਅੱਗੇ ਆ ਕੇ ਉਸ ਉੱਤੇ ਅਜਿਹਾ ਗੰਭੀਰ ਦੋਸ਼ ਲਗਾ ਦੇਵੇ ਜਿਸ ਨੂੰ ਸਹੀ ਸਾਬਤ ਕੀਤਾ ਜਾ ਸਕੇ ਅਤੇ ਕਲੀਸਿਯਾ ਬਦਨਾਮ ਹੋ ਜਾਵੇ।

#### b. ਨੈਤਿਕ ਯੋਗਤਾਵਾਂ

“ਇੱਕ ਪਤਨੀ ਦਾ ਪਤੀ” – ਇੱਥੇ ਸਭ ਤੋਂ ਵਧੀਆ ਤਾਂ ਇਹੀ ਹੋਵੇਗਾ ਕਿ ਜਦੋਂ ਇੱਕ ਆਦਮੀ ਨਿਗਾਹਬਾਨ ਦਾ ਉਮੀਦਵਾਰ ਹੁੰਦਾ ਹੈ ਤਾਂ ਉਸ ਵਿੱਚ ਉੱਚ ਨੈਤਿਕ ਕਦਰਾਂ-ਕੀਮਤਾਂ ਹੋਣੀਆਂ ਚਾਹੀਦੀਆਂ ਹਨ। ਯੂਨਾਨੀ ਵਾਕਾਂਸ਼ ਦਾ ਅਰਥ “ਇੱਕ ਪਤਨੀ ਦਾ ਪਤੀ” ਹੈ। ਕੁਝ ਲੋਕ ਗਿਣਤੀ ਉੱਤੇ ਜ਼ੋਰ ਦਿੰਦੇ ਹੋਏ ਇਹ ਤਰਕ ਦੇਣਾ ਚਾਹੁਣਗੇ ਕਿ ਇੱਕ ਨਿਗਾਹਬਾਨ ਦਾ ਤਲਾਕ ਜਾਂ ਦੂਜੀ ਵਾਰ ਵਿਆਹ ਹੋਇਆ ਨਹੀਂ ਹੋਣਾ ਚਾਹੀਦਾ ਹੈ। ਕੁਝ ਲੋਕ ਉਸ ਦੇ ਗੁਣਾਂ ਉੱਤੇ ਜ਼ੋਰ ਦੇਣਾ ਚਾਹੁਣਗੇ। ਇਸ ਦਾ ਅਰਥ ਹੈ ਕਿ ਇੱਕ ਨਿਗਾਹਬਾਨ ਦਾ “ਇੱਕ ਹੀ ਔਰਤ ਦੇ ਪਤੀ ਹੋਣ” ਦਾ ਵਿਚਾਰ ਅਤੇ ਵਿਵਹਾਰ ਹੋਣਾ ਚਾਹੀਦਾ ਹੈ। ਇਸ ਵਿਚਾਰ ਦੇ ਅਨੁਸਾਰ, ਜੇਕਰ ਇੱਕ ਵਿਅਕਤੀ ਦਾ ਤਲਾਕ ਨਹੀਂ ਹੋਇਆ ਹੈ, ਪਰ ਫਿਰ ਵੀ ਉਹ ਆਪਣੀ ਪਤਨੀ ਨਾਲ ਪਿਆਰ ਨਹੀਂ ਕਰਦਾ ਹੈ, ਤਾਂ ਵੀ ਉਸ ਨੂੰ ਅਯੋਗ ਠਹਿਰਾਇਆ ਜਾ ਸਕਦਾ ਹੈ। ਅਤੇ, ਇਸ ਤਰ੍ਹਾਂ ਵੀ ਹੋ ਸਕਦਾ ਹੈ ਕਿ ਅਤੀਤ ਵਿੱਚ ਇੱਕ ਵਿਅਕਤੀ ਦਾ ਤਲਾਕ ਹੋਇਆ ਹੋਵੇ ਪਰ ਬਾਅਦ ਵਿੱਚ ਉਹ “ਇੱਕ ਪਤਨੀ ਦਾ ਪਤੀ” ਹੋ ਸਕਦਾ ਹੈ। ਲੇਖਕ ਦਾ ਮੰਨਣਾ ਹੈ ਕਿ “ਇੱਕ ਪਤਨੀ ਦਾ ਪਤੀ” ਹੋਣਾ ਗੁਣਵੱਤਾ ਦਾ ਮੁੱਦਾ ਹੈ।

#### c. ਮਾਨਸਿਕ ਯੋਗਤਾਵਾਂ

“ਸਮਝਦਾਰ, ਸੰਜਮੀ, ਆਦਰਯੋਗ, ਸਿੱਖਿਆ ਦੇਣ ਦੇ ਯੋਗ” “ਸਮਝਦਾਰ” – ਜਦੋਂ ਕੋਈ ਫੈਸਲਾ ਲੈਣ ਜਾਂ ਸੱਚਾਈ ਨੂੰ ਸਥਾਪਿਤ ਕਰਨ ਦਾ ਮੁੱਦਾ ਹੋਵੇ, ਤਾਂ ਇੱਕ ਨਿਗਾਹਬਾਨ ਦਾ ਫ਼ੈਸਲਾ ਸਪੱਸ਼ਟ,

ਉਦੇਸ਼ਪੂਰਨ, ਸੁਚੇਤ ਅਤੇ ਕੱਟੜਵਾਦੀ ਹੋਣਾ ਚਾਹੀਦਾ ਹੈ। ਉਹ ਆਪਣੇ ਫ਼ੈਸਲੇ ਨੂੰ ਭਾਵਨਾ, ਵਿਅਕਤੀਗਤ ਵਿਚਾਰ, ਪ੍ਰਸਿੱਧੀ, ਜਾਂ ਸੰਸਾਰਿਕ ਵਿਚਾਰਾਂ ਅਤੇ ਰੁਝਾਨਾਂ ਨਾਲ ਪ੍ਰਭਾਵਿਤ ਹੋਣ ਦੀ ਆਗਿਆ ਨਹੀਂ ਦੇਵੇਗਾ। ਅਸੀਂ ਇਹ ਕਹਿ ਸਕਦੇ ਹਾਂ ਕਿ ਇੱਕ ਨਿਗਾਹਬਾਨ ਨੂੰ ਵਚਨ ਦੀ ਸੱਚਾਈ ਦੇ ਲਈ "ਸਮਝਦਾਰ" ਅਤੇ ਚੌਕਸ ਹੋਣਾ ਚਾਹੀਦਾ ਹੈ।

"ਸੰਜਮੀ" – ਇਸ ਸ਼ਬਦ ਦੇ ਕਈ ਅਰਥ ਹਨ। ਬੁਨਿਆਦੀ ਰੂਪ ਵਿੱਚ ਇਸ ਦਾ ਅਰਥ "ਸੁਰਤ ਵਾਲਾ ਮਨ" ਹੈ। ਇਸ ਦਾ ਅਨੁਵਾਦ ਫਿਰ "ਸਮਝਦਾਰ" ਹੋ ਸਕਦਾ ਹੈ। ਪਰ, ਇੱਕ ਵਿਅਕਤੀ ਅਨੁਸ਼ਾਸਨ ਅਤੇ *ਸੰਜਮੀ* ਹੋਣ ਦੇ ਨਾਲ ਹੀ ਬੁੱਧੀਮਾਨ ਅਤੇ ਸਮਝਦਾਰ ਬਣਦਾ ਹੈ। ਅਸੀਂ ਇਹ ਕਹਿ ਸਕਦੇ ਹਾਂ ਕਿ ਇੱਕ ਪਾਸਬਾਨ/ਨਿਗਾਹਬਾਨ ਨੂੰ ਆਪਣੇ ਜੀਵਨ ਅਤੇ ਕੰਮ ਦੇ ਪ੍ਰਤੀ ਗੰਭੀਰ ਅਤੇ ਅਨੁਸ਼ਾਸਿਤ ਹੋਣਾ ਚਾਹੀਦਾ ਹੈ। ਉਹ ਮਸੀਹ ਦੇ ਕੰਮ ਦੇ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਵਾਲਾ ਵਿਅਕਤੀ ਹੁੰਦਾ ਹੈ; ਉਸ ਦਾ ਟੀਚਾ ਸਿਰਫ਼ "ਮਨੋਰੰਜਨ" ਨਹੀਂ ਹੁੰਦਾ ਹੈ। ਜਦੋਂ ਉਹ ਕਲੀਸਿਯਾ ਦੇ ਲਈ ਕੰਮ ਕਰਨ ਨਿਕਲਦਾ ਹੈ, ਤਾਂ ਉਹ ਇੱਕ "ਜੋਕਰ" ਨਹੀਂ ਹੈ, ਪਰ ਉਸ ਕੋਲ ਇੱਕ ਗੰਭੀਰ, ਸਮਝਦਾਰ, ਅਤੇ ਤਰਕਸ਼ੀਲ ਮਾਨਸਿਕਤਾ ਹੈ ਜੋ ਬੁੱਧੀ ਦਾ ਪਿੱਛਾ ਕਰਦੀ ਹੈ।

"ਆਦਰਯੋਗ" – ਇਹ ਸ਼ਬਦ "ਆਦਰਯੋਗ" ਵਿਵਹਾਰ ਨਾਲ ਸੰਬੰਧ ਰੱਖਦਾ ਹੈ। ਇਹ ਸ਼ਬਦ ਸੰਗਠਿਤ ਹੋਣ ਦਾ ਵੀ ਵਿਚਾਰ ਦਿੰਦਾ ਹੈ। ਸੇਵਕਾਈ ਦੇ ਪ੍ਰਤੀ ਇੱਕ ਨਿਗਾਹਬਾਨ ਦਾ ਨਜ਼ਰੀਆ ਸੰਗਠਿਤ ਅਤੇ ਯੋਜਨਾਬੱਧ ਹੋਣਾ ਚਾਹੀਦਾ ਹੈ। ਉਹ ਨਾ ਸਿਰਫ਼ "ਆਦਰਯੋਗ" ਦਿਖਦਾ ਹੈ, ਪਰ ਉਹ ਸਮੇਂ ਦਾ ਪ੍ਰਬੰਧ ਅਤੇ ਸੇਵਕਾਈ ਨੂੰ ਪ੍ਰਬੰਧ ਵੀ ਕਰ ਸਕਦਾ ਹੈ। ਉਹ ਕੰਮ ਨੂੰ ਸਮੇਂ ਸਿਰ ਪੂਰਾ ਕਰਦਾ ਹੈ, ਸਮੇਂ ਅਨੁਸਾਰ ਲੋਕਾਂ ਨੂੰ ਮਿਲਦਾ ਹੈ, ਅਤੇ ਉਲਝਣ ਦੀ ਬਜਾਏ ਵਿਵਸਥਾ ਨੂੰ ਪਸੰਦ ਕਰਦਾ ਹੈ।

"ਸਿੱਖਿਆ ਦੇਣ ਦੇ ਯੋਗ" – ਇਹ ਯੋਗਤਾ ਇਹ ਮੰਗ ਨਹੀਂ ਕਰਦੀ ਹੈ ਕਿ ਹਰੇਕ ਨਿਗਾਹਬਾਨ ਦਾ ਮੁੱਖ ਕੰਮ ਜਨਤਕ ਪ੍ਰਚਾਰ ਹੋਣਾ ਚਾਹੀਦਾ ਹੈ। 1 ਤਿਮੋਥਿ 5:17 ਦੇ ਅਨੁਸਾਰ ਸਿੱਖਿਆ ਦੇਣ ਵਾਲੇ ਨਿਗਾਹਬਾਨ ਅਤੇ ਪ੍ਰਬੰਧ ਕਰਨ ਵਾਲੇ ਨਿਗਾਹਬਾਨ ਹੁੰਦੇ ਹਨ। ਫਿਰ ਵੀ, ਪ੍ਰਬੰਧ ਕਰਨ ਵਾਲੇ ਨਿਗਾਹਬਾਨਾਂ ਵਿੱਚ ਵੀ ਸਿੱਖਿਆ ਦੇਣ ਦੀ ਘੱਟ ਤੋਂ ਘੱਟ ਅਜਿਹੀ ਯੋਗਤਾ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਹ ਕਲੀਸਿਯਾ ਦੇ ਸਿਧਾਂਤ ਦੀ ਰੱਖਿਆ ਅਤੇ ਵਿਆਖਿਆ ਕਰ ਸਕਣ। ਇਸ ਤੋਂ ਇਲਾਵਾ, ਭਾਵੇਂ ਇੱਕ ਨਿਗਾਹਬਾਨ ਬਹੁਤ ਵਧੀਆ ਪ੍ਰਚਾਰ ਕਰਨ ਵਾਲਾ ਨਾ ਹੋਵੇ, ਫਿਰ ਵੀ ਗ਼ੈਰ-ਰਸਮੀ ਸਥਿਤੀਆਂ ਅਤੇ ਵਿਅਕਤੀਗਤ ਗੱਲਬਾਤ ਵਿੱਚ ਪਰਮੇਸ਼ਰ ਦੇ ਵਚਨ ਨੂੰ ਸੁਣਾਉਣ ਵਿੱਚ ਕੁਸ਼ਲ ਹੋਣਾ ਚਾਹੀਦਾ ਹੈ। ਸੰਖੇਪ ਵਿੱਚ, ਜਿਹੜੇ ਵਿਅਕਤੀ ਨੂੰ ਬਾਈਬਲ ਦਾ ਪੂਰਾ ਗਿਆਨ ਨਾ ਹੋਵੇ, ਉਸ ਨੂੰ ਨਿਗਾਹਬਾਨ ਨਹੀਂ ਹੋਣਾ ਚਾਹੀਦਾ ਹੈ।

### d. ਵਿਅਕਤੀਗਤ ਯੋਗਤਾਵਾਂ

"ਪਰਾਹੁਣਚਾਰ, ਸ਼ਰਾਬੀ ਨਾ ਹੋਵੇ, ਹਿੰਸਕ ਨਾ ਹੋਵੇ, ਸ਼ਾਂਤ ਸੁਭਾਅ, ਝਗੜਾਲੂ ਨਾ ਹੋਵੇ, ਧਨ ਦਾ ਲੋਭੀ ਨਾ ਹੋਵੇ"

"ਪਰਾਹੁਣਚਾਰ" – ਯੂਨਾਨੀ ਸ਼ਬਦ ਦਾ ਅਰਥ ਹੈ "ਅਜਨਬੀਆਂ ਨਾਲ ਪਿਆਰ ਕਰਨ ਵਾਲਾ"। ਸ਼ੁਰੂਆਤੀ ਕਲੀਸਿਯਾ ਦੇ ਲੋਕਾਂ ਨੂੰ ਮਸੀਹੀ ਬੇਘਰ ਲੋਕਾਂ ਨੂੰ ਅਤਿਆਚਾਰ ਤੋਂ ਬਚਾਉਣ ਦਾ ਮੌਕਾ ਮਿਲਿਆ ਸੀ। ਉਹਨਾਂ ਨੇ ਮਸੀਹੀਆਂ ਦਾ ਖ਼ਾਸ ਤੌਰ ਤੇ ਭਲਾ ਕੀਤਾ, ਪਰ ਉਹ ਅਵਿਸ਼ਵਾਸੀਆਂ ਪ੍ਰਤੀ ਵੀ ਦਿਆਲਤਾ ਦਿਖਾਉਂਦੇ ਸਨ (ਗਲਾਤੀ 6:10)। ਅਸੀਂ ਇਸ ਗੱਲ ਨੂੰ ਆਪਣੇ ਸਮੇਂ ਵਿੱਚ ਇਸ ਤਰ੍ਹਾਂ ਲਾਗੂ ਕਰ ਸਕਦੇ ਹਾਂ ਕਿ ਨਿਗਾਹਬਾਨਾਂ ਨੂੰ ਯਾਤਰਾ ਕਰ ਰਹੇ ਮਸੀਹੀ ਸੇਵਕਾਂ ਦਾ ਜਾਂ ਜੋ ਵੀ ਅਸਲ ਵਿੱਚ ਗ਼ਰੀਬ ਹਨ, ਉਹਨਾਂ ਦੀ ਪਰਾਹੁਣਚਾਰੀ ਕਰਨੀ ਚਾਹੀਦੀ ਹੈ, ਅਤੇ ਕਲੀਸਿਯਾ ਵਿੱਚ ਨਵੇਂ ਲੋਕਾਂ ਅਤੇ ਮਹਿਮਾਨਾਂ ਦਾ ਸਵਾਗਤ ਕਰਨ ਵਿੱਚ ਵੀ ਉਹਨਾਂ ਦੀ ਦਿਲਚਸਪੀ ਹੋਣੀ ਚਾਹੀਦੀ ਹੈ।

"ਸ਼ਰਾਬੀ ਨਾ ਹੋਵੇ" – ਇਸ ਯੋਗਤਾ ਵਿੱਚ ਇਹ ਜ਼ਰੂਰੀ ਨਹੀਂ ਹੈ ਕਿ ਉਹ ਕਦੇ ਮੈਅ ਨੂੰ ਹੱਥ ਲਗਾਉਣ ਵਾਲਾ ਨਾ ਹੋਵੇ, ਬਲਕਿ ਇਹ ਕਿ ਉਹ ਸਖ਼ਤ ਅਨੁਸ਼ਾਸਨ ਦੇ ਨਾਲ ਆਪਣਾ ਮਾਨਸਿਕ ਸੰਤੁਲਨ ਬਣਾਈ ਰੱਖਣ ਵਾਲਾ ਵਿਅਕਤੀ ਹੋਵੇ। ਇੱਕ ਨਿਗਾਹਬਾਨ ਨੂੰ ਮਸੀਹੀ ਆਜ਼ਾਦੀ ਨੂੰ ਸਮਝਣਾ ਚਾਹੀਦਾ ਹੈ ਅਤੇ ਕਮਜ਼ੋਰ ਵਿਸ਼ਵਾਸੀਆਂ ਦੀ ਮਦਦ ਕਰਨ ਦੇ ਲਈ ਉਸ ਨੂੰ ਆਪਣੀ ਆਜ਼ਾਦੀ ਨੂੰ ਸੀਮਿਤ ਕਰ ਲੈਣਾ ਚਾਹੀਦਾ ਹੈ (ਦੇਖੋ, ਰੋਮੀ 14:21)।

"ਹਿੰਸਕ ਨਾ ਹੋਵੇ" – ਇਸ ਦੀ ਇੱਕ ਵਿਆਖਿਆ ਇਹ ਹੋ ਸਕਦੀ ਹੈ ਕਿ ਉਹ "ਦੂਜਿਆਂ ਉੱਤੇ ਰੋਅਬ ਮਾਰਨ ਵਾਲਾ ਨਾ ਹੋਵੇ"। ਇਹ ਸ਼ਬਦ ਇੱਕ ਅਜਿਹੇ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਬਹੁਤ ਜਲਦੀ ਗੁੱਸੇ ਵਿੱਚ ਆ ਜਾਂਦਾ ਹੈ ਅਤੇ ਗੁੱਸਾ ਹੋਣ ਤੇ ਮੁੱਕਿਆਂ ਨਾਲ ਹਮਲਾ ਕਰਦਾ ਹੈ।

"ਸ਼ਾਂਤ ਸੁਭਾਅ" – ਹਾਲਾਂਕਿ ਇੱਕ ਨਿਗਾਹਬਾਨ ਨੂੰ ਜ਼ਰੂਰੀ ਸਿਧਾਂਤ ਜਾਂ ਨੈਤਿਕਤਾ ਨਾਲ ਸਮਝੌਤਾ ਕਰਨ ਵਾਲਾ ਵਿਅਕਤੀ ਨਹੀਂ ਹੋਣਾ ਚਾਹੀਦਾ ਹੈ, ਫਿਰ ਵੀ ਉਸ ਵਿੱਚ ਮਾਮੂਲੀ ਮੁੱਦਿਆਂ ਉੱਤੇ ਫੁੱਟ ਪਾਉਣ ਦੀ ਬਜਾਏ ਉਸ ਨੂੰ ਸਮਝੌਤਾ ਕਰਵਾਉਣ ਵਾਲਾ ਵਿਅਕਤੀ ਹੋਣਾ ਚਾਹੀਦਾ ਹੈ। ਗੁੱਸੇ, ਆਲੋਚਨਾ ਅਤੇ ਬੇਇੱਜ਼ਤੀ ਸੰਬੰਧਿਤ ਗੱਲਾਂ ਵਿੱਚ, ਇੱਕ ਨਿਗਾਹਬਾਨ ਨੂੰ ਸਬਰ ਸੰਜਮੀ ਅਤੇ ਸਹਿਣਸ਼ੀਲ ਹੋਣਾ ਚਾਹੀਦਾ ਹੈ। ਉਸ ਨੂੰ ਹਮੇਸ਼ਾਂ ਬੇਲੋੜੇ ਮਾਮਲਿਆਂ ਤੋਂ ਬਚਣਾ ਚਾਹੀਦਾ ਹੈ।

"ਝਗੜਾਲੂ ਨਾ ਹੋਵੇ" – ਇਸ ਦਾ ਅਰਥ ਇਹ ਹੈ ਕਿ ਉਸ ਨੂੰ ਲੜਾਕੂ ਨਹੀਂ ਹੋਣਾ ਚਾਹੀਦਾ ਹੈ। ਉਸ ਨੂੰ ਨਿੱਜੀ ਵਿਚਾਰਾਂ ਅਤੇ ਟੀਚਿਆਂ ਨੂੰ ਉਤਸ਼ਾਹਿਤ ਕਰਨ ਵਿੱਚ ਬਹੁਤ ਜ਼ਿਆਦਾ ਝਗੜਾਲੂ ਹੋਣ ਤੇ ਜ਼ੋਰ ਨਹੀਂ ਦੇਣਾ ਚਾਹੀਦਾ ਹੈ। ਇੱਕ ਨਿਗਾਹਬਾਨ ਨੂੰ ਮੂਰਖਤਾ ਨਾਲ ਜ਼ਿੱਦੀ ਨਹੀਂ ਹੋਣਾ ਚਾਹੀਦਾ ਹੈ।

"ਧਨ ਦਾ ਲੋਭੀ ਨਾ ਹੋਵੇ" – ਜੇਕਰ ਇੱਕ ਵਿਅਕਤੀ ਵਿੱਚ ਬੇਈਮਾਨੀ ਦੇ

ਲੱਛਣ ਹੋਣ, ਤਾਂ ਉਸ ਨੂੰ ਕਲੀਸਿਯਾ ਦੇ ਪੈਸੇ ਨੂੰ ਸੰਭਾਲਣ ਦੇ ਮਾਮਲਿਆਂ ਵਿੱਚ ਸ਼ਾਮਲ ਕਰਨ ਦੁਆਰਾ ਪ੍ਰਲੋਭਣ ਵਿੱਚ ਨਹੀਂ ਪਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਿੱਖਿਆ ਦੇਣ ਵਾਲੇ ਨਿਗਾਹਬਾਨਾਂ ਨੂੰ ਲਾਲਚੀ ਨਹੀਂ ਹੋਣਾ ਚਾਹੀਦਾ ਹੈ, ਕਿਉਂਕਿ ਉਹ ਮਸੀਹ ਜਾਂ ਮਸੀਹ ਦੇ ਲੋਕਾਂ ਲਈ ਸੱਚੇ ਪਿਆਰ ਤੋਂ ਬਿਨਾਂ ਸਿਰਫ਼ ਪੈਸੇ ਲਈ ਸੇਵਾ ਕਰਦੇ ਹਨ।

### e. ਘਰੇਲੂ ਯੋਗਤਾਵਾਂ

"ਪਰਿਵਾਰ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਵਾਲਾ ਹੋਵੇ ਅਤੇ ਉਸ ਦੇ ਬੱਚੇ ਆਗਿਆਕਾਰੀ ਹੋਣ"– ਬੱਚਿਆਂ ਦਾ ਵਧੀਆ ਵਿਵਹਾਰ ਇੱਕ ਵਿਅਕਤੀਗਤ ਮੁੱਦਾ ਹੈ। ਫਿਰ ਵੀ, ਤੀਤੁਸ 1:6 ਇਹ ਸਪੱਸ਼ਟ ਕਰ ਦਿੰਦਾ ਹੈ ਕਿ ਨਿਗਾਹਬਾਨ ਦੇ ਬੱਚੇ ਮਸੀਹ ਵਿੱਚ ਵਿਸ਼ਵਾਸ ਕਰਨ ਵਾਲੇ ਹੋਣ ਚਾਹੀਦੇ ਹਨ। ਇਸ ਤੋਂ ਇਲਾਵਾ, ਘਰ ਵਿੱਚ ਅਜਿਹੇ ਬੱਚੇ ਨਹੀਂ ਹੋਣੇ ਚਾਹੀਦੇ ਜੋ ਆਪਣੇ ਮਾਪਿਆਂ ਦੇ ਵਿਰੁੱਧ ਜਾਂ ਪਰਮੇਸ਼ਰ ਦੇ ਵਿਰੁੱਧ ਬਗਾਵਤ ਕਰਦੇ ਹਨ।

### f. ਮਸੀਹੀ ਅਨੁਭਵ ਦੀ ਯੋਗਤਾ

"ਨਵਾਂ ਵਿਸ਼ਵਾਸੀ ਨਾ ਹੋਵੇ" – ਨਵੇਂ ਵਿਸ਼ਵਾਸੀ ਨਿਗਾਹਬਾਨ ਦੇ ਅਹੁਦੇ ਲਈ ਯੋਗ ਨਹੀਂ ਹੋ ਸਕਦੇ ਹਨ। ਪਰਿਪੱਕ ਹੋਣ ਵਿੱਚ ਸਮਾਂ ਲੱਗਦਾ ਹੈ। ਇਸ ਤੋਂ ਇਲਾਵਾ, ਇੱਕ ਵਿਅਕਤੀ ਦੀ ਵਚਨਬੱਧਤਾ ਨੂੰ ਵੀ ਕੁਝ ਸਮੇਂ ਤੋਂ ਬਾਅਦ ਪਰਖਿਆ ਜਾਣਾ ਚਾਹੀਦਾ ਹੈ। ਜੇਕਰ ਕਿਸੇ ਨੂੰ ਸਮੇਂ ਤੋਂ ਪਹਿਲਾਂ ਹੀ ਅਧਿਕਾਰ ਮਿਲ ਜਾਂਦਾ ਹੈ, ਤਾਂ ਉਹ ਹੰਕਾਰ ਨਾਲ ਭਰ ਸਕਦਾ ਹੈ।

### g. ਪ੍ਰਤਿਸ਼ਠਾ ਦੀਆਂ ਯੋਗਤਾ

"ਕਲੀਸਿਯਾ ਦੇ ਬਾਹਰ ਦੇ ਲੋਕਾਂ ਵਿੱਚ ਵੀ ਆਦਰਯੋਗ ਹੋਵੇ" – ਜੇਕਰ ਕਿਸੇ ਵਿਅਕਤੀ ਦੇ ਅਤੀਤ ਦਾ ਚਾਲ-ਚੱਲਣ ਕਲੀਸਿਯਾ ਦੇ ਮਜ਼ਾਕ ਜਾਂ ਬਦਨਾਮੀ ਦਾ ਕਾਰਨ ਬਣ ਸਕਦਾ ਹੈ, ਤਾਂ ਕਿਸੇ ਹੋਰ ਨੂੰ ਨਿਗਾਹਬਾਨ ਹੋਣ ਦੇ ਅਹੁਦੇ ਲਈ ਚੁਣ ਲੈਣਾ ਚਾਹੀਦਾ ਹੈ।

## 3. ਨਿਗਾਹਬਾਨਾਂ ਦੀ ਗਿਣਤੀ

ਨਿਗਾਹਬਾਨਾਂ ਦੀ ਬਹੁਤ ਗਿਣਤੀ ਹੋਣ ਦੇ ਬਾਰੇ ਵਿੱਚ ਬਾਈਬਲ ਇੱਕ ਆਮ ਮਿਸਾਲ ਦਿੰਦੀ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਨਿਗਾਹਬਾਨਾਂ ਦੀ ਜ਼ਿਆਦਾ ਸੰਖਿਆ ਦੀ ਵੇਦੀ ਉੱਤੇ ਉਹਨਾਂ ਦੀ ਗੁਣਵੱਤਾ ਨੂੰ ਬਲੀ ਚੜ੍ਹਾਇਆ ਜਾਵੇ। ਕੁਝ ਬੈਪਟਿਸਟ ਪ੍ਰਣਾਲੀਆਂ ਵਿੱਚ, ਸਿਰਫ਼ ਪਾਸਬਾਨ ਨੂੰ ਹੀ ਇਕਲੌਤਾ ਨਿਗਾਹਬਾਨ ਮੰਨਿਆ ਜਾਂਦਾ ਹੈ। ਅਜਿਹੀਆਂ ਕਲੀਸਿਯਾਵਾਂ ਜਿਹਨਾਂ ਵਿੱਚ ਸਿਰਫ਼ ਇੱਕ ਹੀ ਵਿਅਕਤੀ ਨਿਗਾਹਬਾਨ ਹੋਣ ਦੇ ਯੋਗ ਹੋਵੇ, (1 ਤਿਮੋਥਿ 3; ਤੀਤੁਸ 1), ਤਾਂ ਉਹਨਾਂ ਵਿੱਚ ਸਿਰਫ਼ ਇੱਕ ਵਿਅਕਤੀ ਨੂੰ ਹੀ ਨਿਗਾਹਬਾਨ ਮੰਨ ਲੈਣਾ ਚਾਹੀਦਾ ਹੈ। ਫਿਰ ਵੀ, ਨਿਗਾਹਬਾਨਾਂ ਦੀ ਜ਼ਿਆਦਾ ਸੰਖਿਆ ਹੋਣ ਦੀ ਬਾਈਬਲ ਦੀ ਉਦਾਹਰਣ ਹੀ ਸਾਡੇ ਲਈ ਇੱਕ ਆਦਰਸ਼ ਹੈ ਅਤੇ ਜਦੋਂ ਇੱਕ ਕਲੀਸਿਯਾ ਵਿੱਚ ਇੱਕ ਤੋਂ ਜ਼ਿਆਦਾ ਯੋਗ ਵਿਅਕਤੀ ਹੋਣ, ਤਾਂ ਉਹਨਾਂ ਨੂੰ ਨਿਗਾਹਬਾਨ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ (ਦੇਖੋ, ਰਸੂਲਾਂ 14:23; 15:2, 6, 22; 20:17, 28; ਫ਼ਿਲਿੱਪੀ 1:1; 1 ਥੱਸਲੁ 5:12; 1 ਤਿਮੋਥਿ 5:17; ਤੀਤੁਸ 1:5; ਯਾਕੂਬ 5:14)।

> ਉਹਨਾਂ ਨੇ ਹਰ ਕਲੀਸਿਯਾ ਦੇ ਲਈ **ਬਜ਼ੁਰਗ ਆਗੂ** ਨਿਯੁਕਤ ਕੀਤੇ...[ਰਸੂਲਾਂ 14:23]
>
> ਪੌਲੁਸ ਅਤੇ ਤਿਮੋਥਿਉਸ ਦੇ ਵਲੋਂ, ਜਿਹੜੇਮਸੀਹ ਯਿਸੂ ਦੇ ਸੇਵਕ ਹਨ, ਫ਼ਿਲਿੱਪੈ ਦੇ ਸਾਰੇ ਲੋਕਾਂ, ਉਹਨਾਂ ਦੇ **ਨਿਗਾਹਬਾਨਾਂ** ਅਤੇ ਸੇਵਾਦਾਰਾਂ ਨੂੰ ਜਿਹੜੇ ਮਸੀਹ ਯਿਸੂ ਦੇ ਵਿੱਚ ਹੋਣ ਦੇ ਕਾਰਨ ਪਰਮੇਸ਼ਰ ਦੇ ਲੋਕ ਹਨ [ਫ਼ਿਲਿੱਪੀ 1:1]
>
> ਕੀ ਤੁਹਾਡੇ ਵਿੱਚੋਂ ਕੋਈ ਬਿਮਾਰ ਹੈ? ਉਹ ਕਲੀਸਿਯਾ ਦੇ **ਬਜ਼ੁਰਗ ਆਗੂਆਂ** ਨੂੰ ਸੱਦੇ...[ਯਾਕੂਬ 5:14]

## 4. ਬਜ਼ੁਰਗ ਆਗੂਆਂ ਵਿਚਕਾਰ ਅੰਤਰ

1 ਤਿਮੋਥਿ 5:17 ਅਗਵਾਈ ਕਰਨ ਵਾਲੇ ਨਿਗਾਹਬਾਨਾਂ ਅਤੇ ਸਿੱਖਿਆ ਦੇਣ ਵਾਲੇ ਨਿਗਾਹਬਾਨਾਂ ਵਿਚਕਾਰ ਅੰਤਰ ਦੱਸਦਾ ਹੈ। ਅਗਵਾਈ ਕਰਨ ਵਾਲੇ ਨਿਗਾਹਬਾਨਾਂ ਨੂੰ "ਸਿੱਖਿਆ ਦੇਣ ਦੇ ਯੋਗ" ਹੋਣਾ ਚਾਹੀਦਾ ਹੈ। ਸਿੱਖਿਆ ਦੇਣ ਵਾਲੇ ਨਿਗਾਹਬਾਨਾਂ ਨੂੰ ਵੀ ਕਲੀਸਿਯਾ ਦੀ ਦੇਖਭਾਲ ਅਤੇ ਨਿਗਰਾਨੀ ਕਰਨ ਵਿੱਚ ਹਿੱਸਾ ਲੈਣਾ ਚਾਹੀਦਾ ਹੈ। ਸਾਰੇ ਨਿਗਾਹਬਾਨਾਂ ਕੋਲ ਇੱਕੋ ਜਿਹਾ ਅਧਿਕਾਰ ਹੋਣਾ ਚਾਹੀਦਾ ਹੈ ਪਰ ਹੋਰ ਮਸੀਹੀਆਂ ਵਾਂਗ ਉਹਨਾਂ ਦੇ ਵੱਖ-ਵੱਖ ਵਰਦਾਨ ਹੁੰਦੇ ਹਨ। ਹਾਲਾਂਕਿ ਹਰੇਕ ਨਿਗਾਹਬਾਨ ਕੋਲ ਬਰਾਬਰ ਦਾ ਅਧਿਕਾਰ ਹੋਣਾ ਚਾਹੀਦਾ ਹੈ, ਪਰ ਇਹ ਸੁਭਾਵਿਕ ਹੈ ਕਿ ਇੱਕ ਨਿਗਾਹਬਾਨ ਆਪਣੀ ਪ੍ਰਤਿਭਾ ਅਤੇ ਮੁਹਾਰਤ ਦੇ ਖੇਤਰਾਂ ਵਿੱਚ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ। ਇਸ ਦਾ ਅਰਥ ਹੈ ਕਿ ਸਿੱਖਿਆ ਦੇਣ ਵਾਲੇ ਨਿਗਾਹਬਾਨਾਂ ਦਾ ਸਿਧਾਂਤਕ ਮੁੱਦਿਆਂ ਵਿੱਚ ਖ਼ਾਸ ਪ੍ਰਭਾਵ ਹੋਵੇਗਾ ਕਿਉਂਕਿ ਅੱਜ ਸਿੱਖਿਆ ਦਾ ਵਰਦਾਨ ਸਭ ਤੋਂ ਜ਼ਿਆਦਾ ਮਹੱਤਵਪੂਰਣ ਵਰਦਾਨ ਹੈ (ਦੇਖੋ, 1 ਕੁਰਿੰਥ 12:28)।

> ਕਲੀਸਿਯਾ ਦੇ **ਬਜ਼ੁਰਗ ਆਗੂ** ਜਿਹੜੇ ਚੰਗੀ **ਅਗਵਾਈ ਕਰਦੇ ਹਨ** ਆਦਰ ਅਤੇ ਉਚਿਤ ਤਨਖ਼ਾਹ ਦੇ ਯੋਗ ਸਮਝੇ ਜਾਣ, ਖ਼ਾਸ ਕਰ ਕੇ ਉਹ **ਜਿਹੜੇ ਪ੍ਰਚਾਰ ਅਤੇ ਸਿੱਖਿਆ ਦੇ ਕੰਮ ਵਿੱਚ ਸਖ਼ਤ ਮਿਹਨਤ ਕਰਦੇ ਹਨ।** [1 ਤਿਮੋਥਿ 5:17]

## 5. ਨਿਗਾਹਬਾਨਾਂ ਦੀਆਂ ਜ਼ਿੰਮੇਵਾਰੀਆਂ

ਨਿਗਾਹਬਾਨਾਂ ਦੀਆਂ ਜ਼ਿੰਮੇਵਾਰੀਆਂ ਇੱਕ ਚਰਵਾਹੇ/ ਪਾਸਬਾਨ ਦੀਆਂ ਜ਼ਿੰਮੇਵਾਰੀਆਂ ਦੇ ਬਰਾਬਰ ਹੁੰਦੀਆਂ ਹਨ। ਨਿਗਾਹਬਾਨ ਭੇਡਾਂ ਨੂੰ "ਭੋਜਨ ਖੁਆਉਂਦੇ," ਉਹਨਾਂ ਦੀ "ਨਿਗਰਾਨੀ ਅਤੇ ਸੁਰੱਖਿਆ" ਕਰਦੇ

ਹਨ। ਭੋਜਨ ਖੁਆਉਣ ਵਿੱਚ ਸਿੱਖਿਆ ਅਤੇ "ਪਾਸਬਾਨ ਦੁਆਰਾ ਦੇਖਭਾਲ" ਸ਼ਾਮਲ ਹੁੰਦੀ ਹੈ। ਨਿਗਰਾਨੀ ਵਿੱਚ ਕਲੀਸਿਯਾ ਦਾ ਪ੍ਰਸ਼ਾਸਨ ਸ਼ਾਮਲ ਹੈ। ਕਲੀਸਿਯਾ ਦੀ ਸੁਰੱਖਿਆ ਵਿੱਚ ਸ਼ਾਇਦ ਉਹ ਅਨੁਸ਼ਾਸਨ ਸ਼ਾਮਲ ਹੈ ਜਿਸ ਵਿੱਚ ਕਲੀਸਿਯਾ ਨੂੰ ਨਾਸ਼ ਕਰਨ ਵਾਲਿਆਂ ਨੂੰ ਬਾਹਰ ਕੱਢਣਾ, ਅਤੇ ਮਸੀਹੀ ਸੱਚਾਈ ਦੇ ਦੁਸ਼ਮਣਾਂ ਦੇ ਝੂਠ ਦਾ ਖੰਡਨ ਕਰਨਾ ਹੁੰਦਾ ਹੈ।

### 6. ਨਿਗਾਹਬਾਨਾਂ ਦੀ ਸੇਵਾ ਦੀ ਮਿਆਦ

ਨਿਗਾਹਬਾਨਾਂ ਲਈ ਦੇ ਜਾਂ ਤਿੰਨ ਸਾਲ ਦੀ ਸੇਵਾ ਦੀ ਮਿਆਦ ਬਾਰੇ ਬਾਈਬਲ ਵਿੱਚ ਕੋਈ ਉਦਾਹਰਣ ਨਹੀਂ ਹੈ। ਕਿਉਂਕਿ "ਨਿਗਾਹਬਾਨ" ਅਤੇ "ਪਾਸਬਾਨ" ਇੱਕ ਹੀ ਹੈ, ਇਸ ਲਈ ਉਹਨਾਂ ਦਾ ਸੇਵਾ ਦਾ ਸਮਾਂ ਵੀ ਇੱਕੋ ਜਿਹਾ ਹੋਣਾ ਚਾਹੀਦਾ ਹੈ , ਅਰਥਾਤ ਸਦਾ ਲਈ ਸੇਵਾ ਕਰਨਾ। ਸੇਵਾ ਨੂੰ ਉਦੋਂ ਤੱਕ ਜੀਵਨ ਭਰ ਦਾ ਕੰਮ ਮੰਨਿਆ ਜਾਣਾ ਚਾਹੀਦਾ ਹੈ ਜਦੋਂ ਤੱਕ ਇੱਕ ਨਿਗਾਹਬਾਨ ਅਪਣੇ ਆਪ ਨੂੰ ਝੂਠੀ ਸਿੱਖਿਆ, ਅਨੈਤਿਕ ਵਿਵਹਾਰ, ਜਾਂ ਲਾਪਰਵਾਹੀ ਦੁਆਰਾ ਅਯੋਗ ਨਹੀਂ ਬਣਾਉਂਦਾ ਹੈ (ਦੇਖੋ, ਰੋਮੀ 11:29)।

### 7. ਨਿਗਾਹਬਾਨਾਂ ਦੀ ਚੋਣ

#### a. ਸਰੋਤ

ਹਾਲਾਂਕਿ ਬਾਈਬਲ ਵਿੱਚ ਸਥਾਨਕ ਕਲੀਸਿਯਾ ਦੇ ਬਾਹਰ ਤੋਂ ਕਿਸੇ ਨਿਗਾਹਬਾਨ/ਪਾਸਬਾਨ ਨੂੰ ਬੁਲਾਉਣ ਉੱਤੇ ਕੋਈ ਮਨਾਹੀ ਨਹੀਂ ਹੈ, ਪਰ ਇਹ ਨਵੇਂ ਨੇਮ ਦਾ ਨਮੂਨਾ ਨਹੀਂ ਹੈ। ਨਵੇਂ ਨੇਮ ਦੀਆਂ ਕਲੀਸਿਯਾਵਾਂ ਆਪਣੇ ਝੁੰਡ ਵਿੱਚੋਂ ਹੀ ਹੋਰ ਨਿਗਾਹਬਾਨਾਂ ਦੀ ਚੋਣ ਕਰਦੀਆਂ ਸਨ। ਇੱਕ ਵਿਅਕਤੀ ਇਹ ਦਲੀਲ ਦੇ ਸਕਦਾ ਹੈ ਕਿ ਇਹ ਉਦਾਹਰਣ ਉਸ ਸ਼ੁਰੂਆਤੀ ਸਮੇਂ ਦੇ ਲਈ ਜ਼ਰੂਰੀ ਸੀ ਪਰ ਅੱਜ ਦੇ ਸਮੇਂ ਦੇ ਲਈ ਅਜਿਹਾ ਕੋਈ ਹੁਕਮ ਨਹੀਂ ਹੈ। ਸ਼ਾਇਦ ਇਹ ਸੱਚ ਵੀ ਹੈ। ਫਿਰ ਵੀ , ਇਹੀ ਵਧੀਆ ਹੈ ਕਿ ਆਪਣੇ ਸਮੂਹ ਵਿੱਚੋਂ ਹੀ ਨਿਗਾਹਬਾਨਾਂ ਨੂੰ ਚੁਣਿਆ ਜਾਵੇ। ਇਸ ਨਾਲ ਚੁਣੇ ਹੋਏ ਵਿਅਕਤੀ ਦੀ ਵਫ਼ਾਦਾਰੀ ਦਾ ਸਬੂਤ ਰਹਿੰਦਾ ਹੈ ਅਤੇ ਇਹ 1 ਤਿਮੋਥਿ 3 ਅਤੇ ਤੀਤੁਸ 1 ਦੀਆਂ ਯੋਗਤਾਵਾਂ ਨੂੰ ਪੂਰਾ ਕਰਦਾ ਹੈ।

> ਉਹਨਾਂ ਨੇ ਹਰ ਕਲੀਸਿਯਾ ਦੇ ਲਈ ਪ੍ਰਾਰਥਨਾ ਅਤੇ ਵਰਤ ਰੱਖ ਕੇ ਬਜ਼ੁਰਗ ਆਗੂ **ਨਿਯੁਕਤ ਕੀਤੇ** ਅਤੇ ਉਹਨਾਂ ਨੂੰ ਪ੍ਰਭੂ ਦੇ ਸਾਹਮਣੇ ਜਿਹਨਾਂ ਵਿੱਚ ਉਹ ਵਿਸ਼ਵਾਸ ਰੱਖਦੇ ਸਨ ਅਰਪਿਤ ਕੀਤਾ। [ਰਸੂਲਾਂ 14:23]

> ਮੇਰਾ ਤੈਨੂੰ ਕਰੇਤ ਵਿੱਚ ਛੱਡਣ ਦਾ ਉਦੇਸ਼ ਇਹ ਸੀ ਕਿ ਜੋ ਕੰਮ ਬਾਕੀ ਰਹਿ ਗਿਆ ਹੈ, ਤੂੰ ਉਸ ਨੂੰ ਪੂਰਾ ਕਰੇਂ ਅਤੇ ਹਰ ਨਗਰ ਵਿੱਚ ਬਜ਼ੁਰਗ ਆਗੂਆਂ ਨੂੰ ਨਿਯੁਕਤ ਕਰੇਂ ਅਤੇ **ਮੇਰੀਆਂ ਹਿਦਾਇਤਾਂ ਨੂੰ ਯਾਦ ਰੱਖੇਂ**। [ਤੀਤੁਸ 1:5]

#### b. ਚੁਣਨ ਦੀ ਵਿਧੀ

ਜਿਵੇਂ ਕੋਈ ਇਹ ਉਮੀਦ ਨਹੀਂ ਕਰ ਸਕਦਾ ਹੈ ਕਿ ਇੱਕ ਭੇਡ ਆਪਣਾ ਚਰਵਾਹਾ ਚੁਣੇ, ਉਵੇਂ ਨਵੇਂ ਨੇਮ ਵਿੱਚ ਨਿਗਾਹਬਾਨਾਂ ਨੂੰ ਚੁਣਨ ਦਾ ਅਧਿਕਾਰ ਵੀ ਕਲੀਸਿਯਾ ਵਿੱਚ ਉੱਪਰ ਵਾਲਿਆਂ ਕੋਲ ਹੈ। ਪਹਿਲੀ ਗੱਲ, ਰਸੂਲਾਂ ਕੋਲ ਨਿਗਾਹਬਾਨਾਂ ਨੂੰ ਨਿਯੁਕਤ ਕਰਨ ਦਾ ਮੁੱਖ ਅਧਿਕਾਰ ਸੀ (ਰਸੂਲਾਂ 14:23; 1 ਤਿਮੋਥਿ 3:1; ਤੀਤੁਸ 1:5ff.)। ਇਸ ਤੋਂ ਬਾਅਦ, ਤਿਮੋਥਿਉਸ ਦੀ ਪੁਸਤਕ ਵਿੱਚ ਇੱਕ ਆਇਤ ਦਰਸਾਉਂਦੀ ਹੈ ਕਿ ਨਵੇਂ ਨਿਗਾਹਬਾਨਾਂ ਦੀ ਚੋਣ ਵਿੱਚ ਪੁਰਾਣੇ ਬਜ਼ੁਰਗ ਆਗੂ ਵੀ ਸ਼ਾਮਲ ਸਨ।

> ਤੂੰ ਉਸ ਆਤਮਿਕ ਵਰਦਾਨ ਦੀ ਲਾਪਰਵਾਹੀ ਨਾ ਕਰ ਜਿਹੜੀ ਤੈਨੂੰ ਭਵਿੱਖਬਾਣੀ ਦੁਆਰਾ **ਬਜ਼ੁਰਗ ਆਗੂਆਂ ਦੇ ਤੇਰੇ ਉੱਤੇ ਹੱਥ ਰੱਖਣ** ਨਾਲ ਮਿਲੀ ਸੀ [1 ਤਿਮੋਥਿ 4:14]

ਬਜ਼ੁਰਗ ਆਗੂਆਂ ਨੂੰ ਨਿਗਾਹਬਾਨ ਬਣਨ ਅਤੇ ਝੁੰਡ ਨੂੰ ਬਘਿਆੜਾਂ ਤੋਂ ਬਚਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ (ਰਸੂਲਾਂ 20:28ff.; 1 ਪਤਰਸ 5:1ff.)। ਜੇਕਰ ਨਿਗਾਹਬਾਨਾਂ ਦਾ ਕਲੀਸਿਯਾ ਦੇ ਉੱਤੇ ਕੋਈ ਅਧਿਕਾਰ ਹੀ ਨਹੀਂ ਹੋਵੇਗਾ, ਤਾਂ ਉਹਨਾਂ ਦੇ ਲਈ ਇੱਕ ਸਮੂਹ ਵਿੱਚ ਘੁਸਪੈਠ ਨੂੰ ਰੋਕਣਾ ਅਸੰਭਵ ਹੋਵੇਗਾ। ਜੇਕਰ ਪਰਮੇਸ਼ਰ ਨੇ ਨਿਗਾਹਬਾਨਾਂ ਨੂੰ "ਬਘਿਆੜਾਂ" ਤੋਂ ਝੁੰਡ ਨੂੰ ਬਚਾਉਣ ਲਈ ਕਿਹਾ ਸੀ, ਤਾਂ ਅਸੀਂ ਇਹ ਸੁਰੱਖਿਅਤ ਢੰਗ ਨਾਲ ਮੰਨ ਸਕਦੇ ਹਾਂ ਕਿ ਉਹਨਾਂ ਨੇ ਨਿਗਾਹਬਾਨਾਂ ਨੂੰ ਇਹ ਅਧਿਕਾਰ ਵੀ ਦਿੱਤਾ ਹੋਵੇਗਾ ਕਿ ਉਹ ਬਘਿਆੜਾਂ ਨੂੰ ਨਿਗਾਹਬਾਨ ਬਣਨ ਤੋਂ ਰੋਕ ਸਕਣ! ਸ਼ੁਰੂਆਤੀ ਨਿਗਾਹਬਾਨਾਂ ਦੇ ਸਮੂਹ ਨੇ ਤਿਮੋਥਿਉਸ ਵਰਗੇ ਨਵੇਂ ਨਿਗਾਹਬਾਨ ਨੂੰ ਮਾਨਤਾ ਦਿੱਤੀ ਅਤੇ ਉਹ ਉਹਨਾਂ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢ ਸਕਦੇ ਸਨ ਜਿਹਨਾਂ ਨੂੰ ਉਹ ਅਯੋਗ ਪਾਉਂਦੇ ਸਨ। ਇਸ ਵਰਗਾ ਨਮੂਨਾ ਬਾਈਬਲ ਕਾਲਜ ਜਾਂ ਮਿਸ਼ਨਾਂ ਵਿੱਚ ਹੁੰਦਾ ਹੈ। ਬੋਰਡ ਦੇ ਮੌਜੂਦਾ ਮੈਂਬਰ ਕਿਸੇ ਨਵੇਂ ਮੈਂਬਰ ਬਾਰੇ ਫੈਸਲਾ ਕਰਦੇ ਹਨ।

ਇਸ ਵਿੱਚ ਕਲੀਸਿਯਾ ਦੇ ਲੋਕਾਂ ਦੀ ਭਾਗੀਦਾਰੀ ਤੋਂ ਇਨਕਾਰ ਨਹੀਂ ਕੀਤਾ ਜਾ ਰਿਹਾ ਹੈ, ਹਾਲਾਂਕਿ ਸ਼ਾਇਦ ਇਹ ਮੰਨ ਲੈਣਾ ਠੀਕ ਨਹੀਂ ਹੋਵੇਗਾ ਕਿ ਉਹਨਾਂ ਕੋਲ ਅਜਿਹਾ ਕਰਨ ਦਾ ਪੂਰਾ ਅਧਿਕਾਰ ਹੁੰਦਾ ਹੈ। ਨਿਗਾਹਬਾਨਾਂ ਨੂੰ "ਝੁੰਡ ਉੱਤੇ ਰਾਜ ਨਾ ਕਰਨ" ਦਾ ਆਦੇਸ਼ ਦਿੱਤਾ ਗਿਆ ਹੈ (1 ਪਤਰਸ 5:3)। ਸਿਆਣਪ ਇਹ ਕਹਿੰਦੀ ਹੈ ਕਿ ਨਵੇਂ ਨਿਗਾਹਬਾਨ ਦੀ ਚੋਣ ਕਰਨ ਤੋਂ ਪਹਿਲਾਂ ਨਿਗਾਹਬਾਨਾਂ ਨੂੰ ਪੂਰੀ ਕਲੀਸਿਯਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਰਸੂਲਾਂ ਦੇ ਕਰਤੱਬ 15 ਦੀ ਯਰੂਦੀ ਸਭਾ ਵਿੱਚ, ਰਸੂਲਾਂ ਅਤੇ ਨਿਗਾਹਬਾਨਾਂ ਕੋਲ ਹੀ ਅੰਤਿਮ ਅਧਿਕਾਰ ਸੀ (ਦੇਖੋ, ਰਸੂਲਾਂ 15:2, 6)। ਫਿਰ ਵੀ, ਇਸ ਮਹੱਤਵਪੂਰਣ ਫ਼ੈਸਲੇ ਵਿੱਚ "ਪੂਰੀ ਕਲੀਸਿਯਾ" ਦੀ ਸਹਿਮਤੀ ਪੁੱਛੀ ਗਈ ਸੀ (ਰਸੂਲਾਂ 15:22)। ਇਹ ਬਾਈਬਲ ਦਾ ਸਿਧਾਂਤ ਹੈ ਕਿ ਬਹੁਤ ਸਾਰੇ ਸਲਾਹਕਾਰਾਂ ਦੀ

ਸਲਾਹ ਲਈ ਜਾਵੇ (ਕਹਾਉਤਾਂ 15:22) ਅਤੇ ਇਹ ਮਿਸਾਲ ਵੀ ਹੈ ਕਿ ਅਧਿਕਾਰੀਆਂ ਦੀ ਚੋਣ ਵਿੱਚ ਅਧਿਕਾਰੀ ਆਪਣੇ ਅਧਿਕਾਰ ਨੂੰ ਦੂਜਿਆਂ ਨਾਲ ਵੰਡ ਲੈਣ (ਰਸੂਲਾਂ 6:1-6; ਸੰਭਵ ਤੌਰ ਉੱਤੇ 2 ਕੁਰਿੰਥ 8:19)।

ਅਜਿਹੀਆਂ ਬਹੁਤ ਸਾਰੀਆਂ ਵਿਧੀਆਂ ਬਣਾਈਆਂ ਜਾ ਸਕਦੀਆਂ ਹਨ ਜੋ ਵਰਤਮਾਨ ਨਿਗਾਹਬਾਨਾਂ ਦੁਆਰਾ ਨਵੇਂ ਮੈਂਬਰਾਂ ਨੂੰ ਮਾਨਤਾ ਦੇਣ ਦੇ ਸਿਧਾਂਤ ਨੂੰ ਸਾਰੇ ਲੋਕਾਂ ਅਤੇ ਕਲੀਸਿਯਾ ਦੀ ਏਕਤਾ ਦੇ ਪ੍ਰਤੀ ਸੰਵੇਦਨਸ਼ੀਲਤਾ ਦੇ ਸਿਧਾਂਤ ਨਾਲ ਜੋੜ ਸਕਦੀਆਂ ਹਨ। ਮੌਜੂਦਾ ਨਿਗਾਹਬਾਨਾਂ ਕੋਲ ਕਿਸੇ ਵਿਅਕਤੀ ਦਾ ਨਾਮ ਦੇਣ ਦਾ ਅਧਿਕਾਰ ਹੋ ਸਕਦਾ ਹੈ, ਅਤੇ ਕਲੀਸਿਯਾ ਤੋਂ ਉਸ ਦੀ ਸਹਿਮਤੀ ਜਾਂ ਅਸਹਿਮਤੀ ਦੇਣ ਦੇ ਲਈ ਕਿਹਾ ਜਾ ਸਕਦਾ ਹੈ; ਜਾਂ ਨਿਗਾਹਬਾਨਾਂ ਕੋਲ ਕਲੀਸਿਯਾ ਦੁਆਰਾ ਚੁਣੇ ਗਏ ਨਿਗਾਹਬਾਨ ਦੀ ਪੁਸ਼ਟੀ ਕਰਨ ਜਾਂ ਇਨਕਾਰ ਕਰਨ ਦਾ ਅਧਿਕਾਰ ਹੋ ਸਕਦਾ ਹੈ। ਦੂਜਾ ਵਿਚਾਰ ਸ਼ਾਇਦ ਹੋਰ ਜ਼ਿਆਦਾ ਸਮੱਸਿਆਵਾਂ ਨੂੰ ਜਨਮ ਦੇਵੇਗਾ। ਵਿਧੀ ਭਾਵੇਂ ਕੋਈ ਵੀ ਹੋਵੇ, ਪਰ ਇੱਕ ਨਵੇਂ ਨਿਗਾਹਬਾਨ ਦੀਆਂ ਯੋਗਤਾਵਾਂ ਨੂੰ ਨਿਰਧਾਰਿਤ ਕਰਨ ਵਿੱਚ ਮੌਜੂਦਾ ਨਿਗਾਹਬਾਨਾਂ ਦਾ ਮੁੱਖ ਅਧਿਕਾਰ ਹੋਣਾ ਚਾਹੀਦਾ ਹੈ। ਜੇਕਰ ਕਲੀਸਿਯਾ ਜਾਂ ਨਿਗਾਹਬਾਨਾਂ ਦੀ ਸਭਾ ਕਿਸੇ ਮੈਂਬਰ ਨੂੰ ਅਯੋਗ ਠਹਿਰਾਉਂਦੀ ਹੈ, ਤਾਂ ਸਾਰੀ ਚਰਚਾ ਇੱਥੇ ਹੀ ਬੰਦ ਹੋ ਜਾਣੀ ਚਾਹੀਦੀ ਹੈ।

> ਫਿਰ ਰਸੂਲਾਂ ਅਤੇ ਬਜ਼ੁਰਗਾਂ ਨੇ **ਸਾਰੀ ਕਲੀਸਿਯਾ ਦੇ ਨਾਲ ਮਿਲ ਕੇ** ਫ਼ੈਸਲਾ ਕੀਤਾ ਕਿ ਆਪਣੇ ਵਿੱਚੋਂ ਕੁਝ ਲੋਕਾਂ ਨੂੰ ਚੁਣ ਕੇ...[ ਰਸੂਲਾਂ 15:22]

### 8. ਨਿਗਾਹਬਾਨਾਂ ਨੂੰ ਅਹੁਦੇ ਤੋਂ ਹਟਾਉਣਾ

ਮਸੀਹੀ ਆਗੂਆਂ ਦੀ ਵੱਡੀ ਜ਼ਿੰਮੇਵਾਰੀ ਅਤੇ ਵੱਡੀ ਜਵਾਬਦੇਹੀ ਹੁੰਦੀ ਹੈ। ਦੂਜੇ ਵਿਸ਼ਵਾਸੀਆਂ ਦੀ ਤੁਲਨਾ ਵਿੱਚ, ਉਹਨਾਂ ਦਾ ਨਿਆਂ ਉੱਚੇ ਮਿਆਰਾਂ ਨਾਲ ਕੀਤਾ ਜਾਣਾ ਚਾਹੀਦਾ ਹੈ (ਲੂਕਾ 12:48; ਯਾਕੂਬ 3:1)।

ਰਸੂਲਾਂ 20:28 ਪੁਰਾਣੇ ਨਿਗਾਹਬਾਨਾਂ ਨੂੰ, ਕਲੀਸਿਯਾ ਤੋਂ ਬਾਹਰਲੇ ਲੋਕਾਂ ਨੂੰ ਜਾਂ ਕਲੀਸਿਯਾ ਦੇ ਆਪਣੇ ਮੈਂਬਰ ਨੂੰ ਪੂਰੀ ਕਲੀਸਿਯਾ ਨੂੰ ਨਸ਼ਟ ਕਰਨ ਤੋਂ ਰੋਕਣ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਕਿਉਂਕਿ ਆਗੂ ਝੂਠੇ ਠਹਿਰਾਏ ਜਾਣ ਅਤੇ ਬਦਨਾਮੀ ਦਾ ਖ਼ਾਸ ਨਿਸ਼ਾਨਾ ਹੁੰਦੇ ਹਨ, ਇਸ ਲਈ ਉਹਨਾਂ ਉੱਤੇ ਲਗਾਏ ਗਏ ਦੋਸ਼ਾਂ ਨੂੰ ਬਿਨਾਂ ਕਿਸੇ ਠੋਸ ਆਧਾਰ ਸੁਣਿਆ ਨਹੀਂ ਜਾਣਾ ਚਾਹੀਦਾ ਹੈ (ਦੋ ਜਾਂ ਤਿੰਨ ਗਵਾਹ ਹੋਣੇ ਚਾਹੀਦੇ ਹਨ, ਦੇਖੋ, 1 ਤਿਮੋਥਿ 5:19)। ਪਰ ਜਿਹੜੇ ਦੋਸ਼ੀ ਪਾਏ ਜਾਂਦੇ ਹਨ, ਉਹਨਾਂ ਨੂੰ ਝਿੜਕਿਆ ਜਾਣਾ ਅਤੇ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਹੈ। ਨਿਗਾਹਬਾਨਾਂ ਤੋਂ ਪ੍ਰਭੂ ਉਮੀਦ ਕਰਦੇ ਹਨ ਕਿ ਉਹ ਪਹਿਲਾਂ ਪ੍ਰਭੂ ਪ੍ਰਤੀ ਵਫ਼ਾਦਾਰ ਰਹਿਣ ਤਾਂ ਜੋ ਲੋੜ ਪੈਣ ਉੱਤੇ ਉਹ ਆਪਣੇ ਕਿਸੇ ਮਿੱਤਰ ਨੂੰ ਵੀ ਅਨੁਸ਼ਾਸਿਤ ਕਰ ਸਕਣ। ਜਿਹੜੇ ਲੋਕ 1 ਤਿਮੋਥਿਉਸ 3 ਅਤੇ ਤੀਤੁਸ 1 ਦੀਆਂ ਯੋਗਤਾਵਾਂ ਨੂੰ ਪੂਰਾ ਨਹੀਂ ਕਰਦੇ ਹਨ, ਉਹ ਉਦੋਂ ਤੱਕ ਨਿਗਾਹਬਾਨਾਂ ਦੇ ਰੂਪ ਵਿੱਚ ਸੇਵਾ ਨਹੀਂ ਕਰ ਸਕਦੇ ਹਨ ਜਦੋਂ ਤੱਕ ਉਹਨਾਂ ਦੇ ਜੀਵਨ ਨੂੰ ਠੀਕ ਨਹੀਂ ਕੀਤਾ ਜਾਂਦਾ ਹੈ।

> "...ਜਿਸ ਨੂੰ ਬਹੁਤ ਦਿੱਤਾ ਗਿਆ ਹੈ, **ਉਸ ਤੋਂ ਬਹੁਤ ਮੰਗਿਆ ਜਾਵੇਗਾ**, ਜਿਸ ਨੂੰ ਬਹੁਤ ਸੌਂਪਿਆ ਗਿਆ ਹੈ, ਉਸ ਤੋਂ ਬਹੁਤ ਦਾ ਹਿਸਾਬ ਲਿਆ ਜਾਵੇਗਾ।" [ਲੂਕਾ 12:48]

> ਮੇਰੇ ਭਰਾਵੋ ਅਤੇ ਭੈਣੋ, ਤੁਹਾਡੇ ਵਿੱਚੋਂ ਬਹੁਤ ਸਾਰੇ ਸਿੱਖਿਅਕ ਨਾ ਬਣਨ ਕਿਉਂਕਿ ਤੁਸੀਂ ਜਾਣਦੇ ਹੋ ਕਿ ਅਸੀਂ ਜਿਹੜੇ ਸਿੱਖਿਅਕ ਹਾਂ, **ਸਾਡਾ ਨਿਆਂ** ਦੂਜਿਆਂ ਦੇ ਨਾਲੋਂ **ਜ਼ਿਆਦਾ ਸਖ਼ਤੀ ਦੇ ਨਾਲ** ਹੋਵੇਗਾ। [ਯਾਕੂਬ 3:1]

> "ਆਪਣਾ ਅਤੇ ਆਪਣੇ ਝੁੰਡ ਦਾ ਖਿਆਲ ਰੱਖੋ, ਜਿਸ ਦੇ ਨਿਗਹਾਬਾਨ ਪਵਿੱਤਰ ਆਤਮਾ ਨੇ ਤੁਹਾਨੂੰ ਨਿਯੁਕਤ ਕੀਤਾ ਹੈ...ਮੈਂ ਜਾਣਦਾ ਹਾਂ ਕਿ ਮੇਰੇ ਜਾਣ ਬਾਅਦ ਭਿਅੰਕਰ **ਬਘਿਆੜ** ਤੁਹਾਡੇ ਵਿੱਚ ਆ ਜਾਣਗੇ, ਜਿਹੜੇ ਝੁੰਡ ਨੂੰ ਨਾ ਛੱਡਣਗੇ। ਹਾਂ, **ਤੁਹਾਡੇ ਹੀ ਵਿੱਚੋਂ ਅਜਿਹੇ ਆਦਮੀ ਉੱਠ ਖੜ੍ਹੇ ਹੋਣਗੇ**, ਜਿਹੜੇ ਚੇਲਿਆਂ ਨੂੰ ਆਪਣੇ ਪਿੱਛੇ ਲਾਉਣ ਲਈ ਉਹਨਾਂ ਨੂੰ ਪੁੱਠੀਆਂ ਸਿੱਧੀਆਂ ਸਿੱਖਿਆਵਾਂ ਦੇਣਗੇ।" [ਰਸੂਲਾਂ 20:28-30]

> **ਕਲੀਸਿਯਾ ਦੇ ਕਿਸੇ ਬਜ਼ੁਰਗ ਦੇ ਵਿਰੁੱਧ ਉਸ ਸਮੇਂ ਤੱਕ ਕੋਈ ਦੋਸ਼ ਨਾ ਸੁਣ ਜਦੋਂ ਤੱਕ ਇਸ ਦੇ ਬਾਰੇ ਦੋ ਜਾਂ ਤਿੰਨ ਗਵਾਹ ਨਾ ਹੋਣ। ਪਾਪ ਕਰਨ ਵਾਲਿਆਂ ਨੂੰ ਸਾਰਿਆਂ ਦੇ ਸਾਹਮਣੇ ਝਿੜਕ** ਤਾਂ ਜੋ ਦੂਜੇ ਵੀ ਇਸ ਤੋਂ ਡਰਨ। ਮੈਂ ਪਰਮੇਸ਼ਰ ਅਤੇ ਮਸੀਹ ਯਿਸੂ ਅਤੇ ਚੁਣੇ ਹੋਏ ਸਵਰਗਦੂਤਾਂ ਨੂੰ ਗਵਾਹ ਮੰਨ ਕੇ ਤੇਰੇ ਅੱਗੇ ਬੜੀ ਗੰਭੀਰਤਾ ਨਾਲ ਬੇਨਤੀ ਕਰਦਾ ਹਾਂ ਕਿ ਬਿਨਾਂ ਪੱਖਪਾਤ ਦੇ ਇਹਨਾਂ ਹਿਦਾਇਤਾਂ ਦੀ ਪਾਲਣਾ ਕਰ ਅਤੇ ਹਰ ਸਮੇਂ ਨਿਰਪੱਖ ਰਹਿ। [1 ਤਿਮੋਥਿ 5:19-21]

### 9. ਸੇਵਾਦਾਰ

ਨਵੇਂ ਨੇਮ ਦੀ ਕਲੀਸਿਯਾ ਵਿੱਚ ਜਿਹੜੇ ਦੂਜੇ ਅਹੁਦੇ ਬਾਰੇ ਸਿਖਾਇਆ ਗਿਆ ਹੈ ਉਹ ਸੇਵਾਦਾਰ ਹੈ। ਇਹ ਸ਼ਬਦ ਯੂਨਾਨੀ ਸ਼ਬਦ "ਸੇਵਾ" ਨਾਲ ਸੰਬੰਧਿਤ ਹੈ। ਇਸ ਤਰ੍ਹਾਂ, ਸੇਵਾਦਾਰ ਸੇਵਾ ਨਾਲ ਜੁੜੇ ਕੰਮ ਕਰਦੇ ਹਨ, ਪਰ ਉਹ ਇੱਕ ਕਲੀਸਿਯਾ ਦੇ ਲਈ ਨਿਯਮ ਬਣਾਉਣ ਦੇ ਕੰਮ ਵਿੱਚ ਸ਼ਾਮਲ ਨਹੀਂ ਹੁੰਦੇ ਹਨ। ਹਾਲਾਂਕਿ ਬਣਾਏ ਗਏ ਨਿਯਮਾਂ ਨੂੰ ਲਾਗੂ ਕਰਨ ਦਾ ਕੰਮ ਸੇਵਾਦਾਰਾਂ ਨੂੰ ਸੌਂਪਿਆ ਜਾ ਸਕਦਾ ਹੈ (ਅਤੇ ਇੱਥੇ ਬੁੱਧੀ ਦੀ ਜ਼ਰੂਰਤ ਹੈ, ਦੇਖੋ ਰਸੂਲਾਂ 6:3 ਦੇਖੋ), ਪਰ ਉਹਨਾਂ ਕੋਲ "ਅਗਵਾਈ ਕਰਨ ਵਾਲੇ ਨਿਗਾਹਬਾਨਾਂ" ਦੀ ਤਰ੍ਹਾਂ ਕਲੀਸਿਯਾ ਦੇ ਪ੍ਰਸ਼ਾਸਨ ਦਾ ਨਿਯੰਤਰਣ ਨਹੀਂ ਹੁੰਦਾ ਹੈ (ਦੇਖੋ, 1 ਤਿਮੋਥਿ 5:17)।

ਨਵੇਂ ਨੇਮ ਵਿੱਚ ਸੇਵਾਦਾਰਾਂ ਦੇ ਅਹੁਦੇ ਦੇ ਬਾਰੇ ਕੋਈ ਨਿਰਦੇਸ਼ ਨਹੀਂ ਹਨ। ਫਿਰ ਵੀ ਇਹ ਤਾਂ ਸਪੱਸ਼ਟ ਹੈ ਕਿ ਉਹ ਆਪਣੀ ਸੇਵਾ ਨੂੰ ਇੱਕ

ਸੁਤੰਤਰ ਰੂਪ ਵਿੱਚ ਕਰ ਸਕਦੇ ਹਨ, ਜਾਂ ਫਿਰ ਉਹ ਇੱਕ ਸਮੂਹ ਜਾਂ ਕਮੇਟੀ ਦੇ ਰੂਪ ਵਿੱਚ ਵੀ ਕੰਮ ਕਰ ਸਕਦੇ ਹਨ। ਅਸਲ ਵਿੱਚ, ਸਿਰਫ਼ ਦੋ ਅਜਿਹੇ ਵਚਨ ਹਨ ਜੋ ਇੱਕ ਸਪੱਸ਼ਟ ਰੂਪ ਵਿੱਚ ਸੇਵਾਦਾਰ ਦੇ ਬਾਰੇ ਗੱਲ ਕਰਦੇ ਹਨ, ਫ਼ਿਲਿੱਪੀ 1:1 ਅਤੇ 1 ਤਿਮੋਥਿ 3:8, ਅਤੇ ਤੀਜਾ ਵਚਨ ਰਸੂਲਾਂ 6:1-6 ਵੀ ਸ਼ਾਇਦ ਸੇਵਾਦਾਰਾਂ ਬਾਰੇ ਹੀ ਗੱਲ ਕਰਦਾ ਹੈ।

ਘੱਟ ਜਾਣਕਾਰੀ ਹੋਣ ਦੇ ਕਾਰਨ, ਸੇਵਾਦਾਰਾਂ ਦੇ ਕੰਮ ਦੇ ਬਾਰੇ ਵਿੱਚ ਜ਼ਿਆਦਾ ਕਠੋਰ ਜਾਂ ਕੱਟੜਵਾਦੀ ਹੋਣਾ ਠੀਕ ਨਹੀਂ ਹੋਵੇਗਾ। ਇਹ ਸ਼ਾਇਦ ਅਜਿਹਾ ਕੋਈ ਵੀ ਵਿਅਕਤੀ ਹੋ ਸਕਦਾ ਹੈ ਜੋ ਕਲੀਸਿਯਾ ਦੇ ਨਿਗਾਹਬਾਨਾਂ ਦੇ ਨਿਰਦੇਸ਼ ਅਨੁਸਾਰ, ਇੱਕ ਸਥਾਨਕ ਕਲੀਸਿਯਾ ਵਿੱਚ ਕਿਸੇ ਕੰਮ ਦੇ ਲਈ ਸਥਾਈ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੈ।

ਰਸੂਲਾਂ ਦੇ ਕਰਤੱਬ 6:1-6 ਵਿੱਚ ਸ਼ਬਦ *ਸੇਵਕ* ਦੀ ਵਰਤੋਂ ਨਹੀਂ ਕੀਤੀ ਗਈ ਹੈ, ਪਰ ਇਹ ਦੋ ਵਾਰ ਕਿਰਿਆ *ਡੀਕੋਨਿਓ*ਨੂੰ ਅਤੇ ਇੱਕ ਵਾਰ ਸੇਵਾ ਜਾਂ ਸੇਵਕਾਈ ਸ਼ਬਦ ਨੂੰ ਵਰਤਦਾ ਹੈ। ਰਸੂਲਾਂ ਦੇ ਕਰਤੱਬ 6 ਵਿੱਚ ਰਸੂਲਾਂ ਨੇ ਕਲੀਸਿਯਾ ਨੂੰ ਸੇਵਾਦਾਰਾਂ ਦੀ ਚੋਣ ਕਰਨ ਵਿੱਚ ਹਿੱਸਾ ਲੈਣ ਦੀ ਆਗਿਆ ਦਿੱਤੀ ਸੀ। ਫਿਰ ਵੀ, ਰਸੂਲਾਂ ਨੇ ਅੰਤਿਮ ਜਾਂਚ ਅਤੇ ਨਿਯੁਕਤੀ ਦਾ ਅਧਿਕਾਰ ਆਪਣੇ ਕੋਲ ਹੀ ਰੱਖਿਆ ਸੀ। ਰਸੂਲਾਂ ਦੇ ਕਰਤੱਬ 6 ਵਿੱਚ ਸੇਵਾਦਾਰ ਕਲੀਸਿਯਾ ਦੇ "ਪੈਸੇ" ਦੇ ਪ੍ਰਬੰਧਨ ਵਿੱਚ ਸ਼ਾਮਲ ਸਨ, ਜਿਵੇਂ ਕਿ, ਉਹ ਵਿਧਵਾਵਾਂ ਲਈ ਦਿਆਲਤਾ ਦੀ ਸੇਵਕਾਈ ਕਰਦੇ ਸਨ। ਇਹਨਾਂ ਆਦਮੀਆਂ ਨੂੰ ਸਿੱਖਿਆ ਦੇਣ ਵਾਲੇ ਹੋਣ ਦੀ ਜ਼ਰੂਰਤ ਨਹੀਂ ਸੀ, ਪਰ ਉਹਨਾਂ ਨੂੰ ਇਮਾਨਦਾਰ, ਆਤਮਾ ਨਾਲ ਭਰਪੂਰ ਅਤੇ ਬੁੱਧੀਮਾਨ ਹੋਣ ਦੀ ਜ਼ਰੂਰਤ ਸੀ। ਉਹਨਾਂ ਨੂੰ ਕੋਈ ਨੀਤੀ ਬਣਾਉਣ ਦੀ ਨਹੀਂ ਪਰ ਸੇਵਕਾਈਆਂ ਨੂੰ ਲਾਗੂ ਕਰਨ ਦੀ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਸੀ।

ਇਹ ਮੰਨ ਲੈਣਾ ਗ਼ਲਤੀ ਹੋਵੇਗੀ ਕਿ ਰਸੂਲਾਂ ਦੇ ਕਰਤੱਬ ਅਧਿਆਇ 6 ਇਹ ਸਿਖਾਉਂਦਾ ਹੈ ਕਿ ਸੇਵਾਦਾਰਾਂ ਦੀ ਸੇਵਕਾਈ ਦਿਆਲਤਾ ਦੇ ਕੰਮਾਂ ਤੱਕ ਹੀ ਸੀਮਿਤ ਹੈ ਜਾਂ ਇਹ ਕਿ ਕਲੀਸਿਯਾ ਦੇ ਪੈਸੇ ਦਾ ਨਿਯੰਤਰਣ ਸੇਵਾਦਾਰਾਂ ਦੇ ਇੱਕ ਬੋਰਡ ਦੇ ਹੱਥ ਵਿੱਚ ਹੋਣਾ ਚਾਹੀਦਾ ਹੈ। ਜੇਕਰ ਨਿਗਾਹਬਾਨਾਂ ਨੂੰ "ਨਿਗਰਾਨੀ" ਰੱਖਣੀ ਹੈ ਤਾਂ ਉਹਨਾਂ ਕੋਲ ਕਲੀਸਿਯਾ ਦੇ ਪੈਸੇ ਉੱਤੇ ਵੀ ਕੁਝ ਨਿਯੰਤਰਣ ਹੋਣਾ ਜ਼ਰੂਰੀ ਹੈ। ਇੱਕ ਸੇਵਾਦਾਰ ਪੈਸੇ ਨਾਲ ਜੋ ਵੀ ਕਰਦਾ ਹੈ ਉਹ ਉਸ ਤੋਂ ਉੱਚੇ ਅਧਿਕਾਰੀਆਂ ਦੇ ਨਿਰਦੇਸ਼ ਦੇ ਅਨੁਸਾਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, 1 ਤਿਮੋਥਿ 3:8ff ਸੇਵਾਦਾਰਾਂ ਦੇ ਕੰਮ ਨੂੰ ਸਿਰਫ਼ ਪੈਸੇ ਸੰਬੰਧੀ ਮਾਮਲਿਆਂ ਤੱਕ ਹੀ ਸੀਮਿਤ ਨਹੀਂ ਕਰਦਾ ਹੈ। ਇੱਕ ਵਾਰ ਫਿਰ, **ਸੇਵਾ ਦੇ ਸਥਾਈ ਅਹੁਦਿਆਂ ਉੱਤੇ ਸਾਰੇ ਆਦਮੀਆਂ ਨੂੰ ਸੇਵਾਦਾਰ ਮੰਨਿਆ ਜਾ ਸਕਦਾ ਹੈ।**

1 ਤਿਮੋਥਿ 3:8-10, 12-13 ਸੇਵਾਦਾਰਾਂ ਲਈ ਯੋਗਤਾਵਾਂ ਬਾਰੇ ਦੱਸਦਾ ਹੈ। ਹੇਠਾਂ ਸੰਖੇਪ ਪਰਿਭਾਸ਼ਾਵਾਂ ਦੀ ਇੱਕ ਸੂਚੀ ਹੈ।

ਇਸੇ ਤਰ੍ਹਾਂ **ਸੇਵਕ** ਵੀ ਆਦਰਯੋਗ ਹੋਣ ਅਤੇ ਉਹ ਧੋਖੇਬਾਜ਼ ਨਾ ਹੋਣ, ਬਹੁਤ ਮੈਅ ਪੀਣ ਵਾਲੇ ਨਾ ਹੋਣ ਅਤੇ ਨਾ ਹੀ ਧਨ ਦੇ ਲੋਭੀ ਹੋਣ। ਉਹ ਸਾਫ਼ ਅੰਤਹਕਰਨ ਦੇ ਨਾਲ ਵਿਸ਼ਵਾਸ ਦੇ ਭੇਤ ਵਿੱਚ ਕਾਇਮ ਰਹਿਣ। ਉਹ ਪਹਿਲਾਂ ਪਰਖੇ ਜਾਣ ਅਤੇ ਜੇਕਰ ਉਹ ਨਿਰਦੋਸ਼ ਨਿਕਲਣ ਤਾਂ ਉਹਨਾਂ ਨੂੰ ਸੇਵਾ ਕਰਨ ਦਿੱਤੀ ਜਾਵੇ। [1 ਤਿਮੋਥਿ 3:8-10]

**ਸੇਵਕ** ਆਪਣੀ ਪਤਨੀ ਦੇ ਨਾਲ ਵਫ਼ਾਦਾਰ ਹੋਵੇ। ਉਹ ਆਪਣੇ ਬੱਚਿਆਂ ਅਤੇ ਪਰਿਵਾਰ ਦਾ ਚੰਗਾ ਪ੍ਰਬੰਧ ਕਰਨ ਵਾਲਾ ਹੋਵੇ। ਉਹ ਜਿਹੜੇ ਚੰਗੀ ਸੇਵਾ ਕਰਦੇ ਹਨ ਆਪਣੇ ਲਈ ਉੱਚੀ ਥਾਂ ਪ੍ਰਾਪਤ ਕਰਦੇ ਹਨ ਅਤੇ ਮਸੀਹ ਯਿਸੂ ਵਿੱਚ ਆਪਣੇ ਵਿਸ਼ਵਾਸ ਦੇ ਬਾਰੇ ਦਲੇਰੀ ਦੇ ਨਾਲ ਬੋਲ ਸਕਦੇ ਹਨ। [1 ਤਿਮੋਥਿ 3: 12-13]

"ਆਦਰਯੋਗ ਹੋਵੇ" – ਸੇਵਾਦਾਰਾਂ ਨੂੰ ਆਪਣੇ ਕੰਮਾਂ ਨੂੰ ਪੂਰਾ ਕਰਨ ਪ੍ਰਤੀ ਗੰਭੀਰ ਹੋਣਾ ਚਾਹੀਦਾ ਹੈ। ਜਿਹੜੇ ਕੰਮ ਉਹਨਾਂ ਨੂੰ ਦਿੱਤੇ ਗਏ ਹਨ, ਉਹਨਾਂ ਨੂੰ ਪੂਰਾ ਕਰਕੇ ਉਹ ਆਪਣੇ ਲਈ ਆਦਰ ਪ੍ਰਾਪਤ ਵਾਲੇ ਲੋਕ ਹੋਣ।

"ਧੋਖੇਬਾਜ਼ ਨਾ ਹੋਵੇ" – ਇੱਕ "ਧੋਖੇਬਾਜ਼" ਵਿਅਕਤੀ ਉਹ ਹੁੰਦਾ ਹੈ ਜਿਸ ਦੇ ਕਹਿਣ ਅਤੇ ਕਰਨ ਵਿੱਚ ਅੰਤਰ ਹੁੰਦਾ ਹੈ, ਜਾਂ ਉਹ ਜਿਹੜਾ ਇੱਕ ਵਿਅਕਤੀ ਨਾਲ ਇੱਕ ਗੱਲ ਕਰਦਾ ਹੈ, ਪਰ ਦੂਜੇ ਵਿਅਕਤੀ ਨਾਲ ਉਸ ਦੇ ਉਲਟ ਗੱਲ ਕਰਦਾ ਹੈ। ਇੱਕ ਸੇਵਾਦਾਰ ਦੇ ਸ਼ਬਦ ਇਕਸਾਰ ਹੋਣੇ ਚਾਹੀਦੇ ਹਨ, ਅਤੇ ਅਜਿਹਾ ਨਹੀਂ ਹੋਣਾ ਚਾਹੀਦਾ ਹੈ ਕਿ ਉਹ ਦੂਜੇ ਆਗੂਆਂ ਦਾ ਵਿਸ਼ਵਾਸ ਤੋੜੇ ਜਾਂ ਉਹਨਾਂ ਦੀ ਬੇਇੱਜ਼ਤੀ ਲਈ ਲੋਕਾਂ ਨੂੰ ਉਭਾਰੇ।

"ਬਹੁਤ ਮੈਅ ਪੀਣ ਵਾਲਾ ਨਾ ਹੋਵੇ" – ਇੱਕ ਸੇਵਾਦਾਰ ਨੂੰ ਪੀਣ ਤੋਂ ਪਰਹੇਜ਼ ਕਰਨ ਦੀ ਜ਼ਰੂਰਤ ਨਹੀਂ ਹੈ, ਪਰ ਉਸ ਨੂੰ ਹਮੇਸ਼ਾਂ ਆਪਣੇ ਹੋਸ਼ ਵਿੱਚ ਰਹਿਣਾ ਚਾਹੀਦਾ ਹੈ। ਇਹ ਵਾਕਾਂਸ਼ ਦਾ ਅਰਥ ਹੈ ਕਿ ਉਸ ਨੂੰ ਮੈਅ ਪੀਣ ਦੀ ਆਦਤ ਨਹੀਂ ਹੋਣੀ ਚਾਹੀਦੀ ਹੈ। ਹਾਲਾਂਕਿ ਉਹ ਪੀਣ ਵਿੱਚ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰ ਸਕਦਾ ਹੈ, ਪਰ ਇਹ ਉਸ ਦੀ ਦਿਲਚਸਪੀ ਦਾ ਸਭ ਤੋਂ ਵੱਡਾ ਵਿਸ਼ਾ ਨਹੀਂ ਹੋਣਾ ਚਾਹੀਦਾ ਹੈ।

"ਨਾ ਹੀ ਧਨ ਦਾ ਲੋਭੀ ਹੋਵੇ" – ਸੇਵਾਦਾਰਾਂ ਕੋਲ ਚੰਗੀ ਕਾਰੋਬਾਰੀ ਨੈਤਿਕਤਾ ਹੋਣੀ ਚਾਹੀਦੀ ਹੈ ਅਤੇ ਪੈਸੇ ਨੂੰ ਸੰਭਾਲਣ ਵਿੱਚ ਪੂਰੀ ਇਮਾਨਦਾਰੀ ਹੋਣੀ ਚਾਹੀਦੀ ਹੈ, ਭਾਵੇਂ ਇਹ ਪੈਸਾ ਨਿੱਜੀ ਜਾਂ ਕਲੀਸਿਯਾ ਦਾ ਹੋਵੇ। ਉਹਨਾਂ ਨੂੰ ਕਦੇ ਵੀ ਬੇਈਮਾਨੀ ਨਾਲ ਲਾਭ ਲੈਣ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ।

"ਸਾਫ਼ ਅੰਤਹਕਰਨ ਦੇ ਨਾਲ ਵਿਸ਼ਵਾਸ ਦੇ ਭੇਤ ਵਿੱਚ ਕਾਇਮ ਰਹੇ" – ਇਹ ਜ਼ਰੂਰੀ ਨਹੀਂ ਹੈ ਕਿ ਇੱਕ ਸੇਵਕ ਸਿੱਖਿਆ ਦੇਣ ਵਾਲਾ ਹੋਵੇ,

ਪਰ ਉਸ ਨੂੰ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਉਸ ਦਾ ਵਿਸ਼ਵਾਸ ਕੀ ਹੈ। ਸੇਵਾਦਾਰ ਸਿਧਾਂਤਕ ਮਾਮਲਿਆਂ ਵਿੱਚ ਸਪੱਸ਼ਟ ਹੋਣ ਅਤੇ ਆਪਣੀ ਕਲੀਸਿਯਾ ਦੀ ਸਿੱਖਿਆ ਨੂੰ ਇੱਕ ਸ਼ੁੱਧ ਵਿਵੇਕ ਵਿੱਚ ਕਾਇਮ ਰੱਖਣ ਵਾਲੇ ਹੋਣ।

"ਪਹਿਲਾਂ ਪਰਖਿਆ ਜਾਵੇ" – ਮਸੀਹ ਨੇ ਸਿਖਾਇਆ ਹੈ ਕਿ ਜਿਹੜੇ ਥੋੜੇ ਵਿੱਚ ਇਮਾਨਦਾਰ ਹਨ, ਉਹ ਬਹੁਤ ਵਿੱਚ ਵੀ ਇਮਾਨਦਾਰ ਹੋਣਗੇ (ਲੂਕਾ 16:10)।ਇਸ ਸਿਧਾਂਤ ਦੀ ਪਾਲਣਾ ਕਰਦੇ ਹੋਏ, ਪੌਲੁਸ ਨੇ ਇਹ ਹੁਕਮ ਦਿੱਤਾ ਕਿ ਸੇਵਾਦਾਰਾਂ ਨੂੰ ਪੱਕੀ ਸੇਵਾ ਵਿੱਚ ਰੱਖਣ ਤੋਂ ਪਹਿਲਾਂ ਪਰਖਿਆ ਜਾਵੇ। ਇੱਕ ਵਿਅਕਤੀ ਨੂੰ ਪਰਖਣ ਦਾ ਵਿਹਾਰਕ ਤਰੀਕਾ ਇਹੀ ਹੈ ਕਿ ਪਹਿਲਾਂ ਉਸ ਨੂੰ ਥੋੜ੍ਹੇ ਸਮੇਂ ਜਾਂ ਬਦਲਵੇਂ ਅਹੁਦੇ ਉੱਤੇ ਰੱਖਿਆ ਜਾਵੇ। ਜਿਵੇਂ ਇੱਕ ਨਿਗਾਹਬਾਨ ਨੂੰ ਨਵਾਂ ਵਿਸ਼ਵਾਸੀ ਨਹੀਂ ਹੋਣਾ ਚਾਹੀਦਾ ਹੈ, ਉਵੇਂ ਹੀ ਇੱਕ ਵਿਅਕਤੀ ਦੇ ਵਿਸ਼ਵਾਸੀ ਬਣਨ ਤੋਂ ਬਾਅਦ, ਉਸ ਨੂੰ ਕੁਝ ਸਮੇਂ ਤੱਕ ਪਰਖ ਲੈਣਾ ਜ਼ਰੂਰੀ ਹੁੰਦਾ ਹੈ।

"ਨਿਰਦੋਸ਼ ਹੋਵੇ" – ਜਿਵੇਂ ਨਿਗਾਹਬਾਨਾਂ ਨੂੰ ਅਜਿਹੇ ਪ੍ਰਤਿਸ਼ਠਾ ਵਾਲੇ ਵਿਅਕਤੀ ਹੋਣਾ ਚਾਹੀਦਾ ਹੈ ਜਿਹਨਾਂ ਦੇ ਕਾਰਨ ਕਲੀਸਿਯਾ ਦੀ ਬਦਨਾਮੀ ਨਾ ਹੋਵੇ, ਉਵੇਂ ਹੀ ਇੱਕ ਸੇਵਕ ਦੀ ਵੀ ਇਮਾਨਦਾਰ ਵਿਅਕਤੀ ਹੋਣ ਦੀ ਪ੍ਰਤਿਸ਼ਠਾ ਹੋਣੀ ਚਾਹੀਦੀ ਹੈ।

"ਇੱਕ ਪਤਨੀ ਦਾ ਪਤੀ ਹੋਵੇ" – ਇੱਥੇ ਵਾਕਾਂਸ਼ ਦਾ ਅਰਥ "ਇੱਕ ਹੀ ਪਤਨੀ ਦਾ ਪਤੀ" ਹੈ। ਇੱਥੇ ਵੀ ਇਹ ਮਤਭੇਦ ਹੈ ਕਿ ਇਸ ਦਾ ਅਰਥ ਗੁਣਵੱਤਾ ਹੈ ਜਾਂ ਸੰਖਿਆ/ਮਾਤਰਾ ਹੈ। ਜੇਕਰ ਇਹ ਸੰਖਿਆ ਹੈ, ਤਾਂ ਤਲਾਕ ਵਾਲੇ ਆਦਮੀਆਂ ਨੂੰ ਸੇਵਕ ਨਿਯੁਕਤ ਨਹੀਂ ਕਰਨਾ ਚਾਹੀਦਾ ਹੈ। ਜੇਕਰ ਇਹ ਗੁਣਵੱਤਾ ਹੈ, ਤਾਂ ਪੌਲੁਸ ਇੱਥੇ ਇਹ ਸਿਖਾ ਰਿਹਾ ਹੈ ਕਿ ਇੱਕ ਸੇਵਕ ਦਾ ਚਰਿੱਤਰ ਇੱਕ ਪਤਨੀ ਦੇ ਪਤੀ ਹੋਣ ਵਾਲਾ ਹੋਵੇ। ਜੇਕਰ ਉਹ ਵਿਆਹਿਆ ਹੋਇਆ ਹੈ, ਤਾਂ ਉਸ ਨੂੰ ਆਪਣੀ ਪਤਨੀ ਪ੍ਰਤੀ ਸਮਰਪਿਤ ਹੋਣਾ ਚਾਹੀਦਾ ਹੈ।

"ਆਪਣੇ ਬੱਚਿਆ ਅਤੇ ਪਰਿਵਾਰ ਦਾ ਚੰਗਾ ਪ੍ਰਬੰਧ ਕਰਨ ਵਾਲਾ ਹੋਵੇ" – ਸੇਵਾਦਾਰਾਂ ਦਾ ਪਰਿਵਾਰਕ ਜੀਵਨ ਦ੍ਰਿੜ੍ਹ ਹੋਵੇ ਅਤੇ ਉਹਨਾਂ ਦੇ ਬੱਚਿਆਂ ਵਿੱਚ ਕੋਈ ਬਗਾਵਤ ਨਾ ਹੋਵੇ।

### 10. ਸੇਵਕ ਔਰਤਾਂ

ਅਜਿਹਾ ਕਿਹਾ ਜਾ ਸਕਦਾ ਹੈ ਕਿ ਨਵਾਂ ਨੇਮ ਸੇਵਕ ਔਰਤਾਂ ਦੇ ਅਹੁਦੇ ਨੂੰ ਦਰਸਾਉਂਦਾ ਹੈ। ਪਰ ਇਸ ਮਾਮਲੇ ਦੇ ਤੱਥ ਸਪੱਸ਼ਟ ਨਹੀਂ ਹਨ। ਰੋਮੀ 16:1 ਫ਼ੀਬੀ ਨੂੰ "ਸੇਵਾ ਕਰਨ ਵਾਲੀ ਔਰਤ" ਦੱਸਦਾ ਹੈ। ਇਹ ਜਾਣਨਾ ਅਸੰਭਵ ਹੈ ਕਿ ਇਹ ਇੱਕ ਪ੍ਰਸ਼ਾਸਨ ਦਾ ਅਹੁਦਾ ਹੈ ਜਾਂ ਫਿਰ ਪੌਲੁਸ ਸਿਰਫ਼ "ਸੇਵਾ ਕਰਨ ਵਾਲੀ ਔਰਤ" ਦੇ ਬਾਰੇ ਗੱਲ ਕਰ ਰਿਹਾ ਸੀ।

ਕੁਝ ਲੋਕ 1 ਤਿਮੋਥਿ 3:11 ਵਿੱਚ "ਔਰਤਾਂ" ਦਾ ਅਰਥ "ਸੇਵਾ ਕਰਨ ਵਾਲੀਆਂ ਔਰਤਾਂ" ਮੰਨਦੇ ਹਨ ਕਿਉਂਕਿ ਇਸ ਦਾ ਜ਼ਿਕਰ ਅਜਿਹੇ ਸੰਦਰਭ ਵਿੱਚ ਕੀਤਾ ਗਿਆ ਹੈ, ਜਿਸ ਵਿੱਚ ਸੇਵਾਦਾਰਾਂ ਦੇ ਬਾਰੇ ਵਿੱਚ ਸਿਖਾਇਆ ਜਾ ਰਿਹਾ ਹੈ। ਇਸ ਲਈ ਇਹ ਸੰਭਵ ਹੈ। ਪਰ, ਇਹ ਵੀ ਹੋ ਸਕਦਾ ਹੈ ਕਿ 1 ਤਿਮੋਥਿ 3:11 ਦੀਆਂ ਔਰਤਾਂ ਸੇਵਾਦਾਰਾਂ ਦੀਆਂ ਪਤਨੀਆਂ ਜਾਂ ਸੇਵਾਦਾਰਾਂ ਦੀ ਮਦਦ ਕਰਨ ਵਾਲੀਆਂ ਔਰਤਾਂ ਹੋਣ। ਇੱਕ ਵੱਡਾ ਮੁੱਦਾ ਇਹ ਹੈ ਕਿ ਕੀ ਇੱਕ ਔਰਤ ਕਲੀਸਿਯਾ ਵਿੱਚ ਪਾਸਬਾਨ/ਨਿਗਾਹਬਾਨ ਜਾਂ ਸਿੱਖਿਆ ਦੇਣ ਵਾਲੀ ਹੋ ਸਕਦੀ ਹੈ।

### 11. ਕਲੀਸਿਯਾ ਵਿੱਚ ਔਰਤਾਂ ਦੀ ਭੂਮਿਕਾ

ਬਾਈਬਲ ਵਿੱਚ ਵਿਸ਼ਵਾਸ ਰੱਖਣ ਵਾਲਿਆਂ ਦੀ ਦਿਲਚਸਪੀ ਕਿਸੇ ਵਿਚਾਰ ਦੀ ਪ੍ਰਸਿੱਧੀ ਵਿੱਚ ਨਹੀਂ ਬਲਕਿ ਇਸ ਵਿੱਚ ਹੁੰਦੀ ਹੈ ਕਿ ਕੀ ਉਹ ਵਿਚਾਰ ਪਰਮੇਸ਼ਰ ਦੇ ਵਚਨ ਦੇ ਅਨੁਸਾਰ ਹੈ ਜਾਂ ਨਹੀਂ। ਹਾਲਾਂਕਿ ਬਾਈਬਲ ਮਰਦਾਂ ਅਤੇ ਔਰਤਾਂ ਨੂੰ ਵਿਅਕਤੀਤਵ ਅਤੇ ਮੁੱਲ ਵਿੱਚ ਬਰਾਬਰ ਮੰਨਦੀ ਹੈ (ਗਲਾਤੀ 3:28), ਪਰ ਕਲੀਸਿਯਾ ਦੀ ਅਗਵਾਈ ਲਈ ਔਰਤਾਂ ਮਰਦਾਂ ਦੇ ਅਹੁਦੇ ਅਤੇ ਕੰਮ ਦੇ ਅਧੀਨ ਹੁੰਦੀਆਂ ਹਨ। ਇੱਥੇ ਮੁੱਦਾ ਇਹ ਨਹੀਂ ਹੈ ਕਿ ਪਰਮੇਸ਼ਰ ਨੇ ਕਲੀਸਿਯਾ ਨੂੰ ਇਸ ਤਰ੍ਹਾਂ ਕਿਉਂ ਬਣਾਇਆ ਹੈ, ਬਲਕਿ ਇਹ ਹੈ ਕਿ ਕੀ ਲੋਕ ਪਰਮੇਸ਼ਰ ਦੀਆਂ ਸ਼ਰਤਾਂ ਦੇ ਅਧੀਨ ਹੋਣਗੇ ਜਾਂ ਨਹੀਂ।

1 ਤਿਮੋਥਿ 2:11-12 ਔਰਤਾਂ ਉੱਤੇ ਇਹ ਰੋਕ ਲਗਾਉਂਦਾ ਹੈ ਕਿ ਉਹ ਮਰਦਾਂ ਨੂੰ ਨਾ ਸਿਖਾਉਣ।

> ਔਰਤ ਨੂੰ ਚਾਹੀਦਾ ਹੈ ਕਿ ਉਹ ਚੁੱਪਚਾਪ ਅਤੇ ਅਧੀਨ ਹੋ ਕੇ ਸਿੱਖਿਆ ਲਵੇ। **ਮੈਂ ਆਗਿਆ ਨਹੀਂ ਦਿੰਦਾ ਕਿ ਔਰਤ ਸਿੱਖਿਆ ਦੇਵੇ ਜਾਂ ਆਦਮੀ ਦੇ ਉੱਤੇ ਅਧਿਕਾਰ ਰੱਖੇ,** ਉਹ ਚੁੱਪਚਾਪ ਰਹੇ। [1 ਤਿਮੋਥਿ 2:11-12]

ਨਿਊ ਅਮੈਰੀਕਨ ਸਟੈਂਡਰਡ ਅਨੁਵਾਦ ਨੇ ਇਸ ਵਚਨ ਨੂੰ ਸਹੀ ਢੰਗ ਨਾਲ ਪੇਸ਼ ਕੀਤਾ ਹੈ। ਇਹ ਅਨੁਵਾਦ ਇਹ ਨਹੀਂ ਕਹਿੰਦਾ ਹੈ ਕਿ "ਮੈਂ **ਇੱਕ** ਔਰਤ ਨੂੰ **ਇੱਕ** ਆਦਮੀ ਨੂੰ ਸਿੱਖਿਆ ਦੇਣ ਜਾਂ ਉਸ ਉੱਤੇ ਅਧਿਕਾਰ ਰੱਖਣ ਦੀ ਆਗਿਆ ਨਹੀਂ ਦੇਵਾਂਗਾ।" ਯੂਨਾਨੀ ਭਾਸ਼ਾ ਵਿੱਚ, ਇਸ ਦਾ ਸੰਦਰਭ ਇੱਕ ਪਤਨੀ ਦਾ ਆਪਣੇ ਪਤੀ ਨੂੰ ਨਾ ਸਿਖਾਉਣਾ ਅਤੇ ਉਸ ਉੱਤੇ ਅਧਿਕਾਰ ਨਾ ਰੱਖਣਾ ਹੋਵੇਗਾ। ਪਰ, ਇੱਥੇ ਸੀਮਾ ਇੱਕ ਪਤਨੀ ਦੇ ਆਪਣੇ ਪਤੀ ਉੱਤੇ ਅਧਿਕਾਰ ਰੱਖਣ ਤੋਂ ਪਰੇ ਹੈ। ਪੌਲੁਸ ਨੇ **ਕਿਸੇ ਵੀ** ਔਰਤ ਨੂੰ **ਕਿਸੇ ਵੀ** ਆਦਮੀ ਉੱਤੇ ਅਧਿਕਾਰ ਰੱਖਣ ਦੀ ਆਗਿਆ ਨਹੀਂ ਦਿੱਤੀ ਹੈ। ਇਸ ਗੱਲ ਵਿੱਚ ਕੁਝ ਲਚਕਤਾ ਹੋ ਸਕਦੀ ਹੈ ਕਿ ਇੱਕ ਅਧਿਕਾਰ ਦਾ ਅਹੁਦਾ ਕਿਹੜਾ ਹੈ ਜਿਵੇਂ ਕਿ ਇੱਕ ਔਰਤ ਕਲੀਸਿਯਾ ਦੀ ਅਰਾਧਨਾ ਕਰਨ ਵਾਲੀ ਟੀਮ ਦੀ ਡਾਇਰੈਕਟਰ ਹੋ ਸਕਦੀ ਹੈ। ਇਸੇ ਤਰ੍ਹਾਂ, ਇਹ ਵਿਆਖਿਆ ਵੀ ਜ਼ਰੂਰੀ ਹੈ ਕਿ ਮੁੰਡੇ ਕਦੋਂ "ਆਦਮੀ" ਬਣਦੇ ਹਨ (ਜਿਵੇਂ ਕਿ, ਇੱਕ ਔਰਤ ਨੌਜਵਾਨਾਂ ਦੇ ਸਮੂਹ ਨੂੰ ਸਿੱਖਿਆ ਦਿੰਦੀ ਹੈ)। ਇਸ ਤੋਂ ਇਲਾਵਾ, ਗ਼ੈਰ-ਰਸਮੀ ਹਲਾਤਾਂ ਵਿੱਚ, ਅਜਿਹਾ ਲੱਗਦਾ ਹੈ ਜਿਵੇਂ ਬਾਈਬਲ ਇੱਕ ਔਰਤ ਦੇ ਇੱਕ

ਮਰਦ ਨੂੰ ਸਿਖਾਉਣ ਦਾ ਵਿਰੋਧ ਨਹੀਂ ਕਰਦੀ ਹੈ (ਜਿਵੇਂ ਕਿ ਪ੍ਰਿਸਕਿੱਲਾ ਦਾ ਅਪੁੱਲੋਸ ਨੂੰ ਸਿਖਾਉਣਾ, ਦੇਖੋ ਰਸੂਲਾਂ18:26)। ਫਿਰ ਵੀ, ਇੱਕ ਔਰਤ ਦੇ ਪਾਸਬਾਨ ਜਾਂ ਨਿਗਾਹਬਾਨ ਹੋਣ ਜਾਂ ਨੌਜਵਾਨ ਆਦਮੀਆਂ ਨੂੰ ਸਿੱਖਿਆ ਦੇਣ ਦੇ ਬਾਰੇ ਵਿੱਚ ਕੋਈ ਅਸਪੱਸ਼ਤਾ ਨਹੀਂ ਹੋਣੀ ਚਾਹੀਦੀ ਹੈ। ਬਾਈਬਲ ਇਸ ਦੀ ਕੋਈ ਆਗਿਆ ਨਹੀਂ ਦਿੰਦੀ ਹੈ, ਅਤੇ ਪਰਮੇਸ਼ਰ ਇਸ ਪਾਬੰਦੀ ਲਈ ਆਪਣੇ ਤਰਕ ਦੀ ਕੋਈ ਵਿਆਖਿਆ ਨਹੀਂ ਦਿੰਦੇ ਹਨ। ਅਸੀਂ ਇਹ ਮੰਨ ਸਕਦੇ ਹਾਂ ਕਿ ਇਸ ਦਾ ਬੁੱਧੀ ਦੀ ਘਾਟ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਇਹ ਸ਼ਾਇਦ ਕਲੀਸਿਯਾ ਵਿੱਚ ਅੰਦੂਰਨੀ ਸਥਿਰਤਾ ਬਣਾਈ ਰੱਖਣ ਜਾਂ ਸੰਸਾਰ ਵਿੱਚ ਆਦਮੀਆਂ ਵਿਚਕਾਰ ਇੱਕ ਪ੍ਰਭਾਵਸ਼ਾਲੀ ਗਵਾਹੀ ਹੋਣ ਦੇ ਮਾਮਲੇ ਨਾਲ ਜੁੜਿਆ ਹੋਇਆ ਮੁੱਦਾ ਹੋ ਸਕਦਾ ਹੈ।

1 ਤਿਮੋਥਿ 3:1ff. ਅਤੇ ਤੀਤੁਸ 1:5ff. ਵਿੱਚ ਪਾਸਬਾਨ/ ਨਿਗਾਹਬਾਨ ਦੀਆਂ ਯੋਗਤਾਵਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਔਰਤਾਂ ਦੇ ਪਾਸਬਾਨ/ਬਜ਼ੁਰਗ ਆਗੂ/ਨਿਗਾਹਬਾਨ ਹੋਣ ਦੇ ਬਾਰੇ ਵਿੱਚ ਕੋਈ ਵਿਚਾਰ ਨਹੀਂ ਦਿੱਤਾ ਜਾ ਰਿਹਾ ਸੀ।

> **ਤੁਹਾਡੀਆਂ ਕਲੀਸਿਯਾਵਾਂ ਵਿੱਚ ਔਰਤਾਂ ਚੁੱਪ ਰਹਿਣ।** ਉਹਨਾਂ ਨੂੰ ਬੋਲਣ ਦੀ ਆਗਿਆ ਨਹੀਂ ਹੈ। ਉਹ ਵਿਵਸਥਾ ਦੇ ਅਨੁਸਾਰ ਅਧੀਨ ਰਹਿਣ। ਜੇਕਰ ਉਹ ਕੁਝ ਸਿੱਖਣ ਦੀਆਂ ਚਾਹਵਾਨ ਹਨ ਤਾਂ ਆਪਣੇ ਪਤੀ ਕੋਲੋਂ ਘਰ ਵਿੱਚ ਹੀ ਪੁੱਛਣ ਕਿਉਂਕਿ **ਔਰਤ ਦੇ ਲਈ ਕਲੀਸਿਯਾ ਵਿੱਚ ਬੋਲਣਾ ਸ਼ਰਮ ਦੀ ਗੱਲ ਹੈ।** [1 ਕੁਰਿੰਥ 14:34-35]

1 ਕੁਰਿੰਥ 14:34 ਇਹ ਹੁਕਮ ਦਿੰਦਾ ਹੈ ਕਿ ਔਰਤਾਂ "ਕਲੀਸਿਯਾ ਵਿੱਚ ਚੁੱਪ ਰਹਿਣ।" ਇਹ ਮੂੰਹ ਤੇ ਜਿੰਦਰਾ ਮਾਰ ਕੇ ਬੈਠ ਜਾਣਾ ਨਹੀਂ ਹੈ, ਕਿਉਂਕਿ ਤਿੰਨ ਅਧਿਆਇ ਪਹਿਲਾਂ ਹੀ ਪੌਲੁਸ ਨੇ ਔਰਤਾਂ ਨੂੰ ਸਿਰ ਢੱਕ ਕੇ ਪ੍ਰਾਰਥਨਾ ਅਤੇ ਭਵਿੱਖਬਾਣੀ ਕਰਦੇ ਹੋਏ ਦਰਸਾਇਆ ਸੀ (ਦੇਖੋ, 1 ਕੁਰਿੰਥ 11:2-16)। ਹਾਲਾਂਕਿ ਇੱਥੇ ਸੰਦਰਭ ਪਰਾਈਆਂ ਭਾਸ਼ਾਵਾਂ ਵਿੱਚ ਬੋਲਣ ਅਤੇ ਭਵਿੱਖਬਾਣੀ ਕਰਨ ਦਾ ਹੈ, ਫਿਰ ਵੀ ਅਜਿਹਾ ਨਹੀਂ ਲੱਗਦਾ ਹੈ ਕਿ 1 ਕੁਰਿੰਥ 14:34 ਸ਼ੁਰੂਆਤੀ ਕਲੀਸਿਯਾ ਵਿੱਚ ਔਰਤਾਂ ਨੂੰ ਬੋਲਣ ਤੋਂ ਪੂਰੀ ਤਰ੍ਹਾਂ ਰੋਕ ਰਿਹਾ ਹੈ, ਕਿਉਂਕਿ ਬਾਈਬਲ ਕਈ ਨਬੀਆਂ ਦਾ ਜ਼ਿਕਰ ਹੈ ਜੋ ਔਰਤਾਂ ਸਨ (ਮਰਿਯਮ – ਕੂਚ15:20, ਗਿਣਤੀ 12:1-2, ਅਤੇ ਮੀਕਾਹ 6:4; ਦਬੋਰਾਹ – ਨਿਆਈਂ 4:4; ਹੁਲਦਾਹ - 2 ਰਾਜਾ 22:14- 15, ਅਤੇ 2 ਇਤਿਹਾਸ 34:22-23; ਹੱਨਾ – ਲੂਕਾ 2:36; ਫ਼ਿਲਿੱਪੁਸ ਦੀਆਂ ਬੇਟੀਆਂ – ਰਸੂਲਾਂ 21:9; ਅਤੇ 1 ਕੁਰਿੰਥ 11:2-16)।

1 ਕੁਰਿੰਥ 14:34 ਦੀ ਸਭ ਤੋਂ ਵਧੀਆ ਵਿਆਖਿਆ ਉਦੋਂ ਹੀ ਹੋਵੇਗੀ ਜਦੋਂ ਇਸ ਨੂੰ 1 ਤਿਮੋਥਿ 2:11-12 ਨਾਲ ਪੜ੍ਹਿਆ ਜਾਵੇਗਾ। ਜਦੋਂ ਪੌਲੁਸ ਕਹਿੰਦਾ ਹੈ: “ਔਰਤ ਚੁੱਪ ਰਹੇ,” ਤਾਂ ਉਹ ਕਿਸੇ ਵੀ ਪ੍ਰਕਾਰ ਦੇ ਬੋਲਣ ਤੋਂ ਮਨ੍ਹਾ ਨਹੀਂ ਕਰ ਰਿਹਾ ਹੈ, ਪਰ ਉਹ ਸਿਰਫ਼ ਪਾਸਬਾਨ/ ਨਿਗਾਹਬਾਨ ਜਾਂ ਸਿੱਖਿਆ ਦੇਣ ਵਾਲੇ ਦੀ ਭੂਮਿਕਾ ਵਿੱਚ ਬੋਲਣ ਤੋਂ ਮਨ੍ਹਾ ਕਰ ਰਿਹਾ ਹੈ। ਔਰਤਾਂ ਨੂੰ ਇਸ ਤਰੀਕੇ ਨਾਲ ਨਹੀਂ ਬੋਲਣਾ ਚਾਹੀਦਾ ਜਿਸ ਨਾਲ ਇੱਕ ਸਥਾਨਕ ਕਲੀਸਿਯਾ ਵਿੱਚ ਉਹਨਾਂ ਨੂੰ ਆਦਮੀਆਂ ਉੱਤੇ ਅਧਿਕਾਰ ਪ੍ਰਾਪਤ ਹੋ ਜਾਵੇ। 1 ਕੁਰਿੰਥ 14:35 ਦੀ ਮੁੱਖ ਗੱਲ ਇਹ ਲੱਗਦੀ ਹੈ ਕਿ ਔਰਤ ਨੂੰ ਆਦਮੀਆਂ ਤੋਂ ਸਵਾਲ ਨਹੀਂ ਕਰਨਾ ਚਾਹੀਦਾ ਹੈ, ਜਿਸ ਦਾ ਅਰਥ ਖ਼ਾਸ ਤੌਰ ਤੇ ਇਹ ਹੈ ਕਿ ਉਹਨਾਂ ਨੂੰ ਰਸਮੀ ਸਥਿਤੀ ਵਿੱਚ ਕਲੀਸਿਯਾ ਵਿੱਚ ਸਿੱਖਿਆ ਦੇਣ ਵਾਲੇ ਆਦਮੀ ਨੂੰ "ਚੁਣੌਤੀ" ਨਹੀਂ ਦੇਣੀ ਚਾਹੀਦੀ ਹੈ।

ਹਾਲਾਂਕਿ ਇੱਕ ਸਥਾਨਕ ਕਲੀਸਿਯਾ ਵਿੱਚ ਬਾਈਬਲ ਔਰਤਾਂ ਦੀ ਭੂਮਿਕਾ ਨੂੰ ਸੀਮਿਤ ਕਰ ਦਿੰਦੀ ਹੈ, ਪਰ ਇਹ ਅਜਿਹੀਆਂ ਉਦਾਹਰਣਾਂ ਵੀ ਦਿੰਦੀ ਹੈ ਜਿਹਨਾਂ ਵਿੱਚ ਔਰਤਾਂ ਇੱਕ ਸਥਾਨਕ ਕਲੀਸਿਯਾ ਦੀ ਸੇਵਕਾਈ ਵਿੱਚ ਆਪਣਾ ਯੋਗਦਾਨ ਦੇ ਰਹੀਆਂ ਹਨ। ਤੀਤੁਸ 2:3-5 ਵਿੱਚ ਔਰਤਾਂ ਨੂੰ ਦੂਜੀਆਂ ਔਰਤਾਂ ਦੀ ਸੇਵਾ ਕਰਨ ਦਾ ਕੰਮ ਦਿੱਤਾ ਗਿਆ ਹੈ, ਅਤੇ ਔਰਤਾਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਦੀਆਂ ਉਦਾਹਰਣਾਂ ਵੀ ਹਨ (2 ਤਿਮੋਥਿ 1:5; 3:15)।

> ਇਸੇ ਤਰ੍ਹਾਂ ਬਜ਼ੁਰਗ ਔਰਤਾਂ ਦਾ ਆਚਰਨ ਪਵਿੱਤਰ ਹੋਵੇ। ਉਹ ਦੂਜਿਆਂ ਦੀ ਨਿੰਦਾ ਕਰਨ ਵਾਲੀਆਂ ਨਾ ਹੋਣ ਅਤੇ ਨਾ ਹੀ ਮੈਅ ਪੀਣ ਦੀਆਂ ਆਦੀ ਹੋਣ। ਉਹ ਕੇਵਲ ਭਲੀ ਸਿੱਖਿਆ ਹੀ ਦੇਣ ਅਤੇ ਜਵਾਨ ਔਰਤਾਂ ਨੂੰ ਇਸ ਤਰ੍ਹਾਂ ਸਿੱਖਿਆ ਦੇਣ ਕਿ ਉਹ ਆਪਣੇ ਪਤੀਆਂ ਅਤੇ ਬੱਚਿਆਂ ਨੂੰ ਪਿਆਰ ਕਰਨ ਵਾਲੀਆਂ, ਸੰਜਮੀ, ਸ਼ੁੱਧ, ਆਪਣੇ ਘਰ ਦੀ ਦੇਖਭਾਲ ਕਰਨ ਵਾਲੀਆਂ, ਦਇਆਵਾਨ ਅਤੇ ਆਪਣੇ ਪਤੀਆਂ ਦੀ ਆਗਿਆ ਮੰਨਣ ਵਾਲੀਆਂ ਹੋਣ ਤਾਂ ਜੋ ਪਰਮੇਸ਼ਰ ਦੇ ਵਚਨ ਦੀ ਨਿੰਦਾ ਨਾ ਹੋਵੇ। [ਤੀਤੁਸ 2:3-5]

ਔਰਤਾਂ ਦੇ ਸੇਵਕਾਈਆਂ ਵਿੱਚ ਸ਼ਾਮਲ ਹੋਣ ਦੀਆਂ ਹੋਰ ਉਦਾਹਰਣਾਂ ਵਿੱਚ ਸੰਗੀਤ (ਅਜ਼ਰਾ 2:65 ਅਤੇ ਨਹਮ 7:67), ਤੰਬੂ ਲਈ ਸੇਵਾਦਾਰਨੀਆਂ (ਕੂਚ 38:8), ਦਾਨ ਅਤੇ ਭਲਾਈ ਦੇ ਕੰਮ (ਲੂਕਾ 8:3 ਅਤੇ ਰਸੂਲਾਂ 9:36ff.), ਅਤੇ ਆਮ ਸੇਵਾ (ਰੋਮੀ16:1 ਅਤੇ 1 ਤਿਮੋਥਿ 3:11) ਸ਼ਾਮਲ ਹੈ।

### D. ਕਲੀਸਿਯਾ ਦੀਆਂ ਵਿਧੀਆਂ

#### 1. ਪ੍ਰਭੂ-ਭੋਜ

ਬਹੁਤ ਸਾਰੇ ਮਸੀਹੀ ਇਹ ਜਾਣਦੇ ਹਨ ਕਿ ਰੇਫਰਮੇਸ਼ਨ ਤੋਂ ਪੈਦਾ ਹੋਣ ਵਾਲੇ ਵਿਸ਼ਾਲ ਮਹਾਂਦੀਪੀ ਸੰਸਥਾਵਾਂ ਵਿੱਚ ਰੇਫੋਰਮਰ ਕਲੀਸਿਯਾ (ਪ੍ਰੈਸਬੈਟੀਰੀਅਨ) ਅਤੇ ਲੂਥਰਨ ਕਲੀਸਿਯਾ ਹਨ। ਸ਼ੁਰੂ ਵਿੱਚ ਇਹ ਕੋਸ਼ਿਸ਼ ਕੀਤੀ ਗਈ ਸੀ ਕਿ ਇਹਨਾਂ ਦੋਵਾਂ ਸਮੂਹਾਂ ਨੂੰ ਰੋਮਨ ਕੈਥੋਲਿਕਵਾਦ ਦੇ ਵਿਰੁੱਧ ਇੱਕ ਸਮੂਹਿਕ ਮੋਰਚੇ ਦੇ ਰੂਪ ਵਿੱਚ ਖੜ੍ਹਾ ਕੀਤਾ ਜਾਵੇ। ਜ਼ਵਿੰਗਲੀ ਅਤੇ ਲੂਥਰ ਇੱਕ ਦੂਜੇ ਨੂੰ ਮਿਲੇ। ਉਹ ਹੋਰ

ਪ੍ਰਸਿੱਧ ਬਾਈਬਲ ਵਿਦਵਾਨਾਂ ਨਾਲ ਮਿਲ ਕੇ ਇੱਕ ਆਮ ਸਿਧਾਂਤਕ ਬਿਆਨ ਦੇਣ ਲਈ ਮਾਰਬਰਗ ਵਿੱਚ ਬੈਠ ਗਏ। ਉਹ ਪੰਦਰਾਂ ਸਿਧਾਂਤਕ ਗੱਲਾਂ ਵਿੱਚੋ ਚੌਦਾਂ ਉੱਤੇ ਸਹਿਮਤ ਹੋਏ ਪਰ ਸਿਰਫ਼ ਪ੍ਰਭੂ ਭੋਜ ਦੇ ਮੁੱਦੇ ਉੱਤੇ ਉਹ ਸਹਿਮਤ ਨਾ ਹੋ ਸਕੇ।

ਲੂਥਰ ਨੇ ਇੱਕ ਚਾਕ ਲਿਆ ਅਤੇ ਮੇਜ਼ ਉੱਤੇ ਲਿਖਿਆ, "ਇਹ ਮੇਰਾ ਸਰੀਰ ਹੈ।" ਜ਼ਵਿੰਗਲੀ ਦਾ ਮੰਨਣਾ ਸੀ ਕਿ ਪ੍ਰਭੂ ਭੋਜ ਦੇ ਤੱਤ ਸਿਰਫ਼ ਯਾਦਗੀਰੀ ਲਈ ਸਨ। ਇਸ ਤਰ੍ਹਾਂ, ਉਹ ਗੱਲਬਾਤ ਕਿਸੇ ਸਹਿਮਤੀ ਜਾਂ ਰੋਮਨ ਕੈਥੋਲਿਕਵਾਦ ਦੇ ਵਿਰੁੱਧ ਇੱਕ ਸਮੂਹਿਕ ਬਚਾਅ ਦਾ ਮੋਰਚਾ ਬਣੇ ਬਿਨਾਂ ਹੀ ਖ਼ਤਮ ਹੋ ਗਈ। ਦੋ ਸਾਲ ਬਾਅਦ ਜ਼ਵਿੰਗਲੀ ਅਤੇ ਬਹੁਤ ਸਾਰੇ ਸਵਿਸ ਰੇਫੋਰਮਰ ਵਿਸ਼ਵਾਸੀ ਕੈਪੇਲ ਦੀ ਲੜਾਈ ਵਿੱਚ ਮਾਰੇ ਗਏ।[2]

ਇਹ ਕਿੱਸਾ ਦਰਸਾਉਂਦਾ ਹੈ ਕਿ ਜਿਸ ਵਿਧੀ ਨੇ ਸਾਰੇ ਵਿਸ਼ਵਾਸੀਆਂ ਦੀ ਏਕਤਾ ਨੂੰ ਸਥਾਪਿਤ ਕਰਨਾ ਸੀ, ਉਹੀ ਇੱਕ ਦੁੱਖ ਦੇ ਰੂਪ ਵਿੱਚ ਮਤਭੇਦ ਦਾ ਕਾਰਨ ਬਣ ਗਈ ਸੀ। ਜਦੋਂ ਅਸੀਂ ਬਾਈਬਲ ਦੇ ਮੁੱਖ ਤੱਥਾਂ ਦੀ ਸਮਝ ਵਿੱਚ, ਅਤੇ ਹੋਰ ਗੰਭੀਰ ਅਭਿਆਸਾਂ ਦੇ ਪ੍ਰਤੀ ਸ਼ਹਿਣਸ਼ੀਲਤਾ ਦਿਖਾਉਂਦੇ ਹੋਏ ਅੱਗੇ ਵੱਧਦੇ ਹਾਂ, ਤਾਂ ਪ੍ਰਭੂ ਭੋਜ ਇੱਕ ਅਜਿਹਾ ਅਭਿਆਸ ਹੋ ਸਕਦਾ ਹੈ ਜੋ ਵਿਸ਼ਵਾਸੀਆਂ ਨੂੰ ਮਸੀਹ ਅਤੇ ਇੱਕ-ਦੂਜੇ ਦੇ ਨੇੜੇ ਲਿਆਉਂਦਾ ਹੈ, ਅਤੇ ਜਿਸ ਵਿੱਚ ਰੋਟੀ ਅਤੇ ਪਿਆਲੇ ਦੁਆਰਾ ਮਸੀਹ ਵਿੱਚ ਸਾਡੀ ਏਕਤਾ ਨੂੰ ਦੇਖਿਆ ਜਾ ਸਕਦਾ ਹੈ।

### a. ਸ਼ੁਰੂਆਤੀ ਵਿਕਲਪਿਕ ਅਭਿਆਸ

ਪ੍ਰਭੂ ਭੋਜ ਨਾਲ ਜੁੜੇ ਕੁਝ ਅਭਿਆਸ ਹਨ ਜੋ **ਬਾਈਬਲ ਦੇ ਨਮੂਨੇ ਤਾਂ** ਹਨ, ਪਰ **ਬਾਈਬਲ ਦੇ ਹੁਕਮ** ਨਹੀਂ ਹਨ। ਉਹਨਾਂ ਨੂੰ ਅਜਿਹੇ ਅਭਿਆਸਾਂ ਵਜੋਂ ਦਰਜ ਕੀਤਾ ਗਿਆ ਹੈ ਜਿਹਨਾਂ ਨੂੰ ਸ਼ੁਰੂਆਤੀ ਮਸੀਹੀਆਂ ਨੇ ਸ਼ਾਇਦ ਕੀਤਾ ਸੀ, ਪਰ ਉਹ ਅਜਿਹੇ ਹੁਕਮਾਂ ਦੇ ਰੂਪ ਵਿੱਚ ਦਰਜ ਨਹੀਂ ਹੈ ਜਿਹਨਾਂ ਦੀ ਹਰ ਸਮੇਂ ਦੇ ਵਿਸ਼ਵਾਸੀਆਂ ਨੂੰ ਪਾਲਣਾ ਕਰਨੀ ਚਾਹੀਦੀ ਹੈ।

### (1) ਪਿਆਰ ਦੇ ਭੋਜ

ਨਵੇਂ ਨੇਮ ਦੀਆਂ ਘੱਟੋ-ਘੱਟ ਤਿੰਨ ਆਇਤਾਂ ਇਹ ਦਰਸਾਉਂਦੀਆਂ ਹਨ ਕਿ ਪ੍ਰਭੂ ਭੋਜ ਦਾ ਅਭਿਆਸ ਕਰਨ ਤੋਂ ਪਹਿਲਾਂ ਸ਼ੁਰੂਆਤੀ ਕਲੀਸਿਯਾ ਵਿੱਚ ਇੱਕ ਪੂਰਾ ਭੋਜ, ਪਿਆਰ ਦਾ ਭੋਜ ਖਾਂਦੀ ਸੀ। ਕਲੀਸਿਯਾ ਦੇ ਸ਼ੁਰੂਆਤੀ ਇਤਿਹਾਸ ਵਿੱਚ ਇਹਨਾਂ ਪਿਆਰ ਦੇ ਭੋਜਾਂ ਦੀ ਕਾਫ਼ੀ ਪੁਸ਼ਟੀ ਮਿਲ ਜਾਂਦੀ ਹੈ।

> ਕਿਉਂਕਿ ਜਦੋਂ ਤੁਸੀਂ ਇਕੱਠੇ ਹੁੰਦੇ ਹੋ ਤਾਂ ਉਸ ਨੂੰ ਪ੍ਰਭੂ ਭੋਜ ਨਹੀਂ ਕਿਹਾ ਜਾ ਸਕਦਾ। ਹੁੰਦਾ ਇਹ ਹੈ ਕਿ ਤੁਸੀਂ ਆਪਣੇ ਭੋਜਨ ਖਾਣ ਵਿੱਚ ਲੱਗ ਜਾਂਦੇ ਹੋ, ਨਤੀਜੇ ਵੱਲੋਂ ਕੁਝ ਭੁੱਖੇ ਰਹਿ ਜਾਂਦੇ ਹਨ ਅਤੇ ਕੁਝ ਮਤਵਾਲੇ ਹੋ ਜਾਂਦੇ ਹਨ। ਕੀ ਖਾਣ- ਪੀਣ ਦੇ ਲਈ ਤੁਹਾਡੇ ਕੋਲ ਆਪਣੇ ਘਰ ਨਹੀਂ ਹਨ? ਕੀ ਤੁਸੀਂ ਪਰਮੇਸ਼ਰ ਦੀ ਕਲੀਸਿਯਾ ਨੂੰ ਤੁੱਛ ਸਮਝਦੇ ਹੋ ਅਤੇ ਗਰੀਬਾਂ ਦਾ ਅਪਮਾਨ ਕਰਦੇ ਹੋ? ਮੈਂ ਤੁਹਾਨੂੰ ਇਸ ਦੇ ਲਈ ਕੀ ਕਹਾਂ? ਕੀ ਮੈਂ ਤੁਹਾਡੀ ਸ਼ਲਾਘਾ ਕਰਾਂ ? ਨਹੀਂ, ਘੱਟ ਤੋਂ ਘੱਟ ਇਸ ਲਈ ਨਹੀਂ। [1 ਕੁਰਿੰਥ 11:20-22]

ਉੱਪਰ ਦਿੱਤਾ ਵਚਨ ਪ੍ਰਭੂ ਭੋਜ ਤੋਂ ਪਹਿਲਾਂ ਕੀਤੇ ਜਾਣ ਵਾਲੇ ਭੋਜਨ ਦੇ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ। ਇਹ ਸਪੱਸ਼ਟ ਹੈ ਕਿ ਕੁਰਿੰਥੀਆਂ ਦੇ ਲੋਕ ਪ੍ਰਭੂ ਭੋਜ ਦੇ ਹੁਕਮ ਦੀ ਪਾਲਣਾ ਕਰਨ ਤੋਂ ਪਹਿਲਾਂ ਇੱਕ ਭੋਜਨ ਖਾਂਦੇ ਸਨ।

> ਉਹ ਦੂਜਿਆਂ ਨੂੰ ਦੁੱਖ ਦਿੰਦੇ ਹਨ, ਇਸ ਲਈ ਉਹਨਾਂ ਨੂੰ ਵੀ ਦੁੱਖ ਦਿੱਤਾ ਜਾਵੇਗਾ। ਉਹ ਖੁਲ੍ਹੇਆਮ ਰੰਗ-ਰਲੀਆਂ ਮਨਾਉਂਦੇ ਹਨ। ਉਹ ਤੁਹਾਡੀਆਂ **ਦਾਅਵਤਾਂ** ਵਿੱਚ ਰੰਗ-ਰਲੀਆਂ ਮਨਾ ਕੇ ਤੁਹਾਡੀ ਨਿੰਦਾ ਅਤੇ ਨਿਰਾਦਰ ਦਾ ਕਾਰਨ ਹਨ ਅਤੇ ਇਹਨਾਂ ਦੇ ਦੁਆਰਾ ਉਹ ਤੁਹਾਨੂੰ ਧੋਖਾ ਦਿੰਦੇ ਹਨ [2 ਪਤਰਸ 2:13]
>
> ਇਹ ਮਨੁੱਖ ਤੁਹਾਡੇ **ਪਿਆਰ ਭੋਜਨਾਂ** ਦੇ ਵਿੱਚ ਲੁਕੇ ਹੋਏ ਖ਼ਤਰੇ ਹਨ, ਇਹ ਤੁਹਾਡੇ ਨਾਲ ਬਿਨਾਂ ਕਿਸੇ ਸ਼ਰਮ ਦੇ ਖਾਂਦੇ ਪੀਂਦੇ ਹਨ। ਇਹ ਕੇਵਲ ਆਪਣਾ ਹੀ ਸੁਆਰਥ ਦੇਖਦੇ ਹਨ...[ਯਹੂਦਾ 12]

ਪ੍ਰਭੂ ਭੋਜ ਤੋਂ ਪਹਿਲਾਂ ਪਿਆਰ ਦੇ ਭੋਜਨ ਦੀ ਜ਼ਰੂਰਤ ਨਹੀਂ ਹੈ, ਪਰ ਫਿਰ ਵੀ ਇਹ ਨਵੇਂ ਨੇਮ ਵਿੱਚ ਇੱਕ ਨਮੂਨੇ ਦੀ ਤਰ੍ਹਾਂ ਹੈ। ਇਹ ਪੂਰੀ ਕਲੀਸਿਯਾ ਨੂੰ ਇਕੱਠੇ ਕਰਨ ਦਾ ਇੱਕ ਚੰਗਾ ਸਾਧਨ ਹੋ ਸਕਦਾ ਹੈ।

### (2) ਪ੍ਰਭੂ ਭੋਜ ਦੀ ਮੈਅ

ਹਾਲਾਂਕਿ ਅੰਗੂਰ ਦਾ ਰਸ "ਮੈਅ" ਹੀ ਹੁੰਦਾ ਹੈ (ਦੇਖੋ, ਮੱਤੀ 26:29; ਮਰਕੁਸ 14:25; ਲੂਕਾ 22:18), ਫਿਰ ਵੀ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਵੇਂ ਨੇਮ ਦੀ ਕਲੀਸਿਯਾ ਨੇ ਪ੍ਰਭੂ ਭੋਜ ਲਈ ਅਸਲੀ ਮੈਅ ਦੀ ਵਰਤੋਂ ਕੀਤੀ ਸੀ। ਪ੍ਰਭੂ ਨੇ ਪਾਣੀ ਨੂੰ ਮੈਅ ਵਿੱਚ ਬਦਲਿਆ ਸੀ (ਯੂਹੰਨਾ 2:1) ਅਤੇ ਮੈਅ ਪੀਤੀ ਸੀ (ਲੂਕਾ 7:33-39)। ਉਸ ਸਮੇਂ ਮੈਅ ਵਿੱਚ ਦੋ, ਤਿੰਨ, ਜਾਂ ਚਾਰ ਹਿੱਸੇ ਪਾਣੀ ਮਿਲਾਇਆ ਜਾਂਦਾ ਹੈ। ਕੁਰਿੰਥੁਸ ਦੀ ਕਲੀਸਿਯਾ ਅਸਲੀ ਅਤੇ ਬਿਨਾਂ ਪਾਣੀ ਵਿੱਚ ਮਿਲਾਈ ਮੈਅ ਦੀ ਵਰਤੋਂ ਕਰਦੀ ਹੋਵੇਗੀ ਤਾਂ ਹੀ ਲੋਕ ਸ਼ਰਾਬੀ ਹੋ ਰਹੇ ਸਨ (1 ਕੁਰਿੰਥ 11:21)। ਜੇਕਰ ਪ੍ਰਭੂ ਭੋਜ ਵਿੱਚ ਸ਼ੁਰੂਆਤੀ ਕਲੀਸਿਯਾ ਦੀ ਉਦਾਹਰਣ ਅਸਲੀ ਮੈਅ ਦੀ ਵਰਤੋਂ ਦਰਸਾਉਂਦੀ ਹੈ, ਤਾਂ ਕੀ ਇਸ ਦਾ ਅਰਥ ਇਹ ਹੈ ਕਿ ਅੱਜ ਦੀਆਂ ਕਲੀਸਿਯਾਵਾਂ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ? ਅਜਿਹਾ ਨਹੀਂ ਲੱਗਦਾ ਹੈ। ਇਸ ਨਾਲ ਉਹ ਮਾਪੇ ਠੇਕਰ ਖਾਣਗੇ ਜਿਹਨਾਂ ਦੇ ਬੱਚੇ ਛੋਟੇ ਹਨ, ਕਿਉਂਕਿ ਉਹਨਾਂ ਦੇ ਬੱਚੇ ਇਸ ਆਦਤ ਦਾ

[2] ਰੋਲੈਂਡ ਐਚ., ਬੈਨਟਨ, *ਹੀਅਰ ਆਈ ਸਟੈਂਡ: ਏ ਲਾਈਫ ਆਫ਼ ਮਾਰਟਿਨ ਲੂਥਰ, ਰੀਪ੍ਰਿੰਟਡ.* (ਨੈਸ਼ਵਿਲ: ਅਬਿੰਗਡਨ, 1978), ਪੰਨੇ 249-251

ਸ਼ਿਕਾਰ ਹੋ ਜਾਣਗੇ, ਅਤੇ ਜਿਹੜੇ ਲੋਕ ਪਹਿਲਾਂ ਹੀ ਇਸ ਆਦਤ ਨੂੰ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ, ਇਹ ਉਹਨਾਂ ਦੇ ਲਈ ਇੱਕ ਰੁਕਾਵਟ ਬਣ ਜਾਵੇਗੀ। ਅਸਲੀ "ਮੈਅ" ਦੀ ਵਰਤੋਂ ਨੂੰ ਕਿਸੇ ਜੂਸ ਵਿੱਚ ਬਦਲਣ ਲਈ ਰੋਮੀ 14:21 ਨੂੰ ਇੱਕ ਤਰਕ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ ਕਿਉਂਕਿ ਜੂਸ ਵੀ ਲਹੂ ਦਾ ਪ੍ਰਤੀਕ ਹੋ ਸਕਦਾ ਹੈ। 1 ਕੁਰਿੰਥ 10:31-32 ਵੀ ਇਸ ਵਿਸ਼ੇ ਲਈ ਢੁੱਕਵਾਂ ਹੈ ਅਤੇ ਇਹ ਪ੍ਰਭੂ ਭੋਜ ਦੇ ਸੰਦਰਭ ਵਿੱਚ ਆਉਂਦਾ ਹੈ।

> ਚੰਗਾ ਤਾਂ ਇਹ ਹੈ ਕਿ ਮਾਸ ਜਾਂ ਮੈਅ ਜਾਂ ਕੋਈ ਅਜਿਹੀ ਚੀਜ਼ ਜਿਸ ਤੋਂ ਤੇਰਾ ਭਰਾ ਪਾਪ ਵਿੱਚ ਡਿੱਗ ਸਕਦਾ ਹੈ, ਨਾ ਵਰਤੇ। [ਰੋਮੀ 14:21]
>
> ਤੁਸੀਂ ਖਾਓ ਜਾਂ ਪੀਓ ਪਰ ਜੋ ਕੁਝ ਵੀ ਕਰੋ, ਪਰਮੇਸ਼ਰ ਦੀ ਵਡਿਆਈ ਲਈ ਕਰੋ। ਪਰ ਕਿਸੇ ਦੇ ਲਈ ਵੀ ਠੇਕਰ ਦਾ ਕਾਰਨ ਨਾ ਬਣੋ, ਨਾ ਯਹੂਦੀਆਂ ਦੇ ਲਈ, ਨਾ ਪਰਾਈਆਂ ਕੌਮਾਂ ਦੇ ਲਈ ਅਤੇ ਨਾ ਪਰਮੇਸ਼ਰ ਦੀ ਕਲੀਸਿਯਾ ਦੇ ਲਈ। [1 ਕੁਰਿੰਥ 10:31-32]

ਉਹ ਕਲੀਸਿਯਾਵਾਂ ਜੋ ਪ੍ਰਭੂ ਭੋਜ ਵਿੱਚ ਅਸਲੀ ਮੈਅ ਦੀ ਵਰਤੋਂ ਕਰਦੀਆਂ ਹਨ, ਉਹ ਸ਼ੁਰੂਆਤੀ ਕਲੀਸਿਯਾ ਦਾ ਇੱਕ ਜ਼ਿਆਦਾ ਨੇੜੇ ਦਾ ਨਮੂਨਾ ਹਨ। ਪਰ, ਉਹ ਕਲੀਸਿਯਾਵਾਂ ਜੋ ਜੂਸ ਨੂੰ "ਮੈਅ" ਵਜੋਂ ਵਰਤਦੀਆਂ ਹਨ, ਉਹ ਸ਼ੁਰੂਆਤੀ ਕਲੀਸਿਯਾ ਦੇ ਅਭਿਆਸ ਨੂੰ ਇੱਕ ਹੁਕਮ ਦੀ ਬਜਾਏ ਇੱਕ ਨਮੂਨਾ ਮੰਨਦੀਆਂ ਹਨ। ਇਹ ਕਿਹਾ ਜਾ ਸਕਦਾ ਹੈ ਕਿ ਉਹ ਨਵੇਂ ਨੇਮ ਦੀ ਭਾਵਨਾ ਦੀ ਪਾਲਣਾ ਕਰਦੇ ਹਨ ਜਿੱਥੇ ਬੇਲੋੜਾ ਦੋਸ਼ ਜਾਂ ਪਰਤਾਵਾ ਪੈਦਾ ਕਰਨ ਤੋਂ ਬਚਣ ਲਈ ਬਹੁਤ ਧਿਆਨ ਰੱਖਿਆ ਜਾਂਦਾ ਹੈ। ਉਹ ਇਸ ਮੁੱਦੇ ਨੂੰ ਮਸੀਹੀ ਆਜ਼ਾਦੀ ਦੇ ਵਿਸ਼ੇ ਰੂਪ ਵਿੱਚ (ਹੁਕਮ ਨਹੀਂ ਨਮੂਨੇ ਵਜੋਂ) ਦੇਖਦੇ ਹਨ ਅਤੇ ਉਹ ਚੋਣ ਕਰਦੇ ਹਨ ਕਿ ਸ਼ੁਰੂਆਤੀ ਕਲੀਸਿਯਾ ਦੇ ਨਮੂਨੇ ਦੀ ਪਾਲਣਾ ਕਰਨ ਦੀ ਬਜਾਏ ਇਹ ਜ਼ਿਆਦਾ ਜ਼ਰੂਰੀ ਹੈ ਕਿ ਉਹ ਠੇਕਰ ਜਾਂ ਪਰਤਾਵੇ ਦਾ ਕਾਰਨ ਨਾ ਬਣਨ, ਖ਼ਾਸ ਕਰਕੇ ਉਦੋਂ ਜਦੋਂ ਕੋਈ ਜੂਸ ਵੀ "ਮੈਅ" ਹੀ ਹੈ ਅਤੇ ਬਹੁਤ ਚੰਗੀ ਤਰ੍ਹਾਂ ਲਹੂ ਦਾ ਪ੍ਰਤੀਕ ਹੋ ਸਕਦਾ ਹੈ।

### (3) ਪ੍ਰਭੂ ਭੋਜ ਦੀ ਵਾਰਵਾਰਤਾ

ਨਵੇਂ ਨੇਮ ਦੀ ਕਲੀਸਿਯਾ ਹਫ਼ਤੇ ਵਿੱਚ ਘੱਟੋ-ਘੱਟ ਇੱਕ ਵਾਰ ਜਾਂ ਸ਼ਾਇਦ ਰੋਜ਼ਾਨਾ ਪ੍ਰਭੂ ਭੋਜ ਦਾ ਅਭਿਆਸ ਕਰਦੀ ਸੀ। ਇੱਕ ਵਾਰ ਫਿਰ, ਇਹ ਪ੍ਰਭੂ ਭੋਜ ਦਾ ਇੱਕ ਤਰੀਕਾ ਸੀ ਪਰ ਅਜਿਹਾ ਕੋਈ ਹੁਕਮ ਨਹੀਂ ਹੈ ਜਿਸ ਦਾ ਇਸੇ ਤਰ੍ਹਾਂ ਅੱਜ ਵੀ ਪਾਲਣਾ ਕੀਤਾ ਜਾਣਾ ਜ਼ਰੂਰੀ ਹੈ।

> ਉਹ ਸਭ **ਬੜੀ ਸ਼ਰਧਾ** ਨਾਲ ਰਸੂਲਾਂ ਤੋਂ ਸਿੱਖਿਆ ਲੈਂਦੇ, ਸੰਗਤੀ ਕਰਦੇ, **ਇਕੱਠੇ ਰੋਟੀ ਖਾਂਦੇ** ਅਤੇ ਪ੍ਰਾਰਥਨਾ ਵਿੱਚ ਲੱਗੇ ਰਹਿੰਦੇ ਸਨ। [ਰਸੂਲਾਂ 2:42]
>
> **ਹਫ਼ਤੇ ਦੇ ਪਹਿਲੇ ਦਿਨ** ਅਸੀਂ **ਪ੍ਰਭੂ ਭੋਜ** ਦੇ ਲਈ ਇਕੱਠੇ ਹੋਏ... [ਰਸੂਲਾਂ 20:7]

### (4) ਮਸੀਹ ਦੇ ਆਖ਼ਰੀ ਭੋਜਨ ਦੇ ਅਭਿਆਸ

ਮੱਤੀ 26:30 ਵਿੱਚ ਮਸੀਹ ਨੇ ਆਖ਼ਰੀ ਭੋਜਨ ਨੂੰ ਇੱਕ ਭਜਨ ਦੇ ਨਾਲ ਸਮਾਪਤ ਕੀਤਾ ਸੀ। ਅਜਿਹਾ ਇਸ ਲਈ ਨਹੀਂ ਕੀਤਾ ਗਿਆ ਸੀ ਕਿਉਂਕਿ ਇਹ ਪ੍ਰਭੂ ਭੋਜ ਦਾ ਇੱਕ ਮੁੱਖ ਤੱਤ ਹੈ, ਪਰ ਪ੍ਰਭੂ ਨੇ ਇਸ ਮੌਕੇ ਤੇ ਇਹ ਇਸ ਲਈ ਕੀਤਾ ਕਿਉਂਕਿ ਇਹ ਉਸ ਯਹੂਦੀ ਪਰੰਪਰਾ ਦੇ ਅਨੁਸਾਰ ਸੀ ਜਿਸ ਵਿੱਚ ਉਹ ਪਸਾਹ ਦੇ ਭੋਜ ਨੂੰ ਸਮਾਪਤ ਭਜਨ ਗਾ ਕੇ ਕਰਦੇ ਸਨ (ਜਿਵੇਂ ਕਿ ਜ਼ਬੂਰਾਂ 115-118 ਵਿੱਚੋਂ ਹਲਲੂਯਾਹ ਦਾ ਭਜਨ ਗਾਉਣਾ ਸੀ)। ਹਾਲਾਂਕਿ 1 ਕੁਰਿੰਥੀਆਂ 11 ਵਿੱਚ ਭਜਨ ਗਾਉਣ ਨੂੰ ਇੱਕ ਜ਼ਰੂਰੀ ਹਿੱਸੇ ਵਜੋਂ ਨਹੀਂ ਦੱਸਿਆ ਗਿਆ ਹੈ, ਫਿਰ ਵੀ ਪ੍ਰਭੂ ਭੋਜ ਨੂੰ ਇੱਕ ਭਜਨ ਨਾਲ ਸਮਾਪਤ ਕਰਨਾ ਇੱਕ ਵਧੀਆ ਵਿਕਲਪ ਹੋ ਸਕਦਾ ਹੈ।

ਪੈਰ ਧੋਣਾ ਇੱਕ ਜ਼ਿਆਦਾ ਵਿਵਾਦਪੂਰਨ ਅਭਿਆਸ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪ੍ਰਭੂ ਨੇ ਆਖ਼ਰੀ ਭੋਜਨ ਵੇਲੇ ਚੇਲਿਆਂ ਦੇ ਪੈਰ ਧੋਤੇ ਸਨ। ਪਰ ਇਹ ਇੱਕ ਵੱਡੀ ਬਹਿਸ ਦਾ ਮੁੱਦਾ ਹੈ ਕਿ ਕੀ ਉਹ ਸਿਰਫ਼ ਚੇਲਿਆਂ ਦੇ (ਸਿਰਫ਼ ਉਸੇ ਮੌਕੇ ਤੇ) ਪੈਰ ਧੋਣੇ ਚਾਹੁੰਦੇ ਸਨ, ਜਾਂ ਉਹ ਇਹ ਚਾਹੁੰਦੇ ਸਨ ਕਿ ਪੈਰ ਧੋਣਾ ਸਾਰੇ ਵਿਸ਼ਵਾਸੀਆਂ ਵਿੱਚ ਹਮੇਸ਼ਾਂ ਦੇ ਲਈ ਪ੍ਰਭੂ ਭੋਜ ਦਾ ਇੱਕ ਮੁੱਖ ਭਾਗ ਬਣ ਜਾਵੇ।

> ਫਿਰ ਉਹਨਾਂ ਨੇ ਇੱਕ ਭਾਂਡੇ ਵਿੱਚ ਪਾਣੀ ਪਾਇਆ ਅਤੇ ਆਪਣੇ ਚੇਲਿਆਂ ਦੇ ਪੈਰ ਧੋਣੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਲੱਕ ਦੇ ਦੁਆਲੇ ਬੰਨ੍ਹੇ ਹੋਏ ਪਰਨੇ ਦੇ ਨਾਲ ਪੈਰਾਂ ਨੂੰ ਪੂੰਝਣ ਲੱਗੇ। ਜਦੋਂ ਉਹ ਸ਼ਮਊਨ ਪਤਰਸ ਦੇ ਕੋਲ ਪਹੁੰਚੇ ਤਾਂ ਉਸ ਨੇ ਯਿਸੂ ਨੂੰ ਕਿਹਾ, "ਪ੍ਰਭੂ ਜੀ, ਕੀ ਤੁਸੀਂ ਮੇਰੇ ਪੈਰ ਧੋਵੋਗੇ?" ਜਦੋਂ ਯਿਸੂ ਉਹਨਾਂ ਦੇ ਪੈਰ ਧੋ ਚੁੱਕੇ ਤਾਂ ਉਹਨਾਂ ਨੇ ਆਪਣੇ ਬਾਹਰੀ ਕੱਪੜੇ ਪਾ ਲਏ ਅਤੇ ਫਿਰ ਆਪਣੀ ਥਾਂ ਉੱਤੇ ਆ ਕੇ ਬੈਠ ਗਏ। ਉਹਨਾਂ ਨੇ ਚੇਲਿਆਂ ਨੂੰ ਕਿਹਾ, "ਕੀ ਤੁਸੀਂ ਜਾਣਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ ਹੈ? ਤੁਸੀਂ ਮੈਨੂੰ 'ਗੁਰੂ' ਅਤੇ 'ਪ੍ਰਭੂ' ਕਹਿੰਦੇ ਹੋ ਅਤੇ ਤੁਸੀਂ ਠੀਕ ਹੀ ਕਹਿੰਦੇ ਹੋ ਕਿਉਂਕਿ ਮੈਂ ਹਾਂ। ਫਿਰ ਜੇਕਰ ਮੈਂ ਪ੍ਰਭੂ ਅਤੇ ਗੁਰੂ ਹੋ ਕੇ ਤੁਹਾਡੇ ਪੈਰ ਧੋਤੇ ਹਨ ਤਾਂ ਤੁਹਾਨੂੰ ਵੀ ਇੱਕ ਦੂਜੇ ਦੇ ਪੈਰ ਧੋਣੇ ਚਾਹੀਦੇ ਹਨ। ਮੈਂ ਤੁਹਾਡੇ ਸਾਹਮਣੇ ਇੱਕ ਉਦਾਹਰਨ ਦਿੱਤੀ ਹੈ । ਜਿਸ ਤਰ੍ਹਾਂ ਮੈਂ ਕੀਤਾ ਹੈ ਉਸੇ ਤਰ੍ਹਾਂ ਤੁਸੀਂ ਵੀ ਕਰੋ। [ਯੂਹੰਨਾ 13:5-7, 12-15]

ਕੁਝ ਬਾਈਬਲ ਆਧਾਰਿਤ ਛੋਟੇ ਸਮੂਹ ਪ੍ਰਭੂ ਭੋਜ ਦੇ ਨਾਲ ਪੈਰ ਧੋਣ ਦਾ ਅਭਿਆਸ ਵੀ ਕਰਦੇ ਹਨ, ਜਿਵੇਂ ਕਿ ਗ੍ਰੇਸ ਬਰਦਰਨ ਸਮੂਹ। ਇਹ ਕਹਿਣਾ ਸਹੀ ਹੈ ਕਿ ਜੇਕਰ ਕੋਈ ਆਗਿਆਕਾਰੀ ਹੋਣ ਬਾਰੇ ਸੁਰੱਖਿਅਤ ਰਹਿਣਾ ਚਾਹੁੰਦਾ ਹੈ, ਤਾਂ ਪ੍ਰਭੂ ਭੋਜ ਦੇ ਨਾਲ ਪੈਰ ਧੋਣ ਨੂੰ

ਸ਼ਾਮਲ ਕਰਨ ਵਿੱਚ ਹੀ ਸਮਝਦਾਰੀ ਹੋਵੇਗੀ (ਖ਼ਾਸ ਕਰਕੇ ਆਇਤ 14)। ਫਿਰ ਵੀ, ਇਹ ਬਹਿਸ ਕੀਤੀ ਜਾ ਸਕਦੀ ਹੈ ਕਿ ਪ੍ਰਭੂ ਦਾ ਅਜਿਹਾ ਕੋਈ ਇਰਾਦਾ ਨਹੀਂ ਸੀ ਕਿ ਇਸ ਦੇ ਅਭਿਆਸ ਦੀ ਹੱਦ ਵਿਆਪਕ ਹੋਵੇ ਜਾਂ ਇਹ ਹਮੇਸ਼ਾ ਲਈ ਜਾਰੀ ਰਹੇ। ਸ਼ਾਇਦ ਉਹ ਇਹ ਸਬਕ ਸਿਰਫ਼ ਰਸੂਲਾਂ ਨੂੰ ਹੀ ਸਿਖਾਉਣਾ ਚਾਹੁੰਦੇ ਸਨ, ਜੋ ਅੰਤਿਮ ਭੋਜ ਵਿੱਚ ਅਸਲੀ ਭਾਗੀਦਾਰ ਸਨ। ਉਹਨਾਂ ਨੂੰ ਇੱਕ-ਦੂਜੇ ਦੇ ਪੈਰ ਧੋਣ ਸੀ। ਜੇਕਰ ਇਹ ਅਭਿਆਸ ਸਾਰੇ ਵਿਸ਼ਵਾਸੀਆਂ ਲਈ ਹੋਣਾ ਸੀ ਤਾਂ ਇਹ ਇੱਕ ਅਜੀਬ ਗੱਲ ਹੈ ਕਿ ਪੈਰ ਧੋਣ ਦਾ ਜ਼ਿਕਰ ਨਾ ਤਾਂ ਹੋਰ ਤਿੰਨ ਸ਼ੁਭ-ਸਮਾਚਾਰਾਂ ਵਿੱਚ ਦਿੱਤੇ ਗਏ ਅੰਤਿਮ ਭੋਜ ਦੇ ਬਿਰਤਾਂਤ ਵਿੱਚ ਮਿਲਦਾ ਹੈ, ਅਤੇ ਨਾ ਹੀ ਪੱਤਰੀਆਂ ਵਿੱਚ ਇਸ ਨੂੰ ਕਲੀਸਿਯਾ ਦੀ ਵਿਧੀ ਦੇ ਰੂਪ ਵਿੱਚ ਦੱਸਿਆ ਗਿਆ ਹੈ, ਖ਼ਾਸ ਕਰਕੇ 1 ਕੁਰਿੰਥੀਆਂ ਅਧਿਆਇ 10 ਅਤੇ 11 ਵਿੱਚ ਜੋ ਪ੍ਰਭੂ ਭੋਜ ਦੇ ਬਾਰੇ ਵਿੱਚ ਮੁੱਖ ਵਚਨ ਹੈ।

ਇਸ ਤੋਂ ਇਲਾਵਾ, ਇਸ ਬਾਰੇ ਵੀ ਕੁਝ ਸਵਾਲ ਹਨ ਕਿ ਯੂਹੰਨਾ 13:15 ਵਿੱਚ ਮਸੀਹ ਦੇ ਇਸ ਹੁਕਮ ਦਾ ਅਸਲ ਵਿੱਚ ਕੀ ਅਰਥ ਸੀ: "ਜਿਸ ਤਰ੍ਹਾਂ ਮੈਂ ਕੀਤਾ ਹੈ ਉਸੇ ਤਰ੍ਹਾਂ ਤੁਸੀਂ ਵੀ ਕਰੋ।" ਕੀ ਇਹ ਪੈਰ ਧੋਣ ਬਾਰੇ ਸੀ ਜਾਂ ਨਿਮਰਤਾ ਅਤੇ ਮਾਫ਼ੀ ਬਾਰੇ ਮਹੱਤਵਪੂਰਣ ਸਬਕ ਸੀ ਜੋ ਮਸੀਹ ਨੇ ਆਪਣੀ ਉਦਾਹਰਣ ਦੁਆਰਾ ਦਰਸਾਇਆ ਸੀ? ਕਿਸੇ ਦੇ ਪੈਰ ਧੋਣ ਤੋਂ ਬਾਅਦ ਵੀ ਇਹ ਹੋ ਸਕਦਾ ਹੈ ਕਿ ਉਸ ਦੇ ਪ੍ਰਤੀ ਨਿਮਰਤਾ ਜਾਂ ਪਿਆਰ ਦਿਖਾਇਆ ਨਾ ਜਾਵੇ। ਯਕੀਨਨ, ਯੂਹੰਨਾ 13 ਵਿੱਚ ਪ੍ਰਭੂ ਦੁਆਰਾ ਸਿਖਾਏ ਜਾ ਰਹੇ ਅਸਲ ਮਹੱਤਵ ਦੇ "ਕੰਮ" ਪੈਰ ਧੋਣ ਦੀ ਰਸਮ ਤੋਂ ਪਰੇ ਹਨ। ਚੇਲੇ ਇਹ ਦੇਖ ਰਹੇ ਸਨ ਕਿ ਪ੍ਰਭੂ ਉਹਨਾਂ ਦੇ ਪੈਰ ਧੋ ਰਹੇ ਹਨ, ਪਰ ਯੂਹੰਨਾ 13:6-7 ਵਿੱਚ, ਮਸੀਹ ਜ਼ੋਰ ਦੇ ਕੇ ਕਹਿੰਦੇ ਹਨ ਜੋ ਉਹ ਅਸਲ ਵਿੱਚ "ਕਰ ਰਹੇ ਸਨ" ਉਹ ਕੁਝ ਹੋਰ ਹੀ ਸੀ, ਇਹ ਇੱਕ ਡੂੰਘੇ ਅਰਥ ਵਾਲੀ ਗੱਲ ਹੈ ਜਿਸ ਨੂੰ ਸਮਝਣ ਵਿੱਚ ਕੁਝ ਸਮਾਂ ਲੱਗੇਗਾ। ਇਸ ਤਰ੍ਹਾਂ, ਇਹ ਹੁਕਮ ਕਿ "ਜਿਵੇਂ ਮੈਂ ਕੀਤਾ ਉਵੇਂ ਤੁਸੀਂ ਵੀ ਕਰੋ" ਸ਼ਾਇਦ ਪੈਰ ਧੋਣ ਬਾਰੇ ਨਹੀਂ ਪਰ ਉਸ ਬਾਰੇ ਹੋਵੇ ਜੋ ਮਸੀਹ ਨੇ ਅਸਲ ਵਿੱਚ ਕੀਤਾ ਸੀ, ਅਰਥਾਤ, ਨਿਮਰਤਾ ਅਤੇ ਮਾਫ਼ ਕਰਨ ਦਾ ਨਮੂਨਾ ਦੇਣਾ। ਯੂਹੰਨਾ 13:14 ਨੂੰ ਇਸ ਅਰਥ ਨਾਲ ਦੇਖਣਾ ਸੰਭਵ ਹੈ ਕਿ ਇਹ ਹੁਕਮ "ਇੱਕ-ਦੂਜੇ ਨੂੰ ਮਾਫ਼ ਕਰਨ ਅਤੇ ਇੱਕ-ਦੂਜੇ ਦੀ ਸੇਵਾ ਕਰਨ" ਦਾ ਹੁਕਮ ਹੈ।

ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਪੈਰ ਧੋਣ ਬਾਰੇ ਮਤਭੇਦ ਵਿੱਚ, ਵਿਸ਼ਵਾਸੀ ਇੱਕ-ਦੂਜੇ ਦੇ ਪ੍ਰਤੀ ਸ਼ਹਿਣਸ਼ੀਲਤਾ ਦਿਖਾਉਣਗੇ। ਆਖ਼ਰੀ ਭੋਜਨ ਦੇ ਇਸ ਨਮੂਨੇ ਦੀ ਪੂਰੀ ਤਰ੍ਹਾਂ ਪਾਲਣਾ ਨਾ ਕਰਨ ਦੇ ਕਾਰਨ, ਕੁਝ ਲੋਕ ਬੇਚੈਨੀ ਮਹਿਸੂਸ ਕਰ ਸਕਦੇ ਹਨ। ਦੂਜੇ, ਇਹ ਦੇਖਦੇ ਹੋਏ ਕਿ ਪੈਰ ਧੋਣਾ ਇੱਕ ਅਜਿਹਾ ਹੁਕਮ ਹੈ ਜਿਸ ਦੇ ਬਾਰੇ ਵਿੱਚ ਕਿਸੇ ਹੋਰ ਜਗ੍ਹਾ ਤੇ ਸਿਖਾਇਆ ਨਹੀਂ ਗਿਆ ਹੈ, ਉਹ ਵੀ ਇਸ ਨੂੰ ਇੱਕ ਮਸੀਹੀ ਵਿਧੀ ਬਣਾਉਣ ਦੇ ਬਾਰੇ ਵਿੱਚ ਬੇਚੈਨੀ ਮਹਿਸੂਸ ਕਰ ਸਕਦੇ ਹਨ, ਕਿਉਂਕਿ ਇਹ ਸਿਰਫ਼ ਇੱਕ ਹੀ ਵਚਨ ਉੱਤੇ ਆਧਾਰਿਤ ਹੈ ਜਦੋਂ ਕਿ ਇਸ ਦੀਆਂ ਹੋਰ ਵਿਆਖਿਆਵਾਂ ਵੀ ਕੀਤੀਆਂ ਜਾ ਸਕਦੀਆਂ ਹਨ।

### b. ਪ੍ਰਭੂ ਭੋਜ ਦੇ ਲਾਜ਼ਮੀ ਅਭਿਆਸ

1 ਕੁਰਿੰਥ 11:23-32 ਪ੍ਰਭੂ ਭੋਜ ਦੇ ਬਾਰੇ ਕੁਝ ਅਜਿਹੇ ਅਭਿਆਸ ਦੱਸਦਾ ਹੈ ਜਿਹਨਾਂ ਦੀ ਪਾਲਣਾ ਕਰਨਾ ਕਲੀਸਿਯਾ ਦੇ ਲਈ ਜ਼ਰੂਰੀ ਹੈ (ਮੱਤੀ 26:26-29; ਮਰਕੁਸ 14:22-25; ਲੂਕਾ 22:17-20 ਵੀ ਦੇਖੋ)।

> ਇਹ ਰਵਾਇਤ ਜਿਹੜੀ ਮੈਨੂੰ ਪ੍ਰਭੂ ਤੋਂ ਮਿਲੀ ਹੈ, ਮੈਂ ਤੁਹਾਨੂੰ ਦਿੰਦਾ ਹਾਂ, ਪ੍ਰਭੂ ਯਿਸੂ ਜਿਸ ਰਾਤ ਫੜਵਾਏ ਗਏ ਸਨ, ਉਸ ਰਾਤ ਪ੍ਰਭੂ ਨੇ ਰੋਟੀ ਲਈ, ਧੰਨਵਾਦ ਕਰਕੇ ਤੋੜੀ ਅਤੇ ਕਿਹਾ, "ਇਹ ਮੇਰਾ ਸਰੀਰ ਹੈ ਜਿਹੜਾ ਤੁਹਾਡੇ ਲਈ ਹੈ। ਮੇਰੀ ਯਾਦ ਵਿੱਚ ਇਹ ਕਰਿਆ ਕਰੋ।" ਇਸੇ ਤਰ੍ਹਾਂ ਭੋਜਨ ਦੇ ਬਾਅਦ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦਾ ਨਵਾਂ ਨੇਮ ਹੈ ਜਿਹੜਾ ਮੇਰੇ ਖ਼ੂਨ ਦੁਆਰਾ ਮੋਹਰ ਕੀਤਾ ਗਿਆ ਹੈ। ਜਦੋਂ ਕਦੀ ਵੀ ਤੁਸੀਂ ਇਸ ਵਿੱਚੋਂ ਪੀਵੋ ਤਾਂ ਮੇਰੀ ਯਾਦ ਵਿੱਚ ਇਹ ਹੀ ਕਰਿਆ ਕਰੋ" ਕਿਉਂਕਿ ਜਦੋਂ ਕਦੀ ਵੀ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿੱਚੋਂ ਪੀਂਦੇ ਹੋ ਤਾਂ ਤੁਸੀਂ ਪ੍ਰਭੂ ਦੇ ਆਉਣ ਤੱਕ ਉਹਨਾਂ ਦੀ ਮੌਤ ਦਾ ਐਲਾਨ ਕਰਦੇ ਹੋ। ਇਸ ਲਈ ਜਿਹੜਾ ਕੋਈ ਮਨੁੱਖ ਗ਼ਲਤ ਢੰਗ ਨਾਲ ਪ੍ਰਭੂ ਦੀ ਰੋਟੀ ਖਾਂਦਾ ਜਾਂ ਪ੍ਰਭੂ ਦੇ ਪਿਆਲੇ ਵਿੱਚੋਂ ਪੀਂਦਾ ਹੈ, ਉਹ ਪ੍ਰਭੂ ਦੇ ਸਰੀਰ ਅਤੇ ਖ਼ੂਨ ਦਾ ਅਪਰਾਧੀ ਠਹਿਰੇਗਾ। ਇਸ ਲਈ ਹਰ ਮਨੁੱਖ ਪਹਿਲਾਂ ਆਪਣੇ ਆਪ ਨੂੰ ਪਰਖੇ ਅਤੇ ਫਿਰ ਇਹ ਰੋਟੀ ਖਾਵੇ ਅਤੇ ਇਸ ਪਿਆਲੇ ਵਿੱਚੋਂ ਪੀਵੇ। ਕਿਉਂਕਿ ਜਿਹੜਾ ਮਨੁੱਖ ਪ੍ਰਭੂ ਦੇ ਸਰੀਰ ਨੂੰ ਚੰਗੀ ਤਰ੍ਹਾਂ ਸਮਝੇ ਬਿਨਾਂ ਰੋਟੀ ਖਾਂਦਾ ਜਾਂ ਪਿਆਲੇ ਵਿੱਚੋਂ ਪੀਂਦਾ ਹੈ ਤਾਂ ਉਹ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਲਈ ਖਾਂਦਾ ਅਤੇ ਪੀਂਦਾ ਹੈ। ਇਹ ਹੀ ਕਾਰਨ ਹੈ ਕਿ ਬਹੁਤ ਸਾਰੇ ਤੁਹਾਡੇ ਵਿੱਚੋਂ ਕਮਜ਼ੋਰ ਅਤੇ ਬਿਮਾਰ ਹਨ ਅਤੇ ਬਹੁਤ ਸਾਰੇ ਮਰ ਵੀ ਗਏ ਹਨ। ਇਸ ਲਈ ਜੇਕਰ ਅਸੀਂ ਆਪਣੇ ਆਪ ਦੀ ਚੰਗੀ ਤਰ੍ਹਾਂ ਜਾਂਚ ਕਰਦੇ ਤਾਂ ਸਜ਼ਾ ਨਾ ਪਾਉਂਦੇ ਪਰ ਪ੍ਰਭੂ ਸਾਨੂੰ ਜਾਂਚਦੇ ਅਤੇ ਝਿੜਕਦੇ ਹਨ ਤਾਂ ਜੋ ਅਸੀਂ ਸੰਸਾਰ ਦੇ ਨਾਲ ਦੋਸ਼ੀ ਨਾ ਠਹਿਰਾਏ ਜਾਈਏ। [1 ਕੁਰਿੰਥ 11:23-32]

1 ਕੁਰਿੰਥ 11:23 ਵਿੱਚ ਪ੍ਰਭੂ ਭੋਜ ਦਾ ਨਮੂਨਾ ਹੁਕਮ ਦਿੰਦਾ ਹੈ ਕਿ ਰੋਟੀ ਤੋੜਨ ਅਤੇ ਪਿਆਲੇ ਵਿੱਚੋਂ ਪੀਣ ਤੋਂ ਪਹਿਲਾਂ ਪਰਮੇਸ਼ਰ ਦਾ ਧੰਨਵਾਦ ਕੀਤਾ ਜਾਵੇ। ਪ੍ਰਭੂ ਭੋਜ ਵਿੱਚ ਪਹਿਲਾਂ ਰੋਟੀ ਅਤੇ ਫਿਰ ਪਿਆਲੇ ਦੇ ਲਈ ਪ੍ਰਾਰਥਨਾ ਦੇ ਇਸ ਨਮੂਨੇ ਦਾ ਅਭਿਆਸ ਕਰਨਾ ਵਧੀਆ ਹੈ।

ਇਹ ਵਚਨ ਪ੍ਰਭੂ ਭੋਜ ਦੀ ਵਾਰਵਰਤਾ ਵਿੱਚ ਆਜ਼ਾਦੀ ਦਿੰਦਾ ਹੈ

ਇਹ ਵਚਨ ਪ੍ਰਭੂ ਭੋਜ ਦੀ ਵਾਰਵਰਤਾ ਵਿੱਚ ਆਜ਼ਾਦੀ ਦਿੰਦਾ ਹੈ ("…ਜਦੋਂ ਕਦੀ ਵੀ…"1 ਕੁਰਿੰਥ 11:25)। ਸ਼ੁਰੂਆਤੀ ਕਲੀਸਿਯਾ ਹਰ ਹਫ਼ਤੇ (ਰਸੂਲਾਂ 20:7) ਅਤੇ ਸ਼ਾਇਦ ਰੋਜ਼ਾਨਾ ਵੀ ਪ੍ਰਭੂ ਭੋਜ ਕਰਦੀ ਸੀ (ਰਸੂਲਾਂ 2:42 ਅਤੇ 46)। ਉਹਨਾਂ ਉੱਤੇ ਹੁੰਦੇ ਅਤਿਆਚਾਰ ਦੀ ਹਾਲਾਤ ਨੂੰ ਦੇਖਦੇ ਹੋਏ, ਇਹ ਗੱਲ ਸਮਝ ਵਿੱਚ ਆ ਜਾਂਦੀ ਹੈ। ਵਾਰ-ਵਾਰ ਪ੍ਰਭੂ ਭੋਜ ਵਿੱਚ ਸ਼ਾਮਲ ਹੋਣਾ ਸ਼ੁਰੂਆਤੀ ਕਲੀਸਿਯਾ ਨੂੰ ਉਸ ਦੇ ਦੁਸ਼ਮਣਾਂ ਦੀਆਂ ਧਮਕੀਆਂ ਅਤੇ ਹਮਲਿਆਂ ਦਾ ਸਾਹਮਣਾ ਕਰਨ ਲਈ ਮਜ਼ਬੂਤ ਹੋਣ ਦਾ ਸਾਧਨ ਸੀ। ਅੱਜ ਦੀਆਂ ਕਲੀਸਿਯਾਵਾਂ ਨੂੰ ਜ਼ਿਆਦਾਤਰ ਇਸ ਤਰ੍ਹਾਂ ਦੇ ਦਬਾਅ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਹੈ। ਪ੍ਰਭੂ ਭੋਜ ਨੂੰ ਦਾ ਅਭਿਆਸ ਇੰਨੀ ਵਾਰ ਜ਼ਰੂਰ ਹੋਵੇ ਕਿ ਕੋਈ ਪ੍ਰਭੂ ਦੇ ਬਲੀਦਾਨ ਨੂੰ ਭੁੱਲ ਨਾ ਜਾਵੇ, ਅਤੇ ਪਾਪਾਂ ਦਾ ਇਕਰਾਰ ਕਰਨਾ ਯਾਦ ਰਹੇ। ਫਿਰ ਵੀ, ਪ੍ਰਭੂ ਭੋਜ ਇੰਨਾ ਵਾਰ-ਵਾਰ ਵੀ ਨਾ ਹੋਵੇ ਕਿ ਉਹ ਇੱਕ ਮਾਮੂਲੀ, ਅਰਥਹੀਣ ਰਸਮ ਬਣ ਜਾਵੇ। ਕਿਉਂਕਿ ਬਾਈਬਲ ਪ੍ਰਭੂ ਭੋਜ ਦੀ ਵਾਰਵਰਤਾ ਬਾਰੇ ਲਚਕਤਾ ਦੀ ਆਗਿਆ ਦਿੰਦੀ ਹੈ, ਇਸ ਲਈ ਕਲੀਸਿਯਾ ਦੇ ਨਿਗਾਹਬਾਨਾਂ ਨੂੰ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਪ੍ਰਭੂ ਭੋਜ ਨੂੰ ਕਿੰਨੀ ਵਾਰ ਕਰਨਾ ਹੈ ਕਿ ਉਸ ਦਾ ਕਲੀਸਿਯਾ ਦੇ ਲਈ ਉਦੇਸ਼ ਪੂਰਾ ਹੋ ਸਕੇ।

ਇਸ ਰਸਮ ਦੇ ਕ੍ਰਮ ਤੋਂ ਇਲਾਵਾ, 1 ਕੁਰਿੰਥ 11:28 (ਅਤੇ ਆਇਤ 31 ਵੀ) ਪ੍ਰਭੂ ਭੋਜ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਖ਼ੁਦ ਦੀ ਜਾਂਚ ਦੀ ਮੰਗ ਕਰਦੀ ਹੈ। ਆਇਤ 27 "**ਗ਼ਲਤ ਢੰਗ**" ਨਾਲ ਪਿਆਲੇ ਵਿੱਚੋਂ ਪੀਣ ਦਾ ਹਵਾਲਾ ਦਿੰਦੀ ਹੈ। ਇਹ ਕਿਸੇ ਵਿਅਕਤੀ ਦੇ ਅਯੋਗਤਾ ਉੱਤੇ ਨਹੀਂ ਪਰ ਪ੍ਰਭੂ ਭੋਜ ਨੂੰ ਗ਼ਲਤ ਢੰਗ ਨਾਲ ਲੈਣ ਉੱਤੇ ਜ਼ੋਰ ਦਿੰਦਾ ਹੈ। ਇੱਕ ਅੰਤਿਮ ਅਰਥ ਵਿੱਚ ਤਾਂ ਕੋਈ ਵੀ ਪ੍ਰਭੂ ਭੋਜ ਨੂੰ ਲੈਣ ਦੇ ਯੋਗ ਨਹੀਂ ਹੈ। ਸਾਡੇ ਲਈ ਮਸੀਹ ਦਾ ਬਲੀਦਾਨ ਸਿਰਫ਼ ਉਹਨਾਂ ਦੀ ਕਿਰਪਾ ਹੀ ਸੀ। ਇਸ ਸੰਦਰਭ ਵਿੱਚ, ਪੌਲੁਸ ਦਾ ਮੁੱਖ ਵਿਚਾਰ ਇਹ ਹੈ ਕਿ ਪ੍ਰਭੂ ਭੋਜ ਦੇ ਭਾਗੀਦਾਰਾਂ ਨੂੰ "ਆਪਣੇ ਆਪ ਨੂੰ ਚੰਗੀ ਤਰ੍ਹਾਂ ਪਰਖਣਾ" ਚਾਹੀਦਾ ਹੈ ਕਿ ਉਹ ਪ੍ਰਭੂ ਭੋਜ ਦੀ ਗੰਭੀਰਤਾ ਦੇ ਕਾਰਨ ਸਤਿਕਾਰ ਅਤੇ ਸਨਮਾਨ ਨਾਲ ਇਸ ਦੀ ਪਾਲਣਾ ਕਰਨ। ਕੁਰਿੰਥੁਸ ਦੇ ਲੋਕ "ਪਿਆਰ ਦੇ ਭੋਜ" ਵਿੱਚ ਅਪਣੇ ਪੇਟ ਭਰਨ ਅਤੇ ਇੱਥੇ ਤੱਕ ਕਿ ਸ਼ਰਾਬੀ ਹੋਣ ਦੀ ਹੱਦ ਤੱਕ ਅਪਮਾਨਜਨਕ ਢੰਗ ਨਾਲ ਪ੍ਰਭੂ ਭੋਜ ਵਿੱਚ ਸ਼ਾਮਲ ਹੁੰਦੇ ਸਨ। ਇਸ ਸੰਦਰਭ ਵਿੱਚ ਮੁੱਦਾ ਇਹ ਨਹੀਂ ਹੈ ਕਿ ਜਿਹੜੇ ਲੋਕ ਪਾਪ ਦਾ ਇਕਰਾਰ ਕੀਤੇ ਬਿਨਾਂ ਹੀ ਪ੍ਰਭੂ ਭੋਜ ਵਿੱਚ ਸ਼ਾਮਲ ਹੋਣਗੇ ਉਹ ਉੱਥੇ ਹੀ ਮਰ ਜਾਣਗੇ।

ਇਹ ਚੇਤਾਵਨੀ ਖ਼ਾਸ ਤੌਰ ਤੇ ਉਹਨਾਂ ਨੂੰ ਦਿੱਤੀ ਜਾ ਰਹੀ ਸੀ ਜਿਹਨਾਂ ਨੇ ਪ੍ਰਭੂ ਭੋਜ ਦਾ ਮਜ਼ਾਕ ਉਡਾਇਆ ਸੀ। ਇਹੀ ਉਹ ਲੋਕ ਸਨ ਜਿਹਨਾਂ ਨੂੰ ਪਰਮੇਸ਼ਰ ਦੁਆਰਾ ਸਜ਼ਾ ਦੀ ਚੇਤਾਵਨੀ ਦਿੱਤੀ ਜਾ ਰਹੀ ਸੀ। ਫਿਰ ਵੀ, ਪ੍ਰਭੂ ਭੋਜ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਇਹ ਇੱਕ ਸਮਝਦਾਰੀ ਦੀ ਗੱਲ ਹੋਵੇਗੀ ਕਿ ਮਸੀਹੀ ਜੀਵਨ ਦੇ ਸਾਰੇ ਪਹਿਲੂਆਂ ਦੀ ਇੱਕ ਆਮ ਜਾਂਚ ਵੀ ਕੀਤੀ ਜਾਵੇ। ਬਹੁਤ ਸਾਰੇ ਲੋਕ ਇਹ ਸਿੱਟਾ ਕੱਢਣਗੇ ਕਿ ਜੇਕਰ ਪਰਮੇਸ਼ਰ ਪ੍ਰਭੂ ਭੋਜ ਪ੍ਰਤੀ ਗ਼ਲਤ ਰਵੱਈਏ ਉੱਤੇ ਗੁੱਸੇ ਹੋ ਜਾਂਦੇ ਹਨ, ਤਾਂ ਉਹ ਇਸ ਗੱਲ ਤੋਂ ਵੀ ਨਾਖੁਸ਼ ਹੋਣਗੇ ਜਦੋਂ ਇੱਕ ਵਿਅਕਤੀ ਕਿਸੇ ਹੋਰ ਪਾਪ ਦਾ ਇਕਰਾਰ ਕੀਤੇ ਬਿਨਾਂ ਪ੍ਰਭੂ ਭੋਜ ਵਿੱਚ ਸ਼ਾਮਲ ਹੁੰਦਾ ਹੈ। ਅਸੀਂ ਹੋਰ ਵਚਨਾਂ ਤੋਂ ਜਾਣਦੇ ਹਾਂ ਕਿ ਪਰਮੇਸ਼ਰ ਵਿਸ਼ਵਾਸੀਆਂ ਨੂੰ ਹੋਰ ਪਾਪਾਂ ਲਈ ਵੀ ਸਜ਼ਾ ਦੇ ਸਕਦੇ ਹਨ।

### c. ਪ੍ਰਭੂ ਭੋਜ ਦਾ ਅਰਥ

#### (1) ਪਰਿਵਰਤਨਸ਼ੀਲ (ਟਰੈਨਸਬਸਟੇਨਟੇਸ਼ਨ)

ਸੰਨ 1215 ਵਿੱਚ ਲੈਟਰਨ ਸਭਾ ਵਿੱਚ ਰੋਮਨ ਕੈਥੋਲਿਕ ਕਲੀਸਿਯਾ ਨੇ ਪ੍ਰਭੂ ਭੋਜ ਬਾਰੇ ਆਪਣੇ ਵਿਚਾਰ ਨੂੰ ਪਰਿਵਰਤਨਸ਼ੀਲ ਵਜੋਂ ਘੋਸ਼ਿਤ ਕੀਤਾ ਸੀ। ਪਰਿਵਰਤਨਸ਼ੀਲ ਦਾ ਅਰਥ ਹੈ ਕਿ ਜਦੋਂ ਇੱਕ ਪਾਸਬਾਨ ਪ੍ਰਭੂ ਭੋਜ ਦੇ ਤੱਤਾਂ ਨੂੰ ਪਵਿੱਤਰ ਘੋਸ਼ਿਤ ਕਰਦਾ ਹੈ ਤਾਂ ਉਹ ਮਸੀਹ ਦਾ ਅਸਲੀ ਸਰੀਰ ਅਤੇ ਲਹੂ ਬਣ ਜਾਂਦੇ ਹਨ।

ਇਸ ਵਿੱਚ ਉਹਨਾਂ ਦਾ ਇਹ ਤਰਕ ਸੀ ਕਿ ਕਿਉਂਕਿ ਮੁਕਤੀ ਦੇ ਲਈ ਮਸੀਹ ਦਾ ਸਰੀਰ ਅਤੇ ਲਹੂ ਜ਼ਰੂਰੀ ਹੈ, ਤਾਂ ਉਹ ਮੱਧਕਾਲੀ ਦੇਸ਼ਾਂ ਅਤੇ ਹੋਰ ਜਾਤੀਆਂ ਦੇ ਲੋਕਾਂ ਨੂੰ ਕੈਥੋਲਿਕ ਸਭਾਵਾਂ ਤੋਂ ਦੂਰ ਕਰਨ ਦੀ ਧਮਕੀ ਦੁਆਰਾ ਉਹਨਾਂ ਨੂੰ ਡਰਾਉਂਦੇ ਸਨ। ਇਸ "ਪਾਬੰਦੀ" ਦੇ ਕਾਰਨ, ਡਰੇ ਅਤੇ ਅਣਜਾਣ ਲੋਕ ਅਕਸਰ ਪੋਪ ਨੂੰ ਨਾਰਾਜ਼ ਕਰਨ ਵਾਲੇ ਆਪਣੇ ਹੀ ਰਾਜਿਆਂ ਦੇ ਵਿਰੁੱਧ ਬਗਾਵਤ ਕਰ ਦਿੰਦੇ ਸਨ। ਪਰਿਵਰਤਨਸ਼ੀਲ ਵਿਚਾਰ ਹੀ ਆਮ ਲੋਕਾਂ ਨੂੰ ਪ੍ਰਭੂ ਭੋਜ ਵਿੱਚ ਸ਼ਾਮਲ ਨਾ ਕਰਨ ਦਾ ਕਾਰਨ ਅਤੇ ਆਧਾਰ ਸੀ। ਆਮ ਲੋਕ ਗ਼ਲਤੀ ਨਾਲ "ਮਸੀਹ ਦੇ ਲਹੂ" ਨੂੰ ਡੋਲ੍ਹ ਕੇ ਪ੍ਰਭੂ ਭੋਜ ਨੂੰ ਅਪਵਿੱਤਰ ਕਰ ਸਕਦੇ ਸਨ।

ਪ੍ਰੋਟੈਸਟੈਂਟ ਵਿਸ਼ਵਾਸੀਆਂ ਨੇ ਪੂਰੀ ਏਕਤਾ ਨਾਲ ਪਰਿਵਰਤਨਸ਼ੀਲ ਵਿਚਾਰ ਨੂੰ ਇੱਕ ਗ਼ਲਤ ਸਿੱਖਿਆ ਵਜੋਂ ਰੱਦ ਕੀਤਾ। ਇਸ ਤੋਂ ਸਭ ਤੋਂ ਵੱਡਾ ਇਤਰਾਜ਼ ਇਹ ਸੀ ਕਿ ਪਰਿਵਰਤਨਸ਼ੀਲ ਦੇ ਵਿਚਾਰ ਵਿੱਚ ਮਸੀਹ ਨੂੰ ਵਾਰ-ਵਾਰ ਬਲੀਦਾਨ ਹੁੰਦੇ ਦਰਸਾਇਆ ਜਾਂਦਾ ਹੈ ਜਦੋਂ ਕਿ ਨਵਾਂ ਨੇਮ ਇਹ ਸਿਖਾਉਂਦਾ ਹੈ ਕਿ ਮਸੀਹ ਦਾ ਇੱਕ ਅਜਿਹਾ ਸੰਪੂਰਨ ਬਲੀਦਾਨ ਸੀ ਜਿਸ ਨੂੰ ਕਦੇ ਵੀ ਦੁਹਰਾਉਣ ਦੀ ਕੋਈ ਜ਼ਰੂਰਤ ਨਹੀਂ ਹੈ (ਅਧਿਆਇ 9 ਦੇ ਭਾਗ 1 ਨੂੰ ਦੇਖੋ)।

> ਅਤੇ ਇਸੇ ਇੱਛਾ ਦੇ ਦੁਆਰਾ ਅਸੀਂ ਯਿਸੂ ਮਸੀਹ ਦੇ ਸਰੀਰ ਦੇ **ਇੱਕ ਹੀ ਵਾਰ** ਕੀਤੇ ਗਏ ਬਲੀਦਾਨ ਦੇ ਦੁਆਰਾ ਪਵਿੱਤਰ ਕੀਤੇ ਗਏ ਹਾਂ। ਕਿਉਂਕਿ ਉਹਨਾਂ ਨੇ **ਇੱਕ ਹੀ** ਬਲੀਦਾਨ ਦੇ ਦੁਆਰਾ ਉਹਨਾਂ ਨੂੰ ਜਿਹੜੇ ਪਵਿੱਤਰ ਹੋ ਚੁੱਕੇ ਹਨ, ਅਨੰਤਕਾਲ ਦੇ ਲਈ ਸੰਪੂਰਨ ਕਰ ਦਿੱਤਾ ਹੈ। [ਇਬ 10:10, 14]

ਪਰਿਵਰਤਨਸ਼ੀਲ ਵਿਚਾਰ ਦੁਆਰਾ ਅੱਗੇ ਆਉਣ ਵਾਲੀ ਇੱਕ ਗ਼ਲਤ

ਸਿੱਖਿਆ ਕੰਮਾਂ ਦੁਆਰਾ ਮੁਕਤੀ ਹੈ। ਬਾਈਬਲ ਦਾ ਵਿਰੋਧ ਕਰਦੇ ਹੋਏ, ਪਰਿਵਰਤਨਸ਼ੀਲ ਵਿਚਾਰ ਸਾਡੇ ਧਾਰਮਿਕ ਕੰਮਾਂ ਅਤੇ ਵਿਧੀਆਂ ਨੂੰ ਮੁਕਤੀ ਦਾ ਆਧਾਰ ਬਣਾ ਦਿੰਦਾ ਹੈ (ਰੋਮੀ 4:5; ਅਫ਼ਸੀ 2:8-9; ਤੀਤੁਸ 3:5)।

ਜਿਹੜੇ ਲੋਕ ਪਰਿਵਰਤਨਸ਼ੀਲ ਵਿਚਾਰ ਦਾ ਸਮਰਥਨ ਕਰਦੇ ਹਨ, ਉਹ ਇਸ ਵਾਕਾਂਸ਼ ਦੇ ਨਾਲ ਇਨਸਾਫ਼ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਹੋ ਜਾਂਦੇ ਹਨ, "ਇਹ ਮੇਰਾ ਸਰੀਰ ਹੈ"। ਇਹ ਸਪੱਸ਼ਟ ਹੈ ਕਿ ਪ੍ਰਭੂ ਉਸ ਸਮੇਂ ਰੂਪਕ ਦੇ ਤੌਰ ਤੇ ਹੀ ਗੱਲ ਕਰ ਰਹੇ ਸਨ, ਕਿਉਂਕਿ ਜਦੋਂ ਉਹਨਾਂ ਨੇ ਇਹ ਸ਼ਬਦ ਬੋਲੇ ਤਾਂ ਉਹ ਆਪ ਉੱਥੇ ਮਾਸ ਅਤੇ ਲਹੂ ਵਿੱਚ ਬੈਠੇ ਸਨ! ਸ਼ਾਬਦਿਕ ਵਿਆਖਿਆ ਦਾ ਅਰਥ ਹੈ ਕਿ ਭਾਸ਼ਾ ਦੇ ਨਿਯਮਾਂ, ਉਸ ਸਮੇਂ ਦੇ ਰੀਤੀ-ਰਿਵਾਜਾਂ ਅਤੇ ਇਸ ਦੇ ਸੰਦਰਭ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹਨਾਂ ਸ਼ਬਦਾਂ ਨੂੰ ਸਭ ਤੋਂ ਆਮ, ਰਵਾਇਤੀ ਰੂਪ ਵਿੱਚ ਲੈਣ ਦੀ ਜ਼ਰੂਰਤ ਹੈ। ਜਦੋਂ ਕਿ ਮਸੀਹ ਉੱਥੇ ਸਰੀਰ ਵਿੱਚ ਮੌਜੂਦ ਸਨ, ਤਾਂ ਇਸ ਵਾਕਾਂਸ਼ "ਇਹ ਮੇਰਾ ਸਰੀਰ ਹੈ" ਦੀ ਵਿਆਖਿਆ ਵੀ ਉਸੇ ਤਰ੍ਹਾਂ ਕੀਤੀ ਜਾਣੀ ਚਾਹੀਦੀ ਹੈ ਜਿਵੇਂ "ਦਰਵਾਜ਼ਾ ਮੈਂ ਹਾਂ," ਜਾਂ "ਮੈਂ ਅੰਗੂਰ ਦੀ ਸੱਚੀ ਵੇਲ ਹਾਂ," ਜਾਂ "ਮੈਂ ਚਾਨਣ ਹਾਂ।" ਇਹ "ਮੇਰਾ ਸਰੀਰ" ਦਾ ਅਰਥ ਇਹੀ ਹੈ ਕਿ "ਇਹ ਮੇਰੇ ਸਰੀਰ ਦਾ ਰੂਪਕ ਹੈ।"

ਮਸੀਹ ਦੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਵਿੱਚ ਸੱਚੀ ਭਾਗੀਦਾਰੀ ਦੀ ਵਿਆਖਿਆ ਯੂਹੰਨਾ 6 ਵਿੱਚ ਕੀਤੀ ਗਈ ਹੈ। ਆਇਤਾਂ 35 ਅਤੇ 48 ਵਿੱਚ ਪ੍ਰਭੂ "ਜੀਵਨ ਦੀ ਰੋਟੀ" ਹੋਣ ਦਾ ਦਾਅਵਾ ਕਰਦੇ ਹਨ। ਯੂਹੰਨਾ 6:55 ਵਿੱਚ ਉਹ ਸਿਖਾਉਂਦੇ ਹਨ ਕਿ ਉਹਨਾਂ ਦਾ ਮਾਸ ਭੋਜਨ ਹੈ ਅਤੇ ਉਹਨਾਂ ਦਾ ਲਹੂ ਪੀਣ ਲਈ ਹੈ। **ਇਹ ਯਾਦ ਰੱਖਣ ਵਿੱਚ ਮਦਦ ਮਿਲੇਗੀ ਕਿ ਯੂਹੰਨਾ 6 ਦੇ ਸਮੇਂ ਤੱਕ ਪ੍ਰਭੂ ਭੋਜ ਦੀ ਵਿਧੀ ਨਹੀਂ ਦਿੱਤੀ ਗਈ ਸੀ।** ਇਸ ਤਰ੍ਹਾਂ, ਇਸ ਦੇ ਸੰਦਰਭ ਵਿੱਚ, ਮਸੀਹ ਦਾ ਮਾਸ ਖਾਣ ਅਤੇ ਲਹੂ ਪੀਣ ਦਾ ਪ੍ਰਭੂ ਭੋਜ ਨਾਲ ਕੋਈ ਸੰਬੰਧ ਨਹੀਂ ਹੈ। ਇਸ ਦੀ ਬਜਾਏ, ਇਹ ਮਸੀਹ ਦੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਦੇ ਲਾਭਾਂ ਦੀ ਨਿੱਜੀ ਵਰਤੋਂ ਨੂੰ ਦਰਸਾਉਂਦਾ ਹੈ **ਜੋ ਕਿ ਖੁਦ ਪ੍ਰਭੂ ਨੇ ਇਸ ਦੇ ਸੰਦਰਭ ਵਿੱਚ ਵਿਆਖਿਆ ਕਰਦੇ ਹੋਏ ਕਿਹਾ ਸੀ।**

> "…ਜੀਵਨ ਦੀ ਰੋਟੀ ਮੈਂ ਹੀ ਹਾਂ। ਜਿਹੜਾ **ਮੇਰੇ ਕੋਲ ਆਉਂਦਾ ਹੈ**, ਉਹ ਕਦੀ ਭੁੱਖਾ ਨਾ ਹੋਵੇਗਾ। ਜਿਹੜਾ **ਮੇਰੇ ਵਿੱਚ ਵਿਸ਼ਵਾਸ ਕਰਦਾ ਹੈ**, ਉਹ ਕਦੀ ਪਿਆਸਾ ਨਾ ਹੋਵੇਗਾ।" [ਯੂਹੰਨਾ 6:35]
>
> " ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਜਿਹੜਾ **ਵਿਸ਼ਵਾਸ ਕਰਦਾ ਹੈ**, ਅਨੰਤ ਜੀਵਨ ਉਸ ਦਾ ਹੈ। ਮੈਂ ਹੀ ਜੀਵਨ ਦੀ ਰੋਟੀ ਹਾਂ।" [ਯੂਹੰਨਾ 6:47-48]

ਇਹ ਧਿਆਨ ਦੇਣ ਦੀ ਲੋੜ ਹੈ ਕਿ ਯੂਹੰਨਾ 6:40 ਅਤੇ ਯੂਹੰਨਾ 6:54 ਦੇ ਆਖ਼ਰੀ ਭਾਗ ਸਪੱਸ਼ਟ ਤੌਰ ਤੇ ਇੱਕੋ ਜਿਹੇ ਹਨ ਅਤੇ "**ਜੋ ਮਸੀਹ ਵਿੱਚ ਵਿਸ਼ਵਾਸ ਕਰਦਾ ਹੈ**" "**ਮੇਰਾ ਮਾਸ ਖਾਂਦਾ ਹੈ**" ਅਤੇ "**ਮੇਰਾ ਲਹੂ ਪੀਂਦਾ ਹੈ**" ਦੇ ਬਰਾਬਰ ਹੈ। ਯੂਹੰਨਾ 6 ਦਾ ਵਿਸ਼ਾ ਪ੍ਰਭੂ ਭੋਜ ਨਹੀਂ ਹੈ। ਮਸੀਹ ਆਪਣੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਨੂੰ ਵਿਸ਼ਵਾਸ ਦੁਆਰਾ ਵਿਅਕਤੀਗਤ ਤੌਰ ਤੇ ਸਵੀਕਾਰ ਕਰਨ ਦੀ ਸਿੱਖਿਆ ਦੇ ਰਹੇ ਸਨ।

### (2) ਕੈਲਵਿਨਿਸਟਿਕ ਕੰਸਬਸਟੈਨਟੇਸ਼ਨ

ਲੂਥਰਨ ਵਿਚਾਰ ਇਸ ਧਾਰਨਾ ਨੂੰ ਰੱਦ ਕਰਦਾ ਹੈ ਕਿ ਪ੍ਰਭੂ ਭੋਜ ਦੇ ਭੌਤਿਕ ਤੱਤ ਅਸਲ ਵਿੱਚ ਮਸੀਹ ਦਾ ਸਰੀਰ ਅਤੇ ਲਹੂ ਬਣ ਜਾਂਦੇ ਹਨ। ਉਸ ਦਾ ਮੰਨਣਾ ਸੀ ਕਿ ਮਸੀਹ ਦਾ ਸਰੀਰ ਅਤੇ ਲਹੂ ਰਹੱਸਮਈ ਅਰਥਾਂ ਵਿੱਚ ਰੋਟੀ ਅਤੇ ਪਿਆਲੇ ਵਿੱਚ ਮੌਜੂਦ ਰਹਿੰਦੇ ਹਨ।

ਇਹ ਸਮਝਣ ਤੋਂ ਬਾਅਦ ਕਿ ਇੱਕ ਵਿਅਕਤੀ ਮਸੀਹ ਦੇ ਮੁਕੰਮਲ ਕੰਮ ਅਤੇ ਸਿਰਫ਼ ਵਿਸ਼ਵਾਸ ਨਾਲ ਮੁਕਤੀ ਵਿੱਚ ਵਿਸ਼ਵਾਸ ਕਰਦਾ ਹੈ (ਜੋ ਕਿ ਜ਼ਿਆਦਾਤਰ ਰੂੜ੍ਹੀਵਾਦੀ ਲੂਥਰਨ ਲੋਕ ਕਰਦੇ ਹਨ), ਤਾਂ ਕੈਲਵਿਨਿਸਟਿਕ ਕੰਸਬਸਟੈਨਟੇਸ਼ਨ ਵਿਚਾਰ ਪਰਿਵਰਤਨਸ਼ੀਲ ਵਿਚਾਰ ਨਾਲੋਂ ਘੱਟ ਇਤਰਾਜ਼ਯੋਗ ਹੁੰਦਾ ਹੈ। ਕਿਉਂਕਿ ਮਸੀਹ ਹਰ ਵਿਸ਼ਵਾਸੀ ਦੇ ਅੰਦਰ ਆਤਮਿਕ ਤੌਰ ਉੱਤੇ ਮੌਜੂਦ ਹਨ (ਰੋਮੀ 8:9), ਅਤੇ ਉਦੋਂ ਮੌਜੂਦ ਹੁੰਦੇ ਹਨ ਜਦੋਂ ਦੋ ਤਾਂ ਤਿੰਨ ਉਹਨਾਂ ਦੇ ਨਾਮ ਉੱਤੇ ਇਕੱਠੇ ਹੁੰਦੇ ਹਨ (ਮੱਤੀ 18:20), ਤਾਂ ਇਹ ਸੋਚਣਾ ਵੀ ਸੰਭਵ ਹੈ ਕਿ **ਪ੍ਰਭੂ ਭੋਜ ਦੇ ਤੱਤਾਂ ਵਿੱਚ ਵੀ ਪ੍ਰਭੂ ਆਤਮਿਕ ਤੌਰ ਤੇ ਮੌਜੂਦ ਹਨ।** ਇੱਕ ਵਿਅਕਤੀ ਇਸ ਲੂਥਰਨ ਵਿਚਾਰ ਨਾਲ ਦਿਲੋਂ ਸਹਿਮਤ ਹੋ ਸਕਦਾ ਹੈ ਕਿ ਪ੍ਰਭੂ ਭੋਜ ਦੀ ਸੇਵਾ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ ਕੀਤਾ ਜਾਂਦਾ ਹੈ। ਹਾਲਾਂਕਿ ਪ੍ਰਭੂ ਭੋਜ ਦੇ ਭੌਤਿਕ ਤੱਤਾਂ ਵਿੱਚ ਮੁਕਤੀ ਦੇਣ ਦੀ ਕੋਈ ਯੋਗਤਾ ਨਹੀਂ ਹੁੰਦੀ ਹੈ, ਪਰ ਤੋੜੇ ਸਰੀਰ ਅਤੇ ਵਹਾਏ ਲਹੂ ਦੀ ਅਸਲੀਅਤ ਜ਼ਰੂਰ ਮੁਕਤੀ ਦਿੰਦੀ ਹੈ; ਅਤੇ ਇਸ ਸੱਚਾਈ ਨੂੰ ਸਮਝਣ ਵਾਲੇ ਸਾਰੇ ਲੋਕਾਂ ਨੂੰ ਭੌਤਿਕ ਤੱਤ ਵੀ ਇੱਕ ਸੰਕੇਤਕ ਰੂਪ ਵਿੱਚ ਮੁਕਤੀ ਦੇ ਸਾਧਨਾਂ ਦੇ ਬਾਰੇ ਵਿੱਚ ਸਿਖਾਉਂਦੇ ਹਨ (ਦੇਖੋ, 1 ਕੁਰਿੰਥ 11:26 ਕਿ "ਪ੍ਰਭੂ ਦੀ ਮੌਤ ਦਾ ਐਲਾਨ ਕਰਦੇ ਹਾਂ")।

### (3) ਯਾਦਗਾਰੀ ਦਾ ਵਿਚਾਰ

ਰੇਫੋਰਮਰ, ਪ੍ਰੈਸਬੈਟੀਰੀਅਨ ਅਤੇ ਬੈਪਟਿਸਟ ਪਰੰਪਰਾਵਾਂ ਵਾਲੀਆਂ ਕਲੀਸਿਯਾਵਾਂ ਆਮ ਤੌਰ ਤੇ ਪ੍ਰਭੂ ਭੋਜ ਦੇ ਯਾਦਗਾਰੀ ਵਿਚਾਰ ਨੂੰ ਮੰਨਦੀਆਂ ਹਨ। ਇਸ ਦਾ ਅਰਥ ਹੈ ਕਿ ਪ੍ਰਭੂ ਭੋਜ ਦੇ ਭੌਤਿਕ ਤੱਤ ਪ੍ਰਭੂ ਦਾ ਅਸਲ ਜਾਂ ਰਹੱਸਮਈ ਸਰੀਰ ਅਤੇ ਲਹੂ ਨਹੀਂ ਹਨ, ਬਲਕਿ ਉਹ ਇੱਕ ਪ੍ਰਤੀਕ ਹਨ ਜੋ ਸਾਨੂੰ ਪ੍ਰਭੂ ਦੇ ਬਲੀਦਾਨ ਨੂੰ ਯਾਦ ਵਿੱਚ ਸਹਾਇਤਾ ਕਰਦੇ ਹਨ। ਕਈ ਵਾਕਾਂਸ਼ ਦੱਸਦੇ ਹਨ ਕਿ ਇਹ ਪ੍ਰਭੂ ਭੋਜ ਦੀ ਸਭਾ ਦੇ ਉਦੇਸ਼ਾਂ ਵਿੱਚੋਂ ਇੱਕ ਹੈ: "**ਮੇਰੀ ਯਾਦ ਵਿੱਚ** ਇਹ ਹੀ ਕਰਿਆ ਕਰੋ" [ਲੂਕਾ 22:19], "**ਮੇਰੀ ਯਾਦ ਵਿੱਚ** ਇਹ ਕਰਿਆ ਕਰੋ" [1 ਕੁਰਿੰਥ 11:24], "ਕਿਉਂਕਿ ਜਦੋਂ ਕਦੀ ਵੀ ਤੁਸੀਂ ਇਹ ਰੋਟੀ ਖਾਂਦੇ ਹੋ ਅਤੇ ਇਸ ਪਿਆਲੇ ਵਿੱਚੋਂ ਪੀਂਦੇ ਹੋ ਤਾਂ ਤੁਸੀਂ ਪ੍ਰਭੂ ਦੇ ਆਉਣ ਤੱਕ ਉਹਨਾਂ ਦੀ ਮੌਤ

ਦਾ ਐਲਾਨ ਕਰਦੇ ਹੋ" [1 ਕੁਰਿੰਥ 11:26)।

ਇਹ ਸਥਾਪਿਤ ਕਰਨ ਤੋਂ ਬਾਅਦ ਕਿ ਪ੍ਰਭੂ ਭੋਜ ਨੂੰ ਇੱਕ ਯਾਦਗਾਰੀ ਦੇ ਰੂਪ ਵਿੱਚ ਮੰਨਿਆ ਜਾਣਾ ਚਾਹੀਦਾ ਹੈ, ਤਾਂ ਇਹ ਠੀਕ ਹੀ ਹੈ ਕਿ ਇਸ ਯਾਦਗਾਰੀ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕੀਤਾ ਜਾਵੇ। ਪਰਮੇਸ਼ਰ ਕੀ ਚਾਹੁੰਦੇ ਹਨ ਜੋ ਉਹਨਾਂ ਦੇ ਲੋਕ ਯਾਦ ਰੱਖਣ? ਇਸ ਨੂੰ ਮਸੀਹੀ ਵਿਧੀ ਲਈ ਵਰਤੇ ਜਾਣ ਵਾਲੇ ਤਿੰਨ ਸ਼ਬਦਾਂ ਦੁਆਰਾ ਚੰਗੀ ਤਰ੍ਹਾਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ: ਯੂਕਾਰਿਸਟ, ਕਮਿਊਨੀਅਨ ਅਤੇ ਲੋਰਡ ਸਪਰ।

### (a) ਯੂਕਾਰਿਸਟ

**ਯੂਕਾਰਿਸਟ** ਸ਼ਬਦ ਸਿਰਫ਼ ਕਲੀਸਿਯਾ ਨਾਲ ਜੁੜਿਆ ਸ਼ਬਦ ਹੀ ਨਹੀਂ ਹੈ। ਇਹ ਯੂਨਾਨੀ ਸ਼ਬਦ "**ਧੰਨਵਾਦ**" ਦਾ ਹੀ ਇੱਕ ਰੂਪ ਹੈ। ਯੂਕਾਰਿਸਟ ਵਿੱਚ ਸ਼ਾਮਲ ਹੋਣ ਨਾਲ ਸਾਨੂੰ ਮਸੀਹ ਦੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਦੇ ਬਲੀਦਾਨ ਨੂੰ ਡੂੰਘੇ ਧੰਨਵਾਦ ਨਾਲ ਯਾਦ ਕਰਨਾ ਚਾਹੀਦਾ ਹੈ। ਮਸੀਹ ਨੇ ਪਿਆਰ ਦੇ ਕਾਰਨ ਆਪਣੀ ਮਰਜ਼ੀ ਨਾਲ ਆਪਣੀ ਜਾਨ ਦਿੱਤੀ ਸੀ (ਯੂਹੰਨਾ 10:18; ਮੱਤੀ 26:53; ਇਬ 12:3), ਅਤੇ ਉਹ ਸਦੀਪਕ ਧੰਨਵਾਦ ਹੱਕਦਾਰ ਹਨ। ਯੂਕਾਰਿਸਟ ਸਾਡੀ ਸਹਾਇਤਾ ਕਰਦਾ ਹੈ ਕਿ ਅਸੀਂ ਮਸੀਹ ਦੀ ਮੌਤ ਅਤੇ ਉਹਨਾਂ ਦੇ ਤੋੜੇ ਗਏ ਸਰੀਰ ਅਤੇ ਵਹਾਏ ਗਏ ਲਹੂ ਦੀਆਂ ਬਰਕਤਾਂ ਨੂੰ ਕਦੇ ਨਾ ਭੁੱਲੀਏ।

### (b) ਕਮਿਊਨੀਅਨ

*ਕਮਿਊਨੀਅਨ* ਸ਼ਬਦ ਲਾਤੀਨੀ ਭਾਸ਼ਾ ਤੋਂ ਆਇਆ ਹੈ ਅਤੇ ਇਹ ਇੱਕ ਅਜਿਹੀ ਗੱਲ ਨੂੰ ਦਰਸਾਉਂਦਾ ਹੈ ਜੋ ਆਮ ਤੌਰ ਤੇ ਸਾਰਿਆਂ ਦੇ ਲਈ ਹੈ। ਨਵੇਂ ਨੇਮ ਵਿੱਚ ਜਿਹੜੇ ਯੂਨਾਨੀ ਸ਼ਬਦ ਦਾ ਅਨੁਵਾਦ *ਕਮਿਊਨੀਅਨ* ਕੀਤਾ ਗਿਆ ਹੈ, ਉਸ ਦਾ ਪੰਜਾਬੀ ਨਵੇਂ ਨੇਮ ਵਿੱਚ ਅਨੁਵਾਦ "ਸੰਗਤ" ਕੀਤਾ ਗਿਆ ਹੈ।

ਕਮਿਊਨੀਅਨ ਸਭਾ ਨੂੰ ਵਿਸ਼ਵਾਸੀਆਂ ਨੂੰ ਮਸੀਹ ਨਾਲ ਅਤੇ ਹੋਰ ਵਿਸ਼ਵਾਸੀਆਂ ਨਾਲ ਉਹਨਾਂ ਦੀ ਸੰਗਤ, ਭਾਈਚਾਰੇ, ਅਤੇ ਏਕਤਾ ਦੀ ਯਾਦ ਦਿਵਾਉਣ ਵਾਲੀ ਗੱਲ ਹੋਣੀ ਚਾਹੀਦੀ ਹੈ। ਕਮਿਊਨੀਅਨ ਵਿੱਚ "ਇੱਕ ਰੋਟੀ" ਅਤੇ "ਇੱਕ ਪਿਆਲੇ" ਵਿੱਚ ਭਾਗੀਦਾਰੀ ਦੇ ਨਾਲ ਅਸੀਂ ਮਸੀਹ ਦੇ ਜੀਵਨ ਵਿੱਚ ਆਪਣੀ ਸੰਗਤ ਅਤੇ ਕਲੀਸਿਯਾ ਵਿੱਚ ਸਾਰੇ ਵਿਸ਼ਵਾਸੀਆਂ ਨਾਲ ਏਕਤਾ ਨੂੰ ਯਾਦ ਕਰਦੇ ਹਾਂ।

1 ਕੁਰਿੰਥ 10:16-17 ਕਮਿਊਨੀਅਨ ਨੂੰ ਮਸੀਹ ਦੇ ਜੀਵਨ ਨਾਲ ਇੱਕ ਹੋ ਜਾਣ (ਖ਼ਾਸ ਕਰਕੇ ਉਹਨਾਂ ਦੇ ਵਹਾਏ ਗਏ ਲਹੂ ਦੀਆਂ ਬਰਕਤਾਂ ਦੇ ਨਾਲ), ਅਤੇ ਮਸੀਹ ਦੇ ਸਰੀਰ ਵਿੱਚ ਦੂਜੇ ਵਿਸ਼ਵਾਸੀਆਂ ਨਾਲ ਇੱਕ ਹੋ ਜਾਣ ਨਾਲ ਜੋੜਦਾ ਹੈ।

> ਬਰਕਤ ਦਾ ਉਹ ਪਿਆਲਾ ਜਿਸ ਦੇ ਲਈ ਅਸੀਂ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ, ਕੀ ਇਸ ਦੇ ਦੁਆਰਾ ਮਸੀਹ ਦੇ ਖ਼ੂਨ ਵਿੱਚ ਸਾਡੀ ਸਾਂਝ ਨਹੀਂ ਹੋਈ? ਇਸੇ ਤਰ੍ਹਾਂ ਜਿਹੜੀ ਰੋਟੀ ਅਸੀਂ ਤੋੜਦੇ ਹਾਂ, ਕੀ ਇਸ ਦੇ ਦੁਆਰਾ **ਮਸੀਹ ਦੇ ਸਰੀਰ ਵਿੱਚ ਸਾਡੀ ਸਾਂਝ ਨਹੀਂ ਹੋਈ**? ਕਿਉਂਕਿ ਰੋਟੀ ਇੱਕ ਹੀ ਹੈ, ਇਸ ਲਈ **ਅਸੀਂ ਬਹੁਤ ਹੋਣ ਤੇ ਵੀ ਇੱਕ ਸਰੀਰ ਹਾਂ ਕਿਉਂਕਿ ਅਸੀਂ ਇੱਕ ਹੀ ਰੋਟੀ ਵਿੱਚੋਂ ਖਾਂਦੇ ਹਾਂ** [1 ਕੁਰਿੰਥ 10:16-17]

### (c) ਲੋਰਡ ਸਪਰ

*ਲੋਰਡ ਸਪਰ* ਸਾਨੂੰ ਯਾਦ ਦਿਵਾਉਂਦਾ ਹੈ ਕਿ ਮਸੀਹ ਹੀ ਪ੍ਰਭੂ ਭੋਜ ਦੇ ਨਾ ਦਿਖਣ ਵਾਲੇ ਮੇਜ਼ਬਾਨ ਹਨ। ਇਸ ਤੋਂ ਇਲਾਵਾ, ਬਾਕੀ ਸ਼ਬਦਾਂ ਨਾਲੋਂ ਜ਼ਿਆਦਾ ਇਹੀ ਉਹ ਸ਼ਬਦ ਹੈ ਜੋ ਇਸ ਹੁਕਮ ਦੀ ਉਸ ਸ਼ੁਰੂਆਤ ਵੱਲ ਇਸ਼ਾਰਾ ਕਰਦਾ ਹੈ ਜੋ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਪਹਿਲਾਂ ਆਖ਼ਰੀ ਭੋਜਨ ਦੇ ਸਮੇਂ ਦਿੱਤਾ ਗਿਆ ਸੀ। ਇਹ ਪ੍ਰਭੂ ਦਾ ਭੋਜ ਹੈ ਕਿਉਂਕਿ ਉਹਨਾਂ ਨੇ ਹੀ ਇਸ ਦੀ ਸ਼ੁਰੂਆਤ ਕੀਤੀ ਸੀ। ਲੋਰਡ ਸਪਰ ਵਿੱਚ ਸ਼ਾਮਲ ਹੋਣ ਸਮੇ ਸਾਨੂੰ ਪ੍ਰਭੂ ਦੇ ਉਸ ਆਖ਼ਰੀ ਭੋਜਨ ਨੂੰ, ਅਤੇ ਖ਼ਾਸ ਕਰਕੇ ਉਹਨਾਂ ਦੇ ਦੁਬਾਰਾ ਵਾਪਸ ਆਉਣ ਅਤੇ ਉਹਨਾਂ ਦੇ ਰਾਜ ਵਿੱਚ ਸਾਡੇ ਸ਼ਾਮਲ ਹੋਣ ਬਾਰੇ ਉਹਨਾਂ ਵਾਅਦੇ ਨੂੰ ਯਾਦ ਰੱਖਣਾ ਚਾਹੀਦਾ ਹੈ। ਹਾਲਾਂਕਿ ਇਹ ਰਸਮ ਸਾਨੂੰ ਸਲੀਬ ਉੱਤੇ ਮਸੀਹ ਦੀ ਅਤੀਤ ਦੀ ਮੌਤ, ਮਸੀਹ ਨਾਲ ਅਤੇ ਹੋਰ ਵਿਸ਼ਵਾਸੀਆਂ ਨਾਲ ਵਰਤਮਾਨ ਸੰਬੰਧ ਵੱਲ ਧਿਆਨ ਕਰਨ ਲਈ ਮਜਬੂਰ ਕਰਦੀ ਹੈ, ਪਰ ਇਸ ਨੂੰ ਸਾਨੂੰ ਉਸ ਵਾਅਦੇ ਨੂੰ ਵੀ ਯਾਦ ਰੱਖਣ ਵਿੱਚ ਮਦਦ ਕਰਨੀ ਚਾਹੀਦੀ ਹੈ ਕਿ ਮਸੀਹ ਫਿਰ ਤੋਂ ਵਾਪਸ ਆਉਣਗੇ।

> "ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਅੱਜ ਤੋਂ ਬਾਅਦ ਇਹ ਮੈਅ **ਉਸ ਦਿਨ ਤੱਕ** ਤੁਹਾਡੇ ਨਾਲ ਕਦੀ ਨਹੀਂ ਪੀਵਾਂਗਾ ਜਦੋਂ ਤੱਕ ਕਿ **ਆਪਣੇ ਪਿਤਾ ਦੇ ਰਾਜ** ਵਿੱਚ ਨਵੀਂ ਨਾ ਪੀਵਾਂ" [ਮੱਤੀ 26:29]
>
> ... ਤੁਸੀਂ **ਪ੍ਰਭੂ ਦੇ ਆਉਣ ਤੱਕ** ਉਹਨਾਂ ਦੀ ਮੌਤ ਦਾ ਐਲਾਨ ਕਰਦੇ ਹੋ [1 ਕੁਰਿੰਥ 11:26b]

### (4) ਸੰਖੇਪ-ਸਾਰ

ਪ੍ਰਭੂ ਆਤਮਿਕ ਤੌਰ ਤੇ ਪ੍ਰਭੂ ਭੋਜ ਵਿੱਚ ਮੌਜੂਦ ਹੋ ਸਕਦੇ ਹਨ। ਪਰ ਇਹ ਨਿਸ਼ਚਿਤ ਹੈ ਕਿ ਪ੍ਰਭੂ ਭੋਜ ਇੱਕ ਯਾਦਗਾਰੀ ਦੀ ਸਭਾ ਹੁੰਦੀ ਹੈ। ਇਸ ਦਾ ਉਦੇਸ਼ ਅਤੀਤ ਵਿੱਚ ਮਸੀਹ ਦੇ ਬਲੀਦਾਨ, ਵਰਤਮਾਨ ਵਿੱਚ ਉਹਨਾਂ ਨਾਲ ਅਤੇ ਹੋਰ ਵਿਸ਼ਵਾਸੀਆਂ ਦੇ ਨਾਲ ਏਕਤਾ, ਅਤੇ ਭਵਿੱਖ ਵਿੱਚ ਉਹਨਾਂ ਦੇ ਦੁਬਾਰਾ ਵਾਪਸ ਆਉਣ ਦੇ ਵਾਅਦੇ ਨੂੰ ਯਾਦ ਦਿਵਾਉਣਾ ਹੈ। ਜਦੋਂ ਅਸੀਂ ਪ੍ਰਭੂ ਭੋਜ ਵਿੱਚ ਸ਼ਾਮਲ ਹੁੰਦੇ ਹਾਂ, ਤਾਂ ਸਾਰੇ ਮਨਾਂ ਵਿੱਚ ਇਹ ਸਾਰੇ ਵਿਚਾਰ ਹੋਣੇ ਚਾਹੀਦੇ ਹਨ।

## 2. ਬਪਤਿਸਮਾ

ਹੁਣ ਤੱਕ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਬਪਤਿਸਮੇ ਬਾਰੇ ਬੈਪਟਿਸਟ ਵਿਸ਼ਵਾਸੀਆਂ ਦਾ ਵਿਚਾਰ ਇਸ ਦੇ ਅਰਥ ਅਤੇ ਢੰਗ ਦੋਵਾਂ ਹੀ ਮਾਮਲਿਆਂ ਵਿੱਚ ਬਾਈਬਲ ਆਧਾਰਿਤ ਹੈ। ਫਿਰ ਵੀ, ਅਸੀਂ ਇਸ

ਵਿਸ਼ੇ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕਰਨ ਦੇ ਲਈ ਹੋਰ ਵਿਚਾਰਾਂ ਦਾ ਵੀ ਅਧਿਐਨ ਕਰਾਂਗੇ।

### a. ਬਪਤਿਸਮੇ ਬਾਰੇ ਵੱਖ-ਵੱਖ ਦ੍ਰਿਸ਼ਟੀਕੋਣ

#### (1) ਸੈਕਰਾਮੈਂਟਲ ਦ੍ਰਿਸ਼ਟੀਕੋਣ

ਸ਼ਬਦ *ਸੈਕਰਾਮੈਂਟ* ਇੱਕ ਲਾਤੀਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ ਹੈ "ਪ੍ਰਤੀਕ, ਵਚਨਬੱਧਤਾ ਅਤੇ ਬਿਆਨ।" ਕੁਝ ਲੋਕ ਇੱਕ ਬੱਚੇ ਦੇ ਬਪਤਿਸਮੇ ਨੂੰ ਇੱਕ ਅਜਿਹਾ ਸੈਕਰਾਮੈਂਟ ਮੰਨਦੇ ਹਨ ਜੋ ਇੱਕ ਬੱਚੇ ਨੂੰ ਨਵਾਂ ਜੀਵਨ ਦਿੰਦੇ ਹੋਏ ਉਸ ਨੂੰ ਮਸੀਹ ਦੇ ਸਰੀਰ ਦਾ ਜੀਵਤ ਅੰਗ ਬਣਾ ਦਿੰਦਾ ਹੈ। ਜੇਕਰ ਉਹ ਬੱਚਾ ਮਰ ਜਾਂਦਾ ਹੈ, ਤਾਂ ਉਹ ਸਦੀਪਕ ਨਾਸ਼ ਤੋਂ ਬਚ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਮੁਕਤੀ ਇੱਕ ਪ੍ਰਕਿਰਿਆ ਹੈ। ਇਸ ਤਰ੍ਹਾਂ, ਬੱਚਾ ਕਿਰਪਾ ਵਿੱਚ ਵਧਣ ਦੇ ਨੇਮ ਦੇ ਮਾਰਗ ਵਿੱਚ ਸ਼ਾਮਲ ਹੁੰਦਾ ਹੈ ਜਿਸ ਵਿੱਚ ਇਹ ਉਮੀਦ ਬਣੀ ਰਹਿੰਦੀ ਹੈ ਕਿ ਅੰਤ ਵਿੱਚ ਉਹ ਸਦੀਪਕ ਜੀਵਨ ਨੂੰ ਪ੍ਰਾਪਤ ਕਰ ਲਵੇਗਾ।

#### (2) ਬਪਤਿਸਮੇ ਦੁਆਰਾ ਨਵਾਂ ਜੀਵਨ

ਜਿਸ ਤਰ੍ਹਾਂ ਇਸ ਭਾਗ ਵਿੱਚ ਬਪਤਿਸਮੇ ਦੁਆਰਾ ਨਵੇਂ ਜੀਵਨ ਦੇ ਵਿਚਾਰ ਨੂੰ ਵਰਤਿਆ ਗਿਆ ਹੈ, ਉਹ ਬਪਤਿਸਮੇ ਦੇ ਸੈਕਰਾਮੈਂਟਲ ਵਿਚਾਰ ਤੋਂ ਉਦੋਂ ਵੱਖ ਹੋ ਜਾਵੇਗਾ ਜੇਕਰ ਅਸੀਂ ਬਪਤਿਸਮੇ ਨੂੰ ਉਹਨਾਂ ਲੋਕਾਂ ਤੱਕ ਸੀਮਿਤ ਕਰ ਦੇਵਾਂਗੇ ਜੋ ਸਿਰਫ਼ "ਬਾਲਗ ਬਪਤਿਸਮੇ" ਨੂੰ ਮੰਨਦੇ ਹਨ। ਚਰਚ ਆਫ਼ ਕ੍ਰਾਈਸਟ ਅਤੇ ਇਸ ਤਰ੍ਹਾਂ ਦੇ ਹੋਰ ਮਸੀਹੀ ਸਮੂਹ ਬੱਚਿਆਂ ਦੇ ਬਪਤਿਸਮੇ ਦਾ ਅਭਿਆਸ ਨਹੀਂ ਕਰਦੇ ਹਨ, ਪਰ ਉਹ ਇਹ ਜ਼ਰੂਰ ਮੰਨਦੇ ਹਨ ਕਿ ਮੁਕਤੀ ਪਾਉਣ ਲਈ ਬਪਤਿਸਮਾ ਇੱਕ ਜ਼ਰੂਰੀ ਸਾਧਨ ਹੈ। ਸਿਰਫ਼ ਵਿਸ਼ਵਾਸ ਹੀ ਕਾਫ਼ੀ ਨਹੀਂ ਹੈ। ਇੱਕ ਵਿਸ਼ਵਾਸੀ ਨੂੰ ਮੁਕਤੀ ਪਾਉਣ ਦੇ ਲਈ ਬਪਤਿਸਮਾ ਵੀ ਲੈਣਾ ਚਾਹੀਦਾ ਹੈ (ਇਸ ਦੀ ਚਰਚਾ ਅਧਿਆਇ 9 ਦੇ ਭਾਗ 2 ਵਿੱਚ ਕੀਤੀ ਗਈ ਹੈ)।

#### (3) ਬਪਤਿਸਮੇ ਬਾਰੇ ਰੇਫੋਰਮਰ ਦ੍ਰਿਸ਼ਟੀਕੋਣ

ਰੇਫੋਰਮਰ/ਪ੍ਰੈਸਬੈਟੀਰੀਅਨ ਦ੍ਰਿਸ਼ਟੀਕੋਣ ਵਾਲੇ ਲੋਕ ਇਹ ਮੰਨਦੇ ਹਨ ਕਿ ਬਪਤਿਸਮੇ ਨੂੰ ਹੁਣ ਸੁੰਨਤ ਦੀ ਥਾਂ ਸਥਾਪਿਤ ਕੀਤਾ ਗਿਆ ਹੈ ਜੋ ਕਿ ਇੱਕ ਵਿਅਕਤੀ ਦੇ ਨੇਮ ਦੇ ਲੋਕਾਂ ਵਿੱਚ ਸ਼ਾਮਲ ਹੋਣ ਦਾ ਚਿੰਨ੍ਹ ਸੀ। ਜਿਵੇਂ ਅਬਰਾਹਾਮ ਦੀ ਸੰਤਾਨ ਦੇ ਲੋਕਾਂ ਨੂੰ ਆਪਣੇ ਬਚਪਣ ਵਿੱਚ ਹੀ ਸੁੰਨਤ ਕਰਵਾਉਣੀ ਪੈਂਦੀ ਸੀ, ਉਵੇਂ ਹੀ ਜਿਹੜੇ ਬਚਪਣ ਵਿੱਚ ਬਪਤਿਸਮਾ ਲੈਂਦੇ ਹਨ, ਉਹ ਦਰਸਾਉਂਦੇ ਹਨ ਕਿ ਉਹ ਕਲੀਸਿਯਾ ਦੇ ਨੇਮ ਦੇ ਸਮਾਜ ਦਾ ਹਿੱਸਾ ਹਨ। ਬੱਚੇ ਦਾ ਬਪਤਿਸਮਾ ਮਾਪਿਆਂ ਅਤੇ ਪਰਮੇਸ਼ਰ ਵਿਚਕਾਰ ਇੱਕ ਨੇਮ ਵੀ ਬਣਾਉਂਦਾ ਹੈ ਕਿ ਉਹ ਬੱਚੇ ਨੂੰ ਮਸੀਹੀ ਸਿੱਖਿਆਵਾਂ ਅਨੁਸਾਰ ਪਾਲਣਗੇ। ਹਾਲਾਂਕਿ ਬੱਚਿਆਂ ਦਾ ਬਪਤਿਸਮਾ ਵਿਸ਼ਵਾਸ ਦੇ ਨੇਮ ਵਿੱਚ ਹਿੱਸਾ ਹੋਣ ਦੇ ਫ਼ਾਇਦੇ ਦਿੰਦਾ ਹੈ, ਪਰ ਇਹਨਾਂ ਸਮੂਹਾਂ ਵਿੱਚ ਜਿਹੜੇ ਲੋਕ ਬਾਈਬਲ ਦੀ ਜਾਣਕਾਰੀ ਰੱਖਦੇ ਹਨ, ਉਹਨਾਂ ਦਾ ਇਹ ਕਹਿਣਾ ਹੋਵੇਗਾ ਕਿ ਮੁਕਤੀ ਸਿਰਫ਼ ਵਿਸ਼ਵਾਸ ਦੁਆਰਾ ਹੀ ਮਿਲਦੀ ਹੈ। ਉਹਨਾਂ ਦਾ ਇਹ ਮੰਨਣਾ ਹੋਵੇਗਾ ਕਿ ਜਿਵੇਂ-ਜਿਵੇਂ ਬੱਚਾ ਵੱਡਾ ਹੋਵੇਗਾ, ਤਾਂ ਉਸ ਨੂੰ ਮਸੀਹ ਵਿੱਚ ਵਿਸ਼ਵਾਸ ਕਰਨਾ ਹੋਵੇਗਾ, ਨਹੀਂ ਤਾਂ ਉਸ ਨੂੰ ਮੁਕਤੀ ਨਹੀਂ ਮਿਲੇਗੀ।

#### (4) ਬਪਤਿਸਮਾ ਜ਼ਰੂਰੀ ਨਹੀਂ ਹੈ

ਕੁਝ ਪ੍ਰੋਟੈਸਟੈਂਟ ਵਿਸ਼ਵਾਸੀ ਬਪਤਿਸਮਾ ਨਹੀਂ ਲੈਂਦੇ ਹਨ। ਉਦਾਹਰਣ ਦੇ ਲਈ, ਸੈਲਵੇਸ਼ਨ ਆਰਮੀ ਦੇ ਲੋਕ ਬਪਤਿਸਮੇ ਨੂੰ ਮਹੱਤਵਹੀਣ ਮੰਨਦੇ ਹਨ ਕਿਉਂਕਿ ਇਸ ਦਾ ਮੁਕਤੀ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਇਲਾਵਾ, "ਗ੍ਰੇਸ ਗੋਸਪੇਲ ਫੈਲੋਸ਼ਿਪ" ਵਿੱਚ ਵੀ ਕੁਝ ਬਾਈਬਲ ਕਲੀਸਿਯਾਵਾਂ ਹਨ ਜੋ ਬਪਤਿਸਮੇ ਦਾ ਅਭਿਆਸ ਨਹੀਂ ਕਰਦੀਆਂ ਹਨ ਕਿਉਂਕਿ ਉਹ "ਹਾਇਪਰ (ਜ਼ਿਆਦਾ)-ਡਿਸਪੈਂਸੈਸ਼ਨਲ" ਹਨ। ਉਹ ਇਹ ਨਹੀਂ ਮੰਨਦੇ ਹਨ ਕਿ ਕਲੀਸਿਯਾ ਦੀ ਸ਼ੁਰੂਆਤ ਰਸੂਲਾਂ ਦੇ ਕਰਤੱਬ 2 ਵਿੱਚ ਹੋਈ ਸੀ। ਕੁਝ ਲੋਕ ਕਹਿੰਦੇ ਹਨ ਕਿ ਇਸ ਦੀ ਸ਼ੁਰੂਆਤ ਰਸੂਲਾਂ 9, ਜਾਂ 13, ਜਾਂ 28 ਵਿੱਚ ਹੋਈ ਸੀ। ਕੁਝ ਲੋਕ ਸਿਰਫ਼ ਪੌਲੁਸ ਦੀਆਂ ਜੇਲ੍ਹ ਤੋਂ ਲਿਖੀਆਂ ਪੱਤਰੀਆਂ ਦੀ ਪਾਲਣਾ ਕਰਦੇ ਹਨ, ਇਸ ਲਈ ਉਹ ਇਹ ਨਹੀਂ ਮੰਨਦੇ ਹਨ ਕਿ ਬਪਤਿਸਮਾ ਕਲੀਸਿਯਾ ਦੇ ਲਈ ਹੈ।

#### (5) ਬੈਪਟਿਸਟ ਵਿਸ਼ਵਾਸੀਆਂ ਦਾ ਬਪਤਿਸਮੇ ਬਾਰੇ ਦ੍ਰਿਸ਼ਟੀਕੋਣ

ਕੈਥੋਲਿਕ, ਲੂਥਰਨ, ਰੇਫੋਰਮਰ, ਪ੍ਰੈਸਬੈਟੀਰੀਅਨ ਦੇ ਉਲਟ ਬੈਪਟਿਸਟ ਬੱਚਿਆਂ ਨੂੰ ਬਪਤਿਸਮਾ ਨਹੀਂ ਦਿੰਦੇ ਹਨ। ਚਰਚ ਆਫ਼ ਕ੍ਰਾਈਸਟ ਦੇ ਉਲਟ, ਉਹ ਇਹ ਨਹੀਂ ਮੰਨਦੇ ਹਨ ਕਿ ਬਪਤਿਸਮਾ ਮੁਕਤੀ ਦੇ ਲਈ ਜ਼ਰੂਰੀ ਹੈ। ਫਿਰ ਵੀ, ਬੈਪਟਿਸਟ ਵਿਸ਼ਵਾਸੀ ਮਸੀਹ ਦੇ ਹੁਕਮਾਂ ਦੀ ਪਾਲਣਾ ਕਰਨ ਦੇ ਲਈ ਬਪਤਿਸਮਾ ਲੈਣ ਨੂੰ ਜ਼ਰੂਰੀ ਮੰਨਦੇ ਹਨ।

ਬੈਪਟਿਸਟ ਵਿਸ਼ਵਾਸੀਆਂ ਦੀ ਸਮਝ ਇਹ ਹੈ ਕਿ ਜਿਹੜੇ ਲੋਕਾਂ ਨੇ ਪਹਿਲਾਂ ਹੀ ਵਿਸ਼ਵਾਸ ਕੀਤਾ ਹੈ, ਸਿਰਫ਼ ਉਹ ਹੀ ਬਪਤਿਸਮਾ ਲੈ ਸਕਦੇ ਹਨ। ਇਹ ਛੋਟੇ ਬੱਚਿਆਂ ਨੂੰ ਬਪਤਿਸਮੇ ਦੇ ਲਈ ਅਯੋਗ ਬਣਾ ਦਿੰਦਾ ਹੈ ਕਿਉਂਕਿ ਉਹ ਵਿਸ਼ਵਾਸ ਨਹੀਂ ਕਰ ਸਕਦੇ ਹਨ। ਇਹ ਵਿਚਾਰ ਬਪਤਿਸਮੇ ਨੂੰ ਮੁਕਤੀ ਤੋਂ ਬਾਅਦ ਹੋਣ ਵਾਲੇ ਕੰਮ ਦੇ ਰੂਪ ਵਿੱਚ ਦੇਖਦਾ ਹੈ।

ਬਾਈਬਲ ਦੇ ਕਿਸੇ ਵੀ ਨਿਰਪੱਖ ਵਿਦਿਆਰਥੀ ਦੇ ਸਾਹਮਣੇ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਬਾਈਬਲ ਕਦੇ ਵੀ ਬੱਚਿਆਂ ਦੇ ਬਪਤਿਸਮੇ ਦਾ ਹੁਕਮ ਜਾਂ ਇਸ ਦੀ ਕੋਈ ਉਦਾਹਰਣ ਨਹੀਂ ਦਿੰਦੀ ਹੈ। ਬਾਈਬਲ ਵਿਸ਼ਵਾਸ ਨਾਲ ਮੁਕਤੀ ਨੂੰ ਬਪਤਿਸਮਾ ਲੈਣ ਦੀ ਸ਼ਰਤ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਭਾਵੇਂ ਇੱਕ ਵਿਅਕਤੀ ਨੇ ਬਪਤਿਸਮਾ ਲੈ ਲਿਆ ਹੋਵੇ, ਪਰ ਵਿਸ਼ਵਾਸ ਤੋਂ ਬਿਨਾਂ ਉਸ ਕੋਲ ਮੁਕਤੀ ਨਹੀਂ ਹੈ। ਜੇਕਰ ਉਸ ਨੇ ਵਿਸ਼ਵਾਸ ਕੀਤਾ ਹੈ ਅਤੇ ਬਪਤਿਸਮਾ ਨਹੀਂ ਲਿਆ ਹੈ,

ਤਾਂ ਵੀ ਉਸ ਨੇ ਮੁਕਤੀ ਪ੍ਰਾਪਤ ਕੀਤੀ ਹੈ। ਹੇਠਾਂ ਦਿੱਤੇ ਵਚਨ ਇਹ ਸਾਬਤ ਕਰਦੇ ਹਨ ਕਿ ਬਪਤਿਸਮਾ ਸਿਰਫ਼ ਉਹਨਾਂ ਲਈ ਹੈ ਜੋ ਵਿਸ਼ਵਾਸ ਕਰਦੇ ਹਨ, ਅਤੇ ਇਸ ਤਰ੍ਹਾਂ ਇਹ ਉਹਨਾਂ ਲਈ ਹੈ ਜੋ ਪਹਿਲਾਂ ਹੀ ਬਚਾਏ ਗਏ ਹਨ।

> "ਇਸ ਲਈ ਜਾਓ, ਸਾਰੀਆਂ ਕੌਮਾਂ ਨੂੰ **ਚੇਲੇ ਬਣਾਓ**, ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ ਦਿਓ**।" [ਮੱਤੀ 28:19]
>
> ਪਤਰਸ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਵਿੱਚੋਂ ਹਰ ਕੋਈ ਆਪਣੇ **ਪਾਪਾਂ ਤੋਂ ਤੋਬਾ ਕਰੇ** ਅਤੇ ਯਿਸੂ ਮਸੀਹ ਦੇ ਨਾਮ ਵਿੱਚ **ਬਪਤਿਸਮਾ ਲਵੇ** ਤਾਂ ਜੋ ਤੁਹਾਡੇ ਪਾਪ ਮਾਫ਼ ਹੋ ਜਾਣ ਅਤੇ ਤੁਹਾਨੂੰ ਪਵਿੱਤਰ ਆਤਮਾ ਦਾ ਵਰਦਾਨ ਮਿਲੇ।" **ਜਿਹਨਾਂ ਲੋਕਾਂ ਨੇ ਪਤਰਸ ਦੇ ਉਪਦੇਸ਼ ਨੂੰ ਸਵੀਕਾਰ ਕੀਤਾ** ਉਹਨਾਂ ਨੂੰ **ਬਪਤਿਸਮਾ ਦਿੱਤਾ ਗਿਆ।** ਉਸ ਦਿਨ ਕੋਈ ਤਿੰਨ ਹਜ਼ਾਰ ਲੋਕ ਉਹਨਾਂ ਵਿੱਚ ਆ ਮਿਲੇ। [ਰਸੂਲਾਂ 2:38 ਅਤੇ 41]
>
> ਪਰ ਜਦੋਂ ਲੋਕਾਂ ਨੇ ਫ਼ਿਲਿੱਪੁਸ ਦੇ **ਉਪਦੇਸ਼ ਵਿੱਚ ਵਿਸ਼ਵਾਸ ਕੀਤਾ** ਜਿਹੜਾ ਪਰਮੇਸ਼ਰ ਦੇ ਰਾਜ ਅਤੇ ਯਿਸੂ ਮਸੀਹ ਦੇ ਸ਼ੁਭ ਸਮਾਚਾਰ ਦਾ ਪ੍ਰਚਾਰ ਕਰ ਰਿਹਾ ਸੀ ਤਾਂ ਆਦਮੀਆਂ ਅਤੇ ਔਰਤਾਂ ਨੇ **ਬਪਤਿਸਮਾ ਲਿਆ**। [ਰਸੂਲਾਂ 8:12]
>
> "ਯਿਸੂ ਦੇ ਬਾਰੇ ਹੀ ਸਾਰੇ ਨਬੀ ਗਵਾਹੀ ਦਿੰਦੇ ਹਨ ਕਿ ਜਿਹੜਾ ਕੋਈ ਉਹਨਾਂ ਵਿੱਚ **ਵਿਸ਼ਵਾਸ ਕਰੇਗਾ**, ਉਸ ਨੂੰ ਉਹਨਾਂ ਦੇ ਨਾਮ ਦੁਆਰਾ ਪਾਪਾਂ ਦੀ ਮਾਫ਼ੀ ਮਿਲੇਗੀ।" ਪਤਰਸ ਅਜੇ ਇਹ ਕਹਿ ਹੀ ਰਿਹਾ ਸੀ ਕਿ ਉਹਨਾਂ ਸਾਰਿਆਂ ਉੱਤੇ **ਜਿਹੜੇ ਵਚਨ ਸੁਣ ਰਹੇ ਸਨ**, **ਪਵਿੱਤਰ ਆਤਮਾ ਉਤਰ ਆਇਆ**...." ਜਿਹਨਾਂ ਲੋਕਾਂ ਨੇ ਸਾਡੇ ਵਾਂਗ ਹੀ ਪਵਿੱਤਰ ਆਤਮਾ ਪ੍ਰਾਪਤ ਕੀਤਾ ਹੈ, **ਕੀ ਉਹਨਾਂ ਨੂੰ ਕੋਈ ਪਾਣੀ ਦਾ ਬਪਤਿਸਮਾ ਲੈਣ ਤੋਂ ਰੋਕ ਸਕਦਾ ਹੈ?"** ਇਸ ਲਈ ਪਤਰਸ ਨੇ ਉਹਨਾਂ ਨੂੰ ਹੁਕਮ ਦਿੱਤਾ ਕਿ ਉਹ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ। [ਰਸੂਲਾਂ 10:43-44; 47-48]

ਬਾਈਬਲ ਇਹ ਸਿਖਾਉਂਦੀ ਹੈ ਕਿ ਸਿਰਫ਼ ਵਿਸ਼ਵਾਸੀ ਹੀ ਪਵਿੱਤਰ ਆਤਮਾ ਦੇ ਬਪਤਿਸਮੇ ਨੂੰ ਪ੍ਰਾਪਤ ਕਰਦੇ ਹਨ (ਯੂਹੰਨਾ 7:37- 39; ਰੋਮੀ 8:9)। ਰਸੂਲਾਂ ਦੇ ਕਰਤੱਬ 10 ਵਿੱਚ ਉਹਨਾਂ ਨੇ ਉਸ ਸ਼ੁਭ-ਸਮਾਚਾਰ ਦੇ ਸੰਦੇਸ਼ ਵਿੱਚ ਵਿਸ਼ਵਾਸ ਕੀਤਾ ਸੀ ਜਿਸ ਦਾ ਪ੍ਰਚਾਰ ਪਤਰਸ ਕਰ ਰਿਹਾ ਸੀ, ਅਤੇ ਇਸ ਲਈ ਉਹਨਾਂ ਨੇ ਪਵਿੱਤਰ ਆਤਮਾ ਨੂੰ ਪ੍ਰਾਪਤ ਕੀਤਾ ਸੀ। ਇਹ ਧਿਆਨ ਦਿਓ ਕਿ **ਵਿਸ਼ਵਾਸ ਕਰਨ ਤੋਂ ਬਾਅਦ** ਉਹ ਪਾਣੀ ਦੇ ਬਪਤਿਸਮੇ ਲਈ ਯੋਗ ਉਮੀਦਵਾਰ ਬਣੇ ਸਨ।

> ਉਹਨਾਂ ਵਿੱਚ ਲਿਦੀਯਾ ਨਾਂ ਦੀ ਇੱਕ ਔਰਤ ਸੀ ਜਿਹੜੀ ਥੁਆਤੀਰਾ ਸ਼ਹਿਰ ਦੀ ਰਹਿਣ ਵਾਲੀ ਅਤੇ ਜਾਮਨੀ ਰੰਗ ਦੇ ਕੱਪੜੇ ਵੇਚਣ ਵਾਲੀ ਸੀ। ਉਹ ਪਰਮੇਸ਼ਰ ਨੂੰ ਮੰਨਣ ਵਾਲੀ ਸੀ ਅਤੇ ਇਹ ਸਾਰਾ ਕੁਝ ਸੁਣ ਰਹੀ ਸੀ। ਪ੍ਰਭੂ ਨੇ **ਉਸ ਦਾ ਦਿਲ ਖੋਲ੍ਹ ਦਿੱਤਾ** ਕਿ ਉਹ ਪੌਲੁਸ ਦੇ ਵਚਨਾਂ ਉੱਤੇ ਧਿਆਨ ਲਾਵੇ। ਜਦੋਂ ਉਹ ਆਪਣੇ **ਪੂਰੇ ਪਰਿਵਾਰ ਸਮੇਤ ਬਪਤਿਸਮਾ ਲੈ ਚੁੱਕੀ**...[ਰਸੂਲਾਂ 16:14-15]
>
> ਫਿਰ ਉਹ ਉਹਨਾਂ ਨੂੰ ਬਾਹਰ ਲੈ ਗਿਆ ਅਤੇ ਪੁੱਛਣ ਲੱਗਾ, "ਸ੍ਰੀਮਾਨ ਜੀ, ਮੁਕਤੀ ਪਾਉਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?" ਉਹਨਾਂ ਨੇ ਉੱਤਰ ਦਿੱਤਾ, "**ਪ੍ਰਭੂ ਯਿਸੂ ਵਿੱਚ ਵਿਸ਼ਵਾਸ ਕਰ** ਤਾਂ ਤੂੰ ਅਤੇ ਤੇਰਾ ਪਰਿਵਾਰ ਮੁਕਤੀ ਪਾਵੇਗਾ"...ਉਹ ਅਤੇ ਉਸ ਦਾ ਪਰਿਵਾਰ ਖ਼ੁਸ਼ ਸਨ ਕਿ ਉਹਨਾਂ ਨੇ ਪਰਮੇਸ਼ਰ ਵਿੱਚ **ਵਿਸ਼ਵਾਸ ਕੀਤਾ ਹੈ**। [ਰਸੂਲਾਂ 16: 30-34]
>
> ਪ੍ਰਾਰਥਨਾ ਘਰ ਦੇ ਅਧਿਕਾਰੀ ਕਰਿਸਪੁਸ ਨੇ ਆਪਣੇ ਸਾਰੇ ਪਰਿਵਾਰ ਸਮੇਤ **ਪ੍ਰਭੂ ਵਿੱਚ ਵਿਸ਼ਵਾਸ ਕੀਤਾ** ਅਤੇ ਬਹੁਤ ਸਾਰੇ ਕੁਰਿੰਥੁਸ ਦੇ ਰਹਿਣ ਵਾਲਿਆਂ ਨੇ ਸੁਣਿਆ ਅਤੇ **ਵਿਸ਼ਵਾਸ ਕਰ ਕੇ ਬਪਤਿਸਮਾ ਲਿਆ।** [ਰਸੂਲਾਂ 18:8]

ਬਾਈਬਲ ਵਿਸ਼ਵਾਸੀ ਦੇ ਬਪਤਿਸਮੇ ਬਾਰੇ ਇਹ ਸਿਖਾਉਂਦੀ ਹੈ ਕਿ ਇਹ ਮੁਕਤੀ ਤੋਂ *ਬਾਅਦ* ਹੁੰਦਾ ਹੈ ਅਤੇ ਇਹ ਮੁਕਤੀ *ਲਈ* ਕੁਝ ਯੋਗਦਾਨ ਨਹੀਂ ਪਾਉਂਦਾ ਹੈ। ਕੇਵਲ ਉਹਨਾਂ ਨੂੰ ਬਪਤਿਸਮਾ ਦਿੱਤਾ ਜਾਂਦਾ ਹੈ ਜੋ ਵਿਸ਼ਵਾਸ ਵਿੱਚ ਮਜ਼ਬੂਤ ਹੁੰਦੇ ਹਨ। ਇਹ ਦੁੱਖ ਦੀ ਗੱਲ ਹੈ ਕਿ ਹੇਠਾਂ ਦਿੱਤੇ ਹਵਾਲੇ ਇੱਕ ਅਜਿਹੇ ਲੇਖ ਦਾ ਹਿੱਸਾ ਹਨ ਜਿਹਨਾਂ ਦਾ ਉਦੇਸ਼ ਬੱਚਿਆਂ ਦੇ ਬਪਤਿਸਮੇ ਨੂੰ ਸਾਬਤ ਕਰਨਾ ਸੀ। ਹੇਠਾਂ ਲੂਈਸ ਬਰਖੋਫ ਦੇ ਸ਼ਬਦ ਹਨ ਜੋ ਕੈਲਵਿਨ ਸੈਮੀਨਾਰੀ ਦਾ ਪ੍ਰਿੰਸੀਪਲ ਅਤੇ ਥਿਓਲੋਜੀ ਦਾ ਪ੍ਰੋਫੈਸਰ ਸੀ:

"ਸ਼ੁਰੂ ਵਿੱਚ ਹੀ ਇਹ ਕਹਿ ਦਿੱਤਾ ਜਾਣਾ ਚਾਹੀਦਾ ਹੈ ਕਿ ਬਾਈਬਲ ਵਿੱਚ ਬੱਚਿਆਂ ਦੇ ਬਪਤਿਸਮੇ ਦਾ ਕੋਈ ਸਪੱਸ਼ਟ ਹੁਕਮ ਨਹੀਂ ਹੈ, ਅਤੇ ਅਜਿਹੀ ਇੱਕ ਵੀ ਘਟਨਾ ਨਹੀਂ ਹੈ ਜਿਸ ਵਿੱਚ ਸਾਨੂੰ ਇੱਕ ਬੱਚੇ ਦੇ ਬਪਤਿਸਮੇ ਦੇ ਬਾਰੇ ਵਿੱਚ ਸਪੱਸ਼ਟ ਦੱਸਿਆ ਗਿਆ ਹੋਵੇ। ਪਰ ਇਹ ਜ਼ਰੂਰੀ ਨਹੀਂ ਹੈ ਕਿ ਬੱਚਿਆਂ ਦਾ ਬਪਤਿਸਮਾ ਬਾਈਬਲ ਤੋਂ ਬਾਹਰ ਦਾ ਵਿਚਾਰ ਹੋਵੇ।"[3]

"ਅਜਿਹਾ ਕੋਈ ਸਪੱਸ਼ਟ ਹੁਕਮ ਨਹੀਂ ਹੈ ਕਿ ਬੱਚਿਆਂ ਨੂੰ ਬਪਤਿਸਮਾ ਲੈਣਾ ਚਾਹੀਦਾ ਹੈ। ਇਹ ਗੱਲ ਬਿਲਕੁਲ ਸੱਚ ਹੈ, ਪਰ ਇਹ ਬੱਚਿਆਂ ਦੇ ਬਪਤਿਸਮੇ ਦੀ ਵੈਧਤਾ ਨੂੰ ਗ਼ਲਤ ਸਾਬਤ ਨਹੀਂ ਕਰਦਾ ਹੈ।"[4]

---

[3] ਲੂਈਸ ਬਰਖੋਫ, *ਸਿਸਟਮੈਟਿਕ ਥਿਉਲੋਜੀ* (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1939) ਪੰਨਾ 632.

[4] ਇਬਿਡ., 636.

"…ਨਵੇਂ ਨੇਮ ਵਿੱਚ ਬੱਚਿਆਂ ਦੇ ਬਪਤਿਸਮੇ ਦੀ ਕੋਈ ਉਦਾਹਰਣ ਨਹੀਂ ਹੈ। ਇਹ ਪੂਰੀ ਤਰ੍ਹਾਂ ਸੱਚ ਹੈ ਕਿ ਬਾਈਬਲ ਸਪੱਸ਼ਟ ਰੂਪ ਵਿੱਚ ਇਹ ਨਹੀਂ ਦੱਸਦੀ ਹੈ ਕਿ ਬੱਚਿਆਂ ਨੂੰ ਬਪਤਿਸਮਾ ਦਿੱਤਾ ਗਿਆ ਸੀ…"[5]

### b. ਪਾਣੀ ਦੇ ਬਪਤਿਸਮੇ ਦਾ ਅਰਥ

(1) ਬਪਤਿਸਮਾ ਇਹ ਦਰਸਾਉਂਦਾ ਹੈ ਕਿ ਨਵਾਂ ਵਿਸ਼ਵਾਸੀ ਮਸੀਹ ਦੇ ਹੁਕਮ ਦੀ **ਪਾਲਣਾ** ਕਰਨਾ ਚਾਹੁੰਦਾ ਹੈ। ਇਹ ਕਲੀਸਿਯਾ ਨੂੰ ਵੀ ਇੱਕ ਅਜਿਹੇ ਹੁਕਮ ਪ੍ਰਤੀ ਆਗਿਆਕਾਰੀ ਹੋਣਾ ਦਰਸਾਉਂਦਾ ਹੈ ਜਿਸ ਦੀ ਮਸੀਹ ਨੇ "ਧਰਤੀ ਦੇ ਅੰਤ ਤੱਕ" ਉਮੀਦ ਕੀਤੀ ਸੀ" (ਮੱਤੀ 28:20)।

> "ਇਸ ਲਈ ਜਾਓ, ਸਾਰੀਆਂ ਕੌਮਾਂ ਨੂੰ ਚੇਲੇ ਬਣਾਓ, ਉਹਨਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ **ਬਪਤਿਸਮਾ** ਦਿਓ। ਅਤੇ ਉਹਨਾਂ ਨੂੰ ਇਹਨਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨੀ ਸਿਖਾਓ ਜਿਹਨਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਦੇਖੋ, **ਯੁੱਗ ਦੇ ਅੰਤ ਤੱਕ** ਮੈਂ ਹਮੇਸ਼ਾ ਤੁਹਾਡੇ ਨਾਲ ਹਾਂ।" [ਮੱਤੀ 28:19-20]

(2) ਪਾਣੀ ਦਾ ਬਪਤਿਸਮਾ **ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਵਿੱਚ ਭਾਗੀਦਾਰੀ** ਦਾ ਪ੍ਰਤੀਕ ਹੈ। ਇੱਕ ਗੱਲ ਇਹ ਵੀ ਕਹੀ ਜਾ ਸਕਦੀ ਹੈ ਕਿ ਰੋਮੀ 6:3,4 ਆਤਮਾ ਦੇ ਬਪਤਿਸਮੇ ਵੱਲ ਇਸ਼ਾਰਾ ਕਰ ਰਿਹਾ ਹੈ ਜਿਸ ਦਾ ਪਾਣੀ ਦਾ ਬਪਤਿਸਮਾ ਸਿਰਫ਼ ਇੱਕ ਪ੍ਰਤੀਕ ਹੈ। ਭਾਵੇਂ ਰੋਮੀ 6:3,4 ਦੇ ਬਪਤਿਸਮੇ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮੰਨਿਆ ਜਾਵੇ ਜੋ ਵਿਸ਼ਵਾਸ ਵਿਸ਼ਵਾਸ ਨਾਲ ਮਿਲਦਾ ਹੈ, ਜਾਂ ਪਾਣੀ ਦਾ ਬਪਤਿਸਮਾ ਜੋ ਇੱਕ ਸੱਚੇ ਵਿਸ਼ਵਾਸ ਉੱਤੇ ਆਧਾਰਿਤ ਹੁੰਦਾ ਹੈ, ਪਰ ਇਹ ਵਚਨ ਦਰਸਾਉਂਦਾ ਹੈ ਕਿ ਬਪਤਿਸਮਾ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਵਿੱਚ ਭਾਗੀਦਾਰੀ ਦੀ ਤਸਵੀਰ ਹੈ। ਇਸ ਬਾਰੇ ਹੋਰ ਗੱਲ ਕੀਤੀ ਜਾਵੇਗੀ ਜਦੋਂ ਇਹ ਦਿਖਾਇਆ ਜਾਵੇਗਾ ਕਿ ਪਾਣੀ ਵਿੱਚ ਡੁੱਬਕੀ ਲੈਣ ਵਾਲਾ ਬਪਤਿਸਮਾ ਸਹੀ ਢੰਗ ਹੈ।

(3) **ਪਾਣੀ ਦਾ ਬਪਤਿਸਮਾ** ਜ਼ਿਆਦਾ ਜ਼ਰੂਰੀ ਪਵਿੱਤਰ **ਆਤਮਾ ਦੇ ਬਪਤਿਸਮੇ ਦਾ ਪ੍ਰਤੀਕ ਹੈ।** ਹਾਲਾਂਕਿ ਯੂਹੰਨਾ ਦਾ ਬਪਤਿਸਮਾ ਮਸੀਹੀ ਬਪਤਿਸਮੇ ਤੋਂ ਵੱਖਰਾ ਹੈ (ਦੇਖੋ, ਰਸੂਲਾਂ 19:3-5), ਫਿਰ ਵੀ ਯੂਹੰਨਾ ਦੇ ਬਿਆਨ ਨੂੰ ਇਹ ਦਰਸਾਉਣ ਲਈ ਵਰਤਿਆ ਜਾ ਸਕਦਾ ਹੈ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਪਾਣੀ ਦੇ ਬਪਤਿਸਮੇ ਦੀ ਰਸਮ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਣ ਹੈ (ਮੱਤੀ 3:11; ਮਰਕੁਸ 1:8; ਲੂਕਾ 3:16; ਯੂਹੰਨਾ 1:33; ਰਸੂਲਾਂ 1:5; 11:16)।

ਜ਼ਿਆਦਾ ਜ਼ਰੂਰੀ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਘੱਟ ਜ਼ਰੂਰੀ ਪਾਣੀ ਦੇ ਬਪਤਿਸਮੇ ਵਿਚਕਾਰ ਕੁਝ ਸੰਬੰਧ ਜ਼ਰੂਰ ਹੋਣਾ ਚਾਹੀਦਾ ਹੈ, ਕਿਉਂਕਿ ਅਫ਼ਸੀ 4:5 "ਇੱਕ ਬਪਤਿਸਮੇ" ਬਾਰੇ ਗੱਲ ਕਰਦਾ ਹੈ, ਅਤੇ ਰਸੂਲਾਂ 10:47 ਆਤਮਾ ਦੇ ਬਪਤਿਸਮੇ ਨੂੰ ਪਾਣੀ ਦੇ ਬਪਤਿਸਮੇ ਨੂੰ ਲੈਣ ਦੀ ਯੋਗਤਾ ਦੇ ਰੂਪ ਵਿੱਚ ਦੱਸਦਾ ਹੈ। ਕੁਝ ਅਜਿਹੇ ਵਚਨ ਵੀ ਹਨ ਜਿੱਥੇ ਚੰਗੇ ਬਾਈਬਲ ਵਿਦਵਾਨ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ ਹਨ ਕਿ ਉੱਥੇ ਲੇਖਕ ਦਾ ਅਰਥ ਆਤਮਾ ਦਾ ਬਪਤਿਸਮਾ ਹੈ ਜਾਂ ਪਾਣੀ ਦਾ ਬਪਤਿਸਮਾ ਹੈ (ਜਿਵੇਂ ਕਿ, ਰੋਮੀ 6:3-4; ਗਲਾਤੀ 3:27; ਕੁਲੁੱਸੀ 2:12)। ਇਹ ਜ਼ਰੂਰੀ ਹੈ ਕਿ ਪਾਣੀ ਦਾ ਬਪਤਿਸਮਾ ਜ਼ਿਆਦਾ ਜ਼ਰੂਰੀ ਆਤਮਾ ਦੇ ਬਪਤਿਸਮੇ ਦਾ ਪ੍ਰਤੀਕ ਹੋਵੇ।

ਅਸਲ ਵਿੱਚ, ਇਹ ਮੁੱਦਾ ਪਿੱਛਲੇ ਮੁੱਦੇ ਵਰਗਾ ਹੈ, ਪਰ ਇਹ ਉਸ ਤੋਂ ਵੀ ਅੱਗੇ ਜਾਂਦਾ ਹੈ। 1 ਕੁਰਿੰਥ 12:13 ਦੇ ਅਨੁਸਾਰ, ਵਿਸ਼ਵਾਸੀਆਂ ਨੂੰ ਮਸੀਹ ਦੇ ਆਤਮਾ ਵਿੱਚ ਬਪਤਿਸਮਾ ਦਿੱਤਾ ਗਿਆ ਹੈ। ਮਸੀਹ ਦੇ ਆਤਮਾ ਵਿੱਚ ਹੋਣ ਦੀ ਸਥਿਤੀ ਇੱਕ ਵਿਸ਼ਵਾਸੀ ਨੂੰ ਮਸੀਹ ਨਾਲ ਜੋੜਦੀ ਹੈ, ਇਹ ਖ਼ਾਸ ਕਰਕੇ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਦੀਆਂ ਬਰਕਤਾਂ ਵਿੱਚ ਹਿੱਸਾ ਲੈਣ ਦੇ ਖੇਤਰ ਵਿੱਚ ਜੋੜਦੀ ਹੈ। ਆਤਮਾ ਵਿੱਚ ਬਪਤਿਸਮਾ ਇੱਕ ਵਿਸ਼ਵਾਸੀ ਨੂੰ ਮਸੀਹ ਦੇ ਨਾਲ-ਨਾਲ ਪਵਿੱਤਰ ਆਤਮਾ ਨਾਲ ਵੀ ਜੋੜਦਾ ਹੈ। ਇਹ ਇੱਕ ਵਿਸ਼ਵਾਸੀ ਨੂੰ ਮਸੀਹ ਦੇ ਸਰੀਰ ਵਿੱਚ ਬਾਕੀ ਸਾਰੇ ਵਿਸ਼ਵਾਸੀਆਂ ਨਾਲ ਵੀ ਜੋੜਦਾ ਹੈ। ਇਸ ਤਰ੍ਹਾਂ, ਪਾਣੀ ਦਾ ਬਪਤਿਸਮਾ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਦੇ ਨਾਲ ਇੱਕ ਹੋ ਜਾਣ ਦਾ ਪ੍ਰਤੀਕ ਹੈ; ਅਤੇ ਬਪਤਿਸਮਾ ਇਹ ਵੀ ਦਰਸਾਉਂਦਾ ਹੈ ਕਿ ਇੱਕ ਵਿਅਕਤੀ ਕਲੀਸਿਯਾ ਨਾਲ ਇੱਕ ਹੋ ਗਿਆ ਹੈ ਅਤੇ ਪਵਿੱਤਰ ਆਤਮਾ ਵਿੱਚ ਰੱਖਿਆ ਗਿਆ ਹੈ।

(4) ਪਾਣੀ ਦਾ ਬਪਤਿਸਮਾ **ਜਨਤਕ ਰੂਪ ਵਿੱਚ ਕਲੀਸਿਯਾ ਦੇ ਨਾਲ ਇੱਕ ਹੋ ਜਾਣ ਨੂੰ ਦਰਸਾਉਂਦਾ ਹੈ**। ਜਿਵੇਂ ਪਾਣੀ ਦਾ ਬਪਤਿਸਮਾ ਪਵਿੱਤਰ ਆਤਮਾ ਦੇ ਬਪਤਿਸਮੇ ਦਾ ਪ੍ਰਤੀਕ ਹੈ ਜੋ ਇੱਕ ਵਿਸ਼ਵਾਸੀ ਨੂੰ ਵਿਸ਼ਵ-ਵਿਆਪੀ ਕਲੀਸਿਯਾ ਨਾਲ ਜੋੜਦਾ ਹੈ, ਉਸੇ ਤਰ੍ਹਾਂ ਇਹ ਇੱਕ ਵਿਸ਼ਵਾਸੀ ਨੂੰ ਦਿੱਖਣ ਵਾਲੀ ਕਲੀਸਿਯਾ ਦੇ ਨਾਲ ਵੀ ਜੋੜਦਾ ਹੈ। ਬਹੁਤ ਸਾਰੇ ਅਜਿਹੇ ਸਭਿਆਚਾਰਾਂ ਵਿੱਚ ਜਿੱਥੇ ਗ਼ੈਰ-ਮਸੀਹੀ ਧਰਮ ਜ਼ਿਆਦਾ ਹੁੰਦੇ ਹਨ, ਉੱਥੇ ਬਪਤਿਸਮਾ ਝੂਠੇ ਧਰਮਾਂ ਤੋਂ ਪੂਰੀ ਤਰ੍ਹਾਂ ਸੰਬੰਧ ਤੋੜ ਲੈਣ ਅਤੇ ਕਲੀਸਿਯਾ ਦੇ ਨਾਲ ਸੰਬੰਧ ਜੋੜ ਲੈਣ ਨੂੰ ਸਾਬਤ ਕਰ ਦਿੰਦਾ ਹੈ। ਰਸੂਲਾਂ 2:41 ਵਿੱਚ "ਉਹਨਾਂ ਵਿੱਚ ਆ ਮਿਲੇ" ਦਾ ਵਿਚਾਰ ਕਲੀਸਿਯਾ ਵਿੱਚ ਸ਼ਾਮਲ ਹੋਣ ਬਾਰੇ ਗੱਲ ਕਰਦਾ ਹੈ।

> ਜਿਹਨਾਂ ਲੋਕਾਂ ਨੇ ਪਤਰਸ ਦੇ ਉਪਦੇਸ਼ ਨੂੰ ਸਵੀਕਾਰ ਕੀਤਾ ਉਹਨਾਂ ਨੂੰ ਬਪਤਿਸਮਾ ਦਿੱਤਾ ਗਿਆ। ਉਸ ਦਿਨ ਕੋਈ ਤਿੰਨ ਹਜ਼ਾਰ ਲੋਕ ਉਹਨਾਂ ਵਿੱਚ ਆ ਮਿਲੇ। [ਰਸੂਲਾਂ 2:41]

### (5) ਸੰਖੇਪ-ਸਾਰ

ਬਪਤਿਸਮਾ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਵਿੱਚ ਹਿੱਸਾ ਲੈਣ ਦੀ ਗੱਲ ਕਰਦਾ ਹੈ। ਮਸੀਹ ਦੇ ਜੀਵਨ ਵਿੱਚ ਭਾਗੀਦਾਰ

[5] ਇਬਿਡ., 637.

ਹੋਣਾ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਦੇ ਆਤਮਾ ਵਿੱਚ ਬਪਤਿਸਮਾ ਲੈਣਾ ਹੈ। ਇਸ ਤਰ੍ਹਾਂ, ਪਾਣੀ ਵਿੱਚ ਬਪਤਿਸਮਾ ਪਵਿੱਤਰ ਆਤਮਾ ਵਿੱਚ ਬਪਤਿਸਮੇ ਅਤੇ ਵਿਸ਼ਵ-ਵਿਆਪੀ ਕਲੀਸਿਯਾ ਨਾਲ ਏਕਤਾ ਨੂੰ ਦਰਸਾਉਂਦਾ ਹੈ। ਜਿਹੜਾ ਵਿਅਕਤੀ ਬਪਤਿਸਮਾ ਲੈਂਦਾ ਹੈ, ਉਹ ਮਸੀਹ ਦੇ ਹੁਕਮ ਦੀ ਪਾਲਣਾ ਕਰਦਾ ਹੈ ਅਤੇ ਦਿਖਾਈ ਦੇਣ ਵਾਲੀ ਕਲੀਸਿਯਾ ਦੇ ਨਾਲ ਜੁੜ ਜਾਂਦਾ ਹੈ। ਇਹ ਸੋਚਣਾ ਵੀ ਜਾਇਜ਼ ਹੈ ਕਿ ਬਪਤਿਸਮਾ ਸ਼ੁੱਧਤਾ (ਮਾਫ਼ੀ) ਦਾ ਵੀ ਪ੍ਰਤੀਕ ਹੈ ਜੋ ਮਸੀਹ ਵਿੱਚ ਵਿਸ਼ਵਾਸ ਦੁਆਰਾ ਮਿਲਦੀ ਹੈ (ਦੇਖੋ, ਰਸੂਲਾਂ 2:38 ਅਤੇ 22:16)।

### c. ਬਪਤਿਸਮਾ ਲੈਣ ਦਾ ਤਰੀਕਾ

ਵੱਖ-ਵੱਖ ਸੰਪਰਦਾਵਾਂ ਵੱਖ-ਵੱਖ ਤਰੀਕਿਆਂ ਨਾਲ ਬਪਤਿਸਮਾ ਦਿੰਦੀਆਂ ਹਨ: ਉੱਪਰ ਪਾਣੀ ਪਾ ਕੇ, ਪਾਣੀ ਛਿੜਕਾਅ ਕੇ, ਜਾਂ ਪਾਣੀ ਵਿੱਚ ਡੁੱਬਕੀ ਦੁਆਰਾ। ਹਾਲਾਂਕਿ ਕੁਝ ਕੱਟੜਵਾਦੀ ਆਪਣੀ ਸੰਪਰਦਾਇਕ ਵਿਰਾਸਤ ਦੇ ਕਾਰਨ ਛਿੜਕਾਅ ਜਾਂ ਪਾਣੀ ਉੱਪਰ ਪਾ ਕੇ ਬਪਤਿਸਮਾ ਦਿੰਦੇ ਹਨ, ਪਰ ਨਵੇਂ ਨੇਮ ਦਾ ਬਪਤਿਸਮਾ ਦੇਣ ਦਾ ਤਰੀਕਾ ਪਾਣੀ ਵਿੱਚ ਡੁੱਬਕੀ ਦੁਆਰਾ ਸੀ।

#### (1) ਪ੍ਰਾਚੀਨ ਧਰਮ ਨਿਰਪੱਖ ਯੂਨਾਨੀ ਭਾਸ਼ਾ ਅਤੇ ਸ਼ਬਦ *ਬੈਪਟੋ/ਬੈਪਟੀਜ਼ੋ* ਦਾ ਅਰਥ

ਬੈਪਟੋ/ਬੈਪਟੀਜ਼ੋ ਨੂੰ ਧਰਮ ਨਿਰਪੱਖ ਯੂਨਾਨੀ ਭਾਸ਼ਾ ਵਿੱਚ ਵਰਤਿਆ ਜਾਂਦਾ ਹੈ[6] ਜਿਸ ਦਾ ਅਰਥ ਹੁੰਦਾ ਹੈ, "ਡੋਬਣਾ, ਰੰਗ ਦੇਣਾ, ਡੁੱਬਣਾ, ਸਮੁੰਦਰੀ ਜਹਾਜ਼ ਦੇ ਟੁੱਟਣ ਦਾ ਕਾਰਨ ਪਾਣੀ ਵਿੱਚ ਡੁੱਬਣਾ।" ਪਲੂਟਾਰਕ ਨੇ ਸ਼ਬਦ *ਬੈਪਟੀਜ਼ੋ* ਦੀ ਵਰਤੋਂ ਨਾਲ ਸਿਕੰਦਰ ਦੇ ਸੈਨਿਕਾਂ ਦਾ ਬਿਆਨ ਕੀਤਾ ਜਦੋਂ ਉਹ ਇੱਕ ਦੰਗੇ ਦੀ ਯਾਤਰਾ ਉੱਤੇ ਸਨ, ਅਤੇ ਸੜਕ ਦੇ ਕਿਨਾਰੇ ਵੱਡੇ-ਵੱਡੇ ਸ਼ਰਾਬ ਦੇ ਮੱਟਾਂ ਵਿੱਚੋਂ ਕੱਪ ਡੁਬੋ ਕੇ (ਸ਼ਾਬਦਿਕ ਤੌਰ ਤੇ ਬਪਤਿਸਮਾ) ਸ਼ਰਾਬ ਕੱਢਦੇ ਅਤੇ ਪੀਂਦੇ ਸਨ।[7] ਇਤਿਹਾਸਕਾਰ ਜੋਸੀਫ਼ਸ ਨੇ ਦੁਸ਼ਟ ਰਾਜਾ ਹੇਰੋਦੇਸ ਬਾਰੇ ਲਿਖਿਆ ਕਿ ਪ੍ਰਧਾਨ ਜਾਜਕ ਅਰਿਸਟੋਬੁਲਸ ਨੂੰ ਬਪਤਿਸਮਾ ਦਿੰਦੇ ਸਮੇਂ, ਉਸ ਨੇ ਉਸ ਨੂੰ ਡੁਬੋ ਕੇ ਮਾਰ ਦਿੱਤਾ ਸੀ![8]

ਹੇਰੋਡੋਟਸ *ਬੈਪਟੀਜ਼ੋ* ਦੀ ਵਰਤੋਂ ਇਹ ਕਹਿੰਦੇ ਹੋਏ ਕਰਦਾ ਹੈ ਕਿ ਜੇਕਰ ਇੱਕ ਮਿਸਰੀ ਦਾ ਕੱਪੜਾ "ਰਾਹ ਉੱਤੇ ਜਾਂਦੇ ਹੋਏ ਇੱਕ ਸੂਰ ਨੂੰ ਛੂੰਹਦਾ ਹੈ, ਤਾਂ ਉਹ ਨਦੀ ਵਿੱਚ ਜਾ ਕੇ ਆਪਣੇ ਆਪ ਨੂੰ ਇਸ ਵਿੱਚ ਡੁਬੋ ਕੇ ਸ਼ੁੱਧ ਕਰਦਾ ਹੈ।"[9] ਪ੍ਰਾਚੀਨ ਧਰਮ-ਨਿਰਪੱਖ ਸਾਹਿਤ ਇਹ ਸੰਕੇਤ ਦਿੰਦਾ ਹੈ ਕਿ ਬਪਤਿਸਮਾ ਡੁਬੋਣਾ ਹੁੰਦਾ ਹੈ। ਸੈਪਟੂਜਿੰਟ ਤੋਂ ਮਿਲੇ ਸਬੂਤ ਹੋਰ ਵੀ ਪ੍ਰਭਾਵਸ਼ਾਲੀ ਹਨ।

#### (2) ਸੈਪਟੂਜਿੰਟ ਅਤੇ *ਬੈਪਟੋ/ਬੈਪਟੀਜ਼ੋ*

ਸੈਪਟੂਜਿੰਟ ਕੁੱਲ 16 ਵਾਰ ਸ਼ਬਦ ਬੈਪਟੀਜ਼ੋ ਦੀ ਵਰਤੋਂ ਕਰਦਾ ਹੈ। ਹੇਠਾਂ ਕੁਝ ਮਹੱਤਵਪੂਰਣ ਹਵਾਲੇ ਹਨ:

ਕੂਚ 12:22 – ਜੂਫ਼ੇ ਨੂੰ ਲਹੂ ਵਿੱਚ ਡੁਬੋ ਕੇ ਇਬਰਾਨੀ ਲੋਕਾਂ ਦੇ ਘਰਾਂ ਦੇ ਦਰਵਾਜ਼ਿਆਂ ਉੱਤੇ ਲਗਾਉਣਾ ਸੀ।

ਲੇਵੀਆਂ 4:6, 17; 9:9; 14:16 – ਲੇਵੀਆਂ ਵਿੱਚ ਇਹ ਹਵਾਲੇ ਜਾਜਕ ਵੱਲ ਇਸ਼ਾਰਾ ਕਰਦੇ ਹਨ ਜੋ ਆਪਣੀ ਉਂਗਲੀ ਨੂੰ ਲਹੂ ਜਾਂ ਤੇਲ ਵਿੱਚ ਡੁਬੋ ਰਿਹਾ ਹੈ।

ਗਿਣਤੀ19:18 – ਅਕਸਰ ਲਹੂ ਵਿੱਚ "ਡੁਬਾਉਣ" ਅਤੇ ਫਿਰ ਜਗਵੇਦੀ ਉੱਤੇ ਜਾਂ ਕਿਸੇ ਸ਼ੁੱਧ ਵਿਅਕਤੀ ਉੱਤੇ "ਛਿੜਕਾਉਣ" ਜਾਂ "ਡੋਲ੍ਹਣ" ਦੇ ਵਿੱਚਕਾਰ ਇੱਕ ਅੰਤਰ ਹੁੰਦਾ ਹੈ।

ਯਹੋਸ਼ੁਆ 3:15 – ਜਾਜਕਾਂ ਨੇ ਸੰਦੂਕ ਨੂੰ ਚੁੱਕ ਕੇ ਯਰਦਨ ਵਿੱਚ ਆਪਣੇ ਪੈਰਾਂ ਨੂੰ ਡੁਬੋਇਆ, ਅਤੇ ਪਾਣੀ ਦੇ ਭਾਗ ਹੋ ਗਿਆ।

ਰੂਥ 2:14 – ਬੋਅਜ਼ ਨੇ ਰੂਥ ਨੂੰ ਉਸ ਦੀ ਬੁਰਕੀ ਸਿਰਕੇ ਵਿੱਚ ਡੁਬਾਉਣ ਲਈ ਕਿਹਾ।

1 ਸਮੂ 14:27 – ਯੋਨਾਥਾਨ ਨੇ ਆਪਣੀ ਸੋਟੀ ਦੇ ਸਿਰੇ ਨੂੰ ਛੱਤੇ ਵਿੱਚ ਡੁਬੋਇਆ।

2 ਰਾਜਾ 8:15 – ਇਸ ਆਇਤ ਵਿੱਚ ਇੱਕ ਸੇਵਕ ਇੱਕ ਬਿਮਾਰ ਰਾਜੇ ਦੇ ਮੂੰਹ ਉੱਤੇ ਅਜਿਹੀ ਚਾਦਰ ਪਾ ਕੇ ਮਾਰ ਦਿੰਦਾ ਹੈ ਜਿਸ ਨੂੰ ਉਸ ਨੇ ਪਾਣੀ ਵਿੱਚ ਡੁਬੋ ਕੇ ਭਿਉਂਇਆ ਸੀ।

ਜਿਹੜੇ ਲੋਕ ਬੱਚਿਆਂ ਨੂੰ ਜਾਂ ਤਾਂ ਛਿੜਕਾਅ ਅਤੇ ਜਾਂ ਉਹਨਾਂ ਉੱਤੇ ਪਾਣੀ ਡੋਲ੍ਹ ਕੇ ਬਪਤਿਸਮਾ ਦਿੰਦੇ ਹਨ, ਉਹ ਦਾਨੀਏਲ 4:33 ਅਤੇ ਦਾਨੀਏਲ 5:21 ਨੂੰ ਅਜਿਹੇ ਸਬੂਤ ਦੇ ਰੂਪ ਵਿੱਚ ਦਰਸਾਉਂਦੇ ਹਨ ਕਿ ਇੱਥੇ *ਬੈਪਟੋ* ਦਾ ਅਰਥ ਪਾਣੀ ਦਾ ਛਿੜਕਾਅ ਹੋ ਸਕਦਾ ਹੈ। ਇਹ ਆਇਤਾਂ ਦੱਸਦੀਆਂ ਹਨ ਕਿ ਨਬੂਕਦਨੱਸਰ ਆਪਣੇ ਪਾਗਲਪਨ ਦੇ ਸਮੇਂ ਸਵਰਗ ਦੀ ਤ੍ਰੇਲ ਨਾਲ "ਭਿੱਜ" ਗਿਆ ਸੀ। ਇਹ ਸੋਚਣਾ ਸਹੀ ਹੋ ਸਕਦਾ ਹੈ ਕਿ ਉਸ ਦੇ ਉੱਤੇ ਤ੍ਰੇਲ ਨਾਲ ਛਿੜਕਾਅ ਹੋਇਆ ਸੀ। ਪਰ, ਭਿੱਜਣਾ ਵੀ ਲਗਭਗ ਡੁੱਬਣ ਦੇ ਵਿਚਾਰ ਦੇ ਸੰਦਰਭ ਵਿੱਚ ਫਿੱਟ

---

[6] ਅਲਬ੍ਰੈਖਟ ਓਪਕੇ, "ਬੈਪਟੋ" ਇਨ *ਥਿਉਲੈਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ*, ਐਡਿਟਡ ਬਾਇ ਗੇਰਹਾਰਡ ਕਿਟਲ, ਟ੍ਰਾਂਸਲੇਟਿਡ ਬਾਇ ਜਿਓਫ੍ਰੀ ਬ੍ਰੋਮਿਲੀ (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ, 1964), 1:529-30

[7] ਔਗਸਟਸ ਐਚ. ਸਟ੍ਰੌਂਗ, *ਸਿਸਟਮੈਟਿਕ ਥਿਉਲੈਜੀ* (ਓਲਡ ਟੈਪਨ, ਐੱਨ.ਜੇ.: ਫਲੈਮਿੰਗ ਐਚ. ਰੇਵੈੱਲ ਕੋ., 907), ਪੰਨਾ 934.

[8] ਜੋਸੇਫਸ, *ਜੋਸੇਫਸ ਕੰਪਲੀਟ ਵਰਕਸ*, ਟ੍ਰਾਂਸਲੇਟਿਡ ਬਾਏ ਵਿਲੀਅਮ ਵ੍ਹਿਸਟਨ, ਰੀਪ੍ਰਿੰਟ ਐਡ. (ਗ੍ਰੈਂਡ ਰੈਪਿਡਸ, ਕ੍ਰੇਗਲ ਪਬਲੀਕੇਸ਼ਨਜ਼, 1960), ਪੰਨਾ 317. (ਐਂਟੀਕੁਟੀਜ਼ 15:3:3.)

[9] ਹੈਰੋਡੋਟਸ, *ਦ ਹਿਸਟਰੀਜ਼*, ਟ੍ਰਾਂਸਲੇਟਿਡ ਬਾਏ ਐਬ੍ਰੀ ਡੀ ਸੈਲੀਕੋਰਟ, ਰੀਵਾਈਜ਼ਡ ਐਡ. (ਮਿਡਲਸੈਕਸ, ਇੰਗਲੈਂਡ: ਪੈਂਗੁਇਨ ਬੁੱਕਸ, 1982), ਪੰਨਾ 148 (ਹਿਸਟਰੀਜ਼ 2:47)

ਬੈਠਦਾ ਹੈ।

ਬੈਪਟੀਜ਼ੋ ਸੈਪਟੂਜਿੰਟ ਵਿੱਚ ਦੋ ਵਾਰ ਆਉਂਦਾ ਹੈ। ਯਸਾਯਾਹ 21:4 ਵਿੱਚ ਇਸ ਦੀ ਵਰਤੋਂ ਇੱਕ ਲਾਖਣਿਕ ਰੂਪ ਵਿੱਚ ਹੈ: "ਕੰਬਣੀ ਨੇ ਮੈਨੂੰ ਆ ਦੱਬਿਆ।" 2 ਰਾਜਾ 5:14 ਬੈਪਟੀਜ਼ੋ ਦੀ ਪਰਿਭਾਸ਼ਾ ਦਾ ਬਹੁਤ ਵਧੀਆ ਬਿਆਨ ਹੈ। ਅਲੀਸ਼ਾ ਨੇ ਨਾਮਾਨ ਨੂੰ ਯਰਦਨ ਨਦੀ ਵਿੱਚ ਸੱਤ ਵਾਰ ਚੁੱਭੀ ਮਾਰਨ (ਬੈਪਟੀਜ਼ੋ) ਲਈ ਕਿਹਾ ਸੀ।

> ਉਹ ਨੇ ਯਰਦਨ ਵਿੱਚ ਉਤਰ ਕੇ ਸੱਤ **ਚੁੱਭੀਆਂ ਮਾਰੀਆਂ**...[2 ਰਾਜਾ 5:14]

### (3) ਨਵੇਂ ਨੇਮ ਵਿੱਚ ਬੈਪਟੇ/ਬੈਪਟੀਜ਼ੋ

ਨਵੇਂ ਨੇਮ ਵਿੱਚ ਬੈਪਟੋ ਦਾ ਜ਼ਿਕਰ 4 ਵਾਰ ਆਉਂਦਾ ਹੈ। ਸਾਰੇ ਵਚਨਾਂ ਵਿੱਚ ਇਸ ਦਾ ਅਰਥ "ਭਿਉਣਾ ਜਾਂ ਡੁਬੋਣਾ" ਹੈ।

> "ਉਸ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ, 'ਹੇ ਪਿਤਾ ਅਬਰਾਹਾਮ, ਮੇਰੇ ਉੱਤੇ ਦਇਆ ਕਰੋ। ਲਾਜ਼ਰ ਨੂੰ ਭੇਜੋ ਕਿ ਉਹ ਆਪਣੀ ਉਂਗਲੀ ਦਾ ਸਿਰਾ ਪਾਣੀ ਵਿੱਚ **ਭਿਉਂ ਕੇ** (*ਬੈਪਟੋ*) ਮੇਰੀ ਜੀਭ ਨੂੰ ਠੰਡਾ ਕਰੇ ਕਿਉਂਕਿ ਮੈਂ ਇਸ ਅੱਗ ਵਿੱਚ ਤੜਪ ਰਿਹਾ ਹਾਂ।' [ਲੂਕਾ 16:24]
>
> ਯਿਸੂ ਨੇ ਉੱਤਰ ਦਿੱਤਾ, "ਜਿਸ ਨੂੰ ਮੈਂ ਬੁਰਕੀ ਕਟੋਰੇ ਵਿੱਚ **ਡੁਬੋ ਕੇ** (*ਬੈਪਟੋ*) ਦੇਵਾਂ, ਉਹ ਹੀ ਹੈ...[ਯੂਹੰਨਾ 13:26]
>
> ਉਸ ਨੇ ਖ਼ੂਨ ਦੇ ਵਿੱਚ **ਭਿੱਜੇ ਹੋਏ** (*ਬੈਪਟੋ*) ਕੱਪੜੇ ਪਹਿਨੇ ਹੋਏ ਸਨ...[ਪ੍ਰਕਾਸ਼ 19:13]

ਜਿਹੜੇ ਲੋਕ ਬੱਚਿਆਂ ਨੂੰ ਜਾਂ ਤਾਂ ਛਿੜਕਾਅ ਅਤੇ ਜਾਂ ਉਹਨਾਂ ਉੱਤੇ ਪਾਣੀ ਡੋਲ੍ਹ ਕੇ ਬਪਤਿਸਮਾ ਦਿੰਦੇ ਹਨ ਉਹ ਦਾਅਵਾ ਕਰ ਸਕਦੇ ਹਨ ਕਿ ਪ੍ਰਕਾਸ਼ ਦੀ ਪੋਥੀ 19:13 ਵਿੱਚ ਮਸੀਹ ਦੇ ਕੱਪੜੇ ਉੱਤੇ ਲਹੂ "ਛਿੜਕਿਆ" ਹੋਇਆ ਹੈ। ਪਰ ਇੱਥੇ ਵੀ ਸਥਾਪਿਤ ਅਰਥ "ਭਿਉਣਾ, ਜਾਂ ਡੁਬੋਣਾ" ਨੂੰ ਬਦਲਣ ਦਾ ਕੋਈ ਕਾਰਨ ਨਹੀਂ ਮਿਲਦਾ ਹੈ।

ਉਹਨਾਂ ਵਚਨਾਂ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਜਿਹਨਾਂ ਦੇ ਕਾਰਨ ਕੁਝ ਲੋਕ ਅਜਿਹਾ ਮਹਿਸੂਸ ਕਰਦੇ ਹਨ ਕਿ ਬੈਪਟੇ ਸ਼ਬਦ ਦਾ ਅਰਥ "ਡੋਲ੍ਹਣਾ" ਜਾਂ "ਛਿੜਕਣਾ" ਹੈ। ਮਰਕੁਸ 7:4, ਲੂਕਾ 11:38, ਇਬ 6:2 ਅਤੇ 9:10 ਬਪਤਿਸਮੇ ਨਾਲ ਜੁੜੇ ਵੱਖ-ਵੱਖ ਸ਼ਬਦਾਂ ਦੀ ਵਰਤੋਂ ਧੋਣ ਦੇ ਹਵਾਲੇ ਵਿੱਚ ਕਰਦੇ ਹਨ। ਕੁਝ ਲੋਕ ਇਹ ਦਾਅਵਾ ਕਰਦੇ ਹਨ ਕਿ ਇਹਨਾਂ ਵਚਨਾਂ ਵਿੱਚ ਬਪਤਿਸਮੇ ਨਾਲ ਸੰਬੰਧਿਤ ਸ਼ਬਦਾਂ ਦਾ ਅਰਥ ਛਿੜਕਾਅ ਜਾਂ ਡੋਲ੍ਹਣਾ ਹੈ। ਇਹ ਸੰਭਵ ਹੈ, ਪਰ ਇਸ ਵਿੱਚ ਡੁਬੋਣ ਦਾ ਮਤਲਬ ਵੀ ਓਨਾ ਹੀ ਜਾਇਜ਼ ਹੈ। ਮਰਕੁਸ 7:4 ਅਤੇ ਲੂਕਾ 11:38 ਖਾਣਾ ਖਾਣ ਤੋਂ ਪਹਿਲਾਂ ਆਪਣੇ ਆਪ ਨੂੰ ਧੋਣ ਦੀਆਂ ਫ਼ਰੀਸੀ ਪਰੰਪਰਾਵਾਂ ਦੀ ਗੱਲ ਕਰਦੇ ਹਨ। ਇਹ ਹੱਥਾਂ ਉੱਤੇ ਪਾਣੀ ਪਾਉਣ ਦਾ ਸੰਕੇਤ ਹੋ ਸਕਦਾ ਹੈ, ਪਰ ਇਹ ਪਾਣੀ ਵਿੱਚ ਹੱਥ ਡੁਬੋਣ ਜਾਂ ਇੱਥੋਂ ਤੱਕ ਕਿ ਪੂਰਾ ਇਸ਼ਨਾਨ ਕਰਨ ਦਾ ਵੀ ਸੰਕੇਤ ਹੋ ਸਕਦਾ ਹੈ। ਇਹੀ ਗੱਲ ਮਰਕੁਸ 7:4 ਲਈ ਵੀ ਸਹੀ ਹੈ ਜਿੱਥੇ ਪਿਆਲਿਆਂ, ਗੜਵੀਆਂ, ਪਿੱਤਲ ਦੇ ਭਾਂਡਿਆਂ ਨੂੰ ਸਾਫ਼ ਕਰਨ ਦੀ ਗੱਲ ਕੀਤੀ ਗਈ ਹੈ। ਭਾਂਡਿਆਂ ਨੂੰ ਪਾਣੀ ਵਿੱਚ ਡੁਬੋ ਕੇ ਸਾਫ਼ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ, ਇਹ ਆਇਤਾਂ ਉਹਨਾਂ ਲੋਕਾਂ ਦੇ ਇਸ ਵਿਚਾਰ ਦਾ ਸਮਰਥਨ ਨਹੀਂ ਕਰਦੀਆਂ ਹਨ ਕਿ ਬਪਤਿਸਮੇ ਦਾ ਅਰਥ ਡੁਬੋਣ ਜਾਂ ਡੁੱਬਕੀ ਤੋਂ ਜ਼ਿਆਦਾ ਵੀ ਹੋ ਸਕਦਾ ਹੈ।

*ਬੈਪਟੇ/ਬੈਪਟੀਜ਼ੋ* ਦਾ ਸ਼ਬਦ ਅਧਿਐਨ ਇਹ ਦਰਸਾਉਂਦਾ ਹੈ ਕਿ ਡੁਬੋਣਾ ਇਸ ਦਾ ਜਾਂ ਤਾਂ ਲੋੜੀਂਦਾ ਅਰਥ ਹੈ ਜਾਂ ਲਗਭਗ ਹਰੇਕ ਸੰਦਰਭ ਵਿੱਚ ਇਹੀ ਸੰਭਵ ਅਰਥ ਹੈ। ਭਾਵੇਂ ਡੋਲ੍ਹਣਾ ਜਾਂ ਛਿੜਕਾਅ ਕਰਨਾ ਕੁਝ ਸੰਦਰਭਾਂ ਵਿੱਚ ਫਿੱਟ ਬੈਠ ਸਕਦੇ ਹਨ, ਪਰ ਉੱਥੇ ਵੀ ਡੁਬੋਣਾ ਅਤੇ ਰੰਗਣਾ/ਭਿਉਣਾ ਢੁੱਕਵਾਂ ਅਰਥ ਹੋ ਸਕਦੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ ਹੈ ਕਿ ਬਾਈਬਲ ਵਿੱਚ ਬਪਤਿਸਮਾ ਸ਼ਬਦ ਦਾ ਅਰਥ ਡੁਬੋਣਾ ਹੀ ਹੈ।

### (4) ਪ੍ਰਤੀਕਵਾਦ ਡੁੱਬਕੀ ਦੇ ਵਿਚਾਰ ਲਈ ਦਲੀਲ

ਰੋਮੀ 6:3-4 ਇਹ ਸਿਖਾਉਂਦਾ ਹੈ ਕਿ ਬਪਤਿਸਮਾ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਨਾਲ ਸਾਡੇ ਇੱਕ ਹੋਣ ਨੂੰ ਦਰਸਾਉਂਦਾ ਹੈ। ਇਸ ਪ੍ਰਤੀਕਵਾਦ ਵਿੱਚ ਛਿੜਕਾਅ ਜਾਂ ਡੋਲ੍ਹਣਾ ਨਹੀਂ ਪਰ ਡੁਬੋਣਾ ਹੀ ਜ਼ਿਆਦਾ ਫਿੱਟ ਬੈਠਦਾ ਹੈ।

ਵਿਰੋਧ ਕਰਨ ਵਾਲੇ ਇਹ ਵੀ ਕਹਿ ਸਕਦੇ ਹਨ ਕਿ ਪ੍ਰਾਚੀਨ ਯਹੂਦੀ ਮਰੇ ਲੋਕਾਂ ਨੂੰ ਜ਼ਮੀਨ ਦੇ ਹੇਠਾਂ ਨਹੀਂ ਬਲਕਿ ਗੁਫ਼ਾਵਾਂ ਵਿੱਚ ਦਫ਼ਨਾਉਂਦੇ ਸਨ। ਇਹ ਸੱਚ ਹੈ। ਫਿਰ ਵੀ, ਪਾਣੀ ਵਿੱਚ ਹੇਠਾਂ ਜਾਣਾ ਮੌਤ ਦੀ ਸਥਿਤੀ ਦਾ, ਅਤੇ ਪਾਣੀ ਵਿੱਚੋਂ ਬਾਹਰ ਆਉਣਾ ਇੱਕ ਨਵੇਂ ਜੀਵਨ ਵਿੱਚ ਜੀਅ ਉੱਠਣ ਦਾ ਜ਼ਿਆਦਾ ਵਧੀਆ ਪ੍ਰਤੀਕ ਹੈ।

### (5) ਡੁਬੋਣ ਨੂੰ ਸਾਬਤ ਕਰਨ ਵਾਲੇ ਪੂਰਵ-ਸਰਗ

ਕਈ ਵਾਰ ਯੂਨਾਨੀ ਪੂਰਵ-ਸਰਗਾਂ ਦੇ ਬਹੁਤ ਸਾਰੇ ਅਰਥ ਹੁੰਦੇ ਹਨ। ਬਪਤਿਸਮੇ ਦੇ ਹਵਾਲਿਆਂ ਵਿੱਚ ਵਰਤੇ ਗਏ ਪੂਰਵ-ਸਰਗਾਂ ਦੇ ਆਮ ਅਰਥ ਇਹ ਦਰਸਾਉਂਦੇ ਹਨ ਕਿ ਬਪਤਿਸਮਾ ਪਾਣੀ ਵਿੱਚ ਡੁਬੋਣ ਦੁਆਰਾ ਹੀ ਹੁੰਦਾ ਸੀ। ਜੇਕਰ ਕਿਤੇ ਇਸ ਗੱਲ ਦਾ ਪੱਕਾ ਸਬੂਤ ਮੌਜੂਦ ਹੈ ਕਿ ਬਪਤਿਸਮਾ ਪਾਣੀ ਦੇ ਛਿੜਕਾਅ ਜਾਂ ਪਾਣੀ ਦੇ ਉੱਪਰ ਡੋਲ੍ਹਣ ਨਾਲ ਦਿੱਤਾ ਗਿਆ ਸੀ, ਤਾਂ ਉੱਥੇ ਪੂਰਵ-ਸਰਗਾਂ ਨੂੰ ਕੁਝ ਗੈਰ ਅਰਥ ਦਿੱਤੇ ਜਾ ਸਕਦੇ ਹਨ। ਪਰ, ਪਾਣੀ ਦੇ ਛਿੜਕਣ ਦਾ ਕੋਈ ਮਜ਼ਬੂਤ ਸਬੂਤ ਨਹੀਂ ਮਿਲਦਾ ਹੈ। ਇਸ ਲਈ, ਬਪਤਿਸਮੇ ਨਾਲ ਜੁੜੇ ਹਵਾਲਿਆਂ ਦੇ ਬਾਰੇ ਵਿੱਚ ਅਜਿਹਾ ਮੰਨਣ ਦੀ ਕੋਈ ਲੋੜ ਨਹੀਂ ਹੈ ਕਿ ਉਹ ਡੁੱਬਕੀ ਤੋਂ ਇਲਾਵਾ ਕੋਈ ਹੋਰ ਗੱਲ ਵੀ ਕਰ ਰਹੇ ਹਨ।

ਬਹੁਤ ਸਾਰੇ ਵਚਨ ਪਾਣੀ ਵਿੱਚ ਜਾਂ ਯਰਦਨ ਨਦੀ ਵਿੱਚ ਬਪਤਿਸਮਾ

ਲੈਣ ਦੀ ਗੱਲ ਕਰਦੇ ਹਨ (ਮੱਤੀ 3:6ff.; ਮਰਕੁਸ 1:5, 9; ਯੂਹੰਨਾ 1:26, 31, 33)। ਇੱਕ ਨਦੀ ਵਿੱਚ ਬਪਤਿਸਮਾ ਡੁੱਬਕੀ ਦਾ ਪੱਖ ਦਿੰਦਾ ਹੈ! ਅਸਲ ਵਿੱਚ, ਯੂਹੰਨਾ ਬਪਤਿਸਮਾ ਦੇਣ ਵਾਲਾ ਬਹੁਤ ਜ਼ਿਆਦਾ ਪਾਣੀ ਵਾਲੇ ਖੇਤਰ ਵਿੱਚ ਕੰਮ ਕਰਨਾ ਪਸੰਦ ਕਰਦਾ ਸੀ (ਦੇਖੋ, ਯੂਹੰਨਾ 3:23)।

ਹੇਠਾਂ ਦਿੱਤੇ ਵਚਨ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਨਵੇਂ ਨੇਮ ਵਿੱਚ ਬਪਤਿਸਮਾ ਦੇਣ ਦਾ ਤਰੀਕਾ ਪੂਰੀ ਤਰ੍ਹਾਂ ਪਾਣੀ ਵਿੱਚ ਡੁਬੋਣ ਦੁਆਰਾ ਸੀ।

> ਜਦੋਂ ਯਿਸੂ ਬਪਤਿਸਮਾ ਲੈ ਕੇ **ਪਾਣੀ ਵਿੱਚੋਂ ਬਾਹਰ ਆਏ**... [ਮੱਤੀ 3:16]
>
> ਜਦੋਂ ਯਿਸੂ **ਪਾਣੀ ਵਿੱਚੋਂ ਬਾਹਰ ਆਏ**...[ ਮਰਕੁਸ 1:10]
>
> ਅਫ਼ਸਰ ਨੇ ਰੱਥ ਨੂੰ ਰੋਕਣ ਦਾ ਹੁਕਮ ਦਿੱਤਾ। ਫਿਰ ਉਹ ਦੋਵੇਂ ਫ਼ਿਲਿੱਪੁਸ ਅਤੇ ਅਫ਼ਸਰ **ਪਾਣੀ ਵਿੱਚ ਉਤਰੇ** ਅਤੇ ਫ਼ਿਲਿੱਪੁਸ ਨੇ ਉਸ ਨੂੰ ਬਪਤਿਸਮਾ ਦਿੱਤਾ। ਜਦੋਂ ਉਹ **ਪਾਣੀ ਵਿੱਚੋਂ ਨਿਕਲ ਕੇ ਉੱਪਰ ਆਏ** ਤਾਂ ਪ੍ਰਭੂ ਦਾ ਆਤਮਾ ਫ਼ਿਲਿੱਪੁਸ ਨੂੰ ਚੁੱਕ ਕੇ ਲੈ ਗਿਆ...[ਰਸੂਲਾਂ 8:38-39]

ਬਪਤਿਸਮੇ ਦੇ ਬਾਰੇ ਵਿੱਚ ਇਹਨਾਂ ਸਾਰੇ ਵਚਨਾਂ ਦੀ ਆਮ ਵਿਆਖਿਆ ਇਸ ਸਮਝ ਦੇ ਨਾਲ ਹੋਵੇਗੀ ਕਿ ਬਪਤਿਸਮਾ ਪਾਣੀ ਵਿੱਚ ਡੁੱਬਕੀ ਦੁਆਰਾ ਦਿੱਤਾ ਗਿਆ ਹੈ। ਬਪਤਿਸਮੇ ਦੇ ਵਚਨਾਂ ਵਿੱਚ ਬੈਪਟੋ ਅਤੇ ਬੈਪਟੀਜ਼ੋ ਦਾ ਸ਼ਬਦ-ਅਧਿਐਨ, ਮੌਤ ਅਤੇ ਜੀਅ ਉੱਠਣ ਦਾ ਪ੍ਰਤੀਕਵਾਦ, ਅਤੇ ਪੂਰਵ-ਸਰਗ ਦੀ ਵਰਤੋਂ, ਸਾਰੇ ਇਹ ਸਥਾਪਿਤ ਕਰ ਦਿੰਦੇ ਹਨ ਕਿ ਬਾਈਬਲ ਵਿੱਚ ਬਪਤਿਸਮਾ ਦੇਣ ਦਾ ਆਮ ਤਰੀਕਾ ਡੁੱਬਕੀ ਦੁਆਰਾ ਹੈ। ਕਲੀਸਿਯਾ ਦੇ ਇਤਿਹਾਸ ਦਾ ਮਹੱਤਵ ਬਾਈਬਲ ਤੋਂ ਘੱਟ ਹੈ, ਪਰ ਇਹ ਮਦਦਗਾਰ ਹੋ ਸਕਦਾ ਹੈ।

### (6) ਕਲੀਸਿਯਾ ਦਾ ਇਤਿਹਾਸ ਅਤੇ ਡੁੱਬਕੀ ਦੁਆਰਾ ਬਪਤਿਸਮਾ

ਹਾਲਾਂਕਿ ਸ਼ੁਰੂਆਤੀ ਕਲੀਸਿਯਾ ਨੇ ਕੁਝ ਖ਼ਾਸ ਮਾਮਲਿਆਂ ਵਿੱਚ ਬਪਤਿਸਮਾ ਦੇਣ ਦੇ ਕੁਝ ਹੋਰ ਸਾਧਨਾਂ ਦੀ ਵੀ ਆਗਿਆ ਦਿੱਤੀ ਸੀ, ਫਿਰ ਵੀ ਇਸ ਮੁੱਦੇ ਉੱਤੇ ਜ਼ਿਆਦਾ ਬਹਿਸ ਨਹੀਂ ਕੀਤੀ ਜਾ ਸਕਦੀ ਕਿ ਬਪਤਿਸਮਾ ਦੇਣ ਦਾ ਮੁੱਢਲਾ ਅਤੇ ਪਸੰਦੀਦਾ ਤਰੀਕਾ ਪਾਣੀ ਵਿੱਚ ਡੁੱਬਕੀ ਦੁਆਰਾ ਹੀ ਸੀ। ਦੀਦਾਰਖੇ (ਲਗਭਗ 120 ਈਸਵੀ ਦੀ ਸਿੱਖਿਆ) ਪਾਣੀ ਉੱਪਰ ਡੋਲ੍ਹਣ ਦੀ ਆਗਿਆ ਦਿੰਦਾ ਹੈ, ਪਰ ਜਿੱਥੇ ਪਾਣੀ ਉਪਲਬਧ ਨਹੀਂ ਹੋਵੇ, ਉੱਥੇ ਡੁੱਬਕੀ ਦੁਆਰਾ ਬਪਤਿਸਮਾ ਦੇਣ ਨੂੰ ਹੀ ਲਾਜ਼ਮੀ ਮੰਨਦਾ ਹੈ:

> "ਅਤੇ ਬਪਤਿਸਮੇ ਦੇ ਬਾਰੇ ਵਿੱਚ, ਤੁਸੀਂ ਇਸ ਤਰ੍ਹਾਂ ਬਪਤਿਸਮਾ ਦਿਓ, ਪਹਿਲਾਂ ਇਹ ਸਾਰੀਆਂ ਗੱਲਾਂ ਬੋਲਣ ਤੋਂ ਬਾਅਦ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਚੱਲਦੇ ਪਾਣੀ ਵਿੱਚ ਬਪਤਿਸਮਾ ਦਿਓ। ਪਰ ਜੇਕਰ ਤੁਹਾਡੇ ਕੋਲ ਚੱਲਦਾ ਪਾਣੀ ਨਹੀਂ ਹੈ, ਅਤੇ ਜੇਕਰ ਤੁਸੀਂ ਠੰਡੇ ਜਾਂ ਗਰਮ ਪਾਣੀ ਵਿੱਚ ਬਪਤਿਸਮਾ ਨਹੀਂ ਦੇ ਸਕਦੇ ਹੋ, ਤਾਂ ਦੂਜੇ ਦੂਜੇ ਪਾਣੀ ਵਿੱਚ ਬਪਤਿਸਮਾ ਦਿਓ। ਪਰ ਜੇਕਰ ਤੁਹਾਡੇ ਕੋਲ ਇਹ ਵੀ ਨਹੀਂ ਹੈ, ਤਾਂ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿੱਚ ਇੱਕ ਵਿਅਕਤੀ ਦੇ ਸਿਰ ਉੱਤੇ ਤਿੰਨ ਵਾਰ ਪਾਣੀ ਡੋਲ੍ਹ ਕੇ ਬਪਤਿਸਮਾ ਦਿਓ।"[10]

ਗ੍ਰੀਸ ਬ੍ਰਦਰਨ ਡੁੱਬਕੀ ਨਾਲ ਬਪਤਿਸਮਾ ਦਿੰਦੇ ਹਨ, ਪਰ ਮੂੰਹ ਦੇ ਸਾਹਮਣੇ ਰੱਖ ਕੇ ਤਿੰਨ ਵਾਰ ਭੁੱਬਕੀ ਦਿੰਦੇ ਹਨ। ਹੇਠਾਂ ਦਿੱਤਾ ਹਵਾਲਾ ਤਿੰਨ ਵਾਰ ਡੁੱਬਕੀ ਦੇਣ ਦੀ ਪੁਰਾਣੀ ਵਿਰਾਸਤ ਨੂੰ ਦਰਸਾਉਂਦਾ ਹੈ। ਇੱਥੇ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਤਿੰਨ ਵਾਰ ਡੁੱਬਕੀ ਦੇਣਾ ਪ੍ਰਭੂ ਦੁਆਰਾ ਇੱਕ ਵਾਰ ਡੁੱਬਕੀ ਦੇਣ ਦੀ ਮੰਗ ਤੋਂ ਜ਼ਿਆਦਾ ਹੈ। ਟਰਟੁਲਿਅਨ (ਈਸਵੀ 145-220) ਨੇ ਕਿਹਾ: "ਜਦੋਂ ਅਸੀਂ ਪਾਣੀ ਵਿੱਚ ਪ੍ਰਵੇਸ਼ ਕਰੀਏ, ਪਰ ਇਸ ਤੋਂ ਥੋੜ੍ਹੀ ਦੇਰ ਪਹਿਲਾਂ, ਕਲੀਸਿਯਾ ਦੀ ਮੌਜੂਦਗੀ ਅਤੇ ਨਿਗਾਹਬਾਨਾਂ ਦੇ ਹੱਥ ਹੇਠਾਂ, ਅਸੀਂ ਪੂਰੀ ਗੰਭੀਰਤਾ ਨਾਲ ਇਹ ਐਲਾਨ ਕਰੀਏ ਕਿ ਅਸੀਂ ਸ਼ੈਤਾਨ, ਉਸ ਦੀ ਸ਼ਾਨ, ਅਤੇ ਉਸ ਦੇ ਦੂਤਾਂ ਦਾ ਇਨਕਾਰ ਕਰਦੇ ਹਾਂ। ਇਸ ਤੋਂ ਬਾਅਦ ਅਸੀਂ ਤਿੰਨ ਵਾਰ ਡੁੱਬਕੀ ਲਗਾਉਂਦੇ ਹਾਂ, ਇਸ ਤਰ੍ਹਾਂ ਅਸੀਂ ਇੱਥੇ ਤਿੰਨ ਵਾਰ ਡੁੱਬਕੀ ਲਗਾ ਕੇ ਉਸ ਤੋਂ ਜ਼ਿਆਦਾ ਵਾਅਦਾ ਕਰਦੇ ਹਾਂ ਜਿਸ ਨੂੰ ਪ੍ਰਭੂ ਨੇ ਸ਼ੁਭ-ਸਮਾਚਾਰ ਵਿੱਚ ਨਿਰਧਾਰਿਤ ਕੀਤਾ ਸੀ।"[11]

### d. ਪਾਣੀ ਦੇ ਬਪਤਿਸਮੇ ਬਾਰੇ ਸਿੱਟੇ

ਪਾਣੀ ਦਾ ਬਪਤਿਸਮਾ ਸਿਰਫ਼ ਵਿਸ਼ਵਾਸੀਆਂ ਦੇ ਲਈ ਹੈ। ਇਸ ਤਰ੍ਹਾਂ, ਸਿਰਫ਼ ਉਹੀ ਬਪਤਿਸਮੇ ਦੇ ਯੋਗ ਉਮੀਦਵਾਰ ਹਨ ਜੋ ਵਿਸ਼ਵਾਸ ਦਾ ਇਕਰਾਰ ਕਰਨ ਲਈ ਕਾਫ਼ੀ ਸਮਝਦਾਰ ਹਨ। ਇੱਕ ਧਾਰਮਿਕ ਰਸਮ-ਰਿਵਾਜ ਦੇ ਰੂਪ ਵਿੱਚ ਬਪਤਿਸਮਾ ਮੁਕਤੀ ਵਿੱਚ ਕੋਈ ਯੋਗਦਾਨ ਨਹੀਂ ਪਾਉਂਦਾ ਹੈ। ਇਹ ਮਸੀਹ ਦੀ ਮੌਤ, ਦਫ਼ਨਾਏ ਜਾਣ, ਅਤੇ ਜੀਅ ਉੱਠਣ ਦੇ ਨਾਲ ਇੱਕ ਹੋਣ ਨੂੰ ਦਰਸਾਉਂਦਾ ਹੈ; ਇਹ ਪਵਿੱਤਰ ਆਤਮਾ ਵਿੱਚ ਬਪਤਿਸਮੇ ਨੂੰ ਵੀ ਦਰਸਾਉਂਦਾ ਹੈ ਜਿਸ ਵਿੱਚ ਮਸੀਹ ਅਤੇ ਵਿਸ਼ਵ-ਵਿਆਪੀ ਕਲੀਸਿਯਾ ਦੇ ਨਾਲ ਇੱਕ ਹੋਣਾ ਵੀ ਸ਼ਾਮਲ ਹੈ; ਇਹ ਇੱਕ ਵਿਅਕਤੀ ਦੇ ਦਿਖਾਈ ਦੇਣ ਵਾਲੀ ਕਲੀਸਿਯਾ ਦੇ ਨਾਲ ਇੱਕ ਹੋਣ ਨੂੰ ਵੀ

[10] "ਟੀਚਿੰਗ ਆਫ਼ ਦ ਟਵੈਲਵ ਅਪੋਸਟਲਜ਼", *ਇਨ ਦ ਐਂਟੀ-ਨਾਈਸੀਨ ਫਾਦਰਜ਼*, ਐਡ. ਬਾਏ ਅਲੈਗਜ਼ੈਂਡਰ ਰੌਬਰਟਸ ਐਂਡ ਜੇਮਜ਼ ਡੋਨਾਲਡਸਨ, ਰੀਪ੍ਰਿੰਟ ਐਡ., 10 ਵੋਲਯੂਮਜ਼. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1979), 7:379. (ਡੀਡਾਖੇ 7:1-3.)

[11] ਟਰਟੂਲੀਅਨ, "ਦ ਚੈਪਲੈੱਟ ਔਨ ਡੀ ਕੋਰੋਨਾ" ਇਨ *ਦ ਐਂਟੀ-ਨਾਈਸੀਨ ਫਾਦਰਜ਼*, ਐਡਿਟਡ ਬਾਏ ਅਲੈਗਜ਼ੈਂਡਰ ਰੌਬਰਟਸ ਐਂਡ ਜੇਮਜ਼ ਡੋਨਾਲਡਸਨ, ਰੀਪ੍ਰਿੰਟ ਐਡ., 10 ਵੋਲਯੂਮਜ਼. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1973), 3:94..

ਦਰਸਾਉਂਦਾ ਹੈ; ਇਹ ਮਸੀਹ ਦੇ ਹੁਕਮਾਂ ਦੀ ਆਗਿਆਕਾਰੀ ਨੂੰ ਦਰਸਾਉਂਦਾ ਹੈ; ਇਹ ਸ਼ੁੱਧਤਾ ਨੂੰ ਵੀ ਦਰਸਾਉਂਦਾ ਹੈ। ਬਾਈਬਲ ਦੇ ਅਨੁਸਾਰ ਬਪਤਿਸਮੇ ਦਾ ਤਰੀਕਾ ਡੁੱਬਕੀ ਹੈ। ਹਰੇਕ ਸਥਾਨਕ ਕਲੀਸਿਯਾ ਦੇ ਪ੍ਰਸ਼ਾਸਨ ਨੂੰ ਇਹ ਫੈਸਲਾ ਲੈਣਾ ਚਾਹੀਦਾ ਹੈ ਕਿ ਕੀ ਉਹ ਕਿਸੇ ਹੋਰ ਤਰੀਕੇ ਨਾਲ ਲਏ ਗਏ ਪਿਛਲੇ ਬਪਤਿਸਮੇ ਨੂੰ ਜਾਇਜ਼ ਮੰਨੇਗਾ ਜਾਂ ਨਹੀਂ। ਫਿਰ ਵੀ, ਉਸ ਨੂੰ ਇਸ ਗੱਲ ਉਤੇ ਜ਼ੋਰ ਦੇਣਾ ਚਾਹੀਦਾ ਹੈ ਕਿ ਬਪਤਿਸਮਾ ਲੈਂਦੇ ਸਮੇਂ ਇੱਕ ਵਿਅਕਤੀ ਵਿਸ਼ਵਾਸੀ ਹੋਵੇ।

### E. ਕਲੀਸਿਯਾ ਦੀ ਸ਼ੁੱਧਤਾ

ਨਾਲ ਜੁੜੇ ਅਜਿਹੇ ਸਿਧਾਂਤਾਂ ਨੂੰ ਵਿਕਸਿਤ ਕਰਦੀ ਹੈ ਜਿਹਨਾਂ ਦਾ ਸੰਬੰਧ ਕਲੀਸਿਯਾ ਦੀ ਸ਼ੁੱਧਤਾ ਨਾਲ ਹੈ। ਕਲੀਸਿਯਾ ਦਾ (ਸੰਸਾਰ ਤੋਂ) ਅਲੱਗ ਹੋਣਾ, ਇਸ ਵਿੱਚ ਝੂਠੀ ਸਿੱਖਿਆ ਅਤੇ ਬੁਰਾਈ ਨੂੰ ਪ੍ਰਵੇਸ਼ ਕਰਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

ਜਿੱਥੇ ਝੂਠੀ ਸਿੱਖਿਆ ਅਤੇ ਬੁਰਾਈ ਕਲੀਸਿਯਾ ਵਿੱਚ ਪੈਰ ਜਮਾਂਉਂਦੀ ਹੈ, ਉੱਥੇ ਬਾਈਬਲ ਉਸ ਨੂੰ ਦੂਰ ਕਰਨ ਦੇ ਲਈ ਕਲੀਸਿਯਾ ਦੇ ਅਨੁਸ਼ਾਸਨ ਦੀ ਸਿੱਖਿਆ ਦਿੰਦੀ ਹੈ। ਕਈ ਵਚਨ ਕਲੀਸਿਯਾ ਦੇ ਅਲੱਗ ਹੋਣ ਅਤੇ ਅਨੁਸ਼ਾਸਨ ਦੋਵਾਂ ਦੀ ਗੱਲ ਕਰਦੇ ਹਨ।

### 1. ਕਲੀਸਿਯਾ ਦਾ ਅਲੱਗ ਹੋਣਾ

ਅਲੱਗ ਹੋਣ ਦੀ ਤੁਲਨਾ ਸੰਤੁਲਨ ਬਣਾ ਕੇ ਰੱਸੀ ਉੱਤੇ ਚੱਲਣ ਨਾਲ ਕੀਤੀ ਜਾ ਸਕਦੀ ਹੈ। ਸਾਨੂੰ ਸੱਚੇ ਵਿਸ਼ਵਾਸੀਆਂ ਦੇ ਨਾਲ ਵਿਸ਼ਵਾਸ ਦੀ ਏਕਤਾ ਬਣਾਈ ਰੱਖਣੀ ਹੋਵੇਗੀ (ਅਫ਼ਸੀ 4:3)। ਪਰ ਪਰਮੇਸ਼ਰ ਦੀ ਆਗਿਆਕਾਰੀ, ਸੱਚ ਦੀ ਸੰਭਾਲ, ਅਤੇ ਕਲੀਸਿਯਾ ਦੀ ਸ਼ੁੱਧਤਾ ਗ਼ਲਤੀ ਤੋਂ ਵੱਖਰਾ ਹੋਣ ਦੀ ਮੰਗ ਕਰਦੇ ਹਨ। ਸਭ ਤੋਂ ਮੁਸ਼ਕਲ ਮੁੱਦਾ ਉਹਨਾਂ ਸਿਧਾਂਤਕ ਅਤੇ ਨੈਤਿਕ ਗੱਲਾਂ ਨੂੰ ਪਛਾਨਣ ਦਾ ਹੁੰਦਾ ਹੈ ਜੋ ਇਸ ਹੱਦ ਤੱਕ ਗੰਭੀਰ ਹੁੰਦੀਆਂ ਹਨ ਕਿ ਇੱਕ ਵਿਅਕਤੀ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢਿਆ ਜਾ ਸਕਦਾ ਹੈ। ਇੱਕ ਸਿੱਖਿਆ ਕਦੋਂ ਕੋਈ ਸਮਝੌਤਾ ਨਾ ਕੀਤੇ ਜਾਣ ਵਾਲੀ ਸੱਚਾਈ ਬਣ ਜਾਂਦੀ ਹੈ? ਇੱਕ ਵਿਚਾਰ ਕਦੋਂ ਇੰਨਾ ਮਾਮੂਲੀ ਅਤੇ ਗ਼ੈਰ-ਜ਼ਰੂਰੀ ਮੁੱਦਾ ਹੁੰਦਾ ਹੈ ਕਿ ਉਸ ਨੂੰ ਦੂਜੇ ਵਿਸ਼ਵਾਸੀ ਦੀ ਸੋਚ ਵਿੱਚ ਕਮੀ ਮੰਨਦੇ ਹੋਏ ਇੱਕ ਸਹਿਣਸ਼ੀਲਤਾ ਦੀ ਆਤਮਾ ਵਿੱਚ ਸੰਗਤ ਨੂੰ ਜਾਰੀ ਰੱਖਿਆ ਜਾ ਸਕਦਾ ਹੈ?

#### a. ਅਲੱਗ ਹੋਣ ਦਾ ਹੁਕਮ

ਜਿਹੜੇ ਲੋਕ ਬਾਈਬਲ ਪ੍ਰਤੀ ਵਫ਼ਾਦਾਰ ਹਨ, ਉਹ ਅਜਿਹੇ ਸਮੂਹਾਂ ਦੇ ਨਾਲ ਸਹਿਯੋਗ ਨਾ ਕਰਨ ਦੇ ਬਾਈਬਲ ਦੇ ਹੁਕਮ ਦੀ ਪਾਲਣਾ ਕਰਨਗੇ ਜੋ ਵਿਚਾਰ ਅਤੇ ਵਿਵਹਾਰ ਤੋਂ ਮਸੀਹ-ਵਿਰੋਧੀ ਹਨ। ਕਲੀਸਿਯਾ ਦੇ ਅਲੱਗ ਹੋਣ ਦਾ ਅਰਥ ਇਹ ਨਹੀਂ ਹੈ ਕਿ ਅਵਿਸ਼ਵਾਸੀਆਂ ਨਾਲ ਨਫ਼ਰਤ ਕੀਤੀ ਜਾਵੇ ਜਾਂ ਇਹ ਕਿ ਮਸੀਹੀਆਂ ਦੇ ਮੁਕਤੀ ਨਾ ਪਾਏ ਹੋਏ ਮਿੱਤਰ ਨਹੀਂ ਹੋ ਸਕਦੇ ਹਨ। ਇਸ ਦਾ ਅਰਥ ਹੈ ਕਿ ਵਿਸ਼ਵਾਸੀਆਂ ਨੂੰ ਅਜਿਹੇ ਲੋਕਾਂ ਦੇ ਨਾਲ ਕਿਸੇ ਵੀ ਤਰ੍ਹਾਂ ਦੇ "ਧਾਰਮਿਕ ਕੰਮਾਂ" ਵਿੱਚ ਸ਼ਾਮਲ ਨਹੀਂ ਹੋਣਾ ਹੈ, ਜੋ ਬਾਈਬਲ ਆਧਾਰਿਤ ਮਸੀਹਤ ਦੇ ਵਿਰੁੱਧ ਹੋਣ।

"ਇਕੱਠੇ ਜੂਲੇ ਵਿੱਚ ਜੁਤਨ" ਦੀ ਤਸਵੀਰ ਦਰਸਾਉਂਦੀ ਹੈ ਕਿ ਅਲੱਗ ਹੋਣ ਵਿੱਚ ਜ਼ੋਰ ਉਹਨਾਂ ਸਮੂਹਿਕ ਯਤਨਾਂ ਉੱਤੇ ਦਿੱਤਾ ਗਿਆ ਹੈ ਜੋ ਮਸੀਹ ਦੇ ਵਿਰੁੱਧ ਖਿੱਚਦੇ ਹਨ। ਜਿਵੇਂ ਕਿ, ਇੱਕ ਕਲੀਸਿਯਾ ਯਹੂਦੀਆਂ, ਮੁਸਲਮਾਨਾਂ, ਜਾਂ ਹਿੰਦੂਆਂ ਦੇ ਨਾਲ ਮਿੱਤਰਤਾ ਰੱਖ ਸਕਦੀ ਹੈ, ਪਰ ਉਹ ਉਹਨਾਂ ਦੇ ਨਾਲ ਕਿਸੇ ਤਰ੍ਹਾਂ ਦੇ ਧਾਰਮਿਕ ਗੱਠਜੋੜ ਨਹੀਂ ਕਰ ਸਕਦੀ ਹੈ, ਅਤੇ ਨਾ ਹੀ ਕਲੀਸਿਯਾ ਦੇ ਅੰਦਰ ਇੱਕ ਝੂਠੇ ਧਰਮ ਦੀਆਂ ਝੂਠੀਆਂ ਗੱਲਾਂ ਨੂੰ ਉਤਸ਼ਾਹਿਤ ਕਰ ਸਕਦੀ ਹੈ। ਬਾਈਬਲ ਅਜਿਹੇ ਝੂਠੇ ਸਮੂਹਾਂ ਦੇ ਨਾਲ ਸਮੂਹਿਕ "ਅਰਾਧਨਾ," "ਸੇਵਕਾਈ," ਜਾਂ "ਸੰਗਤ" ਉੱਤੇ ਰੋਕ ਲਗਾਉਂਦੀ ਹੈ। ਅਵਿਸ਼ਵਾਸੀਆਂ ਦੇ ਵਿਚਕਾਰ ਸੇਵਕਾਈ ਕਰਨ ਅਤੇ ਉਹਨਾਂ ਨਾਲ ਸਹਿਯੋਗ ਕਰਨ ਵਿੱਚ ਇੱਕ ਅੰਤਰ ਹੈ। ਅਵਿਸ਼ਵਾਸੀਆਂ ਨਾਲ ਕੀਤਾ ਗਿਆ ਧਾਰਮਿਕ ਗੱਠਜੋੜ ਨਾ ਸਿਰਫ਼ ਕਲੀਸਿਯਾ ਨੂੰ ਭ੍ਰਿਸ਼ਟ ਕਰੇਗਾ, ਬਲਕਿ ਇਹ ਸੰਸਾਰ ਦੇ ਲੋਕਾਂ ਵਿੱਚ ਅਜਿਹੀ ਝੂਠੀ ਭਾਵਨਾ ਵੀ ਪੈਦਾ ਕਰੇਗਾ ਕਿ ਝੂਠੇ ਧਰਮ ਵੀ ਸਵੀਕਾਰਯੋਗ ਹਨ।

ਉਹ ਸਥਾਨਕ ਕਲੀਸਿਯਾ ਜਾਂ ਸੰਸਥਾ ਜੋ ਬਾਈਬਲ ਦੇ ਅਲੱਗ ਹੋਣ ਦੇ ਹੁਕਮ ਨੂੰ ਨਜ਼ਰਅੰਦਾਜ਼ ਕਰਦੀ ਹੈ, ਉਹ ਜਲਦੀ ਜਾਂ ਥੋੜ੍ਹੇ ਸਮੇਂ ਬਾਅਦ (ਆਮ ਤੌਰ ਤੇ ਜਲਦੀ) ਇੰਨੀ ਭ੍ਰਿਸ਼ਟ ਹੋ ਜਾਵੇਗੀ ਕਿ ਉਹ ਮਸੀਹ ਦਾ ਸਰੀਰ ਹੋਣ ਦੀ ਆਪਣੀ ਪਹਿਚਾਣ ਗੁਆ ਦੇਵੇਗੀ। ਇਸ ਕਥਨ ਦਾ ਸਬੂਤ 20ਵੀਂ ਸਦੀ ਦੀਆਂ ਜ਼ਿਆਦਾਤਰ ਅਮਰੀਕੀ ਪ੍ਰੋਟੈਸਟੈਂਟ ਸੰਪਰਦਾਵਾਂ ਦੇ ਇਤਿਹਾਸ ਵਿੱਚ ਮੌਜੂਦ ਹੈ। ਜਦੋਂ ਅਲੱਗ ਹੋਣ ਨੂੰ ਨਜ਼ਰਅੰਦਾਜ਼ ਕੀਤਾ ਗਿਆ, ਤਾਂ ਭ੍ਰਿਸ਼ਟਾਚਾਰ ਨੇ ਕਲੀਸਿਯਾ ਨੂੰ ਇੰਨਾ ਖਰਾਬ ਕਰ ਦਿੱਤਾ ਕਿ ਇਸ ਦੇ ਅੰਦਰ ਬਾਈਬਲ ਦੇ ਅਧਿਕਾਰ ਅਧੀਨ ਰਹਿਣ ਵਾਲੇ ਵਿਸ਼ਵਾਸੀਆਂ ਦੇ ਦਿਲ ਟੁੱਟ ਗਏ ਸਨ।

ਬਾਈਬਲ ਕੁਝ ਅਜਿਹੇ ਖੇਤਰਾਂ ਦੀ ਗੱਲ ਕਰਦੀ ਹੈ ਜਿਹਨਾਂ ਵਿੱਚ ਅਲੱਗ ਹੋਣ ਦੇ ਸਿਧਾਂਤ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ।

**(1) ਝੂਠੇ ਸਿਧਾਂਤਾਂ ਤੋਂ ਅਲੱਗ ਹੋਣਾ**

**ਤੁਸੀਂ ਅਵਿਸ਼ਵਾਸੀਆਂ ਦੇ ਨਾਲ ਨਾਬਰਾਬਰੀ ਦੇ ਜੂਲੇ ਵਿੱਚ ਨਾ ਜੁਤੋ** ਕਿਉਂਕਿ ਨੇਕੀ ਦਾ ਪਾਪ ਨਾਲ ਕੀ ਸੰਬੰਧ ਹੈ? ਚਾਨਣ ਦਾ ਹਨੇਰੇ ਨਾਲ ਕੀ ਰਿਸ਼ਤਾ ਹੈ? ਕੀ ਮਸੀਹ ਅਤੇ ਸ਼ੈਤਾਨ ਦਾ ਆਪਸ ਵਿੱਚ ਕੋਈ ਸੰਬੰਧ ਹੋ ਸਕਦਾ ਹੈ? ਕੀ ਵਿਸ਼ਵਾਸੀ ਅਤੇ ਅਵਿਸ਼ਵਾਸੀ ਇਕੱਠੇ ਰਹਿ ਸਕਦੇ ਹਨ? ਪਰਮੇਸ਼ਰ ਦੇ ਹੈਕਲ ਅਤੇ ਮੂਰਤੀਆਂ ਵਿੱਚ ਕੀ ਸਾਂਝ ਹੋ ਸਕਦੀ ਹੈ? ਕਿਉਂਕਿ ਅਸੀਂ ਜਿਉਂਦੇ ਪਰਮੇਸ਼ਰ ਦਾ ਹੈਕਲ ਹਾਂ। ਇਸ ਬਾਰੇ ਪਰਮੇਸ਼ਰ ਕਹਿੰਦੇ ਹਨ, "ਮੈਂ ਆਪਣੇ ਲੋਕਾਂ ਵਿੱਚ ਰਹਾਂਗਾ, ਮੈਂ ਉਹਨਾਂ ਦਾ ਸਾਥ ਦੇਵਾਂਗਾ, ਮੈਂ ਉਹਨਾਂ ਦਾ ਪਰਮੇਸ਼ਰ ਹੋਵਾਂਗਾ, ਉਹ ਮੇਰੇ

ਲੋਕ ਹੋਣਗੇ।" ਇਸੇ ਲਈ ਪ੍ਰਭੂ ਕਹਿੰਦੇ ਹਨ, "ਤੁਸੀਂ ਉਹਨਾਂ ਦੇ ਵਿੱਚੋਂ ਬਾਹਰ ਆ ਜਾਵੋ। ਤੁਸੀਂ ਉਹਨਾਂ ਤੋਂ ਵੱਖ ਹੋ ਜਾਵੋ। ਤੁਸੀਂ ਕਿਸੇ ਅਸ਼ੁੱਧ ਚੀਜ਼ ਨੂੰ ਨਾ ਛੂਹੋ, ਅਤੇ ਮੈਂ ਤੁਹਾਨੂੰ ਸਵੀਕਾਰ ਕਰਾਂਗਾ।" ਸਰਵਸ਼ਕਤੀਮਾਨ ਪ੍ਰਭੂ ਕਹਿੰਦੇ ਹਨ, "ਮੈਂ ਤੁਹਾਡਾ ਪਿਤਾ ਹੋਵਾਂਗਾ, ਅਤੇ ਤੁਸੀਂ ਮੇਰੇ ਬੇਟੇ ਅਤੇ ਬੇਟੀਆਂ ਹੋਵੋਗੇ।" [2 ਕੁਰਿੰਥ 6:14-18]

ਪੁਰਾਣੇ ਨੇਮ ਦੇ ਹਵਾਲਿਆਂ ਦਾ ਸੰਦਰਭ ਅਤੇ ਉਪਯੋਗ ਦੋਵੇਂ ਹੀ ਇਹ ਦਰਸਾਉਂਦੇ ਹਨ ਕਿ ਅਲੱਗ ਹੋਣ ਦੇ ਬਾਰੇ ਵਿੱਚ ਸਭ ਤੋਂ ਜ਼ਿਆਦਾ ਮਸ਼ਹੂਰ ਹਵਾਲਿਆਂ ਵਿੱਚੋਂ ਇੱਕ ਹਵਾਲੇ ਵਿੱਚ ਝੂਠੇ ਧਾਰਮਿਕ ਸਿਧਾਂਤਾਂ ਅਤੇ ਅਭਿਆਸਾਂ ਤੋਂ ਅਲੱਗ ਹੋ ਜਾਣਾ ਸ਼ਾਮਲ ਹੈ। 1 ਕੁਰਿੰਥ 5:9ff ਅਵਿਸ਼ਵਾਸੀਆਂ ਦੇ ਨਾਲ ਮਿੱਤਰਤਾ ਅਤੇ ਉਹਨਾਂ ਵਿਚਕਾਰ ਸੇਵਕਾਈ ਦੀ ਆਗਿਆ ਦਿੰਦਾ ਹੈ; ਪਰ 2 ਕੁਰਿੰਥ 6 ਦਾ ਵਚਨ ਪਰਮੇਸ਼ਰ ਦੀ ਹੈਕਲ (ਕਲੀਸਿਯਾ) ਨੂੰ ਮੂਰਤੀਆਂ ਨਾਲ (ਜੋ ਕਿ ਉਸ ਸਮੇਂ ਦਾ ਮੁੱਖ ਝੂਠਾ ਧਰਮ ਸੀ) ਜੋੜਨ ਤੋਂ ਮਨ੍ਹਾ ਕਰਦਾ ਹੈ। ਪੌਲੁਸ ਪਰਾਈਆਂ ਕੌਮਾਂ ਨਾਲ ਪਿਆਰ ਕਰਨ ਤੋਂ ਮਨ੍ਹਾ ਨਹੀਂ ਕਰ ਰਿਹਾ ਹੈ, ਪਰ ਉਹ ਉਹਨਾਂ ਨਾਲ "ਇੱਕ ਜੂਲੇ ਵਿੱਚ ਜੁਤਨ" ਤੋਂ ਮਨ੍ਹਾ ਕਰਦਾ ਹੈ ਕਿਉਂਕਿ ਇਹ ਇੱਕ-ਦੂਜੇ ਨਾਲ ਸਹਿਯੋਗੀ ਬਣ ਕੇ ਕੰਮ ਕਰਨ ਨੂੰ ਦਿਖਾਉਂਦਾ ਹੈ ਕਿ ਉਹ ਇੱਕ ਹੀ ਪੱਖ ਅਤੇ ਉਦੇਸ਼ ਲਈ ਕੰਮ ਕਰ ਰਹੇ ਹਨ। ਪੌਲੁਸ ਤਿੰਨ ਅਲੰਕਾਰਿਕ ਸਵਾਲਾਂ ਦੁਆਰਾ ਤਰਕ ਕਰਦਾ ਹੈ ਜੋ ਅੰਤ ਵਿੱਚ ਇਹ ਕਹਿੰਦੇ ਹਨ ਕਿ ਇੱਕ ਵਫ਼ਾਦਾਰ ਕਲੀਸਿਯਾ ਲਈ ਅਵਿਸ਼ਵਾਸੀਆਂ ਨਾਲ "ਭਾਈਵਾਲੀ" (ਆਇਤ 14), "ਸੁਮੇਲ" (ਆਇਤ 15) ਜਾਂ "ਸਮਝੌਤਾ" (ਆਇਤ 16) ਕਰਨਾ ਵੀ ਸੰਭਵ ਨਹੀਂ ਹੈ। ਇਸ ਨਾਬਰਾਬਰੀ ਵਾਲੇ ਜੂਲੇ ਵਿੱਚ ਦੋਵੇਂ ਧਿਰਾਂ ਵੱਖ-ਵੱਖ ਦਿਸ਼ਾਵਾਂ ਵੱਲ ਖਿੱਚਦੀਆਂ ਹਨ। ਅਜਿਹਾ ਕੋਈ ਵੀ ਮੇਲ ਕਲੀਸਿਯਾ ਦੀ ਵਿਲੱਖਣਤਾ ਨੂੰ ਨਸ਼ਟ ਕਰ ਦੇਵੇਗਾ ਕਿਉਂਕਿ ਫਿਰ ਇਹ ਇੱਕ ਭਾਈਵਾਲੀ ਨਹੀਂ ਬਲਕਿ ਇੱਕ ਕਬਜ਼ਾ ਹੋਵੇਗਾ!

ਇਸ ਗੱਲ ਉੱਤੇ ਵੀ ਧਿਆਨ ਦਿਓ ਕਿ 2 ਕੁਰਿੰਥੀਆਂ ਵਾਰ-ਵਾਰ ਅਜਿਹੇ ਝੂਠੇ ਗੁਰੂਆਂ ਦਾ ਜ਼ਿਕਰ ਕਰਦਾ ਹੈ ਜੋ ਕੁਰਿੰਥੁਸ ਦੀ ਕਲੀਸਿਯਾ ਨੂੰ ਨੁਕਸਾਨ ਪਹੁੰਚਾ ਰਹੇ ਸਨ (3:1-2; 11:13ff.; 12:19ff.; ਅਤੇ 13:1-5)। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਧਿਆਇ 6 ਵਿੱਚ ਜਿਹੜੇ ਅਲੱਗ ਹੋਣ ਦੀ ਗੱਲ ਕੀਤੀ ਗਈ ਹੈ, ਉਸ ਵਿੱਚ ਝੂਠੇ ਗੁਰੂਆਂ ਤੋਂ ਅਲੱਗ ਰਹਿਣ ਦੀ ਗੱਲ ਕੀਤੀ ਗਈ ਹੈ।

> ਹਰ ਕੋਈ ਜਿਹੜਾ **ਮਸੀਹ ਦੀ ਸਿੱਖਿਆ** ਤੋਂ ਦੂਰ ਨਿਕਲ ਜਾਂਦਾ ਹੈ ਅਤੇ ਇਸ **ਸਿੱਖਿਆ ਵਿੱਚ ਬਣਿਆ ਨਹੀਂ ਰਹਿੰਦਾ,** ਉਸ ਦੇ ਕੋਲ ਪਰਮੇਸ਼ਰ ਨਹੀਂ ਹਨ ਪਰ ਜਿਹੜਾ ਇਸ ਸਿੱਖਿਆ ਵਿੱਚ ਬਣਿਆ ਰਹਿੰਦਾ ਹੈ ਉਸ ਦੇ ਕੋਲ ਪਿਤਾ ਅਤੇ ਪੁੱਤਰ ਦੋਵੇਂ ਹਨ। ਇਸ ਲਈ ਜੇਕਰ ਕੋਈ ਤੁਹਾਡੇ ਕੋਲ ਆਵੇ ਪਰ ਇਹ ਸਿੱਖਿਆ ਨਾ ਦੇਵੇ ਤਾਂ **ਤੁਸੀਂ ਉਸ ਦਾ ਸੁਆਗਤ ਨਾ ਕਰੋ** ਅਤੇ **ਨਾ ਹੀ ਉਸ ਨੂੰ ਨਮਸਕਾਰ ਕਰੋ**। ਕਿਉਂਕਿ ਜਿਹੜਾ ਉਸ ਦਾ ਸੁਆਗਤ ਕਰਦਾ ਹੈ ਉਹ ਉਸ ਦੇ ਬੁਰੇ ਕੰਮਾਂ ਦੇ ਵਿੱਚ ਹਿੱਸੇਦਾਰ ਹੁੰਦਾ ਹੈ [2 ਯੂਹੰਨਾ 9-11]

2 ਯੂਹੰਨਾ 9-11 ਅਜਿਹੇ ਧਾਰਮਿਕ ਸੇਵਕਾਂ ਤੋਂ ਅਲੱਗ ਹੋਣ ਦਾ ਹੁਕਮ ਦਿੰਦਾ ਹੈ ਜੋ "ਮਸੀਹ ਦੀ ਸਿੱਖਿਆ ਵਿੱਚ ਬਣੇ ਨਹੀਂ ਰਹਿੰਦੇ ਹਨ।" ਇਹ ਵਾਕਾਂਸ਼ "ਮਸੀਹ ਦੀਆਂ ਸਿੱਖਿਆਵਾਂ" ਸ਼ਾਇਦ ਉਹਨਾਂ ਦੇ ਕੁਆਰੀ ਔਰਤ ਤੋਂ ਜਨਮ, ਪਰਮੇਸ਼ਰ ਹੋਣ, ਪ੍ਰਾਸਚਿਤ, ਜੀਅ ਉੱਠਣ, ਦੂਜੀ ਵਾਰ ਆਉਣ ਦੇ ਦੁੱਖ ਸਿਧਾਂਤਾਂ, ਜਾਂ ਫਿਰ ਉਹਨਾਂ ਦੁਆਰਾ ਦਿੱਤੀ ਗਈ ਸਿੱਖਿਆ ਦੇ ਬਾਰੇ ਵਿੱਚ ਗੱਲ ਕਰ ਰਿਹਾ ਹੈ। ਭਾਵੇਂ ਇਸ ਦੀ ਕੋਈ ਵੀ ਵਿਆਖਿਆ ਕੀਤੀ ਜਾਵੇ, ਪਰ ਇਹ ਵਚਨ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਨਾਲ ਨਾ ਤਾਂ ਕੋਈ ਸਹਿਯੋਗ ਅਤੇ ਨਾ ਹੀ ਕੋਈ ਸੰਗਤ ਰੱਖਣ ਦਾ ਹੁਕਮ ਦਿੰਦਾ ਹੈ।

ਜੇਕਰ ਕੋਈ ਇਹ ਸੋਚਦਾ ਹੈ ਕਿ ਅਲੱਗ ਹੋਣ ਦੇ ਸਿਧਾਂਤ ਵਿੱਚ ਪਿਆਰ ਨਹੀਂ ਹੈ, ਤਾਂ ਯੂਹੰਨਾ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਪਿਆਰ ਦਾ ਅਰਥ "ਮਸੀਹ ਦੇ ਹੁਕਮਾਂ ਨੂੰ ਮੰਨਣਾ" ਹੈ, ਅਤੇ ਪਿਆਰ ਧੋਖੇਬਾਜ਼ਾਂ (ਮਸੀਹ ਵਿਰੋਧੀਆਂ) ਦੇ ਕੰਮਾਂ ਤੋਂ ਉਲਟ ਕੰਮ ਕਰਦਾ ਹੈ।

> **ਪਿਆਰ ਇਹ ਹੈ** ਕਿ ਅਸੀਂ **ਪਰਮੇਸ਼ਰ ਦੇ ਹੁਕਮ ਦੇ ਅਨੁਸਾਰ ਚੱਲੀਏ। ਇਹ ਉਹ ਹੁਕਮ ਹੈ** ਜਿਹੜਾ ਤੁਸੀਂ ਸ਼ੁਰੂ ਤੋਂ ਸੁਣਿਆ ਹੈ ਕਿ ਤੁਸੀਂ ਪਿਆਰ ਦੇ ਨਾਲ ਜੀਵਨ ਬਤੀਤ ਕਰੋ। ਕਿਉਂਕਿ **ਬਹੁਤ ਸਾਰੇ ਭਰਮਾਉਣ ਵਾਲੇ ਸੰਸਾਰ ਵਿੱਚ ਆ ਚੁੱਕੇ ਹਨ** ਜਿਹੜੇ ਇਹ ਵਿਸ਼ਵਾਸ ਨਹੀਂ ਕਰਦੇ ਕਿ ਯਿਸੂ ਮਸੀਹ ਮਨੁੱਖ ਬਣ ਕੇ ਆਏ। ਅਜਿਹਾ ਮਨੁੱਖ ਹੀ ਭਰਮਾਉਣ ਵਾਲਾ ਅਤੇ ਮਸੀਹ ਵਿਰੋਧੀ ਹੈ। [2 ਯੂਹੰਨਾ 6-7]

ਅਲੱਗ ਹੋਣ ਦਾ ਅਭਿਆਸ ਕਰਦੇ ਹੋਏ, ਸਿਧਾਂਤਕ ਗ਼ਲਤੀ ਤੋਂ ਬਚਣ ਦੇ ਲਈ, ਰੋਮੀ 12:2 ਨੂੰ ਲਾਗੂ ਕਰਨਾ ਪੂਰੀ ਤਰ੍ਹਾਂ ਜਾਇਜ਼ ਹੈ। ਪੌਲੁਸ ਵਿਸ਼ਵਾਸੀਆਂ ਨੂੰ ਸੰਸਾਰ ਦੇ ਵਰਗੇ ਨਾ ਬਣਨ ਦਾ ਹੁਕਮ ਦਿੰਦਾ ਹੈ, ਖ਼ਾਸ ਤੌਰ ਤੇ ਮਨ ਦੇ ਖੇਤਰ ਵਿੱਚ।

### (2) ਫੁੱਟ ਪਾਉਣ ਵਾਲੇ ਵਿਅਕਤੀਆਂ ਤੋਂ ਅਲੱਗ ਹੋਣਾ

ਕਲੀਸਿਯਾ ਨੂੰ ਅਜਿਹਾ ਲੋਕਾਂ ਜਾਂ ਸਮੂਹਾਂ ਤੋਂ ਅਲੱਗ ਹੋਣਾ ਚਾਹੀਦਾ ਹੈ ਜੋ ਫੁੱਟ ਪਾਉਂਦੇ ਹਨ। ਸਿਧਾਂਤਕ ਜਾਂ ਨੈਤਿਕ ਵਿਵਹਾਰ ਇਸ ਫੁੱਟ ਦੇ ਮੁੱਖ ਕਾਰਨ ਹੁੰਦੇ ਹਨ, ਪਰ ਸਿਰਫ਼ ਇਹੀ ਫੁੱਟ ਪੈਣ ਦੇ ਕਾਰਨ ਨਹੀਂ ਹੁੰਦੇ ਹਨ। ਕਲੀਸਿਯਾਵਾਂ ਵਿੱਚ ਅਕਸਰ ਅਜਿਹੇ ਸਿਧਾਂਤਕ ਕੱਟੜਵਾਦੀਆਂ ਦੇ ਕਾਰਨ ਮੁਸ਼ਕਲਾਂ ਪੈਦਾ ਹੁੰਦੀਆਂ ਹਨ ਜੋ ਹੰਕਾਰੀ, ਕੌੜੇ, ਈਰਖਾ ਅਤੇ ਨਿੰਦਾ ਕਰਨ ਵਾਲੇ ਹੁੰਦੇ ਹਨ।

> ਪਰ ਮੂਰਖਾਂ ਵਾਲੀ ਬਹਿਸ ਤੋਂ, ਵੰਸਾਵਲੀਆਂ ਤੋਂ ਅਤੇ ਵਾਦ-ਵਿਵਾਦ ਅਤੇ ਵਿਵਸਥਾ ਸੰਬੰਧੀ ਝਗੜਿਆਂ ਤੋਂ ਬਚ ਕਿਉਂਕਿ

ਇਹ ਸਾਰੇ ਲਾਭਹੀਣ ਅਤੇ ਵਿਅਰਥ ਹਨ। **ਫੁੱਟ ਪਾਉਣ ਵਾਲੇ ਵਿਅਕਤੀ ਨੂੰ ਘੱਟ ਤੋਂ ਘੱਟ ਦੋ ਵਾਰ ਚਿਤਾਵਨੀ ਦੇ**, ਉਸ ਦੇ ਬਾਅਦ ਉਸ ਦੇ ਨਾਲ ਕੋਈ ਸੰਬੰਧ ਨਾ ਰੱਖ। ਤੂੰ ਜਾਣਦਾ ਹੈਂ ਕਿ ਅਜਿਹਾ ਵਿਅਕਤੀ ਸੱਚ ਤੋਂ ਭਟਕ ਚੁੱਕਾ ਹੈ ਅਤੇ ਪਾਪ ਕਰ ਕੇ ਆਪਣੇ ਆਪ ਨੂੰ ਦੋਸ਼ੀ ਸਿੱਧ ਕਰਦਾ ਹੈ। [ਤੀਤੁਸ 3:9-11]

...ਕਿ ਉਹਨਾਂ ਲੋਕਾਂ ਤੋਂ ਸਾਵਧਾਨ ਰਹੋ **ਜਿਹੜੇ ਲੋਕਾਂ ਵਿੱਚ ਫੁੱਟ ਪਾਉਂਦੇ ਹਨ** ਅਤੇ ਉਹਨਾਂ ਦੇ ਲਈ ਠੋਕਰ ਦਾ ਕਾਰਨ ਬਣਦੇ ਅਤੇ ਉਸ ਸਿੱਖਿਆ ਦੇ ਵਿਰੁੱਧ ਜਾਂਦੇ ਹਨ ਜਿਹੜੀ ਤੁਹਾਨੂੰ ਮਿਲੀ ਹੈ। **ਉਹਨਾਂ ਤੋਂ ਦੂਰ ਹੀ ਰਹੋ।** [ਰੋਮੀ16:17]

### (3) ਅਨੈਤਿਕਤਾ ਤੋਂ ਅਲੱਗ ਹੋਣਾ

ਹਰੇਕ ਆਇਤ ਜੋ ਅਨੈਤਿਕਤਾ ਦੇ ਬਾਰੇ ਕਲੀਸਿਯਾ ਦੇ ਅਨੁਸ਼ਾਸਨ ਦੀ ਸਿੱਖਿਆ ਦਿੰਦੀ ਹੈ, ਉਹ ਇਸ ਤੋਂ ਅਲੱਗ ਹੋਣ ਦੀ ਸਿੱਖਿਆ ਵੀ ਦਿੰਦੀ ਹੈ। ਇਹ ਸਪੱਸ਼ਟ ਹੈ ਕਿ ਜੇਕਰ ਕਲੀਸਿਯਾ ਵਿੱਚੋਂ ਨੈਤਿਕਤਾ ਨੂੰ ਦੂਰ ਕਰਨਾ ਹੈ, ਤਾਂ ਪਹਿਲਾਂ ਇਸ ਨੂੰ ਕਲੀਸਿਯਾ ਵਿੱਚ ਪ੍ਰਵੇਸ਼ ਕਰਨ ਤੋਂ ਰੋਕਣਾ ਹੋਵੇਗਾ (ਦੇਖੋ, ਜ਼ਬੂਰ 1; ਕਹਾਉਤਾਂ 1:10ff.; 13:20; 1 ਕੁਰਿੰਥ 15:33)।

ਮੈਂ ਤੁਹਾਨੂੰ ਆਪਣੇ ਪੱਤਰ ਵਿੱਚ ਲਿਖਿਆ ਸੀ ਕਿ ਤੁਸੀਂ ਵਿਭਚਾਰੀਆਂ ਦੇ ਨਾਲ ਕੋਈ ਸੰਬੰਧ ਨਾ ਰੱਖੋ। ਪਰ ਮੇਰੇ ਕਹਿਣ ਦਾ ਇਹ ਬਿਲਕੁਲ ਅਰਥ ਨਹੀਂ ਸੀ ਕਿ ਤੁਸੀਂ ਸੰਸਾਰ ਵਿੱਚੋਂ ਵਿਭਚਾਰੀਆਂ, ਲੋਭੀਆਂ, ਲੁਟੇਰਿਆਂ ਅਤੇ ਮੂਰਤੀ ਪੂਜਕਾਂ ਤੋਂ ਵੱਖਰੇ ਰਹੋ ਕਿਉਂਕਿ ਇਹ ਕਰਨ ਦੇ ਲਈ ਤਾਂ ਤੁਹਾਨੂੰ ਸੰਸਾਰ ਨੂੰ ਹੀ ਛੱਡਣਾ ਪਵੇਗਾ। ਅਸਲ ਵਿੱਚ ਮੇਰੇ ਲਿਖਣ ਦਾ ਅਰਥ ਸੀ ਕਿ **ਤੁਸੀਂ ਉਸ ਨਾਲ ਕੋਈ ਸੰਬੰਧ ਨਾ ਰੱਖੋ ਜਿਹੜਾ ਆਪਣੇ ਆਪ ਨੂੰ ਕਹਿੰਦਾ ਤਾਂ ਵਿਸ਼ਵਾਸੀ ਹੈ ਪਰ ਉਹ ਵਿਭਚਾਰੀ** ਜਾਂ ਲੋਭੀ ਜਾਂ ਮੂਰਤੀ ਪੂਜਕ ਜਾਂ ਬਕਵਾਸੀ ਜਾਂ ਸ਼ਰਾਬੀ ਜਾਂ ਲੁਟੇਰਾ ਹੈ। ਇੱਥੋਂ ਤੱਕ ਕਿ ਅਜਿਹੇ ਨਾਲ ਤੁਸੀਂ ਬੈਠ ਕੇ ਖਾਓ ਤੱਕ ਵੀ ਨਾ। [1 ਕੁਰਿੰਥ 5:9-11]

ਹਨੇਰੇ ਦੇ ਵਾਸੀਆਂ ਦੇ ਕੰਮਾਂ ਨਾਲ **ਕੋਈ ਸਾਂਝ ਨਾ ਰੱਖੋ** ਸਗੋਂ ਉਹਨਾਂ ਦੇ ਕੰਮਾਂ ਨੂੰ ਪ੍ਰਗਟ ਕਰੋ। [ਅਫ਼ਸੀ 5:11]

### (4) ਬਾਈਬਲ ਦੀ ਆਮ ਉਲੰਘਣਾ

ਹਾਲਾਂਕਿ ਦੂਜਿਆਂ ਦੇ ਨਾਲ ਹੋਣ ਵਾਲੇ ਮਤਭੇਦਾਂ ਅਤੇ ਉਹਨਾਂ ਦੀਆਂ ਕਮਜ਼ੋਰੀਆਂ ਦੇ ਪ੍ਰਤੀ ਸਾਨੂੰ ਸਹਿਣਸ਼ੀਲ ਹੋਣਾ ਹੈ (ਫ਼ਿਲਿੱਪੀ 3:15), ਪਰ ਬਾਈਬਲ ਦੇ ਕਿਸੇ ਵੀ ਮੁੱਖ ਸਿਧਾਂਤ, ਨੈਤਿਕ ਮਿਆਰ ਜਾਂ ਵਿਵਹਾਰ ਦੀ ਵੱਡੀ ਉਲੰਘਣਾ ਅਲੱਗ ਹੋਣ ਦਾ ਆਧਾਰ ਹੋ ਸਕਦੀ ਹੈ।

ਭਰਾਵੋ ਅਤੇ ਭੈਣੋ, ਅਸੀਂ ਤੁਹਾਨੂੰ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਹੁਕਮ ਦਿੰਦੇ ਹਾਂ ਕਿ **ਉਹਨਾਂ ਵਿਸ਼ਵਾਸੀਆਂ ਦੇ ਨਾਲ ਕੋਈ ਵਾਸਤਾ ਨਾ ਰੱਖੋ ਜਿਹੜੇ ਵਿਹਲੇ ਰਹਿਣ ਦੇ ਆਦੀ ਹਨ ਅਤੇ ਜਿਹੜੀਆਂ ਹਿਦਾਇਤਾਂ ਅਸੀਂ ਉਹਨਾਂ ਨੂੰ ਦਿੱਤੀਆਂ ਸਨ ਉਹਨਾਂ ਦੀ ਪਾਲਣਾ ਨਹੀਂ ਕਰਦੇ...ਜੇਕਰ ਕੋਈ ਇਸ ਪੱਤਰ ਵਿੱਚ ਸਾਡੀਆਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਨਾ ਕਰੇ**, ਉਸ ਵੱਲ ਖ਼ਾਸ ਧਿਆਨ ਦੇਵੋ ਅਤੇ ਉਸ ਦੇ ਨਾਲ ਕੋਈ ਮੇਲ ਨਾ ਰੱਖੋ ਤਾਂ ਜੋ ਉਹ ਸ਼ਰਮਿੰਦਾ ਹੋਵੇ। ਤੁਸੀਂ ਉਸ ਨੂੰ ਆਪਣਾ ਵੈਰੀ ਨਾ ਸਮਝੋ ਸਗੋਂ ਉਸ ਨੂੰ ਆਪਣਾ ਭਰਾ ਅਤੇ ਭੈਣ ਸਮਝ ਕੇ ਚਿਤਾਵਨੀ ਦਿਓ। [2 ਥੱਸਲੁ 3:6, 14-15]

## b. ਬਾਈਬਲ ਦੇ ਸਿਧਾਂਤ ਦੀਆਂ ਸਮਕਾਲੀ ਸੰਸਥਾਪਿਤ ਵਿਚਾਰਧਾਰਾਵਾਂ

ਉੱਪਰਲੀਆਂ ਆਇਤਾਂ ਅਲੱਗ ਹੋਣ ਦੇ ਸਿਧਾਂਤ ਨੂੰ ਸਥਾਪਿਤ ਕਰਦੀਆਂ ਹਨ। ਅਧਿਆਤਮਿਕਤਾ ਦੇ ਵੱਖ-ਵੱਖ ਰੁਝਾਨਾਂ ਦਾ ਅਧਿਐਨ, ਅਲੱਗ ਹੋਣ ਦੇ ਅਭਿਆਸ ਵਿੱਚ ਸਹਾਇਤਾ ਕਰੇਗਾ।

### (1) ਲਿਬਰਲੀਜ਼ਮ (ਖੁੱਲ੍ਹਾ ਵਿਚਾਰ)

ਲਿਬਰਲੀਜ਼ਮ ਇੱਕ ਅਸਪੱਸ਼ਟ ਵਿਚਾਰ ਹੋ ਸਕਦਾ ਹੈ। ਹੇਠਾਂ ਦਿੱਤੇ ਗਏ ਜੇ. ਆਈ. ਪੈਕਰ ਦੇ ਹਵਾਲੇ ਲਿਬਰਲੀਜ਼ਮ ਦੇ ਸਿਧਾਂਤਾਂ ਦੀ ਸੂਚੀ ਦਿੰਦੇ ਹਨ।[12]

"ਪਰਮੇਸ਼ਰ ਦਾ ਚਰਿੱਤਰ ਸ਼ੁੱਧ ਦਿਆਲਤਾ ਵਾਲਾ ਹੈ।"

ਖੁੱਲ੍ਹੇ ਵਿਚਾਰਾਂ ਵਾਲੇ ਲੋਕ ਮੰਨਦੇ ਹਨ ਕਿ ਸਾਰੇ ਲੋਕ ਪਰਮੇਸ਼ਰ ਦੀ ਸੰਤਾਨ ਹਨ। ਪਰਮੇਸ਼ਰ ਸ਼ੁੱਧ ਪਿਆਰ ਦੇ ਪਰਮੇਸ਼ਰ ਹਨ ਜੋ ਕਦੇ ਵੀ ਕਿਸੇ ਮਨੁੱਖ ਨੂੰ ਸਦੀਪਕ ਸਜ਼ਾ ਨਹੀਂ ਦੇਣਗੇ।

"ਹਰੇਕ ਮਨੁੱਖ ਵਿੱਚ ਇੱਕ ਪਰਮੇਸ਼ਰੀ ਚਮਕ ਹੁੰਦੀ ਹੈ।"

ਮਨੁੱਖਾਂ ਨੂੰ ਮੁਕਤੀ ਦੀ ਇੰਨੀ ਜ਼ਰੂਰਤ ਨਹੀਂ ਹੈ ਜਿੰਨੀ ਕਿ ਅਜਿਹੇ ਸਹੀ ਵਾਤਾਵਰਣ ਅਤੇ ਸਹੀ ਉਤਸ਼ਾਹ ਦੀ ਜਿਸ ਵਿੱਚ ਉਹ ਆਪਣੀ ਕੁਦਰਤੀ ਭਲਿਆਈ ਨੂੰ ਪ੍ਰਗਟ ਕਰ ਸਕਣ।

"ਯਿਸੂ ਮਸੀਹ  ਸਿਰਫ਼ ਇਸ ਅਰਥ ਵਿੱਚ ਮਨੁੱਖ ਦੇ ਮੁਕਤੀਦਾਤਾ ਹਨ ਕਿ ਉਹ ਮਨੁੱਖ ਦੇ ਸੰਪੂਰਨ ਗੁਰੂ ਅਤੇ ਇੱਕ ਚੰਗੀ ਉਦਾਹਰਣ ਹਨ।"

ਉਹ ਨਾ ਤਾਂ ਪਰਮੇਸ਼ਰ ਸਨ ਅਤੇ ਨਾ ਹੀ ਉਹਨਾਂ ਨੇ ਇੱਕ ਕੁਆਰੀ ਔਰਤ ਤੋਂ ਜਨਮ ਲਿਆ ਸੀ, ਪਰ ਉਹਨਾਂ ਨੇ ਮਹਾਨ ਨੈਤਿਕ ਸਿਧਾਂਤਾਂ ਨੂੰ ਪ੍ਰਗਟ ਕੀਤਾ ਸੀ। ਸਲੀਬ ਉੱਤੇ ਚੜ੍ਹਾਏ ਜਾਣਾ ਇੱਕ ਅਜਿਹੀ

[12] ਜੇ. ਆਈ. ਪੈਕਰ, *ਫੰਡਾਮੈਂਟਲਿਜ਼ਮ ਐਂਡ ਦ ਵਰਡ ਆਫ਼ ਗੌਡ*, ਰੀਪ੍ਰਿੰਟ ਐਡ. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1977), ਪੰਨੇ 25-26. ਹਵਾਲੇ ਅੰਦਰ ਦਿੱਤੀ ਗਈ ਸਮੱਗਰੀ ਡਾ. ਪੈਕਰ ਵੱਲੋਂ ਹੈ। ਵਾਧੂ ਟਿੱਪਣੀਆਂ ਮੇਰੀ ਆਪਣੀ ਸ਼ਬਦਾਵਲੀਆਂ ਹਨ, ਜੋ ਪੈਕਰ ਦੇ ਵਿਚਾਰਾਂ ਦੀ ਬਹੁਤ ਨੇੜਿਓਂ ਪਾਲਣਾ ਕਰਦੀਆਂ ਹਨ।

ਮੰਦਭਾਗੀ ਇਤਿਹਾਸਕ ਗੱਲ ਸੀ ਜਿਸ ਨੇ ਇੱਕ ਬੁੱਧੀਮਾਨ ਗੁਰੂ ਦੇ ਕੰਮ ਦੇ ਸਮੇਂ ਦਾ ਅੰਤ ਕਰ ਦਿੱਤਾ ਸੀ। ਮਸੀਹ ਮੁਰਦਿਆਂ ਵਿੱਚੋ ਜੀਅ ਉੱਠੇ ਨਹੀਂ ਸਨ। "ਜਿਵੇਂ ਮਸੀਹ ਦੂਜੇ ਮਨੁੱਖਾਂ ਤੋਂ ਪੂਰੀ ਤਰ੍ਹਾਂ ਨਹੀਂ ਪਰ ਸਿਰਫ਼ ਇੱਕ ਤੁਲਨਾਤਮਕ ਤੌਰ ਤੇ ਹੀ ਵੱਖਰੇ ਹਨ, ਉਵੇਂ ਹੀ ਮਸੀਹਤ ਵੀ ਹੋਰ ਧਰਮਾਂ ਨਾਲੋਂ ਸਿਰਫ਼ ਇਸ ਤਰ੍ਹਾਂ ਹੀ ਵੱਖਰੀ ਹੈ ਕਿ ਇਹ ਹੁਣ ਤੱਕ ਪ੍ਰਗਟ ਹੋਏ ਧਰਮਾਂ ਨਾਲੋਂ ਸਭ ਤੋਂ ਉੱਤਮ ਅਤੇ ਉੱਚੀ ਹੈ।"

ਇਸ ਲਈ ਵਿਦੇਸ਼ੀ ਮਿਸ਼ਨਾਂ ਦਾ ਉਦੇਸ਼ ਦੂਜੇ ਧਰਮਾਂ ਦੇ ਲੋਕਾਂ ਦਾ ਧਰਮ ਪਰਿਵਰਤਨ ਕਰਨਾ ਨਹੀਂ ਬਲਕਿ ਇਹ ਮਸੀਹਤ ਬਾਰੇ ਉਹਨਾਂ ਦੀ ਸਮਝ ਨੂੰ ਵਧਾਉਣਾ ਅਤੇ ਸਮਾਜਿਕ/ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨਾ ਹੋਣਾ ਚਾਹੀਦਾ ਹੈ।

"ਬਾਈਬਲ ਪਰਮੇਸ਼ਰ ਦਾ ਪ੍ਰਕਾਸ਼ਨ ਨਹੀਂ ਹੈ, ਬਲਕਿ ਇਹ ਧਰਮ ਉੱਤੇ ਇੱਕ ਮਨੁੱਖੀ ਗਵਾਹੀ/ਨੇਮ ਹੈ।"

ਬਾਈਬਲ ਸਾਨੂੰ ਪਰਮੇਸ਼ਰ ਦਾ ਵਚਨ ਨਹੀਂ ਦਿੰਦੀ ਹੈ। ਇਹ ਪ੍ਰਾਚੀਨ ਸਮਿਆਂ ਦੇ ਬੁੱਧੀਮਾਨ ਮਨੁੱਖਾਂ ਦੀ ਧਾਰਮਿਕ ਸਮਝ ਅਤੇ ਅਨੁਭਵਾਂ ਦਾ ਦਸਤਾਵੇਜ਼ ਹੈ।

### (2) ਫੰਡਾਮੈਂਟਲਿਜ਼ਮ (ਕੱਟੜਵਾਦ)

ਇੱਕ ਵਿਅਕਤੀ ਨੂੰ "ਕੱਟੜਵਾਦ" ਸ਼ਬਦ ਦੀ ਅਧਿਆਤਮਿਕ ਪਰਿਭਾਸ਼ਾ ਅਤੇ ਜੰਨ ਸੰਚਾਰ ਮਾਧਿਅਮਾਂ ਵਿੱਚ ਇਸ ਦੀ ਵਰਤਮਾਨ ਵਰਤੋਂ ਵਿੱਚ ਇੱਕ ਵੱਡੀ ਭਿੰਨਤਾ ਨੂੰ ਜਾਣਨਾ ਹੋਵੇਗਾ।

ਕੱਟੜਵਾਦ ਸ਼ਬਦ 20ਵੀਂ ਸਦੀ ਦੇ ਸ਼ੁਰੂ ਵਿੱਚ ਸਾਹਮਣੇ ਆਇਆ ਸੀ। ਇਹ ਹੁਣ ਕਿਸੇ ਵੀ ਧਾਰਮਿਕ ਪਾਗਲਪਣ ਦੇ ਅਪਮਾਨਜਨਕ ਅਰਥਾਂ ਵਿੱਚ ਵਰਤਿਆ ਜਾਂਦਾ ਹੈ। ਪਰ, ਕੱਟੜਵਾਦ ਸ਼ਬਦ ਦਾ ਇੱਕ ਨਿਸ਼ਚਿਤ ਅਰਥ ਅਤੇ ਇਸ ਦੀ ਇੱਕ ਮਹਾਨ ਵਿਰਾਸਤ ਹੈ।

ਸੰਨ 1909 ਵਿੱਚ, ਕੈਲੀਫੋਰਨੀਆ ਦੇ ਦੋ ਕਰੋੜਪਤੀ ਤੇਲ ਦੇ ਵਪਾਰੀਆਂ (ਲਾਇਮੈਨ ਅਤੇ ਮਿਲਟਨ ਸਟੀਵਰਟ) ਨੇ "ਦ ਫੰਡਾਮੈਂਟਲਜ਼" ਨਾਮਕ ਬਾਰਾਂ ਪੇਜ਼ਾਂ ਦੀਆਂ ਕਿਤਾਬਾਂ ਦੀ ਇੱਕ ਲੜੀ ਦਾ ਪ੍ਰਕਾਸ਼ਨ ਕਰਵਾਇਆ ਸੀ। ਇਸ ਦੇ ਲੇਖਕਾਂ ਵਿੱਚ ਜੇਮਜ਼ ਓਰ, ਬੀ. ਬੀ. ਵਾਰਫੀਲਡ, ਡਬਲਯੂ. ਐਚ. ਗ੍ਰਿਫਿਥ-ਥਾਮਸ, ਆਰ ਏ ਟੋਰੀ, ਏ. ਟੀ. ਪੀਅਰਸਨ, ਅਤੇ ਜੀ. ਕੈਂਪਬੈਲ ਮੋਰਗਨ ਸ਼ਾਮਲ ਸਨ। ਇਹ ਕਿਤਾਬਾਂ 30 ਲੱਖ ਤੋਂ ਵੱਧ ਮਸੀਹੀ ਸੇਵਕਾਂ ਨੂੰ ਮੁਫ਼ਤ ਭੇਜੀਆਂ ਗਈਆਂ ਸਨ। ਉਹਨਾਂ ਦਾ ਉਦੇਸ਼ ਸੀ ਕਿ ਇਹ ਅਧਿਐਨ ਅੰਗਰੇਜ਼ੀ ਭਾਸ਼ਾ ਬੋਲਣ ਵਾਲੇ ਹਰੇਕ ਪਾਸਬਾਨ, ਮਿਸ਼ਨਰੀ, ਬਾਈਬਲ ਕਾਲਜਾਂ ਦੇ ਵਿਦਿਆਥੀਆਂ, ਅਤੇ ਸੰਡੇ ਸਕੂਲ ਦੇ ਅਧਿਆਪਕਾਂ ਤੱਕ ਪਹੁੰਚਾ ਦਿੱਤਾ ਜਾਵੇ।[13]

1895 ਦੀ ਨਿਆਗਰਾ ਸਭਾ ਅਤੇ 1910 ਦੀ ਨੇਦਰਨ ਪ੍ਰੈਸਬੈਟੀਰੀਅਨ ਚਰਚ ਦੀ ਸਭਾ ਵਿੱਚ ਤਰਕਾਂ ਦੇ ਆਧਾਰ ਤੇ ਕੱਟੜਵਾਦ ਦੇ ਇਹਨਾਂ ਪੰਜ ਬੁਨਿਆਦੀ ਸਿਧਾਂਤਾਂ ਉੱਤੇ ਇੱਕ ਆਮ ਸਹਿਮਤੀ ਬਣ ਗਈ ਸੀ: ਬਾਈਬਲ ਦਾ ਬਿਨਾਂ ਕਿਸੇ ਗ਼ਲਤੀ ਦੇ ਹੋਣਾ, ਮਸੀਹ ਦਾ ਪਰਮੇਸ਼ਰ ਹੋਣਾ, ਮਸੀਹ ਦਾ ਕੁਆਰੀ ਤੋਂ ਜਨਮ ਲੈਣਾ ਅਤੇ ਉਹਨਾਂ ਦੇ ਚਿੰਨ੍ਹ-ਚਮਤਕਾਰ, ਮਸੀਹ ਦਾ ਪ੍ਰਾਸਚਿਤ ਅਤੇ ਦੂਜਿਆਂ ਦੇ ਲਈ ਮਰਨਾ, ਮਸੀਹ ਦਾ ਜੀਅ ਉੱਠਣਾ, ਅਤੇ ਫਿਰ ਵਾਪਸ ਆਉਣਾ। ਕੱਟੜਵਾਦੀ ਵਿਸ਼ਵਾਸ ਦੁਆਰਾ ਮੁਕਤੀ, ਵਿਸ਼ਵਾਸੀਆਂ ਦੇ ਲਈ ਸਵਰਗ ਅਤੇ ਅਵਿਸ਼ਵਾਸੀਆਂ ਦੇ ਲਈ ਨਰਕ ਦੇ ਵਿਚਾਰ ਵਿੱਚ ਵੀ ਵਿਸ਼ਵਾਸ ਕਰਦੇ ਸਨ ਅਤੇ ਉਹਨਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਵਿਕਾਸਵਾਦ (ਏਵੋਲੂਸ਼ਨ) ਦੇ ਵਿਚਾਰ ਨੂੰ ਰੱਦ ਕੀਤਾ ਸੀ।[14] ਕਿਉਂਕਿ ਵਰਤਮਾਨ ਸਮੇਂ ਵਿੱਚ "ਕੱਟੜਵਾਦ" ਸ਼ਬਦ ਨੂੰ ਬਹੁਤ ਗ਼ਲਤ ਸਮਝਿਆ ਜਾਂਦਾ ਹੈ, ਇਸ ਲਈ ਦੂਜਿਆਂ ਨਾਲ ਗੱਲਬਾਤ ਕਰਦੇ ਸਮੇਂ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇਸ ਦੀ ਕਿਹੜੀ ਵਿਆਖਿਆ ਦੀ ਵਰਤੋਂ ਕੀਤੀ ਜਾ ਰਹੀ ਹੈ।

ਇਸ ਦੀ ਇਤਿਹਾਸਕ ਪਰਿਭਾਸ਼ਾ ਵਿੱਚ, ਕੱਟੜਵਾਦ ਮੂਲ ਰੂਪ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ, ਪਰੰਪਰਾਵਾਦ, ਅਤੇ ਰੂੜੀਵਾਦ ਦਾ ਸਮਾਨਾਰਥੀ ਸ਼ਬਦ ਰਿਹਾ ਹੈ।

### (3) ਨਿਊ-ਇਵੈਂਜੈਲੀਕਲਿਜ਼ਮ (ਨਵਾਂ ਸ਼ੁਭ-ਸਮਾਚਾਰ ਪ੍ਰਚਾਰਵਾਦ)

ਸ਼ਬਦ ਨਵਾਂ ਜਾਂ ਨਿਊ ਸ਼ੁਭ-ਸਮਾਚਾਰ ਪ੍ਰਚਾਰਵਾਦ ਦੀ ਸ਼ੁਰੂਆਤ 1948 ਵਿੱਚ ਫੁਲਰ ਸੈਮੀਨਰੀ ਦੇ ਭਾਸ਼ਣਾ ਵਿੱਚ ਹੋਈ ਸੀ।[15] ਮੰਨਿਆ ਜਾਂਦਾ ਹੈ ਕਿ ਨਵਾਂ ਸ਼ੁਭ-ਸਮਾਚਾਰ ਪ੍ਰਚਾਰਵਾਦ ਖੁੱਲ੍ਹੇ-ਵਿਚਾਰ ਅਤੇ ਕੱਟੜਵਾਦੀ ਵਿਚਾਰ ਦੇ ਵਿਚਕਾਰ ਇੱਕ ਸਮਝੌਤਾ ਸੀ। ਨਵਾਂ ਸ਼ੁਭ-ਸਮਾਚਾਰ ਪ੍ਰਚਾਰਵਾਦ ਦੇ ਸ਼ੁਰੂਆਤੀ ਪੈਰੋਕਾਰ ਆਪ ਤਾਂ ਨਿੱਜੀ ਤੌਰ ਤੇ ਕੱਟੜਵਾਦੀ ਸਨ, ਪਰ ਉਹਨਾਂ ਦਾ ਮੰਨਣਾ ਸੀ ਕਿ ਖੁੱਲ੍ਹੇ ਵਿਚਾਰ ਵਾਲੇ ਲੋਕਾਂ ਨੂੰ ਵੀ ਨਾਲ ਲੈ ਕੇ ਚੱਲਣਾ ਚਾਹੀਦਾ ਹੈ। ਅਜਿਹੀ ਮਾਨਸਿਕਤਾ ਵਾਲੇ ਲੋਕਾਂ ਨੂੰ ਅਕਸਰ "ਮੱਧ-ਮਾਰਗ ਵਾਲੇ" ਵੀ ਕਿਹਾ ਜਾਂਦਾ ਹੈ। ਉਹ ਜਾਂ ਤਾਂ ਬਾਈਬਲ ਦੇ ਬਿਨਾਂ ਕਿਸੇ ਗ਼ਲਤੀ ਦੇ ਹੋਣ ਤੋਂ ਇਨਕਾਰ ਕਰਦੇ ਹਨ, ਜਾਂ ਅਜਿਹਾ ਕਰਨ ਵਾਲਿਆਂ ਦੇ ਨਾਲ

---

[13] ਦੇਖੋ ਟੋਰੀ, ਆਰ. ਏ., ਐਡ. *ਦ ਫੰਡਾਮੈਂਟਲਜ਼: ਦ ਫੇਮਸ ਸੋਰਸਬੁੱਕ ਆਫ਼ ਫਾਊਂਡੇਸ਼ਨਲ ਬਾਈਬਲੀਕਲ ਟ੍ਰੂਥਜ਼*, ਰੀਪ੍ਰਿੰਟ ਐਡ. (ਗ੍ਰੈਂਡ ਰੈਪਿਡਸ, ਕ੍ਰੇਗਲ ਪਬਲੀਕੇਸ਼ਨਜ਼, 1990)

[14] ਸ਼ੁਰੂਆਤੀ ਵੀਹਵੀਂ ਸਦੀ ਵਿੱਚ ਕਲੀਸਿਯਾ ਦੇ ਇਤਿਹਾਸ ਬਾਰੇ ਹੋਰ ਜਾਣਕਾਰੀ ਦੇ ਲਈ ਦੇਖੋ, ਪੈਕਰ, ਜੇ. ਆਈ. *ਫੰਡਾਮੈਂਟਲਿਜ਼ਮ ਐਂਡ ਦ ਵਰਡ ਆਫ਼ ਗੌਡ*. (ਗ੍ਰੈਂਡ ਰੈਪਿਡਸ: ਵਿਲੀਅਮ ਬੀ. ਏਰਡਮੈਨਸ ਪਬਲਿਸ਼ਿੰਗ ਕੋ., 1977) ਔਰ ਕੈਰਨਜ਼, ਏਰਲ ਈ. *ਕ੍ਰਿਸਚੀਆਨਿਟੀ ਥਰੂ ਦ ਸੈਂਚੁਰੀਜ਼*, ਰੀਵਾਈਜ਼ਡ ਐਡ. (ਗ੍ਰੈਂਡ ਰੈਪਿਡਸ: ਜ਼ੋਂਡਰਵੈਨ ਪਬਲਿਸ਼ਿੰਗ ਕੋ., 1967), ਔਰ ਮਾਰਸਡਨ, ਜਾਰਜ, *ਫੰਡਾਮੈਂਟਲਿਜ਼ਮ ਐਂਡ ਅਮੈਰੀਕਨ ਕਲਚਰ*. (ਆਕਸਫੋਰਡ: ਆਕਸਫੋਰਡ ਯੂਨੀਵਰਸਿਟੀ ਪ੍ਰੈਸ, 1980).

[15] ਰੌਬਰਟ ਪੀ. ਲਾਈਟਨਰ, *ਨੀਓਈਵੈਂਜਲੀਕਲਿਜ਼ਮ ਟੂਡੇ* (ਸ਼ੈਮਬਰਗ, ਇਲ.: ਰੈਗੂਲਰ ਬੈਪਟਿਸਟ ਪ੍ਰੈਸ, 1978), ਪੰਨਾ 44.

ਸਹਿਯੋਗ ਕਰਨ ਲਈ ਤਿਆਰ ਰਹਿੰਦੇ ਹਨ। ਉਹ ਬਾਈਬਲ ਦੇ ਬਿਨਾਂ ਕਿਸੇ ਗ਼ਲਤੀ ਦੇ ਹੋਣ ਦੇ ਸਿਧਾਂਤ ਨੂੰ ਜ਼ਿਆਦਾ ਮਹੱਤਵਪੂਰਣ ਨਹੀਂ ਮੰਨਦੇ ਹਨ। ਉਹ ਸ਼ਾਬਦਿਕ ਸ੍ਰਿਸ਼ਟੀ ਦੀ ਸਿਰਜਣਾ ਜਾਂ ਉਤਪਤ ਦੀ ਜਲ-ਪਰਲੋ ਦੇ ਬਾਰੇ ਕੋਈ ਸਪੱਸ਼ਟ ਵਿਚਾਰ ਨਹੀਂ ਦਿੰਦੇ ਹਨ। ਸ਼ਾਇਦ ਅਜਿਹਾ ਹੋਵੇ ਜਾਂ ਨਾ ਹੋਵੇ ਕਿ ਉਹ ਸ੍ਰਿਸ਼ਟੀ ਦੀ ਸਿਰਜਣਾ ਨੂੰ ਕਿਸੇ ਕਿਸਮ ਦੇ ਥੀਐਸਟਿਕ ਏਵੋਲੂਸ਼ਨ (ਕਿ ਪਰਮੇਸ਼ਰ ਨੇ ਸਿਰਜਣਾ ਕਰਨ ਲਈ ਵਿਕਾਸਵਾਦ ਦੀ ਵਰਤੋਂ ਕੀਤੀ) ਵਿਚਾਰ ਪ੍ਰਤੀ ਵਿਅਕਤੀਗਤ ਤੌਰ ਤੇ ਵਚਨਬੱਧ ਹੋਣ, ਪਰ ਉਹ ਉਹਨਾਂ ਲੋਕਾਂ ਨਾਲ ਮਿਲ ਜਾਂਦੇ ਹਨ ਜੋ ਉਤਪਤ ਦੀ ਸ਼ਾਬਦਿਕ ਵਿਆਖਿਆ ਤੋਂ ਇਨਕਾਰ ਕਰਦੇ ਹਨ। ਉਹ ਅਕਸਰ ਸਾਰੇ ਵਿਸ਼ਵਾਸਾਂ ਦੇ ਸਮੂਹਾਂ ਦੇ ਪ੍ਰਚਾਰ ਦੀਆਂ ਮੁਹਿੰਮਾਂ ਵਿੱਚ ਸਹਿਯੋਗ ਕਰਨ ਉੱਤੇ ਜ਼ੋਰ ਦਿੰਦੇ ਹਨ। ਉਹਨਾਂ ਵਿੱਚ ਖੁੱਲ੍ਹੇ ਵਿਚਾਰ ਵਾਲਿਆਂ ਦੁਆਰਾ ਸਵੀਕਾਰ ਕੀਤੇ ਜਾਣ ਦੀ ਦਿਲਚਸਪੀ ਬਣੀ ਰਹਿੰਦੀ ਹੈ। ਉਹ ਅਲੱਗ ਹੋਣ ਵਿੱਚ ਵਿਸ਼ਵਾਸ ਨਹੀਂ ਰੱਖਦੇ ਹਨ। ਬਹੁਤ ਸਾਰੇ ਨਵਾਂ ਸ਼ੁਭ-ਸਮਾਚਾਰ ਪ੍ਰਚਾਰਵਾਦੀ ਇਹ ਮੰਨਦੇ ਹਨ ਕਿ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ਵਿੱਚ ਜ਼ਿਆਦਾ ਸ਼ਮੂਲੀਅਤ ਹੋਣੀ ਚਾਹੀਦੀ ਹੈ (ਜਿਵੇਂ ਕਿ ਔਰਤਾਂ ਨੂੰ ਪਾਸਬਾਨ ਨਿਯੁਕਤ ਕਰਨਾ)।

### c. ਅਲੱਗ ਹੋਣ ਦੀਆਂ ਵਿਸ਼ੇਸ਼ਤਾਵਾਂ

#### (1) ਬਾਈਬਲ ਪ੍ਰਤੀ ਅਧੀਨਗੀ ਬਨਾਮ ਵਿਦਰੋਹ ਦਾ ਵਿਵਹਾਰ

ਅਲੱਗ ਹੋਣ ਦੇ ਅਭਿਆਸ ਵਿੱਚ, ਇੱਕ ਕਲੀਸਿਯਾ (ਜਾਂ ਇੱਕ ਵਿਅਕਤੀ) ਨੂੰ ਨਾ ਸਿਰਫ਼ ਸਿਧਾਂਤ, ਬਲਕਿ ਪਵਿੱਤਰ ਬਾਈਬਲ ਦੇ ਪ੍ਰਤੀ ਵਿਵਹਾਰਾਂ ਦੇ ਵਿਚਕਾਰ ਅੰਤਰ ਨੂੰ ਵੀ ਸਮਝਣਾ ਚਾਹੀਦਾ ਹੈ।

ਇੱਕ ਖੁੱਲ੍ਹੇ ਵਿਚਾਰ ਵਾਲੇ ਵਿਅਕਤੀ ਵਿਵਹਾਰ ਇਹ ਹੁੰਦਾ ਹੈ ਕਿ ਉਹ ਹੰਕਾਰੀ ਹੋ ਕੇ ਬਾਈਬਲ ਦੇ ਬਾਰੇ ਵਿੱਚ ਆਪਣਾ ਫ਼ੈਸਲਾ ਸੁਣਾ ਸਕਦਾ ਹੈ, ਅਤੇ ਉਸ ਦੇ ਕੋਲ ਇਹ ਆਜ਼ਾਦੀ ਹੁੰਦੀ ਹੈ ਕਿ ਉਹ ਬਾਈਬਲ ਦੇ ਕਿਸੇ ਬਿਆਨ ਨੂੰ ਸਵੀਕਾਰ ਜਾਂ ਰੱਦ ਕਰ ਸਕਦਾ ਹੈ। ਇੱਕ ਖੁੱਲ੍ਹੇ ਵਿਚਾਰ ਵਾਲਾ ਵਿਅਕਤੀ ਇਹ ਸੋਚ ਸਕਦਾ ਹੈ ਕਿ "ਬਾਈਬਲ ਕਹਿੰਦੀ ਹੈ ਕਿ ਨਰਕ ਨਾਮ ਦੀ ਜਗ੍ਹਾ ਹੈ; ਪਰ ਮੈਂ ਅਜਿਹਾ ਨਹੀਂ ਮੰਨਦਾ ਹਾਂ।"

ਦੂਜੇ ਪਾਸੇ, ਜਿਹਨਾਂ ਗੱਲਾਂ ਵਿੱਚ **ਕੱਟੜਵਾਦੀ** ਲੋਕ ਵਿਸ਼ਵਾਸ ਕਰਦੇ ਹਨ, ਉਹ ਇਸ ਲਈ ਵਿਸ਼ਵਾਸ ਕਰਦੇ ਹਨ **ਕਿਉਂਕਿ ਉਹ ਸੋਚਦੇ ਹਨ ਕਿ ਬਾਈਬਲ ਉਹਨਾਂ ਗੱਲਾਂ ਬਾਰੇ ਸਿਖਾਉਂਦੀ ਹੈ।** ਕਿਸੇ ਸਿਧਾਂਤਕ ਗ਼ਲਤੀ ਨੂੰ ਸਵੀਕਾਰ ਕਰਦੇ ਹੋਏ ਵੀ, ਉਹ ਇਹੀ ਮੰਨਦੇ ਹਨ ਕਿ ਉਸ ਗ਼ਲਤੀ ਵਿੱਚ ਵੀ ਬਾਈਬਲ ਉਹਨਾਂ ਨੂੰ ਕੁਝ ਸਿਖਾਉਂਦੀ ਹੈ; ਅਤੇ **ਉਹ ਬਾਈਬਲ ਦੇ ਅਧੀਨ ਰਹਿਣਾ ਚਾਹੁੰਦੇ ਹਨ।** ਇੱਕ ਕੱਟੜਵਾਦੀ ਇੱਕ ਗ਼ਲਤ ਤਰੀਕੇ ਨਾਲ ਇਹ ਮੰਨ ਸਕਦਾ ਹੈ ਕਿ ਇੱਕ ਵਿਅਕਤੀ ਆਪਣੀ ਮੁਕਤੀ ਗੁਆ ਸਕਦਾ ਹੈ ਜਾਂ ਫਿਰ ਇਹ ਕਿ ਅੱਜ ਦੀ ਚੰਗਾਈ ਦਾ ਵਰਦਾਨ ਮੌਜੂਦ ਹੈ। ਪਰ, ਉਹ ਇਹਨਾਂ ਗੱਲਾਂ ਨੂੰ ਇਸ ਲਈ ਮੰਨਦਾ ਹੈ ਕਿਉਂਕਿ ਉਹ ਬਾਈਬਲ ਵਿੱਚ ਕੁਝ ਅਜਿਹੀਆਂ ਆਇਤਾਂ ਨੂੰ ਪਾਉਂਦਾ ਹੈ ਜੋ ਉਸ ਨੂੰ ਲੱਗਦਾ ਹੈ ਕਿ ਇਹ ਸਿਖਾਉਂਦੀਆਂ ਹਨ। **ਭਾਵੇਂ ਇੱਕ ਵਿਅਕਤੀ ਗ਼ਲਤ ਵਿਆਖਿਆ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹੋ ਸਕੇ, ਫਿਰ ਵੀ ਬਾਈਬਲ ਦੇ ਅਧਿਕਾਰ ਦੇ ਪ੍ਰਤੀ ਅਧੀਨਤਾ ਦੇ ਵਿਵਹਾਰ** ਅਤੇ ਬਾਈਬਲ ਨੂੰ ਸਿਧਾਂਤ ਦੇ ਸੰਪੂਰਨ ਸਰੋਤ ਦੇ ਰੂਪ ਵਿੱਚ ਦੇਖਣ ਦੀ **ਦਿਲੋਂ ਪ੍ਰਸ਼ੰਸਾ ਕੀਤੀ ਜਾ ਸਕਦੀ ਹੈ।**

ਅਲੱਗ ਹੋਣ ਦਾ ਅਭਿਆਸ ਕਰਨ ਦੇ ਮੁਸ਼ਕਲ ਖੇਤਰ ਵਿੱਚ, ਇੱਕ ਕਲੀਸਿਯਾ ਨੂੰ ਇਹਨਾਂ ਦੋ ਤਰ੍ਹਾਂ ਦੇ ਲੋਕਾਂ ਦੇ ਵਿਚਕਾਰ ਵੱਡੇ ਅੰਤਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ: ਉਹ ਜਿਹੜੇ ਬਾਈਬਲ ਦੀਆਂ ਸਪੱਸ਼ਟ ਅਤੇ ਵਾਰ-ਵਾਰ ਦਿੱਤੀਆਂ ਗਈਆਂ ਸਿੱਖਿਆਵਾਂ ਤੋਂ ਇਨਕਾਰ ਕਰਨ ਦੁਆਰਾ ਆਪਣੇ ਆਪ ਨੂੰ ਬਾਈਬਲ ਦੇ ਅਧਿਕਾਰ ਤੋਂ ਉੱਪਰ ਰੱਖਦੇ ਹਨ, ਅਤੇ ਉਹ ਜਿਹੜੇ ਆਪਣੇ ਆਪ ਨੂੰ ਬਾਈਬਲ ਦੀ ਸਿੱਖਿਆ ਦੇ ਅਧੀਨ ਰੱਖਦੇ ਹਨ, ਫਿਰ ਭਾਵੇਂ ਉਹ ਗੌਣ/ਮਾਮੂਲੀ ਸਿਧਾਤਾਂ ਦੇ ਬਾਰੇ ਕੁਝ ਗ਼ਲਤੀਆਂ ਵੀ ਕਿਉਂ ਨਾ ਕਰ ਰਹੇ ਹੋਣ।

ਕੁਝ ਸਿਧਾਂਤ ਇੰਨੇ ਸਪੱਸ਼ਟ ਰੂਪ ਵਿੱਚ ਅਤੇ ਵਾਰ-ਵਾਰ ਸਿਖਾਏ ਗਏ ਹਨ ਕਿ ਬਾਈਬਲ ਦੇ ਅਧਿਕਾਰ ਦੇ ਅਧੀਨ ਰਹਿਣ ਵਾਲੇ ਉਹਨਾਂ ਉੱਤੇ ਸਹਿਮਤ ਹੁੰਦੇ ਹਨ। ਇਹ ਬਾਈਬਲ ਦੁਆਰਾ ਮਾਨਤਾ ਪ੍ਰਾਪਤ ਕੀਤੇ ਅਜਿਹੇ ਬੁਨਿਆਦੀ ਤੱਤ ਹਨ ਜਿਹਨਾਂ ਨੂੰ ਸਾਰੀਆਂ ਮਸੀਹੀ ਸੰਪਰਦਾਵਾਂ ਦੇ ਵਿਸ਼ਵਾਸੀ ਮੰਨਦੇ ਹਨ। ਉਹਨਾਂ ਵਿੱਚ ਇਹ ਕੁਝ ਮੁੱਖ ਸਿਧਾਂਤ ਸ਼ਾਮਲ ਹਨ: ਮਨੁੱਖ ਦੀ ਸਿਰਜਣਾ, ਤ੍ਰਿਏਕ ਪਰਮੇਸ਼ਰ, ਕੁਆਰੀ ਦੁਆਰਾ ਜਨਮ, ਮਸੀਹ ਦਾ ਪਰਮੇਸ਼ਰ ਹੋਣਾ, ਸਰੀਰਕ ਤੌਰ ਤੇ ਜੀਅ ਉੱਠਣਾ, ਦੁਬਾਰਾ ਵਾਪਸ ਆਉਣਾ, ਦੂਜਿਆਂ ਲਈ ਪ੍ਰਾਸਚਿਤ, ਕੰਮਾਂ ਤੋਂ ਬਿਨਾਂ ਵਿਸ਼ਵਾਸ ਦੁਆਰਾ ਮੁਕਤੀ, ਬਾਈਬਲ ਦਾ ਕਿਸੇ ਗ਼ਲਤੀ ਦੇ ਬਿਨਾਂ ਹੋਣਾ, ਸਵਰਗ ਅਤੇ ਨਰਕ ਦਾ ਇੱਕ ਅਸਲੀ ਜਗ੍ਹਾ ਹੋਣਾ। ਭਾਵੇਂ ਦੂਜੇ ਸਿਧਾਂਤਾਂ ਵਿੱਚ ਕੁਝ ਗ਼ਲਤੀਆਂ ਕਿਉਂ ਨਹੀਂ ਹੋ ਰਹੀਆਂ ਹੋਣ, ਫਿਰ ਵੀ ਬਾਈਬਲ ਦੇ ਅਧੀਨ ਰਹਿਣ ਵਾਲੇ ਇਹਨਾਂ ਮੂਲ ਸਿਧਾਂਤਾਂ ਵਿੱਚ ਆਪਣਾ ਵਿਸ਼ਵਾਸ ਬਣਾ ਕੇ ਰੱਖਣਗੇ ਕਿਉਂਕਿ ਇਹਨਾਂ ਨੂੰ ਬਾਈਬਲ ਵਿੱਚ ਬਹੁਤ ਸਪੱਸ਼ਟ ਰੂਪ ਵਿੱਚ ਅਤੇ ਵਾਰ-ਵਾਰ ਸਿਖਾਇਆ ਗਿਆ ਹੈ। ਇਹਨਾਂ ਸਿਧਾਂਤਾਂ ਵਿੱਚੋਂ ਕਿਸੇ ਇੱਕ ਤੋਂ ਵੀ ਇਨਕਾਰ ਕਰਨ ਦਾ ਸਿਰਫ਼ ਇਹੀ ਬਹਾਨਾ ਹੋ ਸਕਦਾ ਹੈ ਕਿ ਉਸ ਵਿਅਕਤੀ ਦਾ ਬਾਈਬਲ ਪ੍ਰਤੀ ਇੱਕ ਖੁੱਲ੍ਹੇ ਵਿਚਾਰ ਵਾਲਾ ਵਿਵਹਾਰ ਹੈ, ਜਿਸ ਵਿੱਚ ਉਹ ਆਪਣੀ ਸਮਝ ਨੂੰ ਇਹ ਅਧਿਕਾਰ ਦੇ ਦਿੰਦਾ ਹੈ ਕਿ ਉਹ ਉਹਨਾਂ ਗੱਲਾਂ ਨੂੰ ਰੱਦ ਕਰ ਦੇਵੇ ਜਿਹਨਾਂ ਨੂੰ ਪਰਮੇਸਰ ਦਾ ਵਚਨ ਇੱਕ ਸਪੱਸ਼ਟ ਰੂਪ ਵਿੱਚ ਸਿਖਾਉਂਦਾ ਹੈ।

ਇਹਨਾਂ ਬੁਨਿਆਦੀ ਗੱਲਾਂ ਨੂੰ ਮੰਨਣਾ ਪਰਮੇਸ਼ਰ ਦੇ ਵਚਨ ਪ੍ਰਤੀ ਇੱਕ ਅਧੀਨਤਾ ਦੇ ਵਿਵਹਾਰ ਨੂੰ ਦਰਸਾਉਂਦਾ ਹੈ। ਦੂਜੇ ਖੇਤਰਾਂ ਵਿੱਚ ਵਿਆਖਿਆ ਦੀਆਂ ਗ਼ਲਤੀਆਂ ਦੇ ਬਾਵਜੂਦ, ਜਿਹੜੇ ਲੋਕ ਬੁਨਿਆਦੀ ਗੱਲਾਂ ਦੀ ਪਾਲਣਾ ਕਰਦੇ ਹਨ, ਉਹਨਾਂ ਨੂੰ ਮਸੀਹ ਵਿੱਚ ਭਰਾ-ਭੈਣ

ਸਮਝਣਾ ਚਾਹੀਦਾ ਹੈ। ਭਾਵੇ ਉਹ ਹੋਰ ਘੱਟ ਗੰਭੀਰ ਗ਼ਲਤੀਆਂ ਵਾਲੀਆਂ ਵਿਆਖਿਆਵਾਂ ਵਿੱਚ ਵਿਸ਼ਵਾਸ ਕਰਨ ਵਾਲੇ ਲੋਕ ਹਨ, ਪਰ ਉਹ ਇਹ ਇਸ ਲਈ ਕਰਦੇ ਹਨ ਕਿਉਂਕਿ ਉਹ ਪੂਰੀ ਇਮਾਨਦਾਰੀ ਨਾਲ ਇਹ ਸੋਚਦੇ ਹਨ ਕਿ ਬਾਈਬਲ ਅਜਿਹਾ ਸਿਖਾਉਂਦੀ ਹੈ। ਇਸ ਲਈ, ਭਾਵੇਂ ਇੱਕ ਖ਼ਾਸ ਗ਼ਲਤੀ ਦੇ ਲਈ ਦੋਸ਼ੀ ਠਹਿਰਾਏ ਜਾਣ ਤੇ ਵੀ, ਮਸੀਹ ਦੇ ਪ੍ਰਤੀ ਆਗਿਆਕਾਰੀ ਅਤੇ ਮਸੀਹ ਦੇ ਵਚਨ ਪ੍ਰਤੀ ਵਿਵਹਾਰ ਪ੍ਰਵਾਨਗੀ ਦੇ ਯੋਗ ਹੈ। ਅਲੱਗ ਹੋਣ ਦਾ ਇੱਕ ਅਜਿਹਾ ਵਿਚਾਰ ਰੱਖਣਾ ਸਭ ਤੋਂ ਵਧੀਆ ਹੈ ਜਿਸ ਵਿੱਚ ਇੱਕ ਕਲੀਸਿਯਾ ਦੂਜੇ ਸਿਧਾਂਤਾਂ ਦੀਆਂ ਚੰਗੀਆਂ ਗੱਲਾਂ ਨੂੰ ਸਵੀਕਾਰ ਕਰਨ ਦੇ ਲਈ ਲਚਕੀਲੀ ਹੋਵੇ ਅਤੇ ਨਾਲ ਹੀ ਬਾਈਬਲ ਦੇ ਇਮਾਨਦਾਰ ਵਿਸ਼ਵਾਸੀਆਂ ਨੂੰ ਵੰਡਣ ਵਾਲੇ ਮਾਮਲਿਆਂ ਵਿੱਚ ਆਪਣੀ ਸਿਧਾਂਤਕ ਵਿਲੱਖਣਤਾ ਨੂੰ ਅੱਗੇ ਵਧਾਵੇ। ਅਲੱਗ ਹੋਣ ਨੂੰ ਇੱਕ ਰੇਖਾ ਦੁਆਰਾ ਵੰਡੇ ਗਏ ਖੇਤਰ (ਚਾਰਟ B) ਦੀ ਬਜਾਏ ਚੌੜੇ ਚੱਕਰਾਂ (ਚਾਰਟ A) ਦੇ ਰੂਪ ਵਿੱਚ ਦੇਖਣਾ ਬਿਹਤਰ ਹੈ।

### (2) ਸੰਗਤ ਦੇ ਦਾਇਰੇ

ਜਿਹੜੇ ਵੀ ਸਮੂਹ ਬੁਨਿਆਦੀ ਗੱਲਾਂ ਤੋਂ ਇਨਕਾਰ ਕਰਦੇ ਹਨ, ਉਹਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਕਲੀਸਿਯਾ ਦੀ ਏਕਤਾ ਜਾਂ ਸਮੂਹਿਕ ਸਹਿਯੋਗ ਨਹੀਂ ਹੋ ਸਕਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਅਜਿਹੇ ਗੱਠਜੋੜ ਅਵਿਸ਼ਵਾਸੀਆਂ ਦੇ ਨਾਲ ਹੀ ਹੋਣਗੇ। ਸਾਰੇ ਮਾਮਲਿਆਂ ਵਿੱਚ, ਅਗਿਆਨਤਾ ਨਾਲ ਵਿਆਖਿਆ ਦੀ ਗ਼ਲਤੀ ਕਰਨ ਵਾਲਿਆਂ ਦਾ ਦ੍ਰਿਸ਼ਟੀਕੋਣ, ਉਹਨਾਂ ਲੋਕਾਂ ਤੋਂ ਬਿਲਕੁਲ ਵੱਖਰਾ ਹੋਵੇਗਾ ਜਿਹੜੇ ਕਿਸੇ ਵੀ ਬੁਨਿਆਦੀ ਗੱਲ ਤੋਂ ਇਨਕਾਰ ਕਰਦੇ ਹਨ। ਅਜਿਹੇ ਲੋਕ ਆਪਣੇ ਮਨ ਦੇ ਵਿਚਾਰਾਂ ਨੂੰ ਬਾਈਬਲ ਦੇ ਅਧਿਕਾਰ ਤੋਂ ਉੱਪਰ ਰੱਖਣ ਦੇ ਵਿਵਹਾਰ ਦੁਆਰਾ ਮਸੀਹ ਦੇ ਵਿਰੁੱਧ ਬਗਾਵਤ ਕਰਦੇ ਹਨ। ਅਜਿਹੇ ਲੋਕਾਂ ਨਾਲ ਜੁੜਨਾ ਮਸੀਹ ਪ੍ਰਤੀ ਬੇਇੱਜ਼ਤੀ ਅਤੇ ਮਸੀਹ ਦੇ ਵਚਨ ਦੀ ਅਣਆਗਿਆਕਾਰੀ ਨੂੰ ਪ੍ਰਗਟ ਕਰਦਾ ਹੈ।

ਅਧਿਆਤਮਿਕ ਅਧਿਐਨ ਦੀਆਂ ਵੱਖ-ਵੱਖ ਜਗ੍ਹਾਵਾਂ ਦੇ ਕੱਟੜਵਾਦੀਆਂ ਵਿਚਕਾਰ ਬਹੁਤ ਜ਼ਿਆਦਾ ਸਹਿਯੋਗ ਵਿਹਾਰਕ ਰੂਪ ਵਿੱਚ ਸੰਭਵ ਨਹੀਂ ਹੁੰਦਾ ਹੈ ਕਿਉਂਕਿ ਉਹਨਾਂ ਵਿਚਕਾਰ ਸਿੱਖਿਆ ਸੰਬੰਧੀ ਝਗੜਿਆਂ ਨੂੰ ਰੋਕਿਆ ਨਹੀਂ ਜਾ ਸਕਦਾ ਹੈ (ਜਿਵੇਂ ਕਿ, ਸਦੀਪਕ ਸੁਰੱਖਿਆ, ਬੱਚਿਆਂ ਦਾ ਬਪਤਿਸਮਾ, ਆਤਮਿਕ ਵਰਦਾਨ ਆਦਿ)। ਫਿਰ ਵੀ ਪਿਆਰ, ਨਿਮਰਤਾ, ਅਤੇ ਸਹਿਣਸ਼ੀਲਤਾ ਦੀ ਇਹ ਮੰਗ ਹੈ ਕਿ ਬਾਈਬਲ ਦਾ ਇਨਕਾਰ ਕਰਨ ਵਾਲੇ ਖੁੱਲ੍ਹੇ ਵਿਚਾਰ ਲੋਕਾਂ ਅਤੇ ਬਾਈਬਲ ਨੂੰ ਮੰਨਣ ਵਾਲੇ ਕੱਟੜਵਾਦੀ ਲੋਕਾਂ ਦੇ ਵਿਚਕਾਰ ਇੱਕ ਅੰਤਰ ਨੂੰ ਜਾਣਿਆ ਜਾਵੇ। ਅਸੀਂ ਉਹਨਾਂ ਨਾਲ ਪਿਆਰ ਕਰਨਾ ਚਾਹੁੰਦੇ ਹਾਂ ਜੋ ਬੁਨਿਆਦੀ ਸਿਧਾਂਤਾਂ ਪ੍ਰਤੀ ਵਫ਼ਾਦਾਰ ਹਨ (ਦੇਖੋ, ਯੂਹੰਨਾ 13:35; ਅਫ਼ਸੀ 4:3; ਕੁਲੁੱਸੀ 3:13-14)।

ਇਸ ਪੁਸਤਕ ਵਿੱਚ ਦਰਸਾਏ ਗਏ ਬੁਨਿਆਦੀ ਸਿਧਾਂਤਕ ਵਿਚਾਰਾਂ ਨੂੰ ਸਵੀਕਾਰ ਕਰਨ ਵਾਲੀ ਕਲੀਸਿਯਾ ਨੂੰ ਸਾਰੇ ਵੇਰਵਿਆਂ ਵਿੱਚ ਆਪਣੀ ਸਿਧਾਂਤਕ ਸ਼ੁੱਧਤਾ ਬਣਾਈ ਰੱਖਣ ਦੇ ਲਈ, ਆਪਣੀ ਕਲੀਸਿਯਾ ਦੀ ਅਗਵਾਈ ਅਤੇ ਕਲੀਸਿਯਾ ਦੀ ਸਦੱਸਤਾ ਵੀ ਉਹਨਾਂ ਲੋਕਾਂ ਨੂੰ ਦੇਣੀ ਚਾਹੀਦੀ ਹੈ ਜਿਹੜੇ ਇਹਨਾਂ ਸਾਰੀਆਂ ਸਿਧਾਂਤਕ ਗੱਲਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਣ। ਪਰ, ਦੂਜੇ ਕੱਟੜਵਾਦੀਆਂ ਨੂੰ ਭਰਾ ਮੰਨਣ ਵਿੱਚ ਉਸ ਨੂੰ ਖ਼ੁਦ ਨੂੰ ਪੂਰੀ ਤਰ੍ਹਾਂ ਸੁਤੰਤਰ ਮਹਿਸੂਸ ਕਰਨਾ ਚਾਹੀਦਾ ਹੈ, ਅਤੇ ਕਲੀਸਿਯਾ ਦਾ ਪ੍ਰਸ਼ਾਸਨ ਕਰਨ ਵਾਲੇ ਅਧਿਕਾਰੀਆਂ ਜਿਵੇਂ ਸਹੀ ਲੱਗੇ ਉਵੇਂ ਉਹਨਾਂ ਦੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਪਰ ਬਹੁਤ ਜ਼ਿਆਦਾ ਸੰਗਤ (ਜਿਵੇ ਕਿ, ਕਿਸੇ ਨੂੰ ਸਟਾਫ ਜਾਂ ਆਗੂਆਂ ਦੇ ਬੋਰਡ ਵਿੱਚ ਸੇਵਾ ਕਰਨ ਜਾਂ ਸੰਡੇ ਸਕੂਲ ਵਿੱਚ ਪੜ੍ਹਾਉਣ ਲਈ ਬੁਲਾਉਣਾ) ਸਿਰਫ਼ ਉਹਨਾਂ ਦੇ ਲਈ ਹੀ ਹੋਣਾ ਚਾਹੀਦਾ ਹੈ ਜੋ ਕਲੀਸਿਯਾ ਦੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਮੰਨਦੇ ਹਨ। ਪਰ, ਦੂਜੇ ਕੱਟੜਵਾਦੀਆਂ ਨਾਲ ਘੱਟ ਨਜ਼ਦੀਕੀ ਅਤੇ ਘੱਟ ਸੰਗਤ ਦੇ ਵਿਕਲਪ ਉੱਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜਦੋਂ ਤੱਕ ਇਸ ਨਾਲ ਕਲੀਸਿਯਾ ਦੇ ਪੂਰੇ ਸਿਧਾਂਤਕ ਵਿਚਾਰ ਦੇ ਲਈ ਕੋਈ ਖ਼ਤਰਾ ਪੈਦਾ ਨਾ ਹੋ ਰਿਹਾ ਹੋਵੇ (ਉਦਾਹਰਣ ਦੇ ਲਈ, ਕੱਟੜਵਾਦੀ ਬਾਈਬਲ ਆਧਾਰਿਤ ਕਲੀਸਿਯਾਵਾਂ, ਬੈਪਟਿਸਟ, ਪ੍ਰੈਸਬੈਟੀਰੀਅਨ, ਕੈਰਿਸਮੈਟਿਕ ਸਮੂਹਾਂ ਦੇ ਵਿਚਕਾਰ ਸੰਕਟ ਗਰਭ ਅਵਸਥਾ ਕੇਂਦਰ ਬਣਾਉਣੇ, ਬਾਈਬਲ ਵੰਡਣ ਦਾ ਅਭਿਆਨ ਚਲਾਉਣਾ, ਜਾਂ ਮਸੀਹੀ ਰੇਡੀਓ ਪ੍ਰੋਗਰਾਮ ਦੁਆਰਾ ਪ੍ਰਚਾਰ ਕਰਨ ਵਿੱਚ ਸਹਿਯੋਗ)।



## 2. ਕਲੀਸਿਯਾ ਦਾ ਅਨੁਸ਼ਾਸਨ

ਕਲੀਸਿਯਾ ਦੇ ਅਲੱਗ ਹੋਣ ਅਤੇ ਕਲੀਸਿਯਾ ਦੇ ਅਨੁਸ਼ਾਸਨ ਦਾ ਵਿਸ਼ਾ ਇੱਕ-ਦੂਜੇ ਨਾਲ ਮਿਲੇ-ਜੁਲੇ ਹਨ, ਪਰ ਫਿਰ ਵੀ ਇਹ ਇੱਕ-ਦੂਜੇ ਤੋਂ ਵੱਖਰੇ ਹਨ। ਅਲੱਗ ਹੋਣਾ ਇੱਕ ਅਜਿਹਾ ਸਿਧਾਂਤ ਹੈ ਜੋ ਕਲੀਸਿਯਾ ਵਿੱਚ ਅਸ਼ੁੱਧਤਾ ਦੇ ਪ੍ਰਵੇਸ਼ ਉੱਤੇ ਰੋਕ ਲਗਾਉਣ ਵਿੱਚ ਮਦਦ ਕਰਦਾ ਹੈ। ਕਲੀਸਿਯਾ ਦਾ ਅਨੁਸ਼ਾਸਨ ਉਹ ਸਿਧਾਂਤ ਹੈ ਜੋ ਕਲੀਸਿਯਾ ਵਿੱਚ ਬਾਹਰ ਤੋਂ ਆਉਣ ਵਾਲੀ ਜਾਂ ਅੰਦਰੋ ਪੈਦਾ ਹੋਈ ਅਸ਼ੁੱਧਤਾ ਨੂੰ ਬਾਹਰ ਕੱਢਦਾ ਹੈ। ਇਸ ਤੋਂ ਇਲਾਵਾ, ਕਲੀਸਿਯਾ ਦੇ ਅਨੁਸ਼ਾਸਨ ਦਾ ਟੀਚਾ ਸੁਧਾਰ ਕਰਨਾ ਹੁੰਦਾ ਹੈ। ਅਨੁਸ਼ਾਸਨ ਸੰਗਤ ਨੂੰ ਮੁੜ-ਸਥਾਪਿਤ ਕਰਨ ਦੇ ਉਦੇਸ਼ ਨਾਲ ਲਾਗੂ ਕੀਤਾ ਜਾਂਦਾ ਹੈ। ਅਲੱਗ ਹੋਣ ਦਾ ਅਰਥ ਹੈ ਕਿ ਕੋਈ ਵੀ ਸੰਗਤ ਸੰਭਵ ਨਹੀਂ ਹੈ।

### a. ਅਨੁਸ਼ਾਸਨ ਨੂੰ ਲਾਗੂ ਕਰਨ ਲਈ ਬਾਈਬਲ ਦੇ ਹੁਕਮ

ਜੇਕਰ ਇੱਕ ਮਸੀਹੀ ਅਜਿਹੇ ਪਾਪਾਂ ਵਿੱਚ ਪਿਆ ਹੋਵੇ ਜੋ ਗੰਭੀਰ ਹਨ ਅਤੇ ਜਿਹਨਾਂ ਦੇ ਤੋਬਾ ਨਹੀਂ ਕੀਤੀ ਗਈ ਹੋਵੇ, ਤਾਂ ਕੁਝ ਆਇਤਾਂ ਉਸ ਨੂੰ ਅਨੁਸ਼ਾਸਿਤ ਕਰਨ ਦੇ ਲਈ ਇੱਕ ਸਪੱਸ਼ਟ ਆਧਾਰ ਦਿੰਦੀਆਂ ਹਨ। ਕਿਉਂਕਿ ਇਹਨਾਂ ਵਿੱਚੋਂ ਜ਼ਿਆਦਾਤਰ ਆਇਤਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਪੂਰਾ ਲਿਖਿਆ ਜਾਵੇਗਾ, ਇਸ ਲਈ ਇੱਥੇ ਸਿਰਫ਼ ਮੁੱਖ ਵਾਕਾਂਸ਼ ਹੀ ਲਿਖੇ ਗਏ ਹਨ।

> ... ਜਿਹੜੇ ਲੋਕਾਂ ਵਿੱਚ **ਫੁੱਟ ਪਾਉਂਦੇ ਹਨ**... ਉਹਨਾਂ ਤੋਂ **ਦੂਰ ਹੀ ਰਹੋ** [ਰੋਮੀ16:17]
>
> ਮੈਂ ਤੁਹਾਨੂੰ ਆਪਣੇ ਪੱਤਰ ਵਿੱਚ ਲਿਖਿਆ ਸੀ ਕਿ ਤੁਸੀਂ **ਵਿਭਚਾਰੀਆਂ ਦੇ ਨਾਲ ਕੋਈ ਸੰਬੰਧ ਨਾ ਰੱਖੋ।** [1 ਕੁਰਿੰਥ 5:9]
>
> ਕਿ ਤੁਸੀਂ ਉਸ ਨਾਲ ਕੋਈ ਸੰਬੰਧ ਨਾ ਰੱਖੋ ਜਿਹੜਾ **ਆਪਣੇ ਆਪ ਨੂੰ ਕਹਿੰਦਾ ਤਾਂ ਵਿਸ਼ਵਾਸੀ**' ਹੈ ਪਰ ਉਹ ਵਿਭਚਾਰੀ...[1 ਕੁਰਿੰਥ 5:11a]
>
> ...ਦੁਸ਼ਟ ਨੂੰ ਆਪਣੇ ਵਿੱਚੋਂ **ਬਾਹਰ ਕੱਢ ਦੇਵੋ** [1 ਕੁਰਿੰਥ 5:13]
>
> ...ਉਹਨਾਂ ਵਿਸ਼ਵਾਸੀਆਂ ਦੇ ਨਾਲ ਕੋਈ **ਵਾਸਤਾ ਨਾ ਰੱਖੋ** ਜਿਹੜੇ **ਵਿਹਲੇ ਰਹਿਣ ਦੇ ਆਦੀ ਹਨ**...[2 ਥੱਸਲੁ 3:6]
>
> ਜੇਕਰ ਕੋਈ ਇਸ ਪੱਤਰ ਵਿੱਚ ਸਾਡੀਆਂ ਦਿੱਤੀਆਂ **ਹਿਦਾਇਤਾਂ ਦੀ ਪਾਲਣਾ ਨਾ ਕਰੇ**, ਉਸ ਵੱਲ ਖ਼ਾਸ ਧਿਆਨ ਦੇਵੋ ਅਤੇ **ਉਸ ਦੇ ਨਾਲ ਕੋਈ ਮੇਲ ਨਾ ਰੱਖੋ** ਤਾਂ ਜੋ ਉਹ ਸ਼ਰਮਿੰਦਾ ਹੋਵੇ। ਤੁਸੀਂ ਉਸ ਨੂੰ ਆਪਣਾ ਵੈਰੀ ਨਾ ਸਮਝੋ ਸਗੋਂ ਉਸ ਨੂੰ ਆਪਣਾ **ਭਰਾ ਅਤੇ ਭੈਣ ਸਮਝ ਕੇ ਚਿਤਾਵਨੀ ਦਿਓ**। [2 ਥੱਸਲੁ 3:14-15]
>
> **ਫੁੱਟ ਪਾਉਣ ਵਾਲੇ ਵਿਅਕਤੀ ਨੂੰ** ਘੱਟ ਤੋਂ ਘੱਟ ਦੋ ਵਾਰ ਚਿਤਾਵਨੀ ਦੇ, ਉਸ ਦੇ ਬਾਅਦ ਉਸ ਦੇ ਨਾਲ ਕੋਈ **ਸੰਬੰਧ ਨਾ ਰੱਖ।** ਤੂੰ ਜਾਣਦਾ ਹੈਂ ਕਿ ਅਜਿਹਾ ਵਿਅਕਤੀ ਸੱਚ ਤੋਂ ਭਟਕ ਚੁੱਕਾ ਹੈ ਅਤੇ ਪਾਪ ਕਰ ਕੇ ਆਪਣੇ ਆਪ ਨੂੰ ਦੋਸ਼ੀ ਸਿੱਧ ਕਰਦਾ ਹੈ। [ਤੀਤੁਸ 3:10-11]

ਬਾਈਬਲ ਅਨੁਸ਼ਾਸਨ ਦੇ ਲਈ ਸਿਰਫ਼ ਨਿਰਦੇਸ਼ਨ ਹੀ ਨਹੀਂ ਦਿੰਦੀ ਹੈ, ਬਲਕਿ ਇਸ ਦਾ ਹੁਕਮ ਵੀ ਦਿੰਦੀ ਹੈ। ਇੱਕ ਆਮ ਇਤਰਾਜ਼ ਇਹ ਕੀਤਾ ਜਾਂਦਾ ਹੈ ਕਿ ਅਨੁਸ਼ਾਸਿਤ ਕੀਤਾ ਜਾਣਾ ਪਿਆਰ ਦੇ ਅਨੁਕੂਲ ਨਹੀਂ ਹੈ। ਪਰ, ਪਰਮੇਸ਼ਰ ਖ਼ੁਦ ਉਹਨਾਂ ਨੂੰ ਅਨੁਸ਼ਾਸਿਤ ਕਰਦੇ ਹਨ ਜਿਹਨਾਂ ਨੂੰ ਉਹ ਪਿਆਰ ਕਰਦੇ ਹਨ (ਇਬ 12:5ff.)। ਸੱਚਾ ਪਿਆਰ ਸੱਚ ਬੋਲਦਾ ਹੈ (ਅਫ਼ਸੀ 4:15), ਇਹ ਧਾਰਮਿਕਤਾ ਅਤੇ ਸਚਿਆਈ ਵਿੱਚ ਆਨੰਦ ਮਾਣਦਾ ਹੈ (1 ਕੁਰਿੰਥ 13:6), ਅਤੇ ਇਹ ਪਰਮੇਸ਼ਰ ਦੇ ਹੁਕਮ ਨੂੰ ਮੰਨਦਾ ਹੈ (2 ਯੂਹੰਨਾ 6)। ਅਸਲ ਵਿੱਚ, ਜਿਹੜੇ ਲੋਕ ਦੂਜਿਆਂ ਨਾਲ ਪਿਆਰ ਕਰਦੇ ਹਨ, ਉਹ ਉਹਨਾਂ ਨੂੰ ਸੁਧਾਰਨਾ ਚਾਹੁੰਦੇ ਹਨ ਕਿ ਉਹਨਾਂ ਦੇ ਜੀਵਨ ਨੂੰ ਪਾਪ ਦੁਆਰਾ ਨੁਕਸਾਨ ਨਾ ਹੋਵੇ। ਜਿਵੇਂ ਪਰਮੇਸ਼ਰ ਦਾ ਅਨੁਸ਼ਾਸਨ ਉਹਨਾਂ ਦੇ ਪਿਆਰ ਨੂੰ ਦਰਸਾਉਂਦਾ ਹੈ ਅਤੇ ਅੰਤ ਵਿੱਚ ਸਾਡੀ ਭਲਾਈ ਲਈ ਹੁੰਦਾ ਹੈ (ਇਬ 12:10-11), ਅਤੇ ਜਿਵੇਂ ਮਾਪਿਆਂ ਦਾ ਅਨੁਸ਼ਾਸਨ ਬੱਚਿਆਂ ਦੀ ਭਲਾਈ ਲਈ ਹੁੰਦਾ ਹੈ, ਉਵੇਂ ਹੀ ਕਲੀਸਿਯਾ ਦਾ ਅਨੁਸ਼ਾਸਨ ਵੀ ਇੱਕ ਅਪਰਾਧੀ ਦੀ ਭਲਾਈ ਦੇ ਲਈ ਹੀ ਹੁੰਦਾ ਹੈ।

### b. ਅਨੁਸ਼ਾਸਨ ਦੇ ਅਭਿਆਸ ਲਈ ਬਾਈਬਲ ਆਧਾਰਿਤ ਕਾਰਨ

ਅਨੁਸ਼ਾਸਨ ਦੀ ਪ੍ਰਕਿਰਿਆ ਜਾਂ ਕਲੀਸਿਯਾ ਦੇ ਇੱਕ ਸਦੱਸ ਨੂੰ ਬਾਹਰ ਕੱਢਣ ਦਾ ਹਮੇਸ਼ਾਂ ਹੀ ਕੁਝ ਲੋਕਾਂ ਦੁਆਰਾ ਵਿਰੋਧ ਕੀਤਾ ਜਾਂਦਾ ਹੈ। ਇਸ ਲਈ, ਕਲੀਸਿਯਾ ਦੇ ਅਨੁਸ਼ਾਸਨ ਦੇ ਮਹੱਤਵ ਨੂੰ ਸਮਝਣਾ ਜ਼ਰੂਰੀ ਹੈ। ਅਨੁਸ਼ਾਸਨ ਦਾ ਅਭਿਆਸ ਕਰਨ ਦਾ ਪਹਿਲਾ ਕਾਰਨ ਇਹ ਹੈ ਕਿ ਪਰਮੇਸ਼ਰ ਇਸ ਦਾ ਹੁਕਮ ਦਿੰਦੇ ਹਨ। ਇਹ ਆਧੁਨਿਕ ਸਮੇਂ ਵਿੱਚ ਅਨੁਸ਼ਾਸਨ ਦੇ ਅਭਿਆਸ ਲਈ ਇੱਕ ਕਾਫ਼ੀ ਆਧਾਰ ਹੋਣਾ ਚਾਹੀਦਾ ਹੈ। ਦੂਜੀ ਗੱਲ ਇਹ ਹੈ ਕਿ ਪੌਲੁਸ ਕੁਰਿੰਥੀਆਂ ਅਤੇ ਗਲਾਤੀਆਂ ਦੋਵਾਂ ਨੂੰ ਇਸ ਦੇ ਵਰਗੀ ਇੱਕ ਪ੍ਰਾਚੀਨ ਕਹਾਵਤ ਦਿੰਦਾ ਹੈ: "ਇੱਕ ਬੁਰਾ ਸੇਬ ਬਾਕੀ ਦੇ ਸਾਰੇ ਸੇਬਾਂ ਨੂੰ ਖਰਾਬ ਕਰ ਦਿੰਦਾ ਹੈ।"

> ਤੁਹਾਡਾ ਘਮੰਡ ਕਰਨਾ ਚੰਗਾ ਨਹੀਂ ਹੈ। ਕੀ ਤੁਸੀਂ ਨਹੀਂ ਜਾਣਦੇ ਕਿ **ਥੋੜ੍ਹਾ ਜਿਹਾ ਖ਼ਮੀਰ ਸਾਰੇ ਗੁੰਨ੍ਹੇ ਹੋਏ ਆਟੇ ਨੂੰ ਖ਼ਮੀਰਾ ਕਰ ਦਿੰਦਾ ਹੈ**? ਤੁਸੀਂ ਆਪਣੇ ਵਿੱਚੋਂ ਪੁਰਾਣਾ ਖ਼ਮੀਰ ਸਾਫ਼ ਕਰੋ ਕਿ ਤੁਸੀਂ ਨਵਾਂ ਗੁੰਨ੍ਹਿਆ ਹੋਇਆ ਆਟਾ ਬਣ ਜਾਵੋ...[1 ਕੁਰਿੰਥ 5:6-7]
>
> **ਥੋੜ੍ਹਾ ਜਿਹਾ ਖ਼ਮੀਰ ਸਾਰੇ ਗੁੰਨ੍ਹੇ ਹੋਏ ਆਟੇ ਨੂੰ ਖ਼ਮੀਰਾ ਕਰ ਦਿੰਦਾ ਹੈ।** [ਗਲਾਤੀ 5:9]

ਕਲੀਸਿਯਾ ਦੇ ਅਨੁਸ਼ਾਸਨ ਦੇ ਖੇਤਰ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਵੀ ਇੱਕ ਕਲੀਸਿਯਾ ਦੀ ਪਵਿੱਤਰਤਾ ਦੇ ਲਈ ਘਾਤਕ ਹੋ ਸਕਦੀ ਹੈ। ਇੱਕ ਵੱਡੇ ਪਾਪ ਅਤੇ ਇੱਕ ਗੰਭੀਰ ਸਿਧਾਂਤਕ ਗ਼ਲਤੀ ਦੇ ਪ੍ਰਤੀ ਕੋਈ

ਸਹਿਣਸ਼ੀਲਤਾ ਨਹੀਂ ਦਿਖਾਈ ਜਾਣੀ ਚਾਹੀਦੀ ਕਿਉਂਕਿ ਇਹ ਕਲੀਸਿਯਾ ਨੂੰ ਭ੍ਰਿਸ਼ਟ ਕਰ ਦਿੰਦੇ ਹਨ। ਇਹ ਸੱਚ ਹੈ ਕਿ ਹਰੇਕ ਸਮੇਂ ਵਿੱਚ (ਭਾਵੇਂ ਪ੍ਰਾਚੀਨ ਜਾਂ ਆਧੁਨਿਕ), ਕਲੀਸਿਯਾ ਦੀ ਨੈਤਿਕ ਤਾਕਤ ਨੂੰ ਪਰਖਣ ਦੇ ਲਈ ਵਿਦਰੋਹੀ ਲੋਕ ਖੜ੍ਹੇ ਹੁੰਦੇ ਰਹਿੰਦੇ ਹਨ। ਇਸ ਵਿੱਚ ਜਦੋਂ-ਜਦੋਂ ਕਲੀਸਿਯਾ ਪਿੱਛੇ ਹਟਦੀ ਹੈ, ਤਾਂ ਨਾ ਸਿਰਫ਼ ਇਸ ਦੀ ਭਰੋਸੇਯੋਗਤਾ ਨੂੰ ਨੁਕਸਾਨ ਹੁੰਦਾ ਹੈ, ਪਰ ਇਸ ਦੀ ਅਜਿਹੀ ਤਸਵੀਰ ਬਣ ਜਾਂਦੀ ਹੈ (ਖ਼ਾਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ) ਕਿ ਉਸ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਵਹਾਰ ਨੂੰ ਸਹਿਣ ਕੀਤਾ ਜਾਵੇਗਾ। ਜਿਹੜੀ ਕਲੀਸਿਯਾ ਆਪਣੇ ਸਦੱਸਾਂ ਨੂੰ ਅਨੁਸ਼ਾਸਿਤ ਨਹੀਂ ਕਰਦੀ ਹੈ, ਤਾਂ ਉਹ ਇੱਕ ਅਜਿਹਾ "ਨੈਤਿਕ ਨਾਟਕ ਦਾ ਮੰਚ" ਬਣ ਜਾਣ ਦੇ ਖ਼ਤਰੇ ਵਿੱਚ ਪੈ ਜਾਵੇਗੀ, ਜਿਸ ਉੱਤੇ ਹਰ ਤਰ੍ਹਾਂ ਦੇ ਪ੍ਰਦਸ਼ਨ ਕਰਨ ਦੀ ਆਜ਼ਾਦੀ ਹੋਵੇਗੀ। ਜਦੋਂ ਕਲੀਸਿਯਾ ਕਿਸੇ ਇੱਕ ਗ਼ਲਤ ਗੱਲ ਤੋਂ ਪਿੱਛੇ ਹੱਟਦੀ ਹੈ, ਤਾਂ ਜ਼ਰੂਰ ਕੋਈ ਦੂਜੀ ਗ਼ਲਤ ਗੱਲ ਕਰਨ ਵਿੱਚ ਉਸ ਨੂੰ ਪਰਖੇਗਾ। ਜੇਕਰ ਕੋਈ ਵੀ ਪਾਪ ਇੰਨਾ ਬੁਰਾ ਨਹੀਂ ਮੰਨਿਆ ਜਾਵੇਗਾ ਕਿ ਉਸ ਦੇ ਲਈ ਤਾੜਨਾ ਦਿੱਤੀ ਜਾਵੇ, ਤਾਂ ਅਪਣੇ ਆਪ ਨੂੰ "ਮਸੀਹੀ" ਕਹਿਣ ਵਾਲਾ ਹਰੇਕ ਵਿਅਕਤੀ ਫਿਰ ਕੋਈ ਵੀ ਪਾਪ ਕਰੇਗਾ।

ਅਨੁਸ਼ਾਸਨ ਦਾ ਤੀਜਾ ਕਾਰਨ ਇਹ ਹੈ ਕਿ ਇਹ ਗ਼ਲਤੀ ਕਰਨ ਵਾਲੇ ਦੇ ਲਈ ਲਾਭਦਾਇਕ ਹੋ ਸਕਦਾ ਹੈ। ਕਿਉਂਕਿ ਇਹ ਗੱਲ ਸੱਚ ਹੈ ਕਿ ਇੱਕ ਕਲੀਸਿਯਾ ਵਿੱਚੋਂ ਬਾਹਰ ਕੱਢੇ ਵਿਅਕਤੀ ਨੂੰ ਦੂਜੀ ਕਲੀਸਿਯਾ "ਬਿਨਾਂ ਕੋਈ ਸਵਾਲ ਪੁੱਛੇ" ਉਸ ਨੂੰ ਸਵੀਕਾਰ ਕਰ ਲੈਂਦੀ ਹੈ, ਇਸ ਲਈ ਅਨੁਸ਼ਾਸਿਤ ਕੀਤੇ ਜਾਣ ਤੋਂ ਨੈਤਿਕ ਬਦਲਾਵ ਹੋਣ ਦੀ ਜ਼ਿਆਦਾ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਫਿਰ ਵੀ, ਪਰਮੇਸ਼ਰ ਮਨਾਂ ਵਿੱਚ ਰਾਜ ਕਰਦੇ ਹਨ, ਅਤੇ ਉਹ ਅਨੁਸ਼ਾਸਨ ਨੂੰ ਤੋਬਾ ਕਰਨ ਦੀ ਦਿਸ਼ਾ ਵਿੱਚ ਪਹੁੰਚਾਉਣ ਦਾ ਸਾਧਨ ਬਣਾ ਸਕਦੇ ਹਨ।

> ਭਰਾਵੋ ਅਤੇ ਭੈਣੋ, ਜੇਕਰ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਜਾਵੇ ਤਾਂ ਤੁਸੀਂ ਜਿਹੜੇ ਆਤਮਿਕ ਹੋ, **ਉਸ ਨੂੰ ਨਿਮਰਤਾ ਨਾਲ ਸੁਧਾਰੋ** ਪਰ ਤੁਸੀਂ ਆਪਣਾ ਵੀ ਧਿਆਨ ਰੱਖੋ ਕਿ ਕਿਤੇ ਤੁਸੀਂ ਪਰੀਖਿਆ ਵਿੱਚ ਨਾ ਪੈ ਜਾਵੋ। [ਗਲਾਤੀ 6:1]
>
> ਕੋਈ ਵੀ ਅਨੁਸ਼ਾਸਨ ਉਸ ਸਮੇਂ ਅਨੰਦ ਨਹੀਂ ਦਿੰਦਾ ਸਗੋਂ ਦੁੱਖ ਦਿੰਦਾ ਹੈ ਪਰ ਬਾਅਦ ਵਿੱਚ ਜਿਹਨਾਂ ਦਾ ਅਨੁਸ਼ਾਸਨ ਹੋ ਚੁੱਕਾ ਹੁੰਦਾ ਹੈ **ਉਹ ਨੇਕੀ ਅਤੇ ਸ਼ਾਂਤੀ ਦਾ ਫਲ ਪ੍ਰਾਪਤ ਕਰਦੇ ਹਨ**। [ਇਬ 12:11]
>
> ਸੱਟਾਂ ਲੱਗਣ ਨਾਲ ਜਿਹੜੇ ਜ਼ਖਮ ਹੁੰਦੇ ਹਨ ਉਹ **ਬੁਰਿਆਈ ਨੂੰ ਸਾਫ਼ ਕਰਦੇ ਹਨ**…[ਕਹਾਉਤਾਂ 20: 30]
>
> **ਮਿੱਤਰ ਦੇ ਵੱਲੋਂ ਹੋਣ ਵਾਲੇ ਜ਼ਖਮ ਵਫ਼ਾਦਾਰੀ ਵਾਲੇ ਹਨ**…[ ਕਹਾਉਤਾਂ 27:6]

ਕਲੀਸਿਯਾ ਦੇ ਅਨੁਸ਼ਾਸਨ ਦਾ ਉਦੇਸ਼ ਸਜ਼ਾ ਦੇਣਾ ਨਹੀਂ ਹੈ; ਇਹ ਵਿਅਕਤੀ ਦੀ ਬਹਾਲੀ ਕਰਨਾ ਹੈ। ਜਦੋਂ ਇੱਕ ਕਲੀਸਿਯਾ ਅਨੁਸ਼ਾਸਨ ਕਰਨ ਤੋਂ ਇਨਕਾਰ ਕਰਦੀ ਹੈ, ਤਾਂ ਇਸ ਦੇ ਕਾਰਨ ਹਾਲਾਤ ਖ਼ਰਾਬ ਹੋ ਜਾਣਗੇ। ਅਤੇ ਇੱਕ ਗ਼ਲਤੀ ਕਰਨ ਵਾਲੇ ਦੀ ਤੋਬਾ ਕਰਨ ਦੀ ਸੰਭਾਵਨਾ ਹੋਰ ਵੀ ਘੱਟ ਹੋ ਜਾਵੇਗੀ। ਅਤੇ ਦੂਜੇ ਅਪਰਾਧੀ ਕਲੀਸਿਯਾ ਨੂੰ ਪਰਖਣਗੇ ਕਿ ਇਹ ਹੋਰ ਪਾਪਾਂ ਨਾਲ ਸਮਝੌਤਾ ਕਰੇਗੀ ਜਾਂ ਨਹੀਂ। ਜੇਕਰ ਨੈਤਿਕ ਸ਼ਕਤੀ ਦੀ ਕਮਜ਼ੋਰੀ ਹੋ ਜਾਵੇਗੀ, ਤਾਂ ਕਲੀਸਿਯਾ ਦੇ ਲਈ ਸਤਿਕਾਰ ਖ਼ਤਮ ਹੋ ਜਾਵੇਗਾ। ਇੱਥੋਂ ਤੱਕ ਕਿ ਅਵਿਸ਼ਵਾਸੀ ਵੀ ਕਲੀਸਿਯਾ ਤੋਂ ਇੱਕ ਮਜ਼ਬੂਤ ਨੈਤਿਕ ਪੱਖ ਦੀ ਉਮੀਦ ਕਰਦੇ ਹਨ। ਉੱਪਰ ਦਿੱਤੀਆਂ ਗੱਲਾਂ ਵਿੱਚੋਂ ਸਭ ਤੋਂ ਬੁਰੀ ਗੱਲ ਇਹ ਹੈ ਕਿ ਪਰਮੇਸ਼ਰ ਦੀ ਅਣਆਗਿਆਕਾਰੀ ਉਹਨਾਂ ਦੀ ਕਿਰਪਾ ਨੂੰ ਘਟਾਉਂਦੀ ਹੈ।

**c. ਉਹ ਗ਼ਲਤੀਆਂ ਜੋ ਅਨੁਸ਼ਾਸਨ ਕੀਤੇ ਜਾਣ ਦੇ ਯੋਗ ਹਨ**

ਭਰਾਵੋ ਅਤੇ ਭੈਣੋ, ਮੇਰੀ ਤੁਹਾਡੇ ਅੱਗੇ ਬੇਨਤੀ ਹੈ ਕਿ ਉਹਨਾਂ ਲੋਕਾਂ ਤੋਂ ਸਾਵਧਾਨ ਰਹੋ **ਜਿਹੜੇ ਲੋਕਾਂ ਵਿੱਚ ਫੁੱਟ ਪਾਉਂਦੇ ਹਨ** ਅਤੇ ਉਹਨਾਂ ਦੇ ਲਈ ਠੇਕਰ ਦਾ ਕਾਰਨ ਬਣਦੇ ਅਤੇ ਉਸ ਸਿੱਖਿਆ ਦੇ ਵਿਰੁੱਧ ਜਾਂਦੇ ਹਨ ਜਿਹੜੀ ਤੁਹਾਨੂੰ ਮਿਲੀ ਹੈ। ਉਹਨਾਂ ਤੋਂ ਦੂਰ ਹੀ ਰਹੋ। । ਉਹ ਆਪਣੇ **ਸੋਹਣੇ ਸ਼ਬਦਾਂ ਅਤੇ ਚਾਪਲੂਸੀ ਨਾਲ ਭਰੇ ਭਾਸ਼ਨਾਂ ਨਾਲ ਭੋਲੇ ਮਨਾਂ ਵਾਲੇ ਲੋਕਾਂ ਨੂੰ ਧੋਖਾ ਦਿੰਦੇ ਹਨ**। [ਰੋਮੀ16:17-18].

> ਮੈਂ ਤੁਹਾਨੂੰ ਆਪਣੇ ਪੱਤਰ ਵਿੱਚ ਲਿਖਿਆ ਸੀ ਕਿ **ਤੁਸੀਂ ਵਿਭਚਾਰੀਆਂ ਦੇ ਨਾਲ ਕੋਈ ਸੰਬੰਧ ਨਾ ਰੱਖੋ**...ਅਸਲ ਵਿੱਚ ਮੇਰੇ ਲਿਖਣ ਦਾ ਅਰਥ ਸੀ ਕਿ **ਤੁਸੀਂ ਉਸ ਨਾਲ ਕੋਈ ਸੰਬੰਧ ਨਾ ਰੱਖੋ ਜਿਹੜਾ ਆਪਣੇ ਆਪ ਨੂੰ ਕਹਿੰਦਾ ਤਾਂ ਵਿਸ਼ਵਾਸੀ ਹੈ ਪਰ ਉਹ ਵਿਭਚਾਰੀ ਜਾਂ ਲੋਭੀ ਜਾਂ ਮੂਰਤੀ ਪੂਜਕ ਜਾਂ ਬਕਵਾਸੀ ਜਾਂ ਸ਼ਰਾਬੀ ਜਾਂ ਲੁਟੇਰਾ ਹੈ**। ਇੱਥੋਂ ਤੱਕ ਕਿ ਅਜਿਹੇ ਨਾਲ ਤੁਸੀਂ ਬੈਠ ਕੇ ਖਾਓ ਤੱਕ ਵੀ ਨਾ...**ਦੁਸ਼ਟ ਨੂੰ ਆਪਣੇ ਵਿੱਚੋਂ ਬਾਹਰ ਕੱਢ ਦੇਵੋ**।" [1 ਕੁਰਿੰਥ 5:9-11, 13]
>
> ...ਕਿ ਉਹਨਾਂ ਵਿਸ਼ਵਾਸੀਆਂ ਦੇ ਨਾਲ ਕੋਈ **ਵਾਸਤਾ ਨਾ ਰੱਖੇ** ਜਿਹੜੇ **ਵਿਹਲੇ ਰਹਿਣ ਦੇ ਆਦੀ** ਹਨ ਅਤੇ **ਜਿਹੜੀਆਂ ਹਿਦਾਇਤਾਂ** ਅਸੀਂ ਉਹਨਾਂ ਨੂੰ ਦਿੱਤੀਆਂ ਸਨ ਉਹਨਾਂ ਦੀ ਪਾਲਣਾ ਨਹੀਂ ਕਰਦੇ। ਜੇਕਰ ਕੋਈ **ਇਸ ਪੱਤਰ ਵਿੱਚ ਸਾਡੀਆਂ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਨਾ ਕਰੇ**, ਉਸ ਵੱਲ ਖ਼ਾਸ ਧਿਆਨ ਦੇਵੋ ਅਤੇ ਉਸ ਦੇ ਨਾਲ ਕੋਈ **ਮੇਲ ਨਾ ਰੱਖੋ** ਤਾਂ ਜੋ ਉਹ ਸ਼ਰਮਿੰਦਾ ਹੋਵੇ। **ਤੁਸੀਂ ਉਸ ਨੂੰ ਆਪਣਾ ਵੈਰੀ ਨਾ ਸਮਝੋ ਸਗੋਂ ਉਸ ਨੂੰ ਆਪਣਾ ਭਰਾ ਅਤੇ ਭੈਣ ਸਮਝ ਕੇ ਚਿਤਾਵਨੀ ਦਿਓ**। [2 ਥੱਸਲੁ 3:6,14-15]

**ਫੁੱਟ ਪਾਉਣ ਵਾਲੇ ਵਿਅਕਤੀ** ਨੂੰ ਘੱਟ ਤੋਂ ਘੱਟ ਦੋ ਵਾਰ ਚਿਤਾਵਨੀ ਦੇ, ਉਸ ਦੇ ਬਾਅਦ ਉਸ ਦੇ ਨਾਲ ਕੋਈ ਸੰਬੰਧ

ਨਾ ਰੱਖ। [ਤੀਤੁਸ 3:10-11]

ਅਨੁਸ਼ਾਸਨ ਕੀਤੇ ਜਾਣ ਲਈ ਜ਼ਿੰਮੇਵਾਰ ਬਣਾਉਣ ਵਾਲੀਆਂ ਗ਼ਲਤੀਆਂ ਵਿੱਚ ਸ਼ਾਮਲ ਹਨ: ਵਿਭਚਾਰੀ, ਲੋਭੀ, ਮੂਰਤੀ ਪੂਜਕ, ਬਕਵਾਸੀ, ਸ਼ਰਾਬੀ, ਲੁਟੇਰੇ, ਫੁੱਟ ਪਾਉਣਾ, ਵਿਹਲੇ ਰਹਿਣਾ, ਰਸੂਲਾਂ ਦੇ ਹੁਕਮਾਂ ਨੂੰ ਨਾ ਮੰਨਣਾ। ਇਹ ਧਿਆਨ ਦੇਣ ਯੋਗ ਗੱਲ ਹੈ ਕਿ ਬਾਈਬਲ ਕਾਤਲ, ਨਸ਼ਾ ਵੇਚਣ ਵਾਲੇ, ਜਾਂ ਗਰਭਪਾਤ ਦੇ ਕਲੀਨਿਕ ਨੂੰ ਚਲਾਉਣ ਵਾਲਿਆਂ ਨੂੰ ਕਲੀਸਿਯਾ ਤੋਂ ਬਾਹਰ ਕੱਢਣ ਵਾਲਿਆਂ ਦੀ ਸੂਚੀ ਵਿੱਚ ਸ਼ਾਮਲ ਨਹੀਂ ਕਰਦੀ ਹੈ। ਅਜਿਹਾ ਲੱਗਦਾ ਹੈ ਕਿ ਰਸੂਲ ਪੌਲੁਸ ਪੂਰੀ ਸੂਚੀ ਦਿੱਤੇ ਬਿਨਾਂ ਹੀ ਕੁਝ ਉਦਾਹਰਣਾਂ ਦੇ ਕੇ ਦੱਸ ਰਿਹਾ ਹੈ ਕਿ ਕਿੱਥੇ ਅਨੁਸ਼ਾਸਨ ਲਾਗੂ ਕੀਤਾ ਜਾਣਾ ਚਾਹੀਦਾ ਹੈ। ਬਾਈਬਲ ਵਿੱਚ ਕਲੀਸਿਯਾ ਦੁਆਰਾ ਅਨੁਸ਼ਾਸਨ ਦੇ ਮਾਮਲਿਆਂ ਦੀ ਕੋਈ ਪੂਰੀ ਸੂਚੀ ਨਹੀਂ ਹੈ। ਆਮ ਤੌਰ ਤੇ, ਕੋਈ ਵੀ ਗੰਭੀਰ ਜਾਂ ਤੋਬਾ ਨਾ ਕੀਤਾ ਗਿਆ ਪਾਪ ਅਨੁਸ਼ਾਸਨ ਦਾ ਆਧਾਰ ਹੋ ਸਕਦਾ ਹੈ, ਪਰ ਕਲੀਸਿਯਾ ਦੇ ਅਧਿਕਾਰੀਆਂ ਨੂੰ ਇਹ ਨਿਰਣਾ ਲੈਣਾ ਚਾਹੀਦਾ ਹੈ ਕਿ ਕੀ ਸੰਗਤ ਤੋਂ ਵਿਅਕਤੀ ਨੂੰ ਬਾਹਰ ਕੱਢਣ ਲਈ ਉਸ ਦਾ ਪਾਪ ਗੰਭੀਰ ਹੈ ਜਾਂ ਨਹੀਂ।

### a. ਕਲੀਸਿਯਾ ਵਿੱਚ ਅਨੁਸ਼ਾਸਨ ਦਾ ਪ੍ਰਸ਼ਾਸਨ

#### (1) ਅਧਿਕਾਰ ਵਾਲੇ ਵਿਅਕਤੀ

ਕਲੀਸਿਯਾ ਵਿੱਚ ਅਨੁਸ਼ਾਸਨ ਨੂੰ ਅਸਲ ਵਿੱਚ ਲਾਗੂ ਕਰਨਾ ਇੱਕ ਬੁਰਾ ਸੁਪਨਾ ਦੇਣ ਵਰਗਾ ਹੁੰਦਾ ਹੈ, ਅਤੇ ਜੇਕਰ ਤੁਰੰਤ ਤੋਬਾ ਨਹੀਂ ਕੀਤੀ ਜਾਂਦੀ ਹੈ, ਤਾਂ ਸਥਾਨਕ ਕਲੀਸਿਯਾ ਸਦਮੇ ਦੀ ਹਾਲਤ ਵਿੱਚ ਜਾ ਸਕਦੀ ਹੈ। ਜੇਕਰ ਇੱਕ ਕਲੀਸਿਯਾ ਪਹਿਲਾਂ ਤੋਂ ਹੀ ਇੱਕ ਬੁਨਿਆਦੀ ਪ੍ਰਕਿਰਿਆ ਉੱਤੇ ਕੋਈ ਸਹਿਮਤੀ ਬਣਾ ਕੇ ਨਹੀਂ ਰੱਖਦੀ ਹੈ, ਤਾਂ ਇਹ ਹੋਰ ਵੀ ਬੁਰਾ ਹੋਵੇਗਾ। ਇਸ ਨਾਲ ਪੱਖਪਾਤ ਦਾ ਦੋਸ਼ ਵੱਧਦਾ ਜਾਵੇਗਾ ਅਤੇ ਅਨੁਸ਼ਾਸਿਤ ਕੀਤੇ ਜਾਣ ਦੀ ਪ੍ਰਕਿਰਿਆ ਵਿੱਚ ਉਲਝਣ ਹੋ ਜਾਵੇਗੀ। ਹਾਲਾਂਕਿ ਸਾਰੇ ਮਾਮਲਿਆਂ ਵਿੱਚ ਇੱਕ ਸੰਵਿਧਾਨ ਅਤੇ ਕਾਨੂੰਨ ਦੇ ਪ੍ਰਤੀ (ਜੋ ਬਾਈਬਲ ਦੇ ਅਨੁਸਾਰ ਹਨ) ਈਮਾਨਦਾਰ ਰਹਿਣ ਦੀ ਮੰਗ ਕੀਤੀ ਜਾਵੇਗੀ, ਫਿਰ ਵੀ, ਅਜਿਹੇ ਬਾਈਬਲ ਦੇ ਅਤੇ ਵਿਹਾਰਕ ਕਾਰਨ ਹਨ ਕਿ ਕਲੀਸਿਯਾ ਦੇ ਅਨੁਸ਼ਾਸਨ ਦੇ ਮਾਮਲੇ ਨੂੰ ਕੁਝ ਯੋਗ ਆਗੂਆਂ ਨੂੰ ਸੌਂਪਿਆ ਜਾਵੇ। ਬਾਈਬਲ ਬਜ਼ੁਰਗ ਆਗੂਆਂ ਨੂੰ "ਨਿਗਾਹਬਾਨ" ਨਿਯੁਕਤ ਕਰਦੀ ਹੈ ਅਤੇ ਉਹਨਾਂ ਨੂੰ ਇਹ ਜ਼ਿੰਮੇਵਾਰੀ ਦਿੰਦੀ ਹੈ ਕਿ ਉਹ ਝੁੰਡ ਨੂੰ "ਬਘਿਆੜਾਂ" ਤੋਂ ਬਚਾਉਣ (ਦੇਖੋ, ਰਸੂਲਾਂ 20:28ff.)। ਜੇਕਰ ਆਗੂ ਕੋਲ ਬਘਿਆੜਾਂ ਨੂੰ ਬਾਹਰ ਕੱਢਣ ਦਾ ਅਧਿਕਾਰ ਨਹੀਂ ਹੋਵੇਗਾ ਤਾਂ ਉਹ ਝੁੰਡ ਨੂੰ ਬਘਿਆੜਾਂ ਤੋਂ ਕਿਵੇਂ ਬਚਾ ਸਕਦੇ ਹਨ! ਕਿਉਂਕਿ ਪਰਮੇਸ਼ਰ ਚਾਹੁੰਦੇ ਹਨ ਕਿ ਬਜ਼ੁਰਗ ਆਗੂ ਬੁਰਾਈ ਕਰਨ ਵਾਲਿਆਂ ਤੋਂ ਕਲੀਸਿਯਾ ਦੀ ਰੱਖਿਆ ਕਰਨ, ਤਾਂ ਉਹ ਇਹ ਵੀ ਚਾਹੁੰਦੇ ਹਨ ਕਿ ਆਗੂਆਂ ਕੋਲ ਬੁਰਾਈ ਕਰਨ ਵਾਲਿਆਂ ਨੂੰ ਕਲੀਸਿਯਾ ਵਿੱਚੋਂ ਬਾਹਰ ਕੱਢਣ ਦਾ ਅਧਿਕਾਰ ਹੋਵੇ।

ਇਸ ਬਾਈਬਲ ਦੀ ਸਿੱਖਿਆ ਦੇ ਇਲਾਵਾ, ਆਗੂਆਂ ਨੂੰ ਅਨੁਸ਼ਾਸਨ ਕਰਨ ਦੇ ਅਧਿਕਾਰ ਨਾਲ ਜੁੜੇ ਕੁਝ ਵਿਹਾਰਕ ਮਾਮਲਿਆਂ ਉੱਤੇ ਵੀ ਧਿਆਨ ਦੇਣਾ ਹੋਵੇਗਾ। ਕਲੀਸਿਯਾ ਦੇ ਅਨੁਸ਼ਾਸਨ ਵਿੱਚ ਸਖ਼ਤ ਫ਼ੈਸਲੇ ਲੈਣ ਅਤੇ ਫਿਰ ਉਹਨਾਂ ਦੇ ਨਤੀਜੇ ਭੁਗਤਨ ਦੀ ਤਿਆਰੀ ਸ਼ਾਮਲ ਹੁੰਦੀ ਹੈ। ਕਿਸੇ ਵੀ ਕਲੀਸਿਯਾ ਦੇ ਜ਼ਿਆਦਾਤਰ ਲੋਕਾਂ ਵਿੱਚ ਭਾਵਨਾਤਮਕ ਤਿਆਗ ਦੀ ਘਾਟ ਹੁੰਦੀ ਹੈ, ਅਤੇ ਉਹ ਅਜਿਹੇ ਮਾਮਲਿਆਂ ਵਿੱਚ ਫ਼ੈਸਲੇ ਨਹੀਂ ਲੈ ਪਾਉਂਦੇ ਹਨ ਜਿਹਨਾਂ ਵਿੱਚ ਉਹਨਾਂ ਦੇ ਮਿੱਤਰ ਸ਼ਾਮਲ ਹੁੰਦੇ ਹਨ। ਹਾਲਾਂਕਿ ਬਾਈਬਲ ਅਨੁਸ਼ਾਸਨ ਨੂੰ ਇੱਕ ਆਮ ਸਿਧਾਂਤ ਦੇ ਰੂਪ ਵਿੱਚ ਸਿਖਾਉਂਦੀ ਹੈ, ਪਰ ਇਹ ਹਰੇਕ ਮਾਮਲੇ ਬਾਰੇ ਕੋਈ ਖ਼ਾਸ ਨਿਰਦੇਸ਼ ਨਹੀਂ ਦਿੰਦੀ ਹੈ। ਇੱਕ ਵਿਅਕਤੀ ਦੇ ਦੋਸ਼ੀ ਹੋਣ ਜਾਂ ਨਾ ਹੋਣ ਬਾਰੇ ਕਿਸੇ ਨੂੰ ਫ਼ੈਸਲਾ ਲੈਣਾ ਹੀ ਪਵੇਗਾ। ਕਿਸੇ ਨਾ ਕਿਸੇ ਨੂੰ ਇਹ ਤਹਿ ਕਰਨਾ ਹੀ ਪਵੇਗਾ ਕਿ ਇੱਕ ਵਿਅਕਤੀ ਦਾ ਪਾਪ ਇੰਨਾ ਗੰਭੀਰ ਹੈ ਜਾਂ ਨਹੀਂ ਕਿ ਉਸ ਨੂੰ ਅਨੁਸ਼ਾਸਿਤ ਕੀਤਾ ਜਾਵੇ। ਕਿਸੇ ਨਾ ਕਿਸੇ ਨੂੰ ਇਹ ਤਹਿ ਕਰਨਾ ਹੀ ਹੋਵੇਗਾ ਕਿ ਇਸ ਵਿੱਚ ਲੋਕਾਂ ਦੇ ਸਾਹਮਣੇ ਤੋਬਾ ਕਰਨ ਦੀ ਜ਼ਰੂਰਤ ਹੈ ਜਾਂ ਨਹੀਂ। ਕਿਸੇ ਨਾ ਕਿਸੇ ਨੂੰ ਅਨੁਸ਼ਾਸਨ ਦੀ ਸਜ਼ਾ ਤਹਿ ਕਰਨੀ ਹੀ ਪਵੇਗੀ। ਇਹ ਫ਼ੈਸਲੇ ਭਾਵੇਂ ਤੱਥਾਂ ਦੀ ਪੂਰੀ ਜਾਂਚ ਕਰਨ ਤੋਂ ਬਾਅਦ ਸੰਤ ਆਗੂਆਂ ਦੇ ਇੱਕ ਛੋਟੇ ਸਮੂਹ ਦੁਆਰਾ ਹੀ ਕਿਉਂ ਨਹੀਂ ਹੁੰਦੇ ਹਨ, ਫਿਰ ਵੀ ਇਹ ਸੌਖੇ ਨਹੀਂ ਹੁੰਦੇ ਹਨ। ਇੱਕ ਕਲੀਸਿਯਾ ਦੇ ਸੈਂਕੜੇ ਸਦੱਸਾਂ ਦੇ ਕੋਲ ਇੰਨੀ ਭਰਪੂਰ ਜਾਣਕਾਰੀ ਨਹੀਂ ਹੋ ਸਕਦੀ ਹੈ ਕਿ ਉਹ ਸਹੀ ਫ਼ੈਸਲੇ ਲੈ ਸਕਣ, ਅਤੇ ਇਹ ਵੀ ਲਗਭਗ ਅਸੰਭਵ ਹੀ ਹੈ ਕਿ ਪੂਰੀ ਕਲੀਸਿਯਾ ਬਿਨਾਂ ਕਿਸੇ ਰੁਕਾਵਟ ਜਾਂ ਫੁੱਟ ਦੇ ਕਲੀਸਿਯਾ ਵਿੱਚ ਅਨੁਸ਼ਾਸਨ ਦੇ ਕੰਮ ਨੂੰ ਪੂਰਾ ਕਰ ਸਕੇ। ਜਦੋਂ ਮੱਤੀ 18:17 ਕਿਸੇ ਮਾਮਲੇ ਨੂੰ ਕਲੀਸਿਯਾ ਅੱਗੇ ਰੱਖਣ ਦਾ ਹੁਕਮ ਦਿੰਦਾ ਹੈ, ਤਾਂ ਇਸ ਦਾ ਅਰਥ ਇਹ ਵੀ ਹੋ ਸਕਦਾ ਹੈ ਕਿ ਇਸ ਨੂੰ ਪੂਰੀ ਕਲੀਸਿਯਾ ਦੇ ਅੱਗੇ ਨਹੀਂ ਬਲਕਿ ਕਲੀਸਿਯਾ ਦੇ ਆਗੂਆਂ (ਨਿਗਾਹਬਾਨਾਂ) ਅੱਗੇ ਰੱਖਿਆ ਜਾਵੇ।

#### (2) ਅਨੁਸ਼ਾਸਨ ਕਰਨ ਦੀ ਵਿਧੀ

ਬਾਈਬਲ ਇਹ ਹੁਕਮ ਦਿੰਦੀ ਹੈ ਕਿ ਅਨੁਸ਼ਾਸਨ ਦੀ ਪ੍ਰਕਿਰਿਆ ਬਿਨਾਂ ਕਿਸੇ ਪੱਖਪਾਤ ਦੇ ਹੋਣੀ ਚਾਹੀਦੀ ਹੈ। ਬਦਲਾ ਲੈਣ ਦੀ ਭਾਵਨਾ ਨਾਲ ਕਿਸੇ ਦੇ ਵਿਰੁੱਧ ਜ਼ਰੂਰਤ ਤੋਂ ਜ਼ਿਆਦਾ ਕਠੋਰਤਾ ਨਹੀਂ ਹੋਣੀ ਚਾਹੀਦੀ ਹੈ, ਅਤੇ ਨਾ ਹੀ ਅਜਿਹੇ ਕਿਸੇ ਪਸੰਦੀਦਾ ਵਿਅਕਤੀ ਪ੍ਰਤੀ ਢਿੱਲ ਵਰਤਣੀ ਚਾਹੀਦੀ ਹੈ ਜੋ ਗੰਭੀਰ ਪਾਪ ਵਿੱਚ ਸ਼ਾਮਲ ਹੋ ਸਕਦਾ ਹੈ ਜੇਕਰ ਉਸ ਨੂੰ ਚੁਣੌਤੀ ਨਹੀਂ ਦਿੱਤੀ ਜਾਂਦੀ ਹੈ।

> ਇਹ ਵੀ ਬੁੱਧਵਾਨਾਂ ਦੇ ਵਾਕ ਹਨ, **ਅਦਾਲਤ ਵਿੱਚ ਪੱਖਪਾਤ ਕਰਨਾ ਚੰਗੀ ਗੱਲ ਨਹੀਂ।** [ਕਹਾਉਤਾਂ 24:23]
>
> ਪਾਪ ਕਰਨ ਵਾਲਿਆਂ ਨੂੰ ਸਾਰਿਆਂ ਦੇ ਸਾਹਮਣੇ ਝਿੜਕ ਤਾਂ ਜੋ ਦੂਜੇ ਵੀ ਇਸ ਤੋਂ ਡਰਨ।ਮੈਂ ਪਰਮੇਸ਼ਰ ਅਤੇ ਮਸੀਹ ਯਿਸੂ

> ਅਤੇ ਚੁਣੇ ਹੋਏ ਸਵਰਗਦੂਤਾਂ ਨੂੰ ਗਵਾਹ ਮੰਨ ਕੇ ਤੇਰੇ ਅੱਗੇ ਬੜੀ ਗੰਭੀਰਤਾ ਨਾਲ **ਬੇਨਤੀ ਕਰਦਾ ਹਾਂ** ਕਿ **ਬਿਨਾਂ ਪੱਖਪਾਤ ਦੇ ਇਹਨਾਂ ਹਿਦਾਇਤਾਂ ਦੀ ਪਾਲਣਾ ਕਰ ਅਤੇ ਹਰ ਸਮੇਂ ਨਿਰਪੱਖ ਰਹਿ।** [1 ਤਿਮੋਥਿ 5:20-21]

ਮੱਤੀ 18:15-17 ਇੱਕ ਤਕਨੀਕੀ ਤੌਰ ਤੇ ਕਲੀਸਿਯਾ ਦੇ ਅਨੁਸ਼ਾਸਨ ਦਾ ਅਜਿਹਾ ਮਾਮਲਾ ਨਹੀਂ ਹੈ ਜਿਸ ਵਿੱਚ ਗੰਭੀਰ ਪਾਪ ਕਰਨ ਵਾਲੇ ਵਿਅਕਤੀ ਦਾ ਅਨੁਸ਼ਾਸਨ ਕਲੀਸਿਯਾ ਦੇ ਆਗੂਆਂ ਦੁਆਰਾ ਸ਼ੁਰੂ ਕੀਤਾ ਜਾਂਦਾ ਹੈ। ਇਹ ਇੱਕ ਅਜਿਹੀ ਸਥਿਤੀ ਨਾਲ ਸੰਬੰਧਿਤ ਹੈ ਜਿਸ ਵਿੱਚ ਇੱਕ ਵਿਸ਼ਵਾਸੀ ਦੀ ਦੂਜੇ ਵਿਅਕਤੀ ਦੇ ਵਿਰੁੱਧ ਨਿੱਜੀ ਸ਼ਿਕਾਇਤ ਨੂੰ ਅਖੀਰ ਵਿੱਚ ਫ਼ੈਸਲੇ ਦੇ ਲਈ ਪੂਰੀ ਕਲੀਸਿਯਾ ਦੇ ਸਾਹਮਣੇ ਲਿਆਇਆ ਜਾਂਦਾ ਹੈ। ਇਸ ਲਈ, ਇਹ ਜ਼ਰੂਰੀ ਨਹੀਂ ਹੈ ਕਿ ਸਾਰੇ ਮਾਮਲਿਆਂ ਵਿੱਚ ਕਲੀਸਿਯਾ ਦੇ ਅਨੁਸ਼ਾਸਨ ਦਾ ਕੰਮ ਮੱਤੀ 18 ਵਿੱਚ ਦਿੱਤੀ ਪ੍ਰਕਿਰਿਆ ਦੇ ਅਨੁਸਾਰ ਹੀ ਹੋਵੇ। ਬਹੁਤ ਗੰਭੀਰ ਮਾਮਲਿਆਂ ਵਿੱਚ ਇੱਕ ਹਫ਼ਤੇ ਵਿੱਚ ਹੀ ਕਲੀਸਿਯਾ ਵਿੱਚ ਫੁੱਟ ਪੈ ਸਕਦੀ ਹੈ, ਅਤੇ ਆਗੂਆਂ ਕੋਲ ਜਲਦੀ ਕਿਸੇ ਫ਼ੈਸਲੇ ਉੱਤੇ ਪਹੁੰਚਣ ਦਾ ਵਿਕਲਪ ਹੋਣਾ ਚਾਹੀਦਾ ਹੈ। ਅਤੇ ਸ਼ੁਰੂ ਵਿੱਚ ਗਵਾਹਾਂ ਦੇ ਬਿਨਾਂ ਇਕੱਲੇ ਨਿੱਜੀ ਗੱਲ ਕਰਨਾ ਇੱਕ ਕਮਜ਼ੋਰ ਤਰੀਕਾ ਸਾਬਤ ਹੋ ਸਕਦਾ ਹੈ ਕਿਉਂਕਿ ਅਪਰਾਧੀ ਕਲੀਸਿਯਾ ਵਿੱਚ ਗੜਬੜ ਕਰਨ ਲਈ ਝੂਠ ਬੋਲ ਸਕਦਾ ਹੈ। ਫਿਰ ਵੀ, ਕਲੀਸਿਯਾ ਦੇ ਅਨੁਸ਼ਾਸਨ ਦੇ ਮਾਮਲਿਆਂ ਵਿੱਚ ਮੱਤੀ 18:15-17 ਨੂੰ ਲਾਗੂ ਕਰਨਾ ਚਾਹੀਦਾ ਹੈ ਅਤੇ ਜੇਕਰ ਸੰਭਵ ਹੋਵੇ ਤਾਂ ਇਸ ਦੇ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

> "ਜੇਕਰ ਤੇਰਾ ਭਰਾ ਜਾਂ ਭੈਣ ਤੇਰੇ ਵਿਰੁੱਧ ਪਾਪ ਕਰੇ ਤਾਂ ਤੂੰ ਉਹਨਾਂ ਕੋਲ **ਇਕਾਂਤ ਵਿੱਚ** ਜਾ ਅਤੇ ਉਹਨਾਂ ਨੂੰ ਉਹਨਾਂ ਦੀ **ਗ਼ਲਤੀ ਸਮਝਾ**। ਜੇਕਰ ਉਹ ਤੇਰੀ ਮੰਨ ਲੈਣ ਤਾਂ ਤੂੰ ਉਹਨਾਂ ਨੂੰ ਜਿੱਤ ਲਿਆ ਹੈ। ਪਰ **ਜੇਕਰ ਉਹ ਤੇਰੀ ਨਾ ਮੰਨਣ** ਤਾਂ ਆਪਣੇ ਨਾਲ **ਇੱਕ ਜਾਂ ਦੋ ਜਣਿਆਂ ਨੂੰ ਲੈ ਕੇ ਜਾ**...।" [ਮੱਤੀ 18:15-17]

ਜੇਕਰ ਕੋਈ ਗੰਭੀਰ ਪਾਪ ਹੋਇਆ ਹੈ ਜਾਂ ਅਜਿਹੇ ਪਾਪ ਦਾ ਦੋਸ਼ ਲਗਾਇਆ ਗਿਆ ਹੈ ਜਿਸ ਲਈ ਤੋਬਾ ਨਹੀਂ ਕੀਤੀ ਗਈ ਹੈ, ਤਾਂ ਇੱਕ ਆਗੂ ਨੁਕਸਾਨ ਉਠਾਉਣ ਵਾਲੇ ਵਿਅਕਤੀ ਦਾ ਵਿਚੋਲਾ ਬਣ ਕੇ ਨਿੱਜੀ ਤੌਰ ਤੇ ਪਾਪ ਨੂੰ ਸਵੀਕਾਰ ਕਰਵਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਇਸ ਵਿੱਚ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਦੋਸ਼ੀ ਵਿਅਕਤੀ ਆਪਣੇ ਪਾਪ ਤੋਂ ਸੱਚੀ ਤੋਬਾ ਕਰੇਗਾ, ਅਤੇ ਉਸ ਪਾਪ ਦਾ ਅਭਿਆਸ ਕਰਨਾ ਬੰਦ ਕਰ ਦੇਵੇਗਾ, ਅਤੇ ਫਿਰ ਕਿਸੇ ਤਰ੍ਹਾਂ ਦੀ ਪ੍ਰਕਿਰਿਆ ਕਰਨ ਦੀ ਕੋਈ ਜ਼ਰੂਰਤ ਨਹੀਂ ਰਹਿ ਜਾਵੇਗੀ।

ਜੇਕਰ ਕੋਈ ਪਾਪ ਕਰਦਾ ਹੈ ਅਤੇ ਪਹਿਲੀ ਨਿੱਜੀ ਗੱਲਬਾਤ ਤੋਂ ਬਾਅਦ ਵੀ ਉਹ ਤੋਬਾ ਨਹੀਂ ਕਰਦਾ ਹੈ, ਤਾਂ ਉਸ ਨੂੰ ਸੰਗਤ ਵਿੱਚੋਂ ਬਾਹਰ ਕੱਢਣ ਤੋਂ ਪਹਿਲਾਂ, ਇੱਕ ਵਾਰ ਹੋਰ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। ਹਮੇਸ਼ਾਂ ਹੀ ਇੱਕ ਦੂਜੀ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਹੈ (ਦੇਖੋ, ਤੀਤੁਸ 3:10 ਦੇਖੋ), ਫਿਰ ਭਾਵੇਂ ਦੂਜੀ ਗੱਲਬਾਤ ਪਹਿਲੀ ਗੱਲਬਾਤ ਦੇ ਤੁਰੰਤ ਬਾਅਦ ਹੀ ਕਿਉਂ ਨਾ ਹੋਵੇ। ਇਸ ਤੋਂ ਇਲਾਵਾ, ਬਾਈਬਲ ਇਹ ਸਿਧਾਂਤ ਦਿੰਦੀ ਹੈ ਕਿ ਕਿਸੇ ਵੀ ਦੋਸ਼ ਨੂੰ ਪੱਕਾ ਮੰਨੇ ਜਾਣ ਤੋਂ ਪਹਿਲਾਂ ਦ ਜਾਂ ਤਿੰਨ ਗਵਾਹ ਹੋਣੇ ਚਾਹੀਦੇ ਹਨ (ਦੇਖੋ, ਗਿਣਤੀ 35:30; ਬਿਵਸਥਾ 19:15; 2 ਕੁਰਿੰਥ 13:1; 1 ਤਿਮੋਥਿ 5:19)। ਇਹ ਸਪੱਸ਼ਟ ਨਹੀਂ ਹੈ ਕਿ ਮੱਤੀ 18:16 ਵਿਚਲੇ ਦੋ ਜਾਂ ਤਿੰਨ ਗਵਾਹ ਅਸਲ ਵਿੱਚ ਅਪਰਾਧੀ ਦੇ ਦੋਸ਼ ਦੇ ਗਵਾਹ ਹਨ ਜਾਂ ਉਸ ਤੋਂ ਤੋਬਾ ਕਰਵਾਉਣ ਦੀ ਦੂਜੀ ਕੋਸ਼ਿਸ਼ ਦੇ ਗਵਾਹ ਹਨ। ਕਲੀਸਿਯਾ ਦੇ ਅਨੁਸ਼ਾਸਨ ਦੀ ਸਜ਼ਾ ਦੇਣ ਦੀ ਪ੍ਰਕਿਰਿਆ ਦੌਰਾਨ ਦੋਵੇਂ ਹੀ ਤਰ੍ਹਾਂ ਦੇ ਗਵਾਹ ਮੌਜੂਦ ਹੋਣੇ ਚਾਹੀਦੇ ਹਨ। ਦੋਸ਼ ਨੂੰ ਸਾਬਤ ਕਰਨ ਦੇ ਲਈ ਕਾਫ਼ੀ ਸਬੂਤ ਹੋਣੇ ਚਾਹੀਦੇ ਹਨ, ਕਿਤੇ ਅਜਿਹਾ ਨਾ ਹੋਵੇ ਕਿ ਅਨੁਸ਼ਾਸਨ ਕਿਸੇ ਝੂਠ ਉੱਤੇ ਆਧਾਰਿਤ ਹੋਵੇ। ਅਤੇ ਇਸ ਤੋਂ ਪਹਿਲਾਂ ਕਿ ਦੋਸ਼ੀ ਵਿਅਕਤੀ ਨੂੰ ਸੰਗਤ ਵਿੱਚੋਂ ਬਾਹਰ ਕੱਢਣ ਦਾ ਫ਼ੈਸਲਾ ਲਿਆ ਜਾਵੇ, ਉਸ ਦੇ ਅਨੁਸ਼ਾਸਨ ਦੀ ਪ੍ਰਕਿਰਿਆ ਵਿੱਚ ਉਹ ਲੋਕ ਹੋਣ ਜੋ ਉਸ ਤੋਂ ਤੋਬਾ ਕਰਵਾਉਣ ਦੇ ਲਈ ਪਿਆਰ ਭਰੀ ਕੋਸ਼ਿਸ਼ ਕਰਨ, ਅਤੇ ਇਸ ਦੀ ਗਵਾਹੀ ਵੀ ਦੇਣ ਕਿ ਇਸ ਗੱਲਬਾਤ ਵਿੱਚ ਕੀ ਕਿਹਾ ਗਿਆ ਸੀ ਅਤੇ ਕੀ ਨਹੀਂ ਕਿਹਾ ਗਿਆ ਸੀ।

ਹਾਲਾਂਕਿ ਇਹ ਜ਼ਰੂਰੀ ਨਹੀਂ ਹੈ ਕਿ ਅਨੁਸ਼ਾਸਨ ਦੇ ਮਾਮਲਿਆਂ ਵਿੱਚ ਪੂਰੀ ਕਲੀਸਿਯਾ ਇੱਕ ਪ੍ਰਸ਼ਾਸਨ ਦੇ ਸਮੂਹ ਦੇ ਰੂਪ ਵਿੱਚ ਮੌਜੂਦ ਹੋਵੇ, ਪਰ ਅਨੁਸ਼ਾਸਨ ਦੀ ਪ੍ਰਕਿਰਿਆ ਪੂਰੀ ਹੋਣ ਤੇ ਕਲੀਸਿਯਾ ਨੂੰ ਇਸ ਦੀ ਜਾਣਕਾਰੀ ਜ਼ਰੂਰੀ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਆਗੂਆਂ ਨੂੰ ਕਲੀਸਿਯਾ ਨੂੰ ਬਘਿਆੜਾਂ ਤੋਂ ਬਚਾਉਣਾ ਹੈ, ਤਾਂ ਇਹ ਜ਼ਰੂਰੀ ਹੈ ਕਿ ਉਹ ਬਘਿਆੜਾਂ ਨੂੰ ਪਛਾਣਨ। ਇੱਕ ਸਪੱਸ਼ਟ ਚੇਤਾਵਨੀ ਤੋਂ ਬਿਨਾਂ, ਬੇਖ਼ਬਰ ਵਿਸ਼ਵਾਸੀ ਇੱਕ ਅਜਿਹੇ ਵਿਅਕਤੀ ਦੇ ਪਿਆਰ ਭਰੇ ਸ਼ਬਦਾਂ ਨਾਲ ਠੱਗੇ ਜਾ ਸਕਦੇ ਹਨ ਜੋ ਅਸਲ ਵਿੱਚ ਇੱਕ ਦੁਸ਼ਟ ਵਿਅਕਤੀ ਹੈ (ਦੇਖੋ, ਜ਼ਬੂਰ 28:3, ਕਹਾਉਂਤਾ 26:25)।

ਜਦੋਂ ਕੋਈ ਵਿਅਕਤੀ ਇੱਕ ਗੰਭੀਰ ਪਾਪ ਦਾ ਦੋਸ਼ੀ ਹੁੰਦਾ ਹੈ, ਅਤੇ ਉਹ ਉਸ ਪਾਪ ਨੂੰ ਨਾ ਮੰਨਣ ਦੇ ਨਾਲ-ਨਾਲ ਉਸ ਤੋਂ ਤੋਬਾ ਵੀ ਨਹੀਂ ਕਰਦਾ ਹੈ, ਤਾਂ ਨਾ ਸਿਰਫ਼ ਕਲੀਸਿਯਾ ਨੂੰ ਉਸ ਦੇ ਬਾਰੇ ਵਿੱਚ ਚੇਤਾਵਨੀ ਦਿੱਤੀ ਜਾਣੀ ਚਾਹੀਦੀ ਹੈ, ਬਲਕਿ ਕਲੀਸਿਯਾ ਨੂੰ ਉਸ ਦੇ ਨਾਲ ਕੋਈ ਵੀ ਸੰਗਤ ਨਾ ਰੱਖਣ ਦੁਆਰਾ ਉਸ ਨੂੰ ਅਨੁਸ਼ਾਸਿਤ ਕਰਨ ਦੀ ਪ੍ਰਕਿਰਿਆ ਵਿੱਚ ਵੀ ਸ਼ਾਮਲ ਕਰਨਾ ਚਾਹੀਦਾ ਹੈ। ਇੱਕ ਪ੍ਰਾਚੀਨ ਯਹੂਦੀ ਪਰੰਪਰਾ ਦੇ ਅਨੁਸਾਰ, ਅਨੁਸ਼ਾਸਿਤ ਕੀਤਾ ਜਾ ਰਿਹਾ ਵਿਅਕਤੀ ਸਿਰਫ਼ ਰੱਬੀ ਗੁਰੂਆਂ ਨਾਲ ਆਤਮਿਕ ਸਲਾਹ ਕਰਨ ਦੇ ਲਈ ਇੱਕ ਨਿੱਜੀ ਤੌਰ ਤੇ ਪ੍ਰਾਰਥਨਾ ਘਰਾਂ ਵਿੱਚ ਜਾ ਸਕਦਾ ਸੀ। ਦੋਸ਼ੀ ਵਿਅਕਤੀ ਤੋਬਾ ਕਰਨ ਦੇ ਉਦੇਸ਼ ਨੂੰ ਪੂਰਾ ਕਰਨ ਤੋਂ ਇਲਾਵਾ ਹੋਰ ਕਿਸੇ ਵੀ ਇਰਾਦੇ ਦੇ ਲਈ

ਪ੍ਰਾਰਥਨਾ ਘਰਾਂ ਦੀਆਂ ਸਭਾਵਾਂ ਵਿੱਚ ਨਹੀਂ ਜਾ ਸਕਦਾ ਸੀ, ਅਤੇ ਉਸ ਨੂੰ ਸਾਰੇ ਸਮਾਜਿਕ ਸੰਬੰਧਾਂ ਵਿੱਚੋਂ ਵੀ ਅਲੱਗ ਕਰ ਦਿੱਤਾ ਜਾਂਦਾ ਸੀ।

ਅਜਿਹਾ ਲੱਗਦਾ ਹੈ ਕਿ ਪੌਲੁਸ ਨੇ ਅਨੁਸ਼ਾਸਿਤ ਕੀਤੇ ਜਾ ਰਹੇ ਵਿਅਕਤੀ ਦੇ ਪ੍ਰਤੀ ਇਹੀ ਵਿਚਾਰ ਅਪਣਾਇਆ ਸੀ। ਅਜਿਹੇ ਵਿਅਕਤੀ ਨਾ ਸਾਰੀ ਗੱਲਬਾਤ ਨਿਮਰਤਾ ਅਤੇ ਕੋਮਲਤਾ ਨਾਲ ਹੋਵੇ, ਕਿਉਂਕਿ ਉਹ ਕੋਈ ਦੁਸ਼ਮਣ ਨਹੀਂ ਪਰ ਭਟਕਿਆ ਹੋਇਆ ਭਰਾ ਹੈ (2 ਥੱਸਲੁ 3:15)। ਫਿਰ ਵੀ, ਇਸ ਗੱਲ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ ਕਿ ਜੋ ਗ਼ਲਤ ਹੈ ਉਸ ਨੂੰ ਬਦਲਿਆ ਜਾਵੇ, ਅਤੇ ਜਦੋਂ ਤੱਕ ਅਸਲ ਵਿੱਚ ਪਾਪ ਤੋਂ ਸੱਚੀ ਤੋਬਾ ਨਹੀਂ ਹੁੰਦੀ ਹੈ, ਉਦੋਂ ਤੱਕ ਉਸ ਦੇ ਨਾਲ ਆਮ ਸੰਬੰਧ ਦੁਬਾਰਾ ਸ਼ੁਰੂ ਨਾ ਕੀਤੇ ਜਾਣ।

ਇੱਕ ਦੋਸ਼ੀ ਦੁਆਰਾ ਉਸ ਦੇ ਪਾਪ ਦਾ ਸਾਰਿਆਂ ਸਾਹਮਣੇ ਇਕਰਾਰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਵਿੱਚ ਕੁਝ ਲਚਕਤਾ ਹੋਣੀ ਚਾਹੀਦੀ ਹੈ। ਸਭ ਤੋਂ ਮੁੱਖ ਗੱਲ ਇਹ ਹੈ ਕਿ ਉਹ ਪਰਮੇਸ਼ਰ ਦੇ ਸਾਹਮਣੇ ਆਪਣੇ ਪਾਪਾਂ ਦਾ ਇਕਰਾਰ ਕਰੇ। ਜੇਕਰ ਅਜਿਹਾ ਹੋ ਜਾਂਦਾ ਹੈ, ਤਾਂ ਫਿਰ ਸਾਰਿਆਂ ਦੇ ਸਾਹਮਣੇ ਇਕਰਾਰ ਕਰਨ ਜਾਂ ਨਾ ਕਰਨ ਦਾ ਮਾਮਲਾ ਘੱਟ ਮਹੱਤਵਪੂਰਣ ਹੋ ਜਾਂਦਾ ਹੈ। ਇੱਕ ਸਮਝਦਾਰੀ ਵਾਲਾ ਨਿਯਮ ਇਹ ਹੈ ਕਿ ਇੱਕ ਪਾਪ ਜਿਸ ਹੱਦ ਤੱਕ ਜਾਣਿਆ ਗਿਆ ਹੈ ਅਤੇ ਜਿਸ ਹੱਦ ਤੱਕ ਇਸ ਨੇ ਨੁਕਸਾਨ ਕੀਤਾ ਹੈ, ਉਸੇ ਹੱਦ ਤੱਕ ਇਸ ਦਾ ਇਕਰਾਰ ਕੀਤਾ ਜਾਣਾ ਚਾਹੀਦਾ ਹੈ। ਜਿਸ ਨੇ ਅਸਲ ਵਿੱਚ ਆਪਣੇ ਪਾਪ ਤੋਂ ਸੱਚੀ ਤੋਬਾ ਹੈ, ਉਹ ਉਹਨਾਂ ਲੋਕਾਂ ਦੇ ਸਾਹਮਣੇ ਤਾਂ ਇਕਰਾਰ ਕਰ ਲਵੇਗਾ ਜਿਹਨਾਂ ਨੂੰ ਉਸ ਨੇ ਨੁਕਸਾਨ ਪਹੁੰਚਾਇਆ ਹੈ। ਇਸ ਤੋਂ ਇਲਾਵਾ, ਕਲੀਸਿਯਾ ਦੇ ਆਗੂਆਂ ਨੂੰ ਇਸ ਤੱਥ ਪ੍ਰਤੀ ਸੰਵੇਦਨਸ਼ੀਲ ਰਹਿਣਾ ਚਾਹੀਦਾ ਹੈ ਕਿ ਸਾਰਿਆਂ ਸਾਹਮਣੇ ਇਕਰਾਰ ਦੋਸ਼ੀ ਦੇ ਲਈ ਇੱਕ ਵਧੀਆ ਇਲਾਜ ਹੋ ਸਕਦਾ ਹੈ। ਇੱਕ ਅਪਮਾਨ ਵਾਲੀ ਸਜ਼ਾ ਦੀ ਬਜਾਏ, ਇਹ ਦੋਸ਼ ਨੂੰ ਦੂਰ ਕਰਨ ਅਤੇ ਕਲੀਸਿਯਾ ਦੇ ਸਾਰੇ ਸਦੱਸਾਂ ਦੀ ਨਜ਼ਰ ਵਿੱਚ ਉਸ ਦੇ ਸਤਿਕਾਰ ਨੂੰ ਬਹਾਲ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਨਾਲ ਉਸ ਦੇ ਇਕਰਾਰ ਦੀ ਇਮਾਨਦਾਰੀ ਬਾਰੇ ਕੀਤੇ ਜਾਣ ਵਾਲੇ ਸ਼ੱਕ ਨੂੰ ਦੂਰ ਕਰਨ ਵਿੱਚ ਮਦਦ ਮਿਲਦੀ ਹੈ।

ਅਨੁਸ਼ਾਸਨ ਅਧੀਨ ਵਿਅਕਤੀ ਦੇ ਰਿਸ਼ਤੇਦਾਰਾਂ ਬਾਰੇ ਕੁਝ ਕਹਿਣਾ ਜ਼ਰੂਰੀ ਹੈ। ਬਾਈਬਲ ਇਸ ਸਮੱਸਿਆ ਬਾਰੇ ਕੋਈ ਗੱਲ ਨਹੀਂ ਕਰਦੀ ਹੈ। ਕਿਉਂਕਿ ਅਨੁਸ਼ਾਸਨ ਦਾ ਟੀਚਾ ਸਜ਼ਾ ਦੇਣਾ ਨਹੀਂ ਬਲਕਿ ਸੁਧਾਰਨਾ ਹੈ, ਇਸ ਲਈ ਅਨੁਸ਼ਾਸਨ ਅਧੀਨ ਵਿਅਕਤੀ ਦੇ ਰਿਸ਼ਤੇਦਾਰਾਂ ਨੂੰ ਉਸ ਨਾਲ ਮਿਲਦੇ-ਜੁਲਦੇ ਰਹਿਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਇਸ ਦੀ ਇੱਕ ਉਦਾਹਰਣ ਇਹ ਹੋ ਸਕਦੀ ਹੈ ਕਿ ਸ਼ਰਾਬੀ ਹੋਣ ਦੇ ਲਈ ਅਨੁਸ਼ਾਸਿਤ ਕੀਤੇ ਜਾ ਰਹੇ ਵਿਅਕਤੀ ਦਾ ਭਰਾ ਉਸ ਦੇ ਲਈ ਆਦਰਸ਼ ਬਣੇ। ਇੱਕ ਵਿਭਚਾਰੀ ਹੋਣ ਲਈ ਅਨੁਸ਼ਾਸਿਤ ਕੀਤੇ ਜਾ ਰਹੇ ਪੁੱਤਰ ਦੀ ਮਾਂ ਤੋਂ ਇਹ ਉਮੀਦ ਨਾ ਕੀਤੀ ਜਾਵੇ ਕਿ ਉਹ ਉਸ ਨਾਲ ਮਾਂ ਹੋਣ ਦਾ ਰਿਸ਼ਤਾ ਤੋੜ ਦੇਵੇ। ਅਜਿਹੇ ਰਿਸ਼ਤੇ ਤਣਾਅ ਨਾਲ ਭਰੇ ਜਾਂਦੇ ਹਨ ਅਤੇ ਉਹਨਾਂ ਨੂੰ ਕਾਇਮ ਰੱਖਣਾ ਮੁਸ਼ਕਲ ਹੋ ਸਕਦਾ ਹੈ, ਅਤੇ ਹੋ ਸਕਦਾ ਹੈ ਕਿ ਗੰਭੀਰ ਪਾਪ ਦੇ ਕਾਰਨ ਪਰਿਵਾਰਕ ਰਿਸ਼ਤੇ ਟੁੱਟ ਜਾਣ। ਇੱਥੇ ਮੁੱਖ ਗੱਲ ਇਹ ਹੈ ਕਿ ਕਲੀਸਿਯਾ ਨੂੰ ਅਨੁਸ਼ਾਸਿਤ ਕੀਤੇ ਜਾ ਰਹੇ ਵਿਅਕਤੀ ਦੇ ਪਰਿਵਾਰ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ (ਜਦੋਂ ਤੱਕ ਇਹ ਮਾਮਲਾ ਖ਼ਤਰਨਾਕ ਨਹੀਂ ਹੁੰਦਾ ਹੈ, ਜਿਵੇਂ ਕਿ ਬੱਚਿਆਂ ਦਾ ਸ਼ੋਸ਼ਣ ਜਾਂ ਕੋਈ ਗੰਭੀਰ ਕਾਨੂੰਨੀ ਅਪਰਾਧ)। ਜੇਕਰ ਇੱਕ ਪਰਿਵਾਰ ਸਮੱਸਿਆ ਦਾ ਹੱਲ ਕਰ ਸਕਦਾ ਹੈ, ਤਾਂ ਕਲੀਸਿਯਾ ਇਹ ਨਾ ਮੰਨ ਲਵੇ ਕਿ ਦੋਸ਼ੀ ਵਿਅਕਤੀ ਨੂੰ ਸੰਗਤ ਤੋਂ ਦੂਰ ਰੱਖਣ ਦੇ ਮਾਮਲੇ ਵਿੱਚ ਪਰਿਵਾਰ ਨੂੰ ਵੀ ਉਸ ਨਾਲ ਸੰਗਤ ਤੋਂ ਦੂਰ ਰਹਿਣਾ ਚਾਹੀਦਾ ਹੈ। ਹਾਲਾਂਕਿ ਉਸ ਦਾ ਪਾਪ ਇੰਨਾ ਗੰਭੀਰ ਹੋ ਸਕਦਾ ਹੈ ਕਿ ਪਰਿਵਾਰਕ ਰਿਸ਼ਤੇ ਟੁੱਟ ਜਾਣ, ਪਰ ਇਹ ਕਲੀਸਿਯਾ ਦਾ ਮਾਮਲਾ ਨਹੀਂ ਹੈ ਬਲਕਿ ਪਰਿਵਾਰਕ ਮਾਮਲਾ ਹੈ ਕਿ ਕੀ ਉਹ ਰਿਸ਼ਤੇ ਨੂੰ ਕਾਇਮ ਰੱਖਣਾ ਚਾਹੁੰਦੇ ਹਨ ਜਾਂ ਨਹੀਂ।

### d. ਕਲੀਸਿਯਾ ਅਨੁਸ਼ਾਸਨ ਦੇ ਬਾਰੇ ਸਿੱਟੇ

ਉਪਦੇਸ਼ਕ 8:11 ਇਹ ਸਿਖਾਉਂਦਾ ਹੈ ਕਿ ਇੱਕ ਅਪਰਾਧ ਦੇ ਅਨੁਸ਼ਾਸਨ ਦੀ ਪ੍ਰਕਿਰਿਆ ਤੁਰੰਤ ਹੋਣੀ ਚਾਹੀਦੀ ਹੈ, ਨਹੀਂ ਤਾਂ ਇਹ ਹੋਰ ਬੁਰਾਈਆਂ ਨੂੰ ਘਟਾਉਣ ਵਿੱਚ ਅਸਫਲ ਰਹੇਗੀ। ਬਾਈਬਲ ਅਜਿਹੇ ਪਾਪਾਂ ਦੇ ਮਾਮਲੇ ਵਿੱਚ ਅਨੁਸ਼ਾਸਿਤ ਕਰਨ ਦੀ ਮੰਗ ਕਰਦੀ ਹੈ ਜੋ ਗੰਭੀਰ ਅਤੇ ਤੋਬਾ ਨਾ ਕੀਤੇ ਗਏ ਹੁੰਦੇ ਹਨ। ਅਨੁਸ਼ਾਸਨ ਕਰਨ ਦੀ ਪ੍ਰਕਿਰਿਆ ਨੂੰ ਜਲਦੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ।

## F. ਕਲੀਸਿਯਾ ਦਾ ਇਤਿਹਾਸ – ਸੰਪਰਦਾਵਾਂ

ਕਲੀਸਿਯਾ ਦੇ ਇਤਿਹਾਸ ਦੇ ਬਾਰੇ ਕੋਈ ਵੀ ਵਿਸਤ੍ਰਿਤ ਅਧਿਐਨ ਇੱਥੇ ਠੀਕ ਨਹੀਂ ਹੋਵੇਗਾ। ਫਿਰ ਵੀ, ਵੱਖ-ਵੱਖ ਸੰਪਰਦਾਵਾਂ ਦੇ ਬਾਰੇ ਕੁਝ ਬੁਨਿਆਦੀ ਜਾਣਕਾਰੀ ਦੇਣਾ ਮਦਦਗਾਰ ਹੋ ਸਕਦਾ ਹੈ। ਇਹ ਨਾ ਸਿਰਫ਼ ਅਕਾਦਮਿਕ ਜਾਣਕਾਰੀ ਦੇ ਲਈ ਬਲਕਿ ਅਲੱਗ ਹੋਣ ਦੇ ਮਾਮਲੇ ਵਿੱਚ ਇੱਕ ਸਥਾਨਕ ਕਲੀਸਿਯਾ ਦੇ ਲਈ ਵੀ ਮਦਦਗਾਰ ਸਾਬਤ ਹੋਵੇਗਾ।

ਇਹ ਸੱਚ ਹੈ ਕਿ ਕੁਝ ਪਹਿਲੀਆਂ ਸਦੀਆਂ ਤੱਕ ਸ਼ੁਰੂਆਤੀ ਕਲੀਸਿਯਾ ਕੈਥੋਲਿਕ (*ਭਾਵ ਵਿਸ਼ਵ-ਵਿਆਪੀ*) ਸੀ। ਪਰ, ਇਹ ਯਕੀਨੀ ਤੌਰ ਤੇ ਰੋਮਨ ਕੈਥੋਲਿਕ ਨਹੀਂ ਸੀ। ਇੱਕ ਮੂਲ ਰੂਪ ਵਿੱਚ, ਕਈ ਸ਼ਹਿਰ ਮਸੀਹੀ ਅਧਿਕਾਰ ਦੇ ਕੇਂਦਰ ਬਣ ਗਏ ਸਨ: ਯਰੂਸ਼ਲਮ, ਅੰਤਾਕਿਯਾ, ਕੁਸਤੁਨਤੁਨੀਆ, ਸਿਕੰਦਰੀਆ, ਅਤੇ ਰੋਮ। ਜਦੋਂ ਵਿਦੇਸ਼ੀ ਝੁੰਡਾਂ ਨੇ ਇਟਲੀ ਉੱਤੇ ਹਮਲੇ ਕਰਨ ਸ਼ੁਰੂ ਕੀਤੇ, ਤਾਂ ਰੋਮ ਦੀ ਕਲੀਸਿਯਾ ਦੇ ਆਗੂ ਵੱਧਦੇ ਹੋਏ ਧਰਮ-ਨਿਰਪੱਖ ਅਧਿਕਾਰ ਦੇ ਨਾਲ ਸੱਤਾ ਦੇ ਖੇਤਰ

ਵਿੱਚ ਕਦਮ ਰੱਖਣ ਲੱਗੇ। ਇਸ ਤੋਂ ਇਲਾਵਾ, ਰੋਮ ਦਾ ਦਬਦਬਾ ਮੁਸਲਿਮ ਸੰਘਰਸ਼ਾਂ ਜਾਂ ਅਜਿਹੇ ਹੋਰ ਸ਼ਹਿਰਾਂ ਨੂੰ ਧਮਕੀਆਂ ਦੇਣ ਨਾਲ ਵਧਿਆ ਜਿੱਥੇ ਮਸੀਹੀ ਆਗੂ ਰੋਮ ਦੇ ਅਧਿਕਾਰ ਨੂੰ ਚੁਣੌਤੀ ਦੇ ਸਕਦੇ ਸਨ। ਇਸ ਤਰ੍ਹਾਂ, ਅੰਤਾਕਿਯਾ, ਸਿਕੰਦਰੀਆ, ਅਤੇ ਯਰੂਸ਼ਲਮ ਨੂੰ ਮੁਸਲਮਾਨਾਂ ਨੇ ਆਪਣੇ ਅਧੀਨ ਕਰ ਲਿਆ। ਕੁਸਤੁਨਤੁਨੀਆ ਸ਼ਹਿਰ ਕਮਜ਼ੋਰ ਹੋ ਗਿਆ ਸੀ, ਪਰ ਇਹ ਕਦੇ ਵੀ ਪੂਰੀ ਤਰ੍ਹਾਂ ਰੋਮ ਦੇ ਅਧੀਨ ਨਹੀਂ ਹੋਇਆ ਸੀ।

ਰੋਮਨ ਕੈਥੋਲਿਕ ਚਰਚ ਦੀ ਸ਼ੁਰੂਆਤ ਬਾਰੇ ਪ੍ਰੋਟੈਸਟੈਂਟ ਇਤਿਹਾਸਕਾਰ ਸ਼ਾਇਦ ਸਹਿਮਤ ਨਹੀਂ ਹੋਣਗੇ। ਰੋਮ ਦੀ ਕਲੀਸਿਯਾ ਯਕੀਨਨ ਹੀ ਰਸੂਲਾਂ ਦੇ ਸਮੇਂ ਵਿੱਚ ਸ਼ੁਰੂ ਹੋਈ ਸੀ। ਕੁਝ ਲੋਕ ਇਸ ਨੂੰ ਕੈਥੋਲਿਕ ਪੰਥ ਦੀ ਸ਼ੁਰੂਆਤ ਦੇ ਰੂਪ ਵਿੱਚ ਵੀ ਦੇਖ ਸਕਦੇ ਹਨ। ਪਰ, ਇਹ ਵੀ ਸਪੱਸ਼ਟ ਹੈ ਕਿ ਪੂਰਬ ਵਿੱਚ ਮਸੀਹਤ ਦੇ ਵਿਰੋਧੀ ਕੇਂਦਰਾਂ ਉੱਤੇ ਮੁਸਲਮਾਨਾਂ ਦੀ ਜਿੱਤ ਤੋਂ ਬਾਅਦ ਹੀ ਰੋਮ ਵਿੱਚ ਮਸੀਹਤ ਨੂੰ ਪ੍ਰਾਥਮਿਕਤਾ ਮਿਲਣ ਲੱਗੀ ਸੀ। ਕੁਝ ਲੋਕ ਇਹ ਮੰਨਦੇ ਹਨ ਕਿ ਰੋਮਨ ਕੈਥੋਲਿਕ ਕਲੀਸਿਯਾ ਦੇ ਮੌਜੂਦਾ ਰੂਪ ਦੀ ਸ਼ੁਰੂਆਤ ਉਦੋਂ ਤੱਕ ਨਹੀਂ ਹੋਈ ਸੀ ਜਦੋਂ ਤੱਕ ਇਹ ਦੂਜੇ ਮਸੀਹੀ ਕੇਂਦਰਾਂ ਦੇ ਵਿਨਾਸ਼ ਦੇ ਕਾਰਨ ਦੁਨੀਆਂ ਦੀ ਸਭ ਤੋਂ ਸ਼ਕਤੀਸ਼ਾਲੀ ਕਲੀਸਿਯਾ ਨਹੀਂ ਬਣੀ ਸੀ।

ਪ੍ਰੋਟੈਸਟੈਂਟ ਕਲੀਸਿਯਾ ਭ੍ਰਿਸ਼ਟ ਰੋਮਨ ਕੈਥੋਲਿਕ ਪ੍ਰਣਾਲੀ ਦੇ ਵਿਰੁੱਧ ਇਹਨਾਂ ਤਿੰਨ ਬੁਨਿਆਦੀ ਮੁੱਦਿਆਂ ਦੇ ਆਧਾਰ ਤੇ ਪੈਦਾ ਹੋਈ: *ਸੋਲਾ ਫਿਡੇ* (ਮੁਕਤੀ ਸਿਰਫ਼ ਵਿਸ਼ਵਾਸੀ ਦੁਆਰਾ ਹੈ), ਅੰਤਿਮ ਅਧਿਕਾਰ ਦੇ ਰੂਪ ਵਿੱਚ ਕਲੀਸਿਯਾ ਪਰੰਪਰਾ ਨਹੀਂ ਬਲਕਿ *ਸੋਲਾ ਸਕ੍ਰਿਪਚੁਆ* (ਸਿਰਫ਼ ਬਾਈਬਲ), ਅਤੇ ਵਿਸ਼ਵਾਸੀ ਦਾ ਜਾਜਕ ਹੋਣਾ (ਅਰਥਾਤ, ਹਰੇਕ ਵਿਸ਼ਵਾਸੀ ਦੀ ਪਰਮੇਸ਼ਰ ਦੇ ਕੋਲ ਇੱਕੋ-ਜਿਹੀ ਪਹੁੰਚ ਹੈ ਅਤੇ ਉਸ ਨੂੰ ਕਿਸੇ ਮਨੁੱਖੀ ਵਿਚੋਲੇ ਦੇ ਸਾਹਮਣੇ ਪਾਪ ਦਾ ਇਕਰਾਰ ਕਰਨ ਦੀ ਲੋੜ ਨਹੀਂ ਹੈ)।

ਰੇਫੋਰਮੇਸ਼ਨ ਦੇ ਚਾਰ ਮੁੱਖ ਸਮੂਹ ਸਨ: ਲੂਥਰਨ, ਕੈਲਵਿਨਿਸਟ, ਐਂਗਲੀਕਨ (ਚਰਚ ਆਫ ਇੰਗਲੈਂਡ), ਅਤੇ ਐਨਾਬੈਪਟਿਸਟ (ਮੈਨੋਨਿਸਟ ਅਤੇ ਬੈਪਟਿਸਟ)। ਸੰਯੁਕਤ ਰਾਜ ਅਮਰੀਕਾ ਦੇ ਬਹੁਤ ਸਾਰੀਆਂ ਸੰਪਰਦਾਵਾਂ ਦਾ ਘਰ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਇੱਥੇ ਬਹੁਤ ਸਾਰੇ ਨਸਲੀ ਸਮੂਹ ਘੁਲਮਿਲ ਗਏ ਹਨ। ਯੂਰਪੀਅਨ ਲੋਕ ਆਪਣੀਆਂ ਸੰਪਰਦਾਵਾਂ ਨੂੰ ਲੈ ਕੇ ਆਏ, ਅਤੇ ਉਹਨਾਂ ਵਿੱਚੋਂ ਬਹੁਤ ਸਾਰੇ ਅਜੇ ਵੀ ਨਾ ਸਿਰਫ਼ ਸਿਧਾਂਤਕ ਬਲਕਿ ਨਸਲੀ ਗੱਲਾਂ ਕਾਰਨ ਵੱਖਰੇ ਹਨ (ਜਿਵੇਂ ਕਿ, ਡੱਚ ਫੇਰੋਰਮਰ ਅਤੇ ਆਰਥੋਡਾਕਸ ਪ੍ਰੈਸਬੈਟੀਰੀਅਨ ਕਲੀਸਿਯਾਵਾਂ ਜੋ ਸਿਧਾਂਤ ਉੱਤੇ ਅਕਸਰ ਸਹਿਮਤ ਹੁੰਦੀਆਂ ਹਨ ਪਰ ਫਿਰ ਵੀ ਵੱਖਰੀਆਂ ਹਨ। ਇੱਕ ਡੱਚ ਹੈ ਅਤੇ ਦੂਜੀ ਸਕਾਟਿਸ਼-ਇੰਗਲਿਸ਼ ਹੈ)।

ਅਗਲੇ ਪੇਜ਼ ਵਿੱਚ ਦਿੱਤਾ ਚਾਰਟ ਰੇਫੋਰਮੇਸ਼ਨ ਦੇ ਸਮੇਂ ਤੋਂ ਪ੍ਰੋਟੈਸਟੈਂਟ ਕਲੀਸਿਯਾਵਾਂ ਦੇ ਇਤਿਹਾਸਕ ਸੰਬੰਧਾਂ ਨੂੰ ਦਰਸਾਉਂਦਾ ਹੈ

### G. ਕਲੀਸਿਯਾ ਦੇ ਅਧਿਐਨ ਦੇ ਬਾਰੇ ਸਿੱਟਾ

ਮਸੀਹ ਵਿੱਚ ਵਿਸ਼ਵਾਸ ਕਰਨ ਵਾਲੇ, ਭਾਵੇਂ ਕਿਸੇ ਵੀ ਸੰਪਰਦਾ ਤੋਂ ਹੋਣ, ਉਹ ਵਿਸ਼ਵ-ਵਿਆਪੀ ਕਲੀਸਿਯਾ ਦੇ ਸਥਾਈ ਸਦੱਸ ਹਨ। ਰੈਪਚਰ ਦੇ ਵੇਲੇ, ਪਰਮੇਸ਼ਰ ਮਸੀਹ ਦੀ ਲਾੜੀ ਦੇ ਰੂਪ ਵਿੱਚ ਇੱਕ ਬਰਕਤ ਵਾਲੇ ਸਦੀਪਕ ਸਮੇਂ ਦੇ ਲਈ ਵਿਸ਼ਵ-ਵਿਆਪੀ ਕਲੀਸਿਯਾ ਨੂੰ ਇੱਕ ਕਰਨਗੇ। ਉਦੋਂ ਤੱਕ, ਕਲੀਸਿਯਾ ਦਾ ਇੱਕ ਹਿੱਸਾ ਸਵਰਗ ਵਿੱਚ ਰਹੇਗਾ, ਅਤੇ ਜਿਹੜੇ "ਜਿਊਂਦੇ ਅਤੇ ਬਚੇ" ਹੋਏ ਹਨ, ਉਹਨਾਂ ਨੂੰ ਸੱਚ ਪ੍ਰਤੀ ਵਫ਼ਾਦਾਰ ਰਹਿਣਾ ਚਾਹੀਦਾ ਹੈ, ਅਤੇ ਕਲੀਸਿਯਾ ਦੇ ਲਈ ਪਰਮੇਸ਼ਰ ਦੇ ਮਿਸ਼ਨ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਕਰਨ ਦੇ ਲਈ ਉਤਸ਼ਾਹ ਅਤੇ ਉਮੀਦ ਪ੍ਰਭੂ ਦੇ ਇਸ ਵਾਅਦੇ ਤੋਂ ਆਉਂਦੀ ਹੈ: "ਮੈਂ **ਆਪਣੀ ਕਲੀਸਿਯਾ** ਬਣਾਵਾਂਗਾ ਅਤੇ ਇਸ ਨੂੰ ਮੌਤ ਵੀ ਹਿਲਾ ਨਾ ਸਕੇਗੀ" (ਮੱਤੀ 16:18)।

**ਸੰਪਰਦਾਇਕ ਮੂਲ**

| | | |
|---|---|---|
| **ਲੂਥਰਨ (ਲੂਥਰ) ਜਰਮਨੀ, ਸਕੈਂਡੇਨੇਵੀਆ** | ਅਮਰੀਕਾ ਵਿੱਚ ਲੂਥਰਨ ਚਰਚ<br>ਮਿਸੂਰੀ ਸਿਨੈਡ<br>ਅਮਰੀਕਨ ਲੂਥਰਨ ਚਰਚ<br>ਵਿਸਕਾਨਸਿਨ ਇਵੈਂਜਲੀਕਲ ਲੂਥਰਨ ਸਿਨੈਡ<br>ਮੋਰਾਵੀਅਨ | ਜਰਮਨੀ, ਨਾਰਵੇ, ਸਵੀਡਨ, ਡੈਨਮਾਰਕ ਆਦਿ ਦੇ ਵੱਖ-ਵੱਖ ਪੁਰਾਣੇ ਸੰਸਾਰ ਦੇ ਲੂਥਰਨ ਸਮੂਹਾਂ ਦੇ ਅਮਰੀਕੀ ਸੰਯੋਗ ਹਨ। |
| **ਕੈਲਵਿਨਵਾਦ (ਕੈਲਵਿਨ) ਜਰਮਨੀ, ਹਾਲੈਂਡ, ਸਕਾਟਲੈਂਡ, ਸਵਿਟਜ਼ਰਲੈਂਡ** | ਅਮਰੀਕਾ ਵਿੱਚ ਰਿਫਾਰਮਡ ਚਰਚ (ਡੱਚ)<br>ਉੱਤਰੀ ਅਮਰੀਕਾ ਵਿੱਚ ਕ੍ਰਿਸਚੀਅਨ ਰਿਫਾਰਮਡ ਚਰਚ (ਡੱਚ)<br>ਇਵੈਂਜਲੀਕਲ ਅਤੇ ਰਿਫਾਰਮਡ ਚਰਚ (ਜਰਮਨ), 1961 ਵਿੱਚ ਕਲੀਸਿਯਾਈ ਚਰਚ ਨਾਲ ਮਿਲ ਕੇ ਯੂਨਾਈਟਿਡ ਚਰਚ ਆਫ਼ ਕ੍ਰਾਈਸਟ ਬਣਿਆ | |
| **ਮਸੀਹ ਦੇ ਚੇਲੇ (ਡਿਸਾਈਪਲਸ ਆਫ਼ ਕ੍ਰਾਈਸਟ)** | ਪ੍ਰੈਸਬੀਟੇਰੀਅਨ (ਸਕਾਟਲੈਂਡ – ਨੈਕਸ)<br>ਪ੍ਰੈਸਬੀਟੇਰੀਅਨ ਚਰਚ (ਅਮਰੀਕਾ) | |
| **ਮਸੀਹ ਦੀਆਂ ਕਲੀਸਿਯਾਵਾਂ (ਚਰਚਿਜ਼ ਆਫ਼ ਕ੍ਰਾਈਸਟ)** | ਅਮਰੀਕਾ ਵਿੱਚ ਪ੍ਰੈਸਬੀਟੇਰੀਅਨ ਚਰਚ<br>ਆਰਥੋਡਾਕਸ ਪ੍ਰੈਸਬੀਟੇਰੀਅਨ ਚਰਚ<br>ਪ੍ਰੈਸਬੀਟੇਰੀਅਨ ਬਾਈਬਲ ਚਰਚ | ਯੂਰਪ ਵਿੱਚ ਹਾਲੇ ਵੀ ਕਈ ਪ੍ਰੈਸਬੀਟੇਰੀਅਨ ਅਤੇ ਰਿਫਾਰਮਡ ਸਮੂਹ ਹਨ। ਆਰਮੀਨੀਅਸ ਸਦੀਪਕ ਸੁਰੱਖਿਆ (ਅਨਾਦਿ ਬਚਾਓ) ਨੂੰ ਨਾ ਮੰਨਦੇ ਹੋਏ ਡੱਚ ਰਿਫਾਰਮਡ ਚਰਚ ਤੋਂ ਵੱਖ ਹੋ ਗਿਆ। ਉਸ ਨੇ ਜੌਹਨ ਵੈਸਲੀ ਨੂੰ ਪ੍ਰਭਾਵਿਤ ਕੀਤਾ। |

| | |
|---|---|
| **ਚਰਚ ਆਫ਼ ਇੰਗਲੈਂਡ (ਐਂਗਲੀਕਨ) ਕਰੈਨਮਰ, ਲੈਟੀਮਰ, ਜਵੈਲ, ਟਿੰਡੇਲ** | ਐਪਿਸਕੋਪਲ (ਅਮਰੀਕਾ) |
| | ਅਫ਼ਰੀਕਨ ਮੈਥੋਡਿਸਟ ਐਪਿਸਕੋਪਲ ਚਰਚ |
| | ਕੁਏਕਰ |
| | ਪਿਊਰਿਟਨ, ਕਲੀਸਿਯਾਈ, ਸੁਤੰਤਰ (ਇੰਡੀਪੈਂਡੈਂਟਸ) |
| | ਨਾਜ਼ਰੀਨ |
| | ਮੈਥੋਡਿਸਟ (ਵੈਸਲੀ) ਆਰਮੀਨੀਅਸ ਤੋਂ ਪ੍ਰਭਾਵਿਤ |

| | |
|---|---|
| **ਮੈਥੋਡਿਸਟ ਤੋਂ** | ਅਫ਼ਰੀਕਨ ਮੈਥੋਡਿਸਟ ਐਪਿਸਕੋਪਲ ਜ਼ੀਓਨ ਚਰਚ |
| | ਯੂਨਾਈਟਿਡ ਮੈਥੋਡਿਸਟ (1968 ਵਿੱਚ ਮੈਥੋਡਿਸਟ ਅਤੇ ਇਵੈਂਜਲੀਕਲ ਯੂਨਾਈਟਿਡ ਬ੍ਰੈਦਰਨ ਦੇ ਸੰਯੋਗ ਨਾਲ ਬਣਿਆ) |
| | ਫ੍ਰੀ ਮੈਥੋਡਿਸਟ |
| | ਵੈਸਲੀਅਨ ਚਰਚ |
| | ਸਾਲਵੇਸ਼ਨ ਆਰਮੀ (ਮੁਕਤੀ ਫੌਜ) |
| | ਇਵੈਂਜਲੀਕਲ ਮੈਥੋਡਿਸਟ |

| | |
|---|---|
| **ਐਨਾਬੈਪਟਿਸਟ (ਹਾਲੈਂਡ) ਜਰਮਨੀ, ਬਾਅਦ ਵਿੱਚ ਇੰਗਲੈਂਡ** | ਮੈਨੋਨਾਈਟ (ਡੱਚ ਮੇਨੋ ਸਿਮਨਜ਼) |
| | ਚਰਚ ਆਫ਼ ਦ ਬ੍ਰੈਦਰਨ |
| | ਚਰਚ ਆਫ਼ ਦ ਬ੍ਰੈਦਰਨ (ਜਰਮਨ) → ਗ੍ਰੇਸ ਬ੍ਰੈਦਰਨ |
| | ਬੈਪਟਿਸਟ (ਇੰਗਲੈਂਡ), ਡੱਚ ਮੈਨੋਨਾਈਟਾਂ ਅਤੇ ਅੰਗਰੇਜ਼ੀ ਕਲੀਸਿਯਾਈ (ਕਾਂਗ੍ਰੀਗੇਸ਼ਨਲ) ਦੋਵਾਂ ਤੋਂ ਪ੍ਰਭਾਵਿਤ |

ਅਮਰੀਕੀ ਮੂਲ ਦੇ ਸਮੂਹ: ਪੈਂਤੇਕੁਸਤਲ, ਅਸੈਂਬਲੀਜ਼ ਆਫ਼ ਗੌਡ, ਚਰਚ ਆਫ਼ ਗੌਡ (ਤਿੰਨ ਪ੍ਰਕਾਰ), ਕ੍ਰਿਸਚੀਅਨ ਮਿਸ਼ਨਰੀ ਅਲਾਇੰਸ, ਬਾਈਬਲ ਚਰਚਾਂ।

ਅਧਿਆਇ 12

# ਅੰਤ ਦੇ ਸਮੇਂ ਦਾ ਸਿਧਾਂਤ

**ਰੂਪ-ਰੇਖਾ**


I. ਜਾਣ-ਪਛਾਣ **381**

II. ਕਲੀਸਿਯਾ ਪ੍ਰਣਾਲੀ ਬਾਰੇ ਬਾਈਬਲ ਦੀਆਂ ਉਮੀਦਾਂ **386**

III. ਰੈਪਚਰ: ਇੱਕ ਜਾਇਜ਼ ਵਿਚਾਰ **388**

A. ਅਸੀਂ ਕਿਵੇਂ ਜਾਣਦੇ ਹਾਂ ਕਿ ਭਵਿੱਖ ਵਿੱਚ "ਬਿਪਤਾ ਦਾ ਸਮਾਂ" ਹੋਵੇਗਾ?

B. ਕੁਝ ਬਾਈਬਲ ਦੇ ਵਿਦਵਾਨ ਬਿਪਤਾ ਦੇ ਸਮੇਂ ਨੂੰ 7 ਸਾਲਾਂ ਦੇ ਸਮੇਂ ਦੇ ਰੂਪ ਵਿੱਚ ਕਿਉਂ ਦੇਖਦੇ ਹਨ? **389**

C. ਬਿਪਤਾ ਦੇ ਸਮੇਂ ਨੂੰ ਮਸੀਹ ਦੇ ਧਰਤੀ ਉੱਤੇ ਵਾਪਸ ਆਉਣ ਤੋਂ ਪਹਿਲਾਂ ਕਿਉਂ ਰੱਖਿਆ ਗਿਆ ਹੈ? **390**

D. ਰੈਪਚਰ ਅਤੇ ਮਸੀਹ ਦੇ ਦੁਬਾਰਾ ਆਉਣ ਵਿੱਚ ਫ਼ਰਕ ਕਰਨਾ ਕਿਉਂ ਜ਼ਰੂਰੀ ਹੈ? **391**

1. ਪਹਿਲਾ ਫ਼ਰਕ

a. ਪ੍ਰਭੂ ਆਪਣੇ ਪਵਿੱਤਰ ਲੋਕਾਂ ਨੂੰ ਬੱਦਲਾਂ ਜਾਂ ਸਵਰਗ ਉੱਤੇ ਅਪਣੇ ਕੋਲ ਲੈ ਜਾਣ ਲਈ ਆਉਣਗੇ।

b. ਜਦੋਂ ਪ੍ਰਭੂ ਵਾਪਸ ਆਉਣਗੇ, ਤਾਂ ਉਹ ਅਤੇ ਉਹਨਾਂ ਦੇ ਪਵਿੱਤਰ ਲੋਕ ਰਾਜ ਦਾ ਆਨੰਦ ਲੈਣ ਲਈ ਧਰਤੀ ਉੱਤੇ ਰਹਿਣਗੇ।

2. ਦੂਜਾ ਫ਼ਰਕ

a. ਪ੍ਰਭੂ ਦਾ ਵਾਪਸ ਆਉਣਾ ਕਿਸੇ ਵੀ ਸਮੇਂ ਹੋ ਸਕਦਾ ਹੈ

b. ਪ੍ਰਭੂ ਦਾ ਵਾਪਸ ਆਉਣਾ ਚਿਨ੍ਹ, ਚਮਤਕਾਰਾਂ, ਅਤੇ ਸ਼ੁਭ-ਸਮਾਚਾਰ ਦੇ ਵਿਸ਼ਵ-ਵਿਆਪੀ ਪ੍ਰਚਾਰ ਤੋਂ ਪਹਿਲਾਂ ਨਹੀਂ ਹੋਵੇਗਾ **392**

3. ਤੀਜਾ ਫ਼ਰਕ **393**

a. ਪ੍ਰਭੂ ਦਾ ਆਉਣਾ ਅਸਮਾਨ ਦੇ ਬੱਦਲਾਂ ਤੱਕ ਹੋਵੇਗਾ।

b. ਪ੍ਰਭੂ ਦਾ ਆਉਣਾ ਧਰਤੀ ਤੱਕ ਹੋਵੇਗਾ।

4. ਚੌਥਾ ਫ਼ਰਕ

a. ਪ੍ਰਭੂ ਦੀ ਵਾਪਸੀ ਦੇ ਸਮੇਂ ਵਿਸ਼ਵਾਸੀਆਂ ਨੂੰ ਪ੍ਰਭੂ ਵਰਗੇ ਮਹਿਮਾਮਈ ਸਰੀਰ ਮਿਲਣਗੇ।

b. ਪ੍ਰਭੂ ਵਾਪਸ ਆ ਕੇ ਇੱਕ ਰਾਜ ਦੀ ਸਥਾਪਨਾ ਕਰਨਗੇ, ਅਤੇ ਬਿਪਤਾ ਦੇ ਸਮੇਂ ਦੇ ਖ਼ਤਮ ਹੋਣ ਤੋਂ ਬਾਅਦ, ਪਵਿੱਤਰ ਲੋਕ ਫਿਰ ਤੋਂ ਧਰਤੀ ਨੂੰ ਆਬਾਦ ਕਰਨਗੇ। **394**

5. ਪੰਜਵਾਂ ਫ਼ਰਕ

a. ਪ੍ਰਭੂ ਆਪਣੇ ਸੰਤਾਂ ਨੂੰ ਮਿਲਣ ਲਈ ਵਾਪਸ ਆਉਣਗੇ

b. ਪ੍ਰਭੂ ਆਪਣੇ ਸੰਤਾਂ ਦੇ ਨਾਲ ਵਾਪਸ ਆਉਣਗੇ

IV. ਬਿਪਤਾ ਤੋਂ ਪਹਿਲਾਂ ਰੈਪਚਰ (ਪ੍ਰੀਟ੍ਰਿਬੂਲੇਸ਼ਨ ਰੈਪਚਰ) **395**

A. ਬਿਪਤਾ ਤੋਂ ਪਹਿਲਾਂ ਰੈਪਚਰ ਦਾ ਮੁੱਢਲਾ ਸਮਰਥਨ

1. ਰੈਪਚਰ ਬਹੁਤ ਨੇੜੇ ਹੈ

2. ਭੇਡਾਂ ਦੇ ਬੱਕਰੀਆਂ ਤੋਂ ਵੱਖ ਕੀਤੇ ਜਾਣਾ **396**

3. ਧਰਤੀ ਨੂੰ ਆਬਾਦ ਕਰਨ ਲਈ ਸੰਤ ਬਚੇ ਨਹੀਂ ਰਹਿਣਗੇ **397**

4. ਰੈਪਚਰ ਇੱਕ "ਮਹਾਨ ਆਸ" ਹੈ

5. ਪ੍ਰਕਾਸ਼ 3:10 ਕਲੀਸਿਯਾ ਨੂੰ ਬਿਪਤਾ ਤੋਂ ਬਚਾ ਲੈਣ ਦਾ ਵਾਅਦਾ ਕਰਦਾ ਹੈ।

B. ਬਿਪਤਾ ਤੋਂ ਪਹਿਲਾਂ ਰੈਪਚਰ ਦੇ ਪੱਖ ਲਈ ਗੈਰ ਸਮਰਥਨ **398**

1. ਕਲੀਸਿਯਾ ਪਰਮੇਸ਼ਰ ਦੇ ਕ੍ਰੋਧ ਤੋਂ ਮੁਕਤ ਹੈ।

2. ਪ੍ਰਕਾਸ਼ ਦੀ ਪੋਥੀ ਦੇ ਅਧਿਆਇ 4-18 ਵਿੱਚ ਕਲੀਸਿਯਾ ਸ਼ਬਦ ਦਾ ਕੋਈ ਹਵਾਲਾ ਨਹੀਂ ਮਿਲਦਾ ਹੈ **399**

3. ਕਲੀਸਿਯਾ ਦਾਨੀਏਲ ਦੇ ਪਹਿਲੇ 69 ਹਫ਼ਤਿਆਂ ਵਿੱਚ ਸ਼ਾਮਲ ਨਹੀਂ ਸੀ। ਇਸ ਲਈ, ਇਹ 70ਵੇਂ ਹਫ਼ਤੇ ਵਿੱਚ ਵੀ ਸ਼ਾਮਲ ਨਹੀਂ ਹੈ **400**

4. ਜੇਕਰ ਪ੍ਰਕਾਸ਼ 4:4 ਦੇ 24 ਬਜ਼ੁਰਗ ਆਗੂ ਕਲੀਸਿਯਾ ਨੂੰ ਦਰਸਾਉਂਦੇ ਹਨ, ਤਾਂ ਕਲੀਸਿਯਾ ਬਿਪਤਾ ਤੋਂ ਪਹਿਲਾਂ ਸਵਰਗ ਵਿੱਚ ਹੋਵੇਗੀ।

5. ਜੇਕਰ ਦੁਸ਼ਟਤਾ ਨੂੰ ਰੋਕਣ ਵਾਲੇ ਨੂੰ ਬਿਪਤਾ ਤੋਂ ਪਹਿਲਾਂ ਉਠਾਇਆ ਜਾਵੇਗਾ, ਤਾਂ ਕਲੀਸਿਯਾ ਨੂੰ ਵੀ ਉਠਾਏ ਜਾਣਾ ਚਾਹੀਦਾ ਹੈ।

6. ਇਸ ਗੱਲ ਦੀਆਂ ਉਦਾਹਰਣਾਂ ਕਿ ਪਰਮੇਸ਼ਰ ਸੰਸਾਰ ਉੱਤੇ ਸਜ਼ਾ ਭੇਜਣ ਤੋਂ ਪਹਿਲਾਂ ਵਿਸ਼ਵਾਸੀਆਂ ਨੂੰ ਹਟਾ ਦਿੰਦੇ ਹਨ। **401**

7. ਜੇਕਰ ਪ੍ਰਭੂ ਦਾ ਵਾਪਸ ਆਉਣਾ ਬਿਪਤਾ ਦੇ ਸੱਤ ਸਾਲਾਂ ਬਾਅਦ ਹੋਵੇਗਾ, ਤਾਂ ਫਿਰ ਇਹ ਸ਼ੁੱਧ ਕਰਨ ਵਾਲੀ ਆਸ ਨਹੀਂ ਰਹੇਗਾ।

C. ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਾਰ

V. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦਾ ਖੰਡਨ **402**

A. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦਾ ਐਡ ਹੋਮੀਨੇਮ ਤਰੀਕਾ

B. ਉਹਨਾਂ ਅਨੁਸਾਰ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਇੱਕ ਨਵਾਂ ਵਿਚਾਰ ਹੈ।

C. ਉਹ ਮਸੀਹ ਦੇ ਛੇਤੀ ਵਾਪਸ ਆਉਣ ਦੇ ਸਿਧਾਂਤ ਦਾ ਇਨਕਾਰ ਕਰਦੇ ਹਨ

1. ਸ਼ੁਰੂਆਤੀ ਕਲੀਸਿਯਾ ਨੇ ਛੇਤੀ ਹੋਣ ਵਾਲੇ ਰੈਪਚਰ ਨੂੰ ਮੰਨ ਨਹੀਂ ਸਕਦੀ ਸੀ
2. ਇੱਕ ਲੰਬੀ ਯਾਤਰਾ ਉੱਤੇ ਗਏ ਇੱਕ ਰਾਜਵੰਸ਼ੀ ਦੇ ਦ੍ਰਿਸ਼ਟਾਂਤ **403**
3. ਮਸੀਹ ਦੇ ਵਾਪਸ ਆਉਣ ਤੋਂ ਪਹਿਲਾਂ ਯਰੂਸ਼ਲਮ ਦਾ ਵਿਨਾਸ਼ ਹੋਣਾ ਜ਼ਰੂਰੀ ਹੈ।

D. ਪ੍ਰਕਾਸ਼ 3:10 ਬਿਪਤਾ ਦੇ ਸਮੇਂ ਵਿੱਚ ਕਲੀਸਿਯਾ ਨੂੰ ਉਠਾਉਣ ਦਾ ਨਹੀਂ ਪਰ ਸੁਰੱਖਿਅਤ ਰੱਖਣ ਦਾ ਵਾਅਦਾ ਕਰਦਾ ਹੈ।

E. ਕਿਉਂਕਿ ਮੁਰਦਿਆਂ ਦਾ ਜੀਅ ਉੱਠਣਾ ਬਿਪਤਾ ਤੋਂ ਬਾਅਦ ਹੈ ਅਤੇ ਰੈਪਚਰ ਜੀਅ ਉੱਠਣ ਦੇ ਸਮੇਂ ਹੋਣਾ ਹੈ ਇਸ ਲਈ ਇਹ ਜ਼ਰੂਰੀ ਹੈ ਕਿ ਰੈਪਚਰ ਬਿਪਤਾ ਦੇ ਅੰਤ ਵਿੱਚ ਹੋਵੇ

F. ਸ਼ੁਭ-ਸਮਾਚਾਰਾਂ ਵਿੱਚ ਘਟਨਾਵਾਂ ਦਾ ਕ੍ਰਮ ਹੈ: ਬਿਪਤਾ, ਮਸੀਹ ਦਾ ਆਗਮਨ, ਅਤੇ ਫਿਰ ਰਾਜ। **404**

G. ਪ੍ਰਕਾਸ਼ ਦੀ ਪੋਥੀ ਬਿਪਤਾ ਦੇ ਸਮੇਂ ਦੌਰਾਨ ਧਰਤੀ ਉੱਤੇ ਸੰਤਾਂ ਦੀ ਮੌਜੂਦਗੀ ਨੂੰ ਦਰਸਾਉਂਦੀ ਹੈ।

H. ਕਲੀਸਿਯਾ ਨਾਲ ਬਿਪਤਾ ਦਾ ਵਾਅਦਾ ਕੀਤਾ ਗਿਆ ਹੈ।

I. ਰੈਪਚਰ ਆਖ਼ਰੀ ਤੁਰ੍ਹੀ ਦੇ ਵਜਾਉਣ ਵੇਲੇ ਹੋਵੇਗਾ ਆਖ਼ਰੀ ਤੁਰ੍ਹੀ ਬਿਪਤਾ ਦੇ ਅੰਤ ਵਿੱਚ ਵਜਾਈ ਜਾਂਦੀ ਹੈ

J. ਸਾਰ **405**

VI. ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ

VII. ਅੰਸ਼ਕ ਰੈਪਚਰ ਦਾ ਵਿਚਾਰ **406**

A. ਅੰਸ਼ਕ ਰੈਪਚਰ ਅਤੇ ਪ੍ਰਕਾਸ਼ 3:10

B. ਰੈਪਚਰ ਦੇ ਬਾਰੇ ਸੰਮਲਿਤ ਬਿਆਨ **407**

C. 1 ਥੱਸਲੁਨੀਕੀਆਂ 5:9-10 ਦਾ ਵਾਅਦਾ

D. ਧਰਮ ਦੇ ਕੰਮਾਂ ਦੁਆਰਾ ਨਹੀਂ, ਪਰ ਕਿਰਪਾ ਦੁਆਰਾ ਮੁਕਤੀ ਦਾ ਕੰਮ ਪੂਰਾ ਹੋਇਆ ਹੈ **408**

E. ਸਾਰ

VIII. ਵਿਸ਼ਵਾਸੀਆਂ ਦਾ ਜੀਅ ਉੱਠਣਾ

A. ਜੀਅ-ਉੱਠਣ ਦੇ ਬਾਰੇ ਆਮ ਵਾਅਦੇ

B. ਜੀਅ-ਉੱਠੇ ਸਰੀਰ ਦਾ ਰੂਪ **410**

1. ਜੀਅ-ਉੱਠੇ ਸਰੀਰ ਦਾ ਮਸੀਹ ਦੇ ਸਰੀਰ ਦੀ ਸਮਾਨਤਾ ਵਿੱਚ ਹੋਣਾ
   a. ਭੋਜਨ ਖਾਣ ਦੀ ਯੋਗਤਾ
   b. ਮਾਸ ਅਤੇ ਹੱਡੀਆਂ ਦਾ ਸਰੀਰ
   c. ਬਿਨਾਂ ਕਿਸੇ ਰੁਕਾਵਟ ਦੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਦੀ ਯੋਗਤਾ **411**
2. ਜੀਅ-ਉੱਠੇ ਸਰੀਰ ਦੇ ਬਾਰੇ ਸਪੱਸ਼ਟ ਸਿੱਖਿਆਵਾਂ **411**
   a. ਨਿਰੰਤਰਤਾ ਅਤੇ ਬਦਲਾਵ
   b. ਸ਼ਖ਼ਸੀਅਤ ਅਤੇ ਵਿਭਿੰਨਤਾ **412**
   c. ਸਮੇਂ ਦੀ ਮਿਆਦ ਵਿੱਚ ਸੰਪੂਰਨਤਾ: ਇੱਕ ਅਮਰ ਸਰੀਰ
   d. ਦਿੱਖਣ ਵਿੱਚ ਸੰਪੂਰਨਤਾ **413**
   e. ਦ੍ਰਿੜਤਾ ਵਿੱਚ ਸੰਪੂਰਨਤਾ **414**
   f. ਆਤਮਿਕਤਾ ਵਿੱਚ ਸੰਪੂਰਨਤਾ
   g. ਵਿਆਹ ਅਤੇ ਬੱਚੇ
3. ਸਵਰਗ ਬਾਰੇ ਵਚਨਾਂ ਤੋਂ ਜੀਅ-ਉੱਠਣ ਦੇ ਬਾਰੇ ਸਿੱਟੇ **415**
   a. ਨਸਲੀ ਵਿਭਿੰਨਤਾ
   b. ਆਰਾਮ ਕਰਨ ਦੀ ਲੋੜ ਨਹੀਂ
   c. ਪ੍ਰਭੂ ਦਾ ਨਾਮ
   d. ਕੰਮ

IX. ਮਸੀਹ ਦੇ ਨਿਆਂ ਦਾ ਸਿੰਘਾਸਣ

A. ਮਸੀਹ ਦੇ ਨਿਆਂ ਦਾ ਸਮਾਂ **416**

B. ਮਸੀਹ ਦੇ ਨਿਆਂ ਦੇ ਸਿੰਘਾਸਣ ਦਾ ਸਥਾਨ

C. ਜੱਜ

D. ਜਿਹਨਾਂ ਦਾ ਨਿਆਂ ਹੋਵੇਗਾ **417**

E. ਨਿਆਂ ਦਾ ਆਧਾਰ

1. ਨਿਆਂ ਦੇ ਸਿੰਘਾਸਣ ਅੱਗੇ ਗ਼ੈਰ-ਜ਼ਰੂਰੀ ਮੁੱਦੇ
2. ਧਰਤੀ ਉੱਤੇ ਕੀਤੇ ਗਏ ਕੰਮ **418**
   a. ਆਮ ਕੰਮ
   b. ਕੰਮਾਂ ਦੀ ਮਾਤਰਾ ਨਹੀਂ ਪਰ ਗੁਣਵੱਤਾ **419**
   c. ਵਫ਼ਾਦਾਰੀ ਵਾਲੇ ਦਿਲ ਨਾਲ ਕੀਤੇ ਗਏ ਕੰਮ ਜੋ ਪਰਮੇਸ਼ਰ ਨੂੰ ਖ਼ਾਸ ਤੌਰ ਤੇ ਪ੍ਰਸੰਨ ਕਰਦੇ ਹਨ
      (1) ਅਨੰਤਕਾਲ ਤੱਕ ਰਹਿਣ ਵਾਲਾ ਮੁਕਟ
      (2) ਆਨੰਦ ਦਾ ਮੁਕਟ **420**
      (3) ਧਾਰਮਿਕਤਾ ਦਾ ਮੁਕਟ
      (4) ਜੀਵਨ ਦਾ ਮੁਕਟ
      (5) ਮਹਿਮਾ ਦਾ ਮੁਕਟ
   d. ਦੂਜੇ ਵਿਸ਼ਵਾਸੀਆਂ ਦੇ ਜੀਵਨ ਵਿੱਚ ਯੋਗਦਾਨ
3. ਵਿਸ਼ਵਾਸੀਆਂ ਦੇ ਕੰਮਾਂ ਦੇ ਨਿਆਂ ਲਈ ਮਿਆਰ **421**
   a. ਮਸੀਹੀ ਆਗੂਆਂ ਦਾ ਸਖ਼ਤੀ ਨਾਲ ਨਿਆਂ
   b. ਨਿਆਂ ਵਿੱਚ ਸਹੂਲਤ ਅਤੇ ਅਸਹੂਲਤ ਦੀਆਂ ਸਥਿਤੀਆਂ ਦਾ ਧਿਆਨ **422**
   c. ਪਰਮੇਸ਼ਰ ਚਰਿੱਤਰ ਉੱਤੇ ਜ਼ੋਰ ਦਿੰਦੇ ਹੋਏ ਨਿਆਂ ਕਰਨਗੇ

F. ਭਵਿੱਖ ਦੇ ਇਨਾਮਾਂ ਦਾ ਰੂਪ

1. ਇਨਾਮਾਂ ਦੇ ਮਾਪ

2. ਜੀਅ-ਉੱਠੇ ਸਰੀਰ ਵਿੱਚ ਪ੍ਰਗਟ ਹੋਣ ਵਾਲੀ ਮਹਿਮਾ
3. ਸੇਵਾ ਅਤੇ ਅਧਿਕਾਰ ਦੇ ਅਹੁਦੇ **423**
4. ਮੁਕਟ
5. ਇਨਾਮ ਦਾ ਨੁਕਸਾਨ/ਸ਼ਰਮਿੰਦਗੀ **424**

G. ਭਵਿੱਖ ਦਾ ਮੁਲਾਂਕਣ ਅਤੇ ਵਰਤਮਾਨ ਮੁਕਾਬਲਾ
H. ਨਿਆਂ ਦੇ ਸਿੰਘਾਸਣ ਤੋਂ ਮਿਲਣ ਵਾਲੀ ਪ੍ਰੇਰਨਾ

X. ਲੇਲੇ ਦੇ ਵਿਆਹ ਦਾ ਭੋਜ **425**
A. ਜਾਣ-ਪਛਾਣ
B. ਸਵਰਗ ਵਿੱਚ ਵਿਆਹ ਅਤੇ ਧਰਤੀ ਉੱਤੇ ਵਿਆਹ ਦੇ ਭੋਜ ਦੇ ਸਬੂਤ
C. ਸਵਰਗ ਵਿੱਚ ਜਾਂ ਧਰਤੀ ਉੱਤੇ ਵਿਆਹ ਦੇ ਭੋਜ ਦੇ ਅਨੁਕੂਲ ਵਚਨ **427**
D. ਸਵਰਗ ਵਿੱਚ ਵਿਆਹ ਅਤੇ ਧਰਤੀ ਉੱਤੇ ਵਿਆਹ ਦੇ ਭੋਜ ਵਿਚਕਾਰ ਅੰਤਰ ਬਾਰੇ ਸਿੱਟੇ **429**

XI. ਬਿਪਤਾ ਦਾ ਸਮਾਂ
A. ਬਿਪਤਾ ਦੇ ਦੌਰਾਨ ਪ੍ਰਮੁੱਖ ਗ਼ੈਰ-ਯਹੂਦੀ ਵਿਸ਼ਵ ਸ਼ਕਤੀਆਂ
1. ਰੋਮ ਦਾ ਪੁਨਰ-ਸੁਰਜੀਤ ਹੋਣਾ
a. ਦਾਨੀਏਲ ਦੀ ਭਵਿੱਖਬਾਣੀ ਦਾ 69ਵਾਂ ਹਫ਼ਤਾ ਰੋਮ ਦੇ ਇੱਕ ਵਿਸ਼ਵ ਸ਼ਕਤੀ ਬਣਨ ਦੇ ਨਾਲ ਖ਼ਤਮ ਹੋਇਆ
b. ਦਾਨੀ 9:26 ਦੀ ਭਵਿੱਖਬਾਣੀ
c. ਦਾਨੀ 2:36-45 ਅਤੇ 7:2-14, ਚਾਰ ਗ਼ੈਰ-ਯਹੂਦੀ ਵਿਸ਼ਵ ਸ਼ਕਤੀਆਂ **430**
d. ਪੁਨਰ-ਸੁਰਜੀਤ ਰੋਮ ਦਾ ਰੂਪ
(1) 10 ਰਾਜੇ
(2) ਛੋਟਾ ਸਿੰਗ ਤਾਨਾਸ਼ਾਹ ਬਣ ਜਾਂਦਾ ਹੈ
2. ਪੂਰਬ ਦੇ ਰਾਜੇ **431**
3. ਗੋਗ ਅਤੇ ਮਾਗੋਗ
a. ਉੱਤਰ ਦੇ ਦੂਰ ਦੇ ਹਿੱਸਿਆਂ ਤੋਂ
b. ਮਾਗੋਗ
c. ਰੋਸ਼ **432**
d. ਮੇਸ਼ੇਕ ਅਤੇ ਤੂਬਲ
e. ਫ਼ਾਰਸ, ਕੂਸ਼ ਅਤੇ ਪੂਟ **433**
f. ਗੋਮਰ
g. ਤੋਗਰਮਾਹ
h. ਸਿੱਟੇ
4. ਪੁਨਰ-ਸੁਰਜੀਤ ਬਾਬਲ **434**
a. ਸ਼ਾਬਦਿਕ ਵਿਆਖਿਆ
b. ਬਾਬਲ ਦੇ ਬਾਰੇ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ
(1) ਅਲੌਕਿਕ ਵਿਨਾਸ਼
(2) ਅੰਤ ਦੇ ਸਮੇਂ ਦੀ ਘਟਨਾ ਦੇ ਸੰਦਰਭ ਦੇ ਸੰਕੇਤ **435**
c. ਸਿੱਟੇ **436**
5. ਉੱਤਰ ਦਾ ਰਾਜਾ ਅਤੇ ਦੱਖਣ ਦਾ ਰਾਜਾ

B. ਮਸੀਹ-ਵਿਰੋਧੀ **437**
1. ਮਸੀਹ-ਵਿਰੋਧੀ ਦੀ ਸ਼ੁਰੂਆਤ
a. ਸਮਾਜਿਕ ਸ਼ੁਰੂਆਤ
b. ਭੂਗੋਲਿਕ ਜਾਂ ਰਾਸ਼ਟਰੀ ਸ਼ੁਰੂਆਤ
c. ਨਸਲੀ ਸ਼ੁਰੂਆਤ
d. ਆਤਮਿਕ ਸ਼ੁਰੂਆਤ **438**
e. ਪਰਮੇਸ਼ਰ ਦੁਆਰਾ ਸ਼ੁਰੂਆਤ
2. ਅੰਤ ਦੇ ਸਮੇਂ ਦੇ ਦੁਸ਼ਟ ਹਾਕਮ ਦੇ ਨਾਮ
a. ਨਿੱਕਾ ਜਿਹਾ ਸਿੰਗ
b. ਆਉਣ ਵਾਲਾ ਦੁਸ਼ਟ ਹਾਕਮ **439**
c. ਆਪਣੀ ਮਰਜ਼ੀ ਕਰਨ ਵਾਲਾ ਰਾਜਾ
d. ਦੁਸ਼ਟ ਮਨੁੱਖ, ਨਾਸ਼ ਦਾ ਪੁੱਤਰ
e. ਘਿਨਾਉਣੀ ਚੀਜ਼ **440**
f. ਪਸ਼ੂ
g. ਮਸੀਹ-ਵਿਰੋਧੀ
3. ਮਸੀਹ-ਵਿਰੋਧੀ ਦਾ ਵਿਸ਼ਵ ਦੇ ਹਾਕਮ ਦੇ ਰੂਪ ਵਿੱਚ ਪ੍ਰਗਟ ਹੋਣਾ **441**
a. ਸਮਾਂ
b. ਅਸਪੱਸ਼ਟ ਸ਼ੁਰੂਆਤ
c. ਇਸਰਾਏਲ ਨਾਲ ਸੰਧੀ
d. ਰੋਮੀ ਸਾਮਰਾਜ ਦੇ ਅੰਦਰ ਸੱਤਾ ਪ੍ਰਾਪਤ ਕਰਨਾ
e. ਮਸੀਹ-ਵਿਰੋਧੀ ਅਤੇ ਇਸਰਾਏਲ ਉੱਤੇ ਰੂਸ ਦਾ ਹਮਲਾ **442**
f. ਸੰਸਾਰ ਦੀ ਅੰਤਿਮ ਵਿਸ਼ਵ-ਸ਼ਕਤੀ **443**
g. ਮਸੀਹ-ਵਿਰੋਧੀ ਦੇ ਅਧਿਕਾਰ ਪਾਉਣ ਦੇ ਸਾਧਨ
4. ਮਸੀਹ-ਵਿਰੋਧੀ ਦੀ ਸ਼ਖਸੀਅਤ ਦੇ ਲੱਛਣ ਅਤੇ ਨੀਤੀਆਂ
a. ਇਸਰਾਏਲ ਨਾਲ ਸੰਧੀ ਤੋੜ ਦੇਵੇਗਾ
b. ਯਹੂਦੀਆਂ ਅਤੇ ਬਿਪਤਾ ਦੇ ਸਾਰੇ ਸੰਤਾਂ ਨਾਲ ਬਹੁਤ ਨਫ਼ਰਤ ਕਰੇਗਾ।
c. ਇੱਕ ਪ੍ਰਤਿਭਾਸ਼ਾਲੀ ਭਾਸ਼ਣਕਾਰ **445**
d. ਪਰਮੇਸ਼ਰ ਹੋਣ ਦਾ ਦਾਅਵਾ ਕਰੇਗਾ
e. ਮਸੀਹ-ਵਿਰੋਧੀ ਅਤੇ ਬਾਬਲ **446**
f. ਮਸੀਹ-ਵਿਰੋਧੀ ਬਾਰੇ ਹੋਰ ਵਿਭਿੰਨ ਤੱਥ
5. ਮਸੀਹ ਵਿਰੋਧੀ ਦੀ ਤਬਾਹੀ ਅਤੇ ਅੰਤ

C. ਬਿਪਤਾ ਦੇ ਸਮੇਂ ਦੀਆਂ ਲੜਾਈਆਂ **448**

1. ਮਾਗੋਗ ਦਾ ਇਸਰਾਏਲ ਉੱਤੇ ਹਮਲਾ
2. ਲੜਾਈ ਸੰਬੰਧੀ ਵਚਨ
   a. ਲੜਾਈਆਂ ਬਿਪਤਾ ਦੇ ਪਹਿਲੇ ਸਾਢੇ ਤਿੰਨ ਸਾਲਾਂ ਵਿੱਚ ਹੋਣਗੀਆਂ
   b. ਹਿਜ਼ਕੀਏਲ 38-39 ਤੋਂ ਪਹਿਲਾਂ ਦਾਨੀਏਲ 11:36ff ਦੀ ਲੜਾਈ ਦੇ ਹੋਣ ਦੀ ਸੰਭਾਵਨਾ ਨਹੀਂ
   c. ਇਸਰਾਏਲ ਉੱਤੇ ਰੂਸੀ ਹਮਲੇ ਤੋਂ ਬਾਅਦ ਦਾਨੀ 11:36ff ਦੀ ਲੜਾਈ ਦਾ ਹੋਣਾ ਵੀ ਅਸੰਭਵ ਲੱਗਦਾ ਹੈ।
   d. ਦਾਨੀਏਲ 11:36 ਨਾਲ ਹਿਜ਼ਕੀਏਲ ਦੇ ਗੋਗ ਦੇ ਹਮਲੇ ਨੂੰ ਜੋੜਨ ਦੇ ਸਿੱਟੇ
3. ਲੜਾਈ ਦਾ ਸਮਾਂ **449**
   a. ਇੱਕ ਆਮ ਸਮਾਂ
   b. ਇੱਕ ਖ਼ਾਸ ਭਵਿੱਖ ਦੇ ਸਮੇਂ ਵਿੱਚ ਰੂਸ ਦਾ ਇਸਰਾਏਲ ਉੱਤੇ ਹਮਲਾ
      (1) ਰੈਪਚਰ ਤੋਂ ਪਹਿਲਾਂ
      (2) ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ
      (3) ਹਜ਼ਾਰ ਸਾਲ ਦੇ ਅੰਤ ਵਿੱਚ **450**
      (4) ਬਿਪਤਾ ਦੌਰਾਨ: ਸ਼ਾਇਦ ਪਹਿਲੇ ਅੱਧ ਦੇ ਕਿਸੇ ਸਮੇਂ ਵਿੱਚ
4. ਲੜਾਈ ਦੇ ਨਤੀਜੇ **452**
5. ਹੱਥਿਆਰਾਂ ਬਾਰੇ ਸਵਾਲ **453**
6. ਅਰਮਾਗਿੱਦੋਨ ਦੀ ਲੜਾਈ
   a. ਸਥਾਨ **454**
   b. ਅਰਮਾਗਿੱਦੋਨ ਦੀ ਲੜਾਈ ਨਾਲ ਸੰਬੰਧਿਤ ਵਚਨ
   c. ਲੜਾਈ ਦਾ ਸਥਾਨ **456**
      (1) ਮਗਿੱਦੋ ਪਹਾੜੀ
      (2) ਯਹੋਸ਼ਾਫ਼ਾਤ ਦੀ ਘਾਟੀ
      (3) ਯਰੂਸ਼ਲਮ
      (4) ਅਦੋਮ
      (5) ਸਿੱਟਾ **457**
   d. ਅਰਮਾਗਿੱਦੋਨ ਵਿੱਚ ਹਿੱਸਾ ਲੈਣ ਵਾਲੇ
      (1) ਮਸੀਹ-ਵਿਰੋਧੀ ਦੀ ਅਗਵਾਈ ਅਧੀਨ ਵਿਸ਼ਵ ਦੀਆਂ ਸਾਰੀਆਂ ਕੌਮਾਂ
      (2) ਇਸਰਾਏਲ
      (3) ਮਸੀਹ ਪਰਮੇਸ਼ਰ ਦਾ ਲੇਲਾ
   e. ਸਮਾਂ **458**
   f. ਨਤੀਜਾ

D. ਬਿਪਤਾ ਦੇ ਸਮੇਂ ਦੌਰਾਨ ਪਰਮੇਸ਼ਰ ਅਤੇ ਉਹਨਾਂ ਦੇ ਸੰਤ **459**
   1. ਬਿਪਤਾ ਦੇ ਦੌਰਾਨ ਪਰਮੇਸ਼ਰ ਦਾ ਨਿਆਂ
   2. ਬਿਪਤਾ ਦੇ ਦੌਰਾਨ ਪੂਰੇ ਸੰਸਾਰ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ **460**
   3. ਬਿਪਤਾ ਦੇ ਸਮੇਂ ਵਿੱਚ ਸੰਤ **461**

XII. ਬਿਪਤਾ ਤੋਂ ਬਾਅਦ ਰਾਜ ਦੀ ਸ਼ੁਰੂਆਤ **462**

A. ਮਸੀਹ ਦਾ ਦੂਜੀ ਵਾਰ ਆਉਣਾ **463**
   1. ਮਸੀਹ ਦੇ ਦੁਬਾਰਾ ਆਉਣ ਦਾ ਸਮਾਂ
   2. ਸਥਾਨ **464**
   3. ਮਸੀਹ ਦੇ ਦੁਬਾਰਾ ਆਉਣ ਵਿੱਚ ਉਹਨਾਂ ਦੇ ਸਹਿਯੋਗ
      a. ਪਵਿੱਤਰ ਸਵਰਗਦੂਤ
      b. ਸੰਤ
   4. ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਦੇ ਹਾਲਾਤ
      a. ਯਰੂਸ਼ਲਮ ਦੀ ਬਰਬਾਦੀ
      b. ਬ੍ਰਹਿਮੰਡਲ ਵਿੱਚ ਕਰਾਮਾਤਾਂ
      c. ਮਸੀਹ ਦਾ ਮਹਿਮਾਮਈ ਢੰਗ ਨਾਲ ਆਉਣਾ **465**
      d. ਸੰਸਾਰ ਦੀ ਪ੍ਰਤੀਕਿਰਿਆ
      e. ਧਰਤੀ ਨੂੰ ਛੂਹਣਾ **466**
      f. ਨਿਰੰਤਰ ਵਿਦਰੋਹ
      g. ਬਿਨਾਂ ਯਤਨ ਦੇ ਜਿੱਤ
      h. ਸਵਰਗਦੂਤਾਂ ਦੁਆਰਾ ਸੁਰੱਖਿਆ, ਸ਼ੈਤਾਨੀ ਸਵਰਗਦੂਤਾਂ ਨੂੰ ਕੈਦ ਕਰਨਾ **467**
      i. ਤਬਦੀਲੀ ਦਾ ਸਮਾਂ **468**

B. ਪੁਰਾਣੇ ਨੇਮ ਅਤੇ ਬਿਪਤਾ ਦੇ ਸੰਤਾਂ ਦਾ ਜੀਅ-ਉੱਠਣਾ
   1. ਜੀਅ-ਉੱਠਣ ਤੋਂ ਜੀਵਨ ਅਤੇ ਜੀਅ-ਉੱਠਣ ਤੋਂ ਨਿਆਂ ਵਿਚਕਾਰ ਦਾ ਸਮਾਂ **469**
   2. ਦੋ ਪ੍ਰਕਾਰ ਦਾ ਜੀਅ-ਉੱਠਣਾ
   3. ਸੰਤਾਂ ਦੇ ਜੀਅ-ਉੱਠਣ ਦਾ ਸਮਾਂ
      a. ਕਲੀਸਿਯਾ
      b. ਬਿਪਤਾ ਵਿੱਚ ਸ਼ਹੀਦ ਹੋਏ ਸੰਤ **470**
      c. ਪੁਰਾਣੇ ਨੇਮ ਦੇ ਸੰਤ
      d. ਹਜ਼ਾਰ ਸਾਲ ਦੇ ਰਾਜ ਦੇ ਸੰਤ **471**

C. ਇਸਰਾਏਲ ਦਾ ਨਿਆਂ
   1. ਹਵਾਲੇ
   2. ਇਸਰਾਏਲ ਦੇ ਨਿਆਂ ਦੇ ਪਾਤਰ **472**
   3. ਜੀਵਿਤ ਇਸਰਾਏਲ ਦੇ ਨਿਆਂ ਦਾ ਸਮਾਂ
   4. ਜੀਵਿਤ ਇਸਰਾਏਲ ਦੇ ਨਿਆਂ ਦਾ ਸਥਾਨ ਅਤੇ ਉਦੇਸ਼ **473**
   5. ਇਸਰਾਏਲ ਦੇ ਨਿਆਂ ਦੇ ਨਤੀਜੇ
      a. ਨਕਾਰਾਤਮਕ ਨਤੀਜੇ
      b. ਸਕਾਰਾਤਮਕ ਨਤੀਜੇ **474**

D. ਕੌਮਾਂ ਦਾ ਨਿਆਂ

1. ਕੌਮਾਂ ਦੇ ਨਿਆਂ ਨਾਲ ਸੰਬੰਧਿਤ ਵਚਨ
2. ਕੌਮਾਂ ਦੇ ਲੋਕਾਂ ਦੇ ਨਿਆਂ ਦਾ ਸਮਾਂ **475**
3. ਕੌਮਾਂ ਦੇ ਲੋਕਾਂ ਦੇ ਨਿਆਂ ਦਾ ਸਥਾਨ
4. ਕੌਮਾਂ ਦੇ ਨਿਆਂ ਦੇ ਪਾਤਰ
5. ਉਦੇਸ਼ **476**
6. ਨਿਆਂ ਦਾ ਆਧਾਰ
7. ਕੌਮਾਂ ਦੇ ਨਿਆਂ ਦੇ ਨਤੀਜੇ **477**

E. ਰਾਜ ਵਿੱਚ ਅਧਿਕਾਰ ਦੀ ਨਿਯੁਕਤੀ

F. ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦੀਆਂ ਘਟਨਾਵਾਂ ਦਾ ਸਾਰ

XIII. ਮਸੀਹ ਦਾ ਧਰਤੀ ਉੱਤੇ ਰਾਜ **478**

A. ਅਬਰਾਹਾਮ ਨਾਲ ਨੇਮ ਅਤੇ ਮਸੀਹ ਦਾ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣਾ

1. ਬਾਈਬਲ ਦੇ ਵਚਨ
2. ਵਾਅਦਿਆਂ ਦੇ ਪ੍ਰਾਪਤਕਰਤਾ
   a. ਅਬਰਾਹਾਮ
   b. ਅਬਰਾਹਾਮ ਦੀ ਸੰਤਾਨ
   c. ਸਾਰੀਆਂ ਕੌਮਾਂ
3. ਅਬਰਾਹਾਮ ਨਾਲ ਨੇਮ ਦਾ ਰੂਪ **479**
   a. ਇੱਕ ਸ਼ਰਤ
   b. ਸਦੀਪਕ ਰੂਪ
   c. ਅਬਰਾਹਾਮ, ਇਸਹਾਕ ਅਤੇ ਯਾਕੂਬ ਦੀਆਂ ਅਸਫਲਤਾਵਾਂ **480**
   d. ਇੱਕ-ਪਾਸੇ ਦਾ ਨੇਮ **481**
   e. ਅਬਰਾਹਾਮ ਦੇ ਨੇਮ ਬਾਰੇ ਨਵੇਂ ਨੇਮ ਦੀ ਸਿੱਖਿਆ
   f. ਇਸਰਾਏਲ ਨਾਲ ਹੋਰ ਨੇਮਾਂ ਵਿੱਚ ਅਬਰਾਹਾਮ ਦੇ ਨੇਮ ਦਾ ਅੱਗੇ ਵਧਣਾ
   g. ਸ਼ਾਬਦਿਕ ਪੂਰਤੀ
   h. ਅਬਰਾਹਾਮ ਨਾਲ ਨੇਮ ਦਾ ਸਾਰ **482**

B. ਦਾਊਦ ਨਾਲ ਨੇਮ ਅਤੇ ਪ੍ਰੀ-ਮਿਲੇਨੀਅਲ ਵਿਚਾਰ

1. ਵਚਨ
2. ਵਾਅਦੇ
   a. ਅਸਥਾਈ ਵਾਅਦੇ
   b. ਸਦੀਪਕ ਵਾਅਦੇ
   c. ਦਾਊਦ ਨਾਲ ਨੇਮ ਅਤੇ ਵੰਸ਼ ਦਾ ਰਾਜ ਦੀ ਰੇਖਾ ਤੋਂ ਟੁੱਟਣਾ **484**
3. ਦਾਊਦ ਨਾਲ ਨੇਮ ਦਾ ਰੂਪ **485**
   a. ਨੇਮ ਨੂੰ ਸਦੀਪਕ ਦੱਸਿਆ ਗਿਆ ਹੈ
   b. ਨੇਮ ਦੀ ਇੱਕ ਨਾ ਬਦਲਣ ਵਾਲੀ ਸਹੁੰ ਨਾਲ ਪੁਸ਼ਟੀ ਕੀਤੀ ਗਈ
   c. ਪਾਪ ਤੋਂ ਬਾਅਦ ਨੇਮ ਦੀ ਮੁੜ ਪੁਸ਼ਟੀ ਕੀਤੀ ਗਈ **486**

C. ਨਵਾਂ ਨੇਮ ਅਤੇ ਪ੍ਰੀ-ਮਿਲੇਨੀਅਮ ਵਿਚਾਰ **487**

1. ਪਰਮੇਸ਼ਰ ਦੇ ਨਵੇਂ ਨੇਮ ਸੰਬੰਧਿਤ ਵਚਨ
2. ਨਵੇਂ ਨੇਮ ਵਿੱਚ ਕੀਤੇ ਗਏ ਵਾਅਦੇ **489**
   a. ਸਾਰੇ ਯਹੂਦੀਆਂ ਦੇ ਲਈ ਮੁਕਤੀ
   b. ਇੱਕ ਮੁਕਤੀਦਾਤਾ ਦੀ ਵਾਪਸੀ
   c. ਬਿਪਤਾ ਦੇ ਸਮੇਂ ਤੋਂ ਬਾਅਦ ਦੇਸ਼ ਦੀ ਸਦੀਪਕ ਬਹਾਲੀ
   d. ਭੌਤਿਕ ਬਰਕਤਾਂ **490**
   e. ਆਤਮਿਕ ਬਰਕਤਾਂ **491**
   f. ਨਵੇਂ ਨੇਮ ਦੇ ਪ੍ਰਬੰਧਾਂ ਦਾ ਸਾਰ
3. ਨਵੇਂ ਨੇਮ ਦਾ ਰੂਪ ਬਿਨਾਂ ਕਿਸੇ ਸ਼ਰਤ ਦੇ ਅਤੇ ਸਦੀਪਕ ਹੈ
4. ਕਲੀਸਿਯਾ ਅਤੇ ਨਵਾਂ ਨੇਮ **492**
   a. ਨਵਾਂ ਨੇਮ ਇਸਰਾਏਲ ਨਾਲ ਹੋਵੇਗਾ
   b. ਨਵੇਂ ਨੇਮ ਬਾਰੇ ਨਵੇਂ ਨੇਮ ਦੀਆਂ ਪੁਸਤਕਾਂ ਦੀ ਸਿੱਖਿਆ **493**
      (1) ਕਲੀਸਿਯਾ ਅਤੇ ਨਵੇਂ ਨੇਮ ਵਿਚਕਾਰ ਕੋਈ ਸਿੱਧਾ ਸੰਬੰਧ ਨਹੀਂ ਹੈ **494**
      (2) ਦੋ ਨਵੇਂ ਨੇਮ
      (3) ਇਸਰਾਏਲ ਦੇ ਨਾਲ ਭਵਿੱਖ ਦੀ ਪੁਸ਼ਟੀ
      (4) ਮੁਲਾਂਕਣ

D. ਸ਼ਾਬਦਿਕ ਵਿਆਖਿਆ ਅਤੇ ਪ੍ਰੀ-ਮਿਲੇਨੀਅਲ ਵਿਚਾਰ **495**

E. ਪ੍ਰੀ-ਮਿਲੇਨੀਅਲ ਵਿਚਾਰ ਪ੍ਰਤੀ ਅਮਿਲੇਨੀਅਲ ਵਿਚਾਰ ਦੇ ਇਤਰਾਜ਼

1. ਯਹੋਸ਼ੁਆ ਜਾਂ ਸੁਲੇਮਾਨ ਦੇ ਸਮੇਂ ਵਿੱਚ ਪੂਰਤੀ **496**
2. ਸਵਰਗ ਦੇ ਸਿੰਘਾਸਣ ਉੱਤੇ ਮਸੀਹ ਦੀ ਮੌਜੂਦਗੀ ਵਿੱਚ ਪੂਰਾ ਹੋਣਾ **498**
3. ਰੱਦ ਕੀਤੇ ਗਏ ਸ਼ਰਤਾਂ ਵਾਲੇ ਨੇਮ **500**
4. ਬਰਕਤਾਂ ਦੀ ਇਸਰਾਏਲ ਤੋਂ ਕਲੀਸਿਯਾ ਵਿੱਚ ਤਬਦੀਲੀ **502**
   a. ਕਲੀਸਿਯਾ ਇਸਰਾਏਲ ਹੈ
   b. ਕਲੀਸਿਯਾ "ਅਬਰਾਹਾਮ ਦੀ ਸੰਤਾਨ" ਦੇ ਰੂਪ ਵਿੱਚ **504**
   c. ਕਲੀਸਿਯਾ ਇੱਕ ਸੱਚੀ ਸੁੰਨਤ ਦੇ ਰੂਪ ਵਿੱਚ **506**
   d. ਰਾਜ ਦੀ ਕਲੀਸਿਯਾ ਵਿੱਚ ਤਬਦੀਲੀ **507**
5. ਅਮਿਲੇਨੀਅਲ ਵਿਚਾਰ ਦਾ ਮੁਲਾਂਕਣ **508**

F. ਹਜ਼ਾਰ ਸਾਲ ਦੇ ਰਾਜ ਦਾ ਰੂਪ **509**

1. ਰਾਜ ਦੀ ਮਿਆਦ

2. ਆਮ ਹਾਲਾਤ **511**
a. ਬਿਹਤਰ ਸਿਹਤ
b. ਜਣਨ ਦੀ ਯੋਗਤਾ ਵਿੱਚ ਵਾਧਾ
c. ਮਿਹਨਤ ਅਤੇ ਉਤਪਾਦਕਤਾ **512**
d. ਸਰਾਪ ਦਾ ਅੰਸ਼ਕ ਰੂਪ ਵਿੱਚ ਖ਼ਤਮ ਹੋਣਾ **515**
e. ਮਹਿਮਾ
f. ਅਨੰਦ **516**
g. ਧਨ-ਦੌਲਤ **517**
3. ਰਾਜਨੀਤਿਕ ਹਾਲਾਤ **518**
a. ਸੰਪੂਰਨ ਅਤੇ ਹਮੇਸ਼ਾਂ ਦੀ ਸ਼ਾਂਤੀ
b. ਰਾਜ ਦੀ ਨਿਆਂਇਕ ਪ੍ਰਣਾਲੀ **519**
c. ਵਿਅਕਤੀਗਤ ਭਲਾਈ ਨੂੰ ਪਹਿਲ **520**
d. ਸਰਕਾਰ ਰੂਪ ਵਿੱਚ ਤਾਨਾਸ਼ਾਹੀ ਹੋਵੇਗੀ
4. ਰਾਜ ਵਿੱਚ ਸਰਕਾਰ ਅਤੇ ਸ਼ਾਸਨ ਕਰਨ ਵਾਲੇ ਲੋਕ **522**
a. ਅਧਿਕਾਰੀ
(1) ਮਸੀਹ
(2) ਰਾਜਾ ਦਾਊਦ
(3) ਬਾਰ੍ਹਾਂ ਰਸੂਲ **523**
(4) ਹੋਰ ਛੋਟੇ ਅਧਿਕਾਰੀ, ਨਿਆਂਈ
b. ਜਿਹਨਾਂ ਉੱਤੇ ਰਾਜ ਕੀਤਾ ਜਾਵੇਗਾ **524**
(1) ਮੁੜ-ਸਥਾਪਿਤ ਇਸਰਾਏਲ
(2) ਇਸਰਾਏਲ ਦਾ ਮੁੜ ਇੱਕਜੁੱਟ ਹੋਣਾ
(3) ਇਸਰਾਏਲ ਦਾ ਪੁਨਰ-ਨਿਰਮਾਣ **525**
(4) ਇਸਰਾਏਲ ਦੀ ਪ੍ਰਮੁੱਖਤਾ
(5) ਇਸਰਾਏਲ ਵਿੱਚ ਪਰਮੇਸ਼ਰ ਦੀ ਮੌਜੂਦਗੀ **526**
(6) ਯਰੂਸ਼ਲਮ ਵਿਸ਼ਵ ਰਾਜਧਾਨੀ **527**
5. ਆਤਮਿਕ ਹਾਲਾਤ **528**
a. ਸ਼ੈਤਾਨ ਨੂੰ ਬੰਨ੍ਹਿਆ ਗਿਆ
b. ਸਰਾਪ ਇੱਕ ਅੰਸ਼ਕ ਤੌਰ ਤੇ ਖ਼ਤਮ ਹੋ ਜਾਵੇਗਾ
c. ਪਰਮੇਸ਼ਰ ਦੇ ਪੁੱਤਰ (ਯਿਸੂ) ਧਰਤੀ ਉੱਤੇ ਵੱਸਣਗੇ
d. ਸਾਰੇ ਅਵਿਸ਼ਵਾਸੀ ਲੋਕ ਰਾਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ ਵਿੱਚੋਂ ਬਾਹਰ ਰੱਖੇ ਜਾਣਗੇ
e. ਪਵਿੱਤਰ ਆਤਮਾ ਦਾ ਭਰਪੂਰ ਮਸਹ
f. ਯਰੂਸ਼ਲਮ ਵਿੱਚ ਸੰਯੁਕਤ ਅਰਾਧਨਾ **529**
g. ਭਰਪੂਰ ਆਤਮਿਕਤਾ
h. ਵਚਨ ਦਾ ਭਰਪੂਰ ਗਿਆਨ ਅਤੇ ਸਿੱਖਿਆ **531**
i. ਹਜ਼ਾਰ ਸਾਲ ਦੀ ਹੈਕਲ ਅਤੇ ਅਰਾਧਨਾ **532**
6. ਹਜ਼ਾਰ ਸਾਲ ਦੇ ਰਾਜ ਦਾ ਸਾਰ **534**
7. ਸ਼ੈਤਾਨ ਦਾ ਅੰਤਿਮ ਵਿਦਰੋਹ

XIV. ਸਦੀਪਕਤਾ

A. ਸਵਰਗਦੂਤਾਂ ਦਾ ਨਿਆਂ **535**
B. ਵੱਡੇ ਚਿੱਟੇ ਸਿੰਘਾਸਣ ਦਾ ਨਿਆਂ
C. ਸਜ਼ਾ ਦੇ ਸਥਾਨਾਂ ਦੇ ਲਈ ਵੱਖ-ਵੱਖ ਸ਼ਬਦ **536**
1. ਨਰਕ
2. ਅਥਾਹ ਕੁੰਡ
3. ਪਤਾਲ **537**
a. ਸਿਰਫ਼ ਮਨੁੱਖਾਂ ਦੇ ਲਈ ਹੈ
b. ਸਿਰਫ਼ ਮਨੁੱਖੀ ਆਤਮਾਵਾਂ ਦੇ ਲਈ ਹੈ
c. ਪਤਾਲ ਦਾ ਸਥਾਨ
d. ਪਤਾਲ ਵਿੱਚ ਹੋਸ਼ ਵਿੱਚ ਰਹਿਣਾ **538**
e. ਪਤਾਲ ਅਤੇ ਪੀੜਾ **540**
f. ਪਤਾਲ ਦਾ ਅੱਗ ਦੀ ਝੀਲ ਨਾਲ ਸੰਬੰਧ
4. ਗੇਹੇਨਾ ਜਾਂ ਅੱਗ ਦੀ ਝੀਲ **541**
a. "ਗੇਹੇਨਾ" ਸ਼ਬਦ ਦੀ ਉਤਪਤੀ
b. ਗੇਹੇਨਾ ਸ਼ਬਦ ਦੀ ਵਰਤੋਂ **542**
c. ਅੱਗ ਦੀ ਝੀਲ ਦਾ ਆਮ ਵੇਰਵੇ
d. ਅੱਗ ਦੀ ਝੀਲ ਦੇ ਖ਼ਾਸ ਵੇਰਵੇ **543**
e. ਸਜ਼ਾ ਦੀ ਦਰ **546**
f. ਅੱਗ ਦੀ ਝੀਲ ਦਾ ਸਥਾਨ **547**
g. ਨਰਕ ਵਿੱਚ ਇੱਕ ਛਾਤੀ
5. ਸਜ਼ਾ ਦੀ ਮਿਆਦ
a. ਨਰਕ ਦੀ ਦੇ ਸਦੀਪਕ ਹੋਣ ਦਾ ਮੁੱਦਾ
*b.* ਸ਼ਬਦ *ਈਓਨ* **548**
c. *ਈਓਨ* ਦਾ ਅਰਥ ਸਦੀਪਕ
d. ਵਾਕਾਂਸ਼ "ਜੁੱਗੋ-ਜੁੱਗ" **549**
*e.* ਈਓਨ ਸ਼ਬਦ ਉੱਤੇ ਸਿੱਟਾ
f. ਸਦੀਪਕ ਸਜ਼ਾ ਨੂੰ ਪ੍ਰਮਾਣਿਤ ਕਰਨ ਵਾਲੇ ਬਿਆਨ
g. ਇੱਕ ਹੋਰ ਯੂਨਾਨੀ ਸ਼ਬਦ ਜਿਸ ਦਾ ਅਰਥ ਸਦੀਪਕ ਕਾਲ ਹੈ **550**

D. ਮੁਕਤੀ ਪਾਏ ਹੋਏ ਲੋਕਾਂ ਦਾ ਭਵਿੱਖ
1. ਵਿਚਕਾਰਲੀ ਸਥਿਤੀ **551**
a. ਮਸੀਹ ਦੇ ਨਾਲ ਮੌਜੂਦ ਹੋਣਾ
b. ਮਰੇ ਹੋਏ ਮਸੀਹੀਆਂ ਦੀਆਂ ਆਤਮਾਵਾਂ ਜੀਵਿਤ ਅਤੇ ਸੁਚੇਤ ਹੁੰਦੀਆਂ ਹਨ
c. ਵਿਚਕਾਰਲੀ ਸਥਿਤੀ ਵਿੱਚ ਮੁਕਤੀ ਪਾਏ ਲੋਕਾਂ ਦੇ ਹਾਲਾਤ **552**
2. ਸਵਰਗ
a. ਮੌਜੂਦਾ ਬ੍ਰਹਿਮੰਡ ਦਾ ਵਿਨਾਸ਼
b. ਨਵਾਂ ਅਕਾਸ਼ ਅਤੇ ਨਵੀਂ ਧਰਤੀ **553**

c. ਸਵਰਗੀ ਸ਼ਹਿਰ, ਨਵਾਂ ਯਰੂਸ਼ਲਮ
(1) ਨਵਾਂ ਯਰੂਸ਼ਲਮ ਇੱਕ ਹਜ਼ਾਰ ਸਾਲ ਦੇ ਸ਼ਹਿਰ ਦੇ ਰੂਪ ਵਿੱਚ **554**
(2) ਸਦੀਪਕ ਰਾਜ ਵਿੱਚ ਨਵਾਂ ਯਰੂਸ਼ਲਮ
(3) ਸਿੱਟਾ **555**
(4) ਉਪਗ੍ਰਿਹ ਵਿਚਾਰ
(5) ਸਵਰਗੀ ਸ਼ਹਿਰ ਬਾਰੇ ਹੋਰ ਵਚਨ **556**
(6) ਨਵੇਂ ਯਰੂਸ਼ਲਮ ਦੇ ਵੇਰਵੇ
(a) ਆਕਾਰ
(b) ਉਸਾਰੀ **557**
(c) ਨਵੇਂ ਯਰੂਸ਼ਲਮ ਦਾ ਰੂਪ **558**
(d) ਜੀਵਨ ਦੇ ਪਾਣੀ ਦਾ ਦਰਿਆ ਅਤੇ ਜੀਵਨ ਦਾ ਰੁੱਖ
(7) ਨਵੇਂ ਯਰੂਸ਼ਲਮ ਵਿੱਚ ਹਾਲਾਤ **559**
(a) ਕੋਈ ਸਰਾਪ ਨਹੀਂ/ਕੋਈ ਦੁੱਖ ਨਹੀਂ
(b) ਆਨੰਦ ਅਤੇ ਸਾਰੀਆਂ ਚੀਜ਼ਾਂ ਦਾ ਅਧਿਕਾਰ
(c) ਕੋਈ ਵਿਆਹ ਨਹੀਂ **560**
(d) ਸੇਵਾ
(e) ਸਿੱਧੀ ਅਰਾਧਨਾ
(f) ਨਾ ਸੂਰਜ, ਨਾ ਚੰਦਰਮਾ
(g) ਸਦੀਪਕ ਰਾਜ **561**
(8) ਨਵੇਂ ਯਰੂਸ਼ਲਮ ਦੇ ਵਾਸੀ
(a) ਮੁਕਤੀ ਨਾ ਪਾਏ ਲੋਕ ਬਾਹਰ ਹੋਣਗੇ
(b) ਪਰਮੇਸ਼ਰ
(c) ਸਵਰਗਦੂਤ
(d) ਸਾਰੇ ਯੁੱਗਾਂ ਦੇ ਮੁਕਤੀ ਪਾਏ ਹੋਏ ਲੋਕ **562**
(e) ਸਾਰ

# ਅੰਤ ਦੇ ਸਮੇਂ ਦਾ ਸਿਧਾਂਤ

## I. ਜਾਣ-ਪਛਾਣ

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ਰ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਲੋਕ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਬਾਰੇ ਜਾਣਨ। ਬਾਈਬਲ ਦੀਆਂ ਪੁਸਤਕਾਂ ਦਾ ਇੱਕ ਚੌਥਾਈ ਹਿੱਸਾ ਭਵਿੱਖਬਾਣੀ ਦੇ ਵਚਨ ਹਨ ਅਤੇ ਪੂਰੀ ਬਾਈਬਲ ਦੀ ਸਾਰੀ ਸਮੱਗਰੀ ਦਾ ਪੰਜਵਾਂ ਹਿੱਸਾ ਭਵਿੱਖਬਾਣੀ ਦੇ ਵਚਨ ਹਨ।

ਭਵਿੱਖਬਾਣੀ ਦਾ ਅਧਿਐਨ ਅਜਿਹੇ ਲੋਕਾਂ ਦੁਆਰਾ ਬਦਨਾਮ ਕੀਤਾ ਜਾ ਸਕਦਾ ਹੈ ਜੋ ਭਵਿੱਖ ਦੇ ਬਾਰੇ ਵਿੱਚ ਬਾਈਬਲ ਦੇ ਕਥਨਾਂ ਦੇ ਦਾਇਰੇ ਤੋਂ ਬਾਹਰ ਨਿਕਲ ਜਾਂਦੇ ਹਨ। ਇਹ ਸਪੱਸ਼ਟ ਹੈ ਕਿ ਪਰਮੇਸ਼ਰ ਨੇ ਕੁਝ ਗੱਲਾਂ ਨੂੰ ਮਨੁੱਖਾਂ ਉੱਤੇ ਪ੍ਰਗਟ ਹੀ ਨਹੀਂ ਕੀਤਾ ਹੈ (ਬਿਵਸਥਾ 29:29; ਮੱਤੀ 24:36; ਮਰਕੁਸ 13:32; ਰਸੂਲਾਂ 1:7)। ਭਾਵੇਂ ਬਾਈਬਲ ਭਵਿੱਖ ਦੀਆਂ ਘਟਨਾਵਾਂ ਦੇ ਬਾਰੇ ਵਿੱਚ ਸਭ ਕੁਝ ਨਹੀਂ ਸਿਖਾਉਂਦੀ ਹੈ, ਫਿਰ ਵੀ ਇਹ ਭਵਿੱਖ ਦੇ ਬਾਰੇ ਵਿੱਚ ਬਹੁਤ ਕੁਝ ਸਿਖਾਉਂਦੀ ਹੈ। ਜੋ ਕੁਝ ਵੀ ਇਹ ਸਿਖਾਉਂਦੀ ਹੈ ਉਹ ਨਿਸ਼ਚਿਤ ਤੌਰ ਤੇ ਅਧਿਐਨ ਕਰਨ ਦਾ ਇੱਕ ਜਾਇਜ਼ ਖੇਤਰ ਹੈ ਅਤੇ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਹੈ। ਸ਼ੁਰੂਆਤੀ ਕਲੀਸਿਯਾ ਪਹਿਲੀਆਂ ਤਿੰਨ ਸਦੀਆਂ ਤੱਕ ਅੰਤ ਦੇ ਸਮੇਂ ਦੇ ਸਿਧਾਂਤ ਦੇ ਮਹੱਤਵ ਨੂੰ ਸਮਝਦੀ ਸੀ। ਪਰ, (ਅਗਿਆਨਤਾ ਦੇ) ਹਨੇਰੇ ਦੇ ਯੁੱਗ ਦੌਰਾਨ ਭਵਿੱਖ ਦੀਆਂ ਘਟਨਾਵਾਂ ਦੇ ਬਾਰੇ ਵਿੱਚ ਬਾਈਬਲ ਦਾ ਵਿਸਤ੍ਰਿਤ ਗਿਆਨ ਗੁਆਚ ਗਿਆ ਸੀ। ਰੇਫੋਰਮਰ ਮੁਕਤੀ ਅਤੇ ਪਾਪ ਦੇ ਸਿਧਾਂਤ ਦੀ ਖੋਜ ਕਰਨ ਵਿੱਚ ਰੁੱਝੇ ਸਨ। ਸਿਰਫ਼ ਪਿਛਲੀਆਂ ਦੋ ਸਦੀਆਂ ਦੇ ਵਿੱਚ ਹੀ ਅਜਿਹਾ ਹੋਇਆ ਹੈ ਕਿ ਬਾਈਬਲ ਦੇ ਵਿਦਿਆਰਥੀਆਂ ਨੇ ਫਿਰ ਤੋਂ ਅੰਤ ਦੇ ਸਮੇਂ ਦੇ ਸਿਧਾਂਤ ਵੱਲ ਆਪਣਾ ਧਿਆਨ ਦਿੱਤਾ ਹੈ।

ਇੱਕ ਅਜਿਹੀ ਕਹਾਣੀ ਹੈ ਜੋ ਪਿਛਲੀ ਸਮਿਆਂ ਵਿੱਚ ਹੋਈ ਲਾਪਰਵਾਹੀ ਉੱਤੇ ਚਾਨਣਾ ਪਾਉਂਦੀ ਹੈ। ਡਾ. ਡੈਬਨੀ 19ਵੀਂ ਸਦੀ ਦੇ ਇੱਕ ਬਹੁਤ ਸਤਿਕਾਰ ਵਾਲਾ ਅਮਰੀਕੀ ਅਧਿਆਤਮਿਕ ਵਿਦਵਾਨ ਸੀ। "ਜਦੋਂ ਉਸ ਨੂੰ ਇੱਕ ਸਾਬਕਾ ਵਿਦਿਆਰਥੀ ਨੇ ਕਿਸੇ ਭਵਿੱਖਬਾਣੀ ਦੀ ਇੱਕ ਖ਼ਾਸ ਵਿਆਖਿਆ ਦੇ ਸਹੀ ਹੋਣ ਬਾਰੇ ਪੁੱਛਿਆ, ਤਾਂ ਉਸ ਨੇ ਜਵਾਬ ਦਿੱਤਾ, 'ਸ਼ਾਇਦ ਤੁਹਾਡੀ ਗੱਲ ਸਹੀ ਹੈ। ਮੈਂ ਇਸ ਵਿਸ਼ੇ ਉੱਤੇ ਕਦੇ ਧਿਆਨ ਨਹੀਂ ਦਿੱਤਾ ਹੈ।"[1]

ਕਲੀਸਿਯਾ ਨੂੰ ਭਵਿੱਖ ਦੀਆਂ ਘਟਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਹੈ। ਪ੍ਰਭੂ ਨੇ ਸਾਨੂੰ ਦੱਸਿਆ ਸੀ ਕਿ ਪਵਿੱਤਰ ਆਤਮਾ "ਤੁਹਾਨੂੰ ਆਉਣ ਵਾਲੀਆਂ ਗੱਲਾਂ ਦੱਸੇਗਾ" (ਯੂਹੰਨਾ 16:13), ਅਤੇ ਭਵਿੱਖਬਾਣੀ ਨੂੰ ਪੜ੍ਹਨ ਅਤੇ ਸਮਝਣ ਵਾਲਿਆਂ ਦੇ ਲਈ ਇੱਕ ਖ਼ਾਸ ਬਰਕਤ ਰੱਖੀ ਹੋਈ ਹੈ (ਪ੍ਰਕਾਸ਼ 1:3)। ਅੰਤ ਦੇ ਸਮੇਂ ਦਾ ਗਿਆਨ ਨਾ ਸਿਰਫ਼ ਬੌਧਿਕ ਤੌਰ ਤੇ ਲਾਭਕਾਰੀ ਹੈ, ਬਲਕਿ ਇਹ ਆਤਮਿਕ ਤੌਰ ਤੇ ਵੀ ਵਧੀਆ ਹੈ। ਬਾਈਬਲ ਇਹ ਵਾਰ-ਵਾਰ ਸਿਖਾਉਂਦੀ ਹੈ।

ਭਵਿੱਖ ਦੀਆਂ ਘਟਨਾਵਾਂ ਦਾ ਗਿਆਨ ਇੱਕ ਵਿਅਕਤੀ ਨੂੰ ਮਸੀਹ ਵਿੱਚ ਵਿਸ਼ਵਾਸ ਦੁਆਰਾ ਮੁਕਤੀ ਵੱਲ ਲਿਆ ਸਕਦਾ ਹੈ। ਹੇਠਾਂ ਦਿੱਤਾ ਗਿਆ ਵਚਨ ਮਸੀਹ ਦੇ ਦੁਬਾਰਾ ਆਉਣ ਅਤੇ ਨਿਆਂ ਦੇ ਦਿਨ ਬਾਰੇ ਗਿਆਨ ਨੂੰ ਇੱਕ ਵਿਅਕਤੀ ਦੀ ਆਤਮਾ ਦੀ **ਮੁਕਤੀ** ਨਾਲ ਜੋੜਦਾ ਹੈ।

> "ਜੇਕਰ ਕੋਈ ਮਨੁੱਖ ਸਾਰਾ ਸੰਸਾਰ ਪ੍ਰਾਪਤ ਕਰ ਲਵੇ ਪਰ ਆਪਣੀ ਜਾਨ ਗੁਆ ਬੈਠੇ ਤਾਂ ਉਸ ਨੂੰ ਕੀ ਲਾਭ? ਜਾਂ ਮਨੁੱਖ ਆਪਣੀ ਜਾਨ ਦੇ ਬਦਲੇ ਵਿੱਚ ਕੀ ਦੇ ਸਕਦਾ ਹੈ? ਮਨੁੱਖ ਦਾ

[1] ਲੂਈਸ ਸਪੈਰੀ ਚੇਫਰ ਦੁਆਰਾ ਉਧਰਿਤ, *ਸਿਸਟਮੈਟਿਕ ਥਿਓਲੋਜੀ* (ਡੈਲਸ ਥਿਓਲੋਜੀਕਲ ਸੈਮਿਨਰੀ ਪ੍ਰੈੱਸ, 1948), IV: 256।

ਪੁੱਤਰ ਆਪਣੇ ਪਿਤਾ ਦੀ ਮਹਿਮਾ ਵਿੱਚ ਆਪਣੇ ਸਵਰਗਦੂਤਾਂ ਦੇ ਨਾਲ ਆਵੇਗਾ ਅਤੇ ਹਰ ਇੱਕ ਨੂੰ ਉਸ ਦੇ ਕੀਤੇ ਦਾ ਬਦਲਾ ਦੇਵੇਗਾ'' [ਮੱਤੀ 16:26-27]

ਜਿਹੜੇ ਲੋਕ ਪਹਿਲਾਂ ਤੋਂ ਹੀ ਵਿਸ਼ਵਾਸੀ ਹਨ, ਤਾਂ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਅਧਿਐਨ ਨਾਲ ਉਹਨਾਂ ਦੇ ਜੀਵਨ ਸ਼ੁੱਧ ਹੋਣੇ ਕਰਨਾ ਚਾਹੀਦਾ ਹੈ। ਹੇਠਾਂ ਦਿੱਤੀਆਂ ਆਇਤਾਂ ਪ੍ਰਭੂ ਦੇ ਵਾਪਸ ਆਉਣ ਨੂੰ ਵਿਸ਼ਵਾਸੀਆਂ ਅਤੇ ਉਹਨਾਂ ਦੇ ਜੀਵਨ ਵਿੱਚ **ਪਵਿੱਤਰਤਾ** ਨਾਲ ਜੋੜਦੀਆਂ ਹਨ।

ਸਾਰੇ ਮਨੁੱਖਾਂ ਦੇ ਨਾਲ ਨਿਮਰਤਾ ਵਾਲਾ ਵਰਤਾਅ ਕਰੋ। ਪ੍ਰਭੂ ਨੇੜੇ ਹਨ। [ਫ਼ਿਲਿੱਪੀ 4:5]

...ਇਸ ਲਈ ਤੁਸੀਂ ਆਪਣੀਆਂ ਸੰਸਾਰਕ ਵਾਸਨਾਵਾਂ ਨੂੰ ਮਾਰ ਦੇਵੋ, ਭਾਵ ਵਿਭਚਾਰ, ਅਨੈਤਿਕਤਾ, ਕਾਮਨਾ, ਬੁਰੀ ਲਾਲਸਾ ਅਤੇ ਲੋਭ, ਜੋ ਕਿ ਮੂਰਤੀ ਪੂਜਾ ਦੇ ਬਰਾਬਰ ਹੈ। ਕਿਉਂਕਿ ਇਹਨਾਂ ਦੇ ਕਾਰਨ ਹੀ ਪਰਮੇਸ਼ਰ ਦੀ ਸਜ਼ਾ ਉਹਨਾਂ ਨੂੰ ਨਾ ਮੰਨਣ ਵਾਲਿਆਂ ਦੇ ਉੱਤੇ ਆਉਂਦੀ ਹੈ। [ਕੁਲੁੱਸੀ 3:4-6]

ਹੁਣ ਪਰਮੇਸ਼ਰ ਆਪ, ਜਿਹੜੇ ਸ਼ਾਂਤੀ ਦੇ ਦਾਤਾ ਹਨ, ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰਨ ਅਤੇ ਤੁਹਾਡੀ ਸੰਪੂਰਨ ਆਤਮਾ, ਮਨ ਅਤੇ ਸਰੀਰ ਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਤੱਕ ਨਿਰਦੋਸ਼ ਰੱਖਣ [1 ਥੱਸਲੁ 5:23]

ਕਿਉਂਕਿ ਪਰਮੇਸ਼ਰ ਦੀ ਕਿਰਪਾ ਸਾਰੇ ਲੋਕਾਂ ਦੀ ਮੁਕਤੀ ਦੇ ਲਈ ਪ੍ਰਗਟ ਹੋਈ ਹੈ। ਇਹ ਕਿਰਪਾ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਸਾਰੇ ਅਵਿਸ਼ਵਾਸ ਅਤੇ ਸੰਸਾਰਕ ਲਾਲਸਾਵਾਂ ਨੂੰ ਤਿਆਗ ਦੇਈਏ ਅਤੇ ਇਸ ਜੀਵਨ ਵਿੱਚ ਸੰਜਮੀ, ਨੇਕ ਅਤੇ ਪਵਿੱਤਰ ਜੀਵਨ ਬਤੀਤ ਕਰੀਏ, ਜਦੋਂ ਕਿ ਅਸੀਂ ਉਸ ਮੁਬਾਰਕ ਉਮੀਦ ਦੇ ਪੂਰੇ ਹੋਣ ਦੀ ਉਡੀਕ ਵਿੱਚ ਹਾਂ। ਉਸ ਸਮੇਂ ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਮਹਿਮਾ ਪ੍ਰਗਟ ਹੋਵੇਗੀ। [ਤੀਤੁਸ 2:11-13]

ਫਿਰ ਜੇਕਰ ਇਹਨਾਂ ਸਾਰੀਆਂ ਚੀਜ਼ਾਂ ਦਾ ਅੰਤ ਇਸ ਤਰ੍ਹਾਂ ਹੋਵੇਗਾ ਤਾਂ ਤੁਹਾਨੂੰ ਕਿਸ ਤਰ੍ਹਾਂ ਦੇ ਲੋਕ ਬਣਨਾ ਚਾਹੀਦਾ ਹੈ? ਤੁਹਾਨੂੰ ਪਵਿੱਤਰ ਅਤੇ ਭਗਤੀ ਵਾਲਾ ਜੀਵਨ ਬਤੀਤ ਕਰਨਾ ਚਾਹੀਦਾ ਹੈ। [2 ਪਤਰਸ. 3:11]

ਮੇਰੇ ਪਿਆਰੇ ਮਿੱਤਰੋ, ਹੁਣ ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਪਰ ਅਸੀਂ ਕੀ ਕੁਝ ਹੋਵਾਂਗੇ ਇਹ ਹੁਣ ਤੱਕ ਪ੍ਰਗਟ ਨਹੀਂ ਕੀਤਾ ਗਿਆ ਪਰ ਅਸੀਂ ਜਾਣਦੇ ਹਾਂ ਕਿ ਜਦੋਂ ਮਸੀਹ ਪ੍ਰਗਟ ਹੋਣਗੇ ਤਾਂ ਅਸੀਂ ਉਹਨਾਂ ਵਰਗੇ ਹੋਵਾਂਗੇ ਕਿਉਂਕਿ ਅਸੀਂ ਉਹਨਾਂ ਨੂੰ ਉਸੇ ਤਰ੍ਹਾਂ ਦੇਖਾਂਗੇ ਜਿਸ ਤਰ੍ਹਾਂ ਦੇ ਉਹ ਹਨ। ਜਿਹੜਾ ਕੋਈ ਇਹ ਆਸ ਰੱਖਦਾ ਹੈ ਉਹ ਆਪਣੇ ਆਪ ਨੂੰ ਉਸੇ ਤਰ੍ਹਾਂ ਸ਼ੁੱਧ ਰੱਖਦਾ ਹੈ ਜਿਸ ਤਰ੍ਹਾਂ ਮਸੀਹ ਸ਼ੁੱਧ ਹਨ। [1 ਯੂਹੰਨਾ 3:2-3]

ਭਵਿੱਖ ਦਾ ਗਿਆਨ ਸਾਡੇ ਅੰਦਰ "ਜੀਵਨ ਦੀ ਚੌਕਸੀ" ਨੂੰ ਪੈਦਾ ਕਰਦਾ ਹੈ। ਜਿਹੜੇ ਵਿਸ਼ਵਾਸੀ ਭਵਿੱਖ ਦੇ ਬਾਰੇ ਵਿੱਚ ਸੋਚਦੇ ਹਨ, ਉਹ ਜਾਣਦੇ ਹਨ ਕਿ ਜੀਵਨ ਦਾ ਇੱਕ ਅਜਿਹਾ ਗੰਭੀਰ ਹਿੱਸਾ ਵੀ ਹੈ ਜਿਸ ਵਿੱਚ ਗੰਭੀਰ ਗੱਲਾਂ ਦੀ ਖੋਜ ਕਰਨ ਦੀ ਜ਼ਿੰਮੇਵਾਰੀ ਸ਼ਾਮਲ ਹੈ। ਫਿਰ ਦ੍ਰਿਸ਼ਟੀਕੋਣ ਦੀ ਚੌਕਸੀ ਸ਼ੁੱਧ ਜੀਵਨ ਬਤੀਤ ਕਰਨ ਦੀ ਜ਼ਰੂਰਤ ਬਾਰੇ ਜਾਗਰੂਕਤਾ ਦੇ ਨਾਲ ਮਿਲ ਜਾਂਦੀ ਹੈ, ਪਰ ਇਸ ਵਿੱਚ **ਸੇਵਾ** ਕਰਨ ਦੀ ਜ਼ਰੂਰਤ ਬਾਰੇ ਜਾਗਰੂਕਤਾ ਵੀ ਸ਼ਾਮਲ ਰਹਿੰਦੀ ਹੈ। ਅੰਤ ਦੇ ਸਮੇਂ ਦੇ ਸਿਧਾਂਤ ਨਾਲ ਵਿਸ਼ਵਾਸੀਆਂ ਵਿੱਚ ਉਹਨਾਂ ਦੇ **ਕੰਮ ਪ੍ਰਤੀ ਗੰਭੀਰਤਾ ਦੀ ਸਮਝ** ਵੀ ਪੈਦਾ ਹੋਣੀ ਚਾਹੀਦੀ ਹੈ। (ਹੇਠਾਂ ਦਿੱਤੇ ਵਚਨਾਂ ਦੇ ਨਾਲ-ਨਾਲ ਇਹਨਾਂ ਵਚਨਾਂ ਨੂੰ ਵੀ ਦੇਖੋ: ਮੱਤੀ 25:14ff.; ਲੂਕਾ 12:42ff.; 19:12ff.; 1 ਥੱਸਲੁ 5:4-9)।

"ਧੰਨ ਹੈ ਉਹ ਸੇਵਕ, ਜਿਸ ਨੂੰ ਉਸ ਦਾ ਮਾਲਕ ਆਪਣੇ ਵਾਪਸ ਆਉਣ ਤੇ ਇਸੇ ਤਰ੍ਹਾਂ ਠੀਕ ਕੰਮ ਕਰਦਾ ਦੇਖੇ'' [ਲੂਕਾ 12:43]

"ਜਦੋਂ ਤੱਕ ਦਿਨ ਹੈ ਮੈਨੂੰ ਚਾਹੀਦਾ ਹੈ ਕਿ ਮੈਂ ਉਹਨਾਂ ਦਾ ਕੰਮ ਕਰਾਂ ਜਿਹਨਾਂ ਨੇ ਮੈਨੂੰ ਭੇਜਿਆ ਹੈ। ਰਾਤ ਆ ਰਹੀ ਹੈ ਜਿਸ ਵਿੱਚ ਕੋਈ ਕੰਮ ਨਹੀਂ ਕਰ ਸਕਦਾ।'' [ਯੂਹੰਨਾ 9:4]

ਤੁਸੀਂ ਇਹਨਾਂ ਗੱਲਾਂ ਨੂੰ ਜ਼ਰੂਰ ਕਰੋ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਕਿਹੜਾ ਸਮਾਂ ਜਾ ਰਿਹਾ ਹੈ। ਸਮਾਂ ਆ ਗਿਆ ਹੈ ਕਿ ਤੁਸੀਂ ਆਪਣੀ ਨੀਂਦ ਤੋਂ ਜਾਗੋ ਕਿਉਂਕਿ ਸਾਡੀ ਮੁਕਤੀ ਪਹਿਲਾਂ ਨਾਲੋਂ ਨੇੜੇ ਆ ਪਹੁੰਚੀ ਹੈ, ਜਦੋਂ ਅਸੀਂ ਵਿਸ਼ਵਾਸ ਕੀਤਾ ਸੀ। ਰਾਤ ਖ਼ਤਮ ਹੋਣ ਵਾਲੀ ਹੈ ਅਤੇ ਦਿਨ ਨਿਕਲਣ ਵਾਲਾ ਹੈ। ਇਸ ਲਈ ਆਓ, ਅਸੀਂ ਆਪਣੇ ਹਨੇਰੇ ਦੇ ਬੁਰੇ ਕੰਮਾਂ ਨੂੰ ਤਿਆਗ ਕੇ ਚਾਨਣ ਵਿੱਚ ਲੜਨ ਦੇ ਲਈ ਹਥਿਆਰ ਪਹਿਨੀਏ। ਸਾਡਾ ਚਰਿੱਤਰ ਚਾਨਣ ਦੇ ਵਿੱਚ ਰਹਿਣ ਦੇ ਯੋਗ ਹੋਵੇ, ਨਾ ਰੰਗ-ਰਲੀਆਂ, ਨਾ ਨਸ਼ੇਬਾਜ਼ੀ, ਨਾ ਵਿਭਚਾਰ, ਨਾ ਭ੍ਰਿਸ਼ਟ ਵਿਵਹਾਰ, ਨਾ ਝਗੜਾ ਅਤੇ ਨਾ ਈਰਖਾ। [ਰੋਮੀ 13:11-13]

ਇਸ ਲਈ ਭਾਵੇਂ ਅਸੀਂ ਇੱਥੇ ਰਹੀਏ ਜਾਂ ਉੱਥੇ, ਅਸੀਂ ਹਰ ਤਰ੍ਹਾਂ ਨਾਲ ਉਹਨਾਂ ਨੂੰ ਖ਼ੁਸ਼ ਰੱਖਣ ਦੇ ਚਾਹਵਾਨ ਹਾਂ। ਸਾਡੇ ਸਾਰਿਆਂ ਦੇ ਲਈ ਮਸੀਹ ਦੀ ਨਿਆਂ ਗੱਦੀ ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੋਈ ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਪ੍ਰਾਪਤ ਕਰੇ [2 ਕੁਰਿੰਥ 5:9-10]

ਪਰਮੇਸ਼ਰ ਅਤੇ ਮਸੀਹ ਯਿਸੂ ਨੂੰ ਹਾਜ਼ਰ ਜਾਣ ਕੇ ਜਿਹੜੇ ਸਭ ਜਿਊਂਦਿਆਂ ਅਤੇ ਮੁਰਦਿਆਂ ਦਾ ਨਿਆਂ ਕਰਨਗੇ ਅਤੇ ਜਿਹੜੇ ਰਾਜਾ ਦੇ ਰੂਪ ਵਿੱਚ ਰਾਜ ਕਰਨ ਦੇ ਲਈ ਆਉਣਗੇ, ਮੈਂ ਤੈਨੂੰ ਇਹ ਤਾਕੀਦ ਕਰਦਾ ਹਾਂ ਕਿ ਵਚਨ ਦਾ ਪ੍ਰਚਾਰ ਕਰ, ਭਾਵੇਂ ਸਮਾਂ ਸੌਖਾ ਹੋਵੇ ਜਾਂ ਔਖਾ ਇਸ ਦੇ ਲਈ ਤਿਆਰ ਰਹਿ, ਤਾੜਨਾ ਕਰ, ਸੁਧਾਰ ਕਰ, ਉਤਸ਼ਾਹ ਦੇ ਅਤੇ ਧੀਰਜ ਦੇ ਨਾਲ ਸਿੱਖਿਆ ਦੇ। [2 ਤਿਮੋਥਿ 4:1-2]

ਇਸ ਲਈ ਆਪਣੇ ਮਨ ਨੂੰ ਪੂਰੀ ਤਰ੍ਹਾਂ ਸਾਵਧਾਨ ਅਤੇ ਕਾਬੂ ਵਿੱਚ ਰੱਖੋ। ਆਪਣੀ ਸਾਰੀ ਆਸ ਉਸ ਕਿਰਪਾ ਦੇ ਉੱਤੇ ਰੱਖੋ ਜਿਹੜੀ ਤੁਹਾਨੂੰ ਉਸ ਸਮੇਂ ਮਿਲੇਗੀ ਜਦੋਂ ਯਿਸੂ ਮਸੀਹ ਪ੍ਰਗਟ ਹੋਣਗੇ [1 ਪਤਰਸ 1:13]

ਹੁਣ ਸਭ ਚੀਜ਼ਾਂ ਦਾ ਅੰਤ ਨੇੜੇ ਹੈ ਇਸ ਲਈ ਤੁਸੀਂ ਆਪਣੇ ਉੱਤੇ ਕਾਬੂ ਰੱਖੋ ਅਤੇ ਸ਼ਾਂਤ ਮਨ ਰਹੋ ਤਾਂ ਜੋ ਤੁਸੀਂ ਪ੍ਰਾਰਥਨਾ ਕਰ ਸਕੋ। [1 ਪਤਰਸ 4:7]

ਮੈਂ ਬਜ਼ੁਰਗ ਆਗੂਆਂ ਨੂੰ ਜਿਹੜੇ ਤੁਹਾਡੇ ਵਿੱਚ ਹਨ ਇੱਕ ਸਾਥੀ ਆਗੂ ਹੁੰਦੇ ਹੋਏ ਜਿਹੜਾ ਮਸੀਹ ਦੇ ਦੁੱਖਾਂ ਦਾ ਗਵਾਹ ਅਤੇ ਪ੍ਰਗਟ ਹੋਣ ਵਾਲੀ ਮਹਿਮਾ ਦੇ ਵਿੱਚ ਹਿੱਸੇਦਾਰ ਹੋਵਾਂਗਾ, ਬੇਨਤੀ ਕਰਦਾ ਹਾਂ, ਪਰਮੇਸ਼ਰ ਦੇ ਝੁੰਡ ਦੀ ਦੇਖ ਭਾਲ ਕਰੋ, ਜਿਹੜਾ ਉਹਨਾਂ ਨੇ ਤੁਹਾਨੂੰ ਦਿੱਤਾ ਹੈ। ਇਹ ਸੇਵਾ ਕਿਸੇ ਮਜਬੂਰੀ ਦੇ ਨਾਲ ਨਹੀਂ ਸਗੋਂ ਆਪਣੀ ਇੱਛਾ ਦੇ ਨਾਲ ਕਰੋ, ਇਹ ਲਾਲਚ ਦੇ ਵਿੱਚ ਆ ਕੇ ਲਾਭ ਦੇ ਲਈ ਨਹੀਂ ਸਗੋਂ ਉਤਸ਼ਾਹ ਦੇ ਨਾਲ ਪਰਮੇਸ਼ਰ ਦੀ ਇੱਛਾ ਦੇ ਅਨੁਸਾਰ ਕਰੋ। ਜਿਹੜੇ ਲੋਕ ਤੁਹਾਨੂੰ ਸੌਂਪੇ ਗਏ ਹਨ ਉਹਨਾਂ ਦੇ ਉੱਤੇ ਰਾਜ ਨਾ ਕਰੋ ਸਗੋਂ ਝੁੰਡ ਦੇ ਲਈ ਉਦਾਹਰਨ ਬਣੋ। ਜਦੋਂ ਪ੍ਰਮੁੱਖ ਚਰਵਾਹਾ ਭਾਵ ਪ੍ਰਭੂ ਯਿਸੂ ਪ੍ਰਗਟ ਹੋਣਗੇ ਤਾਂ ਤੁਸੀਂ ਮਹਿਮਾ ਦਾ ਉਹ ਤਾਜ ਪ੍ਰਾਪਤ ਕਰੋਗੇ, ਜਿਸ ਦੀ ਸ਼ਾਨ ਖ਼ਰਾਬ ਨਹੀਂ ਹੋਵੇਗੀ। [1 ਪਤਰਸ 5:1-4]

ਸ਼ੁੱਧਤਾ ਨੂੰ ਉਤਸ਼ਾਹਿਤ ਕਰਨ ਅਤੇ ਕੰਮ ਲਈ ਪ੍ਰੇਰਣਾ ਪ੍ਰਦਾਨ ਕਰਨ ਦੇ ਨਾਲ-ਨਾਲ, ਭਵਿੱਖ ਦੀਆਂ ਘਟਨਾਵਾਂ ਦਾ ਗਿਆਨ ਉਸ ਸਮੇਂ **ਦੁੱਖਾਂ ਵਿੱਚ ਦਿਲਾਸਾ** ਦਿੰਦਾ ਹੈ ਜਦੋਂ ਵਿਸ਼ਵਾਸੀਆਂ ਨੂੰ ਸੰਸਾਰ ਦੇ ਮਖੌਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਜਾਣਕਾਰ ਵਿਸ਼ਵਾਸੀ ਨੂੰ ਨਾ ਤਾਂ ਆਪਣੇ ਨਿੱਜੀ ਭਵਿੱਖ ਅਤੇ ਨਾ ਹੀ ਸੰਸਾਰ ਦੇ ਜਲਦੀ ਹੋਣ ਵਾਲੇ ਵਿਨਾਸ਼ ਤੋਂ ਡਰਨ ਦੀ ਜ਼ਰੂਰਤ ਹੈ।

"ਤੁਹਾਡਾ ਦਿਲ ਨਾ ਘਬਰਾਏ, ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ, ਮੇਰੇ ਵਿੱਚ ਵੀ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ? ਇਸ ਲਈ ਜਦੋਂ ਮੈਂ ਜਾ ਕੇ ਤੁਹਾਡੇ ਲਈ ਥਾਂ ਤਿਆਰ ਕਰ ਲਵਾਂਗਾ ਤਾਂ ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ ਤਾਂ ਜੋ ਜਿੱਥੇ ਮੈਂ ਹਾਂ ਉੱਥੇ ਤੁਸੀਂ ਵੀ ਹੋਵੋ। ਜਿੱਥੇ ਮੈਂ ਜਾ ਰਿਹਾ ਹਾਂ ਤੁਸੀਂ ਉੱਥੇ ਦਾ ਰਾਹ ਜਾਣਦੇ ਹੋ।" ਥੋਮਾ ਨੇ ਯਿਸੂ ਨੂੰ ਕਿਹਾ, "ਪ੍ਰਭੂ ਜੀ, ਅਸੀਂ ਤਾਂ ਇਹ ਨਹੀਂ ਜਾਣਦੇ ਕਿ ਤੁਸੀਂ ਕਿੱਥੇ ਜਾ ਰਹੇ ਹੋ ਤਾਂ ਫਿਰ ਅਸੀਂ ਰਾਹ ਕਿਸ ਤਰ੍ਹਾਂ ਜਾਣ ਸਕਦੇ ਹਾਂ?" ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਮੈਂ ਹੀ ਰਾਹ, ਮੈਂ ਹੀ ਸੱਚ ਅਤੇ ਮੈਂ ਹੀ ਜੀਵਨ ਹਾਂ। ਮੇਰੇ ਤੋਂ ਬਿਨਾਂ ਕੋਈ ਵੀ ਪਿਤਾ ਦੇ ਕੋਲ ਨਹੀਂ ਪਹੁੰਚ ਸਕਦਾ।" [ਯੂਹੰਨਾ 14:1-6]

ਮੈਂ ਸੋਚਦਾ ਹਾਂ ਕਿ ਜਿਹੜਾ ਦੁੱਖ ਅਸੀਂ ਇਸ ਸਮੇਂ ਸਹਿ ਰਹੇ ਹਾਂ, ਉਹ ਸਾਡੇ ਉੱਤੇ ਅੱਗੇ ਪ੍ਰਗਟ ਹੋਣ ਵਾਲੀ ਮਹਿਮਾ ਦੇ ਮੁਕਾਬਲੇ ਵਿੱਚ ਕੁਝ ਵੀ ਨਹੀਂ ਹਨ। [ਰੋਮੀ 8:18]

ਇਸ ਲਈ ਠਹਿਰਾਏ ਹੋਏ ਸਮੇਂ ਤੋਂ ਪਹਿਲਾਂ, ਪ੍ਰਭੂ ਦੇ ਆਉਣ ਤੱਕ ਕੋਈ ਫ਼ੈਸਲਾ ਨਾ ਕਰੋ ਕਿਉਂਕਿ ਉਹ ਆਪ ਹਨੇਰੇ ਵਿੱਚ ਲੁਕੀਆਂ ਗੱਲਾਂ ਨੂੰ ਚਾਨਣ ਵਿੱਚ ਲਿਆਉਣਗੇ ਅਤੇ ਮਨੁੱਖਾਂ ਦੇ ਮਨਾਂ ਦੇ ਲੁਕੇ ਹੋਏ ਇਰਾਦਿਆਂ ਨੂੰ ਪ੍ਰਗਟ ਕਰਨਗੇ, ਤਦ ਹਰ ਆਦਮੀ ਪਰਮੇਸ਼ਰ ਕੋਲੋਂ ਆਪਣੀ ਵਡਿਆਈ ਪ੍ਰਾਪਤ ਕਰੇਗਾ। [1 ਕੁਰਿੰਥ 4:5]

ਕਿਉਂਕਿ ਸਾਡਾ ਥੋੜ੍ਹਾ ਜਿਹਾ ਦੁੱਖ ਕੁਝ ਸਮੇਂ ਦੇ ਲਈ ਹੈ ਜੋ ਸਾਡੇ ਲਈ ਅਨੰਤ ਵਡਿਆਈ ਪੈਦਾ ਕਰ ਰਿਹਾ ਹੈ ਜਿਹੜੀ ਸਭ ਤੋਂ ਮਹਾਨ ਹੈ। [2 ਕੁਰਿੰਥ.4:17]

ਅਸੀਂ ਭਲੇ ਕੰਮ ਕਰਦੇ ਥੱਕ ਨਾ ਜਾਈਏ ਕਿਉਂਕਿ ਜੇਕਰ ਅਸੀਂ ਹੌਸਲਾ ਨਹੀਂ ਛੱਡਾਂਗੇ ਤਾਂ ਠੀਕ ਸਮਾਂ ਆਉਣ ਉੱਤੇ ਫ਼ਸਲ ਵੱਢਾਂਗੇ। [ਗਲਾਤੀ 6:9]

ਭੈਣੋ ਅਤੇ ਭਰਾਵੋ, ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਉਹਨਾਂ ਦੇ ਬਾਰੇ ਅਣਜਾਣ ਰਹੋ ਜਿਹੜੇ ਮੌਤ ਦੀ ਨੀਂਦ ਸੌਂ ਗਏ ਹਨ ਤਾਂ ਜੋ ਤੁਸੀਂ ਬਾਕੀ ਲੋਕਾਂ ਦੇ ਵਾਂਗ ਸੋਗ ਨਾ ਕਰੋ ਜਿਹਨਾਂ ਦੇ ਕੋਲ ਕੋਈ ਆਸ ਨਹੀਂ। ਕਿਉਂਕਿ ਸਾਡਾ ਵਿਸ਼ਵਾਸ ਹੈ ਕਿ ਯਿਸੂ ਮਰ ਗਏ ਅਤੇ ਫਿਰ ਜੀਅ ਉੱਠੇ ਅਤੇ ਸਾਡਾ ਇਹ ਵੀ ਵਿਸ਼ਵਾਸ ਹੈ ਕਿ ਉਹਨਾਂ ਦੇ ਨਾਲ ਵੀ ਇਸੇ ਤਰ੍ਹਾਂ ਹੋਵੇਗਾ ਜਿਹੜੇ ਯਿਸੂ ਵਿੱਚ ਸੌਂ ਗਏ ਹਨ ਅਤੇ ਪਰਮੇਸ਼ਰ ਉਹਨਾਂ ਨੂੰ ਵੀ ਯਿਸੂ ਦੇ ਨਾਲ ਲਿਆਉਣਗੇ। ਇਸ ਲਈ ਇਹ ਜੋ ਕੁਝ ਅਸੀਂ ਕਹਿ ਰਹੇ ਹਾਂ, ਇਹ ਪ੍ਰਭੂ ਦੇ ਆਪਣੇ ਸ਼ਬਦ ਹਨ ਕਿ ਅਸੀਂ ਜਿਹੜੇ ਉਸ ਸਮੇਂ ਤੱਕ ਜਿਊਦੇ ਰਹਾਂਗੇ ਜਦੋਂ ਪ੍ਰਭੂ ਦੁਬਾਰਾ ਆਉਣਗੇ ਤਾਂ ਅਸੀਂ ਪਹਿਲਾਂ ਮਰ ਚੁੱਕੇ ਲੋਕਾਂ ਤੋਂ

ਅੱਗੇ ਨਹੀਂ ਹੋਵਾਂਗੇ। ਉਸ ਸਮੇਂ ਇੱਕ ਉੱਚੀ ਆਵਾਜ਼ ਦੇ ਨਾਲ ਹੁਕਮ ਹੋਵੇਗਾ ਜਿਸ ਦੇ ਨਾਲ ਹੀ ਪ੍ਰਮੁੱਖ ਸਵਰਗਦੂਤ ਦੀ ਆਵਾਜ਼ ਸੁਣਾਈ ਦੇਵੇਗੀ ਅਤੇ ਪਰਮੇਸ਼ਰ ਦੀ ਤੁਰ੍ਹੀ ਵਜਾਈ ਜਾਵੇਗੀ ਤਦ ਪ੍ਰਭੂ ਆਪ ਸਵਰਗ ਤੋਂ ਉਤਰਨਗੇ। ਉਸ ਸਮੇਂ ਜਿਹੜੇ ਮਸੀਹ ਵਿੱਚ ਮਰ ਚੁੱਕੇ ਹਨ, ਉਹ ਪਹਿਲਾਂ ਜੀਅ ਉੱਠਣਗੇ। ਫਿਰ ਅਸੀਂ ਵੀ ਉਹਨਾਂ ਦੇ ਨਾਲ ਬੱਦਲਾਂ ਵਿੱਚ ਪ੍ਰਭੂ ਨੂੰ ਮਿਲਣ ਦੇ ਲਈ ਹਵਾ ਵਿੱਚ ਚੁੱਕ ਲਏ ਜਾਵਾਂਗੇ। ਇਸ ਤਰ੍ਹਾਂ ਅਸੀਂ ਹਮੇਸ਼ਾ ਤੱਕ ਪ੍ਰਭੂ ਦੇ ਨਾਲ ਰਹਾਂਗੇ। [1 ਥੱਸਲੁ 4:13-18]

...ਕਿਉਂਕਿ ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਕਹਿੰਦਾ ਹੈ, "ਹੁਣ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ, ਉਹ ਜਿਹੜੇ ਆ ਰਹੇ ਹਨ, ਜ਼ਰੂਰ ਆਉਣਗੇ ਉਹ ਦੇਰ ਨਹੀਂ ਕਰਨਗੇ। [ਇਬ 10:35-37]

ਇਸ ਲਈ ਭਰਾਵੋ ਅਤੇ ਭੈਣੋ, ਪ੍ਰਭੂ ਦੇ ਆਉਣ ਤੱਕ ਧੀਰਜ ਰੱਖੋ...ਤੁਸੀਂ ਵੀ ਧੀਰਜਵਾਨ ਬਣੋ ਅਤੇ ਆਪਣੇ ਦਿਲਾਂ ਨੂੰ ਮਜ਼ਬੂਤ ਰੱਖੋ ਕਿਉਂਕਿ ਪ੍ਰਭੂ ਦਾ ਆਉਣਾ ਨੇੜੇ ਹੈ। [ਯਾਕੂਬ 5:7-8]

ਇਸ ਲਈ ਤੁਹਾਡਾ ਵਿਸ਼ਵਾਸ ਜਿਹੜਾ ਸੋਨੇ ਦੇ ਨਾਲੋਂ ਕਿਤੇ ਜ਼ਿਆਦਾ ਬਹੁਮੁੱਲਾ ਹੈ, ਉਸ ਦਾ ਵੀ ਪਰਖਿਆ ਜਾਣਾ ਜ਼ਰੂਰੀ ਹੈ ਕਿ ਉਹ ਖਰਾ ਸਿੱਧ ਹੋਵੇ ਅਤੇ ਤੁਹਾਨੂੰ ਵਡਿਆਈ, ਮਹਿਮਾ ਅਤੇ ਆਦਰ ਉਸ ਦਿਨ ਮਿਲਣ ਜਿਸ ਦਿਨ ਯਿਸੂ ਮਸੀਹ ਪ੍ਰਗਟ ਹੋਣਗੇ। [1 ਪਤਰਸ 1:7]

ਸਗੋਂ ਤੁਸੀਂ ਖ਼ੁਸ਼ ਹੋਵੋ ਕਿ ਤੁਸੀਂ ਮਸੀਹ ਦੇ ਦੁੱਖਾਂ ਵਿੱਚ ਸਾਂਝੀ ਹੋ ਤਾਂ ਜੋ ਤੁਸੀਂ ਉਸ ਸਮੇਂ ਅਨੰਦ ਨਾਲ ਭਰ ਜਾਵੋ ਜਿਸ ਸਮੇਂ ਉਹ ਆਪਣੀ ਮਹਿਮਾ ਨਾਲ ਪ੍ਰਗਟ ਹੋਣਗੇ। [1 ਪਤਰਸ 4:13]

ਪਰਮੇਸ਼ਰ ਚਾਹੁੰਦੇ ਹਨ ਕਿ ਅੰਤ ਦੇ ਸਮੇਂ ਦਾ ਅਧਿਐਨ ਆਤਮਿਕ ਤੌਰ ਤੇ ਉਤੇਜਿਤ ਕਰਨ ਵਾਲਾ, ਬੌਧਿਕ ਤੌਰ ਤੇ ਸੰਤੁਸ਼ਟ ਕਰਨ ਵਾਲਾ, ਅਤੇ ਮਾਨਸਿਕ ਤੌਰ ਤੇ ਸਥਿਰ ਕਰਨ ਵਾਲਾ ਹੋਵੇ। ਅੰਤ ਦੇ ਸਮੇਂ ਬਾਰੇ ਇੱਕ ਸਮਝਦਾਰੀ ਵਾਲੇ ਅਧਿਐਨ ਦੀ ਨੀਂਹ ਬਣਾਉਣ ਦੇ ਲਈ ਇਹ ਜ਼ਰੂਰੀ ਹੋਵੇਗਾ ਕਿ ਕੁਝ ਆਮ ਸ਼ਬਦਾਂ ਦੀ ਵਿਆਖਿਆ ਕੀਤੀ ਜਾਵੇ। ਇਸ ਤੋਂ ਪਹਿਲਾਂ ਕਿ ਪ੍ਰੀ-ਟ੍ਰਿਬੂਲੇਸ਼ਨ/ਪ੍ਰੀ-ਮਿਲੇਨੀਅਲ ਦੇ ਵਿਚਾਰ ਦਾ ਸਮਝਦਾਰੀ ਨਾਲ ਬਚਾਅ ਕੀਤਾ ਜਾ ਸਕੇ ਅਤੇ ਇਸ ਉੱਤੇ ਚਰਚਾ ਕੀਤੀ ਜਾ ਸਕੇ, ਇੱਕ ਵਿਅਕਤੀ ਨੂੰ ਇਹਨਾਂ ਦੇ ਸਮੇਂ ਦੇ ਚਾਰਟ ਨੂੰ ਸਮਝਣ ਹੋਵੇਗਾ। ਅੱਗੇ ਅੰਤ ਦੇ ਸਮੇਂ ਨਾਲ ਸੰਬੰਧਿਤ ਅਜਿਹੇ ਬੁਨਿਆਦੀ ਸ਼ਬਦ ਦਿੱਤੇ ਜਾ ਰਹੇ ਹਨ ਜਿਹਨਾਂ ਦੇ ਬਾਰੇ ਇਸ ਅਧਿਐਨ ਦੌਰਾਨ ਭਵਿੱਖਬਾਣੀ ਦੀ ਸਮਾਂ ਰੇਖਾ ਦੇ ਅਨੁਸਾਰ ਸਿਖਾਇਆ ਜਾਵੇਗਾ।

**ਐਸਕਾਟੋਲੋਜੀ** -ਇਹ ਸ਼ਬਦ ਦੋ ਯੂਨਾਨੀ ਸ਼ਬਦਾਂ ਤੋਂ ਬਣਿਆ ਹੈ (*ਐਸਕਾਟੋਸ* -ਅੰਤ, ਅਤੇ *ਲੋਗੋਸ* -ਸ਼ਬਦ)। ਐਸਕਾਟੋਲੋਜੀ ਦਾ ਅਰਥ ਇੱਕ ਅਜਿਹਾ ਸ਼ਬਦ ਜਾਂ ਅਧਿਐਨ ਹੈ ਜੋ ਅੰਤ ਦੀਆਂ ਗੱਲਾਂ ਜਾਂ ਭਵਿੱਖ ਦੇ ਬਾਰੇ ਵਿੱਚ ਹੈ।

**ਰੈਪਚਰ (ਹਵਾ ਵਿੱਚ ਉਠਾਏ ਜਾਣਾ)**: ਇਹ ਸ਼ਬਦ 1 ਥੱਸਲੁ 4:17 ਦੇ "ਹਵਾ ਵਿੱਚ ਉਠਾਏ ਜਾਣ" ਵਾਕਾਂਸ਼ ਦਾ ਲਾਤੀਨੀ ਅਨੁਵਾਦ ਹੈ। ਇਹ ਮਸੀਹ ਦੇ ਬੱਦਲਾਂ ਉੱਤੇ ਆਉਣ ਅਤੇ ਸਾਰੇ ਵਿਸ਼ਵਾਸੀਆਂ ਨੂੰ ਆਪਣੇ ਨਾਲ ਲੈ ਜਾਣ ਬਾਰੇ ਦੱਸਦਾ ਹੈ।

**ਬਿਪਤਾ**-ਇੱਕ ਤਕਨੀਕੀ ਸ਼ਬਦ ਦੇ ਰੂਪ ਵਿੱਚ "ਬਿਪਤਾ" ਇੱਕ ਬਹੁਤ ਦੁੱਖ ਵਾਲੇ ਸਮੇਂ ਦੇ ਬਾਰੇ ਦੱਸਦਾ ਹੈ ਜਿਸ ਦੇ ਬਾਰੇ ਪ੍ਰਭੂ ਯਿਸੂ ਨੇ ਮੱਤੀ 24:21 ਵਿੱਚ ਭਵਿੱਖਬਾਣੀ ਕੀਤੀ ਸੀ (ਯਿਰ 30:7, ਦਾਨੀ 12:1 ਵੀ ਦੇਖੋ)। ਦਾਨੀ 9:27 ਇਹ ਸੰਕੇਤ ਦਿੰਦਾ ਹੈ ਕਿ ਇਹ 7 ਸਾਲ ਦਾ ਸਮਾਂ ਹੋਵੇਗਾ (ਇੱਥੇ ਇੱਕ "ਹਫ਼ਤਾ" ਸੱਤ ਸਾਲ ਦਾ ਸਮਾਂ ਚੱਕਰ ਹੈ)। ਇਸ ਬਿਪਤਾ ਦੇ ਦੂਜੇ ਅੱਧ ਨੂੰ ਮਹਾਨ ਬਿਪਤਾ ਕਿਹਾ ਗਈ ਹੈ ਜੋ ਸਾਢੇ ਤਿੰਨ ਸਾਲ ਦਾ ਹੋਵੇਗਾ (ਦੇਖੋ, ਦਾਨੀ 7:25; 12:7; ਪ੍ਰਕਾਸ਼ 12:14 "ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ"; ਪ੍ਰਕਾਸ਼ 11:2; 13:5; "ਬਤਾਲੀ ਮਹੀਨੇ;" ਪ੍ਰਕਾਸ਼ 11:3; 12:6; "ਇੱਕ ਹਜ਼ਾਰ ਦੋ ਸੌ ਸੱਠ ਦਿਨ")।

**ਪ੍ਰੀ-ਟ੍ਰਿਬੂਲੇਸ਼ਨ ਰੈਪਚਰ (ਬਿਪਤਾ ਤੋਂ ਪਹਿਲਾਂ ਰੈਪਚਰ):** ਇਹ ਵਿਚਾਰ ਦੱਸਦਾ ਹੈ ਕਿ ਵਿਸ਼ਵਾਸੀ ਬਿਪਤਾ ਦੇ ਸਮੇਂ ਵਿੱਚੋਂ ਨਹੀਂ ਲੰਘਣਗੇ, ਪਰ ਉਹਨਾਂ ਨੂੰ ਇਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉੱਠਾ ਲਿਆ ਜਾਵੇਗਾ। ਇਹ ਸਭ ਤੋਂ ਵਧੀਆ ਵਿਚਾਰ ਹੈ।

**ਅੰਸ਼ਕ ਰੈਪਚਰ:** ਇਹ ਵਿਚਾਰ ਦੱਸਦਾ ਹੈ ਕਿ ਮਸੀਹ ਬਿਪਤਾ ਤੋਂ ਪਹਿਲਾਂ "ਆਤਮਿਕ" ਮਸੀਹੀਆਂ ਨੂੰ ਉੱਠਾ ਲੈਣਗੇ, ਪਰ ਬਾਕੀਆਂ ਨੂੰ ਬਿਪਤਾ ਦਾ ਸਾਹਮਣਾ ਕਰਨਾ ਪਵੇਗਾ।

**ਮੱਧ-ਟ੍ਰਿਬੂਲੇਸ਼ਨ ਰੈਪਚਰ**: ਇਹ ਵਿਚਾਰ ਦੱਸਦਾ ਹੈ ਕਿ ਵਿਸ਼ਵਾਸੀ ਬਿਪਤਾ ਦੇ ਪਹਿਲੇ ਸਾਢੇ ਤਿੰਨ ਸਾਲ ਲਈ ਧਰਤੀ ਉੱਤੇ ਹੋਣਗੇ, ਪਰ ਵੱਡੀ ਬਿਪਤਾ ਤੋਂ ਪਹਿਲਾਂ ਉੱਠਾਏ ਜਾਣਗੇ (ਅੰਤ ਦੇ ਸਾਢੇ ਤਿੰਨ ਸਾਲ)।

**ਪੋਸਟ-ਟ੍ਰਿਬੂਲੇਸ਼ਨ (ਬਿਪਤਾ ਤੋਂ ਬਾਅਦ) :** ਇਹ ਵਿਚਾਰ ਦੱਸਦਾ ਹੈ ਕਿ ਵਿਸ਼ਵਾਸੀਆਂ ਨੂੰ ਪੂਰੇ ਸੱਤ ਸਾਲਾਂ ਦੀ ਬਿਪਤਾ ਵਿੱਚੋਂ ਲੰਘਣਾ ਪਵੇਗਾ। ਇਸ ਤੋਂ ਬਾਅਦ ਮਸੀਹ ਆਉਣਗੇ (ਇਸ ਵਿਚਾਰ ਅਨੁਸਾਰ ਰੈਪਚਰ ਅਤੇ ਮਸੀਹ ਦੇ ਦੁਬਾਰਾ ਆਉਣ ਵਿੱਚ ਕੋਈ ਅੰਤਰ ਨਹੀਂ ਹੈ। ਇਹ ਦੋਵੇਂ ਇੱਕੋ ਸਮੇਂ ਹੋਣਗੇ)।

**ਮਸੀਹ ਦਾ ਨਿਆਂ ਦਾ ਸਿੰਘਾਸਣ: ਇਸ ਨਿਆਂ ਦਾ ਸੰਬੰਧ ਸਿਰਫ਼ ਮਸੀਹੀਆਂ ਨਾਲ ਹੈ**। ਇਹ ਰੈਪਚਰ ਤੋਂ ਬਾਅਦ ਉਦੋਂ ਹੋਵੇਗਾ ਜਦੋਂ ਧਰਤੀ ਉੱਤੇ ਬਿਪਤਾ ਦਾ ਸਮਾਂ ਚੱਲ ਰਿਹਾ ਹੋਵੇਗਾ। ਮਸੀਹੀਆਂ ਨੂੰ ਇਨਾਮ ਦੇਣ ਦੇ ਲਈ ਉਹਨਾਂ ਦੇ ਕੰਮਾਂ ਦੇ ਅਨੁਸਾਰ ਉਹਨਾਂ ਦਾ ਨਿਆਂ ਕੀਤਾ ਜਾਵੇਗਾ। ਇੱਥੇ ਮੁਕਤੀ ਮੁੱਦਾ ਨਹੀਂ ਹੈ (2 ਕੁਰਿੰਥ 5:10; ਰੋਮੀ

14:10; 1 ਕੁਰਿੰਥ 3:14-15)।

**ਲੇਲੇ ਦਾ ਵਿਆਹ:** ਕਲੀਸਿਯਾ ਇਸ ਅਰਥ ਵਿੱਚ ਮਸੀਹ ਦੀ ਲਾੜੀ ਹੈ ਕਿ ਇਸ ਦੀ ਮਸੀਹ ਨਾਲ ਮੰਗਣੀ ਹੋਈ ਹੈ (2 ਕੁਰਿੰਥ 11:2)। ਪ੍ਰਕਾਸ਼ ਦੀ ਪੋਥੀ 19 ਦੇ ਅਨੁਸਾਰ ਇਹ ਵਿਆਹ ਮਸੀਹ ਦੇ ਦੂਜੀ ਵਾਰ ਧਰਤੀ ਉੱਤੇ ਆਉਣ ਤੋਂ ਕੁਝ ਸਮੇਂ ਪਹਿਲਾਂ ਸਵਰਗ ਵਿੱਚ ਹੋ ਰਿਹਾ ਹੈ।

**ਦੂਜੀ ਵਾਰ ਵਾਪਸ ਆਉਣਾ**: ਤਕਨੀਕੀ ਤੌਰ ਤੇ ਮਸੀਹ ਦਾ ਦੂਜੀ ਵਾਰ ਆਉਣਾ **ਬਿਪਤਾ ਦੇ ਅੰਤ ਵੇਲੇ ਮਸੀਹ ਦੇ ਆਪਣੇ ਸੰਤਾਂ ਨਾਲ ਧਰਤੀ ਉੱਤੇ ਆਉਣ** ਦਾ ਹਵਾਲਾ ਦਿੰਦਾ ਹੈ। (**ਰੈਪਚਰ ਬਿਪਤਾ ਤੋਂ ਪਹਿਲਾਂ ਮਸੀਹ ਦੇ ਆਪਣੇ ਸੰਤਾਂ ਨੂੰ ਉਠਾਉਣ ਲਈ ਬੱਦਲਾਂ ਉੱਤੇ ਆਉਣ** ਦਾ ਹਵਾਲਾ ਦਿੰਦਾ ਹੈ)। ਰੈਪਚਰ ਅਤੇ ਦੂਜੀ ਵਾਰ ਆਉਣ ਦੇ ਵਿਚਕਾਰ 7 ਸਾਲ ਦਾ ਸਮਾਂ ਹੈ। ਮਸੀਹ ਦੂਜੀ ਵਾਰ ਆਉਣ ਵੇਲੇ ਮਸੀਹ ਹਰਮਗਿੱਦੋਨ ਵਿੱਚ ਮਸੀਹ-ਵਿਰੋਧੀ ਨੂੰ ਨਾਸ਼ ਕਰਨ ਅਤੇ ਧਰਤੀ ਉੱਤੇ ਆਪਣਾ ਰਾਜ ਸਥਾਪਿਤ ਕਰਨ ਦੇ ਲਈ ਆਉਣ ਵਾਲੇ ਹਨ (ਯਹੂਦਾਹ 14-15)। **ਕੌਮਾਂ ਦਾ ਨਿਆਂ:** ਇਹ ਉਹ ਨਿਆਂ ਹੈ ਜੋ ਮਸੀਹ ਦੇ ਦੂਜੀ ਵਾਰ ਆਉਣ ਤੋਂ ਬਾਦ ਉਸ ਸਮੇਂ ਹੋਵੇਗਾ ਜਦੋਂ ਮਸੀਹ ਧਰਤੀ ਉੱਤੇ ਆਪਣਾ ਰਾਜ ਸਥਾਪਿਤ ਕਰਨ ਦੀ ਸ਼ੁਰੂਆਤ ਕਰਨਗੇ। ਸ਼ਬਦ "ਕੌਮਾਂ" ਮੱਤੀ 25:32 ਦੇ "ਐਥਨਾ" (ਐਥਨਿਕ -ਨਸਲ) ਸ਼ਬਦ ਤੋਂ ਆਇਆ ਹੈ, ਅਤੇ ਇਸ ਨੂੰ ਵੱਖ-ਵੱਖ ਨਸਲਾਂ ਦੇ ਸਮੂਹ ਦੇ ਲੋਕਾਂ ਦਾ ਨਿਆਂ ਸਮਝਿਆ ਜਾਣਾ ਚਾਹੀਦਾ ਹੈ। ਮਸੀਹ ਸਾਰੇ ਅਵਿਸ਼ਵਾਸੀਆਂ ਦਾ ਨਿਆਂ ਕਰਨ ਦੁਆਰਾ ਉਹਨਾਂ ਨੂੰ ਹਟਾ ਦੇਣਗੇ (ਆਇਤ 46) ਅਤੇ ਸਿਰਫ਼ ਉਹਨਾਂ ਨੂੰ ਹੀ ਰਾਜ ਵਿੱਚ ਪ੍ਰਵੇਸ਼ ਕਰਨ ਦੇਣਗੇ ਜੋ ਬਿਪਤਾ ਦੇ ਸਮੇਂ ਬਚਾਏ ਗਏ ਸਨ (ਆਇਤ 34)।

**ਹਜ਼ਾਰ ਸਾਲ ਰਾਜ ਜਾਂ ਮਿਲੇਨੀਅਮ:** ਦੂਜੀ ਵਾਰ ਆਉਣ ਤੋਂ ਬਾਅਦ, ਪ੍ਰਭੂ ਸਾਰੇ ਅਵਿਸ਼ਵਾਸੀਆਂ ਨੂੰ ਹਟਾ ਦੇਣਗੇ ਅਤੇ ਯਰੂਸ਼ਲਮ ਵਿੱਚ ਦਾਊਦ ਦੇ ਸਿੰਘਾਸਣ ਉੱਤੇ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ। *ਮਿਲ* ਇੱਕ ਲਾਤੀਨੀ ਸ਼ਬਦ ਹੈ ਜਿਸ ਦਾ ਅਰਥ ਇੱਕ ਹਜ਼ਾਰ ਹੈ, ਅਤੇ ਇਹ ਪ੍ਰਕਾਸ਼ 20:1-8 ਤੋਂ ਆਇਆ ਹੈ।

**ਪ੍ਰੀ-ਮਿਲੇਨੀਅਮ:** ਇਹ ਵਿਚਾਰ ਦੱਸਦਾ ਹੈ ਕਿ ਮਸੀਹ ਇੱਕ ਹਜ਼ਾਰ ਸਾਲ ਦੇ ਸਮੇਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਆਉਣਗੇ ਅਤੇ ਯਰੂਸ਼ਲਮ ਤੋਂ ਧਰਤੀ ਉੱਤੇ ਰਾਜ ਕਰਨ ਲਈ ਮੌਜੂਦ ਹੋਣਗੇ। ਇਹ ਸਭ ਤੋਂ ਵਧੀਆ ਵਿਚਾਰ ਹੈ।

## ਪ੍ਰੀ- ਟ੍ਰਿਬੂਲੇਸ਼ਨ / ਪ੍ਰੀ - ਮਿਲੇਨੀਅਲ ਸਮਾਂ - ਚਾਰਟ



**ਅਮਿਲੇਨੀਅਲਿਜ਼ਮ** – ਇਹ ਵਿਚਾਰ ਦੱਸਦਾ ਹੈ ਕਿ ਯਰੂਸ਼ਲਮ ਤੋਂ ਯਹੂਦੀਆਂ ਉੱਤੇ ਮਸੀਹ ਦਾ ਕੋਈ ਧਰਤੀ ਦਾ ਰਾਜ ਨਹੀਂ ਹੋਵੇਗਾ। ਇੱਥੇ ਮੂਲ ਦ੍ਰਿਸ਼ਟੀਕੋਣ ਇਹ ਹੈ ਕਿ ਯਹੂਦੀਆਂ ਨੇ ਆਪਣੇ ਰਾਜੇ ਨੂੰ ਸਵੀਕਾਰ ਨਹੀਂ ਕੀਤਾ ਸੀ, ਅਤੇ ਇਸ ਲਈ, ਹੁਣ ਉਹਨਾਂ ਨੇ ਆਪਣਾ ਉਹ ਅਧਿਕਾਰ ਗੁਆ ਦਿੱਤਾ ਹੈ ਕਿ ਪੁਰਾਣੇ ਨੇਮ ਦੇ ਵਾਅਦੇ ਉਹਨਾਂ ਦੇ ਲਈ ਪੂਰੇ ਹੋਣ।

**ਡੋਮੀਨੀਅਨ ਥਿਓਲੋਜ਼ੀ, ਪੁਨਰ ਨਿਰਮਾਣਵਾਦ, ਅਤੇ ਨਿਊ-ਪੋਸਟਮਿਲੇਨੀਅਲਿਜ਼ਮ:** ਇਹ ਸਾਰੇ ਸ਼ਬਦ ਇੱਕ ਅਜਿਹੇ ਅੰਦੋਲਨ ਬਾਰੇ ਸਿਖਾਉਂਦੇ ਹਨ ਕਿ ਅੰਤ ਵਿੱਚ ਕਲੀਸਿਯਾ ਦਾ ਪੂਰੇ ਸੰਸਾਰ ਉੱਤੇ ਰਾਜ ਹੋਵੇਗਾ। ਜਿਹੜੇ ਲੋਕ ਇਸ ਅੰਦੋਲਨ ਵਿੱਚ ਸ਼ਾਮਲ ਹਨ, ਉਹ ਇਸ ਉਦੇਸ਼ ਅਤੇ ਉਮੀਦ ਨਾਲ ਰਾਜਨੀਤਿਕ ਤੌਰ ਤੇ ਸ਼ਾਮਲ ਰਹਿਣ ਵਿੱਚ ਵਿਸ਼ਵਾਸ ਕਰਦੇ ਹਨ ਕਿ ਸੰਸਾਰ ਆਤਮਿਕ ਤੌਰ ਤੇ ਜ਼ਿਆਦਾ ਤੋਂ ਜ਼ਿਆਦਾ ਬਿਹਤਰ ਬਣਦਾ ਜਾਵੇਗਾ।

**ਪੋਸਟਮਿਲੇਨੀਅਲਿਜ਼ਮ** ਦੇ ਵਿਚਾਰ ਅਨੁਸਾਰ, ਮਸੀਹ ਦੇ ਦੂਜੀ ਵਾਰ ਆਉਣ ਤੋਂ **ਪਹਿਲਾਂ** ਧਰਤੀ ਉੱਤੇ ਇੱਕ ਹਜ਼ਾਰ ਸਾਲ ਦਾ ਮਸੀਹੀ ਲੋਕਾਂ ਦਾ ਰਾਜ ਹੋਵੇਗਾ।

**ਵੱਡੇ ਚਿੱਟੇ ਸਿੰਘਾਸਣ ਦਾ ਨਿਆਂ:** ਇੱਕ ਹਜ਼ਾਰ ਸਾਲ ਦੇ ਅੰਤ ਵਿੱਚ ਮਰੇ ਹੋਏ ਅਵਿਸ਼ਵਾਸੀ ਲੋਕਾਂ ਨੂੰ ਨਿਆਂ ਦੇ ਲਈ ਉਠਾਇਆ ਜਾਵੇਗਾ ਅਤੇ ਉਹਨਾਂ ਨੂੰ ਪ੍ਰਭੂ ਯਿਸੂ ਮਸੀਹ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਸਵੀਕਾਰ ਨਾ ਕਰਨ ਦੇ ਲਈ ਸਜ਼ਾ ਦਿੱਤੀ ਜਾਵੇਗੀ (ਪ੍ਰਕਾਸ਼ 20:11-15)।

**ਸਦੀਪਕ ਰਾਜ**: ਹਜ਼ਾਰ ਸਾਲ ਦੇ ਪੂਰਾ ਹੋਣ ਤੋਂ ਬਾਅਦ, ਧਰਤੀ ਦਾ ਰਾਜ ਸਵਰਗ ਦੇ ਰਾਜ ਨਾਲ ਮਿਲਾ ਦਿੱਤਾ ਜਾਵੇਗਾ। ਸਦੀਪਕ ਰਾਜ ਅਤੇ ਸਵਰਗ ਇੱਕ ਹੀ ਗੱਲ ਹਨ।

ਅੰਤ ਦੇ ਸਮੇਂ ਦਾ ਅਧਿਐਨ ਕਰਨ ਦੇ ਕਈ ਚੰਗੇ ਤਰੀਕੇ ਹਨ। ਸਭ ਤੋਂ ਪਹਿਲਾਂ, ਇੱਕ ਤੁਲਨਾਤਮਕ ਰੂਪ ਵਿੱਚ ਇਹ ਸਾਬਤ ਕਰਨਾ ਆਸਾਨ ਹੈ ਕਿ ਬਾਈਬਲ ਇਸਰਾਏਲ ਦੇ ਲਈ ਧਰਤੀ ਉੱਤੇ ਇੱਕ ਰਾਜ ਦਾ ਵਾਅਦਾ ਕਰਦੀ ਹੈ (ਦੇਖੋ, ਭਾਗ XIII "ਧਰਤੀ ਉੱਤੇ ਮਸੀਹ ਦਾ ਰਾਜ")। ਇਸ ਤੋਂ ਬਾਅਦ, ਜ਼ੈਤੂਨ ਦੇ ਪਹਾੜ ਦੇ ਉਪਦੇਸ਼ ਵਿੱਚ ਮਸੀਹ ਨੇ ਇਹ ਸਪੱਸ਼ਟ ਸਿਖਾਇਆ ਹੈ ਕਿ ਧਰਤੀ ਉੱਤੇ ਉਹਨਾਂ ਦਾ ਆਉਣਾ ਇਸ ਰਾਜ ਦੇ ਆਉਣ ਤੋਂ ਪਹਿਲਾਂ ਹੋਵੇਗਾ ਅਤੇ ਮਸੀਹ ਦੇ ਆਉਣ ਤੋਂ ਪਹਿਲਾਂ ਬਿਪਤਾ ਦਾ ਸਮਾਂ ਹੋਵੇਗਾ (ਮੱਤੀ 24:21, 29-31)। ਫਿਰ ਅਗਲਾ ਕਦਮ ਇਹ ਸਮਝਾਉਣਾ ਹੋਵੇਗਾ ਕਿ ਜਿਹੜੇ ਵਚਨ ਮਸੀਹ ਦੇ ਦੁਬਾਰਾ ਆਉਣ ਦੇ ਬਾਰੇ ਦੱਸਦੇ ਹਨ, ਉਹ ਇਸ ਵਿੱਚ ਦੋ ਪੜਾਵਾਂ ਨੂੰ ਸ਼ਾਮਲ ਕਰਦੇ ਹਨ (ਇੱਕ ਜਿਸ ਵਿੱਚ ਉਹ ਸੰਤਾਂ ਨੂੰ ਸਵਰਗ ਲੈ ਜਾਣ ਦੇ ਲਈ ਬੱਦਲਾਂ ਉੱਤੇ ਆਉਣਗੇ, ਅਤੇ ਦੂਜਾ ਜਿਸ ਵਿੱਚ ਉਹ ਧਰਤੀ ਉੱਤੇ ਆਪਣੇ ਸੰਤਾਂ ਦੇ ਨਾਲ ਆਉਣਗੇ ਅਤੇ ਰਾਜ ਕਰਨ ਦੇ ਲਈ ਇੱਥੇ ਰਹਿਣਗੇ)। ਫਿਰ ਇੱਕ ਅੰਤਿਮ ਕਦਮ ਇਹ ਦਲੀਲ ਦੇਣਾ ਹੋਵੇਗਾ ਕਿ ਇਹਨਾਂ ਦੋਵੇਂ ਪੜਾਵਾਂ ਵਿਚਕਾਰ ਸਮੇਂ ਦਾ ਇੱਕ ਅੰਤਰਾਲ ਹੋਣਾ ਜ਼ਰੂਰੀ ਹੈ, ਅਤੇ ਇਹ ਕਿ ਪਹਿਲਾ ਪਹਿਲੂ ਬਿਪਤਾ ਤੋਂ ਪਹਿਲਾਂ ਹੋਵੇਗਾ। ਉੱਚੇ-ਪੱਧਰ ਦਾ ਅਧਿਐਨ ਕਰਨ ਵਾਲੇ ਵਿਦਿਆਰਥੀ ਸ਼ਾਇਦ ਇਸ ਅੰਤ ਦੇ ਸਮੇਂ ਦੀ ਪ੍ਰਣਾਲੀ ਤੋਂ ਲਾਭ ਪ੍ਰਾਪਤ ਕਰਨਗੇ। ਪਰ, ਇਹ ਤਰੀਕਾ ਨਵੇਂ ਵਿਦਿਆਰਥੀਆਂ ਦੇ ਲਈ ਬਹੁਤ ਉਲਝਣ ਵਾਲਾ ਹੋ ਸਕਦਾ ਹੈ। ਇਹ ਅਧਿਐਨ ਉਹਨਾਂ ਲੋਕਾਂ ਦੇ ਕਾਰਨ ਵਧੇਰੇ ਕਾਲਕ੍ਰਮ ਢੰਗ ਨਾਲ ਕੀਤਾ ਜਾਵੇਗਾ ਜੋ ਅੰਤ ਦੇ ਸਮੇਂ ਦੀਆਂ ਬਾਈਬਲ ਦੀਆਂ ਘਟਨਾਵਾਂ ਤੋ ਜਾਣੂ ਨਹੀਂ ਹਨ।

## II. ਕਲੀਸਿਯਾ ਪ੍ਰਣਾਲੀ ਬਾਰੇ ਬਾਈਬਲ ਦੀਆਂ ਉਮੀਦਾਂ

ਨੈਤਿਕਤਾ ਅਤੇ ਆਤਮਿਕਤਾ ਵਿੱਚ ਹੋ ਰਹੀ ਸਪੱਸ਼ਟ ਗਿਰਾਵਟ ਦੇ ਕਾਰਨ ਮਸੀਹੀਆਂ ਦੇ ਲਈ ਰਾਜਨੀਤਿਕ ਤੌਰ ਤੇ ਕਾਰਵਾਈ ਦੀ ਮੰਗ ਕਰਨਾ ਕਾਫ਼ੀ ਜਾਇਜ਼ ਹੈ। ਸਾਰੇ ਮਸੀਹੀ ਇਸ ਗੱਲ ਨਾਲ ਸਹਿਮਤ ਹੋ ਸਕਦੇ ਹਨ ਕਿ "ਧਾਰਮਿਕਤਾ ਕੌਮ ਦੀ ਤਰੱਕੀ ਕਰਦੀ ਹੈ" (ਕਹਾਉਤਾਂ 14:34)। ਸਾਰੇ ਮਸੀਹੀਆਂ ਨੂੰ ਆਪਣੀਆਂ ਨਾਗਰਿਕ ਜ਼ਿੰਮੇਵਾਰੀਆਂ ਦੇ ਪ੍ਰਤੀ ਸੰਵੇਦਨਸ਼ੀਲ ਹੋਣਾ ਚਾਹੀਦਾ ਹੈ।

ਫਿਰ ਵੀ, ਆਧੁਨਿਕ ਮਸੀਹੀ ਰਾਜਨੀਤਿਕ ਤੌਰ ਤੇ ਸ਼ਾਮਲ ਹੋਣ ਦੇ ਮੁੱਦੇ ਨੂੰ ਵੱਖ-ਵੱਖ ਵਿਚਾਰਾਂ ਨਾਲ ਦੇਖਦੇ ਹਨ। ਕੁਝ ਲੋਕਾਂ ਦਾ ਮੰਨਣਾ ਹੈ ਕਿ ਕਲੀਸਿਯਾ ਦਾ ਪ੍ਰਮੁੱਖ ਮਿਸ਼ਨ ਸ਼ੁਭ-ਸਮਾਚਾਰ ਦੁਆਰਾ ਵਿਅਕਤੀਗਤ ਤੌਰ ਤੇ ਲੋਕਾਂ ਨੂੰ ਸੰਸਾਰ ਤੋਂ ਬਚਾਉਣਾ ਹੈ। ਅਜਿਹੇ ਲੋਕ ਰਾਜਨੀਤਿਕ ਅਤੇ ਸਮਾਜਿਕ ਯਤਨਾਂ ਨੂੰ ਮਾਮੂਲੀ ਸਮਝਦੇ ਹਨ। ਉਹ ਕਹਿੰਦੇ ਹਨ ਕਿ ਸਰਕਾਰ ਸਭ ਤੋਂ ਵਧੀਆ ਕੰਮ ਇਹੀ ਕਰ ਸਕਦੀ ਹੈ ਕਿ ਉਹ ਕਲੀਸਿਯਾ ਨੂੰ ਇਕੱਲਾ ਛੱਡ ਦੇਵੇ (ਇਸ ਦੀ ਤੁਲਨਾ 1 ਤਿਮੋਥਿ 2:1-2 ਦੀ "ਸ਼ਾਂਤੀ" ਨਾਲ ਕਰੋ), ਅਤੇ ਇਸ ਨੂੰ ਆਜ਼ਾਦੀ ਦੇਵੇ ਕਿ ਇਹ ਆਪਣੇ ਮਿਸ਼ਨ ਨੂੰ ਪੂਰਾ ਕਰ ਸਕੇ। ਸਰਕਾਰ ਬੁਨਿਆਦੀ ਕੁਦਰਤੀ ਵਿਵਸਥਾ ਨੂੰ ਲਾਗੂ ਕਰਨ ਦੇ ਬਾਰੇ ਵਿੱਚ ਪਰਮੇਸ਼ਰ ਅੱਗੇ ਜਵਾਬਦੇਹ ਹੈ (ਰੋਮੀ 2:14-15), ਪਰ ਮਸੀਹੀ ਇਹ ਇੱਛਾ ਨਾ ਰੱਖਣ ਕਿ ਸਮਾਜ ਉੱਤੇ ਮੂਸਾ ਦੀ ਪੂਰੀ ਬਿਵਸਤਾ ਹੀ ਥੋਪ ਦਿੱਤੀ ਜਾਵੇ, ਅਤੇ ਨਿਸ਼ਚਿਤ ਤੌਰ ਤੇ ਉਹ ਅਜਿਹੀ ਰਾਜਨੀਤਿਕ ਸਰਕਾਰ ਨਹੀਂ ਚਾਹੁਣਗੇ, ਜਿਸ ਵਿੱਚ ਅਰਾਧਨਾ ਕਰਨ, ਵਿਸ਼ਵਾਸ ਕਰਨ, ਜਾਂ ਦਾਨ ਦੇਣ ਲਈ ਮਜਬੂਰ ਕੀਤਾ ਜਾਵੇ।

ਕੁਝ ਹੋਰ ਮਸੀਹੀ ਰਾਜਨੀਤਿਕ ਅਤੇ ਸਮਾਜਿਕ ਕੰਮ ਨੂੰ ਵੱਖ-ਵੱਖ ਉਮੀਦਾਂ ਨਾਲ ਦੇਖਦੇ ਹਨ। ਉਹ ਮੰਨਦੇ ਹਨ ਕਿ ਮਸੀਹੀ ਅਸਲ ਵਿੱਚ ਸਮਾਜ ਦੀਆਂ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਉੱਤੇ ਦਬਦਬਾ ਬਣਾ ਕੇ ਇਸ ਦੀ ਫਿਰ ਤੋਂ ਉਸਾਰੀ ਕਰ ਸਕਦੇ ਹਨ। ਉਹ ਮੰਨਦੇ ਹਨ ਕਿ ਇਸ ਦਾ ਨਤੀਜਾ ਇੱਕ ਅਜਿਹਾ ਮਸੀਹੀ ਸਮਾਜ ਹੋਵੇਗਾ (ਮੂਲ ਰੂਪ ਵਿੱਚ ਇੱਕ ਅਜਿਹਾ ਧਾਰਮਿਕ ਰਾਜ ਜੋ ਬਾਈਬਲ ਦੀ ਬਿਵਸਥਾ ਅਤੇ ਮੂਸਾ ਦੀ ਬਿਵਸਥਾ ਦੁਆਰਾ ਚਲਾਇਆ ਜਾਵੇਗਾ), ਜੋ ਆਪਣੇ

ਰਾਜੇ ਨੂੰ ਉਸ ਦੇ ਦੂਜੀ ਵਾਰ ਆਉਣ ਵੇਲੇ ਪ੍ਰਾਪਤ ਕਰਨ ਲਈ ਤਿਆਰ ਹੋਵੇਗਾ। ਇਹ ਦੂਜਾ ਵਿਚਾਰ ਕਈ ਨਾਮਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ ਕਿ "ਥਿਓਕਰੇਟਿਕ ਪੋਸਟਮਿਲੇਨੀਅਲਿਜ਼ਮ", "ਪੁਨਰ ਨਿਰਮਾਣਵਾਦ", ਜਾਂ "ਡੋਮੀਨੀਅਨ ਥਿਓਲੋਜੀ।" ਇਹ ਵਿਚਾਰ ਕੈਰਿਸਮੈਟਿਕ (ਚਿੰਨ੍ਹ-ਚਮਤਕਾਰਾਂ ਵਿੱਚ ਵਿਸ਼ਵਾਸ ਕਰਨ ਵਾਲੇ) ਲੋਕਾਂ ਵਿੱਚ ਵੱਧ ਰਿਹਾ ਹੈ ਜੋ ਆਪਣੇ ਵਿਅਕਤੀਗਤ ਚਮਤਕਾਰਾਂ ਦੇ ਵਿਸ਼ਵਾਸ ਨੂੰ ਪੂਰੇ ਸਮਾਜ ਦੇ ਚਮਤਕਾਰੀ ਬਦਲਾਅ ਦੀ ਉਮੀਦ ਵਿੱਚ ਬਦਲਦੇ ਹਨ। ਇਸ ਤੋਂ ਇਲਾਵਾ, ਇਹ ਵਿਚਾਰ ਕੱਟੜਵਾਦੀ ਰੇਫੋਰਮਰ/ਪ੍ਰੈਸਬੈਟੀਰੀਅਨ ਦੇ ਖੇਤਰਾਂ ਵਿੱਚ ਵੀ ਮਜ਼ਬੂਤ ਹੋ ਰਿਹਾ ਹੈ।

ਹਾਲਾਂਕਿ ਜ਼ਿਆਦਾਤਰ ਕੱਟੜਵਾਦੀਆਂ ਵਿਚਕਾਰ ਸਾਰੇ ਮਾਮਲਿਆਂ ਵਿੱਚ ਮਤਭੇਦਾਂ ਨਾਲੋਂ ਜ਼ਿਆਦਾ ਸਮਾਨਤਾਵਾਂ ਹੁੰਦੀਆਂ ਹਨ, ਫਿਰ ਵੀ ਸੱਤਾ ਦੇ ਸਿਧਾਂਤ ਦੀਆਂ ਅਵਿਸ਼ਵਾਸਯੋਗ ਉਮੀਦਾਂ ਦੀ ਅਲੋਚਨਾ ਕਰਨਾ, ਅਤੇ ਕਲੀਸਿਯਾ ਦੇ ਸ਼ੁਭ-ਸਮਾਚਾਰ ਦੇ ਪ੍ਰਚਾਰ ਦੇ ਜ਼ਿਆਦਾ ਮਹੱਤਵਪੂਰਣ ਕੰਮ ਨੂੰ ਨਜ਼ਰਅੰਦਾਜ਼ ਕਰਨ ਦੇ ਖ਼ਤਰਿਆਂ ਬਾਰੇ ਦੱਸਣਾ ਜ਼ਰੂਰੀ ਹੋ ਗਿਆ ਹੈ। ਰਾਜ ਲਿਆਉਣਾ ਕਲੀਸਿਯਾ ਦਾ ਕੰਮ ਨਹੀਂ ਹੈ। ਹਾਲਾਂਕਿ ਕਲੀਸਿਯਾ ਅਤੇ ਸਰਕਾਰ ਦੇ ਸਹਿਣਸ਼ੀਲਤਾ ਵਾਲੇ ਸੰਬੰਧਾਂ ਨਾਲ ਸ਼ੁਭ-ਸਮਾਚਾਰ ਨੂੰ ਅੱਗੇ ਵਧਾਇਆ ਜਾ ਸਕਦਾ ਹੈ, ਪਰ ਜਿਹੜੇ ਲੋਕ ਇਹ ਸੋਚਦੇ ਹਨ ਕਿ ਕਾਨੂੰਨ ਅਤੇ ਰਾਜਨੀਤੀ ਦੁਆਰਾ ਮਨੁੱਖੀ ਸਮਾਜ ਨੂੰ ਬਦਲਿਆ ਜਾ ਸਕਦਾ ਹੈ, ਉਹਨਾਂ ਨੂੰ ਅੰਤ ਵਿੱਚ ਨਿਰਾਸ਼ ਹੋਣਾ ਪਵੇਗਾ। ਬਾਈਬਲ ਕਲੀਸਿਯਾ ਦੇ ਯੁੱਗ ਵਿੱਚ ਸ਼ੁਭ-ਸਮਾਚਾਰ ਦੀ ਮੁਕੰਮਲ ਜਿੱਤ ਨੂੰ ਨਹੀਂ ਦਰਸਾਉਂਦੀ ਹੈ, ਅਤੇ ਨਾ ਹੀ ਉਹ ਇਹ ਸਿਖਾਉਂਦੀ ਹੈ ਕਿ ਮਸੀਹ ਦੇ ਦੂਜੀ ਵਾਰ ਆਉਣ ਵਾਲੇ ਸੰਸਾਰ ਦੀ ਆਤਮਿਕ ਸਥਿਤੀ ਦਾ ਇੱਕ ਉੱਚਾ ਬਿੰਦੂ ਹੋਣਾ ਜ਼ਰੂਰੀ ਹੈ।[2] ਪਰ ਬਾਈਬਲ ਇਸ ਦੇ ਉਲਟ ਦਰਸਾਉਂਦੀ ਹੈ ਜੋ ਇਸ ਅਧਿਐਨ ਵਿੱਚ ਸਪੱਸ਼ਟ ਕੀਤਾ ਹੋਵੇਗਾ। ਇਸ ਤੋਂ ਇਲਾਵਾ, ਹਾਲਾਂਕਿ ਕਲੀਸਿਯਾ ਇੱਕ ਰੂਪ ਵਿੱਚ ਸਵਰਗ ਦਾ ਰਾਜ ਹੀ ਹੈ, ਪਰ ਪਰਮੇਸ਼ਰ ਭਵਿੱਖ ਵਿੱਚ ਜਿਹੜੀ ਸ਼ਾਤੀ, ਧਾਰਮਿਕਤਾ, ਅਤੇ ਪਵਿੱਤਰਤਾ ਦੇ ਸਮੇਂ ਦਾ ਵਾਅਦਾ ਕਰਦੀ ਹੈ, ਪਰਮੇਸ਼ਰ ਉਹ ਵਰਤਮਾਨ ਕਲੀਸਿਯਾ ਦੇ ਦੁਆਰਾ ਨਹੀਂ ਬਲਕਿ ਭਵਿੱਖ ਵਿੱਚ ਇਸਰਾਏਲ ਦੇ ਦੁਆਰਾ ਕੰਮ ਕਰਦੇ ਹੋਏ ਲਿਆਉਣਗੇ।

ਇਹ ਸੱਚ ਹੈ ਕਿ ਵਰਤਮਾਨ ਯੁੱਗ ਵਿੱਚ ਸੰਸਾਰ ਕਲੀਸਿਯਾ ਨੂੰ ਨਾਸ਼ ਨਹੀਂ ਕਰੇਗਾ (ਮੱਤੀ 16:18)। ਅਤੇ ਇਹ ਵੀ ਓਨਾ ਹੀ ਸੱਚ ਹੈ ਕਿ ਕਲੀਸਿਯਾ ਪੂਰੇ ਸੰਸਾਰ ਨੂੰ ਨਾ ਤਾਂ ਆਤਮਿਕ ਤੌਰ ਤੇ ਅਤੇ ਨਾ ਹੀ ਰਾਜਨੀਤਿਕ ਤੌਰ ਤੇ "ਜਿੱਤ" ਨਹੀਂ ਸਕੇਗੀ। **ਇਸ ਵਿੱਚ ਚੰਗੇ ਅਤੇ ਬੁਰੇ ਦਾ ਮਿਸ਼ਰਣ ਹਮੇਸ਼ਾਂ ਹੀ ਹੋਵੇਗਾ**। ਮਸੀਹ ਦੇ ਕੁਝ ਬਹੁਤ ਹੀ ਮਹੱਤਵਪੂਰਣ ਦ੍ਰਿਸ਼ਟਾਂਤਾਂ ਦਾ ਇਹੀ ਮੁੱਖ ਬਿੰਦੂ ਸੀ।

> ਜਦੋਂ ਯਿਸੂ ਭੀੜ ਤੋਂ ਵਿਦਾ ਹੋ ਕੇ ਘਰ ਆਏ ਤਾਂ ਉਹਨਾਂ ਦੇ ਚੇਲੇ ਉਹਨਾਂ ਕੋਲ ਆਏ ਅਤੇ ਕਿਹਾ, "ਸਾਨੂੰ ਖੇਤ ਵਿੱਚਲੀ ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਦਾ ਅਰਥ ਸਮਝਾਓ।" ਯਿਸੂ ਨੇ ਉੱਤਰ ਦਿੱਤਾ, "ਚੰਗਾ ਬੀਜ ਬੀਜਣ ਵਾਲਾ ਮਨੁੱਖ ਦਾ ਪੁੱਤਰ ਹੈ। ਖੇਤ ਇਹ ਸੰਸਾਰ ਹੈ। **ਚੰਗੇ ਬੀਜ ਦਾ ਅਰਥ ਉਹਨਾਂ ਲੋਕਾਂ ਤੋਂ ਹੈ ਜਿਹਨਾਂ ਦਾ ਸੰਬੰਧ ਪਰਮੇਸ਼ਰ ਦੇ ਰਾਜ ਨਾਲ ਹੈ। ਜੰਗਲੀ ਬੂਟੀ ਦਾ ਅਰਥ ਉਹ ਲੋਕ ਹਨ ਜਿਹਨਾਂ ਦਾ ਸੰਬੰਧ ਸ਼ੈਤਾਨ ਨਾਲ ਹੈ।** ਵੈਰੀ ਜਿਸ ਨੇ ਜੰਗਲੀ ਬੂਟੀ ਬੀਜੀ, ਸ਼ੈਤਾਨ ਹੈ। ਫ਼ਸਲ ਦਾ ਪੱਕਣਾ, ਇਸ ਯੁੱਗ ਦਾ ਅੰਤ ਹੈ ਅਤੇ ਵਾਢੇ ਸਵਰਗਦੂਤ ਹਨ। ਜਿਸ ਤਰ੍ਹਾਂ ਜੰਗਲੀ ਬੂਟੀ ਇਕੱਠੀ ਕਰ ਕੇ ਅੱਗ ਵਿੱਚ ਝੋਕੀ ਜਾਂਦੀ ਹੈ, ਇਸੇ ਤਰ੍ਹਾਂ ਸੰਸਾਰ ਦੇ ਅੰਤ ਵਿੱਚ ਹੋਵੇਗਾ। ਮਨੁੱਖ ਦਾ ਪੁੱਤਰ ਆਪਣੇ ਸਵਰਗਦੂਤਾਂ ਨੂੰ ਭੇਜੇਗਾ ਅਤੇ ਉਹ ਉਹਨਾਂ ਸਾਰਿਆਂ ਨੂੰ ਜਿਹੜੇ ਲੋਕਾਂ ਨੂੰ ਪਾਪ ਦੇ ਰਾਹ ਪਾਉਂਦੇ ਹਨ ਅਤੇ ਉਹਨਾਂ ਨੂੰ ਜਿਹੜੇ ਬੁਰੇ ਕੰਮ ਕਰਦੇ ਹਨ ਇਕੱਠਾ ਕਰਨਗੇ। ਫਿਰ ਸਵਰਗਦੂਤ ਇਹਨਾਂ ਸਾਰਿਆਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ। ਉਸ ਸਮੇਂ ਨੇਕ ਲੋਕ ਆਪਣੇ ਪਿਤਾ ਦੇ ਰਾਜ ਵਿੱਚ ਸੂਰਜ ਵਾਂਗ ਚਮਕਣਗੇ। ਜਿਸ ਦੇ ਕੋਲ ਕੰਨ ਹਨ, ਉਹ ਸੁਣੇ।" [ਮੱਤੀ 13:36-43]
>
> "ਫਿਰ ਸਵਰਗ ਦਾ ਰਾਜ ਉਸ ਜਾਲ ਵਰਗਾ ਹੈ ਜਿਹੜਾ ਝੀਲ ਵਿੱਚ ਸੁੱਟਿਆ ਗਿਆ ਅਤੇ ਉਸ ਵਿੱਚ ਕਈ ਪ੍ਰਕਾਰ ਦੀਆਂ ਮੱਛੀਆਂ ਘਿਰ ਆਈਆਂ। ਜਦੋਂ ਉਹ ਭਰ ਗਿਆ ਤਾਂ ਮਛੇਰੇ ਉਸ ਨੂੰ ਕੰਢੇ ਉੱਤੇ ਖਿੱਚ ਕੇ ਲਿਆਏ। ਫਿਰ ਉਹਨਾਂ ਨੇ ਬੈਠ ਕੇ ਚੰਗੀਆਂ ਮੱਛੀਆਂ ਇਕੱਠੀਆਂ ਕਰ ਕੇ ਟੋਕਰਿਆਂ ਵਿੱਚ ਪਾ ਲਈਆਂ ਪਰ ਨਿਕੰਮੀਆਂ ਨੂੰ ਬਾਹਰ ਸੁੱਟ ਦਿੱਤਾ।

[2] ਉਹ ਵਚਨ ਜੋ ਇਹ ਭਵਿੱਖਬਾਣੀ ਕਰਦੇ ਹਨ ਕਿ ਮਸੀਹ ਦੇ ਦੂਜੇ ਆਗਮਨ ਤੋਂ ਪਹਿਲਾਂ ਸ਼ੁਭ-ਸਮਾਚਾਰ ਸਾਰੇ ਸੰਸਾਰ ਵਿੱਚ ਫੈਲ ਜਾਵੇਗਾ, ਇਹ ਜ਼ਰੂਰੀ ਨਹੀਂ ਹੈ ਕਿ ਉਹ ਕਲੀਸਿਯਾ ਦੇ ਪ੍ਰਸ਼ਾਸਨ ਦੇ ਬਾਰੇ ਵਿੱਚ ਗੱਲ ਕਰ ਰਹੇ ਹਨ। ਹਾਲਾਂਕਿ, ਕਲੀਸਿਯਾ ਦੇ ਪ੍ਰਸ਼ਾਸਨ ਦੇ ਦੌਰਾਨ ਸ਼ੁਭ-ਸਮਾਚਾਰ ਨੂੰ ਪੂਰੀ ਦੁਨੀਆ ਵਿੱਚ ਫੈਲਣਾ ਹੈ, ਪਰ ਇਹ ਸੰਭਵ ਹੈ ਕਿ ਸ਼ੁਭ-ਸਮਾਚਾਰ ਦਾ ਸਾਰੇ ਸੰਸਾਰ ਵਿੱਚ ਪ੍ਰਚਾਰ ਹੋਣਾ ਹੈ, ਇਹ ਸੰਭਵ ਹੈ ਕਿ ਸ਼ੁਭ-ਸਮਾਚਾਰ ਦਾ ਸਾਰੇ ਸੰਸਾਰ ਵਿੱਚ ਪ੍ਰਚਾਰ ਕਲੀਸਿਯਾ ਦੇ ਸਮੇਂ ਵਿੱਚ ਨਹੀਂ ਬਲਕਿ ਬਿਪਤਾ ਦੇ ਸਮੇਂ ਵਿੱਚ ਹੋਵੇਗਾ। ਮੱਤੀ 24:14 ਵਰਗੀਆਂ ਆਇਤਾਂ ਤਕਨੀਕੀ ਤੌਰ ਤੇ ਬਿਪਤਾ ਦੇ ਸਮੇਂ ਨੂੰ ਵੀ ਸ਼ਾਮਲ ਕਰਦੀਆਂ ਹਨ। ਬਿਪਤਾ ਦੇ ਸਮੇਂ ਵਿੱਚ, ਸ਼ੁਭ-ਸਮਾਚਾਰ ਦੇ ਗਵਾਹਾਂ (ਪ੍ਰਕਾਸ਼ 11:3-12), ਅਕਾਸ਼ ਵਿੱਚ ਉੱਡਦੇ ਸਵਰਗਦੂਤ (ਪ੍ਰਕਾਸ਼ 14:6) ਅਤੇ ਸ਼ਾਇਦ ਉਹਨਾਂ 1,44,000 ਗਵਾਹਾਂ ਦੁਆਰਾ ਪੂਰੇ ਸੰਸਾਰ ਫੈਲਾਇਆ ਜਾਵੇਗਾ ਜਿਹਨਾਂ ਉੱਤੇ ਮੋਹਰ ਲੱਗੀ ਹੋਈ ਹੈ (ਜਿਹਨਾਂ ਨੂੰ ਮੌਤ ਤੋਂ ਬਚਾਇਆ ਜਾਵੇਗਾ, ਪ੍ਰਕਾਸ਼ 7:3-8)।

**ਇਸੇ ਤਰ੍ਹਾਂ ਯੁੱਗ ਦੇ ਅੰਤ ਵਿੱਚ ਹੋਵੇਗਾ। ਸਵਰਗਦੂਤ ਜਾਣਗੇ ਅਤੇ ਬੁਰੇ ਲੋਕਾਂ ਨੂੰ ਚੰਗੇ ਲੋਕਾਂ ਵਿੱਚੋਂ ਛਾਂਟਣਗੇ** ਅਤੇ ਬੁਰੇ ਲੋਕਾਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ. 13:47-50]

ਇਸੇ ਉਪਦੇਸ਼ ਵਿੱਚ, ਪ੍ਰਭੂ ਨੇ ਇਹ ਸਿਖਾਇਆ ਹੈ ਕਿ ਉਹਨਾਂ ਦਾ ਰਾਜ ਉਹਨਾਂ ਦੇ ਪਹਿਲੇ ਅਤੇ ਦੂਜੇ ਆਗਮਨ ਦੇ ਵਿਚਕਾਰ ਵੱਧ ਜਾਵੇਗਾ। ਰਾਈ ਦੇ ਦਾਣੇ ਅਤੇ ਖ਼ਮੀਰ ਦੇ ਦ੍ਰਿਸ਼ਟਾਂਤਾਂ ਉੱਤੇ ਧਿਆਨ ਕਰੋ (ਮੱਤੀ 13:31-33)। ਫਿਰ ਵੀ, ਯੁੱਗ ਦੇ ਅੰਤ ਵਿੱਚ, ਸੰਸਾਰ ਵਿੱਚ ਚੰਗੇ ਅਤੇ ਬੁਰੇ ਲੋਕ ਇੱਕ ਮਿਲੇ-ਜੁਲੇ ਰੂਪ ਵਿੱਚ ਹੀ ਹੋਣਗੇ।

ਕਲੀਸਿਯਾ ਸ਼ੁਭ-ਸਮਾਚਾਰ ਦੁਆਰਾ ਸੰਸਾਰ ਵਿੱਚ ਲੋਕਾਂ ਨੂੰ ਬਚਾਉਣ ਦੇ ਮਾਮਲੇ ਵਿੱਚ ਆਸ਼ਾਵਾਦੀ ਹੋ ਸਕਦੀ ਹੈ (ਅਤੇ ਹਰੇਕ ਵਿਅਕਤੀ ਮਹੱਤਵਪੂਰਣ ਹੈ, ਦੇਖੋ ਲੂਕਾ 15:7,10)। ਕਲੀਸਿਯਾ ਦੇ ਅਸਫਲ ਹੋਣ ਦਾ ਕੋਈ ਡਰ ਨਹੀਂ ਹੋਣਾ ਚਾਹੀਦਾ ਹੈ (ਮੱਤੀ 16:18; ਰਸੂਲਾਂ 1:8)। ਮਸੀਹੀ ਲੋਕਾਂ ਨੂੰ ਖੇਤਰੀ ਅਤੇ ਨਾਗਰਿਕ ਆਤਮਿਕ ਬੇਦਾਰੀ ਦੇ ਲਈ ਪ੍ਰਾਰਥਨਾ ਕਰਨੀ ਅਤੇ ਕੰਮ ਕਰਨਾ ਚਾਹੀਦਾ ਹੈ, ਕਿਉਂਕਿ ਇਹ ਨਿਸ਼ਚਿਤ ਤੌਰ ਤੇ ਸੰਭਵ ਹਨ। ਫਿਰ ਵੀ, ਸੀਮਿਤ ਸਫਲਤਾਵਾਂ ਦੀ ਉਮੀਦ ਦੇ ਬਾਵਜੂਦ, ਬਾਈਬਲ ਕਲੀਸਿਯਾ ਦੇ ਪ੍ਰਸ਼ਾਸਨ ਨੂੰ ਸਿਰਫ਼ ਇੱਕ ਹੀ ਅਜਿਹੇ ਰੂਪ ਵਿੱਚ ਪੇਸ਼ ਨਹੀਂ ਕਰਦੀ ਹੈ ਜਿਸ ਵਿੱਚ ਪੂਰੇ ਸੰਸਾਰ ਨੂੰ ਮਸੀਹ ਦੇ ਅਧੀਨ ਕਰ ਦਿੱਤਾ ਜਾਵੇਗਾ; ਅਤੇ ਮਸੀਹੀ ਲੋਕ ਵੀ ਪਰਮੇਸ਼ਰ ਦੇ ਕੰਮ ਨੂੰ ਇਸ ਤਰ੍ਹਾਂ ਹੁੰਦੇ ਹੋਏ ਦੇਖਣ ਨਾਲ ਉਤਸ਼ਾਹਿਤ ਨਹੀਂ ਹੋਣਗੇ ਜਿਸ ਵਿੱਚ ਮਨੁੱਖੀ ਸਮਾਜ ਨੂੰ ਪਰਿਵਰਤਿਤ ਕਰਨ ਦੇ ਲਈ ਇਸ ਉੱਤੇ ਮੂਸਾ ਦੀ ਬਿਵਸਥਾ ਨੂੰ ਥੋਪਿਆ ਜਾਵੇ।

> "ਤੰਗ ਦਰਵਾਜ਼ੇ ਦੇ ਰਾਹੀਂ ਅੰਦਰ ਜਾਵੋ ਕਿਉਂਕਿ ਉਹ ਦਰਵਾਜ਼ਾ ਚੌੜਾ ਹੈ ਅਤੇ ਉਹ ਰਾਹ ਸੌਖਾ ਹੈ ਜਿਹੜਾ **ਨਰਕ** ਨੂੰ ਜਾਂਦਾ ਹੈ ਅਤੇ **ਬਹੁਤ** ਲੋਕ ਹਨ ਜਿਹੜੇ ਇਸ ਦੇ ਰਾਹੀਂ ਅੰਦਰ ਜਾਂਦੇ ਹਨ। ਪਰ ਉਹ ਦਰਵਾਜ਼ਾ ਤੰਗ ਹੈ ਅਤੇ ਉਹ ਰਾਹ ਔਖਾ ਹੈ ਜਿਹੜਾ **ਜੀਵਨ** ਦੇ ਵੱਲ ਲੈ ਜਾਂਦਾ ਹੈ ਅਤੇ **ਬਹੁਤ ਥੋੜ੍ਹੇ** ਲੋਕ ਹਨ ਜਿਹੜੇ ਇਸ ਨੂੰ ਲੱਭਦੇ ਹਨ।" [ਮੱਤੀ 7:13-14]
>
> ਇਹ ਯਾਦ ਰੱਖ ਕਿ **ਅੰਤਿਮ ਸਮੇਂ ਵਿੱਚ ਸੰਕਟ ਭਰੇ ਦਿਨ ਆਉਣਗੇ**। ਲੋਕ ਸਵਾਰਥੀ, ਲਾਲਚੀ, ਘਮੰਡੀ, ਨਿੰਦਕ, ਮਾਤਾ-ਪਿਤਾ ਦੀ ਆਗਿਆ ਨਾ ਮੰਨਣ ਵਾਲੇ, ਨਾਸ਼ੁਕਰੇ ਅਤੇ ਅਪਵਿੱਤਰ ਹੋਣਗੇ। ਉਹ ਪਿਆਰ ਨਾ ਕਰਨ ਵਾਲੇ, ਮਾਫ਼ ਨਾ ਕਰਨ ਵਾਲੇ, ਦੋਸ਼ ਲਾਉਣ ਵਾਲੇ, ਅਸੰਜਮੀ, ਹਿੰਸਕ ਅਤੇ ਭਲਾਈ ਦੇ ਵੈਰੀ ਹੋਣਗੇ। ਉਹ ਵਿਸ਼ਵਾਸਘਾਤੀ, ਜਲਦਬਾਜ਼, ਘਮੰਡੀ ਅਤੇ ਪਰਮੇਸ਼ਰ ਦੀ ਥਾਂ ਸੰਸਾਰਕ ਭੋਗ ਵਿਲਾਸ ਨੂੰ ਪਿਆਰ ਕਰਨਗੇ। ਉਹ ਬਾਹਰੀ ਤੌਰ ਤੇ ਭਗਤੀ ਦਾ ਦਿਖਾਵਾ ਤਾਂ ਕਰਨਗੇ ਪਰ ਉਸ ਦੀ ਅਸਲ ਸਮਰਥਾ ਨੂੰ ਰੱਦ ਦੇਣਗੇ। ਅਜਿਹੇ ਲੋਕਾਂ ਤੋਂ ਦੂਰ ਰਹਿ...ਅਸਲ ਵਿੱਚ ਉਹ ਸਭ ਜਿਹੜੇ ਮਸੀਹ ਵਿੱਚ ਰਹਿ ਕੇ ਪਵਿੱਤਰ ਜੀਵਨ ਬਤੀਤ ਕਰਨਾ ਚਾਹੁੰਦੇ ਹਨ, ਉਹਨਾਂ ਉੱਤੇ ਅੱਤਿਆਚਾਰ ਹੋਣਗੇ। ਪਰ **ਦੁਸ਼ਟ ਅਤੇ ਧੋਖੇਬਾਜ਼ ਮਨੁੱਖ ਹੋਰ ਵੀ ਬੁਰੇ ਹੁੰਦੇ ਜਾਣਗੇ।** ਉਹ ਦੂਜਿਆਂ ਨੂੰ ਧੋਖਾ ਦੇਣਗੇ ਅਤੇ ਆਪ ਵੀ ਧੋਖਾ ਖਾਣਗੇ। [2 ਤਿਮੋਥਿ 3:1-5, 12-13]

## III. ਰੈਪਚਰ (ਕਲੀਸਿਯਾ ਦਾ ਹਵਾ ਵਿੱਚ ਉਠਾਏ ਜਾਣਾ): ਇੱਕ ਜਾਇਜ਼ ਵਿਚਾਰ

ਹਾਲਾਂਕਿ ਕੁਝ ਲੋਕਾਂ ਨੇ ਇੱਕ "ਗੁਪਤ ਰੈਪਚਰ" ਦੇ ਵਿਚਾਰ ਦਾ ਬਹੁਤ ਮਜ਼ਾਕ ਉਡਾਇਆ ਹੈ, ਫਿਰ ਵੀ ਬਾਈਬਲ ਮਸੀਹ ਦੀ ਦੂਜੇ ਆਗਮਨ ਦੇ ਦੋ ਪੜਾਵ ਜਾਂ ਤੱਤ ਦਿੰਦੀ ਜਾਪਦੀ ਹੈ। ਪਹਿਲੇ ਪੜਾਅ ਨੂੰ 1 ਥੱਸਲੁ 4:17 ਦੇ ਲਾਨੀਤੀ ਅਨੁਵਾਦ ਅਨੁਸਾਰ "ਰੈਪਚਰ" ਕਿਹਾ ਗਿਆ ਹੈ ਜਿਸ ਦਾ ਅਰਥ “ਚੁੱਕ ਕੇ ਲੈ ਜਾਣਾ” ਹੈ।

ਇਸ ਮੁੱਦੇ ਨੂੰ ਸਮਝਣ ਦੇ ਲਈ ਕੁਝ ਬੁਨਿਆਦੀ ਗੱਲਾਂ ਦੀ ਨੀਂਹ ਰੱਖਣ ਤੋਂ ਬਾਅਦ, ਇਹ ਭਾਗ ਉਹਨਾਂ ਪ੍ਰਸਤਾਵਾਂ ਨੂੰ ਵਿਕਸਤ ਕਰੇਗਾ ਕਿ ਮਸੀਹ ਦੇ ਆਗਮਨ ਦੇ ਦੋ ਪੜਾਅ ਹਨ, ਅਤੇ ਇਹਨਾਂ ਵਿੱਚੋਂ ਪਹਿਲਾ (ਜਿਸ ਨੂੰ ਰੈਪਚਰ ਕਿਹਾ ਜਾਂਦਾ ਹੈ) ਬਿਪਤਾ ਤੋਂ ਪਹਿਲਾਂ ਹੋਵੇਗਾ ਅਤੇ ਇਹੀ ਭਵਿੱਖ ਦੀ ਅਗਲੀ ਘਟਨਾ ਹੈ। ਰੈਪਚਰ ਦੇ ਹੋਣ ਤੋਂ ਪਹਿਲਾਂ ਕੁਝ ਵੀ ਪੂਰਾ ਹੋਣ ਦੀ ਜ਼ਰੂਰਤ ਨਹੀਂ ਹੈ। ਅਸੀਂ ਇਸ ਦਾ ਅਧਿਐਨ ਸਵਾਲ-ਜਵਾਬ ਦੇ ਰੂਪ ਵਿੱਚ ਕਰਾਂਗੇ।

### A. ਅਸੀਂ ਕਿਵੇਂ ਜਾਣਦੇ ਹਾਂ ਕਿ ਭਵਿੱਖ ਵਿੱਚ "ਬਿਪਤਾ ਦਾ ਸਮਾਂ" ਹੋਵੇਗਾ?

ਬਾਈਬਲ ਧਰਤੀ ਉੱਤੇ ਇੱਕ ਵੱਡੀ ਮੁਸੀਬਤ ਦੇ ਸਮੇਂ ਦੀ ਭਵਿੱਖਬਾਣੀ ਕਰਦੀ ਹੈ। ਯਿਰ 30:7 "ਯਾਕੂਬ ਦੀ ਮੁਸੀਬਤ ਦੇ ਸਮੇਂ" ਅਤੇ ਇਸ ਤੋਂ ਛੁਟਕਾਰੇ ਦੀ ਗੱਲ ਕਰਦਾ ਹੈ। ਇਹ ਇੱਕ ਭਵਿੱਖ ਦੇ ਸਮੇਂ ਬਾਰੇ ਹੈ ਕਿਉਂਕਿ ਆਇਤ 9 ਇਹ ਦੱਸਦੀ ਹੈ ਕਿ ਪਰਮੇਸ਼ਰ ਇਸ ਛੁਟਕਾਰੇ ਦੇ ਇੱਕ ਹਿੱਸੇ ਦੇ ਰੂਪ ਵਿੱਚ ਦਾਊਦ ਨੂੰ "ਖੜਾ" ਕਰਨਗੇ। ਅਤੇ ਯਿਰ 30:24 ਦੱਸਦਾ ਹੈ, "ਅੰਤ ਦੇ ਦਿਨਾਂ ਵਿੱਚ ਤੁਸੀਂ ਇਸ ਨੂੰ ਸਮਝੋਗੇ।" ਦਾਨੀਏਲ 12 ਵੀ ਇਸਰਾਏਲ ਦੇ ਲਈ ਇੱਕ ਵੱਡੀ ਮੁਸੀਬਤ ਦੇ ਸਮੇਂ ਬਾਰੇ ਸਿਖਾਉਂਦਾ ਹੈ।

> "ਉਸ ਵੇਲੇ ਮੀਕਾਏਲ ਉਹ ਵੱਡਾ ਪ੍ਰਧਾਨ ਜੋ ਤੇਰੇ ਲੋਕਾਂ ਦੇ ਬੱਚਿਆਂ ਦੀ ਸਹਾਇਤਾ ਲਈ ਖੜ੍ਹਾ ਰਹਿੰਦਾ ਹੈ ਉਹ ਉੱਠੇਗਾ ਤਦ ਅਜਿਹੀ **ਬਿਪਤਾ ਦਾ ਵੇਲਾ** ਹੋਵੇਗਾ ਜਿਹੋ ਜਿਹਾ ਕੌਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੱਕ ਕਦੀ ਨਹੀਂ ਹੋਇਆ ਹੋਵੇਗਾ, ਪਰ ਉਸ ਵੇਲੇ ਤੇਰਿਆਂ ਲੋਕਾਂ ਵਿੱਚੋਂ ਹਰ ਕੋਈ ਜਿਸ ਦਾ ਨਾਮ ਪੋਥੀ

ਵਿੱਚ ਲਿਖਿਆ ਹੋਇਆ ਹੋਵੇਗਾ ਉਹੀ ਬਚ ਜਾਵੇਗਾ" [ਦਾਨੀ 12:1]

ਇਸ ਮੁੱਦੇ ਉੱਤੇ ਨਵਾਂ ਨੇਮ ਵੀ ਪੁਰਾਣੇ ਨੇਮ ਦੀ ਤਰ੍ਹਾਂ ਹੀ ਸਪੱਸ਼ਟ ਹੈ ਕਿ ਅੰਤ ਦੇ ਦਿਨਾਂ ਵਿੱਚ ਧਰਤੀ ਇੱਕ ਭਿਆਨਕ ਦਹਿਸ਼ਤ ਦੇ ਸਮੇਂ ਦਾ ਅਨੁਭਵ ਕਰੇਗੀ। ਮਸੀਹ ਦੀਆਂ ਸਿੱਖਿਆਵਾਂ ਬਿਪਤਾ ਦੇ ਸਮੇਂ ਦੀ ਮੌਜੂਦਗੀ ਲਈ ਨਿਰਣਾਇਕ ਸਬੂਤ ਹਨ (ਦੇਖੋ, ਮੱਤੀ 24:15-30; ਮਰਕੁਸ 13:1-37; ਲੂਕਾ 21:1-38)। ਇਹ ਧਿਆਨ ਦਿਓ ਕਿ ਪ੍ਰਭੂ ਨੇ ਇਸ ਭਿਆਨਕ ਸਮੇਂ ਦੇ ਬਾਰੇ ਦਾਨੀਏਲ ਦੀ ਪੁਸਤਕ ਵਿੱਚੋਂ ਹੀ ਸਿਖਾਇਆ ਹੈ (ਦੇਖੋ, ਮੱਤੀ 24:15 ਅਤੇ ਦਾਨੀ 9:27, 11:36ff.)।

> "ਜਦੋਂ ਤੁਸੀਂ ਬਰਬਾਦੀ ਕਰਨ ਵਾਲੀ 'ਘਿਨਾਉਣੀ ਚੀਜ਼' ਨੂੰ, ਜਿਸ ਬਾਰੇ ਦਾਨੀਏਲ ਨਬੀ ਨੇ ਭਵਿੱਖਬਾਣੀ ਕੀਤੀ ਸੀ ਪਵਿੱਤਰ ਥਾਂ ਵਿੱਚ ਖੜ੍ਹਾ ਹੋਇਆ ਦੇਖੋ (ਪੜ੍ਹਨ ਵਾਲਾ ਆਪਣੇ ਆਪ ਸਮਝ ਜਾਵੇ), ਤਾਂ ਉਸ ਸਮੇਂ ਜਿਹੜੇ ਯਹੂਦੀਯਾ ਵਿੱਚ ਹੋਣ ਉਹ ਪਹਾੜਾਂ ਵੱਲ ਦੌੜ ਜਾਣ। ਜਿਹੜਾ ਘਰ ਦੀ ਛੱਤ ਉੱਤੇ ਹੋਵੇ ਉਹ ਹੇਠਾਂ ਘਰ ਦੇ ਅੰਦਰੋਂ ਕੋਈ ਆਪਣੀ ਚੀਜ਼ ਲੈਣ ਨਾ ਉਤਰੇ। ਇਸੇ ਤਰ੍ਹਾਂ ਜਿਹੜਾ ਖੇਤ ਵਿੱਚ ਹੋਵੇ ਵਾਪਸ ਆਪਣਾ ਕੱਪੜਾ ਲੈਣ ਨਾ ਜਾਵੇ। ਅਫ਼ਸੋਸ ਹੈ ਉਹਨਾਂ ਉੱਤੇ ਜਿਹੜੀਆਂ ਉਹਨਾਂ ਦਿਨਾਂ ਵਿੱਚ ਗਰਭਵਤੀ ਹੋਣਗੀਆਂ ਅਤੇ ਜਿਹੜੀਆਂ ਦੁੱਧ ਚੁੰਘਾਉਣ ਵਾਲੀਆਂ ਹੋਣਗੀਆਂ! ਪਰਮੇਸ਼ਰ ਅੱਗੇ ਪ੍ਰਾਰਥਨਾ ਕਰੋ ਕਿ ਤੁਹਾਨੂੰ ਸਿਆਲ ਦੀ ਰੁੱਤੇ ਜਾਂ ਸਬਤ ਦੇ ਦਿਨ ਨਾ ਦੌੜਨਾ ਪਵੇ। **ਉਹਨਾਂ ਦਿਨਾਂ ਵਿੱਚ ਬਹੁਤ ਭਿਅੰਕਰ ਬਿਪਤਾ ਆਵੇਗੀ** ਜਿਹੜੀ ਸੰਸਾਰ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਨਾ ਆਈ ਅਤੇ ਨਾ ਹੀ ਆਵੇਗੀ। ਇੱਥੋਂ ਤੱਕ ਕਿ ਜੇਕਰ ਪਰਮੇਸ਼ਰ ਨੇ ਇਹਨਾਂ ਦਿਨਾਂ ਨੂੰ ਘੱਟ ਨਾ ਕੀਤਾ ਹੁੰਦਾ ਤਾਂ ਕੋਈ ਵੀ ਨਾ ਬਚਦਾ। ਪਰ ਆਪਣੇ ਚੁਣੇ ਹੋਇਆਂ ਦੇ ਕਾਰਨ ਪਰਮੇਸ਼ਰ ਇਹਨਾਂ ਦਿਨਾਂ ਨੂੰ ਘੱਟ ਕਰਨਗੇ। "ਫਿਰ ਉਸ ਵੇਲੇ ਜੇਕਰ ਕੋਈ ਤੁਹਾਨੂੰ ਕਹੇ, 'ਦੇਖੋ, ਮਸੀਹ ਇੱਥੇ ਹੈ,' ਜਾਂ 'ਉੱਥੇ ਹੈ' ਵਿਸ਼ਵਾਸ ਨਾ ਕਰਨਾ। ਝੂਠੇ ਮਸੀਹ ਅਤੇ ਝੂਠੇ ਨਬੀ ਖੜ੍ਹੇ ਹੋਣਗੇ ਅਤੇ ਉਹ ਕਈ ਵੱਡੇ ਵੱਡੇ ਚਿੰਨ੍ਹ ਅਤੇ ਚਮਤਕਾਰ ਦਿਖਾਉਣਗੇ ਹੋ ਸਕੇ ਤਾਂ ਉਹ ਪਰਮੇਸ਼ਰ ਦੇ ਚੁਣੇ ਹੋਏ ਲੋਕਾਂ ਨੂੰ ਵੀ ਭਰਮਾ ਦੇਣਗੇ। ਯਾਦ ਰੱਖੋ, ਮੈਂ ਇਹ ਸਭ ਕੁਝ ਤੁਹਾਨੂੰ ਪਹਿਲਾਂ ਹੀ ਦੱਸ ਦਿੱਤਾ ਹੈ। " [ਮੱਤੀ 24:15-25]

ਰਸੂਲ ਪੌਲੁਸ ਇੱਕ ਅਜਿਹੇ ਸਮੇਂ ਦੀ ਗੱਲ ਕਰਦਾ ਹੈ ਜਦੋਂ ਧਰਤੀ ਉੱਤੇ ਉਹਨਾਂ ਲੋਕਾਂ ਦਾ ਵਿਨਾਸ਼ ਹੋ ਜਾਵੇਗਾ ਜੋ ਇਹ ਸੋਚਦੇ ਹਨ ਕਿ ਸਭ "ਸ਼ਾਂਤੀ ਅਤੇ ਸੁਰੱਖਿਆ" ਹੈ, ਅਤੇ ਅਚਾਨਕ ਭਿਆਨਕ ਵਿਨਾਸ਼ ਹੋ ਜਾਵੇਗਾ (1 ਥੱਸਲੁ 5:1ff.)। ਉਸ ਨੇ ਇਹ ਵੀ ਸਿਖਾਇਆ ਕਿ ਸਾਰੇ ਹਾਲਾਤ ਇਸ ਹੱਦ ਤੱਕ ਵਿਗੜ ਜਾਣਗੇ ਕਿ ਬਹੁਤ ਸਾਰੇ ਲੋਕ ਮਸੀਹਤ ਨੂੰ ਛੱਡ ਦੇਣਗੇ, ਅਤੇ ਪਾਪ ਦਾ ਦੁਸ਼ਟ ਮਨੁੱਖ ਪਰਮੇਸ਼ਰ ਦੀ ਬਜਾਏ ਆਪਣੀ ਅਰਾਧਨਾ ਦੀ ਮੰਗ ਕਰੇਗਾ (2 ਥੱਸਲੁ 2:3-12)।

ਅੰਤ ਵਿੱਚ, ਪ੍ਰਕਾਸ਼ ਦੀ ਪੁਸਤਕ ਦੀ ਕੋਈ ਵੀ ਸ਼ਾਬਦਿਕ ਵਿਆਖਿਆ ਇਸ ਸਿੱਟੇ ਉੱਤੇ ਪਹੁੰਚਦੀ ਹੈ ਕਿ ਅਧਿਆਇ 4 ਤੋਂ ਅਧਿਆਇ 19 ਦੀਆਂ ਘਟਨਾਵਾਂ ਅਜੇ ਤੱਕ ਨਹੀਂ ਵਾਪਰੀਆਂ ਹਨ ਅਤੇ ਨਾ ਹੀ ਉਹਨਾਂ ਦੀ ਪ੍ਰਕਿਰਿਆ ਸ਼ੁਰੂ ਹੋਈ ਹੈ। ਪ੍ਰਕਾਸ਼ ਦੀ ਪੁਸਤਕ 4-19 ਵਿੱਚ ਜਿਹੜੇ ਦੁੱਖਾਂ ਦਾ ਬਿਆਨ ਕੀਤਾ ਗਿਆ ਹੈ, ਉਹ ਬਿਪਤਾ ਦੇ ਸਮੇਂ ਦੇ ਬਾਰੇ ਵਿੱਚ ਹਨ।

ਬਿਪਤਾ ਦੇ ਬਾਰੇ ਖ਼ਾਸ ਸਿੱਖਿਆਵਾਂ ਦਾ ਅਧਿਐਨ ਅਗਲੇ ਭਾਗਾਂ ਵਿੱਚ ਕੀਤਾ ਜਾਵੇਗਾ। ਇਸ ਵੇਲੇ ਜ਼ਰੂਰਤ ਸਿਰਫ਼ ਇਹ ਸਥਾਪਿਤ ਕਰਨ ਦੀ ਹੈ ਕਿ ਬਿਪਤਾ ਦਾ ਸਮਾਂ ਬਾਈਬਲ ਦਾ ਹੀ ਵਿਚਾਰ ਹੈ। ਇਸ ਲਈ, ਇਹ ਤਰਕ ਕਰਨਾ ਸਹੀ ਹੈ ਕਿ ਕੀ ਰੈਪਚਰ ਬਿਪਤਾ ਤੋਂ ਬਾਅਦ ਹੋਵੇਗਾ ਜਾਂ ਇਸ ਤੋਂ ਪਹਿਲਾਂ ਹੋਵੇਗਾ।

## B. ਕੁਝ ਬਾਈਬਲ ਦੇ ਵਿਦਵਾਨ ਬਿਪਤਾ ਦੇ ਸਮੇਂ ਨੂੰ 7 ਸਾਲਾਂ ਦੇ ਸਮੇਂ ਦੇ ਰੂਪ ਵਿੱਚ ਕਿਉਂ ਦੇਖਦੇ ਹਨ?

ਮੱਤੀ 24:15ff ਵਿੱਚ ਯਿਸੂ ਨੇ ਬਿਪਤਾ ਦੇ ਸਮੇਂ ਨੂੰ ਉਹੀ ਸਮਾਂ ਦੱਸਿਆ ਹੈ ਜਿਸ ਦਾ ਜ਼ਿਕਰ ਦਾਨੀਏਲ 9:27 ਵਿੱਚ ਕੀਤਾ ਗਿਆ ਸੀ। ਦਾਨੀਏਲ ਨੇ ਇੱਕ "ਹਫ਼ਤੇ" ਦੇ ਸਮੇਂ ਦਾ ਜ਼ਿਕਰ ਕੀਤਾ ਸੀ, ਅਤੇ ਉਸ ਨੇ ਹਫ਼ਤੇ ਦੇ ਮੱਧ ਨੂੰ ਜ਼ਿਆਦਾ ਮਹੱਤਵਪੂਰਣ ਦਰਸਾਉਂਦੇ ਹੋਏ, ਇਸ ਨੂੰ ਇੱਕ ਹੋਰ ਉਪ-ਵੰਡ ਦੇ ਰੂਪ ਵਿੱਚ ਪੇਸ਼ ਕੀਤਾ ਸੀ। ਆਉਣ ਵਾਲਾ ਦੁਸ਼ਟ ਰਾਜਾ "ਹਫ਼ਤੇ" ਦੇ ਅੱਧ ਵਿੱਚ ਇਸਰਾਏਲ ਨਾਲ ਆਪਣੇ ਸ਼ਾਂਤੀ ਦੇ ਨੇਮ ਨੂੰ ਤੋੜ ਦੇਵੇਗਾ। ਉਹ ਹੈਕਲ ਵਿੱਚ ਹੋਣ ਵਾਲੇ ਬਲੀਦਾਨਾਂ ਨੂੰ ਬੰਦ ਕਰਵਾ ਦੇਵੇਗਾ, ਅਤੇ ਇਹ ਇੱਛਾ ਰੱਖੇਗਾ ਕਿ ਉਸ ਨੂੰ ਪਰਮੇਸ਼ਰ ਦੇ ਰੂਪ ਵਿੱਚ ਸਨਮਾਨ ਦਿੱਤਾ ਜਾਵੇ (ਦਾਨੀ 11:36; 2 ਥੱਸਲੁ 2:4ff. ਵੀ ਦੇਖੋ)।

> "ਉਹ ਬਹੁਤਿਆਂ ਦੇ ਨਾਲ **ਇੱਕ ਸਾਤੇ** ਦੇ ਲਈ ਪੱਕਾ ਨੇਮ ਬੰਨ੍ਹੇਗਾ ਅਤੇ **ਸਾਤੇ ਦੇ ਵਿੱਚਕਾਰ** ਉਹ ਬਲੀਆਂ ਅਤੇ ਭੇਟਾਂ ਨੂੰ ਮੁਕਾ ਦੇਵੇਗਾ ਅਤੇ **ਘਿਣਾਉਣੀਆਂ** ਵਸਤਾਂ ਦੇ ਪਰ ਉੱਤੇ ਇੱਕ ਆਵੇਗਾ ਜੋ **ਉਜਾੜਦਾ** ਹੈ ਅਤੇ ਪੂਰੇ ਅਤੇ ਠਹਿਰਾਏ ਹੋਏ ਅੰਤ ਤੱਕ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਵੇਗਾ।" [ਦਾਨੀ 9:27]

ਜਿਹੜੇ ਸ਼ਬਦ ਦਾ ਅਨੁਵਾਦ "ਹਫ਼ਤਾ" ਕੀਤਾ ਗਿਆ ਹੈ, ਉਹ ਸਿਰਫ਼ ਸੱਤ ਦਾ ਸਮੂਹ ਜਾਂ ਚੱਕਰ ਹੈ ਜੋ ਆਪਣੇ ਆਪ ਵਿੱਚ ਸਾਨੂੰ ਸਮੇਂ ਦੀ ਕਿਸੇ ਇਕਾਈ ਬਾਰੇ ਨਹੀਂ ਦੱਸਦਾ ਹੈ। ਯਹੂਦੀ ਲੋਕ ਸੱਤ ਸਾਲਾਂ ਦੇ ਚੱਕਰ ਦੇ ਉਵੇਂ ਹੀ ਆਦੀ ਸਨ ਜਿਵੇਂ ਅੱਜ ਅਸੀਂ ਸੱਤ ਦਿਨਾਂ ਦੇ ਹਫ਼ਤੇ ਦੇ ਚੱਕਰ ਦੇ ਆਦੀ ਹਾਂ। ਉਹਨਾਂ ਨੂੰ ਛੇ ਸਾਲ ਆਪਣੀ ਜ਼ਮੀਨ ਉੱਤੇ ਕੰਮ ਕਰਨ ਤੋਂ

ਬਾਅਦ ਸੱਤਵੇਂ ਸਾਲ ਵਿੱਚ ਜ਼ਮੀਨ ਨੂੰ ਆਰਾਮ ਦੇਣਾ ਹੁੰਦਾ ਸੀ (ਲੇਵੀ 25:3-4)। ਇਬਰਾਨੀ ਲੋਕ 490 ਸਾਲ ਤੱਕ ਜ਼ਮੀਨ ਨੂੰ ਇਹ ਆਰਾਮ ਦੇਣ ਵਿੱਚ ਅਸਫਲ ਰਹੇ ਸਨ। ਇਸ ਲਈ, ਪਰਮੇਸ਼ਰ ਨੇ ਨਜ਼ਰਅੰਦਾਜ਼ ਕੀਤੇ ਸਬਤ ਦੇ ਸਾਲਾਂ ਦੀ ਭਰਪਾਈ ਕਰਨ ਦੇ ਲਈ ਉਹਨਾਂ ਨੂੰ 70 ਸਾਲ ਤੱਕ ਜ਼ਮੀਨ ਤੋਂ ਬਾਹਰ ਕੱਢ ਕੇ ਗ਼ੁਲਾਮੀ ਵਿੱਚ ਭੇਜ ਦਿੱਤਾ ਸੀ (2 ਇਤਿਹਾਸ 36:21)। ਦਾਨੀਏਲ 9:27 ਦਾ ਸੰਦਰਭ (ਖ਼ਾਸ ਕਰਕੇ ਆਇਤ 2), ਇਸ ਸਜ਼ਾ ਦੇ ਬਾਰੇ ਵਿੱਚ ਹੈ, ਅਤੇ ਇਸ ਨਾਲ ਇੱਕ ਵਿਅਕਤੀ ਇਹ ਮੰਨਣ ਦੀ ਦਿਸ਼ਾ ਵਿੱਚ ਅੱਗੇ ਵੱਧਦਾ ਹੈ ਕਿ ਦਾਨੀਏਲ 9 ਵਿੱਚ ਜਿਹਨਾਂ "ਹਫ਼ਤਿਆਂ" ਦੀ ਗੱਲ ਕੀਤੀ ਗਈ ਹੈ, ਉਹ ਸੱਤ-ਸੱਤ ਦਿਨਾਂ ਦੇ ਨਹੀਂ ਬਲਕਿ ਅਸਲ ਵਿੱਚ ਸੱਤ-ਸੱਤ ਸਾਲਾਂ ਦੇ ਚੱਕਰ ਹਨ। ਜਦੋਂ "ਹਫ਼ਤਿਆਂ" ਦੀ ਵਿਆਖਿਆ ਸੱਤ ਸਾਲਾਂ ਦੇ ਚੱਕਰਾਂ ਦੇ ਰੂਪ ਵਿੱਚ ਕੀਤੀ ਜਾਂਦੀ ਹੈ, ਤਾਂ ਮਸੀਹ ਦੇ ਪਹਿਲੇ ਆਗਮਨ ਦੇ ਸਮੇਂ ਦੀ ਇੱਕ ਬਹੁਤ ਸਪੱਸ਼ਟ ਅਤੇ ਸਹੀ ਭਵਿੱਖਬਾਣੀ ਪ੍ਰਗਟ ਹੁੰਦੀ ਹੈ।[3] ਇਸ ਨਾਲ ਦਾਨੀਏਲ ਦੇ ਹਫ਼ਤਿਆਂ ਦੀ ਇਸ ਵਿਆਖਿਆ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਉਹ ਅਸਲ ਵਿੱਚ ਸੱਤ ਸਾਲਾਂ ਦੇ ਚੱਕਰ ਹੀ ਹਨ। ਦਾਨੀਏਲ 9:27 ਦੇ "ਇੱਕ ਹਫ਼ਤੇ" ਦਾ ਸਮਾਂ, ਜਿਸ ਨੂੰ ਮਸੀਹ ਨੇ ਮੱਤੀ 24:15 ਦੀ ਬਿਪਤਾ ਦੇ ਸਮੇਂ ਨਾਲ ਜੋੜਿਆ ਹੈ, ਉਹ ਸੱਤ ਦਿਨਾਂ ਦਾ ਨਹੀਂ ਬਲਕਿ ਸੱਤ ਸਾਲਾਂ ਦਾ ਸਮਾਂ ਹੀ ਹੋਣਾ ਚਾਹੀਦਾ ਹੈ।

ਬਿਪਤਾ ਦੇ ਸਮੇਂ ਦੇ ਹੋਰ ਹਵਾਲੇ ਇੱਕ ਸਪੱਸ਼ਟ ਰੂਪ ਵਿੱਚ ਸਾਢੇ ਤਿੰਨ ਸਾਲਾਂ ਦੀ ਮਿਆਦ ਦੇ ਬਾਰੇ ਵਿੱਚ ਦੱਸਦੇ ਹਨ। ਵਾਕਾਂਸ਼ "ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ" ਦਾ ਅਰਥ "ਇੱਕ ਸਾਲ, ਦੋ ਸਾਲ, ਅਤੇ ਅੱਧਾ ਸਾਲ ਜਾਂ ਸਾਢੇ ਤਿੰਨ ਸਾਲ" ਹੈ। ਇਹ ਹਵਾਲੇ ਦਾਨੀਏਲ 7:25; 12:7, ਅਤੇ ਪ੍ਰਕਾਸ਼ 12:14 ਵਿੱਚ ਮਿਲਦੇ ਹਨ। ਇਸ ਸਮੇਂ ਦਾ ਸੰਬੰਧ ਬਿਪਤਾ ਦੇ ਦੂਜੇ ਅੱਧ ਨਾਲ ਹੈ। ਪ੍ਰਕਾਸ਼ ਦੀ ਪੁਸਤਕ ਵਿੱਚ ਪਵਿੱਤਰ ਸ਼ਹਿਰ ਨੂੰ 42 ਮਹੀਨਿਆਂ ਤੱਕ ਅਪਵਿੱਤਰ ਕੀਤਾ ਜਾਂਦਾ ਹੈ ਅਤੇ ਪਸ਼ੂ 42 ਮਹੀਨਿਆਂ ਤੱਕ ਪਰਮੇਸ਼ਰ ਦੀ ਨਿੰਦਾ ਕਰਦਾ ਹੈ (ਦੇਖੋ, ਪ੍ਰਕਾਸ਼ 11:2 ਅਤੇ 13:5)। 42 ਮਹੀਨੇ ਸਾਢੇ ਤਿੰਨ ਸਾਲ ਹੀ ਹੁੰਦੇ ਹਨ ਅਤੇ ਇਹ ਦਾਨੀਏਲ 9:27 ਵਿੱਚ ਹਫ਼ਤੇ ਦੇ ਅੱਧ ਤੋਂ ਅੰਤ ਤੱਕ ਦੇ ਸਮੇਂ ਨਾਲ ਮੇਲ ਖਾਂਦੇ ਹਨ। ਇਸ ਤਰ੍ਹਾਂ, ਪੂਰਾ "ਹਫ਼ਤਾ" ਸੱਤ ਸਾਲਾਂ ਦਾ ਹੋਣਾ ਚਾਹੀਦਾ ਹੈ। ਪ੍ਰਕਾਸ਼ 11:3 ਦੇ ਦੋ ਗਵਾਹ 1260 ਦਿਨਾਂ ਤੱਕ ਭਵਿੱਖਬਾਣੀ ਕਰਨਗੇ (ਜੋ ਕਿ 30 ਦਿਨ ਦੇ 42 ਮਹੀਨਿਆਂ ਦੇ ਸਾਢੇ ਤਿੰਨ ਸਾਲਾਂ ਦੇ ਬਰਾਬਰ ਹਨ), ਅਤੇ ਪ੍ਰਕਾਸ਼ 12:6 ਦੀ ਔਰਤ (ਇਰਾਏਲ) ਨੂੰ ਵੀ 1260 ਦਿਨਾਂ ਤੱਕ ਵੱਡੇ ਅਤਿਆਚਾਰ ਦਾ ਸਾਹਮਣਾ ਕਰਨਾ ਪਵੇਗਾ। ਬਿਪਤਾ ਦੇ ਅੱਧ ਦਾ ਸਮਾਂ ਦਾਨੀਏਲ ਦੇ ਹਫ਼ਤੇ ਦਾ ਦੂਜਾ ਅੱਧ ਹੀ ਹੈ (9:27)।[4]

ਸਾਰੇ ਸਬੂਤ ਦਰਸਾਉਂਦੇ ਹਨ ਕਿ ਬਿਪਤਾ ਦੇ ਅੱਧ ਤੋਂ ਅੰਤ ਤੱਕ ਦਾ ਸਮਾਂ ਸਾਢੇ ਤਿੰਨ ਸਾਲ ਹੈ (ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ, ਜਾਂ 42 ਮਹੀਨੇ, ਜਾਂ 1260 ਦਿਨ)। ਸਮੇਂ ਦੀ ਇਹ ਪੂਰੀ ਮਿਆਦ ਲਗਭਗ ਸੱਤ ਸਾਲ ਹੈ।

**ਇੱਕ ਬਿਪਤਾ ਦਾ ਸਮਾਂ ਹੋਵੇਗਾ। ਇਹ ਸੱਤ ਸਾਲ ਲੰਬਾ ਹੋਵੇਗਾ। ਇਸ ਤੋਂ ਇਲਾਵਾ, ਇਹ ਮਸੀਹ ਦੇ ਆਗਮਨ ਅਤੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਹੋਵੇਗਾ।**

## C. ਬਿਪਤਾ ਦੇ ਸਮੇਂ ਨੂੰ ਮਸੀਹ ਦੇ ਧਰਤੀ ਉੱਤੇ ਵਾਪਸ ਆਉਣ ਤੋਂ ਪਹਿਲਾਂ ਕਿਉਂ ਰੱਖਿਆ ਗਿਆ ਹੈ?

ਸਾਰੇ ਸ਼ੁਭ-ਸਮਾਚਾਰ ਅਤੇ ਪ੍ਰਕਾਸ਼ ਦੀ ਪੁਸਤਕ ਦੋਵੇਂ ਹੀ ਇਹ ਦਰਸਾਉਂਦੇ ਹਨ ਕਿ ਇਸ ਬਿਪਤਾ ਦੇ ਸਮੇਂ ਦਾ ਅੰਤ ਉਦੋਂ ਹੋਵੇਗਾ ਜਦੋਂ ਰਾਜਾ ਅਪਣੇ ਦੁਸ਼ਮਣ ਨੂੰ ਨਸ਼ਟ ਕਰਨ ਅਤੇ ਇੱਕ ਰਾਜ ਨੂੰ ਸਥਾਪਿਤ ਕਰਨ ਲਈ ਆਵੇਗਾ। ਮੱਤੀ 24:15-25 ਵੀ ਬਿਪਤਾ ਦੇ ਬਾਰੇ ਸਿਖਾਉਂਦਾ ਹੈ, ਅਤੇ ਆਇਤਾਂ 29-31 ਇਸ ਗੱਲ ਉੱਤੇ ਜ਼ੋਰ ਦਿੰਦੀਆਂ ਹਨ ਕਿ ਇਸ ਸਮੇਂ ਦਾ ਮਨੁੱਖ ਦੇ ਪੁੱਤਰ ਦੇ ਆਉਣ ਤੇ ਅੰਤ ਹੋ ਜਾਵੇਗਾ। ਉਸੇ ਵੇਲੇ ਮਸੀਹ ਨੇ ਇਹ ਸਿਖਾਇਆ ਕਿ ਆਪਣੀ ਵਾਪਸੀ ਤੇ ਉਹ ਕੌਮਾਂ ਦਾ ਨਿਆਂ ਕਰਨਗੇ ਅਤੇ ਇੱਕ ਅਜਿਹੇ ਰਾਜ ਦੀ ਸਥਾਪਨਾ ਕਰਨਗੇ ਜਿਸ ਵਿੱਚ ਸਿਰਫ਼ ਉਹਨਾਂ ਦੀਆਂ ਭੇਡਾਂ ਹੀ ਪ੍ਰਵੇਸ਼ ਕਰਨਗੀਆਂ (ਮੱਤੀ 25:31ff.)।

ਪ੍ਰਕਾਸ਼ ਦੀ ਪੁਸਤਕ ਵੀ ਇਹ ਸਿਖਾਉਂਦੀ ਹੈ ਕਿ ਬਿਪਤਾ ਦਾ ਸਮਾਂ ਮਸੀਹ ਦੇ ਧਰਤੀ ਉੱਤੇ ਵਾਪਸ ਆਉਣ ਨਾਲ ਖ਼ਤਮ ਹੋ ਜਾਵੇਗਾ (ਪ੍ਰਕਾਸ਼ 19:11ff.)। ਪ੍ਰਭੂ ਦੀ ਵਾਪਸੀ ਤੋਂ ਬਾਅਦ, ਉਹਨਾਂ ਦੇ ਦੁਸ਼ਮਣਾਂ ਦਾ ਪੂਰੀ ਤਰ੍ਹਾਂ ਵਿਨਾਸ਼ ਹੋ ਜਾਵੇਗਾ ਅਤੇ ਇੱਕ ਹਜ਼ਾਰ ਸਾਲ ਦੀ ਮਿਆਦ ਵਾਲਾ ਰਾਜ ਸ਼ੁਰੂ ਹੋ ਜਾਵੇਗਾਹ (ਦੇਖੋ, ਪ੍ਰਕਾਸ਼ 19:19-20:6. ਇੱਕ ਹਜ਼ਾਰ ਸਾਲ ਦਾ ਜ਼ਿਕਰ ਪ੍ਰਕਾਸ਼ 20:2-7 ਵਿੱਚ ਛੇ ਵਾਰ ਕੀਤਾ ਗਿਆ ਹੈ)।

ਹਾਲਾਂਕਿ ਬਿਪਤਾ ਤੋਂ ਪਹਿਲਾਂ ਰੈਪਚਰ ਹੋਣ ਦੇ ਵਿਚਾਰ ਦੀ ਪੂਰੀ ਦਲੀਲ ਅੱਗੇ ਦਿੱਤੀ ਜਾਵੇਗੀ, ਫਿਰ ਵੀ ਹੁਣ ਤੱਕ ਦੇ ਹਵਾਲੇ ਇਹ

[3] ਦਾਨੀਏਲ ਦੇ 70 ਹਫ਼ਤਿਆਂ ਬਾਰੇ ਇੱਕ ਸ਼ਾਨਦਾਰ ਅਧਿਐਨ ਦੇ ਲਈ ਦੇਖੋ, ਹੈਰਲਡ ਡਬਲਯੂ. ਹੋਨਰ, *ਕ੍ਰੋਨੋਲੋਜੀਕਲ ਐਸਪੈਕਟਸ ਆਫ਼ ਦ ਲਾਈਫ਼ ਆਫ਼ ਕਰਾਈਸਟ* (ਗ੍ਰੈਂਡ ਰੈਪਿਡਜ਼, ਜ਼ੋਂਡਰਵਾਨ ਪਬਲਿਸ਼ਿੰਗ ਕੰਪਨੀ, 1977), ਪੰਨਾ 115–39।

[4] ਦਾਨੀ 12:11-12 ਵੀ 1290 ਅਤੇ 1335 ਦਿਨਾਂ ਦਾ ਜ਼ਿਕਰ ਕਰਦਾ ਹੈ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਵੱਡੀ ਬਿਪਤਾ 1260ਵੇਂ ਦਿਨ ਖ਼ਤਮ ਹੋ ਜਾਵੇਗੀ, ਪਰ ਸੰਸਾਰ ਦਾ ਨਿਆਂ ਕਰਨ ਅਤੇ ਧਰਤੀ ਨੂੰ ਸ਼ੁੱਧ ਕਰਨ ਲਈ 30 ਦਿਨ ਹੋਰ ਲੱਗਣਗੇ ਅਤੇ ਹਜ਼ਾਰ ਸਾਲ ਦੇ ਰਾਜ ਨੂੰ ਸਥਾਪਿਤ ਕਰਨ ਲਈ 45 ਦਿਨ ਹੋਰ ਲੱਗਣਗੇ।

ਸਾਬਤ ਕਰਨ ਦੇ ਲਈ ਕਾਫ਼ੀ ਹੋਣੇ ਚਾਹੀਦੇ ਹਨ ਕਿ ਅੱਗੇ ਦਿੱਤੀ ਗਈ ਭਵਿੱਖਬਾਣੀ ਦੇ ਸਮੇਂ ਦੀ ਰੇਖਾ ਪੂਰੀ ਤਰ੍ਹਾਂ ਬਾਈਬਲ ਦੇ ਅਨੁਸਾਰ ਹੈ। ਹੇਠਾਂ ਦਿੱਤੇ ਚਾਰਟ ਵਿੱਚ *ਰੈਪਚਰ* ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ, ਕਿਉਂਕਿ ਰੈਪਚਰ ਦੇ ਸਮੇਂ ਦੇ ਸਬੂਤ ਬਾਅਦ ਵਿੱਚ ਪੇਸ਼ ਕੀਤੇ ਗਏ ਹਨ।

ਹੁਣ ਸਾਨੂੰ ਇਹ ਅਧਿਐਨ ਕਰਨਾ ਚਾਹੀਦਾ ਹੈ ਕਿ ਕੀ ਬਾਈਬਲ ਪ੍ਰਭੂ ਦੀ ਵਾਪਸੀ ਦੇ ਦੋ ਵੱਖਰੇ ਪੜਾਵਾਂ ਨੂੰ ਪੇਸ਼ ਕਰਦੀ ਹੈ, ਅਤੇ ਕੀ ਪਹਿਲਾ ਪੜਾਅ ਬਿਪਤਾ ਦੇ ਸਮੇਂ ਤੋਂ ਪਹਿਲਾਂ ਹੋਵੇਗਾ?

## D. ਰੈਪਚਰ ਅਤੇ ਮਸੀਹ ਦੇ ਦੂਜੇ ਆਗਮਨ ਵਿੱਚ ਫ਼ਰਕ ਕਰਨਾ ਕਿਉਂ ਜ਼ਰੂਰੀ ਹੈ?

ਬਾਈਬਲ ਦਾ ਧਿਆਨ ਨਾਲ ਅਧਿਐਨ ਕਰਨ ਵਾਲੇ ਵਿਦਿਆਰਥੀ ਇਹ ਦੇਖਦੇ ਹਨ ਕਿ ਵਚਨ ਇਹ ਸੰਕੇਤ ਦਿੰਦੇ ਹਨ ਕਿ ਮਸੀਹ ਦੇ ਦੂਜੇ ਆਗਮਨ ਦੇ ਦੋ ਪੜਾਅ ਜਾਂ ਦੋ ਪਹਿਲੂ ਹੋਣਗੇ। ਪ੍ਰਭੂ ਦੇ ਆਗਮਨ ਦੇ ਬਾਰੇ ਵਿੱਚ ਵੱਖ-ਵੱਖ ਵੇਰਵਿਆਂ ਬਾਰੇ ਸਿੱਖਿਆਵਾਂ ਵਿੱਚ ਉਦੋਂ ਤੱਕ ਇੱਕ ਵਿਰੋਧ ਵਿੱਚ ਦਿਖਾਈ ਦਿੰਦਾ ਰਹਿੰਦਾ ਹੈ ਜਦੋਂ ਤੱਕ ਕਿ ਉਹਨਾਂ ਦੇ ਵਿਚਕਾਰ ਕਿਸੇ ਤਰ੍ਹਾਂ ਦਾ ਫ਼ਰਕ ਨਹੀਂ ਕੀਤਾ ਜਾਂਦਾ ਹੈ। ਜਦੋਂ ਸ਼ਬਦ "ਰੈਪਚਰ" ਦੀ ਵਰਤੋਂ ਇੱਕ ਤਕਨੀਕੀ ਰੂਪ ਵਿੱਚ ਕੀਤੀ ਜਾਂਦੀ ਹੈ, ਤਾਂ ਇਹ ਪ੍ਰਭੂ ਦੇ ਆਗਮਨ ਦੇ ਇੱਕ ਪਹਿਲੂ ਨੂੰ ਪ੍ਰਗਟ ਕਰਦਾ ਹੈ, ਅਤੇ ਪ੍ਰਭੂ ਦਾ ਦੂਜੀ ਵਾਰ ਆਉਣਾ ਦੂਜੇ ਪਹਿਲੂ ਨੂੰ ਪ੍ਰਗਟ ਕਰਦਾ ਹੈ। ਹੇਠਾਂ ਦਿੱਤੇ ਫ਼ਰਕ ਦੇ ਬਿਆਨ ਇਸ ਨਤੀਜੇ ਉੱਤੇ ਪਹੁੰਚਣ ਦੀ ਸਮਝਦਾਰੀ ਨੂੰ ਦਿਖਾਉਣਗੇ ਕਿ ਪ੍ਰਭੂ ਦੇ ਆਗਮਨ ਦੇ ਦੋ ਪੜਾਅ ਹਨ। ਪੰਜ ਉਦਾਹਰਣਾਂ ਵਿੱਚੋਂ ਹਰੇਕ ਉਦਾਹਰਣ ਵਿੱਚ ਬਿਆਨ "a" ਅਤੇ ਬਿਆਨ "b" ਵਿੱਚ ਫ਼ਰਕ ਹੈ।

### 1. ਪਹਿਲਾ ਫ਼ਰਕ

**a.** ਪ੍ਰਭੂ ਆਪਣੇ ਪਵਿੱਤਰ ਲੋਕਾਂ ਨੂੰ ਬੱਦਲਾਂ ਜਾਂ ਸਵਰਗ ਉੱਤੇ ਅਪਣੇ ਕੋਲ ਲੈ ਜਾਣ ਲਈ ਵਾਪਸ ਆਉਣਗੇ। ਮਸੀਹ ਦੀ ਵਾਪਸੀ ਦੇ ਬਾਅਦ, **ਪਵਿੱਤਰ ਲੋਕ ਧਰਤੀ ਉੱਤੇ ਨਹੀਂ ਰਹਿਣਗੇ**।

> "ਤੁਹਾਡਾ ਦਿਲ ਨਾ ਘਬਰਾਏ, ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ, ਮੇਰੇ ਵਿੱਚ ਵੀ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ?" [ਯੂਹੰਨਾ 14:2-3]
>
> ਫਿਰ ਅਸੀਂ ਵੀ **ਉਹਨਾਂ ਦੇ ਨਾਲ ਬੱਦਲਾਂ ਵਿੱਚ ਪ੍ਰਭੂ ਨੂੰ ਮਿਲਣ ਦੇ ਲਈ ਹਵਾ ਵਿੱਚ ਚੁੱਕ ਲਏ ਜਾਵਾਂਗੇ**। ਇਸ ਤਰ੍ਹਾਂ ਅਸੀਂ **ਹਮੇਸ਼ਾ ਤੱਕ** ਪ੍ਰਭੂ ਦੇ ਨਾਲ ਰਹਾਂਗੇ। [1 ਥੱਸਲੁ 4:17]

**b.** ਜਦੋਂ ਪ੍ਰਭੂ ਵਾਪਸ ਆਉਣਗੇ, ਤਾਂ ਉਹ ਅਤੇ **ਉਹਨਾਂ ਦੇ ਪਵਿੱਤਰ ਲੋਕ ਉਹਨਾਂ ਦੇ ਰਾਜ ਦਾ ਆਨੰਦ ਲੈਣ ਦੇ ਲਈ ਧਰਤੀ ਉੱਤੇ ਰਹਿਣਗੇ**।

> "ਜਦੋਂ ਮਨੁੱਖ ਦਾ ਪੁੱਤਰ ਆਪਣੀ ਮਹਿਮਾ ਅਤੇ ਆਪਣੇ ਸਾਰੇ ਸਵਰਗਦੂਤਾਂ ਦੇ ਨਾਲ ਆਵੇਗਾ ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ... ਫਿਰ ਰਾਜਾ ਆਪਣੇ ਸੱਜੇ ਪਾਸੇ ਵਾਲਿਆਂ ਨੂੰ ਕਹੇਗਾ, 'ਮੇਰੇ ਪਿਤਾ ਦੇ ਧੰਨ ਲੋਕੋ, ਆਓ, ਅਤੇ **ਉਸ ਰਾਜ ਨੂੰ ਲਵੋ** ਜਿਹੜਾ ਤੁਹਾਡੇ ਲਈ ਇਸ ਸੰਸਾਰ ਦੇ ਸ਼ੁਰੂ ਤੋਂ ਹੀ ਤਿਆਰ ਕੀਤਾ ਗਿਆ ਹੈ।'" [ਮੱਤੀ 25:31, 34]

ਇਹ ਤੱਥ ਖ਼ਾਸ ਤੌਰ ਤੇ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਸਮਰਥਕਾਂ ਦੇ ਲਈ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਪ੍ਰਭੂ ਦੇ ਆਗਮਨ ਦੀਆਂ ਇਹ ਦੋਵੇਂ ਭਵਿੱਖ ਦੀਆਂ ਸੱਚਾਈਆਂ ਦੇ ਵੱਖ-ਵੱਖ ਪਹਿਲੂਆਂ ਦੇ ਬਾਰੇ ਗੱਲ ਕਰ ਰਹੀਆਂ ਹਨ। ਪਹਿਲੇ ਪੜਾਅ ਵਿੱਚ, ਉਹ ਵਿਸ਼ਵਾਸੀਆਂ ਨੂੰ ਆਪਣੇ ਨਾਲ ਲੈ ਜਾਣ ਲਈ ਆਉਣਗੇ। ਦੂਜੇ ਪੜਾਅ ਵਿੱਚ ਉਹ ਆਉਣਗੇ ਅਤੇ ਧਰਤੀ ਉੱਤੇ ਵਿਸ਼ਵਾਸੀਆਂ ਦੇ ਨਾਲ ਰਹਿਣਗੇ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਅਸੀਂ ਇਹਨਾਂ ਦੋਵੇਂ ਗੱਲਾਂ ਨੂੰ ਇੱਕ-ਦੂਜੇ ਨਾਲ ਜੋੜ ਕੇ ਇੱਕ ਹੀ ਘਟਨਾ ਬਣਾ ਸਕਦੇ ਹਾਂ। ਜੇਕਰ ਅਸੀਂ ਇੱਕ ਅਜਿਹੇ ਵਿਚਾਰ ਨੂੰ ਮੰਨ ਲਈਏ ਜਿਸ ਵਿੱਚ ਮਸੀਹੀਆਂ ਨੂੰ ਅਸਮਾਨ ਵਿੱਚ ਉੱਠਾ ਲਿਆ ਜਾਂਦਾ ਹੈ ਜਿੱਥੇ ਉਹ ਸਵਰਗ ਵਿੱਚ ਅਪਣੇ ਘਰਾਂ ਨੂੰ ਝਾਤੀ ਮਾਰਨ ਦੇ ਤੁਰੰਤ ਬਾਅਦ, ਧਰਤੀ ਉੱਤੇ ਰਾਜ ਦਾ ਆਨੰਦ ਮਾਣਨ ਦੇ ਲਈ ਵਾਪਸ ਆਉਂਦੇ ਹਨ। ਫਿਰ ਵੀ, ਇਹ ਜ਼ਿਆਦਾ ਵਧੀਆ ਹੈ ਕਿ ਵਚਨਾਂ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਇਹ ਦੋ ਵੱਖ-ਵੱਖ ਘਟਨਾਵਾਂ ਬਾਰੇ ਗੱਲ ਕਰ ਰਹੇ ਹਨ। ਦੋਵੇਂ ਗੱਲਾਂ ਸੱਚੀਆਂ ਹਨ। ਇੱਕ ਵਾਰ ਮਸੀਹ ਆਪਣੇ ਲੋਕਾਂ **ਨੂੰ ਧਰਤੀ ਤੋਂ ਉੱਪਰ** ਲੈ ਜਾਣ ਦੇ ਲਈ ਵਾਪਸ ਆਉਣਗੇ। ਦੂਜੀ ਵਾਰ ਉਹ ਧਰਤੀ ਉੱਤੇ ਵਾਪਸ ਆਉਣਗੇ ਅਤੇ **ਆਪਣੇ ਲੋਕਾਂ ਨੂੰ ਇੱਕ ਰਾਜ ਵਿੱਚ ਰਾਜ ਕਰਨ ਦੇ ਲਈ ਧਰਤੀ ਉੱਤੇ ਰੱਖਣਗੇ**। ਰੈਪਚਰ ਵਿੱਚ ਵਿਸ਼ਵਾਸੀ ਧਰਤੀ ਨੂੰ *ਛੱਡ* ਦਿੰਦੇ ਹਨ। ਮਸੀਹ ਦੇ ਦੂਜੇ ਆਗਮਨ ਵਿੱਚ ਵਿਸ਼ਵਾਸੀ ਧਰਤੀ ਉੱਤੇ ਹੀ ਰਹਿੰਦੇ ਹਨ।

### 2. ਦੂਜਾ ਫ਼ਰਕ

**a. ਪ੍ਰਭੂ ਦਾ ਵਾਪਸ ਆਉਣਾ ਕਿਸੇ ਵੀ ਸਮੇਂ ਹੋ ਸਕਦਾ ਹੈ** ਅਤੇ ਕਲੀਸਿਯਾ ਨੂੰ ਇਸ ਅਗਲੀ ਘਟਨਾ ਦੀ ਉਮੀਦ ਵਿੱਚ ਰਹਿਣਾ ਚਾਹੀਦਾ ਹੈ।

> ਹੁਣ ਤੁਹਾਨੂੰ ਕਿਸੇ ਆਤਮਿਕ ਵਰਦਾਨ ਦੀ ਥੁੜ੍ਹ ਨਹੀਂ ਰਹੀ ਕਿਉਂਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਪ੍ਰਗਟ ਹੋਣ ਦੀ **ਉਡੀਕ** ਵਿੱਚ ਹੋ। [1 ਕੁਰਿੰਥ 1:7]

ਜੇ ਕੋਈ ਪ੍ਰਭੂ ਨੂੰ ਪਿਆਰ ਨਾ ਕਰੇ ਉਹ ਨੂੰ ਸਰਾਪ ਲੱਗੇ! 'ਮਾਰਾਨਾ-ਥਾ' ਭਾਵ 'ਹੇ ਸਾਡੇ ਪ੍ਰਭੂ, ਆਓ'! [1 ਕੁਰਿੰਥ 16:22]

ਪਰ ਅਸੀਂ ਸਵਰਗ ਦੇ ਨਾਗਰਿਕ ਹਾਂ। ਇਸ ਲਈ ਅਸੀਂ ਆਪਣੇ ਮੁਕਤੀਦਾਤਾ ਪ੍ਰਭੂ ਯਿਸੂ ਮਸੀਹ ਦੇ ਸਵਰਗ ਤੋਂ ਆਉਣ ਦੀ **ਉਡੀਕ** ਵਿੱਚ ਹਾਂ...[ ਫ਼ਿਲਿੱਪ 3:20]

ਸਾਰੇ ਮਨੁੱਖਾਂ ਦੇ ਨਾਲ ਨਿਮਰਤਾ ਵਾਲਾ ਵਰਤਾਅ ਕਰੋ। ਪ੍ਰਭੂ **ਨੇੜੇ** ਹਨ [ਫ਼ਿਲਿੱਪ 4:5]

ਅਤੇ ਕਿਸ ਤਰ੍ਹਾਂ ਤੁਸੀਂ ਹੁਣ ਉਹਨਾਂ ਦੇ ਪੁੱਤਰ **ਯਿਸੂ ਦੀ** ਸਵਰਗ ਤੋਂ ਵਾਪਸ ਆਉਣ ਦੀ **ਉਡੀਕ** ਕਰ ਰਹੇ ਹੋ ਜਿਹਨਾਂ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਅਤੇ ਜਿਹੜੇ ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾਉਂਦੇ ਹਨ [1 ਥੱਸਲੁ 1:10]

ਜਦੋਂ ਕਿ ਅਸੀਂ ਉਸ **ਮੁਬਾਰਕ ਉਮੀਦ ਦੇ ਪੂਰੇ ਹੋਣ ਦੀ ਉਡੀਕ ਵਿੱਚ ਹਾਂ**। ਉਸ ਸਮੇਂ ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ **ਯਿਸੂ ਮਸੀਹ** ਦੀ ਮਹਿਮਾ ਪ੍ਰਗਟ ਹੋਵੇਗੀ [ਤੀਤੁਸ 2:13]

ਤੁਸੀਂ ਵੀ ਧੀਰਜਵਾਨ ਬਣੋ ਅਤੇ ਆਪਣੇ ਦਿਲਾਂ ਨੂੰ ਮਜ਼ਬੂਤ ਰੱਖੋ ਕਿਉਂਕਿ ਪ੍ਰਭੂ ਦਾ ਆਉਣਾ **ਨੇੜੇ ਹੈ** [ਯਾਕੂਬ 5:8]

ਹੁਣ ਮੇਰੇ ਲਈ ਭਵਿੱਖ ਵਿੱਚ ਮਿਲਣ ਵਾਲਾ ਨੇਕੀ ਦਾ ਮੁਕਟ ਰੱਖਿਆ ਹੋਇਆ ਹੈ ਜਿਹੜਾ ਮੈਨੂੰ ਨੇਕ ਨਿਆਂਕਾਰ ਪ੍ਰਭੂ, ਉਸ ਦਿਨ ਦੇਣਗੇ ਅਤੇ ਇਹ ਕੇਵਲ ਮੈਨੂੰ ਹੀ ਨਹੀਂ ਸਗੋਂ ਉਹਨਾਂ ਸਾਰਿਆਂ ਨੂੰ ਮਿਲੇਗਾ ਜਿਹੜੇ **ਪੂਰੀ ਸ਼ਰਧਾ ਦੇ ਨਾਲ ਉਹਨਾਂ ਦੇ ਦੁਬਾਰਾ ਆਉਣ ਦੀ ਉਡੀਕ ਵਿੱਚ ਹਨ** [2 ਤਿਮੋਥਿ 4:8]

"ਯਿਸੂ ਨੇ ਕਿਹਾ, "ਦੇਖੋ, ਮੈਂ **ਛੇਤੀ ਹੀ ਆਉਣ ਵਾਲਾ** ਹਾਂ! ... "ਹਾਂ, ਮੈਂ **ਛੇਤੀ ਹੀ** ਆ ਰਿਹਾ ਹਾਂ!" ਆਮੀਨ! ਹੇ ਪ੍ਰਭੂ ਯਿਸੂ ਆਓ! [ਪ੍ਰਕਾਸ਼ 22:7, 20]

**b. ਪ੍ਰਭੂ ਦਾ ਵਾਪਸ ਆਉਣਾ ਚਿੰਨ੍ਹ, ਚਮਤਕਾਰਾਂ, ਅਤੇ ਸ਼ੁਭ-ਸਮਾਚਾਰ ਦੇ ਵਿਸ਼ਵ-ਵਿਆਪੀ ਪ੍ਰਚਾਰ ਤੋਂ ਪਹਿਲਾਂ ਨਹੀਂ ਹੋਵੇਗਾ,** ਜਿਸ ਵਿੱਚ ਸਾਰੇ ਸੰਸਾਰ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ ਹੋਣਾ ਸ਼ਾਮਲ ਹੈ।

ਫਿਰ ਜਦੋਂ ਯਿਸੂ ਜ਼ੈਤੂਨ ਦੇ ਪਹਾੜ ਦੇ ਉੱਤੇ ਬੈਠੇ ਹੋਏ ਸਨ ਤਾਂ ਚੇਲੇ ਉਹਨਾਂ ਕੋਲ ਇਕਾਂਤ ਵਿੱਚ ਆਏ ਅਤੇ ਪੁੱਛਣ ਲੱਗੇ, "ਸਾਨੂੰ ਦੱਸੋ, ਇਹ ਸਭ ਗੱਲਾਂ ਕਦੋਂ ਹੋਣਗੀਆਂ? ਤੁਹਾਡੇ ਦੂਜੀ ਵਾਰ ਆਉਣ ਦਾ ਅਤੇ ਇਸ ਯੁੱਗ ਦੇ ਅੰਤ ਦਾ ਕੀ ਚਿੰਨ੍ਹ ਹੋਵੇਗਾ?"...ਤੁਸੀਂ ਲੜਾਈਆਂ ਦੀਆਂ ਖ਼ਬਰਾਂ ਅਤੇ ਅਫ਼ਵਾਹਾਂ ਸੁਣੋਗੇ ਪਰ ਸਾਵਧਾਨ ਰਹਿਣਾ, ਘਬਰਾਉਣਾ ਨਹੀਂ ਕਿਉਂਕਿ ਇਹਨਾਂ ਗੱਲਾਂ ਦਾ ਹੋਣਾ ਜ਼ਰੂਰੀ ਹੈ **ਪਰ ਅੰਤ ਅਜੇ ਦੂਰ ਹੈ**। ਕੌਮ ਕੌਮ ਦੇ ਵਿਰੁੱਧ ਖੜ੍ਹੀ ਹੋ ਜਾਵੇਗੀ ਅਤੇ ਰਾਜ ਰਾਜ ਉੱਤੇ ਚੜ੍ਹਾਈ ਕਰੇਗਾ। ਕਈ ਥਾਂ ਭੁਚਾਲ ਆਉਣਗੇ ਅਤੇ ਕਾਲ ਪੈਣਗੇ। ਇਹ ਸਭ ਗੱਲਾਂ ਤਾਂ ਪੀੜਾਂ ਦਾ ਆਰੰਭ ਹੈ। "ਉਸ ਸਮੇਂ ਲੋਕ ਤੁਹਾਨੂੰ ਅੱਤਿਆਚਾਰ ਕਰਨ ਦੇ ਲਈ ਅਤੇ ਕਤਲ ਕਰ ਦੇਣ ਦੇ ਲਈ ਸੌਂਪ ਦੇਣਗੇ। ਸਾਰੀਆਂ ਕੌਮਾਂ ਤੁਹਾਨੂੰ ਮੇਰੇ ਨਾਮ ਦੇ ਕਾਰਨ ਨਫ਼ਰਤ ਕਰਨਗੀਆਂ। ਬਹੁਤ ਸਾਰੇ ਆਪਣੇ ਵਿਸ਼ਵਾਸ ਨੂੰ ਛੱਡ ਦੇਣਗੇ, ਇੱਕ ਦੂਜੇ ਦੇ ਨਾਲ ਵਿਸ਼ਵਾਸਘਾਤ ਕਰਨਗੇ ਅਤੇ ਇੱਕ ਦੂਜੇ ਨੂੰ ਨਫ਼ਰਤ ਕਰਨਗੇ। ਬਹੁਤ ਸਾਰੇ ਝੂਠੇ ਨਬੀ ਪੈਦਾ ਹੋਣਗੇ ਅਤੇ ਬਹੁਤ ਸਾਰੇ ਲੋਕਾਂ ਨੂੰ ਭਰਮਾ ਦੇਣਗੇ ... ਪਰਮੇਸ਼ਰ ਦੇ ਰਾਜ ਦੇ ਸ਼ੁਭ ਸਮਾਚਾਰ ਦਾ ਪ੍ਰਚਾਰ ਸਾਰੀਆਂ ਕੌਮਾਂ ਦੇ ਸਾਹਮਣੇ ਗਵਾਹੀ ਦੇ ਤੌਰ ਤੇ ਸਾਰੇ ਸੰਸਾਰ ਵਿੱਚ ਕੀਤਾ ਜਾਵੇਗਾ ਤਦ ਅੰਤ ਆ ਜਾਵੇਗਾ।"...ਇਸੇ ਤਰ੍ਹਾਂ **ਜਦੋਂ ਤੁਸੀਂ ਇਹ ਸਾਰੀਆਂ ਗੱਲਾਂ ਪੂਰੀਆਂ ਹੁੰਦੀਆਂ ਦੇਖੋ ਤਾਂ ਸਮਝ ਲੈਣਾ ਕਿ ਉਹ ਨੇੜੇ ਹੈ** ਸਗੋਂ ਦਰਵਾਜ਼ੇ ਦੇ ਉੱਤੇ ਹੈ।" [ਮੱਤੀ 24:3-14,33]

"ਉਸ ਸਮੇਂ ਸੂਰਜ, ਚੰਦ ਅਤੇ ਤਾਰਿਆਂ ਵਿੱਚ **ਚਿੰਨ੍ਹ ਦਿਖਾਈ ਦੇਣਗੇ।** ਧਰਤੀ ਉੱਤੇ ਸੰਕਟ ਹੋਵੇਗਾ ਅਤੇ ਸਮੁੰਦਰ ਦੀਆਂ ਲਹਿਰਾਂ ਦੀ ਗਰਜਣ ਨਾਲ ਸਾਰੇ ਦੇਸ਼ਾਂ ਦੇ ਲੋਕ ਘਬਰਾ ਜਾਣਗੇ। ਲੋਕ ਦੁਨੀਆਂ ਉੱਤੇ ਆਉਣ ਵਾਲੇ ਸੰਕਟ ਦੇ ਡਰ ਨਾਲ ਆਪਣੇ ਹੋਸ਼ ਗੁਆ ਬੈਠਣਗੇ। ਅਕਾਸ਼ ਦੀਆਂ ਸਾਰੀਆਂ ਸ਼ਕਤੀਆਂ ਹਿਲਾ ਦਿੱਤੀਆਂ ਜਾਣਗੀਆਂ। ਉਸ ਸਮੇਂ ਲੋਕ ਮਨੁੱਖ ਦੇ ਪੁੱਤਰ ਨੂੰ ਵੱਡੀ ਸਮਰੱਥਾ ਅਤੇ ਮਹਿਮਾ ਦੇ ਨਾਲ ਬੱਦਲਾਂ ਉੱਤੇ ਆਉਂਦੇ ਦੇਖਣਗੇ। **ਜਦੋਂ ਇਹ ਘਟਨਾਵਾਂ ਹੋਣ ਲੱਗਣ** ਤਾਂ ਤੁਸੀਂ ਹੌਸਲਾ ਨਾ ਛੱਡਣਾ ਸਗੋਂ ਆਪਣੇ ਸਿਰ ਉੱਚੇ ਕਰਨਾ ਕਿਉਂਕਿ **ਤੁਹਾਡੀ ਮੁਕਤੀ ਨੇੜੇ ਹੈ**।" [ਲੂਕਾ 21:25-28]

ਅਸੀਂ ਪ੍ਰਭੂ ਦੀ ਵਾਪਸੀ ਬਾਰੇ ਇਹਨਾਂ ਵੇਰਵਿਆਂ ਨੂੰ ਸੁਲਝਾ ਕਿਵੇਂ ਸਕਦੇ ਹਾਂ? ਇੱਕ ਅਰਥ ਵਿੱਚ, ਇਹ ਅਜਿਹੀ ਘਟਨਾ ਹੈ ਜੋ ਹੋਣ ਹੀ ਵਾਲੀ ਹੈ। ਕਲੀਸਿਯਾ ਨੂੰ ਕਿਸੇ ਵੀ ਵੇਲੇ ਮਸੀਹ ਦੇ ਵਾਪਸ ਆਉਣ ਦੀ "ਮਹਾਨ ਆਸ" ਦੀ ਉਮੀਦ ਵਿੱਚ ਰਹਿਣਾ ਚਾਹੀਦਾ ਹੈ। ਪ੍ਰਭੂ ਦੀ ਵਾਪਸੀ ਨੂੰ ਹੋਰ ਯੁੱਧਾਂ ਜਾਂ ਅਕਾਲ ਦੀ ਉਡੀਕ ਕਰਨ ਦੀ ਜ਼ਰੂਰਤ ਨਹੀਂ ਹੈ ਜੋ ਪਹਿਲਾਂ ਹੀ ਹੋ ਚੁੱਕੇ ਹਨ। ਇਸ ਨੂੰ ਉਦੋਂ ਤੱਕ ਇੰਤਜ਼ਾਰ ਕਰਨ ਦੀ ਜ਼ਰੂਰਤ ਨਹੀਂ ਹੈ ਜਦੋਂ ਤੱਕ ਸ਼ੁਭ-ਸਮਾਚਾਰ ਵਰਤਮਾਨ ਸਮੇਂ ਤੋਂ ਜ਼ਿਆਦਾ ਫੈਲਦਾ ਨਹੀਂ ਹੈ। ਪਰ ਇੱਕ ਹੋਰ ਅਰਥ ਵਿੱਚ, ਪ੍ਰਭੂ ਦਾ ਆਉਣਾ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਕਿ ਸ਼ੁਭ-ਸਮਾਚਾਰ ਦਾ ਸਾਰੇ ਸੰਸਾਰ ਵਿੱਚ ਪ੍ਰਚਾਰ ਨਾ ਹੋ ਜਾਵੇ, ਅਤੇ ਜਦੋਂ ਤੱਕ ਬਹੁਤ ਸਾਰੇ ਚਿੰਨ੍ਹ ਪੂਰੇ ਨਾ ਹੋ ਜਾਣ। ਅਸੀਂ ਵਚਨ ਨੂੰ ਜਾਂ ਤਾਂ ਇੱਕ ਉਲਝਣ ਵਿੱਚ ਛੱਡ ਦੇਵਾਂਗੇ, ਅਤੇ ਜਾਂ ਫਿਰ ਇਸ ਸਿੱਟੇ ਤੇ ਪਹੁੰਚਾਂਗੇ ਕਿ ਮਸੀਹ ਦੇ ਆਗਮਨ ਦੇ ਦੋ ਪੜਾਅ ਹਨ।

ਮਸੀਹ ਦਾ ਆਗਮਨ ਬਹੁਤ ਨੇੜੇ ਹੈ; ਇਹ ਕਿਸੇ ਵੀ ਸਮੇਂ ਹੋ ਸਕਦਾ ਹੈ ਅਤੇ ਇਸ ਵਿੱਚ ਕਿਸੇ ਚਿੰਨ੍ਹ ਦੇ ਪੂਰਾ ਹੋਣ ਦੀ ਕੋਈ ਜ਼ਰੂਰਤ ਨਹੀਂ ਹੈ। ਉਹਨਾਂ ਦੀ ਵਾਪਸੀ ਦਾ ਇੱਕ ਹੋਰ ਪਹਿਲੂ ਕਿਸੇ ਵੀ ਸਮੇਂ ਅਚਾਨਕ ਨਹੀਂ ਹੋ ਸਕਦਾ ਹੈ ਕਿਉਂਕਿ ਸ਼ੁਭ-ਸਮਾਚਾਰ ਦੇ ਵਿਸ਼ਵ-ਵਿਆਪੀ ਪ੍ਰਚਾਰ ਦੇ ਨਾਲ-ਨਾਲ ਬਹੁਤ ਸਾਰੇ ਚਿੰਨ੍ਹ ਅਜੇ ਪੂਰੇ ਹੋਣੇ ਬਾਕੀ ਹਨ। ਇਹਨਾਂ ਵਿਰੋਧੀ ਗੱਲਾਂ ਨੂੰ ਇੱਕ ਘਟਨਾ ਵਿੱਚ ਮਿਲਾਉਣ ਦੀ ਕੋਸ਼ਿਸ਼ ਕਰਨਾ ਮੂਰਖਤਾ ਹੈ। ਜੇਕਰ ਮਸੀਹ ਉਦੋਂ ਤੱਕ ਵਾਪਸ ਨਹੀਂ ਆ ਸਕਦੇ ਜਦੋਂ ਤੱਕ ਸ਼ੁਭ-ਸਮਾਚਾਰ ਦਾ ਪ੍ਰਚਾਰ ਪੂਰੇ ਸੰਸਾਰ ਵਿੱਚ ਨਹੀਂ ਹੁੰਦਾ ਹੈ, ਤਾਂ ਸ਼ੁਰੂਆਤੀ ਕਲੀਸਿਯਾ ਦੇ ਲਈ ਉਹਨਾਂ ਦੇ ਆਉਣ ਦੀ ਉਡੀਕ ਕਰਨਾ ਇੱਕ ਮੂਰਖਤਾ ਵਾਲੀ ਗੱਲ ਸੀ। ਅਤੇ ਸਾਡੇ ਲਈ ਵੀ ਪ੍ਰਭੂ ਦੇ ਆਗਮਨ ਦੀ ਉਡੀਕ ਕਰਨਾ ਇੱਕ ਮੂਰਖਤਾ ਦੀ ਗੱਲ ਹੋਵੇਗੀ ਕਿਉਂਕਿ ਸ਼ੁਭ-ਸਮਾਚਾਰ ਦਾ ਸਾਰੇ ਸੰਸਾਰ ਵਿੱਚ ਪ੍ਰਚਾਰ ਹੋਣਾ ਅਜੇ ਬਾਕੀ ਹੈ। ਜੇਕਰ ਪ੍ਰਭੂ ਦੇ ਆਗਮਨ ਦੇ ਦੋ ਪੜਾਅ ਨਾ ਹੁੰਦੇ, ਤਾਂ ਇਹ ਸੱਚ ਹੋਣਾ ਸੀ। ਸ਼ੁਰੂਆਤੀ ਕਲੀਸਿਯਾ ਰੈਪਚਰ ਦੀ ਉਡੀਕ ਕਰ ਰਹੀ ਸੀ। ਰੈਪਚਰ ਦੇ ਹੋ ਜਾਣ ਤੋਂ ਬਾਅਦ ਚਿੰਨ੍ਹ ਅਤੇ ਚਮਤਕਾਰ ਹੋਣਗੇ ਅਤੇ ਸ਼ੁਭ-ਸਮਾਚਾਰ ਦਾ ਪ੍ਰਚਾਰ ਵਿਸ਼ਵ-ਵਿਆਪੀ ਪੱਧਰ ਉੱਤੇ ਕੀਤਾ ਜਾਵੇਗਾ (ਇਹ 144,000 ਲੋਕਾਂ ਦੁਆਰਾ [ਪ੍ਰਕਾਸ਼ 7:4ff.], ਦੋ ਗਵਾਹਾਂ ਦੁਆਰਾ [ਪ੍ਰਕਾਸ਼ 11:3ff.], ਅਤੇ ਇਥੋਂ ਤੱਕ ਕਿ ਆਕਾਸ਼ ਵਿੱਚ ਇੱਕ ਸਵਰਗਦੂਤ ਦੁਆਰਾ ਵੀ ਹੋਵੇਗਾ [ਪ੍ਰਕਾਸ਼ 14:6ff.])। ਇਹਨਾਂ ਚਿੰਨ੍ਹਾਂ ਤੋਂ ਬਾਅਦ, ਪ੍ਰਭੂ ਦੀ ਵਾਪਸੀ ਦਾ ਦੂਜਾ ਪਹਿਲੂ (ਪ੍ਰਭੂ ਦਾ ਪ੍ਰਗਟ ਹੋਣਾ) ਹੋਵੇਗਾ। ਬਿਪਤਾ ਦੇ ਸਮੇਂ ਦੇ ਸੰਤਾਂ ਨੂੰ ਖ਼ੁਦ ਪ੍ਰਭੂ ਦੁਆਰਾ ਇਹ ਹੁਕਮ ਦਿੱਤਾ ਗਿਆ ਹੈ ਕਿ ਉਹ ਉਹਨਾਂ ਦੇ ਵਾਪਸ ਆਉਣ ਦੇ ਚਿੰਨ੍ਹ ਉੱਤੇ ਧਿਆਨ ਦੇਣ। ਪ੍ਰਭੂ ਦੇ ਆਗਮਨ ਦੇ ਦੋ ਪੜਾਅ ਜਾਂ ਪਹਿਲੂ ਹਨ।

### 3. ਤੀਜਾ ਫ਼ਰਕ

**a. ਪ੍ਰਭੂ ਦਾ ਆਉਣਾ ਅਸਮਾਨ ਦੇ ਬੱਦਲਾਂ ਤੱਕ ਹੋਵੇਗਾ।**

ਫਿਰ ਅਸੀਂ ਵੀ ਉਹਨਾਂ ਦੇ ਨਾਲ **ਬੱਦਲਾਂ ਵਿੱਚ ਪ੍ਰਭੂ ਨੂੰ ਮਿਲਣ ਦੇ ਲਈ ਹਵਾ ਵਿੱਚ ਚੁੱਕ ਲਏ ਜਾਵਾਂਗੇ**। ਇਸ ਤਰ੍ਹਾਂ ਅਸੀਂ ਹਮੇਸ਼ਾ ਤੱਕ ਪ੍ਰਭੂ ਦੇ ਨਾਲ ਰਹਾਂਗੇ। [1 ਥੱਸਲੁ 4:17]

**b. ਪ੍ਰਭੂ ਦਾ ਆਉਣਾ ਧਰਤੀ ਤੱਕ ਹੋਵੇਗਾ।**

ਉਸ ਦਿਨ **ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ**, ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ [ਜ਼ਕਰ 14:4]

ਇਸ ਭਾਗ ਵਿੱਚ ਪਹਿਲਾ ਮੁੱਦਾ ਉਹ ਜਗ੍ਹਾ ਹੈ ਜਿੱਥੇ ਪਵਿੱਤਰ ਲੋਕ ਮੌਜੂਦ ਹਨ। ਬਾਈਬਲ ਦੇ ਕੁਝ ਵਚਨ ਦੱਸਦੇ ਹਨ ਕਿ ਮਸੀਹ ਵਾਪਸ ਆਉਣਗੇ ਅਤੇ ਪਵਿੱਤਰ ਲੋਕ ਧਰਤੀ ਤੋਂ ਉਠਾਏ ਜਾਣਗੇ। ਕੁਝ ਹੋਰ ਵਚਨ ਦੱਸਦੇ ਹਨ ਕਿ ਪ੍ਰਭੂ ਵਾਪਸ ਆਉਣਗੇ ਅਤੇ ਸਾਰੇ ਪਵਿੱਤਰ ਲੋਕ ਧਰਤੀ ਉੱਤੇ ਹੀ ਰਹਿਣਗੇ। ਇਹ ਤੀਜਾ ਮੁੱਦਾ ਪ੍ਰਭੂ ਦੇ ਮੌਜੂਦ ਹੋਣ ਦੀ ਜਗ੍ਹਾ ਦੇ ਬਾਰੇ ਹੈ। ਬਾਈਬਲ ਕੁਝ ਥਾਵਾਂ ਤੇ ਇਸ ਮੁੱਦੇ ਉੱਤੇ ਕਿਉਂ ਜ਼ੋਰ ਦਿੰਦੀ ਹੈ ਕਿ ਮਸੀਹ ਧਰਤੀ ਉੱਤੇ ਵਾਪਸ ਆਉਣਗੇ? ਜੇਕਰ ਸਪੱਸ਼ਟ ਤੌਰ ਤੇ ਕਿਹਾ ਜਾਵੇ, ਤਾਂ ਉਹ ਯਰੂਸ਼ਲਮ ਦੇ ਨੇੜੇ ਜ਼ੈਤੂਨ ਦੇ ਪਰਬਤ ਉੱਤੇ ਆਉਣਗੇ। ਪਰ ਹੋਰ ਥਾਵਾਂ ਤੇ, ਮਸੀਹ ਧਰਤੀ ਤੱਕ ਨਹੀਂ ਪਰ ਸਿਰਫ਼ ਬੱਦਲਾਂ ਤੱਕ ਆਉਂਦੇ ਹਨ। ਕੁਝ ਲੋਕ ਇਹ ਕਹਿ ਸਕਦੇ ਹਨ ਕਿ ਉਹ ਆਉਣਗੇ, ਅਤੇ ਵਿਸ਼ਵਾਸੀਆਂ ਨਾਲ ਬੱਦਲਾਂ ਉੱਤੇ ਮਿਲਣਗੇ, ਅਤੇ ਫਿਰ ਉਹਨਾਂ ਨੂੰ ਲੈ ਕੇ ਤੁਰੰਤ ਹੀ ਧਰਤੀ ਉੱਤੇ ਆਉਣਗੇ। ਅਗਲਾ ਬਿੰਦੂ ਇਹ ਦਰਸਾਏਗਾ ਕਿ ਇਹ ਸੱਚ ਨਹੀਂ ਹੋ ਸਕਦਾ ਹੈ। ਪ੍ਰਭੂ ਦੇ ਆਗਮਨ ਦੇ **ਦੋ ਵੱਖਰੇ ਪੜਾਅ** ਹਨ। ਇੱਕ ਪੜਾਅ ਵਿੱਚ, ਉਹ ਹਵਾ ਵਿੱਚ ਬੱਦਲਾਂ ਉੱਤੇ ਆਉਂਦੇ ਹਨ। ਦੂਜੇ ਪੜਾਅ ਵਿੱਚ, ਉਹ ਸਿੱਧਾ ਧਰਤੀ ਉੱਤੇ ਆਉਂਦੇ ਹਨ।

### 4. ਚੌਥਾ ਫ਼ਰਕ

**a.** ਪ੍ਰਭੂ ਦੀ ਵਾਪਸੀ ਦੇ ਸਮੇਂ **ਵਿਸ਼ਵਾਸੀਆਂ ਨੂੰ ਪ੍ਰਭੂ ਵਰਗੇ ਮਹਿਮਾਮਈ ਸਰੀਰ ਮਿਲਣਗੇ**। ਉਹਨਾਂ ਲਈ ਕੋਈ **ਵਿਆਹ ਜਾਂ ਬੱਚੇ ਪੈਦਾ ਕਰਨਾ ਨਹੀਂ** ਹੋਵੇਗਾ।

> ਮੇਰੇ ਪਿਆਰੇ ਮਿੱਤਰੋ, ਹੁਣ ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਪਰ ਅਸੀਂ ਕੀ ਕੁਝ ਹੋਵਾਂਗੇ ਇਹ ਹੁਣ ਤੱਕ ਪ੍ਰਗਟ ਨਹੀਂ ਕੀਤਾ ਗਿਆ ਪਰ ਅਸੀਂ ਜਾਣਦੇ ਹਾਂ ਕਿ ਜਦੋਂ **ਮਸੀਹ ਪ੍ਰਗਟ ਹੋਣਗੇ ਤਾਂ ਅਸੀਂ ਉਹਨਾਂ ਵਰਗੇ ਹੋਵਾਂਗੇ** ਕਿਉਂਕਿ ਅਸੀਂ ਉਹਨਾਂ ਨੂੰ ਉਸੇ ਤਰ੍ਹਾਂ ਦੇਖਾਂਗੇ ਜਿਸ ਤਰ੍ਹਾਂ ਦੇ ਉਹ ਹਨ। [1 ਯੂਹੰਨਾ 3:2]
>
> ਸੁਣੋ, ਮੈਂ ਤੁਹਾਨੂੰ ਇੱਕ ਗੁਪਤ ਭੇਤ ਦੱਸਦਾ ਹਾਂ, ਅਸੀਂ ਸਾਰੇ ਮਰਾਂਗੇ ਨਹੀਂ ਸਗੋਂ **ਅਸੀਂ ਸਾਰੇ ਬਦਲ ਜਾਵਾਂਗੇ**। ਇਹ ਅੰਤਿਮ ਤੁਰ੍ਹੀ ਦੀ ਆਵਾਜ਼ ਨਿਕਲਦੇ ਹੀ ਇਕਦਮ ਅੱਖ ਦੇ ਝਮਕਦੇ ਹੀ ਹੋ ਜਾਵੇਗਾ। ਤੁਰ੍ਹੀ ਦੀ ਆਵਾਜ਼ ਆਉਂਦੇ ਹੀ ਮੁਰਦੇ ਅਵਿਨਾਸ਼ੀ ਹਾਲਤ ਵਿੱਚ ਜਿਊਂਦੇ ਕੀਤੇ ਜਾਣਗੇ ਅਤੇ **ਅਸੀਂ ਸਾਰੇ ਬਦਲ ਜਾਵਾਂਗੇ** [1 ਕੁਰਿੰਥ 15:51-52]
>
> "ਪਰ ਜਿਹੜੇ ਇਸ ਯੋਗ ਗਿਣੇ ਜਾਂਦੇ ਹਨ ਕਿ ਉਹ ਉਸ ਯੁੱਗ ਨੂੰ ਅਤੇ **ਮੁਰਦਿਆਂ ਦੇ ਪੁਨਰ-ਉਥਾਨ ਨੂੰ ਪ੍ਰਾਪਤ ਕਰਨ, ਉਹਨਾਂ ਵਿੱਚ ਵਿਆਹ ਨਹੀਂ ਹੋਣਗੇ**। ਉਹ ਸਵਰਗਦੂਤਾਂ ਦੇ ਵਾਂਗ ਹੋਣਗੇ। ਇਸ ਲਈ ਉਹਨਾਂ ਦੀ ਫਿਰ ਮੌਤ ਨਹੀਂ ਹੋਵੇਗੀ। ਪੁਨਰ-ਉਥਾਨ ਦੀ ਸੰਤਾਨ ਹੋਣ ਕਰ ਕੇ, ਉਹ ਪਰਮੇਸ਼ਰ ਦੀ ਸੰਤਾਨ ਹਨ।" [ਲੂਕਾ 20:35-36; ਅਤੇ

ਅਤੇ ਮੱਤੀ 22:30; ਮਰਕੁਸ12:25 ਵੀ ਦੇਖੋ]

ਇਹ ਵਚਨ ਸਾਬਤ ਕਰਦੇ ਹਨ ਕਿ ਪ੍ਰਭੂ ਦੀ ਵਾਪਸੀ ਵੇਲੇ ਸਾਰੇ ਵਿਸ਼ਵਾਸੀ (ਭਾਵੇਂ ਜਿਊਂਦੇ ਜਾਂ ਮਰੇ) ਨਵੇਂ ਮਹਿਮਾਮਈ ਸਰੀਰ ਨੂੰ ਪ੍ਰਾਪਤ ਕਰਨਗੇ। ਪ੍ਰਭੂ ਦੀ ਵਾਪਸੀ ਤੋਂ ਬਾਅਦ ਕਲੀਸਿਯਾ ਦੇ ਲੋਕ ਵਿਆਹ ਨਹੀਂ ਕਰਨਗੇ ਅਤੇ ਨਾ ਹੀ ਬੱਚੇ ਪੈਦਾ ਕਰਨਗੇ।

**b.** ਪ੍ਰਭੂ ਵਾਪਸ ਆ ਕੇ ਇੱਕ ਰਾਜ ਦੀ ਸਥਾਪਨਾ ਕਰਨਗੇ, ਅਤੇ ਬਿਪਤਾ ਦੇ ਸਮੇਂ ਦੇ ਖ਼ਤਮ ਹੋਣ ਤੋਂ ਬਾਅਦ, **ਪਵਿੱਤਰ ਲੋਕ** ਫਿਰ ਤੋਂ **ਧਰਤੀ ਨੂੰ ਆਬਾਦ ਕਰਨਗੇ**।

> "ਉੱਥੇ ਫੇਰ ਕੋਈ ਥੋੜ੍ਹੇ ਦਿਨਾਂ ਦਾ ਬੱਚਾ ਨਾ ਹੋਵੇਗਾ, ਨਾ ਕੋਈ ਬਜ਼ੁਰਗ ਜਿਸ ਨੇ ਆਪਣੇ ਦਿਨ ਪੂਰੇ ਨਾ ਕੀਤੇ ਹੋਣ, ਕਿਉਂਕਿ ਸੌ ਸਾਲ ਦੀ ਉਮਰ ਵਿੱਚ ਮਰੇਗਾ, ਉਸ ਨੂੰ ਬੱਚਾ ਹੀ ਮੰਨਿਆ ਜਾਵੇਗਾ, ਪਰ ਸੌ ਸਾਲ ਦਾ ਪਾਪੀ ਸਰਾਪੀ ਹੋਵੇਗਾ। ਉਹ ਘਰ ਬਣਾਉਣਗੇ ਅਤੇ ਉਨ੍ਹਾਂ ਵਿੱਚ ਵੱਸਣਗੇ, ਉਹ ਅੰਗੂਰੀ ਬਾਗ਼ ਲਾਉਣਗੇ ਅਤੇ ਉਨ੍ਹਾਂ ਦਾ ਫਲ ਖਾਣਗੇ। ਅਜਿਹਾ ਨਹੀਂ ਹੋਵੇਗਾ ਕਿ ਉਹ ਬਣਾਉਣ ਅਤੇ ਦੂਜਾ ਵੱਸੇ, ਜਾਂ ਉਹ ਲਾਉਣਗੇ ਅਤੇ ਦੂਜਾ ਖਾਵੇ, ਕਿਉਂਕਿ ਮੇਰੀ ਪਰਜਾ ਦੇ ਦਿਨ ਤਾਂ ਰੁੱਖ ਦੇ ਦਿਨਾਂ ਵਰਗੇ ਹੋਣਗੇ, ਅਤੇ ਮੇਰੇ ਚੁਣੇ ਹੋਏ ਆਪਣੇ ਹੱਥਾਂ ਦੇ ਕੰਮਾਂ ਦਾ ਲੰਮੇ ਸਮੇਂ ਤੱਕ ਅਨੰਦ ਮਾਣਨਗੇ। ਉਹ ਵਿਅਰਥ ਮਿਹਨਤ ਨਾ ਕਰਨਗੇ, ਨਾ ਉਹਨਾਂ ਦੀ **ਸੰਤਾਨ** ਕਲੇਸ਼ ਲਈ **ਜੰਮੇਗੀ**, ਕਿਉਂ ਜੋ ਉਹ ਅਤੇ ਉਹਨਾਂ ਦੀ **ਸੰਤਾਨ**, ਯਹੋਵਾਹ ਦੀ ਮੁਬਾਰਕ ਅੰਸ ਹੋਣਗੇ। ਉਹਨਾਂ ਦੇ ਪੁਕਾਰਨ ਤੋਂ ਪਹਿਲਾਂ ਮੈਂ ਉੱਤਰ ਦਿਆਂਗਾ, ਅਤੇ ਉਹ ਅਜੇ ਗੱਲਾਂ ਹੀ ਕਰਦੇ ਹੋਣਗੇ, ਕਿ ਮੈਂ ਸੁਣ ਲਵਾਂਗਾ। ਬਘਿਆੜ ਅਤੇ ਲੇਲਾ ਇਕੱਠੇ ਚਰਨਗੇ, ਅਤੇ ਬੱਬਰ ਸ਼ੇਰ ਬਲ਼ਦ ਵਾਂਗੂੰ ਘਾਹ ਖਾਵੇਗਾ, ਸੱਪ ਦਾ ਭੋਜਨ ਮਿੱਟੀ ਹੀ ਹੋਵੇਗੀ, ਮੇਰੇ ਸਾਰੇ ਪਵਿੱਤਰ ਪਰਬਤ ਵਿੱਚ ਨਾ ਉਹ ਕਿਸੇ ਨੂੰ ਦੁੱਖ ਦੇਣਗੇ, ਨਾ ਨਾਸ ਕਰਨਗੇ, ਯਹੋਵਾਹ ਫ਼ਰਮਾਉਂਦਾ ਹੈ।" [ਯਸਾ 65:20-25] (ਬਿਵਸਥਾ 30:9 ਵੀ ਦੇਖੋ)

ਅਜਿਹੇ ਨਿਰੀਖਣ ਪ੍ਰਭੂ ਦੇ ਆਗਮਨ ਬਾਰੇ ਸਾਰੇ ਵੇਰਵਿਆਂ ਨੂੰ ਇੱਕ ਹੀ ਘਟਨਾ ਵਿੱਚ ਇੱਕ-ਦੂਜੇ ਦੇ ਨਾਲ ਮਿਲਾ ਦੇਣ ਦੀ ਕੋਸ਼ਿਸ਼ ਵਿੱਚ ਹੋਣ ਵਾਲੀਆਂ ਮੁਸ਼ਕਲਾਂ ਨੂੰ ਦਰਸਾਉਂਦੇ ਹਨ। ਜਿਹੜੇ ਲੋਕ ਇਹ ਕਹਿੰਦੇ ਹਨ ਕਿ ਰੈਪਚਰ ਅਤੇ ਪ੍ਰਭੂ ਦੇ ਧਰਤੀ ਉੱਤੇ ਪ੍ਰਗਟ ਹੋਣ ਵਿੱਚ ਕੋਈ ਫ਼ਰਕ ਨਹੀਂ ਮੰਨਿਆ ਜਾਣਾ ਚਾਹੀਦਾ, ਉਹਨਾਂ ਨੂੰ ਇਹ ਸਮਝਣ ਵਿੱਚ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ ਕਿ ਜਿਹੜੇ ਲੋਕ ਬੱਦਲਾਂ ਉੱਤੇ ਉਠਾਏ ਗਏ ਹਨ ਅਤੇ ਮਹਿਮਾਮਈ ਹੋਏ ਹਨ, ਉਹ ਤੁਰੰਤ ਹੀ ਧਰਤੀ ਉੱਤੇ ਵਾਪਸ ਆ ਕੇ ਇਸ ਨੂੰ ਆਬਾਦ ਕਿਵੇਂ ਕਰ ਸਕਦੇ ਹਨ?

ਇਹ ਸਪੱਸ਼ਟ ਹੈ ਕਿ ਪ੍ਰਭੂ ਦੇ ਆਗਮਨ ਨੂੰ ਦੋ ਵੱਖ-ਵੱਖ ਪੜਾਵਾਂ ਵਿੱਚ ਦੇਖਣਾ ਹੋਵੇਗਾ, ਜਿਹਨਾਂ ਦੇ ਵਿਚਕਾਰ ਕੁਝ ਸਮਾਂ ਹੋਵੇਗਾ। ਪਹਿਲੇ ਪੜਾਅ ਵਿੱਚ, ਸਾਰੇ ਵਿਸ਼ਵਾਸੀ ਇੱਕ ਮਹਿਮਾਮਈ ਸਥਿਤੀ ਨੂੰ ਪ੍ਰਾਪਤ ਕਰਦੇ ਹਨ। ਫਿਰ, ਦੂਜੇ ਪੜਾਅ ਦੇ ਹੋਣ ਤੋਂ ਪਹਿਲਾਂ, ਨਵੇਂ ਲੋਕ ਮਸੀਹ ਵਿੱਚ ਵਿਸ਼ਵਾਸ ਕਰਦੇ ਹਨ। ਇਹ ਉਹ ਲੋਕ ਹਨ ਜੋ ਪ੍ਰਭੂ ਦੀ ਵਾਪਸੀ ਦੇ ਆਖ਼ਰੀ ਪੜਾਅ ਤੋਂ ਬਾਅਦ ਵੀ ਬੱਚੇ ਪੈਦਾ ਕਰ ਸਕਦੇ ਹਨ।

### 5. ਪੰਜਵਾਂ ਫ਼ਰਕ

**a. ਪ੍ਰਭੂ ਆਪਣੇ ਸੰਤਾਂ ਨੂੰ ਮਿਲਣ ਲਈ ਵਾਪਸ ਆਉਣਗੇ।**

> "ਤੁਹਾਡਾ ਦਿਲ ਨਾ ਘਬਰਾਏ, ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ, ਮੇਰੇ ਵਿੱਚ ਵੀ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ? ਇਸ ਲਈ ਜਦੋਂ ਮੈਂ ਜਾ ਕੇ ਤੁਹਾਡੇ ਲਈ ਥਾਂ ਤਿਆਰ ਕਰ ਲਵਾਂਗਾ ਤਾਂ **ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ** ਤਾਂ ਜੋ ਜਿੱਥੇ ਮੈਂ ਹਾਂ ਉੱਥੇ ਤੁਸੀਂ ਵੀ ਹੋਵੋ। ਜਿੱਥੇ ਮੈਂ ਜਾ ਰਿਹਾ ਹਾਂ ਤੁਸੀਂ ਉੱਥੇ ਦਾ ਰਾਹ ਜਾਣਦੇ ਹੋ..." [ਯੂਹੰਨਾ 14:1-6]
>
> ... ਉਸ ਸਮੇਂ ਜਿਹੜੇ ਮਸੀਹ ਵਿੱਚ ਮਰ ਚੁੱਕੇ ਹਨ, ਉਹ ਪਹਿਲਾਂ ਜੀਅ ਉੱਠਣਗੇ। ਫਿਰ ਅਸੀਂ ਵੀ ਉਹਨਾਂ ਦੇ ਨਾਲ **ਬੱਦਲਾਂ ਵਿੱਚ ਪ੍ਰਭੂ ਨੂੰ ਮਿਲਣ ਦੇ ਲਈ** ਹਵਾ ਵਿੱਚ ਚੁੱਕ ਲਏ ਜਾਵਾਂਗੇ। ਇਸ ਤਰ੍ਹਾਂ ਅਸੀਂ ਹਮੇਸ਼ਾ ਤੱਕ ਪ੍ਰਭੂ ਦੇ ਨਾਲ ਰਹਾਂਗੇ। ਇਸ ਲਈ ਤੁਸੀਂ ਸਾਰੇ ਇੱਕ ਦੂਜੇ ਨੂੰ ਇਹਨਾਂ ਸ਼ਬਦਾਂ ਦੇ ਨਾਲ ਉਤਸ਼ਾਹ ਦੇਵੋ। [1 ਥੱਸਲੁ 4:13-18]

**b. ਪ੍ਰਭੂ ਆਪਣੇ ਸੰਤਾਂ ਦੇ ਨਾਲ ਵਾਪਸ ਆਉਣਗੇ**

> ਤਾਂ ਜੋ ਉਹ ਤੁਹਾਡੇ ਮਨਾਂ ਨੂੰ ਇੰਨਾ ਪੱਕਾ ਕਰਨ ਕਿ ਜਦੋਂ ਪ੍ਰਭੂ ਯਿਸੂ **ਆਪਣੇ ਪਵਿੱਤਰ ਲੋਕਾਂ ਦੇ ਨਾਲ** ਆਉਣ ਤਦ ਤੁਸੀਂ ਸਾਡੇ ਪਰਮੇਸ਼ਰ ਅਤੇ ਪਿਤਾ ਦੇ ਸਾਹਮਣੇ ਨਿਰਦੋਸ਼ ਅਤੇ ਪਵਿੱਤਰ ਠਹਿਰੋ। [1 ਥੱਸਲੁ 3:13]

ਕੁਝ ਲੋਕ 1 ਥੱਸਲੁ 3:13 ਅਤੇ ਯਹੂਦਾਹ 1:14 ਦੇ "ਸੰਤਾਂ" ਦੀ ਵਿਆਖਿਆ ਸਵਰਗਦੂਤਾਂ ਦੇ ਰੂਪ ਵਿੱਚ ਕਰਨਾ ਚਾਹੁਣਗੇ, ਪਰ ਪੌਲੁਸ ਨੇ ਸਵਰਗਦੂਤਾਂ ਨੂੰ ਨਹੀਂ ਬਲਕਿ **ਵਿਸ਼ਵਾਸੀਆਂ** ਨੂੰ ਸੰਤ ਕਿਹਾ ਹੈ (ਜਿਵੇਂ ਕਿ 1 ਕੁਰਿੰਥ 1:2 ਅਤੇ ਹੋਰ ਵੀ ਕਈ ਥਾਵਾਂ ਉੱਤੇ)। ਇਸ ਤੋਂ ਇਲਾਵਾ, ਸੰਤਾਂ ਦਾ ਮਸੀਹ ਦੇ ਨਾਲ ਵਾਪਸ ਆਉਣਾ ਮਰੇ ਹੋਏ ਮਸੀਹੀਆਂ ਦੀਆਂ ਆਤਮਾਵਾਂ ਦਾ ਨਵੇਂ ਜੀਅ-ਉੱਠੇ ਸਰੀਰਾਂ ਨੂੰ ਪਾਉਣ ਦੇ ਲਈ ਵਾਪਸ ਆਉਣਾ ਵੀ ਹੋ ਸਕਦਾ ਹੈ। ਮਸੀਹ ਦੇ ਨਾਲ ਸੰਤਾਂ ਦੇ ਇਸ ਤਰ੍ਹਾਂ ਵਾਪਸ ਆਉਣ ਨੂੰ 1 ਥੱਸਲੁਨੀਕੀਆਂ ਅਧਿਆਇ 4 ਵਿੱਚ ਵੀ ਸਿਖਾਇਆ ਗਿਆ ਹੈ (ਆਇਤ 14, "ਜਿਹੜੇ ਯਿਸੂ ਵਿੱਚ ਸੌਂ ਗਏ

ਹਨ ਅਤੇ ਪਰਮੇਸ਼ਰ ਉਹਨਾਂ ਨੂੰ ਵੀ ਯਿਸੂ ਦੇ ਨਾਲ ਲਿਆਉਣਗੇ")। ਫਿਰ ਵੀ, 1 ਥੱਸਲੁ 3:13 ਵਿੱਚ ਸ਼ਬਦ "ਸਾਰੇ" ਇਸ ਵਿਚਾਰ ਦਾ ਸਮਰਥਨ ਨਹੀਂ ਕਰਦਾ ਹੈ ਕਿ "ਸਾਰੇ ਸੰਤ" ਸਿਰਫ਼ ਮਰੇ ਹੋਏ ਮਸੀਹੀਆਂ ਦੇ ਰੈਪਚਰ ਵਿੱਚ ਆਉਣ ਦੀ ਗੱਲ ਕਰਦਾ ਹੈ, ਕਿਉਂਕਿ ਉਹ **ਸਾਰੇ** ਸੰਤ ਨਹੀਂ ਪਰ **ਕੁਝ** ਸੰਤ ਹਨ। ਇਹ ਸਿੱਟਾ ਕੱਢਣਾ ਜ਼ਿਆਦਾ ਵਧੀਆ ਹੈ ਕਿ ਪ੍ਰਭੂ ਦੀ ਵਾਪਸੀ ਦਾ ਇੱਕ ਪਹਿਲੂ **ਉਹਨਾਂ ਦੇ ਸੰਤਾਂ** ਦੇ ਲਈ ਹੈ, ਅਤੇ ਦੂਜਾ ਪਹਿਲੂ "**ਉਹਨਾਂ ਦੇ ਸਾਰੇ ਸੰਤਾਂ ਦੇ ਲਈ**" ਹੈ।

**ਜੇਕਰ** ਰੈਪਚਰ ਅਤੇ ਦੂਜੀ ਵਾਰ ਪ੍ਰਗਟ ਹੋਣ ਦੇ ਵਿਚਕਾਰ ਫ਼ਰਕ ਨੂੰ ਹੋਰ ਤਰੀਕਿਆਂ ਨਾਲ ਵੀ ਸਾਬਤ ਕੀਤਾ ਜਾ ਸਕਦਾ ਹੈ, ਤਾਂ ਮਸੀਹ ਦੇ ਆਪਣੇ ਸੰਤਾਂ ਨੂੰ ਲੈਣ ਦੇ ਲਈ ਆਉਣ ਅਤੇ ਆਪਣੇ ਸਾਰੇ ਸੰਤਾਂ ਦੇ ਨਾਲ ਆਉਣ ਵਿਚਕਾਰ ਫ਼ਰਕ ਨੂੰ ਇੱਕ ਮਹੱਤਵਪੂਰਣ ਗੱਲ ਮੰਨਿਆ ਜਾ ਸਕਦਾ ਹੈ। ਜਿਹੜੇ ਲੋਕ ਹੋਰ ਵਚਨਾਂ ਦੇ ਕਾਰਨ ਯਕੀਨ ਕਰਦੇ ਹਨ ਕਿ ਪ੍ਰਭੂ ਦੇ ਆਗਮਨ ਦੇ ਦੋ ਪੜਾਅ ਜਾਂ ਪਹਿਲੂ ਹਨ, ਉਹ ਆਪਣੇ ਵਿਚਾਰ ਦੇ ਸਮਰਥਨ ਦੇ ਲਈ "ਮਸੀਹ ਦੇ ਸੰਤਾਂ ਦੇ ਲਈ ਆਉਣ" ਅਤੇ "ਮਸੀਹ ਦੇ ਸੰਤਾਂ ਦੇ ਨਾਲ ਆਉਣ" ਦੇ ਵਿਚਕਾਰ ਦੇ ਫ਼ਰਕ ਵੱਲ ਸੰਕੇਤ ਕਰ ਸਕਦੇ ਹਨ। ਪਹਿਲੇ ਪੜਾਅ ਵਿੱਚ, ਮਸੀਹ ਆਪਣੇ ਸੰਤਾਂ ਦੇ ਲਈ ਆਉਂਦੇ ਹਨ। ਅਗਲੇ ਪੜਾਅ ਵਿੱਚ, ਉਹ ਆਪਣੇ **ਸਾਰੇ** ਸੰਤਾਂ (ਕਲੀਸਿਯਾ) ਦੇ ਨਾਲ ਆਉਂਦੇ ਹਨ। ਇਹ ਦੇਖਦੇ ਹੋਏ ਕਿ ਰੈਪਚਰ ਅਤੇ ਮਸੀਹ ਦੇ ਦੂਜੀ ਵਾਰ ਧਰਤੀ ਉੱਤੇ ਆਉਣ ਦੇ ਵਿਚਾਕਰ ਫ਼ਰਕ ਨੂੰ ਸਥਾਪਤ ਕਰਨ ਦੇ ਹੋਰ ਮਜ਼ਬੂਤ ਸਬੂਤ ਵੀ ਮੌਜੂਦ ਹਨ, ਤਾਂ ਇਹ ਵਿਆਖਿਆ ਇਸ ਤੱਥ ਨੂੰ ਹੋਰ ਵਿਸ਼ਵਾਸਯੋਗ ਬਣਾ ਦਿੰਦੀ ਹੈ।

ਬਾਈਬਲ ਦੇ ਵਿਦਿਆਰਥੀਆਂ ਦੀ ਇਸ ਸੋਚ ਵਿੱਚ ਕੋਈ ਗ਼ਲਤੀ ਨਹੀਂ ਹੈ ਕਿ ਪ੍ਰਭੂ ਦੇ ਆਗਮਨ ਦੇ ਦੋ ਵੱਖ-ਵੱਖ ਪੜਾਅ ਹਨ। **ਰੈਪਚਰ**, ਮਸੀਹ ਦੇ **ਦੂਜੀ ਵਾਰ ਧਰਤੀ ਉੱਤੇ ਆਉਣ** ਤੋਂ ਵੱਖਰਾ ਹੈ। ਪ੍ਰਭੂ ਦੇ ਆਗਮਨ ਨਾਲ ਜੁੜੀ ਹਰੇਕ ਖ਼ਾਸ ਗੱਲ ਨੂੰ ਸਿਰਫ਼ ਇੱਕ ਹੀ ਘਟਨਾ ਵਿੱਚ ਮਿਲਾਉਣਾ ਇੱਕ ਅਸੰਭਵ ਕੰਮ ਹੈ। ਇਹ ਸਮਝਣਾ ਮੁਸ਼ਕਲ ਹੈ ਕਿ ਜੇਕਰ ਇਹ ਦੋ ਵੱਖ-ਵੱਖ ਘਟਨਾਵਾਂ ਨਹੀਂ ਹਨ, ਤਾਂ ਅਜਿਹਾ ਕਿਵੇਂ ਹੋ ਸਕਦਾ ਹੈ ਕਿ ਇੱਕ ਪਾਸੇ ਤਾਂ ਮਸੀਹ ਆਪਣੇ ਸੰਤਾਂ ਨੂੰ ਧਰਤੀ ਉੱਤੋਂ ਲੈ ਗਏ ਹਨ, ਅਤੇ ਦੂਜੇ ਪਾਸੇ ਉਹ ਸੰਤਾਂ ਦੇ ਨਾਲ ਧਰਤੀ ਉੱਤੇ ਵੀ ਹਨ। ਜੇਕਰ ਪ੍ਰਭੂ ਦੇ ਆਉਣ ਦੇ ਦੋ ਪੜਾਅ ਨਹੀਂ ਹਨ, ਤਾਂ ਇਹ ਅਸੰਭਵ ਹੈ ਕਿ ਪ੍ਰਭੂ ਦੀ ਵਾਪਸੀ ਕਿਸੇ ਵੀ ਸਮੇਂ ਕਿਸੇ ਵੀ ਘਟਨਾ ਤੋਂ ਬਿਨਾਂ ਹੋ ਸਕਦੀ ਹੈ, ਅਤੇ ਫਿਰ ਵੀ ਇਹ ਉਦੋਂ ਤੱਕ ਨਹੀਂ ਸਕਦੀ ਜਦੋਂ ਤੱਕ ਕਿ ਉਹਨਾਂ ਦੇ ਆਉਣ ਬਹੁਤ ਸਾਰੇ ਚਿੰਨ੍ਹ ਪੂਰੇ ਨਹੀਂ ਹੁੰਦੇ ਹਨ (ਜਿਸ ਵਿੱਚ ਸਾਰੇ ਸੰਸਾਰ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ ਵੀ ਸ਼ਾਮਲ ਹੈ)। ਇਹ ਸੋਚ ਲੈਣਾ ਵੀ ਅਸੰਭਵ ਹੈ ਕਿ ਮਸੀਹ ਵਿਸ਼ਵਾਸੀਆਂ ਨੂੰ ਮਹਿਮਾਮਾਈ ਸਰੀਰ ਦੇਣਗੇ, ਪਰ ਇਸ ਦੇ ਨਾਲ ਹੀ ਵਿਸ਼ਵਾਸੀ ਬਿਤਪਾ ਦੇ ਸਮੇਂ ਦੇ ਵਿਨਾਸ਼ ਤੋਂ ਬਾਅਦ ਧਰਤੀ ਨੂੰ ਫਿਰ ਤੋਂ ਆਬਾਦੀ ਨੂੰ ਵਧਾਉਣਗੇ। ਇਹ ਜ਼ਰੂਰੀ ਹੈ ਕਿ ਮਸੀਹ ਦੇ ਆਉਣ ਦੇ ਦੋ ਵੱਖ-ਵੱਖ ਪੜਾਵਾਂ ਦੇ ਵਿਚਕਾਰ ਸਮੇਂ ਦਾ ਇੱਕ ਅੰਤਰਾਲ ਹੋਵੇ। ਅੰਤ ਵਿੱਚ, ਇਹੀ ਸਭ ਤੋਂ ਵਧੀਆ ਹੋਵੇਗਾ ਕਿ ਅਸੀਂ ਪ੍ਰਭੂ ਦੇ ਆਪਣੇ ਸੰਤਾਂ ਨੂੰ ਆਪਣੇ ਕੋਲ ਲੈ ਜਾਣ ਦੇ ਲਈ ਬੱਦਲਾਂ ਉੱਤੇ ਆਉਣ, ਅਤੇ ਆਪਣੇ ਸੰਤਾਂ ਦੇ ਨਾਲ ਧਰਤੀ ਉੱਤੇ ਆਉਣ ਦੇ ਵਿਚਾਰ ਇੱਕ ਫ਼ਰਕ ਨੂੰ ਜਾਣੀਏ।

ਅਧਿਐਨ ਦੇ ਇਸ ਬਿੰਦੂ ਤੱਕ ਇਹ ਸਥਾਪਤ ਕੀਤਾ ਗਿਆ ਹੈ ਕਿ ਬਿਪਤਾ ਦਾ ਸੱਤ ਸਾਲਾਂ ਦਾ ਸਮਾਂ ਆ ਰਿਹਾ ਹੈ, ਜਿਸ ਤੋਂ ਬਾਅਦ ਪ੍ਰਭੂ ਧਰਤੀ ਉੱਤੇ ਆਪਣਾ ਰਾਜ ਸਥਾਪਤ ਕਰਨ ਦੇ ਲਈ ਆਉਣਗੇ। ਇਸ ਲਈ, ਪ੍ਰਭੂ ਦੀ ਵਾਪਸੀ ਦੇ ਦੂਜੇ ਪੜਾਅ (ਪ੍ਰਭੂ ਦੇ ਪ੍ਰਗਟ ਹੋਣ) ਦੇ ਸਮੇਂ ਬਾਰੇ ਕੋਈ ਵਿਵਾਦ ਨਹੀਂ ਹੈ। ਇਹ ਬਿਪਤਾ ਦੇ ਪੂਰੇ ਹੋ ਜਾਣ ਤੋਂ ਬਾਅਦ ਹੋਵੇਗਾ। ਪਰ ਰੈਪਚਰ ਕਦੋਂ ਹੋਵੇਗਾ? ਬਿਪਤਾ ਤੋਂ ਪਹਿਲਾਂ ਰੈਪਚਰ ਹੋਣ ਦੇ ਲਈ ਇੱਕ ਵਿਸ਼ਵਾਸਯੋਗ ਦਲੀਲ ਤਿਆਰ ਕੀਤੀ ਜਾ ਸਕਦੀ ਹੈ।

## IV. ਬਿਪਤਾ ਤੋਂ ਪਹਿਲਾਂ ਰੈਪਚਰ (ਪ੍ਰੀਟ੍ਰਿਬੂਲੇਸ਼ਨ ਰੈਪਚਰ)

ਕੁਝ ਪੁਸਤਕਾਂ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਸਮਰਥਨ ਵਿੱਚ ਪੰਜਾਹ ਤੋਂ ਜ਼ਿਆਦਾ ਦਲੀਲਾਂ ਦਿੰਦੀਆਂ ਹਨ। ਬਿਪਤਾ ਤੋਂ ਪਹਿਲਾਂ ਰੈਪਚਰ ਦੇ ਸਮਰਥਨ ਵਿੱਚ ਪੰਜਾਹ ਵਧੀਆ ਦਲੀਲਾਂ ਨਹੀਂ ਹਨ। ਫਿਰ ਵੀ, ਅਜਿਹੀਆਂ ਛੇ ਗੱਲਾਂ ਹਨ ਜੋ ਦੂਜੇ "ਗੌਣ" ਸਬੂਤਾਂ ਦਾ ਭਾਰ ਵਧਾਉਂਦੀਆਂ ਹਨ।

### A. ਬਿਪਤਾ ਤੋਂ ਪਹਿਲਾਂ ਰੈਪਚਰ ਦਾ ਮੁੱਢਲਾ ਸਮਰਥਨ

#### 1. ਰੈਪਚਰ ਬਹੁਤ ਨੇੜੇ ਹੈ

ਬਾਈਬਲ ਰੈਪਚਰ ਨੂੰ ਇੱਕ ਆਉਣ ਵਾਲੀ ਘਟਨਾ ਦੇ ਰੂਪ ਵਿੱਚ ਪੇਸ਼ ਕਰਦੀ ਹੈ ਜਿਸ ਦੇ ਹੋਣ ਤੋਂ ਪਹਿਲਾਂ ਹੋਰ ਘਟਨਾਵਾਂ ਦੇ ਹੋਣ ਦੀ ਉਡੀਕ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਲਈ, ਬਾਈਬਲ ਦੇ ਵਿਦਵਾਨਾਂ ਨੂੰ ਰੈਪਚਰ ਤੋਂ ਪਹਿਲਾਂ ਕਿਸੇ ਵੀ ਘਟਨਾਵਾਂ ਨੂੰ ਰੱਖਣਾ ਨਹੀਂ ਚਾਹੀਦਾ ਹੈ। ਕਿਉਂਕਿ ਰੈਪਚਰ ਕਿਸੇ ਵੀ ਸਮੇਂ ਹੋ ਸਕਦਾ ਹੈ, ਇਸ ਲਈ ਇਹ ਭਵਿੱਖਬਾਣੀ ਦੇ ਸਮੇਂ ਦੇ ਚਾਰਟ ਦੀ ਪਹਿਲੀ ਘਟਨਾ ਹੋਣੀ ਚਾਹੀਦੀ ਹੈ।

ਬਾਈਬਲ ਮਸੀਹੀਆਂ ਨੂੰ ਇਹ ਹੁਕਮ ਦਿੰਦੀ ਹੈ ਕਿ ਉਹ ਪ੍ਰਭੂ ਦੇ ਆਗਮਨ ਦੀ ਬਹੁਤ ਉਤਸੁਕਤਾ ਦੇ ਨਾਲ ਉਡੀਕ ਕਰਨ। ਜੇਕਰ ਰੈਪਚਰ ਅਗਲੇ ਘੱਟੋ-ਘੱਟ ਸੱਤ ਸਾਲਾਂ ਤੱਕ ਨਹੀਂ ਹੋਣ ਵਾਲਾ ਹੈ, ਤਾਂ ਇਹ ਅਸਲ ਵਿੱਚ ਇੱਕ ਵਿਵਹਾਰਿਕ ਹੁਕਮ ਕਿਵੇਂ ਹੋ ਸਕਦਾ ਹੈ? ਸੱਤ ਸਾਲ ਦਾ ਸਮਾਂ ਯਕੀਨੀ ਤੌਰ ਤੇ ਉਮੀਦ ਨੂੰ ਧੁੰਦਲਾ ਕਰ ਦਿੰਦਾ ਹੈ। ਇਸ ਤੋਂ ਇਲਾਵਾ, ਜੇਕਰ ਰੈਪਚਰ ਬਿਪਤਾ ਤੋਂ ਬਾਅਦ ਹੋਣਾ ਹੈ, ਤਾਂ ਕਲੀਸਿਯਾ ਦੀ ਬਹੁਗਿਣਤੀ ਦਾ ਰੈਪਚਰ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਵੇਗਾ। ਇਸ ਨਾਲ ਵੀ ਪ੍ਰਭੂ ਦੇ ਵਾਪਸ ਆਉਣ ਦੀ ਉਤਸੁਕ ਉਮੀਦ ਖ਼ਤਮ ਹੋ ਜਾਵੇਗੀ। ਇਹ ਆਇਤਾਂ ਛੇਤੀ ਹੋਣ ਵਾਲੇ ਰੈਪਚਰ

ਦਾ ਸਮਰਥਨ ਕਰਦੀਆਂ ਹਨ:

> ਤੁਸੀਂ ਇਹਨਾਂ ਗੱਲਾਂ ਨੂੰ ਜ਼ਰੂਰ ਕਰੋ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਕਿਹੜਾ ਸਮਾਂ ਜਾ ਰਿਹਾ ਹੈ। **ਸਮਾਂ ਆ ਗਿਆ ਹੈ** ਕਿ ਤੁਸੀਂ ਆਪਣੀ ਨੀਂਦ ਤੋਂ ਜਾਗੋ ਕਿਉਂਕਿ ਸਾਡੀ ਮੁਕਤੀ ਪਹਿਲਾਂ ਨਾਲੋਂ ਨੇੜੇ ਆ ਪਹੁੰਚੀ ਹੈ, ਜਦੋਂ ਅਸੀਂ ਵਿਸ਼ਵਾਸ ਕੀਤਾ ਸੀ। ਰਾਤ ਖ਼ਤਮ ਹੋਣ ਵਾਲੀ ਹੈ ਅਤੇ **ਦਿਨ ਨਿਕਲਣ ਵਾਲਾ ਹੈ**। ਇਸ ਲਈ ਆਓ, ਅਸੀਂ ਆਪਣੇ ਹਨੇਰੇ ਦੇ ਬੁਰੇ ਕੰਮਾਂ ਨੂੰ ਤਿਆਗ ਕੇ ਚਾਨਣ ਵਿੱਚ ਲੜਨ ਦੇ ਲਈ ਹਥਿਆਰ ਪਹਿਨੀਏ [ਰੋਮੀ 13:11-12]

> ਹੁਣ ਤੁਹਾਨੂੰ ਕਿਸੇ ਆਤਮਿਕ ਵਰਦਾਨ ਦੀ ਥੁੜ੍ਹ ਨਹੀਂ ਰਹੀ ਕਿਉਂਕਿ ਤੁਸੀਂ ਸਾਡੇ ਪ੍ਰਭੂ ਯਿਸੂ ਮਸੀਹ ਦੇ ਪ੍ਰਗਟ ਹੋਣ ਦੀ **ਉਡੀਕ ਵਿੱਚ ਹੋ**। [1 ਕੁਰਿੰਥ 1:7]

> ਜੇ ਕੋਈ ਪ੍ਰਭੂ ਨੂੰ ਪਿਆਰ ਨਾ ਕਰੇ ਉਹ ਨੂੰ ਸਰਾਪ ਲੱਗੇ! **'ਮਾਰਾਨਾ-ਥਾ'** ਭਾਵ 'ਹੇ ਸਾਡੇ ਪ੍ਰਭੂ, ਆਓ'! [1 ਕੁਰਿੰਥ 16:22]
>
> ਪਰ ਅਸੀਂ ਸਵਰਗ ਦੇ ਨਾਗਰਿਕ ਹਾਂ। ਇਸ ਲਈ ਅਸੀਂ ਆਪਣੇ ਮੁਕਤੀਦਾਤਾ ਪ੍ਰਭੂ ਯਿਸੂ ਮਸੀਹ ਦੇ ਸਵਰਗ ਤੋਂ ਆਉਣ ਦੀ ਉਡੀਕ ਵਿੱਚ ਹਾਂ। [ਫ਼ਿਲਿੱਪ 3:20]

> ਸਾਰੇ ਮਨੁੱਖਾਂ ਦੇ ਨਾਲ ਨਿਮਰਤਾ ਵਾਲਾ ਵਰਤਾਅ ਕਰੋ। ਪ੍ਰਭੂ ਨੇੜੇ ਹਨ। [ਫ਼ਿਲਿੱਪ 4:5]

> ਅਤੇ ਕਿਸ ਤਰ੍ਹਾਂ ਤੁਸੀਂ ਹੁਣ ਉਹਨਾਂ ਦੇ ਪੁੱਤਰ ਯਿਸੂ ਦੀ ਸਵਰਗ ਤੋਂ ਵਾਪਸ ਆਉਣ ਦੀ ਉਡੀਕ ਕਰ ਰਹੇ ਹੋ ਜਿਹਨਾਂ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਅਤੇ ਜਿਹੜੇ ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾਉਂਦੇ ਹਨ। [1 ਥੱਸਲੁ 1:10]

> ਜਦੋਂ ਕਿ ਅਸੀਂ ਉਸ ਮੁਬਾਰਕ ਉਮੀਦ ਦੇ ਪੂਰੇ ਹੋਣ ਦੀ **ਉਡੀਕ** ਵਿੱਚ ਹਾਂ। ਉਸ ਸਮੇਂ ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ **ਯਿਸੂ ਮਸੀਹ** ਦੀ ਮਹਿਮਾ ਪ੍ਰਗਟ ਹੋਵੇਗੀ। [ਤੀਤੁਸ 2:13]

> ਤੁਸੀਂ ਵੀ ਧੀਰਜਵਾਨ ਬਣੋ ਅਤੇ ਆਪਣੇ ਦਿਲਾਂ ਨੂੰ ਮਜ਼ਬੂਤ ਰੱਖੋ ਕਿਉਂਕਿ **ਪ੍ਰਭੂ ਦਾ ਆਉਣਾ ਨੇੜੇ ਹੈ**। [ਯਾਕੂਬ 5:8]

> ਤਦ ਉਸ ਨੇ ਮੈਨੂੰ ਕਿਹਾ, "ਇਸ ਪੁਸਤਕ ਦੇ ਭਵਿੱਖਬਾਣੀ ਦੇ ਵਚਨਾਂ ਨੂੰ ਗੁਪਤ ਨਾ ਰੱਖ ਕਿਉਂਕਿ **ਸਮਾਂ ਨੇੜੇ ਹੀ ਹੈ**। ਉਹ ਜਿਹੜਾ ਇਹਨਾਂ ਗੱਲਾਂ ਦੀ ਗਵਾਹੀ ਦੇ ਰਿਹਾ ਹੈ, ਕਹਿੰਦਾ ਹੈ, "ਹਾਂ, ਮੈਂ **ਛੇਤੀ ਹੀ** ਆ ਰਿਹਾ ਹਾਂ!" ਆਮੀਨ! ਹੇ ਪ੍ਰਭੂ ਯਿਸੂ ਆਓ! [ਪ੍ਰਕਾਸ਼ 22:10, 20]

ਪੌਲੁਸ ਖ਼ੁਦ ਵੀ ਇਹ ਉਮੀਦ ਕਰ ਰਿਹਾ ਸੀ ਕਿ ਉਹ ਰੈਪਚਰ ਵਿੱਚ ਸ਼ਾਮਲ ਹੋਵੇਗਾ (1 ਕੁਰਿੰਥ 15:51 ਅਤੇ 1 ਥੱਸਲੁ 4:17 ਵਿੱਚ ਬਹੁਵਚਨ "ਅਸੀਂ" ਉੱਤੇ ਧਿਆਨ ਕਰੋ)। ਨਵੇਂ ਨੇਮ ਦੀ ਕਲੀਸਿਯਾ ਅਗਲੀ ਅੰਤ ਦੇ ਸਮੇਂ ਦੀ ਘਟਨਾ ਦੇ ਰੂਪ ਵਿੱਚ ਮਸੀਹ ਦੀ ਵੱਲ ਹੀ ਦੇਖ ਰਹੀ ਸੀ। ਬਿਪਤਾ ਦੀਆਂ ਸਾਰੀਆਂ ਘਟਨਾਵਾਂ (ਚਿੰਨ੍ਹ, ਚਮਤਕਾਰ, ਲੜਾਈਆਂ) ਨੂੰ ਰੈਪਚਰ ਤੋਂ ਪਹਿਲਾਂ ਰੱਖਣਾ ਰੈਪਚਰ ਦੇ ਛੇਤੀ ਹੋਣ ਦੇ ਸਿਧਾਂਤ ਨੂੰ ਨਸ਼ਟ ਕਰ ਦਿੰਦਾ ਹੈ। ਇਸ ਲਈ, ਭਵਿੱਖ ਦੀ ਅਗਲੀ (ਅਤੇ ਸਭ ਤੋਂ ਪਹਿਲੀ) ਘਟਨਾ ਦੇ ਰੂਪ ਵਿੱਚ ਰੈਪਚਰ ਨੂੰ ਦੇਖਣਾ ਹੀ ਸਭ ਤੋਂ ਵਧੀਆ ਵਿਚਾਰ ਹੈ ਜਿਸ ਵਿੱਚ ਪਹਿਲਾਂ ਕਿਸੇ ਤਰ੍ਹਾਂ ਦੀ ਕੋਈ ਘਟਨਾ ਨਾ ਹੋਵੇ।

## 2. ਭੇਡਾਂ ਦੇ ਬੱਕਰੀਆਂ ਤੋਂ ਵੱਖ ਕੀਤੇ ਜਾਣ ਨੂੰ ਸਿਰਫ਼ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਨਾਲ ਹੀ ਸਮਝਿਆ ਜਾ ਸਕਦਾ ਹੈ।

ਜੇਕਰ ਰੈਪਚਰ ਬਿਪਤਾ ਦੇ ਸਮੇਂ ਤੋਂ ਬਾਅਦ ਹੁੰਦਾ ਹੈ ਅਤੇ ਪ੍ਰਭੂ ਦੇ ਧਰਤੀ ਉੱਤੇ ਪ੍ਰਗਟ ਹੋਣ ਦੇ ਨਾਲ ਹੀ ਹੁੰਦਾ ਹੈ, ਤਾਂ ਫਿਰ ਪ੍ਰਭੂ ਦੇ ਧਰਤੀ ਉੱਤੇ ਆਉਣ ਤੋਂ ਬਾਅਦ "ਭੇਡਾਂ" ਨੂੰ "ਬਕਰੀਆਂ" ਤੋਂ ਅਲੱਗ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਹੋਵੇਗੀ (ਮੱਤੀ 25:31-46)। ਇੱਕ ਤਰਕ ਦੇ ਲਈ ਇਹ ਮੰਨ ਲਓ ਕਿ ਜਿਹੜੇ ਰੈਪਚਰ ਵਿੱਚ ਵਿਸ਼ਵਾਸੀਆਂ ਨੂੰ ਬੱਦਲਾਂ ਉੱਤੇ ਉਠਾਇਆ ਜਾਵੇਗਾ, ਉਹ ਉਸੇ ਸਮੇਂ ਹੁੰਦਾ ਹੈ ਜਦੋਂ ਮਸੀਹ ਬਿਪਤਾ ਤੋਂ ਬਾਅਦ ਧਰਤੀ ਉੱਤੇ ਆਉਂਦੇ ਹਨ। ਜੇਕਰ ਧਰਤੀ ਦੇ ਸਾਰੇ ਵਿਸ਼ਵਾਸੀਆਂ ਨੂੰ ਬੱਦਲਾਂ ਉੱਤੇ ਮਸੀਹ ਕੋਲ ਉਠਾਇਆ ਗਿਆ ਹੈ, ਤਾਂ ਵਿਸ਼ਵਾਸੀ ਪਹਿਲਾਂ ਹੀ ਅਵਿਸ਼ਵਾਸੀਆਂ ਤੋਂ ਵੱਖ ਹੋ ਚੁੱਕੇ ਹਨ। ਇਸ ਨਾਲ ਮੱਤੀ 25:31-46 ਵਿੱਚ ਭੇਡਾਂ ਦੇ ਬੱਕਰੀਆਂ ਤੋਂ ਅਲੱਗ ਕਰਨ ਵਾਲੇ ਕੌਮਾਂ ਦੇ ਨਿਆਂ ਦੀ ਗੱਲ ਮੂਰਖਤਾ ਵਾਲੀ ਗੱਲ ਹੋ ਜਾਂਦੀ ਹੈ। (ਇਸ ਵਿੱਚ ਬਿਪਤਾ ਤੋਂ ਬਾਅਦ ਦੇ ਰੈਪਚਰ ਦੀ ਸਿਰਫ਼ ਇਹੀ ਵਿਕਲਪਿਕ ਯੋਜਨਾ ਹੋ ਸਕਦੀ ਹੈ ਕਿ ਕੌਮਾਂ ਦੇ ਨਿਆਂ ਨੂੰ ਫਿਰ ਰੈਪਚਰ ਦੇ ਨਾਲ ਹੀ ਬੱਦਲਾਂ ਵਿੱਚ ਹੁੰਦਾ ਹੋਇਆ ਦੇਖਿਆ ਜਾਵੇ, ਪਰ ਇਹ ਇੱਕ ਸਪੱਸ਼ਟ ਰੂਪ ਵਿੱਚ 1 ਥੱਸਲੁ 4:14 ਦਾ ਵਿਰੋਧ ਹੋਵੇਗਾ ਜੋ ਰੈਪਚਰ ਨੂੰ ਸਿਰਫ਼ ਵਿਸ਼ਵਾਸੀਆਂ ਤੱਕ ਹੀ ਸੀਮਿਤ ਰੱਖਦਾ ਹੈ। ਇਸ ਤੋਂ ਇਲਾਵਾ, ਇਸਰਾਏਲ ਦਾ ਨਿਆਂ ਜੋ ਵਿਸ਼ਵਾਸੀਆਂ ਨੂੰ ਅਵਿਸ਼ਵਾਸੀਆਂ ਤੋਂ ਅਲੱਗ ਕਰਦਾ ਹੈ ਉਹ ਬੱਦਲਾਂ ਉੱਤੇ ਨਹੀਂ ਪਰ ਧਰਤੀ ਉੱਤੇ ਹੁੰਦਾ ਹੈ (ਹਿਜ਼ਕੀ 20:35-38)। ਯੋਏਲ 3:2 ਅਤੇ 14 ਕੌਮਾਂ ਦੇ ਨਿਆਂ ਨੂੰ ਧਰਤੀ ਉੱਤੇ ਇੱਕ ਵਾਦੀ ਵਿੱਚ ਹੁੰਦਾ ਹੋਇਆ ਦਰਸਾਉਂਦੇ ਹਨ)।

ਇਸ ਵਿਚਾਰ ਦੇ ਅਨੁਸਾਰ ਕੀਤਾ ਗਿਆ ਤਰਕ ਇਹ ਦਰਸਾਉਂਦਾ ਹੈ ਕਿ ਰੈਪਚਰ ਦੇ ਹੋਣ ਅਤੇ ਮਸੀਹ ਦੇ ਧਰਤੀ ਉੱਤੇ ਪ੍ਰਗਟ ਹੋਣ ਵਿਚਕਾਰ ਸਮੇਂ ਦਾ ਇੱਕ ਅੰਤਰਾਲ ਹੈ, ਅਤੇ ਇਹ ਕਿ ਰੈਪਚਰ ਬਿਪਤਾ ਦੇ ਅੰਤ ਵਿੱਚ ਮਸੀਹ ਦੇ ਧਰਤੀ ਉੱਤੇ ਆਉਣ ਵੇਲੇ ਹੋਣ ਵਾਲੀ ਘਟਨਾ ਨਹੀਂ ਹੈ।

ਇਹੀ ਦਲੀਲ ਉਸ ਨਿਆਂ ਲਈ ਦਿੱਤੀ ਜਾ ਸਕਦੀ ਹੈ ਜੋ ਵਿਸ਼ਵਾਸ ਕਰਨ ਵਾਲੇ ਇਸਰਾਏਲ ਨੂੰ ਅਵਿਸ਼ਵਾਸੀ ਇਸਰਾਏਲ ਤੋਂ ਵੱਖ ਕਰਨ ਵੇਲੇ ਕੀਤਾ ਜਾਵੇਗਾ (ਹਿਜ਼ਕੀ 20:34-38)। ਬਿਪਤਾ ਤੋਂ ਬਾਅਦ ਰੈਪਚਰ ਦਾ ਵਿਚਾਰ ਇਸ ਵੱਖ ਕਰਨ ਦੇ ਕੰਮ ਨੂੰ ਬੇਲੋੜਾ ਬਣਾ ਦੇਵੇਗਾ, ਇਸ ਲਈ ਇਹ ਇੱਕ ਗ਼ਲਤ ਵਿਚਾਰ ਹੈ।

### 3. ਬਿਪਤਾ ਤੋਂ ਪਹਿਲਾਂ ਦੇ ਰੈਪਚਰ ਵਿੱਚ ਹੀ ਪਵਿੱਤਰ ਲੋਕਾਂ ਦਾ ਬਚੇ ਰਹਿਣਾ ਸੰਭਵ ਹੋ ਸਕਦਾ ਹੈ ਜੋ ਧਰਤੀ ਨੂੰ ਫਿਰ ਤੋਂ ਆਬਾਦ ਕਰਨਗੇ।

ਜੇਕਰ ਰੈਪਚਰ ਬਿਪਤਾ ਤੋਂ ਬਾਅਦ ਹੁੰਦਾ ਹੈ, ਤਾਂ ਧਰਤੀ ਉੱਤੇ ਮਹਿਮਾ-ਰਹਿਤ ਸਥਿਤੀ ਵਿੱਚ ਅਜਿਹੇ ਕੋਈ ਸੰਤ ਨਹੀਂ ਬਚਣਗੇ ਜੋ ਧਰਤੀ ਉੱਤੇ ਰਾਜ ਦੇ ਦੌਰਾਨ ਇਸ ਨੂੰ ਫਿਰ ਤੋਂ ਆਬਾਦ ਕਰਨਗੇ। ਇਸ ਸੱਚਾਈ ਦੇ ਕਾਰਨ ਰੈਪਚਰ ਨੂੰ ਬਿਪਤਾ ਤੋਂ ਬਾਅਦ ਰੱਖਣਾ ਮੁਸ਼ਕਲ ਹੋ ਜਾਂਦਾ ਹੈ।

### 4. ਰੈਪਚਰ ਇੱਕ "ਮਹਾਨ ਆਸ" ਹੈ।

> “ਤੁਹਾਡਾ ਦਿਲ ਨਾ ਘਬਰਾਏ, ਤੁਸੀਂ ਪਰਮੇਸ਼ਰ ਵਿੱਚ ਵਿਸ਼ਵਾਸ ਕਰਦੇ ਹੋ, ਮੇਰੇ ਵਿੱਚ ਵੀ ਵਿਸ਼ਵਾਸ ਕਰੋ। ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ? ਇਸ ਲਈ ਜਦੋਂ ਮੈਂ ਜਾ ਕੇ ਤੁਹਾਡੇ ਲਈ ਥਾਂ ਤਿਆਰ ਕਰ ਲਵਾਂਗਾ ਤਾਂ ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ ਤਾਂ ਜੋ ਜਿੱਥੇ ਮੈਂ ਹਾਂ ਉੱਥੇ ਤੁਸੀਂ ਵੀ ਹੋਵੋ।” [ਯੂਹੰਨਾ 14:1-3]
>
> ਜਦੋਂ ਕਿ ਅਸੀਂ ਉਸ ਮੁਬਾਰਕ ਉਮੀਦ ਦੇ ਪੂਰੇ ਹੋਣ ਦੀ ਉਡੀਕ ਵਿੱਚ ਹਾਂ। ਉਸ ਸਮੇਂ ਸਾਡੇ ਮਹਾਨ ਪਰਮੇਸ਼ਰ ਅਤੇ ਮੁਕਤੀਦਾਤਾ ਯਿਸੂ ਮਸੀਹ ਦੀ ਮਹਿਮਾ ਪ੍ਰਗਟ ਹੋਵੇਗੀ। [ਤੀਤੁਸ 2:13]

ਜੇਕਰ ਰੈਪਚਰ ਹੋਣ ਤੋਂ ਪਹਿਲਾਂ ਵਿਸ਼ਵਾਸੀਆਂ ਨੂੰ ਸੱਤ ਸਾਲਾਂ ਦੀ ਦਹਿਸ਼ਤ ਅਤੇ ਸ਼ਾਇਦ ਭਿਆਨਕ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ ਇਹ ਇੱਕ ਤਸੱਲੀ ਦਾ ਸਮਾਂ ਜਾਂ ਮਹਾਨ ਆਸ ਦਾ ਸਮਾਂ ਕਿਵੇਂ ਹੋ ਸਕਦਾ ਹੈ? ਜੇਕਰ ਰੈਪਚਰ ਬਿਪਤਾ ਤੋਂ ਬਾਅਦ ਹੁੰਦਾ ਹੈ, ਅਤੇ ਜੇਕਰ ਮਸੀਹ ਆਪਣੇ ਆਗਮਨ ਨੂੰ ਅਗਲੀ ਪੀੜ੍ਹੀ ਦੇ ਆਉਣ ਤੱਕ ਰੋਕ ਦਿੰਦੇ ਹਨ, ਤਾਂ ਵਰਤਮਾਨ ਪੀੜ੍ਹੀ ਦੀ ਸਥਿਤੀ ਉਸ ਤੋਂ ਬਾਅਦ ਆਉਣ ਵਾਲੀ ਪੀੜ੍ਹੀ ਤੋਂ ਵਧੀਆ ਮੰਨੀ ਜਾਵੇਗੀ। ਬਿਪਤਾ ਤੋਂ ਬਾਅਦ ਦਾ ਰੈਪਚਰ ਵਿਸ਼ਵਾਸੀਆਂ ਨੂੰ ਇੱਕ ਅਜਿਹੀ ਉਮੀਦ ਕਰਨ ਵਾਲਾ ਬਣਾ ਦੇਵੇਗਾ ਕਿ ਮਸੀਹ ਉਹਨਾਂ ਦੇ ਜੀਵਨ ਕਾਲ ਵਿੱਚ ਵਾਪਸ ਨਾ ਆਉਣ! ਇਹ ਮਹਾਨ ਆਸ ਨੂੰ ਇੱਕ ਭਿਆਨਕ ਦਹਿਸ਼ਤ ਅਤੇ ਦਿਲਾਸੇ ਦੇ ਵਿਚਾਰਾਂ ਨੂੰ ਆਉਣ ਵਾਲੀ ਤਬਾਹੀ ਬਾਰੇ ਚਿੰਤਾਵਾਂ ਵਿੱਚ ਬਦਲ ਦੇਵੇਗਾ। ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਨਿਸ਼ਚਿਤ ਤੌਰ ਤੇ ਬਾਈਬਲ ਦੁਆਰਾ ਪ੍ਰਗਟ ਕੀਤੀ ਮਹਾਨ ਆਸ ਅਤੇ ਦਿਲਾਸਾ ਦੇਣ ਵਾਲੀ ਗੱਲ ਦਾ ਪੱਖ ਦਿੰਦਾ ਹੈ।

### 5. ਪ੍ਰਕਾਸ਼ ਦੀ ਪੋਥੀ 3:10 ਕਲੀਸਿਯਾ ਨੂੰ ਬਿਪਤਾ ਤੋਂ ਬਚਾ ਲੈਣ ਦਾ ਵਾਅਦਾ ਕਰਦਾ ਹੈ।

> “ਕਿਉਂਕਿ ਤੂੰ ਧੀਰਜ ਦੇ ਨਾਲ ਦੁੱਖ ਸਹਿ ਕੇ ਮੇਰੇ ਵਚਨ ਦੀ ਪਾਲਣਾ ਕੀਤੀ ਹੈ। ਇਸ ਲਈ **ਮੈਂ ਤੇਰੀ ਉਸ ਸਮੇਂ ਵੀ ਰਾਖੀ ਕਰਾਂਗਾ** ਜਦੋਂ ਧਰਤੀ ਦੇ ਸਾਰੇ ਲੋਕਾਂ ਦੇ ਉੱਤੇ ਉਹਨਾਂ ਦੀ ਪਰੀਖਿਆ ਦੇ ਲਈ ਦੁੱਖ ਆਉਣਗੇ” [ਪ੍ਰਕਾਸ਼ 3:10]

ਇਹ ਵਾਅਦਾ ਉਹਨਾਂ ਲੋਕਾਂ ਨੂੰ ਪਰਖਣ ਦੇ ਬਾਰੇ ਹੈ ਜੋ "ਧਰਤੀ ਦੇ ਵਾਸੀ" ਹਨ। ਇਸੇ ਵਾਕ ਦਾ ਹਵਾਲਾ ਪ੍ਰਕਾਸ਼ 6:10,13:8 ਅਤੇ 17:8 ਵਿੱਚ ਵੀ ਹੈ ਅਤੇ ਇਹ ਨਿਸ਼ਚਿਤ ਤੌਰ ਤੇ ਉਹਨਾਂ ਲੋਕਾਂ ਦੇ ਬਾਰੇ ਹੈ ਜੋ ਆਉਣ ਵਾਲੀ ਬਿਪਤਾ ਦੇ ਸਮੇਂ ਵਿੱਚ ਹੋਣਗੇ।

ਹਾਲਾਂਕਿ ਪ੍ਰਕਾਸ਼ 3:10 ਫ਼ਿਲਾਦੇਲਫ਼ੀਯਾ ਦੀ ਕਲੀਸਿਯਾ ਨੂੰ ਕਿਹਾ ਗਿਆ ਸੀ, ਪਰ ਇਸ ਨੂੰ ਇੱਕ ਅਜਿਹਾ ਹੁਕਮ ਨਾ ਮੰਨ ਲਿਆ ਜਾਵੇ ਜੋ ਸਿਰਫ਼ ਫ਼ਿਲਾਦੇਲਫ਼ੀਯਾ ਤੱਕ ਹੀ ਸੀਮਿਤ ਸੀ। ਕੋਈ ਵੀ ਪ੍ਰਕਾਸ਼ 3:20 ਨੂੰ ਸਿਰਫ਼ ਲਾਉਦੀਕੀਯਾ ਦੀ ਕਲੀਸਿਯਾ ਤੱਕ ਸੀਮਿਤ ਨਹੀਂ ਕਰੇਗਾ। ਇਸ ਤੋਂ ਇਲਾਵਾ, ਪ੍ਰਕਾਸ਼ ਦੀ ਪੋਥੀ ਦੇ ਸ਼ੁਰੂਆਤੀ ਅਧਿਆਇ ਇਹ ਸੱਦਾ ਦਿੰਦੇ ਹਨ ਕਿ ਸੱਤ ਕਲੀਸਿਯਾਵਾਂ ਦੇ ਸੰਦੇਸ਼ ਨੂੰ ਸਾਰੀਆਂ ਕਲੀਸਿਯਾਵਾਂ ਉੱਤੇ ਲਾਗੂ ਕੀਤਾ ਜਾਵੇ (ਪ੍ਰਕਾਸ਼ 2:7,11,17,29; 3:6,13, 22)। ਅਸਲ ਵਿੱਚ, ਕਇਸ ਸੰਦੇਸ਼ ਨੂੰ ਸਿਰਫ਼ ਫ਼ਿਲਾਦੇਲਫ਼ੀਯਾ ਦੀ ਕਲੀਸਿਯਾ ਤੱਕ ਹੀ ਸੀਮਿਤ ਕਰਨ ਦਾ ਕੀ ਅਰਥ ਹੋ ਸਕਦਾ ਹੈ ਜਦੋਂ ਕਿ ਪਹਿਲੀ ਸਦੀ ਦੀ ਫ਼ਿਲਾਦੇਲਫ਼ੀਯਾ ਕਲੀਸਿਯਾ ਦੇ ਸਾਰੇ ਵਿਸ਼ਵਾਸੀ ਬਿਪਤਾ ਦੇ ਸਮੇਂ ਤੋਂ ਬਹੁਤ ਪਹਿਲਾਂ ਹੀ ਮਰ ਗਏ ਸਨ?

ਇਸ ਤਰ੍ਹਾਂ, ਪ੍ਰਕਾਸ਼ 3:10 ਪੂਰੀ ਕਲੀਸਿਯਾ ਨੂੰ ਬਿਪਤਾ ਤੋਂ ਕਿਸੇ ਕਿਸਮ ਦੀ ਰੱਖਿਆ ਪ੍ਰਦਾਨ ਕਰਨ ਦਾ ਵਾਅਦਾ ਕਰਦਾ ਹੈ। ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦਾ ਇਹ ਮੰਨਣਾ ਹੈ ਕਿ ਪ੍ਰਕਾਸ਼ 3:10 ਬਿਪਤਾ ਦੇ ਸਮੇਂ "ਦੌਰਾਨ" ਕਲੀਸਿਯਾ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਵਾਅਦਾ ਹੈ। ਨੂੰਹ ਇਸ ਦੀ ਇੱਕ ਉਦਾਹਰਣ ਹੈ। ਉਸ ਨੂੰ ਜਲ ਪਰਲੋ **ਵਿੱਚੋਂ** ਉਠਾਇਆ ਨਹੀਂ ਗਿਆ ਸੀ, ਬਲਕਿ ਉਸ ਨੂੰ ਜਲ ਪਰਲੋ **ਦੌਰਾਨ** ਸੁਰੱਖਿਅਤ ਰੱਖਿਆ ਗਿਆ ਸੀ। ਪਰ, ਪ੍ਰਕਾਸ਼ 3:10 ਇਹ ਨਹੀਂ ਕਹਿੰਦਾ ਹੈ ਕਿ ਉਹ ਉਸ ਸਮੇਂ ਦੇ “**ਦੌਰਾਨ**” ਸੁਰੱਖਿਅਤ ਰੱਖੇ ਗਏ। ਇਹ ਉਸ **ਵਿੱਚੋਂ ਬਾਹਰ ਕੱਢਣ** ਦੀ ਗੱਲ ਕਰਦਾ ਹੈ। ਇਸ ਆਇਤ ਵਿੱਚ ਯੂਨਾਨੀ ਸ਼ਬਦ “ਐਕ” ਬਾਹਰ ਕੱਢਣ ਦਾ ਅਰਥ ਦਿੰਦਾ ਹੈ। ਪ੍ਰਕਾਸ਼ 3:10 ਇਹ ਵਾਅਦਾ ਕਰਦਾ ਹੈ ਕਿ ਕਲੀਸਿਯਾ ਨੂੰ ਬਿਪਤਾ ਦੇ ਸਮੇਂ ਤੋਂ ਬਾਹਰ ਰੱਖਿਆ ਜਾਵੇਗਾ। ਇਸ ਮਹੱਤਵਪੂਰਣ ਗੱਲ ਉੱਤੇ

ਧਿਆਨ ਦਿਓ ਕਿ ਇਹ ਆਇਤ ਬਿਪਤਾ ਦੇ ਸਮੇਂ ਤੋਂ ਰੱਖਿਆ ਕਰਨ ਦੀ ਗੱਲ ਕਰ ਰਹੀ ਹੈ। ਇਸ ਵਾਅਦੇ ਵਿੱਚ ਇਹ ਨਹੀਂ ਹੈ ਕਿ ਕਲੀਸਿਯਾ ਨੂੰ ਦੁੱਖਾਂ ਦੌਰਾਨ ਬਚਾ ਲਿਆ ਜਾਵੇਗਾ, ਬਲਕਿ ਇਹ ਹੈ ਕਿ ਉਸ ਨੂੰ ਇੱਕ ਅਜਿਹੇ **ਦੁੱਖਾਂ ਦੇ ਸਮੇਂ ਤੋਂ ਸੁਰੱਖਿਅਤ ਰੱਖਿਆ ਜਾਵੇਗਾ**। ਅਸਲ ਵਿੱਚ, ਦੁੱਖਾਂ ਤੋਂ ਸੁਰੱਖਿਅਤ ਰਹਿਣ ਲਈ ਕਲੀਸਿਯਾ ਦਾ ਉਠਾਇਆ ਜਾਣਾ ਜ਼ਰੂਰੀ ਹੈ। ਜਿਹੜੇ ਲੋਕ ਬਿਪਤਾ ਤੋਂ ਬਾਅਦ ਦੇ ਰੈਪਚਰ ਵਿੱਚ ਵਿਸ਼ਵਾਸ ਕਰਦੇ ਹਨ, ਉਹਨਾਂ ਨੂੰ ਜ਼ਰੂਰ ਹੀ ਬਿਪਤਾ ਦੇ ਦੌਰਾਨ ਦੁੱਖ ਝੱਲਣਾ ਪਵੇਗਾ। ਇਸ ਲਈ, ਇੱਥੇ ਨੂੰਹ ਦੀ ਉਦਾਹਰਣ ਦੇਣਾ ਸਹੀ ਨਹੀਂ ਹੈ। ਬਿਪਤਾ ਵਿਚਲੇ ਸੰਤ ਬਿਪਤਾ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੋਣਗੇ। ਪ੍ਰਕਾਸ਼ 3:10 ਦੀ ਵਿਆਖਿਆ ਇਸ ਤਰ੍ਹਾਂ ਨਹੀਂ ਕੀਤੀ ਜਾ ਸਕਦੀ ਹੈ ਜਿਸ ਤਰ੍ਹਾਂ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਵਿਰੋਧੀ ਚਾਹੁੰਦੇ ਹਨ।

> "ਮੈਂ ਦੇਖਿਆ ਕਿ ਉਹੋ ਸਿੰਙ ਸੰਤਾਂ ਨਾਲ ਲੜਦਾ ਸੀ ਅਤੇ ਉਹਨਾਂ ਉੱਤੇ ਜਿੱਤ ਪਾ ਲੈਂਦਾ ਸੀ" [ਦਾਨੀ 7:21]
>
> "ਉਹ ਅੱਤ ਮਹਾਨ ਪਰਮੇਸ਼ੁਰ ਦੇ ਵਿਰੁੱਧ ਹੰਕਾਰ ਦੀਆਂ ਗੱਲਾਂ ਬੋਲੇਗਾ ਅਤੇ ਅੱਤ ਮਹਾਨ ਦੇ ਸੰਤਾਂ ਨੂੰ ਦੁੱਖ ਦੇਵੇਗਾ…" [ਦਾਨੀ 7:25]
>
> ਫਿਰ ਜਦੋਂ ਲੇਲੇ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਵੇਦੀ ਦੇ ਹੇਠ ਉਹਨਾਂ ਮਨੁੱਖਾਂ ਦੀਆਂ ਆਤਮਾਵਾਂ ਦੇਖੀਆਂ ਜਿਹੜੇ ਪਰਮੇਸ਼ਰ ਦੇ ਸੰਦੇਸ਼ ਦੇ ਕਾਰਨ ਅਤੇ ਆਪਣੀ ਗਵਾਹੀ ਉੱਤੇ ਪੱਕੇ ਰਹਿਣ ਦੇ ਕਾਰਨ ਕਤਲ ਕੀਤੇ ਗਏ ਸਨ। ਉਹ ਉੱਚੀ ਆਵਾਜ਼ ਨਾਲ ਬੋਲੇ, "ਹੇ ਮਾਲਕ, ਤੁਸੀਂ ਪਵਿੱਤਰ ਅਤੇ ਸੱਚੇ ਹੋ, ਸਾਡਾ ਨਿਆਂ ਕਰਨ ਵਿੱਚ ਅਤੇ ਧਰਤੀ ਦੇ ਨਿਵਾਸੀਆਂ ਤੋਂ ਸਾਡੀ ਮੌਤ ਦਾ ਬਦਲਾ ਲੈਣ ਵਿੱਚ ਤੁਸੀਂ ਹੋਰ ਕਿੰਨਾ ਸਮਾਂ ਲਾਵੋਗੇ?" [ਪ੍ਰਕਾਸ਼ 6:9-10]
>
> "ਉਹਨਾਂ ਨੇ ਲੇਲੇ ਦੇ ਖ਼ੂਨ ਅਤੇ ਉਸ ਸੱਚਾਈ ਦੁਆਰਾ ਜਿਸ ਦੀ ਉਹਨਾਂ ਨੇ ਗਵਾਹੀ ਦਿੱਤੀ ਅਤੇ ਜਿੱਤ ਪ੍ਰਾਪਤ ਕੀਤੀ ਹੈ ਕਿਉਂਕਿ ਉਹਨਾਂ ਨੇ ਆਪਣੇ ਪ੍ਰਾਣਾਂ ਦੀ ਪਰਵਾਹ ਨਾ ਕੀਤੀ ਸਗੋਂ ਆਪਣੇ ਲਈ ਮੌਤ ਵੀ ਸਵੀਕਾਰ ਕਰ ਲਈ...ਤਦ ਅਜਗਰ ਔਰਤ ਨਾਲ ਹੋਰ ਵੀ ਕ੍ਰੋਧਿਤ ਹੋਇਆ। ਇਸ ਲਈ ਅਜਗਰ, ਔਰਤ ਦੀ ਬਾਕੀ ਸੰਤਾਨ ਭਾਵ ਉਹਨਾਂ ਨਾਲ ਜਿਹੜੇ ਪਰਮੇਸ਼ਰ ਦੇ ਹੁਕਮ ਦੀ ਪਾਲਣਾ ਕਰਦੇ ਹਨ ਅਤੇ ਆਪਣੇ ਜੀਵਨ ਵਿੱਚ ਮਸੀਹ ਦੀ ਗਵਾਹੀ ਰੱਖਦੇ ਹਨ, ਨਾਲ ਲੜਨ ਲਈ ਨਿਕਲਿਆ [ਪ੍ਰਕਾਸ਼ 12:11, 17]
>
> ਉਸ ਨੂੰ ਪਰਮੇਸ਼ਰ ਦੇ ਲੋਕਾਂ ਦੇ ਵਿਰੁੱਧ ਲੜਨ ਅਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕਰਨ ਦੀ ਆਗਿਆ ਦਿੱਤੀ ਗਈ ਅਤੇ ਉਸ ਨੂੰ ਹਰ ਇੱਕ ਕਬੀਲੇ, ਕੌਮ, ਭਾਸ਼ਾ ਅਤੇ ਰਾਸ਼ਟਰ ਉੱਤੇ ਵੀ ਅਧਿਕਾਰ ਦਿੱਤਾ ਗਿਆ। ਜੇਕਰ ਕਿਸੇ ਨੇ ਕੈਦ ਵਿੱਚ ਜਾਣਾ ਹੈ ਤਾਂ ਉਸ ਨੂੰ ਕੈਦ ਵਿੱਚ ਜਾਣਾ ਪਵੇਗਾ। ਜੇਕਰ ਕਿਸੇ ਨੇ ਤਲਵਾਰ ਨਾਲ ਮਰਨਾ ਹੈ ਤਾਂ ਉਹ ਤਲਵਾਰ ਨਾਲ ਹੀ ਮਰੇਗਾ। ਪਰਮੇਸ਼ਰ ਦੇ ਲੋਕਾਂ ਲਈ ਧੀਰਜਵਾਨ ਅਤੇ ਵਿਸ਼ਵਾਸੀ ਸਿੱਧ ਹੋਣ ਲਈ ਇਹ ਹੀ ਮੌਕਾ ਹੋਵੇਗਾ...ਦੂਜੇ ਪਸ਼ੂ ਨੂੰ ਮੂਰਤੀ ਦੇ ਵਿੱਚ ਪ੍ਰਾਣ ਪਾਉਣ ਦਾ ਅਧਿਕਾਰ ਦਿੱਤਾ ਗਿਆ ਕਿ ਮੂਰਤੀ ਬੋਲ ਸਕੇ ਅਤੇ ਉਹਨਾਂ ਲੋਕਾਂ ਨੂੰ ਜਿਹੜੇ ਪਸ਼ੂ ਦੀ ਪੂਜਾ ਨਾ ਕਰਨ, ਜਾਨੋਂ ਮਾਰੇ...ਉਹ ਕਿਸੇ ਨੂੰ ਵੀ ਜਿਸ ਉੱਤੇ ਪਸ਼ੂ ਦੇ ਨਾਂ ਜਾਂ ਅੰਕ ਦਾ ਨਿਸ਼ਾਨ ਨਹੀਂ ਸੀ, ਕੁਝ ਵੀ ਖ਼ਰੀਦਣ ਜਾਂ ਵੇਚਣ ਨਹੀਂ ਦਿੰਦਾ ਸੀ। [ਪ੍ਰਕਾਸ਼ 13:7,10,15,17]

ਜਿਸ ਤਰ੍ਹਾਂ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕ ਪ੍ਰਕਾਸ਼ 3:10 ਦੀ ਵਿਆਖਿਆ ਕਰਦੇ ਹਨ, ਉਸ ਨਾਲ ਬਾਈਬਲ ਖ਼ੁਦ ਦਾ ਵਿਰੋਧ ਕਰਨ ਵਾਲੀ ਬਣ ਜਾਂਦੀ ਹੈ। ਇਹ ਬਿਲਕੁਲ ਵੀ ਸੱਚ ਨਹੀਂ ਹੈ ਕਿ ਪਰਮੇਸ਼ਰ ਦੇ ਲੋਕ ਬਿਪਤਾ ਦੀ ਦਹਿਸ਼ਤ ਦੌਰਾਨ ਸੁਰੱਖਿਅਤ ਰੱਖੇ ਜਾਣਗੇ। ਬਿਪਤਾ ਤੋਂ ਬਚਾਅ ਦਾ ਇੱਕੋ ਇੱਕ ਤਰੀਕਾ ਕਲੀਸਿਯਾ ਨੂੰ ਇਸ ਵਿੱਚੋਂ ਹਟਾਉਣਾ ਹੈ ਅਤੇ ਪ੍ਰਕਾਸ਼ 3:10 ਕਲੀਸਿਯਾ ਨਾਲ ਇਹੀ ਵਾਅਦਾ ਕਰਦਾ ਹੈ।

## B. ਬਿਪਤਾ ਤੋਂ ਪਹਿਲਾਂ ਰੈਪਚਰ ਦੇ ਪੱਖ ਲਈ ਗੈਰ ਸਮਰਥਨ

ਹੇਠਾਂ ਦਿੱਤੇ ਗਏ ਕੁਝ ਤੱਥ ਆਪਣੇ ਆਪ ਵਿੱਚ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਸਥਾਪਤ ਕਰਨ ਦੇ ਲਈ ਕਾਫ਼ੀ ਨਹੀਂ ਹੋਣਗੇ, ਪਰ ਜਦੋਂ ਇਹਨਾਂ ਨੂੰ ਹੋਰ ਮਜ਼ਬੂਤ ਸਬੂਤਾਂ ਦੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਤਾਂ ਇਹ ਬਿਪਤਾ ਤੋਂ ਪਹਿਲਾਂ ਰੈਪਚਰ ਦੀ ਪੁਸ਼ਟੀ ਕਰਨ ਵਿੱਚ ਮਦਦਗਾਰ ਬਣ ਜਾਂਦੇ ਹਨ।

### 1. ਕਲੀਸਿਯਾ ਪਰਮੇਸ਼ਰ ਦੇ ਕ੍ਰੋਧ ਤੋਂ ਮੁਕਤ ਹੈ।

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਅਕਸਰ ਇਹ ਦਲੀਲ ਦਿੰਦੇ ਹਨ ਕਿ ਕਿਉਂਕਿ ਵਿਸ਼ਵਾਸੀ ਪਰਮੇਸ਼ਰ ਦੇ ਸਦੀਪਕ ਕ੍ਰੋਧ ਜਾਂ ਸਜ਼ਾ ਦੇ ਅਧੀਨ ਨਹੀਂ ਹਨ, ਇਸ ਲਈ ਇਸ ਤੋਂ ਪਹਿਲਾਂ ਕਿ ਪਰਮੇਸ਼ਰ ਧਰਤੀ ਉੱਤੇ ਆਪਣਾ ਕ੍ਰੋਧ ਪਾਉਣ, ਕਲੀਸਿਯਾ ਨੂੰ ਧਰਤੀ ਉੱਤੋਂ ਹਟਾ ਦਿੱਤਾ ਜਾਵੇਗਾ। ਹਾਲਾਂਕਿ ਇਹ ਇੱਕ ਕਮਜ਼ੋਰ ਤਰਕ ਹੈ, ਫਿਰ ਵੀ ਜੇਕਰ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਹੋਰ ਜ਼ਿਆਦਾ ਮਜ਼ਬੂਤ ਆਧਾਰਾਂ ਉੱਤੇ ਖੜ੍ਹਾ ਕੀਤਾ ਜਾ ਸਕੇ, ਤਾਂ ਇਹ ਇੱਕ ਗੈਰ ਤੱਥ ਦੇ ਰੂਪ ਵਿੱਚ ਜਾਇਜ਼ ਹੋ ਸਕਦਾ ਹੈ। ਹੇਠਾਂ ਦਿੱਤੀਆਂ ਗਈਆਂ ਆਇਤਾਂ ਸਿਖਾਉਂਦੀਆਂ ਹਨ ਕਿ ਸਾਰੇ ਵਿਸ਼ਵਾਸੀ ਪਰਮੇਸ਼ਰ ਦੇ ਕ੍ਰੋਧ ਤੋਂ ਮੁਕਤ ਹਨ।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ,

> ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ । ਉਹ ਦੋਸ਼ੀ ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।" [ਯੂਹੰਨਾ 5:24]
>
> ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਏ ਜਾਵਾਂਗੇ। [ਰੋਮੀ 5:9]
>
> ਇਸ ਲਈ ਜਿਹੜੇ ਲੋਕ ਮਸੀਹ ਯਿਸੂ ਵਿੱਚ ਹਨ, ਉਹਨਾਂ ਦੇ ਲਈ ਹੁਣ ਕੋਈ ਸਜ਼ਾ ਦਾ ਹੁਕਮ ਨਹੀਂ ਹੈ [ਰੋਮੀ 8:1]
>
> ਅਤੇ ਕਿਸ ਤਰ੍ਹਾਂ ਤੁਸੀਂ ਹੁਣ ਉਹਨਾਂ ਦੇ ਪੁੱਤਰ ਯਿਸੂ ਦੀ ਸਵਰਗ ਤੋਂ ਵਾਪਸ ਆਉਣ ਦੀ ਉਡੀਕ ਕਰ ਰਹੇ ਹੋ ਜਿਹਨਾਂ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਅਤੇ ਜਿਹੜੇ ਸਾਨੂੰ ਆਉਣ ਵਾਲੇ ਕ੍ਰੋਧ ਤੋਂ ਬਚਾਉਂਦੇ ਹਨ [1 ਥੱਸਲੁ 1:10]
>
> ਕਿਉਂਕਿ ਪਰਮੇਸ਼ਰ ਨੇ ਸਾਨੂੰ ਆਪਣੇ ਕ੍ਰੋਧ ਦੇ ਲਈ ਨਹੀਂ ਚੁਣਿਆ ਸਗੋਂ ਇਸ ਲਈ ਕਿ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਪ੍ਰਾਪਤ ਕਰੀਏ। [1 ਥੱਸਲੁ 5:9]

ਬਿਪਤਾ ਦਾ ਸਮਾਂ ਅਸਲ ਵਿੱਚ ਪਰਮੇਸ਼ਰ ਦੇ ਕ੍ਰੋਧ ਦਾ ਸਮਾਂ ਹੋਵੇਗਾ। ਅਜਗਰ ਦੇ ਕ੍ਰੋਧ ਤੋਂ ਇਲਾਵਾ (ਪ੍ਰਕਾਸ਼ 12:12) ਬਿਪਤਾ ਦਾ ਸਮਾਂ ਮੇਮਣੇ ਦੇ ਕ੍ਰੋਧ ਦਾ ਵੀ ਸਮਾਂ ਹੈ (ਪ੍ਰਕਾਸ਼ 6:16)। ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕ ਇਸ ਦਾ ਵਿਰੋਧ ਇਹ ਕਹਿ ਕੇ ਸਕਦੇ ਹਨ ਕਿ ਕਲੀਸਿਯਾ ਨੂੰ ਸੱਚਮੁੱਚ ਪਰਮੇਸ਼ਰ ਦੇ ਕ੍ਰੋਧ ਤੋਂ ਸੁਰੱਖਿਅਤ ਰੱਖਿਆ ਜਾਵੇਗਾ, ਪਰ ਇਸ ਨੂੰ ਸ਼ੈਤਾਨ ਦੇ ਕ੍ਰੋਧ ਦਾ ਸਾਹਮਣਾ ਕਰਨਾ ਪਵੇਗਾ। ਇਹ ਤੱਥ ਕਿ ਕੁਝ ਵਿਸ਼ਵਾਸੀ ਬਿਪਤਾ ਦੇ ਸਮੇਂ ਦੌਰਾਨ ਧਰਤੀ ਉੱਤੇ ਹੋਣਗੇ, ਇਹ ਇਸ ਵਿਚਾਰ ਨੂੰ ਕਮਜ਼ੋਰ ਕਰਦਾ ਹੈ ਕਿ ਜਿਹੜੇ ਲੋਕ ਮਸੀਹ ਦੇ ਲਹੂ ਅਧੀਨ ਹਨ, ਉਹਨਾਂ ਦਾ ਪਰਮੇਸ਼ਰ ਦੇ ਕ੍ਰੋਧ ਦੇ ਸਮੇਂ ਧਰਤੀ ਉੱਤੇ ਮੌਜੂਦ ਹੋਣਾ ਸੰਭਵ ਹੀ ਨਹੀਂ ਹੈ। ਇਸ ਤਰ੍ਹਾਂ, ਪਰਮੇਸ਼ਰ ਦੇ ਕ੍ਰੋਧ ਤੋਂ ਮੁਕਤੀ ਦਾ ਸਿਧਾਂਤ ਆਪਣੇ ਆਪ ਵਿੱਚ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਸਥਾਪਤ ਨਹੀਂ ਕਰਦਾ ਹੈ।[5] ਇਹੀ ਕਾਰਨ ਹੈ ਕਿ ਇਸ ਨੂੰ "ਗੈਰ ਸਮਰਥਨ" ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ।

ਫਿਰ ਵੀ, ਇਸ ਵਿਚਾਰ ਦੇ ਕਮਜ਼ੋਰ ਹੋਣ ਦੇ ਬਾਵਜੂਦ, ਇਹ ਸੱਚਾਈ ਬਣੀ ਰਹਿੰਦੀ ਹੈ ਕਿ ਪਰਮੇਸ਼ਰ ਦੀ ਸਜ਼ਾ ਤੋਂ ਵਿਸ਼ਵਾਸੀ ਨੂੰ ਬਚਾਉਣ ਦਾ ਵਿਚਾਰ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਨਾਲ ਚੰਗੀ ਤਰ੍ਹਾਂ ਮੇਲ ਖਾਂਦਾ ਹੈ। ਕਿਉਂਕਿ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਹੋਰ ਵਧੇਰੇ ਮਜ਼ਬੂਤ ਆਧਾਰਾਂ ਉੱਤੇ ਭਰੋਸੇਯੋਗ ਲੱਗਦਾ ਹੈ, ਤਾਂ ਇਹ ਵਿਚਾਰ ਕਿ ਵਿਸ਼ਵਾਸੀ ਪਰਮੇਸ਼ਰ ਦੇ ਨਿਆਂ ਵਾਲੇ ਕ੍ਰੋਧ ਅਧੀਨ ਨਹੀਂ ਹਨ, ਇਸ ਦ੍ਰਿਸ਼ਟੀਕੋਣ ਦਾ ਸਮਰਥਨ ਕਰਦਾ ਹੈ ਕਿ ਕਲੀਸਿਯਾ ਮੇਮਣੇ ਦੇ ਕ੍ਰੋਧ ਦੇ ਸਮੇਂ ਮੌਜੂਦ ਨਹੀਂ ਹੋਵੇਗੀ।

1 ਥੱਸਲੁਨੀਕੀਆਂ ਅਧਿਆਇ 5 ਦਾ ਹਵਾਲਾ ਖ਼ਾਸ ਤੌਰ ਤੇ ਧਿਆਨ ਦਿੱਤੇ ਜਾਣ ਦੀ ਮੰਗ ਕਰਦਾ ਹੈ। ਉੱਪਰ ਦਿੱਤੀ ਆਇਤ 9 ਦੱਸਦੀ ਹੈ ਕਿ ਵਿਸ਼ਵਾਸੀਆਂ ਨੂੰ ਆਉਣ ਵਾਲੇ ਆਉਣ ਵਾਲੇ ਕ੍ਰੋਧ ਤੋਂ ਬਚਾ ਲਿਆ ਜਾਵੇਗਾ। ਇਸ ਦਾ ਸੰਦਰਭ ਬਿਪਤਾ ਹੈ। ਅਚਾਨਕ ਆਉਣ ਵਾਲੀ ਤਬਾਹੀ "ਰਾਤ ਦੇ ਚੋਰ" ਵਾਂਗ ਆਵੇਗੀ (ਆਇਤਾਂ 3-4)। 1 ਥੱਸਲੁ 5:4 ਦਾ ਵਾਅਦਾ ਰੈਪਚਰ ਦੇ ਸਮੇਂ ਨਾਲ ਸੰਬੰਧਿਤ ਹੈ।

> ਪਰ ਭਰਾਵੋ ਅਤੇ ਭੈਣੋ, ਤੁਸੀਂ ਇਸ ਬਾਰੇ ਹਨੇਰੇ ਵਿੱਚ ਨਹੀਂ ਹੋ ਕਿ **ਉਹ ਦਿਨ** ਤੁਹਾਡੇ ਉੱਤੇ ਚੋਰ ਵਾਂਗ ਅਚਾਨਕ ਆ ਪਵੇ [1 ਥੱਸਲੁ 5:4]

ਇੱਕ ਚੋਰ ਅਚਾਨਕ ਖ਼ਤਰਾ ਅਤੇ ਤਬਾਹੀ ਲਿਆਉਂਦਾ ਹੈ। ਇੱਕ ਵਿਅਕਤੀ ਇਹ ਵੀ ਕਹਿ ਸਕਦਾ ਹੈ ਕਿ ਇਹ ਬਿਪਤਾ ਕਲੀਸਿਯਾ ਦੇ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਹੋਵੇਗੀ। ਫਿਰ ਵੀ, ਇਸ ਨੂੰ ਪੌਲੁਸ ਦੇ ਪਾਠਕਾਂ ਨਾਲ ਕੀਤੇ ਗਏ ਮੁਕਤੀ ਦੇ ਵਾਅਦੇ ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ ਜੋ ਚੋਰ ਦੀ ਤਰ੍ਹਾਂ ਆਉਣ ਵਾਲੇ ਬਿਪਤਾ ਦੇ ਵਿਨਾਸ਼ ਦੇ ਸਮੇਂ ਵਿੱਚ ਪੂਰਾ ਹੋ ਜਾਵੇਗਾ।

### 2. ਪ੍ਰਕਾਸ਼ ਦੀ ਪੋਥੀ ਦੇ ਅਧਿਆਇ 4-18 ਵਿੱਚ ਕਲੀਸਿਯਾ ਸ਼ਬਦ ਦਾ ਕੋਈ ਹਵਾਲਾ ਨਹੀਂ ਮਿਲਦਾ ਹੈ।

ਸ਼ਬਦ "*ਕਲੀਸਿਯਾ*" ਪ੍ਰਕਾਸ਼ ਦੀ ਪੋਥੀ ਅਧਿਆਇ 1-3 ਵਿੱਚ 19 ਵਾਰ ਮਿਲਦਾ ਹੈ। ਅਤੇ ਇਸ ਤੋਂ ਬਾਅਦ, ਬਿਪਤਾ ਦੇ ਸਮੇਂ ਬਾਰੇ ਚਰਚਾ ਕਰਨ ਵਾਲੇ ਪ੍ਰਕਾਸ਼ ਦੀ ਪੋਥੀ ਦੇ ਬਾਕੀ ਭਾਗ ਵਿੱਚ, ਇਹ ਸ਼ਬਦ ਪੂਰੀ ਤਰ੍ਹਾਂ ਅਲੋਪ ਹੈ। (ਪ੍ਰਕਾਸ਼ 11:18, 13:7, 10, 16:6)। ਪਰ, ਪ੍ਰਕਾਸ਼ ਦੀ ਪੋਥੀ ਅਧਿਆਇ 1-3 ਵਿੱਚ ਸ਼ਬਦ *ਕਲੀਸਿਯਾ* ਦੀ ਜ਼ਿਆਦਾ ਵਰਤੋਂ ਤੋਂ ਬਾਅਦ ਅਧਿਆਇ 4 ਤੋਂ ਸ਼ੁਰੂ ਕਰਦੇ ਹੋਏ ਅੱਗੇ ਤੱਕ ਇਸ ਦੀ ਅਚਾਨਕ ਗ਼ੈਰ-ਮੌਜੂਦਗੀ ਦੇ ਕਾਰਨ ਨੂੰ ਸਿਰਫ਼ ਬਿਪਤਾ ਤੋਂ ਪਹਿਲਾਂ ਰੈਪਚਰ ਨਾਲ ਹੀ ਸਮਝਿਆ ਜਾ ਸਕਦਾ ਹੈ। ਪ੍ਰਕਾਸ਼ ਦੀ ਪੋਥੀ ਦੇ ਸ਼ੁਰੂਆਤੀ ਅਧਿਆਇ ਕਲੀਸਿਯਾ ਤੋਂ ਲਗਾਤਾਰ ਸੁਣਨ ਦੀ ਬੇਨਤੀ ਕਰਦੇ ਹਨ। ਪ੍ਰਕਾਸ਼ 13:9 ਇੱਕ ਸਪੱਸ਼ਟ ਤਬਦੀਲੀ ਦਿਖਾਈ ਦਿੰਦੀ ਹੈਨ। ਕਿਉਂਕਿ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਜ਼ਿਆਦਾ

[5] ਕੁਝ ਲੋਕ ਬਿਪਤਾ ਵਿੱਚ ਇੱਕ ਅਜਿਹਾ ਸਮਾਂ ਦੱਸਣ ਦੀ ਕੋਸ਼ਿਸ਼ ਕਰਦੇ ਹਨ ਜਿਸ ਵਿੱਚ ਪਰਮੇਸ਼ਰ ਦਾ ਕ੍ਰੋਧ ਦੀ ਸ਼ੁਰੂਆਤ ਹੋਵੇਗੀ, ਅਤੇ ਫਿਰ ਉਹ ਕ੍ਰੋਧ ਤੋਂ ਪਹਿਲਾਂ ਰੈਪਚਰ ਦਾ ਦਾਅਵਾ ਕਰਦੇ ਹਨ। ਸ਼ੁਰੂ ਹੋਵੇਗਾ। ਲੇਖਕ ਦਾ ਮੰਨਣਾ ਹੈ ਕਿ ਰੈਪਚਰ ਦੇ ਸਮੇਂ ਨੂੰ ਪਰਮੇਸ਼ਰ ਦੇ ਕ੍ਰੋਧ ਦੇ ਸਮੇਂ ਤੋਂ ਇਲਾਵਾ ਹੋਰ ਆਧਾਰਾਂ ਉੱਤੇ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ। ਇਹ ਸਪੱਸ਼ਟ ਹੈ ਕਿ ਵਿਸ਼ਵਾਸੀ (ਫਿਰ ਭਾਵੇਂ ਸਿਰਫ਼ ਬਿਪਤਾ ਦੇ ਸਮੇਂ ਦੇ ਸੰਤ ਕਹੇ ਜਾਣ ਵਾਲੇ ਹੀ ਕਿਉਂ ਨਾ ਹੋਣ) ਪਰਮੇਸ਼ਰ ਦੇ ਕ੍ਰੋਧ ਦੇ ਸਮੇਂ ਵੀ ਸੰਸਾਰ ਵਿੱਚ ਰਹਿ ਸਕਣਗੇ। ਇਸ ਤਰ੍ਹਾਂ, ਪਰਮੇਸ਼ਰ ਦੇ ਕ੍ਰੋਧ ਨੂੰ ਆਧਾਰ ਬਣਾ ਕੇ ਰੈਪਚਰ ਦੇ ਸਮੇਂ ਨੂੰ ਤਹਿ ਕਰਨ ਵਾਲੇ ਸਾਰੇ ਤਰਕ ਕਮਜ਼ੋਰ ਹਨ।

ਸਮਰਥਕ ਹਨ, ਇਸ ਲਈ ਪ੍ਰਕਾਸ਼ ਦੀ ਪੋਥੀ ਅਧਿਆਇ 4-18 ਵਿੱਚ ਸ਼ਬਦ *ਕਲੀਸਿਯਾ* ਦੇ ਮੌਜੂਦ ਨਾ ਹੋਣ ਨੂੰ ਇੱਕ ਵਧੀਆ ਤਰੀਕੇ ਨਾਲ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਮਜ਼ਬੂਤ ਕਰਨ ਦੇ ਲਈ ਵਰਤਿਆ ਜਾ ਸਕਦਾ ਹੈ।

**3. ਕਲੀਸਿਯਾ ਦਾਨੀਏਲ ਦੇ ਪਹਿਲੇ 69 ਹਫ਼ਤਿਆਂ ਵਿੱਚ ਸ਼ਾਮਲ ਨਹੀਂ ਸੀ। ਇਸ ਲਈ, ਇਸ ਨੂੰ 70ਵੇਂ ਹਫ਼ਤੇ ਵਿੱਚ ਵੀ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ ਹੈ।**

ਦਾਨੀਏਲ 9:24-27 ਵਿੱਚ 70 ਹਫ਼ਤਿਆਂ ਬਾਰੇ ਭਵਿੱਖਬਾਣੀ ਕੀਤੀ ਗਈ ਹੈ। ਪਹਿਲੇ 69 ਹਫ਼ਤੇ ਮਸੀਹਾ ਦੇ ਮਰਨ ਤੋਂ ਪਹਿਲਾਂ ਦਾ ਸਮਾਂ ਹੈ। 70ਵਾਂ ਹਫ਼ਤਾ ਬਿਪਤਾ ਦਾ ਸਮਾਂ ਹੈ (ਮੱਤੀ 24:15ff.; ਦਾਨੀਏਲ 9:27)। ਇਹ ਸਪੱਸ਼ਟ ਹੈ ਕਿ ਕਲੀਸਿਯਾ ਨੇ ਮਸੀਹ ਦੇ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਪਹਿਲਾਂ ਦੇ 69 ਹਫ਼ਤਿਆਂ ਵਿੱਚ ਕੋਈ ਭੂਮਿਕਾ ਨਹੀਂ ਨਿਭਾਈ ਸੀ। ਇਸ ਲਈ, 70ਵੇਂ ਹਫ਼ਤੇ (ਬਿਪਤਾ ਦੇ ਸਮੇਂ) ਵਿੱਚ ਵੀ ਕਲੀਸਿਯਾ ਦੀ ਕੋਈ ਭੂਮਿਕਾ ਨਾ ਹੋਣ ਦੀ ਸੰਭਾਵਨਾ ਹੈ।

ਹਾਲਾਂਕਿ ਇਹ ਤੱਥ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਮਰਥਨ ਕਰਦਾ ਹੈ, ਫਿਰ ਵੀ ਕਲੀਸਿਯਾ ਸ਼ਬਦ ਦੀ ਗ਼ੈਰ-ਮੌਜੂਦਗੀ ਦੇ ਤਰਕ ਨੂੰ ਇੱਕ ਗੰਭੀਰ ਕਾਰਨ ਹੀ ਰਹਿਣ ਦੇਣਾ ਚਾਹੀਦਾ ਹੈ।

**4. ਜੇਕਰ ਪ੍ਰਕਾਸ਼ 4:4 ਦੇ 24 ਬਜ਼ੁਰਗ ਆਗੂ ਕਲੀਸਿਯਾ ਨੂੰ ਦਰਸਾਉਂਦੇ ਹਨ, ਤਾਂ ਕਲੀਸਿਯਾ ਬਿਪਤਾ ਤੋਂ ਪਹਿਲਾਂ ਸਵਰਗ ਵਿੱਚ ਹੋਵੇਗੀ।**[6]

> ਉਸ ਸਿੰਘਾਸਣ ਦੇ ਆਲੇ-ਦੁਆਲੇ ਚੌਵੀ ਸਿੰਘਾਸਣ ਲੱਗੇ ਹੋਏ ਸਨ ਅਤੇ ਉਹਨਾਂ ਚੌਵੀ ਸਿੰਘਾਸਣਾਂ ਦੇ ਉੱਤੇ ਚੌਵੀ ਬਜ਼ੁਰਗ ਬੈਠੇ ਹੋਏ ਸਨ। ਉਹਨਾਂ ਬਜ਼ੁਰਗਾਂ ਨੇ ਚਿੱਟੇ ਕੱਪੜੇ ਪਹਿਨੇ ਹੋਏ ਸਨ ਅਤੇ ਉਹਨਾਂ ਦੇ ਸਿਰਾਂ ਦੇ ਉੱਤੇ ਸੋਨੇ ਦੇ ਤਾਜ ਰੱਖੇ ਹੋਏ ਸਨ [ਪ੍ਰਕਾਸ਼ 4:4]

ਪ੍ਰਕਾਸ਼ 4:4 ਦੇ ਬਜ਼ੁਰਗ ਆਗੂ ਸ਼ਾਇਦ ਸਵਰਗ ਵਿੱਚ ਕਲੀਸਿਯਾ ਨੂੰ ਦਰਸਾਉਂਦੇ ਹਨ। ਇਹ ਮਨੁੱਖੀ ਬਜ਼ੁਰਗ ਆਗੂ ਚਾਰ ਚਿਹਰੇ ਅਤੇ ਛੇ ਖੰਭਾਂ ਵਾਲੇ ਸਵਰਗਦੂਤਾਂ ਤੋਂ ਵੱਖਰੇ ਦਿਖਾਈ ਦਿੰਦੇ ਹਨ। ਬਜ਼ੁਰਗ ਆਗੂ ਕਲੀਸਿਯਾ ਦੇ ਆਗੂਆਂ ਲਈ ਵਰਤਿਆ ਜਾਣ ਵਾਲਾ ਇੱਕ ਸ਼ਬਦ ਹੈ,

[6] ਇਸ ਅਧਿਐਨ ਵਿੱਚ, ਬਜ਼ੁਰਗ ਆਗੂਆਂ ਦੀ ਪਛਾਣ ਕਰਨ ਦੇ ਲਈ ਪ੍ਰਕਾਸ਼ 5:9-10 ਦੀ ਵਰਤੋਂ ਨਹੀਂ ਕੀਤੀ ਗਈ ਹੈ, ਕਿਉਂਕਿ ਵਚਨਾਂ ਵਿੱਚ ਕੁਝ ਪਰਿਵਰਤਨ ਹਨ। ਨਿਊ ਅਮੈਰੀਕਨ ਸਟੈਂਡਰਡ ਬਾਈਬਲ ਪ੍ਰਕਾਸ਼ 5:10 ਵਿੱਚ ਤੀਜੇ ਵਿਅਕਤੀ ਦੀ ਵਰਤੋਂ ਕਰਦੀ ਹੈ, ਭਾਵ ਕਿ ਬਜ਼ੁਰਗ ਆਗੂ ਹੋਰ ਲੋਕਾਂ ਦੇ ਬਾਰੇ ਗੱਲ ਕਰ ਰਹੇ ਹਨ ਜਿਸ ਵਿੱਚ ਉਹ ਕਲੀਸਿਯਾ ਦੇ ਇੱਕ ਭਾਗ ਦੇ ਰੂਪ ਵਿੱਚ ਸ਼ਾਇਦ ਸ਼ਾਮਲ ਨਹੀਂ ਹਨ। "ਤੁਸੀਂ **ਉਹਨਾਂ ਨੂੰ** ਪਰਮੇਸ਼ਰ ਦੇ ਲਈ ਇੱਕ ਰਾਜ ਅਤੇ ਜਾਜਕ ਬਣਾਇਆ ਅਤੇ **ਉਹ** ਧਰਤੀ ਦੇ ਉੱਤੇ ਰਾਜ ਕਰਨਗੇ।"

ਅਤੇ ਇਹਨਾਂ 24 ਬਜ਼ੁਰਗਾਂ ਆਗੂਆਂ ਦੇ ਬਹੁਤ ਸਾਰੇ ਵਰਣਨ ਕਲੀਸਿਯਾ ਦੇ ਸੰਤਾਂ ਲਈ ਪੂਰੀ ਤਰ੍ਹਾਂ ਢੁਕਵੇਂ ਹਨ (ਸਿੰਘਾਸਣ ਉੱਤੇ ਬੈਠਣਾ, ਪ੍ਰਕਾਸ਼ 3:21; ਚਿੱਟਾ ਚੋਗਾ ਪਹਿਨਣਾ, ਪ੍ਰਕਾਸ਼ 3:5; 19:8; ਮੁਕਟ, 2 ਤਿਮੋਥਿ 4:8)।

ਪਰ ਸਿਰਫ਼ ਇਸ ਆਇਤ ਦੇ ਆਧਾਰ ਉੱਤੇ ਹੀ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਆਧਾਰਿਤ ਨਹੀਂ ਕੀਤਾ ਜਾ ਸਕਦਾ ਹੈ। ਕੀ ਇਹ ਸੰਭਵ ਨਹੀਂ ਕਿ ਮਰੇ ਹੋਏ ਕਲੀਸਿਯਾ ਦੇ ਬਜ਼ੁਰਗ ਆਗੂ ਸਵਰਗ ਵਿੱਚ ਪਰਮੇਸ਼ਰ ਦੇ ਸਿੰਘਾਸਣ ਦੇ ਚਾਰੇ ਪਾਸੇ ਹੋਣ, ਜਦੋਂ ਕਿ ਕਲੀਸਿਯਾ ਦੇ ਜੀਵਤ ਆਗੂ ਧਰਤੀ ਉੱਤੇ ਮੌਜੂਦ ਹੋਣ? ਕੀ ਇਸ ਸਮੇਂ ਬਹੁਤ ਸਾਰੇ ਕਲੀਸਿਯਾ ਦੇ ਆਗੂ ਸਵਰਗ ਵਿੱਚ ਨਹੀਂ ਹਨ? ਬਿਪਤਾ ਤੋਂ ਪਹਿਲਾਂ ਰੈਪਚਰ ਵਿੱਚ ਪਹਿਲਾਂ ਤੋਂ ਹੀ ਵਿਸ਼ਵਾਸ ਕਰਨ ਵਾਲੇ ਲੋਕ ਜਦੋਂ ਪ੍ਰਕਾਸ਼ ਦੀ ਪੋਥੀ ਅਧਿਆਇ 4 ਵਿੱਚ ਆਉਂਦੇ ਹਨ, ਤਾਂ ਉਹ ਪਾਉਂਦੇ ਹਨ ਕਿ ਇਹ ਉਹਨਾਂ ਦੇ ਵਿਚਾਰ ਦੇ ਨਾਲ-ਨਾਲ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹ ਸਹੀ ਰਾਹ ਉੱਤੇ ਹਨ। ਇਹ ਉਚਿਤ ਹੀ ਹੋਵੇਗਾ ਕਿ ਸਵਰਗ ਵਿੱਚ ਮੌਜੂਦ ਬਜ਼ੁਰਗ ਆਗੂਆਂ ਨੂੰ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਲਈ ਮੁੱਢਲੇ ਨਹੀਂ ਪਰ ਗੰਭੀਰ ਸਬੂਤ ਦੇ ਰੂਪ ਵਿੱਚ ਸੂਚੀਬੱਧ ਕੀਤਾ ਜਾਵੇ।

**5. ਜੇਕਰ ਦੁਸ਼ਟਤਾ ਨੂੰ ਰੋਕਣ ਵਾਲੇ ਨੂੰ ਬਿਪਤਾ ਤੋਂ ਪਹਿਲਾਂ ਉਠਾਇਆ ਜਾਵੇਗਾ, ਤਾਂ ਕਲੀਸਿਯਾ ਨੂੰ ਵੀ ਉਠਾਏ ਜਾਣਾ ਚਾਹੀਦਾ ਹੈ।**

ਕਲੀਸਿਯਾ ਦੇ ਉਠਾਏ ਜਾਣ ਤੋਂ ਬਿਨਾਂ ਪਵਿੱਤਰ ਆਤਮਾ ਦੇ ਉਠਾਏ ਜਾਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਹੈ।

> … ਤੁਸੀਂ ਇਹ ਵੀ ਜਾਣਦੇ ਹੋ ਕਿ **ਕਿਸ ਚੀਜ਼** ਨੇ ਦੁਸ਼ਟ ਮਨੁੱਖ ਨੂੰ ਅੱਜ ਤੱਕ ਰੋਕਿਆ ਹੋਇਆ ਹੈ। ਉਹ ਆਪਣੇ ਮਿੱਥੇ ਸਮੇਂ ਉੱਤੇ ਪ੍ਰਗਟ ਕੀਤਾ ਜਾਵੇਗਾ। ਕਿਉਂਕਿ ਗੁਪਤ ਦੁਸ਼ਟਤਾ ਇਸ ਸਮੇਂ ਵੀ ਕੰਮ ਕਰ ਰਹੀ ਹੈ ਪਰ ਇਹ ਉਸ ਸਮੇਂ ਤੱਕ ਗੁਪਤ ਰਹੇਗੀ ਜਦੋਂ ਤੱਕ ਕਿ ਇਸ ਨੂੰ **ਰੋਕਣ ਵਾਲਾ** ਦੂਰ ਨਾ ਕੀਤਾ ਜਾਵੇ। **ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ** ਜਿਸ ਨੂੰ ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ ਮਾਰ ਦੇਣਗੇ ਅਤੇ ਆਪਣੇ ਤੇਜ ਦੇ ਨਾਲ ਉਸ ਦਾ ਨਾਸ਼ ਕਰ ਦੇਣਗੇ। [2 ਥੱਸਲੁ 2:3-4, 6-8]

2 ਥੱਸਲੁਨੀਕੀਆਂ ਅਧਿਆਇ 2 ਸਿਖਾਉਂਦਾ ਹੈ ਕਿ ਪਰਮੇਸ਼ਰ ਪਾਪ ਦੇ ਮਨੁੱਖ (ਜੋ ਕਿ ਮਸੀਹ-ਵਿਰੋਧੀ ਹੈ) ਦੇ ਪ੍ਰਗਟ ਹੋਣ ਨੂੰ ਨਿਯਮਤ ਸਮੇਂ ਤੱਕ ਰੋਕ ਕੇ ਰੱਖਣਗੇ। ਕੁਝ ਲੋਕਾਂ ਦੀ ਵਿਆਖਿਆ ਅਨੁਸਾਰ ਇਹ ਰੋਕਣ ਵਾਲਾ ਮਨੁੱਖੀ ਸਰਕਾਰ ਹੈ। ਪਰ, ਮਨੁੱਖੀ ਸਰਕਾਰ ਵਿੱਚ ਸ਼ੈਤਾਨ ਦੇ ਕੰਮ ਨੂੰ ਰੋਕਣ ਦੀ ਸ਼ਕਤੀ ਨਹੀਂ ਹੈ, ਅਤੇ ਨਾ ਹੀ ਇਹ ਹਮੇਸ਼ਾ ਬੁਰਾਈ ਦੇ ਵੱਧਣ ਦਾ ਵਿਰੋਧ ਨਹੀਂ ਕਰਦੀ ਹੈ। ਇਸ ਵਿਚਾਰ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਆਇਤ 7 ਵਿੱਚ **ਉਸ** ਰੋਕਣ ਵਾਲੇ ਤੋਂ

ਹੁੰਦਾ ਹੈ ਜੋ "ਇੱਕ **ਵਿਅਕਤੀ**" ਹੈ। ਸਰਕਾਰ ਇੱਕ ਵਿਅਕਤੀ ਨਹੀਂ ਹੈ।

ਇਸ ਰੋਕਣ ਵਾਲੇ ਦੀ ਵਿਆਖਿਆ ਇੱਕ ਵਿਅਕਤੀ ਦੇ ਰੂਪ ਵਿੱਚ ਕਰਨਾ ਹੀ ਸਭ ਤੋਂ ਵਧੀਆ ਹੈ। ਸਿਰਫ਼ ਪਰਮੇਸ਼ਰ ਹੀ ਇੰਨੇ ਸ਼ਕਤੀਸ਼ਾਲੀ ਹਨ ਕਿ ਉਹ ਸ਼ੈਤਾਨ ਦੇ ਰਾਜ ਦਾ ਸਾਹਮਣਾ ਕਰ ਸਕਦੇ ਹਨ। ਆਇਤ 6 ਵਿੱਚ ਨਿਰਪੱਖ "ਕਿਸ ਚੀਜ਼" ਦੀ ਵਰਤੋਂ ਇਹ ਸੰਕੇਤ ਦਿੰਦੀ ਹੈ ਕਿ ਪੌਲੁਸ ਦੇ ਮਨ ਵਿੱਚ ਪਵਿੱਤਰ ਆਤਮਾ ਦੇ ਰੂਪ ਵਿੱਚ ਇੱਕ ਵਿਅਕਤੀ ਹੈ, ਕਿਉਂਕਿ ਹਾਲਾਂਕਿ ਉਹ ਇੱਕ ਵਿਅਕਤੀ ਹੈ, ਫਿਰ ਵੀ ਵਿਆਕਰਣ ਵਿੱਚ "ਆਤਮਾ" ਸ਼ਬਦ ਨਿਰਪੱਖ ਹੈ। ਬਿਪਤਾ ਦੇ ਸ਼ੁਰੂ ਹੋਣ ਤੋਂ ਪਹਿਲਾਂ, ਪਵਿੱਤਰ ਆਤਮਾ ਕੁਝ ਹੱਦ ਤੱਕ ਆਪਣੇ ਆਪ ਨੂੰ ਸੰਸਾਰ ਵਿੱਚੋਂ ਹਟਾ ਲਵੇਗਾ। ਇਹ ਪੂਰੀ ਤਰ੍ਹਾਂ ਹਟਾ ਲੈਣਾ ਨਹੀਂ ਹੈ, ਕਿਉਂਕਿ ਪਵਿੱਤਰ ਆਤਮਾ ਸਰਵ-ਵਿਆਪੀ ਹੈ, ਪਰ ਬੁਰਾਈ ਨੂੰ ਰੋਕਣ ਦੇ ਕੰਮ ਨਾਲ ਜੁੜੀ ਉਸ ਦੀ ਖ਼ਾਸ ਮੌਜੂਦਗੀ ਹਟਾਈ ਜਾਵੇਗੀ।

ਕੀ ਇਹ ਸੋਚਣਾ ਸੰਭਵ ਹੈ ਕਿ ਕਲੀਸਿਯਾ ਦੇ ਧਰਤੀ ਉੱਤੇ ਮੌਜੂਦ ਰਹਿੰਦੇ ਹੋਏ ਪਵਿੱਤਰ ਆਤਮਾ ਬੁਰਾਈ ਨੂੰ ਰੋਕਣ ਵਾਲੇ ਆਪਣੇ ਪ੍ਰਭਾਵ ਨੂੰ ਹਟਾ ਸਕਦਾ ਹੈ? ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਨੂੰ ਅਜਿਹੀ ਸੰਭਾਵਨਾ ਤੋਂ ਇਨਕਾਰ ਕਰਨਾ ਚਾਹੀਦਾ ਹੈ। ਇਹ ਠੀਕ ਹੋਵੇਗਾ ਕਿਉਂਕਿ ਸਾਰੇ ਇਸ ਗੱਲ ਉੱਤੇ ਸਹਿਮਤ ਹੋਣਗੇ ਕਿ ਪਵਿੱਤਰ ਆਤਮਾ ਧਰਤੀ ਉੱਤੇ ਮੌਜੂਦ ਰਹੇਗਾ ਅਤੇ ਬਿਪਤਾ ਦੇ ਸਮੇਂ ਦੇ ਸੰਤਾਂ ਦੇ ਵਿਚਕਾਰ ਆਪਣੀ ਹੋਰ ਪ੍ਰਕਾਰ ਦੀ ਸੇਵਕਾਈ ਕਰੇਗਾ (ਜਿਵੇਂ ਕਿ, ਅਵਿਸ਼ਵਾਸੀਆਂ ਨੂੰ ਕਾਇਲ ਕਰਨਾ)।

ਪਵਿੱਤਰ ਆਤਮਾ ਦੇ ਲਈ ਇਹ ਸੰਭਵ ਹੈ ਕਿ ਉਹ ਬੁਰਾਈ ਨੂੰ ਰੋਕਣ ਨਾਲ ਸੰਬੰਧਿਤ ਆਪਣੀ ਮੌਜੂਦਗੀ ਨੂੰ ਹਟਾ ਲਵੇਗਾ, ਪਰ ਫਿਰ ਵੀ ਹੋਰ ਖੇਤਰਾਂ ਵਿੱਚ ਪਰਮੇਸ਼ਰ ਦੇ ਲੋਕਾਂ ਦੇ ਵਿਚਕਾਰ ਆਪਣਾ ਕੰਮ ਜਾਰੀ ਰੱਖੇਗਾ।

ਫਿਰ ਵੀ, ਕਲੀਸਿਯਾ ਜ਼ਰੂਰ ਉਹ ਮੁੱਖ ਸਾਧਨ ਹੈ ਜਿਸ ਦੇ ਦੁਆਰਾ ਪਰਮੇਸ਼ਰ ਬੁਰਾਈ ਨੂੰ ਰੋਕ ਕੇ ਰੱਖਦੇ ਹਨ। ਇਹ ਉਸ ਦੇ "ਧਰਤੀ ਦੇ ਲੂਣ" ਅਤੇ "ਸੰਸਾਰ ਦੇ ਚਾਨਣ" ਬਣਨ ਦੁਆਰਾ ਹੁੰਦਾ ਹੈ (ਮੱਤੀ 5:13ff.; ਫ਼ਿਲਿੱਪੀ 2:15-16)। ਅਜਿਹੀ ਕਲਪਨਾ ਕਰਨਾ ਅਸੰਭਵ ਗੱਲ ਨਹੀਂ ਹੋ ਸਕਦੀ ਹੈ ਕਿ ਬੁਰਾਈ ਨੂੰ ਰੋਕਣ ਦੇ ਮੁੱਖ ਸਾਧਨ (ਕਲੀਸਿਯਾ) ਦੇ ਹਟਾਏ ਜਾਣ ਤੋਂ ਬਿਨਾਂ ਹੀ ਪਵਿੱਤਰ ਆਤਮਾ ਨੂੰ ਰੋਕਣ ਵਾਲੇ ਦੇ ਰੂਪ ਵਿੱਚ ਹਟਾ ਲਿਆ ਜਾਵੇ; ਪਰ ਇਹ ਇੱਕ ਮੁਸ਼ਕਲ ਸੰਭਾਵਨਾ ਹੈ। ਕਲੀਸਿਯਾ ਦੇ ਮੁੱਢਲੇ ਕੰਮਾਂ ਵਿੱਚੋਂ ਕਿਸੇ ਵੀ ਇੱਕ ਨੂੰ ਬੰਦ ਕਰਨ ਦਾ ਮਤਲਬ ਧਰਤੀ ਉੱਤੇ ਕਲੀਸਿਯਾ ਦੇ ਸਾਰੇ ਕੰਮ ਨੂੰ ਬੰਦ ਕਰਨਾ ਹੈ। ਜੇਕਰ ਇੱਕ ਵਿਅਕਤੀ 2 ਥੱਸਲੁਨੀਕੀਆਂ ਅਧਿਆਇ 2 ਤੱਕ ਪਹੁੰਚਣ ਤੋਂ ਪਹਿਲਾਂ, ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਸਹੀ ਮੰਨਦਾ ਹੈ, ਤਾਂ ਉਹ ਇਹ ਪਾਵੇਗਾ ਕਿ ਇਹ ਘਟਨਾਵਾਂ ਦੀ ਦਿੱਤੀ ਗਈ ਯੋਜਨਾ ਨਾਲ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ ਅਤੇ ਉਸ ਦੇ ਦ੍ਰਿਸ਼ਟੀਕੋਣ ਨੂੰ ਵਧਾਉਂਦਾ ਹੈ।

**6. ਬਾਈਬਲ ਇਸ ਗੱਲ ਦੀਆਂ ਉਦਾਹਰਣਾਂ ਦਿੰਦੀ ਹੈ ਕਿ ਪਰਮੇਸ਼ਰ ਸੰਸਾਰ ਉੱਤੇ ਸਜ਼ਾ ਭੇਜਣ ਤੋਂ ਪਹਿਲਾਂ ਵਿਸ਼ਵਾਸੀਆਂ ਨੂੰ ਹਟਾ ਦਿੰਦੇ ਹਨ।**

ਸਿਧਾਂਤ ਨੂੰ ਸਿਰਫ਼ ਨਮੂਨਿਆਂ ਜਾਂ ਉਦਾਹਰਣਾਂ ਦੇ ਆਧਾਰ ਉੱਤੇ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਫਿਰ ਵੀ, ਜੇਕਰ ਇੱਕ ਸਿਧਾਂਤ ਨੂੰ ਹੋਰ ਸਿੱਖਿਆਵਾਂ ਦੁਆਰਾ ਸਥਾਪਤ ਕੀਤਾ ਜਾ ਸਕਦਾ ਹੈ, ਤਾਂ ਨਮੂਨਿਆਂ ਜਾਂ ਉਦਾਹਰਣਾਂ ਨੂੰ ਗੈਰ ਪੁਸ਼ਟੀਆਂ ਜਾਂ ਮਿਸਾਲਾਂ ਦੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ।

ਨੂਹ, ਲੂਤ ਅਤੇ ਰਾਹਾਬ ਦੀਆਂ ਉਦਾਹਰਣਾਂ ਇਹ ਦਿਖਾਉਂਦੀਆਂ ਹਨ ਕਿ ਪਰਮੇਸ਼ਰ ਵਿਸ਼ਵਾਸੀਆਂ ਦਾ ਨਿਆਂ ਅਵਿਸ਼ਵਾਸੀਆਂ ਨਾਲ ਨਹੀਂ ਕਰਦੇ ਹਨ। ਇਹ ਤੱਥ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਮਰਥਨ ਕਰਦਾ ਹੈ। ਪਰ, ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦਾ ਇਹ ਤਰਕ ਸਹੀ ਹੈ ਕਿ ਪਰਮੇਸ਼ਰ ਨੇ ਇਹਨਾਂ ਵਿਅਕਤੀਆਂ ਨੂੰ ਖ਼ੁਦ ਆਪਣੇ ਕ੍ਰੋਧ ਤੋਂ ਤਾਂ ਬਚਾਇਆ ਸੀ ਪਰ ਉਹਨਾਂ ਨੂੰ ਸੰਸਾਰ ਵਿੱਚੋਂ ਹਟਾਇਆ ਨਹੀਂ ਸੀ। ਇਹ ਹੋ ਸਕਦਾ ਹੈ ਕਿ ਬਿਪਤਾ ਦੇ ਦੌਰਾਨ ਪਰਮੇਸ਼ਰ ਵਿਸ਼ਵਾਸੀਆਂ ਨੂੰ ਖ਼ੁਦ ਆਪਣੇ ਕ੍ਰੋਧ ਤੋਂ ਤਾਂ ਬਚਾ ਲੈਣ (ਜੋ ਸ਼ੈਤਾਨ ਦੇ ਕ੍ਰੋਧ ਤੋਂ ਵੱਖਰਾ ਹੈ), ਪਰ ਉਹਨਾਂ ਨੂੰ ਸੰਸਾਰ ਵਿੱਚੋਂ ਉਠਾਏ ਬਿਨਾਂ ਹੀ ਅਜਿਹਾ ਕਰਨ।

**7. ਜੇਕਰ ਪ੍ਰਭੂ ਦਾ ਵਾਪਸ ਆਉਣਾ ਬਿਪਤਾ ਦੇ ਸੱਤ ਸਾਲਾਂ ਬਾਅਦ ਹੋਵੇਗਾ, ਤਾਂ ਫਿਰ ਇਹ ਸ਼ੁੱਧ ਕਰਨ ਵਾਲੀ ਆਸ ਨਹੀਂ ਰਹੇਗਾ।**

1 ਯੂਹੰਨਾ 3:3 ਦੱਸਦਾ ਹੈ ਕਿ ਮਸੀਹ ਦਾ ਆਗਮਨ ਸ਼ੁੱਧ ਕਰਨ ਵਾਲਾ ਹੋਵੇਗਾ। ਸ਼ਾਇਦ ਸੱਤ ਸਾਲ ਦੀ ਦੇਰੀ ਰੈਪਚਰ ਦੇ ਸ਼ੁੱਧ ਕਰਨ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਖ਼ਤਮ ਨਹੀਂ ਕਰੇਗੀ, ਪਰ ਇਹ ਉਸ ਨੂੰ ਘੱਟ ਜ਼ਰੂਰ ਕਰ ਦੇਵੇਗੀ। ਅਚਾਨਕ ਹੋਣ ਵਾਲਾ ਰੈਪਚਰ ਸ਼ੁੱਧ ਕੀਤੇ ਜਾਣ ਨੂੰ ਇੱਕ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰੇਗਾ।

## C. ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਾਰ

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦੇ ਅੱਗੇ ਆਪਣੇ ਪੱਖ ਦੇ ਕਮਜ਼ੋਰ ਤਰਕ ਰੱਖਣ ਦੇ ਦੋਸ਼ੀ ਹਨ। ਕਮਜ਼ੋਰ ਗੱਲਾਂ ਉੱਤੇ ਦਲੇਰੀ ਨਾਲ ਬਹਿਸ ਕਰਨ ਨਾਲ ਉਹਨਾਂ ਨੂੰ ਕੋਈ ਲਾਭ ਨਹੀਂ ਹੋਵੇਗਾ। ਉਹਨਾਂ ਲਈ ਇਹੀ ਵਧੀਆ ਹੋਵੇਗਾ ਕਿ ਉਹ ਆਪਣੇ ਸਭ ਤੋਂ ਮਜ਼ਬੂਤ ਤਰਕ ਅੱਗੇ ਰੱਖਣ, ਅਤੇ ਫਿਰ ਸਾਰੇ ਮੁੱਦੇ ਨੂੰ ਇਸ ਦੇ ਗੁਣਾਂ ਦੇ ਆਧਾਰ ਉੱਤੇ ਖੜ੍ਹਾ ਹੋਣ ਦੇਣ। ਇਸ ਤਰੀਕੇ ਨੂੰ ਅਪਣਾਉਂਦੇ ਹੋਏ, ਲੇਖਕ ਨੇ ਇਹ ਸਿੱਟਾ ਕੱਢਿਆ ਹੈ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੀ ਦਲੀਲ ਇੰਨੀ ਭਰੋਸੇਯੋਗ ਜ਼ਰੂਰ ਹੈ ਕਿ ਇਸ ਨੂੰ ਸਹੀ ਸਿਧਾਂਤ ਮੰਨਿਆ ਜਾਵੇ।

ਸਮਰਥਕ ਕਰਨ ਵਾਲੇ ਅਜਿਹੇ ਗੈਣ ਤੱਥ, ਜੋ ਆਪਣੇ ਆਪ ਵਿੱਚ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਸਾਬਤ ਨਹੀਂ ਕਰ ਸਕਦੇ ਹਨ, ਉਹ ਫਿਰ ਵੀ ਇਹ ਪੁਸ਼ਟੀ ਕਰਦੇ ਹਨ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਬਾਈਬਲ ਦੀ ਤੱਥਾਂ ਨਾਲ ਮੇਲ ਖਾਂਦਾ ਹੈ।

## V. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੀਆਂ ਦਲੀਲਾਂ ਦਾ ਖੰਡਨ

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨੂੰ ਇਸ ਦੇ ਅੱਗੇ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦੁਆਰਾ ਰੱਖੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਨਾਲ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

### A. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕ ਅਕਸਰ ਐਡ ਹੋਮੀਨੇਮ (ਵਿਚਾਰ ਦੀ ਬਜਾਏ ਵਿਅਕਤੀ ਤੇ ਹਮਲਾ ਕਰਨ ਦੇ) ਤਰੀਕੇ ਨੂੰ ਅਪਣਾਉਂਦੇ ਹਨ।

ਉਹ ਇਹ ਦਾਅਵਾ ਕਰਦੇ ਹਨ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਆਧਾਰ ਇੱਕ ਡਰਪੋਕ ਰਵੱਈਆ ਹੈ, ਜਾਂ ਫਿਰ ਉਹ ਸੰਬੰਧ-ਆਧਾਰਿਤ ਦੋਸ਼ ਲਗਾਉਂਦੇ ਹਨ, ਜਿਸ ਵਿੱਚ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਇਸ ਲਈ ਗ਼ਲਤ ਲੱਗਦਾ ਹੈ ਕਿਉਂਕਿ ਕੁਝ ਹੋਰ ਖੇਤਰਾਂ ਵਿੱਚ ਗ਼ਲਤ ਵਿਚਾਰ ਰੱਖਣ ਵਾਲਾ ਵਿਅਕਤੀ ਵੀ ਆਪਣੇ ਆਪ ਨੂੰ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਮਰਥਕ ਦੱਸਦਾ ਹੈ। ਪ੍ਰਚਾਰ ਕੋਈ ਸਬੂਤ ਨਹੀਂ ਹੁੰਦਾ ਹੈ। ਜੇਕਰ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਕਿਸੇ ਸਮਰਥਕ ਦਾ ਹੋਰ ਖੇਤਰਾਂ ਵਿੱਚ ਕੋਈ ਗ਼ਲਤ ਵਿਚਾਰ ਹੈ, ਤਾਂ ਉਸ ਦਾ ਬਾਈਬਲ ਆਧਾਰਿਤ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੀ ਵੈਧਤਾ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ ਹੈ। ਇਸੇ ਤਰ੍ਹਾਂ, ਇਹ ਵਿਚਾਰ ਵੀ ਬਿਲਕੁਲ ਬੇਤੁਕਾ ਹੈ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਆਧਾਰ ਡਰ ਹੈ। ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਨੂੰ ਵਿਅਕਤੀਗਤ ਦੋਸ਼ ਲਗਾਉਣ ਤੋਂ ਬਿਨਾਂ ਜਾਂ ਪ੍ਰਚਾਰ ਦੀਆਂ ਤਕਨੀਕਾਂ ਅਪਣਾਉਣ ਤੋਂ ਬਿਨਾਂ, ਮੁੱਦਿਆਂ ਉੱਤੇ ਚਰਚਾ ਕਰਨੀ ਚਾਹੀਦੀ ਹੈ।

### B. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕਾਂ ਦੇ ਅਨੁਸਾਰ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਇੱਕ ਨਵਾਂ ਵਿਚਾਰ ਹੈ।

ਇੱਕ ਵਿਚਾਰ ਦੀ ਉਮਰ ਉਸ ਦੇ ਸੱਚੇ ਹੋਣ ਦਾ ਅੰਤਿਮ ਸੰਕੇਤ ਨਹੀਂ ਹੁੰਦਾ ਹੈ। ਕੀ ਅਸੀਂ ਇਹ ਦਾਅਵਾ ਕਰਨਾ ਚਾਹੁੰਦੇ ਹਾਂ ਕਿ ਰਿਫਰਮੇਸ਼ਨ ਤੋਂ ਪਹਿਲਾਂ ਦੀਆਂ ਸੱਚਾਈਆਂ, ਰਿਫਰਮੇਸ਼ਨ ਤੋਂ ਬਾਅਦ ਦੀਆਂ ਸੱਚਾਈਆਂ ਨਾਲੋਂ ਉੱਤਮ ਸਨ? ਅਸਲ ਵਿੱਚ, ਇਹ ਸਿਖਾਉਣਾ ਕੇਵਲ ਅੱਧਾ ਸੱਚ ਹੈ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਇੱਕ ਨਵਾਂ ਵਿਚਾਰ ਹੈ। ਸ਼ੁਰੂਆਤੀ ਕਲੀਸਿਯਾ ਦੀਆਂ ਲਿਖਤਾਂ ਤੋਂ ਸੰਕੇਤ ਮਿਲਦਾ ਹੈ ਕਿ ਕਲੀਸਿਯਾ ਮਸੀਹ ਦੀ ਅਚਾਨਕ ਹੋਣ ਵਾਲੀ ਵਾਪਸੀ ਵਿੱਚ ਵਿਸ਼ਵਾਸ ਕਰਦੀ ਸੀ। ਉਸ ਵਿੱਚ ਬਿਪਤਾ ਦੇ ਬਾਰੇ ਕੋਈ ਨਿਸ਼ਚਿਤ ਵਿਚਾਰ ਨਹੀਂ ਸੀ। ਇਸ ਤਰ੍ਹਾਂ, ਰਸੂਲਾਂ ਦੇ ਸਮੇਂ ਤੋਂ ਬਾਅਦ, ਇਹਨਾਂ ਦੋਵੇਂ ਵਿਚਾਰਾਂ ਦੀ ਅੱਜ ਦੀ ਧਾਰਨਾ ਅਨੁਸਾਰ, ਕਲੀਸਿਯਾ **ਨਾ ਤਾਂ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਅਤੇ ਨਾ ਹੀ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਵਾਲੀ ਸੀ**। ਇੱਕ ਤੁਲਨਾ ਦੇ ਰੂਪ ਵਿੱਚ, ਇਹ ਦੋਵੇਂ ਵਿਚਾਰ ਹੀ ਵਿਕਸਤ ਕੀਤੀ ਗਈਆਂ ਨਵੀਆਂ ਪ੍ਰਣਾਲੀਆਂ ਹਨ। ਅਸਲ ਮੁੱਦਾ ਨਵੇਂ ਨੇਮ ਦੀ ਮੂਲ ਕਲੀਸਿਯਾ ਦਾ ਵਿਚਾਰ ਹੈ ਜਿਸ ਦਾ ਇਹ ਵਿਸ਼ਵਾਸ ਸੀ ਕਿ ਰੈਪਚਰ ਬਹੁਤ ਛੇਤੀ ਹੋਵੇਗਾ ਅਤੇ ਬਿਪਤਾ ਇੱਕ ਭਵਿੱਖ ਦੀ ਘਟਨਾ ਹੈ। ਇਸ ਤਰ੍ਹਾਂ, ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਸ਼ੁਰੂਆਤੀ ਕਲੀਸਿਯਾ ਦੇ ਇਸ ਅੰਤ ਦੇ ਸਮੇਂ ਦੇ ਵਿਚਾਰ ਨਾਲ ਮੇਲ ਖਾਂਦਾ ਹੈ। ਇਹੀ ਗੱਲ ਮਹੱਤਵਪੂਰਣ ਹੋਣੀ ਚਾਹੀਦੀ ਹੈ।[7]

### C. ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕ ਮਸੀਹ ਦੇ ਛੇਤੀ ਵਾਪਸ ਆਉਣ ਦੇ ਸਿਧਾਂਤ ਦਾ ਇਨਕਾਰ ਕਰਦੇ ਹਨ।

ਇਸ ਤੱਥ ਦੇ ਬਾਵਜੂਦ ਕਿ ਪਰਮੇਸ਼ਰ ਦੀ ਸਮਾਂ-ਸਾਰਣੀ ਦੇ ਅਨੁਸਾਰ ਬਾਈਬਲ ਦੀਆਂ ਬਹੁਤ ਸਾਰੀਆਂ ਆਇਤਾਂ ਰੈਪਚਰ ਨੂੰ ਹੀ ਅਗਲੀ ਘਟਨਾ ਦੇ ਰੂਪ ਵਿੱਚ ਪੇਸ਼ ਕਰਦੀਆਂ ਹਨ, ਫਿਰ ਵੀ ਬਿਪਤਾ ਤੋਂ ਬਾਅਦ ਰੈਪਚਰ ਦੇ ਸਮਰਥਕ ਇਹ ਨਹੀਂ ਮੰਨਦੇ ਹਨ ਕਿ ਨਵੇਂ ਨੇਮ ਦੀ ਕਲੀਸਿਯਾ ਇਹ ਵਿਸ਼ਵਾਸ ਕਰਦੀ ਸੀ ਕਿ ਮਸੀਹ ਦਾ ਵਾਪਸ ਆਉਣਾ ਕਿਸੇ ਵੀ ਸਮੇਂ ਹੋ ਸਕਦਾ ਸੀ। ਉਹ ਹੇਠਾਂ ਦਿੱਤੇ ਇਤਰਾਜ਼ ਉਠਾਉਂਦੇ ਹਨ:

1. ਸ਼ੁਰੂਆਤੀ ਕਲੀਸਿਯਾ ਨੇ ਛੇਤੀ ਹੋਣ ਵਾਲੇ ਰੈਪਚਰ ਨੂੰ ਮੰਨ ਨਹੀਂ ਸਕਦੀ ਸੀ ਕਿਉਂਕਿ ਪ੍ਰਭੂ ਦੇ ਵਾਪਸ ਆਉਣ ਤੋਂ ਪਹਿਲਾਂ ਪਤਰਸ ਦਾ ਬੁੱਢਾ ਹੋਣਾ ਜ਼ਰੂਰੀ ਸੀ (ਯੂਹੰਨਾ 21:18-19)।

ਇਸ ਇਤਰਾਜ਼ ਦਾ ਇੱਕ ਸਪੱਸ਼ਟ ਇਨਕਾਰ ਇਹ ਹੈ ਕਿ ਜਦੋਂ ਮਸੀਹ ਦੇ ਛੇਤੀ ਵਾਪਸ ਆਉਣ ਬਾਰੇ ਦੱਸਣ ਵਾਲੇ ਪੱਤਰ ਲਿਖੇ ਗਏ ਸਨ, ਉਸ ਸਮੇਂ ਪਤਰਸ ਦੀ ਉਮਰ ਇੰਨੀ ਹੋ ਗਈ ਸੀ ਕਿ ਸੰਸਾਰ ਦੇ ਬਾਕੀ ਸਥਾਨਾਂ ਦੇ ਮਸੀਹੀਆਂ ਨੂੰ ਇਸ ਘਟਨਾ ਦੀ ਕੋਈ ਜਾਣਕਾਰੀ ਮਿਲੇ ਬਿਨਾਂ ਹੀ ਉਹ ਕਿਸੇ ਵੀ ਸਮੇਂ ਸ਼ਹੀਦ ਹੋ ਸਕਦਾ ਸੀ। ਇਸ ਲਈ, ਪਤਰਸ ਦੇ ਬੁੱਢੇ ਹੋ ਜਾਣ ਦੀ ਭਵਿੱਖਬਾਣੀ ਸ਼ੁਰੂਆਤੀ ਕਲੀਸਿਯਾ ਦੇ ਵਿਸ਼ਵਾਸ (ਪੱਤਰੀਆਂ ਦੇ ਆਧਾਰ ਉੱਤੇ) ਦੇ ਨਾਲ ਪੂਰੀ ਤਰ੍ਹਾਂ ਅਨੁਕੂਲ ਹੈ ਕਿ ਮਸੀਹ ਕਿਸੇ ਵੀ ਸਮੇਂ ਵਾਪਸ ਆ ਸਕਦੇ ਹਨ।

---

7 ਜੋਨ ਵਾਲਵੂਰਡ ਨੂੰ ਵੇਖੋ, ਦ ਰੈਪਚਰ ਕਵੈਸ਼ਚਨ, ਸੋਧਿਆ ਹੋਇਆ ਸੰਸਕਰਣ (ਗ੍ਰੈਂਡ ਰੈਪਿਡਜ਼: ਜ਼ੋਂਡਰਵਾਨ ਪਬਲਿਸ਼ਿੰਗ ਕੰਪਨੀ, 1979), ਪੰਨਾ 150–57।

2. ਦ੍ਰਿਸ਼ਟਾਂਤ ਇੱਕ ਲੰਬੀ ਯਾਤਰਾ ਉੱਤੇ ਗਏ ਇੱਕ ਰਾਜਵੰਸ਼ੀ ਆਦਮੀ ਦੀ ਗੱਲ ਕਰਦੇ ਹਨ (ਲੂਕਾ 19:11-27, ਅਤੇ ਮੱਤੀ 25:14-30 ਵੀ ਦੇਖੋ)।

ਇਸ ਲਈ, ਨਵੇਂ ਨੇਮ ਦੀ ਕਲੀਸਿਯਾ ਨੂੰ ਇਹ ਉਮੀਦ ਸੀ ਕਿ ਮਸੀਹ ਇੱਕ ਲੰਬੇ ਸਮੇਂ ਦੇ ਲਈ ਚਲੇ ਗਏ ਹਨ ਅਤੇ ਇਸ ਲਈ ਉਹ ਰੈਪਚਰ ਦੇ ਛੇਤੀ ਹੋਣ ਦੇ ਵਿਚਾਰ ਨੂੰ ਮੰਨਣ ਵਾਲੀ ਨਹੀਂ ਹੋ ਸਕਦੀ ਸੀ।

> ਪ੍ਰਭੂ ਯਿਸੂ ਨੇ ਕਹਿਣਾ ਸ਼ੁਰੂ ਕੀਤਾ, "ਇੱਕ ਵਾਰ ਇੱਕ ਰਾਜਵੰਸ਼ੀ ਆਦਮੀ ਦੂਰ ਦੇਸ਼ ਵਿੱਚ ਰਾਜਪਦ ਦੀ ਪ੍ਰਾਪਤੀ ਲਈ ਗਿਆ। ਉਹ ਰਾਜਪਦ ਦੀ ਪ੍ਰਾਪਤੀ ਦੇ ਬਾਅਦ ਵਾਪਸ ਆਪਣੇ ਦੇਸ਼ ਵਿੱਚ ਆਉਣਾ ਚਾਹੁੰਦਾ ਸੀ।" [ਲੂਕਾ 19:12]

ਇਹ ਇੱਕ ਹੋਰ ਬਹੁਤ ਹੀ ਕਮਜ਼ੋਰ ਦਲੀਲ ਹੈ। ਜਦੋਂ ਤੱਕ ਮਸੀਹ ਦੇ ਛੇਤੀ ਆਉਣ ਦੇ ਪੱਤਰ ਲਿਖੇ ਗਏ ਸਨ, ਉਦੋਂ ਤੱਕ ਪ੍ਰਭੂ ਨੂੰ ਗਏ ਹੋਏ ਲਗਭਗ 20 ਸਾਲ ਹੋ ਚੁਕੇ ਸਨ। ਕਿਸੇ ਵੀ ਮਿਆਰ ਅਨੁਸਾਰ 20 ਸਾਲ ਦੀ ਯਾਤਰਾ ਇੱਕ "ਲੰਬੀ ਯਾਤਰਾ" ਹੀ ਮੰਨੀ ਜਾਵੇਗੀ। ਇੱਕ ਰਾਜਵੰਸ਼ੀ ਆਦਮੀ ਦੀ ਲੰਬੀ ਯਾਤਰਾ ਦੇ ਦ੍ਰਿਸ਼ਟਾਂਤ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਸ਼ੁਰੂਆਤੀ ਕਲੀਸਿਯਾ ਨੂੰ ਪ੍ਰਭੂ ਦੇ ਛੇਤੀ ਵਾਪਸ ਆਉਣ ਵਿੱਚ ਵਿਸ਼ਵਾਸ ਕਰਨ ਤੋਂ ਰੋਕ ਸਕਦਾ ਸੀ। ਸ਼ੁਰੂਆਤੀ ਕਲੀਸਿਯਾ ਕਿਸੇ ਵੀ ਸਮੇਂ ਪ੍ਰਭੂ ਦੇ ਵਾਪਸ ਆਉਣ ਦੀ ਉਡੀਕ ਕਰ ਰਹੀ ਸੀ।

3. ਸ਼ੁਰੂਆਤੀ ਕਲੀਸਿਯਾ ਛੇਤੀ ਹੋਣ ਵਾਲੇ ਰੈਪਚਰ ਵਿੱਚ ਵਿਸ਼ਵਾਸ ਨਹੀਂ ਕਰ ਸਕਦੀ ਸੀ ਕਿਉਂਕਿ ਮਸੀਹ ਦੇ ਵਾਪਸ ਆਉਣ ਤੋਂ ਪਹਿਲਾਂ ਯਰੂਸ਼ਲਮ ਦਾ ਵਿਨਾਸ਼ ਹੋਣਾ ਜ਼ਰੂਰੀ ਹੈ।

> "ਜਦੋਂ ਤੁਸੀਂ ਯਰੂਸ਼ਲਮ ਸ਼ਹਿਰ ਨੂੰ ਫ਼ੌਜਾਂ ਦੇ ਨਾਲ ਘਿਰਿਆ ਹੋਇਆ ਦੇਖੋ ਤਾਂ ਇਹ ਸਮਝ ਲੈਣਾ ਕਿ ਉਸ ਦੀ ਬਰਬਾਦੀ ਦਾ ਸਮਾਂ ਨੇੜੇ ਆ ਗਿਆ ਹੈ" [ਲੂਕਾ 21:20]

ਅਸੀਂ ਪਿਛੋਕੜ ਤੋਂ ਸਮਝਦੇ ਹਨ ਕਿ ਲੂਕਾ 21:20 ਰੋਮੀ ਲੋਕਾਂ ਦੁਆਰਾ 70 ਈਸਵੀ ਵਿੱਚ ਯਰੂਸ਼ਲਮ ਦੇ ਵਿਨਾਸ਼ ਦੀ ਗੱਲ ਕਰਦਾ ਹੈ। ਪਰ, ਸਾਰੀ ਸ਼ੁਰੂਆਤੀ ਕਲੀਸਿਯਾ ਇਹ ਜਾਣਦੀ ਸੀ ਕਿ ਅਜਿਹਾ ਵਿਨਾਸ਼ ਪ੍ਰਭੂ ਦੇ ਛੇਤੀ ਹੋਣ ਵਾਲੇ ਰੈਪਚਰ (ਅਸਮਾਨ ਵਿੱਚ ਪ੍ਰਭੂ ਨਾਲ ਮਿਲਣ) ਤੋਂ ਬਾਅਦ ਅਤੇ ਪ੍ਰਭੂ ਦੇ ਧਰਤੀ ਉੱਤੇ ਪੈਰ ਰੱਖਣ ਤੋਂ ਪਹਿਲਾਂ ਹੋਣ ਵਾਲਾ ਸੀ (ਅਰਥਾਤ, ਬਿਪਤਾ ਦੇ ਸਮੇਂ ਵਿੱਚ)।

ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਸਮਰਥਕ ਮਸੀਹ ਦੇ ਛੇਤੀ ਵਾਪਸ ਆਉਣ ਦੇ ਵਿਚਾਰ ਤੋਂ ਬਚਣ ਦੇ ਲਈ ਹੋਰ ਮੁੱਦਿਆਂ ਦੀ ਵੀ ਵਰਤੋਂ ਕਰਦੇ ਹਨ। ਫਿਰ ਵੀ, ਇਹ ਤੱਥ ਕਾਇਮ ਰਹਿੰਦਾ ਹੈ ਕਿ ਨਵੇਂ ਨੇਮ ਦੀ ਸ਼ੁਰੂਆਤੀ ਕਲੀਸਿਯਾ ਨੂੰ ਇਹ ਉਮੀਦ ਸੀ ਕਿ ਮਸੀਹ ਕਿਸੇ ਹੋਰ ਘਟਨਾ ਦੇ ਵਾਪਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਆ ਜਾਣਗੇ। ਇਹ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਭ ਤੋਂ ਮਜ਼ਬੂਤ ਸਮਰਥਨ ਹੈ।

D. ਪ੍ਰਕਾਸ਼ ਦੀ ਪੋਥੀ 3:10 ਬਿਪਤਾ ਦੇ ਸਮੇਂ ਵਿੱਚ ਕਲੀਸਿਯਾ ਨੂੰ ਉਠਾਉਣ ਦਾ ਨਹੀਂ ਪਰ ਇਸ ਦੌਰਾਨ ਕਲੀਸਿਯਾ ਨੂੰ ਸੁਰੱਖਿਅਤ ਰੱਖਣ ਦਾ ਵਾਅਦਾ ਕਰਦਾ ਹੈ।

ਪ੍ਰਕਾਸ਼ 3:10 ਉੱਤੇ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦਾ ਅਧਿਐਨ ਉੱਪਰ ਕੀਤਾ ਗਿਆ ਹੈ। ਇਹ ਵਾਅਦਾ ਸਿਰਫ਼ ਬਿਪਤਾ ਦੇ ਦੁੱਖ ਤੋਂ ਬਚਾਉਣ ਦੇ ਲਈ ਹੀ ਨਹੀਂ ਹੈ। ਇਹ ਬਿਪਤਾ ਦੇ **ਸਮੇਂ** *ਤੋਂ ਬਾਹਰ* ਰੱਖਣ ਦਾ ਵਾਅਦਾ ਹੈ। ਸੰਤਾਂ ਦੇ ਸਰੀਰ ਨੂੰ ਬਿਪਤਾ ਦੌਰਾਨ ਦੁੱਖਾਂ ਤੋਂ ਬਚਾਉਣ ਦਾ ਇੱਕੋ ਇੱਕ ਤਰੀਕਾ ਉਹਨਾਂ ਨੂੰ ਇਸ ਵਿੱਚੋਂ ਬਾਹਰ ਕੱਢਣਾ ਹੀ ਹੋ ਸਕਦਾ ਹੈ। ਨਹੀਂ ਤਾਂ ਉਹਨਾਂ ਨੂੰ ਦੁੱਖ ਨੂੰ ਸਹਿਣਾ ਪਵੇਗਾ (ਦਾਨੀ 7:21, 25; ਪ੍ਰਕਾਸ਼ 6:9-10; 12:11, 17; 13:7,10,15,17)।

ਪ੍ਰਕਾਸ਼ 3:10 ਇੱਕ ਸਪੱਸ਼ਟ ਰੂਪ ਵਿੱਚ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਮਰਥਨ ਕਰਦਾ ਹੈ। ਇਸ ਨੂੰ ਟਾਲਣ ਦੀਆਂ ਕੋਸ਼ਿਸ਼ਾਂ ਅਸੰਤੁਸ਼ਟ ਹਨ।

E. ਕਿਉਂਕਿ ਮੁਰਦਿਆਂ ਦਾ ਜੀਅ ਉੱਠਣਾ ਬਿਪਤਾ ਤੋਂ ਬਾਅਦ ਹੈ (ਦਾਨੀ 12:1-2; ਯਸਾ 26:16-19; ਪ੍ਰਕਾਸ਼ 20:4-5), ਅਤੇ ਕਿਉਂਕਿ ਰੈਪਚਰ ਜੀਅ ਉੱਠਣ ਦੇ ਸਮੇਂ ਹੋਣਾ ਹੈ (1 ਥੱਸਲੁ 4:13ff.; 1 ਕੁਰਿੰਥ 15:51ff.), ਇਸ ਲਈ ਇਹ ਜ਼ਰੂਰੀ ਹੈ ਕਿ ਰੈਪਚਰ ਬਿਪਤਾ ਦੇ ਅੰਤ ਵਿੱਚ ਹੋਵੇ।

ਇਹ ਇੱਕ ਸੰਭਵ ਸਿੱਟਾ ਹੋ ਸਕਦਾ ਹੈ। ਪਰ, ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਵੀ ਆਪਣੇ ਤਰਕ ਵਿੱਚ ਜੀਅ ਉੱਠਣ ਨੂੰ ਬਿਪਤਾ ਦੇ ਅੰਤ ਵਿੱਚ ਹੋਣ ਵਾਲੇ ਤੱਥ ਦੇ ਰੂਪ ਵਿੱਚ ਸ਼ਾਮਲ ਕਰਦੇ ਹਨ। ਉਹ ਦਾਨੀ 12:1-2; ਯਸਾ 26:16-19; ਅਤੇ ਪ੍ਰਕਾਸ਼ 20:4ff. ਦੇ ਅਨੁਸਾਰ, ਅਕਸਰ ਪੁਰਾਣੇ ਨੇਮ ਦੇ ਸੰਤਾਂ ਅਤੇ ਬਿਪਤਾ ਦੇ ਸਮੇਂ ਵਿੱਚ ਸ਼ਹੀਦ ਹੋਏ ਸੰਤਾਂ ਦੇ ਜੀਅ ਉੱਠਣ ਨੂੰ ਬਿਪਤਾ ਦੇ ਅੰਤ ਵਿੱਚ ਦਰਸਾਉਂਦੇ ਹਨ।

ਅਜਿਹਾ ਨਹੀਂ ਹੈ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਬਿਪਤਾ ਦੇ ਅੰਤ ਵਿੱਚ ਕਿਸੇ ਵੀ ਤਰ੍ਹਾਂ ਦੇ ਜੀਅ ਉੱਠਣ ਦੇ ਵਿਚਾਰ ਦੇ ਅਨੁਕੂਲ ਨਹੀਂ ਹੈ। ਇਹ ਸਿਰਫ਼ ਇਸ ਗੱਲ ਨੂੰ ਬਣਾਈ ਰੱਖਦਾ ਹੈ ਕਿ ਕਲੀਸਿਯਾ ਨੂੰ ਬਿਪਤਾ ਤੋਂ ਪਹਿਲਾਂ ਉਠਾਇਆ ਜਾਵੇਗਾ, ਜਦੋਂ ਕਿ ਬਿਪਤਾ ਦੇ ਅੰਤ ਵਿੱਚ ਮੁਰਦਿਆਂ ਦਾ ਜੀਅ ਉੱਠਣਾ ਜਾਂ ਤਾਂ ਇਸਰਾਏਲ ਜਾਂ ਫਿਰ ਬਿਪਤਾ ਦੇ ਦੌਰਾਨ ਸ਼ਹੀਦ ਹੋਏ ਸੰਤਾਂ ਦਾ ਜੀਅ ਉੱਠਣਾ ਹੋਵੇਗਾ। ਬਿਪਤਾ ਦੇ ਅੰਤ ਹੋਣ ਤੇ ਕੁਝ ਲੋਕਾਂ ਦੇ ਜੀਅ ਉੱਠਣ ਦਾ ਇਸ ਗੱਲ ਉੱਤੇ ਕੋਈ ਅਸਰ ਨਹੀਂ ਪੈਂਦਾ ਹੈ ਕਿ ਕਲੀਸਿਯਾ ਨੂੰ ਬਿਪਤਾ ਤੋਂ ਪਹਿਲਾਂ ਉਠਾਇਆ ਜਾਵੇਗਾ ਜਾਂ ਨਹੀਂ।

ਅਸਲ ਵਿੱਚ, ਜੀਅ ਉੱਠਣ ਦੇ ਸਮੇਂ ਦੇ ਬਾਰੇ ਬਿਪਤਾ ਤੋਂ ਬਾਅਦ

ਰੈਪਚਰ ਦਾ ਵਿਚਾਰ ਸਾਨੂੰ ਗੰਭੀਰ ਸਮੱਸਿਆਵਾਂ ਵੱਲ ਲੈ ਜਾਂਦਾ ਹੈ। ਜੇਕਰ ਬਿਪਤਾ ਤੋਂ ਪਹਿਲਾਂ ਹੀ ਸਾਰੇ ਜੀਵਿਤ ਅਤੇ ਮਰੇ ਸੰਤਾਂ ਦੇ ਜੀਅ ਉੱਠਣ ਅਤੇ ਮਹਿਮਾਮਾਈ ਹੋਣ ਨੂੰ ਇੱਕ-ਦੂਜੇ ਨਾਲ ਜੋੜਦੇ ਹੋਏ ਇੱਕ ਹੀ ਘਟਨਾ ਮੰਨ ਲਿਆ ਜਾਵੇ, ਤਾਂ ਹਜ਼ਾਰ ਸਾਲ ਦੇ ਰਾਜ ਵਿੱਚ ਧਰਤੀ ਨੂੰ ਫਿਰ ਤੋਂ ਆਬਾਦ ਕਰਨ ਦੇ ਲਈ ਕੋਈ ਵੀ ਸੰਤ ਬਿਨਾਂ ਮਹਿਮਾਮਾਈ ਸਥਿਤੀ ਵਿੱਚ ਬਚਿਆ ਨਹੀਂ ਹੋਵੇਗਾ। ਕਲੀਸਿਯਾ ਦੇ ਜੀਅ ਉੱਠਣ ਅਤੇ ਮਹਿਮਾਮਈ ਹੋਣ ਨੂੰ ਬਿਪਤਾ ਤੋਂ ਪਹਿਲਾਂ ਅਤੇ ਪੁਰਾਣੇ ਨੇਮ ਦੇ ਸੰਤਾਂ ਅਤੇ ਬਿਪਤਾ ਦੇ ਸਮੇਂ ਸ਼ਹੀਦ ਹੋਏ ਸੰਤਾਂ ਨੂੰ ਬਿਪਤਾ ਤੋਂ ਬਾਅਦ ਰੱਖਣਾ ਹੀ ਵਧੀਆ ਹੈ। ਜਿਹੜੇ ਵਿਸ਼ਵਾਸੀ ਬਿਪਤਾ ਦੇ ਸਮੇਂ ਵਿੱਚ ਬਚ ਜਾਣਗੇ, ਉਹ ਆਪਣੇ ਕੁਦਰਤੀ ਸਰੀਰ ਵਿੱਚ ਹੀ ਰਾਜ ਵਿੱਚ ਪ੍ਰਵੇਸ਼ ਕਰ ਲੈਣਗੇ। ਇਹ ਉਹ ਹਨ ਜੋ ਹਜ਼ਾਰ ਸਾਲ ਦੇ ਰਾਜ ਵਿੱਚ ਆਪਣੇ ਕੁਦਰਤੀ ਸਰੀਰ ਦੁਆਰਾ ਧਰਤੀ ਨੂੰ ਫਿਰ ਤੋਂ ਆਬਾਦ ਕਰਨਗੇ।

### F. ਸ਼ੁਭ-ਸਮਾਚਾਰਾਂ ਵਿੱਚ ਘਟਨਾਵਾਂ ਦਾ ਕ੍ਰਮ ਹੈ: ਬਿਪਤਾ, ਮਸੀਹ ਦਾ ਆਗਮਨ, ਅਤੇ ਫਿਰ ਰਾਜ।

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਵਾਲੇ ਲੋਕ ਸ਼ੁਭ-ਸਮਾਚਾਰਾਂ ਵਿੱਚ ਦਰਸਾਏ ਕ੍ਰਮ ਨਾਲ ਸਹਿਮਤ ਹੁੰਦੇ ਹਨ: ਪਹਿਲਾਂ ਬਿਪਤਾ, ਫਿਰ ਧਰਤੀ ਉੱਤੇ ਦੂਜਾ ਆਗਮਨ, ਫਿਰ ਹਜ਼ਾਰ ਸਾਲ ਦਾ ਰਾਜ, ਪਰ ਉਹ ਇਹ ਵੀ ਮੰਨਦੇ ਹਨ ਕਿ ਰੈਪਚਰ ਅਤੇ ਮਸੀਹ ਦੇ ਧਰਤੀ ਉੱਤੇ ਪ੍ਰਗਟ ਹੋਣ ਵਿੱਚ ਇੱਕ ਅੰਤਰ ਹੈ। ਰੈਪਚਰ ਇੱਕ "ਭੇਤ" ਦੀ ਗੱਲ ਸੀ (1 ਕੁਰਿੰਥ 15:51ff.; 1 ਥੱਸਲੁ 4:13ff.), ਜਿਸ ਦਾ ਅਰਥ ਹੈ ਕਿ ਇਹ ਇੱਕ ਅਜਿਹੀ ਸੱਚਾਈ ਹੈ ਜੋ ਲੁਕੀ ਹੋਈ ਸੀ, ਪਰ ਇਸ ਨੂੰ ਕਲੀਸਿਯਾ ਉੱਤੇ ਪ੍ਰਗਟ ਕੀਤਾ ਗਿਆ ਸੀ। ਜ਼ੈਤੂਨ ਦੇ ਉਪਦੇਸ਼ ਦੇ ਸਮੇਂ, ਪਰਮੇਸ਼ਰ ਨੇ ਰੈਪਚਰ ਦੇ ਬਾਰੇ ਕੁਝ ਪ੍ਰਗਟ ਨਹੀਂ ਕੀਤਾ ਸੀ। ਕੋਈ ਵਿਅਕਤੀ ਇਹ ਉਮੀਦ ਨਾ ਰੱਖੇ ਕਿ ਸ਼ੁਭ-ਸਮਾਚਾਰਾਂ ਵਿੱਚ ਰੈਪਚਰ ਬਾਰੇ ਕੋਈ ਸਿੱਖਿਆ ਸ਼ਾਮਲ ਨਹੀਂ ਕੀਤੀ ਗਈ ਹੈ। ਮਸੀਹ ਨੇ ਇਹ ਸਿਖਾਇਆ ਕਿ ਬਿਪਤਾ ਦਾ ਅੰਤ ਮਸੀਹ ਦੇ ਧਰਤੀ ਉੱਤੇ ਆਗਮਨ ਅਤੇ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਨਾਲ ਹੋਵੇਗਾ। ਬਿਪਤਾ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਅਤੇ ਬਿਪਤਾ ਤੋਂ ਬਾਅਦ ਰੈਪਚਰ ਦਾ ਵਿਚਾਰ ਦੋਵੇਂ ਹੀ ਇਸ ਸਿੱਖਿਆ ਦੀ ਪਾਲਣਾ ਕਰਦੇ ਹਨ। ਫ਼ਰਕ ਇਹ ਹੈ ਕਿ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਵਾਲੇ ਲੋਕ ਅੰਤ ਦੇ ਸਮੇਂ ਦੇ ਵਿਸ਼ੇ ਦੇ ਗਿਆਨ ਦੇ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹਨ, ਅਤੇ ਇਸ ਬਾਰੇ ਵਿੱਚ ਉਹ ਬਾਈਬਲ ਦੀਆਂ ਸਾਰੀਆਂ ਸਿੱਖਿਆਵਾਂ ਨੂੰ ਇਕਸਾਰ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਨ।

### *G.* ਪ੍ਰਕਾਸ਼ ਦੀ ਪੋਥੀ ਬਿਪਤਾ ਦੇ ਸਮੇਂ ਦੌਰਾਨ ਧਰਤੀ ਉੱਤੇ ਸੰਤਾਂ ਦੀ ਮੌਜੂਦਗੀ ਨੂੰ ਦਰਸਾਉਂਦੀ ਹੈ।

ਉਹ ਮਸੀਹੀ ਸਮੂਹ ਜਿਹੜੇ ਇਸਰਾਏਲ ਨੂੰ ਕਲੀਸਿਯਾ (ਕਲੀਸਿਯਾ ਦੇ ਸੰਤਾਂ ਨੂੰ ਪੁਰਾਣੇ ਨੇਮ ਦੇ ਸੰਤਾਂ) ਤੋਂ ਅਲੱਗ ਨਹੀਂ ਦੇਖਦੇ ਹਨ, ਉਹਨਾਂ ਨੂੰ ਵੀ ਇਹ ਮੰਨਣ ਵਿੱਚ ਮੁਸ਼ਕਲ ਹੁੰਦੀ ਹੈ ਕਿ ਬਾਈਬਲ ਇੱਕ ਤੋਂ ਵੱਧ ਕਿਸਮ ਦੇ "ਸੰਤਾਂ" ਦੀ ਗੱਲ ਕਰਦੀ ਹੈ। ਦੋਵੇਂ ਵਿਚਾਰਾਂ ਦੇ ਵਿਦਵਾਨ ਇਹ ਮੰਨਦੇ ਹਨ ਕਿ ਬਿਪਤਾ ਦੇ ਦੌਰਾਨ ਧਰਤੀ ਉੱਤੇ ਵਿਸ਼ਵਾਸੀ ਮੌਜੂਦ ਹੋਣਗੇ (ਦਾਨੀ 7; ਮੱਤੀ 24 ਅਤੇ 25; ਪ੍ਰਕਾਸ਼ 7 ਅਤੇ 13)। ਪਰ ਮੁੱਦਾ ਇਹ ਹੈ ਕਿ ਕੀ ਉਹ ਕਲੀਸਿਯਾ ਦੇ ਸੰਤ ਹਨ ਜਾਂ ਬਿਪਤਾ ਦੇ ਸਮੇਂ ਦੇ ਸੰਤ ਹਨ।

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਵਾਲੇ ਲੋਕ ਇਸ ਵਿਚਾਰ ਨੂੰ ਮਹੱਤਵਪੂਰਣ ਮੰਨਦੇ ਹਨ ਕਿ ਬਿਪਤਾ ਦੇ ਬਾਰੇ ਸਿਖਾਉਂਦੇ ਸਮੇਂ ਪਰਕਾਸ਼ ਦੀ ਪੋਥੀ "ਸੰਤਾਂ/ਪਵਿੱਤਰ ਲੋਕਾਂ" ਦੇ ਨਾਲ **ਕਲੀਸਿਯਾ ਸ਼ਬਦ ਦੀ ਵਰਤੋਂ ਨਹੀਂ ਕਰਦੀ ਹੈ।**

### H. ਕਲੀਸਿਯਾ ਨਾਲ ਬਿਪਤਾ ਦਾ ਵਾਅਦਾ ਕੀਤਾ ਗਿਆ ਹੈ।

ਦੁੱਖ ਜਾਂ ਅਤਿਆਚਾਰ ਦੇ ਅਨੁਭਵ ਵਿੱਚੋਂ ਲੰਘਣ ਅਤੇ ਬਿਪਤਾ ਦੇ ਸਮੇਂ ਵਿੱਚੋਂ ਲੰਘਣ ਵਿਚਕਾਰ ਫ਼ਰਕ ਹੈ। ਬਾਈਬਲ ਸੱਚਮੁੱਚ ਮਸੀਹੀਆਂ ਨੂੰ ਸੰਸਾਰ ਦੀ ਨਫ਼ਰਤ ਦੇ ਬਾਰੇ ਚੇਤਾਵਨੀ ਦਿੰਦੀ ਹੈ (ਯੂਹੰਨਾ 15:18-19; 16:1-2,33; ਰਸੂਲਾਂ 14:22; ਫ਼ਿਲਿੱਪੀ 1:29; 1 ਥੱਸਲੁ 3:3; 2 ਤਿਮੋਥਿ 3:12), ਪਰ ਇਸ ਦਾ ਇਸ ਗੱਲ ਨਾਲ ਕੋਈ ਸੰਬੰਧ ਨਹੀਂ ਹੈ ਕਿ ਕੀ ਕਲੀਸਿਯਾ ਸੰਸਾਰ ਉੱਤੇ ਆਉਣ ਵਾਲੇ ਪਰਮੇਸ਼ਰ ਦੇ ਕ੍ਰੋਧ ਦਾ ਸਾਹਮਣਾ ਕਰਨਾ ਪਵੇਗਾ ਜਾਂ ਨਹੀਂ।

### I. ਰੈਪਚਰ ਆਖ਼ਰੀ ਤੁਰ੍ਹੀ ਦੇ ਵਜਾਉਣ ਵੇਲੇ ਹੋਵੇਗਾ (1 ਕੁਰਿੰਥ 15:52) ਅਤੇ ਵਚਨ ਵਿੱਚ ਜਿਹੜੀ ਆਖ਼ਰੀ ਤੁਰ੍ਹੀ ਦਰਜ ਹੈ, ਉਹ ਬਿਪਤਾ ਦੇ ਅੰਤ ਵਿੱਚ ਵਜਾਈ ਜਾਂਦੀ ਹੈ (ਮੱਤੀ 24:31)।

ਜੇਕਰ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਨੂੰ ਹੋਰ ਸਪੱਸ਼ਟ ਤਰਕਾਂ ਦੇ ਆਧਾਰ ਉੱਤੇ ਸਾਬਤ ਕੀਤਾ ਜਾ ਸਕਦਾ ਹੈ, ਤਾਂ ਆਖ਼ਰੀ ਤੁਰ੍ਹੀ ਦਾ ਵਜਾਇਆ ਜਾਣਾ ਉਸ ਦੀ ਪੁਸ਼ਟੀ ਕਰਨ ਵਾਲਾ ਇੱਕ ਤੱਥ ਹੋ ਸਕਦਾ ਹੈ। ਪਰ, ਆਪਣੇ ਆਪ ਵਿੱਚ ਇਹ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਨੂੰ ਸਾਬਤ ਕਰਨ ਦੇ ਲਈ ਕਾਫ਼ੀ ਨਹੀਂ ਹੈ। ਜਦੋਂ ਇੱਕ ਬੱਚਾ ਸਕੂਲ ਦੀ "ਆਖ਼ਰੀ ਘੰਟੀ" ਦੇ ਬਾਰੇ ਗੱਲ ਕਰਦਾ ਹੈ, ਤਾਂ ਉਸ ਦਾ ਸੰਦਰਭ ਉਸ ਦਿਨ ਆਖ਼ਰੀ ਘੰਟੀ ਹੁੰਦਾ ਹੈ, ਇਹ ਨਹੀਂ ਕਿ ਸੰਸਾਰ ਦੇ ਇਤਿਹਾਸ ਵਿੱਚ ਹੁਣ ਕਦੇ ਕੋਈ ਘੰਟੀ ਹੀ ਨਹੀਂ ਵੱਜੇਗੀ। ਇਸ ਲਈ, 1 ਕੁਰਿੰਥ 15:52 ਦੀ "ਆਖ਼ਰੀ ਤੁਰ੍ਹੀ" ਦੇ "ਆਖ਼ਰੀ" ਦਾ ਸੰਦਰਭ ਪੂਰੀ ਸਦੀਪਕਤਾ ਦੀ ਆਖ਼ਰੀ ਤੁਰ੍ਹੀ ਨਹੀਂ, ਬਲਕਿ ਕਲੀਸਿਯਾ ਦੇ ਯੁੱਗ ਦੇ ਅੰਤ ਦੀ ਘੋਸ਼ਣਾ ਕਰਨ ਵਾਲੀ ਆਖ਼ਰੀ ਤੁਰ੍ਹੀ ਹੈ। ਅਸਲ ਵਿੱਚ, ਇਹ ਮੰਨਣਾ ਤਰਕਹੀਣ ਹੋਵੇਗਾ ਕਿ ਸਵਰਗ ਵਿੱਚ ਸਦੀਪਕ ਕਾਲ ਦੀ ਘੋਸ਼ਣਾ ਕਰਨ ਵਾਲੀ ਤੁਰ੍ਹੀ ਦੀ ਕੋਈ ਆਵਾਜ਼ ਨਹੀਂ ਹੋਵੇਗੀ। ਇਸ ਲਈ "ਆਖ਼ਰੀ ਤੁਰ੍ਹੀ" ਦੇ "ਆਖ਼ਰੀ" ਨੂੰ ਇੱਕ ਸਮੇਂ ਦਾ ਅੰਤ ਮੰਨਣਾ ਚਾਹੀਦਾ ਹੈ। ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਵਾਲੇ ਲੋਕ

ਸੋਚਦੇ ਹਨ ਕਿ ਇਹ ਕਲੀਸਿਯਾ ਦੇ ਯੁੱਗ ਦੀ ਆਖ਼ਰੀ ਤੁਰ੍ਹੀ ਹੈ। ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਵਾਲੇ ਲੋਕ ਸੋਚਦੇ ਹਨ ਕਿ ਇਹ ਬਿਪਤਾ ਦੀ ਅੰਤਿਮ ਤੁਰ੍ਹੀ ਹੈ। ਆਖ਼ਰੀ ਤੁਰ੍ਹੀ ਦਾ ਵਿਚਾਰ, ਆਪਣੇ ਆਪ ਵਿੱਚ ਰੈਪਚਰ ਦੇ ਸਮੇਂ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਦਾ ਹੈ।

### J. ਸਾਰ

ਇੱਕ ਡੂੰਘੀ ਜਾਂਚ ਕਰਨ ਤੋਂ ਬਾਅਦ, ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਤਰਕ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਤਰਕਾਂ ਸਾਹਮਣੇ ਖੜ੍ਹੇ ਨਹੀਂ ਹੋ ਪਾਉਂਦੇ ਹਨ। ਰੈਪਚਰ ਅਤੇ ਮਸੀਹ ਦੇ ਦੁਬਾਰਾ ਧਰਤੀ ਉੱਤੇ ਪ੍ਰਗਟ ਹੋਣ ਵਿਚਕਾਰ ਅੰਤਰ ਦੇ ਕਈ ਜਾਇਜ਼ ਕਾਰਨ ਹਨ, ਅਤੇ ਇਹ ਮੰਨਣ ਦੇ ਅਜਿਹੇ ਬਹੁਤ ਸਾਰੇ ਮਜ਼ਬੂਤ ਕਾਰਨ ਹਨ ਕਿ ਰੈਪਚਰ ਬਿਪਤਾ ਤੋਂ ਪਹਿਲਾਂ ਹੋਵੇਗਾ। ਜਿੱਥੋਂ ਤੱਕ ਵਿਸ਼ਵਾਸੀਆਂ ਦੇ ਵਿਚਕਾਰ ਸੰਗਤ ਦੀ ਗੱਲ ਹੈ, ਤਾਂ ਇਸ ਚਰਚਾ ਦੀ ਆਖ਼ਰੀ ਗੱਲ ਇਹ ਹੈ ਕਿ ਇਹ ਇੱਕ ਗੌਣ ਵਿਸ਼ਾ ਹੈ, ਫਿਰ ਵੀ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਵਿੱਚ ਜ਼ਿਆਦਾ ਵਧੀਆ ਸਬੂਤ ਹਨ, ਅਤੇ ਇਹ ਬਾਈਬਲ ਦੀਆਂ ਸੱਚਾਈਆਂ ਨੂੰ ਜੋੜਨ ਦਾ ਇੱਕ ਵਧੀਆ ਕੰਮ ਕਰਦਾ ਹੈ। ਜਿਹੜੇ ਲੋਕਾਂ ਦੇ ਇਸ ਵਿਸ਼ੇ ਬਾਰੇ ਨਿਸ਼ਚਿਤ ਹਨ, ਉਹ ਜਾਂ ਤਾਂ ਬਿਪਤਾ ਤੋਂ ਪਹਿਲਾਂ ਰੈਪਚਰ ਅਤੇ ਜਾਂ ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਸਮੂਹ ਵਿੱਚ ਹੁੰਦੇ ਹਨ। ਅਜਿਹੇ ਕੁਝ ਥੋੜ੍ਹੇ ਜਿਹੇ ਹੀ ਲੋਕ ਹਨ ਜੋ ਬਿਪਤਾ ਦੇ ਮੱਧ ਵਿੱਚ ਰੈਪਚਰ ਜਾਂ ਅੰਸ਼ਕ ਰੈਪਚਰ ਦੇ ਵਿਚਾਰ ਨਾਲ ਸਹਿਮਤ ਹੋਣਗੇ।

## VI. ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ (ਮਿਡ-ਟ੍ਰਿਬੂਲੇਸ਼ਨ ਰੈਪਚਰ)

ਇਹ ਇੱਕ ਸਹੀ ਗੱਲ ਹੈ ਕਿ ਬਾਈਬਲ ਬਿਪਤਾ ਦੇ ਵਿਚਕਾਰ, ਸਮੇਂ ਦੇ ਇੱਕ ਬਿੰਦੂ ਦਾ ਜ਼ਿਕਰ ਕਰਦੀ ਹੈ। ਬਿਪਤਾ ਦੇ ਸਮੇਂ ਦੇ ਅੰਤਰਾਲ ਦਾ ਹਵਾਲਾ ਦੇਣ ਵਾਲੇ ਲਗਭਗ ਸਾਰੇ ਵਚਨ ਇਸ ਦੇ ਦੂਜੇ ਅੱਧ ਭਾਗ (ਸਾਢੇ ਤਿੰਨ ਸਾਲ) ਦਾ ਖ਼ਾਸ ਤੌਰ ਤੇ ਹਵਾਲਾ ਦਿੰਦੇ ਹਨ (ਦੇਖੋ, "ਬਹੁਤ ਸਾਰੇ ਬਾਈਬਲ ਦੇ ਵਿਦਵਾਨ ਬਿਪਤਾ ਨੂੰ ਕਿਉਂ ਸੱਤ ਸਾਲਾਂ ਦੀ ਮਿਆਦ ਦੇ ਰੂਪ ਵਿੱਚ ਦੇਖਦੇ ਹਨ?")। ਇਸ ਵਿੱਚ ਇੱਕੋ ਇੱਕ ਅਪਵਾਦ ਦਾਨੀਏਲ 9:27 ਹੈ, ਅਤੇ ਇਹ ਆਇਤ ਵੀ ਬਿਪਤਾ ਦੇ ਸਮੇਂ ਨੂੰ ਦੋ ਭਾਗਾਂ ਵਿੱਚ ਵੰਡਿਆ ਹੋਇਆ ਦਰਸਾਉਂਦੀ ਹੈ।

ਬਿਪਤਾ ਦੇ ਮੱਧ ਵਿੱਚ ਰੈਪਚਰ ਵਿਚਾਰ ਇਹ ਦਲੀਲ ਦਿੰਦਾ ਹੈ ਕਿ ਮਸੀਹ ਬਿਪਤਾ ਦੇ ਪਹਿਲੇ ਸਾਢੇ ਤਿੰਨ ਸਾਲਾਂ ਤੋਂ ਬਾਅਦ ਕਲੀਸਿਯਾ ਨੂੰ ਉਠਾ ਲੈਣਗੇ। ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਤੋਂ ਬਾਅਦ, ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ  ਦੂਜਾ ਸਭ ਤੋਂ ਵੱਧ ਸਵੀਕਾਰ ਕੀਤਾ ਜਾਣ ਵਾਲਾ ਵਿਚਾਰ ਹੈ। ਚਾਰਲਸ ਰਾਇਰੀ ਨੇ ਲਿਖਿਆ ਹੈ, "…ਬਿਪਤਾ ਦੇ ਮੱਧ ਵਿੱਚ ਰੈਪਚਰ ਦੇ ਵਿਚਾਰ ਦਾ ਬਿਆਨ ਕਦੇ-ਕਦੇ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਇੱਕ ਰੂਪ ਵਿੱਚ ਹੀ ਕੀਤਾ ਜਾਂਦਾ ਹੈ।"[8]

ਜੇਕਰ ਬਿਪਤਾ ਦੀਆਂ ਸਾਰੀਆਂ ਘਟਨਾਵਾਂ ਨੂੰ ਬਿਪਤਾ ਦੇ ਆਖ਼ਰੀ ਅੱਧ ਵਿੱਚ ਰੱਖਿਆ ਜਾਵੇ, ਤਾਂ ਇਹ ਮੰਨਿਆ ਜਾ ਸਕਦਾ ਹੈ ਕਿ ਇਸ ਤੋਂ ਪਹਿਲਾਂ ਕਿ ਕਿਸੇ ਨੂੰ ਇਹ ਮਹਿਸੂਸ ਹੋਵੇ ਕਿ ਬਿਪਤਾ ਦਾ ਸਮਾਂ ਸ਼ੁਰੂ ਹੋ ਗਿਆ ਹੈ, ਕਲੀਸਿਯਾ ਨੇ ਸਾਢੇ ਤਿੰਨ ਸਾਲ ਦੀਆਂ ਭਿਆਨਕ ਸਥਿਤੀਆਂ ਨੂੰ ਸਹਿ ਲਿਆ ਹੋਵੇਗਾ। ਸੰਸਾਰ ਦਾ ਇਤਿਹਾਸ ਯੁੱਧਾਂ, ਯੁੱਧਾਂ ਦੀਆਂ ਅਫਵਾਹਾਂ, ਅਕਾਲ, ਮਹਾਂਮਾਰੀਆਂ ਅਤੇ ਭੁਚਾਲਾਂ ਨਾਲ ਭਰਿਆ ਹੋਇਆ ਹੈ। ਇਸ ਲਈ, ਧਰਤੀ ਦੇ ਦ੍ਰਿਸ਼ਟੀਕੋਣ ਤੋਂ, ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ ਛੇਤੀ ਹੋਣ ਵਾਲੇ ਰੈਪਚਰ ਦੇ ਵਿਚਾਰ ਨੂੰ ਰੱਦ ਨਹੀਂ ਕਰਦਾ ਹੈ। ਅਜਿਹੇ ਸਮਿਆਂ ਵਿੱਚ ਵੀ ਮਸੀਹੀ ਛੇਤੀ ਹੋਣ ਵਾਲੇ ਰੈਪਚਰ ਦੀ ਉਮੀਦ ਕਰ ਸਕਦੇ ਹਨ, ਕਿਉਂਕਿ ਉਹਨਾਂ ਨੂੰ ਇਹ ਨਹੀਂ ਪਤਾ ਹੋਵੇਗਾ ਕਿ ਬਿਪਤਾ ਕਦੋਂ ਸ਼ੁਰੂ ਹੋਈ ਹੈ। ਉਹ ਸਿਰਫ਼ ਇੰਨਾ ਹੀ ਜਾਨਣਗੇ ਕਿ ਇਹ ਸੰਸਾਰ ਦੇ ਇਤਿਹਾਸ ਦਾ ਇੱਕ ਦੁੱਖ ਭਰਿਆ ਸਮਾਂ ਹੈ। ਪਰ, ਬਿਪਤਾ ਦੇ ਸਾਢੇ ਤਿੰਨ ਸਾਲਾਂ ਬਾਰੇ ਬਹੁਤ ਸਾਰੀਆਂ ਭਵਿੱਖਬਾਣੀਆਂ ਇੰਨੀਆਂ ਵਿਲੱਖਣ ਹਨ ਕਿ ਉਹਨਾਂ ਦਾ ਪੂਰਾ ਹੋਣਾ ਰੈਪਚਰ ਦੇ ਛੇਤੀ ਹੋਣ ਦੇ ਵਿਚਾਰ ਨੂੰ ਨਸ਼ਟ ਕਰ ਦੇਵੇਗਾ (ਜਿਵੇਂ ਕਿ, ਇੱਕ ਵਿਸ਼ਵ ਤਾਨਾਸ਼ਾਹ ਦਾ ਦੁਬਾਰਾ ਬਣਾਈ ਗਈ ਹੈਕਲ ਵਿੱਚ ਖੜ੍ਹਾ ਹੋ ਕੇ ਆਪਣੀ ਅਰਾਧਨਾ ਦੀ ਮੰਗ ਕਰਨਾ, ਇਸਰਾਏਲ ਉੱਤੇ ਹੋਣ ਵਾਲੇ ਰੂਸੀ ਹਮਲੇ ਵਿੱਚ ਉਸ ਦਾ ਇੱਕ ਅਲੌਕਿਕ ਰੂਪ ਵਿੱਚ ਨਸ਼ਟ ਹੋ ਜਾਣਾ, ਪਸ਼ੂ ਦੀ ਨਿਸ਼ਾਨ, ਆਦਿ)। ਜਦੋਂ ਇਸ ਤਰ੍ਹਾਂ ਦੀਆਂ ਗੱਲਾਂ ਪੂਰੀਆਂ ਹੋਣ ਲੱਗਣਗੀਆਂ, ਤਾਂ ਉਸ ਸਮੇਂ ਨੂੰ ਬਿਪਤਾ ਦੇ ਸਮੇਂ ਦੇ ਰੂਪ ਵਿੱਚ ਨਾ ਦੇਖਣਾ ਅਸੰਭਵ ਹੋਵੇਗਾ। ਕਲੀਸਿਯਾ ਦੇ ਲਈ ਇਹਨਾਂ ਗੱਲਾਂ ਵਿੱਚ ਰੈਪਚਰ ਦੇ ਛੇਤੀ ਹੋਣ ਦੇ ਵਿਚਾਰ ਨੂੰ ਤਬਾਹ ਕੀਤੇ ਬਿਨਾਂ ਇਹਨਾਂ ਵਿੱਚੋਂ ਲੰਘਣਾ ਅਸੰਭਵ ਹੋਵੇਗਾ। ਇਸ ਤਰ੍ਹਾਂ, ਕਲੀਸਿਯਾ ਇਹਨਾਂ ਸਾਢੇ ਤਿੰਨ ਸਾਲਾਂ ਵਿੱਚੋਂ ਨਹੀਂ ਲੰਘ ਸਕੇਗੀ।

ਇਸ ਲਈ, ਹਾਲਾਂਕਿ ਬਿਪਤਾ ਤੋਂ ਬਾਅਦ ਰੈਪਚਰ ਦਾ ਵਿਚਾਰ ਤਾਂ ਮਸੀਹ ਦੇ ਛੇਤੀ ਆਉਣ ਦੇ ਸਿਧਾਂਤ ਨੂੰ ਨਸ਼ਟ ਕਰਦਾ ਹੈ, ਪਰ ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ ਜ਼ਰੂਰੀ ਤੌਰ ਤੇ ਅਜਿਹਾ ਨਹੀਂ ਕਰੇਗਾ। ਜੇਕਰ ਬਿਪਤਾ ਦੀਆਂ ਸਾਰੀਆਂ ਭਿਆਨਕ ਘਟਨਾਵਾਂ ਨੂੰ ਬਿਪਤਾ ਦੇ ਆਖ਼ਰੀ ਸਾਢੇ ਤਿੰਨ ਸਾਲਾਂ ਵਿੱਚ ਰੱਖਿਆ ਜਾਂਦਾ ਹੈ, ਤਾਂ ਬਿਪਤਾ ਦੇ ਮੱਧ ਵਿੱਚ ਰੈਪਚਰ ਵਿਚਾਰ ਸੰਭਵ ਹੈ। ਇਹ ਇੱਕ ਦਿਲਚਸਪ ਗੱਲ ਹੈ ਕਿ ਬਿਪਤਾ ਦੇ ਮੱਧ ਵਿੱਚ ਰੈਪਚਰ ਦੇ ਵਿਚਾਰ ਦੇ ਇੱਕ ਪ੍ਰਸਿੱਧ ਵਿਦਵਾਨ ਜੌਨ ਵਾਲਵਰਡ ਨੇ ਪ੍ਰਕਾਸ਼ ਦੀ ਪੋਥੀ ਅਧਿਆਇ 6-18 ਦੇ ਸਾਰੇ ਵੇਰਵਿਆਂ ਦੀ ਵਿਆਖਿਆ ਆਖ਼ਰੀ ਸਾਢੇ

[8] ਚਾਰਲਸ ਸੀ ਰਾਇਰੀ, *ਬੇਸਿਕ ਥਿਓਲੋਜੀ,* (ਵੀਟਨ, ਇਲ; ਵਿਕਟਰ ਬੁਕਸ,1986), ਪੰਨਾ 497.

ਤਿੰਨ ਸਾਲਾਂ ਦੇ ਸੰਬੰਧ ਵਿੱਚ ਕੀਤੀ ਸੀ।[9] ਛੇਤੀ ਹੋਣ ਵਾਲੇ ਰੈਪਚਰ ਦੇ ਵਿਚਾਰ ਨੂੰ ਕਾਇਮ ਰੱਖਣ ਲਈ, ਬਿਪਤਾ ਦੇ ਮੱਧ ਵਿੱਚ ਰੈਪਚਰ ਦੇ ਵਿਚਾਰ ਦੇ ਸਮਰਥਕ ਨੂੰ ਇਸ ਤੱਥ ਨਾਲ ਸਹਿਮਤ ਹੁੰਦੇ ਹੋਏ ਬਿਪਤਾ ਦੀਆਂ ਸਾਰੀਆਂ ਵਿਲੱਖਣ ਭਵਿੱਖਬਾਣੀਆਂ ਨੂੰ ਆਖ਼ਰੀ ਸਾਢੇ ਤਿੰਨ ਸਾਲਾਂ ਵਿੱਚ ਪੂਰਾ ਹੁੰਦੇ ਦੇਖਣਾ ਪਵੇਗਾ (ਪ੍ਰਕਾਸ਼ 6:8 6:8, ਸੰਸਾਰ ਦਾ ਇੱਕ ਚੁਥਾਈ ਲੋਕਾਂ ਦਾ ਮਰ ਜਾਣਾ; ਪਰਕਾਸ਼ 8:7, ਇੱਕ ਤਿਹਾਈ ਧਰਤੀ ਦਾ ਸੜ ਜਾਣਾ)।[10]

ਫਿਰ ਇੱਕ ਮਨੁੱਖੀ ਦ੍ਰਿਸ਼ਟੀਕੋਣ ਤੋਂ ਮਸੀਹ ਦੇ ਛੇਤੀ ਆਉਣ ਦਾ ਸਿਧਾਂਤ ਕਾਇਮ ਰਹੇਗਾ। ਜੇਕਰ ਇੱਕ ਵਿਅਕਤੀ "ਸਮੇਂ ਤੋਂ ਰੱਖਿਆ" (ਪ੍ਰਕਾਸ਼ 3:10) ਦੇ ਵਾਕਾਂਸ਼ ਵਿੱਚ ਸਮੇਂ ਦੀ ਵਿਆਖਿਆ ਬਿਪਤਾ ਦੇ ਆਖ਼ਰੀ ਸਾਢੇ ਤਿੰਨ ਸਾਲਾਂ ਦੇ ਰੂਪ ਵਿੱਚ ਕਰਦਾ ਹੈ, ਤਾਂ ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਵਿਚਾਰ ਸੰਭਵ ਹੋ ਜਾਂਦਾ ਹੈ। ਜੇਕਰ ਬਿਪਤਾ ਦੇ ਮੱਧ ਵਿੱਚ ਰੈਪਚਰ ਨੂੰ ਇਸ ਦੇ ਮੂਲ ਰੂਪ ਵਿੱਚ **ਬਿਪਤਾ ਤੋਂ ਪਹਿਲਾਂ ਰੈਪਚਰ ਦਾ ਇੱਕ ਰੂਪ ਮੰਨ ਲਿਆ ਜਾਵੇ,** ਤਾਂ ਜਿੱਥੋਂ ਤੱਕ ਮਨੁੱਖੀ ਦ੍ਰਿਸ਼ਟੀਕੋਣ ਦੀ ਗੱਲ ਹੈ, ਇਹ ਇੱਕ ਵਿਕਲਪਿਕ ਵਿਚਾਰ ਹੋ ਸਕਦਾ ਹੈ।

[9] ਜੌਨ ਐੱਫ. ਵਾਲਵੋਰਡ, *ਦ ਰੀਵੇਲੇਸ਼ਨ ਆਫ਼ ਜੀਸਸ ਕ੍ਰਾਈਸਟ* (ਸ਼ਿਕਾਗੋ: ਮੂਡੀ ਪ੍ਰੈੱਸ, 1966), ਪੰਨਾ 123; ਜੌਨ ਵਾਲਵੋਰਡ, "ਰਿਵਲੇਸ਼ਨ" ਇਨ *ਦ ਬਾਈਬਲ ਨੋਲਜ ਕਮੈਂਟਰੀ* (ਵੀਟਨ, ਇਲ; ਵਿਕਟਰ ਬੁੱਕਸ, 1983), ਪੰਨਾ 947

[10] ਕੁਝ ਬਿਪਤਾ ਦੇ ਮੱਧ ਵਿੱਚ ਰੈਪਚਰ ਦੇ ਵਿਚਾਰ ਦੇ ਸਮਰਥਕ ਰੈਪਚਰ ਨੂੰ ਪ੍ਰਕਾਸ਼ ਦੀ ਪੋਥੀ 11 ਵਿੱਚ ਰੱਖਦੇ ਹਨ। ਜ਼ਿਆਦਾਤਰ ਲੋਕਾਂ ਨੂੰ ਪਰਕਾਸ਼ ਦੀ ਪੋਥੀ 11 ਪੜ੍ਹਦੇ ਸਮੇਂ ਰੈਪਚਰ ਬਾਰੇ ਵਿਚਾਰ ਨਹੀਂ ਆਉਂਦੇ ਹਨ। ਇੱਥੇ ਰੈਪਚਰ ਦੇ ਨਾਲ ਕੁਝ ਸਮਾਨਤਾਵਾਂ ਹਨ, ਪਰ ਪਰਕਾਸ਼ ਦੀ ਪੋਥੀ 11 ਦੀਆਂ ਘਟਨਾਵਾਂ ਦੀ ਰੈਪਚਰ ਨਾਲ ਤੁਲਨਾ ਕਰਨ ਦਾ ਕੋਈ ਆਧਾਰ ਨਹੀਂ ਹੈ।

1 ਕੁਰਿੰਥ 15:52 "ਆਖ਼ਰੀ ਤੁਰ੍ਹੀ" ਨੂੰ ਰੈਪਚਰ ਨਾਲ ਜੋੜਦਾ ਹੈ। ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਮੰਨਦੇ ਹਨ ਕਿ ਇਹ ਸਦੀਪਕਤਾ ਦੀ ਆਖ਼ਰੀ ਤੁਰ੍ਹੀ ਨਹੀਂ, ਪਰ ਕਲੀਸਿਯਾ ਦੇ ਯੁੱਗ ਦੀ ਆਖ਼ਰੀ ਤੁਰ੍ਹੀ ਹੈ। ਪ੍ਰਕਾਸ਼ 11:15 ਬਾਰੇ ਇਹ ਸੱਚ ਹੈ ਕਿ ਇਹ ਪ੍ਰਕਾਸ਼ ਦੀ ਪੋਥੀ ਵਿੱਚ ਦੂਤ ਦੀ ਆਖ਼ਰੀ ਤੁਰ੍ਹੀ ਬਾਰੇ ਗੱਲ ਕਰਦਾ ਹੈ, ਪਰ ਜੇਕਰ "ਆਖ਼ਰੀ" ਨੂੰ "ਸੰਪੂਰਨ ਸਮੇਂ ਦੀ ਆਖ਼ਰੀ ਤੁਰ੍ਹੀ" ਮੰਨਿਆ ਜਾਂਦਾ ਹੈ, ਤਾਂ ਫਿਰ ਬਾਈਬਲ ਦੀ ਆਖ਼ਰੀ ਤੁਰ੍ਹੀ ਬਿਪਤਾ ਦੇ ਮੁੱਧ ਵਿੱਚ ਨਹੀਂ ਪਰ ਇਸ ਦੇ ਅੰਤ ਵਿੱਚ ਵਜਾਈ ਜਾਂਦੀ ਹੈ (ਦੇਖੋ, ਮੱਤੀ 24:31)। ਰੈਪਚਰ ਦੇ ਸਿਧਾਂਤ ਅਤੇ ਪ੍ਰਕਾਸ਼ ਦੀ ਪੋਥੀ 11 ਵਿਚਕਾਰ ਇੱਕ ਹੋਰ ਅੰਤਰ ਜੀਅ ਉੱਠਣ ਅਤੇ ਤੁਰ੍ਹੀ ਵਜਾਏ ਜਾਣ ਦੇ ਕ੍ਰਮ ਨਾਲ ਸੰਬੰਧਿਤ ਹੈ। ਪ੍ਰਕਾਸ਼ 11 ਵਿੱਚ ਮੁਰਦੇ ਜੀਅ ਉੱਠਦੇ ਹਨ, ਅਤੇ ਉਸ ਤੋਂ ਬਾਅਦ ਸੱਤਵੀਂ ਤੁਰ੍ਹੀ ਵੱਜਦੀ ਹੈ। ਰੈਪਚਰ ਦੇ ਸਮੇਂ ਇੱਕ ਤੁਰ੍ਹੀ ਵਜਾਈ ਜਾਵੇਗੀ ਜਿਸ ਤੋਂ ਬਾਅਦ ਜੀਅ ਉੱਠਣਾ ਹੋਵੇਗਾ (1 ਕੁਰਿੰਥ 15:51ff.;1 ਥੱਸਲੁ 4:13ff.)। ਪ੍ਰਕਾਸ਼ 11 ਸਿਰਫ਼ ਗਵਾਹਾਂ ਦੇ ਜੀਅ ਉੱਠਣ ਨੂੰ ਸ਼ਾਮਲ ਕਰਦਾ ਹੈ (ਆਇਤਾਂ 3,7, ਅਤੇ 11)। ਇਹ ਸਪੱਸ਼ਟ ਹੈ ਕਿ ਦੋ ਗਵਾਹਾਂ ਦੇ ਜੀਅ ਉੱਠਣ ਨੂੰ ਪੂਰੀ ਕਲੀਸਿਯਾ ਦੇ ਰੈਪਚਰ ਨਾਲ ਜੋੜਿਆ ਨਹੀਂ ਜਾ ਸਕਦਾ ਹੈ।

### VII. ਅੰਸ਼ਕ ਰੈਪਚਰ ਦਾ ਵਿਚਾਰ (ਪਾਰਸ਼ੀਅਲ ਰੈਪਚਰ)

ਅੰਸ਼ਕ ਰੈਪਚਰ ਦਾ ਵਿਚਾਰ ਆਤਮਿਕ ਮਸੀਹੀਆਂ ਨੂੰ ਸੰਸਾਰਿਕ ਮਸੀਹੀਆਂ ਤੋਂ ਵੱਖ ਕਰਦਾ ਹੈ। ਜਿਹੜੇ ਲੋਕ ਅੰਸ਼ਕ ਰੈਪਚਰ ਦੇ ਵਿਚਾਰ ਨਾਲ ਸਹਿਮਤ ਹਨ, ਉਹ ਮੰਨਦੇ ਹਨ ਕਿ ਆਤਮਿਕ ਮਸੀਹੀ ਬਿਪਤਾ ਤੋਂ ਪਹਿਲਾਂ ਉਠਾਏ ਜਾਣਗੇ, ਪਰ ਸੰਸਾਰਿਕ ਮਸੀਹੀਆਂ ਨੂੰ ਬਿਪਤਾ ਨੂੰ ਸਹਿਣਾ ਪਵੇਗਾ।

### A. ਅੰਸ਼ਕ ਰੈਪਚਰ ਅਤੇ ਪ੍ਰਕਾਸ਼ 3:10

> ਕਿਉਂਕਿ ਤੂੰ ਧੀਰਜ ਦੇ ਨਾਲ ਦੁੱਖ ਸਹਿ ਕੇ ਮੇਰੇ ਵਚਨ ਦੀ ਪਾਲਣਾ ਕੀਤੀ ਹੈ। ਇਸ ਲਈ ਮੈਂ ਤੇਰੀ ਉਸ ਸਮੇਂ ਵੀ ਰਾਖੀ ਕਰਾਂਗਾ ਜਦੋਂ ਧਰਤੀ ਦੇ ਸਾਰੇ ਲੋਕਾਂ ਦੇ ਉੱਤੇ ਉਹਨਾਂ ਦੀ ਪਰੀਖਿਆ ਦੇ ਲਈ ਦੁੱਖ ਆਉਣਗੇ। [ਪ੍ਰਕਾਸ਼ 3:10]

ਪ੍ਰਕਾਸ਼ 3:10 ਨਿਸ਼ਚਿਤ ਤੌਰ ਤੇ ਬਿਪਤਾ ਦੇ ਸਮੇਂ ਤੋਂ ਪਹਿਲਾਂ ਕਿਸੇ ਕਿਸਮ ਦੇ ਉਠਾਏ ਜਾਣ ਦਾ ਵਾਅਦਾ ਕਰਦਾ ਹੈ। ਬਿਪਤਾ ਤੋਂ ਬਾਅਦ ਰੈਪਚਰ ਦੇ ਵਿਚਾਰ ਦੇ ਵਿਰੁੱਧ ਇਹ ਸਭ ਤੋਂ ਮਜ਼ਬੂਤ ਦਲੀਲ ਹੈ। ਪਰ, ਜੇਕਰ ਪ੍ਰਕਾਸ਼ 3:10 ਦਾ ਇੱਕ ਅਲੱਗ ਤੋਂ ਅਧਿਐਨ ਕੀਤਾ ਜਾਵੇ, ਤਾਂ ਇਹ ਬਿਪਤਾ ਤੋਂ ਬਾਅਦ ਰੈਪਚਰ ਦਾ ਅਤੇ ਜਾਂ ਅੰਸ਼ਕ ਰੈਪਚਰ ਦਾ ਸਮਰਥਨ ਕਰ ਸਕਦਾ ਹੈ। ਇਹ ਸਪੱਸ਼ਟ ਰੂਪ ਵਿੱਚ ਬਿਪਤਾ ਤੋਂ ਪਹਿਲਾਂ ਦੇ ਰੈਪਚਰ ਦੀ ਗੱਲ ਕਰਦਾ ਹੈ, ਪਰ ਅਗਲਾ ਸਵਾਲ ਇਹੀ ਹੈ ਕਿ ਕੀ ਰੈਪਚਰ ਸਾਰੀ ਕਲੀਸਿਯਾ ਦੇ ਲਈ ਹੈ ਜਾਂ ਅੰਸ਼ਕ ਕਲੀਸਿਯਾ ਦੇ ਲਈ ਹੈ। ਅੰਸ਼ਕ ਰੈਪਚਰ ਦੇ ਸਮਰਥਕ ਮਹਿਸੂਸ ਕਰਦੇ ਹਨ ਕਿ ਵਾਕਾਂਸ਼ "ਕਿਉਂਕਿ ਤੂੰ ਧੀਰਜ ਦੇ ਨਾਲ ਦੁੱਖ ਸਹਿ ਕੇ ਮੇਰੇ ਵਚਨ ਦੀ ਪਾਲਣਾ ਕੀਤੀ ਹੈ" ਇੱਕ ਬਿਪਤਾ ਤੋਂ ਪਹਿਲਾਂ ਦੇ ਰੈਪਚਰ ਦੇ ਵਾਅਦੇ ਨੂੰ ਸਿਰਫ਼ ਆਤਮਿਕ ਮਸੀਹੀਆਂ ਤੱਕ ਸੀਮਿਤ ਕਰ ਦਿੰਦਾ ਹੈ। **ਜੇਕਰ ਬਾਈਬਲ ਵਿੱਚ ਰੈਪਚਰ ਬਾਰੇ ਸਿਰਫ਼ ਪ੍ਰਕਾਸ਼ 3:10 ਹੀ ਇੱਕੋ ਇੱਕ ਵਚਨ ਹੁੰਦਾ,** ਤਾਂ ਇਸ ਦੀ ਅਜਿਹੀ ਵਿਆਖਿਆ ਸੰਭਵ ਹੋ ਸਕਦੀ ਸੀ। ਪਰ, ਬਾਈਬਲ ਦੇ ਹੋਰ ਤੱਥ ਇਹ ਦਰਸਾਉਂਦੇ ਹਨ ਕਿ ਬਿਪਤਾ ਤੋਂ ਪਹਿਲਾਂ ਦੇ ਰੈਪਚਰ ਵਿੱਚ ਪੂਰੀ ਕਲੀਸਿਯਾ ਸ਼ਾਮਲ ਹੋਵੇਗੀ। ਇਸ ਤਰ੍ਹਾਂ ਦੇਖਣ ਨਾਲ, ਵਾਕਾਂਸ਼ "ਮੇਰੇ ਵਚਨ ਦੀ ਪਾਲਣਾ ਕੀਤੀ ਹੈ" ਨੂੰ ਉਹਨਾਂ ਸਾਰੇ ਲੋਕਾਂ ਉੱਤੇ ਲਾਗੂ ਕਰਨਾ ਹੀ ਜ਼ਿਆਦਾ ਵਧੀਆ ਹੈ ਜਿਹਨਾਂ ਨੇ ਸੰਸਾਰ ਤੋਂ ਆਉਣ ਵਾਲੇ ਵੈਰ ਜਾਂ ਅਤਿਆਚਾਰ ਦੇ ਬਾਵਜੂਦ ਮਸੀਹ ਵਿੱਚ ਆਪਣੇ ਵਿਸ਼ਵਾਸ ਨੂੰ ਕਾਇਮ ਰੱਖਿਆ ਸੀ।

ਪ੍ਰਕਾਸ਼ 3:10 ਬਿਪਤਾ ਤੋਂ ਪਹਿਲਾਂ ਰੈਪਚਰ ਬਾਰੇ ਸਿਖਾਉਂਦਾ ਹੈ। ਇਸ ਨੂੰ ਹੋਰ ਤੱਥਾਂ ਤੋਂ ਅਲੱਗ ਤੋਂ ਦੇਖਣ ਤੇ, ਇਹ ਅੰਸ਼ਕ ਰੈਪਚਰ ਜਾਂ ਪੂਰੀ ਕਲੀਸਿਯਾ ਦੇ ਰੈਪਚਰ ਦੇ ਦੋਵੇਂ ਹੀ ਵਿਚਾਰਾਂ ਦੇ ਅਨੁਕੂਲ ਹੈ। ਜਿਵੇਂ ਕਿ

ਹੇਠਾਂ ਦਿੱਤੇ ਤਰਕ ਦਰਸਾਉਂਦੇ ਹਨ, ਦੂਜਾ ਵਿਚਾਰ ਹੀ ਜ਼ਿਆਦਾ ਸਹੀ ਹੈ।

### B. ਰੈਪਚਰ ਦੇ ਬਾਰੇ ਸੰਮਲਿਤ ਬਿਆਨ

ਬਿਪਤਾ ਤੋਂ ਪਹਿਲਾਂ ਰੈਪਚਰ ਦਾ ਸਮਰਥਕ ਅੰਸ਼ਕ ਰੈਪਚਰ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰੇਗਾ ਕਿਉਂਕਿ ਬਾਈਬਲ ਰੈਪਚਰ ਨੂੰ ਇੱਕ ਸੰਮਲਿਤ (ਸਾਰੇ ਵਿਸ਼ਵਾਸੀਆਂ ਦੇ ਲਈ) ਘਟਨਾ ਦੇ ਰੂਪ ਵਿੱਚ ਪੇਸ਼ ਕਰਦੀ ਹੈ। 1 ਕੁਰਿੰਥ 15:51-52 ਇਹ ਸਿਖਾਉਂਦਾ ਹੈ ਕਿ ਰੈਪਚਰ ਦੇ ਸਮੇਂ "ਅਸੀਂ **ਸਾਰੇ** ਬਦਲ ਜਾਵਾਂਗੇ।" 1 ਥੱਸਲੁ 4:13ff. ਰੈਪਚਰ ਵਿੱਚ ਕਲੀਸਿਯਾ ਦੇ ਸਾਰੇ ਸੰਤਾਂ ਨੂੰ ਸ਼ਾਮਲ ਕਰਦਾ ਹੈ। ਇਸ ਦੀ ਇੱਕੋ-ਇੱਕ ਸ਼ਰਤ ਇਹ ਹੈ ਕਿ "ਜੇਕਰ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਯਿਸੂ ਮਰ ਗਏ ਅਤੇ ਫਿਰ ਜੀਅ ਉੱਠੇ" (ਆਇਤ 14)। ਜਿਹੜੇ ਲੋਕ ਇਸ ਵਰਗ ਵਿੱਚ ਹਨ, ਉਹਨਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ, ਜੋ ਸੌ ਗਏ ਹਨ (ਆਇਤ 14) ਅਤੇ ਜੋ ਜਿਊਂਦੇ ਹਨ (ਆਇਤਾਂ 15 ਅਤੇ 17)। ਪਰ, ਇਸ ਤੋਂ ਬਾਅਦ ਪੌਲੁਸ ਨੇ "ਜਿਊਂਦੇ ਅਤੇ ਬਚੇ ਹੋਏ" ਲੋਕਾਂ ਨੂੰ ਆਤਮਿਕ ਜਾਂ ਸੰਸਾਰਿਕ ਵਰਗ ਵਿੱਚ ਨਹੀਂ ਵੰਡਿਆ ਹੈ। ਰੈਪਚਰ ਦੇ ਸਮੇਂ ਜਿਹੜੇ ਵੀ ਜਿਊਂਦਾ ਹੋਣਗੇ, ਉਹ ਪ੍ਰਭੂ ਦੇ ਨਾਲ ਰਹਿਣ ਲਈ ਉਠਾਏ ਜਾਣਗੇ।

ਬਾਈਬਲ ਦੇ ਅੰਤ ਵਿੱਚ ਮਸੀਹ ਨੇ ਇਹ ਵਾਅਦਾ ਕੀਤਾ ਹੈ ਕਿ ਉਹ “ਹਰੇਕ” ਵਿਸ਼ਵਾਸੀ ਨੂੰ ਉਸ ਦਾ ਇਨਾਮ ਦੇਣ ਦੇ ਲਈ ਛੇਤੀ ਵਾਪਸ ਆਉਣ ਵਾਲੇ ਹਨ (ਪ੍ਰਕਾਸ਼ 22:12)।

> “ਯਿਸੂ ਨੇ ਕਿਹਾ, “ਦੇਖੋ! ਮੈਂ ਛੇਤੀ ਹੀ ਆ ਰਿਹਾ ਹਾਂ! **ਹਰ** ਮਨੁੱਖ ਨੂੰ ਉਸ ਦੇ ਕੰਮਾਂ ਦੇ ਅਨੁਸਾਰ ਦੇਣ ਦੇ ਲਈ ਇਨਾਮ ਮੇਰੇ ਕੋਲ ਹੈ।” [ਪ੍ਰਕਾਸ਼ 22:12]

ਰੈਪਚਰ ਤੋਂ ਬਾਅਦ, ਮਸੀਹ ਦੁਆਰਾ ਨਿਆਂ ਹੋਵੇਗਾ ਅਤੇ ਇਸ ਵਿੱਚ ਹਰੇਕ ਵਿਸ਼ਵਾਸੀ ਸ਼ਾਮਲ ਹੈ (ਦੇਖੋ, 1 ਕੁਰਿੰਥ 3:13; 2 ਕੁਰਿੰਥ 5:10)। ਅੰਸ਼ਕ ਰੈਪਚਰ ਦਾ ਵਿਚਾਰ ਮਸੀਹ ਦੇ ਨਿਆਂ ਦੇ ਲਈ ਗੰਭੀਰ ਸਮੱਸਿਆਵਾਂ ਪੈਦਾ ਕਰਦਾ ਹੈ। ਜੇਕਰ ਅੰਸ਼ਕ ਰੈਪਚਰ ਹੁੰਦਾ ਹੈ, ਤਾਂ ਬਹੁਤ ਸਾਰੇ ਕਲੀਸਿਯਾ ਦੇ ਸੰਤ ਰੈਪਚਰ ਦੇ ਬਾਅਦ ਲੱਗਣ ਵਾਲੇ ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਮੌਜੂਦ ਨਹੀਂ ਹੋਣਗੇ। ਇਸ ਲਈ, ਅੰਸ਼ਕ ਰੈਪਚਰ ਵਿਚਾਰ ਦੀਆਂ ਗੰਭੀਰ ਸਮੱਸਿਆਵਾਂ ਇੱਕ ਸਪੱਸ਼ਟ ਰੂਪ ਵਿੱਚ ਦਿਖਾਈ ਦੇਣੀਆਂ ਚਾਹੀਦੀਆਂ ਹਨ।

### C. 1 ਥੱਸਲੁਨੀਕੀਆਂ 5:9-10 ਦਾ ਵਾਅਦਾ

ਜੇਕਰ ਅਸੀਂ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਸਿਧਾਂਤ ਦੇ ਨਾਲ 1 ਥੱਸਲੁਨੀਕੀਆਂ ਦੇ ਅਧਿਆਇ 5 ਵਿੱਚ ਆਉਂਦੇ ਹਾਂ, ਤਾਂ 1 ਥੱਸਲੁ 5:9-10 ਇੱਕ ਅਜਿਹਾ ਵਾਅਦਾ ਬਣ ਜਾਂਦਾ ਹੈ ਜੋ ਸਿੱਧੇ ਤੌਰ ਤੇ ਅੰਸ਼ਕ ਰੈਪਚਰ ਦਾ ਖੰਡਨ ਕਰਦਾ ਹੈ।

> ...ਕਿਉਂਕਿ ਪਰਮੇਸ਼ਰ ਨੇ ਸਾਨੂੰ ਆਪਣੇ ਕ੍ਰੋਧ ਦੇ ਲਈ ਨਹੀਂ ਚੁਣਿਆ ਸਗੋਂ ਇਸ ਲਈ ਕਿ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਪ੍ਰਾਪਤ ਕਰੀਏ। ਉਹ ਸਾਡੇ ਲਈ ਇਸ ਲਈ ਮਰੇ ਕਿ ਭਾਵੇਂ ਅਸੀਂ ਜਾਗੀਏ ਜਾਂ ਸੌਂਈਏ, ਅਸੀਂ ਹਰ ਹਾਲਤ ਵਿੱਚ ਉਹਨਾਂ ਦੇ ਨਾਲ ਜਿਊਂਦੇ ਰਹੀਏ। [1 ਥੱਸਲੁ 5:2-4, 9-10]

1 ਥੱਸਲੁ 5:10 ਵਿੱਚ ਮੁੱਖ ਸ਼ਬਦ "ਸੌਂਈਏ" ਹੈ। ਜੇਕਰ ਇਹ ਸੌਣਾ ਮੌਤ ਦੇ ਬਾਰੇ ਹੈ, ਤਾਂ 1 ਥੱਸਲੁ 5:10 ਇਹ ਕਹਿ ਰਿਹਾ ਹੈ ਕਿ ਸਾਰੇ ਮਸੀਹੀ (ਜਿਊਂਦਾ ਜਾਂ ਮਰੇ ਹੋਏ) ਰੈਪਚਰ ਸਮੇਂ ਤੋਂ ਮਸੀਹ ਦੇ ਨਾਲ ਇਕੱਠੇ ਰਹਿਣਗੇ। 1 ਥੱਸਲੁ 5:10 ਅਜਿਹੀ ਵਿਆਖਿਆ ਦੇ ਨਾਲ, 1 ਥੱਸਲੁ 4:13-14 ਦੇ ਸਮਾਨਾਂਤਰ ਹੈ। ਸਾਰੇ ਮਸੀਹੀ ਲੋਕ ਭਾਵੇਂ ਜਿਊਂਦੇ ਜਾਂ ਮਰੇ ਹੋਏ, ਰੈਪਚਰ ਵਿੱਚ ਹਿੱਸਾ ਲੈਣਗੇ।

ਪਰ ਯੂਨਾਨੀ ਭਾਸ਼ਾ ਦੇ ਵਿਦਿਆਰਥੀ ਇਹ ਜਾਣਦੇ ਹਨ ਕਿ "ਸੌਣ" ਦੇ ਲਈ 1 ਥੱਸਲੁ 4:13-14 ਵਿੱਚ ਵਰਤਿਆ ਗਿਆ ਯੂਨਾਨੀ ਸ਼ਬਦ ਉਹ ਸ਼ਬਦ ਨਹੀਂ ਹੈ ਜੋ 1 ਥੱਸਲੁ 5:10 ਵਿੱਚ ਹੈ। ਇਸ ਤੋਂ ਇਲਾਵਾ, 1 ਥੱਸਲੁ 5:10 ਵਿੱਚ ਸੌਣ ਨੂੰ ਮੌਤ ਮੰਨ ਲੈਣਾ ਹੀ ਇੱਕੋ-ਇੱਕ ਜਾਂ ਸਭ ਤੋਂ ਵਧੀਆ ਵਿਕਲਪ ਨਹੀਂ ਹੈ। ਸੌਣ ਦੇ ਲਈ ਪੌਲੁਸ ਨੇ ਜਿਹੜੇ ਸ਼ਬਦ ਨੂੰ 1 ਥੱਸਲੁ 5:10 ਵਿੱਚ ਵਰਤਿਆ ਹੈ, ਉਸ ਦਾ ਅਰਥ ਨਵੇਂ ਨੇਮ ਵਿੱਚ 3 ਜਗ੍ਹਾਵਾਂ ਤੇ ਮੌਤ ਦੇ ਰੂਪ ਵਿੱਚ ਹੈ, ਪਰ ਲਗਭਗ 17 ਜਗ੍ਹਾਵਾਂ ਤੇ ਉਸ ਦਾ ਅਰਥ ਜਾਂ ਤਾਂ ਸਰੀਰ ਦੀ ਕੁਦਰਤੀ ਨੀਂਦ ਹੈ, ਅਤੇ ਜਾਂ ਇੱਕ ਆਲਸੀ/ਕਿਰਿਆਹੀਣ ਵਿਅਕਤੀ ਦੀ ਸੁਸਤੀ ਹੈ। ਇਹੀ ਸ਼ਬਦ ਅਫ਼ਸੀ 5:14 ਵਿੱਚ ਵੀ ਹੈ, ਜਿੱਥੇ ਇਹ ਆਤਮਿਕ ਆਲਸ ਦੀ ਗੱਲ ਕਰਦਾ ਹੈ।

> ਕਿਉਂਕਿ ਚਾਨਣ ਹੀ ਹੈ ਜੋ ਸਭ ਕੁਝ ਪ੍ਰਗਟ ਕਰਦਾ ਹੈ। ਇਸ ਲਈ ਇਹ ਕਿਹਾ ਗਿਆ ਹੈ, “ਸੌਣ ਵਾਲੇ ਜਾਗ ਮੁਰਦਿਆਂ ਵਿੱਚੋਂ ਉੱਠ ਖੜ੍ਹਾ ਹੋ, ਅਤੇ ਮਸੀਹ ਤੇਰੇ ਉੱਤੇ ਚਾਨਣ ਕਰਨਗੇ।” [ਅਫ਼ਸੀ 5:14]

ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਗੱਲ ਇਹ ਹੈ ਕਿ ਪੌਲੁਸ *ਸੌਣ* ਦੇ ਲਈ 1 ਥੱਸਲੁ 5:6 ਦੇ ਸੰਦਰਭ ਵਿੱਚ ਇਸੇ ਸ਼ਬਦ ਦੀ ਵਰਤੋਂ ਕਰਦਾ ਹੈ।

> ਇਸ ਲਈ ਸਾਨੂੰ ਦੂਜਿਆਂ ਦੀ ਤਰ੍ਹਾਂ ਸੌਣਾ ਨਹੀਂ ਚਾਹੀਦਾ ਸਗੋਂ ਸਾਨੂੰ ਹਰ ਸਮੇਂ ਚੌਕਸ ਅਤੇ ਹੋਸ਼ ਵਿੱਚ ਰਹਿਣਾ ਚਾਹੀਦਾ ਹੈ। [1 ਥੱਸਲੁ 5:6]

1 ਥੱਸਲੁ 5:6 ਵਿੱਚ *ਸੌਣਾ* ਮੌਤ ਦੀ ਨਹੀਂ ਪਰ ਆਤਮਿਕ ਆਲਸ ਜਾਂ ਅਯੋਗਤਾ ਦੀ ਗੱਲ ਕਰਦਾ ਹੈ। ਇਹ ਉਸ ਵਿਅਕਤੀ ਦੇ ਉਲਟ ਹੈ ਜੋ ਆਤਮਿਕ ਤੌਰ ਉੱਤੇ ਕਿਰਿਆਸ਼ੀਲ, ਜਾਗਦਾ ਅਤੇ ਸੁਚੇਤ ਹੈ। ਜਦੋਂ ਤੱਕ ਅਜਿਹਾ ਕਰਨ ਦੇ ਮਜ਼ਬੂਤ ਕਾਰਨ ਨਹੀਂ ਹੁੰਦੇ ਹਨ, ਉਦੋਂ ਤੱਕ 1 ਥੱਸਲੁ 5:10 ਵਿੱਚ "ਸੌਣਾ" ਅਤੇ "ਜਾਗਣਾ" ਨੂੰ ਉਹੀ ਅਰਥ ਦਿੱਤਾ ਜਾਣਾ

ਚਾਹੀਦਾ ਹੈ ਜੋ 1ਥੱਸਲੁ 5:6 ਵਿੱਚ ਹੈ। ਆਇਤ 6 ਵਿੱਚ ਜਾਗਣਾ ਉਸ ਵਿਅਕਤੀ ਨੂੰ ਨਹੀਂ ਦਰਸਾਉਂਦਾ ਜੋ ਸਿਰਫ਼ ਜੀਵਿਤ ਹੈ, ਬਲਕਿ ਉਸ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਆਤਮਿਕ ਤੌਰ ਤੇ ਕਿਰਿਆਸ਼ੀਲ ਅਤੇ ਚੌਕਸ ਹੈ। ਆਇਤ 5 ਵਿੱਚ ਸੌਣ ਦਾ ਅਰਥ ਮੌਤ ਵਿੱਚ ਸੌਣਾ ਨਹੀਂ ਹੋ ਸਕਦਾ ਹੈ, ਬਲਕਿ ਇਹ ਆਤਮਿਕ ਬੇਸੁਰਤੀ ਅਤੇ ਸੁਸਤੀ ਦੀ ਗੱਲ ਕਰਦਾ ਹੈ। ਇਸ ਤਰ੍ਹਾਂ, 1 ਥੱਸਲੁ 5:10 ਨੂੰ ਇਸ ਤਰ੍ਹਾਂ ਲਿਖਿਆ ਜਾਣਾ ਚਾਹੀਦਾ ਹੈ, "ਭਾਵੇਂ ਅਸੀਂ ਆਤਮਿਕ ਰੂਪ ਵਿੱਚ ਕਿਰਿਆਸ਼ੀਲ ਹਾਂ ਜਾਂ ਆਤਮਿਕ ਤੌਰ ਉੱਤੇ ਆਲਸੀ ਹਾਂ, ਅਸੀ ਮਸੀਹ ਦੇ ਨਾਲ ਜੀਵਾਂਗੇ।" ਇਹ ਆਇਤ ਸਦੀਪਕ ਸੁਰੱਖਿਆ ਦਾ ਸਮਰਥਨ ਕਰਦੀ ਹੈ। ਫਿਰ ਵੀ, ਕਿਉਂਕਿ ਆਇਤ 9 ਬਿਪਤਾ ਦੇ ਸਮੇਂ ਪਰਮੇਸ਼ਰ ਦੇ ਕ੍ਰੋਧ ਤੋਂ ਮੁਕਤੀ ਦੀ ਗੱਲ ਕਰਦਾ ਹੈ, ਤਾਂ ਆਇਤ 10 ਵੀ ਸਾਰੇ ਵਿਸ਼ਵਾਸੀਆਂ ਨਾਲ (ਉਹ ਭਾਵੇਂ ਆਤਮਿਕ ਰੂਪ ਵਿੱਚ ਕਿਰਿਆਸ਼ੀਲ ਹੋਣ ਜਾਂ ਸੁਸਤ ਹੋਣ) ਬਿਪਤਾ ਦੇ ਬਾਅਦ ਮਸੀਹ ਦੇ ਨਾਲ ਜੀਵਨ ਦਾ ਆਨੰਦ ਲੈਣ ਦੀ ਗੱਲ ਕਰਦੀ ਹੈ। ਜੇਕਰ ਅਸੀਂ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਨਾਲ 1 ਥੱਸਲੁਨੀਕੀਆਂ 4 ਅਤੇ 5 ਵਿੱਚ ਆਉਂਦਾ ਹੈ, ਤਾਂ 1 ਥੱਸਲੁ 5:10 ਦੀ ਸਭ ਤੋਂ ਵਧੀਆ ਵਿਆਖਿਆ ਇਹ ਹੋਵੇਗੀ ਕਿ ਇਹ ਇੱਕ ਅੰਸ਼ਕ **ਕਲੀਸਿਯਾ ਦੇ ਰੈਪਚਰ ਦੀ ਨਹੀਂ ਬਲਕਿ ਪੂਰੀ ਕਲੀਸਿਯਾ ਦੇ ਰੈਪਚਰ ਦਾ ਵਾਅਦਾ ਕਰਦੀ ਹੈ**।

### D. ਧਰਮ ਦੇ ਕੰਮਾਂ ਦੁਆਰਾ ਨਹੀਂ, ਪਰ ਕਿਰਪਾ ਦੁਆਰਾ ਮੁਕਤੀ ਦਾ ਕੰਮ ਪੂਰਾ ਹੋਇਆ ਹੈ

ਜਦੋਂ ਜ਼ਿਆਦਾਤਰ ਮਸੀਹੀ "ਮੁਕਤੀ" ਨੂੰ ਸ਼ਬਦ ਸੁਣਦੇ ਹਨ, ਤਾਂ ਉਹ ਸਿਰਫ਼ ਉਸ ਛੁਟਕਾਰੇ ਦੇ ਬਾਰੇ ਹੀ ਸੋਚਦੇ ਹਨ ਜੋ ਪਾਪ ਦੀ ਸਜ਼ਾ ਤੋਂ ਮਿਲਦਾ ਹੈ। ਪਰ, ਮੁਕਤੀ ਦਾ ਇੱਕ ਭਵਿੱਖ ਦਾ ਪਹਿਲੂ ਵੀ ਹੈ। ਮੁਕਤੀ ਦਾ ਭਵਿੱਖ ਦਾ ਪਹਿਲੂ ਇਹ ਹੈ ਕਿ ਇਹ ਸਾਨੂੰ ਪਾਪ ਦੀ ਮੌਜੂਦਗੀ ਤੋਂ ਵੀ ਛੁਟਕਾਰਾ ਦੇਣ ਵਾਲਾ ਹੈ। ਬਾਈਬਲ ਪ੍ਰਭੂ ਦੇ ਆਗਮਨ ਨੂੰ ਇਸ ਤਰ੍ਹਾਂ ਪੇਸ਼ ਕਰਦੀ ਹੈ ਕਿ ਉਹਨਾਂ ਦੇ ਆਉਣ ਨਾਲ ਵਿਸ਼ਵਾਸੀਆਂ ਦੀ ਮੁਕਤੀ ਦਾ ਕੰਮ ਪੂਰਾ ਹੋ ਜਾਵੇਗਾ।

> ਤੁਸੀਂ ਇਹਨਾਂ ਗੱਲਾਂ ਨੂੰ ਜ਼ਰੂਰ ਕਰੋ, ਕਿਉਂਕਿ ਤੁਸੀਂ ਜਾਣਦੇ ਹੋ ਕਿ ਇਹ ਕਿਹੜਾ ਸਮਾਂ ਜਾ ਰਿਹਾ ਹੈ। ਸਮਾਂ ਆ ਗਿਆ ਹੈ ਕਿ ਤੁਸੀਂ ਆਪਣੀ ਨੀਂਦ ਤੋਂ ਜਾਗੋ ਕਿਉਂਕਿ ਸਾਡੀ ਮੁਕਤੀ ਪਹਿਲਾਂ ਨਾਲੋਂ ਨੇੜੇ ਆ ਪਹੁੰਚੀ ਹੈ, ਜਦੋਂ ਅਸੀਂ ਵਿਸ਼ਵਾਸ ਕੀਤਾ ਸੀ। ਰਾਤ ਖ਼ਤਮ ਹੋਣ ਵਾਲੀ ਹੈ ਅਤੇ ਦਿਨ ਨਿਕਲਣ ਵਾਲਾ ਹੈ...[ਰੋਮੀ 13:11-12]

> ਇਸੇ ਤਰ੍ਹਾਂ ਮਸੀਹ ਨੇ ਵੀ ਆਪਣੇ ਆਪ ਨੂੰ ਇੱਕ ਹੀ ਵਾਰ ਬਲੀ ਕੀਤਾ ਕਿ ਉਹ ਬਹੁਤ ਸਾਰੇ ਲੋਕਾਂ ਦੇ ਪਾਪਾਂ ਨੂੰ ਚੁੱਕ ਲੈਣ ਅਤੇ ਹੁਣ ਮਸੀਹ ਦੂਜੀ ਵਾਰ ਪ੍ਰਗਟ ਹੋਣਗੇ ਪਰ ਇਸ ਵਾਰ ਪਾਪ ਚੁੱਕਣ ਦੇ ਲਈ ਨਹੀਂ ਸਗੋਂ ਉਹਨਾਂ ਨੂੰ ਮੁਕਤੀ ਦੇਣ ਦੇ ਲਈ ਜਿਹੜੇ ਉਹਨਾਂ ਦੀ ਉਡੀਕ ਵਿੱਚ ਹਨ। [ਇਬ 9:28]

ਰੈਪਚਰ ਵੇਲੇ ਵਿਸ਼ਵਾਸੀਆਂ ਦਾ ਮਹਿਮਾਮਈ ਹੋਣਾ, ਅਸਲ ਵਿੱਚ ਉਹਨਾਂ ਦੀ ਮੁਕਤੀ ਦਾ ਹੀ ਹਿੱਸਾ ਹੈ। ਰੈਪਚਰ ਦੇ ਸਮੇਂ ਵਿਸ਼ਵਾਸੀ ਆਪਣੇ ਮਹਿਮਾਮਈ ਸਰੀਰ ਪ੍ਰਾਪਤ ਕਰਨਗੇ ਜੋ ਪਾਪ ਦੇ ਸੁਭਾਅ ਦੇ ਅਧੀਨ ਨਹੀਂ ਹੋਣਗੇ। ਰੈਪਚਰ ਪੂਰੀ ਤਰ੍ਹਾਂ "ਛੁਟਕਾਰੇ ਦਾ ਦਿਨ" ਹੈ (ਅਫ਼ਸੀ 1:14; 4:30; ਰੋਮੀ 8:23)।

ਜੇਕਰ ਅੰਸ਼ਕ ਰੈਪਚਰ ਵਿਚਾਰ ਸਹੀ ਹੈ, ਤਾਂ ਧਰਮ ਦੇ ਕੰਮਾਂ ਵਿੱਚ ਜ਼ਿਆਦਾ ਮਿਹਨਤ ਕਰ ਵਾਲੇ ਮਸੀਹੀਆਂ ਨੂੰ ਬਿਪਤਾ ਤੋਂ ਪਹਿਲਾਂ ਹੀ ਪੂਰੀ ਮੁਕਤੀ ਦਾ ਇਨਾਮ ਮਿਲ ਜਾਵੇਗਾ। ਅਤੇ ਜਿਹਨਾਂ ਨੇ ਜ਼ਿਆਦਾ ਮਿਹਨਤ ਨਹੀਂ ਕੀਤੀ ਹੋਵੇਗੀ, ਤਾਂ ਉਹ ਮਸੀਹ ਦੀ ਆਉਣ ਵੇਲੇ ਵਾਅਦਾ ਕੀਤੀ ਗਈ ਮੁਕਤੀ ਨੂੰ ਪ੍ਰਾਪਤ ਨਹੀਂ ਕਰਨਗੇ, ਪਰ ਉਹਨਾਂ ਨੂੰ ਦੁੱਖ ਨਾਲ ਮਰਨਾ ਪਵੇਗਾ। ਅੰਸ਼ਕ ਰੈਪਚਰ ਦਾ ਵਿਚਾਰ ਮੁਕਤੀ ਦੇ ਇੱਕ ਪਹਿਲੂ ਨੂੰ ਧਰਮ ਦੇ ਕੰਮਾਂ ਉੱਤੇ ਨਿਰਭਰ ਕਰ ਦਿੰਦਾ ਹੈ, ਇਸ ਲਈ, ਇਸ ਨੂੰ ਇੱਕ ਗ਼ਲਤੀ ਮੰਨ ਕੇ ਰੱਦ ਕਰ ਦੇਣਾ ਚਾਹੀਦਾ ਹੈ।

### E. ਸਾਰ

ਬਿਪਤਾ ਤੋਂ ਬਾਅਦ ਰੈਪਚਰ ਜਾਂ ਅੰਸ਼ਕ ਰੈਪਚਰ ਦੇ ਵਿਚਾਰਾਂ ਦੀਆਂ ਦਲੀਲਾਂ ਕਮਜ਼ੋਰ ਹਨ। ਬਿਪਤਾ ਤੋਂ ਪਹਿਲਾਂ ਰੈਪਚਰ ਜਾਂ ਬਿਪਤਾ ਦੇ ਮੱਧ ਵਿੱਚ ਰੈਪਚਰ ਦਾ ਇੱਕ ਅਜਿਹਾ ਰੂਪ ਜ਼ਿਆਦਾ ਸਵੀਕਾਰਯੋਗ ਹੋਣਾ ਚਾਹੀਦਾ ਹੈ ਜਿਸ ਵਿੱਚ ਬਿਪਤਾ ਦੇ ਸਮੇਂ ਦੀਆਂ ਵਿਲੱਖਣ ਘਟਨਾਵਾਂ ਵਿੱਚੋਂ ਕਿਸੇ ਇੱਕ ਦੇ ਵੀ ਹੋਣ ਤੋਂ ਪਹਿਲਾਂ ਕਲੀਸਿਯਾ ਨੂੰ ਉਠਾ ਲਿਆ ਜਾਵੇਗਾ। ਇਹ ਬਿਪਤਾ ਤੋਂ ਪਹਿਲਾਂ ਰੈਪਚਰ ਦਾ ਇੱਕ ਰੂਪ ਬਣ ਜਾਂਦਾ ਹੈ। ਇੱਕ ਵਾਰ ਫਿਰ, ਲੇਖਕ ਇਹਨਾਂ ਵਿੱਚੋਂ ਕਿਸੇ ਵੀ ਵਿਚਾਰ ਨੂੰ ਝੂਠਾ ਨਹੀਂ ਮੰਨਦਾ ਹੈ, ਕਿਉਂਕਿ ਇਹ ਵਿਸ਼ਵਾਸ ਦੇ ਮੁੱਖ ਮੁੱਦੇ ਨਹੀਂ ਹਨ। ਅਗਲਾ ਮੁੱਦਾ ਇੱਕ ਅਜਿਹਾ ਵਿਸ਼ਾ ਹੈ ਜਿਸ ਉੱਤੇ ਇਵੈਂਜੇਲਿਕਲ ਮਸੀਹੀ ਜ਼ਿਆਦਾ ਸਹਿਮਤ ਹੁੰਦੇ ਹਨ, ਅਰਥਾਤ ਵਿਸ਼ਵਾਸੀਆਂ ਦਾ ਜੀਅ-ਉੱਠਣਾ।

## VIII. ਵਿਸ਼ਵਾਸੀਆਂ ਦਾ ਜੀਅ ਉੱਠਣਾ

ਪੁਰਾਣੇ ਨੇਮ ਦੇ ਵਿਸ਼ਵਾਸੀਆਂ ਅਤੇ ਬਿਪਤਾ ਦੇ ਸਮੇਂ ਸ਼ਹੀਦ ਹੋਏ ਸੰਤਾਂ ਦਾ ਜੀਅ ਉੱਠਣਾ ਬਿਪਤਾ ਦੇ ਅੰਤ ਵਿੱਚ ਹੋਵੇਗਾ, 1 ਥੱਸਲੁ 4:13ff. ਅਤੇ 1 ਕੁਰਿੰਥ 15:51ff ਇਹ ਸਿਖਾਉਂਦੇ ਹਨ ਕਿ ਕਲੀਸਿਯਾ ਦੇ ਸੰਤਾਂ ਦਾ ਜੀਅ ਉੱਠਣਾ (ਅਤੇ ਉਹਨਾਂ ਦਾ ਮਹਿਮਾਮਈ ਹੋਣਾ ਜਿਹਨਾਂ ਦੀ ਮੌਤ ਨਹੀਂ ਹੋਈ ਹੈ) ਰੈਪਚਰ ਦੇ ਸਮੇਂ ਹੋਵੇਗਾ। ਇਸ ਤਰ੍ਹਾਂ, ਅੰਤ ਦੇ ਸਮੇਂ ਦੇ ਸਿਧਾਂਤ ਦਾ ਕਾਲਕ੍ਰਮ ਅਧਿਐਨ ਜੀਅ ਉੱਠਣ ਨੂੰ ਰੈਪਚਰ ਨਾਲ ਜੋੜਦਾ ਹੈ।

### A. ਜੀਅ-ਉੱਠਣ ਦੇ ਬਾਰੇ ਆਮ ਵਾਅਦੇ

ਅਜਿਹੀਆਂ ਬਹੁਤ ਸਾਰੀਆਂ ਆਇਤਾਂ ਹਨ ਜੋ ਵਿਸ਼ਵਾਸੀਆਂ ਦੇ

ਸਰੀਰਕ ਤੌਰ ਤੇ ਜੀਅ-ਉੱਠਣ ਨੂੰ ਪੱਕਾ ਕਰਦੀਆਂ ਹਨ। ਜੀਅ-ਉੱਠਣ ਦੇ ਬਾਰੇ ਜ਼ਿਆਦਾਤਰ ਵਾਅਦੇ ਨਵੇਂ ਨੇਮ ਵਿੱਚ ਮਿਲਦੇ ਹਨ। ਪਰ, ਪੁਰਾਣੇ ਨੇਮ ਵਿੱਚ ਵੀ ਵਿਸ਼ਵਾਸੀਆਂ ਦੇ ਜੀਅ-ਉੱਠਣ ਦੇ ਬਾਰੇ ਕਾਫ਼ੀ ਹਵਾਲੇ ਹਨ।

"ਅਤੇ ਆਪਣੀ ਇਸ ਚਮੜੀ ਦੇ ਨਾਸ ਹੋਣ ਦੇ ਬਾਅਦ ਵੀ **ਮੈਂ ਆਪਣੇ ਸਰੀਰ ਵਿੱਚ ਹੋ ਕੇ ਪਰਮੇਸ਼ੁਰ ਦਾ ਦਰਸ਼ਣ ਪਾਵਾਂਗਾ**" [ਅੱਯੂਬ 19:26]

**ਤੇਰੇ ਮੁਰਦੇ ਜੀਉਣਗੇ,** ਉਨ੍ਹਾਂ ਦੀਆਂ ਲੋਥਾਂ ਉੱਠਣਗੀਆਂ। ਹੇ ਖ਼ਾਕ ਦੇ ਵਾਸੀਓ, ਜਾਗੋ, ਜੈਕਾਰਾ ਗਜਾਓ! ਕਿਉਂ ਜੋ ਤੇਰੀ ਤ੍ਰੇਲ ਬੂਟੀਆਂ ਦੀ ਤ੍ਰੇਲ ਵਰਗੀ ਹੈ, ਅਤੇ ਧਰਤੀ ਮਰੇ ਹੋਇਆਂ ਨੂੰ ਮੋੜ ਦੇਵੇਗੀ। [ਯਸਾ 26:19]

"ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੇ ਹੇਠਾਂ ਸੁੱਤੇ ਪਏ ਹਨ **ਜਾਗ ਉੱਠਣਗੇ**, ਕਈ ਸਦੀਪਕ ਜੀਉਣ ਲਈ, ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਲਈ" [ਦਾਨੀ 12:2] (ਜੀਅ-ਉੱਠਣ ਦੇ ਬਾਰੇ ਪੁਰਾਣੇ ਨੇਮ ਦੇ ਸੰਤਾਂ ਦੀ ਸੋਚ ਦੇ ਲਈ ਇਬ 11:19 ਵੀ ਦੇਖੋ)

"ਕਿਉਂਕਿ **ਪੁਨਰ-ਉਥਾਨ ਦੇ ਸਮੇਂ** ਆਦਮੀਆਂ ਅਤੇ ਔਰਤਾਂ ਵਿੱਚ ਵਿਆਹ ਨਹੀਂ ਹੋਵੇਗਾ ਸਗੋਂ ਉਹ ਸਵਰਗਦੂਤਾਂ ਵਰਗੇ ਹੋਣਗੇ। ਰਹੀ ਮੁਰਦਿਆਂ ਦੇ ਜੀਅ ਉੱਠਣ ਦੀ ਗੱਲ, ਕੀ ਤੁਸੀਂ ਕਦੀ ਨਹੀਂ ਪੜ੍ਹਿਆ ਕਿ ਪਰਮੇਸ਼ਰ ਨੇ ਤੁਹਾਨੂੰ ਕੀ ਕਿਹਾ ਸੀ, 'ਮੈਂ ਅਬਰਾਹਾਮ ਦਾ ਪਰਮੇਸ਼ਰ, ਇਸਹਾਕ ਦਾ ਪਰਮੇਸ਼ਰ ਅਤੇ ਯਾਕੂਬ ਦਾ ਪਰਮੇਸ਼ਰ ਹਾਂ?' **ਇਸ ਲਈ ਉਹ ਮੁਰਦਿਆਂ ਦੇ ਨਹੀਂ ਸਗੋਂ ਜਿਊਂਦੇ ਦੇ ਪਰਮੇਸ਼ਰ ਹਨ।**" [ਮੱਤੀ 22:30 32] (ਮਰਕੁਸ 12:24-27, ਲੂਕਾ 20:35-38 ਵੀ ਦੇਖੋ)

"ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਸਮਾਂ ਆ ਰਿਹਾ ਹੈ ਸਗੋਂ ਆ ਚੁੱਕਾ ਹੈ ਜਦੋਂ ਮੁਰਦੇ ਪਰਮੇਸ਼ਰ ਦੇ ਪੁੱਤਰ ਦੀ ਆਵਾਜ਼ ਸੁਣਨਗੇ ਅਤੇ ਜਿਹੜੇ ਸੁਣਨਗੇ ਜੀਵਨ ਪ੍ਰਾਪਤ ਕਰਨਗੇ। ਕਿਉਂਕਿ ਜਿਸ ਤਰ੍ਹਾਂ ਪਿਤਾ ਜੀਵਨ ਦੇ ਸ੍ਰੋਤ ਹਨ, ਉਸੇ ਤਰ੍ਹਾਂ ਉਹਨਾਂ ਨੇ ਪੁੱਤਰ ਨੂੰ ਵੀ ਜੀਵਨ ਦਾ ਸ੍ਰੋਤ ਬਣਾਇਆ ਹੈ। ਪਿਤਾ ਨੇ ਪੁੱਤਰ ਨੂੰ ਨਿਆਂ ਕਰਨ ਦਾ ਪੂਰਾ ਅਧਿਕਾਰ ਦੇ ਦਿੱਤਾ ਹੈ ਕਿਉਂਕਿ ਉਹ ਮਨੁੱਖ ਦਾ ਪੁੱਤਰ ਹੈ। ਇਸ ਗੱਲ ਉੱਤੇ ਤੁਸੀਂ ਹੈਰਾਨ ਨਾ ਹੋਵੋ । ਸਮਾਂ ਆ ਗਿਆ ਹੈ **ਜਦੋਂ ਉਹ ਜਿਹੜੇ ਕਬਰਾਂ ਵਿੱਚ ਹਨ, ਉਹਨਾਂ ਦੀ ਆਵਾਜ਼ ਸੁਣਨਗੇ ਅਤੇ ਕਬਰਾਂ ਵਿੱਚੋਂ ਬਾਹਰ ਆ ਜਾਣਗੇ।** ਚੰਗੇ ਕੰਮ ਕਰਨ ਵਾਲਿਆਂ ਦਾ ਪੁਨਰ-ਉਥਾਨ ਜੀਵਨ ਦੇ ਲਈ ਹੋਵੇਗਾ ਅਤੇ ਬੁਰੇ ਕੰਮ ਕਰਨ ਵਾਲਿਆਂ ਦਾ ਸਜ਼ਾ ਦੇ ਲਈ।" [ਯੂਹੰਨਾ 5:25-29]

"ਮੇਰੇ ਪਿਤਾ ਦੀ ਇੱਛਾ ਇਹ ਹੈ ਕਿ ਹਰ ਕੋਈ ਜਿਹੜਾ ਪੁੱਤਰ ਨੂੰ ਦੇਖਦਾ ਹੈ ਅਤੇ ਉਸ ਵਿੱਚ ਵਿਸ਼ਵਾਸ ਕਰਦਾ ਹੈ ਅਨੰਤ ਜੀਵਨ ਪਾਵੇ ਅਤੇ ਅੰਤਿਮ ਦਿਨ **ਮੈਂ ਉਸ ਨੂੰ ਫਿਰ ਜਿਊਂਦਾ ਕਰਾਂਗਾ।**" [ਯੂਹੰਨਾ 6:40]

ਯਿਸੂ ਨੇ ਉਸ ਨੂੰ ਫਿਰ ਕਿਹਾ, "ਮੈਂ ਹੀ ਪੁਨਰ-ਉਥਾਨ ਅਤੇ ਜੀਵਨ ਹਾਂ। **ਜਿਹੜਾ ਕੋਈ ਮੇਰੇ ਵਿੱਚ ਵਿਸ਼ਵਾਸ ਕਰਦਾ ਹੈ, ਭਾਵੇਂ ਉਹ ਮਰ ਵੀ ਜਾਵੇ, ਉਹ ਫਿਰ ਵੀ ਜੀਵੇਗਾ** ਅਤੇ ਉਹ ਸਾਰੇ ਜਿਹੜੇ ਜਿਊਂਦੇ ਹਨ ਅਤੇ ਮੇਰੇ ਵਿੱਚ ਵਿਸ਼ਵਾਸ ਕਰਦੇ ਹਨ, ਕਦੀ ਨਹੀਂ ਮਰਨਗੇ। ਕੀ ਤੂੰ ਇਸ ਵਿੱਚ ਵਿਸ਼ਵਾਸ ਕਰਦੀ ਹੈਂ?" [ਯੂਹੰਨਾ 11:25-26]

ਸੁਣੋ, ਮੈਂ ਤੁਹਾਨੂੰ ਇੱਕ ਗੁਪਤ ਭੇਤ ਦੱਸਦਾ ਹਾਂ, ਅਸੀਂ ਸਾਰੇ ਮਰਾਂਗੇ ਨਹੀਂ ਸਗੋਂ **ਅਸੀਂ ਸਾਰੇ ਬਦਲ ਜਾਵਾਂਗੇ**। ਇਹ ਅੰਤਿਮ ਤੁਰ੍ਹੀ ਦੀ ਆਵਾਜ਼ ਨਿਕਲਦੇ ਹੀ ਇਕਦਮ ਅੱਖ ਦੇ ਝਮਕਦੇ ਹੀ ਹੋ ਜਾਵੇਗਾ। ਤੁਰ੍ਹੀ ਦੀ ਆਵਾਜ਼ ਆਉਂਦੇ ਹੀ **ਮੁਰਦੇ ਅਵਿਨਾਸ਼ੀ ਹਾਲਤ ਵਿੱਚ ਜਿਊਂਦੇ ਕੀਤੇ ਜਾਣਗੇ** ਅਤੇ ਅਸੀਂ ਸਾਰੇ ਬਦਲ ਜਾਵਾਂਗੇ। ਕਿਉਂਕਿ ਜਿਹੜਾ ਮੌਤ ਦੇ ਬੰਧਨ ਵਿੱਚ ਹੈ, ਉਸ ਨੂੰ ਮੌਤ ਤੋਂ ਛੁਟਕਾਰਾ ਮਿਲਣਾ ਜ਼ਰੂਰੀ ਹੈ। ਇਸੇ ਤਰ੍ਹਾਂ ਜਿਹੜਾ ਮਰਨਹਾਰ ਹੈ, ਉਸ ਦਾ ਅਮਰ ਹੋਣਾ ਜ਼ਰੂਰੀ ਹੈ। ਜਦੋਂ ਉਸ ਨੂੰ ਜਿਹੜਾ ਮੌਤ ਦੇ ਬੰਧਨ ਵਿੱਚ ਹੈ ਮੌਤ ਤੋਂ ਛੁਟਕਾਰਾ ਮਿਲ ਜਾਵੇਗਾ ਅਤੇ ਜਿਹੜਾ ਮਰਨਹਾਰ ਹੈ ਉਹ ਅਮਰ ਹੋ ਜਾਵੇਗਾ ਤਾਂ ਪਵਿੱਤਰ-ਗ੍ਰੰਥ ਦਾ ਇਹ ਵਚਨ ਸੱਚਾ ਸਿੱਧ ਹੋਵੇਗਾ, "ਮੌਤ ਜਿੱਤ ਵਿੱਚ ਬਦਲ ਗਈ! ਹੇ ਮੌਤ, ਕਿੱਥੇ ਹੈ ਤੇਰੀ ਜਿੱਤ? ਹੇ ਮੌਤ, ਕਿੱਥੇ ਹੈ ਤੇਰਾ ਡੰਗ?" ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦੀ ਸਮਰੱਥਾ ਵਿਵਸਥਾ ਹੈ। [1 ਕੁਰਿੰਥ 15:51-58]

ਉਹ ਹੀ **ਸਾਡੇ ਨਾਸ਼ਵਾਨ ਸਰੀਰਾਂ** ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਾਰੀਆਂ ਚੀਜ਼ਾਂ ਨੂੰ ਆਪਣੇ ਉਦੇਸ਼ ਦੀ ਪੂਰਤੀ ਦੇ ਲਈ ਆਪਣੇ ਅਧੀਨ ਰੱਖਦੇ ਹਨ, ਆਪਣੇ ਤੇਜਵਾਨ ਸਰੀਰ ਦੀ ਤਰ੍ਹਾਂ **ਬਦਲ ਦੇਣਗੇ**। [ਫ਼ਿਲਿੱਪੀ 3:21]

...ਉਸ ਸਮੇਂ ਜਿਹੜੇ **ਮਸੀਹ ਵਿੱਚ ਮਰ ਚੁੱਕੇ ਹਨ, ਉਹ ਪਹਿਲਾਂ ਜੀਅ ਉੱਠਣਗੇ**। ਫਿਰ ਅਸੀਂ ਵੀ ਉਹਨਾਂ ਦੇ ਨਾਲ ਬੱਦਲਾਂ ਵਿੱਚ ਪ੍ਰਭੂ ਨੂੰ ਮਿਲਣ ਦੇ ਲਈ ਹਵਾ ਵਿੱਚ ਚੁੱਕ ਲਏ ਜਾਵਾਂਗੇ। ਇਸ ਤਰ੍ਹਾਂ ਅਸੀਂ ਹਮੇਸ਼ਾ ਤੱਕ ਪ੍ਰਭੂ ਦੇ ਨਾਲ ਰਹਾਂਗੇ। ਇਸ ਲਈ ਤੁਸੀਂ ਸਾਰੇ ਇੱਕ ਦੂਜੇ ਨੂੰ ਇਹਨਾਂ ਸ਼ਬਦਾਂ ਦੇ ਨਾਲ ਉਤਸ਼ਾਹ ਦੇਵੋ। [1 ਥੱਸਲੁ 4:13-18]

ਮੇਰੇ ਪਿਆਰੇ ਮਿੱਤਰੋ, ਹੁਣ ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਪਰ ਅਸੀਂ ਕੀ ਕੁਝ ਹੋਵਾਂਗੇ ਇਹ ਹੁਣ ਤੱਕ ਪ੍ਰਗਟ ਨਹੀਂ

ਕੀਤਾ ਗਿਆ ਪਰ ਅਸੀਂ ਜਾਣਦੇ ਹਾਂ ਕਿ **ਜਦੋਂ ਮਸੀਹ ਪ੍ਰਗਟ ਹੋਣਗੇ ਤਾਂ ਅਸੀਂ ਉਹਨਾਂ ਵਰਗੇ ਹੋਵਾਂਗੇ** ਕਿਉਂਕਿ ਅਸੀਂ ਉਹਨਾਂ ਨੂੰ ਉਸੇ ਤਰ੍ਹਾਂ ਦੇਖਾਂਗੇ ਜਿਸ ਤਰ੍ਹਾਂ ਦੇ ਉਹ ਹਨ। [1 ਯੂਹੰਨਾ 3:2]

ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। **ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ ਪੁਰੋਹਿਤ ਹੋਣਗੇ ਅਤੇ ਉਹਨਾਂ ਦੇ ਨਾਲ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ।** [ਪ੍ਰਕਾਸ਼ 20:6]

### B. ਜੀਅ-ਉੱਠੇ ਸਰੀਰ ਦਾ ਰੂਪ

ਇੱਕ ਜੀਅ-ਉੱਠੇ ਸਰੀਰ ਦੇ ਬਾਰੇ ਅਧਿਐਨ ਕਰਨ ਦੇ ਘੱਟੋ-ਘੱਟ ਤਿੰਨ ਤਰੀਕੇ ਹਨ। ਇੱਕ ਤਰੀਕਾ ਇਹ ਹੈ ਕਿ ਵਿਸ਼ਵਾਸੀਆਂ ਦੇ ਸਰੀਰ ਦੇ ਜੀਅ-ਉੱਠਣ ਦੇ ਅਲੱਗ-ਅਲੱਗ ਪਹਿਲੂਆਂ ਨੂੰ ਜਾਨਣ ਦੇ ਲਈ ਮਸੀਹ ਦੇ ਜੀਅ-ਉੱਠੇ ਸਰੀਰ ਦਾ ਅਧਿਐਨ ਕੀਤਾ ਜਾ ਸਕਦਾ ਹੈ। ਯਕੀਨਨ, ਅਜਿਹੇ ਕੁਝ ਵਚਨ ਜ਼ਰੂਰ ਹਨ ਜੋ ਮਹਿਮਾਮਈ ਸਰੀਰ ਦੇ ਬਾਰੇ ਸਿੱਧੀ ਸਿੱਖਿਆ ਦਿੰਦੇ ਹਨ। ਅਤੇ ਅੰਤ ਵਿੱਚ, ਸਾਰੇ ਜੀਅ-ਉੱਠਣ ਵਾਲੇ ਸਰੀਰ ਦੇ ਬਾਰੇ ਕੁਝ ਜਾਣਕਾਰੀ ਸਵਰਗ ਦਾ ਵਰਣਨ ਕਰਨ ਵਾਲੇ ਵਚਨਾਂ ਵਿੱਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

### 1. ਜੀਅ-ਉੱਠੇ ਸਰੀਰ ਦਾ ਮਸੀਹ ਦੇ ਸਰੀਰ ਦੀ ਸਮਾਨਤਾ ਵਿੱਚ ਹੋਣਾ

ਬਾਈਬਲ ਇਹ ਵਾਅਦਾ ਕਰਦੀ ਹੈ ਕਿ ਵਿਸ਼ਵਾਸੀ ਮਸੀਹ ਦੇ ਜੀਅ-ਉੱਠੇ ਸਰੀਰ ਵਰਗਾ ਸਰੀਰ ਪ੍ਰਾਪਤ ਕਰਨਗੇ। ਇਸ ਲਈ ਇਹ ਜਾਇਜ਼ ਹੀ ਹੈ ਕਿ ਅਸੀਂ ਮਸੀਹ ਦੇ ਇਤਿਹਾਸਕ ਜੀਅ-ਉੱਠਣ ਬਾਰੇ ਤੱਥਾਂ ਤੋਂ ਆਪਣੇ ਸਰੀਰ ਦੇ ਜੀਅ-ਉੱਠਣ ਦੇ ਤੱਥਾਂ ਦੀ ਜਾਣਕਾਰੀ ਪ੍ਰਾਪਤ ਕਰੀਏ।

> ਪਹਿਲਾ ਆਦਮੀ ਧਰਤੀ ਦਾ ਭਾਵ ਮਿੱਟੀ ਦਾ ਬਣਿਆ ਹੋਇਆ ਸੀ ਪਰ ਦੂਜਾ ਆਦਮੀ ਸਵਰਗ ਤੋਂ ਆਇਆ ਸੀ...ਜਿਸ ਤਰ੍ਹਾਂ ਸਾਨੂੰ ਮਿੱਟੀ ਦੇ ਆਦਮੀ ਦਾ ਰੂਪ ਮਿਲਿਆ ਹੈ, ਉਸੇ ਤਰ੍ਹਾਂ ਸਾਨੂੰ **ਸਵਰਗ ਦੇ ਆਦਮੀ ਦਾ ਰੂਪ** ਵੀ ਮਿਲੇਗਾ। [1 ਕੁਰਿੰਥ 15:47, 49]
>
> ਉਹ ਹੀ ਸਾਡੇ ਨਾਸ਼ਵਾਨ ਸਰੀਰਾਂ ਨੂੰ ਆਪਣੀ ਉਸ ਮੁਕਤੀ ਦੇ ਨਾਲ ਜਿਸ ਨਾਲ ਉਹ ਸਾਰੀਆਂ ਚੀਜ਼ਾਂ ਨੂੰ ਆਪਣੇ ਉਦੇਸ਼ ਦੀ ਪੂਰਤੀ ਦੇ ਲਈ ਆਪਣੇ ਅਧੀਨ ਰੱਖਦੇ ਹਨ, **ਆਪਣੇ ਤੇਜਵਾਨ ਸਰੀਰ ਦੀ ਤਰ੍ਹਾਂ ਬਦਲ ਦੇਣਗੇ।** [ਫ਼ਿਲਿੱਪੀ 3:21]
>
> ਮੇਰੇ ਪਿਆਰੇ ਮਿੱਤਰੋ, ਹੁਣ ਅਸੀਂ ਪਰਮੇਸ਼ਰ ਦੀ ਸੰਤਾਨ ਹਾਂ ਪਰ ਅਸੀਂ ਕੀ ਕੁਝ ਹੋਵਾਂਗੇ ਇਹ ਹੁਣ ਤੱਕ ਪ੍ਰਗਟ ਨਹੀਂ ਕੀਤਾ ਗਿਆ ਪਰ ਅਸੀਂ ਜਾਣਦੇ ਹਾਂ ਕਿ ਜਦੋਂ ਮਸੀਹ ਪ੍ਰਗਟ ਹੋਣਗੇ ਤਾਂ **ਅਸੀਂ ਉਹਨਾਂ ਵਰਗੇ ਹੋਵਾਂਗੇ** ਕਿਉਂਕਿ ਅਸੀਂ ਉਹਨਾਂ ਨੂੰ ਉਸੇ ਤਰ੍ਹਾਂ ਦੇਖਾਂਗੇ ਜਿਸ ਤਰ੍ਹਾਂ ਦੇ ਉਹ ਹਨ। [1 ਯੂਹੰਨਾ 3:2]

#### a. ਖਾਣਾ ਖਾਣ ਦੀ ਯੋਗਤਾ

ਆਪਣੇ ਜੀਅ-ਉੱਠਣ ਤੋਂ ਬਾਅਦ, ਪ੍ਰਭੂ ਨੇ ਘੱਟੋ-ਘੱਟ ਦੋ ਮੌਕਿਆਂ ਉੱਤੇ ਭੋਜਨ ਖਾਦਾ ਸੀ। ਆਪਣੇ ਮਹਿਮਾਮਈ ਸਰੀਰ ਵਿੱਚ ਵਿਸ਼ਵਾਸੀ ਸਰੀਰ ਦੇ ਥੱਕ ਜਾਣ (ਉਹਨਾਂ ਦੇ ਸਰੀਰ ਵਿੱਚ ਕੋਈ ਥਕਾਵਟ ਨਹੀਂ ਹੋਵੇਗੀ, ਦੇਖੋ, 1 ਕੁਰਿੰਥ 15:43) ਜਾਂ ਭੁੱਖੇ ਹੋਣ (ਪ੍ਰਕਾਸ਼ 21:4) ਦੇ ਕਾਰਨ ਨਹੀਂ, ਪਰ ਸਿਰਫ਼ ਆਨੰਦ ਮਨਾਉਣ ਦੇ ਲਈ ਭੋਜਨ ਖਾਣਗੇ।

> ਉਹਨਾਂ ਨੂੰ ਇਸ ਵਿੱਚ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿਉਂਕਿ ਉਹ ਸਭ ਖ਼ੁਸ਼ੀ ਅਤੇ ਹੈਰਾਨੀ ਨਾਲ ਭਰੇ ਹੋਏ ਸਨ ਇਸ ਲਈ ਯਿਸੂ ਨੇ ਉਹਨਾਂ ਤੋਂ ਪੁੱਛਿਆ, "ਕੀ ਤੁਹਾਡੇ ਕੋਲ ਕੁਝ ਖਾਣ ਲਈ ਹੈ?" ਉਹਨਾਂ ਨੇ ਯਿਸੂ ਨੂੰ ਇੱਕ ਭੁੰਨੀ ਹੋਈ ਮੱਛੀ ਦਾ ਟੁਕੜਾ ਦਿੱਤਾ। ਯਿਸੂ ਨੇ ਉਹ ਲਿਆ ਅਤੇ ਉਹਨਾਂ ਦੇ ਸਾਹਮਣੇ ਖਾਧਾ। [ਲੂਕਾ 24:41-43]
>
> ਜਦੋਂ ਉਹ ਕੰਢੇ ਉੱਤੇ ਪਹੁੰਚੇ ਤਾਂ ਉਹਨਾਂ ਨੇ ਕੋਲਿਆਂ ਦੀ ਅੱਗ ਉੱਤੇ ਮੱਛੀ ਰੱਖੀ ਹੋਈ ਅਤੇ ਨਾਲ ਰੋਟੀ ਰੱਖੀ ਦੇਖੀ...ਯਿਸੂ ਨੇ ਚੇਲਿਆਂ ਨੂੰ ਕਿਹਾ, "ਆਓ, ਨਾਸ਼ਤਾ ਕਰੋ।" ਚੇਲਿਆਂ ਵਿੱਚੋਂ ਕਿਸੇ ਨੂੰ ਇਹ ਹੌਸਲਾ ਨਾ ਹੋਇਆ ਕਿ ਯਿਸੂ ਤੋਂ ਪੁੱਛਣ, "ਤੁਸੀਂ ਕੌਣ ਹੋ?" ਕਿਉਂਕਿ ਉਹ ਜਾਣਦੇ ਸਨ ਕਿ ਉਹ ਪ੍ਰਭੂ ਹਨ। ਇਸ ਲਈ ਯਿਸੂ ਅੱਗੇ ਵਧੇ ਅਤੇ ਰੋਟੀ ਲੈ ਕੇ ਉਹਨਾਂ ਨੂੰ ਦਿੱਤੀ ਅਤੇ ਇਸੇ ਤਰ੍ਹਾਂ ਮੱਛੀ ਵੀ। [ਯੂਹੰਨਾ 21:9,12-13]

ਮਸੀਹ ਦੀ ਉਦਾਹਰਣ ਤੋਂ ਇਲਾਵਾ, ਇਸ ਗੱਲ ਦੀ ਪੁਸ਼ਟੀ ਕਰਨ ਦੀਆਂ ਬਹੁਤ ਸਾਰੀਆਂ ਆਇਤਾਂ ਹਨ ਕਿ ਮਹਿਮਾਮਈ ਸਰੀਰ ਵਿੱਚ ਵੀ ਭੋਜਨ ਖਾਣ ਦਾ ਅਭਿਆਸ ਜਾਰੀ ਰਹੇਗਾ (ਰਾਜ ਵਿੱਚ ਮੈਅ ਪੀਣਾ, ਲੂਕਾ 22:16, 18; ਮੇਮਣੇ ਦੇ ਵਿਆਹ ਦਾ ਭੋਜ, ਪ੍ਰਕਾਸ਼ 19:9; ਅਤੇ ਜੀਵਨ ਦੇ ਪਾਣੀ ਦੀ ਨਦੀ ਅਤੇ ਜੀਵਨ ਦਾ ਰੁੱਖ ਜਿਸ ਨੂੰ 12 ਕਿਸਮਾਂ ਦੇ ਫਲ ਲੱਗਦੇ ਹਨ, ਪ੍ਰਕਾਸ਼ 2:7; 22:2, 17)। ਜੀਅ-ਉੱਠੇ ਸਰੀਰ ਨੂੰ ਭੋਜਨ ਦੀ ਜ਼ਰੂਰਤ ਨਹੀਂ ਹੋਵੇਗੀ, ਪਰ ਇਹ ਸਰੀਰ ਭੋਜਨ ਨੂੰ ਖਾ ਸਕਦਾ ਹੈ, ਅਤੇ ਉਸ ਦਾ ਆਨੰਦ ਲੈ ਸਕਦਾ ਹੈ।

#### b. ਮਾਸ ਅਤੇ ਹੱਡੀਆਂ ਦਾ ਸਰੀਰ

ਜੀਅ-ਉੱਠਿਆ ਸਰੀਰ ਇੱਕ ਆਤਮਿਕ ਸਰੀਰ ਹੈ (1 ਕੁਰਿੰਥ 15:44), ਪਰ ਅਜਿਹਾ ਨਾ ਮੰਨ ਲਿਆ ਜਾਵੇ ਕਿ ਉਹ ਇੱਕ ਭੂਤ

ਹੋਵੇਗਾ। ਇਹ ਇੱਕ ਅਜਿਹੇ ਅਰਥ ਵਿੱਚ ਆਤਮਿਕ ਸਰੀਰ ਹੈ ਕਿ ਇਹ ਇੱਕ ਪਾਪ-ਰਹਿਤ ਵਾਤਾਵਰਣ ਦੇ ਅਨੁਕੂਲ ਹੋਵੇਗਾ, ਇੱਕ ਅਜਿਹਾ ਸਰੀਰ ਜੋ ਇੱਕ ਪਵਿੱਤਰ ਪਰਮੇਸ਼ਰ ਦੀ ਮੌਜੂਦਗੀ ਵਿੱਚ ਰਹਿਣ ਦੇ ਯੋਗ ਹੋਵੇਗਾ।[11] ਮਸੀਹ ਦਾ ਜੀਅ-ਉੱਠਿਆ ਸਰੀਰ ਮਾਸ ਅਤੇ ਹੱਡੀਆਂ ਦਾ ਬਣਿਆ ਹੋਇਆ ਸੀ। ਮਸੀਹ ਥੋਮਾ ਨੂੰ ਆਪਣੇ ਹੱਥਾਂ ਅਤੇ ਵੱਖੀ ਦੇ ਨਿਸ਼ਾਨ ਦਿਖਾ ਸਕਦੇ ਸਨ ਅਤੇ ਮਸੀਹ ਨੂੰ ਆਪਣੇ ਉਤਸੁਕ ਚੇਲਿਆਂ ਨੂੰ ਆਪਣੇ ਸਰੀਰ ਨੂੰ ਛੂਹਣ ਤੋਂ ਰੋਕਣ ਦਾ ਹੁਕਮ ਦੇਣਾ ਪਿਆ ਸੀ। ਮਹਿਮਾਮਈ ਸਥਿਤੀ ਸਰੀਰ-ਰਹਿਤ ਹੋਣਾ ਨਹੀਂ ਬਲਕਿ ਇੱਕ ਸਰੀਰ ਵਿੱਚ ਸੰਪੂਰਨ ਹੋਣਾ ਹੋਵੇਗੀ।

> ਅਚਾਨਕ ਯਿਸੂ ਨੇ ਉਹਨਾਂ ਨੂੰ ਦਰਸ਼ਨ ਦੇ ਕੇ ਕਿਹਾ, "ਤੁਹਾਨੂੰ ਸ਼ਾਂਤੀ ਮਿਲੇ!" ਉਹ ਯਿਸੂ ਕੋਲ ਆਈਆਂ ਅਤੇ ਉਹਨਾਂ ਦੇ **ਚਰਨ** ਛੂਹ ਕੇ ਉਹਨਾਂ ਨੂੰ ਮੱਥਾ ਟੇਕਿਆ। [ਮੱਤੀ 28:9]
>
> "ਮੇਰੇ ਹੱਥ ਪੈਰ ਦੇਖੋ, ਮੈਂ ਹੀ ਹਾਂ। ਮੈਨੂੰ ਹੱਥ ਲਾ ਕੇ ਦੇਖੋ ਕਿਉਂਕਿ ਭੂਤ ਦੇ **ਮਾਸ ਅਤੇ ਹੱਡੀਆਂ** ਨਹੀਂ ਹੁੰਦੀਆਂ ਜਿਸ ਤਰ੍ਹਾਂ ਤੁਸੀਂ ਮੇਰੇ ਵਿੱਚ ਦੇਖ ਰਹੇ ਹੋ।" [ਲੂਕਾ 24:39]
>
> ਯਿਸੂ ਨੇ ਉਸ ਨੂੰ ਕਿਹਾ, "**ਮੈਨੂੰ ਨਾ ਛੂਹ** ਕਿਉਂਕਿ ਮੈਂ ਅਜੇ ਉੱਪਰ ਪਿਤਾ ਦੇ ਕੋਲ ਨਹੀਂ ਗਿਆ ਹਾਂ..." [ਯੂਹੰਨਾ 20:17]
>
> ਇਸ ਦੇ ਬਾਅਦ ਯਿਸੂ ਨੇ ਥੋਮਾ ਨੂੰ ਕਿਹਾ, "ਆਪਣੀ ਉਂਗਲੀ ਇੱਥੇ ਲਿਆ, ਦੇਖ ਮੇਰੇ **ਹੱਥ** ਅਤੇ ਆਪਣਾ ਹੱਥ ਮੇਰੀ **ਵੱਖੀ** ਵਿੱਚ ਪਾ ਕੇ ਦੇਖ। ਆਪਣੇ ਸ਼ੱਕ ਨੂੰ ਦੂਰ ਕਰ ਅਤੇ ਵਿਸ਼ਵਾਸ ਕਰ!" [ਯੂਹੰਨਾ 20:27]

### c. ਬਿਨਾਂ ਕਿਸੇ ਰੁਕਾਵਟ ਦੇ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਦੀ ਯੋਗਤਾ

ਆਪਣੇ ਜੀਅ-ਉੱਠਣ ਤੋਂ ਬਾਅਦ ਦੀ ਸੇਵਕਾਈ ਦੌਰਾਨ ਪ੍ਰਭੂ ਨੇ ਆਪਣੇ ਚੇਲਿਆਂ ਉੱਤੇ ਇੱਕ ਡੂੰਘਾ ਪ੍ਰਭਾਵ ਪਾਇਆ ਸੀ। ਉਹ ਕੰਧਾਂ ਵਿੱਚੋਂ ਲੰਘ ਕੇ ਆਏ (ਯੂਹੰਨਾ 20:19, 26; ਲੂਕਾ 24:36)। ਉਹ ਇਮਾਉਸ ਦੇ ਰਾਹ ਵਿੱਚ ਅਲੋਪ ਹੋ ਗਏ ਸਨ (ਲੂਕਾ 24:31)। ਅਤੇ ਸਵਰਗ ਜਾਣ ਸਮੇਂ ਉਹਨਾਂ ਨੇ ਗੁਰੂਤਾ-ਆਕਰਸ਼ਣ ਦੇ ਸਿਧਾਂਤ ਨੂੰ ਅਸਫਲ ਕਰ ਦਿੱਤਾ ਸੀ (ਰਸੂਲਾਂ 1:9)।

ਇਹਨਾਂ ਯੋਗਤਾਵਾਂ ਦਾ ਸੰਬੰਧ ਉਹਨਾਂ ਦੀ ਮਨੁੱਖਤਾ ਦੀ ਬਜਾਏ ਸ਼ਾਇਦ ਉਹਨਾਂ ਦੇ ਪਰਮੇਸ਼ਰ ਹੋਣ ਨਾਲ ਹੋ ਸਕਦਾ ਹੈ, ਪਰ ਬਹੁਤ ਸਾਰੇ ਕੱਟੜਵਾਦੀ ਬਾਈਬਲ ਦੇ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਮਹਿਮਾਮਈ ਸਰੀਰ ਵਿੱਚ ਵਿਸ਼ਵਾਸੀ ਗਤੀ ਨਾਲ ਯਾਤਰਾ ਕਰ ਸਕਣਗੇ, ਜਿਸ ਵਿੱਚ ਭੌਤਿਕ ਵਸਤੂ ਜਾਂ ਗੁਰੂਤਾ-ਆਕਰਸ਼ਣ ਕੋਈ ਰੁਕਾਵਟ ਪੈਦਾ ਨਹੀਂ ਕਰ ਸਕਣਗੇ।

ਇਬਰਾਨੀਆਂ ਅਧਿਆਇ 2 ਦੱਸਦਾ ਹੈ ਕਿ ਇੱਕ ਦਿਨ ਵਿਸ਼ਵਾਸੀ ਸਵਰਗਦੂਤਾਂ ਨਾਲੋਂ ਉੱਤਮ ਹੋਣਗੇ। ਸਾਰੇ ਸਰਾਪ ਦੇ ਹਟਾਏ ਜਾਣ ਅਤੇ ਕਿਉਂਕਿ ਖ਼ੁਦ ਮਸੀਹ ਸਾਡੇ ਗੁਰੂ ਹਨ, ਇਸ ਲਈ ਇਹ ਇੱਕ ਤਰਕਪੂਰਣ ਸਿੱਟਾ ਹੈ ਕਿ ਸਵਰਗ ਵਿੱਚ ਮਨੁੱਖ ਆਪਣੀਆਂ ਸੱਚੀਆਂ ਮਾਨਸਿਕ ਅਤੇ ਸਰੀਰਕ ਯੋਗਤਾਵਾਂ ਨੂੰ ਪ੍ਰਾਪਤ ਕਰ ਲੈਣਗੇ। ਜਿਵੇਂ ਕਿ ਕੁਝ ਝੂਠੇ ਮਸੀਹੀ-ਵਿਚਾਰ ਸਿਖਾਉਂਦੇ ਹਨ, ਵਿਸ਼ਵਾਸੀ "ਦੇਵਤੇ" ਨਹੀਂ ਬਣ ਜਾਣਗੇ, ਪਰ ਬਾਈਬਲ ਇੱਕ ਅਜਿਹੀ ਮਹਿਮਾਮਈ ਸਥਿਤੀ ਜ਼ਰੂਰ ਪੇਸ਼ ਕਰਦੀ ਹੈ ਜਿਸ ਦੀ ਅਸੀਂ ਹੁਣ ਕਲਪਨਾ ਵੀ ਨਹੀਂ ਕਰ ਸਕਦੇ ਹਾਂ।

## 2. ਜੀਅ-ਉੱਠੇ ਸਰੀਰ ਦੇ ਬਾਰੇ ਸਪੱਸ਼ਟ ਸਿੱਖਿਆਵਾਂ

### a. ਨਿਰੰਤਰਤਾ ਅਤੇ ਬਦਲਾਵ

ਜੀਅ-ਉੱਠੀ ਸਥਿਤੀ ਵਿੱਚ ਸਾਡੇ ਸਰੀਰ ਵੱਖਰੇ ਹੋਣਗੇ, ਪਰ ਫਿਰ ਵੀ ਇਸ ਵਿੱਚ ਸਾਡੇ ਸਰੀਰ ਦੀਆਂ ਸਮਾਨਤਾਵਾਂ ਪਾਈਆਂ ਜਾਣਗੀਆਂ। ਜੀਅ-ਉੱਠਣਾ ਇੱਕ ਬੀਜ ਦੀ ਤਰ੍ਹਾਂ ਹੁੰਦਾ ਹੈ, ਅਤੇ ਹੇਠਾਂ ਦਿੱਤੀਆਂ ਗਈਆਂ ਉਦਾਹਰਣਾਂ ਤੋਂ ਸਾਨੂੰ ਇਹੀ ਸੰਕੇਤ ਮਿਲਦਾ ਹੈ।

> ਹੋ ਸਕਦਾ ਹੈ ਕਿ ਤੁਹਾਡੇ ਵਿੱਚੋਂ ਕੋਈ ਪੁੱਛੇ, "ਮੁਰਦੇ ਕਿਸ ਹਾਲਤ ਵਿੱਚ ਜਿਊਂਦੇ ਕੀਤੇ ਜਾਂਦੇ ਹਨ? ਜਾਂ ਉਹਨਾਂ ਦੇ ਸਰੀਰ ਕਿਸ ਤਰ੍ਹਾਂ ਦੇ ਹੋਣਗੇ?" ਮੂਰਖ! ਜੋ ਕੁਝ ਤੁਸੀਂ ਬੀਜਦੇ ਹੋ, ਜਦੋਂ ਤੱਕ ਉਹ ਮਰਦਾ ਨਹੀਂ ਜਿਊਂਦਾ ਨਹੀਂ ਕੀਤਾ ਜਾਂਦਾ। ਜੋ ਕੁਝ ਤੁਸੀਂ ਬੀਜਦੇ ਹੋ, ਉਹ ਕੇਵਲ ਬੀਜ ਹੀ ਹੁੰਦਾ ਹੈ। ਕਣਕ ਨੂੰ ਜਾਂ ਕਿਸੇ ਹੋਰ ਅਨਾਜ ਨੂੰ ਤੁਸੀਂ ਪੂਰੇ ਪੌਦੇ ਦੇ ਰੂਪ ਵਿੱਚ ਨਹੀਂ ਬੀਜਦੇ ਹੋ, ਜੋ ਬਾਅਦ ਵਿੱਚ ਉੱਗਦਾ ਹੈ। ਪਰਮੇਸ਼ਰ ਆਪਣੀ ਇੱਛਾ ਅਨੁਸਾਰ ਉਸ ਨੂੰ ਸਰੀਰ ਦਿੰਦੇ ਹਨ, ਹਰ ਬੀਜ ਨੂੰ ਉਸ ਦਾ ਆਪਣਾ ਸਰੀਰ। [1 ਕੁਰਿੰਥ 15:35-38]
>
> ਯਿਸੂ ਨੇ ਉਹਨਾਂ ਨੂੰ ਉੱਤਰ ਦਿੱਤਾ, "ਮਨੁੱਖ ਦੇ ਪੁੱਤਰ ਦਾ ਮਹਿਮਾ ਪ੍ਰਾਪਤ ਕਰਨ ਦਾ ਸਮਾਂ ਆ ਗਿਆ ਹੈ। ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ, ਜਦੋਂ ਤੱਕ ਕਣਕ ਦਾ ਦਾਣਾ ਜ਼ਮੀਨ ਵਿੱਚ ਡਿੱਗ ਕੇ ਮਰ ਨਾ ਜਾਵੇ, ਉਹ ਇਕੱਲਾ ਹੀ ਰਹਿੰਦਾ ਹੈ ਪਰ ਜਦੋਂ ਉਹ ਮਰ ਜਾਂਦਾ ਹੈ ਤਾਂ ਉਹ ਬਹੁਤ ਫਲਦਾ ਹੈ।" [ਯੂਹੰਨਾ 12:23-24]

1 ਕੁਰਿੰਥ 15:36 ਵਿੱਚ, ਪੌਲੁਸ ਉਹਨਾਂ ਲੋਕਾਂ ਪ੍ਰਤੀ ਜ਼ਿਆਦਾ ਧੀਰਜ ਪ੍ਰਗਟ ਨਹੀਂ ਕਰਦਾ ਹੈ, ਜੋ ਵਿਸ ਵਾਸੀਆਂ ਦੇ ਜੀਅ-ਉੱਠਣ ਤੋਂ

[11] ਇਹ ਦੇਖਣਾ ਦਿਲਚਸਪ ਹੈ ਕਿ ਲੂਕਾ 24:39 ਵਿੱਚ ਪ੍ਰਭੂ ਯਿਸੂ ਨੇ ਖ਼ੁਦ ਅਪਣਾ ਵਰਣਨ ਇੱਕ "ਮਾਸ ਅਤੇ ਹੱਡੀਆਂ" ਵਾਲੇ ਵਿਅਕਤੀ ਦੇ ਰੂਪ ਵਿੱਚ ਕੀਤਾ ਹੈ। 1 ਕੁਰਿੰਥ 15:50 ਦੱਸਦਾ ਹੈ, "ਮਾਸ ਅਤੇ ਖ਼ੂਨ ਪਰਮੇਸ਼ਰ ਦੇ ਰਾਜ ਦੇ ਅਧਿਕਾਰੀ ਨਹੀਂ ਹੋ ਸਕਦੇ ਹਨ।" ਕੀ ਜੀਅ-ਉੱਠਿਆ ਸਰੀਰ ਖ਼ੂਨ ਤੋਂ ਬਿਨਾਂ ਹੋਵੇਗਾ?

ਇਨਕਾਰ ਕਰਦੇ ਹਨ। ਉਹ ਉਹਨਾਂ ਨੂੰ ਮੂਰਖ ਕਹਿੰਦਾ ਹੈ ਅਤੇ ਉਹਨਾਂ ਨੂੰ ਬੀਜਾਂ ਦੇ ਰੂਪ ਬਾਰੇ ਵਿਚਾਰ ਕਰਨ ਲਈ ਕਹਿੰਦਾ ਹੈ। ਕੋਈ ਵੀ ਪੂਰੀ ਤਰ੍ਹਾਂ ਇਹ ਨਹੀਂ ਸਮਝ ਸਕਦਾ ਹੈ ਕਿ ਇੱਕ ਬੀਜ ਕਿਵੇਂ ਕੰਮ ਕਰਦਾ ਹੈ, ਪਰ ਹਰ ਕੋਈ ਇਹ ਜ਼ਰੂਰ ਜਾਣਦਾ ਹੈ ਕਿ ਇਹ ਕੰਮ ਕਰਦਾ ਹੈ। ਮਿਸਰ ਦੀਆਂ ਕਬਰਾਂ ਵਿੱਚੋਂ ਵੀ ਜਿਹੜੇ ਹਜ਼ਾਰਾਂ ਸਾਲ ਪੁਰਾਣੇ ਬੀਜ ਮਿਲੇ, ਉਹ ਵੀ ਫਿਰ ਤੋਂ ਫੁੱਟ ਜਾਣ ਦੀ ਯੋਗਤਾ ਰੱਖਦੇ ਹਨ। ਜੀਅ-ਉੱਠਣ ਦੇ ਬਾਰੇ ਹਰ ਵੇਰਵੇ ਨੂੰ ਨਾ ਸਮਝ ਪਾਉਣ ਅਤੇ ਹਰੇਕ ਸਵਾਲ ਦਾ ਜਵਾਬ ਨਾ ਦੇਣ ਦੀ ਸਾਡੀ ਅਯੋਗਤਾ ਜੀਅ-ਉੱਠਣ ਦੀ ਸੱਚਾਈ ਨੂੰ ਉਵੇਂ ਰੱਦ ਨਹੀਂ ਕਰਦੀ ਹੈ ਜਿਵੇਂ ਬੀਜ ਦੇ ਸੜਨ ਅਤੇ ਵਿਕਾਸ ਦੀ ਵਿਆਖਿਆ ਕਰਨ ਵਿੱਚ ਸਾਡੀ ਅਯੋਗਤਾ ਇਸ ਸਪੱਸ਼ਟ ਤੱਥ ਨੂੰ ਰੱਦ ਨਹੀਂ ਕਰਦੀ ਹੈ ਕਿ ਇਹ ਕੰਮ ਕਰਦਾ ਹੈ। ਜੇਕਰ ਇੱਕ ਵਿਅਕਤੀ ਸੇਬ ਉਗਾਉਂਦਾ ਹੈ, ਤਾਂ ਇਸ ਦਾ ਨਤੀਜਾ ਸੇਬ ਦਾ ਰੁੱਖ ਹੀ ਹੋਵੇਗਾ, ਜਿਸ ਦੀਆਂ ਜੜ੍ਹਾਂ, ਸ਼ਾਖਾਵਾਂ, ਅਤੇ ਪੱਤੇ ਵੀ ਹੋਣਗੇ। ਇੱਕ ਬੀਜ ਦੀ "ਮੌਤ" ਦਾ ਨਤੀਜਾ ਇੱਕ ਬਦਲਾਵ ਅਤੇ ਅਤੀਤ ਦੀਆਂ ਗੱਲਾਂ ਦਾ ਅੱਗੇ ਵੱਧਣਾ ਦੋਵੇਂ ਹੀ ਹੁੰਦਾ ਹੈ। ਜਦੋਂ ਜ਼ਮੀਨ ਵਿੱਚ ਬੀਜ ਬੀਜਿਆ ਜਾਂਦਾ ਹੈ, ਤਾਂ ਉਸ ਵਿੱਚ ਜੜ੍ਹ, ਡੰਡੀ, ਪੱਤੇ, ਫਲ ਅਤੇ ਅਨਾਜ ਦੇ ਹੋਰ ਬੀਜ ਉੱਗਦੇ ਹਨ। ਇੱਥੇ ਇੱਕ ਬਦਲਾਵ ਅਤੇ ਅਤੀਤ ਦੀਆਂ ਗੱਲਾਂ ਦਾ ਅੱਗੇ ਵੱਧਣਾ ਦੋਵੇਂ ਦਿਖਾਈ ਦਿੰਦੇ ਹਨ।

ਜਿਵੇਂ ਇੱਕ ਕੁਦਰਤੀ ਬੀਜ ਦੀ ਪ੍ਰਕਿਰਿਆ ਵਿੱਚ ਹੁੰਦਾ ਹੈ, ਉਸੇ ਤਰ੍ਹਾਂ ਵਿਸ਼ਵਾਸੀਆਂ ਦੇ ਜੀਅ-ਉੱਠੇ ਸਰੀਰ ਸਾਡੇ ਮੌਜੂਦਾ ਸਰੀਰਾਂ ਵਰਗੇ ਹੀ ਹੋਣਗੇ; ਉਹ ਸਮਾਨ ਹੋਣਗੇ, ਪਰ ਇੱਕੋ ਜਿਹੇ ਨਹੀਂ ਹੋਣਗੇ! ਮਸੀਹ ਦੇ ਜੀਅ-ਉੱਠੇ ਸਰੀਰ ਉੱਤੇ ਵਿਚਾਰ ਕਰੋ। ਇਹ ਪੁਰਾਣੇ ਸਰੀਰ ਦੇ ਵਾਂਗ ਹੀ ਸੀ ਪਰ ਵੱਖਰਾ ਸੀ। ਜਿੰਨੇ ਲੋਕਾਂ ਨੇ ਪ੍ਰਭੂ ਨੂੰ ਦੇਖਿਆ ਸੀ, ਉਹਨਾਂ ਨੇ ਪ੍ਰਭੂ ਨੂੰ ਇੱਕ ਮਨੁੱਖ ਦੇ ਰੂਪ ਵਿੱਚ ਹੀ ਪਛਾਣਿਆ ਸੀ। ਉਹਨਾਂ ਦੇ ਮਹਿਮਾਮਈ ਸਰੀਰ ਵਿੱਚ ਸਾਰੇ ਆਮ ਮਨੁੱਖੀ ਅੰਗ ਸਨ। ਉਹ ਤੁਰਦੇ ਸਨ, ਗੱਲਾਂ ਕਰਦੇ ਸਨ, ਅਤੇ ਖਾਣਾ ਖਾਂਦੇ ਸਨ। ਫਿਰ ਵੀ, ਅਤੀਤ ਦੇ ਨਾਲ ਇੱਕ ਸਮਾਨਤਾ ਦੇ ਹੋਣ ਨਾਲ-ਨਾਲ, ਪ੍ਰਭੂ ਬਹੁਤ ਵੱਖਰੇ ਵੀ ਸਨ। ਹਾਲਾਂਕਿ ਦੂਜੇ ਲੋਕਾਂ ਨੇ ਉਹਨਾਂ ਨੂੰ ਇੱਕ ਮਨੁੱਖ ਦੇ ਰੂਪ ਵਿੱਚ ਤਾਂ ਪਛਾਣਿਆ ਸੀ, ਪਰ ਉਹ ਪ੍ਰਭੂ ਨੂੰ ਉਸੇ ਪੁਰਾਣੇ ਯਿਸੂ ਦੇ ਰੂਪ ਵਿੱਚ ਨਹੀਂ ਪਹਿਚਾਣ ਪਾਏ ਸਨ।[12] ਕੁਝ ਸਮੇਂ ਬਾਅਦ ਹੀ ਉਹਨਾਂ ਨੇ ਮਸੀਹ ਨੂੰ ਪਛਾਣਿਆ ਸੀ। ਹਾਲਾਂਕਿ ਬਹੁਤ ਹੱਦ ਤੱਕ ਅਤੀਤ ਦੇ ਕੁਝ ਪਹਿਲੂ ਜਾਰੀ ਰਹੇ ਸਨ, ਪਰ ਬਹੁਤ ਸਾਰੇ ਵੱਡੇ ਬਦਲਾਵ ਵੀ ਹੋਏ ਸਨ।

ਬੀਜਾਂ ਦਾ ਰੂਪ ਅਤੇ ਮਸੀਹ ਦੇ ਮਹਿਮਾਮਈ ਸਰੀਰ ਦਾ ਰੂਪ ਸਾਨੂੰ ਇਹ ਉਮੀਦ ਕਰਨ ਵਾਲੇ ਬਣਾਉਂਦਾ ਹੈ ਕਿ ਸਾਡੇ ਜੀਅ-ਉੱਠੇ ਸਰੀਰ ਦੀਆਂ ਸਾਡੇ ਇਸ ਸਰੀਰ ਦੇ ਨਾਲ ਕੁਝ ਸਮਾਨਤਾਵਾਂ ਹੋਣਗੀਆਂ। ਫਿਰ ਵੀ, ਕੁਝ ਗੱਲਾਂ ਵਿੱਚ ਬਹੁਤ ਜ਼ਿਆਦਾ ਤਬਦੀਲੀਆਂ ਹੋਣਗੀਆਂ। ਉਸ ਸਰੀਰ ਦੀ ਸੰਪੂਰਨਤਾ ਸਾਡੀ ਮੌਜੂਦਾ ਸਥਿਤੀ ਤੋਂ ਇੰਨੀ ਜ਼ਿਆਦਾ ਵੱਖਰੀ ਹੋਵੇਗੀ ਕਿ ਸਾਡਾ ਇੱਕ-ਦੂਜੇ ਨੂੰ ਪਹਿਚਾਨਣਾ ਤੁਰੰਤ ਅਤੇ ਸਪੱਸ਼ਟ ਹੋਣ ਦੀ ਬਜਾਏ ਧੁੰਦਲਾ ਅਤੇ ਅਸਪੱਸ਼ਟ ਹੋਵੇਗਾ (ਲੂਕਾ 24:16,31; ਯੂਹੰਨਾ 20:14-16; 21:4,12)।

### b. ਸ਼ਖ਼ਸੀਅਤ ਅਤੇ ਵਿਭਿੰਨਤਾ

> ਪਰਮੇਸ਼ਰ ਆਪਣੀ ਇੱਛਾ ਅਨੁਸਾਰ ਉਸ ਨੂੰ ਸਰੀਰ ਦਿੰਦੇ ਹਨ, **ਹਰ** ਬੀਜ ਨੂੰ ਉਸ ਦਾ **ਆਪਣਾ ਸਰੀਰ**। ਸਾਰੇ ਸਰੀਰ ਇੱਕ ਹੀ ਤਰ੍ਹਾਂ ਦੇ ਨਹੀਂ ਹਨ, ਮਨੁੱਖਾਂ ਦੇ ਹੋਰ, ਪਸ਼ੂਆਂ ਦੇ ਹੋਰ ਅਤੇ ਪੰਛੀਆਂ ਦੇ ਹੋਰ। ਫਿਰ ਸਵਰਗੀ ਸਰੀਰ ਵੱਖ ਹਨ ਅਤੇ ਸੰਸਾਰਕ ਵੱਖ। ਇਸ ਤਰ੍ਹਾਂ ਇਹਨਾਂ ਦਾ ਪ੍ਰਤਾਪ ਵੀ ਵੱਖ-ਵੱਖ ਹੈ ਸੂਰਜ ਦਾ ਪ੍ਰਤਾਪ ਆਪਣਾ, ਚੰਦ ਦਾ ਆਪਣਾ, ਤਾਰਿਆਂ ਦਾ ਆਪਣਾ, ਬੇਸ਼ਕ ਤਾਰਿਆਂ ਵਿੱਚ ਵੀ ਆਪਣੇ ਪ੍ਰਤਾਪ ਦੀ ਭਿੰਨਤਾ ਹੈ। ਜਦੋਂ ਮੁਰਦੇ **ਜਿਊਂਦੇ ਕੀਤੇ ਜਾਣਗੇ**...[1 ਕੁਰਿੰਥ 15:38-42a]

ਜਿਸ ਤਰ੍ਹਾਂ ਵੱਖਰੇ-ਵੱਖਰੇ ਗ੍ਰਹਿ ਹੁੰਦੇ ਹਨ, ਉਸੇ ਤਰ੍ਹਾਂ ਭਵਿੱਖ ਵਿੱਚ ਜੀਅ-ਉੱਠੇ ਸਰੀਰਾਂ ਵਿੱਚ ਵੀ ਵਿਭਿੰਨਤਾਵਾਂ ਅਤੇ ਸ਼ਖ਼ਸੀਅਤਾਂ ਹੋਣਗੀਆਂ। ਸਵਰਗ ਵਿੱਚ ਇੱਕੋ-ਜਿਹੇ ਲੋਕ ਨਹੀਂ ਹੋਣਗੇ। ਇੱਥੇ ਇੱਕ ਛਪਾਈ ਤੋਂ ਛਪੀਆਂ ਹੋਈਆਂ ਇੱਕੋ-ਜਿਹੀਆਂ ਅਖ਼ਬਾਰਾਂ ਦੀ ਤਰ੍ਹਾਂ ਇੱਕੋ ਜਿਹੇ ਲੋਕ ਨਹੀਂ ਹੋਣਗੇ। ਉੱਥੇ ਵਿਭਿੰਨਤਾ ਅਤੇ ਵਿਅਕਤਿਤਵ ਦੋਵੇਂ ਹੋਣਗੇ। ਇਹ ਮੰਨਣ ਦਾ ਵੀ ਕਾਰਨ ਹੈ ਕਿ ਆਪਣੀ ਮਹਿਮਾਮਈ ਸਥਿਤੀ ਵਿੱਚ ਮਨੁੱਖ-ਜਾਤੀ ਆਪਣੀ ਨਸਲੀ ਵਿਭਿੰਨਤਾ ਨੂੰ ਵੀ ਬਣਾਈ ਰੱਖੇਗੀ (ਹੇਠਾਂ ਦਿੱਤਾ ਭਾਗ 3, "ਨਸਲੀ ਵਿਭਿੰਨਤਾ " ਦੇਖੋ)।

### c. ਸਮੇਂ ਦੀ ਮਿਆਦ ਵਿੱਚ ਸੰਪੂਰਨਤਾ: ਇੱਕ ਅਮਰ ਸਰੀਰ

> ... ਬੀਜ ਦਾ ਸਰੀਰ ਵੀ ਮਰਨਹਾਰ ਹਾਲਤ ਵਿੱਚ ਦੱਬਿਆ ਜਾਂਦਾ ਹੈ, ਪਰ **ਅਮਰ ਹਾਲਤ** ਵਿੱਚ ਜਿਊਂਦਾ ਕੀਤਾ ਜਾਂਦਾ ਹੈ। [1 ਕੁਰਿੰਥ 15:42b]

ਬਾਈਬਲ ਸਿੱਖਿਅਕ ਪੁਨਰ-ਸਥਾਪਨਾ ਅਤੇ ਜੀਅ-ਉੱਠਣ ਵਿਚਕਾਰ ਇੱਕ ਜਾਇਜ਼ ਫ਼ਰਕ ਕਰਦੇ ਹਨ। ਹਾਲਾਂਕਿ ਇਹਨਾਂ ਸ਼ਬਦਾਂ ਨੂੰ ਕੁਝ ਹੱਦ ਤੱਕ ਇੱਕ-ਦੂਜੇ ਦੀ ਜਗ੍ਹਾ ਤੇ ਵਰਤਿਆ ਜਾਂਦਾ ਹੈ, ਪਰ ਇਹ ਸੱਚ ਹੈ ਕਿ ਜਿਹਨਾਂ ਨੂੰ ਨਬੀ, ਰਸੂਲ, ਜਾਂ ਮਸੀਹ ਨੇ ਮੁਰਦਿਆਂ ਵਿੱਚੋਂ ਜਿਊਂਦਾ ਕੀਤਾ ਸੀ, ਅਤੇ ਜਿਹਨਾਂ ਨੂੰ ਅੰਤ ਦੇ ਸਮੇਂ ਜੀਅ ਉਠਾਇਆ ਜਾਵੇਗਾ, ਉਹਨਾਂ ਵਿਚਕਾਰ ਬਹੁਤ ਵੱਡਾ ਅੰਤਰ ਹੈ। ਪਹਿਲੇ ਵਰਗ ਦੇ ਲੋਕ ਦੁਬਾਰਾ ਮਰ ਗਏ ਸਨ। ਦੂਜੇ ਵਰਗ ਦੇ ਲੋਕ ਅਮਰ ਹਨ। ਅੰਤਿਮ ਸੰਸਕਾਰ, ਕਬਰਸਤਾਨ, ਸੋਗ, ਦੁਬਾਰਾ ਕਦੇ ਵੀ ਸਾਡੇ ਮਨੁੱਖੀ ਅਨੁਭਵ

[12] ਪ੍ਰਭੂ ਦੇ ਮਾਮਲੇ ਵਿੱਚ, ਉਹਨਾਂ ਨੂੰ ਨਾ ਪਹਿਚਾਉਣ ਪਾਉਣਾ ਦਾ ਅੰਨ੍ਹਾਪਣ ਪਰਮੇਸ਼ਰ ਦੀ ਵੱਲੋਂ ਸੀ (ਲੂਕਾ 24:16,31,35)।

ਦਾ ਹਿੱਸਾ ਨਹੀਂ ਹੋਣਗੇ।

ਪਰ ਜਿਹੜੇ ਇਸ ਯੋਗ ਗਿਣੇ ਜਾਂਦੇ ਹਨ ਕਿ ਉਹ ਉਸ ਯੁੱਗ ਨੂੰ ਅਤੇ ਮੁਰਦਿਆਂ ਦੇ ਪੁਨਰ-ਉਥਾਨ ਨੂੰ ਪ੍ਰਾਪਤ ਕਰਨ, ਉਹਨਾਂ ਵਿੱਚ ਵਿਆਹ ਨਹੀਂ ਹੋਣਗੇ। ਉਹ ਸਵਰਗਦੂਤਾਂ ਦੇ ਵਾਂਗ ਹੋਣਗੇ। ਇਸ ਲਈ **ਉਹਨਾਂ ਦੀ ਫਿਰ ਮੌਤ ਨਹੀਂ ਹੋਵੇਗੀ।** ਪੁਨਰ-ਉਥਾਨ ਦੀ ਸੰਤਾਨ ਹੋਣ ਕਰ ਕੇ, ਉਹ ਪਰਮੇਸ਼ਰ ਦੀ ਸੰਤਾਨ ਹਨ। [ਲੂਕਾ 20:35-36]

ਕਿਉਂਕਿ ਜੇਕਰ ਅਸੀਂ ਮਸੀਹ ਦੀ ਮੌਤ ਦੀ ਤਰ੍ਹਾਂ ਮਰ ਕੇ ਉਹਨਾਂ ਨਾਲ ਇੱਕ ਹੋਏ ਹਾਂ ਤਾਂ ਇਸੇ ਤਰ੍ਹਾਂ **ਉਹਨਾਂ ਦੀ ਤਰ੍ਹਾਂ ਜਿਊਂਦਾ ਹੋ ਕੇ ਵੀ ਉਹਨਾਂ ਨਾਲ ਇੱਕ ਹੋਵਾਂਗੇ**...ਅਸੀਂ ਇਹ ਵੀ ਜਾਣਦੇ ਹਾਂ ਕਿ ਮਸੀਹ ਮੁਰਦਿਆਂ ਵਿੱਚੋਂ ਜਿਊਂਦੇ ਕੀਤੇ ਗਏ ਹਨ ਅਤੇ **ਉਹ ਫਿਰ ਕਦੀ ਨਹੀਂ ਮਰਨਗੇ**। [ਰੋਮੀ 6:5,9]

ਆਖ਼ਰੀ ਵੈਰੀ ਜਿਸ ਦਾ ਨਾਸ਼ ਹੋਣਾ ਜ਼ਰੂਰੀ ਹੈ, ਮੌਤ ਹੈ...ਜਦੋਂ ਉਸ ਨੂੰ ਜਿਹੜਾ ਮੌਤ ਦੇ ਬੰਧਨ ਵਿੱਚ ਹੈ ਮੌਤ ਤੋਂ ਛੁਟਕਾਰਾ ਮਿਲ ਜਾਵੇਗਾ ਅਤੇ ਜਿਹੜਾ **ਮਰਨਹਾਰ** ਹੈ ਉਹ **ਅਮਰ** ਹੋ ਜਾਵੇਗਾ ਤਾਂ ਪਵਿੱਤਰ-ਗ੍ਰੰਥ ਦਾ ਇਹ ਵਚਨ ਸੱਚਾ ਸਿੱਧ ਹੋਵੇਗਾ, "ਮੌਤ ਜਿੱਤ ਵਿੱਚ ਬਦਲ ਗਈ! ਹੇ ਮੌਤ, ਕਿੱਥੇ ਹੈ ਤੇਰੀ ਜਿੱਤ? ਹੇ ਮੌਤ, ਕਿੱਥੇ ਹੈ ਤੇਰਾ ਡੰਗ?" ਮੌਤ ਦਾ ਡੰਗ ਪਾਪ ਹੈ ਅਤੇ ਪਾਪ ਦੀ ਸਮਰੱਥਾ ਵਿਵਸਥਾ ਹੈ। ਪਰ ਪਰਮੇਸ਼ਰ ਦਾ ਧੰਨਵਾਦ ਹੋਵੇ ਜਿਹੜੇ ਸਾਨੂੰ ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਜਿੱਤ ਦਿੰਦੇ ਹਨ। [1 ਕੁਰਿੰਥ 15:26, 54-57]

"ਉਹ ਉਹਨਾਂ ਦੀਆਂ ਅੱਖਾਂ ਦੇ ਸਾਰੇ ਹੰਝੂ ਪੂੰਝਣਗੇ। ਤਦ **ਮੌਤ**, ਕਿਸੇ ਤਰ੍ਹਾਂ ਦਾ ਸੋਗ ਜਾਂ ਰੋਣਾ ਅਤੇ ਪੀੜਾਂ **ਨਹੀਂ ਹੋਣਗੀਆਂ** ਕਿਉਂਕਿ ਪਹਿਲੀਆਂ ਚੀਜ਼ਾਂ ਜਾਂਦੀਆਂ ਰਹੀਆਂ।" [ਪ੍ਰਕਾਸ਼ 21:4]

### d. ਦਿੱਖਣ ਵਿੱਚ ਸੰਪੂਰਨਤਾ: ਇੱਕ ਮਹਿਮਾਮਈ ਸਰੀਰ

ਇਹ ਹੀਣ ਹਾਲਤ ਵਿੱਚ ਦੱਬਿਆ ਜਾਂਦਾ ਹੈ, ਪਰ **ਮਾਣ ਵਾਲੀ ਹਾਲਤ ਵਿੱਚ** ਜਿਊਂਦਾ ਕੀਤਾ ਜਾਂਦਾ ਹੈ...[1 ਕੁਰਿੰਥ 15:43a]

"ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੇ ਹੇਠਾਂ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਉਣ ਲਈ, ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਲਈ। ਪਰ ਉਹ ਜਿਹੜੇ ਬੁੱਧਵਾਨ ਹਨ **ਅੰਬਰ ਦੇ ਪਰਕਾਸ਼ ਵਾਂਗੂੰ ਚਮਕਣਗੇ** ਅਤੇ ਉਹ ਜਿਹਨਾਂ ਦੇ ਉੱਦਮ ਨਾਲ ਢੇਰ ਸਾਰੇ ਧਰਮੀ ਬਣ ਗਏ **ਤਾਰਿਆਂ ਵਾਂਗੂੰ** ਜੁੱਗੋ-ਜੁੱਗ ਤੱਕ ਚਮਕਣਗੇ।" [ਦਾਨੀ 12:2-3]

"ਉਸ ਸਮੇਂ ਨੇਕ ਲੋਕ ਆਪਣੇ ਪਿਤਾ ਦੇ ਰਾਜ ਵਿੱਚ **ਸੂਰਜ ਵਾਂਗ ਚਮਕਣਗੇ**। ਜਿਸ ਦੇ ਕੋਲ ਕੰਨ ਹਨ, ਉਹ ਸੁਣੇ।" [ਮੱਤੀ 13:43]

ਉਹਨਾਂ ਦੇ ਰਾਹੀਂ ਵਿਸ਼ਵਾਸ ਦੁਆਰਾ ਅਸੀਂ ਪਰਮੇਸ਼ਰ ਦੀ ਕਿਰਪਾ ਤੱਕ ਪਹੁੰਚੇ ਜਿਸ ਵਿੱਚ ਅਸੀਂ ਇਸ ਸਮੇਂ ਖੜ੍ਹੇ ਹਾਂ। ਇਸ ਲਈ ਆਓ, ਅਸੀਂ ਪਰਮੇਸ਼ਰ ਦੀ **ਮਹਿਮਾ** ਦੇ ਹਿੱਸੇਦਾਰ ਹੋਣ ਦੀ ਆਸ ਦੇ ਲਈ ਮਾਣ ਕਰੀਏ। [ਰੋਮੀ 5:2]

ਮੈਂ ਸੋਚਦਾ ਹਾਂ ਕਿ ਜਿਹੜਾ ਦੁੱਖ ਅਸੀਂ ਇਸ ਸਮੇਂ ਸਹਿ ਰਹੇ ਹਾਂ, ਉਹ ਸਾਡੇ ਉੱਤੇ **ਅੱਗੇ ਪ੍ਰਗਟ ਹੋਣ ਵਾਲੀ ਮਹਿਮਾ** ਦੇ ਮੁਕਾਬਲੇ ਵਿੱਚ ਕੁਝ ਵੀ ਨਹੀਂ ਹਨ...ਅਸੀਂ ਜਾਣਦੇ ਹਾਂ ਕਿ ਸਾਰੀ ਸ੍ਰਿਸ਼ਟੀ ਹੁਣ ਤੱਕ ਜਣੇਪੇ ਦੀਆਂ ਪੀੜਾਂ ਦੇ ਨਾਲ ਕਰਾਹ ਰਹੀ ਹੈ। ਕੇਵਲ ਸ੍ਰਿਸ਼ਟੀ ਹੀ ਨਹੀਂ ਸਗੋਂ ਅਸੀਂ ਵੀ ਜਿਹਨਾਂ ਨੂੰ ਆਤਮਾ ਦਾ ਪਹਿਲਾ ਵਰਦਾਨ ਮਿਲਿਆ ਹੈ, ਆਪਣੇ ਅੰਦਰ ਹੀ ਅੰਦਰ ਕਰਾਹਉਂਦੇ ਹਾਂ ਅਤੇ ਪਰਮੇਸ਼ਰ ਦੇ ਗੋਦ ਲੈਣ ਦੀ ਅਤੇ ਸਾਡੇ **ਸਰੀਰਕ ਬੰਧਨਾਂ ਤੋਂ ਛੁਟਕਾਰੇ** ਦੀ ਉਮੀਦ ਕਰਦੇ ਹਾਂ। [ਰੋਮੀ 8:18, 22-23]

ਮਸੀਹ ਹੀ ਤੁਹਾਡਾ ਅਸਲ ਜੀਵਨ ਹਨ ਇਸ ਲਈ ਜਦੋਂ ਉਹ ਦੁਬਾਰਾ ਆਉਣਗੇ ਤਾਂ ਤੁਸੀਂ ਵੀ ਉਹਨਾਂ ਦੇ ਨਾਲ ਆਵੋਗੇ ਅਤੇ **ਉਹਨਾਂ ਦੀ ਮਹਿਮਾ ਦੇ ਹਿੱਸੇਦਾਰ ਬਣੋਗੇ**। [ਕੁਲੁੱਸੀ 3:4]

ਸਾਰੇ ਮਨੁੱਖਾਂ ਦੇ ਸਰੂਪ ਵਿੱਚ ਕੋਈ ਨਾ ਕੋਈ ਕਮੀ ਹੁੰਦੀ ਹੈ। ਮਰਿਆ ਹੋਇਆ ਕੋਈ ਵੀ ਵਿਅਕਤੀ ਚੰਗਾ ਦਿਖਾਈ ਨਹੀਂ ਦਿੰਦਾ ਹੈ। ਭਿਆਨਕ ਬਿਮਾਰੀਆਂ, ਬੁਢਾਪਾ, ਦੁਰਘਟਨਾਵਾਂ, ਯੁੱਧਾਂ ਦੇ ਨਤੀਜਿਆਂ ਵਜੋਂ ਅਜਿਹੀਆਂ ਲਾਸ਼ਾਂ ਮਿਲਦੀਆਂ ਹਨ ਜਿਹਨਾਂ ਦਾ ਸਰੂਪ ਬਹੁਤ ਬੁਰਾ ਹੁੰਦਾ ਹੈ। ਫਿਰ ਵੀ, ਕੋਈ ਵੀ ਵਿਸ਼ਵਾਸੀ ਇੱਕ ਸੜੀ, ਖਰਾਬ, ਸੁਗੜਨ ਵਾਲੀ ਸਥਿਤੀ ਵਿੱਚ ਨਹੀਂ ਰਹੇਗਾ, ਕਿਉਂਕਿ ਜੀਅ-ਉੱਠਣਾ ਮਹਿਮਾ ਲਿਆਉਂਦਾ, ਅਤੇ ਇੱਕ ਸੰਪੂਰਨ ਸਰੂਪ ਪ੍ਰਦਾਨ ਕਰਦਾ ਹੈ। ਵਿਸ਼ਵਾਸੀ ਹਰੇਕ ਤਰ੍ਹਾਂ ਦੇ ਦੋਸ਼, ਕਮਜ਼ੋਰੀ, ਜਾਂ ਦਾਗ ਤੋਂ ਮੁਕਤ ਹੋ ਜਾਣਗੇ (ਇਸ ਵਿੱਚ ਸ਼ਾਇਦ ਮਸੀਹ ਹੀ ਵੱਖਰੇ ਹੋਣਗੇ, ਕਿਉਂਕਿ ਉਹਨਾਂ ਦੇ ਦਾਗ਼ ਵਿੱਚ ਉਹਨਾਂ ਦੇ ਬਲੀਦਾਨ ਦੇ ਪਿਆਰ ਦੇ ਸਬੂਤ ਹਨ, ਜੋ ਅਸਲ ਵਿੱਚ ਕਮੀ ਨਹੀਂ ਬਲਕਿ ਪਿਆਰ ਅਤੇ ਜਿੱਤ ਦੇ ਨਿਸ਼ਾਨ ਮੰਨੇ ਜਾਂਦੇ ਹਨ)।

ਇਹ ਹੋ ਸਕਦਾ ਹੈ ਕਿ ਕੁਝ ਵਿਸ਼ਵਾਸੀਆਂ ਵਿੱਚ ਪਰਮੇਸ਼ਰ ਦੀ ਮਹਿਮਾ ਨੂੰ ਦਰਸਾਉਣ ਦੀ ਯੋਗਤਾ ਦੂਜਿਆਂ ਨਾਲੋਂ ਜ਼ਿਆਦਾ ਹੋਵੇ। ਇਹ ਮੁੱਦਾ ਇਨਾਮਾਂ ਦੇ ਮੁੱਦੇ ਨਾਲ ਮੇਲ ਖਾਂਦਾ ਹੈ। 1 ਕੁਰਿੰਥ 15:41 ਵਿੱਚ, ਪੌਲੁਸ ਇਹ ਸਿਖਾਉਂਦਾ ਹੈ ਕਿ "ਤਾਰਿਆਂ ਵਿੱਚ ਵੀ ਅਪਣੇ ਪ੍ਰਤਾਪ ਦੀ ਭਿੰਨਤਾ

ਹੈ", ਉਹ ਅੱਗੇ ਕਹਿੰਦਾ ਹੈ, "ਜਿਊਂਦੇ ਕੀਤੇ ਗਏ ਮੁਰਦੇ ਇਸ ਤਰ੍ਹਾਂ ਹੋਣਗੇ" (ਆਇਤ 42)। ਦਾਨੀਏਲ 12:2-3 ਵੀ ਜੀਅ-ਉੱਠੇ ਸਰੀਰ ਦੀ ਤੁਲਨਾ ਤਾਰਿਆਂ ਦੇ ਪ੍ਰਤਾਪ ਨਾਲ ਕਰਦਾ ਹੈ। ਮਸੀਹ ਵਿੱਚ ਭਰੋਸਾ ਰੱਖਣ ਵਾਲੇ ਸਾਰੇ ਲੋਕ ਜੀਅ-ਉੱਠੇ ਮਹਿਮਾਮਈ ਸਰੀਰ ਨੂੰ ਪ੍ਰਾਪਤ ਕਰਨਗੇ। ਫਿਰ ਵੀ, ਇਸ ਵਿੱਚ ਇਸ ਸੰਭਾਵਨਾ ਨੂੰ ਸ਼ਾਮਲ ਕਰਨਾ ਵਧੀਆ ਹੈ ਕਿ ਹਰੇਕ ਵਿਸ਼ਵਾਸੀ ਦੀ ਮਹਿਮਾ ਦੀ ਮਾਤਰਾ ਇੱਕੋ-ਜਿਹੀ ਨਹੀਂ ਹੋਵੇਗੀ, ਉਵੇਂ ਹੀ ਜਿਵੇਂ ਤਾਰਿਆਂ ਦਾ ਇੱਕੋ ਜਿਹਾ ਪ੍ਰਤਾਪ ਨਹੀਂ ਹੁੰਦਾ ਹੈ। ਉਹ ਵਿਸ਼ਵਾਸੀ ਜਿਹਨਾਂ ਨੂੰ ਵੱਡਾ ਇਨਾਮ ਮਿਲੇਗਾ, ਉਹਨਾਂ ਨੂੰ ਸ਼ਾਇਦ ਉਹਨਾਂ ਦੇ ਜੀਅ ਉੱਠੇ ਸਰੀਰ ਵਿੱਚ ਜ਼ਿਆਦਾ ਮਹਿਮਾ ਦਿੱਤੀ ਜਾਵੇਗੀ। ਅਜਿਹੀ ਵਧੀ ਹੋਈ ਮਹਿਮਾ ਹੰਕਾਰ ਪੈਦਾ ਨਹੀਂ ਕਰੇਗੀ। ਮਨੁੱਖ ਨੂੰ ਪਰਮੇਸ਼ਰ ਨੂੰ ਮਹਿਮਾ ਦੇਣ ਦੇ ਲਈ ਸਿਰਜਿਆ ਗਿਆ ਸੀ (ਪ੍ਰਕਾਸ਼ 4:11)। ਮਸੀਹ ਦੀ ਮਹਿਮਾ ਨੂੰ ਦਰਸਾਉਣ ਦੀ ਜ਼ਿਆਦਾ ਯੋਗਤਾ ਨੂੰ ਸਵਰਗ ਵਿੱਚ ਇੱਕ ਬਹੁਤ ਹੀ ਕੀਮਤੀ ਇਨਾਮ ਅਤੇ ਇੱਕ ਸ਼ਾਨਦਾਰ ਅਧਿਕਾਰ ਵਜੋਂ ਮੰਨਿਆ ਜਾਵੇਗਾ। ਸਵਰਗ ਵਿੱਚ ਇਸ ਵਰਤਮਾਨ ਸੰਸਾਰ ਦੀਆਂ ਕਦਰਾਂ-ਕੀਮਤਾਂ ਵਾਂਗ ਨਹੀਂ ਹੋਵੇਗਾ, ਜਿੱਥੇ ਪੈਸੇ, ਅਹੁਦੇ, ਰੂਪ, ਅਤੇ ਪ੍ਰਸਿੱਧੀ ਨੂੰ ਮਸੀਹ ਦੀ ਮਹਿਮਾ ਨਾਲੋਂ ਵਧੇਰੇ ਮਹੱਤਵਪੂਰਣ ਮੰਨਿਆ ਜਾਂਦਾ ਹੈ। ਉੱਥੇ ਕਿਸੇ ਨੂੰ ਵੀ ਇਸ ਗੱਲ ਦੀ ਪਰਵਾਹ ਨਹੀਂ ਹੋਵੇਗੀ ਕਿ ਧਰਤੀ ਉੱਤੇ ਕੌਣ ਜ਼ਿਆਦਾ ਅਮੀਰ ਅਤੇ ਪ੍ਰਸਿੱਧ ਸੀ। ਸਵਰਗ ਵਿੱਚ ਮਸੀਹ ਦੀ ਮਹਿਮਾ ਕਰਨਾ ਘੱਟ ਮੁੱਲ ਵਾਲਾ ਕੰਮ ਨਹੀਂ ਮੰਨਿਆ ਜਾਵੇਗਾ।

ਸਾਰੇ ਵਿਸ਼ਵਾਸੀ ਮਹਿਮਾਮਈ ਸਰੀਰ ਨੂੰ ਪ੍ਰਾਪਤ ਕਰਨਗੇ। ਇਹ ਸੱਚਮੁੱਚ ਚਮਕਦਾਰ, ਸ਼ਾਨ, ਅਤੇ ਚਾਨਣ ਨਾਲ ਭਰਪੂਰ ਹੋਵੇਗਾ। ਅਸੀਂ ਮਸੀਹ ਦੀ ਮਹਿਮਾ ਨੂੰ "ਸਾਂਝਾ" ਕਰਕੇ ਸੂਰਜ ਦੀ ਤਰ੍ਹਾਂ ਚਮਕਾਂਗੇ (ਕੁਲੁੱਸੀ 3:4)। ਜੇਕਰ ਅਸੀਂ ਇਸ ਨੂੰ ਹੁਣ ਦੇਖ ਪਾਉਂਦੇ, ਤਾਂ ਸ਼ਾਇਦ ਅਸੀਂ ਇਸ ਅਨੁਭਵ ਨੂੰ ਸਹਿਣ ਨਾ ਕਰ ਪਾਉਂਦੇ (ਪ੍ਰਕਾਸ਼ 1:17)। ਫਿਰ ਵੀ, ਜਿਹੜੇ ਲੋਕ ਇਸ ਧਰਤੀ ਉੱਤੇ ਮਸੀਹ ਦੀ ਮਹਿਮਾ ਪ੍ਰਗਟ ਕਰਨ ਦੇ ਲਈ ਜਿਊਂਦੇ ਹਨ, ਉਹਨਾਂ ਨੂੰ ਸਵਰਗ ਵਿੱਚ ਅਪਣੇ ਮਹਿਮਾ ਵਾਲੇ ਸਰੀਰਾਂ ਦੁਆਰਾ ਮਸੀਹ ਦੀ ਮਹਿਮਾ ਨੂੰ ਹੋਰ ਵੀ ਜ਼ਿਆਦਾ ਪ੍ਰਗਟ ਕਰਨ ਦਾ ਅਧਿਕਾਰ ਮਿਲੇਗਾ। ਅਜਿਹੇ ਵਿਅਕਤੀ ਬਹੁਤ ਖੁਸ਼ ਹੋਣਗੇ ਕਿ ਉਹ ਧਰਤੀ ਉੱਤੇ ਮਸੀਹ ਦੀ ਮਹਿਮਾ ਕਰਨ ਲਈ ਜਿਊਂਦੇ ਸਨ।

### e. ਦ੍ਰਿੜਤਾ ਵਿੱਚ ਸੰਪੂਰਨਤਾ: ਇੱਕ ਸ਼ਕਤੀਸ਼ਾਲੀ ਸਰੀਰ

> … ਇਹ ਨਿਰਬਲ ਹਾਲਤ ਵਿੱਚ ਦੱਬਿਆ ਜਾਂਦਾ ਹੈ, ਪਰ **ਸ਼ਕਤੀਸ਼ਾਲੀ** ਹਾਲਤ ਵਿੱਚ ਜਿਊਂਦਾ ਕੀਤਾ ਜਾਂਦਾ ਹੈ [1 ਕੁਰਿੰਥ 15:43b]

*ਕਮਜ਼ੋਰੀ* ਦੇ ਲਈ ਯੂਨਾਨੀ ਸ਼ਬਦ ਦਾ ਅਨੁਵਾਦ ਸ਼ਕਤੀਹੀਣ ਵੀ ਹੋ ਸਕਦਾ ਹੈ ਜਿਸ ਵਿੱਚ ਬਿਮਾਰੀ ਦਾ ਵਿਚਾਰ ਸ਼ਾਮਲ ਹੈ (ਰੋਮੀ 8:22; 2 ਕੁਰਿੰਥ 5:2)। ਇਸ ਦੇ ਉਲਟ, ਜੀਅ-ਉੱਠਣ ਵਾਲਾ ਸਰੀਰ ਦੁੱਖ ਅਤੇ ਦਰਦ ਸਹਿਣ ਤੋਂ ਪੂਰੀ ਤਰ੍ਹਾਂ ਅਯੋਗ ਹੋਵੇਗਾ (ਪ੍ਰਕਾਸ਼ 21:4)। ਉਸ ਦੀ ਕਦੇ ਊਰਜਾ ਘੱਟ ਨਹੀਂ ਹੋਵੇਗੀ। ਉਹ ਕਦੇ ਬਿਮਾਰ ਨਹੀਂ ਹੋਵੇਗਾ। ਅਪਾਹਜ ਲੋਕ ਇੱਕ ਪੂਰੇ ਸਰੀਰ ਵਿੱਚ ਜੀਅ ਉੱਠਣਗੇ। ਇਹ ਹੋ ਸਕਦਾ ਹੈ ਕਿ ਬੱਚੇ ਬਾਲਗ ਅਵਸਥਾ ਵਿੱਚ ਅਤੇ ਬੁਜ਼ਰਗ ਨੌਜਵਾਨਾਂ ਵਾਲੇ ਜੋਸ਼ ਵਿੱਚ ਜੀਅ ਉੱਠਣਗੇ। ਸਦੀਪਕ ਕਾਲ ਵਿੱਚ ਹਸਪਤਾਲ, ਨਰਸਿੰਗ ਹੋਮ, ਅਤੇ ਸਿਹਤ-ਸੰਭਾਲ ਮੌਜੂਦ ਨਹੀਂ ਹੋਣਗੇ।

### f. ਆਤਮਿਕਤਾ ਵਿੱਚ ਸੰਪੂਰਨਤਾ: ਆਤਮਿਕ ਸਰੀਰ

> ਇਹ ਸੰਸਾਰਕ ਸਰੀਰ ਨਾਲ ਦੱਬਿਆ ਜਾਂਦਾ ਪਰ **ਆਤਮਿਕ** ਸਰੀਰ ਨਾਲ ਜਿਊਂਦਾ ਕੀਤਾ ਜਾਂਦਾ ਹੈ…[1 ਕੁਰਿੰਥ 15:44]

ਹਾਲਾਂਕਿ 1 ਕੁਰਿੰਥ 15:44 ਇਹ ਸਿਖਾਉਂਦਾ ਹੈ ਕਿ ਜੀਅ ਉੱਠਿਆ ਸਰੀਰ ਆਤਮਿਕ ਸਰੀਰ ਹੋਵੇਗਾ, ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਵਿਸ਼ਵਾਸੀ ਭੂਤਾਂ ਦੀ ਤਰ੍ਹਾਂ ਆਤਮਾਵਾਂ ਹੋਣਗੇ। ਮਸੀਹ ਨੇ ਖ਼ੁਦ ਇੱਕ ਸਪੱਸ਼ਟ ਰੂਪ ਵਿੱਚ ਇਹ ਕਿਹਾ ਸੀ ਕਿ ਜੀਅ-ਉੱਠੇ ਸਰੀਰ ਦਾ ਇਹ ਰੂਪ ਨਹੀਂ ਸੀ।

> ਜਦੋਂ ਉਹ ਇਹ ਗੱਲਾਂ ਦੱਸ ਹੀ ਰਹੇ ਸਨ ਕਿ ਯਿਸੂ ਆਪ ਉਹਨਾਂ ਦੇ ਵਿਚਕਾਰ ਆ ਖੜ੍ਹੇ ਹੋਏ। ਉਹਨਾਂ ਨੇ ਚੇਲਿਆਂ ਨੂੰ ਕਿਹਾ, "ਤੁਹਾਨੂੰ ਸ਼ਾਂਤੀ ਮਿਲੇ।" ਪਰ ਉਹ ਡਰ ਨਾਲ ਸਹਿਮ ਗਏ ਅਤੇ ਉਹ ਸੋਚਣ ਲੱਗੇ ਕਿ ਉਹ ਭੂਤ ਨੂੰ ਦੇਖ ਰਹੇ ਹਨ। ਯਿਸੂ ਨੇ ਉਹਨਾਂ ਨੂੰ ਕਿਹਾ, "ਤੁਸੀਂ ਕਿਉਂ ਘਬਰਾ ਗਏ ਹੋ? ਤੁਹਾਡੇ ਦਿਲਾਂ ਵਿੱਚ ਸ਼ੱਕ ਕਿਉਂ ਆ ਰਿਹਾ ਹੈ? ਮੇਰੇ ਹੱਥ ਪੈਰ ਦੇਖੋ, ਮੈਂ ਹੀ ਹਾਂ। ਮੈਨੂੰ ਹੱਥ ਲਾ ਕੇ ਦੇਖੋ ਕਿਉਂਕਿ ਭੂਤ ਦੇ ਮਾਸ ਅਤੇ ਹੱਡੀਆਂ ਨਹੀਂ ਹੁੰਦੀਆਂ ਜਿਸ ਤਰ੍ਹਾਂ ਤੁਸੀਂ ਮੇਰੇ ਵਿੱਚ ਦੇਖ ਰਹੇ ਹੋ।" [ਲੂਕਾ 24:36-39]

ਵਾਕਾਂਸ਼ "ਆਤਮਿਕ ਸਰੀਰ" ਤੋਂ ਪੌਲੁਸ ਦਾ ਕਹਿਣ ਦਾ ਅਰਥ ਇੱਕ ਅਜਿਹਾ ਸਰੀਰ ਹੈ ਜੋ ਪੂਰੀ ਤਰ੍ਹਾਂ ਆਤਮਿਕਤਾ ਦੇ ਅਨੁਕੂਲ ਹੈ (ਅਰਥਾਤ, ਇੱਕ ਅਜਿਹਾ ਸਰੀਰ ਜੋ ਪਾਪ ਰਹਿਤ ਸਿੱਧ ਵਾਤਾਵਰਣ ਦੇ ਨਾਲ ਪੂਰੀ ਤਰ੍ਹਾਂ ਅਨੁਕੂਲ ਹੈ)। ਕੁਦਰਤੀ ਸਰੀਰ ਇਸ ਧਰਤੀ ਦੇ ਵਾਤਾਵਰਣ ਦੇ ਅਨੁਕੂਲ ਹੈ ਜਿੱਥੇ ਇਹ ਬੁਰਾਈ ਨਾਲ ਘਿਰਿਆ ਹੋਇਆ ਹੈ ਅਤੇ ਇਸ ਦੇ ਅਧੀਨ ਹੋ ਸਕਦਾ ਹੈ। ਜੀਅ-ਉੱਠਣ ਤੋਂ ਬਾਅਦ, ਇੱਕ ਵਿਸ਼ਵਾਸੀ ਦਾ ਸਰੀਰ ਇੱਕ ਪਾਪੀ ਸੁਭਾਅ ਤੋਂ ਪ੍ਰਭਾਵਿਤ ਨਹੀਂ ਹੋ ਸਕੇਗਾ। ਇਹ ਇੱਕ ਅਜਿਹਾ ਆਤਮਿਕ ਸਰੀਰ ਹੋਵੇਗਾ ਜਿਸ ਦਾ ਸੁਭਾਅ ਸੰਸਾਰਿਕ ਸੁਭਾਅ ਵਾਲੇ ਸਰੀਰ ਦੇ ਉਲਟ ਹੋਵੇਗਾ।

### g. ਵਿਆਹ ਅਤੇ ਬੱਚੇ

ਝੂਠੇ ਧਰਮਾਂ ਅਤੇ ਝੂਠੇ ਮਸੀਹੀ ਪੰਥਾਂ ਦੇ ਅਜਿਹੇ ਦਾਅਵਿਆਂ ਦੇ ਬਾਵਜੂਦ ਕਿ ਸਵਰਗ ਇੱਕ ਅਪਸਰਾਵਾਂ ਜਾਂ ਹੂਰਾਂ ਵਾਲੀ ਜਗ੍ਹਾ

ਹੋਵੇਗਾ, ਬਾਈਬਲ ਇਸ ਬਾਰੇ ਬਹੁਤ ਸਪੱਸ਼ਟ ਹੈ ਕਿ ਵਿਆਹ ਇੱਕ ਧਰਤੀ ਦਾ ਸੰਬੰਧ ਹੈ ਜੋ ਮੌਤ ਦੇ ਸਮੇਂ ਟੁੱਟ ਜਾਂਦਾ ਹੈ (ਰੋਮੀ 7:3; 1 ਕੁਰਿੰਥ 7:39)। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਧਰਤੀ ਉੱਤੇ ਸਾਡੇ ਪਰਿਵਾਰਕ ਰਿਸ਼ਤਿਆਂ ਨੂੰ ਭੁਲਾਇਆ ਨਹੀਂ ਜਾਵੇਗਾ, ਅਤੇ ਸਾਡੇ ਰਿਸ਼ਤੇਦਾਰਾਂ ਦੇ ਲਈ ਸਾਡਾ ਪਿਆਰ ਘੱਟ ਹੋਣ ਦੀ ਬਜਾਏ ਵੱਧ ਜਾਵੇਗਾ। ਪਰ, ਸਵਰਗ ਵਿੱਚ ਵਿਸ਼ਵਾਸ ਕਰਨ ਵਾਲੇ ਇੱਕ ਹੀ ਪਰਿਵਾਰ ਦਾ ਹਿੱਸਾ ਹੋਣਗੇ। ਫਿਰ ਵੀ, ਸਵਰਗ ਵਿੱਚ ਵਿਸ਼ਵਾਸੀ ਅਸਲ ਵਿੱਚ ਇੱਕ ਹੀ ਪਰਿਵਾਰ ਦਾ ਹਿੱਸਾ ਹੋਣਗੇ। ਕੋਈ ਵਿਆਹ ਨਹੀਂ ਹੋਵੇਗਾ, ਕੋਈ ਔਰਤ ਗਰਭਵਤੀ ਨਹੀਂ ਹੋਵੇਗੀ, ਅਤੇ ਬੱਚਿਆਂ ਦਾ ਜਨਮ ਨਹੀਂ ਹੋਵੇਗਾ।

> ਯਿਸੂ ਨੇ ਉਹਨਾਂ ਨੂੰ ਕਿਹਾ, "ਇਸ ਯੁੱਗ ਵਿੱਚ ਆਦਮੀਆਂ ਅਤੇ ਔਰਤਾਂ ਵਿੱਚ ਵਿਆਹ ਹੁੰਦੇ ਹਨ। ਪਰ ਜਿਹੜੇ ਇਸ ਯੋਗ ਗਿਣੇ ਜਾਂਦੇ ਹਨ ਕਿ ਉਹ ਉਸ ਯੁੱਗ ਨੂੰ ਅਤੇ ਮੁਰਦਿਆਂ ਦੇ ਪੁਨਰ-ਉਥਾਨ ਨੂੰ ਪ੍ਰਾਪਤ ਕਰਨ, **ਉਹਨਾਂ ਵਿੱਚ ਵਿਆਹ ਨਹੀਂ ਹੋਣਗੇ।**" [ਲੂਕਾ 20:34-35] (ਮੱਤੀ 22:30 ਵੀ ਦੇਖੋ)

### 3. ਸਵਰਗ ਬਾਰੇ ਵਚਨਾਂ ਤੋਂ ਜੀਅ-ਉੱਠਣ ਦੇ ਬਾਰੇ ਸਿੱਟੇ

ਪ੍ਰਕਾਸ਼ ਦੀ ਪੋਥੀ ਅਧਿਆਇ 21 ਅਤੇ 22 ਸਵਰਗ ਦੇ ਬਾਰੇ ਬਾਈਬਲ ਦੀ ਸਭ ਤੋਂ ਵਿਸਤ੍ਰਿਤ ਸਿੱਖਿਆ ਦਿੰਦੇ ਹਨ। ਇਸ ਦੇ ਕੁਝ ਵੇਰਵਿਆਂ ਵਿੱਚੋਂ ਵਿਸ਼ਵਾਸੀਆਂ ਦੇ ਜੀਅ-ਉੱਠੇ ਸਰੀਰ ਦੇ ਬਾਰੇ ਕੁਝ ਸੰਕੇਤ ਮਿਲਦੇ ਹਨ।

#### a. ਨਸਲੀ ਵਿਭਿੰਨਤਾ

ਕੌਮਾਂ ਦੇ ਲਈ ਯੂਨਾਨੀ ਸ਼ਬਦ *ਐਥਨਾ* ਹੈ ਜਿਸ ਤੋਂ ਜਿਸ ਤੋਂ ਸਾਨੂੰ ਸ਼ਬਦ *ਐਥਨਿਕ/ਨਸਲ* ਮਿਲਦਾ ਹੈ। ਇਹ ਸੰਭਵ ਹੈ ਕਿ ਜੀਅ-ਉੱਠਣ ਵਾਲੀ ਮਨੁੱਖਤਾ ਵੀ ਵੱਖ-ਵੱਖ ਨਸਲੀ ਸਮੂਹਾਂ ਵਿੱਚ ਵੰਡੀ ਹੋਵੇ।

> ਸਾਰੀਆਂ **ਕੌਮਾਂ** ਇਸ ਦੇ ਚਾਨਣ ਵਿੱਚ ਚੱਲਣਗੀਆਂ ਅਤੇ ਧਰਤੀ ਦੇ ਰਾਜੇ ਆਪਣੀਆਂ ਸ਼ਾਨ ਵਾਲੀਆਂ ਚੀਜ਼ਾਂ ਇਸ ਵਿੱਚ ਲੈ ਕੇ ਆਉਣਗੇ...ਸਾਰੀਆਂ **ਕੌਮਾਂ** ਦੀਆਂ ਸ਼ਾਨ ਅਤੇ ਵਡਿਆਈ ਵਾਲੀਆਂ ਚੀਜ਼ਾਂ ਉਸ ਵਿੱਚ ਲਿਆਂਦੀਆਂ ਜਾਣਗੀਆਂ... [ਪ੍ਰਕਾਸ਼ 21:24,26;22:2]

#### b. ਆਰਾਮ ਕਰਨ ਦੀ ਲੋੜ ਨਹੀਂ

ਕਿਉਂਕਿ ਸਦੀਪਕ ਰਾਜ ਵਿੱਚ ਰਾਤ ਨਹੀਂ ਹੋਵੇਗੀ, ਇਸ ਲਈ ਇਹ ਸੱਚਾਈ ਸ਼ਾਇਦ ਇਹ ਦਰਸਾਉਂਦੀ ਹੈ ਕਿ ਮਹਿਮਾਮਈ ਲੋਕਾਂ ਨੂੰ ਕਿਸੇ ਤਰ੍ਹਾਂ ਦੇ ਆਰਾਮ ਦੀ ਕੋਈ ਲੋੜ ਨਹੀਂ ਹੋਵੇਗੀ।

> **ਅੱਗੇ ਤੋਂ ਰਾਤ ਨਹੀਂ ਹੋਵੇਗੀ**, ਇਸ ਲਈ ਉਹਨਾਂ ਨੂੰ ਦੀਵੇ ਜਾਂ ਸੂਰਜ ਦੇ ਚਾਨਣ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਪ੍ਰਭੂ ਪਰਮੇਸ਼ਰ ਆਪ ਉਹਨਾਂ ਦਾ ਚਾਨਣ ਹੋਣਗੇ ਅਤੇ ਉਹ ਅਨੰਤਕਾਲ ਤੱਕ ਰਾਜ ਕਰਨਗੇ। [ਪ੍ਰਕਾਸ਼ 22:5]

#### c. ਪ੍ਰਭੂ ਦਾ ਨਾਮ

ਕਈ ਆਇਤਾਂ ਇਹ ਸੰਕੇਤ ਦਿੰਦੀਆਂ ਹਨ ਕਿ ਮਹਿਮਾਮਈ ਵਿਸ਼ਵਾਸੀਆਂ ਉੱਤੇ ਕਿਸੇ ਤਰੀਕੇ ਨਾਲ ਮਸੀਹ ਦਾ ਨਾਮ ਲਿਖਿਆ ਜਾਵੇਗਾ।

> "ਜਿਹੜਾ ਜਿੱਤ ਪ੍ਰਾਪਤ ਕਰਦਾ ਹੈ, ਮੈਂ ਉਸ ਨੂੰ ਆਪਣੇ ਪਰਮੇਸ਼ਰ ਦੇ ਹੈਕਲ ਵਿੱਚ ਇੱਕ ਥੰਮ੍ਹ ਬਣਾਵਾਂਗਾ ਅਤੇ ਉਹ ਉਸ ਦੇ ਬਾਅਦ ਕਦੀ ਬਾਹਰ ਨਹੀਂ ਜਾਵੇਗਾ। **ਮੈਂ ਉਸ ਦੇ ਉੱਤੇ ਆਪਣੇ ਪਰਮੇਸ਼ਰ ਦਾ ਨਾਮ** ਅਤੇ ਆਪਣੇ ਪਰਮੇਸ਼ਰ ਦੇ ਸ਼ਹਿਰ ਦਾ ਨਾਂ **ਲਿਖਾਂਗਾ**, ਉਸ ਨਵੇਂ ਯਰੂਸ਼ਲਮ ਸ਼ਹਿਰ ਦਾ ਨਾਂ ਜਿਹੜਾ ਸਵਰਗ ਵਿੱਚੋਂ ਮੇਰੇ ਪਰਮੇਸ਼ਰ ਦੇ ਕੋਲੋਂ ਹੇਠਾਂ ਉਤਰੇਗਾ। ਮੈਂ ਆਪਣਾ ਨਵਾਂ ਨਾਮ ਉਸ ਦੇ ਉੱਤੇ ਵੀ ਲਿਖਾਂਗਾ।" [ਪ੍ਰਕਾਸ਼ 3:12]
>
> ਉਹ ਉਹਨਾਂ ਦਾ ਚਿਹਰਾ ਦੇਖਣਗੇ ਅਤੇ **ਪਰਮੇਸ਼ਰ ਦਾ ਨਾਮ ਉਹਨਾਂ ਦੇ ਮੱਥਿਆਂ ਉੱਤੇ ਲਿਖਿਆ ਹੋਵੇਗਾ**। [ਪ੍ਰਕਾਸ਼ 22:4]

#### d. ਕੰਮ

ਇਹ ਸੱਚਾਈ ਕਿ ਸਵਰਗੀ ਸ਼ਹਿਰ ਕਦੇ ਵੀ ਆਪਣੇ ਦਰਵਾਜ਼ੇ ਬੰਦ ਨਹੀਂ ਕਰਦਾ ਹੈ, ਇਹ ਦਰਸਾਉਂਦੀ ਹੈ ਕਿ ਜੀਅ-ਉੱਠੇ ਹੋਏ ਵਿਸ਼ਵਾਸੀ ਕੁਝ ਕੰਮ ਕਰਨ ਦੇ ਲਈ ਆਉਣ-ਜਾਣ ਵਿੱਚ ਰੁਝੇ ਹੋਣਗੇ।

> ਉਸ ਸ਼ਹਿਰ ਦੇ ਦਰਵਾਜ਼ੇ ਹਰ ਸਮੇਂ ਖੁੱਲ੍ਹੇ ਰਹਿਣਗੇ ਉਹ ਕਦੇ ਵੀ ਬੰਦ ਨਹੀਂ ਹੋਣਗੇ ਕਿਉਂਕਿ ਉੱਥੇ ਕਦੀ ਵੀ ਰਾਤ ਨਹੀਂ ਹੋਵੇਗੀ। [ਪ੍ਰਕਾਸ਼ 21:25]

### IX. ਮਸੀਹ ਦੇ ਨਿਆਂ ਦਾ ਸਿੰਘਾਸਣ

ਰੈਪਚਰ ਤੋਂ ਬਾਅਦ (ਜਿਸ ਦੇ ਨਾਲ-ਨਾਲ ਜੀਅ-ਉੱਠਣਾ ਅਤੇ ਮਹਿਮਾਮਈ ਹੋਣਾ ਹੋਵੇਗਾ), ਵਿਸ਼ਵਾਸੀਆਂ ਦੇ ਲਈ ਅਗਲੀ ਘਟਨਾ ਮਸੀਹ ਦੇ ਨਿਆਂ ਦਾ ਸਿੰਘਾਸਣ ਹੋਵੇਗੀ। ਇਸ ਨਿਆਂ ਨੂੰ ਕਈ ਵਾਰ "ਬੇਮਾ ਸੀਟ" ਵੀ ਕਿਹਾ ਜਾਂਦਾ ਹੈ ਜੋ ਰੋਮੀ 14:10 ਅਤੇ 2 ਕੁਰਿੰਥ 5:10 ਵਿੱਚ ਵਰਤਿਆ ਗਿਆ ਹੈ। ਇਹ ਸ਼ਬਦ ਨਵੇਂ ਨੇਮ ਵਿੱਚ ਦਰਜ ਕਈ ਇਤਿਹਾਸਕ ਮੁਕੱਦਮਿਆਂ ਦੇ ਸੰਦਰਭ ਵਿੱਚ ਆਉਂਦਾ ਹੈ (ਪਿਲਾਤੁਸ ਦੇ ਸਾਹਮਣੇ ਮਸੀਹ, ਮੱਤੀ 27:19 ਅਤੇ ਯੂਹੰਨਾ 19:13; ਹੇਰੋਦੇਸ ਦਾ ਲੋਕਾਂ ਅੱਗੇ ਭਾਸ਼ਣ, ਰਸੂਲਾਂ 12:21; ਪੌਲੁਸ ਗੈਲਿਓ ਦੇ ਸਾਹਮਣੇ, ਰਸੂਲਾਂ 18:12,16,17, ਅਤੇ ਫ਼ੇਸਤੁਸ ਦੇ ਸਾਹਮਣੇ, ਰਸੂਲਾਂ 25:6,10,17)। ਹਾਲਾਂਕਿ ਵਿਸ਼ਵਾਸੀਆਂ ਦੇ ਨਿਆਂ ਦੇ ਵਿਸ਼ੇ ਵਿੱਚ ਦੌੜ ਦੇ ਮੁਕਾਬਲੇ ਦਾ ਚਿੱਤਰ ਦਿਖਾਈ ਦਿੰਦਾ ਹੈ (1 ਕੁਰਿੰਥ 9:24ff. ਵਿੱਚ ਮੁਕਟ ਦੇ ਲਈ ਵਰਤਿਆ ਗਿਆ ਸ਼ਬਦ, ਦੌੜ ਜਿੱਤਣ ਵਾਲੇ ਦੇ ਸਿਰ ਉੱਤੇ ਰੱਖਿਆ ਜਾਣ ਵਾਲਾ ਫੁੱਲਾਂ ਦਾ ਮੁਕਟ ਹੁੰਦਾ ਸੀ), ਪਰ ਸਾਨੂੰ ਮਸੀਹ ਦੇ ਨਿਆਂ ਦੇ ਸਿੰਘਾਸਣ ਨੂੰ ਜੇਤੂਆਂ ਨੂੰ ਮੁਕਟ ਦੇਣ ਵਾਲੇ ਜਸ਼ਨ

ਦੇ ਰੂਪ ਵਿੱਚ ਨਹੀਂ ਦੇਖਣਾ ਚਾਹੀਦਾ ਹੈ। ਨਵੇਂ ਨੇਮ ਵਿੱਚ ਸ਼ਬਦ "ਬੇਮਾ" ਮੁੱਖ ਤੌਰ ਤੇ ਨਿਆਂ ਵਿੱਚ ਹੋਣ ਵਾਲੇ ਸਖ਼ਤ ਮੁਲਾਂਕਣ ਦੇ ਲਈ ਵਰਤਿਆ ਗਿਆ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਵਿਸ਼ਵਾਸੀਆਂ ਨੂੰ ਨਿਆਂ ਦੇ ਸਿੰਘਾਸਣ ਦੇ ਅੱਗੇ ਆਪਣੀ ਮੁਕਤੀ ਦੇ ਨੁਕਸਾਨ ਦਾ ਡਰ ਹੋਵੇਗਾ, ਪਰ ਉਹਨਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਮੁਲਾਂਕਣ ਵਿੱਚ ਕੁਝ ਆਲੋਚਨਾ ਅਤੇ ਨਿਰਾਸ਼ ਕਰਨ ਵਾਲੀਆਂ ਗੱਲਾਂ ਵੀ ਸ਼ਾਮਲ ਹੋਣਗੀਆਂ। ਹਾਲਾਂਕਿ ਪਰਮੇਸ਼ਰ ਆਪਣੀ ਕਿਰਪਾ ਦੇ ਵਿੱਚ ਹਰੇਕ ਵਿਸ਼ਵਾਸੀ ਦੇ ਜੀਵਨ ਵਿੱਚ ਕੋਈ ਨਾ ਕੋਈ ਭਲਾਈ ਨੂੰ ਪਾਉਣਗੇ (1 ਕੁਰਿੰਥ 4:5), ਫਿਰ ਵੀ ਮਸੀਹ ਦੇ ਨਿਆਂ ਦਾ ਸਿੰਘਾਸਣ ਉਹਨਾਂ ਵਿਸ਼ਵਾਸੀਆਂ ਦੇ ਲਈ ਜਿੱਤ ਦਾ ਜਸ਼ਨ ਨਹੀਂ ਹੋਵੇਗਾ ਜਿਹਨਾਂ ਨੇ ਧਰਤੀ ਉੱਤੇ ਆਪਣੇ ਜੀਵਨ ਨੂੰ ਬਰਬਾਦ ਕੀਤਾ ਹੋਵੇਗਾ।

### A. ਮਸੀਹ ਦੇ ਨਿਆਂ ਦਾ ਸਮਾਂ

ਅਜਿਹੇ ਕਾਫ਼ੀ ਸਬੂਤ ਹਨ ਜਿਹਨਾਂ ਦੇ ਆਧਾਰ ਤੇ ਨਿਆਂ ਦੇ ਸਮੇਂ ਬਾਰੇ ਇੱਕ ਸਿੱਟਾ ਕੱਢਿਆ ਜਾ ਸਕਦਾ ਹੈ।

> "ਪਰ ਜਦੋਂ ਤੂੰ ਭੋਜ ਦੇਵੇਂ ਤਾਂ ਗਰੀਬਾਂ, ਅਪਾਹਜਾਂ, ਲੰਗੜਿਆਂ ਅਤੇ ਅੰਨ੍ਹਿਆਂ ਨੂੰ ਸੱਦਾ ਦੇ ਤਾਂ ਤੈਨੂੰ ਅਸੀਸ ਮਿਲੇਗੀ ਕਿਉਂਕਿ ਬਦਲਾ ਚੁਕਾਉਣ ਦੇ ਲਈ ਉਹਨਾਂ ਕੋਲ ਕੁਝ ਨਹੀਂ ਹੈ। ਇਸ ਦਾ ਬਦਲਾ ਤੈਨੂੰ ਉਸ ਵੇਲੇ ਮਿਲੇਗਾ ਜਦੋਂ ਪਰਮੇਸ਼ਰ ਨੇਕ ਲੋਕਾਂ ਨੂੰ **ਦੁਬਾਰਾ ਜਿਉਂਦਾ ਕਰਨਗੇ**।" [ਲੂਕਾ 14:13-14]
>
> ਇਸ ਲਈ ਠਹਿਰਾਏ ਹੋਏ ਸਮੇਂ ਤੋਂ ਪਹਿਲਾਂ, **ਪ੍ਰਭੂ ਦੇ ਆਉਣ ਤੱਕ** ਕੋਈ ਫ਼ੈਸਲਾ ਨਾ ਕਰੋ ਕਿਉਂਕਿ ਉਹ ਆਪ ਹਨੇਰੇ ਵਿੱਚ ਲੁਕੀਆਂ ਗੱਲਾਂ ਨੂੰ ਚਾਨਣ ਵਿੱਚ ਲਿਆਉਣਗੇ ਅਤੇ ਮਨੁੱਖਾਂ ਦੇ ਮਨਾਂ ਦੇ ਲੁਕੇ ਹੋਏ ਇਰਾਦਿਆਂ ਨੂੰ ਪ੍ਰਗਟ ਕਰਨਗੇ, ਤਦ ਹਰ ਆਦਮੀ ਪਰਮੇਸ਼ਰ ਕੋਲੋਂ ਆਪਣੀ ਵਡਿਆਈ ਪ੍ਰਾਪਤ ਕਰੇਗਾ। [1 ਕੁਰਿੰਥ 4:5]
>
> ਹੁਣ ਮੇਰੇ ਲਈ ਭਵਿੱਖ ਵਿੱਚ ਮਿਲਣ ਵਾਲਾ ਨੇਕੀ ਦਾ ਮੁਕਟ ਰੱਖਿਆ ਹੋਇਆ ਹੈ ਜਿਹੜਾ ਮੈਨੂੰ **ਨੇਕ ਨਿਆਂਕਾਰ ਪ੍ਰਭੂ, ਉਸ ਦਿਨ ਦੇਣਗੇ** ਅਤੇ ਇਹ ਕੇਵਲ ਮੈਨੂੰ ਹੀ ਨਹੀਂ ਸਗੋਂ ਉਹਨਾਂ ਸਾਰਿਆਂ ਨੂੰ ਮਿਲੇਗਾ ਜਿਹੜੇ ਪੂਰੀ ਸ਼ਰਧਾ ਦੇ ਨਾਲ **ਉਹਨਾਂ ਦੇ ਦੁਬਾਰਾ ਆਉਣ ਦੀ** ਉਡੀਕ ਵਿੱਚ ਹਨ। [2 ਤਿਮੋਥਿ 4:8]
>
> "ਯਿਸੂ ਨੇ ਕਿਹਾ, "ਦੇਖੋ! ਮੈਂ ਛੇਤੀ ਹੀ ਆ ਰਿਹਾ ਹਾਂ! ਹਰ ਮਨੁੱਖ ਨੂੰ ਉਸ ਦੇ ਕੰਮਾਂ ਦੇ ਅਨੁਸਾਰ ਦੇਣ ਦੇ ਲਈ **ਇਨਾਮ ਮੇਰੇ ਕੋਲ ਹੈ**।" [ਪ੍ਰਕਾਸ਼ 22:12]

ਲੂਕਾ 14:14 ਜੀਅ-ਉੱਠਣ ਨੂੰ ਇਨਾਮ ਦੇ ਨਾਲ ਜੋੜਦਾ ਹੈ। ਇਸ ਲਈ, ਇਹ ਸਿੱਟਾ ਕੱਢ ਸਕਦਾ ਹੈ ਕਿ ਕਿ ਜੀਅ-ਉੱਠਣਾ ਤੋਂ ਬਾਅਦ ਇਨਾਮ ਦਿੱਤੇ ਜਾਣਗੇ। ਕਲੀਸਿਯਾ ਦੇ ਸੰਤਾਂ ਦੇ ਲਈ ਇਸ ਦਾ ਅਰਥ ਹੈ ਕਿ ਮਸੀਹ ਦੁਆਰਾ ਨਿਆਂ ਰੈਪਚਰ ਤੋਂ ਬਾਅਦ ਹੋਵੇਗਾ। 1 ਕੁਰਿੰਥ 4:5 ਅਤੇ 2 ਤਿਮੋਥਿ 4:8 ਪ੍ਰਭੂ ਦੇ ਵਾਪਸ ਆਉਣ ਨੂੰ ਨਿਆਂ ਅਤੇ ਇਨਾਮ ਦਿੱਤੇ ਜਾਣ ਦੇ ਨਾਲ ਜੋੜਦੇ ਹਨ। ਅੰਤ ਵਿੱਚ, ਪ੍ਰਕਾਸ਼ 22:12 ਸ਼ਾਇਦ ਇਨਾਮ ਦੇ ਸਮੇਂ ਬਾਰੇ ਸਪੱਸ਼ਟ ਆਇਤ ਹੈ। ਕਿਉਂਕਿ ਪ੍ਰਭੂ ਦਾ ਵਾਪਸੀ ਇੱਕ ਇਨਾਮ ਲੈ ਕੇ ਆਵੇਗੀ, ਇਸ ਲਈ ਬਾਈਬਲ ਸਿੱਖਿਅਕ ਅਕਸਰ ਮਸੀਹ ਦੁਆਰਾ ਨਿਆਂ ਨੂੰ ਰੈਪਚਰ ਤੋਂ ਬਾਅਦ ਹੋਣ ਵਾਲੀ ਅਗਲੀ ਘਟਨਾ ਦੇ ਰੂਪ ਵਿੱਚ ਰੱਖਦੇ ਹਨ (ਰੈਪਚਰ ਕਲੀਸਿਯਾ ਦੇ ਲਈ ਅਗਲੀ ਘਟਨਾ ਹੈ। ਬੇਸ਼ੱਕ, ਧਰਤੀ ਦੇ ਲਈ ਇੱਕ ਬਿਪਤਾ ਦਾ ਸਮੇਂ ਹੋਵੇਗਾ)।[13]

### B. ਮਸੀਹ ਦੇ ਨਿਆਂ ਦੇ ਸਿੰਘਾਸਣ ਦਾ ਸਥਾਨ

ਬਾਈਬਲ ਨਿਆਂ ਦੇ ਸਥਾਨ ਦੇ ਬਾਰੇ ਕੋਈ ਸਪੱਸ਼ਟ ਸੰਕੇਤ ਨਹੀਂ ਦਿੰਦੀ ਹੈ। ਕਿਉਂਕਿ ਮਸੀਹ ਦੀ ਵਾਪਸੀ ਵਿਸ਼ਵਾਸੀਆਂ ਨੂੰ ਸਵਰਗ ਵਿੱਚ ਪਹੁੰਚਾਉਂਦੀ ਹੈ (ਯੂਹੰਨਾ 14:1ff), ਇਸ ਲਈ ਬਹੁਤ ਸਾਰੇ ਬਾਈਬਲ ਸਿੱਖਿਅਕ ਨਿਆਂ ਦੇ ਸਥਾਨ ਨੂੰ ਸਵਰਗ ਵਿੱਚ ਰੱਖਦੇ ਹਨ। ਇਹ ਕਹਿਣਾ ਜ਼ਿਆਦਾ ਸੁਰੱਖਿਅਤ ਹੋਵੇਗਾ ਕਿ ਇਹ ਨਿਆਂ ਧਰਤੀ ਉੱਤੇ ਨਹੀਂ ਹੋਵੇਗਾ।

### C. ਜੱਜ (ਨਿਆਂ ਕਰਨ ਵਾਲਾ)

ਇਹ ਸਪੱਸ਼ਟ ਹੈ ਕਿ ਮਸੀਹ ਦੇ ਨਿਆਂ ਦੇ ਸਿੰਘਾਸਣ ਉੱਤੇ ਮਸੀਹ ਨਿਆਂਈ (ਜੱਜ) ਹੋਣਗੇ।[14]

> ਸਾਡੇ ਸਾਰਿਆਂ ਦੇ ਲਈ **ਮਸੀਹ ਦੀ ਨਿਆਂ ਗੱਦੀ** ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੋਈ ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਪ੍ਰਾਪਤ ਕਰੇ। [2 ਕੁਰਿੰਥ 5:10]
>
> ਜੋ ਕੁਝ ਵੀ ਤੁਸੀਂ ਕਰੋ, ਪੂਰਾ ਦਿਲ ਲਾ ਕੇ ਇਸ ਤਰ੍ਹਾਂ ਕਰੋ, ਜਿਵੇਂ ਤੁਸੀਂ ਪ੍ਰਭੂ ਦੇ ਲਈ ਕਰ ਰਹੇ ਹੋ ਨਾ ਕਿ ਮਨੁੱਖਾਂ ਦੇ ਲਈ। ਜਾਣ ਲਵੋ ਕਿ **ਤੁਸੀਂ ਪ੍ਰਭੂ ਦੇ ਕੋਲੋਂ ਵਿਰਸੇ ਦਾ ਇਨਾਮ ਪ੍ਰਾਪਤ ਕਰੋਗੇ** ਕਿਉਂਕਿ ਤੁਸੀਂ ਪ੍ਰਭੂ ਮਸੀਹ ਦੀ ਹੀ ਸੇਵਾ ਕਰਦੇ ਹੋ। [ਕੁਲੁੱਸੀ 3:23-24]

ਜੇਕਰ ਇਹ ਖ਼ਾਸ ਤੌਰ ਤੇ ਸਿਖਾਇਆ ਨਹੀਂ ਗਿਆ ਹੁੰਦਾ, ਤਾਂ ਵੀ ਇਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਸੀ, ਕਿਉਂਕਿ ਪਰਮੇਸ਼ਰ ਪਿਤਾ ਨੇ ਸਾਰਾ ਨਿਆਂ ਪੁੱਤਰ ਨੂੰ ਸੌਂਪ ਦਿੱਤਾ ਹੈ।

> "ਪਿਤਾ ਕਿਸੇ ਦਾ ਨਿਆਂ ਨਹੀਂ ਕਰਦੇ, ਉਹਨਾਂ ਨੇ **ਨਿਆਂ**

---

[13] ਹੋਰ ਆਇਤਾਂ ਜੋ ਪ੍ਰਭੂ ਦੀ ਵਾਪਸੀ ਨੂੰ ਮੁਲਾਂਕਣ ਜਾਂ ਇਨਾਮ ਨਾਲ ਜੋੜਦੀਆਂ ਹਨ ਉਹ ਹਨ: 1 ਕੁਰਿੰਥ 1:8; 2 ਕੁਰਿੰਥ 1:14; 1 ਥੱਸਲੁ 2:19; 1 ਯੂਹੰਨਾ 2:28

[14] ਇਬ 9:27-28 ਵੀ ਇਹ ਸਿਖਾਉਂਦਾ ਹੈ ਕਿ ਮਸੀਹ ਆਪਣੀ ਵਾਪਸੀ ਵੇਲੇ ਨਿਆਂ ਕਰਨਗੇ।

**ਕਰਨ ਦਾ ਸਾਰਾ ਅਧਿਕਾਰ** ਪੁੱਤਰ ਦੇ ਹੱਥ ਵਿੱਚ ਸੌਂਪ ਦਿੱਤਾ ਹੈ।" [ਯੂਹੰਨਾ 5:22]

### D. ਜਿਹਨਾਂ ਦਾ ਨਿਆਂ ਹੋਵੇਗਾ

ਮਸੀਹ ਦੇ ਨਿਆਂ ਦਾ ਸਿੰਘਾਸਣ ਸਿਰਫ਼ ਵਿਸ਼ਵਾਸੀਆਂ ਦੇ ਲਈ ਹੈ। ਇਸ ਨੂੰ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦੇ ਰੂਪ ਵਿੱਚ ਸਮਝਣ ਦੀ ਗ਼ਲਤੀ ਨਾ ਕੀਤੀ ਜਾਵੇ ਜੋ ਕਿ ਸਿਰਫ਼ ਅਵਿਸ਼ਵਾਸੀਆਂ ਦੇ ਲਈ ਹੈ, ਅਰਥਾਤ ਮੁਰਦਿਆਂ ਦੇ ਲਈ (ਦੇਖੋ, ਪ੍ਰਕਾਸ਼ 20:11-15)।[15] ਰੋਮੀਆਂ 14 ਅਤੇ 2 ਕੁਰਿੰਥੀਆਂ 5 ਦੇ ਸੰਦਰਭ ਵਿੱਚ ਸ਼ਬਦ "ਅਸੀਂ" ਦਾ ਸੰਬੰਧ ਵਿਸ਼ਵਾਸੀਆਂ ਨਾਲ ਹੈ। ਇਸ ਲਈ, ਰੋਮੀ 14:10 ਅਤੇ 2 ਕੁਰਿੰਥ 5:10 ਵਿੱਚ ਨਿਆਂ ਦੇ ਸਿੰਘਾਸਣ ਦੇ ਦਾਇਰੇ ਨੂੰ ਸਿਰਫ਼ ਵਿਸ਼ਵਾਸੀਆਂ ਤੱਕ ਹੀ ਸੀਮਿਤ ਰੱਖਣਾ ਚਾਹੀਦਾ ਹੈ।

> ਜੇਕਰ ਇਹ ਗੱਲ ਹੈ ਤਾਂ ਤੂੰ ਆਪਣੇ **ਭਰਾ** ਉੱਤੇ ਦੋਸ਼ ਕਿਉਂ ਲਾਉਂਦਾ ਹੈਂ? ਜਾਂ ਤੂੰ **ਉਸ** ਨੂੰ ਤੁੱਛ ਕਿਉਂ ਸਮਝਦਾ ਹੈਂ? ਕਿਉਂਕਿ **ਅਸੀਂ ਸਾਰੇ** ਪਰਮੇਸ਼ਰ ਦੇ ਨਿਆਂ ਵਾਲੇ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ। [ਰੋਮੀ 14:10]
>
> **ਸਾਡੇ ਸਾਰਿਆਂ** ਦੇ ਲਈ ਮਸੀਹ ਦੀ ਨਿਆਂ ਗੱਦੀ ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੋਈ ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਪ੍ਰਾਪਤ ਕਰੇ। [2 ਕੁਰਿੰਥ 5:10]

ਜਦੋਂ ਪਰਮੇਸ਼ਰ ਵਿਸ਼ਵਾਸੀਆਂ ਦਾ ਨਿਆਂ ਕਰਨਗੇ, ਤਾਂ ਇਹ ਸਿਰਫ਼ ਵਿਸ਼ਵਾਸੀਆਂ ਦਾ ਹੀ ਨਿਆਂ ਹੋਵੇਗਾ। ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਖੜ੍ਹੇ ਸਾਰੇ ਲੋਕ ਮੁਕਤੀ ਪਾਏ ਹੋਏ ਵਿਸ਼ਵਾਸੀ ਹਨ।

> ਜੇਕਰ ਕਿਸੇ ਮਨੁੱਖ ਦਾ ਕੰਮ ਅੱਗ ਵਿੱਚ ਭਸਮ ਹੋ ਜਾਵੇਗਾ ਤਾਂ ਉਸ ਦਾ ਫਲ ਨਹੀਂ ਮਿਲੇਗਾ ਪਰ **ਉਹ ਆਪ** ਅੱਗ ਵਿੱਚੋਂ ਨਿੱਕਲੇ ਆਦਮੀ ਦੀ ਤਰ੍ਹਾਂ **ਬਚ ਜਾਵੇਗਾ**। [1 ਕੁਰਿੰਥ 3:15]

ਨਿਆਂ ਦੇ ਸਿੰਘਾਸਣ ਨੂੰ ਇੱਕ ਅਜਿਹਾ ਸਥਾਨ ਨਾ ਮੰਨ ਲਿਆ ਜਾਵੇ ਜਿੱਥੇ ਕੌਮਾਂ ਅਤੇ ਹਰੇਕ ਸਦੀ ਦੇ ਬੇਨਾਮ ਮਸੀਹੀਆਂ ਦੇ ਇੱਕ ਵੱਡੀ ਭੀੜ ਦਾ ਸਮੂਹਿਕ ਨਿਆਂ ਕੀਤਾ ਜਾਵੇਗਾ। ਹਾਲਾਂਕਿ ਸਵਰਗ ਵਿੱਚ "ਸਮਾਂ" ਸ਼ਾਇਦ ਧਰਤੀ ਦੇ ਸਮੇਂ ਨਾਲੋਂ ਵੱਖਰਾ ਹੋਵੇਗਾ, ਫਿਰ ਵੀ ਇਹ ਮੰਨ ਲੈਣਾ ਮੁਸ਼ਕਲ ਹੈ ਕਿ ਮਸੀਹ ਕਰੋੜਾਂ ਵਿਸ਼ਵਾਸੀਆਂ ਵਿੱਚੋਂ ਇੱਕ-ਇੱਕ ਵਿਸ਼ਵਾਸੀ ਦਾ ਵਿਅਕਤੀਗਤ ਨਿਆਂ ਕਰਨ ਵਿੱਚ ਸਮਾਂ ਲਗਾਉਣਗੇ, ਪਰ ਬਾਈਬਲ ਇੱਕ ਸਪੱਸ਼ਟ ਰੂਪ ਵਿੱਚ ਇਹ ਸਿਖਾਉਂਦੀ ਹੈ ਕਿ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਸਾਹਮਣੇ ਕਿਸੇ ਕਿਸਮ ਦਾ **ਵਿਅਕਤੀਗਤ** ਨਿਆਂ ਕੀਤਾ ਜਾਵੇਗਾ।

> ਜੇਕਰ ਇਹ ਗੱਲ ਹੈ ਤਾਂ ਤੂੰ ਆਪਣੇ ਭਰਾ ਉੱਤੇ ਦੋਸ਼ ਕਿਉਂ ਲਾਉਂਦਾ ਹੈਂ? ਜਾਂ ਤੂੰ ਉਸ ਨੂੰ ਤੁੱਛ ਕਿਉਂ ਸਮਝਦਾ ਹੈਂ? ਕਿਉਂਕਿ ਅਸੀਂ ਸਾਰੇ ਪਰਮੇਸ਼ਰ ਦੇ ਨਿਆਂ ਵਾਲੇ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਵਾਂਗੇ...ਇਸ ਤਰ੍ਹਾਂ **ਸਾਡੇ ਵਿੱਚੋਂ ਹਰ ਕੋਈ ਆਪਣਾ ਆਪਣਾ ਲੇਖਾ ਪਰਮੇਸ਼ਰ ਨੂੰ ਦੇਵੇਗਾ**। [ਰੋਮੀ 14:10,12]
>
> ਬੀਜਣ ਅਤੇ ਸਿੰਜਣ ਵਾਲੇ ਦੋਵੇਂ ਇੱਕੋ ਜਿਹੇ ਹਨ। **ਦੋਵੇਂ ਆਪਣੀ ਕੀਤੀ ਮਿਹਨਤ** ਦੇ ਅਨੁਸਾਰ ਪਰਮੇਸ਼ਰ ਕੋਲੋਂ ਆਪਣੀ ਮਜ਼ਦੂਰੀ ਪ੍ਰਾਪਤ ਕਰਨਗੇ। [1 ਕੁਰਿੰਥ 3:8]
>
> **ਹਰ ਇੱਕ** ਦੇ ਕੰਮ ਦੀ ਅਸਲੀਅਤ ਦਾ ਪਤਾ ਨਿਆਂ ਵਾਲੇ ਦਿਨ ਲੱਗੇਗਾ। ਉਸ ਦਿਨ ਅੱਗ ਹਰ ਇੱਕ ਮਨੁੱਖ ਦੇ ਕੰਮ ਨੂੰ ਪ੍ਰਗਟ ਕਰੇਗੀ ਕਿ **ਉਹ** ਕਿਸ ਤਰ੍ਹਾਂ ਦਾ ਹੈ ਅਤੇ ਉਸ ਦੀ ਪਰੀਖਿਆ ਲਵੇਗੀ। ਇਸ ਪਰੀਖਿਆ ਵਿੱਚ ਜੇਕਰ ਕਿਸੇ ਮਨੁੱਖ ਦਾ ਉਸਾਰੀ ਦਾ ਕੰਮ ਟਿਕਿਆ ਰਹੇਗਾ ਤਾਂ ਉਸ ਨੂੰ ਉਸ ਚੰਗੇ ਕੰਮ ਦੇ ਲਈ ਫਲ ਮਿਲੇਗਾ...। [1 ਕੁਰਿੰਥ 3:13-15]
>
> ਇਸ ਲਈ ਠਹਿਰਾਏ ਹੋਏ ਸਮੇਂ ਤੋਂ ਪਹਿਲਾਂ, ਪ੍ਰਭੂ ਦੇ ਆਉਣ ਤੱਕ ਕੋਈ ਫ਼ੈਸਲਾ ਨਾ ਕਰੋ ਕਿਉਂਕਿ ਉਹ ਆਪ ਹਨੇਰੇ ਵਿੱਚ ਲੁਕੀਆਂ ਗੱਲਾਂ ਨੂੰ ਚਾਨਣ ਵਿੱਚ ਲਿਆਉਣਗੇ ਅਤੇ ਮਨੁੱਖਾਂ ਦੇ ਮਨਾਂ ਦੇ ਲੁਕੇ ਹੋਏ ਇਰਾਦਿਆਂ ਨੂੰ ਪ੍ਰਗਟ ਕਰਨਗੇ, ਤਦ **ਹਰ ਆਦਮੀ** ਪਰਮੇਸ਼ਰ ਕੋਲੋਂ ਆਪਣੀ ਵਡਿਆਈ ਪ੍ਰਾਪਤ ਕਰੇਗਾ। [1 ਕੁਰਿੰਥ 4:5]
>
> ਸਾਡੇ ਸਾਰਿਆਂ ਦੇ ਲਈ ਮਸੀਹ ਦੀ ਨਿਆਂ ਗੱਦੀ ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ **ਹਰ ਕੋਈ** ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਪ੍ਰਾਪਤ ਕਰੇ। [2 ਕੁਰਿੰਥ 5:10]
>
> ਕਿਉਂਕਿ **ਹਰ ਇੱਕ** ਨੇ ਆਪਣਾ ਭਾਰ ਆਪ ਹੀ ਚੁੱਕਣਾ ਹੈ। [ਗਲਾਤੀ 6:5]

### E. ਨਿਆਂ ਦਾ ਆਧਾਰ

#### 1. ਨਿਆਂ ਦੇ ਸਿੰਘਾਸਣ ਅੱਗੇ ਗ਼ੈਰ-ਜ਼ਰੂਰੀ ਮੁੱਦੇ

ਇਹ ਸਮਝ ਲੈਣਾ ਬਹੁਤ ਜ਼ਰੂਰੀ ਹੈ ਕਿ ਮੁਕਤੀ ਜਾਂ ਸਵਰਗ ਵਿੱਚ ਪ੍ਰਵੇਸ਼ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਮੁੱਦੇ ਨਹੀਂ ਹਨ। ਜਿਹਨਾਂ ਦਾ ਨਿਆਂ ਕੀਤਾ ਜਾ ਰਿਹਾ ਹੈ ਉਹ ਸਾਰੇ ਵਿਸ਼ਵਾਸੀ ਹਨ। ਕਿਉਂਕਿ ਮੁਕਤੀ ਵਿਸ਼ਵਾਸ ਦੁਆਰਾ ਪ੍ਰਾਪਤ ਹੁੰਦੀ ਹੈ, ਇਸ ਲਈ ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਖੜ੍ਹੇ ਲੋਕ ਮੁਕਤੀ ਪਾਏ ਹੋਏ ਲੋਕ ਹਨ। ਅਸਲ ਵਿੱਚ,

[15] ਪ੍ਰਕਾਸ਼ ਦੀ ਪੋਥੀ 20:11-15 ਇਸ ਅਦਾਲਤ ਦੇ ਲਈ ਇੱਕ ਵੱਖਰਾ ਸ਼ਬਦ ਵਰਤਦਾ ਹੈ। ਇੱਥੇ ਅਸੀਂ *ਬੇਮਾ* ਨਹੀਂ ਪਰ *ਥਰੋਨੋਸ* ਸ਼ਬਦ ਨੂੰ ਦੇਖਦੇ ਹਾਂ।

ਸ਼ਾਇਦ ਉਹ ਪਹਿਲਾਂ ਹੀ ਸਵਰਗ ਵਿੱਚ ਹਨ। ਬਾਈਬਲ ਇਹ ਸਿਖਾਉਂਦੀ ਹੈ ਕਿ ਵਿਸ਼ਵਾਸੀ ਪਾਪ ਦੇ ਲਈ ਦੋਸ਼ੀ ਨਹੀਂ ਠਹਿਰਾਏ ਜਾਣਗੇ, ਅਤੇ ਉਹ ਪਰਮੇਸ਼ਰ ਦੇ ਨਿਆਂ ਦੇ ਕ੍ਰੋਧ ਦਾ ਸਾਹਮਣਾ ਨਹੀਂ ਕਰਨਗੇ। ਨਿਆਂ ਦੇ ਸਿੰਘਾਸਣ ਅੱਗੇ ਪਾਪ ਮੁੱਦਾ ਨਹੀਂ ਹੈ। 1 ਕੁਰਿੰਥ 3:15 ਖ਼ਾਸ ਤੌਰ ਤੇ ਇਹ ਸਿਖਾਉਂਦਾ ਹੈ ਕਿ ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਖੜ੍ਹੇ ਸਾਰੇ ਲੋਕ ਮੁਕਤੀ ਪਾਏ ਹੋਏ ਹਨ।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ ਹੈ, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ। ਉਹ **ਦੋਸ਼ੀ ਨਹੀਂ ਠਹਿਰਦਾ** ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।" [ਯੂਹੰਨਾ 5:24]
>
> ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ **ਪਰਮੇਸ਼ਰ ਦੇ ਕ੍ਰੋਧ ਤੋਂ ਵੀ ਜ਼ਰੂਰ ਬਚਾਏ ਜਾਵਾਂਗੇ**। [ਰੋਮੀ 5:9]
>
> ਇਸ ਲਈ ਜਿਹੜੇ ਲੋਕ ਮਸੀਹ ਯਿਸੂ ਵਿੱਚ ਹਨ, ਉਹਨਾਂ ਦੇ ਲਈ ਹੁਣ **ਕੋਈ ਸਜ਼ਾ ਦਾ ਹੁਕਮ ਨਹੀਂ ਹੈ**...ਪਰਮੇਸ਼ਰ ਦੇ ਚੁਣੇ ਹੋਇਆਂ ਉੱਤੇ ਕੌਣ ਦੋਸ਼ ਲਾ ਸਕਦਾ ਹੈ? ਪਰਮੇਸ਼ਰ ਆਪ ਉਹਨਾਂ ਨੂੰ ਨਿਰਦੋਸ਼ੀ ਠਹਿਰਾਉਂਦੇ ਹਨ। ਇਸ ਲਈ ਉਹਨਾਂ ਉੱਤੇ ਕੌਣ ਦੋਸ਼ ਲਾ ਸਕਦਾ ਹੈ? [ਰੋਮੀ 8:1,33-34]
>
> ਜੇਕਰ ਕਿਸੇ ਮਨੁੱਖ ਦਾ ਕੰਮ ਅੱਗ ਵਿੱਚ ਭਸਮ ਹੋ ਜਾਵੇਗਾ ਤਾਂ ਉਸ ਦਾ ਫਲ ਨਹੀਂ ਮਿਲੇਗਾ ਪਰ **ਉਹ** ਆਪ ਅੱਗ ਵਿੱਚੋਂ ਨਿੱਕਲੇ ਆਦਮੀ ਦੀ ਤਰ੍ਹਾਂ **ਬਚ ਜਾਵੇਗਾ**। [1 ਕੁਰਿੰਥ 3:15]
>
> ਤੁਸੀਂ ਆਪਣੇ ਪਾਪਾਂ ਦੇ ਕਾਰਨ ਅਤੇ ਸਰੀਰ ਵੱਲੋਂ ਅਸੁੰਨਤੀ ਹੋਣ ਦੇ ਕਾਰਨ ਮੁਰਦਾ ਸੀ ਪਰ ਫਿਰ ਵੀ ਪਰਮੇਸ਼ਰ ਨੇ ਤੁਹਾਨੂੰ ਮਸੀਹ ਦੇ ਨਾਲ ਜਿਉਂਦਾ ਕੀਤਾ ਹੈ। ਉਹਨਾਂ ਨੇ ਸਾਡੇ ਸਾਰੇ ਪਾਪ **ਮਾਫ਼ ਕਰ ਦਿੱਤੇ ਹਨ**। [ਕੁਲੁੱਸੀ 2:13]
>
> "ਫਿਰ ਉਹ ਕਹਿੰਦੇ ਹਨ, "ਮੈਂ ਉਹਨਾਂ ਦੇ ਪਾਪਾਂ ਅਤੇ ਅਪਰਾਧਾਂ ਨੂੰ, **ਫਿਰ ਕਦੀ ਯਾਦ ਨਹੀਂ ਕਰਾਂਗਾ**।" [ਇਬ 10:17]
>
> ਕਿਉਂਕਿ ਪਰਮੇਸ਼ਰ ਨੇ ਸਾਨੂੰ **ਆਪਣੇ ਕ੍ਰੋਧ ਦੇ ਲਈ ਨਹੀਂ ਚੁਣਿਆ** ਸਗੋਂ ਇਸ ਲਈ ਕਿ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਪ੍ਰਾਪਤ ਕਰੀਏ। [1 ਥੱਸਲੁ 5:9]
>
> "...ਪਿਆਰ ਸਾਡੇ ਵਿੱਚ ਇਸ ਤੋਂ ਸੰਪੂਰਨ ਹੋਇਆ ਹੈ ਕਿ **ਸਾਨੂੰ ਨਿਆਂ ਦੇ ਦਿਨ ਹੌਸਲਾ ਹੋਵੇ** ਕਿਉਂਕਿ ਜਿਸ ਤਰ੍ਹਾਂ ਮਸੀਹ ਹਨ, ਉਸੇ ਤਰ੍ਹਾਂ ਅਸੀਂ ਇਸ ਸੰਸਾਰ ਵਿੱਚ ਹਾਂ। ਪਿਆਰ ਵਿੱਚ ਕਿਸੇ ਤਰ੍ਹਾਂ ਦਾ ਡਰ ਨਹੀਂ ਹੁੰਦਾ **ਸਗੋਂ ਸੰਪੂਰਨ ਪਿਆਰ ਡਰ ਨੂੰ ਦੂਰ ਕਰਦਾ ਹੈ। ਡਰ ਦਾ ਸੰਬੰਧ ਸਜ਼ਾ ਦੇ ਨਾਲ ਹੈ।** ਜਿਹੜਾ ਡਰਦਾ ਹੈ, ਉਹ ਪਿਆਰ ਵਿੱਚ ਸੰਪੂਰਨ ਨਹੀਂ ਹੈ।" [1 ਯੂਹੰਨਾ 4:16-18]

ਪਰਮੇਸ਼ਰ ਦੇ ਨਿਆਂ ਦੀ ਪ੍ਰਣਾਲੀ ਵਿੱਚ ਕੋਈ ਦੋਹਰਾ ਖ਼ਤਰਾ ਨਹੀਂ ਹੈ। ਜਿੱਥੇ ਪਰਮੇਸ਼ਰ ਪਿਤਾ ਦੀ ਭੂਮਿਕਾ ਵਿੱਚ ਹਨ, ਉੱਥੇ ਵਿਸ਼ਵਾਸੀ ਉਹਨਾਂ ਦੇ ਵਿਰੁੱਧ ਪਾਪ ਕਰ ਸਕਦੇ ਹਨ, ਅਤੇ ਇਸ ਕਾਰਨ ਉਹਨਾਂ ਨੂੰ ਅਸਥਾਈ ਤਾੜਨਾ ਦਿੱਤੀ ਜਾ ਸਕਦੀ ਹੈ, ਫਿਰ ਵੀ ਪਰਮੇਸ਼ਰ ਦੇ ਨਿਆਂਈ ਹੋਣ ਦੀ ਭੂਮਿਕਾ ਵਿੱਚ, ਸਾਡਾ ਹਰੇਕ ਪਾਪ ਮਾਫ਼ ਕਰ ਦਿੱਤਾ ਗਿਆ ਹੈ। ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਮੁਕਤੀ ਜਾਂ ਸਵਰਗ ਵਿੱਚ ਪ੍ਰਵੇਸ਼ ਮੁੱਦੇ ਨਹੀਂ ਹਨ, ਅਤੇ ਇਹ ਨਿਆਂ ਪਾਪਾਂ ਦੇ ਲਈ ਨਹੀਂ ਹੋਵੇਗਾ ਕਿਉਂਕਿ ਉਹ ਪਹਿਲਾਂ ਹੀ ਮਾਫ਼ ਕੀਤੇ ਗਏ ਹਨ। "ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ" ਦੇ ਫ਼ੈਸਲੇ ਦਾ ਅਰਥ ਇਹ ਹੈ ਕਿ ਪਰਮੇਸ਼ਰ ਦੇ ਨਿਆਂ ਦੇ ਸਿੰਘਾਸਣ ਅੱਗੇ ਕਿਸੇ ਵਿਸ਼ਵਾਸੀ ਦੇ ਵਿਰੁੱਧ ਕੋਈ ਵੀ ਦੋਸ਼ ਨਹੀਂ ਲਗਾਇਆ ਜਾ ਸਕੇਗਾ।

### 2. ਧਰਤੀ ਉੱਤੇ ਕੀਤੇ ਗਏ ਕੰਮ

#### a. ਆਮ ਕੰਮ

ਨਿਆਂ ਦੇ ਸਿੰਘਾਸਣ ਦੇ ਅੱਗੇ ਮੁਕਤੀ, ਸਵਰਗ ਵਿੱਚ ਪ੍ਰਵੇਸ਼, ਜਾਂ ਧਰਤੀ ਉੱਤੇ ਕੀਤੇ ਗਏ ਪਾਪ ਮੁੱਦਾ ਨਹੀਂ ਹਨ। ਮਸੀਹ ਦੇ ਨਿਆਂ ਦੇ ਸਿੰਘਾਸਣ ਦਾ ਉਦੇਸ਼ ਧਰਤੀ ਉੱਤੇ ਕੀਤੇ ਗਏ ਕੰਮਾਂ ਦੇ ਆਧਾਰ ਉੱਤੇ ਇਨਾਮ ਨੂੰ ਨਿਰਧਾਰਤ ਕਰਨਾ ਹੈ। ਪੌਲੁਸ ਕੰਮਾਂ ਨੂੰ ਇਸ ਨਿਆਂ ਦਾ ਆਧਾਰ ਹੋਣ ਤੇ ਜ਼ੋਰ ਦਿੰਦਾ ਹੈ।

> ਬੀਜਣ ਅਤੇ ਸਿੰਜਣ ਵਾਲੇ ਦੋਵੇਂ ਇੱਕੋ ਜਿਹੇ ਹਨ। ਦੋਵੇਂ ਆਪਣੀ ਕੀਤੀ ਮਿਹਨਤ ਦੇ ਅਨੁਸਾਰ ਪਰਮੇਸ਼ਰ ਕੋਲੋਂ ਆਪਣੀ **ਮਜ਼ਦੂਰੀ** ਪ੍ਰਾਪਤ ਕਰਨਗੇ [1 ਕੁਰਿੰਥ 3:8]
>
> ਹਰ ਇੱਕ ਦੇ **ਕੰਮ** ਦੀ ਅਸਲੀਅਤ ਦਾ ਪਤਾ ਨਿਆਂ ਵਾਲੇ ਦਿਨ ਲੱਗੇਗਾ। ਉਸ ਦਿਨ ਅੱਗ ਹਰ ਇੱਕ ਮਨੁੱਖ ਦੇ **ਕੰਮ** ਨੂੰ ਪ੍ਰਗਟ ਕਰੇਗੀ ਕਿ ਉਹ ਕਿਸ ਤਰ੍ਹਾਂ ਦਾ ਹੈ ਅਤੇ ਉਸ ਦੀ ਪਰੀਖਿਆ ਲਵੇਗੀ। ਇਸ ਪਰੀਖਿਆ ਵਿੱਚ ਜੇਕਰ ਕਿਸੇ ਮਨੁੱਖ ਦਾ ਉਸਾਰੀ ਦਾ **ਕੰਮ** ਟਿਕਿਆ ਰਹੇਗਾ ਤਾਂ ਉਸ ਨੂੰ ਉਸ ਚੰਗੇ **ਕੰਮ** ਦੇ ਲਈ ਫਲ ਮਿਲੇਗਾ। ਜੇਕਰ ਕਿਸੇ ਮਨੁੱਖ ਦਾ **ਕੰਮ** ਅੱਗ ਵਿੱਚ ਭਸਮ ਹੋ ਜਾਵੇਗਾ ਤਾਂ ਉਸ ਦਾ ਫਲ ਨਹੀਂ ਮਿਲੇਗਾ ਪਰ ਉਹ ਆਪ ਅੱਗ ਵਿੱਚੋਂ ਨਿੱਕਲੇ ਆਦਮੀ ਦੀ ਤਰ੍ਹਾਂ ਬਚ ਜਾਵੇਗਾ। [1 ਕੁਰਿੰਥ 3:13-15]
>
> ਸਾਡੇ ਸਾਰਿਆਂ ਦੇ ਲਈ ਮਸੀਹ ਦੀ ਨਿਆਂ ਗੱਦੀ ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੋਈ ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ **ਕੰਮਾਂ** ਦਾ

ਫਲ ਪ੍ਰਾਪਤ ਕਰੇ। [2 ਕੁਰਿੰਥ 5:10]

### b. ਕੰਮਾਂ ਦੀ ਮਾਤਰਾ ਨਹੀਂ ਪਰ ਗੁਣਵੱਤਾ

2 ਕੁਰਿੰਥ 5:10 ਵਿੱਚ ਜਿਹੜੇ ਸ਼ਬਦ ਦਾ ਅਨੁਵਾਦ "ਬੁਰਾ" ਕੀਤਾ ਗਿਆ ਹੈ, ਇੱਕ ਆਮ ਤੌਰ ਤੇ ਯੂਨਾਨੀ ਭਾਸ਼ਾ ਵਿੱਚ ਉਸ ਦਾ ਅਰਥ ਬੁਰਾ ਨਹੀਂ ਹੈ। ਇਸ ਦਾ ਅਰਥ "ਅਯੋਗ ਜਾਂ ਨਿਕੰਮਾ" ਹੈ।[16] ਮਸੀਹ ਦੁਆਰਾ ਨਿਆਂ ਭਲੇ ਅਤੇ ਬੁਰੇ ਕੰਮਾਂ ਦੀ ਜਾਂਚ ਕਰਨ ਦੇ ਲਈ ਨਹੀਂ ਹੈ (ਕਿਉਂਕਿ ਇੱਥੇ ਪਾਪ ਦੇ ਕਾਰਨ ਸਜ਼ਾ ਮਿਲਣਾ ਮੁੱਦਾ ਨਹੀਂ ਹੈ), ਪਰ ਉੱਥੇ ਉਹਨਾਂ ਦੇ ਯੋਗ ਹੋਣ ਦੇ ਅਰਥ ਵਿੱਚ ਭਲੇ ਹੋਣਾ, ਅਤੇ ਅਯੋਗ ਹੋਣ ਦੇ ਅਰਥ ਵਿੱਚ ਬੁਰੇ ਹੋਣਾ ਮੁੱਖ ਮੁੱਦਾ ਹੋਵੇਗਾ। ਇਹ ਗੱਲ ਉੱਤੇ ਧਿਆਨ ਦਿਓ ਕਿ ਇੱਥੇ ਕੀਤੇ ਗਏ ਕੰਮਾਂ ਜਾਂ ਨਾ ਕੀਤੇ ਗਏ ਕੰਮਾਂ ਵਿਚਕਾਰ ਤੁਲਨਾ ਨਹੀਂ ਕੀਤੀ ਜਾ ਰਹੀ ਹੈ। ਕੰਮ ਪੂਰਾ ਕੀਤਾ ਗਿਆ ਹੈ। ਹੁਣ ਨਿਆਂ ਇਹ ਨਿਰਧਾਰਤ ਕਰੇਗਾ ਕਿ ਕੀ ਉਹ ਕੰਮ **ਯੋਗ** ਹੈ ਜਾਂ ਫਿਰ ਉਹ **ਅਯੋਗ** ਹੈ। ਮਸੀਹ ਦੀ ਦਿਲਚਸਪੀ ਕੰਮਾਂ ਦੀ ਮਾਤਰਾ ਤੋਂ ਜ਼ਿਆਦਾ ਕੰਮਾਂ ਦੀ ਗੁਣਵੱਤਾ ਵਿੱਚ ਹੋਵੇਗੀ (ਹਾਲਾਂਕਿ ਇਹ ਕਹਿਣਾ ਹੋਵੇਗਾ ਕਿ ਕੁਝ ਲੋਕਾਂ ਦੇ ਜੀਵਨ ਵਿੱਚ ਗੁਣਵੱਤਾ ਅਤੇ ਮਾਤਰਾ ਇੱਕ-ਦੂਜੇ ਨਾਲ ਜੁੜੇ ਹੋਣਗੇ)। ਨਿਆਂ ਦਾ ਸਿੰਘਾਸਣ ਕੰਮਾਂ ਦੀ ਗੁਣਵੱਤਾ ਦਾ ਮੁਲਾਂਕਣ ਕਰੇਗਾ, ਖ਼ਾਸ ਤੌਰ ਤੇ ਇਹ ਪਰਖਣ ਦੇ ਲਈ ਕਿ ਉਹ ਕੰਮ ਮਸੀਹ ਨੂੰ ਮਹਿਮਾ ਦੇਣ ਦੇ ਲਈ ਕੀਤੇ ਗਏ ਸਨ ਜਾਂ ਆਪਣੇ ਆਪ ਨੂੰ ਉੱਚਾ ਕਰਨ ਦੇ ਲਈ ਕੀਤੇ ਗਏ ਸਨ (ਦੇਖੋ, 1 ਸਮੂ 16:7)। ਪਰਮੇਸ਼ਰ ਦੀ ਜ਼ਿਆਦਾ ਦਿਲਚਸਪੀ ਪ੍ਰਸਿੱਧ ਜਾਂ ਸਨਸਨੀ ਨਤੀਜਿਆਂ ਨਾਲੋਂ ਇੱਕ ਵਫ਼ਾਦਾਰ, ਆਗਿਆਕਾਰੀ, ਅਤੇ ਪਿਆਰ ਕਰਨ ਵਾਲੇ ਦਿਲ ਵਿੱਚ ਹੈ। ਨੂਹ 120 ਸਾਲਾਂ ਤੱਕ ਧਾਰਮਿਕਤਾ ਦਾ ਪ੍ਰਚਾਰ ਕਰਦਾ ਰਿਹਾ ਸੀ (ਉਤ 6:3; 2 ਪਤਰਸ 2:5), ਪਰ ਉਸ ਦੇ ਨਤੀਜੇ ਦੀ ਮਾਤਰਾ ਬਹੁਤ ਘੱਟ ਹੀ ਸੀ। ਯਸਾਯਾਹ (ਯਸਾ 6:9-10) ਜਾਂ ਯਿਰਮਿਯਾਹ (ਯਿਰ 1:19, 15:15,17; 20:7-10) ਦੀ ਗੱਲ ਨੂੰ ਸੁਣਨ ਵਾਲੇ ਬਹੁਤ ਘੱਟ ਹੀ ਸਨ। ਅਤੇ ਮਸੀਹ ਨੂੰ ਤਾਂ ਮਨੁੱਖਾਂ ਨੇ ਨਫ਼ਰਤ ਕੀਤੀ ਅਤੇ ਰੱਦ ਕੀਤਾ ਸੀ (ਯਸਾ 53:3; ਯੂਹੰਨਾ 1:11)। ਹਾਲਾਂਕਿ ਨਤੀਜੇ ਮਨਭਾਉਂਦੇ ਅਤੇ ਇੱਕ ਬਰਕਤ ਹੁੰਦੇ ਹਨ, ਪਰ ਪਰਮੇਸ਼ਰ ਨੂੰ ਪਸੰਦ ਆਉਣ ਵਾਲੀ ਵਿਸ਼ਵਾਸਯੋਗਤਾ (ਜਿਸ ਵਿੱਚ ਕੁਝ ਨਤੀਜੇ ਹੋਣ ਜਾਂ ਨਾ ਹੋਣ) ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਨਿਆਂ ਦਾ ਮੁੱਖ ਆਧਾਰ ਹੋਵੇਗੀ।

> ਪਰਮੇਸ਼ਰ ਦੇ ਦਿੱਤੇ ਵਰਦਾਨ ਦੁਆਰਾ, ਮੈਂ ਇੱਕ ਸਮਝਦਾਰ ਰਾਜ ਮਿਸਤਰੀ ਦੀ ਤਰ੍ਹਾਂ ਨੀਂਹ ਰੱਖੀ ਅਤੇ ਕੋਈ ਦੂਜਾ ਉਸ ਉੱਤੇ ਉਸਾਰੀ ਕਰ ਰਿਹਾ ਹੈ। ਹੁਣ ਹਰ ਕੋਈ ਇਹ ਖਿਆਲ ਰੱਖੇ ਕਿ ਉਹ **ਕਿਸ ਤਰ੍ਹਾਂ** ਦੀ ਉਸਾਰੀ ਕਰ ਰਿਹਾ ਹੈ...ਹਰ ਇੱਕ ਦੇ ਕੰਮ ਦੀ ਅਸਲੀਅਤ ਦਾ ਪਤਾ ਨਿਆਂ ਵਾਲੇ ਦਿਨ ਲੱਗੇਗਾ । ਉਸ ਦਿਨ ਅੱਗ ਹਰ ਇੱਕ ਮਨੁੱਖ ਦੇ ਕੰਮ ਨੂੰ ਪ੍ਰਗਟ ਕਰੇਗੀ ਕਿ ਉਹ **ਕਿਸ ਤਰ੍ਹਾਂ** ਦਾ ਹੈ ਅਤੇ ਉਸ ਦੀ ਪਰੀਖਿਆ ਲਵੇਗੀ। [1 ਕੁਰਿੰਥ 3:10,13]
>
> ਇਸ ਲਈ ਠਹਿਰਾਏ ਹੋਏ ਸਮੇਂ ਤੋਂ ਪਹਿਲਾਂ, ਪ੍ਰਭੂ ਦੇ ਆਉਣ ਤੱਕ ਕੋਈ ਫ਼ੈਸਲਾ ਨਾ ਕਰੋ ਕਿਉਂਕਿ ਉਹ ਆਪ ਹਨੇਰੇ ਵਿੱਚ ਲੁਕੀਆਂ ਗੱਲਾਂ ਨੂੰ ਚਾਨਣ ਵਿੱਚ ਲਿਆਉਣਗੇ ਅਤੇ ਮਨੁੱਖਾਂ ਦੇ ਮਨਾਂ ਦੇ ਲੁਕੇ ਹੋਏ **ਇਰਾਦਿਆਂ** ਨੂੰ ਪ੍ਰਗਟ ਕਰਨਗੇ, ਤਦ ਹਰ ਆਦਮੀ ਪਰਮੇਸ਼ਰ ਕੋਲੋਂ ਆਪਣੀ ਵਡਿਆਈ ਪ੍ਰਾਪਤ ਕਰੇਗਾ। [1 ਕੁਰਿੰਥ 4:5]
>
> ਪ੍ਰਬੰਧਕ ਕੋਲੋਂ **ਵਿਸ਼ਵਾਸ ਯੋਗ** ਹੋਣ ਦੀ ਆਸ ਰੱਖੀ ਜਾਂਦੀ ਹੈ। [1 ਕੁਰਿੰਥ 4:2]

### c. ਇੱਕ ਵਫ਼ਾਦਾਰੀ ਵਾਲੇ ਦਿਲ ਨਾਲ ਕੀਤੇ ਗਏ ਕੰਮ ਜੋ ਪਰਮੇਸ਼ਰ ਨੂੰ ਖ਼ਾਸ ਤੌਰ ਤੇ ਪ੍ਰਸੰਨ ਕਰਦੇ ਹਨ

ਇਨਾਮ ਦੇ ਰੂਪ ਵਿੱਚ ਦਿੱਤੇ ਜਾਣ ਵਾਲੇ ਮੁਕਟਾਂ ਦੇ ਬਾਰੇ ਕੁਝ ਸਵਾਲ ਹਨ ਜਿਹਨਾਂ ਦੇ ਜਵਾਬ ਬਾਈਬਲ ਨਹੀਂ ਦਿੰਦੀ ਹੈ। ਸ਼ਾਇਦ ਪਰਮੇਸ਼ਰ ਇਹ ਚਾਹੁੰਦੇ ਹਨ ਕਿ ਉਹਨਾਂ ਦੇ ਲੋਕ ਸੰਭਾਵਿਤ ਇਨਾਮਾਂ ਦੇ ਬਾਰੇ ਜਾਨਣ ਦੀ ਬਜਾਏ ਆਪਣੀਆਂ ਜ਼ਿੰਮੇਵਾਰੀਆਂ ਦੇ ਬਾਰੇ ਜ਼ਿਆਦਾ ਧਿਆਨ ਦੇਣ। ਇਹ ਸੋਚਣ ਦੀ ਬਜਾਏ ਕਿ ਸਾਨੂੰ ਕਿਹੜੇ ਇਨਾਮ ਮਿਲਣ ਵਾਲੇ ਹਨ, ਪਰਮੇਸ਼ਰ ਇਹ ਚਾਹੁੰਦੇ ਹਨ ਕਿ ਵਿਸ਼ਵਾਸੀ ਇਸ ਗੱਲ ਉੱਤੇ ਜ਼ਿਆਦਾ ਧਿਆਨ ਦੇਣ ਕਿ ਉਹਨਾਂ ਨੂੰ ਕੀ ਕਰਨ ਵਾਲੇ ਹੋਣਾ ਚਾਹੀਦਾ ਹੈ। ਹੁਣ ਹੇਠਾਂ ਦਿੱਤੇ ਗਏ ਭਾਗ ਵਿੱਚ, ਅਸੀਂ ਬਾਈਬਲ ਦੇ "ਮੁਕਟਾਂ" ਦੇ ਰੂਪ ਵਿੱਚ ਦਿੱਤੇ ਗਏ ਇਨਾਮਾਂ ਦੇ ਬਾਰੇ ਗੱਲ ਕਰਾਂਗੇ। ਇੱਥੇ ਅਸੀਂ ਇਹ ਦੇਖਦੇ ਹਾਂ ਕਿ ਇਹਨਾਂ ਮੁਕਟਾਂ ਨੂੰ ਪ੍ਰਾਪਤ ਕਰਨ ਦੇ ਲਈ ਕੀ ਕਰਨਾ ਹੋਵੇਗਾ। ਫਿਰ ਤੋਂ, ਇਹ ਯਾਦ ਰੱਖੋ ਕਿ ਇੱਕ ਇਨਾਮ ਸਿਰਫ਼ ਕੰਮ ਕਰਨ ਦੇ ਨਾਲ ਨਹੀਂ, ਬਲਕਿ ਉਹ ਕਰਨ ਨਾਲ ਮਿਲਦਾ ਹੈ ਜੋ ਇੱਕ ਸ਼ੁੱਧ ਦਿਲ ਵਿੱਚੋਂ ਨਿਕਲਦਾ ਹੈ, ਜਿਸ ਦਾ ਉਦੇਸ਼ ਪਰਮੇਸ਼ਰ ਦਾ ਸਨਮਾਨ ਕਰਨਾ, ਪਿਆਰ ਕਰਨਾ ਅਤੇ ਉਹਨਾਂ ਨੂੰ ਪ੍ਰਸੰਨ ਕਰਨਾ ਹੋਵੇਗਾ।

#### (1) ਅਨੰਤਕਾਲ ਤੱਕ ਰਹਿਣ ਵਾਲਾ ਮੁਕਟ

> ਕੀ ਤੁਸੀਂ ਨਹੀਂ ਜਾਣਦੇ ਕਿ ਦੌੜ ਵਿੱਚ ਹਿੱਸਾ ਤਾਂ ਸਾਰੇ ਲੈਂਦੇ ਹਨ ਪਰ ਇਨਾਮ ਕੇਵਲ ਇੱਕ ਨੂੰ ਹੀ ਮਿਲਦਾ ਹੈ? ਇਸ ਲਈ ਤੁਸੀਂ ਇਸ ਤਰ੍ਹਾਂ ਦੌੜੋ ਕਿ ਇਨਾਮ ਜਿੱਤ ਸਕੋ। ਖਿਡਾਰੀ ਹਰ ਤਰ੍ਹਾਂ ਦੇ **ਸੰਜਮ** ਦਾ ਅਭਿਆਸ ਕਰਦੇ ਹਨ। ਉਹ ਇਸ ਲਈ ਕਰਦੇ ਹਨ ਕਿ ਥੋੜੇ ਸਮੇਂ ਤੱਕ ਰਹਿਣ ਵਾਲਾ ਇਨਾਮ ਪ੍ਰਾਪਤ ਕਰਨ ਪਰ ਅਸੀਂ ਅਨੰਤਕਾਲ ਤੱਕ

[16] ਦੇਖੋ, ਰਿਚਰਡ ਸੀ. ਟ੍ਰੈਂਚ, *ਸਿਨੇਨਿਮਜ਼ ਆਫ਼ ਦ ਨਿਊ ਟੈਸਟਾਮੈਂਟ*, ਰੀਪ੍ਰਿੰਟ ਐਡੀਸ਼ਨ (ਗ੍ਰੈਂਡ ਰੈਪਿਡਜ਼: ਡਬਲਯੂ.ਐਮ. ਬੀ. ਈਅਰਡਮੈਨਜ਼ ਪਬਲਿਸ਼ਿੰਗ ਕੰਪਨੀ, 1976), ਪੰਨੇ 317–18.

ਰਹਿਣ ਵਾਲੇ ਇਨਾਮ ਲਈ ਕਰਦੇ ਹਾਂ। ਇਸ ਲਈ ਮੈਂ ਬੇਮਤਲਬ ਨਹੀਂ ਦੌੜਦਾ ਅਤੇ ਨਾ ਹੀ ਉਸ ਮੁੱਕੇਬਾਜ਼ ਦੀ ਤਰ੍ਹਾਂ ਮੁੱਕੇ ਮਾਰ ਰਿਹਾ ਹਾਂ ਜਿਹੜਾ ਹਵਾ ਵਿੱਚ ਹੀ ਮੁੱਕੇ ਮਾਰਦਾ ਹੈ। ਮੈਂ ਆਪਣੇ ਸਰੀਰ ਨੂੰ ਦੁੱਖ ਦੇ ਕੇ ਆਪਣੇ ਕਾਬੂ ਵਿੱਚ ਰੱਖਦਾ ਹਾਂ ਕਿ ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਮੈਂ ਦੂਜਿਆਂ ਨੂੰ ਤਾਂ ਉਪਦੇਸ਼ ਦੇਵਾਂ ਪਰ ਆਪ ਉਸੇ ਵਿੱਚ ਅਸਫ਼ਲ ਹੋ ਜਾਵਾਂ। [1 ਕੁਰਿੰਥ 9:24- 27]

ਜਿਹੜੇ ਲੋਕ ਆਪਣੇ ਮਸੀਹੀ ਅਨੁਭਵ ਵਿੱਚ ਇੱਕ ਸਿਖਲਾਈ ਲੈਣ ਵਾਲੇ ਖਿਡਾਰੀ ਦੀ ਤਰ੍ਹਾਂ **ਅਨੁਸ਼ਾਸਨ, ਸਮਰਪਣ,** ਅਤੇ **ਸਵੈ-ਨਿਯੰਤਰਣ** ਦਾ ਪ੍ਰਦਰਸ਼ਨ ਕਰਦੇ ਹਨ, ਉਹਨਾਂ ਦੇ ਲਈ ਇੱਕ ਖ਼ਾਸ ਇਨਾਮ ਰੱਖਿਆ ਹੋਇਆ ਹੈ। ਮਸੀਹ ਉਹਨਾਂ ਦੇ ਜੀਵਨ ਦੇ ਕੇਂਦਰ ਹੁੰਦੇ ਹਨ, ਅਤੇ ਉਹ ਮਸੀਹ ਦੇ ਵਚਨ ਦੁਆਰਾ ਅਗਵਾਈ ਪਾਉਣ ਅਤੇ ਇਸ ਅਨੁਸਾਰ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ।

**(2) ਆਨੰਦ ਦਾ ਮੁਕਟ**

ਆਖ਼ਰ ਸਾਡੇ ਲਈ ਉਸ ਸਮੇਂ ਕੀ, ਤੁਹਾਡੇ ਤੋਂ ਸਿਵਾਏ ਕੋਈ ਹੋਰ **ਉਮੀਦ**, ਅਨੰਦ ਜਾਂ **ਮਾਣ** ਹੋਵੇਗਾ ਜਦੋਂ ਅਸੀਂ ਪ੍ਰਭੂ ਯਿਸੂ ਦੇ ਆਉਣ ਦੇ ਸਮੇਂ ਉਹਨਾਂ ਦੇ ਸਾਹਮਣੇ ਖੜ੍ਹੇ ਹੋਵਾਂਗੇ? **ਤੁਸੀਂ** ਹੀ ਸਾਡਾ ਮਾਣ ਅਤੇ ਅਨੰਦ ਹੋ [1 ਥੱਸਲੁ 2:19-20]

ਪਰਮੇਸ਼ਰ ਦੀ ਦਿਲਚਸਪੀ ਖ਼ਾਸ ਤੌਰ ਤੇ ਉਹਨਾਂ ਲੋਕਾਂ ਨੂੰ ਇਨਾਮ ਦੇਣ ਵਿੱਚ ਹੋਵੇਗੀ ਜੋ **ਮਸੀਹ ਵਿੱਚ ਮੁਕਤੀ ਪਾਉਣ ਦੇ ਲਈ ਦੂਜਿਆਂ ਦੀ ਅਗਵਾਈ** ਕਰਦੇ ਹਨ। ਦਾਨੀਏਲ 12:3 ਵੀ "ਬਹੁਤ ਸਾਰੇ ਲੋਕਾਂ ਨੂੰ ਧਾਰਮਿਕਤਾ ਵੱਲ ਲੈ ਜਾਣ ਨੂੰ" ਭਵਿੱਖ ਦੀ ਮਹਿਮਾ ਦੇ ਨਾਲ ਜੋੜਦਾ ਹੈ। ਪੌਲੁਸ ਦੇ ਆਨੰਦ ਦਾ ਮੁਕਟ ਥੱਸਲੁਨੀਕੀਆਂ ਦੇ ਉਹ ਲੋਕ ਹੋਣਗੇ ਜਿਹਨਾਂ ਨੂੰ ਉਸ ਨੇ ਮਸੀਹ ਵਿੱਚ ਮੁਕਤੀ ਤੱਕ ਪਹੁੰਚਾਇਆ ਸੀ।

**(3) ਧਾਰਮਿਕਤਾ ਦਾ ਮੁਕਟ**

ਹੁਣ ਮੇਰੇ ਲਈ ਭਵਿੱਖ ਵਿੱਚ ਮਿਲਣ ਵਾਲਾ **ਨੇਕੀ ਦਾ ਮੁਕਟ ਰੱਖਿਆ ਹੋਇਆ ਹੈ** ਜਿਹੜਾ ਮੈਨੂੰ ਨੇਕ ਨਿਆਂਕਾਰ ਪ੍ਰਭੂ, ਉਸ ਦਿਨ ਦੇਣਗੇ ਅਤੇ ਇਹ ਕੇਵਲ ਮੈਨੂੰ ਹੀ ਨਹੀਂ ਸਗੋਂ ਉਹਨਾਂ ਸਾਰਿਆਂ ਨੂੰ ਮਿਲੇਗਾ ਜਿਹੜੇ ਪੂਰੀ ਸ਼ਰਧਾ ਦੇ ਨਾਲ ਉਹਨਾਂ ਦੇ ਦੁਬਾਰਾ ਆਉਣ ਦੀ **ਉਡੀਕ ਵਿੱਚ ਹਨ** [2 ਤਿਮੋਥਿ 4:8]

ਇਹ ਕਹਿਣਾ ਸਹੀ ਹੋਵੇਗਾ ਕਿ ਜਿਹੜੇ ਲੋਕ ਮਸੀਹ ਦੇ ਪ੍ਰਗਟ ਹੋਣ ਨੂੰ ਪਿਆਰ ਕਰਦੇ ਹਨ, ਉਹ ਮਸੀਹ ਦੇ ਵਿਅਕਤੀਤਵ ਨੂੰ ਪਿਆਰ ਕਰਦੇ ਹਨ। ਇਸ ਤੋਂ ਇਲਾਵਾ, ਜਿਹੜੇ ਲੋਕ ਮਸੀਹ ਨੂੰ ਪਿਆਰ ਕਰਦੇ ਹਨ, ਉਹ ਸੰਸਾਰ ਨੂੰ ਪਿਆਰ ਨਹੀਂ ਕਰਦੇ ਹਨ। ਸੰਸਾਰ ਵਰਗੇ ਬਣਨ ਦੀ ਬਜਾਏ ਉਹ ਮਸੀਹ ਵਰਗੇ ਬਣਨ ਦੀ ਚੋਣ ਕਰਦੇ ਹਨ। ਇਸ ਤਰ੍ਹਾਂ, **ਮਸੀਹ ਨੂੰ ਅਤੇ ਉਹਨਾਂ ਦੀ ਵਾਪਸੀ ਨੂੰ ਪਿਆਰ ਕਰਨਾ** ਧਾਰਮਿਕਤਾ ਦੇ ਜੀਵਨ ਦੇ ਨਾਲ-ਨਾਲ ਹੁੰਦਾ ਹੈ (ਦੇਖੋ, 1 ਯੂਹੰਨਾ 3:2-3)। ਉਹਨਾਂ ਵਿਸ਼ਵਾਸੀਆਂ ਦੇ ਲਈ ਇੱਕ ਖ਼ਾਸ ਇਨਾਮ ਹੈ ਜੋ ਮਸੀਹ ਦੀ ਵਾਪਸੀ ਦੀ ਉਡੀਕ ਕਰਦੇ ਹੋਏ ਧਾਰਮਿਕਤਾ ਵਿੱਚ ਜੀਵਨ ਜਿਊਂਦੇ ਹਨ। ਅਸਲ ਵਿੱਚ ਵਾਕਾਂਸ਼ "ਧਾਰਮਿਕਤਾ ਦੇ ਮੁਕਟ" ਦੀ ਇਹ ਵਿਆਖਿਆ ਕੀਤੀ ਜਾ ਸਕਦੀ ਹੈ ਕਿ ਉਹ ਇੱਕ ਅਜਿਹਾ ਮੁਕਟ ਹੈ ਜਿਹੜਾ ਧਾਰਮਿਕਤਾ ਦੇ ਕੰਮ ਕਰਨ ਨਾਲ ਮਿਲਦਾ ਹੈ।

**(4) ਜੀਵਨ ਦਾ ਮੁਕਟ**

ਧੰਨ ਉਹ ਮਨੁੱਖ ਹੈ ਜਿਹੜਾ **ਪਰਤਾਵੇ ਵਿੱਚ ਸਥਿਰ** ਰਹਿੰਦਾ ਹੈ ਕਿਉਂਕਿ ਜਦੋਂ ਉਹ ਪਰੀਖਿਆ ਵਿੱਚ ਖਰਾ ਨਿਕਲਦਾ ਹੈ ਤਾਂ ਉਹ ਜੀਵਨ ਦਾ **ਮੁਕਟ** ਪ੍ਰਾਪਤ ਕਰੇਗਾ ਜਿਸ ਦਾ ਵਾਅਦਾ ਪਰਮੇਸ਼ਰ ਨੇ ਆਪਣੇ ਪਿਆਰ ਕਰਨ ਵਾਲਿਆਂ ਦੇ ਨਾਲ ਕੀਤਾ ਹੈ। [ਯਾਕੂਬ 1:12]

ਉਸ **ਦੁੱਖ** ਤੋਂ ਨਾ ਡਰ ਜਿਹੜਾ ਤੇਰੇ ਉੱਤੇ ਆਉਣ ਵਾਲਾ ਹੈ। ਸ਼ੈਤਾਨ ਤੁਹਾਨੂੰ ਪਰਤਾਵੇਗਾ ਅਤੇ ਤੁਹਾਡੇ ਵਿੱਚੋਂ ਕੁਝ ਨੂੰ ਕੈਦ ਵਿੱਚ ਸੁੱਟ ਦੇਵੇਗਾ । ਤੁਹਾਡੇ ਉੱਤੇ ਇਹ ਦੁੱਖ ਦਸ ਦਿਨ ਤੱਕ ਰਹਿਣਗੇ । **ਮੌਤ ਤੱਕ ਮੇਰਾ ਵਫ਼ਾਦਾਰ ਰਹਿ** ਤਾਂ ਮੈਂ ਤੈਨੂੰ ਜੀਵਨ ਦਾ **ਤਾਜ** ਦੇਵਾਂਗਾ [ਪ੍ਰਕਾਸ਼ 2:10]

ਦਬਾਅ ਅਤੇ ਸੰਕਟ ਦੇ ਸਮੇਂ ਆਤਮਿਕਤਾ ਨੂੰ ਛੱਡ ਦੇਣਾ ਆਸਾਨ ਹੁੰਦਾ ਹੈ। ਪਰ, ਦਬਾਅ ਮਸੀਹੀ ਚਰਿੱਤਰ ਦੀ ਜਾਂਚ ਕਰਦਾ ਹੈ। ਪਰਮੇਸ਼ਰ ਉਹਨਾਂ ਲੋਕਾਂ ਨੂੰ ਖ਼ਾਸ ਇਨਾਮ ਦਿੰਦੇ ਹਨ ਜਿਹੜੇ ਪਰਮੇਸ਼ਰ ਦੇ ਲਈ **ਪਰਤਾਵਿਆਂ, ਅਜ਼ਮਾਇਸ਼ਾਂ, ਜ਼ੁਲਮ ਜਾਂ ਮੌਤ ਨੂੰ ਸਹਿਣ ਕਰਦੇ ਹਨ**। ਪਰਮੇਸ਼ਰ ਖ਼ਾਸ ਤੌਰ ਤੇ ਉਹਨਾਂ ਲੋਕਾਂ ਦੀ ਕਦਰ ਕਰਦੇ ਹਨ ਜੋ ਮੁਸ਼ਕਲਾਂ ਵਿੱਚ ਵਫ਼ਾਦਾਰ ਰਹਿੰਦੇ ਹਨ।

**(5). ਮਹਿਮਾ ਦਾ ਮੁਕਟ**

ਜਦੋਂ ਪ੍ਰਮੁੱਖ ਚਰਵਾਹਾ ਭਾਵ ਪ੍ਰਭੂ ਯਿਸੂ ਪ੍ਰਗਟ ਹੋਣਗੇ ਤਾਂ ਤੁਸੀਂ ਮਹਿਮਾ ਦਾ ਉਹ ਤਾਜ ਪ੍ਰਾਪਤ ਕਰੋਗੇ, ਜਿਸ ਦੀ ਸ਼ਾਨ ਖ਼ਰਾਬ ਨਹੀਂ ਹੋਵੇਗੀ। [1 ਪਤਰਸ 5:4]

ਉਹਨਾਂ ਮਸੀਹੀ ਆਗੂਆਂ ਦੇ ਲਈ ਮਹਿਮਾ ਦਾ ਮੁਕਟ ਰੱਖਿਆ ਹੋਇਆ ਹੈ ਜਿਹੜੇ ਛੋਟੇ ਰਖਵਾਲਿਆਂ ਦੇ ਰੂਪ ਵਿੱਚ ਵਿਸ਼ਵਾਸਯੋਗ ਰਹੇ ਹਨ। **ਮਸੀਹੀ ਆਗੂਆਂ ਦੇ ਲਈ ਇੱਕ ਖ਼ਾਸ ਇਨਾਮ ਰੱਖਿਆ ਹੋਇਆ ਹੈ,** ਪਰ ਉਹਨਾਂ ਦਾ ਨਿਆਂ ਵੀ ਜ਼ਿਆਦਾ ਸਖ਼ਤੀ ਨਾਲ ਹੋਵੇਗਾ (ਲੂਕਾ 12:48; ਯਾਕੂਬ 3:1; ਇਬ 13:17)।

### d. ਦੂਜੇ ਵਿਸ਼ਵਾਸੀਆਂ ਦੇ ਜੀਵਨ ਵਿੱਚ ਯੋਗਦਾਨ

1 ਕੁਰਿੰਥ 3:12-13 ਦੱਸਦਾ ਹੈ ਕਿ ਪਰਮੇਸ਼ਰ ਇਸ ਗੱਲ ਦਾ ਮੁਲਾਂਕਣ ਕਰਨਗੇ ਕਿ ਕੀ ਇੱਕ ਵਿਅਕਤੀ "ਨੀਂਹ" ਉੱਤੇ "ਸੋਨਾ, ਚਾਂਦੀ, ਕੀਮਤੀ ਪੱਥਰ" ਦੀ ਉਸਾਰੀ ਕਰਦਾ ਜਾਂ "ਲੱਕੜੀ, ਘਾਹ, ਸੁੱਕੇ ਕੱਖ" ਦੀ ਉਸਾਰੀ

ਕਰਦਾ ਹੈ।[17] ਇਸ ਸੰਦਰਭ ਵਿੱਚ, ਕਲੀਸਿਯਾ ਪਰਮੇਸ਼ਰ ਦਾ ਭਵਨ ਹੈ (ਆਇਤ 9)। ਇਸ ਲਈ, ਉਸ ਦੀ ਨਿਰਮਾਣ ਸਮੱਗਰੀ ਵੀ ਲੋਕ ਹੀ ਹੋਣਗੇ। ਇੱਕ ਵਿਸ਼ਵਾਸੀ ਦਾ ਮੁਲਾਂਕਣ ਕਰਨ ਦਾ ਪਰਮੇਸ਼ਰ ਦਾ ਇੱਕ ਤਰੀਕਾ ਇਹ ਹੋਵੇਗਾ ਕਿ ਪਰਮੇਸ਼ਰ ਉਸ ਦੇ ਕੰਮ ਨੂੰ ਇਸ ਗੱਲ ਨਾਲ ਜੋੜ ਕੇ ਦੇਖਣਗੇ ਕਿ ਉਸ ਨੇ **ਦੂਜੇ ਵਿਸ਼ਵਾਸੀਆਂ ਦੀ ਕਿਵੇਂ ਉਸਾਰੀ ਕੀਤੀ ਹੈ ਜਾਂ ਕਿਵੇਂ ਉਹਨਾਂ ਨੂੰ ਢਾਇਆ ਹੈ**। ਇਹ ਯਕੀਨੀ ਤੌਰ ਤੇ ਆਗੂਆਂ ਬਾਰੇ ਸੱਚ ਹੈ (ਦੇਖੋ, ਇਬ 13:17), ਪਰ ਇਹ ਵੀ ਸੱਚ ਹੈ ਕਿ ਹਰੇਕ ਮਸੀਹੀ ਆਪਣੀ ਵਫ਼ਾਦਾਰੀ ਜਾਂ ਬੇਵਫ਼ਾਈ ਦੇ ਲਈ ਪਰਮੇਸ਼ਰ ਅੱਗੇ ਜਵਾਬਦੇਹ ਹੈ (ਰੋਮੀ 14:12; 1 ਕੁਰਿੰਥ 4:5; ਗਲਾਤੀ 6:5)। ਹਰੇਕ ਮਸੀਹੀ ਦੂਜੇ ਮਸੀਹੀਆਂ ਨੂੰ ਭਲਾਈ ਕਰਨ ਦੇ ਲਈ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਦੇ ਲਈ ਜ਼ਿੰਮੇਵਾਰ ਹੈ। ਉਸ ਨੂੰ ਦੂਜੇ ਮਸੀਹੀਆਂ ਦੇ ਜੀਵਨ ਵਿੱਚ ਵਿਅਰਥ ਗੱਲਾਂ ਦੀ ਬਜਾਏ ਸਥਾਈ, ਕੀਮਤੀ ਅਤੇ ਆਤਮਿਕ ਗੁਣਵੱਤਾ ਵਾਲੀਆਂ ਗੱਲਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਅਸੀਂ ਮਦਦ ਕੀਤੀ ਹੈ, ਅਤੇ ਦੂਜੇ ਲੋਕਾਂ ਨੇ ਵਿਦਰੋਹ ਕੀਤਾ ਹੈ, ਜਾਂ ਅਸੀਂ ਅਸਫਲ ਰਹੇ ਹਾਂ, ਤਾਂ ਸਾਡੇ ਉੱਤੇ ਕੋਈ ਦੋਸ਼ ਨਹੀਂ ਆਵੇਗਾ, ਪਰ ਦੂਜੇ ਵਿਸ਼ਵਾਸੀਆਂ ਦੀ ਆਤਮਿਕ ਭਲਾਈ ਵਿੱਚ ਕੋਈ ਦਿਲਚਸਪੀ ਨਾ ਦਿਖਾਉਣ ਇੱਕ ਗੰਭੀਰ ਪਾਪ ਹੋਵੇਗਾ। ਉਹਨਾਂ ਮਸੀਹੀਆਂ ਦੇ ਲਈ ਇੱਕ ਖ਼ਾਸ ਇਨਾਮ ਹੈ ਜਿਹੜੇ ਦੂਜਿਆਂ ਦੀ ਉਸਾਰੀ, ਸੁਧਾਰ, ਅਤੇ ਲਾਭ ਦੇ ਲਈ ਆਪਣੇ ਜੀਵਨ ਦੀ ਵਰਤੋਂ ਕਰਦੇ ਹਨ।

> ਅਸੀਂ ਜਿਹੜੇ ਵਿਸ਼ਵਾਸ ਵਿੱਚ ਮਜ਼ਬੂਤ ਹਾਂ, ਸਾਨੂੰ ਚਾਹੀਦਾ ਹੈ ਕਿ ਕਮਜ਼ੋਰਾਂ ਦੀ ਮਦਦ ਕਰੀਏ। ਸਾਨੂੰ ਕੇਵਲ ਆਪਣੇ ਬਾਰੇ ਹੀ ਨਹੀਂ ਸੋਚਣਾ ਚਾਹੀਦਾ ਸਗੋਂ ਸਾਡੇ ਵਿੱਚੋਂ ਹਰ ਇੱਕ ਨੂੰ ਆਪਣੇ ਗੁਆਂਢੀ ਦੇ ਭਲੇ ਲਈ ਸੋਚਣਾ ਚਾਹੀਦਾ ਹੈ ਕਿ ਉਸ ਦੀ ਤਰੱਕੀ ਹੋਵੇ। [ਰੋਮੀ 15:1-2]
>
> ਸੁਆਰਥ ਅਤੇ ਝੂਠੇ ਘਮੰਡ ਨਾਲ ਕੁਝ ਨਾ ਕਰੋ ਸਗੋਂ ਨਿਮਰਤਾ ਨਾਲ ਦੂਜਿਆਂ ਨੂੰ ਆਪਣੇ ਤੋਂ ਉੱਤਮ ਸਮਝੋ। ਤੁਸੀਂ ਕੇਵਲ ਆਪਣਾ ਹੀ ਭਲਾ ਨਾ ਦੇਖੋ ਸਗੋਂ ਦੂਜਿਆਂ ਦੇ ਭਲੇ ਦਾ ਵੀ ਧਿਆਨ ਰੱਖੋ। ਆਪਣੇ ਅੰਦਰ ਮਸੀਹ ਯਿਸੂ ਵਰਗਾ ਸੁਭਾਅ ਰੱਖੋ [ਫ਼ਿਲਿੱਪੀ 2:3-5]

### 3. ਵਿਸ਼ਵਾਸੀਆਂ ਦੇ ਕੰਮਾਂ ਦੇ ਨਿਆਂ ਲਈ ਮਿਆਰ

ਅੰਗੂਰੀ ਬਾਗ ਵਿੱਚ ਮਜ਼ਦੂਰਾਂ ਦੇ ਦ੍ਰਿਸ਼ਟਾਂਤ (ਮੱਤੀ 20:1-16) ਵਿੱਚੋਂ ਸਿੱਖਣ ਦੇ ਲਈ ਇੱਕ ਸਿੱਖਿਆ ਇਹ ਹੈ ਕਿ ਜਦੋਂ ਪਰਮੇਸ਼ਰ ਇਨਾਮ ਦੇਣਗੇ, ਉਸ ਸਮੇਂ ਬਹੁਤ ਸਾਰੀਆਂ ਹੈਰਾਨ ਕਰਨ ਵਾਲੀਆਂ ਗੱਲਾਂ ਹੋਣਗੀਆਂ। ਅਜਿਹਾ ਕੋਈ ਵੀ ਤਰੀਕਾ ਨਹੀਂ ਹੈ ਜਿਸ ਨਾਲ ਅਸੀਂ ਅੰਦਾਜ਼ਾ ਲਗਾ ਸਕੀਏ ਕਿ ਇੱਕ ਵਿਸ਼ਵਾਸੀ ਨੂੰ ਕਿੰਨੇ ਇਨਾਮ ਮਿਲਣਗੇ। ਜੇਕਰ ਅਸੀਂ ਕੋਈ ਅੰਦਾਜ਼ਾ ਲਗਾਵਾਂਗੇ, ਤਾਂ ਉਹ ਗ਼ਲਤ ਹੋਵੇਗਾ। ਕੁਝ ਲੋਕ ਜਿਹੜੇ ਇੱਕ ਵੱਡਾ ਇਨਾਮ ਪ੍ਰਾਪਤ ਕਰਨ ਦੀ ਉਮੀਦ ਕਰ ਰਹੇ ਹਨ, ਉਹਨਾਂ ਨੂੰ ਛੋਟਾ ਇਨਾਮ ਮਿਲੇਗਾ। ਦੂਜੇ, ਜਿਹੜੇ ਜ਼ਿਆਦਾ ਕੁਝ ਪਾਉਣ ਦੀ ਉਮੀਦ ਨਹੀਂ ਕਰ ਰਹੇ ਹਨ, ਉਹ ਬਹੁਤ ਕੁਝ ਪ੍ਰਾਪਤ ਕਰਨਗੇ। ਕੀ 5,000 ਸਦੱਸਾਂ ਵਾਲੀ ਕਲੀਸਿਯਾ ਦੇ ਪਾਸਬਾਨ ਨੂੰ ਜਾਂ ਪੰਜ ਬੱਚਿਆਂ ਦੀ ਇੱਕ ਸੱਚੀ ਭਗਤੀ ਕਰਨ ਵਾਲੀ ਮਾਂ ਨੂੰ ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਜ਼ਿਆਦਾ ਪ੍ਰਸ਼ੰਸਾ ਮਿਲੇਗੀ? ਇਹ ਜਾਣਣ ਦਾ ਇਸ ਸਮੇਂ ਕੋਈ ਤਰੀਕਾ ਨਹੀਂ ਹੈ। ਅਸੀਂ ਇਹ ਜਾਣਦੇ ਹਾਂ ਕਿ ਪਰਮੇਸ਼ਰ ਨੂੰ ਸਾਰੇ ਹਲਾਤਾਂ ਦਾ ਪੂਰਾ ਗਿਆਨ ਹੈ ਅਤੇ ਉਹ ਨਿਰਪੱਖ ਢੰਗ ਨਾਲ ਨਿਆਂ ਕਰਨਗੇ। ਅਸੀਂ ਕੁਝ ਅਜਿਹੇ ਮਿਆਰਾਂ ਬਾਰੇ ਵੀ ਜਾਣਦੇ ਹਨ ਜਿਹਨਾਂ ਅਨੁਸਾਰ ਉਹ ਨਿਆਂ ਕਰਨਗੇ।

#### a. ਪਰਮੇਸ਼ਰ ਮਸੀਹੀ ਆਗੂਆਂ ਦਾ ਨਿਆਂ ਸਖ਼ਤੀ ਨਾਲ ਕਰਨਗੇ।

1 ਕੁਰਿੰਥ 9:14-17 ਵਿੱਚ ਪੌਲੁਸ ਦੇ ਮੁੱਦਿਆਂ ਵਿੱਚੋਂ ਇੱਕ ਇਹ ਸੀ ਕਿ ਉਸ ਦੁਆਰਾ ਸ਼ੁਭ-ਸਮਾਚਾਰ ਦਾ ਪ੍ਰਚਾਰ ਕੀਤੇ ਜਾਣ ਵਾਲੇ ਵੱਡੇ ਯਤਨ ਉਸ ਦੇ ਸੱਦੇ ਦਾ ਹਿੱਸਾ ਸਨ। ਉਸ ਦੀ ਮਿਹਨਤ ਕੋਈ ਬਹੁਤ ਖ਼ਾਸ ਕੰਮ ਨਹੀਂ ਬਲਕਿ ਉਸ ਦੀ ਜ਼ਿੰਮੇਵਾਰੀ ਸੀ। ਉਸ ਦਾ ਇਹ ਰਵੱਈਆ ਉਹੀ ਸੀ ਜੋ ਲੂਕਾ 17:7-10 ਦੇ ਦ੍ਰਿਸ਼ਟਾਂਤ ਵਿੱਚ ਦਿੱਤਾ ਗਿਆ ਹੈ। ਪੌਲੁਸ ਇਹ ਮਹਿਸੂਸ ਕਰਦਾ ਸੀ ਕਿ ਉਸ ਨੂੰ ਆਪਣੇ ਸੱਦੇ ਨੂੰ ਦੇਖਦਿਆਂ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਸੀ। ਯਾਕੂਬ ਇਸ ਮਾਮਲੇ ਵਿੱਚ ਸਪੱਸ਼ਟ ਹੈ ਕਿ ਪਰਮੇਸ਼ਰ ਇੱਕ ਸਿੱਖਿਅਕ ਦਾ ਨਿਆਂ ਦੂਜਿਆਂ ਦੀ ਤੁਲਨਾ ਵਿੱਚ ਇੱਕ ਜ਼ਿਆਦਾ ਸਖ਼ਤ ਮਿਆਰ ਅਨੁਸਾਰ ਕਰਨਗੇ।

> “ਤੁਸੀਂ ਵੀ ਇਸ ਸੇਵਕ ਦੀ ਤਰ੍ਹਾਂ ਹੀ ਹੋ। ਇਸ ਲਈ ਸਾਰੇ ਹੁਕਮਾਂ ਦੀ ਪਾਲਣਾ ਕਰਨ ਦੇ ਬਾਅਦ ਤੁਹਾਨੂੰ ਵੀ ਕਹਿਣਾ ਚਾਹੀਦਾ ਹੈ, ‘ਅਸੀਂ ਤਾਂ ਸਧਾਰਨ ਜਿਹੇ ਸੇਵਕ ਹਾਂ। ਅਸੀਂ ਤਾਂ ਕੇਵਲ ਆਪਣਾ ਕਰਤੱਵ ਹੀ ਪੂਰਾ ਕੀਤਾ ਹੈ।’” [ਲੂਕਾ17:10]
>
> ਮੈਂ ਸ਼ੁਭ ਸਮਾਚਾਰ ਦਾ ਪ੍ਰਚਾਰ ਕਰਦਾ ਹਾਂ, ਇਹ ਕੋਈ ਮੇਰੇ ਲਈ ਹੰਕਾਰ ਵਾਲੀ ਗੱਲ ਨਹੀਂ ਹੈ, ਇਹ ਤਾਂ ਮੇਰੇ ਲਈ ਅਤਿ ਜ਼ਰੂਰੀ ਹੈ। ਜੇਕਰ ਮੈਂ ਸ਼ੁਭ ਸਮਾਚਾਰ ਦਾ ਪ੍ਰਚਾਰ ਨਾ ਕਰਾਂ ਤਾਂ ਮੇਰੇ ਉੱਤੇ ਹਾਏ! [1 ਕੁਰਿੰਥ 9:16]
>
> ਮੇਰੇ ਭਰਾਵੋ ਅਤੇ ਭੈਣੋ, ਤੁਹਾਡੇ ਵਿੱਚੋਂ ਬਹੁਤ ਸਾਰੇ ਸਿੱਖਿਅਕ ਨਾ ਬਣਨ ਕਿਉਂਕਿ ਤੁਸੀਂ ਜਾਣਦੇ ਹੋ ਕਿ ਅਸੀਂ ਜਿਹੜੇ

[17] ਸ਼ਾਇਦ 1 ਕੁਰਿੰਥ 3:10ff ਵਿੱਚ ਪੌਲੁਸ ਦੀਆਂ ਹਿਦਾਇਤਾਂ ਮੁੱਖ ਤੌਰ ਤੇ ਉਹਨਾਂ ਮਸੀਹੀ ਆਗੂਆਂ ਦੇ ਲਈ ਹਨ ਜਿਹਨਾਂ ਨੂੰ ਇਸ ਮਾਮਲੇ ਵਿੱਚ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਉਹ ਸਥਾਨਕ ਕਲੀਸਿਯਾ ਦੇ ਲੋਕਾਂ ਦੀ ਕਿਸੇ ਤਰ੍ਹਾਂ ਉਸਾਰੀ ਕਰਦੇ ਹਨ। ਪਰਮੇਸ਼ਰ ਦੀ ਦਿਲਚਸਪੀ ਇਸ ਵਿੱਚ ਹੁੰਦੀ ਹੈ ਕਿ ਹਰੇਕ ਵਿਸ਼ਵਾਸੀ ਆਪਣੇ ਜੀਵਨ ਦੁਆਰਾ ਦੂਜੇ ਵਿਸ਼ਵਾਸੀਆਂ ਦੀ ਆਤਮਿਕ ਉਸਾਰੀ ਵਿੱਚ ਆਪਣਾ ਯੋਗਦਾਨ ਦੇਵੇ।

ਸਿੱਖਿਅਕ ਹਾਂ, ਸਾਡਾ ਨਿਆਂ ਦੂਜਿਆਂ ਦੇ ਨਾਲੋਂ ਜ਼ਿਆਦਾ ਸਖ਼ਤੀ ਦੇ ਨਾਲ ਹੋਵੇਗਾ। [ਯਾਕੂਬ 3:1]

### b. ਪਰਮੇਸ਼ਰ ਆਪਣੇ ਨਿਆਂ ਵਿੱਚ ਸਹੂਲਤ ਅਤੇ ਅਸਹੂਲਤ ਦੀਆਂ ਸਥਿਤੀਆਂ ਨੂੰ ਵੀ ਧਿਆਨ ਵਿੱਚ ਰੱਖਦੇ ਹਨ।

ਜਿਵੇਂ ਮਨੁੱਖ ਨਹੀਂ ਕਰਦੇ ਹਨ, ਪਰਮੇਸ਼ਰ ਇੱਕ ਸੰਪੂਰਨ ਨਿਆਂ ਕਰ ਸਕਦੇ ਹਨ। ਉਹ ਸਹੂਲਤ ਅਤੇ ਅਸਹੂਲਤ ਦੀਆਂ ਸਥਿਤੀਆਂ ਉੱਤੇ ਵੀ ਧਿਆਨ ਦਿੰਦੇ ਹਨ ਜਿਵੇਂ ਛੋਟੀ ਉਮਰ ਵਿੱਚ ਮਿਲੀ ਮੁਕਤੀ, ਮਸੀਹੀ ਜਾਂ ਗ਼ੈਰ-ਮਸੀਹੀ ਘਰਾਂ ਦਾ ਪਿਛੋਕੜ, ਇੱਕ ਚੰਗੀ ਕਲੀਸਿਯਾ ਵਿੱਚ ਪਰਮੇਸ਼ਰ ਬਾਰੇ ਸਿੱਖਣ ਦੇ ਫ਼ਾਇਦੇ, ਕੁਦਰਤੀ ਯੋਗਤਾਵਾਂ ਅਤੇ ਆਤਮਿਕ ਵਰਦਾਨਾਂ। ਪਰਮੇਸ਼ਰ ਨੇ ਸਿਰਫ਼ ਸਾਡੇ ਜੀਵਨ ਦੇ ਨਤੀਜੇ ਬਲਕਿ ਖ਼ਾਸ ਤਰ੍ਹਾਂ ਦੇ ਸੰਘਰਸ਼ਾਂ ਜਾਂ ਕਮਜ਼ੋਰੀਆਂ ਨੂੰ ਵੀ ਦੇਖਦੇ ਹਨ। ਨਿਆਂ ਦੇ ਸਿੰਘਾਸਣ ਅੱਗੇ ਬਹੁਤ ਸਾਰੇ ਜਿਹੜੇ ਪਹਿਲੇ ਸਨ ਉਹ ਆਖ਼ਰੀ ਹੋਣਗੇ ਅਤੇ ਜਿਹੜੇ ਆਖ਼ਰੀ ਸਨ ਉਹ ਪਹਿਲੇ ਹੋਣਗੇ। ਪਰਮੇਸ਼ਰ ਸਾਰੇ ਤੱਥਾਂ ਤੋਂ ਜਾਣੂ ਹਨ ਅਤੇ ਉਹ ਪੂਰੀ ਤਰ੍ਹਾਂ ਸੱਚਾ ਨਿਆਂ ਕਰਨਗੇ।

> … ਜਿਸ ਨੂੰ ਬਹੁਤ ਦਿੱਤਾ ਗਿਆ ਹੈ, ਉਸ ਤੋਂ ਬਹੁਤ ਮੰਗਿਆ ਜਾਵੇਗਾ, ਜਿਸ ਨੂੰ ਬਹੁਤ ਸੌਂਪਿਆ ਗਿਆ ਹੈ, ਉਸ ਤੋਂ ਬਹੁਤ ਦਾ ਹਿਸਾਬ ਲਿਆ ਜਾਵੇਗਾ।'' [ਲੂਕਾ 12:48b]

### c. ਪਰਮੇਸ਼ਰ ਚਰਿੱਤਰ ਉੱਤੇ ਜ਼ੋਰ ਦਿੰਦੇ ਹੋਏ ਨਿਆਂ ਕਰਨਗੇ।

ਯੂਨਾਹ ਦੇ ਦੁਆਰਾ ਇੱਕ ਵੱਡੀ ਬੇਦਾਰੀ ਹੋਈ ਸੀ, ਪਰ ਉਸ ਦਾ ਰਵੱਈਆ ਬੁਰਾ ਸੀ। ਇੱਕ ਮਨੁੱਖੀ ਦ੍ਰਿਸ਼ਟੀਕੋਣ ਤੋਂ, ਅਜਿਹਾ ਲੱਗਦਾ ਹੈ ਕਿ ਉਸ ਦੀ ਸੇਵਕਾਈ ਦੇ ਲਈ ਉਸ ਨੂੰ ਵੱਡਾ ਇਨਾਮ ਮਿਲਣਾ ਚਾਹੀਦਾ ਹੈ, ਪਰ ਪਰਮੇਸ਼ਰ ਦੇ ਨਿਆਂ ਦੇ ਮਿਆਰ ਮਨੁੱਖ ਦੇ ਮਿਆਰਾਂ ਨਾਲੋਂ ਵੱਖਰੇ ਹਨ (1 ਸਮੂ 16:7)।

ਅਫ਼ਸੀ 6:6 ਅਤੇ ਕੁਲੁੱਸੀ 3:22 ਉਹਨਾਂ ਦਾ ਹਵਾਲਾ ਦਿੰਦੇ ਹਨ ਜਿਹੜੇ ਸਿਰਫ਼ ਮਨੁੱਖਾਂ ਨੂੰ ਪ੍ਰਸੰਨ ਕਰਨ ਦੇ ਲਈ ਸਖ਼ਤ ਮਿਹਨਤ ਕਰਦੇ ਹਨ, ਅਤੇ ਉਹਨਾਂ ਦੀ ਤੁਲਨਾ ਅਜਿਹੇ ਲੋਕਾਂ ਨਾਲ ਕਰਦੇ ਹਨ ਜਿਹੜੇ "ਪ੍ਰਭੂ ਦੇ ਲਈ" ਮਿਹਨਤ ਕਰਦੇ ਹਨ। ਦੋਵੇਂ ਹੀ ਸੰਦਰਭ ਅੱਗੇ ਪਰਮੇਸ਼ਰ ਦੇ ਮੁਲਾਂਕਣ ਦਾ ਹਵਾਲਾ ਦਿੰਦੇ ਹਨ (ਅਫ਼ਸੀ 6:8; ਕੁਲੁੱਸੀ 3:24)। ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ, ਪਰਮੇਸ਼ਰ ਹਰੇਕ ਵਿਸ਼ਵਾਸੀ ਦੇ ਕੰਮ ਦਾ ਨਿਆਂ ਕਰਦੇ ਹੋਏ ਇਹ ਨਿਰਧਾਰਤ ਕਰਨਗੇ ਕਿ ਉਹ ਇਨਾਮ ਪਾਵੇਗਾ ਜਾਂ ਇਨਾਮ ਨੂੰ ਗੁਆ ਦੇਵੇਗਾ। ਪਰ, ਉਹ ਇੱਕ ਵਿਅਕਤੀ ਦੇ ਉਦੇਸ਼ ਉੱਤੇ ਬਹੁਤ ਜ਼ੋਰ ਦੇਣਗੇ, ਕਿ ਉਸ ਨੇ ਆਪਣੇ ਕੰਮ ਮਨੁੱਖਾਂ ਨੂੰ ਪ੍ਰਸੰਨ ਕਰਨ ਦੇ ਲਈ ਕੀਤੇ ਸਨ ਜਾਂ ਮਸੀਹ ਨੂੰ ਪ੍ਰਸੰਨ ਕਰਨ ਦੇ ਲਈ ਕੀਤੇ ਸਨ। ਪਹਾੜੀ ਉਪਦੇਸ਼ ਉਹਨਾਂ ਲੋਕਾਂ ਬਾਰੇ ਗੱਲ ਕਰਦਾ ਹੈ ਜਿਹਨਾਂ ਦੇ ਧਾਰਮਿਕ ਕੰਮ ਦਾ ਇਹ ਉਦੇਸ਼ ਸੀ ਕਿ ਉਹ ਮਨੁੱਖਾਂ ਦੇ ਸਾਹਮਣੇ "ਧਰਮੀ" ਦਿਖਾਈ ਦੇਣ। ਦੋ ਵਾਰ ਮਸੀਹ ਨੇ ਇਹ ਕਿਹਾ ਕਿ "ਉਹ ਆਪਣਾ ਫਲ ਪਾ ਚੁੱਕੇ ਹਨ" (ਮੱਤੀ 6:2,5, ਅਤੇ ਯੂਹੰਨਾ 12:43 ਵੀ ਦੇਖੋ)। ਉਹਨਾਂ ਦੇ ਸਾਰੇ ਧਾਰਮਿਕ ਕੰਮ ਮਨੁੱਖਾਂ ਦਾ ਧਿਆਨ ਖਿੱਚਣ ਦੇ ਲਈ ਕੀਤੇ ਗਏ ਸਨ। ਉਹਨਾਂ ਨੂੰ ਉਹ ਇਨਾਮ ਮਿਲ ਗਿਆ ਸੀ ਜੋ ਉਹ ਚਾਹੁੰਦੇ ਸਨ, ਪਰ ਪਰਮੇਸ਼ਰ ਦੀ ਵੱਲੋਂ ਉਹਨਾਂ ਨੂੰ ਕੋਈ ਇਨਾਮ ਨਹੀਂ ਮਿਲੇਗਾ। ਅੱਜ ਕੁਝ ਅਜਿਹੇ ਮਸੀਹੀ ਹਨ ਜੋ ਸਿਰਫ਼ ਉਦੋਂ ਵਫ਼ਾਦਾਰ ਹੁੰਦੇ ਹਨ ਜਦੋਂ ਲੋਕ ਉਹਨਾਂ ਨੂੰ ਦੇਖ ਰਹੇ ਹੁੰਦੇ ਹਨ, ਅਤੇ ਕੁਝ ਅਜਿਹੇ ਲੋਕ ਹਨ ਜੋ ਪਰਮੇਸ਼ਰ ਨਾਲ ਤਾਂ ਕੋਈ ਖ਼ਾਸ ਪਿਆਰ ਨਹੀਂ ਕਰਦੇ ਹਨ, ਪਿਆਰ ਸਿਰਫ਼ ਇਸ ਲਈ ਮਿਹਨਤ ਕਰਦੇ ਹਨ ਕਿ ਉਹ ਲੋਕਾਂ ਨੂੰ ਦਿਖਾਈ ਦੇਣ ਜਾਂ ਉਹਨਾਂ ਦੀ ਪ੍ਰਸੰਨਾ ਕੀਤੀ ਜਾਵੇ। ਇੱਕ ਵਿਸ਼ਵਾਸੀ ਦੇ ਕੰਮਾਂ ਦੇ ਨਿਆਂ ਵਿੱਚ, ਉਸ ਅੰਦਰੂਨੀ ਆਤਮਾ ਉੱਤੇ ਧਿਆਨ ਦਿੱਤਾ ਜਾਵੇਗਾ ਜਿਸ ਦੀ ਅਗਵਾਈ ਵਿੱਚ ਉਸ ਨੇ ਉਹ ਕੰਮ ਕੀਤੇ ਸਨ (ਦੇਖੋ, 1 ਕੁਰਿੰਥ 4:5)।

### F. ਭਵਿੱਖ ਦੇ ਇਨਾਮਾਂ ਦਾ ਰੂਪ

ਇਸ ਗੱਲ ਉੱਤੇ ਜਿੰਨਾ ਵੀ ਜ਼ੋਰ ਦਿੱਤਾ ਜਾਵੇ, ਓਨਾ ਹੀ ਘੱਟ ਹੋਵੇਗਾ ਕਿ ਮਸੀਹ ਦੇ ਨਿਆਂ ਦੇ ਸਿੰਘਾਸਣ ਦਾ ਸੰਬੰਧ ਮੁਕਤੀ, ਸਵਰਗ ਵਿੱਚ ਪ੍ਰਵੇਸ਼, ਜਾਂ ਨਿੱਜੀ ਪਾਪਾਂ ਨਾਲ ਵੀ ਨਹੀਂ ਹੈ, ਪਰ ਸਿਰਫ਼ ਇਨਾਮ ਪਾਉਣ ਜਾਂ ਗੁਆਉਣ ਨਾਲ ਹੈ। ਜਿਹੜੇ ਇਨਾਮ ਪਰਮੇਸ਼ਰ ਸਾਨੂੰ ਦੇਣ ਵਾਲੇ ਹਨ, ਪਰਮੇਸ਼ਰ ਨੇ ਸਾਨੂੰ ਉਹਨਾਂ ਦੇ ਬਾਰੇ ਕੁਝ ਨਹੀਂ ਦੱਸਿਆ ਹੈ, ਪਰ ਅਸੀਂ ਇਹਨਾਂ ਬਾਰੇ ਕੁਝ ਮਹੱਤਵਪੂਰਣ ਤੱਥਾਂ ਨੂੰ ਜਾਣਦੇ ਹਾਂ।

#### 1. ਇਨਾਮਾਂ ਦੇ ਮਾਪ

ਪਰਮੇਸ਼ਰ ਆਪਣੀ ਕਿਰਪਾ ਨਾਲ ਹਰੇਕ ਵਿਸ਼ਵਾਸੀ ਵਿੱਚ ਕੁਝ ਨਾ ਕੁਝ ਪ੍ਰਸ਼ੰਸਾਯੋਗ ਗੱਲ ਜ਼ਰੂਰ ਪਾਉਣਗੇ (1 ਕੁਰਿੰਥ 4:5)। ਪਰ, ਪ੍ਰਭੂ ਦਾ ਇੱਕ ਦ੍ਰਿਸ਼ਟਾਂਤ ਅਸਿੱਧੇ ਰੂਪ ਵਿੱਚ ਇਹ ਜ਼ਰੂਰ ਸਿਖਾਉਂਦਾ ਹੈ ਕਿ ਪਰਮੇਸ਼ਰ ਆਪਣੇ ਸੇਵਕਾਂ ਨੂੰ ਵੱਖ-ਵੱਖ ਮਾਪਾਂ ਦੇ ਇਨਾਮ ਦੇਣਗੇ (ਲੂਕਾ 19:11-19)।

#### 2. ਜੀਅ-ਉੱਠੇ ਸਰੀਰ ਵਿੱਚ ਪ੍ਰਗਟ ਹੋਣ ਵਾਲੀ ਮਹਿਮਾ

ਦਾਨੀ 12:3; ਮੱਤੀ 13:43; ਰੋਮੀ; 8:16-17; ਫ਼ਿਲਿੱਪੀ 3:21; ਕੁਲੁੱਸੀ 3:4 ਅਤੇ 1 ਪਤਰਸ ਦੀਆਂ ਕਈ ਆਇਤਾਂ (1 ਪਤਰਸ 4:13; 5:1,10) ਇਸ ਸੰਭਾਵਨਾ ਦਾ ਹਵਾਲੇ ਦਿੰਦੇ ਹਨ ਕਿ ਵਿਸ਼ਵਾਸੀਆਂ ਦਾ ਇੱਕ ਮਹਿਮਾਮਈ ਸਰੀਰ ਹੋਵੇਗਾ ਅਤੇ ਉਹ ਮਸੀਹ ਦੀ ਮਹਿਮਾ ਵਿੱਚ ਹਿੱਸਾ ਲੈਣਗੇ। ਜੀਅ ਉੱਠਣ ਵਾਲੇ ਸਰੀਰ ਦੇ ਸੰਦਰਭ ਵਿੱਚ, 1 ਕੁਰਿੰਥ 15:41-42 ਵਿੱਚ ਪੌਲੁਸ ਇਹ ਸਿਖਾਉਂਦਾ ਜਾਪਦਾ ਹੈ ਕਿ ਵਿਸ਼ਵਾਸੀ ਦੇ ਜੀਅ ਉੱਠਣ ਵਾਲੇ ਸਰੀਰ ਵਿੱਚ ਮਹਿਮਾ ਦੇ ਵੱਖ-ਵੱਖ ਮਾਪ ਹੋਣਗੇ: "ਸੂਰਜ ਦਾ ਪ੍ਰਤਾਪ ਆਪਣਾ, ਚੰਦ ਦਾ ਆਪਣਾ, ਤਾਰਿਆਂ ਦਾ ਆਪਣਾ, ਬੇਸ਼ਕ ਤਾਰਿਆਂ ਵਿੱਚ ਵੀ ਆਪਣੇ ਪ੍ਰਤਾਪ ਦੀ **ਭਿੰਨਤਾ** ਹੈ। ਜਦੋਂ ਮੁਰਦੇ

ਜਿਊਂਦੇ ਕੀਤੇ ਜਾਣਗੇ ਤਾਂ **ਉਹ ਇਸ ਤਰ੍ਹਾਂ ਹੋਣਗੇ।**"

ਇਸ ਵਚਨ ਦੇ ਆਧਾਰ ਉੱਤੇ ਬਹੁਤ ਸਾਰੇ ਬਾਈਬਲ ਸਿੱਖਿਅਕ ਇਹ ਮੰਨਦੇ ਹਨ ਕਿ ਪਰਮੇਸ਼ਰ ਵਿਸ਼ਵਾਸੀਆਂ ਨੂੰ ਵੱਖ-ਵੱਖ ਮਾਪ ਦੀ ਮਹਿਮਾ ਦਾ ਇਨਾਮ ਦੇਣਗੇ। ਸਾਰੇ ਇੱਕ ਮਹਿਮਾਮਈ ਸਥਿਤੀ ਪ੍ਰਾਪਤ ਕਰਨਗੇ, ਪਰ ਸ਼ਾਇਦ ਕੁਝ ਲੋਕਾਂ ਵਿੱਚ ਪਰਮੇਸ਼ਰ ਦੀ ਉਸਤਤ ਅਤੇ ਆਦਰ ਕਰਨ ਦੀ ਜ਼ਿਆਦਾ ਯੋਗਤਾ ਹੋਵੇਗੀ, ਅਤੇ ਕੁਝ ਜੀਅ-ਉੱਠੇ ਸਰੀਰ ਦੂਜਿਆਂ ਨਾਲੋਂ ਜ਼ਿਆਦਾ ਚਮਕਦਾਰ ਹੋਣਗੇ। ਕਿਉਂਕਿ ਪਰਮੇਸ਼ਰ ਨੇ ਮਨੁੱਖ ਨੂੰ ਆਪਣੀ ਮਹਿਮਾ ਲਈ ਸਿਰਜਿਆ ਹੈ (1 ਪਤਰਸ 2:9; ਪ੍ਰਕਾਸ਼ 4:11), ਇਸ ਲਈ ਪਰਮੇਸ਼ਰ ਦੀ ਮਹਿਮਾ ਕਰਨ ਦੀ ਜ਼ਿਆਦਾ ਯੋਗਤਾ (ਭਾਵੇਂ ਇਹ ਜ਼ਿਆਦਾ ਉਸਤਤ ਕਰਨ ਜਾਂ ਜ਼ਿਆਦਾ ਸੇਵਾ ਕਰਨ ਦੇ ਲਈ ਹੋਏ) ਸੱਚਮੁੱਚ ਇੱਕ ਇਨਾਮ ਹੋਵੇਗਾ (ਦੇਖੋ, 2 ਕੁਰਿੰਥ 3:18)।

### 3. ਸੇਵਾ ਅਤੇ ਅਧਿਕਾਰ ਦੇ ਅਹੁਦੇ

ਮਸੀਹ ਨੇ ਰਸੂਲਾਂ ਨੂੰ ਜੋ ਕਲੀਸਿਯਾ ਦੇ ਸੰਸਥਾਪਕਾਂ ਸਨ (ਦੇਖੋ, ਅਫ਼ਸੀ 2:20) ਦੱਸਿਆ ਕਿ ਉਹ ਆਉਣ ਵਾਲੇ ਰਾਜ ਵਿੱਚ ਸਿੰਘਾਸਣਾਂ ਉੱਤੇ ਬੈਠ ਕੇ ਇਸਰਾਏਲ ਦੇ ਬਾਰ੍ਹਾਂ ਕਬੀਲਿਆਂ ਦਾ ਨਿਆਂ ਕਰਨਗੇ (ਮੱਤੀ 19:28)। ਬਾਈਬਲ ਆਉਣ ਵਾਲੇ ਰਾਜ ਵਿੱਚ ਰਾਜ ਕਰਨ ਵਾਲੇ ਅਹੁਦਿਆਂ ਨੂੰ ਸਿਰਫ਼ ਰਸੂਲਾਂ ਨੂੰ ਹੀ ਸੀਮਿਤ ਨਹੀਂ ਰੱਖਦੀ ਹੈ।

> ਜੇਕਰ ਅਸੀਂ ਦੁੱਖ ਸਹਿੰਦੇ ਹਾਂ, ਤਾਂ ਅਸੀਂ ਉਹਨਾਂ ਦੇ ਨਾਲ **ਰਾਜ** ਵੀ ਕਰਾਂਗੇ…[2 ਤਿਮੋਥਿ 2:12a]
>
> ਅਤੇ ਜਿਹਨਾਂ ਨੇ ਸਾਨੂੰ ਆਪਣੇ ਪਰਮੇਸ਼ਰ ਅਤੇ ਪਿਤਾ ਦੀ ਸੇਵਾ ਦੇ ਲਈ ਇੱਕ **ਰਾਜ** ਅਤੇ ਪੁਰੋਹਿਤ ਬਣਾਇਆ, ਉਹਨਾਂ ਦੀ ਮਹਿਮਾ ਅਤੇ ਸਮਰੱਥਾ ਅਨੰਤਕਾਲ ਤੱਕ ਹੋਵੇ! ਆਮੀਨ। [ਪ੍ਰਕਾਸ਼ 1:6]
>
> "ਤੁਸੀਂ ਉਹਨਾਂ ਨੂੰ ਪਰਮੇਸ਼ਰ ਦੇ ਲਈ ਇੱਕ ਰਾਜ ਅਤੇ ਪੁਰੋਹਿਤ ਬਣਾਇਆ ਅਤੇ ਉਹ ਧਰਤੀ ਦੇ ਉੱਤੇ **ਰਾਜ** ਕਰਨਗੇ।" [ਪ੍ਰਕਾਸ਼ 5:10]
>
> … ਉਹ ਸਾਰੇ ਫਿਰ ਜੀਅ ਉੱਠੇ ਅਤੇ ਉਹਨਾਂ ਨੇ ਮਸੀਹ ਦੇ ਨਾਲ ਮਿਲ ਕੇ ਇੱਕ ਹਜ਼ਾਰ ਸਾਲ ਤੱਕ **ਰਾਜ ਕੀਤਾ**...ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ ਪੁਰੋਹਿਤ ਹੋਣਗੇ ਅਤੇ ਉਹਨਾਂ ਦੇ ਨਾਲ ਇੱਕ ਹਜ਼ਾਰ ਸਾਲ ਤੱਕ **ਰਾਜ ਕਰਨਗੇ**। [ਪ੍ਰਕਾਸ਼ 20:4c, 6]

ਲੂਕਾ 19:11ff. ਵਿੱਚ ਅਮੀਰ ਆਦਮੀ ਜੋ ਇੱਕ ਰਾਜ ਨੂੰ ਪ੍ਰਾਪਤ ਕਰ ਕੇ ਵਾਪਸ ਆਇਆ ਸੀ, ਉਸ ਨੇ ਆਪਣੇ ਇੱਕ ਸੇਵਕ ਨੂੰ "ਦਸ ਸ਼ਹਿਰਾਂ ਉੱਤੇ ਅਧਿਕਾਰ ਦਿੱਤਾ" (ਆਇਤ 17) ਅਤੇ ਦੂਜੇ ਸੇਵਕ ਨੂੰ "ਪੰਜ ਸ਼ਹਿਰਾਂ ਉੱਤੇ ਅਧਿਕਾਰ" ਦਿੱਤਾ ਸੀ (ਆਇਤ 19)। ਇਹ ਸਿੱਟਾ ਕੱਢਣਾ ਸੁਰੱਖਿਅਤ ਹੈ ਕਿ ਹਜ਼ਾਰ ਸਾਲ ਦੇ ਰਾਜ ਅਤੇ ਸਦੀਪਕ ਰਾਜ ਵਿੱਚ ਵੀ ਪਰਮੇਸ਼ਰ ਵਿਸ਼ਵਾਸੀਆਂ ਨੂੰ ਅਧਿਕਾਰ ਦੇ ਵੱਖ-ਵੱਖ ਅਹੁਦਿਆਂ ਦਾ ਇਨਾਮ ਦਿੰਦੇ ਹਨ। ਪਰਮੇਸ਼ਰ ਦਾ ਜ਼ਿਆਦਾ ਅਧਿਕਾਰ ਅਤੇ ਉਹਨਾਂ ਦੀ ਜ਼ਿਆਦਾ ਸੇਵਾ ਇੱਕ ਬੋਝ ਨਹੀਂ ਬਲਕਿ ਇੱਕ ਸਨਮਾਨ ਮੰਨਿਆ ਜਾਵੇਗਾ।

### 4. ਮੁਕਟ

ਬਾਈਬਲ ਵਿਸ਼ਵਾਸੀਆਂ ਦੇ ਇਨਾਮਾਂ ਦੇ ਰੂਪ ਵਿੱਚ ਵੱਖ-ਵੱਖ ਮੁਕਟਾਂ ਦਾ ਵਾਅਦਾ ਕਰਦੀ ਹੈ। "ਸੋਨੇ ਦੇ ਮੁਕਟਾਂ " ਤੋਂ ਇਲਾਵਾ, ਜਿਹਨਾਂ ਨੂੰ ਸਵਰਗ ਦੇ 24 ਬਜ਼ੁਰਗਾਂ ਨੇ ਪਹਿਨਿਆ ਹੋਇਆ ਹੈ (ਪ੍ਰਕਾਸ਼ 4), ਇਹਨਾਂ ਮੁਕਟਾਂ ਦੀ ਅਜਿਹੀ ਵਿਆਖਿਆ ਕਰਨਾ ਹੀ ਠੀਕ ਹੋਵੇਗਾ ਕਿ ਹੁਣ ਇਹ ਅਜਿਹੇ ਅਸਪੱਸ਼ਟ ਇੰਮਨ ਦੇ ਲਾਖਣਿਕ ਪ੍ਰਤੀਕ ਹਨ ਜੋ ਕੀਮਤੀ ਅਤੇ ਧਿਆਨ ਦੇਣ ਯੋਗ ਹਨ। ਇੱਥੇ ਸ਼ਬਦ *ਸਟੀਫਾਨੋਸ* ਵਰਤਿਆ ਗਿਆ ਹੈ, ਅਤੇ ਇਹ ਇੱਕ ਰਾਜੇ ਦੇ ਹੀਰੇ ਨਾਲ ਭਰੇ ਮੁਕਟ ਨੂੰ ਨਹੀਂ ਬਲਕਿ ਇੱਕ ਜੇਤੂ ਖਿਡਾਰੀ ਦੁਆਰਾ ਪਹਿਨੇ ਜਾਣ ਵਾਲੇ ਪੱਤਿਆਂ ਦੇ ਮੁਕਟ ਨੂੰ ਦਰਸਾਉਂਦਾ ਹੈ। ਇਹ ਇੱਕ ਮੁਕਟ ਬਜਾਏ ਇੱਕ ਜੈ-ਮਾਲਾ ਹੁੰਦੀ ਹੈ। ਤਾਂ ਕੀ ਅਸੀਂ ਇਹ ਸਿੱਟਾ ਕੱਢੀਏ ਕਿ ਵਿਸ਼ਵਾਸੀ ਸਦੀਪਕ ਕਾਲ ਵਿੱਚ ਹਰ ਸਮੇਂ ਜੈ-ਮਾਲਾ ਪਾ ਕੇ ਰੱਖਣਗੇ? ਇਸ ਲਈ, ਇਹਨਾਂ ਮੁਕਟਾਂ ਦੀ ਵਿਆਖਿਆ ਇੱਕ ਲਾਖਣਿਕ ਰੂਪ ਵਿੱਚ ਕਰਨਾ ਹੀ ਵਧੀਆ ਰਹੇਗਾ। ਅਸਲ ਵਿੱਚ, 1 ਕੁਰਿੰਥ 9:25 ਇੱਕ ਸ਼ਾਬਦਿਕ "ਜੈ-ਮਾਲਾ" ਜਾਂ "ਮੁਕਟ" ਅਤੇ ਸਦੀਪਕ ਇਨਾਮਾਂ ਵਿਚਕਾਰ ਇੱਕ ਖ਼ਾਸ ਅੰਤਰ ਦੱਸਦਾ ਹੈ। 1 ਥੱਸਲੁ 2:19-20 ਹੋਰ ਵੀ ਪ੍ਰਭਾਵਸ਼ਾਲੀ ਸਬੂਤ ਦਿੰਦਾ ਹੈ ਕਿ ਬਾਈਬਲ ਦੇ ਮੁਕਟ ਲਾਖਣਿਕ ਪ੍ਰਤੀਕ ਹਨ। ਥੱਸਲੁਨੀਕੀਆਂ ਦੇ ਵਿਸ਼ਵਾਸੀ ਹੀ ਪੌਲੁਸ ਦੇ ਮੁਕਟ ਹਨ (ਫ਼ਿਲਿੱਪੀ 4:1)।

> ਆਖ਼ਰ ਸਾਡੇ ਲਈ ਉਸ ਸਮੇਂ ਕੀ, **ਤੁਹਾਡੇ** ਤੋਂ ਸਿਵਾਏ ਕੋਈ ਹੋਰ ਉਮੀਦ, ਅਨੰਦ ਜਾਂ ਮਾਣ ਹੋਵੇਗਾ ਜਦੋਂ ਅਸੀਂ ਪ੍ਰਭੂ ਯਿਸੂ ਦੇ ਆਉਣ ਦੇ ਸਮੇਂ ਉਹਨਾਂ ਦੇ ਸਾਹਮਣੇ ਖੜ੍ਹੇ ਹੋਵਾਂਗੇ? **ਤੁਸੀਂ** ਹੀ ਸਾਡਾ ਮਾਣ ਅਤੇ ਅਨੰਦ ਹੋ! [1 ਥੱਸਲੁ 2:19-20]

1 ਥੱਸਲੁ 2:19 ਵਿੱਚ "ਮੁਕਟ" ਇੱਕ ਸਪੱਸ਼ਟ ਰੂਪ ਵਿੱਚ ਰੂਪਕ ਹੈ। ਇਸ ਨਾਲ ਇਹ ਦਲੀਲ ਮਜ਼ਬੂਤ ਹੋ ਜਾਂਦੀ ਹੈ ਕਿ ਬਾਕੀ ਦੇ ਮੁਕਟ ਵੀ ਇਸੇ ਤਰ੍ਹਾਂ ਰੂਪਕ ਹਨ। ਉਹ ਜਿੱਤ, ਇਨਾਮ, ਅਤੇ ਸਨਮਾਨ ਦੀ ਗੱਲ ਕਰਦੇ ਹਨ ਜੋ ਪਰਮੇਸ਼ਰ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਵਿਸ਼ਵਾਸੀਆਂ ਨੂੰ ਦੇਣਗੇ। ਇਸ ਤੋਂ ਜ਼ਿਆਦਾ ਸਪੱਸ਼ਟ ਗੱਲ ਕਰਨਾ ਮੁਸ਼ਕਲ ਹੈ।

ਪਰਮੇਸ਼ਰ ਵਿਸ਼ਵਾਸੀਆਂ ਤੋਂ ਚਾਹੁੰਦੇ ਹਨ ਕਿ ਉਹ ਇਹਨਾਂ ਭਵਿੱਖ ਦੇ ਇਨਾਮਾਂ ਦੇ ਰੂਪ ਤੋਂ ਜ਼ਿਆਦਾ ਇਹਨਾਂ ਇਨਾਮਾਂ ਦੇ ਆਧਾਰ (ਖ਼ਾਸ ਤੌਰ

ਤੇ ਆਪਣੇ ਮਨਾਂ ਦੀ ਗੁਣਵੱਤਾ ਉੱਤੇ) ਧਿਆਨ ਦੇਣ। ਸਾਡੀ ਦੌੜ ਦਾ ਉਦੇਸ਼ ਮਸੀਹ ਨਾਲ ਪਿਆਰ ਕਰਨਾ ਅਤੇ ਉਹਨਾਂ ਦੇ ਸਨਮਾਨ ਦੇ ਲਈ ਕੰਮ ਕਰਨਾ ਹੈ। ਫਿਰ ਇਸ ਦਾ ਕੋਈ ਵੀ ਇਨਾਮ ਮਿਲਣਾ ਉਸ ਜ਼ਿਆਦਾ ਡੂੰਘੀ ਸੰਤੁਸ਼ਟੀ ਦੇ ਅੱਗੇ ਇੱਕ ਛੋਟੀ ਗੱਲ ਹੋਵੇਗੀ ਜੋ ਮਸੀਹ ਨੂੰ ਪ੍ਰਸੰਨ ਕਰਨ ਅਤੇ ਉਹਨਾਂ ਦੇ ਨਾਮ ਨੂੰ ਉੱਚਾ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਨਾਲ ਮਿਲੇਗੀ। ਇਸ ਲਈ, ਇਸ ਸਮੇਂ ਸਾਨੂੰ ਭਵਿੱਖ ਦੇ ਇਨਾਮਾਂ ਦੇ ਰੂਪ ਬਾਰੇ ਜ਼ਿਆਦਾ ਚਿੰਤਾ ਕਰਨ ਦੀ ਬਜਾਏ ਇਸ ਗੱਲ ਉੱਤੇ ਧਿਆਨ ਦੇਣ ਦੀ ਜ਼ਰੂਰਤ ਹੈ ਕਿ ਪਰਮੇਸ਼ਰ ਨੂੰ ਕਿਹੜੀਆਂ ਗੱਲਾਂ ਪ੍ਰਸੰਨ ਕਰਦੀਆਂ ਹਨ, ਜੋ ਇਹਨਾਂ ਇਨਾਮਾਂ ਦਾ ਆਧਾਰ ਹਨ: ਅਨੁਸ਼ਾਸਣ, ਸਮਰਪਣ, ਸਵੈ-ਨਿਯੰਤਰਣ ਦੇ ਲਈ ਅਨੰਤਕਾਲ ਦਾ ਮੁਕਟ; ਸ਼ੁਭ-ਸਮਾਚਾਰ ਦੇ ਲਈ ਅਨੰਦ ਦਾ ਮੁਕਟ; ਮਸੀਹ ਦੀ ਵਾਪਸੀ ਨੂੰ ਪਿਆਰ ਕਰਨ ਅਤੇ ਇਸ ਤਰ੍ਹਾਂ ਮਸੀਹ ਨੂੰ ਪਿਆਰ ਕਰਨ ਅਤੇ ਸੰਸਾਰ ਨੂੰ ਪਿਆਰ ਨਾ ਕਰਨ ਲਈ ਧਾਰਮਿਕਤਾ ਦਾ (ਲਈ) ਮੁਕਟ; ਅਜ਼ਮਾਇਸ਼ਾਂ ਅਤੇ ਪਰਤਾਵਿਆਂ ਨੂੰ ਸਹਿਣ ਕਰਨ ਦੇ ਲਈ ਮੁਕਟ; ਇੱਕ ਵਫ਼ਾਦਰ ਆਗੂ ਲਈ ਮਹਿਮਾ ਦਾ ਮੁਕਟ।

### 5. ਇਨਾਮ ਦਾ ਨੁਕਸਾਨ/ਸ਼ਰਮਿੰਦਗੀ

ਜਿਹੜੇ ਕੰਮ ਇੱਕ ਸਮਰਪਿਤ ਦਿਲ ਤੋਂ ਕੀਤੇ ਜਾਣਗੇ, ਪਰਮੇਸ਼ਰ ਉਹਨਾਂ ਕੰਮਾਂ ਦੇ ਇਨਾਮਾਂ ਦੇ ਰੂਪ ਵਿੱਚ ਮਹਿਮਾ ਦਾ ਉੱਚਾ ਪੱਧਰ, ਰਾਜ ਵਿੱਚ ਜ਼ਿਆਦਾ ਅਧਿਕਾਰ, ਅਤੇ ਜ਼ਿਆਦਾ ਮੁਕਟ ਦੇਣਗੇ। ਪਰ, ਨਿਆਂ ਦੇ ਸਿੰਘਾਸਣ ਦੇ ਅੱਗੇ, ਇੱਕ ਦੂਜੀ ਤਰ੍ਹਾਂ ਦਾ ਨਤੀਜਾ ਨਿਕਲਣ ਦੀ ਵੀ ਸੰਭਾਵਨਾ ਹੈ, ਜੋ ਕਿ ਇਨਾਮਾਂ ਦਾ ਨੁਕਸਾਨ ਹੋਣਾ ਅਤੇ ਸ਼ਰਮਿੰਦਾ ਹੋਣਾ ਹੈ। ਸਾਰੇ ਵਿਸ਼ਵਾਸੀ ਮੁਕਤੀ ਪਾਏ ਹੋਣਗੇ (1 ਕੁਰਿੰਥ 3:15)। ਸਾਰੇ ਵਿਸ਼ਵਾਸੀ ਕੁਝ ਹੱਦ ਤੱਕ ਮਹਿਮਾਮਈ ਹੋਣਗੇ (1 ਕੁਰਿੰਥ 15:51)। ਪਰਮੇਸ਼ਰ ਹਰੇਕ ਵਿਸ਼ਵਾਸੀ ਨੂੰ ਕੁਝ ਵਡਿਆਈ ਦੇਣਗੇ (1 ਕੁਰਿੰਥ 4:5)। ਫਿਰ ਵੀ, ਕੁਝ ਲੋਕ ਮਸੀਹ ਦੇ ਨਿਆਂ ਦੇ ਸਿੰਘਾਸਣ ਅੱਗੇ ਆਪਣੇ ਕੰਮਾਂ ਨੂੰ "ਸੜਦੇ" ਦੇਖਣਗੇ। ਬਾਈਬਲ ਸ਼ਰਮਿੰਦਾ ਹੋਣ ਅਤੇ ਇਨਾਮਾਂ ਦੇ ਨੁਕਸਾਨ ਦੀ ਸੰਭਾਵਨਾ ਨੂੰ ਪੇਸ਼ ਕਰਦੀ ਹੈ।

> ਇਸ ਲਈ ਹੇ ਬੱਚਿਓ, ਮਸੀਹ ਦੇ ਵਿੱਚ ਬਣੇ ਰਹੋ ਤਾਂ ਜੋ ਜਦੋਂ ਉਹ ਪ੍ਰਗਟ ਹੋਣ ਤਾਂ ਉਹਨਾਂ ਦੇ ਆਉਣ ਵਾਲੇ ਸਮੇਂ ਉਹਨਾਂ ਦੇ ਸਾਹਮਣੇ ਸਾਡੇ ਵਿੱਚ ਦਲੇਰੀ ਹੋਵੇ ਅਤੇ ਕੋਈ **ਸ਼ਰਮ** ਨਾ ਹੋਵੇ। [1 ਯੂਹੰਨਾ 2:28]
>
> ਕੋਈ ਵੀ ਜਿਹੜਾ ਝੂਠੀ ਨਿਮਰਤਾ ਵਿੱਚ ਅਨੰਦ ਮਾਣਦਾ ਅਤੇ ਸਵਰਗਦੂਤਾਂ ਦੀ ਪੂਜਾ ਕਰਦਾ ਹੈ…ਉਹ ਤੁਹਾਨੂੰ **ਇਨਾਮ ਤੋਂ ਵਾਂਝਾ ਨਾ ਕਰੇ**। [ਕੁਲੁੱਸੀ 2:18]
>
> ਤੁਸੀਂ ਸੁਚੇਤ ਰਹੋ ਕਿ ਜੋ ਕੁਝ ਤੁਸੀਂ ਹੁਣ ਤੱਕ ਕੀਤਾ ਹੈ, ਉਸ ਨੂੰ **ਗੁਆ ਨਾ ਬੈਠੋ** ਸਗੋਂ ਤੁਸੀਂ ਆਪਣਾ **ਪੂਰਾ ਇਨਾਮ ਪ੍ਰਾਪਤ ਕਰੋ**। [2 ਯੂਹੰਨਾ 8]
>
> "ਮੈਂ ਛੇਤੀ ਹੀ ਆ ਰਿਹਾ ਹਾਂ। ਜੋ ਕੁਝ ਤੇਰੇ ਕੋਲ ਹੈ ਉਸ ਨੂੰ ਮਜ਼ਬੂਤੀ ਦੇ ਨਾਲ ਫੜ ਕੇ ਰੱਖ **ਤਾਂ ਜੋ ਕੋਈ ਤੇਰਾ ਤਾਜ ਨਾ ਲੈ ਲਵੇ**।" [ਪ੍ਰਕਾਸ਼ 3:11]

### G. ਭਵਿੱਖ ਦਾ ਮੁਲਾਂਕਣ ਅਤੇ ਵਰਤਮਾਨ ਮੁਕਾਬਲਾ

ਵਿਸ਼ਵਾਸੀਆਂ ਦੇ ਭਵਿੱਖ ਦੇ ਨਿਆਂ ਅਤੇ ਵਿਸ਼ਵਾਸੀਆਂ ਵਿਚਕਾਰ ਚੱਲ ਰਹੇ ਮੌਜੂਦਾ ਮੁਕਾਬਲੇ ਦੇ ਬਾਰੇ ਕੁਝ ਗੱਲਾਂ ਕਹਿਣਾ ਜ਼ਰੂਰੀ ਹੈ। ਪਰਮੇਸ਼ਰ ਨੇ ਸਾਨੂੰ ਭਵਿੱਖ ਦੇ ਇਨਾਮਾਂ ਬਾਰੇ ਇਸ ਲਈ ਨਹੀਂ ਸਿਖਾਇਆ ਹੈ ਕਿ ਅਸੀਂ ਵਰਤਮਾਨ ਵਿੱਚ ਇੱਕ-ਦੂਜੇ ਨਾਲ ਮੁਕਾਬਲਾ ਨਾ ਕਰੀਏ। ਮਸੀਹ ਦੇ ਲਈ ਸੱਚਾ ਵਿਵਹਾਰ ਇਹੀ ਹੈ ਕਿ ਜਦੋਂ ਕੋਈ ਮਸੀਹ ਦਾ ਸਨਮਾਨ ਕਰਨ ਦੇ ਕੰਮ ਵਿੱਚ ਉੱਚਾ ਉੱਠਦਾ ਹੈ, ਤਾਂ ਸਾਨੂੰ ਖੁਸ਼ ਹੋਣਾ ਚਾਹੀਦਾ ਹੈ। ਹਾਲਾਂਕਿ ਸਵੈ-ਮੁਲਾਂਕਣ ਮਸੀਹੀ ਜੀਵਨ ਦਾ ਇੱਕ ਹਿੱਸਾ ਹੈ, ਪਰ ਮਸੀਹੀ ਲੋਕਾਂ ਵਿਚਕਾਰ ਮੁਕਾਬਲੇ ਦੀ ਭਾਵਨਾ ਨਾਲ ਪਰਮੇਸ਼ਰ ਖੁਸ਼ ਨਹੀਂ ਹੁੰਦੇ ਹਨ, ਫਿਰ ਭਾਵੇਂ ਇਸ ਵਿੱਚ ਹੋਣ ਵਾਲਾ ਆਪਣੇ ਆਪ ਵਿੱਚ ਸਹੀ ਵੀ ਕਿਉਂ ਨਾ ਹੋਵੇ।

> ਇਸ ਲਈ ਬੀਜਣ ਅਤੇ ਸਿੰਜਣ ਵਾਲੇ ਕੁਝ ਨਹੀਂ ਹਨ, ਕੇਵਲ ਉਸ ਨੂੰ ਉਗਾਉਣ ਅਤੇ ਵਧਾਉਣ ਵਾਲੇ ਪਰਮੇਸ਼ਰ ਹੀ ਸਭ ਕੁਝ ਹਨ। ਬੀਜਣ ਅਤੇ ਸਿੰਜਣ ਵਾਲੇ ਦੋਵੇਂ ਇੱਕੋ ਜਿਹੇ ਹਨ…[1 ਕੁਰਿੰਥ 3:7-8]
>
> ...ਜਿਹੜੇ ਲੋਕ ਆਪਣੀ ਜਾਂਚ ਆਪਣੇ ਹੀ ਨਾਲ ਕਰਦੇ ਹਨ ਅਤੇ ਆਪਣੀ ਤੁਲਨਾ ਆਪਣੇ ਹੀ ਨਾਲ ਕਰਦੇ ਹਨ, ਉਹ ਵੱਡੇ ਮੂਰਖ ਹਨ। [2 ਕੁਰਿੰਥ 10:12b]
>
> ਹਰ ਮਨੁੱਖ ਆਪਣੇ **ਕੰਮ ਨੂੰ ਆਪ ਹੀ ਪਰਖੇ** ਤਦ ਉਹ ਕਿਸੇ ਦੂਜੇ ਨਾਲ ਤੁਲਨਾ ਕੀਤੇ ਬਿਨਾਂ ਆਪਣੇ ਬਾਰੇ ਮਾਣ ਕਰ ਸਕੇਗਾ। [ਗਲਾਤੀ 6:4]

ਮੁਕਾਬਲਾ ਅਤੇ ਤੁਲਨਾ ਹੰਕਾਰ, ਈਰਖਾ, ਆਲਸ, ਦੂਜਿਆਂ ਦੀਆਂ ਯੋਗਤਾਵਾਂ ਪ੍ਰਤੀ ਲਾਲਸਾ ਅਤੇ ਕੁੜੱਤਣ (ਅਤੇ ਸ਼ਾਇਦ ਪਰਮੇਸ਼ਰ ਪ੍ਰਤੀ ਕੁੜੱਤਣ) ਵੱਲ ਲੈ ਜਾਂਦੀ ਹੈ। ਆਪਣੇ ਆਪ ਦੇ ਮੁਲਾਂਕਣ ਦਾ ਇੱਕ ਵਧੀਆ ਤਰੀਕਾ ਆਪਣੇ ਯਤਨਾਂ ਦਾ ਆਪਣੀਆਂ ਯੋਗਤਾਵਾਂ ਦੇ ਵਿਰੁੱਧ ਮੁਲਾਂਕਣ ਕਰਨਾ, ਅਤੇ ਆਪਣੇ ਵਰਤਮਾਨ ਦੇ ਪ੍ਰਦਰਸ਼ਨ ਦੀ ਤੁਲਨਾ ਆਪਣੇ ਪਿੱਛਲੇ ਪ੍ਰਦਰਸ਼ਨ ਦੇ ਨਾਲ ਕਰਨਾ ਹੋਵੇਗਾ।

### H. ਨਿਆਂ ਦੇ ਸਿੰਘਾਸਣ ਤੋਂ ਮਿਲਣ ਵਾਲੀ ਸਕਾਰਾਤਮਕ ਅਤੇ ਨਕਾਰਾਤਮਕ ਪ੍ਰੇਰਨਾ

ਬਾਈਬਲ ਇਹ ਸਿਖਾਉਂਦੀ ਹੈ ਕਿ ਵਿਸ਼ਵਾਸੀਆਂ ਦਾ ਆਉਣ ਵਾਲਾ ਨਿਆਂ ਵਰਤਮਾਨ ਵਿੱਚ ਮਿਹਨਤ ਕਰਨ ਦੇ ਲਈ ਇੱਕ ਨਕਾਰਾਤਮਕ ਅਤੇ ਸਕਾਰਾਤਮਕ ਪ੍ਰੇਰਨਾ ਹੋਵੇਗਾ। ਇਸ ਦੇ ਨਕਾਰਾਤਮਕ ਰੂਪ ਵਿੱਚ, ਮਸੀਹੀ ਸ਼ਰਮਿੰਦਾ ਹੋਣ ਦੀ ਸੰਭਾਵਨਾ ਤੋਂ ਬਚਣਾ ਚਾਹੁਣਗੇ।

ਅਤੇ ਇਸ ਦੇ ਸਕਾਰਾਤਮਕ ਰੂਪ ਵਿੱਚ, ਜੇਕਰ ਅਸੀਂ ਹੁਣ ਵਫ਼ਾਦਾਰੀ ਨਾਲ ਸੇਵਾ ਕਰ ਰਹੇ ਹਾਂ, ਤਾਂ ਅਸੀਂ ਨਿਆਂ ਦੇ ਦਿਨ ਖੁਸ਼ ਹੋਵਾਂਗੇ। ਜਿਸ ਤਰ੍ਹਾਂ ਇੱਕ ਤਿਆਰੀ ਨਾ ਕੀਤੇ ਹੋਏ ਵਿਦਿਆਰਥੀ ਨੂੰ ਤਾਂ ਪ੍ਰੀਖਿਆ ਡਰਾਉਂਦੀ ਹੈ ਪਰ ਤਿਆਰੀ ਕੀਤੇ ਹੋਏ ਵਿਦਿਆਰਥੀ ਨੂੰ ਤਰੱਕੀ ਦਿੰਦੀ ਹੈ, ਉਸੇ ਤਰ੍ਹਾਂ ਭਵਿੱਖ ਵਿੱਚ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਇੱਕ ਵਿਅਕਤੀ ਦਾ ਅਨੁਭਵ ਉਸ ਦੀ ਵਿਸ਼ਵਾਸਯੋਗਤਾ ਦੇ ਮੌਜੂਦਾ ਪੱਧਰ ਅਤੇ ਤਿਆਰੀ ਉੱਤੇ ਨਿਰਭਰ ਕਰੇਗਾ। ਪੌਲੁਸ ਨੇ ਆਉਣ ਵਾਲੇ ਨਿਆਂ ਨੂੰ ਸੇਵਾ ਦੇ ਲਈ ਨਕਾਰਾਤਮਕ ਅਤੇ ਸਕਾਰਾਤਮਕ ਪ੍ਰੇਰਨਾ ਦੇ ਰੂਪ ਵਿੱਚ ਦੇਖਿਆ ਸੀ।

> ...ਸਾਡੇ ਸਾਰਿਆਂ ਦੇ ਲਈ ਮਸੀਹ ਦੀ ਨਿਆਂ ਗੱਦੀ ਦੇ ਸਾਹਮਣੇ ਖੜ੍ਹੇ ਹੋਣਾ ਜ਼ਰੂਰੀ ਹੈ ਤਾਂ ਜੋ ਹਰ ਕੋਈ ਆਪਣੇ ਸਰੀਰ ਦੁਆਰਾ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਪ੍ਰਾਪਤ ਕਰੇ... [2 ਕੁਰਿੰਥ 5: 9-11a]

> ਮੈਂ ਚੰਗੀ ਲੜਾਈ ਲੜ ਚੁੱਕਾ ਹਾਂ, ਮੈਂ ਆਪਣੀ ਦੌੜ ਪੂਰੀ ਕਰ ਲਈ ਹੈ ਅਤੇ ਮੈਂ ਆਪਣੇ ਵਿਸ਼ਵਾਸ ਨੂੰ ਸੁਰੱਖਿਅਤ ਰੱਖਿਆ ਹੈ। ਹੁਣ ਮੇਰੇ ਲਈ ਭਵਿੱਖ ਵਿੱਚ ਮਿਲਣ ਵਾਲਾ ਨੇਕੀ ਦਾ ਮੁਕਟ ਰੱਖਿਆ ਹੋਇਆ ਹੈ ਜਿਹੜਾ ਮੈਨੂੰ ਨੇਕ ਨਿਆਂਕਾਰ ਪ੍ਰਭੂ, ਉਸ ਦਿਨ ਦੇਣਗੇ ਅਤੇ ਇਹ ਕੇਵਲ ਮੈਨੂੰ ਹੀ ਨਹੀਂ ਸਗੋਂ ਉਹਨਾਂ ਸਾਰਿਆਂ ਨੂੰ ਮਿਲੇਗਾ ਜਿਹੜੇ ਪੂਰੀ ਸ਼ਰਧਾ ਦੇ ਨਾਲ ਉਹਨਾਂ ਦੇ ਦੁਬਾਰਾ ਆਉਣ ਦੀ ਉਡੀਕ ਵਿੱਚ ਹਨ। [2 ਤਿਮੋਥਿ 4:7-8]

## X. ਲੇਲੇ ਦੇ ਵਿਆਹ ਦਾ ਭੋਜ

### A. ਜਾਣ-ਪਛਾਣ

ਇੱਕ ਯਹੂਦੀ ਵਿਆਹ ਦੇ ਤਿੰਨ ਮੁੱਖ ਪਹਿਲੂ ਹੁੰਦੇ ਸਨ। ਉਸ ਵਿੱਚ ਮੰਗਣੀ ਨੂੰ ਅਟੁੱਟ ਮੰਨਿਆ ਜਾਂਦਾ ਸੀ ਅਤੇ ਉਸ ਜੋੜੇ ਨੂੰ ਪਤੀ-ਪਤਨੀ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ। ਇੱਕ ਮੰਗਣੀ ਨੂੰ ਤੋੜਨ ਦੇ ਲਈ ਰਸਮੀ ਤਲਾਕ ਲੈਣਾ ਪੈਂਦਾ ਸੀ (ਦੇਖੋ, ਮੱਤੀ 1:18-19)। ਇਸ ਪਹਿਲੇ ਅਰਥ ਵਿੱਚ ਕਲੀਸਿਯਾ ਮਸੀਹ ਦੀ ਲਾੜੀ ਹੈ। ਉਸ ਦੀ ਮਸੀਹ ਨਾਲ ਮੰਗਣੀ ਹੋਈ ਹੈ, ਪਰ ਅਸਲ ਵਿਆਹ ਅਜੇ ਨਹੀਂ ਹੋਇਆ ਹੈ (ਯੂਹੰਨਾ 3:29; ਰੋਮੀ 7:3-4; ਅਫ਼ਸੀ 5:22ff.; ਪ੍ਰਕਾਸ਼ 19:7ff.; 21:2,9 ਦੇਖੋ; ਨਵਾਂ ਯਰੂਸ਼ਲਮ ਇਸ ਅਰਥ ਵਿੱਚ ਮਸੀਹ ਦੀ ਲਾੜੀ ਹੈ ਕਿਉਂਕਿ ਉਸ ਵਿੱਚ ਕਲੀਸਿਯਾ ਵੱਸਦੀ ਹੈ, ਪ੍ਰਕਾਸ਼ 22:17)।

> ਮੈਂ ਤੁਹਾਡੇ ਲਈ ਪਰਮੇਸ਼ਰ ਵਾਂਗ ਅਣਖ ਰੱਖਦਾ ਹਾਂ। ਮੈਂ ਤੁਹਾਨੂੰ ਇੱਕ ਪਵਿੱਤਰ ਕੁਆਰੀ ਦੀ ਤਰ੍ਹਾਂ ਤੁਹਾਡੇ ਇੱਕ ਹੀ ਪਤੀ ਭਾਵ ਮਸੀਹ ਨੂੰ ਸੌਂਪਣ ਦਾ ਵਾਅਦਾ ਕੀਤਾ ਸੀ। [2 ਕੁਰਿੰਥ 11:2]

ਇੱਕ ਵਿਅਕਤੀ ਪਵਿੱਤਰ ਆਤਮਾ ਨੂੰ ਭਵਿੱਖ ਦੇ ਰਿਸ਼ਤੇ ਦੀ ਨਿਸ਼ਾਨੀ ਦੇ ਰੂਪ ਵਿੱਚ ਦੇਖ ਸਕਦਾ ਹੈ। ਉਹ ਇੱਕ ਮੰਗਣੀ ਦੀ ਅੰਗੂਠੀ ਵਾਂਗ ਹੈ (2 ਕੁਰਿੰਥ 1:22; 5:5; ਅਫ਼ਸੀ 1:14)। (ਆਧੁਨਿਕ ਯੂਨਾਨੀ ਵਿੱਚ "ਬਿਆਨੇ" ਦੇ ਅਨੁਵਾਦ ਦੇ ,ਲਈ ਸ਼ਬਦ "ਮੰਗਣੀ ਦੀ ਅੰਗੂਠੀ" ਹੈ)।

ਵਿਆਹ ਦੇ ਦੂਜੇ ਪੜਾਅ ਵਿੱਚ, ਲਾੜਾ ਲਾੜੀ ਦੇ ਘਰ ਆਉਂਦਾ ਹੈ ਕਿ ਉਸ ਨੂੰ ਇੱਕ ਅਧਿਕਾਰਿਤ ਵਿਆਹ ਦੀ ਰਸਮ ਦੇ ਲਈ ਆਪਣੇ ਘਰ ਲੈ ਜਾਵੇ। ਇਹ ਰੈਪਚਰ ਦੇ ਨਾਲ ਮੇਲ ਖਾਂਦਾ ਹੈ ਜਿਸ ਵਿੱਚ ਮਸੀਹ ਅਸਲ ਵਿਆਹ ਦੇ ਲਈ ਲਾੜੀ ਨੂੰ ਆਪਣੇ ਘਰ ਲੈ ਜਾਂਦੇ ਹਨ। ਸਵਰਗ ਵਿੱਚ ਲੇਲੇ ਅਤੇ ਕਲੀਸਿਯਾ ਦੇ ਵਿਆਹ ਦੇ ਸਮੇਂ ਨੂੰ ਮਸੀਹ ਦੇ ਨਿਆਂ ਦੇ ਸਿੰਘਾਸਣ ਤੋਂ ਬਾਅਦ ਹੀ ਨਿਰਧਾਰਤ ਕੀਤਾ ਜਾਣਾ ਠੀਕ ਲੱਗਦਾ ਹੈ। ਪ੍ਰਕਾਸ਼ 19:8 ਲਾੜੀ ਦੇ ਚਿੱਟੇ ਕੱਪੜਿਆਂ ਦੀ ਪਛਾਣ "ਸੰਤਾਂ ਦੇ ਨੇਕ ਕੰਮਾਂ" ਦੇ ਰੂਪ ਵਿੱਚ ਕਰਦਾ ਹੈ। ਇੱਕ ਸਪੱਸ਼ਟ ਰੂਪ ਵਿੱਚ, ਲਾੜੀ ਦੇ ਚਿੱਟੇ ਕੱਪੜੇ ਪਹਿਨੇ ਹੋਣ ਦਾ ਤੱਥ ਇਹ ਸੰਕੇਤ ਦਿੰਦਾ ਹੈ ਕਿ ਉਸ ਦੇ ਨੇਕ ਕੰਮਾਂ ਦਾ ਮੁਲਾਂਕਣ ਪਹਿਲਾਂ ਹੀ ਨਿਆਂ ਦੇ ਸਿੰਘਾਸਣ ਦੇ ਅੱਗੇ ਕੀਤਾ ਜਾ ਚੁੱਕਾ ਹੈ।

ਵਿਆਹ ਦਾ ਤੀਜਾ ਪੜਾਅ, ਵਿਆਹ ਦੀ ਦਾਵਤ ਜਾਂ ਭੋਜ ਹੁੰਦਾ ਹੈ। ਭਵਿੱਖਬਾਣੀ ਦਾ ਅਧਿਐਨ ਕਰਨ ਵਾਲੇ ਕੁਝ ਵਿਦਿਆਰਥੀ ਸਵਰਗ ਵਿੱਚ ਵਿਆਹ (ਜੋ ਧਰਤੀ ਉੱਤੇ ਬਿਪਤਾ ਦੇ ਸਮੇਂ ਦੌਰਾਨ ਹੁੰਦਾ ਹੈ) ਅਤੇ ਉਸ ਵਿਆਹ ਦੀ ਦਾਵਤ ਜਾਂ ਭੋਜ ਵਿਚਕਾਰ ਅੰਤਰ ਦੱਸਦੇ ਹਨ ਜੋ ਬਿਪਤਾ ਤੋਂ ਬਾਅਦ ਧਰਤੀ ਉੱਤੇ ਹੁੰਦਾ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਵਿਆਹ ਅਤੇ ਵਿਆਹ ਦਾ ਭੋਜ ਦੋਵੇਂ ਸਵਰਗ ਵਿੱਚ ਮਸੀਹ ਦੇ ਧਰਤੀ ਉੱਤੇ ਦੂਜੀ ਵਾਰ ਵਾਪਸ ਆਉਣ ਤੋਂ ਪਹਿਲਾਂ ਹੀ ਹੁੰਦੇ ਹਨ। ਇਸ ਵਿਸ਼ੇ ਦੇ ਪੂਰੇ ਅਧਿਐਨ ਨੂੰ ਦੇਖਦੇ ਹੋਏ, ਇਹ ਅਸਹਿਮਤੀ ਕੋਈ ਜ਼ਿਆਦਾ ਗੰਭੀਰ ਮਾਮਲਾ ਨਹੀਂ ਹੈ, ਪਰ ਇਹ ਵਿਆਹ ਦੇ ਭੋਜ ਦੇ ਸਥਾਨ, ਸਮੇਂ, ਅਤੇ ਰੂਪ ਦੇ ਬਾਰੇ ਦਿੱਤੀਆਂ ਜਾਣ ਵਾਲੀਆਂ ਸਿੱਖਿਆਵਾਂ ਨੂੰ ਜ਼ਰੂਰ ਪ੍ਰਭਾਵਿਤ ਕਰਦਾ ਹੈ। ਕੀ ਇਹ ਸਵਰਗ ਵਿੱਚ ਹੁੰਦਾ ਹੈ ਜਾਂ ਧਰਤੀ ਉੱਤੇ? ਕੀ ਇਹ ਬਿਪਤਾ ਦੇ ਦੌਰਾਨ ਹੁੰਦਾ ਹੈ ਜਾਂ ਰਾਜ ਦੀ ਸ਼ੁਰੂਆਤ ਸਮੇਂ ਹੁੰਦਾ ਹੈ? ਕੀ ਇਹ ਭੋਜ ਸਵਰਗ ਵਿੱਚ ਮਸੀਹ ਨਾਲ ਸੰਗਤ ਦਾ ਇੱਕ ਜਸ਼ਨ ਹੈ, ਜਾਂ ਇਸ ਗੱਲ ਦਾ ਜਸ਼ਨ ਹੈ ਕਿ ਅੰਤ ਵਿੱਚ ਮਸੀਹ ਇੱਕ ਰਾਜੇ ਦੇ ਰੂਪ ਵਿੱਚ ਰਾਜ ਕਰਨ ਲੱਗੇ ਹਨ?

### B. ਸਵਰਗ ਵਿੱਚ ਵਿਆਹ ਅਤੇ ਧਰਤੀ ਉੱਤੇ ਵਿਆਹ ਦੇ ਭੋਜ ਦੇ ਸਬੂਤ

ਹਾਲਾਂਕਿ ਲੇਲੇ ਦੇ ਵਿਆਹ ਦੇ ਭੋਜ ਦੇ ਬਾਰੇ ਜ਼ਿਆਦਾਤਰ ਵਚਨਾਂ ਦੀ ਵਿਆਖਿਆ ਨੂੰ ਦੋਵੇਂ ਹੀ ਦ੍ਰਿਸ਼ਟੀਕੋਣਾਂ ਨਾਲ ਸਮਝਿਆ ਜਾ ਸਕਦਾ ਹੈ, ਫਿਰ ਵੀ ਇਹ ਬਿਹਤਰ ਹੈ ਕਿ **ਸਵਰਗ ਵਿੱਚ** ਮਸੀਹ ਅਤੇ ਕਲੀਸਿਯਾ ਦੇ **ਵਿਆਹ** ਅਤੇ ਮਸੀਹ ਦੇ ਦੁਬਾਰਾ ਆਉਣ ਤੋਂ ਬਾਅਦ **ਧਰਤੀ ਉੱਤੇ** ਹੋਣ ਵਾਲੇ **ਭੋਜ** ਦੇ ਵਿਚਕਾਰ ਫ਼ਰਕ ਨੂੰ ਸਮਝ ਲਿਆ ਜਾਵੇ। ਅਸਲ ਵਿੱਚ, ਇਹ ਹੋ ਸਕਦਾ ਹੈ ਕਿ ਵਿਆਹ ਦੇ ਭੋਜ ਦੇ ਜਸ਼ਨ ਨੂੰ ਪੂਰੇ ਇੱਕ ਹਜ਼ਾਰ ਸਾਲ ਤੱਕ ਮਨਾਇਆ ਜਾਵੇ।

> **ਇਸੇ ਪਰਬਤ ਤੇ** ਸੈਨਾਂ ਦਾ ਯਹੋਵਾਹ ਸਾਰਿਆਂ ਲੋਕਾਂ ਲਈ ਮੋਟੀਆਂ ਵਸਤਾਂ ਦੀ ਦਾਵਤ ਕਰੇਗਾ, ਪੁਰਾਣੀਆਂ ਮਧਾਂ ਦੀ ਦਾਵਤ, ਗੁੱਦੇ ਸਮੇਤ ਮੋਟੀਆਂ ਵਸਤਾਂ, ਛਾਣੀਆਂ ਹੋਈਆਂ ਪੁਰਾਣੀਆਂ ਮਧਾਂ ਦੀ ਦਾਵਤ। [ਯਸਾ 25:6]
>
> "ਮੈਂ ਤੁਹਾਨੂੰ ਕਹਿੰਦਾ ਹਾਂ ਕਿ ਅੱਜ ਤੋਂ ਬਾਅਦ **ਜਦੋਂ ਤੱਕ ਪਰਮੇਸ਼ਰ ਦਾ ਰਾਜ ਨਾ ਆਵੇ**, ਮੈਂ ਮੈਅ ਨਹੀਂ ਪੀਵਾਂਗਾ।" [ਲੂਕਾ 22:18]

ਹਾਲਾਂਕਿ ਮਸੀਹ ਲਾੜਾ ਅਤੇ ਕਲੀਸਿਯਾ ਲਾੜੀ ਹੈ, ਅਤੇ ਇੱਕ ਵਿਆਹ ਦੇ ਭੋਜ ਵਿੱਚ ਅਜਿਹੇ ਮਹਿਮਾਨਾਂ ਦੀ ਵੀ ਉਮੀਦ ਕੀਤੀ ਜਾ ਸਕਦੀ ਹੈ ਜੋ ਇਸ ਦੇ ਅਸਲ ਭਾਗੀਦਾਰ ਨਾ ਹੋਣ। ਦਸ ਕੁਆਰੀਆਂ ਦੇ ਦ੍ਰਿਸ਼ਟਾਂਤ ਦੀ ਸਭ ਤੋਂ ਵਧੀਆ ਵਿਆਖਿਆ ਇਹ ਹੋ ਸਕਦੀ ਹੈ ਕਿ ਉਹ ਕੁਆਰੀਆਂ ਇਸਰਾਏਲ ਦਾ ਪ੍ਰਤੀਕ ਹਨ (ਮੱਤੀ 25:1ff )। ਯੂਹੰਨਾ 3:29 ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਤੁਲਨਾ (ਜੋ ਯਹੂਦੀ ਸੀ) ਲਾੜੇ ਦੇ ਮਿੱਤਰ ਨਾਲ ਕਰਦਾ ਹੈ। ਜੇਕਰ ਇਸਰਾਏਲ ਮਸੀਹ ਅਤੇ ਕਲੀਸਿਯਾ ਦੇ ਵਿਆਹ ਦੇ ਭੋਜ ਵਿੱਚ ਹਿੱਸਾ ਲੈਂਦਾ ਹੈ, ਤਾਂ ਇਸ ਭੋਜ ਨੂੰ ਧਰਤੀ ਉੱਤੇ ਰੱਖਣਾ ਹੀ ਸਭ ਤੋਂ ਵਧੀਆ ਹੈ, ਕਿਉਂਕਿ ਪੁਰਾਣੇ ਨੇਮ ਦੇ ਸੰਤਾਂ ਦਾ ਜੀਅ-ਉੱਠਣਾ ਬਿਪਤਾ ਤੋਂ ਬਾਅਦ ਹੋਵੇਗਾ (ਯਸਾ 26:19; ਦਾਨੀ 12:1-2; ਹਿਜ਼ਕੀ 37:12-13)।

ਕਈ ਅਜਿਹੇ ਦ੍ਰਿਸ਼ਟਾਂਤ ਹਨ ਜੋ ਮਜ਼ਬੂਤ ਸਬੂਤਾਂ ਨਾਲ ਇਹ ਦਰਸਾਉਂਦੇ ਹਨ ਕਿ ਭਾਵੇਂ ਲੇਲੇ ਦਾ ਵਿਆਹ ਸਵਰਗ ਵਿੱਚ ਹੁੰਦਾ ਹੈ, ਪਰ ਵਿਆਹ ਦਾ ਭੋਜ ਧਰਤੀ ਉੱਤੇ ਹੁੰਦਾ ਹੈ। ਮੱਤੀ 22 ਵਿੱਚ ਪ੍ਰਭੂ ਯਿਸੂ ਨੇ ਰਾਜੇ ਦੇ ਪੁੱਤਰ ਦੇ ਵਿਆਹ ਦੇ ਭੋਜ ਬਾਰੇ ਦੱਸਿਆ ਹੈ। ਇਸ ਦੀ ਸਥਿਤੀ ਧਰਤੀ ਉੱਤੇ ਹੈ। ਸੱਦਾ ਦਿੱਤੇ ਗਏ ਲੋਕ ਆਉਣ ਤੋਂ ਇਨਕਾਰ ਕਰ ਦਿੰਦੇ ਹਨ। ਹਾਲਾਂਕਿ ਇੱਕ ਵਿਅਕਤੀ ਇਹ ਦਲੀਲ ਦੇ ਸਕਦਾ ਹੈ ਕਿ ਇਹ ਦ੍ਰਿਸ਼ਟਾਂਤ ਮਸੀਹ ਦੇ ਪਹਿਲੀ ਵਾਰ ਆਉਣ ਦੇ ਸਮੇਂ ਇਸਰਾਏਲ ਦੁਆਰਾ ਉਹਨਾਂ ਨੂੰ ਸਵੀਕਾਰ ਨਾ ਕਰਨ ਦੇ ਬਾਰੇ ਹੈ, ਪਰ ਫਿਰ ਵੀ ਇਸ ਦੇ ਕੁਝ ਵਾਕਾਂਸ਼ਾਂ ਵਿੱਚ ਅੰਤ ਦੇ ਸਮੇਂ ਦੇ ਭਾਵ ਹਨ ਜਿਵੇਂ ਕਿ "ਹਨੇਰੇ ਵਿੱਚ ਸੁੱਟਣ, " "ਰੋਣ," ਅਤੇ "ਦੰਦਾਂ ਨੂੰ ਪੀਹਣ" (ਮੱਤੀ 22:13)।

> "ਸਵਰਗ ਦਾ ਰਾਜ ਇੱਕ ਰਾਜੇ ਵਰਗਾ ਹੈ ਜਿਸ ਨੇ ਆਪਣੇ ਪੁੱਤਰ ਦੇ ਵਿਆਹ ਦੀ ਖ਼ੁਸ਼ੀ ਵਿੱਚ ਇੱਕ ਭੋਜ ਦਿੱਤਾ। ਉਸ ਨੇ ਆਪਣੇ ਸੇਵਕਾਂ ਨੂੰ ਵਿਆਹ-ਭੋਜ ਵਿੱਚ ਸੱਦੇ ਹੋਏ ਪ੍ਰਾਹੁਣਿਆਂ ਨੂੰ ਬੁਲਾਉਣ ਲਈ ਭੇਜਿਆ ਪਰ ਉਹਨਾਂ ਨੇ ਆਉਣ ਤੋਂ ਇਨਕਾਰ ਕਰ ਦਿੱਤਾ। ਇਸ ਲਈ ਉਸ ਨੇ ਕੁਝ ਹੋਰ ਸੇਵਕਾਂ ਨੂੰ ਇਹ ਕਹਿ ਕੇ ਸੱਦੇ ਹੋਏ ਪ੍ਰਾਹੁਣਿਆਂ ਕੋਲ ਭੇਜਿਆ, 'ਉਹਨਾਂ ਨੂੰ ਕਹੋ, ਮੇਰਾ ਭੋਜ ਤਿਆਰ ਹੈ। ਮੇਰੇ ਪਲ਼ੇ ਅਤੇ ਮੋਟੇ ਜਾਨਵਰ ਕੱਟੇ ਜਾ ਚੁੱਕੇ ਹਨ ਅਤੇ ਬਾਕੀ ਸਭ ਕੁਝ ਵੀ ਤਿਆਰ ਹੈ। ਇਸ ਲਈ ਵਿਆਹ-ਭੋਜ ਦੇ ਲਈ ਆਓ' ਪਰ ਸੱਦੇ ਹੋਏ ਪ੍ਰਾਹੁਣਿਆਂ ਨੇ ਉਹਨਾਂ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਬਾਹਰ ਚਲੇ ਗਏ, ਇੱਕ ਆਪਣੇ ਖੇਤ ਨੂੰ ਅਤੇ ਦੂਜਾ ਆਪਣੇ ਕਾਰੋਬਾਰ ਨੂੰ। ਬਾਕੀਆਂ ਨੇ ਉਸ ਦੇ ਸੇਵਕਾਂ ਨੂੰ ਫੜ ਕੇ ਉਹਨਾਂ ਨੂੰ ਬੇਇੱਜ਼ਤ ਕੀਤਾ ਅਤੇ ਮਾਰ ਦਿੱਤਾ। ਇਸ ਕਾਰਨ ਰਾਜਾ ਬਹੁਤ ਗੁੱਸੇ ਹੋਇਆ। ਇਸ ਲਈ ਉਸ ਨੇ ਆਪਣੀ ਫ਼ੌਜ ਭੇਜ ਕੇ ਉਹਨਾਂ ਕਾਤਲਾਂ ਦਾ ਨਾਸ਼ ਕਰ ਦਿੱਤਾ ਅਤੇ ਸ਼ਹਿਰ ਨੂੰ ਅੱਗ ਲਾ ਦਿੱਤੀ। ਫਿਰ ਉਸ ਨੇ ਆਪਣੇ ਸੇਵਕਾਂ ਨੂੰ ਕਿਹਾ, 'ਮੇਰਾ ਵਿਆਹ-ਭੋਜ ਤਾਂ ਤਿਆਰ ਹੈ ਪਰ ਸੱਦੇ ਹੋਏ ਪ੍ਰਾਹੁਣੇ ਇਸ ਦੇ ਯੋਗ ਨਹੀਂ ਸਨ। ਇਸ ਲਈ ਤੁਸੀਂ ਸ਼ਹਿਰ ਦੇ ਚੁਰਾਹਿਆਂ ਉੱਤੇ ਜਾਓ ਅਤੇ ਭੋਜ ਦੇ ਲਈ ਜਿੰਨੇ ਵੀ ਤੁਹਾਨੂੰ ਮਿਲ ਸਕਦੇ ਹਨ, ਸੱਦ ਲਿਆਓ।' ਸੇਵਕ ਸੜਕਾਂ ਦੇ ਉੱਤੇ ਗਏ ਅਤੇ ਸਾਰਿਆਂ ਨੂੰ ਜਿਹੜੇ ਉਹਨਾਂ ਨੂੰ ਮਿਲੇ, ਭਾਵ ਚੰਗਿਆਂ ਅਤੇ ਮੰਦਿਆਂ ਨੂੰ ਸੱਦ ਲਿਆਏ ਅਤੇ ਭੋਜ-ਘਰ ਪ੍ਰਾਹੁਣਿਆਂ ਦੇ ਨਾਲ ਭਰ ਗਿਆ। "ਫਿਰ ਰਾਜਾ ਪ੍ਰਾਹੁਣਿਆਂ ਨੂੰ ਮਿਲਣ ਦੇ ਲਈ ਆਇਆ। ਉੱਥੇ ਉਸ ਨੇ ਇੱਕ ਆਦਮੀ ਨੂੰ ਦੇਖਿਆ ਜਿਸ ਨੇ ਵਿਆਹ ਵਾਲੇ ਕੱਪੜੇ ਨਹੀਂ ਪਹਿਨੇ ਹੋਏ ਸਨ। ਰਾਜੇ ਨੇ ਉਸ ਆਦਮੀ ਨੂੰ ਪੁੱਛਿਆ, 'ਮਿੱਤਰ, ਤੂੰ ਇੱਥੇ ਵਿਆਹ ਵਾਲੇ ਕੱਪੜੇ ਪਹਿਨੇ ਬਿਨਾਂ ਕਿਸ ਤਰ੍ਹਾਂ ਆ ਗਿਆ ਹੈਂ?' ਪਰ ਉਸ ਆਦਮੀ ਨੇ ਕੋਈ ਉੱਤਰ ਨਾ ਦਿੱਤਾ। ਇਸ ਲਈ ਰਾਜੇ ਨੇ ਸੇਵਕਾਂ ਨੂੰ ਕਿਹਾ, 'ਇਸ ਦੇ ਹੱਥ-ਪੈਰ ਬੰਨ੍ਹ ਕੇ ਬਾਹਰ ਹਨੇਰੇ ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।'" [ਮੱਤੀ 22:2-13]

ਜੇਕਰ ਮੱਤੀ 22:1ff ਦੀ ਸਿੱਖਿਆ ਮਸੀਹ ਦੇ ਪਹਿਲੀ ਵਾਰ ਆਉਣ ਵੇਲੇ ਉਹਨਾਂ ਨੂੰ ਸਵੀਕਾਰ ਨਾ ਕਰਨ ਦੀ ਗੱਲ ਤੋਂ ਅੱਗੇ ਵੱਧਦੀ ਹੈ, ਤਾਂ ਫਿਰ ਇਹ ਦੂਜੀ ਵਾਰ ਆਉਣ ਵੇਲੇ ਧਰਤੀ ਉੱਤੇ ਭਵਿੱਖ ਦੇ ਵਿਆਹ ਦੇ ਭੋਜ ਨੂੰ ਪੇਸ਼ ਕਰਦੀ ਹੈ। ਇਹ ਦ੍ਰਿਸ਼ਟਾਂਤ ਇਸ ਧਾਰਨਾ ਨਾਲ ਚੰਗੀ ਤਰ੍ਹਾਂ ਮੇਲ ਖਾਂਦਾ ਹੈ ਕਿ ਰਾਜ ਦੇ ਲਈ ਸੱਦੇ ਬਿਪਤਾ ਦੇ ਦੌਰਾਨ "ਰਾਜ ਦੇ ਸ਼ੁਭ-ਸਮਾਚਾਰ" ਦੁਆਰਾ ਪੇਸ਼ ਕੀਤੇ ਜਾਣਗੇ (ਮੱਤੀ 24:14; ਪ੍ਰਕਾਸ਼ 14:6)। ਜਿਹੜੇ ਲੋਕ ਇਸ ਸੱਦੇ ਨੂੰ ਰੱਦ ਕਰਦੇ ਹਨ, ਉਹਨਾਂ ਨੂੰ (ਇਸਰਾਏਲ ਦੇ ਨਿਆਂ ਅਤੇ ਬਾਕੀ ਕੌਮਾਂ ਦੇ ਨਿਆਂ ਦੇ ਕਾਰਨ) ਵਿਆਹ ਦੀ ਖੁਸ਼ੀ ਤੋਂ ਬਾਹਰ ਰੱਖਿਆ ਜਾਵੇਗਾ। ਜੇਕਰ ਵਿਆਹ ਦਾ ਭੋਜ ਸਵਰਗ ਵਿੱਚ ਹੁੰਦਾ ਹੈ, ਤਾਂ ਉਹ ਕੌਣ ਹਨ ਜਿਹਨਾਂ ਨੇ ਆਉਣ ਤੋਂ ਇਨਕਾਰ ਕੀਤਾ ਅਤੇ ਉਹਨਾਂ ਨੂੰ ਬਾਹਰ ਕੱਢ ਦਿੱਤਾ ਗਿਆ? ਅਸੀਂ ਧਰਤੀ ਉੱਤੇ ਮਸੀਹ ਦੇ ਰਾਜ ਵਿੱਚੋਂ ਤਾਂ ਕਿਸੇ ਦੇ ਬਾਹਰ ਕੱਢੇ ਜਾਣ ਦੀ ਕਲਪਨਾ ਕਰ ਸਕਦੇ ਹਾਂ, ਪਰ ਅਸੀਂ ਅਜਿਹੀ ਕਿਸੇ ਵੀ ਵਿਆਖਿਆ ਨੂੰ ਨਹੀਂ ਮੰਨ ਸਕਦੇ ਹਾਂ ਜਿਸ ਵਿੱਚ ਕਿਸੇ ਨੇ ਮੁਕਤੀ ਤੋਂ ਬਿਨਾਂ ਹੀ ਸਵਰਗ ਵਿੱਚ ਪ੍ਰਵੇਸ਼ ਕਰ ਲਿਆ ਹੈ, ਪਰ ਫਿਰ ਉਸ ਨੂੰ ਬਾਹਰ ਸੁੱਟ ਦੇਣਾ ਜ਼ਰੂਰੀ ਹੋ ਗਿਆ ਹੈ।

ਮੱਤੀ 25:1ff ਸਵਰਗ ਵਿੱਚ ਹੋਣ ਵਾਲੇ ਵਿਆਹ ਅਤੇ ਧਰਤੀ ਉੱਤੇ ਹੋਣ ਵਾਲੇ ਵਿਆਹ ਦੇ ਭੋਜ ਦੇ ਵਿਚਕਾਰ ਫ਼ਰਕ ਦੇ ਜ਼ਿਆਦਾ ਮਜ਼ਬੂਤ ਸਬੂਤ ਦਿੰਦਾ ਹੈ। ਇਹ ਭਾਗ ਸਪੱਸ਼ਟ ਤੌਰ ਤੇ ਸਵਰਗ ਦੇ ਰਾਜ (ਆਇਤ 1) ਦੇ ਬਾਰੇ ਦੱਸਦਾ ਹੈ ਅਤੇ ਇਹ ਭਾਗ (ਅਤੇ ਮੱਤੀ ਦਾ ਪੂਰਾ 24 ਅਧਿਆਇ, ਮੱਤੀ 25:31 ਵੀ) ਭਵਿੱਖ ਬਾਰੇ ਹੈ। ਪ੍ਰਭੂ ਦੇ ਵਾਪਸ ਆਉਣ ਦੇ ਹਵਾਲਿਆਂ ਵਿੱਚ ਬਿਪਤਾ ਦੇ ਅੰਤ ਵਿੱਚ ਉਹਨਾਂ ਦੇ ਪ੍ਰਗਟ ਹੋਣ ਦੀ ਗੱਲ ਸ਼ਾਮਲ ਹੈ (ਦੇਖੋ, ਮੱਤੀ 24:21, 29-31)। ਮੱਤੀ 25:10 ਲਾੜੀ ਦੀ ਵਾਪਸੀ ਤੋਂ ਬਾਅਦ, ਸਪੱਸ਼ਟ ਤੌਰ ਤੇ "ਭੋਜ" ਨੂੰ ਧਰਤੀ ਉੱਤੇ ਰੱਖਦਾ ਹੈ।

> "ਪਰ ਜਦੋਂ ਅਜੇ ਉਹ ਪੰਜ ਮੂਰਖ ਕੁਆਰੀਆਂ ਤੇਲ ਮੁੱਲ ਲੈਣ ਲਈ ਜਾ ਰਹੀਆਂ ਸਨ ਤਾਂ **ਲਾੜਾ ਆ ਗਿਆ**। ਇਸ ਲਈ ਜਿਹੜੀਆਂ ਤਿਆਰ ਸਨ, ਲਾੜੇ ਦੇ ਨਾਲ **ਵਿਆਹ-ਭੋਜ ਦੇ ਲਈ** ਅੰਦਰ ਚਲੀਆਂ ਗਈਆਂ ਅਤੇ ਦਰਵਾਜ਼ਾ ਬੰਦ ਹੋ ਗਿਆ।" [ਮੱਤੀ 25:10]

ਦਸ ਕੁਆਰੀਆਂ ਦਾ ਦ੍ਰਿਸ਼ਟਾਂਤ ਲਾੜੇ ਦੀ ਵਾਪਸੀ ਤੋਂ ਬਾਅਦ ਧਰਤੀ ਉੱਤੇ ਵਿਆਹ ਦੇ ਭੋਜ ਨੂੰ ਦਰਸਾਉਂਦਾ ਹੈ। ਇਸ ਤਰ੍ਹਾਂ, ਇੱਥੇ ਜੋ ਸਿਧਾਂਤਕ ਸਿੱਖਿਆ ਹੈ, ਉਹ ਬਿਪਤਾ ਦੇ ਪੂਰੇ ਹੋਣ ਅਤੇ ਮਸੀਹ ਦੇ ਵਾਪਸ ਆਉਣ ਤੋਂ ਬਾਅਦ, ਧਰਤੀ ਉੱਤੇ ਇੱਕ ਵਿਆਹ ਦੇ ਭੋਜ ਦੇ ਹੋਣ ਦੀ ਸਿੱਖਿਆ ਹੈ। ਇਸਰਾਏਲ ਵਿੱਚ ਜਿਹੜੇ ਵੀ ਤਿਆਰ ਹੋਣਗੇ, ਉਹਨਾਂ ਦਾ ਸਵਾਗਤ ਹੋਵੇਗਾ। ਜਿਹੜੇ ਤਿਆਰ ਨਹੀਂ ਹੋਣਗੇ, ਉਹ ਉਸ ਵਿੱਚ ਸ਼ਾਮਲ ਨਹੀਂ ਹੋ ਸਕਦੇ ਹਨ। ਜੇਕਰ ਵਿਆਹ ਦਾ ਭੋਜ ਸਵਰਗ ਵਿੱਚ ਹੋਵੇਗਾ, ਤਾਂ ਉਹ ਕੌਣ ਹਨ ਜਿਹਨਾਂ ਨੂੰ ਉਸ ਵਿੱਚੋਂ ਬਾਹਰ ਕੱਢ ਦਿੱਤਾ ਜਾਵੇਗਾ?[18]

ਲੂਕਾ 14:16-24 ਦਾ ਦ੍ਰਿਸ਼ਟਾਂਤ ਇੱਕ ਅਜਿਹੇ ਆਦਮੀ ਬਾਰੇ ਦੱਸਦਾ ਹੈ ਜਿਸ ਨੇ ਸ਼ੁਰੂ ਵਿੱਚ ਕੁਝ ਲੋਕਾਂ ਨੂੰ ਵਿਆਹ ਦਾ ਸੱਦਾ ਦਿੱਤਾ, ਪਰ ਜਦੋਂ ਉਹਨਾਂ ਨੇ ਆਉਣ ਤੋਂ ਮਨ੍ਹਾ ਕਰ ਦਿੱਤਾ, ਤਾਂ ਉਸ ਨੇ ਸਾਰੇ ਲੋਕਾਂ ਨੂੰ ਆਉਣ ਦਾ ਸੱਦਾ ਦਿੱਤਾ। ਇੱਥੇ "ਵਿਆਹ ਦੇ ਭੋਜ" ਸ਼ਬਦ ਦਾ ਕੋਈ ਹਵਾਲਾ ਨਹੀਂ ਹੈ, ਅਤੇ ਨਾ ਹੀ ਇਸ ਵਿੱਚ ਕੋਈ ਅਜਿਹੀ ਤਸਵੀਰ ਮਿਲਦੀ ਹੈ, ਜਿਸ ਵਿੱਚ ਇੱਕ ਰਾਜੇ ਦੇ ਪੁੱਤਰ ਦਾ ਵਿਆਹ ਹੋ ਰਿਹਾ ਹੈ ਜਾਂ ਇੱਕ ਲਾੜਾ ਵਾਪਸ ਆ ਰਿਹਾ ਹੈ। ਇਹ ਸਾਬਤ ਕਰਨਾ ਔਖਾ ਹੈ ਕਿ ਲੂਕਾ 14:16-24 ਦਾ ਦ੍ਰਿਸ਼ਟਾਂਤ ਮੱਤੀ 22:1-13 ਦੇ ਦ੍ਰਿਸ਼ਟਾਂਤ ਦੇ ਸਮਾਨ ਹੈ। ਫਿਰ ਵੀ, ਇਸ ਦ੍ਰਿਸ਼ਟਾਂਤ ਵਿੱਚ ਕੁਝ ਅਜਿਹੇ ਸੰਕੇਤ ਜ਼ਰੂਰ ਹਨ ਕਿ ਇਸ ਨੂੰ ਸੁਣਾਉਂਦੇ ਸਮੇਂ ਮਸੀਹ ਦੇ ਮਨ ਵਿੱਚ ਭਵਿੱਖ ਦੀਆਂ ਗੱਲਾਂ ਸਨ। ਲੂਕਾ 14:14 ਧਰਮੀ ਲੋਕਾਂ ਦੇ ਜੀਅ-ਉੱਠਣ ਤੇ ਉਹਨਾਂ ਨੂੰ ਇਨਾਮ ਦਿੱਤੇ ਜਾਣ ਦੀ ਗੱਲ ਕਰਦਾ ਹੈ, ਅਤੇ ਆਇਤ 15 ਇਹ ਦਰਸਾਉਂਦੀ ਹੈ ਕਿ ਇਹ ਦ੍ਰਿਸ਼ਟਾਂਤ "ਪਰਮੇਸ਼ਰ ਦੇ ਰਾਜ" ਦੇ ਬਾਰੇ ਹੈ। ਜੇਕਰ ਅਸੀਂ "ਵੱਡੇ ਭੋਜ ਦੇ ਦ੍ਰਿਸ਼ਟਾਂਤ" ਨੂੰ ਭਵਿੱਖ ਦੀਆਂ ਘਟਨਾਵਾਂ ਦੀ ਇੱਕ ਸਿੱਖਿਆ ਦੇ ਰੂਪ ਵਿੱਚ ਦੇਖੀਏ, ਅਤੇ ਇਹ ਵੀ ਕਿ ਮਸੀਹ ਦੇ ਆਪਣੇ ਲੋਕਾਂ ਨੇ ਉਸ ਨੂੰ ਸਵੀਕਾਰ ਨਹੀਂ ਕੀਤਾ ਸੀ, ਤਾਂ ਇਹ ਧਰਤੀ ਉੱਤੇ ਵੀ ਇੱਕ ਭੋਜ ਨੂੰ ਦਰਸਾਉਂਦਾ ਹੈ, ਅਤੇ ਧਰਤੀ ਉੱਤੇ ਹੀ ਇੱਕ ਵਿਆਹ ਦੇ ਭੋਜ ਦੇ ਹੋਣ ਦੇ ਵਿਚਾਰ ਨੂੰ ਵੀ ਇੱਕ ਗੰਭੀਰ ਸਮਰਥਨ ਦਿੰਦਾ ਹੈ।

### C. ਸਵਰਗ ਵਿੱਚ ਜਾਂ ਧਰਤੀ ਉੱਤੇ ਵਿਆਹ ਦੇ ਭੋਜ ਦੇ ਅਨੁਕੂਲ ਵਚਨ

ਜਿਹੜਾ ਇੱਕ ਤੱਥ ਵਿਆਹ ਦੇ ਭੋਜ ਦੇ ਮਾਮਲੇ ਵਿੱਚ ਸਭ ਤੋਂ ਜ਼ਿਆਦਾ ਉਲਝਣ ਪੈਦਾ ਕਰਦਾ ਹੈ, ਉਹ ਯੂਨਾਨੀ ਸ਼ਬਦ (*ਗਾਮੋਸ*) ਹੈ ਜਿਸ ਦਾ ਅਰਥ "ਵਿਆਹ," ਜਾਂ ਫਿਰ "ਵਿਆਹ ਦਾ ਭੋਜ" ਵੀ ਹੋ ਸਕਦਾ ਹੈ। ਸਿਰਫ਼ ਸੰਦਰਭ, ਜਾਂ ਇਸ ਦਾ ਹੋਰ ਵਰਣਨ, ਇਹ ਸਪੱਸ਼ਟ ਕਰਦੇ ਹਨ ਕਿ ਇੱਥੇ ਦੋਵਾਂ ਵਿੱਚੋਂ ਕਿਹੜੇ ਦਾ ਇਰਾਦਾ ਕੀਤਾ ਗਿਆ ਹੈ।

ਲੂਕਾ 12:36ff ਨੂੰ ਇਹ ਸਿਖਾਉਣ ਦੇ ਲਈ ਵਰਤਿਆ ਜਾ ਸਕਦਾ ਹੈ ਕਿ ਵਿਆਹ ਦਾ ਭੋਜ ਮਸੀਹ ਦੀ ਵਾਪਸੀ ਤੋਂ ਪਹਿਲਾਂ ਸਵਰਗ ਵਿੱਚ ਹੁੰਦਾ ਹੈ (ਆਇਤ 40)। ਉਹ ਵਿਆਹ ਦੇ ਭੋਜ **ਤੋਂ** ਧਰਤੀ ਉੱਤੇ ਆਉਂਦੇ ਹਨ।

> "ਉਹਨਾਂ ਸੇਵਕਾਂ ਦੀ ਤਰ੍ਹਾਂ ਤਿਆਰ ਰਹੋ ਜਿਹੜੇ ਆਪਣੇ ਮਾਲਕ ਦੇ **ਵਿਆਹ ਭੋਜ ਤੋਂ ਵਾਪਸ ਆਉਣ** ਦੀ ਉਡੀਕ ਵਿੱਚ ਹਨ ਕਿ ਉਹ ਕਦੋਂ ਆਵੇ ਅਤੇ ਘਰ ਦਾ ਕੁੰਡਾ ਖੜਕਾਵੇ ਅਤੇ ਉਹ ਇਕਦਮ ਉਸ ਦੇ ਅੰਦਰ ਆਉਣ ਲਈ ਦਰਵਾਜ਼ਾ ਖੋਲ੍ਹਣ।" [ਲੂਕਾ 12:36]

ਲੂਕਾ 12:36 ਦੇ ਦੋ ਅਨੁਵਾਦ ਹੋ ਸਕਦੇ ਹਨ। ਮਸੀਹ ਜਾਂ ਤਾਂ ਵਿਆਹ ਦੇ ਭੋਜ (ਐਨ.ਏ.ਐਸ.ਬੀ, ਐਨ.ਆਈ.ਵੀ) ਜਾਂ ਵਿਆਹ ਤੋਂ ਵਾਪਸ ਆਉਂਦੇ ਹਨ (ਕੇ.ਜੇ.ਵੀ)। ਫਿਰ ਵੀ, ਸ਼ਾਇਦ ਕੇ.ਜੇ.ਵੀ ਦੀ ਤਰ੍ਹਾਂ ਅਨੁਵਾਦ ਕਰਨਾ ਹੀ ਸਹੀ ਹੋਵੇਗਾ। ਕੇ.ਜੇ.ਵੀ ਦੇ ਅਨੁਵਾਦਕਾਂ ਦੀ ਸਮਝ ਇਹ ਸੀ ਕਿ ਮਾਲਕ ਵਿਆਹ ਤੋਂ (ਸਵਰਗ ਵਿੱਚ) ਵਾਪਸ ਆਉਂਦਾ ਹੈ ਅਤੇ ਫਿਰ ਆਪਣੇ ਸੇਵਕਾਂ ਦੇ ਲਈ ਧਰਤੀ ਉੱਤੇ ਇੱਕ ਭੋਜ ਕਰਦਾ ਹੈ (ਇਸਰਾਏਲ, ਆਇਤਾਂ 36-37)। ਇਸ ਦਾ ਅਨੁਵਾਦ "ਵਿਆਹ ਦੇ ਭੋਜ ਤੋਂ ਆਉਣ" ਵਜੋਂ (ਐਨ.ਏ.ਐਸ.ਬੀ, ਐਨ.ਆਈ.ਵੀ) ਕਰਨ ਦਾ ਅਰਥ ਹੋਵੇਗਾ ਕਿ ਮਸੀਹ ਵਿਆਹ ਦੇ ਭੋਜ ਤੋਂ

[18] ਜਿਹੜੇ ਲੋਕ ਸਦੀਪਕ ਸੁਰੱਖਿਆ ਨੂੰ ਮੰਨਦੇ ਹਨ, ਉਹ ਕੁਆਰੀਆਂ ਨੂੰ ਅਜਿਹੇ ਮਸੀਹੀ ਮੰਨ ਸਕਦੇ ਹਨ ਜਿਹੜੇ ਵਿਆਹ ਦੇ ਭੋਜ ਵਿੱਚ ਸਵੀਕਾਰ ਨਹੀਂ ਕੀਤਾ ਜਾਣਗੇ। ਇਸ ਤੋਂ ਇਲਾਵਾ, ਕਲੀਸਿਯਾ ਹੀ ਲਾੜੀ ਹੈ। ਵਿਆਹ ਦੇ ਮਹਿਮਾਨਾਂ ਨੂੰ ਇਸਰਾਏਲ ਦੇ ਲੋਕਾਂ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਉਹਨਾਂ ਵਿੱਚ ਕੁਝ ਮੁਕਤੀ ਪਾਏ ਹੋਏ ਹੋਣਗੇ। ਕੁਝ ਮੁਕਤੀ ਪਾਏ ਹੋਏ ਨਹੀਂ ਹਨ। ਇਹਨਾਂ ਦੋਵਾਂ ਦਾ ਮਿਸ਼ਰਣ ਸਵਰਗ ਵਿੱਚ ਨਹੀਂ ਸਿਰਫ਼ ਧਰਤੀ ਉੱਤੇ ਹੀ ਹੋ ਸਕਦਾ ਹੈ। ਇਸ ਲਈ, ਵਿਆਹ ਰੈਪਚਰ ਤੋਂ ਬਾਅਦ ਸਵਰਗ ਵਿੱਚ ਹੋ ਸਕਦਾ ਹੈ, ਪਰ ਵਿਆਹ ਦੇ ਭੋਜ ਨੂੰ ਮਸੀਹ ਦੇ ਦੁਬਾਰਾ ਆਉਣ ਤੋਂ ਬਾਅਦ ਧਰਤੀ ਉੱਤੇ ਰੱਖਣਾ ਹੀ ਸਭ ਤੋਂ ਵਧੀਆ ਰਹੇਗਾ।

ਬਾਅਦ ਧਰਤੀ ਉੱਤੇ ਵਾਪਸ ਆਉਂਦੇ ਹਨ। ਇਹ ਵੀ ਇੱਕ ਸਹੀ ਅਨੁਵਾਦ ਹੋਵੇਗਾ (ਜੇਕਰ ਅਸੀਂ ਕਿਸੇ ਹੋਰ ਵਚਨ ਨੂੰ ਨਹੀਂ ਦੇਖਦੇ ਹਾਂ, ਤਾਂ ਵਿਆਹ ਦਾ ਭੋਜ ਸ਼ਾਇਦ ਜ਼ਿਆਦਾ ਸਹੀ ਹੋਵੇਗਾ ਕਿਉਂਕਿ ਇਹ ਸ਼ਬਦ ਬਹੁਵਚਨ ਹੈ)।[19] ਫਿਰ ਵੀ, ਮੱਤੀ 25:10 ਸਪੱਸ਼ਟ ਸਿਖਾਉਂਦਾ ਹੈ ਕਿ ਲਾੜਾ ਵਿਆਹ ਦੇ ਭੋਜ ਦੇ ਲਈ ਵਾਪਸ ਆਉਂਦਾ ਹੈ, ਅਤੇ ਇਹ ਦੇਖਦੇ ਹੋਏ ਕਿ ਲੂਕਾ 12:36 ਇਸ ਦੇ ਅਨੁਕੂਲ ਅਨੁਵਾਦ ਕੀਤੇ ਜਾਣ ਦੇ ਯੋਗ ਹੈ, ਤਾਂ ਇਸ ਦਾ ਅਨੁਵਾਦ ਕੇ.ਜੇ.ਵੀ ਦੀ ਤਰ੍ਹਾਂ ਕਰਨਾ ਹੀ ਵਧੀਆ ਹੈ। ਕਿੰਗ ਜੇਮਜ਼ ਅਨੁਵਾਦ ਤੋਂ ਇਹ ਸਮਝ ਆਉਂਦਾ ਹੈ ਕਿ ਮਾਲਕ (ਸਵਰਗ ਵਿੱਚ ਸ਼ੁਰੂ ਹੋਏ) ਵਿਆਹ ਤੋਂ ਆਉਂਦਾ ਹੈ, ਅਤੇ ਫਿਰ ਧਰਤੀ ਉੱਤੇ ਆਪਣੇ ਸੇਵਕ ਇਸਰਾਏਲ ਦੇ ਨਾਲ ਵਿਆਹ ਦਾ ਭੋਜ ਕਰਦਾ ਹੈ (ਜੋ ਇਸਰਾਏਲ ਹੈ, ਆਇਤ 37)।

> "ਉਹਨਾਂ ਸੇਵਕਾਂ ਦੀ ਤਰ੍ਹਾਂ ਤਿਆਰ ਰਹੋ ਜਿਹੜੇ ਆਪਣੇ ਮਾਲਕ ਦੇ ਵਿਆਹ ਭੋਜ ਤੋਂ ਵਾਪਸ ਆਉਣ ਦੀ ਉਡੀਕ ਵਿੱਚ ਹਨ ਕਿ ਉਹ ਕਦੋਂ ਆਵੇ ਅਤੇ ਘਰ ਦਾ ਕੁੰਡਾ ਖੜਕਾਵੇ ਅਤੇ ਉਹ ਇਕਦਮ ਉਸ ਦੇ ਅੰਦਰ ਆਉਣ ਲਈ ਦਰਵਾਜ਼ਾ ਖੋਲ੍ਹਣ। ਧੰਨ ਉਹ ਸੇਵਕ ਹਨ ਜਿਹਨਾਂ ਦਾ ਮਾਲਕ ਆ ਕੇ ਉਹਨਾਂ ਨੂੰ ਜਾਗਦੇ ਅਤੇ ਤਿਆਰ ਦੇਖਦਾ ਹੈ...ਤੁਸੀਂ ਵੀ ਹਰ ਸਮੇਂ ਤਿਆਰ ਰਹੋ ਕਿਉਂਕਿ ਜਿਸ ਘੜੀ ਦੇ ਬਾਰੇ ਤੁਸੀਂ ਸੋਚਿਆ ਵੀ ਨਹੀਂ, ਮਨੁੱਖ ਦਾ ਪੁੱਤਰ ਉਸੇ ਘੜੀ ਆ ਜਾਵੇਗਾ।" [ਲੂਕਾ 12:36-37,40]

ਲੂਕਾ 12:35ff ਦਾ ਦ੍ਰਿਸ਼ਟਾਂਤ ਇਹ ਸਾਬਤ ਨਹੀਂ ਕਰਦਾ ਹੈ ਕਿ ਲੇਲੇ ਦਾ ਵਿਆਹ ਦਾ ਭੋਜ ਧਰਤੀ ਉੱਤੇ ਹੁੰਦਾ ਹੈ, ਫਿਰ ਵੀ, ਇਸ ਦਿਸ਼ਾ ਵਿੱਚ ਅੱਗੇ ਵੱਧਣ ਨਾਲ, ਮੱਤੀ 22:1-13, 25:1-13; ਲੂਕਾ 14:16-24 ਵਿੱਚ ਇਸ ਦਾ ਅਜਿਹੀ ਵਿਆਖਿਆ ਦੇ ਨਾਲ ਅਨੁਕੂਲ ਹੋ ਜਾਂ ਵਾਲਾ ਇੱਕ ਜਾਇਜ਼ ਅਨੁਵਾਦ ਹੋ ਸਕਦਾ ਹੈ।

ਪ੍ਰਕਾਸ਼ ਦੀ ਪੋਥੀ 19:7-9 ਇੱਕ ਹੋਰ ਅਜਿਹਾ ਵਚਨ ਹੈ ਜੋ ਲੇਲੇ ਦੇ ਵਿਆਹ ਦੇ ਭੋਜ ਨੂੰ ਦੂਜੀ ਵਾਪਸੀ ਤੋਂ ਪਹਿਲਾਂ (ਸਵਰਗ ਵਿੱਚ) ਅਤੇ ਜਾਂ ਦੂਜੀ ਵਾਪਸੀ ਤੋਂ ਬਾਅਦ (ਧਰਤੀ ਉੱਤੇ) ਰੱਖਣ ਦੇ ਯੋਗ ਹੈ।

> "ਆਓ ਅਸੀਂ ਅਨੰਦਿਤ ਹੋਈਏ ਅਤੇ ਖ਼ੁਸ਼ੀ ਮਨਾਈਏ ਅਤੇ ਉਹਨਾਂ ਦੀ ਮਹਿਮਾ ਕਰੀਏ, ਕਿਉਂਕਿ ਲੇਲੇ ਦੇ ਵਿਆਹ ਦਾ ਸਮਾਂ ਆ ਗਿਆ ਹੈ। ਉਸ ਦੀ ਲਾੜੀ ਨੇ ਆਪਣੇ ਆਪ ਨੂੰ ਤਿਆਰ ਕਰ ਲਿਆ ਹੈ। ਪਰਮੇਸ਼ਰ ਨੇ ਉਸ ਨੂੰ ਚਮਕਦਾਰ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨਣ ਦਾ ਹੱਕ ਦੇ ਦਿੱਤਾ ਹੈ।" (ਇਹ ਮਲਮਲ ਦੇ ਕੱਪੜੇ ਪਰਮੇਸ਼ਰ ਦੇ ਲੋਕਾਂ ਦੇ ਨੇਕ ਕੰਮ ਹਨ।) ਤਦ ਸਵਰਗਦੂਤ ਨੇ ਮੈਨੂੰ ਕਿਹਾ, "ਲਿਖ, ਧੰਨ ਹਨ ਉਹ ਲੋਕ ਜਿਹਨਾਂ ਨੂੰ ਲੇਲੇ ਦੇ ਵਿਆਹ-ਭੋਜ ਦਾ ਸੱਦਾ ਮਿਲਿਆ ਹੈ।" ਉਸ ਨੇ ਮੈਨੂੰ ਇਹ ਵੀ ਕਿਹਾ, "ਇਹ ਪਰਮੇਸ਼ਰ ਦੇ ਸੱਚੇ ਵਚਨ ਹਨ।" [ਪ੍ਰਕਾਸ਼ 19:7-9]

ਆਇਤ 7 ਦੱਸਦੀ ਹੈ ਕਿ ਲੇਲੇ ਦਾ ਵਿਆਹ ਪਹਿਲਾਂ ਹੀ ਹੋ ਚੁੱਕਾ ਹੈ। ਇਹ ਕਥਨ ਆਇਤ 11 ਵਿੱਚ ਮਸੀਹ ਦੀ ਦੂਜੀ ਵਾਪਸੀ ਬਾਰੇ ਚਰਚਾ ਕਰਨ ਤੋਂ ਪਹਿਲਾਂ ਆਉਂਦਾ ਹੈ। ਲਗਭਗ ਸਾਰੇ ਇਸ ਗੱਲ ਨਾਲ ਸਹਿਮਤ ਹਨ ਕਿ ਵਿਆਹ ਮਸੀਹ ਦੀ ਦੂਜੀ ਵਾਪਸੀ ਤੋਂ ਪਹਿਲਾਂ ਸਵਰਗ ਵਿੱਚ ਹੁੰਦਾ ਹੈ। ਆਇਤ 8 ਇਹ ਸੰਕੇਤ ਦਿੰਦੀ ਹੈ ਕਿ ਕਲੀਸਿਯਾ ਦੇ ਧਾਰਮਿਕਤਾ ਦੇ ਕੰਮਾਂ ਦਾ ਪਹਿਲਾਂ ਹੀ ਨਿਆਂ ਕੀਤਾ ਗਿਆ ਹੈ ਅਤੇ ਇਸ ਦੇ ਇਨਾਮ ਦਿੱਤੇ ਜਾ ਚੁੱਕੇ ਹਨ। ਇਸ ਤਰ੍ਹਾਂ, ਜ਼ਿਆਦਾਤਰ ਲੋਕ ਮਸੀਹ ਦੇ ਵਿਆਹ ਨੂੰ ਮਸੀਹ ਦੁਆਰਾ ਨਿਆਂ ਤੋਂ ਬਾਅਦ ਸਵਰਗ ਵਿੱਚ ਕਿਸੇ ਸਮੇਂ, ਪਰ ਮਸੀਹ ਦੇ ਦੂਜੀ ਵਾਰ ਆਉਣ ਤੋਂ ਪਹਿਲਾਂ ਰੱਖਦੇ ਹਨ।

ਵਿਆਹ ਦੇ ਬਾਅਦ, ਯੂਹੰਨਾ ਆਇਤ 9 ਵਿੱਚ "ਭੋਜ" ਸ਼ਬਦ ਵੀ ਜੋੜਦਾ ਹੈ। ਜਿਹੜੀ ਘਟਨਾ ਦੀ ਚਰਚਾ ਕੀਤੀ ਜਾ ਰਹੀ ਹੈ, ਉਹ ਬਿਲਕੁਲ ਸਪੱਸ਼ਟ ਹੈ, ਪਰ ਉਸ ਦੇ ਬਿਆਨ ਵਿੱਚ ਸਮੇਂ ਦੀ ਸਪੱਸ਼ਟਤਾ ਦੀ ਘਾਟ ਹੈ। ਇਹ ਕਹਿੰਦਾ ਹੈ ਕਿ ਉਹ ਧੰਨ ਹਨ ਜਿਹਨਾਂ ਨੂੰ ਵਿਆਹ ਦੇ ਭੋਜ ਲਈ ਸੱਦਾ ਦਿੱਤਾ ਗਿਆ ਹੈ। ਕੀ ਇਸ ਦਾ ਅਰਥ ਹੈ ਕਿ ਜਿਹੜੇ ਲੋਕ ਸਵਰਗ ਵਿੱਚ ਪਹਿਲਾਂ ਹੀ ਲੇਲੇ ਦੇ ਵਿਆਹ ਦੇ ਭੋਜ ਵਿੱਚ ਹਿੱਸਾ ਲੈ ਚੁੱਕੇ ਹਨ, ਉਹ ਪਹਿਲਾਂ ਹੀ ਧੰਨ ਹਨ? ਜਾਂ ਕੀ ਇਹ ਉਹਨਾਂ ਲੋਕਾਂ ਉੱਤੇ ਸਵਰਗੀ ਬਰਕਤਾਂ ਦਾ ਐਲਾਨ ਹੈ ਜਿਹੜੇ ਮਸੀਹ ਦੇ ਦੁਬਾਰਾ ਆਉਣ ਤੋਂ ਬਾਅਦ ਜਲਦੀ ਹੀ ਵਿਆਹ ਦੇ ਭੋਜ ਵਿੱਚ ਸ਼ਾਮਲ ਹੋਣਗੇ, ਜੋ ਆਇਤ 11 ਤੋਂ ਅਗਲੀਆਂ ਆਇਤਾਂ ਵਿੱਚ ਹੋਣ ਵਾਲਾ ਹੈ? ਜਿਹੜੇ ਲੋਕ ਲੇਲੇ ਦੇ ਵਿਆਹ ਦੇ ਭੋਜ ਨੂੰ ਸਵਰਗ ਵਿੱਚ ਰੱਖਣਾ ਚਾਹੁੰਦੇ ਹਨ, ਉਹ ਆਇਤ 9 ਦੇ ਬਿਆਨ ਨੂੰ ਅਜਿਹੀ ਬਰਕਤ ਮੰਨਣਗੇ ਜਿਸ ਦਾ ਸਵਰਗ ਵਿੱਚ ਪਹਿਲਾਂ ਹੀ ਆਨੰਦ ਮਨਾਇਆ ਜਾ ਰਿਹਾ ਹੈ। ਜਿਹੜੇ ਲੋਕ ਲੇਲੇ ਦੇ ਵਿਆਹ ਦੇ ਭੋਜ ਨੂੰ ਧਰਤੀ ਉੱਤੇ ਰੱਖਣਾ ਚਾਹੁੰਦੇ ਹਨ, ਉਹ ਆਇਤ 9 ਨੂੰ ਇੱਕ ਅਜਿਹਾ ਐਲਾਨ ਮੰਨਣਗੇ ਜੋ ਮਸੀਹ ਦੀ ਦੂਜੀ ਵਾਪਸੀ ਤੋਂ ਬਾਅਦ ਧਰਤੀ ਉੱਤੇ ਪੂਰਾ ਹੋਣ ਵਾਲਾ ਹੈ। ਪ੍ਰਕਾਸ਼ 19:7-9 ਨੂੰ ਇਹਨਾਂ ਦੋਵੇਂ ਵਿਚਾਰਾਂ ਦੇ ਨਾਲ ਅਨੁਕੂਲ ਕੀਤਾ ਜਾ ਸਕਦਾ ਹੈ।

[19] ਯੂਨਾਨੀ ਸ਼ਬਦਕੋਸ਼ ਦੱਸਦਾ ਹੈ ਕਿ ਆਮ ਤੌਰ ਤੇ *ਗਾਮੋਸ* ਦਾ ਬਹੁਵਚਨ ਉਦੋਂ ਵਰਤਿਆ ਜਾਂਦਾ ਹੈ ਜਦੋਂ ਇੱਕ "ਵਿਆਹ ਦਾ ਜਸ਼ਨ" ਹੁੰਦਾ ਹੈ। ਪਰ, ਮੱਤੀ 22:8 ਇੱਕਵਚਨ ਹੈ ਅਤੇ ਸੰਦਰਭ ਵਿੱਚ ਸਪੱਸ਼ਟ ਤੌਰ ਤੇ ਇੱਕ ਭੋਜ ਸ਼ਾਮਲ ਹੈ। ਇਸ ਤੋਂ ਇਲਾਵਾ, ਕੁਝ ਸ਼ਬਦਕੋਸ਼ ਇਹ ਵੀ ਦੱਸਦੇ ਹਨ ਕਿ "ਇੱਕ ਵਚਨ ਅਤੇ ਬਹੁਵਚਨ ਅਕਸਰ ਇੱਕ ਦੂਜੇ ਦੀ ਜਗ੍ਹਾ ਵਰਤੇ ਜਾਂਦੇ ਹਨ, ਅਤੇ ਇਹਨਾਂ ਦੇ ਅਰਥ ਵਿੱਚ ਕੋਈ ਅੰਤਰ ਨਹੀਂ ਹੁੰਦਾ ਹੈ।" ਦੇਖੋ, ਵਾਲਟਰ ਬਾਊਰ, ਦ ਗ੍ਰੀਕ-ਇੰਗਲਿਸ਼ ਲੈਕਸਿਕਾਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕਰਿਸਚਨ ਲਿਟਰੇਚਰ, ਟ੍ਰਾਂਸਲੇਟਡ ਬਾਏ ਡਬਲਿਊ.ਐਮ. ਐਫ਼. ਆਰਨਡਟ ਐਂਡ ਐਫ਼. ਵਿਲਬਰ ਗਿੰਗਰਿਚ (ਸ਼ਿਕਾਗੋ, ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 1957), ਪੰਨਾ 150.

### D. ਸਵਰਗ ਵਿੱਚ ਵਿਆਹ ਅਤੇ ਧਰਤੀ ਉੱਤੇ ਵਿਆਹ ਦੇ ਭੋਜ ਵਿਚਕਾਰ ਅੰਤਰ ਬਾਰੇ ਸਿੱਟੇ

ਹਾਲਾਂਕਿ ਇਹ ਇੱਕ ਮਾਮੂਲੀ ਮੁੱਦਾ ਹੈ, ਫਿਰ ਵੀ ਇਸ ਅੰਤਰ ਨੂੰ ਇਸ ਤਰ੍ਹਾਂ ਦੇਖਣਾ ਹੀ ਵਧੀਆ ਹੈ ਕਿ ਲੇਲੇ ਦਾ ਵਿਆਹ ਸਵਰਗ ਵਿੱਚ ਹੋ ਰਿਹਾ ਹੈ, ਅਤੇ ਵਿਆਹ ਦਾ ਭੋਜ ਧਰਤੀ ਉੱਤੇ ਹੋ ਰਿਹਾ ਹੈ। ਲੇਲੇ ਅਤੇ ਕਲੀਸਿਯਾ ਦਾ ਵਿਆਹ ਸਵਰਗ ਵਿੱਚ ਉਸ ਸਮੇਂ ਪੂਰਾ ਹੋ ਰਿਹਾ ਹੋਵੇਗਾ ਜਦੋਂ ਧਰਤੀ ਉੱਤੇ ਬਿਪਤਾ ਦਾ ਸਮਾਂ ਚੱਲ ਰਿਹਾ ਹੋਵੇਗਾ। ਵਿਆਹ ਦਾ ਭੋਜ ਸ਼ਾਇਦ ਮਸੀਹ ਦੀ ਦੂਜੀ ਵਾਪਸੀ ਤੋਂ ਬਾਅਦ ਬਿਪਤਾ ਦੇ ਸਮੇਂ ਤੋਂ ਹਜ਼ਾਰ ਸਾਲ ਦੇ ਰਾਜ ਵਿੱਚ ਤਬਦੀਲੀ ਦੇ ਇੱਕ ਹਿੱਸੇ ਦੇ ਰੂਪ ਵਿੱਚ ਹੋਵੇਗਾ। ਬਿਪਤਾ ਵਿੱਚੋਂ ਬਚ ਨਿਕਲੇ ਲੋਕ, ਜਿਹਨਾਂ ਨੇ ਵਿਆਹ ਦੇ ਭੋਜ ਦੇ ਸੱਦੇ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਸੀ, ਉਹ ਇਸਰਾਏਲ ਅਤੇ ਕੌਮਾਂ ਦੁਆਰਾ ਰਾਜ ਵਿੱਚ ਸ਼ਾਮਲ ਨਹੀਂ ਕੀਤੇ ਜਾਣਗੇ। ਸ਼ਾਇਦ ਕੁਝ ਲੋਕ ਦੂਜਿਆਂ ਨੂੰ ਮਹਿਮਾ ਵਿੱਚ ਸ਼ਾਮਲ ਹੁੰਦੇ ਦੇਖ ਕੇ ਆਪਣਾ ਵਿਚਾਰ ਬਦਲਣਾ ਚਾਹੁਣਗੇ (ਮੱਤੀ 25:34), ਪਰ ਰਾਜਾ ਉਹਨਾਂ ਨੂੰ ਬਾਹਰ ਕੱਢ ਦੇਵੇਗਾ (ਮੱਤੀ 25:41, 22:11-14)। ਬਿਪਤਾ ਵਿੱਚੋਂ ਬਚ ਨਿਕਲੇ ਲੋਕ, ਜਿਹਨਾਂ ਨੇ "ਰਾਜ ਦੇ ਸ਼ੁਭ-ਸਮਾਚਾਰ" ਵਿੱਚ ਵਿਸ਼ਵਾਸ ਕੀਤਾ ਸੀ (ਮੱਤੀ 24:14) ਉਹਨਾਂ ਨੂੰ ਵਿਆਹ ਦੇ ਭੋਜ ਵਿੱਚ ਸ਼ਾਮਲ ਕੀਤਾ ਜਾਵੇਗਾ ਜੋ ਸ਼ਾਇਦ ਪੂਰੇ ਹਜ਼ਾਰ ਸਾਲ ਤੱਕ ਚੱਲਦਾ ਰਹੇਗਾ।

## XI. ਬਿਪਤਾ ਦਾ ਸਮਾਂ

ਰੈਪਚਰ ਤੋਂ ਬਾਅਦ (ਜਿਸ ਦੇ ਨਾਲ ਹੀ ਜੀਅ-ਉੱਠਣਾ ਵੀ ਹੋਵੇਗਾ), ਕਲੀਸਿਯਾ ਮਸੀਹ ਦੇ ਨਿਆਂ ਦੇ ਸਿੰਘਾਸਣ ਅਤੇ ਲੇਲੇ ਦੇ ਵਿਆਹ ਵਿੱਚ ਸ਼ਾਲ ਹੋਵੇਗੀ (ਵਿਆਹ ਦਾ ਭੋਜ ਮਸੀਹ ਦੇ ਦੁਬਾਰਾ ਵਾਪਸ ਆਉਣ ਵੇਲੇ ਹੋਵੇਗਾ)। ਜਦੋਂ ਕਲੀਸਿਯਾ ਆਪਣੇ ਇਨਾਮਾਂ ਅਤੇ ਮਸੀਹ ਨਾਲ ਸੰਗਤ ਦਾ ਆਨੰਦ ਮਾਣ ਰਹੀ ਹੋਵੇਗੀ, ਉਦੋਂ ਸੰਸਾਰ ਬਿਪਤਾ ਦੀ ਕਲਪਨਾ ਨਾ ਕੀਤੀ ਜਾਣ ਵਾਲੀ ਭਿਆਨਕ ਦਹਿਸ਼ਤ ਸਹਿ ਰਿਹਾ ਹੋਵੇਗਾ। ਬਾਈਬਲ ਦੇ ਬਹੁਤ ਸਾਰੇ ਮੁੱਖ ਭਾਗ ਇਸ ਆਉਣ ਵਾਲੀ ਬਿਪਤਾ ਦੇ ਸਮੇਂ ਬਾਰੇ ਚਰਚਾ ਕਰਦੇ ਹਨ (ਜਿਵੇਂ ਕਿ, ਹਿਜ਼ਕੀ 38-39; ਦਾਨੀ 9-11; ਮੱਤੀ 24-25 ਅਤੇ ਇਹਨਾਂ ਦੀ ਤਰ੍ਹਾਂ; 1 ਥੱਸਲੁ 5; 2 ਥੱਸਲੁ 2; ਪ੍ਰਕਾਸ਼ 6-18)। ਇਸ ਅਧਿਐਨ ਵਿੱਚ ਹਰ ਵੇਰਵੇ ਉੱਤੇ ਵਿਸਥਾਰ ਨਾਲ ਗੱਲ ਨਹੀਂ ਹੋ ਸਕਦੀ ਹੈ, ਪਰ ਬਿਪਤਾ ਬਾਰੇ ਮੁੱਖ ਸੱਚਾਈਆਂ ਨੂੰ "ਬਿਪਤਾ ਦੇ ਦੌਰਾਨ ਪ੍ਰਮੁੱਖ ਗ਼ੈਰ-ਯਹੂਦੀ ਕੌਮਾਂ ਦੀਆਂ ਵਿਸ਼ਵ ਸ਼ਕਤੀਆਂ," "ਮਸੀਹ-ਵਿਰੋਧੀ," "ਬਿਪਤਾ ਦੌਰਾਨ ਲੜਾਈਆਂ," ਅਤੇ "ਬਿਪਤਾ ਵਿੱਚ ਪਰਮੇਸ਼ਰ ਅਤੇ ਸੰਤ" ਦੇ ਤਹਿਤ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ।

### A. ਬਿਪਤਾ ਦੇ ਦੌਰਾਨ ਪ੍ਰਮੁੱਖ ਗ਼ੈਰ-ਯਹੂਦੀ ਵਿਸ਼ਵ ਸ਼ਕਤੀਆਂ

ਇਸ ਭਾਗ ਦਾ ਉਦੇਸ਼ ਸਿਰਫ਼ ਉਹਨਾਂ ਗ਼ੈਰ-ਯਹੂਦੀ ਕੌਮਾਂ ਦੀਆਂ ਵਿਸ਼ਵ ਸ਼ਕਤੀਆਂ ਨੂੰ ਪਛਾਣਨਾ ਹੈ ਜੋ ਬਿਪਤਾ ਦੇ ਦੌਰਾਨ ਸੰਸਾਰ ਵਿੱਚ ਪ੍ਰਮੁੱਖ ਭੂਮਿਕਾ ਨਿਭਾਉਣਗੀਆਂ। ਹੇਠਾਂ ਦਿੱਤੇ ਭਾਗਾਂ ਵਿੱਚ ਬਿਪਤਾ ਦੇ ਸਮੇਂ ਹੋਣ ਵਾਲੀਆਂ ਲੜਾਈਆਂ ਨੂੰ ਇੱਕ ਕ੍ਰਮ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

#### 1. ਰੋਮ ਦਾ ਪੁਨਰ-ਸੁਰਜੀਤ ਹੋਣਾ (ਦਸ ਰਾਜਿਆਂ ਦਾ ਸੰਘ ਜੋ ਜਲਦੀ ਹੀ ਤਾਨਾਸ਼ਾਹੀ ਵਿੱਚ ਬਦਲ ਜਾਵੇਗਾ)

ਅਰਬ ਦੀ ਆਰਥਿਕ ਸ਼ਕਤੀ ਵਿੱਚ ਵਾਧਾ ਹੋਣ ਦੇ ਕਾਰਨ, ਕੁਝ ਵਿਆਖਿਆਕਾਰਾਂ ਦੇ ਪੁਨਰ-ਸੁਰਜੀਤ ਰੋਮੀ ਸਾਮਰਾਜ ਦੇ ਵਿਚਾਰ ਨੂੰ ਛੱਡ ਕੇ ਪ੍ਰਕਾਸ਼ ਦੀ ਪੋਥੀ 17-18 ਦੇ ਬਾਬਲ ਨੂੰ ਸ਼ਾਬਦਿਕ ਬਾਬਲ ਮੰਨ ਲਿਆ ਹੈ। ਪਰਕਾਸ਼ ਦੀ ਪੋਥੀ 17-18 ਦੀ ਇਸ ਵਿਆਖਿਆ ਦੇ ਕੁਝ ਲਾਭ ਹਨ , ਪਰ ਇਸ ਵਿੱਚੋਂ ਇੱਕ ਪੁਨਰ-ਸੁਰਜੀਤ ਰੋਮੀ ਸਾਮਰਾਜ ਦੇ ਵਿਚਾਰ ਨੂੰ ਬਾਹਰ ਕੱਢਣ ਦੀ ਜ਼ਰੂਰਤ ਨਹੀਂ ਹੈ। ਰੋਮ ਦੇ ਪੁਨਰ-ਸੁਰਜੀਤ ਹੋਣ ਦਾ ਵਿਚਾਰ ਸਿਰਫ਼ ਪ੍ਰਕਾਸ਼ ਦੀ ਪੋਥੀ 17-18 ਉੱਤੇ ਹੀ ਨਿਰਭਰ ਨਹੀਂ ਕਰਦਾ ਹੈ।

a. ਦਾਨੀਏਲ ਦੀ ਭਵਿੱਖਬਾਣੀ ਦਾ 69ਵਾਂ ਹਫ਼ਤਾ (ਦਾਨੀ 9:24-27) ਰੋਮ ਦੇ ਇੱਕ ਵਿਸ਼ਵ ਸ਼ਕਤੀ ਬਣਨ ਦੇ ਨਾਲ ਖ਼ਤਮ ਹੋਇਆ ਸੀ। ਕਿਉਂਕਿ ਕਲੀਸਿਯਾ ਦੇ ਯੁੱਗ ਦਾ ਸਮੇਂ ਉਦੋਂ ਤੱਕ ਸਿੱਧੇ ਰੂਪ ਵਿੱਚ ਪ੍ਰਗਟ ਨਹੀਂ ਹੋਇਆ ਸੀ, ਇਸ ਲਈ ਅਸੀਂ ਇਹ ਉਮੀਦ ਕਰਾਂਗੇ ਕਿ ਰੋਮ 70ਵੇਂ ਹਫ਼ਤੇ ਵਿੱਚ ਵੀ ਇੱਕ ਵਿਸ਼ਵ ਸ਼ਕਤੀ ਹੋਵੇਗਾ(ਜੋ ਮੱਤੀ 24:15 ਵਿੱਚ ਬਿਪਤਾ ਦੇ ਸਮੇਂ ਦਾ ਹਵਾਲਾ ਦਿੰਦਾ ਹੈ)।

b. ਦਾਨੀ 9:26 ਇਹ ਭਵਿੱਖਬਾਣੀ ਕਰਦਾ ਹੈ ਕਿ ਆਉਣ ਵਾਲਾ (ਦੁਸ਼ਟ) ਰਾਜਕੁਮਾਰ ਮਸੀਹ ਦੇ "ਵੱਡ ਦਿੱਤੇ ਜਾਣ ਤੋਂ ਬਾਅਦ" (ਭਾਵ, ਸਲੀਬ ਉੱਤੇ ਚੜ੍ਹਾਏ ਜਾਣ ਤੋਂ ਬਾਅਦ), ਯਰੂਸ਼ਲਮ ਨੂੰ ਤਬਾਹ ਕਰ ਦੇਵੇਗਾ। ਰੋਮ ਨੇ ਮਸੀਹ ਦੀ ਮੌਤ ਤੋਂ ਬਾਅਦ ਯਰੂਸ਼ਲਮ ਨੂੰ ਤਬਾਹ ਕਰ ਦਿੱਤਾ ਸੀ। ਇਸ ਲਈ ਜਿਹੜਾ (ਦੁਸ਼ਟ) ਰਾਜਕੁਮਾਰ ਆਵੇਗਾ, ਉਹ ਰੋਮ ਦਾ ਆਗੂ ਹੋਵੇਗਾ, ਅਤੇ ਮਸੀਹ-ਵਿਰੋਧੀ ਪੁਨਰ-ਸੁਰਜੀਤ ਰੋਮੀ ਸਾਮਰਾਜ ਦੀ ਅਗਵਾਈ ਕਰੇਗੇ (ਲੂਕਾ 21:20ff ਵੀ ਦੇਖੋ, ਜਿੱਥੇ ਰੋਮ ਦੁਆਰਾ 70 ਈਸਵੀ ਵਿੱਚ ਯਰੂਸ਼ਲਮ ਦਾ ਵਿਨਾਸ਼ ਵੀ ਅੰਤ ਦੇ ਸਮੇਂ ਦੀਆਂ ਸਮਾਨਾਂਤਰ ਸਥਿਤੀਆਂ ਨਾਲ ਮਿਲਾਇਆ ਹੋਇਆ ਦਿਖਾਈ ਦਿੰਦਾ ਹੈ)।

> "ਅਤੇ ਬਾਹਠਾਂ ਸਾਤਿਆਂ ਦੇ ਪਿੱਛੋਂ ਮਸੀਹ ਵੱਢਿਆ ਜਾਵੇਗਾ ਅਤੇ ਉਹ ਦੇ ਕੋਲ ਕੁਝ ਨਹੀਂ ਹੋਵੇਗਾ। ਜਿਹੜਾ ਪਾਤਸ਼ਾਹ ਆਵੇਗਾ ਉਹ ਦੇ ਲੋਕ ਸ਼ਹਿਰ ਅਤੇ ਪਵਿੱਤਰ ਥਾਂ ਨੂੰ ਉਜਾੜਨਗੇ ਅਤੇ ਹੜ੍ਹ ਦੇ ਜ਼ੋਰ ਨਾਲ ਉਹ ਦਾ ਛੇਕੜ ਹੋਵੇਗਾ ਅਤੇ ਅੰਤ ਤੱਕ ਲੜਾਈ ਰਹੇਗੀ ਅਤੇ ਠਹਿਰਾਈਆਂ ਹੋਈਆਂ ਉਜਾੜਾਂ ਹੋਣਗੀਆਂ। ਉਹ ਬਹੁਤਿਆਂ ਦੇ ਨਾਲ ਇੱਕ ਸਾਤੇ ਦੇ ਲਈ ਪੱਕਾ ਨੇਮ ਬੰਨ੍ਹੇਗਾ ਅਤੇ ਸਾਤੇ ਦੇ ਵਿਚਕਾਰ ਉਹ ਬਲੀਆਂ ਅਤੇ ਭੇਟਾਂ ਨੂੰ ਮੁਕਾ ਦੇਵੇਗਾ ਅਤੇ ਘਿਣਾਉਣੀਆਂ

ਵਸਤਾਂ ਦੇ ਪਰ ਉੱਤੇ ਇੱਕ ਆਵੇਗਾ ਜੋ ਉਜਾੜਦਾ ਹੈ ਅਤੇ ਪੂਰੇ ਅਤੇ ਠਹਿਰਾਏ ਹੋਏ ਅੰਤ ਤੱਕ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਵੇਗਾ।" [ਦਾਨੀ 9:26-27]

c. ਦਾਨੀ 2:36-45 ਅਤੇ 7:2-14 ਚਾਰ ਗ਼ੈਰ-ਯਹੂਦੀ ਵਿਸ਼ਵ ਸ਼ਕਤੀਆਂ ਬਾਰੇ ਗੱਲ ਕਰਦੇ ਹਨ ਜੋ ਮਸੀਹ ਦੇ ਆਪਣੇ ਰਾਜ ਨੂੰ ਸਥਾਪਿਤ ਕਰਨ ਤੋਂ ਪਹਿਲਾਂ ਉੱਠਦੀਆਂ ਹਨ। ਇਹ ਪੁਸਤਕ ਉਹਨਾਂ ਵਿੱਚੋਂ ਪਹਿਲੇ ਤਿੰਨਾਂ ਨੂੰ ਬਾਬਲ (ਦਾਨ 2:38), ਮਾਦੀ ਅਤੇ ਫ਼ਾਰਸੀ (ਦਾਨੀ 5:28,8:20,11:2) ਅਤੇ ਯੂਨਾਨ (8:21, 11:2) ਦੇ ਰੂਪ ਵਿੱਚ ਪੇਸ਼ ਕਰਦੀ ਹੈ। ਪ੍ਰਾਚੀਨ ਇਤਿਹਾਸ ਦੇ ਸਮੇਂ ਦੇ ਕ੍ਰਮ ਅਨੁਸਾਰ ਦਾਨੀਏਲ ਦੇ ਆਪਣੇ ਸਮੇਂ ਵਿੱਚ ਚੌਥਾ ਸਾਮਰਾਜ ਰੋਮ ਸੀ। ਸਿਧਾਂਤਕ ਤੌਰ ਤੇ, ਮਸੀਹ ਨੇ ਪਹਿਲੀ ਵਾਰ ਆਉਣ ਵੇਲੇ ਹੀ ਆਪਣੇ ਰਾਜ ਨੂੰ ਸਥਾਪਿਤ ਕਰਨਾ ਸੀ। ਮਸੀਹ ਨੂੰ ਜਿਹੜੇ ਚੌਥੇ ਰਾਜ ਨੂੰ ਤਬਾਹ ਕਰਨ ਸੀ, ਉਹ ਪਹਿਲੀ ਸਦੀ ਦਾ ਰੋਮੀ ਸਾਮਰਾਜ ਸੀ (ਦਾਨੀ 2:44-45, 7:11-14; 8:11, 23-27)। ਇਹ ਹੋ ਸਕਦਾ ਹੈ ਕਿ ਮਸੀਹ ਆਪਣੀ ਦੂਜੀ ਵਾਪਸੀ ਵੇਲੇ ਜਿਹੜੀ ਸ਼ਕਤੀ ਨੂੰ ਨਸ਼ਟ ਕਰਨਗੇ ਉਹ ਵੀ ਰੋਮੀ ਸ਼ਕਤੀ ਹੀ ਹੋਵੇਗੀ।

d. ਪੁਨਰ-ਸੁਰਜੀਤ ਰੋਮ ਦਾ ਰੂਪ

(1) ਇਸ ਸੰਘ ਦੀ ਸ਼ੁਰੂਆਤ 10 ਰਾਜਿਆਂ ਦੇ ਸੰਗਠਨ ਨਾਲ ਹੁੰਦੀ ਹੈ। ਅਤੇ 10 ਉਂਗਲੀਆਂ (ਦਾਨੀ 2:41) ਅਤੇ 10 ਸਿੰਗਾਂ (ਦਾਨੀ 7:7, 20, 24; ਪ੍ਰਕਾਸ਼ 12:3; 13:1 ਅਤੇ 17:12) ਦੇ ਪਿੱਛੇ ਇਹੀ ਪ੍ਰਤੀਕਵਾਦ ਹੈ। ਬਾਈਬਲ ਖ਼ੁਦ ਹੀ ਇਸ ਤਰ੍ਹਾਂ ਇਸ ਦੀ ਵਿਆਖਿਆ ਕਰਦੀ ਹੈ।

> "...ਉਹ **ਦਸ ਸਿੰਗ** ਜੋ ਹਨ ਸੋ **ਦਸ ਰਾਜੇ** ਹਨ ਜੋ ਉਸ ਰਾਜ ਦੇ ਵਿੱਚ ਉੱਠਣਗੇ" [ਦਾਨੀ 7:24a]

> "ਜਿਹੜੇ **ਦਸ ਸਿੰਗ** ਤੂੰ ਦੇਖੇ ਹਨ, ਉਹ **ਦਸ ਰਾਜੇ** ਹਨ ਜਿਹਨਾਂ ਨੂੰ ਅਜੇ ਰਾਜ ਅਧਿਕਾਰ ਨਹੀਂ ਮਿਲਿਆ ਹੈ ਪਰ ਇੱਕ ਸਮਾਂ ਆਵੇਗਾ ਜਦੋਂ ਉਹ ਪਸ਼ੂ ਦੇ ਨਾਲ ਮਿਲ ਕੇ ਬਹੁਤ ਹੀ ਥੋੜ੍ਹੇ ਸਮੇਂ ਦੇ ਲਈ ਰਾਜ ਅਧਿਕਾਰ ਪ੍ਰਾਪਤ ਕਰਨਗੇ।..." [ ਪ੍ਰਕਾਸ਼ 17:12]

ਪੁਨਰ-ਸੁਰਜੀਤ ਰੋਮ ਨੂੰ ਅਕਸਰ ਇੱਕ ਪੱਛਮੀ ਯੂਰਪੀ ਸੰਘ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਕਿਉਂਕਿ ਪ੍ਰਾਚੀਨ ਰੋਮੀ ਸਾਮਰਾਜ ਯੂਰਪ ਵਿੱਚ ਕੇਂਦਰਿਤ ਸੀ। ਬਿਪਤਾ ਦੇ ਦੌਰਾਨ ਈਰਾਨ, ਤੁਰਕੀ, ਲੀਬੀਆ ਅਤੇ ਇਥੋਪੀਆ ਵਰਗੇ ਦੇਸ਼, ਅਤੇ ਸ਼ਾਇਦ ਪੂਰਬੀ ਯੂਰਪ ਵੀ ਰੂਸ ਦੇ ਨਾਲ ਮਿਲਿਆ ਹੋਇਆ ਹੋਵੇਗਾ (ਹੇਠਾਂ ਦੇਖੋ ਹਿਜ਼ਕੀ 38:5-6)।

(2) ਛੋਟਾ ਸਿੰਗ (ਮਸੀਹ-ਵਿਰੋਧੀ) ਦਸ ਵਿੱਚੋਂ ਤਿੰਨ ਰਾਜਿਆਂ ਨੂੰ ਤਬਾਹ ਕਰ ਦਿੰਦਾ ਹੈ ਅਤੇ ਤਾਨਾਸ਼ਾਹ ਬਣ ਜਾਂਦਾ ਹੈ। ਅਜਿਹਾ ਲੱਗਦਾ ਹੈ ਜਿਵੇਂ ਉਹ ਉਹਨਾਂ ਤਿੰਨ ਰਾਜਿਆਂ ਨੂੰ ਬਦਲ ਦਿੰਦਾ ਹੈ ਅਤੇ ਦਸ ਰਾਜਿਆਂ ਨੂੰ ਆਪਣੇ ਅਧੀਨ ਕਰਕੇ ਇੱਕ ਸਾਮਰਾਜ ਉੱਤੇ ਰਾਜ ਕਰਦਾ ਹੈ।

> "ਮੈਂ ਉਹਨਾਂ ਸਿੰਗਾਂ ਨੂੰ ਧਿਆਨ ਲਾ ਕੇ ਦੇਖਿਆ ਅਤੇ ਕੀ ਵੇਖਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਹੋਰ ਨਿੱਕਾ ਜਿਹਾ ਸਿੰਗ ਨਿੱਕਲਿਆ ਜਿਹ ਦੇ ਅੱਗੇ **ਪਹਿਲਿਆਂ ਵਿੱਚੋਂ ਤਿੰਨ ਸਿੰਗ ਮੁੱਢੋਂ ਪੁੱਟੇ ਗਏ** ਅਤੇ ਕੀ ਵੇਖਦਾ ਹਾਂ ਕਿ ਉਸ ਸਿੰਗ ਵਿੱਚ ਅੱਖਾਂ ਮਨੁੱਖ ਦੀਆਂ ਅੱਖਾਂ ਵਰਗੀਆਂ ਸਨ ਅਤੇ ਇੱਕ ਮੂੰਹ ਸੀ ਜੋ ਵੱਡੀਆਂ-ਵੱਡੀਆਂ ਗੱਲਾਂ ਬੋਲ ਰਿਹਾ ਸੀ... ਉਹ ਦਸ ਸਿੰਗ ਜੋ ਹਨ ਸੋ ਦਸ ਰਾਜੇ ਹਨ ਜੋ ਉਸ ਰਾਜ ਦੇ ਵਿੱਚ ਉੱਠਣਗੇ ਅਤੇ ਉਹਨਾਂ ਦੇ ਪਿੱਛੋਂ ਇੱਕ ਹੋਰ ਉੱਠੇਗਾ ਅਤੇ ਉਹ ਪਹਿਲਿਆਂ ਨਾਲੋਂ ਵੱਖਰਾ ਹੋਵੇਗਾ। **ਉਹ ਤਿੰਨਾਂ ਰਾਜਿਆਂ ਉੱਤੇ ਜਿੱਤ ਪਾ ਲਵੇਗਾ**।" [ਦਾਨੀ 7:8,24] (7:20 ਵੀ ਦੇਖੋ)

> " ਜਿਹੜੇ ਦਸ ਸਿੰਗ ਤੂੰ ਦੇਖੇ ਹਨ, ਉਹ **ਦਸ ਰਾਜੇ** ਹਨ ਜਿਹਨਾਂ ਨੂੰ ਅਜੇ ਰਾਜ ਅਧਿਕਾਰ ਨਹੀਂ ਮਿਲਿਆ ਹੈ ਪਰ ਇੱਕ ਸਮਾਂ ਆਵੇਗਾ ਜਦੋਂ ਉਹ **ਪਸ਼ੂ ਦੇ ਨਾਲ ਮਿਲ ਕੇ** ਬਹੁਤ ਹੀ ਥੋੜ੍ਹੇ ਸਮੇਂ ਦੇ ਲਈ **ਰਾਜ ਅਧਿਕਾਰ ਪ੍ਰਾਪਤ ਕਰਨਗੇ**। ਉਹਨਾਂ ਦਾ ਉਦੇਸ਼ ਇਹ ਹੀ ਹੈ ਅਤੇ ਉਹ ਆਪਣੀ ਸਮਰੱਥਾ ਅਤੇ ਅਧਿਕਾਰ ਪਸ਼ੂ ਨੂੰ ਸੌਂਪ ਦੇਣਗੇ।" [ਪ੍ਰਕਾਸ਼ 17:12-13]

ਉਸ ਸਮੇਂ ਦੀ ਸਪੱਸ਼ਟ ਜਾਣਕਾਰੀ ਨਹੀਂ ਹੈ ਜਦੋਂ ਮਸੀਹ-ਵਿਰੋਧੀ ਪੁਨਰ-ਸੁਰਜੀਤ ਰੋਮ ਉੱਤੇ ਆਪਣਾ ਪੂਰਾ ਅਧਿਕਾਰ ਪ੍ਰਾਪਤ ਕਰੇਗਾ। ਪਰ ਬਿਪਤਾ ਦੇ ਆਖ਼ਰੀ ਸਾਢੇ ਤਿੰਨ ਸਾਲਾਂ ਵਿੱਚ ਉਹ ਪੂਰੀ ਧਰਤੀ ਉੱਤੇ ਰਾਜ ਕਰੇਗਾ।

> ਪਸ਼ੂ ਨੂੰ ਵੱਡੀਆਂ ਵੱਡੀਆਂ ਗੱਲਾਂ ਬੋਲਣ ਅਤੇ ਪਰਮੇਸ਼ਰ ਦੀ ਨਿੰਦਾ ਕਰਨ ਵਾਲਾ ਇੱਕ ਮੂੰਹ ਦਿੱਤਾ ਗਿਆ ਅਤੇ ਉਸ ਨੂੰ ਇਹ ਅਧਿਕਾਰ **ਬਤਾਲੀ ਮਹੀਨਿਆਂ** ਤੱਕ ਦਿੱਤਾ ਗਿਆ... [ਪ੍ਰਕਾਸ਼ 13:5-7]

ਦਾਨੀਏਲ 9:27 ਇਹ ਸਿਖਾਉਂਦਾ ਹੈ ਕਿ ਇਹ ਦੁਸ਼ਟ ਸ਼ਾਸਕ ਇਸਰਾਏਲ ਦੀ ਰੱਖਿਆ ਕਰਨ ਦੇ ਲਈ ਇੱਕ ਸ਼ਾਂਤੀ ਦੀ ਸੰਧੀ ਕਰੇਗਾ। ਪਰ, ਬਿਪਤਾ ਦੇ ਮੱਧ ਵਿੱਚ, ਸਾਢੇ ਤਿੰਨ ਸਾਲਾਂ ਦੇ ਬਾਅਦ ਉਹ ਇਸ ਸੰਧੀ ਨੂੰ ਤੋੜ ਦੇਵੇਗਾ ਅਤੇ ਇਸਰਾਏਲ (ਦਾਨੀ 12:1; ਪ੍ਰਕਾਸ਼ 12:1-6, 13-17) ਅਤੇ ਸਾਰੇ ਵਿਸ਼ਵਾਸੀਆਂ (ਦਾਨੀ 7:21; ਪ੍ਰਕਾਸ਼ 13:7) ਨੂੰ ਸਤਾਉਣਾ ਸ਼ੁਰੂ ਕਰ ਦੇਵੇਗਾ।

ਇਹ ਮੰਨਣਾ ਤਰਕਪੂਰਨ ਹੈ ਕਿ ਬਹੁਤ ਸਾਰੀਆਂ ਅੰਤਰਰਾਸ਼ਟਰੀ "ਲੜਾਈਆਂ ਦੀਆਂ ਖ਼ਬਰਾਂ ਅਤੇ ਅਫ਼ਵਾਹਾਂ" (ਮੱਤੀ 24:6) ਬਿਪਤਾ ਵਿੱਚ ਪਹਿਲੇ ਅੱਧ ਦੇ ਵਿੱਚ ਹੀ ਹੋਣਗੀਆਂ, ਕਿਉਂਕਿ ਬਿਪਤਾ ਦੇ ਦੂਜੇ ਅੱਧ ਵਿੱਚ ਕੋਈ ਮਸੀਹ-ਵਿਰੋਧੀ ਦਾ ਵਿਰੋਧ ਕਰਨ ਪਾਵੇਗਾ (ਮਹਾਨ ਬਿਪਤਾ, ਪ੍ਰਕਾਸ਼ 13:4)। ਪਰ, ਅੰਤਿਮ ਅੱਧਾ ਹਿੱਸਾ ਬਹੁਤ ਹੀ ਭਿਆਨਕ ਹੋਵੇਗਾ ਕਿਉਂਕਿ ਉਦੋਂ ਸੰਸਾਰ ਉੱਤੇ ਪਰਮੇਸ਼ਰ ਦੀ ਸਜ਼ਾ ਆ

ਪਵੇਗੀ, ਅਤੇ ਇਹ ਇਸਰਾਏਲ ਅਤੇ ਸੰਤਾਂ ਦੇ ਲਈ ਬਹੁਤ ਅਤਿਆਚਾਰ ਦਾ ਸਮਾਂ ਹੋਵੇਗਾ। ਮਸੀਹ-ਵਿਰੋਧੀ ਦਾ ਅੱਗੇ ਵਧੇਰੇ ਵਿਸਥਾਰ ਨਾਲ ਅਧਿਐਨ ਕੀਤਾ ਗਿਆ ਹੈ।

### 2. ਪੂਰਬ ਦੇ ਰਾਜੇ

ਪ੍ਰਕਾਸ਼ 16:12 "ਪੂਰਬ ਦੇ ਰਾਜਿਆਂ" ਦਾ ਜ਼ਿਕਰ ਕਰਦਾ ਹੈ। ਇਹ ਸਪੱਸ਼ਟ ਤੌਰ ਤੇ ਮਸੀਹ-ਵਿਰੋਧੀ ਦੇ ਸਹਿਯੋਗੀ ਹਨ, ਕਿਉਂਕਿ ਇਸ ਸਮੇਂ ਤੱਕ ਉਸ ਨੇ ਪੂਰਾ ਸੰਸਾਰ ਨੂੰ ਆਪਣੇ ਕਾਬੂ ਵਿੱਚ ਕਰ ਲਿਆ ਹੈ (ਪ੍ਰਕਾਸ਼ 13:7-8)। ਪੂਰਬ ਦੇ ਰਾਜੇ ਮਸੀਹ-ਵਿਰੋਧੀ ਦੇ ਨਾਲ ਮਿਲ ਕੇ ਅਰਮਾਗਿੱਦੋਨ ਦੀ ਲੜਾਈ ਵਿੱਚ ਪ੍ਰਭੂ ਯਿਸੂ ਮਸੀਹ ਦੇ ਨਾਲ ਲੜਨ ਦੇ ਲਈ ਆਉਣਗੇ। (ਬਹੁਤ ਸਾਰੀਆਂ ਅਧਿਐਨ ਵਾਲੀਆਂ ਬਾਈਬਲਾਂ ਵਿੱਚ ਸਿਰਲੇਖਾਂ ਦੇ ਬਾਵਜੂਦ, ਪ੍ਰਕਾਸ਼ 9:13ff ਪੂਰਬ ਦੀਆਂ ਫੌਜਾਂ ਦਾ ਨਹੀਂ, ਪਰ ਇੱਕ ਸ਼ੈਤਾਨੀ ਭੀੜ ਦਾ ਵਰਣਨ ਕਰਦਾ ਜਾਪਦਾ ਹੈ। ਆਇਤਾਂ 17 ਅਤੇ 19 ਇੱਕ ਮਨੁੱਖੀ ਸੈਨਾ ਦਾ ਬਿਆਨ ਨਹੀਂ ਹਨ ਅਤੇ ਅਧਿਆਇ 9 ਦਾ ਪਹਿਲਾਂ ਹਿੱਸਾ ਸਪੱਸ਼ਟ ਤੌਰ ਤੇ ਅਥਾਹ ਕੁੰਡ ਦੀਆਂ ਦੁਸ਼ਟ ਆਤਮਾਵਾਂ ਨਾਲ ਸੰਬੰਧਿਤ ਹੈ।

> ਛੇਵੇਂ ਸਵਰਗਦੂਤ ਨੇ ਆਪਣਾ ਕਟੋਰਾ ਉਸ ਵੱਡੇ ਫ਼ਰਾਤ ਦਰਿਆ ਉੱਤੇ ਡੋਲ੍ਹ ਦਿੱਤਾ ਅਤੇ ਉਸ ਦਾ ਸਾਰਾ ਪਾਣੀ ਸੁੱਕ ਗਿਆ ਤਾਂ ਜੋ ਪੂਰਬ ਵੱਲੋਂ ਰਾਜਿਆਂ ਦੇ ਆਉਣ ਲਈ ਰਾਹ ਤਿਆਰ ਹੋ ਜਾਵੇ। ਤਦ ਮੈਂ ਤਿੰਨ ਭ੍ਰਿਸ਼ਟ ਆਤਮਾਵਾਂ ਨੂੰ ਅਜਗਰ, ਪਸ਼ੂ ਅਤੇ ਝੂਠੇ ਨਬੀ ਦੇ ਮੂੰਹਾਂ ਵਿੱਚੋਂ ਡੱਡੂਆਂ ਦੀ ਤਰ੍ਹਾਂ ਨਿਕਲਦੇ ਦੇਖਿਆ। ਇਹ ਸ਼ੈਤਾਨ ਦੇ ਆਤਮਾ ਹਨ ਜਿਹੜੇ ਚਮਤਕਾਰ ਦਿਖਾਉਂਦੇ ਹਨ। ਇਹ ਸਾਰੇ ਸੰਸਾਰ ਦੇ ਰਾਜਿਆਂ ਕੋਲ ਜਾ ਕੇ ਉਹਨਾਂ ਨੂੰ ਸਰਵਸ਼ਕਤੀਮਾਨ ਪਰਮੇਸ਼ਰ ਦੇ ਮਹਾਨ ਦਿਨ ਉੱਤੇ ਯੁੱਧ ਕਰਨ ਲਈ ਇਕੱਠੇ ਕਰਦੇ ਹਨ...ਤਦ ਸ਼ੈਤਾਨੀ ਆਤਮਾਵਾਂ ਨੇ ਸਾਰੇ ਰਾਜਿਆਂ ਨੂੰ ਉਸ ਥਾਂ ਉੱਤੇ ਇਕੱਠਾ ਕੀਤਾ ਜਿਸ ਦਾ ਨਾਂ ਇਬਰਾਨੀ ਭਾਸ਼ਾ ਵਿੱਚ ਹਰਮਗਿੱਦੋਨ ਹੈ। [ਪ੍ਰਕਾਸ਼ 16:12-14,16]

### 3. ਗੋਗ ਅਤੇ ਮਾਗੋਗ (ਰੂਸ ਅਤੇ ਇਸ ਦੇ ਸਹਿਯੋਗੀ)

ਹਿਜ਼ਕੀਏਲ 38-39 ਅੰਤ ਦੇ ਸਮੇਂ ਵਿੱਚ ਮਾਗੋਗ ਦੀ ਧਰਤੀ ਦੇ ਗੋਗ ਦੁਆਰਾ ਇਸਰਾਏਲ ਉੱਤੇ ਕੀਤੇ ਜਾਣ ਵਾਲੇ ਹਮਲੇ ਦੇ ਬਾਰੇ ਸਿਖਾਉਂਦਾ ਹੈ। ਇਹ ਨਾਮ ਪ੍ਰਕਾਸ਼ 20:8 ਵਿੱਚ ਵੀ ਮਿਲਦੇ ਹਨ। ਇਸ ਹਮਲੇ ਦਾ ਅਲੱਗ ਤੋਂ ਅਧਿਐਨ ਕੀਤਾ ਜਾਵੇਗਾ। ਇੱਥੇ ਸਾਡਾ ਉਦੇਸ਼ "ਮਾਗੋਗ ਦੀ ਧਰਤੀ ਦੇ ਗੋਗ" ਦੀ ਪਛਾਣ ਕਰਨਾ ਹੈ (ਹਿਜ਼ਕੀ 38:2)।

> ਯਹੋਵਾਹ ਦਾ ਬਚਨ ਮੇਰੇ ਕੋਲ ਆਇਆ ਅਤੇ ਆਖਿਆ ਹੇ ਮਨੁੱਖ ਦੇ ਪੁੱਤਰ, ਗੋਗ ਜਿਹੜਾ ਮਾਗੋਗ ਦੀ ਧਰਤੀ ਦਾ ਹੈ ਅਤੇ ਰੋਸ਼, ਮੇਸ਼ੇਕ ਅਤੇ ਤੂਬਲ ਦਾ ਰਾਜਕੁਮਾਰ ਹੈ, ਉਹ ਦੀ ਵੱਲ ਮੂੰਹ ਕਰ ਕੇ ਉਹ ਦੇ ਵਿਰੁੱਧ ਭਵਿੱਖਬਾਣੀ ਕਰ। ਤੂੰ ਆਖ, ਪ੍ਰਭੂ ਯਹੋਵਾਹ ਇਹ ਆਖਦਾਹੈ, ਵੇਖ, ਹੇ ਗੋਗ, ਰੋਸ਼, ਮੇਸ਼ੇਕ ਤੇ ਤੂਬਲ ਦੇ ਰਾਜਕੁਮਾਰ, ਮੈਂ ਤੇਰਾ ਵਿਰੋਧੀ ਹਾਂ! ਮੈਂ ਤੈਨੂੰ ਉਲਟਾ ਦਿਆਂਗਾ ਅਤੇ ਤੇਰੇ ਜਬਾੜਿਆਂ ਵਿੱਚ ਕੰਡਿਆਲਾ ਪਾ ਕੇ ਤੈਨੂੰ, ਤੇਰੀ ਸਾਰੀ ਫੌਜ ਨੂੰ, ਘੋੜਿਆਂ ਅਤੇ ਸਵਾਰਾਂ ਨੂੰ, ਜਿਹੜੇ ਸਾਰੇ ਸ਼ਸਤਰ ਧਾਰੀ ਹਨ ਅਤੇ ਵੱਡੀ ਸਭਾ ਜਿਹੜੀ ਬਰਛੀਆਂ ਤੇ ਢਾਲਾਂ ਲਈ ਖਲੋਤੀ ਹੈ ਅਤੇ ਉਹਨਾਂ ਸਾਰਿਆਂ ਨੇ ਤਲਵਾਰਾਂ ਫੜ੍ਹੀਆਂ ਹੋਈਆਂ ਹਨ, ਖਿੱਚ ਕੇ ਕੱਢ ਲਵਾਂਗਾ। ਉਹਨਾਂ ਦੇ ਨਾਲ ਫ਼ਾਰਸ, ਕੂਸ਼ ਅਤੇ ਪੂਟ ਜਿਹੜੇ ਸਾਰੇ ਦੇ ਸਾਰੇ ਢਾਲ਼ ਤੇ ਲੋਹੇ ਦੇ ਟੋਪ ਨਾਲ ਹਨ, ਗੋਮਰ, ਉਸ ਦੇ ਸਾਰੇ ਲੋਕ ਅਤੇ ਉੱਤਰ ਦੇ ਦੂਰੇਡੇ ਪਾਸਿਆਂ ਦਾ ਤੋਗਰਮਾਹ ਦੇ ਘਰਾਣੇ ਅਤੇ ਉਹ ਦੇ ਸਾਰੇ ਲੋਕ ਅਰਥਾਤ ਬਹੁਤ ਸਾਰੇ ਲੋਕੀ ਤੇਰੇ ਨਾਲ" [ਹਿਜ਼ਕੀ 38:1-6]

a. ਕਈ ਵਾਰ ਹਿਜ਼ਕੀਏਲ ਇਹ ਕਹਿੰਦਾ ਹੈ ਕਿ ਇਸਰਾਏਲ ਦਾ ਦੁਸ਼ਮਣ "ਉੱਤਰ ਦੇ ਦੂਰ ਦੇ ਹਿੱਸਿਆਂ" ਤੋਂ ਆਵੇਗਾ। ਇਹ ਵਾਕਾਂਸ਼ ਆਪਣੇ ਆਪ ਵਿੱਚ ਇਹ ਸੁਝਾਅ ਦੇਣ ਲਈ ਕਾਫ਼ੀ ਹੈ ਕਿ ਨਬੀ ਦੇ ਮਨ ਵਿੱਚ ਉਹ ਖੇਤਰ ਹੈ ਜਿਸ ਨੂੰ ਅੱਜ ਅਸੀਂ "ਰੂਸ" ਕਹਿੰਦੇ ਹਾਂ।

> "ਗੋਮਰ, ਉਸ ਦੇ ਸਾਰੇ ਲੋਕ ਅਤੇ **ਉੱਤਰ ਦੇ ਦੂਰੇਡੇ ਪਾਸਿਆਂ ਦਾ** ਤੋਗਰਮਾਹ ਦੇ ਘਰਾਣੇ ਅਤੇ ਉਹ ਦੇ ਸਾਰੇ ਲੋਕ ਅਰਥਾਤ ਬਹੁਤ ਸਾਰੇ ਲੋਕੀ ਤੇਰੇ ਨਾਲ" [ਹਿਜ਼ਕੀ 38:6]
>
> "ਤੂੰ ਆਪਣੇ ਸਥਾਨ ਤੋਂ **ਉੱਤਰ ਵੱਲੋਂ ਦੂਰੇਡਿਓਂ ਆਵੇਂਗਾ**..." [ਹਿਜ਼ਕੀ 38:15]
>
> "ਮੈਂ ਤੈਨੂੰ ਉਲਟਾ ਦੇਵਾਂਗਾ ਅਤੇ ਤੈਨੂੰ ਇੱਧਰ ਉੱਧਰ ਲਈ ਫਿਰਾਂਗਾ। **ਉਤਰ ਵੱਲੋਂ ਦੂਰੋਂ** ਚੜ੍ਹਾ ਲਿਆਵਾਂਗਾ ਅਤੇ ਤੈਨੂੰ ਇਸਰਾਏਲ ਦੇ ਪਹਾੜਾਂ ਉੱਤੇ ਲਿਆਵਾਂਗਾ।" [ਹਿਜ਼ਕੀ 39:2]

b. **ਮਾਗੋਗ**

ਗੋਗ ਮਾਗੋਗ ਦਾ ਆਗੂ ਹੈ। ਇਹ ਦੇਖਣਾ ਇੱਕ ਦਿਲਚਸਪ ਗੱਲ ਹੈ ਕਿ ਰੂਸ ਦੇ ਇੱਕ ਮਹਾਂਸ਼ਕਤੀ ਬਣਨ ਤੋਂ ਬਹੁਤ ਪਹਿਲਾਂ ਬਾਈਬਲ ਦੇ ਸਿੱਖਿਅਕ ਮਾਗੋਗ ਦੀ ਪਹਿਚਾਣ ਰੂਸ ਦੇ ਰੂਪ ਵਿੱਚ ਕਰਦੇ ਹਨ। ਲਿੰਡਸੇ ਨੇ ਇੱਕ ਬ੍ਰਿਟਿਸ਼ ਬਿਸ਼ਪ ਦਾ ਜ਼ਿਕਰ ਕੀਤਾ ਹੈ ਜਿਸ ਨੇ 1710 ਵਿੱਚ ਇਹ ਸਿਖਾਇਆ ਕਿ ਰੂਸ ਮਗੋਗ ਹੈ।[20]

ਕਈ ਪ੍ਰਾਚੀਨ ਸਰੋਤ ਮਾਗੋਗ ਦੀ ਪਹਿਚਾਣ "ਸਕੂਥੀਆਂ" ਨਾਲ ਕਰਦੇ ਹਨ ਜੋ ਕਾਲੇ ਸਾਗਰ ਦੇ ਉੱਤਰ ਵਾਲੇ ਲੋਕ ਸਨ, ਜੋ ਕਿ ਆਧੁਨਿਕ ਰੂਸ ਹੈ (ਦੇਖੋ, ਕੁਲੁੱਸੀ 3:11)। ਜੋਸੀਫ਼ਸ, ਜੋ ਕਿ ਪਹਿਲੀ ਸਦੀ ਦਾ ਯਹੂਦੀ ਇਤਿਹਾਸਕਾਰ ਸੀ, ਉਹ ਲਿਖਦਾ ਹੈ:

[20] ਹਾਲ ਲਿੰਡਸੀ, *ਦ ਲੇਟ ਗ੍ਰੇਟ ਪਲਾਂਟ ਅਰਥ*, ਰੀਪ੍ਰਿੰਟ ਐਡੀਸ਼ਨ (ਨਿਊ ਯਾਰਕ: ਬੈਂਟਮ ਬੁਕਸ, 1973), ਪੰਨਾ 54

“ਮਾਗੋਗ ਨੇ ਉਹਨਾਂ ਲੋਕਾਂ ਦੀ ਸਥਾਪਨਾ ਕੀਤੀ ਜਿਹਨਾਂ ਨੂੰ ਮਾਗੋਗੀ ਕਿਹਾ ਗਿਆ, ਪਰ ਯੂਨਾਨੀ ਇਹਨਾਂ ਨੂੰ ਸਕੂਥੀ ਕਹਿੰਦੇ ਸਨ।”[21] (ਐਂਟੀਕਿਊਟੀਜ਼ 1:6:1)

ਆਧੁਨਿਕ ਟਿੱਪਣੀਕਾਰਾਂ ਦਾ ਦਾਅਵਾ ਹੈ ਕਿ ਪ੍ਰਾਚੀਨ ਰੋਮੀ ਪਲੀਨੀ ਨੇ ਇਹ ਕਿਹਾ ਸੀ, "ਹੈਰਾਪੋਲਿਸ, ਜਿਸ ਨੂੰ ਸਕੂਥੀਆਂ ਨੇ ਆਪਣੇ ਕਾਬੂ ਵਿੱਚ ਕਰ ਲਿਆ ਸੀ, ਉਸ ਨੂੰ ਬਾਅਦ ਵਿੱਚ ਮਾਗੋਗ ਕਿਹਾ ਗਿਆ ਸੀ।" ਅਤੇ ਜੇਰੋਮ (345-420 ਈਸਵੀ) ਨੇ ਇਹ ਦਾਅਵਾ ਕੀਤਾ ਕਿ ਉਸ ਦੇ ਸਮੇਂ ਦੇ ਯਹੂਦੀ ਮਾਗੋਗ ਦੀ ਪਹਿਚਾਣ ਸਕੂਥੀਆਂ ਦੇ ਰੂਪ ਵਿੱਚ ਕਰਦੇ ਸਨ।[22]

ਮਾਗੋਗ ਦੀ ਸਕੂਥੀਆਂ ਦੇ ਰੂਪ ਵਿੱਚ ਪਹਿਚਾਣ ਅਤੇ ਵਾਕਾਂਸ਼ "ਉੱਤਰ ਦੇ ਦੂਰ ਦੇ ਹਿੱਸੇ" ਇਸ ਗੱਲ ਦਾ ਠੋਸ ਸਬੂਤ ਦਿੰਦੇ ਹਨ ਕਿ ਹਿਜ਼ਕੀਏਲ 38-39 ਉਸ ਜਗ੍ਹਾ ਅਤੇ ਲੋਕਾਂ ਦੀ ਗੱਲ ਕਰਦੇ ਹਨ, ਜਿਸ ਨੂੰ ਅੱਜ ਅਸੀਂ "ਰੂਸ" ਕਹਿੰਦੇ ਹਾਂ।

### c. ਰੋਸ਼

"ਰੋਸ਼" ਨੂੰ ਰੂਸ ਨਾਲ ਪਛਾਣਨ ਦੇ ਲਾਲਚ ਦੇ ਬਾਵਜੂਦ, ਇਹ ਸ਼ਬਦ ਪੂਰੀ ਤਰ੍ਹਾਂ ਇੱਕ ਆਮ ਇਬਰਾਨੀ ਸ਼ਬਦ ਹੈ ਜਿਸ ਦਾ ਅਰਥ "ਮੁੱਖ" ਜਾਂ "ਪਹਿਲਾ" ਹੁੰਦਾ ਹੈ ਜਿਵੇਂ ਕਿ "ਰੋਸ਼ ਹਸ਼ਨਾਹ" ਸਾਲ ਦਾ ਪਹਿਲਾ, ਵਿੱਚ ਹੈ। ਇਸ ਵਾਕਾਂਸ਼ ਦਾ ਸ਼ਾਇਦ ਕੇ.ਜੇ.ਵੀ. ਸੰਸਕਰਣ ਵਿੱਚ ਸਭ ਤੋਂ ਵਧੀਆ ਅਨੁਵਾਦ ਕੀਤਾ ਗਿਆ ਹੈ: "ਮੇਸ਼ੇਕ ਤੇ ਤੂਬਲ ਦੇ ਰਾਜਕੁਮਾਰ" (ਹਿਜ਼ਕੀ 38:3)। ਇਸ ਵਧੇਰੇ ਸਰਲ ਅਨੁਵਾਦ ਦਾ ਸਮਰਥਨ ਇਸ ਤੱਥ ਨਾਲ ਵੀ ਹੁੰਦਾ ਹੈ ਕਿ ਹਾਲਾਂਕਿ ਮੇਸ਼ੇਕ ਤੇ ਤੂਬਲ ਕਈ ਵਾਰ ਇਕੱਠੇ ਦਿਖਾਈ ਦਿੰਦੇ ਹਨ (ਉਤ 10:2; 1 ਇਤਿਹਾਸ 1:5; ਹਿਜ਼ਕੀ 27:13,32:26), ਪਰ ਹਿਜ਼ਕੀਏਲ 38-39 ਦੇ ਇਲਾਵਾ, "ਰੋਸ਼, ਮੇਸ਼ੇਕ, ਤੂਬਲ" ਨਾਮ ਇਕੱਠੇ ਹੋਰ ਕਿਤੇ ਦਿਖਾਈ ਨਹੀਂ ਦਿੰਦੇ ਹਨ।

ਫੀਨਬਰਗ ਨੇ ਇਲਿਆਡ XIII 5-6 ਵਿੱਚ ਪ੍ਰਾਚੀਨ ਯੂਨਾਨੀ ਭਾਸ਼ਾ ਵਿੱਚ "ਰੋਸ਼" ਦੀ ਵਰਤੋਂ ਰੂਸ ਦੇ ਲਈ ਹੁੰਦੇ ਹੋਏ ਪਾਇਆ ਹੈ ਅਤੇ ਅਜਿਹਾ ਲੱਗਦਾ ਹੈ ਜਿਵੇਂ ਉਤਪਤ 46:21 ਵਿੱਚ "ਰੋਸ਼" ਇੱਕ ਖ਼ਾਸ ਨਾਂਵ ਹੈ।[23] ਉਸ ਨੇ ਬਾਅਦ ਵਿੱਚ ਬਿਜ਼ੰਤੀਨੀ ਅਤੇ ਅਰਬੀ ਲੇਖਕਾਂ ਦਾ ਹਵਾਲਾ ਦਿੰਦੇ ਹੋਏ, ਇਹ ਕਿਹਾ ਕਿ ਉਹਨਾਂ ਨੇ ਵੀ “ਰੂਸ” ਨਾਮਕ ਇੱਕ ਕੌਮ ਦਾ ਜ਼ਿਕਰ ਕੀਤਾ ਹੈ।[24] ਜੈਸੇਨੀਅਸ ਦਾ ਇਬਰਾਨੀ ਸ਼ਬਦਕੋਸ਼ "ਰੋਸ਼" ਦੀ ਵਿਆਖਿਆ "ਬਿਨਾਂ ਕਿਸੇ ਸ਼ੱਕ ਦੇ ਰੂਸ" ਦੇ ਰੂਪ ਵਿੱਚ ਕਰਦਾ ਹੈ।[25] ਫਿਰ ਵੀ , ਦਸਵੀਂ ਸਦੀ ਤੋਂ ਆਉਣ ਵਾਲੇ ਸਬੂਤ ਜੋ ਕਿ ਇਸਰਾਏਲ ਤੋਂ ਨਹੀਂ ਬਲਕਿ ਯੂਨਾਨ ਤੋਂ ਆਏ ਹਨ, ਉਹ "ਰੋਸ਼" ਦੇ ਆਮ ਅਰਥ ਤੋਂ ਇਨਕਾਰ ਕਰਨ ਦੇ ਲਈ ਕਾਫ਼ੀ ਨਹੀਂ ਹਨ।

ਹਿਜ਼ਕੀ 38:2 ਦਾ ਅਨੁਵਾਦ "ਮੇਸ਼ੇਕ ਅਤੇ ਤੂਬਲ ਦਾ ਮੁੱਖ (ਇਬਰਾਨੀ “ਰੋਸ਼”) ਰਾਜਕੁਮਾਰ" ਹੋਣਾ ਚਾਹੀਦਾ ਹੈ। ਅਜਿਹਾ ਲੱਗਦਾ ਨਹੀਂ ਹੈ ਕਿ ਇਹ ਰੂਸ ਦੇ ਬਾਰੇ ਹੈ, ਹਾਲਾਂਕਿ ਇਹ ਸ਼ਬਦ ਸੁਣਨ ਵਿੱਚ ਇੱਕੋ-ਜਿਹੇ ਲੱਗਦੇ ਹਨ। ਅੰਤ ਵਿੱਚ, ਇਹ ਵਿਚਾਰ ਕਿ ਹਿਜ਼ਕੀਏਲ 38-39 ਰੂਸ ਦੀ ਗੱਲ ਕਰਦੇ ਹਨ, ਇਹ ਉਸ ਦੇ "ਰੋਸ਼" ਹੋਣ ਉੱਤੇ ਨਿਰਭਰ ਨਹੀਂ ਹੈ।

### d. ਮੇਸ਼ੇਕ ਅਤੇ ਤੂਬਲ

ਪੈਂਟੇਕੋਸਟ ਅਤੇ ਲਿੰਡਸੇ "ਮੇਸ਼ੇਕ" ਨੂੰ "ਮਾਸਕੋ" ਮੰਨਦੇ ਹਨ।[26] ਜੇਕਰ ਦੋ ਸ਼ਬਦ ਸੁਣਨ ਵਿੱਚ ਇੱਕੋ-ਜਿਹੇ ਹਨ, ਤਾਂ ਇਹ ਉਹਨਾਂ ਦੇ ਇੱਕੋ-ਜਿਹੇ ਹੋਣ ਦਾ ਆਧਾਰ ਨਹੀਂ ਹੈ। ਸਟੈਂਡਰਡ ਇਵੈਂਜੈਲੀਕਲ ਬਾਈਬਲ ਐਨਸਾਈਕਲੋਪੀਡੀਆ ਪ੍ਰਾਚੀਨ ਸਿਰਲੇਖਾਂ ਤੋਂ ਅਜਿਹੇ ਕਈ ਪ੍ਰਭਾਵਸ਼ਾਲੀ ਸਬੂਤ ਦਿੰਦੇ ਹਨ ਕਿ ਮੇਸ਼ੇਕ ਅਤੇ ਤੂਬਲ ਅਜਿਹੀਆਂ ਥਾਵਾਂ ਦਾ ਹਵਾਲਾ ਦਿੰਦੇ ਹਨ ਜੋ ਹੁਣ ਉਹਨਾਂ ਖੇਤਰਾਂ ਵਿੱਚ ਹਨ ਜਿਹਨਾਂ ਨੂੰ ਅਸੀਂ ਤੁਰਕੀ ਜਾਂ ਅਰਮੀਨੀਆ ਵੀ ਕਹਿੰਦੇ ਹਾਂ।[27] ਫੀਨਬਰਗ ਸ਼ਾਇਦ ਇਸ ਸਥਾਨ ਨੂੰ ਸਵੀਕਾਰ ਕਰਦਾ ਹੈ ਅਤੇ ਮਾਸਕੋ ਨਾਲ ਮੇਸ਼ੇਕ ਅਤੇ ਤੂਬਲ ਦੀ ਪਛਾਣ ਨਹੀਂ ਕਰਦਾ ਹੈ।[28] ਮੇਸ਼ੇਕ ਅਤੇ ਤੂਬਲ ਨੂੰ ਪ੍ਰਾਚੀਨ ਫ਼ਰਿਗੀਯਾ/ਕੱਪਦੁਕੀਯਾ ਮੰਨਣਾ ਹੀ ਸਭ ਤੋਂ ਵਧੀਆ ਹੈ, ਜੋ ਪੂਰਬੀ ਤੁਰਕੀ ਅਤੇ ਸ਼ਾਇਦ ਆਰਮੀਨੀਆ ਦੇ ਮੱਧ ਵਿੱਚ ਹੈ। ਇਹ ਆਰਮੀਨੀਆ ਵਿੱਚੋਂ ਹੁੰਦੇ ਹੋਏ ਰੂਸ ਨਾਲ ਪ੍ਰਭਾਵਿਤ ਖੇਤਰ ਹੋ ਸਕਦਾ ਹੈ, ਪਰ ਅਜਿਹਾ ਨਹੀਂ ਲੱਗਦਾ ਹੈ ਕਿ "ਮੇਸ਼ੇਕ" ਮਾਸਕੋ ਹੈ।

---

[21] ਜੋਸੀਫਸ, *ਕੰਪਲੀਟ ਵਰਕਸ*, ਟ੍ਰਾਂਸਲੇਟਡ ਬਾਏ ਵਿਲਿਅਮ ਵਿਸਟਨ, ਰੀਪ੍ਰਿੰਟ ਐਡੀਸ਼ਨ (ਗ੍ਰੈਂਡ ਰੈਪਿਡਸ: ਕ੍ਰੇਗਲ ਪਬਲੀਕੇਸ਼ਨਜ਼, 1960), ਪੰਨੇ 30–31

[22] ਹਾਲ ਲਿੰਡਸੀ, *ਦ ਲੇਟ ਗ੍ਰੇਟ ਪਲਾਂਟ ਅਰਥ*, ਪੰਨਾ 53; ਚਾਰਲਜ਼ ਐਲ. ਫਾਈਨਬਰਗ, *ਦ ਪ੍ਰਾਫ਼ੇਸੀ ਆਫ਼ ਏਜ਼ੀਕੀਅਲ* (ਸ਼ਿਕਾਗੋ: ਮੂਡੀ ਪ੍ਰੈੱਸ, 1969), ਪੰਨਾ 220

[23] ਉੱਪਰ ਦਿੱਤੀ ਪੁਸਤਕ ਹੀ

[24] ਉੱਪਰ ਦਿੱਤੀ ਪੁਸਤਕ ਹੀ

[25] ਵਿਲਿਅਮ ਗੇਸੇਨੀਅਸ, *ਹਿਬਰੂ ਐਂਡ ਕੈਲਡੀ ਲੈਕਸਿਕਾਨ*, ਟ੍ਰਾਂਸਲੇਟਡ ਬਾਏ ਸੈਮੁਅਲ ਪ੍ਰਾਈਡੋ ਟ੍ਰੈਗਲਸ, ਰੀਪ੍ਰਿੰਟ ਸੰਸਕਰਣ (ਗ੍ਰੈਂਡ ਰੈਪਿਡਸ: ਡਬਲਿਊ. ਐਮ. ਬੀ. ਈਅਰਡਮੈਨਸ ਪਬਲਿਸ਼ਿੰਗ ਕੰ., 1976), ਪੰਨਾ 752

[26] ਲਿੰਡਸੀ, *ਦ ਲੇਟ ਗ੍ਰੇਟ ਪਲਾਂਟ ਅਰਥ*, ਪੰਨਾ 53; ਡਵਾਈਟ ਪੈਂਟੇਕੋਸਟ, *ਥਿੰਗਜ਼ ਟੂ ਕਮ*, ਰੀਪ੍ਰਿੰਟ ਸੰਸਕਰਣ (ਗ੍ਰੈਂਡ ਰੈਪਿਡਸ: ਜੌਂਡਰਵੈਨ ਪਬਲਿਸ਼ਿੰਗ ਹਾਊਸ, 1976), ਪੰਨਾ 328

[27] ਚਾਰਲਸ ਐਫ਼. ਫੀਫਰ, ਹਾਵਰਡ ਐਫ਼. ਵੋਸ ਅਤੇ ਜੌਨ ਰੀਆ, ਸੰਪਾਦਕ, *ਵੀਕਲਿਫ ਬਾਈਬਲ ਐਨਸਾਈਕਲੋਪੀਡੀਆ*, ਅਨਅਬ੍ਰਿਜਡ ਵਾਲਿਊਮ (ਸ਼ਿਕਾਗੋ: ਮੂਡੀ ਪ੍ਰੈੱਸ, 1983), ਪੰਨੇ 1105–1106; ਮੇਰਿਲ ਟੈਨੀ, ਸੰਪਾਦਕ, *ਜੌਂਡਰਵੈਨ ਪਿਕਟੋਰਿਅਲ ਐਨਸਾਈਕਲੋਪੀਡੀਆ ਆਫ਼ ਦ ਬਾਈਬਲ* (ਗ੍ਰੈਂਡ ਰੈਪਿਡਸ: ਜੌਂਡਰਵੈਨ ਪਬਲਿਸ਼ਿੰਗ ਹਾਊਸ, 1975), 4:194–195 ਅਤੇ 5:830

28 ਫਾਈਨਬਰਗ, *ਦ ਪ੍ਰਾਫ਼ੇਸੀ ਆਫ਼ ਏਜ਼ੀਕੀਅਲ*, ਪੰਨਾ 220

### e. ਫ਼ਾਰਸ, ਕੂਸ਼ ਅਤੇ ਪੂਟ

ਹਿਜ਼ਕੀ 38:5 ਵਿੱਚ ਮਾਗੋਗ ਦੇ 3 ਸਹਿਯੋਗੀ ਸੂਚੀਬੱਧ ਹਨ। ਫ਼ਾਰਸ ਅੱਜ ਦਾ ਇਰਾਨ ਹੈ। ਕੂਸ਼ ਦੇ ਲਈ ਇਬਰਾਨੀ ਸ਼ਬਦ "ਕੂਸ਼" ਹੈ। ਜ਼ਿਆਦਾਤਰ ਬਾਈਬਲ ਸਿੱਖਿਅਕ "ਕੂਸ਼" ਨੂੰ ਇਥੋਪੀਆ ਜਾਂ ਸੂਡਾਨ ਮੰਨਦੇ ਹਨ, ਇਹ ਦੋਵੇਂ ਹੀ ਮਿਸਰ ਦੇ ਨੇੜੇ ਹਨ।[29] ਸੈਪਟੂਜਿੰਟ ਕੂਸ਼ ਦਾ ਅਨੁਵਾਦ "ਇਥੋਪੀਆ" ਕਰਦਾ ਹੈ, ਅਤੇ ਹਿਜ਼ਕੀ 29:10 "ਕੂਸ਼ਾ" ਨੂੰ ਮਿਸਰ ਦੀ ਸਰਹੱਦ ਉੱਤੇ ਰੱਖਦਾ ਹੈ (ਉਤ 10:6 ਵੀ ਦੇਖੋ, ਮਿਸਰਾਇਮ ਮਿਸਰ ਦੇ ਲਈ ਇਬਰਾਨੀ ਸ਼ਬਦ ਹੈ)। ਇਸ ਤੋਂ ਇਲਾਵਾ, ਬਾਈਬਲ ਦੀਆਂ ਬਹੁਤ ਸਾਰੀਆਂ ਆਇਤਾਂ ਕੂਸ਼ ਨੂੰ ਇਥੋਪੀਆ ਦੇ ਰੂਪ ਵਿੱਚ ਪੇਸ਼ ਕਰਦੀਆਂ ਹਨ (2 ਇਤਿਹਾਸ 21:16; ਅਸਤਰ 1:1; 8:9; ਜ਼ਬੂਰ 68:31; ਯਸਾ 20:3,5; 45:14; ਯਿਰ 13:23, ਕਾਲੀ ਚਮੜੀ ਵਾਲੇ ਲੋਕ; ਹਿਜ਼ਕੀ 30:4)।

ਪੂਟ ਦੀ ਪਛਾਣ ਲੂਬੀ ਦੇ ਰੂਪ ਵਿੱਚ ਕੀਤੀ ਜਾ ਸਕਦੀ ਹੈ। ਜੋਸੀਫ਼ਸ ਕਹਿੰਦਾ ਹੈ (ਐਂਟੀਕਿਊਟੀਜ਼ 1:6:2), "ਫੂਟ ਲੂਬੀ ਦਾ ਸੰਸਥਾਪਕ ਵੀ ਸੀ..."[30] ਸੈਪਟੂਜਿੰਟ "ਪੂਟ" ਦਾ ਅਨੁਵਾਦ ਲੂਬੀ ਦੇ ਰੂਪ ਵਿੱਚ ਕਰਦਾ ਹੈ ਅਤੇ ਪਲੀਨੀ "ਪੂਟ" ਨੂੰ ਅਫ਼ਰੀਕਾ ਦੇ "ਮੌਰੀਤਾਨੀਆ" ਦੇ ਸਮਾਨ ਦੱਸਦਾ ਹੈ।[31] ਰੂਸ ਇਸਰਾਏਲ ਦਾ ਮੁੱਖ ਵਿਰੋਧੀ ਹੋਵੇਗਾ, ਪਰ ਫ਼ਾਰਸ, ਕੂਸ਼, ਅਤੇ ਪੂਟ ਇਸ ਦੇ ਮਹੱਤਵਪੂਰਣ ਸਹਿਯੋਗੀ ਹੋਣਗੇ।

### f. ਗੋਮਰ

ਗੋਮਰ ਅਸ਼ਕਨਜ਼ ਅਤੇ ਤੋਗਰਮਾਹ ਦਾ ਪਿਤਾ ਸੀ (ਉਤ 10:3)। ਪ੍ਰਾਚੀਨ ਤਾਲਮੂਦ ਗ੍ਰੰਥ ਅਤੇ ਆਧੁਨਿਕ ਯਹੂਦੀ "ਅਸ਼ਕਨਜ਼" ਦੀ ਪਛਾਣ ਜਰਮਨੀ ਅਤੇ ਪੂਰਬੀ ਯੂਰਪ ਦੇ ਰੂਪ ਵਿੱਚ ਕਰਦੇ ਹਨ।[32] ਡਾਇਰ ਗੋਮਰ ਦੀ ਪਛਾਣ ਤੁਰਕੀ ਨਾਲ ਕਰਦਾ ਹੈ ਜੋ ਉਤ 10:3 ਦੀ ਯਿਰ 51:27 ਨਾਲ ਤੁਲਨਾ ਨਾਲ ਹੈ।[33]

### g. ਤੋਗਰਮਾਹ

ਤੋਗਰਮਾਹ ਦਾ ਜ਼ਿਕਰ ਪਹਿਲਾਂ ਹੀ ਹਿਜ਼ਕੀਏਲ ਦੀ ਪੁਸਤਕ ਵਿੱਚ ਕੀਤਾ ਗਿਆ ਸੀ, ਅਤੇ ਇਸ ਨੂੰ ਮੇਸ਼ੇਕ ਅਤੇ ਤੂਬਲ ਨਾਲ ਜੋੜਿਆ ਗਿਆ ਹੈ (ਹਿਜ਼ਕੀ 27:13-14)। ਯਿਰ 51:27 ਅਕਸ਼ਕਜ਼ (ਤੋਗਰਮਾਹ ਦੇ ਭਰਾ, ਉਤ 10:3) ਨੂੰ ਅਰਾਰਾਤ ਨਾਲ ਜੋੜਦਾ ਹੈ। ਇਹ ਪੂਰਬੀ ਤੁਰਕੀ ਦੇ ਇੱਕ ਖੇਤਰ ਨੂੰ ਦਰਸਾਉਂਦਾ ਹੈ ਜਾਂ ਜੋ ਹੁਣ ਆਰਮੀਨੀਆ ਹੈ। ਜ਼ਿਆਦਾਤਰ ਅਧਿਕਾਰੀ ਲੋਕ ਇਸ ਨਾਲ ਸਹਿਮਤ ਹਨ।[34] ਪੈਂਟੇਕੋਸਟ ਪ੍ਰਾਚੀਨ ਇਤਿਹਾਸਕਾਰ ਟੈਸੀਟਸ ਦੇ ਲੇਖ ਅਤੇ ਅੱਸ਼ੂਰੀ ਇਤਿਹਾਸ ਦੇ ਹਵਾਲੇ ਨਾਲ ਇਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਤੋਗਰਮਾਹ ਆਰਮੀਨੀਆ ਹੈ। ਆਰਮੀਨੀਆ ਦੇ ਲੋਕ ਇਹ ਦਾਅਵਾ ਕਰਦੇ ਹਨ ਕਿ ਉਹ "ਤੋਗਰਮਾਹ ਦੇ ਘਰਾਣੇ" ਤੋਂ ਆਏ ਹਨ।[35]

### h. ਸਿੱਟੇ

ਹਾਲਾਂਕਿ ਹਿਜ਼ਕੀਏਲ ਅਧਿਆਇ 38 ਦੇ ਕੁਝ ਸਥਾਨਾਂ ਦੀ ਪਛਾਣ ਕਰਨਾ ਮੁਸ਼ਕਲ ਹੈ (ਜਿਵੇਂ ਕਿ ਰੋਸ਼ ਦੀ ਰੂਸ ਨਾਲ ਅਤੇ ਮੇਸ਼ੇਕ ਦੀ ਮਾਸਕੋ ਨਾਲ), ਫਿਰ ਵੀ "ਉੱਤਰ ਦੇ ਦੂਰ ਦੇ ਹਿੱਸੇ" ਅਤੇ ਸਕੂਥੀਆਂ ਨਾਲ ਮਾਗੋਗ ਦੀ ਪਛਾਣ ਤੋਂ ਇਸ ਵਿਚਾਰ ਦਾ ਸਮਰਥਨ ਕਰਨ ਲਈ ਕਾਫ਼ੀ ਸਬੂਤ ਹਨ ਕਿ ਬਿਪਤਾ ਦੇ ਸਮੇਂ ਰੂਸ ਇਸਰਾਏਲ ਉੱਤੇ ਹਮਲਾ ਕਰੇਗਾ। ਉਸ ਦੇ ਸਹਿਯੋਗੀ ਵਿੱਚ ਈਰਾਨ, ਕੂਸ਼, ਲੂਬੀ, ਤੁਰਕੀ, ਆਰਮੀਨੀਆ ਅਤੇ ਸ਼ਾਇਦ ਪੂਰਬੀ ਯੂਰਪ ਦੇ ਦੇਸ਼ ਹੋਣਗੇ।

ਅੰਤ ਦੇ ਦਿਨਾਂ ਵਿੱਚ ਬਾਈਬਲ ਵਿੱਚ ਇੱਕ ਮਜ਼ਬੂਤ ਰੂਸ ਦੇ ਹਵਾਲੇ ਅਤੇ ਉਸ ਦੇ ਨਾਲ ਅਮਰੀਕਾ ਦੇ ਕਿਸੇ ਵੀ ਹਵਾਲੇ ਦੇ ਨਾ ਹੋਣ ਦੇ ਕਾਰਨ ਦਿਲਚਸਪ ਅਨੁਮਾਨ ਲਗਾਏ ਜਾ ਸਕਦੇ ਹਨ। ਇਹ ਹੋ ਸਕਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਸੰਯੁਕਤ ਰਾਜ ਅਮਰੀਕਾ ਇੱਕ ਮਾਮੂਲੀ ਸ਼ਕਤੀ ਹੋਵੇਗਾ। ਇਹ ਸੰਭਵ ਹੈ ਕਿ ਅਮਰੀਕਾ ਪੱਛਮੀ ਯੂਰਪ ਦੇ ਅੰਤ ਦੇ ਸਮੇਂ ਵਿੱਚ ਪ੍ਰਮੁੱਖ ਸੰਘ ਦਾ ਇੱਕ ਮਾਮੂਲੀ ਸਹਿਯੋਗੀ ਬਣ ਗਿਆ ਹੋਵੇ ਜਾਂ ਉਸ ਦੀ ਸੁਰੱਖਿਆ ਵਿੱਚ ਹੋਵੇ।

ਅੰਤ ਦੇ ਸਮੇਂ ਵਿੱਚ ਇਹਨਾਂ ਸਾਰੇ ਸ਼ਕਤੀਸ਼ਾਲੀ ਦੇਸ਼ਾਂ ਦੀ ਮੌਜੂਦਗੀ ਵਰਤਮਾਨ ਸੰਸਾਰ ਵਿੱਚ ਸਥਿਤੀਆਂ ਨੂੰ ਦਿਲਚਸਪ ਬਣਾਉਂਦੀ ਰਹੇਗੀ। ਸਾਨੂੰ ਸਮੇਂ ਜਾਂ ਮਿਤੀ ਬਾਰੇ ਕੁਝ ਪਤਾ ਨਹੀਂ ਹੈ, ਅਤੇ ਸਾਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਰੈਪਚਰ ਹੋਣ ਤੋਂ ਪਹਿਲਾਂ ਕਿਸੇ ਵੀ ਗੱਲ ਦੇ ਪੂਰੇ ਹੋਣ ਦੀ ਜ਼ਰੂਰਤ ਨਹੀਂ ਹੈ। ਫਿਰ ਵੀ, ਇਹ ਸੋਚ ਤਰਕਪੂਰਨ ਬਣੀ ਰਹੇਗੀ ਕਿ ਇਸਰਾਏਲ, ਪੱਛਮੀ ਯੂਰਪ, ਰੂਸ, ਅਤੇ ਹੋਰ ਛੋਟੇ ਦੇਸ਼ ਜਿਹਨਾਂ ਉੱਤੇ ਭਵਿੱਖਬਾਣੀਆਂ ਵਿੱਚ ਜ਼ੋਰ ਨਹੀਂ ਦਿੱਤਾ ਗਿਆ ਹੈ, ਉਹਨਾਂ ਦੇ ਰਾਜਨੀਤਿਕ, ਆਰਥਿਕ, ਅਤੇ ਹੋਰ ਹਾਲਾਤ ਉਹਨਾਂ ਗੱਲਾਂ

---

[29] ਦੇਖੋ, *ਵੀਕਲਿਫ ਬਾਈਬਲ ਐਨਸਾਈਕਲੋਪੀਡੀਆ*, ਪੰਨਾ 411; *ਜੌਂਡਰਵੈਨ ਪਿਕਟੋਰਿਅਲ ਬਾਈਬਲ ਐਨਸਾਈਕਲੋਪੀਡੀਆ*, 1:1047; ਅਤੇ ਫਾਈਨਬਰਗ, *ਦ ਪ੍ਰਾਫ਼ੇਸੀ ਆਫ਼ ਏਜ਼ੀਕੀਅਲ*, ਪੰਨਾ 221

[30] ਜੋਸੀਫ਼ਸ, *ਕੰਪਲੀਟ ਵਰਕ*, ਪੰਨਾ 31

[31] ਵਿਲਿਅਮ ਗੇਸੇਨੀਅਸ, *ਹਿਬਰੂ ਐਂਡ ਕੈਲਡੀ ਲੈਕਸਿਕਾਨ*, ਪੰਨਾ 668

[32] *ਜੌਂਡਰਵੈਨ ਪਿਕਟੋਰਿਅਲ ਐਨਸਾਈਕਲੋਪੀਡੀਆ ਆਫ਼ ਦ ਬਾਈਬਲ*, 2:774–775; *ਵੀਕਲਿਫ ਬਾਈਬਲ ਐਨਸਾਈਕਲੋਪੀਡੀਆ*, ਪੰਨਾ 710; ਲਿੰਡਸੀ, *ਦ ਲੇਟ ਗ੍ਰੇਟ ਪਲਾਂਟ ਅਰਥ*, ਪੰਨਾ 58; ਫਾਈਨਬਰਗ, *ਦ ਪ੍ਰਾਫ਼ੇਸੀ ਆਫ਼ ਏਜ਼ੀਕੀਅਲ*, ਪੰਨਾ 221; ਪੈਂਟੇਕੋਸਟ, *ਥਿੰਗਜ਼ ਟੂ ਕਮ*, ਪੰਨਾ 330

[33] ਚਾਰਲਸ ਐਚ. ਡਾਇਰ, "ਏਜ਼ੀਕੀਅਲ," *ਦ ਬਾਈਬਲ ਨੈਲਿਜ ਕਾਮੈਂਟਰੀ* (ਵੀਟਨ, ਇਲਿਨੋਇਸ: ਵਿਕਟਰ ਬੁਕਸ, 1985), ਪੰਨਾ 1300

[34] ਫਾਈਨਬਰਗ, *ਦ ਪ੍ਰਾਫ਼ੇਸੀ ਆਫ਼ ਏਜ਼ੀਕੀਅਲ*, ਪੰਨਾ 221; *ਜੌਂਡਰਵੈਨ ਪਿਕਟੋਰਿਅਲ ਐਨਸਾਈਕਲੋਪੀਡੀਆ ਆਫ਼ ਦ ਬਾਈਬਲ*, 5:766; *ਵੀਕਲਿਫ ਬਾਈਬਲ ਐਨਸਾਈਕਲੋਪੀਡੀਆ*, ਪੰਨਾ 1721

[35] ਪੈਂਟੇਕੋਸਟ, *ਥਿੰਗਜ਼ ਟੂ ਕਮ*, ਪੰਨਾ 330

ਦੇ ਅਨੁਕੂਲ ਹੋਣਗੇ ਜਿਹਨਾਂ ਦੀ ਤਸਵੀਰ ਬਾਈਬਲ ਨੇ ਬਿਪਤਾ ਦੇ ਦੌਰਾਨ ਸੰਸਾਰ ਦੇ ਲਈ ਦਿੱਤੀ ਹੈ।

### 4. ਪੁਨਰ-ਸੁਰਜੀਤ ਬਾਬਲ

ਹਾਲਾਂਕਿ ਬਹੁਤ ਸਾਰੇ ਬਾਈਬਲ ਸਿੱਖਿਅਕ ਪ੍ਰਕਾਸ਼ 17-18 ਦੇ "ਬਾਬਲ" ਨੂੰ ਪੁਨਰ-ਸੁਰਜੀਤ ਰੋਮ ਦਾ ਪ੍ਰਤੀਕ ਸਮਝਦੇ ਹਨ, ਪਰ ਇਸ ਵਿਚਾਰ ਦੇ ਵੀ ਸਮਰਥਕ ਹਨ ਕਿ ਪ੍ਰਕਾਸ਼ 17-18 ਦਾ ਬਾਬਲ ਅਸਲ ਵਿੱਚ ਬਾਬਲ ਹੈ।[36] ਇੱਥੇ ਯਸਾਯਾਹ 13-14, ਯਿਰਮਿਯਾਹ 50-51 ਅਤੇ ਪ੍ਰਕਾਸ਼ ਦੀ ਪੋਥੀ 17-18 ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਹੈ, ਪਰ ਐਨੇ ਤੱਥ ਪੇਸ਼ ਕੀਤੇ ਜਾ ਸਕਦੇ ਹਨ ਕਿ ਪੁਨਰ-ਸੁਰਜੀਤ ਬਾਬਲ ਦੇ ਮੁੱਦੇ ਨੂੰ ਭਰੋਸੇਯੋਗ ਠਹਿਰਾਇਆ ਜਾ ਸਕੇ।

#### a. ਸ਼ਾਬਦਿਕ ਵਿਆਖਿਆ

ਡਿਸਪੈਂਸੇਸ਼ਨ ਅਤੇ ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਹਵਾਲਿਆਂ ਦੀ ਸ਼ਾਬਦਿਕ ਵਿਆਖਿਆ ਕਰਦੇ ਹਨ। ਜੇਕਰ ਸੰਭਵ ਹੋਵੇ, ਤਾਂ ਸਾਨੂੰ ਸ਼ਾਬਦਿਕ ਵਿਆਖਿਆ ਹੀ ਕਰਨੀ ਚਾਹੀਦੀ ਹੈ।

> "ਉਹ ਔਰਤ ਜਿਹੜੀ ਤੂੰ ਦੇਖੀ ਹੈ, **ਮਹਾਨ ਨਗਰ** ਹੈ ਜਿਹੜਾ ਧਰਤੀ ਦੇ ਰਾਜਿਆਂ ਉੱਤੇ ਰਾਜ ਕਰ ਰਿਹਾ ਹੈ।" [ਪ੍ਰਕਾਸ਼ 17:18]
>
> "ਧਰਤੀ ਦੇ ਰਾਜੇ ਜਿਹਨਾਂ ਨੇ ਉਸ ਨਾਲ ਵਿਭਚਾਰ ਕੀਤਾ ਅਤੇ ਜਿਹਨਾਂ ਨੇ ਉਸ ਦੇ ਨਾਲ ਮਿਲ ਕੇ ਐਸ਼ ਕੀਤੀ ਸੀ ਜਦੋਂ ਉਹ ਉਸ ਦੇ ਸੜਨ ਦਾ ਧੂੰਆਂ ਦੇਖਣਗੇ ਤਾਂ ਉਹ ਉਸ ਦੇ ਲਈ ਰੋਣਗੇ ਅਤੇ ਵਿਰਲਾਪ ਕਰਨਗੇ। ਉਹ ਉਸ ਦੀਆਂ ਪੀੜਾਂ ਨੂੰ ਦੇਖ ਕੇ ਦੂਰ ਖੜ੍ਹੇ ਰਹਿਣਗੇ ਅਤੇ ਕਹਿਣਗੇ, "ਹਾਏ ! ਹਾਏ ! ਹੇ **ਮਹਾਨ ਸ਼ਹਿਰ** ਬਾਬਲ ! ਹੇ **ਮਜ਼ਬੂਤ ਸ਼ਹਿਰ**, ਇੱਕੋ ਘੜੀ ਵਿੱਚ ਹੀ ਤੈਨੂੰ ਸਜ਼ਾ ਦਿੱਤੀ ਗਈ !" [ਪ੍ਰਕਾਸ਼ 18:9-10]

#### b. ਬਾਬਲ ਦੇ ਬਾਰੇ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ

ਪੁਰਾਣੇ ਨੇਮ ਦੀਆਂ ਕਈ ਭਵਿੱਖਬਾਣੀਆਂ ਬਾਬਲ ਦੇ ਵਿਨਾਸ਼ ਨਾਲ ਸੰਬੰਧਿਤ ਹਨ। ਕੀ ਇਹ ਪੂਰੀਆਂ ਹੋਈਆਂ ਹਨ ਜਾਂ ਨਹੀਂ ਹੋਈਆਂ ਹਨ?

**(1) ਅਲੌਕਿਕ ਵਿਨਾਸ਼, ਦੁਬਾਰਾ ਕਦੇ ਨਾ ਵਸਾਇਆ ਜਾਵੇਗਾ**

ਯਸਾਯਾਹ ਅਤੇ ਯਿਰਮਿਯਾਹ ਨੇ ਬਾਬਲ ਉੱਤੇ ਇੱਕ ਅਲੌਕਿਕ ਤਬਾਹੀ ਨੂੰ ਦਰਸਾਇਆ ਹੈ ਜਿਸ ਤੋਂ ਬਾਅਦ ਇਹ ਸ਼ਹਿਰ ਦੁਬਾਰਾ ਕਦੇ ਵੀ ਬਣਾਇਆ ਜਾਂ ਵਸਾਇਆ ਨਹੀਂ ਜਾਵੇਗਾ।

> ਬਾਬਲ ਜੋ ਸਾਰੇ ਰਾਜਾਂ ਦੀ ਸਜਾਵਟ ਅਤੇ ਕਸਦੀਆਂ ਦੇ ਹੰਕਾਰ ਦੀ ਸ਼ਾਨ ਹੈ, ਸਦੂਮ ਅਤੇ ਅਮੂਰਾਹ ਜਿਹਾ ਹੋ ਜਾਵੇਗਾ, ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਢਾਹ ਦਿੱਤਾ ਸੀ। **ਉਹ ਫੇਰ ਕਦੀ ਨਾ ਵਸਾਇਆ ਜਾਵੇਗਾ, ਨਾ ਪੀੜ੍ਹੀਓਂ ਪੀੜ੍ਹੀ ਅਬਾਦ ਕੀਤਾ ਜਾਵੇਗਾ**, ਨਾ ਕੋਈ ਅਰਬੀ ਉੱਥੇ ਤੰਬੂ ਲਾਵੇਗਾ, ਨਾ ਅਯਾਲੀ ਉੱਥੇ ਆਪਣੇ ਇੱਜੜ ਬਿਠਾਉਣਗੇ। ਪਰ ਜੰਗਲੀ ਜਾਨਵਰ ਉੱਥੇ ਬੈਠਣਗੇ, ਉਨ੍ਹਾਂ ਦੇ ਘਰ ਗਿੱਦੜਾਂ ਨਾਲ ਭਰੇ ਹੋਣਗੇ, ਸ਼ੁਤਰਮੁਰਗ ਉੱਥੇ ਵੱਸਣਗੇ, ਅਤੇ ਜੰਗਲੀ ਬੱਕਰੇ ਉੱਥੇ ਨੱਚਣਗੇ। ਬਿੱਜੂ ਉਨ੍ਹਾਂ ਦੇ ਖੁੱਡਾਂ ਵਿੱਚ, ਅਤੇ ਗਿੱਦੜ ਉਨ੍ਹਾਂ ਦੇ ਰੰਗ ਮਹਿਲਾਂ ਵਿੱਚ ਰੌਲ਼ਾ ਪਾਉਣਗੇ। ਉਹ ਦੇ ਵਿਨਾਸ਼ ਦਾ ਸਮਾਂ ਨੇੜੇ ਆ ਗਿਆ ਹੈ, ਉਹ ਦੇ ਦਿਨ ਲੰਮੇ ਨਾ ਹੋਣਗੇ। [ਯਸਾ 13:19-22]
>
> "ਤੂੰ ਉਨ੍ਹਾਂ ਨਾਲ ਕਫ਼ਨ ਦਫ਼ਨ ਵਿੱਚ ਨਾ ਰਲੇਂਗਾ, ਤੂੰ ਜੋ ਆਪਣੇ ਦੇਸ ਨੂੰ ਵਿਰਾਨ ਕੀਤਾ, ਤੂੰ ਜੋ ਆਪਣੇ ਲੋਕਾਂ ਨੂੰ ਵੱਢ ਸੁੱਟਿਆ! ਕੁਕਰਮੀਆਂ ਦੇ ਵੰਸ਼ ਦਾ ਨਾਮ ਕਦੀ ਨਹੀਂ ਪੁਕਾਰਿਆ ਜਾਵੇਗਾ...ਸੈਨਾਂ ਦੇ ਯਹੋਵਾਹ ਦਾ ਵਾਕ ਹੈ, ਮੈਂ ਉਨ੍ਹਾਂ ਦੇ ਵਿਰੁੱਧ ਉੱਠਾਂਗਾ, ਅਤੇ ਬਾਬਲ ਦਾ ਨਾਮ ਅਤੇ ਨਿਸ਼ਾਨ ਮਿਟਾ ਦਿਆਂਗਾ ਅਤੇ ਉਹ ਦੇ ਪੁੱਤਰ-ਪੋਤਰੇ ਨਸ਼ਟ ਕਰ ਦਿਆਂਗਾ, ਇਹ ਯਹੋਵਾਹ ਦਾ ਵਾਕ ਹੈ। ਮੈਂ ਉਹ ਨੂੰ ਕੰਡੈਲੇ ਦੀ ਮੀਰਾਸ, ਅਤੇ ਪਾਣੀ ਦੀਆਂ ਢਾਬਾਂ ਠਹਿਰਾਵਾਂਗਾ, ਅਤੇ ਮੈਂ ਉਹ ਨੂੰ ਤਬਾਹੀ ਦੇ ਝਾੜੂ ਨਾਲ ਹੂੰਝ ਸੁੱਟਾਂਗਾ, ਸੈਨਾਂ ਦੇ ਯਹੋਵਾਹ ਦਾ ਵਾਕ ਹੈ। [ਯਸਾ 14:20, 22-23]
>
> "ਉਹ ਤੇਰੇ ਵਿੱਚੋਂ ਨਾ ਕੋਈ ਪੱਥਰ ਖੂੰਜੇ ਲਈ, ਨਾ ਕੋਈ ਪੱਥਰ ਨੀਹਾਂ ਲਈ ਲੈਣਗੇ, ਪਰ ਤੂੰ **ਸਦਾ ਲਈ ਵਿਰਾਨ** ਰਹੇਂਗਾ, ਯਹੋਵਾਹ ਦਾ ਵਾਕ ਹੈ...ਉਸ ਦੇ ਸ਼ਹਿਰ ਵਿਰਾਨ ਹੋ ਗਏ, ਉਹ ਧਰਤੀ ਸੁੱਕੀ ਅਤੇ ਥਲ ਹੋ ਗਈ, **ਉਹ ਧਰਤੀ ਜਿਸ ਵਿੱਚ ਕੋਈ ਨਹੀਂ ਵੱਸਦਾ**, ਜਿਹ ਦੇ ਵਿੱਚੋਂ ਦੀ ਆਦਮ ਵੰਸ਼ ਨਹੀਂ ਲੰਘਦਾ।" [ਯਿਰ 51:26,43]

ਸਾਰਿਆਂ ਨੂੰ ਇਹ ਮੰਨਣਾ ਪਵੇਗਾ ਕਿ ਮਾਦੀਆਂ ਅਤੇ ਫ਼ਾਰਸੀਆਂ ਦੁਆਰਾ ਬਾਬਲ ਦਾ ਵਿਨਾਸ਼ (539 ਈਸਾ ਪੂਰਵ) ਇਹਨਾਂ ਭਵਿੱਖਬਾਣੀਆਂ ਦੀ ਅੰਸ਼ਕ ਪੂਰਤੀ ਹੈ, ਅਤੇ ਇਹ ਕਿ ਨਬੀਆਂ ਨੇ ਆਪਣੀਆਂ ਭਵਿੱਖਬਾਣੀਆਂ ਵਿੱਚ ਬਾਬਲ ਦੇ ਇਸ ਇਤਿਹਾਸਕ ਵਿਨਾਸ਼ ਨੂੰ ਸ਼ਾਮਲ ਕੀਤਾ ਸੀ। ਫਿਰ ਵੀ, ਉਸ ਸਮੇਂ ਬਾਬਲ ਨੂੰ ਸਿੱਧੇ ਅਲੌਕਿਕ ਢੰਗ ਨਾਲ ਤਬਾਹ ਨਹੀਂ ਕੀਤਾ ਗਿਆ ਸੀ[37] (ਜਿਵੇਂ ਸਦੋਮ ਅਤੇ ਗੋਮੋਰਾਹ ਦਾ ਅੱਗ ਅਤੇ ਗੰਧਕ ਨਾਲ ਵਿਨਾਸ਼ ਕੀਤਾ ਗਿਆ ਸੀ),

[36] ਦੇਖੋ, ਐਲਨ, ਕੇਨੇਥ ਡਬਲਿਊ., *ਰੀਬਿਲਡਿੰਗ ਐਂਡ ਡਿਸਟਰਕਸ਼ਨ ਆਫ਼ ਬਾਬਿਲੋਨ,* ਬਿਬਲਿਓਥੇਕਾ ਸਾਕਰਾ 133 (ਜਨਵਰੀ–ਮਾਰਚ 1976): 19–27; ਅਤੇ ਟਿਮ ਲਾਹੇ, *ਰਿਵਲੇਸ਼ਨ* (ਗ੍ਰੈਂਡ ਰੈਪਿਡਸ: ਜੌਂਡਰਵੈਨ ਪਬਲਿਸ਼ਿੰਗ ਹਾਊਸ, 1975), ਪੰਨੇ 224–244

[37] ਕੇਨੇਥ ਡਬਲਿਊ. ਐਲਨ, *ਰੀਬਿਲਡਿੰਗ ਐਂਡ ਡਿਸਟਰਕਸ਼ਨ ਆਫ਼ ਬਾਬਿਲੋਨ,* ਪੰਨਾ 21; ਜੋਸ਼ ਮੈਕਡਾਓਵਲ, *ਐਵੀਡੈਂਸ ਦੈਟ ਡਿਮੈਂਡਸ ਅ ਵਰਡਿਕਟ,* ਰਿਵਾਈਜ਼ਡ ਐਡੀਸ਼ਨ (ਸੈਨ ਬਰਨਾਡਿਨੋ, ਕੈਲੀਫੋਰਨੀਆ: ਹੀਅਰਜ਼ ਲਾਈਫ਼ ਪਬਲਿਸ਼ਰਜ਼, 1979), ਪੰਨੇ 302–309

ਅਤੇ ਜਿਵੇਂ ਕਿ ਐਲਨ ਅਤੇ ਮੈਕਡਾਵਲ ਦੁਆਰਾ ਸਾਬਤ ਕੀਤਾ ਗਿਆ ਹੈ ਕਿ ਇਹ ਪੂਰੀ ਤਰ੍ਹਾਂ ਤਬਾਹ ਨਹੀਂ ਹੋਇਆ ਸੀ।

ਜੇਕਰ 539 ਈਸਾ ਪੂਰਵ ਵਿੱਚ ਇਸ ਦੇ ਵਿਨਾਸ਼ ਤੋਂ ਬਾਅਦ ਵੀ ਬਾਬਲ ਵਿੱਚ ਲੋਕ ਰਹਿ ਰਹੇ ਸਨ, ਤਾਂ ਅੰਤ ਦੇ ਸਮੇਂ ਵਿੱਚ ਇਹਨਾਂ ਭਵਿੱਖਬਾਣੀਆਂ ਦੇ ਪੂਰੇ ਹੋਣ ਨੂੰ ਇੱਕ ਸ਼ਾਬਦਿਕ ਪੁਨਰ-ਸੁਰਜੀਤ ਬਾਬਲ ਸ਼ਹਿਰ ਦੇ ਇੱਕ ਵਾਰ ਫਿਰ ਪਰਮੇਸ਼ਰ ਦੁਆਰਾ ਵਿਨਾਸ਼ ਹੋਣ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ।

### (2) ਅੰਤ ਦੇ ਸਮੇਂ ਦੀ ਘਟਨਾ ਦੇ ਸੰਦਰਭ ਦੇ ਸੰਕੇਤ

ਯਸਾਯਾਹ 13-14 ਵਿੱਚ ਅਜਿਹੇ ਭਰਪੂਰ ਸੰਕੇਤ ਹਨ ਕਿ ਯਸਾਯਾਹ ਦੇ ਮਨ ਵਿੱਚ ਬਾਬਲ ਸ਼ਹਿਰ ਦੀ ਅੰਤ ਦੇ ਸਮੇਂ ਦੀ ਤਬਾਹੀ ਦਾ ਵਿਚਾਰ ਸੀ। ਇਸ ਨਾਲ ਇਹ ਵਿਚਾਰ ਮਜ਼ਬੂਤ ਹੋ ਜਾਂਦਾ ਹੈ ਕਿ ਪ੍ਰਕਾਸ਼ ਦੀ ਪੋਥੀ 17-18 ਵਿੱਚ ਬਾਬਲ ਦਾ ਸ਼ਹਿਰ ਰੋਮ ਦੇ ਲਈ ਰੂਪਕ ਨਹੀਂ ਪਰ ਸ਼ਾਬਦਿਕ ਅਸਲ ਸ਼ਹਿਰ ਹੈ।

ਯਸਾ 13:6 ਪ੍ਰਭੂ ਦੇ ਦਿਨ ਦੀ ਗੱਲ ਕਰਦਾ ਹੈ, ਅਤੇ 2 ਥੱਸਲੁ 2:2-4 ਪ੍ਰਭੂ ਦੇ ਦਿਨ ਨੂੰ ਅੰਤ ਦੇ ਸਮੇਂ ਨਾਲ ਜੋੜਦਾ ਹੈ।

> ਤੁਸੀਂ ਧਾਹਾਂ ਮਾਰੋ ਕਿਉਂ ਜੋ **ਯਹੋਵਾਹ ਦਾ ਨਿਆਂ ਦਾ ਦਿਨ** ਨੇੜੇ ਹੈ, ਉਹ ਸਰਬ ਸ਼ਕਤੀਮਾਨ ਵੱਲੋਂ ਬਰਬਾਦੀ ਵਾਂਗੂੰ ਆਵੇਗਾ। [ਯਸਾ 13:6]

> ਕਿ ਤੁਸੀਂ ਕਿਸੇ ਆਤਮਾ ਜਾਂ ਸੰਦੇਸ਼ ਜਾਂ ਪੱਤਰ ਜਿਹੜਾ ਤੁਹਾਨੂੰ ਲੱਗੇ ਕਿ ਸਾਡੇ ਵੱਲੋਂ ਆਇਆ ਹੈ ਅਤੇ ਜਿਹੜਾ ਕਹੇ ਕਿ **ਪ੍ਰਭੂ ਦਾ ਦਿਨ** ਆ ਚੁੱਕਾ ਹੈ, ਛੇਤੀ ਨਾ ਘਬਰਾਉਣਾ ਅਤੇ ਨਾ ਹੀ ਡਰਨਾ। ਕੋਈ ਤੁਹਾਨੂੰ ਕਿਸੇ ਤਰ੍ਹਾਂ ਧੋਖਾ ਨਾ ਦੇਵੇ। ਉਹ ਦਿਨ ਉਸ ਸਮੇਂ ਤੱਕ ਨਹੀਂ ਆਵੇਗਾ, ਜਦੋਂ ਤੱਕ ਕਿ ਵਿਦਰੋਹ ਨਾ ਹੋ ਜਾਵੇ ਅਤੇ ਦੁਸ਼ਟ ਮਨੁੱਖ ਪ੍ਰਗਟ ਨਾ ਹੋ ਜਾਵੇ ਜਿਸ ਦਾ ਅੰਤ ਨਾਸ਼ ਹੈ। ਉਹ ਆਪਣੇ ਆਪ ਨੂੰ ਹਰੇਕ ਦੇਵਤੇ ਜਾਂ ਅਰਾਧਨਾ ਕੀਤੀ ਜਾਣ ਵਾਲੀ ਚੀਜ਼ ਤੋਂ ਉੱਚਾ ਕਰੇਗਾ ਅਤੇ ਉਹਨਾਂ ਦਾ ਵਿਰੋਧ ਕਰੇਗਾ। ਇੱਥੋਂ ਤੱਕ ਕਿ ਉਹ ਪਰਮੇਸ਼ਰ ਦੇ ਹੈਕਲ ਵਿੱਚ ਜਾ ਕੇ ਬੈਠੇਗਾ ਅਤੇ ਦਾਅਵਾ ਕਰੇਗਾ ਕਿ ਉਹ ਪਰਮੇਸ਼ਰ ਹੈ। [2 ਥੱਸਲੁ 2:2-4]

ਜੇਕਰ ਯਸਾ 13:10-11 ਸ਼ਾਦਬਿਕ ਹੈ, ਤਾਂ ਬਾਬਲ ਦਾ ਪੂਰਾ ਵਿਨਾਸ਼ ਹੋਣਾ ਇੱਕ ਭਵਿੱਖ ਦੀ ਘਟਨਾ ਹੈ। ਇਹ 539 ਈਸਾ ਪੂਰਵ ਵਿੱਚ ਸ਼ਾਦਬਿਕ ਤੌਰ ਤੇ ਨਹੀਂ ਹੋਇਆ ਸੀ।

> ਅਕਾਸ਼ ਦੇ ਤਾਰੇ ਅਤੇ ਉਹ ਦੇ ਤਾਰਾਗਣ ਆਪਣਾ ਚਾਨਣ ਨਾ ਦੇਣਗੇ, ਸੂਰਜ ਚੜ੍ਹਦਿਆਂ ਸਾਰ ਹਨ੍ਹੇਰਾ ਹੋ ਜਾਵੇਗਾ, ਅਤੇ ਚੰਦਰਮਾ ਆਪਣਾ ਪ੍ਰਕਾਸ਼ ਨਾ ਦੇਵੇਗਾ। ਮੈਂ ਜਗਤ ਨੂੰ ਉਹ ਦੀ ਬੁਰਿਆਈ ਦੀ, ਅਤੇ ਦੁਸ਼ਟਾਂ ਨੂੰ ਉਨ੍ਹਾਂ ਦੀ ਬਦੀ ਦੀ ਸਜ਼ਾ ਦੇਵਾਂਗਾ, ਅਤੇ ਬੇਰਹਿਮਾਂ ਦੇ ਘਮੰਡ ਨੂੰ ਤੋੜ ਦਿਆਂਗਾ। [ਯਸਾ 13:10-11]

ਯਸਾ 14:7-8 ਇਹ ਭਵਿੱਖਬਾਣੀ ਕਰਦਾ ਹੈ ਕਿ ਬਾਬਲ ਦੇ ਵਿਨਾਸ਼ ਤੋਂ ਬਾਅਦ ਸਾਰਾ ਸੰਸਾਰ "ਆਰਾਮ" ਪਾਵੇਗਾ, ਅਤੇ "ਆਨੰਦ" ਮਨਾਵੇਗਾ। ਇਹ ਵਿਨਾਸ਼ ਤੋਂ ਬਾਅਦ ਹਜ਼ਾਰ ਸਾਲ ਦੇ ਰਾਜ ਦੇ ਸਮੇਂ ਦੇ ਅਨੁਕੂਲ ਹੈ।

> "ਸਾਰੀ ਧਰਤੀ ਚੈਨ ਅਤੇ ਅਰਾਮ ਕਰਦੀ ਹੈ, ਉਹ ਖੁੱਲ੍ਹ ਕੇ ਜੈਕਾਰੇ ਗਜਾਉਂਦੇ ਹਨ। ਸਰੂ ਵੀ ਤੇਰੇ ਉੱਤੇ ਅਨੰਦ ਕਰਦੇ ਹਨ, ਲਬਾਨੋਨ ਦੇ ਦਿਆਰ ਵੀ, - ਜਦੋਂ ਦਾ ਤੂੰ ਡਿੱਗਿਆ, ਸਾਡੇ ਉੱਤੇ ਵੱਢਣ ਵਾਲਾ ਕੋਈ ਨਹੀਂ ਆਇਆ। [ਯਸਾ 14:7-8]

ਜੇਕਰ ਯਸਾ 14:10-17 ਬਾਬਲ ਦੇ ਰਾਜੇ ਦੇ ਪਿੱਛੇ ਦੀ ਸ਼ਕਤੀ ਦਾ "ਸ਼ੈਤਾਨ" ਵਜੋਂ ਹਵਾਲਾ ਦਿੰਦਾ ਹੈ, ਤਾਂ ਬਾਬਲ ਦੇ ਵਿਨਾਸ਼ ਦਾ ਪੂਰਾ ਹੋਣਾ ਉਸ ਸਮੇਂ ਹੋਵੇਗਾ ਜਦੋਂ ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਜਾਵੇਗਾ (ਜਿਵੇਂ ਕਿ ਪ੍ਰਕਾਸ਼ 20:1-3 ਵਿੱਚ ਲਿਖਿਆ ਹੈ)

> "ਤੇਰੀ ਚਮਕ-ਦਮਕ ਅਤੇ ਤੇਰੀਆਂ ਬਰਬਤਾਂ ਦੀ ਅਵਾਜ਼ ਪਤਾਲ ਵਿੱਚ ਲਾਹੀ ਗਈ, ਕੀੜੇ ਤੇਰੇ ਹੇਠ ਵਿਛਾਏ ਗਏ, ਅਤੇ ਕਿਰਮ ਹੀ ਤੇਰਾ ਓੜ੍ਹਨਾ ਹਨ... ਤੂੰ ਆਪਣੇ ਦਿਲ ਵਿੱਚ ਆਖਿਆ ਕਿ ਮੈਂ ਅਕਾਸ਼ ਉੱਤੇ ਚੜ੍ਹ ਜਾਂਵਾਂਗਾ, ਪਰਮੇਸ਼ੁਰ ਦੇ ਤਾਰਿਆਂ ਤੋਂ ਉਤਾਹਾਂ, ਮੈਂ ਆਪਣਾ ਸਿੰਘਾਸਣ ਉੱਚਾ ਕਰਾਂਗਾ, ਅਤੇ ਮੈਂ ਮੰਡਲੀ ਦੇ ਪਰਬਤ ਉੱਤੇ ਉੱਤਰ ਦੀਆਂ ਹੱਦਾਂ ਵਿੱਚ ਬੈਠਾਂਗਾ... **ਪਰ ਤੂੰ ਪਤਾਲ ਤੱਕ, ਸਗੋਂ ਟੋਏ ਦੀ ਡੂੰਘਿਆਈ ਤੱਕ ਹੇਠਾਂ ਲਾਹਿਆ ਜਾਵੇਂਗਾ।** ਤੇਰੇ ਵੇਖਣ ਵਾਲੇ ਤੇਰੀ ਵੱਲ ਤੱਕਣਗੇ, ਉਹ ਤੇਰੇ ਉੱਤੇ ਗੌਰ ਕਰਨਗੇ, ਭਲਾ, ਇਹ ਉਹ ਮਨੁੱਖ ਹੈ ਜਿਸ ਨੇ ਧਰਤੀ ਨੂੰ ਕਾਂਬਾ ਲਾ ਦਿੱਤਾ, ਅਤੇ ਰਾਜਾਂ ਨੂੰ ਹਿਲਾ ਦਿੱਤਾ? " [ਯਸਾ 14:11,13, 15-16, 17]

> ਇਸ ਦੇ ਬਾਅਦ ਮੈਂ ਇੱਕ ਸਵਰਗਦੂਤ ਨੂੰ ਸਵਰਗ ਤੋਂ ਉਤਰਦੇ ਦੇਖਿਆ ਜਿਸ ਦੇ ਕੋਲ ਅਥਾਹ ਕੁੰਡ ਦੀ ਚਾਬੀ ਅਤੇ ਇੱਕ ਵੱਡਾ ਸੰਗਲ ਸੀ। ਉਸ ਨੇ ਅਜਗਰ, ਉਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ **ਸ਼ੈਤਾਨ** ਹੈ ਫੜ ਕੇ ਸੰਗਲ ਨਾਲ ਇੱਕ ਹਜ਼ਾਰ ਸਾਲ ਦੇ ਲਈ ਬੰਨ੍ਹ ਦਿੱਤਾ। ਫਿਰ **ਉਸ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ** ਅਤੇ ਉਸ ਨੂੰ ਮੋਹਰਬੰਦ ਕਰ ਦਿੱਤਾ ਕਿ ਉਹ ਉਸ ਸਮੇਂ ਤੱਕ ਕੌਮਾਂ ਨੂੰ ਕੁਰਾਹੇ ਨਾ ਪਾ ਸਕੇ ਜਦੋਂ ਤੱਕ ਕਿ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਜਾਣ। ਇਸ ਦੇ ਬਾਅਦ ਉਸ ਦਾ ਥੋੜ੍ਹੇ ਸਮੇਂ ਲਈ ਖੁੱਲ੍ਹਾ ਛੱਡਿਆ ਜਾਣਾ ਜ਼ਰੂਰੀ ਹੈ। [ਪ੍ਰਕਾਸ਼ 20:1-3]

### c. ਸਿੱਟੇ

ਬਾਬਲ ਦੇ ਪੁਨਰ-ਸੁਰਜੀਤ ਸ਼ਹਿਰ ਦੇ ਵਿਚਾਰ ਉੱਤੇ ਉਸ ਨਾਲੋਂ ਜ਼ਿਆਦਾ ਧਿਆਨ ਦੇਣ ਲੋੜ ਹੈ ਜਿਨਾਂ ਕਿ ਪਿੱਛਲੇ ਸਮੇਂ ਤੋਂ ਹੁਣ ਤੱਕ ਦਿੱਤਾ ਗਿਆ ਹੈ (ਇਹ ਮੱਧ ਪੂਰਬੀ ਦੇਸ਼ਾਂ ਦੇ ਵੱਡੀ ਆਰਥਿਕ ਸ਼ਕਤੀ ਬਣ ਜਾਣ ਦੇ ਨਾਲ ਹੋਰ ਵੀ ਜ਼ਿਆਦਾ ਦਿਲਚਸਪ ਹੋ ਗਿਆ ਹੈ)। ਪ੍ਰਕਾਸ਼ 18 ਦੀ ਪੋਥੀ ਬਾਬਲ ਨੂੰ ਇੱਕ ਵੱਡੀ ਆਰਥਿਕ ਸ਼ਕਤੀ ਦੇ ਰੂਪ ਵਿੱਚ ਪੇਸ਼ ਕਰਦੀ ਹੈ।

ਪੁਨਰ-ਸੁਰਜੀਤ ਬਾਬਲ ਲਈ ਇੱਕ ਸੰਭਾਵਿਤ ਭੂਮਿਕਾ ਇਹ ਹੋ ਸਕਦੀ ਹੈ: ਬਾਬਲ ਨੂੰ ਇੱਕ ਫੌਜੀ ਸ਼ਕਤੀ ਦੀ ਬਜਾਏ ਆਰਥਿਕ ਸ਼ਕਤੀ ਦੇ ਰੂਪ ਵਿੱਚ ਦੁਬਾਰਾ ਬਣਾਇਆ ਜਾਵੇਗਾ (ਹਾਲਾਂਕਿ ਇਸ ਵਿੱਚ ਕੁਝ ਧਾਰਮਿਕ ਸ਼ਕਤੀਆਂ ਵੀ ਸ਼ਾਮਲ ਹੋ ਸਕਦੀਆਂ ਹਨ)। ਰੂਸ ਦੀ ਇਸਰਾਏਲ ਉੱਤੇ ਹਮਲੇ ਵਿੱਚ ਅਸਫਲਤਾ ਤੋਂ ਪਹਿਲਾਂ, ਬਾਬਲ ਉਸ ਦਾ ਇੱਕ ਸਹਿਯੋਗੀ ਹੋਵੇਗਾ। ਰੂਸ ਦੇ ਪਤਨ ਤੋਂ ਬਾਅਦ ਬਾਬਲ ਨੂੰ ਪਸ਼ੂ (ਮਸੀਹ-ਵਿਰੋਧੀ) ਦੁਆਰਾ ਸਮਰਥਨ (ਫੌਜੀ ਤੌਰ ਉੱਤੇ) ਦਿੱਤਾ ਜਾਵੇਗਾ, ਪਰ ਬਾਬਲ ਐਨਾ ਅਮੀਰ ਹੋਵੇਗਾ ਕਿ ਉਹ ਆਰਥਿਕ ਰੂਪ ਵਿੱਚ ਉਸ ਉੱਤੇ ਹਾਵੀ ਹੋਣ ਦੀ ਧਮਕੀ ਦੇਵੇਗਾ।

> ਤਦ ਉਹ ਸਵਰਗਦੂਤ ਮੈਨੂੰ ਪਰਮੇਸ਼ਰ ਦੇ ਆਤਮਾ ਵਿੱਚ ਉਜਾੜ ਥਾਂ ਵਿੱਚ ਲੈ ਗਿਆ, ਜਿੱਥੇ ਮੈਂ ਇੱਕ ਔਰਤ ਨੂੰ ਲਾਲ ਰੰਗ ਦੇ ਪਸ਼ੂ ਉੱਤੇ ਬੈਠੇ ਦੇਖਿਆ। ਉਸ ਪਸ਼ੂ ਦੇ ਦਸ ਸਿੰਗ ਅਤੇ ਸੱਤ ਸਿਰ ਸਨ ਅਤੇ ਉਸ ਦਾ ਸਾਰਾ ਸਰੀਰ ਪਰਮੇਸ਼ਰ ਦੀ ਨਿੰਦਾ ਦੇ ਨਾਵਾਂ ਦੇ ਨਾਲ ਭਰਿਆ ਹੋਇਆ ਸੀ...ਜਿਹੜੇ ਦਸ ਸਿੰਗ ਤੂੰ ਦੇਖੇ ਹਨ, ਉਹ ਦਸ ਰਾਜੇ ਹਨ ਜਿਹਨਾਂ ਨੂੰ ਅਜੇ ਰਾਜ ਅਧਿਕਾਰ ਨਹੀਂ ਮਿਲਿਆ ਹੈ ਪਰ ਇੱਕ ਸਮਾਂ ਆਵੇਗਾ ਜਦੋਂ ਉਹ ਪਸ਼ੂ ਦੇ ਨਾਲ ਮਿਲ ਕੇ ਬਹੁਤ ਹੀ ਥੋੜ੍ਹੇ ਸਮੇਂ ਦੇ ਲਈ ਰਾਜ ਅਧਿਕਾਰ ਪ੍ਰਾਪਤ ਕਰਨਗੇ। [ਪ੍ਰਕਾਸ਼ 17:3,12]

ਮਸੀਹ-ਵਿਰੋਧੀ ਈਰਖਾ ਨਾਲ ਭਰ ਜਾਵੇਗਾ, ਅਤੇ ਬਾਬਲ ਤੋਂ ਇੱਕ ਖ਼ਤਰਾ ਮਹਿਸੂਸ ਕਰੇਗਾ (ਸ਼ਾਇਦ ਆਰਥਿਕ ਰੂਪ ਵਿੱਚ ਉਸ ਉੱਤੇ ਨਿਰਭਰ ਹੋਣ ਦੇ ਕਾਰਨ), ਅਤੇ ਫਿਰ ਉਹ ਉਸ ਨੂੰ ਨਸ਼ਟ ਕਰ ਦੇਵੇਗਾ। ਅਜਿਹੇ ਕਰਦੇ ਹੋਏ, ਉਹ ਅਣਜਾਣੇ ਵਿੱਚ ਪਰਮੇਸ਼ਰ ਦੀ ਇੱਛਾ ਨੂੰ ਪੂਰਾ ਕਰੇਗਾ! ਪਰਮੇਸ਼ਰ ਬਾਬਲ ਨੂੰ ਉਸ ਦੇ ਲਾਲਚ, ਭੋਗ-ਵਿਲਾਸ, ਅਤੇ ਸ਼ਾਇਦ ਉਸ ਦੇ ਧਰਮ-ਤਿਆਗ ਵਾਲੇ ਧਰਮ (ਜਿਸ ਦੀ ਮਸੀਹ-ਵਿਰੋਧੀ ਵਰਤੋਂ ਕਰ ਰਿਹਾ ਸੀ) ਦੇ ਕਾਰਨ ਤਬਾਹ ਕਰ ਦੇਣਗੇ।

> ਉਸ ਸਵਰਗਦੂਤ ਨੇ ਮੈਨੂੰ ਕਿਹਾ, "ਉਹ ਪਾਣੀ ਜਿਹੜੇ ਤੂੰ ਦੇਖੇ ਹਨ ਜਿਹਨਾਂ ਦੇ ਉੱਤੇ ਉਹ ਵੇਸਵਾ ਬੈਠੀ ਹੈ, ਉਹ ਰਾਸ਼ਟਰ, ਭੀੜਾਂ, ਕੌਮਾਂ ਅਤੇ ਭਾਸ਼ਾਵਾਂ ਹਨ। **ਜਿਹੜੇ ਦਸ ਸਿੰਗ ਤੂੰ ਦੇਖੇ ਹਨ, ਉਹ ਅਤੇ ਪਸ਼ੂ ਉਸ ਵੇਸਵਾ ਨਾਲ ਨਫ਼ਰਤ ਕਰਨਗੇ।** ਉਹ ਉਸ ਦਾ ਨਾਸ਼ ਕਰਨਗੇ, ਉਸ ਨੂੰ ਨੰਗਾ ਕਰਨਗੇ, ਉਸ ਦਾ ਮਾਸ ਖਾ ਜਾਣਗੇ ਅਤੇ ਉਸ ਨੂੰ ਸਾੜ **ਦੇਣਗੇ। ਕਿਉਂਕਿ ਪਰਮੇਸ਼ਰ ਨੇ ਆਪਣੇ ਉਦੇਸ਼ ਨੂੰ ਪੂਰਾ ਕਰਨ ਦੇ ਲਈ ਇਹ ਵਿਚਾਰ ਉਹਨਾਂ ਦੇ ਮਨਾਂ ਵਿੱਚ ਭਰ ਦਿੱਤਾ ਹੈ** ਕਿ ਉਹ ਇੱਕ ਮੱਤ ਹੋ ਜਾਣ ਅਤੇ ਜਦੋਂ ਤੱਕ ਪਰਮੇਸ਼ਰ ਦੇ ਵਚਨ ਪੂਰੇ ਨਹੀਂ ਹੋ ਜਾਂਦੇ, ਉਹ ਆਪਣਾ ਅਧਿਕਾਰ ਉਸ ਪਸ਼ੂ ਨੂੰ ਦੇ ਦੇਣ। "**ਉਹ ਔਰਤ ਜਿਹੜੀ ਤੂੰ ਦੇਖੀ ਹੈ, ਮਹਾਨ ਨਗਰ ਹੈ** ਜਿਹੜਾ ਧਰਤੀ ਦੇ ਰਾਜਿਆਂ ਉੱਤੇ ਰਾਜ ਕਰ ਰਿਹਾ ਹੈ।" [ਪ੍ਰਕਾਸ਼ 17:15-18]

ਇਹ ਮੰਨਣਾ ਪਵੇਗਾ ਕਿ ਇਸ ਵਿਆਖਿਆ ਦੇ ਇਲਾਵਾ ਇਸ ਲੇਖ ਦੀਆਂ ਹੋਰ ਵਿਆਖਿਆਵਾਂ ਵੀ ਵਿਕਸਿਤ ਕੀਤੀਆਂ ਜਾ ਸਕਦੀਆਂ ਹਨ, ਕਿਉਂਕਿ ਸਾਰੀਆਂ ਗੱਲਾਂ ਵਿੱਚ ਇੱਕ ਸਮਾਨਤਾ ਹੈ, ਇਸ ਲਈ ਪ੍ਰਕਾਸ਼ ਦੀ ਪੋਥੀ 17-18 ਦੇ "ਬਾਬਲ" ਨੂੰ ਸ਼ਾਬਦਿਕ ਸ਼ਹਿਰ ਮੰਨ ਲੈਣਾ ਹੀ ਠੀਕ ਹੈ। ਬਾਬਲ ਬਿਪਤਾ ਦੇ ਸਮੇਂ ਦੀ ਗ਼ੈਰ-ਯਹੂਦੀ ਸ਼ਕਤੀ ਦੇ ਰੂਪ ਵਿੱਚ ਸੂਚੀਬੱਧ ਕੀਤੇ ਜਾਣ ਦਾ ਹੱਕਦਾਰ ਹੈ।

### 5. ਉੱਤਰ ਦਾ ਰਾਜਾ ਅਤੇ ਦੱਖਣ ਦਾ ਰਾਜਾ

ਦਾਨੀ 11:36-45 ਅੰਤ ਦੇ ਦਿਨਾਂ ਵਿੱਚ ਉੱਤਰ ਦੇ ਰਾਜੇ ਅਤੇ ਦੱਖਣ ਦੇ ਰਾਜੇ ਦੇ ਵਿਚਕਾਰ ਇੱਕ ਜ਼ਬਰਦਸਤ ਲੜਾਈ ਦਾ ਜ਼ਿਕਰ ਕਰਦਾ ਹੈ। ਇਸ ਲੜਾਈ ਦਾ ਵਰਣਨ ਆਉਣ ਵਾਲੇ ਭਾਗ ਵਿੱਚ ਕੀਤਾ ਜਾਵੇਗਾ। ਇੱਥੇ ਸਾਡਾ ਟੀਚਾ ਸਿਰਫ਼ ਬਿਪਤਾ ਦੇ ਸਮੇਂ ਦੇ ਮੁੱਖ ਰਾਸ਼ਟਰਾਂ ਦੀ ਪਛਾਣ ਕਰਨਾ ਹੈ। ਹਾਲਾਂਕਿ ਕੁਝ ਲੋਕ ਇਹ ਮੰਨਦੇ ਹਨ ਕਿ ਉੱਤਰ ਦਾ ਰਾਜਾ ਅਤੇ ਦੱਖਣ ਦਾ ਰਾਜਾ ਬਿਪਤਾ ਦੇ ਸਮੇਂ ਦੀਆਂ ਕੁਝ ਹੋਰ ਸ਼ਕਤੀਆਂ ਦੇ ਬਾਰੇ ਦੱਸਦੇ ਹਨ, ਪਰ ਦਾਨੀ 11:36ff. ਨੂੰ ਹਿਜ਼ਕੀ 38-39 ਵਿੱਚ ਇਸਰਾਏਲ ਉੱਤੇ ਰੂਸ ਦੇ ਹਮਲੇ ਦੇ ਨਾਲ ਜੋੜ ਕੇ ਦੇਖਣਾ ਹੀ ਸਹੀ ਹੈ।[38] ਇਸ ਤਰ੍ਹਾਂ, ਉੱਤਰ ਦਾ ਰਾਜਾ ਉਹੀ ਹੈ ਜੋ "ਉੱਤਰ ਦੇ ਦੂਰ ਦੇ ਹਿੱਸੇ" ਦੇ ਦੇਸ਼ (ਸ਼ਾਇਦ ਰੂਸ) ਦਾ ਰਾਜਾ ਹੈ। ਦੱਖਣ ਦਾ ਰਾਜਾ ਸ਼ਾਇਦ ਉਸ ਦਾ ਇੱਕ ਪ੍ਰਮੁੱਖ ਸਹਿਯੋਗੀ ਹੋਵੇਗਾ (ਦਾਨੀ 11:43, ਲੂਬੀ ਅਤੇ ਕੂਸ਼ੀ, ਮਿਸਰ ਦਾ ਜ਼ਿਕਰ ਕਰਦਾ ਹੈ)।[39]

"ਉੱਤਰ" ਦੀ ਦਿਸ਼ਾ ਤੋਂ ਇਲਾਵਾ, ਲੜਾਈਆਂ ਦਾ ਸਮਾਂ ਵੀ ਦਾਨੀ 11:36-45 ਨੂੰ ਹਿਜ਼ਕੀ 38-39 ਨਾਲ ਜੋੜਨ ਦੇ ਪੱਖ ਵਿੱਚ ਹੈ। ਇਸ ਕਥਨ ਦੇ ਸਬੂਤ ਅੱਗੇ ਦਿੱਤੇ ਭਾਗ "ਬਿਪਤਾ ਵਿੱਚ ਲੜਾਈਆਂ" ਵਿੱਚ ਪੇਸ਼ ਕੀਤੇ ਜਾਣਗੇ।

---

[38] ਦੇਖੋ, ਲਿਓਨ ਵੁਡ, *ਅ ਕਾਮੈਂਟਰੀ ਆਫ਼ ਡੈਨੀਅਲ* (ਗ੍ਰੈਂਡ ਰੈਪਿਡਸ: ਜੌਂਡਰਵੈਨ ਪਬਲਿਸ਼ਿੰਗ ਹਾਊਸ, 1973), ਪੰਨੇ 308–309

[39] ਲੂਬੀ ਅਤੇ ਕੂਸ਼ ਦੇ ਉਲਟ, ਹਿਜ਼ਕੀਏਲ 38-39 ਵਿੱਚ ਮਿਸਰ ਨੂੰ ਗੋਗ ਅਤੇ ਮਾਗੋਗ ਦਾ ਸਹਿਯੋਗੀ ਨਹੀਂ ਕਿਹਾ ਗਿਆ ਹੈ। ਦਾਨੀ 11:42-43 ਇਹ ਸਿਖਾਉਂਦਾ ਹੈ ਕਿ ਮਸੀਹ-ਵਿਰੋਧੀ ਮਿਸਰ ਨੂੰ ਜਿੱਤ ਲਵੇਗਾ।

## B. ਮਸੀਹ-ਵਿਰੋਧੀ

### 1. ਮਸੀਹ-ਵਿਰੋਧੀ ਦੀ ਸ਼ੁਰੂਆਤ

#### a. ਸਮਾਜਿਕ ਸ਼ੁਰੂਆਤ -ਗੜਬੜ

ਮਸੀਹ-ਵਿਰੋਧੀ ਸੰਸਾਰ ਵਿੱਚ ਗੜਬੜ ਵਾਲੀਆਂ ਸਥਿਤੀਆਂ ਵਿੱਚੋਂ ਪ੍ਰਗਟ ਹੋਵੇਗਾ। ਇਹ ਬਿਪਤਾ ਬਾਰੇ ਦਿੱਤੀਆਂ ਗਈਆਂ ਆਮ ਸਿੱਖਿਆਵਾਂ ਤੋਂ ਸਪੱਸ਼ਟ ਹੁੰਦਾ ਹੈ (ਮੱਤੀ 24:6 "ਲੜਾਈਆਂ ਦੀਆਂ ਖ਼ਬਰਾਂ ਅਤੇ ਅਫ਼ਵਾਹਾਂ," ਅਤੇ ਪ੍ਰਕਾਸ਼ 6:1ff ਵੀ ਦੇਖੋ)। ਵਿਨਾਸ਼ ਦੇ ਚਾਰ ਘੋੜਸਵਾਰ ਯੁੱਧ, ਅਕਾਲ, ਅਤੇ ਮੌਤ ਨੂੰ ਲਿਆਉਂਦੇ ਹਨ। ਪਹਿਲਾਂ ਘੋੜਸਵਾਰ (ਚਿੱਟਾ) ਸ਼ਾਇਦ ਮਸੀਹ-ਵਿਰੋਧੀ ਹੈ। ਉਹ ਸਮੁੰਦਰ ਦੇ ਵਿੱਚੋਂ ਉੱਭਰੇਗਾ, ਜੋ ਰਾਸ਼ਟਰਾਂ ਵਿੱਚ ਅਸ਼ਾਂਤੀ ਦੇ ਸ਼ੁਰੂ ਹੋ ਜਾਣ ਦਾ ਸੰਕੇਤ ਹੈ (ਦੇਖੋ, ਪ੍ਰਕਾਸ਼ 13:1, 17:15)। ਜਿਵੇਂ ਕਿ ਤਾਨਾਸ਼ਾਹੀ ਅੰਦੋਲਨਾਂ ਦੀ ਸ਼ੁਰੂਆਤ ਵਿੱਚ ਅਕਸਰ ਹੁੰਦਾ ਹੈ, ਬਿਨਾਂ ਕਿਸੇ ਸ਼ੱਕ ਦੇ ਮਸੀਹ-ਵਿਰੋਧੀ ਉਮੀਦ ਦੇ ਵੱਡੇ ਵਾਅਦੇ ਕਰੇਗ (ਜਿਵੇਂ ਕਿ ਫ਼ਰਾਂਸ ਅਤੇ ਰੂਸੀ ਇਨਕਲਾਬਾਂ ਜਾਂ ਨਾਜ਼ੀਆਂ ਵਿੱਚ ਸੀ)। ਲੋਕ ਉਸ ਨੂੰ ਇੱਕ ਅਜਿਹੇ ਮੁਕਤੀਦਾਤਾ ਮੰਨਣਗੇ, ਅਤੇ ਇੱਕ ਅਜਿਹੀ ਆਸ ਨਾਲ ਦੇਖਣਗੇ ਕਿ ਉਹ ਹੀ ਸਾਰੀ ਗੜਬੜ ਵਿੱਚ ਫ਼ਸੇ ਹੋਏ ਸੰਸਾਰ ਨੂੰ ਫਿਰ ਤੋਂ ਸਹੀ ਕਰ ਸਕੇਗਾ।

#### b. ਭੂਗੋਲਿਕ ਜਾਂ ਰਾਸ਼ਟਰੀ ਸ਼ੁਰੂਆਤ - ਰੋਮ

ਦਾਨੀ 9:26 ਦੱਸਦਾ ਹੈ ਕਿ ਮਸੀਹ ਦੀ ਮੌਤ ਤੋਂ ਬਾਅਦ ਆਉਣ ਵਾਲੇ (ਦੁਸ਼ਟ) ਪਾਤਸ਼ਾਹ ਦੇ ਲੋਕ ਸ਼ਹਿਰ ਅਤੇ ਪਵਿੱਤਰ ਸਥਾਨ ਨੂੰ ਤਬਾਹ ਕਰ ਦੇਣਗੇ। ਰੋਮੀਆਂ ਨੇ 70 ਈਸਵੀ ਵਿੱਚ ਯਰੂਸ਼ਲਮ ਨੂੰ ਤਬਾਹ ਕਰ ਦਿੱਤਾ ਸੀ। ਇਸ ਸੰਭਾਵ ਹੈ ਕਿ ਮਸੀਹ-ਵਿਰੋਧੀ ਇੱਕ ਪੁਨਰ-ਸੁਰਜੀਤ ਰੋਮੀ ਸਾਮਰਾਜ ਉੱਤੇ ਰਾਜ ਕਰੇਗਾ। ਲੂਕਾ 21:5 ਵੀ 70 ਈਸਵੀ ਵਿੱਚ ਰੋਮ ਦੁਆਰਾ ਯਰੂਸ਼ਲਮ ਦੇ ਇਤਿਹਾਸਕ ਵਿਨਾਸ਼ ਨੂੰ ਅੰਤ ਦੇ ਦਿਨਾਂ ਦੀਆਂ ਘਟਨਾਵਾਂ ਨਾਲ ਜੋੜਦਾ ਹੈ।

ਦਾਨੀ 7:8-9 ਚੌਥੇ ਪਸ਼ੂ ਜਾਂ ਸਾਮਰਾਜ ਵਿੱਚੋਂ ਇੱਕ "ਨਿੱਕੇ ਜਿਹੇ ਸਿੰਗ" ਦੇ ਨਿਕਲਣ ਦੀ ਗੱਲ ਕਰਦਾ ਹੈ। ਦਾਨੀਏਲ 7 ਦਾ ਸੰਦਰਭ ਅੰਤ ਦੇ ਸਮੇਂ ਦੀਆਂ ਘਟਨਾਵਾਂ ਬਾਰੇ ਚਰਚਾ ਕਰਦਾ ਹੈ (ਦੇਖੋ, ਆਇਤਾਂ 13-14)। ਇਸ ਤੋਂ ਇਲਾਵਾ, ਦਾਨੀ 7:15 ਦੀ ਤੁਲਨਾ ਅੰਤ ਦੇ ਸਮੇਂ ਦੇ ਦੁਸ਼ਟ ਸਾਮਰਾਜ ਨਾਲ ਕੀਤੀ ਜਾ ਸਕਦੀ ਹੈ। ਉਸ ਦੁਸ਼ਟ ਹਾਕਮ ਦਾ ਵਰਣਨ ਅਤੇ ਉਸ ਦੁਆਰਾ ਸਾਢੇ ਤਿੰਨ ਸਾਲ ਪਰਮੇਸ਼ਰ ਦੀ ਨਿੰਦਾ ਦੀਆਂ ਗੱਲਾਂ ਕਰਨਾ ਅਤੇ ਸੰਤਾਂ ਦੇ ਵਿਰੁੱਧ ਯੁੱਧ ਕਰਨਾ ਅੰਤ ਦੇ ਦਿਨਾਂ ਦੇ ਮਸੀਹ-ਵਿਰੋਧੀ ਦੇ ਰਾਜ ਦੇ ਨਾਲ ਫਿੱਟ ਬੈਠਦਾ ਹੈ (ਪ੍ਰਕਾਸ਼ 13:1ff)। ਇਸ ਤੋਂ ਇਲਾਵਾ, ਦਾਨੀਏਲ ਦੀ ਪੁਸਤਕ ਦੇ ਚੌਥੇ ਰਾਜ ਅਤੇ ਪ੍ਰਕਾਸ਼ ਦੀ ਪੋਥੀ ਦੇ ਪਸ਼ੂ ਦਾ ਬਿਆਨ ਦਸ ਸਿੰਗਾਂ ਵਾਲੇ ਪਸ਼ੂ ਦੇ ਰੂਪ ਵਿੱਚ ਕੀਤਾ ਗਿਆ ਹੈ (ਦੇਖੋ, ਦਾਨੀ 7:7-8, 19-20, 23-24; ਪ੍ਰਕਾਸ਼ 13:1; 17:11-14)। ਦਾਨੀਏਲ ਦਾ ਚੌਥਾ ਰਾਜ ਮਸੀਹ-ਵਿਰੋਧੀ ਦਾ ਰਾਜ ਹੈ। ਪਰ, ਇਤਿਹਾਸਕ ਤੌਰ ਤੇ, ਯੂਨਾਨ ਦੇ ਬਾਅਦ ਜਿਹੜਾ ਰਾਜ ਹੋਇਆ (ਜੋ ਨਿਸ਼ਚਿਤ ਤੌਰ ਤੇ ਦਾਨੀਏਲ ਵਿਚਲੇ ਸਾਮਰਾਜਾਂ ਵਿੱਚ ਤੀਜਾ ਰਾਜ ਹੈ, ਦਾਨੀ 8:21,11:2) ਉਹ ਰੋਮ ਹੈ, ਅਤੇ ਦਾਨੀਏਲ ਦੇ ਸਮੇਂ ਤੋਂ ਚੌਥਾ ਮਹਾਨ ਰਾਜ ਹੈ। ਇਸ ਤਰ੍ਹਾਂ, ਇਹ ਹੋ ਸਕਦਾ ਹੈ ਕਿ ਮਸੀਹ-ਵਿਰੋਧੀ ਇੱਕ ਪੁਨਰ-ਸੁਰਜੀਤ ਰੋਮ ਉੱਤੇ ਰਾਜ ਕਰੇਗਾ।

#### c. ਨਸਲੀ ਸ਼ੁਰੂਆਤ

ਨਸਲੀ ਸ਼ੁਰੂਆਤ ਅਤੇ ਨਾਗਰਿਕਤਾ ਦੋ ਵੱਖਰੀਆਂ ਸ਼੍ਰੇਣੀਆਂ ਹਨ। ਇੱਕ ਵਿਅਕਤੀ ਨਾਗਰਿਕਤਾ ਦੇ ਰੂਪ ਵਿੱਚ ਅਮਰੀਕੀ ਹੋ ਸਕਦਾ ਹੈ ਪਰ ਨਸਲੀ ਸ਼ੁਰੂਆਤ ਦੇ ਰੂਪ ਵਿੱਚ ਚੀਨੀ ਹੋ ਸਕਦਾ ਹੈ। ਮਸੀਹ-ਵਿਰੋਧੀ ਪੁਨਰ-ਸੁਰਜੀਤ ਰੋਮੀ ਸਾਮਰਾਜ ਉੱਤੇ ਰਾਜ ਕਰੇਗਾ, ਇਸ ਸਿੱਟੇ ਦਾ ਅਰਥ ਇਹ ਨਹੀਂ ਹੈ ਕਿ ਉਹ ਇੱਕ ਰੋਮੀ ਨਾਗਰਿਕ ਹੀ ਹੋਵੇਗਾ।

ਇੱਕ ਵਿਚਾਰ ਇਹ ਹੈ ਕਿ ਮਸੀਹ-ਵਿਰੋਧੀ ਨੂੰ ਝੂਠਾ ਮਸੀਹ ਬਣਕੇ ਆਉਣ ਦੇ ਲਈ ਯਹੂਦੀ ਹੋਣਾ ਜ਼ਰੂਰੀ ਹੈ। "ਮਸੀਹ-ਵਿਰੋਧੀ" ਦਾ ਅਰਥ ਨਾ ਸਿਰਫ਼ "ਮਸੀਹ ਦੇ ਵਿਰੋਧ ਵਿੱਚ ਹੋਣਾ" ਹੈ, ਬਲਕਿ "ਮਸੀਹ ਦੀ ਜਗ੍ਹ ਹੋਣਾ" ਵੀ ਹੈ। ਇਹ ਤਰਕਪੂਰਨ ਲੱਗਦਾ ਹੈ ਕਿ ਯਹੂਦੀ ਹੋਣ ਕਰਕੇ ਮਸੀਹ-ਵਿਰੋਧੀ ਦੇ ਲਈ ਲੋਕਾਂ ਨੂੰ ਇਹ ਧੋਖਾ ਦੇਣਾ ਆਸਾਨ ਹੋਵੇਗਾ ਕਿ ਉਹ ਮਸੀਹ ਹੈ। ਦਾਨੀਏਲ 11:37 ਇਹ ਕਹਿੰਦਾ ਹੈ ਕਿ ਮਸੀਹ-ਵਿਰੋਧੀ "ਆਪਣੇ ਪੁਰਖਿਆਂ ਦੇ ਪਰਮੇਸ਼ਰ ਦੀ ਪਰਵਾਹ ਨਹੀਂ ਕਰੇਗਾ।" ਕੁਝ ਵਿਦਵਾਨ ਇਸ ਨੂੰ ਇਸ ਤਰ੍ਹਾਂ ਸਮਝਦੇ ਹਨ ਕਿ ਉਹ ਇੱਕ ਧਰਮ-ਤਿਆਗੀ ਯਹੂਦੀ ਹੋਵੇਗਾ। ਇਸ ਤੋਂ ਇਲਾਵਾ ਇੱਕ ਵਿਚਾਰ ਇਹ ਵੀ ਹੈ ਕਿ ਮਸੀਹ-ਵਿਰੋਧੀ ਦਾਨ ਦੇ ਗੋਤ ਤੋਂ ਹੋਵੇਗਾ, ਕਿਉਂਕਿ ਉਤਪਤ 49:17 ਵਿੱਚ ਲਿਖਿਆ ਹੈ: "ਦਾਨ ਮਾਰਗ ਉੱਤੇ ਸੱਪ ਸਗੋਂ ਰਸਤੇ ਵਿੱਚ ਫਨੀਅਰ ਸੱਪ ਹੋਵੇਗਾ," ਅਤੇ ਪ੍ਰਕਾਸ਼ ਦੀ ਪੋਥੀ ਅਧਿਆਇ 7 ਵਿੱਚ ਦਾਨ ਦੇ ਗੋਤ ਦਾ ਨਾ ਹੋਣਾ ਇਸ ਗੋਤ ਉੱਤੇ ਖ਼ਾਸ ਨਿਆਂ ਦਾ ਸੰਕੇਤ ਮੰਨਿਆ ਜਾਂਦਾ ਹੈ। ਇੱਕ ਹੋਰ ਵਿਚਾਰ ਇਹ ਹੈ ਕਿ ਮਸੀਹ-ਵਿਰੋਧੀ ਸੀਰੀਆ ਤੋਂ ਹੋਵੇਗਾ। ਦਾਨੀਏਲ 8:9–12 ਅਤੇ 23–27 ਇਹ ਭਵਿੱਖਬਾਣੀ ਕਰਦੇ ਹਨ ਕਿ ਟੁੱਟੇ ਹੋਏ ਯੂਨਾਨੀ ਸਾਮਰਾਜ ਵਿੱਚੋਂ ਇੱਕ ਹਾਕਮ ਖੜ੍ਹਾ ਹੋਵੇਗਾ ਅਤੇ ਹੈਕਲ ਵਿੱਚ ਬਲੀਦਾਨਾਂ ਨੂੰ ਬੰਦ ਕਰਵਾ ਦੇਵੇਗਾ। ਇਤਿਹਾਸਕ ਰੂਪ ਵਿੱਚ, ਇਹ ਅੰਟੀਓਖਸ ਏਪੀਫ਼ੇਨਿਸ ਸੀ (ਜੋ ਉਸੇ ਖੇਤਰ ਤੋਂ ਆਇਆ ਸੀ ਜੋ ਅੱਜ ਸੀਰੀਆ ਹੈ)। ਦਾਨੀਏਲ 8 ਵਿੱਚ ਉਹ ਮਸੀਹ-ਵਿਰੋਧੀ ਦਾ ਪ੍ਰਤੀਕ ਹੈ ਅਤੇ ਦਾਨੀਏਲ 11 ਵਿੱਚ ਇਹ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ। ਇਸ ਕਾਰਨ, ਕੁਝ ਲੋਕ ਮੰਨਦੇ ਹਨ ਕਿ ਮਸੀਹ-ਵਿਰੋਧੀ ਸੀਰੀਆ ਦੇਸ਼ ਤੋਂ ਹੋਵੇਗਾ (ਹਾਲਾਂਕਿ ਇਹ ਸੋਚਣਾ ਔਖਾ ਹੈ ਕਿ ਇੱਕ ਸੀਰੀਆ ਦਾ ਵਿਅਕਤੀ ਆਧੁਨਿਕ ਸੰਸਾਰ ਉੱਤੇ ਰਾਜ ਕਿਵੇਂ ਕਰ ਸਕੇਗਾ)।

ਇਹ ਸੰਭਾਵਨਾ ਜ਼ਿਆਦਾ ਹੈ ਕਿ ਮਸੀਹ-ਵਿਰੋਧੀ ਇੱਕ ਰੋਮੀ ਨਾਗਰਿਕ ਹੋਵੇਗਾ। ਉਹ ਕਿਸੇ ਪੱਛਮੀ ਯੂਰਪੀ ਦੇਸ਼ ਵਿੱਚੋਂ ਆਵੇਗਾ। ਉਸ ਦੀ ਨਸਲੀ ਸ਼ੁਰੂਆਤ ਬਾਰੇ ਸਭ ਤੋਂ ਚੰਗੀ ਸੋਚ ਇਹ ਹੈ ਕਿ ਅਸੀਂ ਆਪਣੇ

ਦਿਮਾਗ ਖੁੱਲ੍ਹੇ ਰੱਖੀਏ, ਅਤੇ ਕਿਸੇ ਇੱਕ ਨਤੀਜੇ ਨਾਲ ਆਪਣੇ ਆਪ ਨੂੰ ਨਾ ਬੰਨ੍ਹੀਏ। ਪਰ ਉਸ ਦੀ ਆਤਮਿਕ ਸ਼ੁਰੂਆਤ ਦੇ ਬਾਰੇ ਕੋਈ ਸ਼ੱਕ ਨਹੀਂ ਹੈ।

### d. ਆਤਮਿਕ ਸ਼ੁਰੂਆਤ

ਮਸੀਹ-ਵਿਰੋਧੀ ਸ਼ੈਤਾਨ ਵਿੱਚੋਂ ਆਵੇਗਾ। ਇਹ ਮੰਨਣਾ ਤਰਕਪੂਰਨ ਹੈ ਕਿ ਸ਼ੈਤਾਨ ਹਮੇਸ਼ਾ ਇੱਕ ਸੰਭਾਵਿਤ ਮਸੀਹ-ਵਿਰੋਧੀ ਨੂੰ ਭੇਜਣ ਦੀ ਤਿਆਰੀ ਵਿੱਚ ਰਹਿੰਦਾ ਹੈ ਕਿਉਂਕਿ ਉਹ ਰੈਪਚਰ ਦੇ ਸਮੇਂ ਤੋਂ ਅਣਜਾਣ ਹੈ।

> ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ ਜਿਸ ਨੂੰ ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ ਮਾਰ ਦੇਣਗੇ ਅਤੇ ਆਪਣੇ ਤੇਜ ਦੇ ਨਾਲ ਉਸ ਦਾ ਨਾਸ਼ ਕਰ ਦੇਣਗੇ। **ਉਸ ਦੁਸ਼ਟ ਮਨੁੱਖ ਦਾ ਆਉਣਾ ਨਾਸ਼ ਹੋਣ ਵਾਲਿਆਂ ਦੇ ਲਈ ਸ਼ੈਤਾਨ ਦੀ ਤਾਕਤ ਦੇ ਨਾਲ** ਹਰ ਤਰ੍ਹਾਂ ਦੇ ਚਿੰਨ੍ਹਾਂ ਅਤੇ ਝੂਠੇ ਚਮਤਕਾਰਾਂ ਦੇ ਰੂਪ ਵਿੱਚ ਪ੍ਰਗਟ ਹੋਵੇਗਾ। ਉਹ ਨਾਸ਼ ਹੋਣ ਵਾਲੇ ਲੋਕਾਂ ਉੱਤੇ ਹਰ ਤਰ੍ਹਾਂ ਦੀ ਦੁਸ਼ਟਤਾ ਦੇ ਧੋਖੇ ਦੀ ਵਰਤੋਂ ਕਰੇਗਾ। ਉਹ ਲੋਕ ਨਾਸ਼ ਹੋਣਗੇ ਕਿਉਂਕਿ ਉਹਨਾਂ ਨੇ ਸੱਚ ਨੂੰ ਪਿਆਰ ਕਰਨ ਤੋਂ ਇਨਕਾਰ ਕੀਤਾ ਜਿਸ ਦੇ ਨਾਲ ਉਹਨਾਂ ਦੀ ਮੁਕਤੀ ਹੋ ਸਕਦੀ ਸੀ। [2 ਥੱਸਲੁ 2: 8-10]

> ਜਿਹੜਾ ਪਸ਼ੂ ਮੈਂ ਦੇਖਿਆ ਉਹ ਚੀਤੇ ਵਰਗਾ ਸੀ ਪਰ ਉਸ ਦੇ ਪੈਰ ਰਿੱਛ ਦੇ ਪੈਰਾਂ ਵਰਗੇ ਅਤੇ ਉਸ ਦਾ ਮੂੰਹ ਸ਼ੇਰ ਦੇ ਮੂੰਹ ਵਰਗਾ ਸੀ। **ਅਜਗਰ ਨੇ ਆਪਣੀ ਸਾਰੀ ਤਾਕਤ**, ਸਿੰਘਾਸਣ ਅਤੇ ਵੱਡਾ ਅਧਿਕਾਰ ਉਸ ਪਸ਼ੂ ਨੂੰ ਸੌਂਪ ਦਿੱਤਾ। ਸਾਰੇ ਲੋਕ ਅਜਗਰ ਦੀ ਪੂਜਾ ਕਰਨ ਲੱਗੇ ਕਿਉਂਕਿ **ਉਸ ਨੇ ਆਪਣਾ ਅਧਿਕਾਰ ਉਸ ਪਸ਼ੂ ਨੂੰ ਦੇ ਦਿੱਤਾ ਸੀ**। ਉਹ ਉਸ ਪਸ਼ੂ ਦੀ ਪੂਜਾ ਇਹ ਕਹਿ ਕੇ ਵੀ ਕਰਨ ਲੱਗੇ, "ਇਸ ਪਸ਼ੂ ਵਰਗਾ ਕੌਣ ਹੈ? ਕੌਣ ਇਸ ਦੇ ਵਿਰੁੱਧ ਲੜ ਸਕਦਾ ਹੈ?" [ਪ੍ਰਕਾਸ਼ 13:2,4]

> ਤਦ ਮੈਂ ਤਿੰਨ ਭ੍ਰਿਸ਼ਟ ਆਤਮਾਵਾਂ ਨੂੰ **ਅਜਗਰ**, **ਪਸ਼ੂ** ਅਤੇ **ਝੂਠੇ ਨਬੀ** ਦੇ ਮੂੰਹਾਂ ਵਿੱਚੋਂ ਡੱਡੂਆਂ ਦੀ ਤਰ੍ਹਾਂ ਨਿਕਲਦੇ ਦੇਖਿਆ। [ਪ੍ਰਕਾਸ਼ 16:13]

### e. ਪਰਮੇਸ਼ਰ ਦੁਆਰਾ ਸ਼ੁਰੂਆਤ

ਪਰਮੇਸ਼ਰ ਮਸੀਹ-ਵਿਰੋਧੀ ਦੇ ਉੱਠਣ ਦਾ ਸਿੱਧੇ ਤੌਰ ਤੇ ਕਾਰਨ ਨਹੀਂ ਬਣਦੇ ਹਨ, ਪਰ ਉਹ ਅਜਿਹਾ ਹੋਣ ਦੀ ਆਗਿਆ ਦੇਣਗੇ ਅਤੇ ਇਸ ਦੀ ਵਰਤੋਂ ਕਰਨਗੇ। ਇਸ ਤਰ੍ਹਾਂ, ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਮਸੀਹ-ਵਿਰੋਧੀ ਪਰਮੇਸ਼ਰ ਦੀ ਆਗਿਆ ਤੋਂ ਬਿਨਾਂ ਸੱਤਾ ਵਿੱਚ ਨਹੀਂ ਆ ਸਕਦਾ ਹੈ। 2 ਥੱਸਲੁਨੀਕੀਆਂ 2 ਇਹ ਸਿਖਾਉਂਦਾ ਹੈ ਕਿ ਪਰਮੇਸ਼ਰ ਅਸਲ ਵਿੱਚ ਨਾ ਬਚੇ ਹੋਏ ਲੋਕਾਂ ਨੂੰ ਛੱਡ ਕੇ ਮਸੀਹ-ਵਿਰੋਧੀ ਦੀ ਤਰੱਕੀ ਨੂੰ ਅੱਗੇ ਵਧਾਉਣਗੇ ਤਾਂ ਜੋ ਉਹ ਲੋਕ ਮਸੀਹ-ਵਿਰੋਧੀ ਦੇ ਪ੍ਰਚਾਰ ਵਿੱਚ ਫਸ ਜਾਣ।

> ਤੁਸੀਂ ਇਹ ਵੀ ਜਾਣਦੇ ਹੋ ਕਿ ਕਿਸ ਚੀਜ਼ ਨੇ ਦੁਸ਼ਟ ਮਨੁੱਖ ਨੂੰ ਅੱਜ ਤੱਕ ਰੋਕਿਆ ਹੋਇਆ ਹੈ। ਉਹ ਆਪਣੇ ਮਿੱਥੇ ਸਮੇਂ ਉੱਤੇ ਪ੍ਰਗਟ ਕੀਤਾ ਜਾਵੇਗਾ। [2 ਥੱਸਲੁ 2:6]

> ਇਸ ਕਾਰਨ **ਪਰਮੇਸ਼ਰ ਉਹਨਾਂ ਦੇ ਕੋਲ ਇੱਕ ਭਰਮਾਉਣ ਵਾਲੀ ਤਾਕਤ ਨੂੰ ਭੇਜਣਗੇ** ਤਾਂ ਜੋ ਉਹ ਝੂਠ ਵਿੱਚ ਵਿਸ਼ਵਾਸ ਕਰਨ। ਤਾਂ ਜੋ ਉਹ ਸਾਰੇ ਜਿਹਨਾਂ ਨੇ ਸੱਚ ਵਿੱਚ ਵਿਸ਼ਵਾਸ ਨਹੀਂ ਕੀਤਾ ਪਰ ਦੁਸ਼ਟਤਾ ਵਿੱਚ ਖੁਸ਼ ਰਹਿੰਦੇ ਹਨ, ਦੋਸ਼ੀ ਠਹਿਰਨਗੇ। [2 ਥੱਸਲੁ 2:11-12]

ਇਹ ਧਿਆਨ ਦਿਓ ਕਿ ਇਸ ਜਿੱਤਣ ਵਾਲੇ ਨੂੰ ਉਭਾਰਣ ਨੂੰ ਸ਼ੁਰੂ ਕਰਨ ਦਾ ਅਧਿਕਾਰ "ਲੇਲੇ" ਦੇ ਕੋਲ ਹੈ।

> ਇਸ ਤੋਂ ਬਾਅਦ ਮੈਂ ਦੇਖਿਆ, ਜਦੋਂ ਲੇਲੇ ਨੇ ਸੱਤਾਂ ਮੋਹਰਾਂ ਵਿੱਚੋਂ ਪਹਿਲੀ ਮੋਹਰ ਤੋੜੀ ਤਾਂ ਮੈਂ ਚਾਰ ਪ੍ਰਾਣੀਆਂ ਵਿੱਚੋਂ ਇੱਕ ਦੀ ਆਵਾਜ਼ ਸੁਣੀ, ਜਿਹੜੀ ਗਰਜਣ ਵਰਗੀ ਸੀ ਅਤੇ ਕਹਿ ਰਹੀ ਸੀ, "ਆ!" ਤਦ ਮੈਂ ਇੱਕ ਚਿੱਟਾ ਘੋੜਾ ਦੇਖਿਆ ਜਿਸ ਦੇ ਸਵਾਰ ਕੋਲ ਇੱਕ ਤੀਰ ਕਮਾਨ ਸੀ। ਉਸ ਨੂੰ ਇੱਕ ਤਾਜ ਦਿੱਤਾ ਗਿਆ ਅਤੇ ਉਹ ਜਿੱਤਦਾ ਹੋਇਆ ਨਿਕਲਿਆ ਤਾਂ ਜੋ ਉਹ ਹੋਰ ਵੀ ਜਿੱਤ ਪ੍ਰਾਪਤ ਕਰੇ। [ਪ੍ਰਕਾਸ਼ 6:1-2]

## 2. ਅੰਤ ਦੇ ਸਮੇਂ ਦੇ ਦੁਸ਼ਟ ਹਾਕਮ ਦੇ ਨਾਮ

ਅੰਤ ਦੇ ਸਮੇਂ ਦੇ ਹਾਕਮ ਦੇ ਲਈ ਬਾਈਬਲ ਵੱਖ-ਵੱਖ ਨਾਮ ਜਾਂ ਵਰਣਨ ਦਿੰਦੀ ਹੈ। ਹਾਲਾਂਕਿ ਇਹ ਨਾਮ ਸਿੱਧੇ ਤੌਰ ਤੇ ਉਹਨਾਂ ਦੇ ਲਈ ਵਰਤੇ ਗਏ ਬਿਆਨ ਹਨ, ਪਰ ਇਹਨਾਂ ਵਿੱਚ ਦਿਖਾਈਆਂ ਗਈਆਂ ਵਿਸ਼ੇਸ਼ਤਾਵਾਂ ਇੱਕ ਹੀ ਵਿਅਕਤੀ ਦੀ ਗੱਲ ਇਸ਼ਾਰਾ ਕਰਦੀਆਂ ਹਨ (ਕੁਫ਼ਰ ਬੋਲਣਾ, ਸੰਤਾਂ ਉੱਤੇ ਯੁੱਧ, ਹੈਕਲ ਵਿੱਚ ਬੈਠ ਕੇ ਆਪਣੀ ਪੂਜਾ ਦੀ ਮੰਗ ਕਰਨਾ)।

### a. ਨਿੱਕਾ ਜਿਹਾ ਸਿੰਗ (ਦਾਨੀ 7:7-28)

ਨਿੱਕਾ ਜਿਹਾ ਸਿੰਗ ਇੱਕ ਅਜਿਹੇ ਪਸ਼ੂ ਵਿੱਚੋਂ ਨਿਕਲਦਾ ਹੈ ਜਿਸ ਦੇ ਦਸ ਸਿੰਗ ਹਨ, ਅਤੇ ਉਹ ਉਹਨਾਂ ਵਿੱਚੋਂ ਤਿੰਨਾਂ ਨੂੰ ਨਸ਼ਟ ਕਰ ਦਿੰਦਾ ਹੈ (ਦਾਨੀ 7:7-8, 20, 24)। ਦਾਨੀਏਲ 7:24 ਇਹ ਸਿਖਾਉਂਦਾ ਹੈ ਕਿ ਇਹ ਸਿੰਗ ਅਸਲ ਵਿੱਚ ਸਾਮਰਾਜ ਹਨ। ਉਹ ਇੱਕ ਘਮੰਡੀ ਹੈ (ਦਾਨੀ 7:8, 11, 20, 24-25) ਅਤੇ ਕੁਫ਼ਰ ਬੋਲਣ ਵਾਲਾ ਹੈ (7:25) ਜੋ ਸੰਤਾਂ ਉੱਤੇ ਹਮਲਾ ਕਰਦਾ ਹੈ (7:21,25) ਅਤੇ ਉਹਨਾਂ ਨੂੰ ਸਾਢੇ ਤਿੰਨ ਦੇ ਸਾਲਾਂ (ਜਿਵੇਂ ਕਿ ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ, ਦਾਨੀ 7:25) ਲਈ ਆਪਣੇ ਅਧੀਨ ਕਰਦਾ ਹੈ।

> "ਇਹ ਦੇ ਪਿੱਛੋਂ ਮੈਂ ਰਾਤ ਨੂੰ ਦਰਸ਼ਣ ਵਿੱਚ ਦੇਖਿਆ ਅਤੇ ਕੀ ਵੇਖਦਾ ਹਾਂ ਜੋ ਚੌਥਾ ਦਰਿੰਦਾ ਭਿਆਨਕ ਅਤੇ ਡਰਾਉਣਾ ਅਤੇ ਡਾਢਾ ਬਲਵਾਨ ਅਤੇ ਉਹ ਦੇ ਦੰਦ ਲੋਹੇ ਦੇ ਸਨ ਅਤੇ ਵੱਡੇ-ਵੱਡੇ ਸਨ। ਉਹ ਨਿਗਲੀ ਜਾਂਦਾ ਅਤੇ ਟੋਟੇ-ਟੋਟੇ ਕਰ ਦਿੰਦਾ

ਅਤੇ ਵੱਧਦੇ ਨੂੰ ਆਪਣੇ ਪੈਰਾਂ ਹੇਠ ਲਤਾੜਦਾ ਸੀ ਅਤੇ ਇਹ ਉਹਨਾਂ ਸਭਨਾਂ ਦਰਿੰਦਿਆਂ ਨਾਲੋਂ ਜੋ ਉਸ ਦੇ ਪਹਿਲਾਂ ਸਨ ਵੱਖਰਾ ਸੀ, ਅਤੇ ਉਹ ਦੇ ਦਸ ਸਿੰਗ ਸਨ। ਮੈਂ ਉਹਨਾਂ ਸਿੰਗਾਂ ਨੂੰ ਧਿਆਨ ਲਾ ਕੇ ਦੇਖਿਆ ਅਤੇ ਕੀ ਵੇਖਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਹੋਰ **ਨਿੱਕਾ ਜਿਹਾ** ਸਿੰਗ ਨਿੱਕਲਿਆ ਜਿਹ ਦੇ ਅੱਗੇ ਪਹਿਲਿਆਂ ਵਿੱਚੋਂ ਤਿੰਨ ਸਿੰਗ ਮੁੱਢੋਂ ਪੁੱਟੇ ਗਏ ਅਤੇ ਕੀ ਵੇਖਦਾ ਹਾਂ ਕਿ ਉਸ ਸਿੰਗ ਵਿੱਚ ਅੱਖਾਂ ਮਨੁੱਖ ਦੀਆਂ ਅੱਖਾਂ ਵਰਗੀਆਂ ਸਨ ਅਤੇ ਇੱਕ ਮੂੰਹ ਸੀ ਜੋ ਵੱਡੀਆਂ-ਵੱਡੀਆਂ ਗੱਲਾਂ ਬੋਲ ਰਿਹਾ ਸੀ।" [ਦਾਨੀ 7:7-8]

"ਮੈਂ ਦੇਖਿਆ ਕਿ ਉਹੋ **ਸਿੰਗ** ਸੰਤਾਂ ਨਾਲ ਲੜਦਾ ਸੀ ਅਤੇ ਉਹਨਾਂ ਉੱਤੇ ਜਿੱਤ ਪਾ ਲੈਂਦਾ ਸੀ। ਜਦ ਤੱਕ ਅੱਤ ਪ੍ਰਾਚੀਨ ਨਾ ਆਇਆ ਅਤੇ ਅੱਤ ਮਹਾਨ ਦੇ ਸੰਤਾਂ ਦਾ ਨਿਆਂ ਨਾ ਦਿੱਤਾ ਗਿਆ ਅਤੇ ਵੇਲਾ ਨਾ ਆ ਪਹੁੰਚਿਆ ਕਿ ਸੰਤ ਰਾਜ ਵਾਲੇ ਹੋਣ। ਉਹ ਇਉਂ ਬੋਲਿਆ ਕਿ ਚੌਥਾ ਦਰਿੰਦਾ ਚੌਥਾ ਰਾਜਾ ਹੈ ਜੋ ਧਰਤੀ ਵਿੱਚ ਹੋਵੇਗਾ। ਉਹ ਸਭਨਾਂ ਰਾਜਾਂ ਨਾਲੋਂ ਵੱਖਰਾ ਹੋਵੇਗਾ ਅਤੇ ਸਾਰੀ ਪ੍ਰਿਥਵੀ ਨੂੰ ਨਿਗਲ ਜਾਵੇਗਾ ਅਤੇ ਉਹ ਨੂੰ ਲਤਾੜੇਗਾ ਅਤੇ ਉਹ ਨੂੰ ਟੋਟੇ-ਟੋਟੇ ਕਰੇਗਾ। ਉਹ ਦਸ ਸਿੰਗ ਜੋ ਹਨ ਸੋ ਦਸ ਰਾਜੇ ਹਨ ਜੋ ਉਸ ਰਾਜ ਦੇ ਵਿੱਚ ਉੱਠਣਗੇ ਅਤੇ ਉਹਨਾਂ ਦੇ ਪਿੱਛੋਂ ਇੱਕ ਹੋਰ ਉੱਠੇਗਾ ਅਤੇ ਉਹ ਪਹਿਲਿਆਂ ਨਾਲੋਂ ਵੱਖਰਾ ਹੋਵੇਗਾ। ਉਹ ਤਿੰਨਾਂ ਰਾਜਿਆਂ ਉੱਤੇ ਜਿੱਤ ਪਾ ਲਵੇਗਾ। ਉਹ ਅੱਤ ਮਹਾਨ ਪਰਮੇਸ਼ਰ ਦੇ ਵਿਰੁੱਧ ਹੰਕਾਰ ਦੀਆਂ ਗੱਲਾਂ ਬੋਲੇਗਾ ਅਤੇ ਅੱਤ ਮਹਾਨ ਦੇ ਸੰਤਾਂ ਨੂੰ ਦੁੱਖ ਦੇਵੇਗਾ ਅਤੇ ਚਾਹੇਗਾ ਕਿ ਨਿਯੁਕਤ ਸਮਿਆਂ ਅਤੇ ਬਿਵਸਥਾ ਨੂੰ ਬਦਲ ਦੇਵੇ ਅਤੇ ਉਹ ਇਹ ਦੇ ਹੱਥ ਵਿੱਚ ਦਿੱਤੇ ਜਾਣਗੇ ਐਥੋਂ ਤੱਕ ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ ਲੰਘ ਜਾਵੇਗਾ ਤਕਰੀਬਨ ਸਾਢੇ ਤਿੰਨ ਸਾਲ।" [ਦਾਨੀ 7:21-25]

### b. ਆਉਣ ਵਾਲਾ ਦੁਸ਼ਟ ਹਾਕਮ

ਦਾਨੀਏਲ 9:26 ਇੱਕ ਆਉਣ ਵਾਲੇ ਹਾਕਮ ਦਾ ਜ਼ਿਕਰ ਕਰਦਾ ਹੈ ਜੋ ਮਸੀਹ ਦੇ ਉਲਟ ਹੈ। ਉਸ ਦੇ ਲੋਕ (ਸਪੱਸ਼ਟ ਤੌਰ ਤੇ ਰੋਮੀ ਲੋਕ) ਸ਼ਹਿਰ (ਯਰੂਸ਼ਲਮ) ਨੂੰ ਤਬਾਹ ਕਰ ਦੇਣਗੇ ਅਤੇ ਹੈਕਲ ਵਿੱਚ ਬਲੀਦਾਨਾਂ ਨੂੰ ਰੋਕ ਦੇਣਗੇ। ਆਇਤ 27 ਸੱਤ ਸਾਲਾਂ ਦੇ ਸਮੇਂ ਦਾ ਵਰਣਨ ਕਰਦੀ ਹੈ, ਜਿਸ ਨੂੰ ਮਸੀਹ ਬਿਪਤਾ ਦੇ ਸਮੇਂ ਨਾਲ ਜੋੜਦੇ ਹਨ (ਮੱਤੀ 24:15-21)।

"ਅਤੇ ਬਾਹਠਾਂ ਸਾਤਿਆਂ ਦੇ ਪਿੱਛੋਂ ਮਸੀਹ ਵੱਢਿਆ ਜਾਵੇਗਾ ਅਤੇ ਉਹ ਦੇ ਕੋਲ ਕੁਝ ਨਹੀਂ ਹੋਵੇਗਾ। **ਜਿਹੜਾ ਪਾਤਸ਼ਾਹ ਆਵੇਗਾ** ਉਹ ਦੇ ਲੋਕ ਸ਼ਹਿਰ ਅਤੇ ਪਵਿੱਤਰ ਥਾਂ ਨੂੰ ਉਜਾੜਨਗੇ ਅਤੇ ਹੜ੍ਹ ਦੇ ਜ਼ੋਰ ਨਾਲ ਉਹ ਦਾ ਛੇਕੜ ਹੋਵੇਗਾ ਅਤੇ ਅੰਤ ਤੱਕ ਲੜਾਈ ਰਹੇਗੀ ਅਤੇ ਠਹਿਰਾਈਆਂ ਹੋਈਆਂ ਉਜਾੜਾਂ ਹੋਣਗੀਆਂ। ਉਹ ਬਹੁਤਿਆਂ ਦੇ ਨਾਲ ਇੱਕ ਸਾਤੇ ਦੇ ਲਈ ਪੱਕਾ ਨੇਮ ਬੰਨ੍ਹੇਗਾ ਅਤੇ ਸਾਤੇ ਦੇ ਵਿਚਕਾਰ ਉਹ ਬਲੀਆਂ ਅਤੇ ਭੇਟਾਂ ਨੂੰ ਮੁਕਾ ਦੇਵੇਗਾ ਅਤੇ ਘਿਣਾਉਣੀਆਂ ਵਸਤਾਂ ਦੇ ਪਰ ਉੱਤੇ ਇੱਕ ਆਵੇਗਾ ਜੋ ਉਜਾੜਦਾ ਹੈ ਅਤੇ ਪੂਰੇ ਅਤੇ ਠਹਿਰਾਏ ਹੋਏ ਅੰਤ ਤੱਕ ਕ੍ਰੋਧ ਉੱਜੜੇ ਹੋਇਆਂ ਉੱਤੇ ਪਾਇਆ ਜਾਵੇਗਾ।" [ਦਾਨੀ 9:26-27]

### c. ਆਪਣੀ ਮਰਜ਼ੀ ਕਰਨ ਵਾਲਾ ਰਾਜਾ

ਦਾਨੀ 11:35-12:3 ਅੰਤ ਦੇ ਸਮੇਂ ਦੀਆਂ ਘਟਨਾਵਾਂ ਨਾਲ ਸੰਬੰਧਿਤ ਹੈ (ਦੇਖੋ, 11:35 ਅਤੇ 12:1-3)। ਆਪਣੀ ਮਰਜ਼ੀ ਕਰਨ ਵਾਲਾ "ਰਾਜਾ," ਹੋਰ ਸਥਾਨਾਂ ਵਿੱਚ ਮਸੀਹ-ਵਿਰੋਧੀ ਦੇ ਦਿੱਤੇ ਗਏ ਕੁਫ਼ਰ ਬੋਲਣ ਵਾਲੇ ਵਰਣਨ ਦੇ ਅਨੁਸਾਰ ਹੀ ਹੈ (ਖ਼ਾਸ ਕਰਕੇ, ਮੱਤੀ 24:15; 2 ਥੱਸਲੁ 2:3-4; ਪ੍ਰਕਾਸ਼ 13:15)।

"**ਰਾਜਾ ਆਪਣੀ ਇੱਛਿਆ ਦੇ ਅਨੁਸਾਰ ਕੰਮ ਕਰੇਗਾ** ਅਤੇ ਆਪ ਨੂੰ ਉੱਚਾ ਕਰੇਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੇਵਤਿਆਂ ਨਾਲੋਂ ਵੱਡਾ ਜਾਣੇਗਾ ਅਤੇ ਈਸ਼ਵਰਾਂ ਦੇ ਪਰਮੇਸ਼ੁਰ ਦੇ ਵਿਰੁੱਧ ਢੇਰ ਸਾਰੀਆਂ ਅਚਰਜ਼ ਗੱਲਾਂ ਆਖੇਗਾ ਅਤੇ ਭਾਗਵਾਨ ਹੋਵੇਗਾ ਐਥੋਂ ਤੱਕ ਜੋ ਕ੍ਰੋਧ ਦੇ ਦਿਨ ਪੂਰੇ ਹੋਣ ਕਿਉਂਕਿ ਉਹ ਜੋ ਠਹਿਰਾਇਆ ਗਿਆ ਹੈ ਸੋ ਹੋਵੇਗਾ। ਉਹ ਆਪਣੇ ਪੁਰਖਿਆਂ ਦੇ ਦੇਵਤਿਆਂ ਦੀ ਵੱਲ ਕੁਝ ਲੋੜ ਨਾ ਰੱਖੇਗਾ ਅਤੇ ਨਾ ਹੀ ਔਰਤਾਂ ਦੀ, ਨਾ ਹੀ ਕਿਸੇ ਦੇਵਤੇ ਨੂੰ ਮੰਨੇਗਾ ਸਗੋਂ ਆਪ ਨੂੰ ਸਭਨਾਂ ਨਾਲੋਂ ਵੱਡਾ ਜਾਣੇਗਾ। ਪਰ ਉਸ ਦੇ ਥਾਂ ਤੇ ਕੋਟਾਂ ਦੇ ਦਿਓਤੇ ਦਾ ਆਦਰ ਕਰੇਗਾ..." [ਦਾਨੀ 11:36-38a]

### d. ਦੁਸ਼ਟ ਮਨੁੱਖ, ਨਾਸ਼ (ਜਾਂ ਵਿਨਾਸ਼) ਦਾ ਪੁੱਤਰ, ਦੁਸ਼ਟ

ਨਵੇਂ ਨੇਮ ਤੋਂ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਯਰੂਸ਼ਲਮ ਵਿੱਚ ਹੈਕਲ ਦਾ ਮੁੜ ਨਿਰਮਾਣ ਬਿਪਤਾ ਦੇ ਸਮੇਂ ਦੇ ਦੌਰਾਨ (ਜਾਂ ਇਸ ਤੋਂ ਪਹਿਲਾਂ) ਹੋ ਜਾਵੇਗਾ (ਮੱਤੀ 24:15; ਮਰਕੁਸ 13:14; 2 ਥੱਸਲੁ 2:3-4, ਪ੍ਰਕਾਸ਼ 11:1-2)। ਇਹਨਾਂ ਸਾਰੀਆਂ ਵਿਸ਼ੇਸ਼ਤਾਵਾਂ ਨੂੰ ਦਰਸਾਉਣ ਵਾਲੇ ਸਾਰੇ ਨਾਮਾਂ ਵਿੱਚ ਇੱਕ ਸਭ ਤੋਂ ਆਮ ਗੱਲ ਸੰਤਾਂ ਉੱਤੇ ਜ਼ੁਲਮ ਅਤੇ ਹੈਕਲ ਵਿੱਚ ਬੈਠ ਕੇ ਖ਼ੁਦ ਦੀ ਅਰਾਧਨਾ ਦੀ ਮੰਗ ਕਰਨਾ ਅਤੇ ਕੁਫ਼ਰ ਬੋਲਣਾ ਹੈ।

ਕੋਈ ਤੁਹਾਨੂੰ ਕਿਸੇ ਤਰ੍ਹਾਂ ਧੋਖਾ ਨਾ ਦੇਵੇ। ਉਹ ਦਿਨ ਉਸ ਸਮੇਂ ਤੱਕ ਨਹੀਂ ਆਵੇਗਾ, ਜਦੋਂ ਤੱਕ ਕਿ ਵਿਦਰੋਹ ਨਾ ਹੋ ਜਾਵੇ ਅਤੇ **ਦੁਸ਼ਟ ਮਨੁੱਖ ਪ੍ਰਗਟ ਨਾ ਹੋ ਜਾਵੇ** ਜਿਸ ਦਾ ਅੰਤ ਨਾਸ਼ ਹੈ। ਉਹ ਆਪਣੇ ਆਪ ਨੂੰ ਹਰੇਕ ਦੇਵਤੇ ਜਾਂ ਅਰਾਧਨਾ ਕੀਤੀ ਜਾਣ ਵਾਲੀ ਚੀਜ਼ ਤੋਂ ਉੱਚਾ ਕਰੇਗਾ ਅਤੇ ਉਹਨਾਂ ਦਾ ਵਿਰੋਧ ਕਰੇਗਾ। ਇੱਥੋਂ ਤੱਕ ਕਿ ਉਹ ਪਰਮੇਸ਼ਰ ਦੇ ਹੈਕਲ ਵਿੱਚ ਜਾ

ਕੇ ਬੈਠੇਗਾ ਅਤੇ ਦਾਅਵਾ ਕਰੇਗਾ ਕਿ ਉਹ ਪਰਮੇਸ਼ਰ ਹੈ...ਤਦ **ਦੁਸ਼ਟ ਮਨੁੱਖ** ਪ੍ਰਗਟ ਕੀਤਾ ਜਾਵੇਗਾ [2 ਥੱਸਲੁ 2:3-4, 8]

### e. ਬਰਬਾਦੀ ਕਰਨ ਵਾਲੀ ਘਿਨਾਉਣੀ ਚੀਜ਼

"ਬਰਬਾਦੀ ਕਰਨ ਵਾਲੀ ਘਿਨਾਉਣੀ ਚੀਜ਼" (ਮੱਤੀ 24:15) ਅਤੇ ਅੰਤ ਦੇ ਸਮੇਂ ਦੇ ਦੁਸ਼ਟ ਹਾਕਮ ਦੇ ਵਿਚਕਾਰ ਇੱਕ ਸੰਬੰਧ ਹੈ। ਇਹ ਹੋ ਸਕਦਾ ਹੈ ਕਿ "ਘਿਨਾਉਣੀ ਚੀਜ਼" ਹੈਕਲ ਵਿੱਚ ਰੱਖੀ ਗਈ ਮਸੀਹ-ਵਿਰੋਧੀ ਦੀ ਮੂਰਤੀ ਜਾਂ ਫਿਰ ਪ੍ਰਕਾਸ਼ 13:14-15 ਦੀ ਹੈਕਲ ਵਿੱਚ ਖੜ੍ਹੀ ਕੀਤੀ ਪਸ਼ੂ ਦੀ ਮੂਰਤੀ ਹੋਵੇ। ਫਿਰ ਵੀ, ਕਿਉਂਕਿ ਮਸੀਹ-ਵਿਰੋਧੀ ਹੈਕਲ ਵਿੱਚ ਖ਼ੁਦ ਦੀ ਪੂਜਾ ਦੀ ਮੰਗ ਕਰੇਗਾ, ਤਾਂ ਇਹ ਹੋ ਸਕਦਾ ਹੈ ਕਿ "ਘਿਨਾਉਣੀ ਚੀਜ਼" ਦੁਸ਼ਟ ਹਾਕਮ ਹੀ ਹੋਵੇ।

> "ਜਦੋਂ ਤੁਸੀਂ ਬਰਬਾਦੀ ਕਰਨ ਵਾਲੀ **'ਘਿਨਾਉਣੀ ਚੀਜ਼'** ਨੂੰ, ਜਿਸ ਬਾਰੇ ਦਾਨੀਏਲ ਨਬੀ ਨੇ ਭਵਿੱਖਬਾਣੀ ਕੀਤੀ ਸੀ ਪਵਿੱਤਰ ਥਾਂ ਵਿੱਚ ਖੜ੍ਹਾ ਹੋਇਆ ਦੇਖੋ (ਪੜ੍ਹਨ ਵਾਲਾ ਆਪਣੇ ਆਪ ਸਮਝ ਜਾਵੇ), ਤਾਂ ਉਸ ਸਮੇਂ ਜਿਹੜੇ ਯਹੂਦਿਯਾ ਵਿੱਚ ਹੋਣ ਉਹ ਪਹਾੜਾਂ ਵੱਲ ਦੌੜ ਜਾਣ। [ਮੱਤੀ 24:15-16]

### f. ਪਸ਼ੂ

ਪ੍ਰਕਾਸ਼ ਦੀ ਪੋਥੀ ਵਿੱਚ ਪਸ਼ੂ ਬਾਰੇ ਬਹੁਤ ਕੁਝ ਲਿਖਿਆ ਹੋਇਆ ਹੈ। "ਪਸ਼ੂ" ਸਮੁੱਚੇ ਦੁਸ਼ਟ ਸਾਮਰਾਜ ਨੂੰ ਦਰਸਾ ਸਕਦਾ ਹੈ। ਫਿਰ ਵੀ, ਪ੍ਰਕਾਸ਼ ਦੀ ਪੋਥੀ ਕਈ ਵਾਰ "ਪਸ਼ੂ" ਨੂੰ ਇੱਕ ਵਿਅਕਤੀ ਦੇ ਰੂਪ ਵਿੱਚ ਦੇਖਦੀ ਹੈ, ਉਸ ਦੁਸ਼ਟ ਹਾਕਮ ਦੀ ਤਰ੍ਹਾਂ ਜੋ ਪੂਰੇ ਰਾਜ ਦੀ ਨੁਮਾਇੰਦਗੀ ਕਰਦਾ ਹੈ। ਪ੍ਰਕਾਸ਼ ਦੀ ਪੋਥੀ ਵਿੱਚ "ਪਸ਼ੂ" (ਪ੍ਰਕਾਸ਼ 13 ਅਤੇ 17) ਅਤੇ ਅੰਤ ਦੇ ਸਮੇਂ ਦੇ ਹਾਕਮ ਦੇ ਵਰਣਨ ਵਿੱਚ, ਜਿਸ ਦੇ ਹੋਰ ਵੀ ਬਹੁਤ ਨਾਮ ਹਨ (ਨਿੱਕਾ ਜਿਹਾ ਸਿੰਗ, ਦੁਸ਼ਟ ਹਾਕਮ, ਇੱਛਾ ਵਾਲਾ ਰਾਜਾ, ਦੁਸ਼ਟ ਮਨੁੱਖ, ਘਿਨਾਉਣੀ ਚੀਜ਼), ਬਹੁਤ ਸਮਾਨਤਾਵਾਂ ਹਨ। ਇਹਨਾਂ ਸਾਰੇ ਨਾਮਾਂ ਵਿੱਚ ਉਹ ਵਿਅਕਤੀ ਬਾਰੇ ਦੱਸਦੇ ਹਨ ਜੋ ਪਰਮੇਸ਼ਰ ਦੀ ਨਿੰਦਾ ਕਰਦਾ ਹੈ ਅਤੇ ਵਿਸ਼ਵਾਸੀਆਂ ਉੱਤੇ ਅਤਿਆਚਾਰ ਕਰਦਾ ਹੈ। ਪ੍ਰਕਾਸ਼ ਦੀ ਪੋਥੀ 13 ਤੇ 17 ਦੇ "ਪਸ਼ੂ" ਅਤੇ ਦਾਨੀਏਲ 7 ਦੇ "ਨਿੱਕੇ ਸਿੰਗ" ਵਿਚਕਾਰ ਬਹੁਤ ਸਮਾਨਤਾਵਾਂ ਹਨ: (ਦਸ ਸਿੰਗ - ਦਾਨੀ 7:7,20,24; ਪ੍ਰਕਾਸ਼ 13:1; 17:3,7,16-17, ਜੋ ਦਸ ਰਾਜ ਹਨ - ਦਾਨੀ 7:24; ਪ੍ਰਕਾਸ਼ 17:12; ਪੂਜਾ ਦੀ ਮੰਗ ਕਰਨਾ ਅਤੇ ਪਰਮੇਸ਼ਰ ਦੀ ਨਿੰਦਾ ਕਰਨਾ - ਦਾਨੀ 7:8,11,20,24-25; ਪ੍ਰਕਾਸ਼ 13:3,6,8,12,15; ਸੰਤਾਂ ਉੱਤੇ ਯੁੱਧ - ਦਾਨੀ 7:21,25, ਪ੍ਰਕਾਸ਼ 13:7; ਸਾਢੇ ਤਿੰਨ ਸਾਲ ਦਾ ਰਾਜ - ਦਾਨੀ 7:25, ਪ੍ਰਕਾਸ਼ 13:5)। ਪਸ਼ੂ ਅਤੇ ਦੁਸ਼ਟ ਮਨੁੱਖ ਦੋਵੇਂ ਹੀ ਆਪਣੀ ਪੂਜਾ ਦੇ ਲਈ ਝੂਠੇ ਚਿੰਨ੍ਹ-ਚਮਤਕਾਰਾਂ ਦੀ ਵਰਤੋਂ ਕਰਦੇ ਹਨ, ਪ੍ਰਕਾਸ਼ 13:13-15; 2 ਥੱਸਲੁ 2:9-10)।

### g. ਮਸੀਹ-ਵਿਰੋਧੀ

ਮਸੀਹ-ਵਿਰੋਧੀ ਦੇ ਨਾਮਾਂ ਦੀ ਇਸ ਸੂਚੀ ਵਿੱਚ ਵਿਵਾਦਪੂਰਨ ਨਾਮ ਮਸੀਹ-ਵਿਰੋਧੀ ਹੀ ਹੈ। ਇਹ ਨਾਮ ਬਾਈਬਲ ਵਿੱਚ ਪੰਜ ਵਾਰ ਆਉਂਦਾ ਹੈ, ਅਤੇ ਇਹ ਯੂਹੰਨਾ ਦੀਆਂ ਪੱਤਰੀਆਂ ਵਿੱਚ ਹੀ ਮਿਲਦਾ ਹੈ (1 ਯੂਹੰਨਾ 2:18 ਵਿੱਚ ਦੋ ਵਾਰ, ਅਤੇ 2:22, 4:3; 2 ਯੂਹੰਨਾ 7)। ਬਾਈਬਲ ਵਿੱਚ "ਮਸੀਹ-ਵਿਰੋਧੀ" ਨਾਮ ਭਾਵੇਂ ਅੰਤ ਦੇ ਸਮੇਂ ਦੇ ਦੁਸ਼ਟ ਹਾਕਮ ਦੇ ਲਈ ਵਰਤਿਆ ਗਿਆ ਹੋਵੇ ਜਾਂ ਨਾ ਵਰਤਿਆ ਗਿਆ ਹੋਵੇ, ਫਿਰ ਵੀ ਇਹ ਮਸੀਹ-ਵਿਰੋਧੀ ਦੇ ਬਾਰੇ ਇੱਕ ਅਧਿਆਤਮਿਕ ਸ਼ਬਦ ਬਣ ਗਿਆ ਹੈ। ਫਿਰ ਵੀ, "ਮਸੀਹ-ਵਿਰੋਧੀ" ਸ਼ਬਦ ਨੂੰ ਨਿਸ਼ਚਿਤ ਤੌਰ ਤੇ "ਨਿੱਕੇ ਸਿੰਗ, ਆਉਣ ਵਾਲੇ ਦੁਸ਼ਟ ਹਾਕਮ, ਆਪਣੀ ਮਰਜ਼ੀ ਕਰਨ ਵਾਲੇ ਰਾਜਾ, ਘਿਨਾਉਣੀ ਚੀਜ਼, ਦੁਸ਼ਟ ਮਨੁੱਖ, ਪਸ਼ੂ ਦੇ ਬਾਰੇ ਦੱਸਣ ਵਾਲਾ ਸ਼ਬਦ ਮੰਨਣਾ ਚਾਹੀਦਾ ਹੈ (ਖ਼ਾਸ ਕਰਕੇ 1 ਯੂਹੰਨਾ 2:18 ਵਿੱਚ ਉਸ ਦੇ ਸਭ ਤੋਂ ਪਹਿਲੇ ਹਵਾਲੇ ਵਿੱਚ)। ਜੇਕਰ ਯੂਹੰਨਾ ਕਦੇ-ਕਦੇ ਇਸ ਸ਼ਬਦ ਨਾਲ ਇੱਕ ਵਿਅਕਤੀ ਤੋਂ ਜ਼ਿਆਦਾ ਲੋਕਾਂ ਬਾਰੇ ਗੱਲ ਕਰਦਾ ਹੈ, ਤਾਂ ਵੀ ਅੰਤ ਦੇ ਦਿਨਾਂ ਦਾ ਤਾਨਾਸ਼ਾਹ ਦੂਜੇ ਗੈਣ ਮਸੀਹ-ਵਿਰੋਧੀਆਂ ਦੇ ਵਿੱਚੋਂ ਸਭ ਤੋਂ ਵੱਡਾ ਨਮੂਨਾ ਹੈ।

ਪ੍ਰਕਾਸ਼ ਦੀ ਪੋਥੀ 13 ਇੱਕ ਦੂਜੇ ਪਸ਼ੂ ਦਾ ਜ਼ਿਕਰ ਕਰਦਾ ਹੈ ਜਿਸ ਨੂੰ "ਝੂਠਾ ਨਬੀ" ਕਿਹਾ ਗਿਆ ਹੈ (ਪ੍ਰਕਾਸ਼ 13:11-17; 16:13)। ਦੂਜਾ ਪਸ਼ੂ ਪਹਿਲੇ ਪਸ਼ੂ ਦੀ ਪੂਜਾ ਨੂੰ ਉਤਸ਼ਾਹਿਤ ਕਰਨ ਵਾਲੇ ਆਗੂ ਵਜੋਂ ਕੰਮ ਕਰਦਾ ਹੈ। ਕੁਝ ਲੋਕ ਸੋਚਦੇ ਹਨ ਕਿ ਦੂਜਾ ਪਸ਼ੂ (ਝੂਠਾ ਨਬੀ) ਪਹਿਲੇ ਪਸ਼ੂ ਤੋਂ ਜ਼ਿਆਦਾ ਮਸੀਹ ਦੀ ਸਮਾਨਤਾ ਦਰਸਾਉਂਦਾ ਹੈ, ਇਸ ਲਈ ਦੂਜਾ ਪਸ਼ੂ ਹੀ "ਮਸੀਹ ਵਿਰੋਧੀ" ਹੈ। ਮਸੀਹ ਇੱਕ ਨਬੀ ਹਨ। ਦੂਜਾ ਪਸ਼ੂ ਇੱਕ ਨਬੀ ਹੈ। ਮਸੀਹ ਪਰਮੇਸ਼ਰ ਪਿਤਾ ਦੀ ਅਰਾਧਨਾ ਦਾ ਪ੍ਰਚਾਰ ਕਰਦੇ ਹਨ। ਦੂਜਾ ਪਸ਼ੂ ਦੁਸ਼ਟ ਮਨੁੱਖ ਦੀ ਪੂਜਾ ਨੂੰ ਉਤਸ਼ਾਹਿਤ ਕਰਦਾ ਹੈ। ਇਸ ਤਰ੍ਹਾਂ, ਇਹ ਤਰਕ ਦਿੱਤਾ ਜਾਂਦਾ ਹੈ ਕਿ "ਮਸੀਹ ਵਿਰੋਧੀ" ਸ਼ਬਦ ਪਹਿਲੇ ਪਸ਼ੂ ਨਾਲ ਨਹੀਂ ਪਰ ਦੂਜੇ ਪਸ਼ੂ ਨਾਲ ਜ਼ਿਆਦਾ ਫਿੱਟ ਬੈਠਦਾ ਹੈ।

ਇਹ ਯਕੀਨੀ ਤੌਰ ਤੇ ਬਹੁਤ ਘੱਟ ਲੋਕਾਂ ਦਾ ਵਿਚਾਰ ਹੈ, ਅਤੇ ਇਸ ਦੇ ਘੱਟ ਲੋਕਾਂ ਦਾ ਵਿਚਾਰ ਹੋਣ ਦੇ ਕਾਰਨ ਵੀ ਹਨ। ਸ਼ੈਤਾਨ ਦੀ ਤ੍ਰਿਏਕਤਾ ਦੀ ਇੱਕ ਵਧੀਆ ਸਮਾਨੰਤਰ ਉਦਾਹਰਣ ਹੈ (ਦੇਖੋ, ਪ੍ਰਕਾਸ਼ 16:13), ਅਜਗਰ (ਪਰਮੇਸ਼ਰ ਪਿਤਾ), ਪਸ਼ੂ (ਪਰਮੇਸ਼ਰ ਪੁੱਤਰ), ਅਤੇ ਝੂਠਾ ਨਬੀ (ਪਰਮੇਸ਼ਰ ਪਵਿੱਤਰ ਆਤਮਾ)। ਜੇਕਰ ਅਜਗਰ ਪਿਤਾ ਅਤੇ ਝੂਠਾ ਨਬੀ ਪੁੱਤਰ ਦੇ ਸਮਾਨ ਹੈ, ਤਾਂ ਪਵਿੱਤਰ ਆਤਮਾ ਦੇ ਸਮਾਨ ਕੌਣ ਹੋਵੇਗਾ? ਪਹਿਲਾ ਪਸ਼ੂ ਸੰਸਾਰ ਦੇ ਰਾਜ ਨੂੰ ਆਪਣੇ ਕਬਜ਼ੇ ਵਿੱਚ ਲੈਂਦਾ ਹੈ, ਜਿਸ ਦੇ ਅਧਿਕਾਰੀ ਅਸਲ ਵਿੱਚ ਮਸੀਹ ਹਨ। ਇਸ ਲਈ ਪਹਿਲੇ ਪਸ਼ੂ ਨੂੰ ਹੀ "ਮਸੀਹ-ਵਿਰੋਧੀ" ਦੇ ਰੂਪ ਵਿੱਚ ਜਾਣਨਾ ਸਭ ਤੋਂ ਸਹੀ ਹੋਵੇਗਾ -ਇਸ ਭਾਵ ਵਿੱਚ ਕਿ ਉਹ ਖ਼ੁਦ ਮਸੀਹ ਦੀ ਜਗ੍ਹਾ ਲੈਣ ਦੀ ਕੋਸ਼ਿਸ਼ ਕਰੇਗਾ, ਅਤੇ ਇਸ ਲਈ ਵੀ ਕਿ ਉਹ ਮਸੀਹ ਦਾ ਮੁੱਖ ਵਿਰੋਧੀ ਹੋਵੇਗਾ। ਇਹ ਸੱਚ ਹੈ ਕਿ ਮਸੀਹ ਪਰਮੇਸ਼ਰ ਪਿਤਾ ਦੀ ਅਰਾਧਨਾ ਨੂੰ

ਉਤਸ਼ਾਹਿਤ ਕਰਦੇ ਹਨ, ਪਰ ਇਹ ਵੀ ਓਨਾ ਹੀ ਸੱਚ ਹੈ ਕਿ ਉਹ ਖ਼ੁਦ ਹੀ ਅਰਾਧਨਾ ਦਾ ਪਾਤਰ ਹਨ ਅਤੇ ਪਵਿੱਤਰ ਆਤਮਾ ਮਸੀਹ ਦੀ ਅਰਾਧਨਾ ਨੂੰ ਉਤਸ਼ਾਹਿਤ ਕਰਦਾ ਹੈ (ਯੂਹੰਨਾ 16:14)। ਜੇਕਰ ਸਾਨੂੰ ਦੂਜੇ ਪਸ਼ੂ ਨੂੰ ਤ੍ਰਿਏਕ ਪਰਮੇਸ਼ਰ ਦੇ ਕਿਸੇ ਮੈਂਬਰ ਨਾਲ ਜੋੜਨਾ ਹੈ, ਤਾਂ ਪਵਿੱਤਰ ਆਤਮਾ ਇਸ ਦਾ ਪੁੱਤਰ ਨਾਲੋਂ ਬਿਹਤਰ ਉਮੀਦਵਾਰ ਹੈ। ਝੂਠਾ ਨਬੀ ਅਸਲ ਵਿੱਚ ਏਲੀਯਾਹ ਦੀ **ਭੂਮਿਕਾ** ਅਤੇ ਸ਼ਕਤੀ ਵਿੱਚ ਕੰਮ ਕਰਦਾ ਹੈ (ਪ੍ਰਕਾਸ਼ 13:13, ਸਵਰਗ ਤੋਂ ਅੱਗ, ਨਬੀ, **ਰਾਜਦੂਤ**, ਦੇਖੋ, ਮਲਾਕੀ 4:5)। ਪਹਿਲੇ ਪਸ਼ੂ ਨੂੰ ਮਸੀਹ ਦੇ ਸਮਾਨੰਤਰ ਰੂਪ ਵਿੱਚ ਦੇਖਣਾ ਜ਼ਿਆਦਾ ਵਧੀਆ ਹੈ। ਇਸ ਤਰ੍ਹਾਂ, "ਮਸੀਹ ਵਿਰੋਧੀ" ਨਾਮ ਉਸ ਦੇ ਲਈ ਹੀ ਇੱਕ ਢੁੱਕਵਾਂ ਨਾਮ ਹੈ।

### 3. ਮਸੀਹ-ਵਿਰੋਧੀ ਦਾ ਵਿਸ਼ਵ ਦੇ ਹਾਕਮ ਦੇ ਰੂਪ ਵਿੱਚ ਪ੍ਰਗਟ ਹੋਣਾ

#### a. ਮਸੀਹ-ਵਿਰੋਧੀ ਦੇ ਪ੍ਰਗਟ ਹੋਣ ਦਾ ਸਮਾਂ

ਮਸੀਹ-ਵਿਰੋਧੀ ਉਦੋਂ ਤੱਕ ਰਾਜ ਨਹੀਂ ਕਰ ਸਕਦਾ ਜਦੋਂ ਤੱਕ ਪਰਮੇਸ਼ਰ ਇਸ ਦੀ ਆਗਿਆ ਨਹੀਂ ਦਿੰਦੇ ਹਨ (ਪ੍ਰਕਾਸ਼ 6:1-2)। 2 ਥੱਸਲੁਨੀਕੀਆਂ 2 ਵਿੱਚ ਉਸ ਨੂੰ ਰੋਕਣ ਵਾਲਾ ਪਵਿੱਤਰ ਆਤਮਾ ਹੈ। ਜਦੋਂ ਤੱਕ ਪਰਮੇਸ਼ਰ ਚਾਹੁੰਦੇ ਹਨ, ਉਦੋਂ ਤੱਕ ਪਵਿੱਤਰ ਆਤਮਾ ਦੁਸ਼ਟ ਮਨੁੱਖ ਨੂੰ ਪ੍ਰਗਟ ਹੋਣ ਤੋਂ ਰੋਕਦਾ ਹੈ। ਪਵਿੱਤਰ ਆਤਮਾ ਦੀ ਇਸ ਰੋਕਣ ਵਾਲੀ ਸੇਵਕਾਈ ਨੂੰ ਹਟਾਉਣ ਦਾ ਵਿਚਾਰ ਇਹ ਸਾਬਤ ਕਰਨ ਦੇ ਲਈ ਕਾਫ਼ੀ ਹੈ (ਪਰ ਇਹ ਆਪਣੇ ਆਪ ਵਿੱਚ ਪੂਰੀ ਤਰ੍ਹਾਂ ਸਾਬਤ ਕਰਨ ਦੇ ਲਈ ਕਾਫ਼ੀ ਨਹੀਂ ਹੈ) ਕਿ ਮਸੀਹ ਵਿਰੋਧੀ ਦੇ ਸੱਤਾ ਪਾਉਣ ਤੋਂ ਪਹਿਲਾਂ ਕਲੀਸਿਯਾ ਨੂੰ ਉਠਾਇਆ ਜਾਵੇਗਾ। ਬਿਪਤਾ ਤੋਂ ਪਹਿਲਾਂ ਰੈਪਚਰ ਬਾਰੇ ਇੱਕ ਜ਼ਿਆਦਾ ਸਪੱਸ਼ਟ ਰੂਪ ਵਿੱਚ ਸਿਖਾਉਣ ਵਾਲੇ ਵਚਨ 2 ਥੱਸਲੁਨੀਕੀਆਂ 2 ਦੇ ਸੰਕੇਤ ਨੂੰ ਜ਼ਿਆਦਾ ਨਿਸ਼ਚਿਤ ਬਣਾ ਦਿੰਦੇ ਹਨ ਕਿ ਪਵਿੱਤਰ ਆਤਮਾ ਦੀ ਰੋਕਣ ਵਾਲੀ ਸੇਵਕਾਈ ਦੇ ਹਟਾਏ ਜਾਣ ਦੇ ਨਾਲ ਹੀ ਕਲੀਸਿਯਾ ਨੂੰ ਵੀ ਉਠਾਇਆ ਜਾਵੇਗਾ। ਰੋਕਣ ਵਾਲੇ ਦੇ ਹਟਾਏ ਜਾਣ ਅਤੇ ਕਲੀਸਿਯਾ ਦੇ ਉਠਾਏ ਜਾਣ ਤੋਂ ਬਾਅਦ, ਬੁਰਾਈ ਬਹੁਤ ਜ਼ਿਆਦਾ ਵੱਧ ਜਾਵੇਗੀ। ਫਿਰ ਮਸੀਹ-ਵਿਰੋਧੀ ਦਾ ਅਜਿਹੀ ਬੁਰਾਈ ਦੁਆਰਾ ਪੈਦਾ ਕੀਤੀ ਗਈ ਗੜਬੜ ਵਿੱਚੋਂ ਪ੍ਰਗਟ ਹੋ ਜਾਣਾ ਸੰਭਵ ਹੋ ਜਾਵੇਗਾ। ਅਤੇ ਉਦੋਂ ਉਹ ਦਾਅਵਾ ਕਰੇਗਾ ਕਿ ਉਸ ਕੋਲ ਸੰਸਾਰ ਦੀ ਇਸ ਗੜਬੜ ਦਾ ਹੱਲ ਹੈ।

> ਤੁਸੀਂ ਇਹ ਵੀ ਜਾਣਦੇ ਹੋ ਕਿ ਕਿਸ ਚੀਜ਼ ਨੇ ਦੁਸ਼ਟ ਮਨੁੱਖ ਨੂੰ ਅੱਜ ਤੱਕ ਰੋਕਿਆ ਹੋਇਆ ਹੈ। ਉਹ **ਆਪਣੇ ਸਿੱਥੇ ਸਮੇਂ ਉੱਤੇ** ਪ੍ਰਗਟ ਕੀਤਾ ਜਾਵੇਗਾ। ਕਿਉਂਕਿ ਗੁਪਤ ਦੁਸ਼ਟਤਾ ਇਸ ਸਮੇਂ ਵੀ ਕੰਮ ਕਰ ਰਹੀ ਹੈ ਪਰ ਇਹ ਉਸ ਸਮੇਂ ਤੱਕ ਗੁਪਤ ਰਹੇਗੀ ਜਦੋਂ ਤੱਕ ਕਿ ਇਸ ਨੂੰ ਰੋਕਣ ਵਾਲਾ ਦੂਰ ਨਾ ਕੀਤਾ ਜਾਵੇ। ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ ਜਿਸ ਨੂੰ ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ ਮਾਰ ਦੇਣਗੇ ਅਤੇ ਆਪਣੇ ਤੇਜ ਦੇ ਨਾਲ ਉਸ ਦਾ ਨਾਸ਼ ਕਰ ਦੇਣਗੇ। [2 ਥੱਸਲੁ 2:6-8]

#### b. ਅਸਪੱਸ਼ਟ ਸ਼ੁਰੂਆਤ

ਅਧੂਰੀ ਜਾਣਕਾਰੀ ਰੱਖਣ ਵਾਲੇ ਲੋਕ, ਮਸੀਹ-ਵਿਰੋਧੀ ਦੀ ਪਛਾਣ ਬਾਰੇ ਬਹੁਤ ਸਾਰੇ ਸਨਸਨੀ ਅੰਦਾਜ਼ੇ ਲਗਾਉਂਦੇ ਹਨ। ਪਰ ਉਸ ਦਾ "ਨਿੱਕਾ ਸਿੰਗ" ਨਾਮ (ਦਾਨੀ 7:7-8) ਇਹ ਸੰਕੇਤ ਦਿੰਦਾ ਹੈ ਕਿ ਉਸ ਦਾ ਪ੍ਰਗਟ ਹੋਣਾ ਅਣਜਾਣ ਤਰੀਕੇ ਨਾਲ ਹੋਵੇਗਾ। ਉਹ ਦਸ ਸਿੰਗਾਂ (10 ਰਾਜਿਆਂ) ਵਿੱਚੋਂ ਪ੍ਰਗਟ ਹੋਵੇਗਾ, ਪਰ ਉਹਨਾਂ ਵਿੱਚੋਂ ਇੱਕ ਨਹੀਂ ਹੋਵੇਗਾ। ਮਸੀਹ-ਵਿਰੋਧੀ ਸੰਸਾਰ ਦਾ ਤਾਨਾਸ਼ਾਹ ਬਣ ਜਾਣ ਵਾਲਾ ਇੱਕ ਉਮੀਦਵਾਰ ਹੋਵੇਗਾ। ਰੈਪਚਰ ਤੋਂ ਪਹਿਲਾਂ ਜੀ ਰਹੇ ਲੋਕਾਂ ਦੁਆਰਾ ਉਸ ਦੀ ਪਛਾਣ ਕਰਨ ਦੀ ਕੋਸ਼ਿਸ਼ ਸਿਰਫ਼ ਸਮੇਂ ਦੀ ਬਰਬਾਦੀ ਹੀ ਹੈ। ਰੈਪਚਰ ਤੋਂ ਬਾਅਦ ਹੀ "ਨਿੱਕਾ ਸਿੰਗ" ਆਪਣੀ ਸੱਤਾ ਪਾਉਣ ਦੇ ਲਈ ਅਚਾਨਕ ਪ੍ਰਗਟ ਹੋਣਾ ਸ਼ੁਰੂ ਕਰੇਗਾ।

> "ਮੈਂ ਉਹਨਾਂ ਸਿੰਗਾਂ ਨੂੰ ਧਿਆਨ ਲਾ ਕੇ ਦੇਖਿਆ ਅਤੇ ਕੀ ਵੇਖਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਹੋਰ **ਨਿੱਕਾ ਜਿਹਾ** ਸਿੰਗ ਨਿੱਕਲਿਆ ਜਿਹ ਦੇ ਅੱਗੇ ਪਹਿਲਿਆਂ ਵਿੱਚੋਂ ਤਿੰਨ ਸਿੰਗ ਮੁੱਢੋਂ ਪੁੱਟੇ ਗਏ ਅਤੇ ਕੀ ਵੇਖਦਾ ਹਾਂ ਕਿ ਉਸ ਸਿੰਗ ਵਿੱਚ ਅੱਖਾਂ ਮਨੁੱਖ ਦੀਆਂ ਅੱਖਾਂ ਵਰਗੀਆਂ ਸਨ ਅਤੇ ਇੱਕ ਮੂੰਹ ਸੀ ਜੋ ਵੱਡੀਆਂ-ਵੱਡੀਆਂ ਗੱਲਾਂ ਬੋਲ ਰਿਹਾ ਸੀ।" [ਦਾਨੀ 7:8]

#### c. ਇਸਰਾਏਲ ਨਾਲ ਸੰਧੀ

ਮਸੀਹ-ਵਿਰੋਧੀ ਬਿਪਤਾ ਦੇ ਸ਼ੁਰੂ ਵਿੱਚ ਇਸਰਾਏਲ ਦੇ ਨਾਲ ਇੱਕ ਸੰਧੀ ਕਰੇਗਾ। ਉਸ ਸਮੇਂ ਤੱਕ ਸੰਸਾਰ ਉੱਤੇ ਰਾਜ ਨਹੀਂ ਕਰ ਰਿਹਾ ਹੋਵੇਗਾ, ਫਿਰ ਵੀ ਯਹੂਦੀ ਉਸ ਦੇ ਸਮਰਥਨ ਦਾ ਬਹੁਤ ਸਵਾਗਤ ਕਰਨਗੇ। ਇਹ ਅੰਦਾਜ਼ਾ ਲਗਾਉਣਾ ਸੌਖਾ ਹੈ ਕਿ ਹੈਕਲ ਦੇ ਪੁਨਰ ਨਿਰਮਾਣ ਦੇ ਕਾਰਨ ਛੋਟੇ ਜਿਹੜੇ ਇਸਰਾਏਲ ਦੇਸ਼ ਦੇ ਬਹੁਤ ਸਾਰੇ ਵੱਡੇ ਦੇਸ਼ ਵੈਰੀ ਬਣ ਜਾਣਗੇ, ਅਤੇ ਉਸ ਨੂੰ ਪੱਛਮ ਵਿੱਚ "ਮਿੱਤਰਾਂ" ਦੀ ਲੋੜ ਹੋਵੇਗੀ।

> "ਉਹ ਬਹੁਤਿਆਂ ਦੇ ਨਾਲ ਇੱਕ ਸਾਤੇ ਦੇ ਲਈ ਪੱਕਾ ਨੇਮ ਬੰਨ੍ਹੇਗਾ…" [ਦਾਨੀ 9:27]

#### d. ਰੋਮੀ ਸਾਮਰਾਜ ਦੇ ਅੰਦਰ ਸੱਤਾ ਪ੍ਰਾਪਤ ਕਰਨਾ

ਮਸੀਹ-ਵਿਰੋਧੀ ਸੰਸਾਰ ਨੂੰ ਆਪਣੇ ਵੱਸ ਵਿੱਚ ਕਰਨ ਦੇ ਲਈ ਬਿਪਤਾ ਦੀ ਸ਼ੁਰੂਆਤ ਨਹੀਂ ਕਰੇਗਾ। ਉਸ ਨੂੰ ਪਹਿਲਾਂ ਹੌਲੀ-ਹੌਲੀ ਇਸ ਨੂੰ ਜਿੱਤਣਾ ਹੈ (ਪ੍ਰਕਾਸ਼ 6:2)। ਆਪਣੇ ਪਹਿਲੇ ਕਦਮ ਵਿੱਚ ਉਹ ਪੁਨਰ-ਸੁਰਜੀਤ ਰੋਮੀ ਸਾਮਰਾਜ ਨੂੰ ਆਪਣੇ ਵੱਸ ਵਿੱਚ ਕਰ ਲਵੇਗਾ। ਨਵਾਂ ਰੋਮ ਇੱਕ ਮੂਲ ਰੂਪ ਵਿੱਚ ਦਸ ਰਾਸ਼ਟਰਾਂ ਦਾ ਸੰਘ ਹੋਵੇਗਾ। ਮਸੀਹ-ਵਿਰੋਧੀ ਇਹਨਾਂ ਵਿੱਚੋਂ ਤਿੰਨ ਰਾਜਿਆਂ ਨੂੰ ਨਸ਼ਟ ਕਰ ਦੇਵੇਗਾ ਅਤੇ ਪੂਰੇ ਸਾਮਰਾਜ ਉੱਤੇ ਕਬਜ਼ਾ ਕਰ ਲਵੇਗਾ। ਦਾਨੀਏਲ ਦੀ ਪੁਸਤਕ ਅਤੇ ਪ੍ਰਕਾਸ਼ ਦੀ ਪੋਥੀ ਦਸ ਅੰਗੂਠੇ (ਦਾਨੀ 2:41) ਅਤੇ ਦਸ ਸਿੰਗਾਂ (ਦਾਨੀ

7:7, 20,24; ਪ੍ਰਕਾਸ਼ 12:3; 13:1; 17:3,7,16) ਦੀ ਗੱਲ ਕਰਦੀਆਂ ਹਨ। ਦਾਨੀ 7:24 ਅਤੇ ਪ੍ਰਕਾਸ਼ 17:12 ਇਹ ਸਪੱਸ਼ਟ ਕਰਦੇ ਹਨ ਕਿ ਦਸ ਸਿੰਗਾ ਰਾਜਿਆਂ ਅਤੇ ਰਾਜ ਦਾ ਹਵਾਲਾ ਦਿੰਦੇ ਹਨ।

> "ਉਹ **ਦਸ ਸਿੰਗ** ਜੋ ਹਨ ਸੋ **ਦਸ ਰਾਜੇ** ਹਨ ਜੋ ਉਸ ਰਾਜ ਦੇ ਵਿੱਚ ਉੱਠਣਗੇ..." [ਦਾਨੀ 7:24 ]
>
> "ਜਿਹੜੇ **ਦਸ ਸਿੰਗ** ਤੂੰ ਦੇਖੇ ਹਨ, ਉਹ **ਦਸ ਰਾਜੇ** ਹਨ..." [ਪ੍ਰਕਾਸ਼ 17:12 ]

ਦਾਨੀਏਲ 7:8 ਅਤੇ 7:24 ਇਹ ਸੋਚਣ ਦਾ ਆਧਾਰ ਦਿੰਦੇ ਹਨ ਕਿ ਮਸੀਹ-ਵਿਰੋਧੀ ਨਵੇਂ ਰੋਮ ਦੀ ਜਿੱਤ ਵਿੱਚ ਤਿੰਨ ਰਾਜਿਆਂ ਨੂੰ ਤਬਾਹ ਕਰ ਦੇਵੇਗਾ।

> "ਮੈਂ ਉਹਨਾਂ ਸਿੰਗਾਂ ਨੂੰ ਧਿਆਨ ਲਾ ਕੇ ਦੇਖਿਆ ਅਤੇ ਕੀ ਵੇਖਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਹੋਰ ਨਿੱਕਾ ਜਿਹਾ ਸਿੰਗ ਨਿੱਕਲਿਆ ਜਿਹ ਦੇ ਅੱਗੇ ਪਹਿਲਿਆਂ ਵਿੱਚੋਂ **ਤਿੰਨ ਸਿੰਗ ਮੁੱਢੋਂ ਪੁੱਟੇ ਗਏ** ਅਤੇ ਕੀ ਵੇਖਦਾ ਹਾਂ ਕਿ ਉਸ ਸਿੰਗ ਵਿੱਚ ਅੱਖਾਂ ਮਨੁੱਖ ਦੀਆਂ ਅੱਖਾਂ ਵਰਗੀਆਂ ਸਨ ਅਤੇ ਇੱਕ ਮੂੰਹ ਸੀ ਜੋ ਵੱਡੀਆਂ-ਵੱਡੀਆਂ ਗੱਲਾਂ ਬੋਲ ਰਿਹਾ ਸੀ...ਉਹ ਦਸ ਸਿੰਗ ਜੋ ਹਨ ਸੋ ਦਸ ਰਾਜੇ ਹਨ ਜੋ ਉਸ ਰਾਜ ਦੇ ਵਿੱਚ ਉੱਠਣਗੇ ਅਤੇ ਉਹਨਾਂ ਦੇ ਪਿੱਛੋਂ ਇੱਕ ਹੋਰ ਉੱਠੇਗਾ ਅਤੇ ਉਹ ਪਹਿਲਿਆਂ ਨਾਲੋਂ ਵੱਖਰਾ ਹੋਵੇਗਾ। ਉਹ **ਤਿੰਨਾਂ ਰਾਜਿਆਂ ਉੱਤੇ ਜਿੱਤ ਪਾ ਲਵੇਗਾ**" [ਦਾਨੀ 7:8,24]

ਇੱਕ ਸਪੱਸ਼ਟ ਰੂਪ ਵਿੱਚ, ਮਸੀਹ-ਵਿਰੋਧੀ ਨਾਸ਼ ਕੀਤੇ ਗਏ ਤਿੰਨ ਰਾਜਿਆਂ ਦੀ ਜਗ੍ਹਾ ਆਪਣੇ ਹਾਕਮਾਂ ਨੂੰ ਨਿਯੁਕਤ ਕਰੇਗਾ, ਅਤੇ ਫਿਰ ਪੂਰੇ ਸਾਮਰਾਜ ਉੱਤੇ ਰਾਜ ਕਰੇਗਾ ਜਿਸ ਵਿੱਚ ਸਾਰੇ ਦਸ ਰਾਜੇ ਉਸ ਦੇ ਅਧੀਨ ਹੋ ਜਾਣਗੇ (ਦੇਖੋ, ਪ੍ਰਕਾਸ਼ 17:12-13)। ਨਵੇਂ ਰੋਮ ਉੱਤੇ ਉਸ ਦਾ ਅਧਿਕਾਰ ਬਿਪਤਾ ਦੇ ਪਹਿਲੇ ਅੱਧ ਵਿੱਚ (ਜਾਂ ਬਿਪਤਾ ਦੇ ਦੂਜੇ ਅੱਧ ਦੇ ਸ਼ੁਰੂ ਹੁੰਦੇ ਹੀ) ਹੋ ਜਾਣਾ ਚਾਹੀਦਾ ਹੈ। ਇਸ ਅਨੁਮਾਨ ਦਾ ਆਧਾਰ ਇਹ ਤੱਥ ਹੈ ਕਿ ਉਹ ਸਾਢੇ ਤਿੰਨ ਸਾਲ ਤੱਕ ਪੂਰੇ ਸੰਸਾਰ ਨੂੰ ਆਪਣੇ ਕਾਬੂ ਵਿੱਚ ਕਰ ਲਵੇਗਾ (ਦੇਖੋ, ਦਾਨੀ 7:25; ਪ੍ਰਕਾਸ਼ 13:5)।

### e. ਮਸੀਹ-ਵਿਰੋਧੀ ਅਤੇ ਇਸਰਾਏਲ ਉੱਤੇ ਰੂਸ ਦਾ ਹਮਲਾ

ਦਾਨੀ 11:36ff ਅਤੇ ਹਿਜ਼ਕੀ 38-39 ਤੋਂ ਮਿਲੇ ਸਬੂਤ ਅੱਗੇ ਆਉਣ ਵਾਲੇ ਭਾਗ ਵਿੱਚ ਦਿੱਤੇ ਜਾਣਗੇ। ਜੇਕਰ ਦਾਨੀਏਲ 11 ਦੇ ਅੰਤ ਵਿੱਚ ਉੱਤਰ ਦੇ ਰਾਜੇ ਨੂੰ ਹਿਜ਼ਕੀਏਲ 38-39 ਦੇ "ਮਾਗੋਗ ਦੇ ਗੋਗ" ਦੇ ਰੂਪ ਵਿੱਚ ਪਛਾਣਿਆ ਜਾਂਦਾ ਹੈ, ਤਾਂ ਇਸਰਾਏਲ ਉੱਤੇ ਉੱਤਰੀ ਗਠਜੋੜ (ਰੂਸ ਅਤੇ ਸਹਿਯੋਗੀ) ਦੇ ਹਮਲੇ ਵਿੱਚ ਮਸੀਹ-ਵਿਰੋਧੀ ਵੀ ਕੁਝ ਭੂਮਿਕਾ ਨਿਭਾਉਂਦਾ ਹੈ। ਕੁਝ ਲੋਕ ਇਹ ਅੰਦਾਜ਼ਾ ਲਗਾਉਂਦੇ ਹਨ ਕਿ ਬਿਪਤਾ ਦੇ ਮੱਧ ਵਿੱਚ ਮਸੀਹ-ਵਿਰੋਧੀ ਦੁਆਰਾ ਇਸਰਾਏਲ ਨਾਲ ਸ਼ਾਂਤੀ ਦੀ ਸੰਧੀ ਦੀ ਕਿਸੇ ਤਰ੍ਹਾਂ ਦੀ ਉਲੰਘਣਾ ਦੇ ਕਾਰਨ ਹੀ ਰੂਸ ਕੋਲ ਬੇਸਹਾਰਾ ਇਸਰਾਏਲ ਉੱਤੇ ਹਮਲਾ ਕਰਨ ਦੀ ਹਿੰਮਤ ਹੋਵੇਗੀ। ਦੂਜੇ ਪਾਸੇ, ਕਿਉਂਕਿ ਰੂਸੀ ਹਮਲੇ ਤੋਂ ਪਹਿਲਾਂ ਇਸਰਾਏਲ ਸੁਰੱਖਿਆ ਮਹਿਸੂਸ ਕਰਦਾ ਹੈ (ਹਿਜ਼ਕੀ 38:8,11,14), ਤਾਂ ਸ਼ਾਇਦ ਇਹ ਮੰਨਣਾ ਜ਼ਿਆਦਾ ਸਹੀ ਹੋਵੇਗਾ ਕਿ ਇਸਰਾਏਲ ਉਦੋਂ ਵੀ ਇਹ ਸੋਚ ਰਿਹਾ ਹੋਵੇਗਾ ਕਿ ਮਸੀਹ-ਵਿਰੋਧੀ ਉਸ ਦਾ ਰੱਖਿਅਕ ਹੈ (ਹਾਲਾਂਕਿ ਉਸ ਨੇ ਰੂਸ ਨੂੰ ਇਸਰਾਏਲ ਉੱਤੇ ਇੱਕ ਗੁਪਤ ਹਮਲੇ ਦੀ ਪਹਿਲਾਂ ਹੀ ਜਾਣਕਾਰੀ ਦੇ ਦਿੱਤੀ ਹੋਵੇਗੀ)। ਸੰਧੀ ਨੂੰ ਭਾਵੇਂ ਤੋੜਿਆ ਜਾਵੇ ਜਾਂ ਨਾ ਤੋੜਿਆ ਜਾਵੇ, ਪਰ ਮਸੀਹ-ਵਿਰੋਧੀ ਇਸ ਲੜਾਈ ਵਿੱਚ ਕੋਈ ਨਾ ਕੋਈ ਭੂਮਿਕਾ ਜ਼ਰੂਰ ਨਿਭਾਉਂਦਾ ਹੈ।

ਹੋ ਸਕਦਾ ਹੈ ਕਿ ਇਸ ਤੋਂ ਪਹਿਲਾਂ ਕਿ ਮਸੀਹ-ਵਿਰੋਧੀ ਨੂੰ ਇਸਰਾਏਲ ਦੇ ਅੰਦਰ ਰੂਸ ਦੇ ਵਿਰੁੱਧ ਪੂਰੀ ਤਰ੍ਹਾਂ ਗਤੀਸ਼ੀਲ ਹੋਣ ਦਾ ਮੌਕਾ ਮਿਲੇ, ਪਰਮੇਸ਼ਰ ਮਾਗੋਗ ਨੂੰ ਨਾਸ਼ ਕਰ ਦੇਣ, ਪਰ ਦਾਨੀਏਲ 11:42ff ਮਸੀਹ-ਵਿਰੋਧੀ ਨੂੰ ਉੱਤਰ-ਪੂਰਬੀ ਅਫ਼ਰੀਕਾ ਉੱਤੇ ਹਮਲਾ ਕਰਦਾ ਹੋਇਆ ਦਰਸਾਉਂਦਾ ਹੈ, ਉਹ ਇਹ ਜਾਂ ਤਾਂ ਰੂਸ ਦੇ ਸਹਿਯੋਗੀਆਂ ਦਾ ਮੁਕਾਬਲਾ ਕਰਨ ਦੇ ਲਈ ਕਰਦਾ ਹੈ ਅਤੇ ਜਾਂ ਉਹਨਾਂ ਨੂੰ ਖ਼ਤਮ ਕਰਨ ਦੇ ਲਈ ਆਉਂਦਾ ਹੈ।

> "ਰਾਜਾ ਆਪਣੀ ਇੱਛਿਆ ਦੇ ਅਨੁਸਾਰ ਕੰਮ ਕਰੇਗਾ ਅਤੇ ਆਪ ਨੂੰ ਉੱਚਾ ਕਰੇਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੇਵਤਿਆਂ ਨਾਲੋਂ ਵੱਡਾ ਜਾਣੇਗਾ ਅਤੇ ਈਸ਼ਵਰਾਂ ਦੇ ਪਰਮੇਸ਼ਰ ਦੇ ਵਿਰੁੱਧ ਢੇਰ ਸਾਰੀਆਂ ਅਚਰਜ਼ ਗੱਲਾਂ ਆਖੇਗਾ ਅਤੇ ਭਾਗਵਾਨ ਹੋਵੇਗਾ ਐਥੋਂ ਤੱਕ ਜੋ ਕ੍ਰੋਧ ਦੇ ਦਿਨ ਪੂਰੇ ਹੋਣ ਕਿਉਂਕਿ ਉਹ ਜੋ ਠਹਿਰਾਇਆ ਗਿਆ ਹੈ ਸੋ ਹੋਵੇਗਾ...ਅਤੇ ਅਖ਼ੀਰ ਦੇ ਸਮੇਂ ਵਿੱਚ ਦੱਖਣ ਦਾ ਰਾਜਾ ਉਸ ਨੂੰ ਧੱਕ ਦੇਵੇਗਾ ਅਤੇ ਉੱਤਰ ਦਾ ਰਾਜਾ ਰੱਥ ਅਤੇ ਘੋੜ ਚੜ੍ਹੇ ਅਤੇ ਬਹੁਤੇ ਜਹਾਜ਼ ਲੈ ਕੇ ਵਾਵਰੋਲੇ ਵਾਂਗੂੰ ਉਸ ਦੇ ਉੱਤੇ ਚੜ੍ਹਾਈ ਕਰੇਗਾ ਅਤੇ ਉਹਨਾਂ ਦੇਸਾਂ ਵਿੱਚ ਵੜੇਗਾ ਅਤੇ ਆਫ਼ਰੇਗਾ ਅਤੇ ਲੰਘੇਗਾ। ਪ੍ਰਤਾਪਵਾਨ ਦੇਸ ਵਿੱਚ ਵੀ ਵੜੇਗਾ ਅਤੇ ਬਹੁਤ ਢਾਹੇ ਜਾਣਗੇ...ਉਹ ਆਪਣਾ ਹੱਥ ਦੇਸਾਂ ਉੱਤੇ ਚਲਾਵੇਗਾ ਅਤੇ ਮਿਸਰ ਦੇਸ ਵੀ ਛੁਟਕਾਰਾ ਨਾ ਪਾਏਗਾ। ਪਰ ਉਹ ਸੋਨੇ, ਚਾਂਦੀ ਦੇ ਖਜ਼ਾਨਿਆਂ ਅਤੇ ਮਿਸਰ ਦੇਸ ਦਿਆਂ ਸਾਰਿਆਂ ਪਦਾਰਥਾਂ ਉੱਤੇ ਜ਼ੋਰ ਰੱਖੇਗਾ ਅਤੇ ਲੂਬੀ ਅਤੇ ਕੂਸ਼ੀ ਉਸ ਦੇ ਮਗਰ ਲੱਗਣਗੇ।" [ਦਾਨੀ 11:36, 40-41a, 42-43]

ਮਸੀਹ-ਵਿਰੋਧੀ ਨੂੰ ਯਕੀਨੀ ਤੌਰ ਤੇ ਰੂਸ ਦੀ ਅਗਵਾਈ ਵਾਲੇ ਉੱਤਰੀ ਸੰਘ ਦਾ ਨਾਸ਼ ਕਰਨ ਦੁਆਰਾ ਲਾਭ ਹੋਵੇਗਾ। ਇਹ ਸੁਣਨ ਵਿੱਚ ਅਜੀਬ ਜ਼ਰੂਰ ਲੱਗਦਾ ਹੈ, ਪਰ ਰੂਸ ਦੇ ਨਾਸ਼ ਦੁਆਰਾ ਪਰਮੇਸ਼ਰ ਅਸਿੱਧੇ ਤੌਰ ਤੇ ਮਸੀਹ-ਵਿਰੋਧੀ ਦੀ ਮਦਦ ਕਰਨਗੇ। ਫਿਰ ਵੀ, ਇਹ ਪਰਮੇਸ਼ਰ ਦੀ

ਯੋਜਨਾ ਦੇ ਅੱਗੇ ਵਧਣ ਦਾ ਸਮਾਂ ਹੋਵੇਗਾ ਜਿਸ ਵਿੱਚ ਸੰਸਾਰ ਦਾ ਪਹਿਲਾ ਵਿਸ਼ਵ-ਵਿਆਪੀ ਤਾਨਾਸ਼ਾਹ ਸ਼ਾਮਲ ਰਹੇਗਾ। ਮਸੀਹ-ਵਿਰੋਧੀ ਤੁਰੰਤ ਹੀ ਇਸਰਾਏਲ, ਮਿਸਰ, ਲੂਬੀ, ਅਤੇ ਕੂਸ਼ ਦੇਸਾਂ ਉੱਤੇ ਚਲਾਵੇਗਾ ਅਤੇ ਮਿਸਰ ਦੇਸ ਵੀ ਛੁਟਕਾਰਾ ਨਾ ਪਾਏਗਾ। ਪਰ ਉਹ ਸੋਨੇ, ਚਾਂਦੀ ਦੇ ਖਜ਼ਾਨਿਆਂ ਅਤੇ ਮਿਸਰ ਦੇਸ ਦਿਆਂ ਸਾਰਿਆਂ ਪਦਾਰਥਾਂ ਉੱਤੇ ਜ਼ੋਰ ਰੱਖੇਗਾ ਅਤੇ ਲੂਬੀ ਅਤੇ ਕੂਸ਼ੀ ਉਸ ਦੇ ਮਗਰ ਲੱਗਣਗੇ।" [ਦਾਨੀ 11:36, 40-41a, 42-43]

ਮਸੀਹ-ਵਿਰੋਧੀ ਨੂੰ ਯਕੀਨੀ ਤੌਰ ਤੇ ਰੂਸ ਦੀ ਅਗਵਾਈ ਵਾਲੇ ਉੱਤਰੀ ਸੰਘ ਦਾ ਨਾਸ਼ ਕਰਨ ਦੁਆਰਾ ਲਾਭ ਹੋਵੇਗਾ। ਇਹ ਸੁਣਨ ਵਿੱਚ ਅਜੀਬ ਜ਼ਰੂਰ ਲੱਗਦਾ ਹੈ, ਪਰ ਰੂਸ ਦੇ ਨਾਸ਼ ਦੁਆਰਾ ਪਰਮੇਸ਼ਰ ਅਸਿੱਧੇ ਤੌਰ ਤੇ ਮਸੀਹ-ਵਿਰੋਧੀ ਦੀ ਮਦਦ ਕਰਨਗੇ। ਫਿਰ ਵੀ, ਇਹ ਪਰਮੇਸ਼ਰ ਦੀ ਯੋਜਨਾ ਦੇ ਅੱਗੇ ਵਧਣ ਦਾ ਸਮਾਂ ਹੋਵੇਗਾ ਜਿਸ ਵਿੱਚ ਸੰਸਾਰ ਦਾ ਪਹਿਲਾ ਵਿਸ਼ਵ-ਵਿਆਪੀ ਤਾਨਾਸ਼ਾਹ ਸ਼ਾਮਲ ਰਹੇਗਾ। ਮਸੀਹ-ਵਿਰੋਧੀ ਤੁਰੰਤ ਹੀ ਇਸਰਾਏਲ, ਮਿਸਰ, ਲੂਬੀ, ਅਤੇ ਕੂਸ਼ ਉੱਤੇ ਕਬਜ਼ਾ ਕਰ ਲਵੇਗਾ। ਉਦੋਂ ਸਾਰਿਆਂ ਨੂੰ ਇਹ ਸਮਝਣ ਵਿੱਚ ਜ਼ਿਆਦਾ ਸਮਾਂ ਨਹੀਂ ਲੱਗੇਗਾ ਕਿ ਹਾਰਨ ਵਾਲੀਆਂ ਉੱਤਰੀ ਤਾਕਤਾਂ ਹੀ ਅਜਿਹਾ ਇੱਕੋ-ਇੱਕ ਮਨੁੱਖੀ ਗਠਜੋੜ ਸੀ ਜੋ ਮਸੀਹ-ਵਿਰੋਧੀ ਦੇ ਪੂਰੇ ਸੰਸਾਰ ਵਿੱਚ ਦਬਦਬੇ ਨੂੰ ਰੋਕਣ ਲਈ ਕਾਫ਼ੀ ਮਜ਼ਬੂਤ ਸੀ। ਹੁਣ ਉਹ ਜੋ ਚਾਹੁੰਦਾ ਹੈ ਉਹ ਕਰ ਸਕਦਾ ਹੈ (ਜਿਸ ਵਿੱਚ ਇਸਰਾਏਲ ਉੱਤੇ ਕਬਜ਼ਾ ਵੀ ਸ਼ਾਮਲ ਹੈ ਜਿਸ ਤੋਂ ਬਾਅਦ ਇਸਰਾਏਲ ਦੇ ਨਾਲ ਕੋਈ ਸੰਧੀ ਸੰਭਵ ਨਹੀਂ ਹੋਵੇਗੀ)।

### f. ਸੰਸਾਰ ਦੀ ਅੰਤਿਮ ਵਿਸ਼ਵ-ਸ਼ਕਤੀ

ਬਿਪਤਾ ਦੇ ਆਖ਼ਰੀ ਸਾਢੇ ਤਿੰਨ ਸਾਲਾਂ ਵਿੱਚ, ਮਸੀਹ-ਵਿਰੋਧੀ (ਸ਼ੈਤਾਨ) ਸੰਸਾਰ ਉੱਤੇ ਆਪਣੇ ਅਧਿਕਾਰ ਪ੍ਰਾਪਤ ਕਰ ਲਵੇਗਾ (ਦੇਖੋ, ਯਸਾ 14:16-17; ਮੱਤੀ 4:8-9)।

> ਪਸ਼ੂ ਨੂੰ ਵੱਡੀਆਂ ਵੱਡੀਆਂ ਗੱਲਾਂ ਬੋਲਣ ਅਤੇ ਪਰਮੇਸ਼ਰ ਦੀ ਨਿੰਦਾ ਕਰਨ ਵਾਲਾ ਇੱਕ ਮੂੰਹ ਦਿੱਤਾ ਗਿਆ ਅਤੇ ਉਸ ਨੂੰ ਇਹ ਅਧਿਕਾਰ **ਬਤਾਲੀ ਮਹੀਨਿਆਂ** ਤੱਕ ਦਿੱਤਾ ਗਿਆ... ਉਸ ਨੂੰ ਪਰਮੇਸ਼ਰ ਦੇ ਲੋਕਾਂ ਦੇ ਵਿਰੁੱਧ ਲੜਨ ਅਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕਰਨ ਦੀ ਆਗਿਆ ਦਿੱਤੀ ਗਈ ਅਤੇ ਉਸ ਨੂੰ ਹਰ ਇੱਕ ਕਬੀਲੇ, ਕੌਮ, ਭਾਸ਼ਾ ਅਤੇ ਰਾਸ਼ਟਰ ਉੱਤੇ ਵੀ ਅਧਿਕਾਰ ਦਿੱਤਾ ਗਿਆ। ਤਦ ਧਰਤੀ ਦੇ ਸਾਰੇ ਰਹਿਣ ਵਾਲੇ ਉਸ ਪਸ਼ੂ ਦੀ ਪੂਜਾ ਕਰਨਗੇ ਜਿਹਨਾਂ ਦੇ ਨਾਂ ਰਚਨਾ ਦੇ ਸ਼ੁਰੂ ਤੋਂ ਹੀ ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਜਿਹੜਾ ਬਲੀਦਾਨ ਕੀਤਾ ਗਿਆ ਸੀ, ਨਹੀਂ ਲਿਖੇ ਗਏ ਸਨ। [ਪ੍ਰਕਾਸ਼ 13:5,7-8]

ਹਾਲਾਂਕਿ ਬਿਪਤਾ ਦਾ ਆਖ਼ਰੀ ਅੱਧਾ ਹਿੱਸਾ ਸੰਸਾਰ ਉੱਤੇ ਪਰਮੇਸ਼ਰ ਦੇ ਸਜ਼ਾ ਅਤੇ ਮਸੀਹ-ਵਿਰੋਧੀ ਦੁਆਰਾ ਸੰਤਾਂ ਉੱਤੇ ਜ਼ੁਲਮ ਦੇ ਮਾਮਲੇ ਵਿੱਚ ਬਹੁਤ ਬੁਰਾ ਹੋਵੇਗਾ, ਪਰ ਪਹਿਲਾ ਅੱਧਾ ਹਿੱਸਾ ਮੁੱਖ ਰੂਪ ਵਿੱਚ "ਲੜਾਈਆਂ ਦੀਆਂ ਖ਼ਬਰਾਂ ਅਤੇ ਅਫ਼ਵਾਹਾਂ" ਹੀ ਹੋਵੇਗਾ। ਪਰ ਸਵਾਲ "ਪਸ਼ੂ ਵਰਗਾ ਕੌਣ ਹੈ? ਅਤੇ ਉਸ ਨਾਲ ਲੜਾਈ ਕੌਣ ਕਰ ਸਕਦਾ ਹੈ?" (ਪ੍ਰਕਾਸ਼: 13:4), ਇਹ ਦਰਸਾਉਂਦਾ ਹੈ ਕਿ ਮਸੀਹ-ਵਿਰੋਧੀ ਦੀ ਸੰਸਾਰ ਵਿੱਚ ਤਾਨਾਸ਼ਾਹੀ ਅਧੀਨ ਮਨੁੱਖੀ ਲੜਾਈਆਂ ਹੌਲੀ-ਹੌਲੀ ਘੱਟ ਜਾਣਗੀਆਂ। ਕੋਈ ਵੀ ਮਨੁੱਖੀ ਤਾਕਤ ਉਸ ਨਾਲ ਲੜ੍ਹਾਈ ਨਹੀਂ ਕਰ ਸਕੇਗੀ।

### g. ਮਸੀਹ-ਵਿਰੋਧੀ ਦੇ ਅਧਿਕਾਰ ਪਾਉਣ ਦੇ ਸਾਧਨ

ਮਸੀਹ-ਵਿਰੋਧੀ ਸੰਸਾਰ ਦੀਆਂ ਗੜਬੜ ਵਾਲੀਆਂ ਸਥਿਤੀਆਂ ਦਾ ਫਾਇਦਾ ਚੁੱਕੇਗਾ (ਮੱਤੀ 24:6-8; ਲੂਕਾ 21:25-26; ਪ੍ਰਕਾਸ਼ 6:3-8) ਅਤੇ ਆਪਣੇ ਨੇਤਾ ਵਾਲੇ ਪ੍ਰਚਾਰ (ਦਾਨੀ 7:8 "ਵੱਡੀਆਂ-ਵੱਡੀਆਂ ਗੱਲਾਂ ਬੋਲਣਾ) ਨਾਲ ਸਾਰਿਆਂ ਨੂੰ ਪ੍ਰਭਾਵਿਤ ਕਰੇਗਾ। ਉਹ ਸੈਤਾਨੀ ਚਿੰਨ੍ਹਾਂ ਅਤੇ ਚਮਤਕਾਰਾਂ ਰਾਹੀਂ ਵੀ ਧੋਖਾ ਦੇਵੇਗਾ (2 ਥੱਸਲੁ 2:9; ਪ੍ਰਕਾਸ਼ 13:2,4,13-15; 16:13-14)। ਇਸ ਗੱਲ ਦੇ ਸੰਕੇਤ ਵੀ ਹਨ ਕਿ ਮਸੀਹ-ਵਿਰੋਧੀ ਦੇ ਬੁਰੀ ਤਰ੍ਹਾਂ ਜ਼ਖਮੀ ਹੋਣ ਤੋਂ ਬਾਅਦ, ਸ਼ਾਇਦ ਸ਼ੈਤਾਨ ਉਸ ਨੂੰ "ਜੀਅ-ਉੱਠਣ" ਦੀ ਸ਼ਕਤੀ ਵੀ ਦੇਵੇਗਾ (ਪ੍ਰਕਾਸ਼ 13:3,12)। ਪਰ, ਪ੍ਰਕਾਸ਼ ਦੀ ਪੋਥੀ ਦਾ "ਪਸ਼ੂ" ਇੱਕ ਪੂਰੇ ਸਾਮਰਾਜ ਨੂੰ ਵੀ ਦਰਸਾ ਸਕਦਾ ਹੈ, ਕਿ ਫਿਰ ਜੀਅ-ਉੱਠਣਾ ਰੋਮੀ ਸਾਮਰਾਜ ਦੇ ਲਈ ਹੋਵੇ, ਜੋ ਅੰਤ ਦੇ ਦਿਨਾਂ ਵਿੱਚ "ਜੀਅ-ਉੱਠੇਗਾ"। ਚਿੰਨ੍ਹ-ਚਮਤਕਾਰਾਂ ਤੋਂ ਇਲਾਵਾ, ਆਪਣੇ ਅਧਿਕਾਰ ਨੂੰ ਬਣਾਏ ਰੱਖਣ ਦੇ ਲਈ, ਮਸੀਹ-ਵਿਰੋਧੀ ਇੱਕ ਝੂਠੇ ਧਰਮ ਦੀ ਵੀ ਵਰਤੋਂ ਕਰੇਗਾ ਜਿਸ ਵਿੱਚ ਉਹ ਉਹਨਾਂ ਸਾਰੇ ਲੋਕਾਂ ਉੱਤੇ ਆਰਥਿਕ ਪਾਬੰਦੀਆਂ ਲਗਾਵੇਗਾ ਜੋ ਉਸ ਦੀ ਪੂਜਾ ਕਰਨ ਤੋਂ ਇਨਕਾਰ ਕਰਨਗੇ (ਪ੍ਰਕਾਸ਼ 13:8-18; 17:1-5)। ਅੰਤ ਵਿੱਚ, ਪਰਮੇਸ਼ਰ ਉਸ ਨੂੰ ਉਦੋਂ ਤੱਕ ਉੱਚਾ ਉੱਠਣ ਦੇਣਗੇ ਜਦੋਂ ਤੱਕ ਉਸ ਨੂੰ ਨਾਸ਼ ਕਰਨ ਦਾ ਸਮਾਂ ਨਾ ਹੋ ਜਾਵੇ (2 ਥੱਸਲੁ 2:11-12)।

### 4. ਮਸੀਹ-ਵਿਰੋਧੀ ਦੀ ਸ਼ਖਸੀਅਤ ਦੇ ਲੱਛਣ ਅਤੇ ਨੀਤੀਆਂ

a. ਉਹ ਇਸਰਾਏਲ ਨਾਲ ਇੱਕ ਸ਼ਾਂਤੀ ਦੀ ਸੰਧੀ ਕਰੇਗਾ, ਅਤੇ ਫਿਰ ਇਸ ਨੂੰ ਤੋੜ ਦੇਵੇਗਾ। ਉਹ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਕਿਸੇ ਵੀ ਹੱਦ ਤੱਕ ਧੋਖਾ ਦੇ ਸਕਦਾ ਹੈ (ਦਾਨੀ 9:27)।

b. ਉਹ ਸਾਰੇ ਯਹੂਦੀਆਂ ਅਤੇ ਬਿਪਤਾ ਦੇ ਸਾਰੇ ਸੰਤਾਂ ਨਾਲ ਬਹੁਤ ਨਫ਼ਰਤ ਕਰੇਗਾ। ਇਹ ਸਪੱਸ਼ਟ ਹੈ ਕਿ ਰੈਪਚਰ ਤੋਂ ਬਾਅਦ, ਬਹੁਤ ਸਾਰੇ ਯਹੂਦੀ ਅਤੇ ਗ਼ੈਰ-ਯਹੂਦੀ ਮਸੀਹ ਵਿੱਚ ਭਰੋਸਾ ਕਰਨਗੇ (ਪ੍ਰਕਾਸ਼ 6:9-11, 7:3,9,14)।

> ਇਸ ਦੇ ਬਾਅਦ ਮੈਂ ਇੱਕ ਵੱਡੀ ਭੀੜ ਨੂੰ ਸਿੰਘਾਸਣ ਅਤੇ ਲੇਲੇ ਦੇ ਸਾਹਮਣੇ ਖੜ੍ਹੇ ਦੇਖਿਆ। ਉਸ ਭੀੜ ਦੀ ਗਿਣਤੀ ਕੋਈ ਨਹੀਂ ਕਰ ਸਕਦਾ ਸੀ। ਉਸ ਭੀੜ ਵਿੱਚ ਹਰ ਕੌਮ, ਕਬੀਲੇ, ਦੇਸ਼ ਅਤੇ ਭਾਸ਼ਾ ਦੇ ਲੋਕ ਸਨ। ਉਹਨਾਂ ਨੇ ਚਿੱਟੇ ਚੋਗੇ ਪਹਿਨੇ ਹੋਏ ਸਨ ਅਤੇ ਉਹਨਾਂ ਦੇ ਹੱਥਾਂ ਵਿੱਚ ਖਜੂਰ ਦੀਆਂ

ਟਹਿਣੀਆਂ ਸਨ...ਤਦ ਬਜ਼ੁਰਗਾਂ ਵਿੱਚੋਂ ਇੱਕ ਨੇ ਮੈਨੂੰ ਪੁੱਛਿਆ, "ਇਹ ਚਿੱਟੇ ਚੋਗੇ ਪਹਿਨੇ ਹੋਏ ਕੌਣ ਲੋਕ ਹਨ ਅਤੇ ਇਹ ਕਿੱਥੋਂ ਆਏ ਹਨ?" ਮੈਂ ਉੱਤਰ ਦਿੱਤਾ, "ਸ੍ਰੀਮਾਨ ਜੀ, ਮੈਂ ਨਹੀਂ ਜਾਣਦਾ, ਤੁਸੀਂ ਹੀ ਜਾਣਦੇ ਹੋ।" ਉਸ ਨੇ ਫਿਰ ਮੈਨੂੰ ਕਿਹਾ, "ਇਹ ਉਹ ਲੋਕ ਹਨ ਜਿਹੜੇ **ਵੱਡੀ ਮੁਸੀਬਤ** ਵਿੱਚੋਂ ਨਿੱਕਲ ਕੇ ਆਏ ਹਨ। ਇਹਨਾਂ ਨੇ **ਆਪਣੇ ਚੋਗੇ ਧੋ ਲਏ ਹਨ** ਅਤੇ **ਲੇਲੇ ਦੇ ਖ਼ੂਨ ਦੇ ਨਾਲ ਚਿੱਟੇ ਕੀਤੇ ਹਨ**।" [ਪ੍ਰਕਾਸ਼ 7:9, 13-14]

ਇਹ ਸੰਤ, ਯਹੂਦੀਆਂ ਦੇ ਨਾਲ (ਭਾਵੇਂ ਉਹ ਵਿਸ਼ਵਾਸੀ ਯਹੂਦੀ ਹੋਣ ਜਾਂ ਅਵਿਸ਼ਵਾਸੀ) ਮਸੀਹ-ਵਿਰੋਧੀ ਦੁਆਰਾ ਬਹੁਤ ਦੁੱਖ ਉਠਾਉਣਗੇ (ਪ੍ਰਕਾਸ਼ 11:7-8 ਦੇਖੋ)। ਜ਼ਕਰਯਾਹ 13:8-9 ਇਹ ਸਿੱਟਾ ਕੱਢਦਾ ਹੈ ਕਿ ਸਾਰੇ ਯਹੂਦੀਆਂ ਵਿੱਚੋਂ ਦੋ-ਤਿਹਾਈ ਨਸ਼ਟ ਹੋ ਜਾਣਗੇ।

"ਮੈਂ ਦੇਖਿਆ ਕਿ ਉਹੋ ਸਿੰਗ **ਸੰਤਾਂ ਨਾਲ ਲੜਦਾ ਸੀ** ਅਤੇ ਉਹਨਾਂ ਉੱਤੇ ਜਿੱਤ ਪਾ ਲੈਂਦਾ ਸੀ...ਉਹ ਅੱਤ ਮਹਾਨ ਪਰਮੇਸ਼ਰ ਦੇ ਵਿਰੁੱਧ ਹੰਕਾਰ ਦੀਆਂ ਗੱਲਾਂ ਬੋਲੇਗਾ ਅਤੇ ਅੱਤ ਮਹਾਨ ਦੇ **ਸੰਤਾਂ ਨੂੰ ਦੁੱਖ ਦੇਵੇਗਾ** ਅਤੇ ਚਾਹੇਗਾ ਕਿ ਨਿਯੁਕਤ ਸਮਿਆਂ ਅਤੇ ਬਿਵਸਥਾ ਨੂੰ ਬਦਲ ਦੇਵੇ ਅਤੇ ਉਹ ਇਹ ਦੇ ਹੱਥ ਵਿੱਚ ਦਿੱਤੇ ਜਾਣਗੇ ਐਥੋਂ ਤੱਕ ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ ਲੰਘ ਜਾਵੇਗਾ ਤਕਰੀਬਨ ਸਾਢੇ ਤਿੰਨ ਸਾਲ।" [ਦਾਨੀ 7:21, 25]

"ਇਸ ਤਰ੍ਹਾਂ ਹੋਵੇਗਾ, ਯਹੋਵਾਹ ਦਾ ਵਾਕ ਹੈ, ਕਿ ਉਸ ਸਾਰੇ ਦੇਸ ਵਿੱਚ **ਦੋ ਤਿਹਾਈ ਕੱਢੇ ਜਾਣਗੇ ਅਤੇ ਨਾਸ ਹੋ ਜਾਣਗੇ**, **ਇੱਕ ਤਿਹਾਈ ਉਸ ਵਿੱਚ ਬਚ ਰਹੇਗੀ**। ਮੈਂ ਇੱਕ ਤਿਹਾਈ ਨੂੰ ਅੱਗ ਵਿੱਚ ਪਾਵਾਂਗਾ, ਮੈਂ ਉਹ ਨੂੰ ਤਾਵਾਂਗਾ ਜਿਵੇਂ ਚਾਂਦੀ ਤਾਈ ਜਾਂਦੀ ਹੈ, ਮੈਂ ਉਹ ਨੂੰ ਪਰਖਾਂਗਾ ਜਿਵੇਂ ਸੋਨਾ ਪਰਖੀਦਾ ਹੈ, ਉਹ ਮੇਰਾ ਨਾਮ ਲੈ ਕੇ ਪੁਕਾਰਨਗੇ ਅਤੇ ਮੈਂ ਉਹਨਾਂ ਨੂੰ ਉੱਤਰ ਦਿਆਂਗਾ, ਮੈਂ ਆਖਾਂਗਾ, ਇਹ ਮੇਰੀ ਪਰਜਾ ਹੈ ਅਤੇ ਉਹ ਆਖਣਗੇ ਯਹੋਵਾਹ ਮੇਰਾ ਪਰਮੇਸ਼ਰ ਹੈ।" [ਜ਼ਕਰ 13:8-9]

"ਇੱਥੋਂ ਤੱਕ ਕਿ ਜੇਕਰ ਪਰਮੇਸ਼ਰ ਨੇ ਇਹਨਾਂ ਦਿਨਾਂ ਨੂੰ ਘੱਟ ਨਾ ਕੀਤਾ ਹੁੰਦਾ ਤਾਂ **ਕੋਈ ਵੀ ਨਾ ਬਚਦਾ**। ਪਰ ਆਪਣੇ ਚੁਣੇ ਹੋਇਆਂ ਦੇ ਕਾਰਨ ਪਰਮੇਸ਼ਰ ਇਹਨਾਂ ਦਿਨਾਂ ਨੂੰ ਘੱਟ ਕਰਨਗੇ।" [ਮੱਤੀ 24:22]

ਪਰ ਹੈਕਲ ਦੇ ਬਾਹਰਲੇ ਵਿਹੜੇ ਨੂੰ ਨਾ ਮਾਪੀਂ, ਉਸ ਨੂੰ ਛੱਡ ਦੇਵੀਂ। ਇਹ ਪਰਾਈਆਂ ਕੌਮਾਂ ਨੂੰ ਦਿੱਤਾ ਗਿਆ ਹੈ। ਉਹ ਬਤਾਲੀ ਮਹੀਨਿਆਂ ਲਈ **ਪਵਿੱਤਰ ਸ਼ਹਿਰ ਨੂੰ ਪੈਰਾਂ ਹੇਠ ਮਿੱਧਣਗੇ**। [ਪ੍ਰਕਾਸ਼ 11:2]

ਇਸ ਦੇ ਬਾਅਦ ਅਕਾਸ਼ ਵਿੱਚ ਇੱਕ ਅਦਭੁੱਤ ਚਿੰਨ੍ਹ ਦਿਖਾਈ ਦਿੱਤਾ। ਇੱਕ ਔਰਤ ਸੂਰਜ ਪਹਿਨੀ ਹੋਈ ਸੀ, ਉਸ ਦੇ ਪੈਰਾਂ ਹੇਠ ਚੰਦ ਸੀ ਅਤੇ ਉਸ ਦੇ ਸਿਰ ਉੱਤੇ ਬਾਰ੍ਹਾਂ ਤਾਰਿਆਂ ਦਾ ਤਾਜ ਸੀ। ਉਹ ਗਰਭਵਤੀ ਸੀ ਅਤੇ ਪ੍ਰਸੂਤ-ਪੀੜ ਦੇ ਕਾਰਨ ਚਿੱਲਾ ਰਹੀ ਸੀ...ਉਸ ਔਰਤ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਜਿਹੜਾ ਸਾਰੀਆਂ ਕੌਮਾਂ ਉੱਤੇ ਲੋਹੇ ਦੇ ਰਾਜ ਦੰਡ ਨਾਲ ਰਾਜ ਕਰੇਗਾ ਪਰ ਉਸ ਦਾ ਬੱਚਾ ਉਸੇ ਸਮੇਂ ਪਰਮੇਸ਼ਰ ਦੇ ਕੋਲ ਅਤੇ ਉਸ ਦੇ ਸਿੰਘਾਸਣ ਦੇ ਕੋਲ ਪਹੁੰਚਾ ਦਿੱਤਾ ਗਿਆ। ਉਹ ਔਰਤ ਉਜਾੜ ਵਿੱਚ ਦੌੜ ਗਈ ਜਿੱਥੇ ਉਸ ਦੇ ਲਈ ਪਰਮੇਸ਼ਰ ਦੇ ਦੁਆਰਾ ਇੱਕ ਜਗ੍ਹਾ ਤਿਆਰ ਕੀਤੀ ਗਈ ਸੀ ਕਿ ਉਸ ਦੀ ਇੱਕ ਹਜ਼ਾਰ ਦੋ ਸੌ ਸੱਠ ਦਿਨਾਂ ਤੱਕ ਦੇਖਭਾਲ ਕੀਤੀ ਜਾ ਸਕੇ...ਜਦੋਂ **ਅਜਗਰ** ਨੇ ਦੇਖਿਆ ਕਿ ਉਹ ਹੇਠਾਂ ਸੁੱਟ ਦਿੱਤਾ ਗਿਆ ਹੈ ਤਾਂ ਉਹ **ਉਸ ਔਰਤ ਦਾ ਪਿੱਛਾ ਕਰਨ ਲੱਗਾ, ਜਿਸ ਨੇ ਪੁੱਤਰ ਨੂੰ ਜਨਮ ਦਿੱਤਾ ਸੀ** ਪਰ ਉਸ ਔਰਤ ਨੂੰ ਵੱਡੇ ਉਕਾਬ ਦੇ ਦੋ ਖੰਭ ਦਿੱਤੇ ਗਏ ਜਿਹਨਾਂ ਦੀ ਮਦਦ ਨਾਲ ਉਹ ਉੱਡ ਕੇ ਆਪਣੀ ਉਜਾੜ ਵਿਚਲੀ ਥਾਂ ਜਾ ਸਕੇ ਜਿੱਥੇ ਉਹ ਸਾਢੇ ਤਿੰਨ ਸਾਲਾਂ ਤੱਕ ਸੱਪ ਤੋਂ ਦੂਰ ਸਹੀ ਸਲਾਮਤ ਰਹਿ ਸਕਦੀ ਸੀ। [ਪ੍ਰਕਾਸ਼ 12:1- 2,5-6,13-14]

ਉਸ ਨੂੰ **ਪਰਮੇਸ਼ਰ ਦੇ ਲੋਕਾਂ ਦੇ ਵਿਰੁੱਧ ਲੜਨ ਅਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕਰਨ ਦੀ** ਆਗਿਆ ਦਿੱਤੀ ਗਈ ਅਤੇ ਉਸ ਨੂੰ ਹਰ ਇੱਕ ਕਬੀਲੇ, ਕੌਮ, ਭਾਸ਼ਾ ਅਤੇ ਰਾਸ਼ਟਰ ਉੱਤੇ ਵੀ ਅਧਿਕਾਰ ਦਿੱਤਾ ਗਿਆ। [ਪ੍ਰਕਾਸ਼ 13:7]

ਜੇਕਰ ਕਿਸੇ ਨੇ ਕੈਦ ਵਿੱਚ ਜਾਣਾ ਹੈ ਤਾਂ ਉਸ ਨੂੰ ਕੈਦ ਵਿੱਚ ਜਾਣਾ ਪਵੇਗਾ। ਜੇਕਰ ਕਿਸੇ ਨੇ ਤਲਵਾਰ ਨਾਲ ਮਰਨਾ ਹੈ ਤਾਂ ਉਹ ਤਲਵਾਰ ਨਾਲ ਹੀ ਮਰੇਗਾ। ਪਰਮੇਸ਼ਰ ਦੇ ਲੋਕਾਂ ਲਈ ਧੀਰਜਵਾਨ ਅਤੇ ਵਿਸ਼ਵਾਸੀ ਸਿੱਧ ਹੋਣ ਲਈ ਇਹ ਹੀ ਮੌਕਾ ਹੋਵੇਗਾ। [ਪ੍ਰਕਾਸ਼ 13:10]

ਦੂਜੇ ਪਸ਼ੂ ਨੂੰ ਮੂਰਤੀ ਦੇ ਵਿੱਚ ਪ੍ਰਾਣ ਪਾਉਣ ਦਾ ਅਧਿਕਾਰ ਦਿੱਤਾ ਗਿਆ ਕਿ ਮੂਰਤੀ ਬੋਲ ਸਕੇ ਅਤੇ **ਉਹਨਾਂ ਲੋਕਾਂ ਨੂੰ ਜਿਹੜੇ ਪਸ਼ੂ ਦੀ ਪੂਜਾ ਨਾ ਕਰਨ, ਜਾਨੋਂ ਮਾਰੇ।** ਉਹ ਛੋਟੇ ਅਤੇ ਵੱਡੇ, ਅਮੀਰ ਅਤੇ ਗਰੀਬ, ਆਜ਼ਾਦ ਅਤੇ ਗ਼ੁਲਾਮ ਸਾਰਿਆਂ ਨੂੰ ਮਜਬੂਰ ਕਰਦਾ ਸੀ ਕਿ ਉਹ ਆਪਣੇ ਸੱਜੇ ਹੱਥ ਜਾਂ ਮੱਥੇ ਉੱਤੇ ਨਿਸ਼ਾਨ ਲਗਵਾਉਣ। ਉਹ ਕਿਸੇ ਨੂੰ ਵੀ ਜਿਸ ਉੱਤੇ ਪਸ਼ੂ ਦੇ ਨਾਂ ਜਾਂ ਅੰਕ ਦਾ ਨਿਸ਼ਾਨ ਨਹੀਂ ਸੀ, ਕੁਝ ਵੀ ਖ਼ਰੀਦਣ ਜਾਂ ਵੇਚਣ ਨਹੀਂ ਦਿੰਦਾ ਸੀ। [ਪ੍ਰਕਾਸ਼ 13:15-17]

c. ਜਿਵੇਂ ਕਿ ਪਹਿਲਾਂ ਹੀ ਕਈ ਹੋਰ ਸ਼੍ਰੇਣੀਆਂ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਮਸੀਹ-ਵਿਰੋਧੀ ਇੱਕ ਪ੍ਰਤਿਭਾਸ਼ਾਲੀ ਭਾਸ਼ਣਕਾਰ ਹੋਵੇਗਾ ਜੋ ਆਪਣੀਆਂ ਚਿਕਣੀਆਂ ਚੋਪੜੀਆਂ ਗੱਲਾਂ ਨਾਲ ਲੋਕਾਂ ਨੂੰ ਪ੍ਰਭਾਵਿਤ ਕਰੇਗਾ। ਉਹ ਪਰਮੇਸ਼ਰ ਦੀ ਬਹੁਤ ਨਿੰਦਾ ਕਰੇਗਾ ਅਤੇ ਹੰਕਾਰ ਨਾਲ ਭਰਿਆ ਹੋਵੇਗਾ।

> "ਮੈਂ ਉਹਨਾਂ ਸਿੰਗਾਂ ਨੂੰ ਧਿਆਨ ਲਾ ਕੇ ਦੇਖਿਆ ਅਤੇ ਕੀ ਵੇਖਦਾ ਹਾਂ ਕਿ ਉਹਨਾਂ ਵਿੱਚੋਂ ਇੱਕ ਹੋਰ ਨਿੱਕਾ ਜਿਹਾ ਸਿੰਗ ਨਿੱਕਲਿਆ ਜਿਹ ਦੇ ਅੱਗੇ ਪਹਿਲਿਆਂ ਵਿੱਚੋਂ ਤਿੰਨ ਸਿੰਗ ਮੁੱਢੋਂ ਪੁੱਟੇ ਗਏ ਅਤੇ ਕੀ ਵੇਖਦਾ ਹਾਂ ਕਿ ਉਸ ਸਿੰਗ ਵਿੱਚ ਅੱਖਾਂ ਮਨੁੱਖ ਦੀਆਂ ਅੱਖਾਂ ਵਰਗੀਆਂ ਸਨ ਅਤੇ ਇੱਕ ਮੂੰਹ ਸੀ **ਜੋ ਵੱਡੀਆਂ-ਵੱਡੀਆਂ ਗੱਲਾਂ ਬੋਲ ਰਿਹਾ ਸੀ।**" [ਦਾਨੀ 7:8]

> "ਮੈਂ ਉਸ ਵੇਲੇ ਉਸ ਸਿੰਗ ਦੀ ਅਵਾਜ਼ ਦੇ ਕਾਰਨ ਜੋ **ਵੱਡੀਆਂ ਹੰਕਾਰ ਦੀਆਂ ਗੱਲਾਂ** ਬੋਲਦਾ ਸੀ ਡਿੱਠਾ ਗਿਆ..." [ਦਾਨੀ 7:11]

> "ਅਤੇ ਦਸਾਂ ਸਿੰਗਾਂ ਦੀ, ਜੋ ਉਹ ਦੇ ਸਿਰ ਉੱਤੇ ਸਨ ਅਤੇ ਉਸ ਇੱਕ ਦੀ ਜੋ ਨਿੱਕਲਿਆ ਅਤੇ ਜਿਹ ਦੇ ਅੱਗੇ ਤਿੰਨ ਡਿੱਗ ਪਏ ਸਨ, ਹਾਂ, ਉਸ ਸਿੰਗ ਦੀ ਜਿਹ ਦੀਆਂ ਅੱਖਾਂ ਸਨ ਅਤੇ ਇੱ**ਕ ਮੂੰਹ ਜੋ ਵੱਡੇ ਹੰਕਾਰ ਦੀਆਂ ਗੱਲਾਂ ਬੋਲਦਾ ਸੀ** ਅਤੇ ਉਸ ਦੇ ਸਾਥੀਆਂ ਨਾਲੋਂ ਵੱਧ ਡਰਾਉਣਾ ਸੀ।" [ਦਾਨੀ 7:20]

> "ਉਹ **ਅੱਤ ਮਹਾਨ ਪਰਮੇਸ਼ੁਰ ਦੇ ਵਿਰੁੱਧ ਹੰਕਾਰ ਦੀਆਂ ਗੱਲਾਂ ਬੋਲੇਗਾ**..." [ਦਾਨੀ 7:25]

> "ਰਾਜਾ ਆਪਣੀ ਇੱਛਿਆ ਦੇ ਅਨੁਸਾਰ ਕੰਮ ਕਰੇਗਾ ਅਤੇ ਆਪ ਨੂੰ ਉੱਚਾ ਕਰੇਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੇਵਤਿਆਂ ਨਾਲੋਂ ਵੱਡਾ ਜਾਣੇਗਾ ਅਤੇ ਈਸ਼ਵਰਾਂ ਦੇ ਪਰਮੇਸ਼ੁਰ ਦੇ ਵਿਰੁੱਧ ਢੇਰ **ਸਾਰੀਆਂ ਅਚਰਜ਼ ਗੱਲਾਂ ਆਖੇਗਾ**..." [ਦਾਨੀ 11:36]

> ... ਹਰ ਸਿਰ ਉੱਤੇ **ਪਰਮੇਸ਼ਰ ਦੀ ਨਿੰਦਾ ਦਾ ਨਾਂ** ਲਿਖਿਆ ਹੋਇਆ ਸੀ....ਉਸ ਦਾ ਮੂੰਹ ਸ਼ੇਰ ਦੇ ਮੂੰਹ ਵਰਗਾ ਸੀ [ਪ੍ਰਕਾਸ਼ 13:1-2]

> ਪਸ਼ੂ ਨੂੰ ਵੱਡੀਆਂ ਵੱਡੀਆਂ ਗੱਲਾਂ ਬੋਲਣ ਅਤੇ **ਪਰਮੇਸ਼ਰ ਦੀ ਨਿੰਦਾ ਕਰਨ ਵਾਲਾ ਇੱਕ ਮੂੰਹ ਦਿੱਤਾ ਗਿਆ** ਅਤੇ ਉਸ ਨੂੰ ਇਹ ਅਧਿਕਾਰ ਬਤਾਲੀ ਮਹੀਨਿਆਂ ਤੱਕ ਦਿੱਤਾ ਗਿਆ। **ਤਦ ਉਸ ਨੇ ਆਪਣਾ ਮੂੰਹ ਪਰਮੇਸ਼ਰ ਦੇ ਵਿਰੁੱਧ ਨਿੰਦਾ ਕਰਨ ਦੇ ਲਈ ਖੋਲ੍ਹਿਆ।** ਉਹ ਪਰਮੇਸ਼ਰ ਦੇ ਨਾਮ ਦੀ ਅਤੇ ਉਹਨਾਂ ਦੇ ਰਹਿਣ ਵਾਲੀ ਥਾਂ ਸਵਰਗ ਅਤੇ ਉਸ ਵਿੱਚ ਰਹਿਣ ਵਾਲੇ ਨਿਵਾਸੀਆਂ ਦੀ ਨਿੰਦਾ ਕਰਦਾ ਸੀ। [ਪ੍ਰਕਾਸ਼ 13:5-6]

> ਤਦ ਉਹ ਸਵਰਗਦੂਤ ਮੈਨੂੰ ਪਰਮੇਸ਼ਰ ਦੇ ਆਤਮਾ ਵਿੱਚ ਉਜਾੜ ਥਾਂ ਵਿੱਚ ਲੈ ਗਿਆ, ਜਿੱਥੇ ਮੈਂ ਇੱਕ ਔਰਤ ਨੂੰ ਲਾਲ ਰੰਗ ਦੇ ਪਸ਼ੂ ਉੱਤੇ ਬੈਠੇ ਦੇਖਿਆ। ਉਸ **ਪਸ਼ੂ** ਦੇ ਦਸ ਸਿੰਗ ਅਤੇ ਸੱਤ ਸਿਰ ਸਨ ਅਤੇ **ਉਸ ਦਾ ਸਾਰਾ ਸਰੀਰ ਪਰਮੇਸ਼ਰ ਦੀ ਨਿੰਦਾ ਦੇ ਨਾਵਾਂ ਦੇ ਨਾਲ ਭਰਿਆ ਹੋਇਆ ਸੀ।** [ਪ੍ਰਕਾਸ਼ 17:3]

d. ਮਸੀਹ-ਵਿਰੋਧੀ ਪਰਮੇਸ਼ਰ ਹੋਣ ਦਾ ਦਾਅਵਾ ਕਰੇਗਾ। ਉਹ ਸਿਰਫ਼ ਆਪਣੀ ਪੂਜਾ ਕਰਵਾਉਣ ਦੀ ਇੱਛਾ ਨਾਲ ਸੰਤੁਸ਼ਟ ਨਹੀਂ ਹੋਵੇਗਾ; ਉਹ ਇਸ ਦੀ ਮੰਗ ਵੀ ਕਰੇਗਾ (ਦੇਖੋ, ਦਾਨੀ 9:27, 12:11)।

> "ਰਾਜਾ ਆਪਣੀ ਇੱਛਿਆ ਦੇ ਅਨੁਸਾਰ ਕੰਮ ਕਰੇਗਾ ਅਤੇ **ਆਪ ਨੂੰ ਉੱਚਾ ਕਰੇਗਾ ਅਤੇ ਆਪਣੇ ਆਪ ਨੂੰ ਸਾਰਿਆਂ ਦੇਵਤਿਆਂ ਨਾਲੋਂ ਵੱਡਾ ਜਾਣੇਗਾ** ਅਤੇ ਈਸ਼ਵਰਾਂ ਦੇ ਪਰਮੇਸ਼ਰ ਦੇ ਵਿਰੁੱਧ ਢੇਰ ਸਾਰੀਆਂ ਅਚਰਜ਼ ਗੱਲਾਂ ਆਖੇਗਾ ਅਤੇ ਭਾਗਵਾਨ ਹੋਵੇਗਾ ਐਥੋਂ ਤੱਕ ਜੋ ਕ੍ਰੋਧ ਦੇ ਦਿਨ ਪੂਰੇ ਹੋਣ ਕਿਉਂਕਿ ਉਹ ਜੋ ਠਹਿਰਾਇਆ ਗਿਆ ਹੈ ਸੋ ਹੋਵੇਗਾ।" [ਦਾਨੀ 11:36]

> "ਜਦੋਂ ਤੁਸੀਂ ਬਰਬਾਦੀ ਕਰਨ ਵਾਲੀ '**ਘਿਨਾਉਣੀ ਚੀਜ਼**' ਨੂੰ, ਜਿਸ ਬਾਰੇ ਦਾਨੀਏਲ ਨਬੀ ਨੇ ਭਵਿੱਖਬਾਣੀ ਕੀਤੀ ਸੀ **ਪਵਿੱਤਰ ਥਾਂ ਵਿੱਚ ਖੜ੍ਹਾ ਹੋਇਆ ਦੇਖੋ** (ਪੜ੍ਹਨ ਵਾਲਾ ਆਪਣੇ ਆਪ ਸਮਝ ਜਾਵੇ)" [ਮੱਤੀ 24:15] (ਮਰਕੁਸ 13:14 ਵੀ ਦੇਖੋ)

> ਕੋਈ ਤੁਹਾਨੂੰ ਕਿਸੇ ਤਰ੍ਹਾਂ ਧੋਖਾ ਨਾ ਦੇਵੇ। ਉਹ ਦਿਨ ਉਸ ਸਮੇਂ ਤੱਕ ਨਹੀਂ ਆਵੇਗਾ, ਜਦੋਂ ਤੱਕ ਕਿ ਵਿਦਰੋਹ ਨਾ ਹੋ ਜਾਵੇ ਅਤੇ ਦੁਸ਼ਟ ਮਨੁੱਖ ਪ੍ਰਗਟ ਨਾ ਹੋ ਜਾਵੇ ਜਿਸ ਦਾ ਅੰਤ ਨਾਸ਼ ਹੈ। **ਉਹ ਆਪਣੇ ਆਪ ਨੂੰ ਹਰੇਕ ਦੇਵਤੇ** ਜਾਂ ਅਰਾਧਨਾ ਕੀਤੀ ਜਾਣ ਵਾਲੀ ਚੀਜ਼ ਤੋਂ **ਉੱਚਾ ਕਰੇਗਾ** ਅਤੇ ਉਹਨਾਂ ਦਾ ਵਿਰੋਧ ਕਰੇਗਾ। ਇੱਥੋਂ ਤੱਕ ਕਿ ਉਹ **ਪਰਮੇਸ਼ਰ ਦੇ ਹੈਕਲ ਵਿੱਚ ਜਾ ਕੇ ਬੈਠੇਗਾ ਅਤੇ ਦਾਅਵਾ ਕਰੇਗਾ ਕਿ ਉਹ ਪਰਮੇਸ਼ਰ ਹੈ।** [2 ਥੱਸਲੁ 2:3-4]

> ਸਾਰੇ ਲੋਕ ਅਜਗਰ ਦੀ ਪੂਜਾ ਕਰਨ ਲੱਗੇ ਕਿਉਂਕਿ ਉਸ ਨੇ ਆਪਣਾ ਅਧਿਕਾਰ ਉਸ ਪਸ਼ੂ ਨੂੰ ਦੇ ਦਿੱਤਾ ਸੀ। ਉਹ ਉਸ ਪਸ਼ੂ ਦੀ ਪੂਜਾ ਇਹ ਕਹਿ ਕੇ ਵੀ ਕਰਨ ਲੱਗੇ, "ਇਸ ਪਸ਼ੂ ਵਰਗਾ ਕੌਣ ਹੈ? ਕੌਣ ਇਸ ਦੇ ਵਿਰੁੱਧ ਲੜ ਸਕਦਾ ਹੈ?"...ਤਦ ਧਰਤੀ ਦੇ ਸਾਰੇ ਰਹਿਣ ਵਾਲੇ ਉਸ ਪਸ਼ੂ ਦੀ ਪੂਜਾ ਕਰਨਗੇ ਜਿਹਨਾਂ ਦੇ ਨਾਂ ਰਚਨਾ ਦੇ ਸ਼ੁਰੂ ਤੋਂ ਹੀ ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਜਿਹੜਾ ਬਲੀਦਾਨ ਕੀਤਾ ਗਿਆ ਸੀ, ਨਹੀਂ ਲਿਖੇ ਗਏ ਸਨ...ਉਹ ਪਹਿਲੇ ਪਸ਼ੂ ਦੇ ਸਾਰੇ ਅਧਿਕਾਰ ਦੀ ਵਰਤੋਂ ਉਸੇ ਦੇ ਹੀ ਸਾਹਮਣੇ ਕਰਦਾ ਸੀ। ਉਹ

> ਧਰਤੀ ਅਤੇ ਇਸ ਦੇ ਲੋਕਾਂ ਨੂੰ ਉਸ ਪਹਿਲੇ ਪਸ਼ੂ, ਜਿਸ ਦਾ ਘਾਤਕ ਜ਼ਖ਼ਮ ਠੀਕ ਹੋ ਚੁੱਕਾ ਸੀ, **ਉਸ ਦੀ ਪੂਜਾ ਕਰਨ ਲਈ** ਮਜਬੂਰ ਕਰਦਾ ਸੀ। [ਪ੍ਰਕਾਸ਼ 13:4,8,12]

ਝੂਠਾ ਨਬੀ (ਪ੍ਰਕਾਸ਼ 13:11ff; 16:13; 19:20) ਇੱਕ ਪਸ਼ੂ ਦੀ ਪੂਜਾ ਕਰਵਾਉਣ ਦੇ ਲਈ ਇੱਕ ਪ੍ਰਚਾਰ ਪ੍ਰੋਗਰਾਮ ਵਿੱਚ ਅਗਵਾਈ ਕਰਦਾ ਹੈ। ਇਸ ਵਿੱਚ ਪਸ਼ੂ ਦੇ ਘਾਤਕ ਜ਼ਖ਼ਮਾਂ ਦਾ ਠੀਕ ਹੋ ਜਾਣਾ (ਪ੍ਰਕਾਸ਼ 13:3,12,14) ਅਤੇ ਬਹੁਤ ਸਾਰੇ ਚਿੰਨ੍ਹ-ਚਮਤਕਾਰ (ਪ੍ਰਕਾਸ਼ 13:13-14; 16:13-14; 19:20) ਵੀ ਸ਼ਾਮਲ ਹੋਣਗੇ ਜਿਵੇਂ ਕਿ ਪਸ਼ੂ ਦੀ ਇੱਕ ਮੂਰਤੀ ਬੋਲਣ ਲੱਗੇਗੀ (ਪ੍ਰਕਾਸ਼ 13:15)।

ਜਿਹੜੇ ਲੋਕ ਪਸ਼ੂ ਦੀ ਪੂਜਾ ਕਰਨ ਤੋਂ ਇਨਕਾਰ ਕਰਨਗੇ, ਉਹਨਾਂ ਨੂੰ ਆਰਥਿਕ ਜ਼ੁਰਮਾਨੇ ਭੁਗਤਣੇ ਪੈਣਗੇ (ਪ੍ਰਕਾਸ਼ 13:16-17) ਅਤੇ ਉਹਨਾਂ ਦੀ ਮੌਤ ਦੀ ਸਜ਼ਾ ਹੋਵੇਗੀ (ਪ੍ਰਕਾਸ਼ 13:15), ਅਤੇ ਇਹ ਸ਼ਾਇਦ ਕਈ ਵਾਰ ਸਵਰਗ ਤੋਂ ਚਮਤਕਾਰੀ ਅੱਗ ਦੁਆਰਾ ਕੀਤਾ ਜਾਵੇਗਾ (ਪ੍ਰਕਾਸ਼ 13:13)। ਤਾਂ ਪ੍ਰਚਾਰ ਅਤੇ ਜ਼ੁਰਮਾਨੇ/ਸਜ਼ਾ ਦੇ ਸਮੂਹਿਕ ਪ੍ਰਭਾਵ ਨਾਲ ਸੰਸਾਰ ਦੇ ਜ਼ਿਆਦਾਤਰ ਲੋਕ ਮਸੀਹ-ਵਿਰੋਧੀ ਦੀ ਪੂਜਾ ਕਰਨ (ਪ੍ਰਕਾਸ਼ 13:8) ਅਤੇ ਉਸ ਦੇ ਨਿਸ਼ਾਨ (666) ਨੂੰ ਲਗਵਾਉਣ ਦੇ ਲਈ ਤਿਆਰ ਹੋ ਜਾਣਗੇ (ਪ੍ਰਕਾਸ਼ 13:17-18)।

### e. ਮਸੀਹ-ਵਿਰੋਧੀ ਅਤੇ ਬਾਬਲ

ਪ੍ਰਕਾਸ਼ ਦੀ ਪੋਥੀ 17 ਦੇ ਬਾਬਲ ਵਿੱਚ ਸ਼ਾਇਦ ਇੱਕ ਝੂਠੀ ਧਾਰਮਿਕ ਪ੍ਰਣਾਲੀ ਵੀ ਸ਼ਾਮਲ ਹੈ। "ਵੇਸਵਾ" ਆਤਮਿਕ ਵੇਸਵਾ ਵੀ ਹੋ ਸਕਦੀ ਹੈ, ਕਿਉਂਕਿ ਇਤਿਹਾਸਕ ਰੂਪ ਵਿੱਚ ਬਾਬਲ ਇੱਕ ਝੂਠੇ ਧਰਮ ਨਾਲ ਜੁੜਿਆ ਹੋਇਆ ਸ਼ਹਿਰ ਰਿਹਾ ਹੈ। ਮਸੀਹ-ਵਿਰੋਧੀ ਯਕੀਨੀ ਤੌਰ ਤੇ ਇੱਕ ਝੂਠੀ ਧਾਰਮਿਕ ਪ੍ਰਣਾਲੀ ਦੀ ਵਰਤੋਂ ਕਰੇਗਾ।

ਫਿਰ ਵੀ, ਮੁੱਖ ਤੌਰ ਤੇ ਬਾਬਲ ਇੱਕ ਸ਼ਹਿਰ ਅਤੇ ਵਪਾਰ ਦਾ ਕੇਂਦਰ ਹੈ (ਪ੍ਰਕਾਸ਼ 17:18, 18:3, 10ff.)। ਹਾਲਾਂਕਿ ਅਜਿਹਾ ਲੱਗਦਾ ਹੈ ਜਿਵੇਂ ਬਾਬਲ ਨੇ ਮਸੀਹ-ਵਿਰੋਧੀ ਨਾਲ ਸੰਧੀ ਕੀਤੀ ਹੈ (ਘੱਟੋ-ਘੱਟ ਰੂਸ ਦੇ ਵਿਨਾਸ਼ ਤੋਂ ਬਾਅਦ), ਫਿਰ ਵੀ, ਮਸੀਹ-ਵਿਰੋਧੀ ਇਸ ਨੂੰ ਤੋੜ ਦੇਵੇਗਾ ਅਤੇ ਬਾਬਲ ਨੂੰ ਨਸ਼ਟ ਕਰ ਦੇਵੇਗਾ (ਜੋ ਪਰਮੇਸ਼ਰ ਦੀ ਯੋਜਨਾ ਅਨੁਸਾਰ ਹੈ)। ਇਹ ਸ਼ਾਇਦ ਮਸੀਹ ਦੇ ਦੂਜੀ ਵਾਰ ਆਉਣ ਤੋਂ ਕੁਝ ਸਮੇਂ ਹੀ ਪਹਿਲਾਂ ਹੋਵੇਗਾ।

> ਜਿਹੜੇ ਦਸ ਸਿੰਗ ਤੂੰ ਦੇਖੇ ਹਨ, ਉਹ ਅਤੇ ਪਸ਼ੂ ਉਸ ਵੇਸਵਾ ਨਾਲ ਨਫ਼ਰਤ ਕਰਨਗੇ। ਉਹ ਉਸ ਦਾ ਨਾਸ਼ ਕਰਨਗੇ, ਉਸ ਨੂੰ ਨੰਗਾ ਕਰਨਗੇ, ਉਸ ਦਾ ਮਾਸ ਖਾ ਜਾਣਗੇ ਅਤੇ ਉਸ ਨੂੰ ਸਾੜ ਦੇਣਗੇ। ਕਿਉਂਕਿ **ਪਰਮੇਸ਼ਰ ਨੇ ਆਪਣੇ ਉਦੇਸ਼ ਨੂੰ ਪੂਰਾ ਕਰਨ ਦੇ ਲਈ ਇਹ ਵਿਚਾਰ ਉਹਨਾਂ ਦੇ ਮਨਾਂ ਵਿੱਚ ਭਰ ਦਿੱਤਾ ਹੈ ਕਿ ਉਹ ਇੱਕ ਮੱਤ ਹੋ ਜਾਣ** ਅਤੇ ਜਦੋਂ ਤੱਕ ਪਰਮੇਸ਼ਰ ਦੇ ਵਚਨ ਪੂਰੇ ਨਹੀਂ ਹੋ ਜਾਂਦੇ, ਉਹ ਆਪਣਾ ਅਧਿਕਾਰ ਉਸ ਪਸ਼ੂ ਨੂੰ ਦੇ ਦੇਣ। [ਪ੍ਰਕਾਸ਼ 17:16-17]

### f. ਮਸੀਹ-ਵਿਰੋਧੀ ਬਾਰੇ ਹੋਰ ਵਿਭਿੰਨ ਤੱਥ

ਆਪਣੇ ਰਾਜ ਵਿੱਚ ਮਸੀਹ-ਵਿਰੋਧੀ ਰਵਾਇਤੀ ਰੀਤੀ-ਰਿਵਾਜਾਂ ਨੂੰ ਬਦਲਣ ਦੀ ਕੋਸ਼ਿਸ਼ ਕਰੇਗਾ। ਦਾਨੀਏਲ 7:25 ਇਹ ਸਿਖਾਉਂਦਾ ਹੈ, "...ਉਹ ਚਾਹੇਗਾ ਕਿ ਨਿਯੁਕਤ ਸਮਿਆਂ ਅਤੇ ਬਿਵਸਥਾ ਨੂੰ ਬਦਲ ਦੇਵੇ"। ਸ਼ਾਇਦ ਰਵਾਇਤੀ ਕੈਲੰਡਰ ਸੰਸਾਰ ਨੂੰ ਅਸਲੀ ਮਸੀਹ ਦੀ ਯਾਦ ਦਿਵਾਏਗਾ, ਇਸ ਲਈ ਉਸ ਨੂੰ ਖ਼ਤਮ ਕਰਨਾ ਜ਼ਰੂਰੀ ਹੋ ਜਾਵੇਗਾ।

ਮਸੀਹ-ਵਿਰੋਧੀ ਨੈਤਿਕਤਾ ਨੂੰ ਆਦਰ ਨਹੀਂ ਦੇਵੇਗਾ। ਉਹ "ਜੋ ਚਾਹੇਗਾ ਉਹੀ ਕਰੇਗਾ (ਦਾਨੀ 11:36) ਅਤੇ ਆਪਣੇ ਪੁਰਖਿਆਂ ਦੇ ਪਰਮੇਸ਼ਰ (ਦੇਵਤਿਆਂ) ਦੀ ਕੋਈ ਪਰਵਾਹ ਨਹੀਂ ਕਰੇਗਾ (ਦਾਨੀ 11:37)। 2 ਥੱਸਲੁਨੀਕੀਆਂ 2 ਵਿੱਚ ਪੌਲੁਸ ਦਾ ਸਿਰਲੇਖ ਉਸ ਦੇ ਚਰਿੱਤਰ ਨੂੰ "ਦੁਸ਼ਟ ਮਨੁੱਖ" ਅਤੇ "ਦੁਸ਼ਟਤਾ" ਕਹਿੰਦਾ ਹੈ। ਇਹ ਸਪੱਸ਼ਟ ਹੈ ਕਿ ਉਹ ਫ਼ੌਜੀ ਅਤੇ ਰਾਜਨੀਤਿਕ ਤੌਰ ਤੇ ਪ੍ਰਭਾਵਸ਼ਾਲੀ ਹੋਵੇਗਾ ਜੋ "ਕਿਲ੍ਹਿਆਂ ਦੇ ਦੇਵਤੇ" ਦਾ ਸਨਮਾਨ ਕਰੇਗਾ" (ਦਾਨੀ 11:38)। ਦਾਨੀਏਲ ਦੀ ਪੁਸਤਕ ਅਤੇ ਪ੍ਰਕਾਸ਼ ਦੀ ਪੋਥੀ ਦੋਵੇਂ ਹੀ ਇਸ ਗੱਲ ਉੱਤੇ ਜ਼ੋਰ ਦਿੰਦੀਆਂ ਹਨ ਕਿ ਉਸ ਦਾ ਰਾਜ ਪਿਛਲੇ ਸਾਰੇ ਹਾਕਮਾਂ ਅਤੇ ਰਾਜਾਂ ਤੋਂ ਵੱਖਰਾ ਹੋਵੇਗਾ (ਦਾਨੀ 7:7,19,23,24, ਸ਼ਬਦ **ਵੱਖਰੇ** ਉੱਤੇ ਧਿਆਨ ਦਿਓ; ਪ੍ਰਕਾਸ਼ 13:4b)।

## 5. ਮਸੀਹ ਵਿਰੋਧੀ ਦੀ ਤਬਾਹੀ ਅਤੇ ਅੰਤ

ਮਸੀਹ-ਵਿਰੋਧੀ ਦੁਆਰਾ ਚਲਾਏ ਜਾਣ ਵਾਲੇ ਸ਼ੈਤਾਨ ਦੇ ਸੰਸਾਰ ਦੇ ਰਾਜ ਦਾ ਅੰਤ ਇਸ ਤਰ੍ਹਾਂ ਹੋਵੇਗਾ ਕਿਵੇਂ ਕਿ ਪ੍ਰਕਾਸ਼ ਦੀ ਪੋਥੀ ਦੇ ਅੰਤ ਦੇ ਅਧਿਆਇਆਂ ਵਿੱਚ ਦੱਸਿਆ ਗਿਆ ਹੈ। ਪੂਰਬ ਦੇ ਰਾਜੇ ਮੱਧ-ਪੂਰਬ ਵੱਲ ਵਧਣਗੇ (ਪ੍ਰਕਾਸ਼ 16:12)। ਉਹ ਸ਼ਾਇਦ ਦੁਸ਼ਟ-ਆਤਮਾਵਾਂ ਦੁਆਰਾ ਪ੍ਰੇਰਿਤ ਉਹਨਾਂ ਫ਼ੌਜਾਂ ਵਿੱਚ ਸ਼ਾਮਲ ਹੋਣਗੇ ਜੋ ਮਸੀਹ ਦੇ ਦੁਬਾਰਾ ਆਉਣ ਦਾ ਵਿਰੋਧ ਕਰਨਗੀਆਂ।

> ਛੇਵੇਂ ਸਵਰਗਦੂਤ ਨੇ ਆਪਣਾ ਕਟੋਰਾ ਉਸ ਵੱਡੇ ਫ਼ਰਾਤ ਦਰਿਆ ਉੱਤੇ ਡੋਲ੍ਹ ਦਿੱਤਾ ਅਤੇ ਉਸ ਦਾ ਸਾਰਾ ਪਾਣੀ ਸੁੱਕ ਗਿਆ ਤਾਂ ਜੋ ਪੂਰਬ ਵੱਲੋਂ ਰਾਜਿਆਂ ਦੇ ਆਉਣ ਲਈ ਰਾਹ ਤਿਆਰ ਹੋ ਜਾਵੇ। ਤਦ ਮੈਂ ਤਿੰਨ ਭ੍ਰਿਸ਼ਟ ਆਤਮਾਵਾਂ ਨੂੰ ਅਜਗਰ, ਪਸ਼ੂ ਅਤੇ ਝੂਠੇ ਨਬੀ ਦੇ ਮੂੰਹਾਂ ਵਿੱਚੋਂ ਡੱਡੂਆਂ ਦੀ ਤਰ੍ਹਾਂ ਨਿਕਲਦੇ ਦੇਖਿਆ। ਇਹ ਸ਼ੈਤਾਨ ਦੇ ਆਤਮਾ ਹਨ ਜਿਹੜੇ ਚਮਤਕਾਰ ਦਿਖਾਉਂਦੇ ਹਨ। ਇਹ ਸਾਰੇ ਸੰਸਾਰ ਦੇ ਰਾਜਿਆਂ ਕੋਲ ਜਾ ਕੇ ਉਹਨਾਂ ਨੂੰ ਸਰਵਸ਼ਕਤੀਮਾਨ ਪਰਮੇਸ਼ਰ ਦੇ ਮਹਾਨ ਦਿਨ ਉੱਤੇ ਯੁੱਧ ਕਰਨ ਲਈ ਇਕੱਠੇ ਕਰਦੇ ਹਨ...ਤਦ ਸ਼ੈਤਾਨੀ ਆਤਮਾਵਾਂ ਨੇ ਸਾਰੇ ਰਾਜਿਆਂ ਨੂੰ ਉਸ ਥਾਂ ਉੱਤੇ ਇਕੱਠਾ ਕੀਤਾ ਜਿਸ ਦਾ ਨਾਂ ਇਬਰਾਨੀ

ਭਾਸ਼ਾ ਵਿੱਚ ਹਰਮਗਿੱਦੋਨ ਹੈ। [ਪ੍ਰਕਾਸ਼ 16:12-14,16]

ਇਸ ਸਮੇਂ ਦੇ ਆਸ-ਪਾਸ, ਜਿਵੇਂ ਕਿ ਪ੍ਰਕਾਸ਼ ਦੀ ਪੋਥੀ 18 ਵਿੱਚ ਦੱਸਿਆ ਗਿਆ ਹੈ (ਪ੍ਰਕਾਸ਼ 18:20-21), ਪਰਮੇਸ਼ਰ ਬਾਬਲ ਦੇ ਸ਼ਹਿਰ ਨੂੰ ਨਾਸ਼ ਕਰਨਗੇ। ਪ੍ਰਕਾਸ਼ 17:17 ਅਨੁਸਾਰ, ਬਾਬਲ ਨੂੰ ਸਜ਼ਾ ਦੇਣ ਦੇ ਲਈ ਪਰਮੇਸ਼ਰ ਮਸੀਹ-ਵਿਰੋਧੀ ਦੀ ਇੱਕ ਹਥਿਆਰ ਦੀ ਤਰ੍ਹਾਂ ਵਰਤੋਂ ਕਰਨਗੇ। ਮਸੀਹ-ਵਿਰੋਧੀ ਅਤੇ ਉਸ ਦੀਆਂ ਫ਼ੌਜਾਂ ਲੇਲੇ ਨਾਲ ਲੜਾਈ ਕਰਨਗੀਆਂ, ਪਰ ਇਸ ਨੂੰ ਕੋਈ ਵੱਡੀ "ਲੜਾਈ" ਨਹੀਂ ਕਿਹਾ ਜਾ ਸਕੇਗਾ ਕਿਉਂਕਿ ਪੂਰੇ ਸੰਸਾਰ ਦੀਆਂ ਫ਼ੌਜੀ ਤਾਕਤਾਂ ਮਸੀਹ ਦਾ ਸਾਹਮਣਾ ਨਹੀਂ ਕਰ ਪਾਉਣਗੀਆਂ।

> "ਉਹ ਆਪਣੇ ਸ਼ਾਹੀ ਡੇਰੇ ਸਮੁੰਦਰ ਤੇ ਪ੍ਰਤਾਪਵਾਨ ਪਵਿੱਤਰ ਪਰਬਤ ਦੇ ਵਿਚਕਾਰ ਲਵੇਗਾ ਪਰ **ਉਹ ਆਪਣੇ ਅੰਤ ਨੂੰ ਪੁੱਜ ਪਵੇਗਾ** ਅਤੇ **ਉਸ ਦਾ ਸਹਾਇਕ ਕੋਈ ਨਾ ਹੋਵੇਗਾ**।" [ਦਾਨੀ11:45]
>
> ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ ਜਿਸ ਨੂੰ **ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ ਮਾਰ ਦੇਣਗੇ** ਅਤੇ ਆਪਣੇ ਤੇਜ ਦੇ ਨਾਲ ਉਸ ਦਾ ਨਾਸ਼ ਕਰ ਦੇਣਗੇ। [2 ਥੱਸਲੁ 2:8]
>
> "ਉਹ ਸਾਰੇ ਮਿਲ ਕੇ ਲੇਲੇ ਦੇ ਵਿਰੁੱਧ ਜੰਗ ਲੜਨਗੇ ਅਤੇ **ਲੇਲਾ ਉਹਨਾਂ ਉੱਤੇ ਜਿੱਤ ਪ੍ਰਾਪਤ ਕਰੇਗਾ ਕਿਉਂਕਿ ਉਹ ਹੀ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ ਹੈ।** ਲੇਲੇ ਦੇ ਨਾਲ ਇਸ ਜਿੱਤ ਵਿੱਚ ਉਹ ਵੀ ਹਿੱਸੇਦਾਰ ਹੋਣਗੇ ਜਿਹੜੇ ਸੱਦੇ ਹੋਏ, ਚੁਣੇ ਹੋਏ ਅਤੇ ਵਿਸ਼ਵਾਸਯੋਗ ਹਨ।" [ਪ੍ਰਕਾਸ਼ 17:14]
>
> ਇਸ ਦੇ ਬਾਅਦ ਮੈਂ ਸਵਰਗ ਨੂੰ ਖੁੱਲ੍ਹਿਆ ਦੇਖਿਆ ਅਤੇ ਉੱਥੇ ਇੱਕ ਚਿੱਟਾ ਘੋੜਾ ਸੀ ਜਿਹੜਾ ਉਸ ਉੱਤੇ ਸਵਾਰ ਸੀ ਉਹ ਵਿਸ਼ਵਾਸਯੋਗ ਅਤੇ ਸੱਚ ਅਖਵਾਉਂਦਾ ਸੀ ਕਿਉਂਕਿ ਉਸ ਦਾ ਨਿਆਂ ਅਤੇ ਜੰਗ ਲੜਨਾ ਸੱਚਾਈ ਉੱਤੇ ਆਧਾਰਿਤ ਸੀ। ਉਸ ਦੀਆਂ ਅੱਖਾਂ ਦੀ ਚਮਕ ਅੱਗ ਦੀਆਂ ਤੇਜ਼ ਲਾਟਾਂ ਵਰਗੀ ਸੀ ਅਤੇ ਉਸ ਦੇ ਸਿਰ ਉੱਤੇ ਬਹੁਤ ਸਾਰੇ ਤਾਜ ਸਨ। ਉਸ ਉੱਤੇ ਇੱਕ ਨਾਮ ਵੀ ਲਿਖਿਆ ਹੋਇਆ ਸੀ ਜਿਸ ਨੂੰ ਉਸ ਤੋਂ ਬਿਨਾਂ, ਹੋਰ ਕੋਈ ਨਹੀਂ ਜਾਣਦਾ ਸੀ। ਉਸ ਨੇ ਖ਼ੂਨ ਦੇ ਵਿੱਚ ਭਿੱਜੇ ਹੋਏ ਕੱਪੜੇ ਪਹਿਨੇ ਹੋਏ ਸਨ ਅਤੇ ਉਸ ਦਾ ਨਾਮ ਪਰਮੇਸ਼ਰ ਦਾ ਸ਼ਬਦ ਹੈ। ਉਸ ਦੇ ਪਿੱਛੇ ਸਵਰਗ ਦੀਆਂ ਫ਼ੌਜਾਂ ਆ ਰਹੀਆਂ ਸਨ ਜਿਹਨਾਂ ਨੇ ਚਿੱਟੇ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਚਿੱਟੇ ਘੋੜਿਆਂ ਉੱਤੇ ਸਵਾਰ ਸਨ। ਉਸ ਦੇ ਮੂੰਹ ਵਿੱਚੋਂ ਇੱਕ ਤੇਜ਼ ਤਲਵਾਰ **ਕੌਮਾਂ ਨੂੰ ਮਾਰਨ** ਲਈ ਨਿੱਕਲ ਰਹੀ ਹੈ। ਉਹ ਲੋਹੇ ਦੇ ਰਾਜ ਦੰਡ ਨਾਲ **ਉਹਨਾਂ ਦੇ ਉੱਤੇ ਰਾਜ ਕਰੇਗਾ** ਅਤੇ **ਸਰਵਸ਼ਕਤੀਮਾਨ ਪਰਮੇਸ਼ਰ ਦੇ ਗੁੱਸੇ ਦੀ ਮੈਅ ਨੂੰ**, ਜਿਹੜੀ ਚੁਬੱਚੇ ਵਿੱਚੋਂ ਬਾਹਰ ਨਿੱਕਲ ਰਹੀ ਹੈ, **ਲਤਾੜੇਗਾ**। ਉਸ ਦੇ ਚੋਗੇ ਅਤੇ ਪੱਟ ਉੱਤੇ ਇਹ ਲਿਖਿਆ ਹੋਇਆ ਸੀ, "**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ**।" ਤਦ ਮੈਂ ਸੂਰਜ ਵਿੱਚ ਇੱਕ ਸਵਰਗਦੂਤ ਨੂੰ ਖੜ੍ਹੇ ਦੇਖਿਆ। ਉਸ ਨੇ ਉੱਚੀ ਆਵਾਜ਼ ਨਾਲ ਅਕਾਸ਼ ਵਿੱਚ ਉੱਡਣ ਵਾਲੇ ਸਾਰੇ ਪੰਛੀਆਂ ਨੂੰ ਪੁਕਾਰ ਕੇ ਕਿਹਾ, "ਆਓ, ਮਹਾਨ ਪਰਮੇਸ਼ਰ ਦੇ ਭੋਜ ਲਈ ਇਕੱਠੇ ਹੋ ਜਾਓ ਤਾਂ ਜੋ ਤੁਸੀਂ ਰਾਜਿਆਂ, ਸੈਨਾਪਤੀਆਂ, ਤਾਕਤਵਰ ਮਨੁੱਖਾਂ, ਘੋੜਿਆਂ, ਉਹਨਾਂ ਦੇ ਸਵਾਰਾਂ, ਆਜ਼ਾਦ ਅਤੇ ਗ਼ੁਲਾਮ, ਛੋਟਿਆਂ ਅਤੇ ਵੱਡਿਆਂ, ਸਾਰਿਆਂ ਦਾ ਮਾਸ ਖਾਓ।" ਫਿਰ ਮੈਂ ਪਸ਼ੂ ਨੂੰ, ਧਰਤੀ ਦੇ ਰਾਜਿਆਂ ਨੂੰ ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ ਦੇਖਿਆ। [ਪ੍ਰਕਾਸ਼ 19:11-19]

ਅਰਮਾਗਿੱਦੋਨ ਦੀ ਲੜਾਈ ਤੋਂ ਬਾਅਦ ਪਸ਼ੂ ਅਤੇ ਝੂਠੇ ਨਬੀ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇੱਕ ਸਵਰਗਦੂਤ ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੰਦਾ ਹੈ (ਪ੍ਰਕਾਸ਼ 20:1-3)। ਹਾਲਾਂਕਿ ਸ਼ੈਤਾਨ ਨੂੰ ਰਾਜ ਦੇ ਅੰਤ ਵਿੱਚ ਥੋੜ੍ਹੇ ਸਮੇਂ ਦੇ ਲਈ ਆਜ਼ਾਦ ਕਰ ਦਿੱਤਾ ਜਾਵੇਗਾ (ਪ੍ਰਕਾਸ਼ 20:7-9), ਪਰ ਪਸ਼ੂ ਅਤੇ ਝੂਠੇ ਨਬੀ ਨੂੰ ਕਦੇ ਵੀ ਸਦੀਪਕ ਸਜ਼ਾ ਤੋਂ ਥੋੜ੍ਹੇ ਸਮੇਂ ਦੀ ਰਿਹਾਹੀ ਨਹੀਂ ਮਿਲੇਗੀ (ਅਰਮਾਗਿੱਦੋਨ ਦੀ ਲੜਾਈ ਅਤੇ ਇਸ ਦੇ ਨਤੀਜਿਆਂ ਬਾਰੇ ਚਰਚਾ ਅੱਗੇ ਕੀਤੀ ਗਈ ਹੈ)। ਹਜ਼ਾਰ ਸਾਲ ਦੇ ਰਾਜ ਤੋਂ ਬਾਅਦ, ਸ਼ੈਤਾਨ ਨੂੰ ਵੀ ਉਹਨਾਂ ਦੇ ਨਾਲ ਅੱਗ ਦੀ ਝੀਲ ਵਿੱਚ ਪਾ ਦਿੱਤਾ ਜਾਵੇਗਾ।

> ਪਰ ਪਸ਼ੂ ਅਤੇ ਝੂਠਾ ਨਬੀ ਜਿਹੜਾ ਪਸ਼ੂ ਦੇ ਸਾਹਮਣੇ ਚਮਤਕਾਰ ਦਿਖਾਉਂਦਾ ਸੀ, ਫੜੇ ਗਏ। (ਇਹਨਾਂ ਚਮਤਕਾਰਾਂ ਦੁਆਰਾ ਉਹ ਉਹਨਾਂ ਲੋਕਾਂ ਨੂੰ ਕੁਰਾਹੇ ਪਾਉਂਦਾ ਸੀ ਜਿਹਨਾਂ ਨੇ ਆਪਣੇ ਉੱਤੇ ਪਸ਼ੂ ਦੀ ਮੋਹਰ ਲਾਈ ਸੀ ਅਤੇ ਉਸ ਦੀ ਮੂਰਤੀ ਦੀ ਪੂਜਾ ਕਰਦੇ ਸਨ।) **ਉਹ ਦੋਵੇਂ ਜਿਊਂਦੇ ਹੀ ਉਸ ਅੱਗ ਦੀ ਝੀਲ ਵਿੱਚ ਸੁੱਟੇ ਗਏ** ਜਿਹੜੀ ਗੰਧਕ ਨਾਲ ਬਲਦੀ ਹੈ। ਜਿਹੜੇ ਬਾਕੀ ਰਹਿ ਗਏ ਸਨ ਉਹ ਉਸ ਤਲਵਾਰ ਨਾਲ ਕਤਲ ਕੀਤੇ ਗਏ ਜਿਹੜੀ ਉਸ ਸਵਾਰ ਦੇ ਮੂੰਹ ਵਿੱਚੋਂ ਨਿੱਕਲ ਰਹੀ ਸੀ। ਸਾਰੇ ਪੰਛੀ ਉਹਨਾਂ ਦਾ ਮਾਸ ਖਾ ਕੇ ਰੱਜ ਗਏ। [ਪ੍ਰਕਾਸ਼ 19:20-21]
>
> ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਪਸ਼ੂ ਅਤੇ ਝੂਠਾ ਨਬੀ ਪਹਿਲਾਂ ਹੀ ਸੁੱਟੇ ਗਏ ਸਨ। ਉਹ ਸਾਰੇ ਉੱਥੇ ਦਿਨ ਰਾਤ ਅਨੰਤਕਾਲ ਤੱਕ ਕਸ਼ਟ ਭੋਗਣਗੇ। [ਪ੍ਰਕਾਸ਼ 20:10]

### C. ਬਿਪਤਾ ਦੇ ਸਮੇਂ ਦੀਆਂ ਲੜਾਈਆਂ

ਬਿਪਤਾ ਦਾ ਸਮਾਂ ਹੈਰਾਨੀਜਨਕ ਲੜਾਈ ਦਾ ਸਮਾਂ ਹੋਵੇਗਾ (ਮੱਤੀ 24:6; ਪ੍ਰਕਾਸ਼ 6:4)। ਬਾਈਬਲ ਬਿਪਤਾ ਦੇ ਸਮੇਂ ਦੀਆਂ ਦੋ ਮੁੱਖ ਲੜਾਈਆਂ ਦਾ ਵੇਰਵਾ ਦਿੰਦੀ ਹੈ, ਮਾਗੋਗ ਦਾ ਇਸਰਾਏਲ ਉੱਤੇ ਹਮਲਾ ਅਤੇ ਅਰਮਾਗਿੱਦੋਨ।

#### 1. ਮਾਗੋਗ ਦਾ ਇਸਰਾਏਲ ਉੱਤੇ ਹਮਲਾ: ਇਸ ਦੇ ਭਾਗੀਦਾਰ

ਇੱਕ ਪਿੱਛਲੇ ਭਾਗ ਵਿੱਚ ਹਿਜ਼ਕੀਏਲ 38:1-6 ਵਿੱਚ ਦਿੱਤੇ ਗਏ ਨਾਮਾਂ ਦੀ ਪਛਾਣ ਦਾ ਬਿਆਨ ਕੀਤਾ ਗਿਆ ਹੈ। ਮਾਗੋਗ ਦਾ ਦੇਸ਼ ਉਹ ਖੇਤਰ ਹੈ ਜਿਸ ਨੂੰ ਅਸੀਂ ਅੱਜ ਰੂਸ ਕਹਿੰਦੇ ਹਾਂ। ਮੇਸ਼ੇਕ ਅਤੇ ਤੂਬਲ ਨੂੰ ਤੁਰਕੀ ਅਤੇ ਆਰਮੀਨੀਆ ਨਾਲ ਜੋੜਿਆ ਜਾ ਸਕਦਾ ਹੈ। ਫ਼ਾਰਸ, ਕੂਸ਼ ਅਤੇ ਪੂਟ ਹੁਣ ਇਰਾਨ, ਇਥੋਪੀਆ, ਅਤੇ ਲੂਬੀ ਹਨ। ਗੋਮਰ ਪੂਰਬੀ ਯੂਰਪ ਜਾਂ ਤੁਰਕੀ ਹੋ ਸਕਦਾ ਹੈ। ਤੋਗਰਮਾਹ ਆਰਮੀਨੀਆ ਹੈ। ਇਸ ਸਮੂਹ ਨੂੰ ਅਰਬ ਦੇ ਸਹਿਯੋਗੀਆਂ ਵਾਲਾ ਉੱਤਰੀ ਸੰਘ ਕਿਹਾ ਜਾ ਸਕਦਾ ਹੈ (ਜਿਸ ਵਿੱਚ ਕੁਝ ਦੇਸ਼ ਨਸਲੀ ਨਹੀਂ ਪਰ ਸੱਭਿਆਚਾਰਕ ਤੌਰ ਤੇ ਅਰਬੀ ਹਨ)। ਉਹ ਇਸਰਾਏਲ ਉੱਤੇ ਹਮਲਾ ਕਰਨਗੇ।

#### 2. ਲੜਾਈ ਸੰਬੰਧੀ ਵਚਨ

ਬਿਪਤਾ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦੇ ਸਮਰਥਕ ਇਸ ਗੱਲ ਨਾਲ ਸਹਿਮਤ ਹਨ ਕਿ ਹਿਜ਼ਕੀਏਲ 38-39 ਇਸ ਹਮਲੇ ਦੀ ਗੱਲ ਕਰਦਾ ਹੈ। ਇਹ ਸੰਭਵ ਹੈ ਕਿ ਹਿਜ਼ਕੀਏਲ 38-39 ਇਸ ਲੜਾਈ ਨੂੰ ਪਰਮੇਸ਼ਰ ਦੇ ਦ੍ਰਿਸ਼ਟੀਕੋਣ ਤੋਂ ਦਰਸਾ ਰਿਹਾ ਹੋਵੇ, ਅਤੇ ਦਾਨੀਏਲ 11:36-45 ਇਸ ਲੜਾਈ ਦਾ ਬਿਆਨ ਇੱਕ ਮਨੁੱਖੀ ਦ੍ਰਿਸ਼ਟੀਕੋਣ ਤੋਂ ਕਰ ਰਿਹਾ ਹੋਵੇ। ਹਿਜ਼ਕੀ 38-39 ਅਤੇ ਦਾਨੀ 11:36 ਵਿਚਕਾਰ ਕੋਈ ਸਿੱਧਾ ਸੰਬੰਧ ਦਿਖਾਈ ਨਹੀਂ ਦਿੰਦਾ ਹੈ, ਅਤੇ ਹੋ ਸਕਦਾ ਹੈ ਕਿ ਇਹ ਦੋ ਵੱਖ-ਵੱਖ ਲੜਾਈਆਂ ਦਾ ਬਿਆਨ ਕਰ ਰਹੇ ਹੋਣ। ਪਰ, ਇਸ ਗੱਲ ਦੀ ਸੰਭਾਵਨਾ ਘੱਟ ਹੈ ਕਿ ਇੱਕ ਹੀ ਸਮੇਂ ਵਿੱਚ, ਅਤੇ ਇੱਕ ਹੀ ਖੇਤਰ ਵਿੱਚ, ਅਜਿਹੀਆਂ ਦੋ ਲੜਾਈਆਂ ਹੋਣ। "ਉੱਤਰ ਦਾ ਰਾਜਾ" (ਦਾਨੀ 11:40) ਜੇਕਰ "ਉੱਤਰ ਦੇ ਦੂਰ ਦੇ ਹਿੱਸਿਆਂ" ਤੋਂ ਆਉਣ ਵਾਲੇ ਵਾਲਾ ਰਾਜਾ (ਹਿਜ਼ਕੀ 38:6,15, 39:2) ਨਹੀਂ ਹੈ ਤਾਂ ਫਿਰ ਉਹ ਕੌਣ ਹੈ? ਹੇਠਾਂ ਦਿੱਤੇ ਗਏ ਵਿਚਾਰ ਇਸ ਸੰਭਾਵਨਾ ਨੂੰ ਸਥਾਪਿਤ ਕਰਨਗੇ ਕਿ ਦਾਨੀ 11:36ff ਦੀ ਲੜਾਈ ਅਤੇ ਹਿਜ਼ਕੀ 38-39 ਦੀ ਲੜਾਈ ਅਸਲ ਵਿੱਚ ਇੱਕ ਹੀ ਲੜਾਈ ਹੈ।

a. ਕਿਉਂਕਿ ਬਿਪਤਾ ਦੇ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਮਸੀਹ-ਵਿਰੋਧੀ ਸਾਰੇ ਸੰਸਾਰ ਉੱਤੇ ਰਾਜ ਕਰੇਗਾ (ਪ੍ਰਕਾਸ਼ 13:4-7), ਤਾਂ ਇਹ ਸੰਭਵ ਹੈ ਕਿ ਹਿਜ਼ਕੀਏਲ 38-39 ਅਤੇ ਦਾਨੀਏਲ 11:36ff ਦੀਆਂ ਲੜਾਈਆਂ ਪਹਿਲੇ ਸਾਢੇ ਤਿੰਨ ਸਾਲਾਂ ਵਿੱਚ ਹੋਣੀਆਂ ਚਾਹੀਦੀਆਂ ਹਨ।

b. ਹਿਜ਼ਕੀਏਲ 38-39 ਤੋਂ ਪਹਿਲਾਂ ਦਾਨੀਏਲ 11:36ff ਦੀ ਲੜਾਈ ਦੇ ਹੋਣ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਉਸ ਸਮੇਂ ਇਸਰਾਏਲ ਉਸ "ਸ਼ਾਂਤੀ ਅਤੇ ਸੁਰੱਖਿਆ" ਵਿੱਚ ਨਹੀਂ ਹੋਵੇਗਾ ਜਿਵੇਂ ਕਿ ਹਿਜ਼ਕੀਏਲ 38:8,11 ਅਤੇ 14 ਉਮੀਦ ਕਰਦਾ ਹੈ। ਜੇਕਰ ਦਾਨੀਏਲ 11 ਹਿਜ਼ਕੀਏਲ 38-39 ਤੋਂ ਪਹਿਲਾਂ ਇਸ ਖੇਤਰ ਉੱਤੇ ਹਮਲੇ ਦਾ ਵਰਣਨ ਕਰਦਾ ਹੈ, ਤਾਂ ਕੋਈ ਵੀ ਇਹ ਅਨੁਮਾਨ ਲਗਾ ਸਕਦਾ ਹੈ ਕਿ ਉਸ ਸਮੇਂ ਇਸਰਾਏਲ ਬਹੁਤ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੁੰਦਾ। ਇੱਕ ਹੋਰ ਵਿਚਾਰ ਰੂਸ ਦੇ ਅਫ਼ਰੀਕੀ ਸਹਿਯੋਗ ਨੂੰ ਸ਼ਾਮਲ ਕਰਦਾ ਹੈ। ਦਾਨੀਏਲ 11:36ff ਹਿਜ਼ਕੀਏਲ 38-39 ਤੋਂ ਪਹਿਲਾਂ ਨਹੀਂ ਹੋ ਸਕਦਾ ਸੀ ਕਿਉਂਕਿ ਫਿਰ ਇਸ ਦਾ ਅਰਥ ਇਹ ਹੋਵੇਗਾ ਕਿ ਰੂਸੀ ਸਹਿਯੋਗੀ (ਲੂਬੀ ਅਤੇ ਕੂਸ਼) ਪਹਿਲਾਂ ਹੀ ਤਬਾਹ ਹੋ ਚੁੱਕੇ ਹੋਣਗੇ (ਦਾਨੀ 11:43)। ਦਾਨੀਏਲ 11:36ff ਨੂੰ ਆਸਾਨੀ ਨਾਲ ਹਿਜ਼ਕੀਏਲ 38-39 ਤੋਂ ਪਹਿਲਾਂ ਨਹੀਂ ਰੱਖਿਆ ਜਾ ਸਕਦਾ ਹੈ।

c. ਇਸਰਾਏਲ ਉੱਤੇ ਰੂਸੀ ਹਮਲੇ ਤੋਂ ਬਾਅਦ ਦਾਨੀ 11:36ff ਦੀ ਲੜਾਈ ਦਾ ਹੋਣਾ ਵੀ ਅਸੰਭਵ ਲੱਗਦਾ ਹੈ। ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਹਿਜ਼ਕੀਏਲ 38-39 ਵਿੱਚ ਤਬਾਹੀ ਦਾ ਅਰਥ ਇਹ ਹੋਵੇਗਾ ਕਿ ਅਰਥ ਕੂਸ਼ ਅਤੇ ਲੂਬੀ ਵਰਗੇ ਸਹਿਯੋਗੀਆਂ ਦੀ ਹਾਲਤ ਅਜਿਹੀ ਹੋ ਗਈ ਹੋਵੇਗੀ ਕਿ ਫਿਰ ਉਹ ਬਿਪਤਾ ਦੀ ਮਿਆਦ ਦੇ ਥੋੜ੍ਹੇ ਸਮੇਂ ਦੇ ਅੰਦਰ ਇੱਕ ਹੋਰ ਗੰਭੀਰ ਹਮਲੇ ਦੀ ਤਿਆਰੀ ਨਹੀਂ ਕਰ ਸਕਣਗੇ। ਇਸ ਤਰ੍ਹਾਂ ਦੀ ਹੀ ਕਮਜ਼ੋਰ ਹਾਲਤ ਇਸਰਾਏਲ ਦੇ ਉੱਤਰ ਵੱਲ ਦੀਆਂ ਕੌਮਾਂ ਦੀ ਵੀ ਹੋਵੇਗੀ, ਅਤੇ ਜੇਕਰ "ਉੱਤਰ ਦਾ ਰਾਜਾ" ਕੋਈ ਰੂਸੀ ਰਾਜਾ ਹੈ, ਤਾਂ ਉਸ ਦੀ ਹਾਲਤ ਖ਼ਾਸ ਤੌਰ ਤੇ ਕਮਜ਼ੋਰ ਹੋ ਗਈ ਹੋਵੇਗੀ।

d. ਦਾਨੀਏਲ 11:36 ਨਾਲ ਹਿਜ਼ਕੀਏਲ ਦੇ ਗੋਗ ਦੇ ਹਮਲੇ ਨੂੰ ਜੋੜਨ ਦੇ ਸਿੱਟੇ

ਅਜਿਹੀਆਂ ਸਥਿਤੀਆਂ ਬਾਰੇ ਸੋਚਣਾ ਸੰਭਵ ਹੈ ਜਿਹਨਾਂ ਵਿੱਚ ਦਾਨੀਏਲ 11:36ff ਨੂੰ ਹਿਜ਼ਕੀਏਲ 38-39 ਤੋਂ ਵੱਖ ਕੀਤਾ ਜਾ ਸਕਦਾ ਹੈ। ਫਿਰ ਵੀ, ਬਾਈਬਲ ਤੋਂ ਮਿਲੇ ਵੇਰਵਿਆਂ ਦੇ ਆਧਾਰ ਤੇ, ਇਹ ਮੰਨਣਾ ਹੀ ਸਭ ਤੋਂ ਵਧੀਆ ਲੱਗਦਾ ਹੈ ਕਿ ਦਾਨੀਏਲ ਅਤੇ ਹਿਜ਼ਕੀਏਲ ਦੋਵੇਂ ਇੱਕ ਹੀ ਲੜਾਈ ਦੀ ਗੱਲ ਕਰ ਰਹੇ ਹਨ। ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਵਾਅਦਾ ਕੀਤੀ ਗਈ ਧਰਤੀ ਉੱਤੇ ਰੂਸੀ-ਅਰਬ ਦੇ ਹਮਲੇ ਤੋਂ ਪਹਿਲਾਂ ਵੀ ਕੋਈ ਹਮਲਾ ਹੋ ਸਕਦਾ ਹੈ ਜਿਸ ਤੋਂ ਬਾਅਦ ਇਸਰਾਏਲ ਵਿੱਚ ਸੁਰੱਖਿਅਤ ਮਹਿਸੂਸ ਕਰੇ, ਜਿਸ ਤੋਂ ਬਾਅਦ ਉਸ ਨੂੰ ਉੱਤਰ ਜਾਂ ਅਫ਼ਰੀਕਾ ਦੇ ਵੱਲੋਂ ਕਿਸੇ ਹਮਲੇ ਦਾ ਖ਼ਤਰਾ ਨਾ ਹੋਵੇ, ਅਤੇ ਜਿਸ ਤੋਂ ਬਾਅਦ ਉੱਤਰ-ਪੂਰਬ ਅਫ਼ਰੀਕਾ ਵਿੱਚ ਰੂਸ ਦੇ ਸਹਿਯੋਗੀਆਂ ਦੀ ਵੀ ਸ਼ਕਤੀ ਬਣੀ ਰਹੇ। ਇਹ ਵੀ ਇੰਨਾ ਹੀ ਅਸੰਭਵ ਹੈ ਕਿ ਕੋਈ "ਉੱਤਰ ਦਾ ਰਾਜਾ" (ਖ਼ਾਸ ਕਰਕੇ ਰੂਸ ਅਤੇ ਅਫ਼ਰੀਕੀ ਰਾਜ ਜਿਵੇਂ ਕਿ ਲੂਬੀ ਅਤੇ ਕੂਸ਼) ਹਿਜ਼ਕੀਏਲ 38-39 ਵਿੱਚ ਵਰਣਨ ਕੀਤੀ ਬੁਰੀ ਹਾਰ ਤੋਂ ਬਾਅਦ

ਇੱਕ ਹੋਰ ਗੰਭੀਰ ਹਮਲਾ ਕਰ ਸਕੇ। ਇਸ ਤਰ੍ਹਾਂ, ਹਿਜ਼ਕੀਏਲ 38-39 ਅਤੇ ਦਾਨੀਏਲ 11:36ff ਅਜਿਹੇ ਦੋ ਵਚਨ ਹਨ ਜੋ ਇਸਰਾਏਲ ਉੱਤੇ ਰੂਸ ਦੇ ਹਮਲੇ ਦਾ ਬਿਆਨ ਕਰ ਰਹੇ ਹਨ। ਹਿਜ਼ਕੀਏਲ ਇਸ ਲੜਾਈ ਨੂੰ ਪਰਮੇਸ਼ਰ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਦਾਨੀਏਲ ਇਸ ਲੜਾਈ ਨੂੰ ਮਨੁੱਖੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ।

### 3. ਲੜਾਈ ਦਾ ਸਮਾਂ

#### a. ਇੱਕ ਆਮ ਸਮਾਂ

ਨਬੀਆਂ ਨੇ ਇਸਰਾਏਲ ਉੱਤੇ ਮਾਗੋਗ ਦੇ ਹਮਲੇ ਨੂੰ ਅੰਤ ਦੇ ਦਿਨਾਂ ਦੀਆਂ ਘਟਨਾਵਾਂ ਦੇ ਭਵਿੱਖ ਦੇ ਸੰਦਰਭ ਵਿੱਚ ਰੱਖਿਆ ਹੈ। ਇਹ ਉਦੋਂ ਹੋਵੇਗਾ ਜਦੋਂ ਇਸਰਾਏਲ ਨੂੰ ਆਪਣੇ ਦੇਸ਼ ਵਿੱਚ ਮੁੜ-ਸਥਾਪਿਤ ਕਰ ਦਿੱਤਾ ਜਾਵੇਗਾ (ਹਿਜ਼ਕੀ 36:24ff; 38:8,12; 39:25), ਜੋ ਜੀਅ ਉੱਠਣ ਦੇ ਸਮੇਂ ਦੇ ਨੇੜੇ (ਹਿਜ਼ਕ 37:12), ਅਤੇ ਭਵਿੱਖ ਦੇ ਰਾਜ ਦੇ ਨੇੜੇ ਦੇ ਸਮੇਂ ਵਿੱਚ ਹੋਵੇਗਾ (ਹਿਜ਼ਕੀ 37:24-26)। ਹਿਜ਼ਕੀਏਲ 38-39 ਦੀ ਲੜਾਈ ਦੇ ਦੋਵੇਂ ਸੰਦਰਭ – ਲੜਾਈ ਤੋਂ ਪਹਿਲਾਂ (ਅਧਿਆਇ 36-37) ਅਤੇ ਲੜਾਈ ਤੋਂ ਬਾਅਦ (ਹਜ਼ਾਰ ਸਾਲ ਦੇ ਹੈਕਲ ਬਾਰੇ ਅਧਿਆਇ 40-48) ਅੰਤ ਦੇ ਸਮੇਂ ਦੀਆਂ ਘਟਨਾਵਾਂ ਨਾਲ ਸੰਬੰਧਿਤ ਹਨ। ਹਿਜ਼ਕੀਏਲ 38 ਲੜਾਈ ਨੂੰ "ਅੰਤ ਦੇ ਦਿਨਾਂ" ਵਿੱਚ ਰੱਖਦਾ ਹੈ (ਦਾਨੀਏਲ 11:35 ਵਿੱਚ "ਅੰਤ ਦੇ ਸਮੇਂ ਤੱਕ" ਵੀ ਦੇਖੋ)

> "ਬਹੁਤ ਦਿਨਾਂ ਬਾਅਦ ਤੂੰ ਦੇਖਿਆ ਜਾਵੇਂਗਾ ਅਤੇ **ਆਖਰੀ ਸਾਲ** ਵਿੱਚ ਉਸ ਭੂਮੀ ਤੇ ਜਿਹੜੀ ਤਲਵਾਰ ਤੋਂ ਛੁਡਾਈ ਗਈ ਹੈ, ਜਿੱਥੇ ਬਹੁਤ ਲੋਕ ਇਕੱਠੇ ਕੀਤੇ ਗਏ ਹਨ, ਇਸਰਾਏਲ ਦੇ ਪਹਾੜਾਂ ਤੇ...ਵੱਸਣਗੇ। [ਹਿਜ਼ਕੀ 38:8]
>
> "…ਇਹ **ਆਖਰੀ ਦਿਨਾਂ** ਵਿੱਚ ਹੋਵੇਗਾ ਅਤੇ ਮੈਂ ਤੈਨੂੰ ਆਪਣੇ ਦੇਸ ਤੇ ਚੜ੍ਹਾ ਲਿਆਵਾਂਗਾ…" [ਹਿਜ਼ਕੀ 38:16]

ਇਸ ਲੜਾਈ ਤੋਂ ਬਾਅਦ ਬਹੁਤ ਸਾਰੇ ਲੋਕ ਪਰਮੇਸ਼ਰ ਵੱਲ ਮੁੜਣਗੇ ਜਿਹਨਾਂ ਵਿੱਚ ਯਹੂਦੀ ਵੀ ਸ਼ਾਮਲ ਹੋਣਗੇ। ਇਹ ਭਵਿੱਖ ਦੇ ਸਮੇਂ ਨਾਲ ਬਹੁਤ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ (ਦੇਖੋ, ਪ੍ਰਕਾਸ਼ 7:4-10, 14-17)।

> "ਮੈਂ ਆਪਣੀ ਮਹਿਮਾ ਅਤੇ ਆਪਣੀ ਪਵਿੱਤਰਤਾ ਕਰਾਵਾਂਗਾ। **ਬਹੁਤ ਸਾਰੀਆਂ ਕੌਮਾਂ** ਦੀਆਂ ਨਜ਼ਰਾਂ ਵਿੱਚ ਜਾਣਿਆ ਜਾਂਵਾਂਗਾ ਅਤੇ **ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ!**"[ਹਿਜ਼ਕੀ 38:23]
>
> "ਮੈਂ ਕੌਮਾਂ ਵਿਚਕਾਰ ਆਪਣੀ ਮਹਿਮਾ ਕਾਇਮ ਕਰਾਂਗਾ ਅਤੇ **ਸਾਰੀਆਂ ਕੌਮਾਂ** ਮੇਰੇ ਨਿਆਂ ਨੂੰ ਅਤੇ ਮੇਰੇ ਹੱਥ ਨੂੰ ਜਿਹੜਾ ਮੈਂ ਉਹਨਾਂ ਨੂੰ ਪਾਇਆ, **ਦੇਖਣਗੀਆਂ। ਇਸਰਾਏਲ ਦਾ ਘਰਾਣਾ ਜਾਣੇਗਾ** ਕਿ ਉਸ ਦਿਨ ਤੋਂ ਲੈ ਕੇ ਅੱਗੇ ਨੂੰ **ਮੈਂ ਹੀ ਯਹੋਵਾਹ ਉਹਨਾਂ ਦਾ ਪਰਮੇਸ਼ਰ ਹਾਂ**!" [ਹਿਜ਼ਕੀ 39:21-22]

#### b. ਇੱਕ ਖ਼ਾਸ ਭਵਿੱਖ ਦੇ ਸਮੇਂ ਵਿੱਚ ਰੂਸ ਦਾ ਇਸਰਾਏਲ ਉੱਤੇ ਹਮਲਾ

##### (1) ਰੈਪਚਰ ਤੋਂ ਪਹਿਲਾਂ

ਪ੍ਰਕਾਸ਼ ਦੀ ਪੋਥੀ ਉੱਤੇ ਇੱਕ ਪੁਸਤਕ ਦੇ ਪ੍ਰਸਿੱਧ ਟਿੱਪਣੀਕਾਰ ਨੇ ਹਿਜ਼ਕੀਏਲ 38-39 ਦੀ ਲੜਾਈ ਨੂੰ "ਬਿਪਤਾ ਤੋਂ ਪਹਿਲਾਂ" ਰੱਖਿਆ ਹੈ।[40] ਇਹ ਇਸਰਾਏਲ ਦੇ ਸ਼ਾਂਤੀ ਅਤੇ ਸੁਰੱਖਿਆ ਵਿੱਚ ਰਹਿਣ (ਹਿਜ਼ਕੀ 38:8,11,14) ਅਤੇ ਇਸ ਤੱਥ ਨਾਲ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ ਕਿ ਇਸਰਾਏਲ ਨੂੰ ਲੜਾਈ ਦੇ ਸਾਰੇ ਮਲਬੇ ਨੂੰ ਸਾੜਨ ਵਿੱਚ ਪੂਰੇ ਸੱਤ ਸਾਲ ਲੱਗ ਜਾਂਦੇ ਹਨ (ਹਿਜ਼ਕੀ 39:9-10)। ਪਰ ਮਸੀਹ-ਵਿਰੋਧੀ ਨਾਲ ਸ਼ਾਂਤੀ ਦਾ ਨੇਮ ਹੋ ਜਾਣ ਤੋਂ ਬਾਅਦ, ਇਸਰਾਏਲ ਬਿਪਤਾ ਦੇ ਪਹਿਲੇ ਸਾਢੇ ਤਿੰਨ ਸਾਲ ਵਿੱਚ ਵੀ ਸ਼ਾਂਤੀ ਅਤੇ ਸੁਰੱਖਿਆ ਵਿੱਚ ਹੋ ਸਕਦਾ ਹੈ (ਦਾਨੀਏਲ 9:27)। ਇਸ ਤੋਂ ਇਲਾਵਾ, ਲੜਾਈ ਦਾ ਕੁਝ ਮਲਬਾ ਬਿਪਤਾ ਅਤੇ ਹਜ਼ਾਰ ਸਾਲ ਦੇ ਰਾਜ ਦੇ ਵਿਚਕਾਰ ਦੇ ਸਮੇਂ ਵਿੱਚ ਵੀ ਸਾੜਿਆ ਜਾ ਸਕਦਾ ਹੈ।

ਇਸ ਹਮਲੇ ਨੂੰ ਬਿਪਤਾ ਤੋਂ ਪਹਿਲਾਂ ਰੱਖਣ ਵਿੱਚ ਸਭ ਤੋਂ ਵੱਡਾ ਇਤਰਾਜ਼ ਇਹ ਹੈ ਕਿ ਇਹ ਰੈਪਚਰ ਨੂੰ ਵੀ ਬਿਪਤਾ ਤੋਂ ਪਹਿਲਾਂ ਰੱਖਦਾ ਹੈ ਅਤੇ ਇਸ ਤਰ੍ਹਾਂ ਇਹ ਰੈਪਚਰ ਦੇ ਛੇਤੀ ਹੋਣ ਦੀ ਸੰਭਾਵਨਾ ਨੂੰ ਖ਼ਤਮ ਕਰ ਦਿੰਦਾ ਹੈ। ਵਾਕਾਂਸ਼ ਜਿਵੇਂ ਕਿ "ਬਹੁਤ ਦਿਨਾਂ ਮਗਰੋਂ" (ਹਿਜ਼ਕੀ 38:8, 16) ਕਲੀਸਿਯਾ ਦੇ ਯੁੱਗ ਦੇ ਅੰਤ ਦੀ ਨਹੀਂ, ਪਰ ਇਸਰਾਏਲ ਦੇ ਲਈ ਅੰਤ ਦੇ ਦਿਨਾਂ ਦੀ ਗੱਲ ਕਰਦੇ ਹਨ।

##### (2) ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ

ਬਾਈਬਲ ਦੇ ਇੱਕ ਹੋਰ ਸਿੱਖਿਅਕ ਨੇ ਹਿਜ਼ਕੀਏਲ 38-39 ਦੀ ਲੜਾਈ ਨੂੰ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ ਰੱਖਿਆ ਹੈ।[41] ਇਹ ਵਿਚਾਰ ਹੋਰ ਵੀ ਜ਼ਿਆਦਾ ਕਮਜ਼ੋਰ ਲੱਗਦਾ ਹੈ। ਇੱਕ ਵਾਰ ਫਿਰ, ਇੱਥੇ ਮੁੱਖ ਦਲੀਲ ਇਹੀ ਹੈ ਕਿ ਇਸ ਵਿੱਚ ਇਸਰਾਏਲ ਨੂੰ ਆਪਣੇ ਦੇਸ਼ ਵਿੱਚ ਸੁਰੱਖਿਅਤ ਰਹਿਣ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ (ਹਿਜ਼ਕੀ 38:8,11,14)। ਪਰ, ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ ਇਸਰਾਏਲ ਉੱਤੇ ਹਮਲਾ ਕਰਨ ਦੇ ਲਈ ਧਰਤੀ ਉੱਤੇ ਕੋਈ ਵੀ ਨਾ ਬਚੇ

---

[40] ਟਿਮ ਲਾਹਏ, *ਰਿਵਲੇਸ਼ਨ,* ਪੇਜ. 268, ਲਾਹਏ ਦਾ ਮੰਨਣਾ ਹੈ ਕਿ ਇਹ ਲੜਾਈ ਬਿਪਤਾ ਤੋਂ ਪਹਿਲਾਂ ਹੋਵੇਗੀ ਪਰ ਇਹ ਜ਼ਰੂਰੀ ਨਹੀਂ ਹੈ ਕਿ ਇਹ ਰੈਪਚਰ ਤੋਂ ਵੀ ਪਹਿਲਾਂ ਹੋਵੇ। ਇੱਕ ਸਿਧਾਂਤਕ ਤੌਰ ਤੇ ਰੈਪਚਰ ਅਤੇ ਬਿਪਤਾ ਦੇ ਵਿਚਕਾਰ ਥੋੜ੍ਹਾ ਜਿਹਾ ਸਮਾਂ ਹੋ ਸਕਦਾ ਹੈ। ਪਰ ਇਹ ਅਸੰਭਵ ਲੱਗਦਾ ਹੈ ਕਿਉਂਕਿ ਕਲੀਸਿਯਾ ਅਤੇ ਦੁਸ਼ਟਤਾ ਨੂੰ ਰੋਕਣ ਵਾਲੇ ਦੇ ਹਟਾਏ ਜਾਣ ਤੋਂ ਬਾਅਦ, ਸ਼ੈਤਾਨ ਮਸੀਹ-ਵਿਰੋਧੀ ਦੇ ਅਧਿਕਾਰ ਵਿੱਚ ਆਉਣ ਲਈ ਜ਼ਿਆਦਾ ਸਮਾਂ ਬਰਬਾਦ ਨਹੀਂ ਕਰੇਗਾ।

[41] ਆਰਨੋ ਸੀ. ਗੇਬਲਾਈਨ, ਕੋਟਿਡ ਇਨ ਜੇ. ਡਵਾਇਟ ਪੈਂਟੇਕੋਸਟ, ਥਿੰਗਜ਼ ਟੂ ਕਮ, ਪੰਨਾ 348

ਹੋਏ ਲੋਕ ਨਹੀਂ ਹੋਣਗੇ। ਮਸੀਹ ਆਪਣੀ ਦੂਜੀ ਵਾਪਸੀ ਵੇਲੇ ਸਾਰੇ ਨਾ ਬਚੇ ਹੋਏ ਲੋਕਾਂ ਨੂੰ ਧਰਤੀ ਉੱਤੋਂ ਅਲੱਗ ਕਰਕੇ ਹਟਾ ਦੇਣਗੇ (ਮੱਤੀ 25:31ff; ਪ੍ਰਕਾਸ਼ 19:15-18), ਯੁੱਧਾਂ ਬੰਦ ਹੋ ਜਾਣਗੇ (ਯਸਾ 2:1-4,9:6-7; ਮੀਕਾਹ 4:3) ਅਤੇ ਸ਼ੈਤਾਨ ਨੂੰ ਬੰਨ੍ਹ ਦਿੱਤਾ ਜਾਵੇਗਾ (ਪ੍ਰਕਾਸ਼ 20:1-3)। ਅਜਿਹੇ ਸਮੇਂ ਵਿੱਚ ਅਵਿਸ਼ਵਾਸੀਆਂ ਦੀ ਇੱਕ ਵਿਦਰੋਹੀ ਭੀੜ ਦੁਆਰਾ ਹਮਲੇ ਦਾ ਕੋਈ ਮਤਲਬ ਨਹੀਂ ਬਣਦਾ ਹੈ। ਇਸ ਤੋਂ ਇਲਾਵਾ, ਇਸਰਾਏਲ ਦੀ ਭੂਮੀ ਫਿਰ ਹਜ਼ਾਰ ਸਾਲ ਦੇ ਰਾਜ ਨੂੰ ਗੰਦਗੀ ਦੀ ਸਥਿਤੀ ਵਿੱਚ ਸ਼ੁਰੂ ਕਰੇਗੀ ਕਿਉਂਕਿ ਇਸ ਨੂੰ ਧਰਤੀ ਨੂੰ ਲਾਸ਼ਾਂ ਤੋਂ ਸ਼ੁੱਧ ਕਰਨ ਲਈ ਸੱਤ ਮਹੀਨੇ ਲੱਗਣਗੇ (ਹਿਜ਼ਕੀ 39:12-16)।

### (3) ਹਜ਼ਾਰ ਸਾਲ ਦੇ ਅੰਤ ਵਿੱਚ

ਗੋਗ ਅਤੇ ਮਾਗੋਗ ਹਜ਼ਾਰ ਸਾਲਾਂ ਦੇ ਰਾਜ ਦੇ ਅੰਤ ਵਿੱਚ ਯਕੀਨੀ ਤੌਰ ਤੇ ਮਸੀਹ ਦੇ ਰਾਜ ਦੇ ਵਿਰੁੱਧ ਬਗਾਵਤ ਕਰਨਗੇ। ਹਾਲਾਂਕਿ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਇੱਕ ਅਜਿਹੇ ਸੰਸਾਰ ਨਾਲ ਹੋਵੇਗੀ ਜਿਸ ਵਿੱਚ ਕੋਈ ਅਵਿਸ਼ਵਾਸੀ ਨਹੀਂ ਹੋਵੇਗਾ, ਫਿਰ ਵੀ ਹਜ਼ਾਰ ਸਾਲ ਦੇ ਰਾਜ ਦੌਰਾਨ ਪੈਦਾ ਹੋਏ ਕੁਝ ਲੋਕ ਮਸੀਹ ਨੂੰ ਰੱਦ ਕਰਨਗੇ ਅਤੇ ਸ਼ੈਤਾਨ ਦੀ ਅਗਵਾਈ ਵਿੱਚ, ਜੋ ਕੁਝ ਸਮੇਂ ਦੇ ਲਈ ਅਥਾਹ ਕੁੰਡ ਵਿੱਚੋਂ ਛੱਡ ਦਿੱਤਾ ਜਾਵੇਗਾ, ਵਿਦਰੋਹ ਕਰਨਗੇ। ਪਰ, ਇਹ ਸਵਾਲ ਬਣਿਆ ਰਹਿੰਦਾ ਹੈ ਕਿ ਕੀ ਪ੍ਰਕਾਸ਼ 20:7ff ਦਾ ਸੰਬੰਧ ਹਿਜ਼ਕੀਏਲ 28-29 ਦੀ ਘਟਨਾ ਨਾਲ ਹੈ ਜਾਂ ਫਿਰ ਇਹ ਕਿਸੇ ਹੋਰ ਘਟਨਾ ਦੇ ਬਾਰੇ ਹੈ। ਦੋਵਾਂ ਦੀ ਜਗ੍ਹਾ ਇੱਕੋ ਹੀ ਹੈ, ਪਰ ਸਮਾਂ ਅਲੱਗ ਹੈ।

> **ਇੱਕ ਹਜ਼ਾਰ ਸਾਲ ਪੂਰਾ ਹੋ ਜਾਣ ਦੇ ਬਾਅਦ** ਸ਼ੈਤਾਨ ਕੈਦ ਵਿੱਚੋਂ ਛੱਡ ਦਿੱਤਾ ਜਾਵੇਗਾ। ਉਹ ਧਰਤੀ ਦੀਆਂ ਸਾਰੀਆਂ ਕੌਮਾਂ ਨੂੰ ਕੁਰਾਹੇ ਪਾਉਣ ਲਈ ਨਿੱਕਲੇਗਾ ਭਾਵ ਗੋਗ ਅਤੇ ਮਗੋਗ ਜਿਹੜੀਆਂ ਧਰਤੀ ਦੇ ਚਾਰਾਂ ਕੋਨਿਆਂ ਤੱਕ ਫੈਲੀਆਂ ਹੋਈਆਂ ਹਨ। ਉਹਨਾਂ ਦੀ ਗਿਣਤੀ ਸਮੁੰਦਰ ਦੀ ਰੇਤ ਵਾਂਗ ਹੈ। ਉਹ ਉਹਨਾਂ ਨੂੰ ਲੜਾਈ ਦੇ ਲਈ ਇੱਕ ਥਾਂ ਇਕੱਠਾ ਕਰੇਗਾ। ਇਸ ਲਈ ਉਹਨਾਂ ਨੇ ਸਾਰੀ ਧਰਤੀ ਉੱਤੇ ਹਮਲਾ ਕਰ ਕੇ ਪਰਮੇਸ਼ਰ ਦੇ ਲੋਕਾਂ ਦੀ ਛਾਉਣੀ ਨੂੰ ਘੇਰ ਲਿਆ ਭਾਵ ਉਸ ਸ਼ਹਿਰ ਨੂੰ ਜਿਸ ਨੂੰ ਪਰਮੇਸ਼ਰ ਪਿਆਰ ਕਰਦੇ ਹਨ। ਤਦ ਸਵਰਗ ਤੋਂ ਅੱਗ ਉੱਤਰੀ ਅਤੇ ਉਹਨਾਂ ਨੂੰ ਭਸਮ ਕਰ ਦਿੱਤਾ। ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਪਸ਼ੂ ਅਤੇ ਝੂਠਾ ਨਬੀ ਪਹਿਲਾਂ ਹੀ ਸੁੱਟੇ ਗਏ ਸਨ। ਉਹ ਸਾਰੇ ਉੱਥੇ ਦਿਨ ਰਾਤ ਅਨੰਤਕਾਲ ਤੱਕ ਕਸ਼ਟ ਭੋਗਣਗੇ। [ਪ੍ਰਕਾਸ਼ 20:7-10] (20:1-3 ਵੀ ਦੇਖੋ)

ਹਿਜ਼ਕੀ 39:12,14 ਇਹ ਸਿਖਾਉਂਦਾ ਹੈ ਕਿ ਲੜਾਈ ਤੋਂ ਬਾਅਦ ਮੁਰਦਿਆਂ ਨੂੰ ਦਫ਼ਨਾਉਣ ਵਿੱਚ ਸੱਤ ਮਹੀਨੇ ਲੱਗਣਗੇ। ਪਰ, ਪ੍ਰਕਾਸ਼ 20:9 ਵਿੱਚ ਪਰਮੇਸ਼ਰ ਦੇ ਦੁਸ਼ਮਣਾਂ ਨੂੰ ਸਵਰਗ ਤੋਂ ਆਉਣ ਵਾਲੀ ਅੱਗ "ਭਸਮ" ਕਰਦੀ ਹੈ। ਜੇਕਰ ਦਾਨੀਏਲ 11:36ff ਇਸਰਾਏਲ ਉੱਤੇ ਮਾਗੋਗ ਦੇ ਹਮਲੇ ਬਾਰੇ ਹੈ, ਤਾਂ ਇਸ ਵਿੱਚ ਮਸੀਹ-ਵਿਰੋਧੀ ਵੀ ਸ਼ਾਮਲ ਹੋਵੇਗਾ। ਇਸ ਦੇ ਉਲਟ, ਪ੍ਰਕਾਸ਼ 20:7ff ਇੱਕ ਅਜਿਹੇ ਸਮੇਂ ਦੇ ਬਾਰੇ ਦੱਸਦਾ ਹੈ ਜੋ ਇੱਕ ਹਜ਼ਾਰ ਸਾਲ ਦਾ ਸਮੇਂ ਹੈ (ਦੇਖੋ, ਪ੍ਰਕਾਸ਼ 20:7) ਜਿਸ ਤੋਂ ਪਹਿਲਾਂ ਹੀ "ਪਸ਼ੂ" ਨੂੰ ਅੱਗ ਦੀ ਝੀਲ ਵਿੱਚ ਹਮੇਸ਼ਾ ਦੇ ਲਈ ਸੁੱਟ ਦਿੱਤਾ ਗਿਆ ਹੈ (ਪ੍ਰਕਾਸ਼ 19:20 ਅਤੇ 20:10)। ਹਿਜ਼ਕੀਏਲ 38-39 ਇੱਕ ਅਜਿਹੇ ਹਮਲੇ ਦਾ ਬਿਆਨ ਹੈ ਜੋ ਮੁੱਖ ਰੂਪ ਵਿੱਚ ਕੁਝ ਸਹਿਯੋਗੀਆਂ ਦੇ ਨਾਲ ਉੱਤਰ ਦੀ ਦਿਸ਼ਾ ਵਿੱਚ ਹੁੰਦਾ ਹੈ। ਇਹ ਤਬਾਹੀ ਇਸਰਾਏਲ ਦੇ ਪਹਾੜਾਂ ਉੱਤੇ ਹੁੰਦੀ ਹੈ (ਹਿਜ਼ਕੀ 39:4)। ਪ੍ਰਕਾਸ਼ 20:7ff ਵਿੱਚ ਹੋਏ ਹਮਲੇ ਵਿੱਚ "ਧਰਤੀ ਦੇ ਚਾਰੇ ਕੋਨਿਆਂ ਦੀਆਂ ਕੌਮਾਂ" ਸ਼ਾਮਲ ਹਨ (ਪ੍ਰਕਾਸ਼ 20:8) ਅਤੇ ਇਹ ਹਾਰ "ਪਰਮੇਸ਼ਰ ਦੇ ਪਿਆਰੇ ਸ਼ਹਿਰ" ਨੇੜੇ ਹੁੰਦੀ ਹੈ (ਭਾਵ ਯਰੂਸ਼ਲਮ, ਪ੍ਰਕਾਸ਼ 20:9)। ਹਿਜ਼ਕੀਏਲ 38-39 ਤੋਂ ਪਹਿਲਾਂ ਦਾ ਸੰਦਰਭ ਉਹਨਾਂ ਘਟਨਾਵਾਂ ਨੂੰ ਦਰਸਾਉਂਦਾ ਹੈ ਜੋ ਹਜ਼ਾਰ ਸਾਲ ਦੇ ਸ਼ੁਰੂ ਵਿੱਚ ਹੁੰਦੀਆਂ ਹਨ, ਜਦੋਂ ਕਿ ਪ੍ਰਕਾਸ਼ 20:7ff ਰਾਜ ਦੇ ਅੰਤ ਦੇ ਸਮੇਂ ਬਾਰੇ ਹੈ, ਜੋ ਨਵੇਂ ਆਕਾਸ਼ ਅਤੇ ਨਵੀਂ ਧਰਤੀ ਤੋਂ ਕੁਝ ਸਮੇਂ ਪਹਿਲਾਂ ਦੀਆਂ ਘਟਨਾਵਾਂ ਹਨ (ਪ੍ਰਕਾਸ਼ 21)। ਹਾਲਾਂਕਿ ਸਥਾਨ ਇੱਕੋ ਜਿਹੇ ਹਨ, ਫਿਰ ਵੀ ਘਟਨਾਵਾਂ ਵਿੱਚ ਇੰਨਾ ਅੰਤਰ ਹੈ ਕਿ ਹਿਜ਼ਕੀਏਲ 38-39 ਨੂੰ ਉਹੀ ਲੜਾਈ ਨਹੀਂ ਮੰਨਿਆ ਜਾ ਸਕਦਾ ਜੋ ਹਜ਼ਾਰ ਸਾਲ ਦੇ ਰਾਜ ਦੇ ਅੰਤ ਵਿੱਚ ਹੋਵੇਗੀ ਅਤੇ ਜਿਸ ਦਾ ਬਿਆਨ ਪ੍ਰਕਾਸ਼ 20:7ff ਵਿੱਚ ਕੀਤਾ ਗਿਆ ਹੈ।

### (4) ਬਿਪਤਾ ਦੌਰਾਨ: ਸ਼ਾਇਦ ਪਹਿਲੇ ਅੱਧ ਦੇ ਕਿਸੇ ਸਮੇਂ ਵਿੱਚ

ਹਾਲਾਂਕਿ ਭਵਿੱਖਬਾਣੀ ਦੇ ਬਹੁਤ ਸਾਰੇ ਵਿਦਿਆਰਥੀ ਇਸਰਾਏਲ ਉੱਤੇ ਮਾਗੋਗ ਦੇ ਹਮਲੇ ਨੂੰ ਬਿਪਤਾ ਦੇ ਅੰਤ ਵਿੱਚ ਰੱਖਦੇ ਹਨ, ਫਿਰ ਵੀ ਲੜਾਈ ਨੂੰ ਬਿਪਤਾ ਦੇ ਪਹਿਲੇ ਅੱਧ ਜਾਂ ਦੂਜੇ ਅੱਧ ਦੀ ਸ਼ੁਰੂਆਤ ਵਿੱਚ ਰੱਖਣਾ ਹੀ ਸਹੀ ਹੋਵੇਗਾ।[42]

ਹਿਜ਼ਕੀਏਲ ਨੇ ਤਿੰਨ ਵਾਰ ਕਿਹਾ ਹੈ ਕਿ ਮਾਗੋਗ ਇਸਰਾਏਲ ਉੱਤੇ ਉਸ ਸਮੇਂ ਹਮਲਾ ਕਰੇਗਾ ਜਦੋਂ ਇਸਰਾਏਲ ਸੁਰੱਖਿਅਤ ਮਹਿਸੂਸ ਕਰ ਰਿਹਾ ਹੋਵੇਗਾ (ਹਿਜ਼ਕੀ 38:8,11,14)। ਬਿਪਤਾ ਦੇ ਦੂਜੇ ਅੱਧ ਵਿੱਚ

[42] ਹੈਲ ਲਿੰਡਸੇ, *ਦ ਲੇਟ ਗ੍ਰੇਟ ਪਲੇਨਟ ਅਰਥ*, ਪੰਨਾ 60; ਚਾਰਲਜ਼ ਫਾਈਨਬਰਗ, ਸੰਪਾਦਕ, *ਪ੍ਰਾਫਸੀ ਇਨ ਦ ਸੈਵੰਟੀਜ਼*, (ਸ਼ਿਕਾਗੋ: ਮੂਡੀ ਪ੍ਰੈੱਸ, 1971), ਪੰਨਾ 232; ਮੇਰਿਲ ਐਫ. ਅੰਗਰ, *ਅੰਗਰਜ਼ ਬਾਈਬਲ ਹੈਂਡਬੁੱਕ*, (ਸ਼ਿਕਾਗੋ, ਮੂਡੀ ਪ੍ਰੈੱਸ, 1966), ਪੰਨਾ 378; ਚਾਰਲਜ਼ ਫਾਈਨਬਰਗ, *ਦ ਪ੍ਰਾਫਸੀ ਆਫ ਏਜ਼ੀਕੀਅਲ*, ਪੰਨਾ 218; ਲਿਓਨ ਵੁੱਡ, *ਦ ਬਾਈਬਲ ਐਂਡ ਫਿਊਚਰ ਇਵੈਂਟਸ*, (ਗ੍ਰੈਂਡ ਰੈਪਿਡਜ਼: ਜੋਂਡਰਵੈਨ ਪਬਲਿਸ਼ਿੰਗ ਹਾਊਸ, 1973), ਪੰਨਾ 124, ਕੇਵਲ ਵੁੱਡ ਹੀ ਲੜਾਈ ਨੂੰ ਬਿਪਤਾ ਤੋਂ ਪਹਿਲਾਂ ਰੱਖਦਾ ਹੈ।

ਇਸਰਾਏਲ ਨੂੰ ਇੱਕ ਸੁਰੱਖਿਅਤ ਸਥਾਨ ਕਹਿਣਾ ਸੰਭਵ ਨਹੀਂ ਹੈ (ਦੇਖੋ, ਦਾਨੀ 7:21,25; ਜ਼ਕਰ 14:2; ਪ੍ਰਕਾਸ਼ 11:2; 12:3-6, 13-14; 13:5-7)। ਮਸੀਹ-ਵਿਰੋਧੀ ਬਿਪਤਾ ਦੇ ਅੱਧ ਵਿੱਚ ਇਸਰਾਏਲ ਨਾਲ ਆਪਣੇ ਨੇਮ ਨੂੰ ਤੋੜ ਦੇਵੇਗਾ ਅਤੇ ਆਖ਼ਰੀ ਸਾਢੇ ਤਿੰਨ ਸਾਲਾਂ ਦੇ ਲਈ ਉਸ ਉੱਤੇ ਅਤਿਆਚਾਰ ਕਰੇਗਾ। ਹਾਲਾਂਕਿ ਬਿਪਤਾ ਦੇ ਪਹਿਲੇ ਅੱਧ ਦੌਰਾਨ ਬਹੁਤ ਸਾਰੀਆਂ ਲੜਾਈਆਂ ਹੋਣਗੀਆਂ, ਪਰ ਬਿਪਤਾ ਦੇ ਦੂਜੇ ਅੱਧ ਵਿੱਚ ਇਸਰਾਏਲ ਦੇ ਲਈ ਮੁਸ਼ਕਲਾਂ ਵੱਧ ਜਾਣਗੀਆਂ। ਜੇਕਰ ਇੱਕ ਵਿਅਕਤੀ ਨੂੰ ਬਿਪਤਾ ਵਿੱਚ ਇਸਰਾਏਲ ਦੀ ਸੁਰੱਖਿਆ ਅਤੇ ਸ਼ਾਂਤੀ ਦਾ ਸਮਾਂ ਲੱਭਣਾ ਹੈ ਤਾਂ ਇਹ ਬਿਪਤਾ ਦੇ ਪਹਿਲੇ ਅੱਧ ਦੌਰਾਨ ਹੀ ਹੋ ਸਕਦਾ ਹੈ।

ਹਮਲੇ ਤੋਂ ਬਾਅਦ ਮੁਰਦਿਆਂ ਨੂੰ ਦਫ਼ਨਾਉਣ ਦਾ ਸੱਤ ਮਹੀਨਿਆਂ ਦਾ ਸਮਾਂ (ਹਿਜ਼ਕੀ 39:12,16) ਵੀ ਇਸਰਾਏਲ ਉੱਤੇ ਮਾਗੋਗ ਦੇ ਹਮਲੇ ਨੂੰ ਬਿਪਤਾ ਦੇ ਅੰਤ ਵਿੱਚ ਹੁੰਦੇ ਹੋਏ ਦੇਖਣ ਵਿੱਚ ਸਮੱਸਿਆਵਾਂ ਪੈਦਾ ਕਰ ਦਿੰਦਾ ਹੈ। ਫਿਰ ਇਹ ਅਸ਼ੁੱਧਤਾ ਅੱਗੇ ਵੱਧਦੀ ਹੋਈ ਹਜ਼ਾਰ ਸਾਲ ਦੇ ਰਾਜ ਵਿੱਚ ਵੀ ਪਹੁੰਚ ਜਾਵੇਗੀ। ਰਾਜ ਦੇ ਪਹਿਲੇ ਮਹੀਨਿਆਂ ਦੌਰਾਨ ਇਸਰਾਏਲ ਦੀ ਭੂਮੀ ਨੂੰ ਗੰਦਗੀ ਦੀ ਸਥਿਤੀ ਵਿੱਚ ਦੇਖਣਾ ਸਹੀ ਨਹੀਂ ਲੱਗਦਾ ਹੈ। ਇਸ ਲਈ, ਇਹ ਹੀ ਵਧੀਆ ਹੈ ਕਿ ਮਾਗੋਗ ਦੇ ਹਮਲੇ ਨੂੰ ਬਿਪਤਾ ਦੇ ਅੰਤ ਵਿੱਚ ਨਾ ਰੱਖਿਆ ਜਾਵੇ।

ਬਿਪਤਾ ਦੇ ਆਖ਼ਰੀ ਅੱਧ ਵਿੱਚ, ਮਸੀਹ-ਵਿਰੋਧੀ ਦਾ ਸਾਰੇ ਸੰਸਾਰ ਉੱਤੇ ਪੂਰਾ ਅਧਿਕਾਰ ਹੋਵੇਗਾ (ਪ੍ਰਕਾਸ਼ 13:4-8,12,14-17)। ਉਸ ਨਾਲ ਕੋਈ ਵੀ ਯੁੱਧ ਕਰਨ ਜਾਂ ਉਸ ਦੇ ਅਧਿਕਾਰ ਨੂੰ ਚੁਣੌਤੀ ਦੇਣ ਦੇ ਯੋਗ ਨਹੀਂ ਹੋਵੇਗਾ। ਇਸ ਲਈ, ਕੌਮਾਂ ਵਿਚਕਾਰ ਜ਼ਿਆਦਾਤਰ ਮਨੁੱਖੀ ਲੜਾਈਆਂ ਬਿਪਤਾ ਦੇ ਪਹਿਲੇ ਅੱਧ ਵਿੱਚ ਹੀ ਹੋਣਗੀਆਂ (ਮੱਤੀ 24:6; ਪ੍ਰਕਾਸ਼ 6:1ff.)। ਕੌਮਾਂ ਦੇ ਜਿਹੜੇ ਮਜ਼ਬੂਤ ਸੰਘ ਦਾ ਬਿਆਨ ਹਿਜ਼ਕੀਏਲ 38-39 ਵਿੱਚ ਕੀਤਾ ਗਿਆ ਹੈ, ਉਸ ਤੋਂ ਇਹੀ ਪਤਾ ਲੱਗਦਾ ਹੈ ਕਿ ਅਜਿਹਾ ਹਰੇਕ ਮਜ਼ਬੂਤ ਸੰਘ ਬਿਪਤਾ ਦੇ ਦੂਜੇ ਅੱਧ ਤੋਂ ਪਹਿਲਾਂ ਹੀ ਖ਼ਤਮ ਹੋ ਜਾਵੇਗਾ। ਬਿਪਤਾ ਦੇ ਦੂਜੇ ਅੱਧ ਦੇ ਸ਼ੁਰੂ ਹੁੰਦੇ ਹੀ, ਮਸੀਹ-ਵਿਰੋਧੀ ਆਪਣੇ ਅਧਿਕਾਰ ਨੂੰ ਇੱਕ ਤਾਨਾਸ਼ਾਹੀ ਬਣਾ ਦੇਵੇਗਾ। ਦਾਨੀ 11:40 ਦੱਸਦਾ ਹੈ ਕਿ ਦੱਖਣ ਦੇ ਰਾਜੇ ਅਤੇ ਉੱਤਰ ਦੇ ਰਾਜੇ ਅੰਤ ਦੇ ਆਪਣੇ ਇੱਛਾ ਅਨੁਸਾਰ ਕੰਮ ਕਰਨ ਵਾਲੇ ਰਾਜੇ ਉੱਤੇ ਹਮਲਾ ਕਰਦੇ ਹਨ (ਆਇਤ 36)। ਪਰ, ਬਿਪਤਾ ਦੇ ਦੂਜੇ ਸਾਢੇ ਤਿੰਨ ਸਾਲਾਂ ਵਿੱਚ, ਮਸੀਹ-ਵਿਰੋਧੀ ਦਾ ਕੋਈ ਵੀ ਵਿਰੋਧੀ ਨਹੀਂ ਹੋਵੇਗਾ। ਇਹ ਮੰਨਣਾ ਵਧੀਆ ਹੈ ਕਿ ਰੂਸ ਅਤੇ ਉਸ ਦੇ ਸਹਿਯੋਗੀਆਂ ਦੀ ਹਰ ਬਿਪਤਾ ਦੇ ਪਹਿਲੇ ਅੱਧ ਵਿੱਚ ਹੀ ਹੋ ਜਾਂਦੀ ਹੈ। ਅਸਲ ਵਿੱਚ, ਬਿਪਤਾ ਦੇ ਵਿਚਕਾਰ ਵਿੱਚ ਰੂਸ ਦੀ ਤਬਾਹੀ ਇਹ ਸਾਬਤ ਕਰਦੀ ਹੈ ਕਿ ਫਿਰ ਮਸੀਹ-ਵਿਰੋਧੀ ਦੇ ਲਈ ਅਗਲੇ ਸਾਢੇ ਤਿੰਨ ਸਾਲਾਂ ਤੱਕ ਸੰਸਾਰ ਉੱਤੇ ਰਾਜ ਕਰਨਾ ਸੌਖਾ ਹੋ ਜਾਵੇਗਾ, ਅਤੇ ਇਸ ਨਾਲ ਇਸਰਾਏਲ ਦੇ ਨਾਲ ਅਚਾਨਕ ਸ਼ਾਂਤੀ ਦੇ ਨੇਮ ਤੋਂ ਤੋੜਨ ਦੀ ਗੱਲ ਵੀ ਸਮਝ ਆ ਜਾਂਦੀ ਹੈ।

ਅੰਤ ਵਿੱਚ, ਹਿਜ਼ਕੀਏਲ 38:23 ਅਤੇ 39:21-22 ਇਹ ਸਿਖਾਉਂਦੇ ਹਨ ਕਿ ਪਰਮੇਸ਼ਰ ਦੁਆਰਾ ਮਾਗੋਗ ਦਾ ਵਿਨਾਸ਼, ਸਾਰੀਆਂ ਕੌਮਾਂ ਅਤੇ ਇਸਰਾਏਲ ਦੇ ਲਈ ਵੀ ਇੱਕ ਚਿੰਨ੍ਹ ਬਣ ਜਾਂਦਾ ਹੈ ਕਿ ਪਰਮੇਸ਼ਰ ਸੱਚੇ ਪਰਮੇਸ਼ਰ ਹਨ। ਜੇਕਰ ਇਹ ਚਿੰਨ੍ਹ ਬਹੁਤ ਸਾਰੇ ਲੋਕਾਂ ਨੂੰ ਪ੍ਰਭੂ ਕੋਲ ਲਿਆਉਂਦਾ ਹੈ, ਤਾਂ ਇਹ ਬਿਪਤਾ ਦੇ ਬਿਲਕੁਲ ਅੰਤ ਵਿੱਚ ਨਹੀਂ ਹੋਣਾ ਚਾਹੀਦਾ ਹੈ, ਕਿਉਂਕਿ ਫਿਰ ਉਹਨਾਂ ਦੇ ਕੋਲ ਜੀਵਨ ਪਰਿਵਰਤਨ ਅਤੇ ਪਸ਼ੂ ਦੇ ਨਿਸ਼ਾਨ ਤੋਂ ਇਨਕਾਰ ਕਰਨ ਦੇ ਲਈ ਜ਼ਿਆਦਾ ਸਮਾਂ ਨਹੀਂ ਬਚੇਗਾ। ਇਸ ਲੜਾਈ ਨੂੰ ਬਿਪਤਾ ਵਿੱਚ ਸ਼ੁਰੂਆਤ ਵਿੱਚ ਰੱਖਣਾ ਹੀ ਸਹੀ ਹੋਵੇਗਾ, ਕਿਉਂਕਿ ਉਦੋਂ ਉਸ ਦੇ ਨਤੀਜੇ ਦੇ ਰੂਪ ਵਿੱਚ ਹੋਣੇ ਵਾਲੇ ਜੀਵਨ ਪਰਿਵਰਤਨ ਦੀ ਗੱਲ ਵੀ ਸਮਝ ਆ ਸਕਦੀ ਹੈ। ਬਿਪਤਾ ਦਾ ਅੰਤ ਹੁੰਦੇ-ਹੁੰਦੇ ਤਾਂ ਲਗਭਗ ਹਰੇਕ ਮਨੁੱਖ ਨੇ ਜਾਂ ਤਾਂ ਪਹਿਲਾਂ ਹੀ ਮਸੀਹ ਵਿੱਚ ਵਿਸ਼ਵਾਸ ਕਰ ਲਿਆ ਹੋਵੇਗਾ, ਜਾਂ ਫਿਰ ਪਸ਼ੂ ਦੇ ਨਿਸ਼ਾਨ ਨੂੰ ਲਗਵਾ ਲਿਆ ਹੋਵੇਗਾ। ਬਿਪਤਾ ਦੇ ਅੰਤ ਵਿੱਚ ਵੱਡੇ ਪੱਧਰ ਉੱਤੇ ਲੋਕਾਂ ਦੇ ਜੀਵਨ ਪਰਿਵਰਤਨ ਦੀ ਕਲਪਨਾ ਜ਼ਿਆਦਾ ਮੁਸ਼ਕਲ ਲੱਗਦਾ ਹੈ।

> “ਮੈਂ ਆਪਣੀ ਮਹਿਮਾ ਅਤੇ ਆਪਣੀ ਪਵਿੱਤਰਤਾ ਕਰਾਵਾਂਗਾ। ਬਹੁਤ ਸਾਰੀਆਂ ਕੌਮਾਂ ਦੀਆਂ ਨਜ਼ਰਾਂ ਵਿੱਚ ਜਾਣਿਆ ਜਾਂਵਾਂਗਾ ਅਤੇ ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ...ਮੈਂ ਕੌਮਾਂ ਵਿਚਕਾਰ ਆਪਣੀ ਮਹਿਮਾ ਕਾਇਮ ਕਰਾਂਗਾ ਅਤੇ ਸਾਰੀਆਂ ਕੌਮਾਂ ਮੇਰੇ ਨਿਆਂ ਨੂੰ ਅਤੇ ਮੇਰੇ ਹੱਥ ਨੂੰ ਜਿਹੜਾ ਮੈਂ ਉਹਨਾਂ ਨੂੰ ਪਾਇਆ, ਵੇਖਣਗੀਆਂ। ਇਸਰਾਏਲ ਦਾ ਘਰਾਣਾ ਜਾਣੇਗਾ ਕਿ ਉਸ ਦਿਨ ਤੋਂ ਲੈ ਕੇ ਅੱਗੇ ਨੂੰ ਮੈਂ ਹੀ ਯਹੋਵਾਹ ਉਹਨਾਂ ਦਾ ਪਰਮੇਸ਼ਰ ਹਾਂ!” [ਹਿਜ਼ਕੀ 38:23; 39:21-22]

ਕਈ ਸਬੂਤਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਸਰਾਏਲ ਉੱਤੇ ਰੂਸ ਦੇ ਹਮਲੇ ਦਾ ਸਮਾਂ ਬਿਪਤਾ ਦੇ ਪਹਿਲੇ ਅੱਧ, ਜਾਂ ਉਸ ਦੇ ਖ਼ਤਮ ਹੁੰਦੇ ਹੀ ਸ਼ਾਇਦ ਬਿਪਤਾ ਦਾ ਮੱਧ-ਬਿੰਦੂ ਹੈ। ਇੱਥੇ ਸੁਰੱਖਿਅਤ ਇਸਰਾਏਲ ਦਾ ਵਰਣਨ ਅਤੇ ਉੱਤਰੀ ਸੰਘ ਦੀ ਮੌਜੂਦਗੀ ਦਾ ਮਸੀਹ-ਵਿਰੋਧੀ ਨੂੰ ਚੁਣੌਤੀ ਦੇਣ ਦੇ ਲਈ ਸ਼ਕਤੀਸ਼ਾਲੀ ਦਿਖਾਈ ਨਾ ਦੇਣਾ, ਬਿਪਤਾ ਦੇ ਦੂਜੇ ਸਾਢੇ ਤਿੰਨ ਸਾਲਾਂ ਦੇ ਜਾਣੇ-ਪਛਾਣੇ ਹਾਲਤਾਂ ਦੇ ਨਾਲ ਚੰਗੀ ਤਰ੍ਹਾਂ ਫਿੱਟ ਬੈਠਦਾ ਹੈ।[43]

[43] ਹਿਜ਼ਕੀ 38:17 ਅਤੇ 39:8 ਇਹ ਸੰਕੇਤ ਦਿੰਦੇ ਹਨ ਇਸ ਲੜਾਈ ਦੀ ਭਵਿੱਖਬਾਣੀ ਹਿਜ਼ਕੀਏਲ ਦੇ ਸਮੇਂ ਤੋਂ ਪਹਿਲਾਂ ਵੀ ਕੀਤੀ ਗਈ ਸੀ। ਇਹ ਮਾਗੋਗ ਦੇ ਇਸਰਾਏਲ ਉੱਤੇ ਹਮਲੇ ਅਤੇ ਅਰਮਾਗਿੱਦੋਨ ਦੀ ਲੜਾਈ ਦੇ ਇੱਕੋ ਹੀ ਹੋਣ ਦੇ ਪੱਖ ਵਿੱਚ ਹੋ ਸਕਦਾ ਹੈ। ਸ਼ਾਇਦ ਇਹਨਾਂ ਆਇਤਾਂ ਦਾ ਅਰਥ ਹੈ ਕਿ ਹੋਰ ਨਬੀਆਂ ਨੇ ਅੰਤ ਦੇ ਸਮੇਂ ਦੀਆਂ ਲੜਾਈਆਂ ਅਤੇ ਮੁਸ਼ਕਲਾਂ ਨੂੰ ਇੱਕ ਆਮ ਤੌਰ ਤੇ ਦੇਖਿਆ ਸੀ। ਉਹਨਾਂ ਦੇ ਕਹਿਣ ਦਾ ਅਰਥ ਇਹ ਨਹੀਂ ਸੀ ਕਿ ਮਾਗੋਗ ਦਾ ਇਸਰਾਏਲ ਉੱਤੇ ਹਮਲਾ ਹੀ ਅਰਮਾਗਿੱਦੋਨ ਦੀ ਲੜਾਈ ਹੈ।

**4. ਲੜਾਈ ਦੇ ਨਤੀਜੇ**

"…ਤੂੰ ਆਖ, ਪ੍ਰਭੂ ਯਹੋਵਾਹ ਇਹ ਆਖਦਾ ਹੈ, ਵੇਖ, ਹੇ ਗੋਗ, ਰੋਸ਼, ਮੇਸ਼ੇਕ ਤੇ ਤੂਬਲ ਦੇ ਰਾਜਕੁਮਾਰ, ਮੈਂ ਤੇਰਾ ਵਿਰੋਧੀ ਹਾਂ! ਮੈਂ ਤੈਨੂੰ ਉਲਟਾ ਦਿਆਂਗਾ ਅਤੇ ਤੇਰੇ ਜਬਾੜਿਆਂ ਵਿੱਚ ਕੰਡਿਆਲਾ ਪਾ ਕੇ ਤੈਨੂੰ, ਤੇਰੀ ਸਾਰੀ ਫੌਜ ਨੂੰ, ਘੋੜਿਆਂ ਅਤੇ ਸਵਾਰਾਂ ਨੂੰ, ਜਿਹੜੇ ਸਾਰੇ ਸ਼ਸਤਰ ਧਾਰੀ ਹਨ ਅਤੇ ਵੱਡੀ ਸਭਾ ਜਿਹੜੀ ਬਰਛੀਆਂ ਤੇ ਢਾਲਾਂ ਲਈ ਖਲੋਤੀ ਹੈ ਅਤੇ ਉਹਨਾਂ ਸਾਰਿਆਂ ਨੇ ਤਲਵਾਰਾਂ ਫੜ੍ਹੀਆਂ ਹੋਈਆਂ ਹਨ, ਖਿੱਚ ਕੇ ਕੱਢ ਲਵਾਂਗਾ...ਉਸ ਦਿਨ ਅਜਿਹਾ ਹੋਵੇਗਾ ਕਿ ਜਦੋਂ ਗੋਗ ਇਸਰਾਏਲ ਦੀ ਭੂਮੀ ਉੱਤੇ ਚੜ੍ਹਾਈ ਕਰੇਗਾ ਤਾਂ ਮੇਰਾ ਗੁੱਸਾ ਜ਼ੋਰ ਨਾਲ ਚੜ੍ਹੇਗਾ, ਪ੍ਰਭੂ ਯਹੋਵਾਹ ਦਾ ਵਾਕ ਹੈ। ਕਿਉਂ ਜੋ ਮੈਂ ਆਪਣੀ ਅਣਖ ਅਤੇ ਕਹਿਰ ਦੀ ਅੱਗ ਵਿੱਚ ਬੋਲਿਆ ਹਾਂ, ਕਿ ਜ਼ਰੂਰ ਉਸ ਦਿਨ ਇਸਰਾਏਲ ਦੀ ਭੂਮੀ ਤੇ ਵੱਡਾ ਭੂਚਾਲ ਆਵੇਗਾ। ਇੱਥੋਂ ਤੱਕ ਕਿ ਸਾਗਰ ਦੀਆਂ ਮੱਛੀਆਂ, ਅਕਾਸ਼ ਦੇ ਪੰਛੀ, ਰੜ ਦੇ ਦਰਿੰਦੇ, ਸਾਰੇ ਘਿੱਸਰਨ ਵਾਲੇ ਜਿਹੜੇ ਭੂਮੀ ਤੇ ਘਿੱਸਰਦੇ ਹਨ ਅਤੇ ਸਾਰੇ ਮਨੁੱਖ ਜਿਹੜੇ ਭੂਮੀ ਤੇ ਹਨ, ਮੇਰੇ ਸਾਹਮਣੇ ਥਰ-ਥਰ ਕੰਬਣਗੇ ਅਤੇ ਪਰਬਤ ਡੇਗੇ ਜਾਣਗੇ ਅਤੇ ਢਲਾਨਾਂ ਡੇਗੀਆਂ ਜਾਣਗੀਆਂ ਅਤੇ ਹਰੇਕ ਕੰਧ ਧਰਤੀ ਤੇ ਡਿੱਗ ਪਏਗੀ। ਮੈਂ ਆਪਣੇ ਸਾਰੇ ਪਹਾੜਾਂ ਤੇ ਉਹ ਦੇ ਵਿਰੁੱਧ ਤਲਵਾਰ ਨੂੰ ਸੱਦਾਂਗਾ, ਪ੍ਰਭੂ ਯਹੋਵਾਹ ਦਾ ਵਾਕ ਹੈ। ਹਰੇਕ ਮਨੁੱਖ ਦੀ ਤਲਵਾਰ ਉਹ ਦੇ ਭਰਾ ਦੇ ਵਿਰੁੱਧ ਹੋਵੇਗੀ। **ਮੈਂ ਮਰੀ ਭੇਜ ਕੇ ਅਤੇ ਲਹੂ ਵਗਾ ਕੇ ਉਹ ਦਾ ਨਿਆਂ ਕਰਾਂਗਾ।** ਉਹ ਦੇ ਉੱਤੇ, ਉਹ ਦੇ ਲੋਕਾਂ ਉੱਤੇ ਅਤੇ ਉਹਨਾਂ ਬਹੁਤ ਸਾਰੇ ਲੋਕਾਂ ਉੱਤੇ ਜਿਹੜੇ ਉਹ ਦੇ ਨਾਲ ਹਨ, **ਜ਼ੋਰ ਦੀ ਵਰਖਾ, ਵੱਡੇ-ਵੱਡੇ ਗੜੇ ਅਤੇ ਅੱਗ ਤੇ ਗੰਧਕ ਵਰ੍ਹਾਵਾਂਗਾ।** ਮੈਂ ਆਪਣੀ ਮਹਿਮਾ ਅਤੇ ਆਪਣੀ ਪਵਿੱਤਰਤਾ ਕਰਾਵਾਂਗਾ। ਬਹੁਤ ਸਾਰੀਆਂ ਕੌਮਾਂ ਦੀਆਂ ਨਜ਼ਰਾਂ ਵਿੱਚ ਜਾਣਿਆ ਜਾਂਵਾਂਗਾ ਅਤੇ ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ!...ਇਸ ਲਈ ਹੇ ਮਨੁੱਖ ਦੇ ਪੁੱਤਰ, ਤੂੰ ਗੋਗ ਦੇ ਵਿਰੁੱਧ ਭਵਿੱਖਬਾਣੀ ਕਰ ਅਤੇ ਤੂੰ ਆਖ ਕਿ ਪ੍ਰਭੂ ਯਹੋਵਾਹ ਇਹ ਆਖਦਾ ਹੈ, ਵੇਖੋ, ਹੇ ਗੋਗ, ਰੋਸ਼ ਅਤੇ ਮੇਸ਼ੇਕ ਅਤੇ ਤੂਬਲ ਦੇ ਰਾਜਕੁਮਾਰ, ਮੈਂ ਤੇਰਾ ਵਿਰੋਧੀ ਹਾਂ! ਮੈਂ ਤੈਨੂੰ ਉਲਟਾ ਦੇਵਾਂਗਾ ਅਤੇ ਤੈਨੂੰ ਇੱਧਰ ਉੱਧਰ ਲਈ ਫਿਰਾਂਗਾ। ਉਤਰ ਵੱਲੋਂ ਦੂਰੋਂ ਚੜ੍ਹਾ ਲਿਆਵਾਂਗਾ ਅਤੇ ਤੈਨੂੰ ਇਸਰਾਏਲ ਦੇ ਪਹਾੜਾਂ ਉੱਤੇ ਲਿਆਵਾਂਗਾ। ਤੇਰੀ ਧਣੁੱਖ ਤੇਰੇ ਖੱਬੇ ਹੱਥ ਵਿੱਚੋਂ ਛੁਡਾ ਦਿਆਂਗਾ ਅਤੇ ਤੇਰੇ ਤੀਰ ਤੇਰੇ ਸੱਜੇ ਹੱਥ ਵਿੱਚੋਂ ਡੇਗੇ ਜਾਣਗੇ। **ਤੂੰ ਇਸਰਾਏਲ ਦੇ ਪਹਾੜਾਂ ਉੱਤੇ ਆਪਣੇ ਸਾਰੇ ਲੋਕਾਂ ਸਮੇਤ, ਜਿਹੜੇ ਤੇਰੇ ਨਾਲ ਹੋਣਗੇ ਡਿੱਗ ਜਾਏਂਗਾ** ਅਤੇ **ਮੈਂ ਤੈਨੂੰ ਹਰ ਪ੍ਰਕਾਰ ਦੇ ਸ਼ਿਕਾਰੀ ਪੰਛੀਆਂ** ਅਤੇ ਰੜ ਦੇ ਦਰਿੰਦਿਆਂ ਲਈ **ਖਾਣ ਨੂੰ ਦਿਆਂਗਾ**। ਤੂੰ ਖੁਲ੍ਹੇ ਖੇਤ ਵਿੱਚ ਡਿੱਗੇਗਾ, ਕਿਉਂ ਜੋ ਮੈਂ ਹੀ ਬੋਲਿਆ ਹਾਂ, ਪ੍ਰਭੂ ਯਹੋਵਾਹ ਦਾ ਵਾਕ ਹੈ। **ਮੈਂ ਮਾਗੋਗ ਤੇ** ਸਾਗਰੀ ਟਾਪੂਆਂ ਦੇ ਵਾਸੀਆਂ ਤੇ ਜਿਹੜੇ ਨਿਸ਼ਚਿੰਤ ਵੱਸਦੇ ਹਨ, **ਅੱਗ ਭੇਜਾਂਗਾ** ਅਤੇ ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ!" [ਹਿਜ਼ਕੀ 38:3-4; 18-23; 39:1-6]

ਪਰਮੇਸ਼ਰ ਆਪ ਚਾਹੁੰਦੇ ਹਨ ਕਿ ਮਾਗੋਗ ਆਪਣੇ ਸਹਿਯੋਗੀਆਂ ਨਾਲ ਇਸਰਾਏਲ ਉੱਤੇ ਹਮਲਾ ਕਰੇ (ਹਿਜ਼ਕੀ 38:8 "ਤੂੰ ਦੇਖਿਆ ਜਾਵੇਂਗਾ"; ਆਇਤ 16, "ਮੈਂ ਤੈਨੂੰ ਆਪਣੇ ਦੇਸ ਤੇ ਚੜ੍ਹਾ ਲਿਆਵਾਂਗਾ")। ਪਰ, ਉਹ ਉਸ ਨੂੰ ਇੱਕ ਅਲੌਕਿਕ ਰੂਪ ਵਿੱਚ ਤਬਾਹ ਕਰਨ ਦੇ ਲਈ ਅਜਿਹਾ ਕਰਦੇ ਹਨ। ਸਵਰਗ ਤੋਂ ਅੱਗ ਭੀੜ ਨੂੰ ਤਬਾਹ ਕਰ ਦੇਵੇਗੀ (ਹਿਜ਼ਕੀ 38:22)। ਨਬੀ ਨੇ ਮਾਗੋਗ ਦੇ ਪ੍ਰਤੀ ਪਰਮੇਸ਼ਰ ਦੀ ਨਫ਼ਰਤ ਅਤੇ ਇਸ ਦੇ ਪਤਨ ਵਿੱਚ ਪਰਮੇਸ਼ਰ ਦੇ ਸ਼ਾਮਲ ਹੋਣ ਨੂੰ ਦਰਸਾਉਣ ਦੇ ਲਈ ਵਿਅਕਤੀਗਤ ਭਾਸ਼ਾ ਦੀ ਵਰਤੋਂ ਕੀਤੀ ਹੈ। "ਮੈਂ ਤੇਰਾ ਵਿਰੋਧੀ ਹਾਂ...ਮੈਂ ਤੈਨੂੰ ਉਲਟਾ ਦੇਵਾਂਗਾ...ਮੈਂ ਤੇਰੀ ਧਣੁੱਖ ਤੇਰੇ ਖੱਬੇ ਹੱਥ ਵਿੱਚੋਂ ਛੁਡਾ ਦਿਆਂਗਾ...ਮੈਂ ਤੈਨੂੰ ਹਰ ਪ੍ਰਕਾਰ ਦੇ ਸ਼ਿਕਾਰੀ ਪੰਛੀਆਂ ਅਤੇ ਰੜ ਦੇ ਦਰਿੰਦਿਆਂ ਲਈ ਖਾਣ ਨੂੰ ਦਿਆਂਗਾ...ਮੈਂ ਮਾਗੋਗ ਉੱਤੇ ਅੱਗ ਭੇਜਾਂਗਾ" (ਦੇਖੋ, ਹਿਜ਼ਕੀ 39:1-6)। ਲੜਾਈ ਦੇ ਹਥਿਆਰਾਂ ਨੂੰ ਸਾੜਨ ਦੇ ਲਈ ਸੱਤ ਸਾਲ ਲੱਗਣਗੇ (38:8-10) ਅਤੇ ਮੁਰਦਿਆਂ ਨੂੰ ਦਫ਼ਨਾਉਣ ਦੇ ਲਈ ਸੱਤ ਮਹੀਨੇ ਲੱਗਣਗੇ (38:11-16)।

"ਤਦ ਇਸਰਾਏਲ ਦੇ ਸ਼ਹਿਰਾਂ ਦੇ ਵਾਸੀ ਨਿੱਕਲਣਗੇ ਅਤੇ ਅੱਗ ਲਾ ਕੇ **ਸ਼ਸਤਰਾਂ** ਨੂੰ ਜਲਾਉਣਗੇ ਅਰਥਾਤ ਢਾਲਾਂ ਅਤੇ ਬਰਛੀਆਂ ਨੂੰ, ਧਣੁੱਖਾਂ ਅਤੇ ਤੀਰਾਂ ਨੂੰ ਅਤੇ ਕਟਾਰਾਂ ਨੂੰ ਅਤੇ ਨੇਜ਼ਿਆਂ ਨੂੰ ਅਤੇ **ਉਹ ਸੱਤ ਸਾਲ ਤੱਕ ਉਹਨਾਂ ਨੂੰ ਜਲਾਉਂਦੇ ਰਹਿਣਗੇ**। ਇੱਥੋਂ ਤੱਕ ਕਿ ਉਹ ਨਾ ਖੇਤ ਵਿੱਚੋਂ ਲੱਕੜੀ ਚੁੱਕਣਗੇ, ਨਾ ਜੰਗਲਾਂ ਵਿੱਚੋਂ ਵੱਢਣਗੇ, ਕਿਉਂ ਜੋ ਉਹ ਸ਼ਸਤਰ ਹੀ ਫੂਕਣਗੇ ਅਤੇ ਉਹ ਆਪਣੇ ਲੁੱਟਣ ਵਾਲਿਆਂ ਨੂੰ ਲੁੱਟਣਗੇ ਅਤੇ ਆਪਣੇ ਲੈਣ ਵਾਲਿਆਂ ਕੋਲੋਂ ਲੈਣਗੇ, ਪ੍ਰਭੂ ਯਹੋਵਾਹ ਦਾ ਵਾਕ ਹੈ। ਉਸ ਦਿਨ ਅਜਿਹਾ ਹੋਵੇਗਾ ਕਿ ਮੈਂ ਉੱਥੇ ਇਸਰਾਏਲ ਵਿੱਚ ਗੋਗ ਨੂੰ ਇੱਕ ਕਬਰਿਸਤਾਨ ਦਿਆਂਗਾ ਅਰਥਾਤ ਰਾਹ ਲੰਘਦਿਆਂ ਦੀ ਵਾਦੀ ਜਿਹੜੀ ਸਾਗਰ ਦੇ ਪੂਰਬ ਵਿੱਚ ਹੈ। ਉਸ ਤੋਂ ਰਾਹ ਲੰਘਣ ਵਾਲਿਆਂ ਦਾ ਰਾਹ ਬੰਦ ਹੋਵੇਗਾ ਅਤੇ ਉੱਥੇ ਗੋਗ ਨੂੰ ਅਤੇ ਉਹ ਦੀ ਸਾਰੀ ਭੀੜ ਨੂੰ ਦੱਬਣਗੇ ਅਤੇ "ਗੋਗ ਦੀ ਭੀੜ ਦੀ ਵਾਦੀ" ਉਹ ਦਾ ਨਾਮ ਰੱਖਣਗੇ। **ਸੱਤ ਮਹੀਨੇ ਤੱਕ ਇਸਰਾਏਲ ਦਾ ਘਰਾਣਾ ਉਹਨਾਂ ਨੂੰ ਦਬਾਉਂਦਾ ਰਹੇਗਾ,** ਤਾਂ ਜੋ ਦੇਸ ਨੂੰ ਪਾਕ ਕਰੇ। ਹਾਂ, ਦੇਸ ਦੇ ਸਾਰੇ ਲੋਕ ਉਹਨਾਂ ਨੂੰ ਦਬਾਉਣਗੇ, ਇਹ ਉਹਨਾਂ ਲਈ ਯਾਦਗਾਰੀ ਦਾ ਦਿਨ ਹੋਵੇਗਾ, ਜਿਸ ਦਿਨ ਮੇਰੀ ਉਸਤਤ ਹੋਵੇਗੀ, ਪ੍ਰਭੂ

ਯਹੋਵਾਹ ਦਾ ਵਾਕ ਹੈ। ਉਹ ਸਦਾ ਲਈ ਆਦਮੀਆਂ ਨੂੰ ਅੱਡ ਕਰਨਗੇ ਜੋ ਦੇਸ ਵਿੱਚ ਲੰਘਣਗੇ ਭਈ ਉਹ ਮੁਸਾਫ਼ਰਾਂ ਨੂੰ ਜੋ ਧਰਤੀ ਦੇ ਉੱਤੇ ਰਹਿੰਦੇ ਹਨ ਦੱਬਣ, ਤਾਂ ਕਿ ਉਹ ਸਾਫ਼ ਹੋਵੇ। ਉਹ ਸੱਤਾਂ ਮਹੀਨਿਆਂ ਦੇ ਆਖਿਰ ਵਿੱਚ ਲੱਭਣਗੇ। ਜਦੋਂ ਉਹ ਦੇਸ ਵਿੱਚੋਂ ਲੰਘਣ ਅਤੇ ਉਹਨਾਂ ਵਿੱਚੋਂ ਕੋਈ ਕਿਸੇ ਮਨੁੱਖ ਦੀ ਹੱਡੀ ਵੇਖੇ, ਤਾਂ ਉਹ ਦੇ ਕੋਲ ਇੱਕ ਨਿਸ਼ਾਨ ਬਣਾ ਦੇਵੇਗਾ, ਜਦੋਂ ਤੱਕ ਦਬਾਉਣ ਵਾਲੇ ਗੋਗ ਦੀ ਭੀੜ ਦੀ ਵਾਦੀ ਵਿੱਚ ਉਹ ਨੂੰ ਨਾ ਦਬਾਉਣ। ਸ਼ਹਿਰ ਦਾ ਨਾਮ ਵੀ ਹਮੋਨ ਹੋਵੇਗਾ। ਇਸ ਤਰ੍ਹਾਂ ਉਹ ਧਰਤੀ ਨੂੰ ਪਾਕ ਕਰਨਗੇ।" [ਹਿਜ਼ਕੀ 39:9-16]

ਜੇਕਰ ਦਾਨੀ 11:36ff ਉਹੀ ਲੜਾਈ ਦਾ ਬਿਆਨ ਕਰ ਰਿਹਾ ਹੈ ਜੋ ਹਿਜ਼ਕੀ 38-39 ਵਿੱਚ ਹੈ, ਤਾਂ ਫਿਰ ਇਸ ਵਿੱਚ ਮਸੀਹ-ਵਿਰੋਧੀ ਦੀ ਵੀ ਭੂਮਿਕਾ ਹੋਵੇਗੀ। ਦਾਨੀਏਲ ਨੇ ਇਹ ਕਦੇ ਨਹੀਂ ਕਿਹਾ ਕਿ ਮਸੀਹ-ਵਿਰੋਧੀ ਇਸਰਾਏਲ ਉੱਤੇ ਸਿੱਧੇ ਤੌਰ ਤੇ ਕੋਈ ਲੜਾਈ ਕਰੇਗਾ, ਹਾਲਾਂਕਿ ਲੜਾਈ ਦੇ ਕਾਰਨ ਉਹ "ਪ੍ਰਤਾਪਵਾਨ ਦੇਸ਼" ਵਿੱਚ ਪ੍ਰਵੇਸ਼ ਜ਼ਰੂਰ ਕਰੇਗਾ (ਦਾਨੀ 11:41)। ਸ਼ਾਇਦ ਮਸੀਹ-ਵਿਰੋਧੀ ਦੇ ਇਸਰਾਏਲ ਉੱਤੇ ਗਤੀਸ਼ੀਲ ਹੋਣ ਤੋਂ ਪਹਿਲਾਂ ਹੀ ਪਰਮੇਸ਼ਰ ਨੇ ਮਾਗੋਗ ਨੂੰ ਨਸ਼ਟ ਕਰ ਦਿੱਤਾ ਹੋਵੇਗਾ। ਮਸੀਹ-ਵਿਰੋਧੀ ਹਮਲੇ ਦੇ ਦੌਰਾਨ ਜਾਂ ਤਾਂ ਮਾਗੋਗ ਦੇ ਅਫ਼ਰੀਕੀ ਸਹਿਯੋਗੀਆਂ ਨਾਲ ਲੜਨ ਵਿੱਚ ਇੱਕ ਛੋਟੀ ਜਿਹੀ ਭੂਮਿਕਾ ਨਿਭਾਉਂਦਾ ਹੈ, ਜਾਂ ਫਿਰ ਪਰਮੇਸ਼ਰ ਦੁਆਰਾ ਉਹਨਾਂ ਨੂੰ ਇੱਕ ਅਲੌਕਿਕ ਰੂਪ ਵਿੱਚ ਨਸ਼ਟ ਕਰਨ ਤੋਂ ਬਾਅਦ, ਉਹਨਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ।

"ਉਹ ਆਪਣਾ ਹੱਥ ਦੇਸਾਂ ਉੱਤੇ ਚਲਾਵੇਗਾ ਅਤੇ ਮਿਸਰ ਦੇਸ ਵੀ ਛੁਟਕਾਰਾ ਨਾ ਪਾਏਗਾ। ਪਰ ਉਹ ਸੋਨੇ, ਚਾਂਦੀ ਦੇ ਖਜ਼ਾਨਿਆਂ ਅਤੇ ਮਿਸਰ ਦੇਸ ਦਿਆਂ ਸਾਰਿਆਂ ਪਦਾਰਥਾਂ ਉੱਤੇ ਜ਼ੋਰ ਰੱਖੇਗਾ ਅਤੇ ਲੂਬੀ ਅਤੇ ਕੂਸ਼ੀ ਉਸ ਦੇ ਮਗਰ ਲੱਗਣਗੇ।" [ਦਾਨੀ 11:42-43]

ਅਜਿਹਾ ਲੱਗਦਾ ਹੈ ਕਿ ਜਿਵੇਂ ਮਸੀਹ-ਵਿਰੋਧੀ ਨੂੰ ਮਾਗੋਗ (ਰੂਸ) ਦੀ ਤਬਾਹੀ ਤੋਂ ਬਹੁਤ ਲਾਭ ਪ੍ਰਾਪਤ ਹੁੰਦਾ ਹੈ। ਉਹ ਇਸਰਾਏਲ ਨਾਲ ਆਪਣੀ ਸੰਧੀ ਨੂੰ ਤੋੜ ਦੇਵੇਗਾ ਅਤੇ ਵਾਅਦਾ ਕੀਤੇ ਹੋਏ ਦੇਸ਼ ਉੱਤੇ ਕਬਜ਼ਾ ਕਰੇਗਾ। ਉਹ ਜਲਦੀ ਹੀ ਉੱਤਰੀ ਅਫ਼ਰੀਕਾ ਵਿੱਚ ਰੂਸ ਦੇ ਸਹਿਯੋਗੀਆਂ ਉੱਤੇ ਵੀ ਕਬਜ਼ਾ ਕਰ ਲਵੇਗਾ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਰੂਸ ਦੇ ਖ਼ਤਮ ਹੋ ਜਾਣ ਤੋਂ ਬਾਅਦ, ਪੂਰੇ ਸੰਸਾਰ ਉੱਤੇ ਰਾਜ ਕਰਨ ਦੀਆਂ ਸਾਰੀਆਂ ਚੁਣੌਤੀਆਂ ਖ਼ਤਮ ਹੋ ਜਾਂਦੀਆਂ ਹਨ। ਹੁਣ ਮਸੀਹ-ਵਿਰੋਧੀ ਦਾ ਸਾਹਮਣਾ ਕਰਨ ਦੇ ਲਈ ਕੋਈ ਵੀ ਨਹੀਂ ਬਚਿਆ ਹੈ।

ਜੇਕਰ ਇਹ ਵਿਚਾਰ ਪਰੇਸ਼ਾਨ ਕਰ ਰਿਹਾ ਹੈ ਕਿ ਪਰਮੇਸ਼ਰ ਨੇ ਮਸੀਹ-ਵਿਰੋਧੀ ਦੀ (ਮਾਗੋਗ ਨੂੰ ਖ਼ਤਮ ਕਰਨ ਦੁਆਰਾ) ਸਹਾਇਤਾ ਕੀਤੀ, ਤਾਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪਰਮੇਸ਼ਰ ਨੇ ਖ਼ੁਦ ਹੀ ਇਹ ਚਾਹੁੰਦੇ ਹਨ ਕਿ ਮਸੀਹ-ਵਿਰੋਧੀ ਇਸ ਸਮੇਂ ਉੱਠੇ, ਕਿ ਫਿਰ ਪਰਮੇਸ਼ਰ ਛੇਤੀ ਹੀ ਉਸ ਨੂੰ ਨਸ਼ਟ ਕਰ ਸਕਣ।

### 4. ਹੱਥਿਆਰਾਂ ਬਾਰੇ ਸਵਾਲ

ਹਿਜ਼ਕੀਏਲ ਦੀ ਭਵਿੱਖਬਾਣੀ ਵਿੱਚ ਲੜਾਈ ਦੇ ਪ੍ਰਾਚੀਨ ਸਾਧਨਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਵੇਂ ਕਿ, ਘੋੜੇ (38:15), ਧਣੁੱਖ ਅਤੇ ਤੀਰ (39:3), ਢਾਲਾਂ ਅਤੇ ਬਰਛੇ, ਕਟਾਰਾਂ ਅਤੇ ਨੇਜ਼ੇ (39:9)। ਅੰਤ ਦੇ ਦਿਨਾਂ ਦੀਆਂ ਫ਼ੌਜਾਂ, ਜਿਹਨਾਂ ਨੇ ਹੁਣ ਤਕਨੀਕੀ ਰੂਪ ਵਿੱਚ ਉੱਨਤੀ ਕੀਤੀ ਹੈ, ਉਹਨਾਂ ਵਿਚਕਾਰ ਹੋਣ ਵਾਲੀਆਂ ਲੜਾਈਆਂ ਵਿੱਚ ਅਜਿਹੇ ਪ੍ਰਾਚੀਨ ਹੱਥਿਆਰਾਂ ਨਾਲ ਕਿਵੇਂ ਲੜਿਆ ਜਾਵੇਗਾ? ਅਜਿਹੀ ਕਲਪਨਾ ਕਰਨਾ ਮੁਸ਼ਕਲ ਹੈ ਕਿ ਭਵਿੱਖ ਵਿੱਚ ਕੋਈ ਰੂਸੀ ਫੌਜ ਧਣੁੱਖ ਅਤੇ ਤੀਰ, ਢਾਲਾਂ ਅਤੇ ਬਰਛੇ, ਕਟਾਰਾਂ ਅਤੇ ਨੇਜ਼ਿਆਂ ਦੀ ਵਰਤੋਂ ਕਰੇਗੀ। ਕੁਝ ਵਿਆਖਿਆਕਾਰ ਮੰਨਦੇ ਹਨ ਕਿ ਹਿਜ਼ਕੀਏਲ ਜਿਹਨਾਂ ਹੱਥਿਆਰਾਂ ਦੇ ਬਾਰੇ ਸਮਝਣ ਅਤੇ ਉਹਨਾਂ ਦਾ ਬਿਆਨ ਕਰਨ ਵਿੱਚ ਪੂਰੀ ਤਰ੍ਹਾਂ ਅਯੋਗ ਸੀ, ਉਸ ਨੇ ਉਹਨਾਂ ਦਾ ਬਿਆਨ ਆਪਣੇ ਸਮੇਂ ਦੇ ਹੱਥਿਆਰਾਂ ਨਾਲ ਕੀਤਾ ਹੈ। ਉਹ ਲੜਾਈ ਦੇ ਕੁਝ ਤੱਤਾਂ ਨੂੰ ਰੂਪਕ ਮੰਨਦੇ ਹਨ। ਦੂਜੇ ਲੋਕ ਇਹ ਮੰਨਦੇ ਹਨ ਕਿ ਬਿਪਤਾ ਦੇ ਸ਼ੁਰੂਆਤੀ ਸਾਲਾਂ ਵਿੱਚ ਸੰਸਾਰ ਨੂੰ ਇੰਨੀ ਤਬਾਹੀ ਝੱਲਣੀ ਪਵੇਗੀ ਕਿ ਲੋਕ ਪ੍ਰਾਚੀਨ ਸਮੇਂ ਦੀਆਂ ਲੜਾਈਆਂ ਦੇ ਹੱਥਿਆਰਾਂ ਦੀ ਵਰਤੋਂ ਕਰਨ ਦੇ ਲਈ ਮਜ਼ਬੂਰ ਹੋ ਜਾਣਗੇ। ਜੇਕਰ ਲੜਾਈਆਂ, ਅਕਾਲ, ਭੁਚਾਲ ਬਹੁਤ ਜ਼ਿਆਦਾ ਗੰਭੀਰ ਹੋਣਗੇ, ਤਾਂ ਵਿਸ਼ਵ ਪੱਧਰ ਤੇ ਬਹੁਤ ਸਾਰੀਆਂ ਤਬਦੀਲੀਆਂ ਹੋਣਗੀਆਂ। ਸ਼ਾਇਦ ਉਦਯੋਗ ਅਤੇ ਆਵਾਜਾਈ ਦੇ ਸਾਧਨ ਇਸ ਹੱਦ ਤੱਕ ਟੁੱਟ ਜਾਣਗੇ ਕਿ ਲੋਹੇ ਅਤੇ ਤੇਲ ਦਾ ਉਤਪਾਦਨ ਖ਼ਤਮ ਹੋ ਜਾਵੇਗਾ। ਹਾਲਾਂਕਿ ਅਜਿਹੀਆਂ ਗੱਲਾਂ ਉੱਤੇ ਬਹਿਸ ਕਰਨਾ ਬੇਤੁਕਾ ਹੈ, ਫਿਰ ਵੀ, ਜੇਕਰ ਸੰਦਰਭ ਜਾਂ ਸਮਾਨਾਰਥੀ ਵਚਨ ਲਾਖਣਿਕ ਭਾਸ਼ਾ ਦਾ ਸੁਝਾਅ ਨਹੀਂ ਦੇ ਰਹੇ ਹਨ ਤਾਂ ਸ਼ਾਬਦਿਕ ਵਿਆਖਿਆ ਕਰਨਾ ਹੀ ਸਹੀ ਤਰੀਕਾ ਹੋਵੇਗਾ। ਹਿਜ਼ਕੀਏਲ ਦੇ ਬਿਆਨ ਬਹੁਤ ਸਪੱਸ਼ਟ ਹਨ। "ਤੂੰ ਆਪਣੇ ਸਥਾਨ ਤੋਂ ਉੱਤਰ ਵੱਲੋਂ ਦੁਰੇਡਿਓਂ ਆਵੇਂਗਾ ਅਤੇ ਬਹੁਤ ਸਾਰੇ ਲੋਕ ਤੇਰੇ ਨਾਲ ਹੋਣਗੇ ਜਿਹੜੇ ਸਾਰੇ ਦੇ ਸਾਰੇ ਘੋੜਿਆਂ ਤੇ ਸਵਾਰ ਹੋਣਗੇ, ਇੱਕ ਵੱਡੀ ਸਭਾ ਅਤੇ ਬਹੁਤੀ ਫੌਜ" (ਹਿਜ਼ਕੀ 38:15)।

### 5. ਅਰਮਾਗਿੱਦੋਨ ਦੀ ਲੜਾਈ

ਲੜਾਈ ਦੇ ਲਈ ਯੂਨਾਨੀ ਸ਼ਬਦ, *ਪੋਲੇਮੋਸ* ਨੂੰ ਇੱਕ ਹੀ ਫੌਜ ਦੀ ਲੜਾਈ ਤੱਕ ਸੀਮਿਤ ਕਰ ਦੇਣ ਦੀ ਲੋੜ ਨਹੀਂ ਹੈ, ਜਿਵੇਂ ਕਿ "ਲੜਾਈ" ਸ਼ਬਦ ਤੋਂ ਸੰਕੇਤ ਮਿਲਦਾ ਹੈ।[44] ਇਸ ਨੂੰ "ਅਰਮਾਗਿੱਦੋਨ ਦੀ ਲੜਾਈ" ਜਾਂ "ਅਰਮਾਗਿੱਦੋਨ ਦੀ ਲੜਾਈ ਦੀ ਮੁਹਿੰਮ" ਕਹਿਣ ਸਹੀ ਹੋਵੇਗਾ ਕਿਉਂਕਿ ਇਸ ਵਿੱਚ ਫੌਜੀ ਲੜਾਈਆਂ ਦੀ ਇੱਕ ਲੜੀ ਸ਼ਾਮਲ ਹੋ ਸਕਦੀ ਹੈ।

44 ਰਿਚਰਡ ਸੀ. ਟ੍ਰੈਂਚ, *ਸਿਨੇਨਿਮਜ਼ ਆਫ ਦ ਨਿਊ ਟੈਸਟਾਮੈਂਟ*, ਪੰਨਾ 322

### a. ਸਥਾਨ

ਇਬਰਾਨੀ ਸ਼ਬਦ "ਹਰ" ਦਾ ਅਰਥ "ਪਹਾੜ ਜਾਂ ਪਹਾੜੀ" ਹੈ। ਹਰ-ਮਗਿੱਦੋ ਦਾ ਅਰਥ ਮਗਿੱਦੋ ਪਹਾੜੀ ਹੈ ਜੋ ਕਿ ਉੱਤਰੀ ਇਸਰਾਏਲ ਦੀ ਇੱਕ ਪਹਾੜੀ ਅਤੇ ਰਣਨੀਤਿਕ ਪਹਾੜੀ ਦੇ ਬਾਰੇ ਹੈ। ਇਹ ਏਸਦਰੇਲੋਨ (ਜਾਂ ਯਿਜ਼ਰਏਲ) ਦੇ ਮੈਦਾਨ ਅਤੇ ਸ਼ੈਰਨ ਦੇ ਮੈਦਾਨ ਦੇ ਵਿਚਕਾਰ ਇੱਕ ਦੱਰੇ ਦੇ ਪ੍ਰਵੇਸ਼ ਦੁਆਰ ਉੱਤੇ ਸਥਿਤ ਹੈ। ਜਿਹੜੀਆਂ ਫ਼ੌਜਾਂ ਕੇਂਦਰੀ ਇਸਰਾਏਲ ਵੱਲ ਵਧਣਾ ਚਾਹੁੰਦੀਆਂ ਹਨ, ਉਹਨਾਂ ਨੂੰ ਇਸ ਖੇਤਰ ਵਿੱਚੋਂ ਲੰਘਣਾ ਪੈਂਦਾ ਹੈ। ਇਸੇ ਤਰ੍ਹਾਂ, ਜਿਹੜੀਆਂ ਫ਼ੌਜਾਂ ਕੇਂਦਰੀ ਇਸਰਾਏਲ ਦੀ ਰੱਖਿਆ ਕਰਨਾ ਚਾਹੁੰਦੀਆਂ ਹਨ, ਉਹਨਾਂ ਨੂੰ ਇੱਥੇ ਮੋਰਚਾ ਸੰਭਾਲਣਾ ਹੋਵੇਗਾ।

ਇਹ ਮੈਦਾਨ ਲੜਾਈ ਦੇ ਲਈ ਕਾਫ਼ੀ ਜਗ੍ਹਾ ਦਿੰਦਾ ਹੈ। ਬਾਈਬਲ ਦੀਆਂ ਬਹੁਤ ਸਾਰੀਆਂ ਲੜਾਈਆਂ (ਦਬੋਰਾਹ ਅਤੇ ਬਾਰਾਕ, ਨਿਆਂਈ 4-5; ਯੇਹੂ, 2 ਰਾਜਾ 9:27; ਯੋਸ਼ੀਯਾਹ, 2 ਰਾਜਾ 23:29-30, 2 ਇਤਹਾਸ 35:22) ਅਤੇ ਬਾਈਬਲ ਤੋਂ ਬਾਹਰ ਦੀਆਂ ਲੜਾਈਆਂ (ਕਰੂਸੇਡਰ, ਨੈਪੋਲੀਅਨ, ਇੱਥੋਂ ਤੱਕ ਕਿ ਵਿਸ਼ਵ ਯੁੱਧ 1) ਮਗਿੱਦੋ ਪਹਾੜੀ ਦੇ ਨੇੜੇ ਹੋਈਆਂ ਹਨ। ਹਰ-ਮਗਿੱਦੋ ਦਾ ਯੂਨਾਨੀ ਲਿੱਪੀਕਰਨ ਅੰਗਰੇਜ਼ੀ ਵਿੱਚ ਅਰਮਾਗਿੱਦੋਨ ਦੇ ਰੂਪ ਵਿੱਚ ਹੋਇਆ ਹੈ (ਪ੍ਰਕਾਸ਼ 16:16)।

### b. ਅਰਮਾਗਿੱਦੋਨ ਦੀ ਲੜਾਈ ਨਾਲ ਸੰਬੰਧਿਤ ਵਚਨ

ਬਹੁਤ ਸਾਰੇ ਵਚਨ ਅਜਿਹਾ ਸੰਖੇਪ ਹਵਾਲਾ ਦਿੰਦੇ ਹਨ ਕਿ ਜਦੋਂ ਮਸੀਹ ਵਾਪਸ ਆਉਣਗੇ ਤਾਂ ਉਹ ਆਪਣੇ ਦੁਸ਼ਮਣਾਂ ਨੂੰ ਨਸ਼ਟ ਕਰਨਗੇ (ਦਾਨੀ 2:35,44; 7:11-14, 21-22; 2 ਥੱਸਲੁ 2:8)। ਕੁਝ ਵਚਨਾਂ ਵਿੱਚ ਅੰਤ ਦੇ ਸਮੇਂ ਦੀਆਂ ਸਾਰੀਆਂ ਕੌਮਾਂ ਅਤੇ ਪਰਮੇਸ਼ਰ ਦੇ ਵਿਚਕਾਰ ਲੜਾਈ ਦਾ ਵਿਸਤ੍ਰਿਤ ਹਵਾਲਾ ਦਿੱਤਾ ਗਿਆ ਹੈ।

> "ਕਿਉਂ ਜੋ ਵੇਖੋ, ਉਹਨਾਂ ਦਿਨਾਂ ਅਤੇ ਉਸ ਸਮੇਂ ਵਿੱਚ, ਜਦ ਮੈਂ ਯਹੂਦਾਹ ਅਤੇ ਯਰੂਸ਼ਲਮ ਦੀ ਗੁਲਾਮੀ ਨੂੰ ਮੁਕਾ ਦਿਆਂਗਾ ਉਸ ਸਮੇਂ **ਮੈਂ ਸਾਰੀਆਂ ਕੌਮਾਂ ਨੂੰ ਇਕੱਠਿਆਂ ਕਰਾਂਗਾ** ਅਤੇ ਉਹਨਾਂ ਨੂੰ ਯਹੋਸ਼ਾਫ਼ਾਤ ਦੀ ਘਾਟੀ ਵਿੱਚ ਉਤਾਰ ਲਿਆਵਾਂਗਾ, ਅਤੇ ਉੱਥੇ ਮੈਂ ਆਪਣੀ ਪਰਜਾ ਅਤੇ ਆਪਣੇ ਨਿੱਜ-ਭਾਗ ਇਸਰਾਏਲ ਦੇ ਕਾਰਨ **ਉਹਨਾਂ ਦਾ ਨਿਆਂ ਕਰਾਂਗਾ**, ਕਿਉਂ ਜੋ ਉਹਨਾਂ ਨੇ ਉਨ੍ਹਾਂ ਨੂੰ ਕੌਮਾਂ ਵਿੱਚ ਖਿਲਾਰ ਦਿੱਤਾ ਅਤੇ ਮੇਰੇ ਦੇਸ਼ ਨੂੰ ਵੰਡ ਲਿਆ...ਕੌਮਾਂ ਵਿੱਚ ਇਸ ਗੱਲ ਦੀ ਘੋਸ਼ਣਾ ਕਰੋ, ਲੜਾਈ ਦੀ ਤਿਆਰੀ ਕਰੋ, ਸੂਰਮਿਆਂ ਨੂੰ ਪਰੇਰੋ, ਤਾਂ ਜੋ ਸਾਰੇ ਯੋਧੇ ਨੇੜੇ ਆਉਣ, ਉਹ ਉਤਾਹਾਂ ਆਉਣ! ਤੁਸੀਂ ਆਪਣਿਆਂ ਹਲ਼ਾਂ ਦੀ ਫ਼ਾਲ ਨੂੰ ਕੁੱਟ ਕੇ ਤਲਵਾਰਾਂ ਅਤੇ ਆਪਣਿਆਂ ਦਾਤਰਿਆਂ ਨੂੰ ਬਰਛੀਆਂ ਬਣਾਓ! ਅਤੇ ਜੋ ਕਮਜ਼ੋਰ ਹੈ, ਉਹ ਆਖੇ, ਮੈਂ ਸੂਰਬੀਰ ਹਾਂ! ਹੇ ਆਲੇ-ਦੁਆਲੇ ਦੀਓ ਸਾਰੀਓ ਕੌਮੋ, ਛੇਤੀ ਨਾਲ ਆਓ ਅਤੇ ਇਕੱਠਿਆਂ ਹੋ ਜਾਓ! ਹੇ ਯਹੋਵਾਹ, ਉੱਥੇ ਆਪਣੇ ਸੂਰਬੀਰਾਂ ਨੂੰ ਉਤਾਰ ਦੇ। ਕੌਮਾਂ ਆਪਣੇ ਆਪ ਨੂੰ ਉਕਸਾਉਣ ਅਤੇ ਯਹੋਸ਼ਾਫ਼ਾਤ ਦੀ ਘਾਟੀ ਵਿੱਚ ਜਾਣ, ਕਿਉਂ ਜੋ **ਮੈਂ ਉੱਥੇ ਬੈਠ ਕੇ ਆਲੇ-ਦੁਆਲੇ ਦੀਆਂ ਸਾਰੀਆਂ ਕੌਮਾਂ ਦਾ ਨਿਆਂ ਕਰਾਂਗਾ। ਦਾਤੀ ਚਲਾਓ ਕਿਉਂ ਜੋ ਫ਼ਸਲ ਪੱਕ ਗਈ ਹੈ। ਆਓ, ਦਾਖਾਂ ਨੂੰ ਮਿੱਧੋ ਕਿਉਂਕਿ ਹੌਦ ਭਰ ਗਈ ਹੈ**, ਮਟਕੇ ਭਰ-ਭਰ ਉੱਛਲਦੇ ਹਨ, ਕਿਉਂ ਜੋ ਉਹਨਾਂ ਦੀ ਬੁਰਿਆਈ ਬਹੁਤ ਵੱਡੀ ਹੈ। **ਨਬੇੜੇ ਦੀ ਘਾਟੀ ਵਿੱਚ ਭੀੜਾਂ ਦੀਆਂ ਭੀੜਾਂ! ਕਿਉਂ ਜੋ ਨਬੇੜੇ ਦੀ ਘਾਟੀ ਵਿੱਚ ਯਹੋਵਾਹ ਦਾ ਦਿਨ ਨੇੜੇ ਹੈ!** ਸੂਰਜ ਅਤੇ ਚੰਦ ਕਾਲੇ ਹੋ ਗਏ ਹਨ, ਤਾਰੇ ਆਪਣੀ ਚਮਕ ਨਹੀਂ ਦਿੰਦੇ! ਯਹੋਵਾਹ ਸੀਯੋਨ ਤੋਂ ਗੱਜੇਗਾ ਅਤੇ ਯਰੂਸ਼ਲਮ ਤੋਂ ਆਪਣੀ ਵੱਡੀ ਅਵਾਜ਼ ਸੁਣਾਵੇਗਾ, ਅਕਾਸ਼ ਅਤੇ ਧਰਤੀ ਕੰਬਣਗੇ ਪਰ ਯਹੋਵਾਹ ਆਪਣੀ ਪਰਜਾ ਲਈ ਪਨਾਹ ਅਤੇ ਇਸਰਾਏਲੀਆਂ ਲਈ ਗੜ੍ਹ ਹੋਵੇਗਾ। ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ, ਜੋ ਆਪਣੇ ਪਵਿੱਤਰ ਪਰਬਤ ਸੀਯੋਨ ਵਿੱਚ ਵੱਸਦਾ ਹਾਂ, ਯਰੂਸ਼ਲਮ ਪਵਿੱਤਰ ਹੋਵੇਗਾ, ਅਤੇ ਓਪਰੇ ਉਸ ਦੇ ਵਿੱਚੋਂ ਫੇਰ ਕਦੇ ਨਾ ਲੰਘਣਗੇ।" [ਯੋਏਲ 3:1-2, 9-17] (ਇਹ ਲੜਾਈ ਅੰਤ ਦੇ ਦਿਨਾਂ ਦੀ ਲੜਾਈ ਦਾ ਹਵਾਲਾ ਦਿੰਦੀ ਹੈ, ਅਜਿਹੇ ਸਬੂਤ ਦੇ ਲਈ ਪਿੱਛਲੇ ਭਾਗ ਦਾ ਸੰਦਰਭ ਦੇਖੋ)

> "ਵੇਖ, ਮੈਂ ਯਰੂਸ਼ਲਮ ਨੂੰ ਆਲੇ-ਦੁਆਲੇ ਦੇ ਸਾਰੇ ਲੋਕਾਂ ਲਈ ਲੁੜਕਣ ਦਾ ਕਟੋਰਾ ਠਹਿਰਾਉਂਦਾ ਹਾਂ ਅਤੇ ਇਹ ਯਹੂਦਾਹ ਦੇ ਵਿਰੁੱਧ ਵੀ ਹੋਵੇਗਾ ਜਦ ਯਰੂਸ਼ਲਮ ਦੇ ਵਿਰੁੱਧ ਘੇਰਾ ਪਾਇਆ ਜਾਵੇਗਾ। ਮੈਂ ਉਸ ਦਿਨ ਯਰੂਸ਼ਲਮ ਨੂੰ ਸਾਰਿਆਂ ਲੋਕਾਂ ਲਈ ਇੱਕ ਭਾਰੀ ਪੱਥਰ ਠਹਿਰਾਵਾਂਗਾ। ਸਾਰੇ ਉਸ ਦੇ ਚੁੱਕਣ ਵਾਲੇ ਜ਼ਖਮੀ ਕੀਤੇ ਜਾਣਗੇ ਅਤੇ **ਧਰਤੀ ਦੀਆਂ ਸਾਰੀਆਂ ਕੌਮਾਂ ਉਸ ਦੇ ਵਿਰੁੱਧ ਇਕੱਠੀਆਂ ਹੋਣਗੀਆਂ**।" [ਜ਼ਕਰ 12:2-3]

> "...ਉਸ ਦਿਨ **ਮੈਂ ਯਰੂਸ਼ਲਮ ਦੇ ਵਿਰੁੱਧ ਆਉਣ ਵਾਲੀਆਂ ਸਾਰੀਆਂ ਕੌਮਾਂ ਨੂੰ ਨਾਸ ਕਰਨ ਲਈ ਜਤਨ ਕਰਾਂਗਾ**। ਮੈਂ ਦਾਊਦ ਦੇ ਘਰਾਣੇ ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ ਕਿਰਪਾ ਅਤੇ ਦਯਾ ਦਾ ਆਤਮਾ ਵਹਾਵਾਂਗਾ, ਉਹ ਮੇਰੀ ਵੱਲ ਜਿਸ ਨੂੰ ਉਨ੍ਹਾਂ ਨੇ ਵਿੰਨ੍ਹਿਆ ਸੀ ਤੱਕਣਗੇ ਅਤੇ ਉਸ ਦੇ ਲਈ ਵਿਰਲਾਪ ਕਰਨਗੇ ਜਿਵੇਂ ਕੋਈ ਆਪਣੇ ਇਕਲੌਤੇ ਦੇ ਲਈ ਵਿਰਲਾਪ ਕਰਦਾ ਹੈ ਅਤੇ ਉਹ ਉਸ ਦੇ ਲਈ ਪਿੱਟਣਗੇ ਜਿਵੇਂ ਕੋਈ ਆਪਣੇ ਪਹਿਲੌਠੇ ਪੁੱਤਰ ਲਈ ਪਿੱਟਦਾ ਹੈ। ਉਸ ਦਿਨ ਯਰੂਸ਼ਲਮ ਵਿੱਚ ਹਦਦ-ਰਮੋਨ ਦੇ ਇਲਾਕੇ ਦੇ ਸੋਗ ਵਰਗਾ ਵੱਡਾ ਸੋਗ ਹੋਵੇਗਾ, ਜਿਹੜਾ ਮਗਿੱਦੋ ਦੀ ਘਾਟੀ ਵਿੱਚ ਹੋਇਆ

ਸੀ।" [ਜ਼ਕਰ 12:8-11]

**ਮੈਂ ਸਾਰੀਆਂ ਕੌਮਾਂ ਨੂੰ ਇਕੱਠਾ ਕਰਾਂਗਾ ਕਿ ਯਰੂਸ਼ਲਮ ਨਾਲ ਲੜਾਈ ਕਰਨ** ਅਤੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਜਾਵੇਗਾ, ਇਸਤਰੀਆਂ ਦੀ ਬੇ-ਪਤੀ ਹੋਵੇਗੀ ਅਤੇ ਅੱਧਾ ਸ਼ਹਿਰ ਗੁਲਾਮੀ ਵਿੱਚ ਜਾਵੇਗਾ ਪਰ ਬਾਕੀ ਲੋਕ ਸ਼ਹਿਰ ਤੋਂ ਵੱਢੇ ਜਾਣਗੇ। **ਤਾਂ ਯਹੋਵਾਹ ਨਿੱਕਲੇਗਾ ਅਤੇ ਉਹਨਾਂ ਕੌਮਾਂ ਨਾਲ ਯੁੱਧ ਕਰੇਗਾ, ਜਿਵੇਂ ਯੁੱਧ ਦੇ ਦਿਨ ਲੜਦਾ ਸੀ। ਉਸ ਦਿਨ ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ,** ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ। ਤੁਸੀਂ ਯਹੋਵਾਹ ਦੇ ਪਰਬਤ ਦੇ ਵਿੱਚ ਦੀ ਭੱਜੋਗੇ ਕਿਉਂ ਜੋ ਪਰਬਤ ਦੀ ਦੂਣ ਆਸੇਲ ਤੱਕ ਹੋਵੇਗੀ, ਜਿਵੇਂ ਯਹੂਦਾਹ ਦੇ ਪਾਤਸ਼ਾਹ ਉੱਜ਼ੀਯਾਹ ਦੇ ਦਿਨਾਂ ਵਿੱਚ ਭੂਚਾਲ ਦੇ ਅੱਗੇ ਭੱਜੇ ਸੀ, **ਤਦ ਯਹੋਵਾਹ ਮੇਰਾ ਪਰਮੇਸ਼ੁਰ ਆਵੇਗਾ ਅਤੇ ਸਾਰੇ ਸੰਤ ਜਨ ਤੇਰੇ ਨਾਲ**। [ਜ਼ਕਰ 14:2-5]

ਤਦ ਮੈਂ ਇੱਕ ਚਿੱਟਾ ਬੱਦਲ ਦੇਖਿਆ ਜਿਸ ਉੱਤੇ ਕੋਈ ਮਨੁੱਖ ਦੇ ਪੁੱਤਰ ਵਰਗਾ ਬੈਠਾ ਹੋਇਆ ਸੀ। ਉਸ ਦੇ ਸਿਰ ਉੱਤੇ ਸੋਨੇ ਦਾ ਤਾਜ ਅਤੇ ਉਸ ਦੇ ਹੱਥ ਵਿੱਚ ਇੱਕ ਤੇਜ਼ ਦਾਤੀ ਸੀ। ਫਿਰ ਇੱਕ ਹੋਰ ਸਵਰਗਦੂਤ ਹੈਕਲ ਵਿੱਚੋਂ ਬਾਹਰ ਆਇਆ ਜਿਸ ਨੇ ਉੱਚੀ ਆਵਾਜ਼ ਨਾਲ, ਉਸ ਨੂੰ ਜਿਹੜਾ ਬੱਦਲ ਉੱਤੇ ਬੈਠਾ ਹੋਇਆ ਸੀ, ਕਿਹਾ, "ਆਪਣੀ ਦਾਤੀ ਲੈ ਕੇ ਵਾਢੀ ਸ਼ੁਰੂ ਕਰ ਕਿਉਂਕਿ ਧਰਤੀ ਦੀ ਫ਼ਸਲ ਪੱਕ ਚੁੱਕੀ ਹੈ ਅਤੇ ਇਸ ਦੀ ਵਾਢੀ ਦਾ ਸਮਾਂ ਆ ਗਿਆ ਹੈ।" ਤਦ ਉਹ ਜਿਹੜਾ ਬੱਦਲ ਉੱਤੇ ਬੈਠਾ ਸੀ ਉਸ ਨੇ ਆਪਣੀ ਦਾਤੀ ਧਰਤੀ ਉੱਤੇ ਲਾਈ ਅਤੇ ਉਸ ਦੇ ਇਹ ਕਰਦੇ ਹੀ ਫ਼ਸਲ ਦੀ ਵਾਢੀ ਹੋ ਗਈ। ਤਦ ਸਵਰਗ ਦੇ ਹੈਕਲ ਵਿੱਚੋਂ ਇੱਕ ਹੋਰ ਸਵਰਗਦੂਤ ਬਾਹਰ ਆਇਆ ਉਸ ਦੇ ਕੋਲ ਵੀ ਤੇਜ਼ ਦਾਤੀ ਸੀ। ਇਸ ਦੇ ਬਾਅਦ ਇੱਕ ਹੋਰ ਸਵਰਗਦੂਤ, ਜਿਸ ਨੂੰ ਅੱਗ ਉੱਤੇ ਅਧਿਕਾਰ ਸੀ, ਵੇਦੀ ਵਿੱਚੋਂ ਬਾਹਰ ਆਇਆ। ਉਸ ਨੇ ਉੱਚੀ ਆਵਾਜ਼ ਨਾਲ ਪਹਿਲੇ ਸਵਰਗਦੂਤ ਨੂੰ, ਜਿਸ ਦੇ ਕੋਲ ਤੇਜ਼ ਦਾਤੀ ਸੀ, ਕਿਹਾ, "ਆਪਣੀ ਦਾਤੀ ਅੱਗੇ ਵਧਾ ਕੇ ਧਰਤੀ ਦੀ ਅੰਗੂਰਾਂ ਦੀ ਫ਼ਸਲ ਇਕੱਠੀ ਕਰ ਕਿਉਂਕਿ ਅੰਗੂਰ ਪੱਕ ਚੁੱਕੇ ਹਨ।" ਇਸ ਲਈ **ਉਸ ਸਵਰਗਦੂਤ ਨੇ ਆਪਣੀ ਦਾਤੀ ਧਰਤੀ ਵੱਲ ਵਧਾ ਕੇ ਅੰਗੂਰਾਂ ਦੀ ਫ਼ਸਲ ਇਕੱਠੀ ਕਰ ਲਈ ਅਤੇ ਉਸ ਫ਼ਸਲ ਨੂੰ ਪਰਮੇਸ਼ਰ ਦੇ ਗੁੱਸੇ ਵਾਲੇ ਚੁਬੱਚੇ ਵਿੱਚ ਪਾ ਦਿੱਤਾ। ਇਸ ਤਰ੍ਹਾਂ ਸ਼ਹਿਰ ਤੋਂ ਬਾਹਰ ਚੁਬੱਚੇ ਵਿੱਚ ਇਹ ਅੰਗੂਰ ਲਿਤਾੜੇ ਗਏ ਅਤੇ ਚੁਬੱਚੇ ਵਿੱਚੋਂ ਖ਼ੂਨ ਦਾ ਦਰਿਆ ਵਗਿਆ ਜਿਹੜਾ ਘੋੜਿਆਂ ਦੀਆਂ ਲਗਾਮਾਂ ਤੱਕ ਪਹੁੰਚ ਗਿਆ ਅਤੇ ਲਗਭਗ ਤਿੰਨ ਸੌ ਕਿਲੋਮੀਟਰ ਦੇ ਇਲਾਕੇ ਵਿੱਚ ਫੈਲ ਗਿਆ।** [ਪ੍ਰਕਾਸ਼ 14:14-20]

ਛੇਵੇਂ ਸਵਰਗਦੂਤ ਨੇ ਆਪਣਾ ਕਟੋਰਾ ਉਸ ਵੱਡੇ ਫ਼ਰਾਤ ਦਰਿਆ ਉੱਤੇ ਡੋਲ੍ਹ ਦਿੱਤਾ ਅਤੇ ਉਸ ਦਾ ਸਾਰਾ ਪਾਣੀ ਸੁੱਕ ਗਿਆ ਤਾਂ ਜੋ ਪੂਰਬ ਵੱਲੋਂ ਰਾਜਿਆਂ ਦੇ ਆਉਣ ਲਈ ਰਾਹ ਤਿਆਰ ਹੋ ਜਾਵੇ। ਤਦ ਮੈਂ ਤਿੰਨ ਭ੍ਰਿਸ਼ਟ ਆਤਮਾਵਾਂ ਨੂੰ ਅਜਗਰ, ਪਸ਼ੂ ਅਤੇ ਝੂਠੇ ਨਬੀ ਦੇ ਮੂੰਹਾਂ ਵਿੱਚੋਂ ਡੱਡੂਆਂ ਦੀ ਤਰ੍ਹਾਂ ਨਿਕਲਦੇ ਦੇਖਿਆ। ਇਹ **ਸ਼ੈਤਾਨ ਦੇ ਆਤਮਾ** ਹਨ ਜਿਹੜੇ ਚਮਤਕਾਰ ਦਿਖਾਉਂਦੇ ਹਨ। **ਇਹ ਸਾਰੇ ਸੰਸਾਰ ਦੇ ਰਾਜਿਆਂ ਕੋਲ ਜਾ ਕੇ ਉਹਨਾਂ ਨੂੰ ਸਰਵਸ਼ਕਤੀਮਾਨ ਪਰਮੇਸ਼ਰ ਦੇ ਮਹਾਨ ਦਿਨ ਉੱਤੇ ਯੁੱਧ ਕਰਨ ਲਈ ਇਕੱਠੇ ਕਰਦੇ ਹਨ...ਤਦ ਸ਼ੈਤਾਨੀ ਆਤਮਾਵਾਂ ਨੇ ਸਾਰੇ ਰਾਜਿਆਂ ਨੂੰ ਉਸ ਥਾਂ ਉੱਤੇ ਇਕੱਠਾ ਕੀਤਾ ਜਿਸ ਦਾ ਨਾਂ ਇਬਰਾਨੀ ਭਾਸ਼ਾ ਵਿੱਚ ਹਰਮਗਿੱਦੋਨ ਹੈ।** [ਪ੍ਰਕਾਸ਼ 16:12-14, 16]

ਤਦ ਮੈਂ ਸੂਰਜ ਵਿੱਚ ਇੱਕ ਸਵਰਗਦੂਤ ਨੂੰ ਖੜ੍ਹੇ ਦੇਖਿਆ। ਉਸ ਨੇ ਉੱਚੀ ਆਵਾਜ਼ ਨਾਲ ਅਕਾਸ਼ ਵਿੱਚ ਉੱਡਣ ਵਾਲੇ **ਸਾਰੇ ਪੰਛੀਆਂ** ਨੂੰ ਪੁਕਾਰ ਕੇ ਕਿਹਾ, "**ਆਓ, ਮਹਾਨ ਪਰਮੇਸ਼ਰ ਦੇ ਭੋਜ ਲਈ ਇਕੱਠੇ ਹੋ ਜਾਓ** ਤਾਂ ਜੋ ਤੁਸੀਂ ਰਾਜਿਆਂ, ਸੈਨਾਪਤੀਆਂ, ਤਾਕਤਵਰ ਮਨੁੱਖਾਂ, ਘੋੜਿਆਂ, ਉਹਨਾਂ ਦੇ ਸਵਾਰਾਂ, ਆਜ਼ਾਦ ਅਤੇ ਗ਼ੁਲਾਮ, ਛੋਟਿਆਂ ਅਤੇ ਵੱਡਿਆਂ, ਸਾਰਿਆਂ ਦਾ ਮਾਸ ਖਾਓ।" **ਫਿਰ ਮੈਂ ਪਸ਼ੂ ਨੂੰ, ਧਰਤੀ ਦੇ ਰਾਜਿਆਂ ਨੂੰ ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ ਦੇਖਿਆ।** ਪਰ ਪਸ਼ੂ ਅਤੇ ਝੂਠਾ ਨਬੀ ਜਿਹੜਾ ਪਸ਼ੂ ਦੇ ਸਾਹਮਣੇ ਚਮਤਕਾਰ ਦਿਖਾਉਂਦਾ ਸੀ, ਫੜੇ ਗਏ। (ਇਹਨਾਂ ਚਮਤਕਾਰਾਂ ਦੁਆਰਾ ਉਹ ਉਹਨਾਂ ਲੋਕਾਂ ਨੂੰ ਕੁਰਾਹੇ ਪਾਉਂਦਾ ਸੀ ਜਿਹਨਾਂ ਨੇ ਆਪਣੇ ਉੱਤੇ ਪਸ਼ੂ ਦੀ ਮੋਹਰ ਲਾਈ ਸੀ ਅਤੇ ਉਸ ਦੀ ਮੂਰਤੀ ਦੀ ਪੂਜਾ ਕਰਦੇ ਸਨ ।) ਉਹ ਦੋਵੇਂ ਜਿਊਂਦੇ ਹੀ ਉਸ ਅੱਗ ਦੀ ਝੀਲ ਵਿੱਚ ਸੁੱਟੇ ਗਏ ਜਿਹੜੀ ਗੰਧਕ ਨਾਲ ਬਲਦੀ ਹੈ।ਜਿਹੜੇ ਬਾਕੀ ਰਹਿ ਗਏ ਸਨ ਉਹ ਉਸ ਤਲਵਾਰ ਨਾਲ ਕਤਲ ਕੀਤੇ ਗਏ ਜਿਹੜੀ ਉਸ ਸਵਾਰ ਦੇ ਮੂੰਹ ਵਿੱਚੋਂ ਨਿੱਕਲ ਰਹੀ ਸੀ। ਸਾਰੇ ਪੰਛੀ ਉਹਨਾਂ ਦਾ ਮਾਸ ਖਾ ਕੇ ਰੱਜ ਗਏ। [ਪ੍ਰਕਾਸ਼ 19:17-21]

### c. ਲੜਾਈ ਦਾ ਸਥਾਨ[45]

ਅਰਮਾਗਿੱਦੋਨ ਕਈ ਲੜਾਈਆਂ ਦੀ ਇੱਕ ਲੜੀ ਲੱਗਦੀ ਹੈ। ਇਸ ਦਾ ਭੂਗੋਲਿਕ ਸਥਾਨ ਉੱਤਰ ਤੋਂ ਦੱਖਣ ਦਿਸ਼ਾ ਵਿੱਚ ਲਗਭਗ 320 ਕਿਲੋਮੀਟਰ ਤੱਕ ਫੈਲਿਆ ਹੈ।

#### (1) ਮਗਿੱਦੋ ਪਹਾੜੀ

ਬਾਈਬਲ ਇਹ ਸਿਖਾਉਂਦੀ ਹੈ ਕਿ ਮਗਿੱਦੋ ਪਹਾੜੀ ਉਹ ਜਗ੍ਹਾ ਹੈ ਜਿੱਥੇ ਅੰਤ ਦੇ ਸਮੇਂ ਵਿੱਚ ਸੰਸਾਰ ਦੀਆਂ ਸਾਰੀਆਂ ਫ਼ੌਜਾਂ ਨੂੰ ਇਕੱਠਾ ਕੀਤਾ ਜਾਵੇਗਾ। ਅਜਗਰ, ਪਸ਼ੂ ਅਤੇ ਝੂਠੇ ਨਬੀ ਦੀ ਸ਼ੈਤਾਨੀ ਤ੍ਰਿਏਕਤਾ "ਸੰਸਾਰ ਦੇ ਰਾਜਿਆਂ" ਨੂੰ ਇਕੱਠਾ ਕਰਦੀ ਹੈ ਕਿ ਉਹ ਮਿਲ ਕੇ ਮਸੀਹ ਦੇ ਵਿਰੁੱਧ ਯੁੱਧ ਕਰਨ ਲਈ (ਪ੍ਰਕਾਸ਼ 16:13-16)। ਜ਼ਕਰ 12:11 ਵੀ ਮਗਿੱਦੋ ਦੇ ਮੈਦਾਨ ਦਾ ਜ਼ਿਕਰ ਕਰਦਾ ਹੈ।

#### (2) ਯਹੋਸ਼ਾਫ਼ਾਤ ਦੀ ਘਾਟੀ

ਯੋਏਲ 3:2 ਅਤੇ 3:12 “ਯਹੋਸ਼ਾਫ਼ਾਤ ਦੀ ਘਾਟੀ ਵਿੱਚ” ਇੱਕ ਆਖਰੀ ਲੜਾਈ ਦੇ ਲਈ ਸੰਸਾਰ ਸਾਰੀਆਂ ਫ਼ੌਜਾਂ ਨੂੰ ਇਕੱਠੇ ਹੋਏ ਦਰਸਾਉਂਦੇ ਹਨ। ਯਹੋਸ਼ਾਫ਼ਾਤ ਦਾ ਅਰਥ ਹੈ ਕਿ "ਪਰਮੇਸ਼ਰ ਨਿਆਂ ਕਰਦੇ ਹਨ", ਇਸ ਲਈ ਯੋਏਲ ਸ਼ਾਇਦ ਇਹ ਚਾਹੁੰਦਾ ਹੋਵੇਗਾ ਕਿ ਉਸ ਦੇ ਪਾਠਕ ਉਸ ਅਨਿਸ਼ਚਿਤ ਸਥਾਨ ਨੂੰ "ਯਹੋਸ਼ਾਫ਼ਾਤ ਦੀ ਘਾਟੀ" ਦੇ ਰੂਪ ਵਿੱਚ ਸਮਝਣ ਜਿੱਥੇ ਪਰਮੇਸ਼ਰ ਸੰਸਾਰ ਦਾ ਨਿਆਂ ਕਰਦੇ ਹਨ। ਇੱਥੇ ਵਿਸ਼ੇਸ਼ ਸਥਾਨ ਨਾਲੋਂ ਜ਼ਿਆਦਾ ਮਹੱਤਵਪੂਰਣ ਪਰਮੇਸ਼ਰ ਦਾ ਨਿਆਂ ਅਤੇ ਉਸ ਵਿੱਚ ਹੋਣ ਵਾਲੇ ਫ਼ੈਸਲੇ ਹੋਣਗੇ।

"ਯਹੋਸ਼ਾਫ਼ਾਤ ਦੀ ਘਾਟੀ" ਨਾਮ ਦੇ ਭੂਗੋਲਿਕ ਸਥਾਨ ਦੀ ਇੱਕ ਨਿਸ਼ਚਿਤ ਪਛਾਣ ਨਹੀਂ ਕੀਤੀ ਜਾ ਸਕਦੀ ਹੈ। ਇੱਕ ਵਿਚਾਰ ਇਹ ਹੈ ਕਿ ਇਹ “ਬਰਾਕਾਹ ਦੀ ਘਾਟੀ” ਹੈ (2 ਇਤਿਹਾਸ 20:26) ਜਿੱਥੇ ਇੱਕ ਲੜਾਈ ਤੋਂ ਬਾਅਦ ਰਾਜਾ ਯਹੋਸ਼ਾਫ਼ਾਤ ਦੀ ਫੌਜ ਇਕੱਠੀ ਹੋਈ ਸੀ। ਇੱਕ ਦੂਜਾ ਅੰਦਾਜ਼ਾ ਇਹ ਹੈ ਕਿ ਯਹੋਸ਼ਾਫ਼ਾਤ ਦੀ ਘਾਟੀ ਯਰੂਸ਼ਲਮ ਦੇ ਕੋਲ ਕਿਦਰੋਨ ਘਾਟੀ ਹੈ। ਇਹ ਸਥਾਨ ਜ਼ਕਰ 14:4 ਵਿੱਚ ਦਿੱਤੇ ਗਏ ਸਥਾਨ ਦੇ ਅਨੁਕੂਲ ਹੈ। ਇੱਕ ਆਖ਼ਰੀ ਸੁਝਾਅ ਉਹ ਨਵੀਂ ਸਿਰਜੀ ਗਈ ਘਾਟੀ ਹੈ ਜੋ ਮਸੀਹ ਦੇ ਧਰਤੀ ਉੱਤੇ ਆਉਣ ਦੁਆਰਾ ਤਿਆਰ ਹੋ ਜਾਵੇਗੀ (ਜ਼ਕਰ 14:4)। ਹਾਲਾਂਕਿ ਯਰੂਸ਼ਲਮ ਦੇ ਨੇੜੇ ਦੇ ਇੱਕ ਸਥਾਨ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੈ, ਪਰ ਇਹਨਾਂ ਵਿੱਚੋਂ ਕਿਸੇ ਵੀ ਸਥਾਨ ਨੂੰ "ਯਹੋਸ਼ਾਫ਼ਾਤ ਦੀ ਘਾਟੀ" ਸਾਬਤ ਨਹੀਂ ਕੀਤਾ ਜਾ ਸਕਦਾ ਹੈ।

#### (3) ਯਰੂਸ਼ਲਮ

ਜ਼ਕਰਯਾਹ ਦੀਆਂ ਭਵਿੱਖਬਾਣੀਆਂ ਯਰੂਸ਼ਲਮ ਨੂੰ ਅੰਤ ਦੇ ਸਮੇਂ ਵਿੱਚ ਪਰਮੇਸ਼ਰ ਅਤੇ ਸੰਸਾਰ ਦੇ ਕੌਮਾਂ ਦੇ ਵਿਚਕਾਰ ਹੋਣ ਵਾਲੀ ਇਸ ਮਹਾਨ ਲੜਾਈ ਦਾ ਸਥਾਨ ਦੱਸਦੀਆਂ ਹਨ।

> “ਵੇਖ, ਮੈਂ ਯਰੂਸ਼ਲਮ ਨੂੰ ਆਲੇ-ਦੁਆਲੇ ਦੇ ਸਾਰੇ ਲੋਕਾਂ ਲਈ ਲੁੜਕਣ ਦਾ ਕਟੋਰਾ ਠਹਿਰਾਉਂਦਾ ਹਾਂ ਅਤੇ ਇਹ ਯਹੂਦਾਹ ਦੇ ਵਿਰੁੱਧ ਵੀ ਹੋਵੇਗਾ ਜਦ ਯਰੂਸ਼ਲਮ ਦੇ ਵਿਰੁੱਧ ਘੇਰਾ ਪਾਇਆ ਜਾਵੇਗਾ...ਉਸ ਦਿਨ ਯਹੋਵਾਹ ਯਰੂਸ਼ਲਮ ਦੇ ਵਾਸੀਆਂ ਦੇ ਆਲੇ-ਦੁਆਲੇ ਇੱਕ ਢਾਲ਼ ਹੋਵੇਗਾ, ਉਸ ਦਿਨ ਉਹਨਾਂ ਵਿੱਚੋਂ ਕਮਜ਼ੋਰ ਤੋਂ ਕਮਜ਼ੋਰ ਦਾਊਦ ਵਰਗਾ ਹੋਵੇਗਾ, ਦਾਊਦ ਦਾ ਘਰਾਣਾ ਪਰਮੇਸ਼ੁਰ ਅਤੇ ਯਹੋਵਾਹ ਦੇ ਦੂਤ ਵਰਗਾ ਹੋਵੇਗਾ, ਜਿਹੜਾ ਉਹਨਾਂ ਦੇ ਅੱਗੇ ਸੀ...ਉਸ ਦਿਨ ਯਰੂਸ਼ਲਮ ਵਿੱਚ ਹਦਦ-ਰਮੋਨ ਦੇ ਇਲਾਕੇ ਦੇ ਸੋਗ ਵਰਗਾ ਵੱਡਾ ਸੋਗ ਹੋਵੇਗਾ, ਜਿਹੜਾ ਮਗਿੱਦੋ ਦੀ ਘਾਟੀ ਵਿੱਚ ਹੋਇਆ ਸੀ। [ਜ਼ਕਰ 12:2,8,11]
>
> ਮੈਂ ਸਾਰੀਆਂ ਕੌਮਾਂ ਨੂੰ ਇਕੱਠਾ ਕਰਾਂਗਾ ਕਿ ਯਰੂਸ਼ਲਮ ਨਾਲ ਲੜਾਈ ਕਰਨ ਅਤੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਜਾਵੇਗਾ, ਇਸਤਰੀਆਂ ਦੀ ਬੇ-ਪਤੀ ਹੋਵੇਗੀ ਅਤੇ ਅੱਧਾ ਸ਼ਹਿਰ ਗੁਲਾਮੀ ਵਿੱਚ ਜਾਵੇਗਾ ਪਰ ਬਾਕੀ ਲੋਕ ਸ਼ਹਿਰ ਤੋਂ ਵੱਢੇ ਜਾਣਗੇ। [ਜ਼ਕਰ 14:2]

#### (4) ਅਦੋਮ

ਪ੍ਰਕਾਸ਼ ਦੀ ਪੋਥੀ 14 ਅਤੇ 19 ਵਰਗੀ ਹੀ ਭਾਸ਼ਾ ਵਿੱਚ ਯਸਾਯਾਹ 63 ਕੌਮਾਂ ਉੱਤੇ ਪਰਮੇਸ਼ਰ ਦੇ ਅੰਤਿਮ ਬਦਲੇ ਨੂੰ ਦਰਸਾਉਂਦਾ ਹੈ (ਯਸਾਯਾਹ 34 ਵੀ ਦੇਖੋ)। ਯਸਾਯਾਹ ਦਿਖਾਉਂਦਾ ਹੈ ਕਿ ਪਰਮੇਸ਼ਰ ਉਸ ਲੜਾਈ ਤੋਂ ਵਾਪਸ ਆ ਰਹੇ ਹਨ ਜੋ ਅਦੋਮ ਵਿੱਚ ਖ਼ਤਮ ਹੋਈ ਸੀ।

> ਇਹ ਕੌਣ ਹੈ ਜੋ ਅਦੋਮ ਦੇਸ ਦੇ ਬਾਸਰਾਹ ਨਗਰ ਤੋਂ ਲਾਲ ਬਸਤਰ ਪਾ ਕੇ ਤੁਰਿਆ ਆਉਂਦਾ ਹੈ? ਇਹ ਕੌਣ ਹੈ ਜੋ ਪਰਤਾਪ ਦਾ ਲਿਬਾਸ ਪਹਿਨੇ ਹੋਏ ਆਪਣੇ ਬਲ ਦੇ ਵਾਧੇ ਵਿੱਚ ਉਲਾਂਘਾਂ ਭਰਦਾ ਆਉਂਦਾ ਹੈ? ਇਹ ਮੈਂ ਹਾਂ, ਜੋ ਧਰਮ ਨਾਲ ਬੋਲਦਾ, ਅਤੇ ਬਚਾਉਣ ਲਈ ਸਮਰੱਥੀ ਹਾਂ। ਤੇਰਾ ਲਿਬਾਸ ਲਾਲ ਕਿਉਂ ਹੈ, ਅਤੇ ਤੇਰਾ ਬਸਤਰ ਹੌਦ ਵਿੱਚ ਦਾਖਾਂ ਲਤਾੜਨ ਵਾਲੇ ਜਿਹਾ ਕਿਉਂ ਹੈ? ਮੈਂ ਇਕੱਲੇ ਹੀ ਦਾਖਾਂ ਦੇ ਹੌਦ ਵਿੱਚ ਲਤਾੜਿਆ, ਅਤੇ ਦੇਸ਼-ਦੇਸ਼ ਦੇ ਲੋਕਾਂ ਵਿੱਚੋਂ ਮੇਰੇ ਨਾਲ ਕੋਈ ਨਹੀਂ ਸੀ। ਹਾਂ, ਮੈਂ ਆਪਣੇ ਕ੍ਰੋਧ ਵਿੱਚ ਉਹਨਾਂ ਨੂੰ ਲਤਾੜਿਆ, ਅਤੇ ਆਪਣੇ ਗੁੱਸੇ ਵਿੱਚ ਉਹਨਾਂ ਨੂੰ ਮਿੱਧਿਆ, ਮੇਰੇ ਬਸਤਰ ਉੱਤੇ ਉਹਨਾਂ ਦਾ ਲਹੂ ਛਿੜਕਿਆ ਗਿਆ, ਅਤੇ ਮੈਂ ਆਪਣੇ ਸਾਰੇ ਲਿਬਾਸ ਨੂੰ ਲਬੇੜਿਆ ਹੈ! ਕਿਉਂ ਜੋ ਬਦਲਾ ਲੈਣ ਦਾ ਦਿਨ ਮੇਰੇ ਦਿਲ ਵਿੱਚ ਸੀ, ਅਤੇ ਮੇਰੇ ਛੁਡਾਇਆਂ ਹੋਇਆਂ

[45] ਡਵਾਇਟ ਪੈਂਟੇਕੋਸਟ, *ਥਿੰਗਜ਼ ਟੂ ਕਮ*, ਪੰਨਾ 341; ਟਿਮ ਲਾਹੇ, *ਰਿਵਲੇਸ਼ਨ*, ਪੰਨਾ 266

ਦਾ ਸਾਲ ਆ ਗਿਆ ਹੈ।" [ਯਸਾ 63:1-4]

**(5) ਸਿੱਟਾ**

ਇਹ ਸਹੀ ਹੈ ਕਿ ਅਰਮਾਗਿੱਦੋਨ ਨੂੰ ਲੜਾਈਆਂ ਦੀ ਇੱਕ ਲੜੀ ਦੇ ਰੂਪ ਵਿੱਚ ਦੇਖਿਆ ਜਾਵੇ, ਜੋ ਉੱਤਰ ਵਿੱਚ ਮਾਗਿੱਦੋਨ ਪਹਾੜੀ ਤੋਂ ਲੈ ਕੇ ਦੱਖਣ ਵਿੱਚ ਲਗਭਗ 320 ਕਿਲੋਮੀਟਰ ਦੂਰ ਅਦੋਮ ਤੱਕ ਫੈਲੀ ਹੋਈ ਹੈ, ਜਿਸ ਵਿੱਚ ਵੱਡੀ ਲੜਾਈ ਯਰੂਸ਼ਲਮ ਦੇ ਆਲੇ-ਦੁਆਲੇ ਹੁੰਦੀ ਹੈ। ਇਹ ਵਿਚਾਰ ਪ੍ਰਕਾਸ਼ 14:20 ਨਾਲ ਮੇਲ ਖਾਂਦਾ ਹੈ ਜੋ ਲਗਭਗ ਤਿੰਨ ਸੌ ਕਿਲੋਮੀਟਰ ਦੀ ਦੂਰੀ ਤੱਕ ਲਹੂ ਦੇ ਛਿੱਟੇ ਬਾਰੇ ਦੱਸਦਾ ਹੈ। ਇਹ ਦੱਸਣਾ ਮੁਸ਼ਕਲ ਹੈ ਕਿ ਇਸ ਲੜਾਈ ਦਾ ਭੂਗੋਲਿਕ ਕ੍ਰਮ ਕੀ ਹੋਵੇਗਾ। ਮਸੀਹ-ਵਿਰੋਧੀ ਦੀਆਂ ਫ਼ੌਜਾਂ ਸ਼ੁਰੂ ਵਿੱਚ ਮਾਗਿੱਦੋ ਵਿੱਚ ਇਕੱਠੀਆਂ ਹੋਣਗੀਆਂ, ਪਰ ਪ੍ਰਭੂ ਦਾ ਆਉਣਾ ਸ਼ੁਰੂ ਵਿੱਚ ਯਰੂਸ਼ਲਮ ਦੇ ਨੇੜੇ ਜੈਤੂਨ ਪਹਾੜ ਉੱਤੇ ਹੋਵੇਗਾ। ਕਿਉਂਕਿ ਪ੍ਰਭੂ ਯਿਸੂ ਦੇ ਆਉਣ ਦੇ ਸਮੇਂ ਯਰੂਸ਼ਲਮ ਦੇ ਉੱਤੇ ਹਮਲਾ ਹੋ ਰਿਹਾ ਹੋਵੇਗਾ (ਜ਼ਕਰਯਾਹ 14), ਤਾਂ ਅਜਿਹਾ ਲੱਗਦਾ ਹੈ ਕਿ ਯਿਸੂ ਮਸੀਹ ਯਰੂਸ਼ਲਮ ਵਿੱਚ ਹੋਣ ਵਾਲੀ ਲੜਾਈ ਤੋਂ ਪਹਿਲਾਂ ਹੋਰ ਕਿਤੇ ਲੜਾਈ ਨਹੀਂ ਕਰਨਗੇ।

> ਇਸ ਲਈ ਉਸ ਸਵਰਗਦੂਤ ਨੇ ਆਪਣੀ ਦਾਤੀ ਧਰਤੀ ਵੱਲ ਵਧਾ ਕੇ ਅੰਗੂਰਾਂ ਦੀ ਫ਼ਸਲ ਇਕੱਠੀ ਕਰ ਲਈ ਅਤੇ ਉਸ ਫ਼ਸਲ ਨੂੰ ਪਰਮੇਸ਼ਰ ਦੇ ਗੁੱਸੇ ਵਾਲੇ ਚੁਬੱਚੇ ਵਿੱਚ ਪਾ ਦਿੱਤਾ। ਇਸ ਤਰ੍ਹਾਂ ਸ਼ਹਿਰ ਤੋਂ ਬਾਹਰ ਚੁਬੱਚੇ ਵਿੱਚ ਇਹ ਅੰਗੂਰ ਲਿਤਾੜੇ ਗਏ ਅਤੇ ਚੁਬੱਚੇ ਵਿੱਚੋਂ ਖ਼ੂਨ ਦਾ ਦਰਿਆ ਵਗਿਆ ਜਿਹੜਾ ਘੋੜਿਆਂ ਦੀਆਂ ਲਗਾਮਾਂ ਤੱਕ ਪਹੁੰਚ ਗਿਆ ਅਤੇ **ਲਗਭਗ ਤਿੰਨ ਸੌ ਕਿਲੋਮੀਟਰ ਦੇ ਇਲਾਕੇ ਵਿੱਚ ਫੈਲ ਗਿਆ**। [ਪ੍ਰਕਾਸ਼ 14:19-20]

**d. ਅਰਮਾਗਿੱਦੋਨ ਵਿੱਚ ਹਿੱਸਾ ਲੈਣ ਵਾਲੇ**

**(1) ਮਸੀਹ-ਵਿਰੋਧੀ ਦੀ ਅਗਵਾਈ ਅਧੀਨ ਵਿਸ਼ਵ ਦੀਆਂ ਸਾਰੀਆਂ ਕੌਮਾਂ**

ਜਿਵੇਂ ਇਸਰਾਏਲ ਉੱਤੇ ਮਾਗੋਗ ਦੇ ਹਮਲੇ ਵਿੱਚ ਦਿਖਾਈ ਨਹੀਂ ਦਿੰਦਾ ਹੈ, ਜਿਸ ਵਿੱਚ ਕੇਵਲ ਕੁਝ ਹੀ ਕੌਮਾਂ ਸ਼ਾਮਲ ਹਨ, ਅਰਮਾਗਿੱਦੋਨ ਦੀ ਲੜਾਈ ਦੇ ਬਾਰੇ ਬਾਈਬਲ ਦੇ ਹਵਾਲੇ ਇਹ ਦਰਸਾਉਂਦੇ ਹਨ ਕਿ ਇਸ ਵਿੱਚ ਸਾਰੇ ਸੰਸਾਰ ਦੇ ਸਾਰੇ ਦੇਸ਼ ਸ਼ਾਮਲ ਹੋਣਗੇ।

> "ਉਸ ਸਮੇਂ ਮੈਂ **ਸਾਰੀਆਂ** ਕੌਮਾਂ ਨੂੰ…" [ਯੋਏਲ 3:2]
>
> "ਮੈਂ ਉਸ ਦਿਨ ਯਰੂਸ਼ਲਮ ਨੂੰ **ਸਾਰਿਆਂ** ਲੋਕਾਂ ਲਈਇੱਕ ਭਾਰੀ ਪੱਥਰ ਠਹਿਰਾਵਾਂਗਾ…" [ਜ਼ਕਰ 12:3]
>
> ਮੈਂ ਸਾਰੀਆਂ ਕੌਮਾਂ ਨੂੰ ਇਕੱਠਾ ਕਰਾਂਗਾ ਕਿ ਯਰੂਸ਼ਲਮ ਨਾਲ ਲੜਾਈ ਕਰਨ…[ਜ਼ਕਰ 14:2]
>
> … ਇਹ **ਸਾਰੇ ਸੰਸਾਰ** ਦੇ ਰਾਜਿਆਂ ਕੋਲ ਜਾ ਕੇ... ਯੁੱਧ ਕਰਨ ਲਈ ਇਕੱਠੇ ਕਰਦੇ ਹਨ... [ਪ੍ਰਕਾਸ਼ 16:14]
>
> ਫਿਰ ਮੈਂ ਪਸ਼ੂ ਨੂੰ, **ਧਰਤੀ ਦੇ ਰਾਜਿਆਂ ਨੂੰ** ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ ਦੇਖਿਆ। [ਪ੍ਰਕਾਸ਼ 19:19]

**(2) ਇਸਰਾਏਲ**

ਅਰਮਾਗਿੱਦੋਨ ਦੀ ਮੁਹਿੰਮ ਦੇ ਸ਼ੁਰੂਆਤੀ ਪੜਾਵਾਂ ਵਿੱਚ ਹੋਣ ਵਾਲੇ ਸੰਘਰਸ਼ ਨੂੰ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਇਹ ਮਨੁੱਖਾਂ ਅਤੇ ਮਸੀਹ-ਵਿਰੋਧੀ ਅਤੇ ਉਸ ਦੇ ਸਹਿਯੋਗੀਆਂ ਦੀ ਇਸਰਾਏਲ ਦੇ ਵਿਰੁੱਧ ਲੜਾਈ ਹੈ। ਜ਼ਕਰ 14:2 ਉਹਨਾਂ ਸਾਰੀਆਂ ਕੌਮਾਂ ਬਾਰੇ ਦੱਸਦਾ ਹੈ ਉਹ ਇਸਰਾਏਲ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਗੀਆਂ (ਦਤੁਲਨਾ ਕਰੋ, ਮੱਤੀ 24:22)। ਇਸਰਾਏਲ ਇਸ ਹਮਲੇ ਨੂੰ ਝੱਲ ਨਹੀਂ ਪਾਵੇਗਾ ਅਤੇ ਜੇਕਰ ਪਰਮੇਸ਼ਰ ਇਸ ਵਿੱਚ ਦਖਲ ਨਹੀਂ ਦਿੰਦੇ ਹਨ ਤਾਂ ਇਹ ਖ਼ਤਮ ਹੋ ਜਾਵੇਗਾ (ਦਾਨੀ 11:45-12:1a ਵੀ ਦੇਖੋ)।

> ਮੈਂ **ਸਾਰੀਆਂ ਕੌਮਾਂ ਨੂੰ** ਇਕੱਠਾ ਕਰਾਂਗਾ ਕਿ **ਯਰੂਸ਼ਲਮ ਨਾਲ ਲੜਾਈ ਕਰਨ** ਅਤੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਜਾਵੇਗਾ, ਇਸਤਰੀਆਂ ਦੀ ਬੇ-ਪਤੀ ਹੋਵੇਗੀ ਅਤੇ ਅੱਧਾ ਸ਼ਹਿਰ ਗ਼ੁਲਾਮੀ ਵਿੱਚ ਜਾਵੇਗਾ ਪਰ ਬਾਕੀ ਲੋਕ ਸ਼ਹਿਰ ਤੋਂ ਵੱਢੇ ਜਾਣਗੇ। ਤਾਂ **ਯਹੋਵਾਹ ਨਿੱਕਲੇਗਾ** ਅਤੇ **ਉਹਨਾਂ ਕੌਮਾਂ ਨਾਲ ਯੁੱਧ ਕਰੇਗਾ**, ਜਿਵੇਂ ਯੁੱਧ ਦੇ ਦਿਨ ਲੜਦਾ ਸੀ। [ਜ਼ਕਰ 14:2-3]
>
> ਤਦ **ਅਜਗਰ ਔਰਤ ਨਾਲ ਹੋਰ ਵੀ ਕ੍ਰੋਧਿਤ ਹੋਇਆ**। ਇਸ ਲਈ ਅਜਗਰ, **ਔਰਤ ਦੀ ਬਾਕੀ ਸੰਤਾਨ** ਭਾਵ ਉਹਨਾਂ ਨਾਲ ਜਿਹੜੇ ਪਰਮੇਸ਼ਰ ਦੇ ਹੁਕਮ ਦੀ ਪਾਲਣਾ ਕਰਦੇ ਹਨ ਅਤੇ ਆਪਣੇ ਜੀਵਨ ਵਿੱਚ ਮਸੀਹ ਦੀ ਗਵਾਹੀ ਰੱਖਦੇ ਹਨ, ਨਾਲ **ਲੜਨ ਲਈ ਨਿਕਲਿਆ** [ਪ੍ਰਕਾਸ਼ 12:17] (ਪ੍ਰਕਾਸ਼ 12:5 ਨੂੰ ਦੇਖੋ, ਜਿੱਥੇ ਔਰਤ ਨੇ ਇੱਕ ਲੜਕੇ ਰਾਜਾ ਨੂੰ ਜਨਮ ਦਿੱਤਾ ਸੀ। ਔਰਤ ਨੂੰ ਇਸਰਾਏਲ ਸਮਝਣਾ ਹੀ ਸਭ ਤੋਂ ਵਧੀਆ ਵਿਆਖਿਆ ਹੈ)

**(3) ਮਸੀਹ ਪਰਮੇਸ਼ਰ ਦਾ ਲੇਲਾ**

ਜਦੋਂ ਹਰੇਕ ਮਨੁੱਖੀ ਦ੍ਰਿਸ਼ਟੀਕੋਣ ਤੋਂ ਹਾਲਾਤ ਬਹੁਤ ਨਿਰਾਸ਼ਾਜਨਕ ਹੋਣਗੇ, ਉਦੋਂ ਲੇਲਾ (ਜਿਸ ਨੂੰ ਚਿੱਟੇ ਘੋੜੇ ਉੱਤੇ ਆਉਣ ਵਾਲਾ ਵਫ਼ਾਦਾਰ ਅਤੇ ਸੱਚਾ ਕਿਹਾ ਜਾਂਦਾ ਹੈ), ਆਪਣੇ ਲੋਕਾਂ ਨੂੰ ਬਚਾਉਣ ਅਤੇ ਸਾਰੇ ਵਿਰੋਧੀਆਂ ਨੂੰ ਖ਼ਤਮ ਕਰਨ ਦੇ ਲਈ ਆਵੇਗਾ (ਪ੍ਰਕਾਸ਼ 19:11-20 ਦੇਖੋ)।

> "ਉਹ ਸਾਰੇ ਮਿਲ ਕੇ ਲੇਲੇ ਦੇ ਵਿਰੁੱਧ ਜੰਗ ਲੜਨਗੇ ਅਤੇ

> ਲੇਲਾ ਉਹਨਾਂ ਉੱਤੇ ਜਿੱਤ ਪ੍ਰਾਪਤ ਕਰੇਗਾ ਕਿਉਂਕਿ ਉਹ ਹੀ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ ਹੈ। ਲੇਲੇ ਦੇ ਨਾਲ ਇਸ ਜਿੱਤ ਵਿੱਚ ਉਹ ਵੀ ਹਿੱਸੇਦਾਰ ਹੋਣਗੇ ਜਿਹੜੇ ਸੱਦੇ ਹੋਏ, ਚੁਣੇ ਹੋਏ ਅਤੇ ਵਿਸ਼ਵਾਸਯੋਗ ਹਨ।" [ਪ੍ਰਕਾਸ਼ 17:14]
>
> ਫਿਰ ਮੈਂ ਪਸ਼ੂ ਨੂੰ, ਧਰਤੀ ਦੇ ਰਾਜਿਆਂ ਨੂੰ ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ ਦੇਖਿਆ। [ਪ੍ਰਕਾਸ਼ 19:19]

### e. ਸਮਾਂ

ਪ੍ਰਕਾਸ਼ ਦੀ ਪੋਥੀ 19-20, ਇਸ ਮਹਾਨ ਅੰਤਿਮ ਲੜਾਈ ਦੇ ਸਮੇਂ ਨੂੰ ਬਿਪਤਾ ਦੇ ਅੰਤ ਅਤੇ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ ਤਬਦੀਲੀ ਦਾ ਸਮਾਂ ਦੱਸਦੇ ਹਨ।

### f. ਨਤੀਜਾ

ਪਰਮੇਸ਼ਰ ਦੇ ਦ੍ਰਿਸ਼ਟੀਕੋਣ ਤੋਂ ਅਰਮਾਗਿੱਦੋਨ ਦੀ ਲੜਾਈ ਕੋਈ ਲੜਾਈ ਨਹੀਂ ਹੈ। ਮਸੀਹ ਆਪਣੇ ਮੂੰਹ ਦੇ ਇੱਕ ਸ਼ਬਦ ਅਤੇ ਆਪਣੇ ਆਉਣ ਦੇ ਤੇਜ ਨਾਲ ਦੁਸ਼ਟ ਮਨੁੱਖ ਨੂੰ ਨਸ਼ਟ ਕਰ ਦਿੰਦੇ ਹਨ (2 ਥੱਸਲੁ 2:8)। ਮਸੀਹ-ਵਿਰੋਧੀ ਦੀ ਸੰਸਾਰਿਕ ਸੈਨਾ ਪੰਛੀਆਂ ਦੇ ਖਾਣੇ ਦਾ ਸ਼ਿਕਾਰ ਬਣ ਜਾਂਦੀ ਹੈ (ਪ੍ਰਕਾਸ਼ 19:17-21)। ਪਸ਼ੂ ਅਤੇ ਝੂਠੇ ਨਬੀ ਨੂੰ ਅੱਗ ਦੀ ਸਦੀਪਕ ਝੀਲ ਵਿੱਚ ਸੁੱਟ ਦਿੱਤਾ ਜਾਂਦਾ ਹੈ (ਪ੍ਰਕਾਸ਼ 19:20)। ਮਸੀਹ ਦੇ ਧਰਤੀ ਉੱਤੇ ਹਜ਼ਾਰ ਸਾਲਾਂ ਦੇ ਰਾਜ ਦੌਰਾਨ, ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਜਾਂਦਾ ਹੈ (ਪ੍ਰਕਾਸ਼ 20:1-3)। ਸ਼ੈਤਾਨ ਦੇ ਦ੍ਰਿਸ਼ਟੀਕੋਣ ਤੋਂ, ਅਰਮਾਗਿੱਦੋਨ ਇੱਕ ਮੁਕੰਮਲ ਹਾਰ ਹੈ। ਮਸੀਹ ਦੇ ਦ੍ਰਿਸ਼ਟੀਕੋਣ ਤੋਂ, ਅਰਮਾਗਿੱਦੋਨ ਇੱਕ ਮੁਕੰਮਲ ਜਿੱਤ ਹੈ (ਰੋਮੀ 8:37; 1 ਕੁਰਿੰਥ 15:57)।

> ਤਦ ਦੁਸ਼ਟ ਮਨੁੱਖ ਪ੍ਰਗਟ ਕੀਤਾ ਜਾਵੇਗਾ ਜਿਸ ਨੂੰ ਪ੍ਰਭੂ ਯਿਸੂ ਆ ਕੇ ਆਪਣੇ ਮੂੰਹ ਦੀ ਫੂਕ ਦੇ ਨਾਲ **ਮਾਰ ਦੇਣਗੇ** ਅਤੇ ਆਪਣੇ ਤੇਜ ਦੇ ਨਾਲ **ਉਸ ਦਾ ਨਾਸ਼ ਕਰ ਦੇਣਗੇ**। [2 ਥੱਸਲੁ 2:8]
>
> ਇਸ ਦੇ ਬਾਅਦ ਮੈਂ ਸਵਰਗ ਨੂੰ ਖੁੱਲ੍ਹਿਆ ਦੇਖਿਆ ਅਤੇ ਉੱਥੇ ਇੱਕ ਚਿੱਟਾ ਘੋੜਾ ਸੀ ਜਿਹੜਾ ਉਸ ਉੱਤੇ ਸਵਾਰ ਸੀ ਉਹ ਵਿਸ਼ਵਾਸਯੋਗ ਅਤੇ ਸੱਚ ਅਖਵਾਉਂਦਾ ਸੀ ਕਿਉਂਕਿ **ਉਸ ਦਾ ਨਿਆਂ ਅਤੇ ਜੰਗ ਲੜਨਾ ਸੱਚਾਈ ਉੱਤੇ ਆਧਾਰਿਤ ਸੀ।** ਉਸ ਦੀਆਂ ਅੱਖਾਂ ਦੀ ਚਮਕ ਅੱਗ ਦੀਆਂ ਤੇਜ਼ ਲਾਟਾਂ ਵਰਗੀ ਸੀ ਅਤੇ ਉਸ ਦੇ ਸਿਰ ਉੱਤੇ ਬਹੁਤ ਸਾਰੇ ਤਾਜ ਸਨ। ਉਸ ਉੱਤੇ ਇੱਕ ਨਾਮ ਵੀ ਲਿਖਿਆ ਹੋਇਆ ਸੀ ਜਿਸ ਨੂੰ ਉਸ ਤੋਂ ਬਿਨਾਂ, ਹੋਰ ਕੋਈ ਨਹੀਂ ਜਾਣਦਾ ਸੀ। ਉਸ ਨੇ ਖ਼ੂਨ ਦੇ ਵਿੱਚ ਭਿੱਜੇ ਹੋਏ ਕੱਪੜੇ ਪਹਿਨੇ ਹੋਏ ਸਨ ਅਤੇ ਉਸ ਦਾ ਨਾਮ ਪਰਮੇਸ਼ਰ ਦਾ ਸ਼ਬਦ ਹੈ। ਉਸ ਦੇ ਪਿੱਛੇ ਸਵਰਗ ਦੀਆਂ ਫ਼ੌਜਾਂ ਆ ਰਹੀਆਂ ਸਨ ਜਿਹਨਾਂ ਨੇ ਚਿੱਟੇ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਚਿੱਟੇ ਘੋੜਿਆਂ ਉੱਤੇ ਸਵਾਰ ਸਨ। **ਉਸ ਦੇ ਮੂੰਹ ਵਿੱਚੋਂ ਇੱਕ ਤੇਜ਼ ਤਲਵਾਰ ਕੌਮਾਂ ਨੂੰ ਮਾਰਨ ਲਈ ਨਿੱਕਲ ਰਹੀ ਹੈ। ਉਹ ਲੋਹੇ ਦੇ ਰਾਜ ਦੰਡ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ ਅਤੇ ਸਰਵਸ਼ਕਤੀਮਾਨ ਪਰਮੇਸ਼ਰ ਦੇ ਗੁੱਸੇ ਦੀ ਮੈਅ ਨੂੰ, ਜਿਹੜੀ ਚੁਬੱਚੇ ਵਿੱਚੋਂ ਬਾਹਰ ਨਿੱਕਲ ਰਹੀ ਹੈ, ਲਤਾੜੇਗਾ।** ਉਸ ਦੇ ਚੋਗੇ ਅਤੇ ਪੱਟ ਉੱਤੇ ਇਹ ਲਿਖਿਆ ਹੋਇਆ ਸੀ, **"ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।**" ਤਦ ਮੈਂ ਸੂਰਜ ਵਿੱਚ ਇੱਕ ਸਵਰਗਦੂਤ ਨੂੰ ਖੜ੍ਹੇ ਦੇਖਿਆ। ਉਸ ਨੇ ਉੱਚੀ ਆਵਾਜ਼ ਨਾਲ ਅਕਾਸ਼ ਵਿੱਚ ਉੱਡਣ ਵਾਲੇ ਸਾਰੇ ਪੰਛੀਆਂ ਨੂੰ ਪੁਕਾਰ ਕੇ ਕਿਹਾ, "ਆਓ, ਮਹਾਨ ਪਰਮੇਸ਼ਰ ਦੇ ਭੋਜ ਲਈ ਇਕੱਠੇ ਹੋ ਜਾਓ 18ਤਾਂ ਜੋ ਤੁਸੀਂ ਰਾਜਿਆਂ, ਸੈਨਾਪਤੀਆਂ, ਤਾਕਤਵਰ ਮਨੁੱਖਾਂ, ਘੋੜਿਆਂ, ਉਹਨਾਂ ਦੇ ਸਵਾਰਾਂ, ਆਜ਼ਾਦ ਅਤੇ ਗ਼ੁਲਾਮ, ਛੋਟਿਆਂ ਅਤੇ ਵੱਡਿਆਂ, ਸਾਰਿਆਂ ਦਾ ਮਾਸ ਖਾਓ।" ਫਿਰ ਮੈਂ ਪਸ਼ੂ ਨੂੰ, ਧਰਤੀ ਦੇ ਰਾਜਿਆਂ ਨੂੰ ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ ਦੇਖਿਆ। **ਪਰ ਪਸ਼ੂ ਅਤੇ ਝੂਠਾ ਨਬੀ ਜਿਹੜਾ ਪਸ਼ੂ ਦੇ ਸਾਹਮਣੇ ਚਮਤਕਾਰ ਦਿਖਾਉਂਦਾ ਸੀ, ਫੜੇ ਗਏ।** (ਇਹਨਾਂ ਚਮਤਕਾਰਾਂ ਦੁਆਰਾ ਉਹ ਉਹਨਾਂ ਲੋਕਾਂ ਨੂੰ ਕੁਰਾਹੇ ਪਾਉਂਦਾ ਸੀ ਜਿਹਨਾਂ ਨੇ ਆਪਣੇ ਉੱਤੇ ਪਸ਼ੂ ਦੀ ਮੋਹਰ ਲਾਈ ਸੀ ਅਤੇ ਉਸ ਦੀ ਮੂਰਤੀ ਦੀ ਪੂਜਾ ਕਰਦੇ ਸਨ।) **ਉਹ ਦੋਵੇਂ ਜਿਊਂਦੇ ਹੀ ਉਸ ਅੱਗ ਦੀ ਝੀਲ ਵਿੱਚ ਸੁੱਟੇ ਗਏ** ਜਿਹੜੀ ਗੰਧਕ ਨਾਲ ਬਲਦੀ ਹੈ। **ਜਿਹੜੇ ਬਾਕੀ ਰਹਿ ਗਏ ਸਨ ਉਹ ਉਸ ਤਲਵਾਰ ਨਾਲ ਕਤਲ ਕੀਤੇ ਗਏ** ਜਿਹੜੀ ਉਸ ਸਵਾਰ ਦੇ ਮੂੰਹ ਵਿੱਚੋਂ ਨਿੱਕਲ ਰਹੀ ਸੀ। **ਸਾਰੇ ਪੰਛੀ ਉਹਨਾਂ ਦਾ ਮਾਸ ਖਾ ਕੇ ਰੱਜ ਗਏ।** ਇਸ ਦੇ ਬਾਅਦ ਮੈਂ ਇੱਕ ਸਵਰਗਦੂਤ ਨੂੰ ਸਵਰਗ ਤੋਂ ਉਤਰਦੇ ਦੇਖਿਆ ਜਿਸ ਦੇ ਕੋਲ ਅਥਾਹ ਕੁੰਡ ਦੀ ਚਾਬੀ ਅਤੇ ਇੱਕ ਵੱਡਾ ਸੰਗਲ ਸੀ। ਉਸ ਨੇ ਅਜਗਰ, ਉਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ੈਤਾਨ ਹੈ ਫੜ ਕੇ ਸੰਗਲ ਨਾਲ ਇੱਕ ਹਜ਼ਾਰ ਸਾਲ ਦੇ ਲਈ ਬੰਨ੍ਹ ਦਿੱਤਾ। ਫਿਰ ਉਸ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਉਸ ਨੂੰ ਮੋਹਰਬੰਦ ਕਰ ਦਿੱਤਾ ਕਿ ਉਹ ਉਸ ਸਮੇਂ ਤੱਕ ਕੌਮਾਂ ਨੂੰ ਕੁਰਾਹੇ ਨਾ ਪਾ ਸਕੇ ਜਦੋਂ ਤੱਕ ਕਿ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਜਾਣ। ਇਸ ਦੇ ਬਾਅਦ ਉਸ ਦਾ ਥੋੜ੍ਹੇ ਸਮੇਂ ਲਈ ਖੁੱਲ੍ਹਾ ਛੱਡਿਆ ਜਾਣਾ ਜ਼ਰੂਰੀ ਹੈ। [ਪ੍ਰਕਾਸ਼ 19:11-20:3]

### D. ਬਿਪਤਾ ਦੇ ਸਮੇਂ ਦੌਰਾਨ ਪਰਮੇਸ਼ਰ ਅਤੇ ਉਹਨਾਂ ਦੇ ਸੰਤ

ਬਿਪਤਾ ਦੇ ਦੌਰਾਨ ਪਰਮੇਸ਼ਰ ਦੇ ਕੰਮਾਂ ਦੇ ਸਾਰੇ ਵੇਰਵੇ ਦੇਣ ਦੇ ਲਈ ਪ੍ਰਕਾਸ਼ ਦੀ ਪੋਥੀ ਦਾ ਵਿਆਪਕ ਅਧਿਐਨ ਕਰਨਾ ਜ਼ਰੂਰੀ ਹੈ। ਸਾਡੇ ਇਸ ਅਧਿਐਨ ਵਿੱਚ ਇੱਕ ਸਰਵੇਖਣ ਹੀ ਕਾਫ਼ੀ ਹੈ। ਬਿਪਤਾ ਦੇ ਦੌਰਾਨ ਪਰਮੇਸ਼ਰ ਦੇ ਕੰਮ ਵਿੱਚ ਸੰਸਾਰ ਦਾ ਨਿਆਂ ਅਤੇ ਸੰਸਾਰ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ ਸ਼ਾਮਲ ਹੋਣਗੇ। ਪਰਮੇਸ਼ਰ ਸਜ਼ਾ ਦੇ ਵਿੱਚ ਵੀ ਕਿਰਪਾ ਪ੍ਰਦਾਨ ਕਰਦੇ ਹਨ।

#### 1. ਬਿਪਤਾ ਦੇ ਦੌਰਾਨ ਪਰਮੇਸ਼ਰ ਦਾ ਨਿਆਂ

ਪ੍ਰਕਾਸ਼ ਦੀ ਪੋਥੀ ਵਿੱਚ "ਮੋਹਰਾਂ, "ਤੂਰ੍ਹੀਆਂ" ਅਤੇ "ਕਟੋਰੇ" ਦਾ ਨਿਆਂ ਵਰਗੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਹਨਾਂ ਵਿੱਚ ਬਿਪਤਾ ਦੇ ਦੌਰਾਨ ਪਰਮੇਸ਼ਰ ਦਾ ਕ੍ਰੋਧ ਪ੍ਰਗਟ ਹੁੰਦਾ ਹੈ। ਬਹੁਤ ਸਾਰੇ ਲੋਕਾਂ ਨੇ ਅੰਤ ਦੇ ਸਮੇਂ ਦੇ ਚਾਰ ਘੋੜਸਵਾਰਾਂ (ਪ੍ਰਕਾਸ਼ 6) ਨੂੰ ਜ਼ੈਤੂਨ ਦੇ ਉਪਦੇਸ਼ ਵਿੱਚ ਮਸੀਹ ਦੁਆਰਾ ਲੜਾਈਆਂ, ਅਕਾਲ, ਅਤੇ ਮਹਾਂਮਾਰੀਆਂ ਦਾ ਪ੍ਰਤੀ ਮੰਨਿਆ ਹੈ (ਮੱਤੀ 24, ਮਰਕੁਸ 13, ਲੂਕਾ 21)। ਪ੍ਰਕਾਸ਼ ਦੀ ਪੋਥੀ 5 ਇੱਕ ਅਜਿਹੇ ਸਕ੍ਰੋਲ ਨੂੰ ਦਰਸਾਉਂਦਾ ਹੈ ਜਿਸ ਨੂੰ ਸੱਤ ਵੱਖ-ਵੱਖ ਥਾਵਾਂ ਉੱਤੇ ਸੱਤ ਮੋਹਰਾਂ ਨਾਲ ਬੰਦ ਅਤੇ ਸੀਲ ਕੀਤਾ ਗਿਆ ਹੈ। ਇਹ ਸਕ੍ਰੋਲ ਸੰਸਾਰ ਦੇ "ਜਾਇਦਾਦ ਵਾਲੇ ਦਸਤਾਵੇਜ਼" ਦੇ ਸਮਾਨ ਹੈ ਅਤੇ ਇਹ ਵਿਸ਼ਵ ਦੇ ਇਤਿਹਾਸ ਉੱਤੇ ਅਧਿਕਾਰ ਹੋਣਾ ਦਰਸਾਉਂਦਾ ਹੈ। ਜਿਸ ਕੋਲ ਇਹਨਾਂ ਮੋਹਰਾਂ ਨੂੰ ਖੋਲ੍ਹਣ ਦਾ ਅਧਿਕਾਰ ਹੈ, ਉਸ ਕੋਲ ਅਜਿਹੀਆਂ ਘਟਨਾਵਾਂ ਦੇ ਹੋਣ ਦੀ ਆਗਿਆ ਦੇਣ ਦਾ ਵੀ ਅਧਿਕਾਰ ਹੈ ਜੋ ਸੰਸਾਰ ਉੱਤੇ ਬਿਪਤਾ ਲਿਆਉਂਦੀਆਂ ਹਨ ਅਤੇ ਇੱਕ ਵਿਧਰੋਹੀ ਸੰਸਾਰ ਦੇ ਇਤਿਹਾਸ ਨੂੰ ਖ਼ਤਮ ਕਰਦੀਆਂ ਹਨ। ਲੇਲੇ ਨੂੰ ਛੱਡ ਕੇ ਕਿਸੇ ਹੋਰ ਕੋਲ ਇਹਨਾਂ ਮੋਹਰਾਂ ਨੂੰ ਖੋਲ੍ਹਣ ਅਤੇ ਵਿਸ਼ਵ ਦੀਆਂ ਘਟਨਾਵਾਂ ਨੂੰ ਪ੍ਰਗਟ ਕਰਨ ਦਾ ਅਧਿਕਾਰ ਨਹੀਂ ਹੈ। ਉਹ ਪਰਮੇਸ਼ਰ ਪਿਤਾ ਤੋਂ ਸਕ੍ਰੋਲ ਲੈਂਦਾ ਹੈ ਅਤੇ ਮੋਹਰਾਂ ਨੂੰ ਤੋੜਨਾ ਸ਼ੁਰੂ ਕਰ ਦਿੰਦਾ ਹੈ। ਅਜਿਹਾ ਕਰਨ ਨਾਲ ਉਹ ਮਹਾਂਮਾਰੀਆਂ ਨੂੰ ਪ੍ਰਗਟ ਹੋਣ ਦੀ ਆਗਿਆ ਦਿੰਦਾ ਹੈ, ਅਤੇ ਉਸ ਸੰਸਾਰ ਦੀ ਪ੍ਰਣਾਲੀ ਦਾ ਅੰਤ ਹੋਣ ਦੀ ਸ਼ੁਰੂਆਤ ਕਰ ਦਿੰਦਾ ਹੈ ਜਿਸ ਨੇ ਪਰਮੇਸ਼ਰ ਦਾ ਵਿਦਰੋਹ ਕੀਤਾ ਸੀ। ਪਹਿਲੀ ਮੋਹਰ ਮਸੀਹ-ਵਿਰੋਧੀ ਨੂੰ ਇੱਕ ਚਿੱਟੇ ਘੋੜੇ ਉੱਤੇ ਸਵਾਰ ਦੇ ਰੂਪ ਵਿੱਚ ਦਰਸਾਉਂਦੀ ਹੈ ਕਿ ਉਹ ਸੰਸਾਰ ਨੂੰ ਜਿੱਤਣ ਦੀਆਂ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕਰ ਦੇਵੇ। ਦੂਜੀ ਮੋਹਰ ਲਾਲ ਘੋੜੇ ਉੱਤੇ ਸਵਾਰ ਵਿਅਕਤੀ ਨੂੰ ਯੁੱਧ ਸ਼ੁਰੂ ਕਰਨ ਦੀ ਆਗਿਆ ਦਿੰਦੀ ਹੈ। ਤੀਜੀ ਮੋਹਰ ਦੇ ਖੁੱਲ੍ਹਣ ਨਾਲ ਕਾਲੇ ਘੋੜੇ ਉੱਤੇ ਸਵਾਰ ਨੂੰ ਅਕਾਲ ਲਿਆਉਣ ਦੀ ਆਗਿਆ ਮਿਲਦੀ ਹੈ। ਚੌਥਾ ਘੋੜਸਵਾਰ ਇੱਕ ਫਿੱਕੇ ਪੀਲੇ ਘੋੜੇ ਉੱਤੇ ਬੈਠਦਾ ਹੈ ਜੋ ਸ਼ਾਇਦ ਉਹਨਾਂ ਬਿਮਾਰੀਆਂ/ਮਹਾਂਮਾਰੀਆਂ ਦੇ ਬਾਰੇ ਹੈ ਜਿਹਨਾਂ ਦੇ ਬਾਰੇ ਵਿੱਚ ਜ਼ੈਤੂਨ ਦੇ ਪਹਾੜੀ ਉਪਦੇਸ਼ ਵਿੱਚ ਦੱਸਿਆ ਗਿਆ ਹੈ (ਲੂਕਾ 21:11)। ਪੰਜਵੀਂ ਮੋਹਰ ਧਰਤੀ ਉੱਤੇ ਵਿਸ਼ਵਾਸੀਆਂ ਨੂੰ ਉਹਨਾਂ ਦੇ ਵਿਸ਼ਵਾਸ ਦੇ ਕਾਰਨ ਮਾਰੇ ਜਾਣ ਦੀ ਗੱਲ ਕਰਦੀ ਹੈ। ਛੇਵੀਂ ਮੋਹਰ ਇੱਕ ਵੱਡੇ ਭੁਚਾਲ ਅਤੇ ਆਕਾਸ਼ ਵਿੱਚ ਹੋਣ ਵਾਲੇ ਬਦਲਾਵਾਂ ਬਾਰੇ ਦੱਸਦੀ ਹੈ (ਦੇਖੋ, ਯੋਏਲ 2:30ff.; ਮੱਤੀ 24:29)। ਸੱਤਵੀਂ ਮੋਹਰ ਦੀ ਸਜ਼ਾ ਵਿੱਚ ਸੱਤ ਤੂਰ੍ਹੀਆਂ ਦੀ ਸਜ਼ਾ ਸ਼ੁਰੂ ਹੋ ਜਾਂਦੀ ਹੈ (ਦੇਖੋ, ਪ੍ਰਕਾਸ਼ 6:8-9)।

ਪਹਿਲੀ ਤੂਰ੍ਹੀ ਨਾਲ ਧਰਤੀ ਉੱਤੇ ਗੜੇ, ਅੱਗ ਅਤੇ ਖ਼ੂਨ ਦਾ ਮੀਂਹ ਪੈਂਦਾ ਹੈ। ਦੂਜੀ ਤੂਰ੍ਹੀ ਇੱਕ ਬਲਦਾ ਹੋਇਆ ਪਹਾੜ ਹੈ ਜੋ ਧਰਤੀ ਦੇ ਇੱਕ ਤਿਹਾਈ ਸਮੁੰਦਰਾਂ ਨੂੰ ਤਬਾਹ ਕਰ ਦਿੰਦਾ ਹੈ। ਤੀਜੀ ਤੂਰ੍ਹੀ ਇੱਕ ਬਲਦਾ ਹੋਇਆ ਤਾਰਾ ਹੈ ਜੋ ਧਰਤੀ ਦੇ ਤਾਜ਼ੇ ਪਾਣੀ ਦਾ ਇੱਕ ਤਿਹਾਈ ਹਿੱਸਾ ਪ੍ਰਦੂਸ਼ਿਤ ਕਰਦਾ ਹੈ। ਚੌਥੀ ਤੂਰ੍ਹੀ ਹਨੇਰੇ ਦੇ ਸਮੇਂ ਨੂੰ ਇੱਕ ਤਿਹਾਈ ਹੋਰ ਵਧਾ ਦਿੰਦੀ ਹੈ। ਪੰਜਵੀਂ ਤੂਰ੍ਹੀ ਅਥਾਹ ਕੁੰਡ ਵਿੱਚੋਂ ਸ਼ੈਤਾਨੀ ਜੀਵਾਂ ਦੀ ਇੱਕ ਭੀੜ ਨੂੰ ਬਾਹਰ ਨਿਕਲਣ ਦੀ ਆਗਿਆ ਦਿੰਦੀ ਹੈ, ਜੋ ਮਨੁੱਖਾਂ ਨੂੰ ਪੰਜ ਮਹੀਨਿਆਂ ਤੱਕ ਤਸੀਹੇ ਦੇ ਸਕਦੀ ਹੈ ਪਰ ਉਹਨਾਂ ਨੂੰ ਜਾਨ ਤੋਂ ਮਾਰ ਨਹੀਂ ਸਕਦੀ ਹੈ। ਮਨੁੱਖ ਉਹਨਾਂ ਦਾ ਸਾਹਮਣਾ ਕਰਨ ਦੀ ਬਜਾਏ ਮੌਤ ਦੀ ਭਾਲ ਕਰਨਗੇ। ਫਿਰ ਵੀ, ਛੇਵੀਂ ਤੂਰ੍ਹੀ 200,000,000 ਹੋਰ ਦੁਸ਼ਟ ਆਤਮਾਵਾਂ ਨੂੰ ਬਾਹਰ ਨਿਲਕਨ ਦੀ ਆਗਿਆ ਦਿੰਦੀ ਹੈ। ਇਸ ਵਾਰ ਉਹ ਮਨੁੱਖਾਂ ਨੂੰ ਜਾਨ ਤੋਂ ਵੀ ਮਾਰ ਦੇਣਗੀਆਂ।

ਸੱਤਵੀਂ ਤੂਰ੍ਹੀ ਇਹ ਐਲਾਨ ਕਰਦੀ ਹੈ ਕਿ "ਹੁਣ ਸੰਸਾਰ ਦਾ ਰਾਜ ਸਾਡੇ ਪ੍ਰਭੂ ਪਰਮੇਸ਼ਰ ਅਤੇ ਉਹਨਾਂ ਦੇ ਮਸੀਹ ਦਾ ਹੋ ਗਿਆ ਹੈ ਅਤੇ ਉਹ ਅਨੰਤਕਾਲ ਤੱਕ ਰਾਜ ਕਰਨਗੇ" (ਪ੍ਰਕਾਸ਼11:15)। ਕਿਉਂਕਿ ਆਖ਼ਰੀ ਤੂਰ੍ਹੀ ਇਹ ਐਲਾਨ ਕਰਦੀ ਹੈ ਕਿ ਅੰਤ ਨੇੜੇ ਹੀ ਹੈ, ਇਸ ਲਈ ਇਹ ਮੰਨਣਾ ਗਲਤ ਨਹੀਂ ਹੋਵੇਗਾ ਕਿ ਬਿਪਤਾ ਦੇ ਅੰਤਿਮ ਦਿਨਾਂ ਵਿੱਚ ਸੱਤ ਕਟੋਰਿਆਂ ਦੀ ਸਜ਼ਾ ਜਲਦੀ ਹੀ ਪੂਰੀ ਹੋ ਜਾਵੇਗੀ (ਪ੍ਰਕਾਸ਼ 16)। ਪਹਿਲਾ ਕਟੋਰਾ ਮਸੀਹ-ਵਿਰੋਧੀ ਦੀ ਪੂਜਾ ਕਰਨ ਵਾਲਿਆਂ ਉੱਤੇ ਦੁਖਦਾਈ ਪੀੜਾਂ ਵਾਲੇ ਫੋੜੇ ਲਿਆਉਂਦਾ ਹੈ। ਦੂਜਾ ਕਟੋਰਾ ਸਮੁੰਦਰ ਦੇ ਪਾਣੀ ਨੂੰ ਖ਼ੂਨ ਵਰਗਾ ਬਣਾਉਂਦਾ ਹੈ ਅਤੇ ਸਮੁੰਦਰ ਦੇ ਸਾਰੇ ਪ੍ਰਾਣੀ ਮਰ ਜਾਂਦੇ ਹਨ। ਤੀਜਾ ਕਟੋਰਾ ਸੰਸਾਰ ਦੇ ਪੀਣ ਵਾਲੇ ਪਾਣੀ ਨੂੰ ਖਰਾਬ ਕਰ ਦਿੰਦਾ ਹੈ। ਚੌਥਾ ਕਟੋਰਾ ਮਨੁੱਖਤਾ ਨੂੰ ਝੁਲਸਾਉਣ ਦੇ ਲਈ ਸੂਰਜ ਦੀ ਗਰਮੀ ਨੂੰ ਵਧਾਉਂਦਾ ਹੈ। ਪੰਜਵਾਂ ਕਟੋਰਾ ਪੂਰੇ ਸੰਸਾਰ ਵਿੱਚ ਹਨੇਰਾ ਪੈਦਾ ਕਰਦਾ ਹੈ। ਛੇਵਾਂ ਕਟੋਰਾ ਪਹਿਲਾਂ ਤੋਂ ਪ੍ਰਦੂਸ਼ਿਤ ਫ਼ਰਾਤ ਦਰਿਆ ਨੂੰ ਸੁੱਕਾ ਦਿੰਦਾ ਹੈ ਤਾਂ ਜੋ ਪੂਰਬੀ ਫੌਜਾਂ ਆਸਾਨੀ ਨਾਲ ਅਰਮਾਗਿੱਦੋਨ ਵਿੱਚ ਆ ਸਕਣ। ਆਖ਼ਰੀ ਕਟੋਰਾ ਸੰਸਾਰ ਦੇ ਪ੍ਰਮੁੱਖ ਸ਼ਹਿਰਾਂ ਨੂੰ ਤਬਾਹ ਕਰਨ, ਟਾਪੂਆਂ ਨੂੰ ਡੋਬਣ, ਅਤੇ ਪਹਾੜਾਂ ਨੂੰ ਢਾਹੁਣ ਲਈ ਭੁਚਾਲ ਲਿਆਉਂਦਾ ਹੈ। ਪਰਮੇਸ਼ਰ ਦੇ ਕ੍ਰੋਧ ਨੂੰ ਹੋਰ ਦਿਖਾਉਣ ਦੇ ਲਈ, ਸੱਤਵਾਂ ਕਟੋਰਾ ਅਸਮਾਨ ਤੋਂ ਲਗਭਗ ਪੰਤਾਲੀ-ਪੰਤਾਲੀ ਕਿੱਲੋ ਦੇ ਗੜੇ ਲਿਆਉਂਦਾ ਹੈ। ਪ੍ਰਕਾਸ਼ ਦੀ ਪੋਥੀ ਵਿੱਚ ਅੰਕੀ ਹਵਾਲੇ ਦਰਸਾਉਂਦੇ ਹਨ ਕਿ ਸੰਸਾਰ ਦੀ ਵੱਡੀ ਗਿਣਤੀ ਦੀ ਆਬਾਦੀ ਬਿਪਤਾ ਦੇ ਸਮੇਂ ਵਿੱਚ ਮਰ ਜਾਵੇਗੀ।

> ਉਹਨਾਂ **ਨੂੰ ਧਰਤੀ ਦੇ ਪ੍ਰਾਣੀਆਂ ਦੇ ਚੌਥੇ ਹਿੱਸੇ** ਉੱਤੇ ਅਧਿਕਾਰ ਦਿੱਤਾ ਗਿਆ ਕਿ ਉਹ ਉਹਨਾਂ ਨੂੰ ਤਲਵਾਰ, ਕਾਲ, ਮਰੀਆਂ ਅਤੇ ਜੰਗਲੀ ਜਾਨਵਰਾਂ ਦੁਆਰਾ **ਮਰਵਾ ਦੇਣ।** [ਪ੍ਰਕਾਸ਼ 6:8b]
>
> ਪਹਿਲੇ ਸਵਰਗਦੂਤ ਨੇ ਤੁਰ੍ਹੀ ਵਜਾਈ ਤਾਂ ਖ਼ੂਨ ਨਾਲ ਮਿਲੇ ਗੜੇ ਅਤੇ ਅੱਗ ਪ੍ਰਗਟ ਹੋਈ ਅਤੇ ਇਹ ਧਰਤੀ ਉੱਤੇ ਸੁੱਟੇ ਗਏ । ਇਸ ਦੇ ਨਾਲ **ਧਰਤੀ ਦਾ ਤੀਜਾ ਹਿੱਸਾ ਭਸਮ ਹੋ ਗਿਆ** … [ਪ੍ਰਕਾਸ਼ 8:7]
>
> ਉਹ ਚਾਰ ਸਵਰਗਦੂਤ ਇਸੇ ਘੜੀ, ਦਿਨ, ਮਹੀਨੇ ਅਤੇ ਸਾਲ ਲਈ ਤਿਆਰ ਕੀਤੇ ਗਏ ਹਨ। ਇਸ ਲਈ ਉਹ ਖੋਲ੍ਹ ਦਿੱਤੇ ਗਏ ਤਾਂ ਜੋ ਉਹ **ਮਨੁੱਖਜਾਤੀ ਦੇ ਤੀਜੇ ਹਿੱਸੇ ਨੂੰ ਖ਼ਤਮ ਕਰ ਦੇਣ**...ਇਹ ਤਿੰਨ ਮਹਾਂਮਾਰੀਆਂ, ਅੱਗ, ਧੂੰਆਂ ਅਤੇ ਗੰਧਕ ਜਿਹੜੀਆਂ ਘੋੜਿਆਂ ਦੇ ਮੂੰਹਾਂ ਵਿੱਚੋਂ ਨਿੱਕਲ ਰਹੀਆਂ ਸਨ ਦੇ ਦੁਆਰਾ **ਮਨੁੱਖਤਾ ਦਾ ਤੀਜਾ ਹਿੱਸਾ ਖ਼ਤਮ ਹੋ ਗਿਆ**।[46] [ਪ੍ਰਕਾਸ਼ 9:15,18]

ਜਿਸ ਤਰ੍ਹਾਂ ਤਬਾਹੀ ਦਾ ਬਿਆਨ ਪ੍ਰਕਾਸ਼ ਦੀ ਪੋਥੀ 6-18 ਵਿੱਚ ਕੀਤਾ ਗਿਆ ਹੈ, ਉਹ ਸੱਚਮੁੱਚ ਸੰਸਾਰ ਨੂੰ ਪ੍ਰਾਚੀਨ ਜੀਵਨ ਪੱਧਰਾਂ ਵੱਲ ਵਾਪਸ ਜਾਣ ਲਈ ਮਜਬੂਰ ਕਰ ਸਕਦੀ ਹੈ, ਜਿੱਥੇ ਫਿਰ ਤੋਂ ਯੁੱਧਾਂ ਵਿੱਚ ਘੋੜਿਆਂ ਅਤੇ ਪੁਰਾਣੇ ਜੰਗੀ ਹੱਥਿਆਰਾਂ ਦੀ ਵਰਤੋਂ ਕੀਤੀ ਜਾਵੇਗੀ। ਕੇਵਲ ਮਸੀਹ ਦਾ ਵਾਪਸ ਆਉਣਾ ਹੀ ਧਰਤੀ ਨੂੰ ਪੂਰੀ ਤਰ੍ਹਾਂ ਨਸ਼ਟ ਹੋਣ ਤੋਂ ਬਚਾਵੇਗਾ। ਇਹ ਤੱਥ ਕਿ ਇਸ ਸਮੇਂ ਵਿੱਚ ਪਰਮੇਸ਼ਰ ਮੁਕਤੀ ਦੇਣੀ ਜਾਰੀ ਰੱਖਣਗੇ, ਇਹ ਉਹਨਾਂ ਦੀ ਵੱਡੀ ਕਿਰਪਾ ਦੀ ਗੱਲ ਕਰਦਾ ਹੈ।

[46] ਇਹਨਾਂ ਅੰਸ਼ਾਂ ਦਾ ਹਿਸਾਬ ਦੋ ਤਰੀਕਿਆਂ ਨਾਲ ਲਗਾਇਆ ਜਾ ਸਕਦਾ ਹੈ। ਇੱਕ ਤਰੀਕਾ ਅਸਲ ਕੁੱਲ ਵਿੱਚੋ ਘਟਾਉਂਦਾ ਹੈ (100% ਘਟਾਓ 25%, ਘਟਾਓ 33.1/3%, ਇੱਕ ਵਾਰ ਹੋਰ ਘਟਾਓ 33.1/3%)। ਇਸ ਦਾ ਮਤਲਬ ਇਹ ਹੈ ਕਿ ਸੰਸਾਰ ਦੀ 90% ਤੋਂ ਵੱਧ ਆਬਾਦੀ ਕੇਵਲ ਤਿੰਨ ਸਜ਼ਾਵਾਂ ਵਿੱਚ ਹੀ ਮਰ ਜਾਵੇਗੀ ਜਿਸ ਵਿੱਚ ਮਨੁੱਖਾਂ ਦੁਆਰਾ ਕੀਤੇ ਗਏ ਯੁੱਧਾਂ ਦੀ ਗਿਣਤੀ ਸ਼ਾਮਲ ਨਹੀਂ ਹੈ। ਇੱਕ ਹੋਰ ਤਰੀਕਾ ਇਹ ਹੋਵੇਗਾ ਕਿ ਇਸ ਗਿਣਤੀ ਨੂੰ ਪਿਛਲੀਆਂ ਮੁਸੀਬਤਾਂ ਤੋਂ ਬਾਅਦ ਬਾਕੀ ਬਚੀ ਆਬਾਦੀ ਦੇ ਸੰਬੰਧ ਵਿੱਚ ਦੇਖਿਆ ਜਾਵੇ। ਪਹਿਲੀ ਤਬਾਹੀ ਦੇ ਬਾਅਦ, 75% ਆਬਾਦੀ ਬਚੀ ਰਹੇਗੀ। ਅਗਲੀ ਸਜ਼ਾ ਬਚੀ ਹੋਈ ਆਬਾਦੀ ਦੀ ਇੱਕ-ਤਿਹਾਈ ਨੂੰ ਖ਼ਤਮ ਕਰ ਦੇਵੇਗੀ ਜਿਸ ਨਾਲ ਅਸਲ ਆਬਾਦੀ 50% ਰਹਿ ਜਾਂਦੀ ਹੈ। ਆਖ਼ਰੀ ਸਜ਼ਾ ਬਚੇ ਹੋਇਆਂ ਵਿੱਚੋਂ ਇੱਕ-ਤਿਹਾਈ ਨੂੰ ਹੋਰ ਖ਼ਤਮ ਕਰ ਦੇਵੇਗੀ ਜਿਸ ਵਿੱਚ ਫਿਰ ਅਸਲ ਆਬਾਦੀ ਦੇ 33.1/3% ਲੋਕ ਰਹਿ ਜਾਣਗੇ। ਅਤੇ, ਇਸ ਵਿੱਚ ਕੇਵਲ ਤਿੰਨ ਸਜ਼ਾਵਾਂ ਦੀ ਗਿਣਤੀ ਸ਼ਾਮਲ ਹੈ ਜੋ ਇੱਕ ਅੰਸ਼ ਦਿੰਦੀਆਂ ਹਨ। ਹੋਰ ਸਜ਼ਾਵਾਂ ਅਤੇ ਯੁੱਧਾਂ ਵਿੱਚ ਲੱਖਾਂ ਲੋਕ ਮਰ ਜਾਣਗੇ। ਕਿਸੇ ਵੀ ਤਰੀਕੇ ਨਾਲ, ਸੰਸਾਰ ਦਾ ਵੱਡਾ ਹਿੱਸਾ ਬਿਪਤਾ ਦੇ ਸਮੇਂ ਦੌਰਾਨ ਨਸ਼ਟ ਹੋ ਜਾਵੇਗਾ।

## 2. ਬਿਪਤਾ ਦੇ ਦੌਰਾਨ ਪੂਰੇ ਸੰਸਾਰ ਵਿੱਚ ਸ਼ੁਭ-ਸਮਾਚਾਰ ਦਾ ਪ੍ਰਚਾਰ

ਰੈਪਚਰ ਸੰਸਾਰ ਵਿੱਚੋਂ ਸਾਰੇ ਵਿਸ਼ਵਾਸੀਆਂ ਨੂੰ ਹਟਾ ਦੇਵੇਗਾ। ਇਸ ਤਰ੍ਹਾਂ, ਬਿਪਤਾ ਦੀ ਸ਼ੁਰੂਆਤ ਇੱਕ ਅਜਿਹੇ ਸੰਸਾਰ ਵਿੱਚ ਹੋਵੇਗੀ ਜੋ ਪੂਰੀ ਤਰ੍ਹਾਂ ਅਵਿਸ਼ਵਾਸੀ ਹੋਵੇਗਾ। ਪਰ ਫਿਰ ਵੀ ਪਰਮੇਸ਼ਰ ਲੋਕਾਂ ਨੂੰ ਹਨੇਰੇ ਵਿੱਚੋਂ ਮੁਕਤੀ ਦੇ ਚਾਨਣ ਵਿੱਚ ਬੁਲਾਉਣ ਦੇ ਆਪਣੇ ਕੰਮ ਨੂੰ ਕਰ ਰਹੇ ਹੋਣਗੇ। ਬਹੁਤ ਵੱਡੀ ਸਜ਼ਾ ਦੇ ਸਮੇਂ ਵਿੱਚ ਵੀ ਬਹੁਤ ਸਾਰੇ ਲੋਕ ਪਰਮੇਸ਼ਰ ਦੀ ਕਿਰਪਾ ਦੇ ਸੱਦੇ ਦਾ ਜਵਾਬ ਦੇਣਗੇ। ਅਜਿਹੇ ਬਹੁਤ ਸਾਰੇ ਵਚਨ ਹਨ ਜੋ ਬਿਪਤਾ ਦੇ ਸੰਦਰਭਾਂ ਵਿੱਚ "ਸੰਤਾਂ/ਪਵਿੱਤਰ ਲੋਕਾਂ" ਦੀ ਗੱਲ ਕਰਦੇ ਹਨ (ਹੋਰ ਹਵਾਲਿਆਂ ਦੇ ਲਈ ਅਗਲਾ ਭਾਗ ਦੇਖੋ)। "ਰਾਜ ਦਾ ਸ਼ੁਭ-ਸਮਾਚਾਰ" ਮਸੀਹ ਦੇ ਖ਼ੂਨ ਦੁਆਰਾ ਮੁਕਤੀ ਦੀ ਪੇਸ਼ਕਸ਼ ਕਰੇਗਾ ਅਤੇ ਜਲਦੀ ਹੀ ਆਉਣ ਵਾਲੇ ਰਾਜੇ ਦੀ ਵੀ ਘੋਸ਼ਣਾ ਕਰੇਗਾ। ਬਿਪਤਾ ਦੇ ਸਮੇਂ ਵਿੱਚ ਇਹ ਸ਼ੁਭ-ਸਮਾਚਾਰ ਪੂਰੇ ਸੰਸਾਰ ਵਿੱਚ ਪਹੁੰਚ ਜਾਵੇਗਾ।

> "ਪਰਮੇਸ਼ਰ ਦੇ ਰਾਜ ਦੇ **ਸ਼ੁਭ ਸਮਾਚਾਰ** ਦਾ **ਪ੍ਰਚਾਰ ਸਾਰੀਆਂ ਕੌਮਾਂ ਦੇ ਸਾਹਮਣੇ** ਗਵਾਹੀ ਦੇ ਤੌਰ ਤੇ ਸਾਰੇ ਸੰਸਾਰ ਵਿੱਚ **ਕੀਤਾ ਜਾਵੇਗਾ** ਤਦ ਅੰਤ ਆ ਜਾਵੇਗਾ।" [ਮੱਤੀ 24:14]
>
> "ਪਰ ਇਸ ਤੋਂ ਪਹਿਲਾਂ ਕਿ ਅੰਤ ਆਵੇ **ਸ਼ੁਭ ਸਮਾਚਾਰ ਦਾ ਪ੍ਰਚਾਰ ਸਾਰੀਆਂ ਕੌਮਾਂ ਵਿੱਚ ਹੋਣਾ** ਜ਼ਰੂਰੀ ਹੈ।" [ਮਰਕੁਸ 13:10]

ਪਰਮੇਸ਼ਰ ਬਿਪਤਾ ਦੇ ਦੌਰਾਨ (ਸ਼ਾਇਦ ਬਿਪਤਾ ਦੇ ਪਹਿਲੇ ਅੱਧ ਵਿੱਚ) ਧਰਤੀ ਉੱਤੇ ਦੋ ਖ਼ਾਸ ਗਵਾਹ ਭੇਜਣਗੇ। ਪ੍ਰਕਾਸ਼ ਦੀ ਪੋਥੀ 11 ਇਹਨਾਂ ਗਵਾਹਾਂ ਦੀ ਕੋਈ ਪਛਾਣ ਨਹੀਂ ਦਿੰਦਾ ਹੈ, ਪਰ ਉਹਨਾਂ ਦੇ ਕੰਮ ਏਲੀਯਾਹ ਅਤੇ ਮੂਸਾ ਵਰਗੇ ਹਨ। ਉਹ ਮੀਂਹ ਨੂੰ ਰੋਕ ਦੇਣਗੇ ਅਤੇ ਸਵਰਗ ਤੋਂ ਅੱਗ ਲਿਆਉਣਗੇ (1 ਰਾਜਾ 17-18; 2 ਰਾਜਾ 1; ਯਾਕੂਬ 5:17), ਪਾਣੀ ਨੂੰ ਖ਼ੂਨ ਵਿੱਚ ਬਦਲਣਗੇ, ਅਤੇ ਮਹਾਂਮਾਰੀਆਂ ਲਿਆਉਣਗੇ (ਦੇਖੋ, ਕੂਚ 7-11)। ਇਸ ਤੋਂ ਇਲਾਵਾ, ਕਈ ਆਇਤਾਂ ਇਹ ਭਵਿੱਖਬਾਣੀ ਕਰਦੀਆਂ ਹਨ ਕਿ ਮਸੀਹ ਦੇ ਆਉਣ ਤੋਂ ਪਹਿਲਾਂ ਏਲੀਯਾਹ ਧਰਤੀ ਉੱਤੇ ਆਵੇਗਾ (ਮਲਾਕੀ 4:5; ਮੱਤੀ 17:10-11)।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹਨਾਂ ਦੋਵੇਂ ਨਬੀਆਂ ਦਾ ਕੰਮ ਪਰਮੇਸ਼ਰ ਦਾ ਇਨਕਾਰ ਕਰਨ ਵਾਲੇ ਇਸ ਸੰਸਾਰ ਉੱਤੇ ਵੱਡੀ ਸਜ਼ਾ ਲਿਆਵੇਗਾ। ਫਿਰ ਵੀ, ਕੁਝ ਲੋਕ ਮਸੀਹ ਵਿੱਚ ਭਰੋਸਾ ਕਰਨਗੇ। ਬਿਪਤਾ ਦੇ ਦੌਰਾਨ ਇੱਕ ਸਮੇਂ ਵਿੱਚ ਪਰਮੇਸ਼ਰ "ਅਕਾਸ਼ ਵਿੱਚ ਉੱਡਦੇ ਹੋਏ ਇੱਕ ਸਵਰਗਦੂਤ" ਦੁਆਰਾ ਵੀ ਸ਼ੁਭ-ਸਮਾਚਾਰ ਦਾ ਪ੍ਰਚਾਰ ਕਰਨਗੇ (ਪ੍ਰਕਾਸ਼ 14:6)।

ਪ੍ਰਕਾਸ਼ 7:3-8 ਇਹ ਸਿਖਾਉਂਦਾ ਹੈ ਕਿ ਬਿਪਤਾ ਦੇ ਦੌਰਾਨ ਪਰਮੇਸ਼ਰ 1,44,000 ਯਹੂਦੀ ਵਿਸ਼ਵਾਸੀਆਂ ਉੱਤੇ ਮੋਹਰ ਲਾਉਣਗੇ। ਉਹਨਾਂ ਨੂੰ ਬਿਪਤਾ ਦੇ ਖਤਰਿਆਂ ਤੋਂ ਖ਼ਾਸ ਤੌਰ ਤੇ ਬਚਾਇਆ ਜਾਵੇਗਾ (ਦੇਖੋ,

ਹਿਜ਼ਕੀ 9:4-6)। ਇਹ ਵਚਨ ਖ਼ਾਸ ਤੌਰ ਤੇ ਇਹ ਨਹੀਂ ਸਿਖਾਉਂਦੇ ਹਨ ਕਿ ਉਹ ਪ੍ਰਚਾਰ ਦੇ ਕੰਮ ਵਿੱਚ ਸ਼ਾਮਲ ਹੋਣਗੇ। ਫਿਰ ਵੀ, ਇਹ ਮੰਨ ਲੈਣਾ ਗਲਤ ਨਹੀਂ ਹੋਵੇਗਾ ਕਿ 144,000 "ਸੇਵਕ" ਇੱਕ ਅਜਿਹੇ ਸਮੇਂ ਵਿੱਚ ਗਵਾਹੀ ਦੇ ਰਹੇ ਹੋਣਗੇ ਜਿਸ ਵਿੱਚ ਸ਼ੁਭ-ਸਮਾਚਾਰ ਨੂੰ ਕੁਝ ਸਾਲਾਂ ਦੇ ਅੰਦਰ ਹੀ ਧਰਤੀ ਦੀਆਂ ਹੱਦਾਂ ਤੱਕ ਪਹੁੰਚਣਾ ਹੈ। ਹਾਲਾਂਕਿ ਬਿਪਤਾ ਦੇ ਸਮੇਂ ਵਿੱਚ ਬੇਦਾਰੀ ਬਾਰੇ ਸੋਚਣਾ ਅਤੇ ਇਸ ਸਮੇਂ ਨੂੰ ਬਰਕਤਾਂ ਦਾ ਸਮਾਂ ਮੰਨਣਾ ਮੁਸ਼ਕਲ ਹੈ, ਫਿਰ ਵੀ ਬਹੁਤ ਸਾਰੇ ਲੋਕ ਮਸੀਹ-ਵਿਰੋਧੀ ਦੇ ਵੱਲ ਹੋਣ ਦੇ ਸਖ਼ਤ ਦਬਾਅ ਦੇ ਬਾਵਜੂਦ ਵੀ ਮੁਕਤੀ ਪ੍ਰਾਪਤ ਕਰਨਗੇ।

> ਇਸ ਦੇ ਬਾਅਦ ਮੈਂ ਇੱਕ ਵੱਡੀ ਭੀੜ ਨੂੰ ਸਿੰਘਾਸਣ ਅਤੇ ਲੇਲੇ ਦੇ ਸਾਹਮਣੇ ਖੜ੍ਹੇ ਦੇਖਿਆ। ਉਸ ਭੀੜ ਦੀ ਗਿਣਤੀ ਕੋਈ ਨਹੀਂ ਕਰ ਸਕਦਾ ਸੀ। ਉਸ ਭੀੜ ਵਿੱਚ ਹਰ ਕੌਮ, ਕਬੀਲੇ, ਦੇਸ਼ ਅਤੇ ਭਾਸ਼ਾ ਦੇ ਲੋਕ ਸਨ। ਉਹਨਾਂ ਨੇ ਚਿੱਟੇ ਚੋਗੇ ਪਹਿਨੇ ਹੋਏ ਸਨ ਅਤੇ ਉਹਨਾਂ ਦੇ ਹੱਥਾਂ ਵਿੱਚ ਖਜੂਰ ਦੀਆਂ ਟਹਿਣੀਆਂ ਸਨ। ਉਹਨਾਂ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ, "ਮੁਕਤੀ ਸਾਡੇ ਪਰਮੇਸ਼ਰ ਵੱਲੋਂ ਜਿਹੜੇ ਸਿੰਘਾਸਣ ਉੱਤੇ ਵਿਰਾਜਮਾਨ ਹਨ ਅਤੇ ਲੇਲੇ ਵੱਲੋਂ ਹੈ।" ਉਸ ਨੇ ਫਿਰ ਮੈਨੂੰ ਕਿਹਾ, "ਇਹ ਉਹ ਲੋਕ ਹਨ ਜਿਹੜੇ ਵੱਡੀ ਮੁਸੀਬਤ ਵਿੱਚੋਂ ਨਿੱਕਲ ਕੇ ਆਏ ਹਨ। ਇਹਨਾਂ ਨੇ ਆਪਣੇ ਚੋਗੇ ਧੋ ਲਏ ਹਨ ਅਤੇ ਲੇਲੇ ਦੇ ਖ਼ੂਨ ਦੇ ਨਾਲ ਚਿੱਟੇ ਕੀਤੇ ਹਨ।" [ਪ੍ਰਕਾਸ਼ 7:9,10,14b ]

### 3. ਬਿਪਤਾ ਦੇ ਸਮੇਂ ਵਿੱਚ ਸੰਤ

ਬਿਪਤਾ ਦੇ ਸੰਤਾਂ ਦੇ ਅਨੁਭਵਾਂ ਦਾ ਸਾਰ ਇਹਨਾਂ ਦੋ ਸ਼ਬਦਾਂ ਵਿੱਚ ਕੀਤਾ ਜਾ ਸਕਦਾ ਹੈ "ਅਤਿਆਚਾਰ" ਅਤੇ "ਸੁਰੱਖਿਆ।" ਮਸੀਹ-ਵਿਰੋਧੀ ਦੇ ਇੱਕ ਹਿੱਸੇ ਦਾ ਅਧਿਐਨ ਕਰਦੇ ਹੋਏ, ਬਿਪਤਾ ਵਿੱਚ ਸੰਤਾਂ ਉੱਤੇ ਅਤਿਆਚਾਰ ਦੇ ਬਾਰੇ ਪਹਿਲਾਂ ਹੀ ਥੋੜ੍ਹੀ ਚਰਚਾ ਕੀਤੀ ਗਈ ਹੈ। ਇਹ ਕੁਝ ਹੋਰ ਉਦਾਹਰਣਾਂ ਹਨ (ਦੇਖੋ, ਯਿਰ 30:7 ਦਾਨੀਏਲ 12:1; ਜ਼ਕਰ 13:8-9; ਮੱਤੀ 24:16ff; ਪ੍ਰਕਾਸ਼ 11:2, 7-8; 12:1-2; 13:10; 14:13):

> "ਮੈਂ ਦੇਖਿਆ ਕਿ ਉਹੋ ਸਿੰਗ **ਸੰਤਾਂ ਨਾਲ ਲੜਦਾ ਸੀ ਅਤੇ ਉਹਨਾਂ ਉੱਤੇ ਜਿੱਤ ਪਾ ਲੈਂਦਾ ਸੀ**। ਜਦ ਤੱਕ ਅੱਤ ਪ੍ਰਾਚੀਨ ਨਾ ਆਇਆ ਅਤੇ ਅੱਤ ਮਹਾਨ ਦੇ ਸੰਤਾਂ ਦਾ ਨਿਆਂ ਨਾ ਦਿੱਤਾ ਗਿਆ ਅਤੇ ਵੇਲਾ ਨਾ ਆ ਪਹੁੰਚਿਆ ਕਿ ਸੰਤ ਰਾਜ ਵਾਲੇ ਹੋਣ। ਉਹ ਇਉਂ ਬੋਲਿਆ ਕਿ ਚੌਥਾ ਦਰਿੰਦਾ ਚੌਥਾ ਰਾਜਾ ਹੈ ਜੋ ਧਰਤੀ ਵਿੱਚ ਹੋਵੇਗਾ...ਉਹ ਅੱਤ ਮਹਾਨ ਪਰਮੇਸ਼ੁਰ ਦੇ ਵਿਰੁੱਧ ਹੰਕਾਰ ਦੀਆਂ ਗੱਲਾਂ ਬੋਲੇਗਾ ਅਤੇ ਅੱਤ ਮਹਾਨ ਦੇ **ਸੰਤਾਂ ਨੂੰ ਦੁੱਖ ਦੇਵੇਗਾ** ਅਤੇ ਚਾਹੇਗਾ ਕਿ ਨਿਯੁਕਤ ਸਮਿਆਂ ਅਤੇ ਬਿਵਸਥਾ ਨੂੰ ਬਦਲ ਦੇਵੇ ਅਤੇ ਉਹ ਇਹ ਦੇ ਹੱਥ ਵਿੱਚ ਦਿੱਤੇ ਜਾਣਗੇ ਐਥੋਂ ਤੱਕ ਇੱਕ ਸਮਾਂ ਅਤੇ ਸਮੇਂ ਅਤੇ ਅੱਧਾ ਸਮਾਂ ਲੰਘ ਜਾਵੇਗਾ ਤਕਰੀਬਨ ਸਾਢੇ ਤਿੰਨ ਸਾਲ।" [ਦਾਨੀ 7:21-22,25]
>
> ਉਸ ਨੂੰ **ਪਰਮੇਸ਼ਰ ਦੇ ਲੋਕਾਂ ਦੇ ਵਿਰੁੱਧ ਲੜਨ ਅਤੇ ਉਹਨਾਂ ਉੱਤੇ ਜਿੱਤ ਪ੍ਰਾਪਤ ਕਰਨ** ਦੀ ਆਗਿਆ ਦਿੱਤੀ ਗਈ ਅਤੇ ਉਸ ਨੂੰ ਹਰ ਇੱਕ ਕਬੀਲੇ, ਕੌਮ, ਭਾਸ਼ਾ ਅਤੇ ਰਾਸ਼ਟਰ ਉੱਤੇ ਵੀ ਅਧਿਕਾਰ ਦਿੱਤਾ ਗਿਆ...ਦੂਜੇ ਪਸ਼ੂ ਨੂੰ ਮੂਰਤੀ ਦੇ ਵਿੱਚ ਪ੍ਰਾਣ ਪਾਉਣ ਦਾ ਅਧਿਕਾਰ ਦਿੱਤਾ ਗਿਆ ਕਿ ਮੂਰਤੀ ਬੋਲ ਸਕੇ ਅਤੇ ਉਹਨਾਂ ਲੋਕਾਂ ਨੂੰ ਜਿਹੜੇ ਪਸ਼ੂ ਦੀ ਪੂਜਾ ਨਾ ਕਰਨ, ਜਾਨੋਂ ਮਾਰੇ। ਉਹ ਛੋਟੇ ਅਤੇ ਵੱਡੇ, ਅਮੀਰ ਅਤੇ ਗਰੀਬ, ਆਜ਼ਾਦ ਅਤੇ ਗ਼ੁਲਾਮ ਸਾਰਿਆਂ ਨੂੰ ਮਜਬੂਰ ਕਰਦਾ ਸੀ ਕਿ ਉਹ ਆਪਣੇ ਸੱਜੇ ਹੱਥ ਜਾਂ ਮੱਥੇ ਉੱਤੇ ਨਿਸ਼ਾਨ ਲਗਵਾਉਣ। **ਉਹ ਕਿਸੇ ਨੂੰ ਵੀ ਜਿਸ ਉੱਤੇ ਪਸ਼ੂ ਦੇ ਨਾਂ ਜਾਂ ਅੰਕ ਦਾ ਨਿਸ਼ਾਨ ਨਹੀਂ ਸੀ, ਕੁਝ ਵੀ ਖ਼ਰੀਦਣ ਜਾਂ ਵੇਚਣ ਨਹੀਂ ਦਿੰਦਾ ਸੀ।** [ਪ੍ਰਕਾਸ਼ 13:7,15-17]

ਬਿਪਤਾ ਦੇ ਦੌਰਾਨ ਬਹੁਤ ਸਾਰੇ ਵਿਸ਼ਵਾਸੀ ਸ਼ਹੀਦ ਹੋਣਗੇ। ਜਿਹੜੀ "ਮੋਹਰ" ਦੀ ਉੱਪਰ ਗੱਲ ਕੀਤੀ ਗਈ ਹੈ, ਉਹ ਸਾਰਿਆਂ ਦੇ ਲਈ ਨਹੀਂ ਹੈ, ਕਿਉਂਕਿ ਪਰਮੇਸ਼ਰ ਨੇ ਸਾਰੇ ਵਿਸ਼ਵਾਸੀਆਂ ਨੂੰ ਮੌਤ ਤੋਂ ਬਚਾਉਣ ਦੀ ਚੋਣ ਨਹੀਂ ਕੀਤੀ ਹੈ (ਦੇਖੋ, ਪ੍ਰਕਾਸ਼ 13:10)। ਉਹਨਾਂ ਦੀ ਮੌਤ ਦੇ ਕਾਰਨ ਮਸੀਹ-ਵਿਰੋਧੀ ਅਤੇ ਉਸ ਦੇ ਲੋਕਾਂ ਨੂੰ ਇੱਕ ਵੱਡੀ ਸਜ਼ਾ ਦਿੱਤੀ ਜਾਵੇਗੀ।

> ਫਿਰ ਜਦੋਂ ਲੇਲੇ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਵੇਦੀ ਦੇ ਹੇਠ **ਉਹਨਾਂ ਮਨੁੱਖਾਂ ਦੀਆਂ ਆਤਮਾਵਾਂ ਦੇਖੀਆਂ ਜਿਹੜੇ** ਪਰਮੇਸ਼ਰ ਦੇ ਸੰਦੇਸ਼ ਦੇ ਕਾਰਨ ਅਤੇ ਆਪਣੀ ਗਵਾਹੀ ਉੱਤੇ ਪੱਕੇ ਰਹਿਣ ਦੇ **ਕਾਰਨ ਕਤਲ ਕੀਤੇ ਗਏ ਸਨ।** ਉਹ ਉੱਚੀ ਆਵਾਜ਼ ਨਾਲ ਬੋਲੇ, "ਹੇ ਮਾਲਕ, ਤੁਸੀਂ ਪਵਿੱਤਰ ਅਤੇ ਸੱਚੇ ਹੋ, ਸਾਡਾ ਨਿਆਂ ਕਰਨ ਵਿੱਚ ਅਤੇ ਧਰਤੀ ਦੇ ਨਿਵਾਸੀਆਂ ਤੋਂ ਸਾਡੀ ਮੌਤ ਦਾ ਬਦਲਾ ਲੈਣ ਵਿੱਚ ਤੁਸੀਂ ਹੋਰ ਕਿੰਨਾ ਸਮਾਂ ਲਾਵੋਗੇ?" ਉਹਨਾਂ ਵਿੱਚੋਂ ਹਰ ਇੱਕ ਨੂੰ ਚਿੱਟਾ ਚੋਗਾ ਦਿੱਤਾ ਗਿਆ । ਉਹਨਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਕੁਝ ਸਮੇਂ ਦੇ ਲਈ ਹੋਰ ਅਰਾਮ ਕਰਨ ਜਦੋਂ ਤੱਕ ਕਿ ਉਹਨਾਂ ਦੇ ਸਾਥੀ ਸੇਵਕਾਂ ਅਤੇ ਵਿਸ਼ਵਾਸੀਆਂ ਦੀ ਗਿਣਤੀ ਪੂਰੀ ਨਾ ਹੋ ਜਾਵੇ ਜਿਹੜੇ ਉਹਨਾਂ ਵਾਂਗ ਕਤਲ ਕੀਤੇ ਜਾਣ ਵਾਲੇ ਹਨ। [ਪ੍ਰਕਾਸ਼ 6:9-11]
>
> ਇਸ ਦੇ ਬਾਅਦ ਮੈਂ ਸਵਰਗ ਵਿੱਚ ਇੱਕ ਵੱਡੀ ਭੀੜ ਦੀ ਆਵਾਜ਼ ਵਰਗੀ ਆਵਾਜ਼ ਸੁਣੀ, ਜਿਹੜੀ ਇਹ ਕਹਿ ਰਹੀ ਸੀ, "ਹਾਲੇਲੂਯਾਹ! ਮੁਕਤੀ, ਮਹਿਮਾ ਅਤੇ ਸਮਰੱਥਾ ਸਾਡੇ ਪਰਮੇਸ਼ਰ ਦੇ ਹੀ ਹਨ! ਪਰਮੇਸ਼ਰ ਦੇ ਨਿਆਂ ਸੱਚੇ ਅਤੇ ਨੇਕ ਹਨ ਕਿਉਂਕਿ ਉਹਨਾਂ ਨੇ ਉਸ ਮਹਾਨ ਵੇਸ਼ਵਾ ਨੂੰ ਦੋਸ਼ੀ

ਠਹਿਰਾਇਆ ਹੈ, ਜਿਸ ਨੇ ਆਪਣੇ ਵਿਭਚਾਰ ਦੁਆਰਾ ਸਾਰੀ ਧਰਤੀ ਨੂੰ ਭ੍ਰਿਸ਼ਟ ਕੀਤਾ ਹੈ। ਪਰਮੇਸ਼ਰ ਨੇ ਉਸ ਵੇਸ਼ਵਾ ਨੂੰ **ਆਪਣੇ ਸੇਵਕਾਂ ਦੀ ਮੌਤ ਦੇ ਲਈ** ਸਜ਼ਾ ਦਿੱਤੀ ਹੈ।" [ਪ੍ਰਕਾਸ਼ 19:1-2]

ਹਾਲਾਂਕਿ ਬਿਪਤਾ ਦੇ ਸਾਰੇ ਸੰਤਾਂ ਨੂੰ ਪਰਮੇਸ਼ਰ ਦੀ ਸੁਰੱਖਿਆ ਨਹੀਂ ਮਿਲੇਗੀ, ਫਿਰ ਵੀ ਪਰਮੇਸ਼ਰ ਨੇ ਬਿਪਤਾ ਦੇ ਕੁਝ ਸੰਤਾਂ ਨੂੰ ਮੌਤ ਤੋਂ ਬਚਾਉਣ ਦੇ ਲਈ ਇੱਕ ਇੰਤਜ਼ਾਮ ਜ਼ਰੂਰ ਕੀਤਾ ਹੋਇਆ ਹੈ। ਇਹ 144,000 ਯਹੂਦੀ ਵਿਸ਼ਵਾਸੀਆਂ ਉੱਤੇ ਮੋਹਰ ਲਗਾਉਣ ਦੇ ਉਦੇਸ਼ ਦਾ ਇੱਕ ਹਿੱਸਾ ਹੈ (ਪ੍ਰਕਾਸ਼ 7:3-8, ਹਿਜ਼ਕੀ 9:4-6)। ਪ੍ਰਕਾਸ਼ ਦੀ ਪੋਥੀ 12 ਵਿੱਚ "ਔਰਤ" ਦੀ ਦਿੱਤੀ ਗਈ ਸੁਰੱਖਿਆ ਇਹ ਸਿਖਾਉਂਦੀ ਹੈ ਕਿ ਭਿਆਨਕ ਬਿਪਤਾ ਦੇ ਸਮੇਂ ਵਿੱਚ ਵਿਸ਼ਵਾਸੀ ਇਸਰਾਏਲ ਨੂੰ ਧਰਤੀ ਉੱਤੇ ਕੁਝ ਸੁਰੱਖਿਆ ਦੇਣਗੇ।

ਉਸ ਔਰਤ ਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਜਿਹੜਾ ਸਾਰੀਆਂ ਕੌਮਾਂ ਉੱਤੇ ਲੋਹੇ ਦੇ ਰਾਜ ਦੰਡ ਨਾਲ ਰਾਜ ਕਰੇਗਾ ਪਰ ਉਸ ਦਾ ਬੱਚਾ ਉਸੇ ਸਮੇਂ ਪਰਮੇਸ਼ਰ ਦੇ ਕੋਲ ਅਤੇ ਉਸ ਦੇ ਸਿੰਘਾਸਣ ਦੇ ਕੋਲ ਪਹੁੰਚਾ ਦਿੱਤਾ ਗਿਆ। ਉਹ ਔਰਤ ਉਜਾੜ ਵਿੱਚ ਦੌੜ ਗਈ ਜਿੱਥੇ **ਉਸ ਦੇ ਲਈ ਪਰਮੇਸ਼ਰ ਦੇ ਦੁਆਰਾ ਇੱਕ ਜਗ੍ਹਾ ਤਿਆਰ ਕੀਤੀ ਗਈ ਸੀ** ਕਿ **ਉਸ ਦੀ** ਇੱਕ ਹਜ਼ਾਰ ਦੇ ਸੌ ਸੱਠ ਦਿਨਾਂ ਤੱਕ **ਦੇਖਭਾਲ ਕੀਤੀ ਜਾ ਸਕੇ**...ਜਦੋਂ ਅਜਗਰ ਨੇ ਦੇਖਿਆ ਕਿ ਉਹ ਹੇਠਾਂ ਸੁੱਟ ਦਿੱਤਾ ਗਿਆ ਹੈ ਤਾਂ ਉਹ ਉਸ ਔਰਤ ਦਾ ਪਿੱਛਾ ਕਰਨ ਲੱਗਾ, ਜਿਸ ਨੇ ਪੁੱਤਰ ਨੂੰ ਜਨਮ ਦਿੱਤਾ ਸੀ ਪਰ ਉਸ ਔਰਤ ਨੂੰ ਵੱਡੇ ਉਕਾਬ ਦੇ ਦੋ ਖੰਭ ਦਿੱਤੇ ਗਏ ਜਿਹਨਾਂ ਦੀ ਮਦਦ ਨਾਲ ਉਹ ਉੱਡ ਕੇ ਆਪਣੀ ਉਜਾੜ ਵਿਚਲੀ ਥਾਂ ਜਾ ਸਕੇ ਜਿੱਥੇ ਉਹ ਸਾਢੇ ਤਿੰਨ ਸਾਲਾਂ ਤੱਕ ਸੱਪ ਤੋਂ ਦੂਰ ਸਹੀ ਸਲਾਮਤ ਰਹਿ ਸਕਦੀ ਸੀ। ਪਰ ਉਸ ਸੱਪ ਨੇ ਆਪਣੇ ਮੂੰਹ ਵਿੱਚੋਂ ਨਦੀ ਦੇ ਵਾਂਗ ਉਸ ਔਰਤ ਦੇ ਪਿੱਛੇ ਪਾਣੀ ਛੱਡਿਆ ਤਾਂ ਜੋ ਉਹ ਉਸ ਨਾਲ ਰੁੜ੍ਹ ਜਾਵੇ। ਪਰ ਔਰਤ ਦੀ ਮਦਦ ਧਰਤੀ ਨੇ ਕੀਤੀ ਅਤੇ ਧਰਤੀ ਨੇ ਆਪਣਾ ਮੂੰਹ ਖੋਲ੍ਹ ਕੇ ਉਸ ਨਦੀ ਨੂੰ ਨਿਗਲ ਲਿਆ ਜਿਹੜਾ ਅਜਗਰ ਨੇ ਆਪਣੇ ਮੂੰਹ ਵਿੱਚੋਂ ਛੱਡਿਆ ਸੀ। ਤਦ ਅਜਗਰ ਔਰਤ ਨਾਲ ਹੋਰ ਵੀ ਕ੍ਰੋਧਿਤ ਹੋਇਆ। ਇਸ ਲਈ ਅਜਗਰ, ਔਰਤ ਦੀ ਬਾਕੀ ਸੰਤਾਨ ਭਾਵ ਉਹਨਾਂ ਨਾਲ ਜਿਹੜੇ ਪਰਮੇਸ਼ਰ ਦੇ ਹੁਕਮ ਦੀ ਪਾਲਣਾ ਕਰਦੇ ਹਨ ਅਤੇ ਆਪਣੇ ਜੀਵਨ ਵਿੱਚ ਮਸੀਹ ਦੀ ਗਵਾਹੀ ਰੱਖਦੇ ਹਨ, ਨਾਲ ਲੜਨ ਲਈ ਨਿਕਲਿਆ। [ਪ੍ਰਕਾਸ਼ 12:5-6,13-17]

ਬਿਪਤਾ ਦੇ ਸੰਤਾਂ ਦੇ ਲਈ ਪਰਮੇਸ਼ਰ ਦੀ ਸੁਰੱਖਿਆ ਦੇ ਨਾਲ-ਨਾਲ ਸਾਨੂੰ ਇਸ ਵਿਚਾਰ ਨੂੰ ਸ਼ਾਮਲ ਕਰਨਾ ਹੋਵੇਗਾ ਕਿ ਮਸੀਹ ਦੇ ਦੁਬਾਰਾ ਆਉਣ ਦੁਆਰਾ ਪਰਮੇਸ਼ਰ ਸੰਸਾਰ ਵਿੱਚ ਦਖਲ ਦੇ ਕੇ ਵਿਸ਼ਵਾਸੀਆਂ ਨੂੰ ਇੱਕ ਵੱਡੇ ਵਿਨਾਸ਼ ਤੋਂ ਬਚਾਉਂਦੇ ਹਨ, ਕਿਉਂਕਿ ਜੇਕਰ ਅਜਿਹਾ ਨਾ ਹੁੰਦਾ ਤਾਂ ਕੋਈ ਵੀ ਜਿਊਂਦਾ ਨਾ ਬਚ ਪਾਉਂਦਾ।

ਮੈਂ ਸਾਰੀਆਂ ਕੌਮਾਂ ਨੂੰ ਇਕੱਠਾ ਕਰਾਂਗਾ ਕਿ ਯਰੂਸ਼ਲਮ ਨਾਲ ਲੜਾਈ ਕਰਨ ਅਤੇ ਸ਼ਹਿਰ ਉੱਤੇ ਕਬਜ਼ਾ ਕਰ ਲਿਆ ਜਾਵੇਗਾ, ਇਸਤਰੀਆਂ ਦੀ ਬੇ-ਪਤੀ ਹੋਵੇਗੀ ਅਤੇ ਅੱਧਾ ਸ਼ਹਿਰ ਗੁਲਾਮੀ ਵਿੱਚ ਜਾਵੇਗਾ ਪਰ ਬਾਕੀ ਲੋਕ ਸ਼ਹਿਰ ਤੋਂ ਵੱਢੇ ਜਾਣਗੇ। **ਤਾਂ ਯਹੋਵਾਹ ਨਿੱਕਲੇਗਾ ਅਤੇ ਉਹਨਾਂ ਕੌਮਾਂ ਨਾਲ ਯੁੱਧ ਕਰੇਗਾ**, ਜਿਵੇਂ ਯੁੱਧ ਦੇ ਦਿਨ ਲੜਦਾ ਸੀ। ਉਸ ਦਿਨ ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ, ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ। ਤੁਸੀਂ ਯਹੋਵਾਹ ਦੇ ਪਰਬਤ ਦੇ ਵਿੱਚ ਦੀ ਭੱਜੋਗੇ ਕਿਉਂ ਜੋ ਪਰਬਤ ਦੀ ਦੂਣ ਆਸੇਲ ਤੱਕ ਹੋਵੇਗੀ, ਜਿਵੇਂ ਯਹੂਦਾਹ ਦੇ ਪਾਤਸ਼ਾਹ ਉੱਜ਼ੀਯਾਹ ਦੇ ਦਿਨਾਂ ਵਿੱਚ ਭੂਚਾਲ ਦੇ ਅੱਗੇ ਭੱਜੇ ਸੀ, ਤਦ ਯਹੋਵਾਹ ਮੇਰਾ ਪਰਮੇਸ਼ੁਰ ਆਵੇਗਾ ਅਤੇ ਸਾਰੇ ਸੰਤ ਜਨ ਤੇਰੇ ਨਾਲ। ਇਸ ਤਰ੍ਹਾਂ ਹੋਵੇਗਾ ਕਿ ਉਸ ਦਿਨ ਚਾਨਣ ਨਾ ਹੋਵੇਗਾ, ਅਕਾਸ਼ ਦੇ ਤਾਰੇ ਮੱਧਮ ਪੈ ਜਾਣਗੇ। [ਜ਼ਕਰ 14:2-6]

"ਇੱਥੋਂ ਤੱਕ ਕਿ ਜੇਕਰ ਪਰਮੇਸ਼ਰ ਨੇ ਇਹਨਾਂ ਦਿਨਾਂ ਨੂੰ ਘੱਟ ਨਾ ਕੀਤਾ ਹੁੰਦਾ ਤਾਂ ਕੋਈ ਵੀ ਨਾ ਬਚਦਾ। ਪਰ **ਆਪਣੇ ਚੁਣੇ ਹੋਇਆਂ ਦੇ ਕਾਰਨ ਪਰਮੇਸ਼ਰ ਇਹਨਾਂ ਦਿਨਾਂ ਨੂੰ ਘੱਟ ਕਰਨਗੇ।**" [ਮੱਤੀ 24:22]

### XII. ਬਿਪਤਾ ਤੋਂ ਬਾਅਦ ਰਾਜ ਦੀ ਸ਼ੁਰੂਆਤ

ਜਦੋਂ ਬਿਪਤਾ ਦਾ ਸਮਾਂ ਖ਼ਤਮ ਹੁੰਦਾ ਹੈ ਅਤੇ ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਹੁੰਦੀ ਹੈ ਤਾਂ ਬਹੁਤ ਸਾਰੀਆਂ ਅੰਤ ਦੇ ਸਮੇਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਮਸੀਹ ਦੀ ਦੂਜੀ ਵਾਪਸੀ ਦੇ ਨਤੀਜੇ ਵਿੱਚ ਅਰਮਾਗਿੱਦੋਨ ਦੀ ਲੜਾਈ, ਮਸੀਹ-ਵਿਰੋਧੀ ਦਾ ਵਿਨਾਸ਼, ਅਤੇ ਸ਼ੈਤਾਨ ਨੂੰ ਹਜ਼ਾਰ ਸਾਲ ਤੱਕ ਬੰਨ੍ਹਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਪੁਰਾਣੇ ਨੇਮ ਦੇ ਸੰਤਾਂ ਅਤੇ ਬਿਪਤਾ ਦੌਰਾਨ ਸ਼ਹੀਦ ਹੋਏ ਸੰਤਾਂ ਦਾ ਜੀਅ-ਉੱਠਣਾ ਵੀ ਇਸੇ ਸਮੇਂ ਹੋਵੇਗਾ। ਅਤੇ, ਬਾਈਬਲ ਅਜਿਹੇ ਦੋ ਤਰ੍ਹਾਂ ਦੇ ਨਿਆਂ ਬਾਰੇ ਸਿਖਾਉਂਦੀ ਹੈ ਜਿਸ ਦੇ ਨਤੀਜਾ ਵਿਸ਼ਵਾਸੀਆਂ ਦਾ ਅਵਿਸ਼ਵਾਸੀਆਂ ਤੋਂ ਅਲੱਗ ਕੀਤਾ ਜਾਣਾ ਹੋਵੇਗਾ। ਇਸਰਾਏਲ ਦੇ ਨਿਆਂ ਅਤੇ ਕੌਮਾਂ (ਪਰਾਈਆਂ ਕੌਮਾਂ) ਦੇ ਨਿਆਂ ਦੇ ਕਾਰਨ ਸੰਸਾਰ ਵਿੱਚੋਂ ਸਾਰੇ ਮੁਕਤੀ ਰਹਿਤ ਲੋਕਾਂ ਨੂੰ ਹਟਾ ਦਿੱਤਾ ਜਾਵੇਗਾ ਅਤੇ ਰਾਜ ਵਿੱਚ ਸਿਰਫ਼ ਉਹੀ ਪਵਿੱਤਰ ਲੋਕ ਪ੍ਰਵੇਸ਼ ਕਰਨਗੇ ਜਿਹਨਾਂ ਨੇ ਬਿਪਤਾ ਦੇ ਸਮੇਂ ਦੌਰਾਨ

ਵਿਸ਼ਵਾਸ ਕੀਤਾ ਸੀ।

## A. ਮਸੀਹ ਦਾ ਦੂਜੀ ਵਾਰ ਆਉਣਾ ਜਾਂ ਪ੍ਰਗਟ ਹੋਣਾ

ਜ਼ਿਆਦਾਤਰ ਅੰਤ ਦੇ ਸਮੇਂ ਦੇ ਵੇਰਵੇ ਇੰਨੇ ਮਹੱਤਵਪੂਰਣ ਨਹੀਂ ਹੁੰਦੇ ਹਨ ਕਿ ਉਹਨਾਂ ਦੇ ਕਾਰਨ ਸੰਗਤ ਵਿੱਚ ਵੰਡ ਪੈ ਜਾਵੇ। ਫਿਰ ਵੀ, ਮਸੀਹ ਦਾ ਦੁਬਾਰਾ ਆਉਣਾ ਕੱਟੜਵਾਦੀ ਮਸੀਹਤ ਦੇ ਮੂਲ ਤੱਤਾਂ ਵਿੱਚੋਂ ਇੱਕ ਹੈ। ਇਸ ਨੂੰ ਬਾਈਬਲ ਵਿੱਚ ਇੰਨੀ ਚੰਗੀ ਤਰ੍ਹਾਂ ਅਤੇ ਸਪੱਸ਼ਟ ਤੌਰ ਉੱਤੇ ਸਿਖਾਇਆ ਗਿਆ ਹੈ ਕਿ ਅਵਿਸ਼ਵਾਸ ਅਤੇ ਝੂਠੀ ਸਿੱਖਿਆ ਤੋਂ ਬਿਨਾਂ ਇਸ ਤੋਂ ਇਨਕਾਰ ਕਰਨ ਦਾ ਕੋਈ ਹੋਰ ਕਾਰਨ ਹੋ ਨਹੀਂ ਸਕਦਾ ਹੈ। ਹੇਠਾਂ ਲਿਖੀਆਂ ਆਇਤਾਂ ਤੋਂ ਇਲਾਵਾ ਇਹਨਾਂ ਆਇਤਾਂ ਨੂੰ ਵੀ ਦੇਖੋ: ਅੱਯੂਬ 19:25; ਜ਼ਕਰ 12:10; 14:4; ਮੱਤੀ 16:27; 24:42-44; ਮਰਕੁਸ 13:26-27; ਲੂਕਾ 12:40; 21:25-27; ਰੋਮੀ 11:26-27; 1 ਥੱਸਲੁ 3:13; 2 ਥੱਸਲੁ 2:8; 2 ਪਤਰਸ 3:8-10; ਯਹੂਦਾ 14-15; ਪ੍ਰਕਾਸ਼ 19:11-21

> "ਮੈਂ ਰਾਤ ਦੇ ਇਸ ਦਰਸ਼ਣ ਵਿੱਚ ਦੇਖਿਆ ਅਤੇ ਵੇਖੋ, ਇੱਕ ਜਣਾ **ਮਨੁੱਖ ਦੇ ਪੁੱਤਰ** ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅੱਤ ਪ੍ਰਾਚੀਨ ਤੱਕ ਪਹੁੰਚਿਆ, ਅਤੇ ਉਹ ਉਸ ਨੂੰ ਉਹ ਦੇ ਅੱਗੇ ਲਿਆਏ। ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ ਉਹ ਨੂੰ ਦਿੱਤਾ ਗਿਆ, ਜੋ ਸੱਭੇ ਕੌਮਾਂ ਅਤੇ ਲੋਕ ਅਤੇ ਬੋਲੀਆਂ ਉਹ ਦੀ ਸੇਵਾ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ।" [ਦਾਨੀ 7:13-14]

> "ਫਿਰ **ਮਨੁੱਖ ਦੇ ਪੁੱਤਰ ਦਾ ਚਿੰਨ੍ਹ ਅਕਾਸ਼ ਵਿੱਚ ਪ੍ਰਗਟ ਹੋਵੇਗਾ**। ਉਸ ਸਮੇਂ ਧਰਤੀ ਦੀਆਂ ਸਾਰੀਆਂ ਕੌਮਾਂ ਸੋਗ ਕਰਨਗੀਆਂ ਅਤੇ ਇਸ ਦੇ ਬਾਅਦ ਉਹ ਮਨੁੱਖ ਦੇ ਪੁੱਤਰ ਨੂੰ ਵੱਡੀ ਸਮਰੱਥਾ ਅਤੇ ਮਹਿਮਾ ਨਾਲ ਬੱਦਲਾਂ ਦੇ ਉੱਤੇ ਆਉਂਦੇ ਦੇਖਣਗੀਆਂ। ਫਿਰ ਉਹ ਤੁਰ੍ਹੀ ਦੀ ਆਵਾਜ਼ ਨਾਲ ਆਪਣੇ ਸਵਰਗਦੂਤਾਂ ਨੂੰ ਭੇਜਣਗੇ ਅਤੇ ਉਹ ਉਹਨਾਂ ਦੇ ਚੁਣੇ ਹੋਇਆਂ ਨੂੰ ਧਰਤੀ ਦੇ ਇੱਕ ਪਾਸੇ ਤੋਂ ਲੈ ਕੇ ਅਕਾਸ਼ ਦੇ ਦੂਜੇ ਪਾਸੇ ਤੱਕ, ਚਾਰਾਂ ਪਾਸਿਆਂ ਤੋਂ ਇਕੱਠਾ ਕਰਨਗੇ।" [ਮੱਤੀ 24:30-31]

> "ਜਦੋਂ **ਮਨੁੱਖ ਦਾ ਪੁੱਤਰ** ਆਪਣੀ ਮਹਿਮਾ ਅਤੇ ਆਪਣੇ ਸਾਰੇ ਸਵਰਗਦੂਤਾਂ ਦੇ ਨਾਲ **ਆਵੇਗਾ** ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ।" [ਮੱਤੀ 25:31]

> ਉਹਨਾਂ ਨੇ ਕਿਹਾ, "ਹੇ ਗਲੀਲੀ ਆਦਮੀਓ, ਤੁਸੀਂ ਖੜ੍ਹੇ ਅਕਾਸ਼ ਵੱਲ ਕਿਉਂ ਦੇਖ ਰਹੇ ਹੋ? ਇਹ ਹੀ **ਯਿਸੂ** ਜਿਹੜੇ ਤੁਹਾਡੇ ਕੋਲੋਂ ਸਵਰਗ ਵਿੱਚ ਉੱਪਰ ਉਠਾ ਲਏ ਗਏ ਹਨ, ਇਸੇ ਤਰ੍ਹਾਂ **ਫਿਰ ਆਉਣਗੇ** ਜਿਸ ਤਰ੍ਹਾਂ ਤੁਸੀਂ ਉਹਨਾਂ ਨੂੰ ਸਵਰਗ ਵਿੱਚ ਉੱਪਰ ਜਾਂਦੇ ਦੇਖਿਆ ਹੈ।" [ਰਸੂਲਾਂ 1:11]

> ਅਤੇ ਤੁਸੀਂ ਜਿਹੜੇ ਦੁੱਖਾਂ ਵਿੱਚ ਹੋ, ਤੁਹਾਨੂੰ ਅਤੇ ਸਾਨੂੰ ਰਾਹਤ ਦੇਣਗੇ। ਇਹ ਉਸ ਸਮੇਂ ਹੋਵੇਗਾ, ਜਦੋਂ **ਪ੍ਰਭੂ ਯਿਸੂ** ਆਪਣੇ ਸ਼ਕਤੀਸ਼ਾਲੀ ਸਵਰਗਦੂਤਾਂ ਦੇ ਨਾਲ ਸਵਰਗ ਤੋਂ ਬਲਦੀ ਅੱਗ ਦੇ ਵਿਚਕਾਰ **ਪ੍ਰਗਟ ਹੋਣਗੇ।** ਤਦ ਉਹ ਉਹਨਾਂ ਨੂੰ ਸਜ਼ਾ ਦੇਣਗੇ ਜਿਹੜੇ ਪਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਜਿਹੜੇ ਸਾਡੇ ਪ੍ਰਭੂ ਯਿਸੂ ਦੇ ਸ਼ੁਭ ਸਮਾਚਾਰ ਨੂੰ ਨਹੀਂ ਮੰਨਦੇ। [2 ਥੱਸਲੁ 1:7-8]

> **ਦੇਖੋ! ਉਹ ਬੱਦਲਾਂ ਦੇ ਉੱਤੇ ਆ ਰਹੇ ਹਨ!** ਹਰ ਇੱਕ ਅੱਖ ਉਹਨਾਂ ਨੂੰ ਦੇਖੇਗੀ ਅਤੇ ਉਹ ਵੀ ਜਿਹਨਾਂ ਨੇ ਉਹਨਾਂ ਨੂੰ ਵਿੰਨ੍ਹਿਆ ਸੀ। ਧਰਤੀ ਦੀਆਂ ਸਾਰੀਆਂ ਕੌਮਾਂ ਉਹਨਾਂ ਦੇ ਲਈ ਸੋਗ ਮਨਾਉਣਗੀਆਂ। ਹਾਂ ਇਹ ਸੱਚ ਹੈ ! ਆਮੀਨ। [ਪ੍ਰਕਾਸ਼ 1:7]

### 1. ਮਸੀਹ ਦੇ ਦੁਬਾਰਾ ਆਉਣ ਦਾ ਸਮਾਂ

ਪੁਰਾਣੇ ਨੇਮ ਵਿੱਚ ਪਰਮੇਸ਼ਰ ਦੇ ਆਉਣ ਨੂੰ ਇਸ ਤਰ੍ਹਾਂ ਦਰਸਾਇਆ ਗਿਆ ਹੈ ਕਿ ਇਹ ਭਿਆਨਕ ਤਬਾਹੀ ਦੇ ਸਮੇਂ ਨੂੰ ਘੱਟ ਕਰ ਦੇਵੇਗਾ। ਦਾਨੀਏਲ 7 ਵਿੱਚ ਮਨੁੱਖ ਦਾ ਪੁੱਤਰ ਧਰਤੀ ਉੱਤੇ ਆ ਕੇ "ਨਿੱਕੇ ਸਿੰਗ" ਦੇ ਰਾਜ ਨੂੰ ਨਸ਼ਟ ਕਰਦਾ ਹੈ ਜੋ ਕਿ ਮਸੀਹ-ਵਿਰੋਧੀ ਹੈ। ਉਹ ਅਜਿਹੇ ਇੱਕ ਵਿਸ਼ਵ-ਵਿਆਪੀ ਰਾਜ ਨੂੰ ਸਥਾਪਿਤ ਕਰਦਾ ਹੈ ਜਿਸ ਦੀ ਮਿਆਦ ਅਨੰਤਕਾਲ ਤੱਕ ਹੈ। ਜ਼ਕਰਯਾਹ ਕਹਿੰਦਾ ਹੈ ਕਿ ਪਰਮੇਸ਼ਰ ਆਪ ਹੀ ਯਰੂਸ਼ਲਮ ਆ ਕੇ ਇਸ ਨੂੰ ਇੱਕ ਭਿਆਨਕ ਲੜਾਈ ਵਿੱਚੋਂ ਬਚਾਉਣਗੇ ਜ਼ਕਰ 14:2ff)। ਫਿਰ ਇਸਰਾਏਲ ਦੇ ਲੋਕ "**ਮੇਰੀ** ਵੱਲ ਜਿਸ ਨੂੰ ਉਹਨਾਂ ਨੇ ਵਿੰਨ੍ਹਿਆ ਸੀ ਤੱਕਣਗੇ" (ਦੇਖੋ, ਜ਼ਕਰ 12:2-3,10)।

ਨਵਾਂ ਨੇਮ ਇਹ ਸਪੱਸ਼ਟ ਕਰਦਾ ਹੈ ਕਿ ਮਸੀਹ ਦਾ ਵਾਪਸ ਆਉਣਾ ਦੋ ਭਾਗਾਂ ਵਿੱਚ ਹੋਵੇਗਾ। ਉਹਨਾਂ ਦਾ ਦੁਬਾਰਾ ਆਉਣਾ ਬਿਪਤਾ ਦੇ ਇੱਕ ਭਿਆਨਕ ਸਮੇਂ ਦਾ ਅੰਤ ਕਰੇਗਾ (ਮੱਤੀ 24:21; 29-31; ਮਰਕੁਸ 13:24-27; ਲੂਕਾ 21:25-28; ਪ੍ਰਕਾਸ਼ 19:11-21)। ਅਧਿਆਤਮਿਕ ਗਿਆਨ ਦੇ ਲਗਭਗ ਸਾਰੇ ਵਿਚਾਰ ਜੋ ਬਿਪਤਾ ਦੇ ਸਮੇਂ ਨੂੰ ਮੰਨਦੇ ਹਨ, ਉਹ ਮਸੀਹ ਦੇ ਦੁਬਾਰਾ ਆਉਣ ਨੂੰ ਬਿਪਤਾ ਦੇ ਅੰਤ ਵਿੱਚ ਰੱਖਦੇ ਹਨ।

> "ਉਹਨਾਂ ਦਿਨਾਂ ਵਿੱਚ ਬਹੁਤ ਭਿਅੰਕਰ ਬਿਪਤਾ ਆਵੇਗੀ ਜਿਹੜੀ ਸੰਸਾਰ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ ਨਾ ਆਈ ਅਤੇ ਨਾ ਹੀ ਆਵੇਗੀ..."ਉਹਨਾਂ ਦਿਨਾਂ ਦੀ **ਬਿਪਤਾ ਦੇ ਇਕਦਮ ਬਾਅਦ**, ਸੂਰਜ ਹਨੇਰਾ ਹੋ ਜਾਵੇਗਾ, ਚੰਦ ਆਪਣੀ ਲੋ ਨਹੀਂ ਦੇਵੇਗਾ, ਤਾਰੇ ਅਕਾਸ਼ ਤੋਂ ਡਿੱਗ ਪੈਣਗੇ ਅਤੇ ਅਕਾਸ਼ ਦੀਆਂ ਸ਼ਕਤੀਆਂ ਹਿਲਾ ਦਿੱਤੀਆਂ ਜਾਣਗੀਆਂ। "**ਫਿਰ ਮਨੁੱਖ ਦੇ ਪੁੱਤਰ ਦਾ ਚਿੰਨ੍ਹ ਅਕਾਸ਼ ਵਿੱਚ ਪ੍ਰਗਟ ਹੋਵੇਗਾ**। ਉਸ ਸਮੇਂ ਧਰਤੀ ਦੀਆਂ ਸਾਰੀਆਂ ਕੌਮਾਂ ਸੋਗ ਕਰਨਗੀਆਂ ਅਤੇ ਇਸ

ਦੇ ਬਾਅਦ ਉਹ ਮਨੁੱਖ ਦੇ ਪੁੱਤਰ ਨੂੰ ਵੱਡੀ ਸਮਰੱਥਾ ਅਤੇ ਮਹਿਮਾ ਨਾਲ ਬੱਦਲਾਂ ਦੇ ਉੱਤੇ ਆਉਂਦੇ ਦੇਖਣਗੀਆਂ। ਫਿਰ ਉਹ ਤੁਰ੍ਹੀ ਦੀ ਆਵਾਜ਼ ਨਾਲ ਆਪਣੇ ਸਵਰਗਦੂਤਾਂ ਨੂੰ ਭੇਜਣਗੇ ਅਤੇ ਉਹ ਉਹਨਾਂ ਦੇ ਚੁਣੇ ਹੋਇਆਂ ਨੂੰ ਧਰਤੀ ਦੇ ਇੱਕ ਪਾਸੇ ਤੋਂ ਲੈ ਕੇ ਅਕਾਸ਼ ਦੇ ਦੂਜੇ ਪਾਸੇ ਤੱਕ, ਚਾਰਾਂ ਪਾਸਿਆਂ ਤੋਂ ਇਕੱਠਾ ਕਰਨਗੇ।" [ਮੱਤੀ 24:21,29-31]

**2. ਸਥਾਨ**

ਮਸੀਹ ਯਰੂਸ਼ਲਮ ਦੇ ਬਾਹਰ ਜ਼ੈਤੂਨ ਦੇ ਪਹਾੜ ਉੱਤੇ ਵਾਪਸ ਆਉਣਗੇ।

ਉਸ ਦਿਨ **ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ**, ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ। [ਜ਼ਕਰ 14:4]

ਉਹਨਾਂ ਨੇ ਕਿਹਾ, "ਹੇ ਗਲੀਲੀ ਆਦਮੀਓ, ਤੁਸੀਂ ਖੜ੍ਹੇ ਅਕਾਸ਼ ਵੱਲ ਕਿਉਂ ਦੇਖ ਰਹੇ ਹੋ? ਇਹ ਹੀ ਯਿਸੂ ਜਿਹੜੇ ਤੁਹਾਡੇ ਕੋਲੋਂ ਸਵਰਗ ਵਿੱਚ ਉੱਪਰ ਉਠਾ ਲਏ ਗਏ ਹਨ, ਇਸੇ ਤਰ੍ਹਾਂ ਫਿਰ ਆਉਣਗੇ ਜਿਸ ਤਰ੍ਹਾਂ ਤੁਸੀਂ ਉਹਨਾਂ ਨੂੰ ਸਵਰਗ ਵਿੱਚ ਉੱਪਰ ਜਾਂਦੇ ਦੇਖਿਆ ਹੈ।" ਫਿਰ ਚੇਲੇ **ਜ਼ੈਤੂਨ ਨਾਂ ਦੇ ਪਹਾੜ** ਤੋਂ ਯਰੂਸ਼ਲਮ ਨੂੰ ਵਾਪਸ ਗਏ। ਇਹ ਪਹਾੜ ਯਰੂਸ਼ਲਮ ਤੋਂ ਕੋਈ ਇੱਕ ਕਿਲੋਮੀਟਰ ਦੂਰ ਹੈ। [ਰਸੂਲਾਂ 1:11-12]

**3. ਮਸੀਹ ਦੇ ਦੁਬਾਰਾ ਆਉਣ ਵਿੱਚ ਉਹਨਾਂ ਦੇ ਸਹਿਯੋਗੀ**

a. ਪਵਿੱਤਰ ਸਵਰਗਦੂਤ (ਦੇਖੋ, ਮੱਤੀ 13:41-42; 24:30-31; 25:31; 2 ਥੱਸਲੁ 1:7; ਅਤੇ ਜੇਕਰ ਪ੍ਰਕਾਸ਼ 14:14ff. ਅਰਮਾਗਿੱਦੋਨ ਨੂੰ ਦਰਸਾਉਂਦਾ ਹੈ, ਤਾਂ ਇਹ ਵੀ ਦੇਖੋ)

"ਤਦ ਲੋਕ ਮਨੁੱਖ ਦੇ ਪੁੱਤਰ ਨੂੰ ਬੱਦਲਾਂ ਉੱਤੇ ਆਪਣੇ ਬਲ ਅਤੇ ਪ੍ਰਤਾਪ ਦੇ ਨਾਲ ਆਉਂਦਾ ਦੇਖਣਗੇ। ਫਿਰ ਉਹ ਆਪਣੇ **ਸਵਰਗਦੂਤਾਂ** ਨੂੰ ਭੇਜਣਗੇ ਕਿ ਉਹ ਪਰਮੇਸ਼ਰ ਦੇ ਚੁਣੇ ਹੋਇਆਂ ਨੂੰ ਧਰਤੀ ਦੇ ਇੱਕ ਪਾਸੇ ਤੋਂ ਲੈ ਕੇ ਅਸਮਾਨ ਦੇ ਦੂਜੇ ਪਾਸੇ ਤੱਕ ਚਾਰੇ ਪਾਸਿਆਂ ਤੋਂ ਇਕੱਠਾ ਕਰਨ।" [ਮਰਕੁਸ 13:26-27]

b. ਸੰਤ (ਉੱਪਰ 1 ਥੱਸਲੁ 3:13 ਉੱਤੇ ਕੀਤੇ ਗਏ ਵਿਚਾਰ ਨੂੰ ਦੇਖੋ)

ਹਨੋਕ ਨੇ ਵੀ ਜਿਹੜਾ ਆਦਮ ਦੀ ਸਤਵੀਂ ਪੀੜ੍ਹੀ ਦੇ ਵਿੱਚੋਂ ਸੀ ਇਹਨਾਂ ਦੇ ਬਾਰੇ ਇਹ ਭਵਿੱਖਬਾਣੀ ਕੀਤੀ, "ਦੇਖੋ! ਪ੍ਰਭੂ ਆਪਣੇ ਅਣਗਿਣਤ **ਪਵਿੱਤਰ** ਸਵਰਗਦੂਤਾਂ ਦੇ ਦਲ ਦੇ ਨਾਲ ਆ ਰਹੇ ਹਨ ਤਾਂ ਜੋ ਸਾਰਿਆਂ ਦਾ ਨਿਆਂ ਕਰਨ, ਸਾਰੇ ਕੁਧਰਮੀਆਂ ਨੂੰ ਉਹਨਾਂ ਦੇ ਸਾਰੇ ਕੁਧਰਮ ਦੇ ਕੰਮਾਂ ਦੀ ਅਤੇ ਜਿਹੜੀਆਂ ਕਠੋਰ ਗੱਲਾਂ ਇਹਨਾਂ ਕੁਧਰਮੀ ਪਾਪੀਆਂ ਨੇ ਪਰਮੇਸ਼ਰ ਦੇ ਵਿਰੁੱਧ ਕਹੀਆਂ ਹਨ, ਸਜ਼ਾ ਦੇਣ।" [ਯਹੂਦਾਹ 14-15]

ਤਾਂ ਜੋ ਉਹ ਤੁਹਾਡੇ ਮਨਾਂ ਨੂੰ ਇੰਨਾ ਪੱਕਾ ਕਰਨ ਕਿ ਜਦੋਂ ਪ੍ਰਭੂ ਯਿਸੂ ਆਪਣੇ **ਪਵਿੱਤਰ ਲੋਕਾਂ ਦੇ ਨਾਲ** ਆਉਣ ਤਦ ਤੁਸੀਂ ਸਾਡੇ ਪਰਮੇਸ਼ਰ ਅਤੇ ਪਿਤਾ ਦੇ ਸਾਹਮਣੇ ਨਿਰਦੋਸ਼ ਅਤੇ ਪਵਿੱਤਰ ਠਹਿਰੋ। [1 ਥੱਸਲੁ 3:13]

ਪ੍ਰਕਾਸ਼ 19:14 ਵਿੱਚ ਜਿਹੜੀਆਂ ਫ਼ੌਜਾਂ ਦਾ ਹਵਾਲਾ ਦਿੱਤਾ ਗਿਆ ਹੈ, ਉਹਨਾਂ ਵਿੱਚ ਸ਼ਾਇਦ ਚੁਣੇ ਹੋਏ ਸਵਰਗਦੂਤ ਅਤੇ ਮਹਿਮਾਮਈ ਸੰਤ ਦੋਵੇਂ ਹੀ ਸ਼ਾਮਲ ਹਨ (ਜ਼ਕਰ 14:5 ਵੀ ਦੇਖੋ)। ਮਸੀਹ ਆਪਣੇ ਅਣਗਿਣਤ ਲੋਕਾਂ ਦੇ ਨਾਲ ਅਤੇ ਬੇਅੰਤ ਸ਼ਕਤੀ ਅਤੇ ਮਹਿਮਾ ਦੇ ਨਾਲ ਵਾਪਸ ਆਉਣਗੇ।

ਉਸ ਦੇ ਪਿੱਛੇ ਸਵਰਗ ਦੀਆਂ ਫ਼ੌਜਾਂ ਆ ਰਹੀਆਂ ਸਨ ਜਿਹਨਾਂ ਨੇ ਚਿੱਟੇ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਚਿੱਟੇ ਘੋੜਿਆਂ ਉੱਤੇ ਸਵਾਰ ਸਨ। [ਪ੍ਰਕਾਸ਼ 19:14]

**4. ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਦੇ ਹਾਲਾਤ**

**a. ਯਰੂਸ਼ਲਮ ਦੀ ਬਰਬਾਦੀ**

ਸੰਸਾਰ ਦੀਆਂ ਫ਼ੌਜਾਂ ਪਹਿਲਾਂ ਹੀ ਅਰਮਾਗਿੱਦੋਨ ਵਿੱਚ ਇਕੱਠੀਆਂ ਹੋ ਚੁੱਕੀਆਂ ਹੋਣਗੀਆਂ (ਪ੍ਰਕਾਸ਼ 16:13-16)। ਇਹਨਾਂ ਵਿੱਚੋਂ ਕੁਝ ਫ਼ੌਜਾਂ ਯਹੂਦੀਆਂ ਦੇ ਸਾਰੇ ਸ਼ੁਰੂਆਤੀ ਵਿਰੋਧ ਨੂੰ ਖ਼ਤਮ ਕਰਦੇ ਹੋਏ, ਪਵਿੱਤਰ ਸ਼ਹਿਰ ਯਰੂਸ਼ਲਮ ਨੂੰ ਤਬਾਹ ਕਰਨਾ ਸ਼ੁਰੂ ਕਰ ਦੇਣਗੀਆਂ (ਜ਼ਕਰ 14:1-4)। ਇਹ ਸੰਭਵ ਹੈ ਕਿ ਇਸ ਲੜਾਈ ਵਿੱਚ ਦੋ ਤਿਹਾਈ ਇਸਰਾਏਲ ਦੀ ਮੌਤ ਹੋ ਜਾਵੇਗੀ (ਜ਼ਕਰ 14:2) ਜਿਸ ਵਿੱਚ ਯਰੂਸ਼ਲਮ ਦੀ ਅੱਧੀ ਆਬਾਦੀ ਨੂੰ ਪਹਿਲਾਂ ਹੀ ਬੰਦੀ ਬਣਾ ਲਿਆ ਗਿਆ ਹੋਵੇਗਾ (ਜ਼ਕਰ 14:2)। ਇਸ ਸਮੇਂ ਸ਼ਾਇਦ ਸ਼ੈਤਾਨੀ ਫ਼ੌਜਾਂ ਯਰੂਸ਼ਲਮ ਦੇ ਬਾਹਰ ਕਿਦਰੋਨ ਘਾਟੀ ਵਿੱਚ ਬੈਠ ਕੇ ਆਪਣੇ ਅੰਤਿਮ ਨਸਲਕੁਸ਼ੀ ਹਮਲੇ ਦੀ ਯੋਜਨਾ ਬਣਾ ਰਹੀਆਂ ਹੋਣਗੀਆਂ। ਇਹ ਯਹੋਸ਼ਾਫ਼ਾਤ ਦੀ ਉਹ ਘਾਟੀ ਹੋ ਸਕਦੀ ਹੈ ਜਿੱਥੇ ਪਰਮੇਸ਼ਰ ਦਾ ਸਾਰੀਆਂ ਕੌਮਾਂ ਨਾਲ ਸਾਹਮਣਾ ਹੋਵੇਗਾ (ਦੇਖੋ, ਯੋਏਲ 3:2,12,14)। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੂਰਤੀ-ਪੂਜਾ ਕਰਨ ਵਾਲੇ ਲੋਕ ਪਰਮੇਸ਼ਰ ਅਤੇ ਉਹਨਾਂ ਦੀਆਂ ਫ਼ੌਜਾਂ ਉੱਤੇ ਗੁੱਸਾ ਹੋਣਗੇ, ਅਤੇ ਉਹਨਾਂ ਨੂੰ ਆਪਣੀ ਜਿੱਤ ਉੱਤੇ ਪੂਰਾ ਭਰੋਸਾ ਹੋਵੇਗਾ (ਜ਼ਬੂਰ 2)।

**b. ਬ੍ਰਹਿਮੰਡਲ ਵਿੱਚ ਕਰਾਮਾਤਾਂ**

ਸ਼ੈਤਾਨ ਨੇ ਇਹ ਸੋਚਿਆ ਸੀ ਕਿ ਉਹ ਸਲੀਬ ਉੱਤੇ ਮਸੀਹ ਦੀ ਮੌਤ ਨਾਲ ਜਿੱਤ ਗਿਆ, ਪਰ ਬਾਅਦ ਵਿੱਚ ਉਸ ਨੂੰ ਇਹ ਪਤਾ ਲੱਗਦਾ ਕਿ ਸਲੀਬ ਤਾਂ ਉਸ ਦੀ ਤਬਾਹੀ ਸੀ। ਯਕੀਨਨ, ਮਸੀਹ ਦੇ ਦੁਬਾਰਾ ਆਉਣ

ਦੇ ਸਮੇਂ, ਉਸ ਨੂੰ ਆਪਣੇ ਆਉਣ ਵਾਲੇ ਅੰਤ ਦਾ ਪਤਾ ਲੱਗ ਜਾਵੇਗਾ ਹਾਲਾਂਕਿ ਬਾਹਰੀ ਤੌਰ ਤੇ ਉਹ ਆਪਣੀ ਜਿੱਤ ਦੇ ਚਿੰਨ੍ਹਾਂ ਨੂੰ ਦਿਖਾ ਰਿਹਾ ਹੋਵੇਗਾ (ਪ੍ਰਕਾਸ਼ 12:12)। ਜਦੋਂ ਮਨੁੱਖੀ ਦ੍ਰਿਸ਼ਟੀਕੋਣ ਤੋਂ ਹਾਲਾਤ ਪੂਰੀ ਤਰ੍ਹਾਂ ਨਿਰਾਸ਼ਾ ਭਰੇ ਹੋਣਗੇ, ਉਦੋਂ ਅਕਾਸ਼ ਇੱਕ ਨਾਟਕੀ ਅਤੇ ਨਾ ਰੁਕਣ ਵਾਲੀ ਤਬਦੀਲੀ ਨੂੰ ਦਰਸਾਵੇਗਾ।

> "ਉਹਨਾਂ ਦਿਨਾਂ ਦੀ ਬਿਪਤਾ ਦੇ ਇਕਦਮ ਬਾਅਦ, **ਸੂਰਜ ਹਨੇਰਾ ਹੋ ਜਾਵੇਗਾ, ਚੰਦ ਆਪਣੀ ਲੋ ਨਹੀਂ ਦੇਵੇਗਾ, ਤਾਰੇ ਅਕਾਸ਼ ਤੋਂ ਡਿੱਗ ਪੈਣਗੇ** ਅਤੇ ਅਕਾਸ਼ ਦੀਆਂ ਸ਼ਕਤੀਆਂ ਹਿਲਾ ਦਿੱਤੀਆਂ ਜਾਣਗੀਆਂ। "ਫਿਰ ਮਨੁੱਖ ਦੇ ਪੁੱਤਰ ਦਾ ਚਿੰਨ੍ਹ ਅਕਾਸ਼ ਵਿੱਚ ਪ੍ਰਗਟ ਹੋਵੇਗਾ..." [ਮੱਤੀ 24:29-30] (ਮਰਕੁਸ 13:24-25, 28-29; ਲੂਕਾ 21:25-28 ਵੀ ਦੇਖੋ)

### c. ਮਸੀਹ ਦਾ ਮਹਿਮਾਮਈ ਢੰਗ ਨਾਲ ਆਉਣਾ

ਮਨੁੱਖ ਦਾ ਪੁੱਤਰ (ਇਹ ਦਾਨੀਏਲ 7 ਤੋਂ ਮਸੀਹ ਦੇ ਲਈ ਇੱਕ ਸਿਰਲੇਖ ਹੈ) ਬੱਦਲਾਂ ਉੱਤੇ ਸ਼ਕਤੀ, ਮਹਾਨ ਸ਼ਾਨ, ਅਤੇ ਸ਼ਾਇਦ ਅੱਗ ਦੀ ਲਾਟ ਨਾਲ ਉਤਰੇਗਾ। ਖ਼ੂਨ ਦੇ ਵਿੱਚ ਭਿੱਜੇ ਹੋਏ ਕੱਪੜੇ ਪਹਿਨੇ ਹੋਏ, ਉਹ ਚਿੱਟੇ ਘੋੜੇ ਉੱਤੇ ਸਵਾਰ ਹੋਵੇਗਾ ਜਿਸ ਉੱਤੇ ਇਹ ਲਿਖਿਆ ਹੋਵੇਗਾ: "**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ**" (ਪ੍ਰਕਾਸ਼ 19:16)। ਉਸ ਦੇ ਪਿੱਛੇ ਅਣਗਿਣਤ ਸਵਰਗਦੂਤ ਅਤੇ ਸੰਤ ਆਉਂਦੇ ਹੋਣਗੇ (ਦੇਖੋ, ਮੱਤੀ 24:30; ਮਰਕੁਸ 13:26; ਰਸੂਲਾਂ 1:9-11; 2 ਥੱਸਲੁ 2:8)।

> "ਉਸ ਸਮੇਂ ਲੋਕ ਮਨੁੱਖ ਦੇ ਪੁੱਤਰ ਨੂੰ ਵੱਡੀ ਸਮਰੱਥਾ ਅਤੇ ਮਹਿਮਾ ਦੇ ਨਾਲ ਬੱਦਲਾਂ ਉੱਤੇ ਆਉਂਦੇ ਦੇਖਣਗੇ।" [ਲੂਕਾ 21:27]
>
> ਯਿਸੂ ਨੇ ਉੱਤਰ ਦਿੱਤਾ, "ਤੁਸੀਂ ਆਪ ਹੀ ਇਹ ਕਹਿੰਦੇ ਹੋ। ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਇਸ ਤੋਂ ਬਾਅਦ **ਤੁਸੀਂ ਮਨੁੱਖ ਦੇ ਪੁੱਤਰ ਨੂੰ ਸਰਵਸ਼ਕਤੀਮਾਨ ਦੇ ਸੱਜੇ ਪਾਸੇ ਬੈਠਾ ਅਤੇ ਬੱਦਲਾਂ ਉੱਤੇ ਆਉਂਦਾ ਦੇਖੋਗੇ**।" [ਮੱਤੀ 26:64] (ਮਰਕੁਸ 14:62 ਵੀ ਦੇਖੋ)
>
> ਅਤੇ ਤੁਸੀਂ ਜਿਹੜੇ ਦੁੱਖਾਂ ਵਿੱਚ ਹੋ, ਤੁਹਾਨੂੰ ਅਤੇ ਸਾਨੂੰ ਰਾਹਤ ਦੇਣਗੇ। ਇਹ ਉਸ ਸਮੇਂ ਹੋਵੇਗਾ, ਜਦੋਂ ਪ੍ਰਭੂ ਯਿਸੂ ਆਪਣੇ ਸ਼ਕਤੀਸ਼ਾਲੀ ਸਵਰਗਦੂਤਾਂ ਦੇ ਨਾਲ ਸਵਰਗ ਤੋਂ **ਬਲਦੀ ਅੱਗ ਦੇ ਵਿਚਕਾਰ** ਪ੍ਰਗਟ ਹੋਣਗੇ। [2 ਥੱਸਲੁ 1:7] (ਵਾਕਾਂਸ਼ ਬਲਦੀ ਅੱਗ ਦੇ ਵਿਚਕਾਰ ਨੂੰ 1 ਥੱਸਲੁ 1:8 ਦੇ ਨਾਲ ਵੀ ਦੇਖਿਆ ਜਾ ਸਕਦਾ ਹੈ)
>
> ਇਸ ਦੇ ਬਾਅਦ ਮੈਂ ਸਵਰਗ ਨੂੰ ਖੁੱਲ੍ਹਿਆ ਦੇਖਿਆ ਅਤੇ ਉੱਥੇ ਇੱਕ ਚਿੱਟਾ ਘੋੜਾ ਸੀ ਜਿਹੜਾ ਉਸ ਉੱਤੇ ਸਵਾਰ ਸੀ ਉਹ ਵਿਸ਼ਵਾਸਯੋਗ ਅਤੇ ਸੱਚ ਅਖਵਾਉਂਦਾ ਸੀ ਕਿਉਂਕਿ ਉਸ ਦਾ ਨਿਆਂ ਅਤੇ ਜੰਗ ਲੜਨਾ ਸੱਚਾਈ ਉੱਤੇ ਆਧਾਰਿਤ ਸੀ। **ਉਸ ਦੀਆਂ ਅੱਖਾਂ ਦੀ ਚਮਕ ਅੱਗ ਦੀਆਂ ਤੇਜ਼ ਲਾਟਾਂ ਵਰਗੀ ਸੀ** ਅਤੇ ਉਸ ਦੇ ਸਿਰ ਉੱਤੇ ਬਹੁਤ ਸਾਰੇ ਤਾਜ ਸਨ। ਉਸ ਉੱਤੇ ਇੱਕ ਨਾਮ ਵੀ ਲਿਖਿਆ ਹੋਇਆ ਸੀ ਜਿਸ ਨੂੰ ਉਸ ਤੋਂ ਬਿਨਾਂ, ਹੋਰ ਕੋਈ ਨਹੀਂ ਜਾਣਦਾ ਸੀ। ਉਸ ਨੇ ਖ਼ੂਨ ਦੇ ਵਿੱਚ ਭਿੱਜੇ ਹੋਏ ਕੱਪੜੇ ਪਹਿਨੇ ਹੋਏ ਸਨ ਅਤੇ ਉਸ ਦਾ ਨਾਮ ਪਰਮੇਸ਼ਰ ਦਾ ਸ਼ਬਦ ਹੈ। ਉਸ ਦੇ ਪਿੱਛੇ ਸਵਰਗ ਦੀਆਂ ਫ਼ੌਜਾਂ ਆ ਰਹੀਆਂ ਸਨ ਜਿਹਨਾਂ ਨੇ ਚਿੱਟੇ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਚਿੱਟੇ ਘੋੜਿਆਂ ਉੱਤੇ ਸਵਾਰ ਸਨ। ਉਸ ਦੇ ਮੂੰਹ ਵਿੱਚੋਂ ਇੱਕ ਤੇਜ਼ ਤਲਵਾਰ ਕੌਮਾਂ ਨੂੰ ਮਾਰਨ ਲਈ ਨਿੱਕਲ ਰਹੀ ਹੈ। ਉਹ ਲੋਹੇ ਦੇ ਰਾਜ ਦੰਡ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ ਅਤੇ ਸਰਵਸ਼ਕਤੀਮਾਨ ਪਰਮੇਸ਼ਰ ਦੇ ਗੁੱਸੇ ਦੀ ਮੈਅ ਨੂੰ, ਜਿਹੜੀ ਚੁਬੱਚੇ ਵਿੱਚੋਂ ਬਾਹਰ ਨਿੱਕਲ ਰਹੀ ਹੈ, ਲਤਾੜੇਗਾ। ਉਸ ਦੇ ਚੋਗੇ ਅਤੇ ਪੱਟ ਉੱਤੇ ਇਹ ਲਿਖਿਆ ਹੋਇਆ ਸੀ, "**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ**।" [ਪ੍ਰਕਾਸ਼ 19:11-16]

### d. ਸੰਸਾਰ ਦੀ ਪ੍ਰਤੀਕਿਰਿਆ: ਰੋਣਾ

ਮਸੀਹ ਦੀ ਵਾਪਸ ਆਉਣਾ ਅਜਿਹਾ ਸਪੱਸ਼ਟ ਹੋਵੇਗਾ ਜਿਵੇਂ ਇੱਕ ਬਿਜਲੀ ਦੀ ਚਮਕ ਹੁੰਦੀ ਹੈ (ਮੱਤੀ 24:27)। ਸਾਰਾ ਸੰਸਾਰ ਮਸੀਹ ਨੂੰ ਦੇਖੇਗਾ। ਜਦੋਂ ਹਾਰੇ ਹੋਏ ਯਹੂਦੀ ਯਰੂਸ਼ਲਮ ਵਿੱਚ ਉਹਨਾਂ ਨੂੰ ਬਚਾਉਣ ਦੇ ਲਈ ਪ੍ਰਭੂ ਨੂੰ ਆਉਂਦੇ ਹੋਏ ਦੇਖਣਗੇ, ਤਾਂ ਉਹ ਬੁਰੀ ਤਰ੍ਹਾਂ ਰੋਣਗੇ। ਹਾਲਾਂਕਿ ਉਸ ਸਮੇਂ ਬਹੁਤ ਸਾਰੇ ਯਹੂਦੀ ਮੁਕਤੀ ਤੋਂ ਬਿਨਾਂ ਹੀ ਹੋਣਗੇ ਅਤੇ ਉਹ ਰਾਜ ਵਿੱਚ ਪ੍ਰਵੇਸ਼ ਨਹੀਂ ਕਰਨਗੇ (ਲੂਕਾ 13:28), ਪਰ ਅਜਿਹਾ ਲੱਗਦਾ ਹੈ ਕਿ ਇਸ ਰੋਣੇ ਵਿੱਚੋਂ ਕੁਝ ਰਾਹਤ ਦੇ ਹੰਝੂ ਸ਼ਾਮਲ ਹੋਣਗੇ ਕਿ ਹੁਣ ਸ਼ਹਿਰ ਦੇ ਵਿਰੁੱਧ ਮਸੀਹ-ਵਿਰੋਧੀ ਦਾ ਹਮਲਾ ਅਸਫਲ ਹੋ ਜਾਵੇਗਾ, ਅਤੇ ਇਹ ਵੀ ਸੰਭਵ ਹੈ ਕਿ ਕੁਝ ਲੋਕ ਤੋਬਾ ਦੇ ਹੰਝੂ ਵਹਾ ਰਹੇ ਹੋਣਗੇ। ਸ਼ਾਇਦ ਹੁਣ ਕੁਝ ਯਹੂਦੀਆਂ ਨੂੰ ਇਸ ਗੱਲ ਦਾ ਅਫ਼ਸੋਸ ਹੋ ਰਿਹਾ ਹੋਵੇਗਾ ਕਿ ਮਸੀਹ ਦੇ ਧਰਤੀ ਉੱਤੇ ਪਹਿਲੀ ਵਾਰ ਆਉਣ ਵੇਲੇ ਮਸੀਹ ਦੇ ਆਪਣੇ ਲੋਕਾਂ ਨੇ ਹੀ ਉਹਨਾਂ ਨੂੰ ਅਸਵੀਕਾਰ ਕਰ ਦਿੱਤਾ ਸੀ (ਯੂਹੰਨਾ 1:11)। ਇਸ ਸਮੇਂ ਕੁਝ ਯਹੂਦੀਆਂ ਜ਼ਰੂਰ ਕਿਸੇ ਕਿਸਮ ਦੀ ਆਤਮਿਕ ਪ੍ਰਤੀਕਿਰਿਆ ਕਰਨਗੇ। ਜ਼ਕਰ 13:9 ਸ਼ਾਇਦ ਇਹ ਸਿਖਾਉਂਦਾ ਹੈ ਕਿ ਯਹੂਦੀਆਂ ਵਿੱਚੋਂ ਇੱਕ ਤਿਹਾਈ ਲੋਕ ਵਿਸ਼ਵਾਸ ਕਰਨਗੇ।

> "ਮੈਂ ਦਾਊਦ ਦੇ ਘਰਾਣੇ ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ ਕਿਰਪਾ ਅਤੇ ਦਯਾ ਦਾ ਆਤਮਾ ਵਹਾਵਾਂਗਾ, ਉਹ ਮੇਰੀ ਵੱਲ ਜਿਸ ਨੂੰ ਉਨ੍ਹਾਂ ਨੇ ਵਿੰਨ੍ਹਿਆ ਸੀ ਤੱਕਣਗੇ ਅਤੇ ਉਸ ਦੇ ਲਈ **ਵਿਰਲਾਪ ਕਰਨਗੇ** ਜਿਵੇਂ ਕੋਈ ਆਪਣੇ ਇਕਲੌਤੇ ਦੇ ਲਈ ਵਿਰਲਾਪ ਕਰਦਾ ਹੈ ਅਤੇ ਉਹ ਉਸ ਦੇ ਲਈ ਪਿੱਟਣਗੇ ਜਿਵੇਂ

ਕੋਈ ਆਪਣੇ ਪਹਿਲੌਠੇ ਪੁੱਤਰ ਲਈ ਪਿੱਟਦਾ ਹੈ।" [ਜ਼ਕਰ 12:10]

ਪਰਾਈਆਂ ਕੌਮਾਂ ਦੇ ਲੋਕ ਵੀ ਮਸੀਹ ਨੂੰ ਦੇਖਣਗੇ ਅਤੇ ਰੋਣਗੇ। ਜਿਹਨਾਂ ਨੇ ਪਸ਼ੂ ਦਾ ਨਿਸ਼ਾਨ ਲੈਣ ਤੋਂ ਇਨਕਾਰ ਕੀਤਾ ਸੀ ਉਹ ਖੁਸ਼ੀ ਦੇ ਹੰਝੂ ਵਹਾਉਣਗੇ, ਪਰ ਬਾਈਬਲ ਇੱਕ ਅਜਿਹੇ ਰੋਣੇ ਉੱਤੇ ਜ਼ੋਰ ਦਿੰਦੀ ਹੈ ਜਿਸ ਦੇ ਵਿੱਚ ਘਟਨਾਵਾਂ ਦੇ ਮੋੜ ਉੱਤੇ ਨਿਰਾਸ਼ਾ ਅਤੇ ਡਰ ਹੋਵੇਗਾ।

> "ਫਿਰ ਮਨੁੱਖ ਦੇ ਪੁੱਤਰ ਦਾ ਚਿੰਨ੍ਹ ਅਕਾਸ਼ ਵਿੱਚ ਪ੍ਰਗਟ ਹੋਵੇਗਾ। **ਉਸ ਸਮੇਂ ਧਰਤੀ ਦੀਆਂ ਸਾਰੀਆਂ ਕੌਮਾਂ ਸੋਗ ਕਰਨਗੀਆਂ** ਅਤੇ ਇਸ ਦੇ ਬਾਅਦ ਉਹ ਮਨੁੱਖ ਦੇ ਪੁੱਤਰ ਨੂੰ ਵੱਡੀ ਸਮਰੱਥਾ ਅਤੇ ਮਹਿਮਾ ਨਾਲ ਬੱਦਲਾਂ ਦੇ ਉੱਤੇ ਆਉਂਦੇ ਦੇਖਣਗੀਆਂ।" [ਮੱਤੀ 24:30]

> ਦੇਖੋ! ਉਹ ਬੱਦਲਾਂ ਦੇ ਉੱਤੇ ਆ ਰਹੇ ਹਨ! ਹਰ ਇੱਕ ਅੱਖ ਉਹਨਾਂ ਨੂੰ ਦੇਖੇਗੀ ਅਤੇ ਉਹ ਵੀ ਜਿਹਨਾਂ ਨੇ ਉਹਨਾਂ ਨੂੰ ਵਿੰਨ੍ਹਿਆ ਸੀ। **ਧਰਤੀ ਦੀਆਂ ਸਾਰੀਆਂ ਕੌਮਾਂ ਉਹਨਾਂ ਦੇ ਲਈ ਸੋਗ ਮਨਾਉਣਗੀਆਂ**। ਹਾਂ ਇਹ ਸੱਚ ਹੈ! ਆਮੀਨ। [ਪ੍ਰਕਾਸ਼ 1:7]

### e. ਧਰਤੀ ਨੂੰ ਛੂਹਣਾ

ਜਿਵੇਂ ਹੀ ਮਸੀਹ ਦੇ ਪੈਰ ਜ਼ੈਤੂਨ ਦੇ ਪਹਾੜ ਨੂੰ ਛੂਹਣਗੇ, ਇਹ ਫੱਟ ਜਾਵੇਗਾ ਅਤੇ ਇੱਕ ਵੱਡੀ ਘਾਟੀ ਬਣ ਜਾਵੇਗੀ। ਸ਼ਾਇਦ ਇਹ ਦਰਾੜ ਇੰਨੀ ਵੱਡੀ ਹੋਵੇਗੀ ਕਿ "ਸਵਰਗ ਦੀਆਂ ਫ਼ੌਜਾਂ" ਦੇ ਲਈ ਵੀ ਇਸ ਵਿੱਚ ਜਗ੍ਹਾ ਬਣ ਜਾਵੇਗੀ। ਆਸਪਾਸ ਦੇ ਖੇਤਰਾਂ ਦੇ ਸਾਰੇ ਬਚੇ ਹੋਏ ਵਿਸ਼ਵਾਸੀ ਪਨਾਹ ਦੇ ਲਈ ਮਸੀਹ ਦੇ ਕੋਲ ਆਉਣਗੇ।

> ਉਸ ਦਿਨ ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ, ਜਿਹੜਾ ਯਰੂਸ਼ਲਮ ਦੇ ਅੱਗੇ **ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ**, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ। ਤੁਸੀਂ ਯਹੋਵਾਹ ਦੇ ਪਰਬਤ ਦੇ ਵਿੱਚ ਦੀ ਭੱਜੋਗੇ ਕਿਉਂ ਜੋ ਪਰਬਤ ਦੀ ਦੂਣ ਆਸੇਲ ਤੱਕ ਹੋਵੇਗੀ, ਜਿਵੇਂ ਯਹੂਦਾਹ ਦੇ ਪਾਤਸ਼ਾਹ ਉੱਜ਼ੀਯਾਹ ਦੇ ਦਿਨਾਂ ਵਿੱਚ ਭੂਚਾਲ ਦੇ ਅੱਗੇ ਭੱਜੇ ਸੀ, ਤਦ ਯਹੋਵਾਹ ਮੇਰਾ ਪਰਮੇਸ਼ੁਰ ਆਵੇਗਾ ਅਤੇ ਸਾਰੇ ਸੰਤ ਜਨ ਤੇਰੇ ਨਾਲ। [ਜ਼ਕਰ 14:4-5]

ਜੇਕਰ ਯੋਏਲ ਦੀ ਯਹੋਸ਼ਾਫ਼ਾਤ ਦੀ ਘਾਟੀ ਯਰੂਸ਼ਲਮ ਦੇ ਨੇੜੇ ਹੈ, ਤਾਂ ਮਸੀਹ ਦੀ ਫੌਜ ਅਤੇ ਮਸੀਹ-ਵਿਰੋਧੀ ਦੀ ਫੌਜ ਸਿਰਫ਼ ਥੋੜ੍ਹੇ ਹੀ ਸਮੇਂ ਦੇ ਲਈ ਇੱਕ-ਦੂਜੇ ਦਾ ਸਾਹਮਣਾ ਕਰਦੀਆਂ ਹਨ।

> ਦਾਤੀ ਚਲਾਓ ਕਿਉਂ ਜੋ ਫ਼ਸਲ ਪੱਕ ਗਈ ਹੈ। ਆਓ, ਦਾਖਾਂ ਨੂੰ ਮਿੱਧੋ ਕਿਉਂਕਿ ਹੌਦ ਭਰ ਗਈ ਹੈ, ਮਟਕੇ ਭਰ-ਭਰ ਉੱਛਲਦੇ ਹਨ, ਕਿਉਂ ਜੋ ਉਹਨਾਂ ਦੀ ਬੁਰਿਆਈ ਬਹੁਤ ਵੱਡੀ ਹੈ। ਨਬੇੜੇ ਦੀ ਘਾਟੀ ਵਿੱਚ ਭੀੜਾਂ ਦੀਆਂ ਭੀੜਾਂ! ਕਿਉਂ ਜੋ ਨਬੇੜੇ ਦੀ ਘਾਟੀ ਵਿੱਚ ਯਹੋਵਾਹ ਦਾ ਦਿਨ ਨੇੜੇ ਹੈ! [ਯੋਏਲ 3:13-14]

### f. ਨਿਰੰਤਰ ਵਿਦਰੋਹ

ਬਹੁਤ ਸਾਰੀਆਂ ਕੌਮਾਂ ਮਸੀਹ ਦੇ ਆਉਣ ਦਾ ਵਿਰੋਧ ਕਰਨ ਦੇ ਲਈ ਇਕੱਠੀਆਂ ਹੋਈਆਂ ਹਨ (ਪ੍ਰਕਾਸ਼ 16:13-16)। ਹਾਲਾਂਕਿ ਉਹ ਡਰ ਨਾਲ ਰੋਂਦੇ ਹਨ, ਫਿਰ ਵੀ ਉਹਨਾਂ ਦੀ ਨਫ਼ਰਤ ਨੂੰ ਕੁਝ ਵੀ ਰੋਕਦਾ ਨਹੀਂ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਪਸ਼ੂ ਅਜੇ ਵੀ ਕਠੋਰ ਹੋ ਕੇ ਲੜਾਈ ਵਿੱਚ ਸ਼ਾਮਲ ਹੋਣ ਦੇ ਲਈ ਤਿਆਰ ਹੈ। ਇਸ ਨੂੰ ਕੇਵਲ ਸ਼ੈਤਾਨ ਦੇ ਅੰਨ੍ਹੇਪਣ ਤੋਂ ਹੀ ਸਮਝਾਇਆ ਜਾ ਸਕਦਾ ਹੈ। ਪਰਮੇਸ਼ਰ ਨੇ ਕਿਹਾ ਹੈ ਕਿ ਉਹ ਕਠੋਰ ਕੌਮਾਂ ਇਸ ਭਰਮਾਉਣ ਵਾਲੇ ਦੀ ਸਮਰੱਥਾ ਵਿੱਚ ਹੀ ਭਰੋਸਾ ਕਰਨਗੀਆਂ (2 ਥੱਸਲੁ 2:11-12)।

> "ਜਿਹੜੇ ਦਸ ਸਿੰਗ ਤੂੰ ਦੇਖੇ ਹਨ, ਉਹ ਦਸ ਰਾਜੇ ਹਨ ਜਿਹਨਾਂ ਨੂੰ ਅਜੇ ਰਾਜ ਅਧਿਕਾਰ ਨਹੀਂ ਮਿਲਿਆ ਹੈ ਪਰ ਇੱਕ ਸਮਾਂ ਆਵੇਗਾ ਜਦੋਂ ਉਹ ਪਸ਼ੂ ਦੇ ਨਾਲ ਮਿਲ ਕੇ ਬਹੁਤ ਹੀ ਥੋੜ੍ਹੇ ਸਮੇਂ ਦੇ ਲਈ ਰਾਜ ਅਧਿਕਾਰ ਪ੍ਰਾਪਤ ਕਰਨਗੇ। ਉਹਨਾਂ ਦਾ ਉਦੇਸ਼ ਇਹ ਹੀ ਹੈ ਅਤੇ ਉਹ ਆਪਣੀ ਸਮਰੱਥਾ ਅਤੇ ਅਧਿਕਾਰ ਪਸ਼ੂ ਨੂੰ ਸੌਂਪ ਦੇਣਗੇ। ਉਹ ਸਾਰੇ ਮਿਲ ਕੇ **ਲੇਲੇ ਦੇ ਵਿਰੁੱਧ ਜੰਗ ਲੜਨਗੇ**... [ਪ੍ਰਕਾਸ਼ 17:12-14a]

> ਫਿਰ ਮੈਂ ਪਸ਼ੂ ਨੂੰ, ਧਰਤੀ ਦੇ ਰਾਜਿਆਂ ਨੂੰ ਅਤੇ ਉਹਨਾਂ ਦੀਆਂ ਫ਼ੌਜਾਂ ਨੂੰ ਉਸ ਚਿੱਟੇ ਘੋੜੇ ਦੇ ਸਵਾਰ ਅਤੇ ਉਸ ਦੀ ਸੈਨਾ ਦੇ **ਵਿਰੁੱਧ ਯੁੱਧ ਕਰਨ ਦੇ ਲਈ ਇਕੱਠੇ ਹੁੰਦੇ** ਦੇਖਿਆ। [ਪ੍ਰਕਾਸ਼ 19:19]

### g. ਬਿਨਾਂ ਯਤਨ ਦੇ ਜਿੱਤ

ਇਤਿਹਾਸ ਦੀ ਸਭ ਤੋਂ ਭਿਆਨਕ ਲੜਾਈ ਨੂੰ ਜਿੱਤਣਾ, ਮਸੀਹ ਦੇ ਦ੍ਰਿਸ਼ਟੀਕੋਣ ਤੋਂ ਸਾਹ ਲੈਣ ਜਿੰਨਾ ਸੌਖਾ ਕੰਮ ਹੋਵੇਗਾ (2 ਥੱਸਲੁ 2:8)। ਪ੍ਰਭੂ ਯਿਸੂ ਮਸੀਹ ਮਗਿੱਦੋ ਤੋਂ ਅਦੋਮ ਤੱਕ ਮਸੀਹ-ਵਿਰੋਧੀ ਦੀਆਂ ਫ਼ੌਜਾਂ ਨੂੰ ਤਬਾਹ ਕਰ ਦਿੰਦੇ ਹਨ। ਖ਼ੂਨ ਤਿੰਨ ਸੌ ਕਿਲੋਮੀਟਰ ਦੇ ਇਲਾਕੇ ਵਿੱਚ ਫੈਲਿਆ ਹੋਇਆ ਹੈ। ਯਸਾਯਾਹ 63 ਦਰਸਾਉਂਦਾ ਹੈ ਕਿ ਮਸੀਹ ਅਦੋਮ ਵਿੱਚ ਆਪਣੀ ਜਿੱਤ ਨੂੰ ਖ਼ਤਮ ਕਰਦੇ ਹਨ।

ਪ੍ਰਕਾਸ਼ ਦੀ ਪੋਥੀ 19 ਦੱਸਦਾ ਹੈ ਕਿ ਸਵਰਗ ਦੀਆਂ ਫ਼ੌਜਾਂ ਮਸੀਹ ਦੇ ਪਿੱਛੇ-ਪਿੱਛੇ ਧਰਤੀ ਉੱਤੇ ਆਉਂਦੀਆਂ ਹਨ, ਪਰ ਇਹ ਅਜਿਹਾ ਨਹੀਂ ਦੱਸਦਾ ਹੈ ਕਿ ਮਸੀਹ ਲੜਾਈ ਵਿੱਚ ਆਪਣੀ ਫੌਜ ਦੀ ਵਰਤੋਂ ਕਰਦੇ ਹਨ। ਮਸੀਹ ਆਪ ਸੰਸਾਰ ਦੀਆਂ ਇਕੱਠਾ ਹੋਈਆਂ ਫ਼ੌਜਾਂ ਨੂੰ ਤਬਾਹ ਕਰਦੇ ਹਨ, ਹਾਲਾਂਕਿ ਇਹ ਹੋ ਸਕਦਾ ਹੈ ਕਿ ਕੁਝ ਸਵਰਗਦੂਤ ਇਸ ਵਿੱਚ ਹਿੱਸਾ ਲੈਂਦੇ ਹਨ।

ਉਸ ਦੇ ਪਿੱਛੇ ਸਵਰਗ ਦੀਆਂ ਫ਼ੌਜਾਂ ਆ ਰਹੀਆਂ ਸਨ ਜਿਹਨਾਂ ਨੇ ਚਿੱਟੇ ਅਤੇ ਸ਼ੁੱਧ ਮਲਮਲ ਦੇ ਕੱਪੜੇ ਪਹਿਨੇ ਹੋਏ ਸਨ ਅਤੇ ਉਹ ਚਿੱਟੇ ਘੋੜਿਆਂ ਉੱਤੇ ਸਵਾਰ ਸਨ। ਉਸ ਦੇ ਮੂੰਹ ਵਿੱਚੋਂ ਇੱਕ ਤੇਜ਼ ਤਲਵਾਰ ਕੌਮਾਂ ਨੂੰ ਮਾਰਨ ਲਈ ਨਿੱਕਲ ਰਹੀ ਹੈ। ਉਹ ਲੋਹੇ ਦੇ ਰਾਜ ਦੰਡ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ ਅਤੇ ਸਰਵਸ਼ਕਤੀਮਾਨ ਪਰਮੇਸ਼ਰ ਦੇ ਗੁੱਸੇ ਦੀ ਮੈਅ ਨੂੰ, ਜਿਹੜੀ ਚੁਬੱਚੇ ਵਿੱਚੋਂ ਬਾਹਰ ਨਿੱਕਲ ਰਹੀ ਹੈ, ਲਤਾੜੇਗਾ। [ਪ੍ਰਕਾਸ਼ 19:14-15]

ਤਦ ਮੈਂ ਇੱਕ ਚਿੱਟਾ ਬੱਦਲ ਦੇਖਿਆ ਜਿਸ ਉੱਤੇ ਕੋਈ ਮਨੁੱਖ ਦੇ ਪੁੱਤਰ ਵਰਗਾ ਬੈਠਾ ਹੋਇਆ ਸੀ। ਉਸ ਦੇ ਸਿਰ ਉੱਤੇ ਸੋਨੇ ਦਾ ਤਾਜ ਅਤੇ ਉਸ ਦੇ ਹੱਥ ਵਿੱਚ ਇੱਕ ਤੇਜ਼ ਦਾਤੀ ਸੀ। ਫਿਰ ਇੱਕ ਹੋਰ ਸਵਰਗਦੂਤ ਹੈਕਲ ਵਿੱਚੋਂ ਬਾਹਰ ਆਇਆ ਜਿਸ ਨੇ ਉੱਚੀ ਆਵਾਜ਼ ਨਾਲ, ਉਸ ਨੂੰ ਜਿਹੜਾ ਬੱਦਲ ਉੱਤੇ ਬੈਠਾ ਹੋਇਆ ਸੀ, ਕਿਹਾ, "ਆਪਣੀ ਦਾਤੀ ਲੈ ਕੇ ਵਾਢੀ ਸ਼ੁਰੂ ਕਰ ਕਿਉਂਕਿ ਧਰਤੀ ਦੀ ਫ਼ਸਲ ਪੱਕ ਚੁੱਕੀ ਹੈ ਅਤੇ ਇਸ ਦੀ ਵਾਢੀ ਦਾ ਸਮਾਂ ਆ ਗਿਆ ਹੈ।" ਤਦ ਉਹ ਜਿਹੜਾ ਬੱਦਲ ਉੱਤੇ ਬੈਠਾ ਸੀ ਉਸ ਨੇ ਆਪਣੀ ਦਾਤੀ ਧਰਤੀ ਉੱਤੇ ਲਾਈ ਅਤੇ ਉਸ ਦੇ ਇਹ ਕਰਦੇ ਹੀ ਫ਼ਸਲ ਦੀ ਵਾਢੀ ਹੋ ਗਈ। ਤਦ ਸਵਰਗ ਦੇ ਹੈਕਲ ਵਿੱਚੋਂ ਇੱਕ ਹੋਰ ਸਵਰਗਦੂਤ ਬਾਹਰ ਆਇਆ ਉਸ ਦੇ ਕੋਲ ਵੀ ਤੇਜ਼ ਦਾਤੀ ਸੀ। ਇਸ ਦੇ ਬਾਅਦ ਇੱਕ ਹੋਰ ਸਵਰਗਦੂਤ, ਜਿਸ ਨੂੰ ਅੱਗ ਉੱਤੇ ਅਧਿਕਾਰ ਸੀ, ਵੇਦੀ ਵਿੱਚੋਂ ਬਾਹਰ ਆਇਆ  ਉਸ ਨੇ ਉੱਚੀ ਆਵਾਜ਼ ਨਾਲ ਪਹਿਲੇ ਸਵਰਗਦੂਤ ਨੂੰ, ਜਿਸ ਦੇ ਕੋਲ ਤੇਜ਼ ਦਾਤੀ ਸੀ, ਕਿਹਾ, "ਆਪਣੀ ਦਾਤੀ ਅੱਗੇ ਵਧਾ ਕੇ ਧਰਤੀ ਦੀ ਅੰਗੂਰਾਂ ਦੀ ਫ਼ਸਲ ਇਕੱਠੀ ਕਰ ਕਿਉਂਕਿ ਅੰਗੂਰ ਪੱਕ ਚੁੱਕੇ ਹਨ।" ਇਸ ਲਈ ਉਸ ਸਵਰਗਦੂਤ ਨੇ ਆਪਣੀ ਦਾਤੀ ਧਰਤੀ ਵੱਲ ਵਧਾ ਕੇ ਅੰਗੂਰਾਂ ਦੀ ਫ਼ਸਲ ਇਕੱਠੀ ਕਰ ਲਈ ਅਤੇ ਉਸ ਫ਼ਸਲ ਨੂੰ ਪਰਮੇਸ਼ਰ ਦੇ ਗੁੱਸੇ ਵਾਲੇ ਚੁਬੱਚੇ ਵਿੱਚ ਪਾ ਦਿੱਤਾ। ਇਸ ਤਰ੍ਹਾਂ ਸ਼ਹਿਰ ਤੋਂ ਬਾਹਰ ਚੁਬੱਚੇ ਵਿੱਚ ਇਹ ਅੰਗੂਰ ਲਿਤਾੜੇ ਗਏ ਅਤੇ ਚੁਬੱਚੇ ਵਿੱਚੋਂ ਖ਼ੂਨ ਦਾ ਦਰਿਆ ਵਗਿਆ ਜਿਹੜਾ ਘੋੜਿਆਂ ਦੀਆਂ ਲਗਾਮਾਂ ਤੱਕ ਪਹੁੰਚ ਗਿਆ ਅਤੇ ਲਗਭਗ ਤਿੰਨ ਸੌ ਕਿਲੋਮੀਟਰ ਦੇ ਇਲਾਕੇ ਵਿੱਚ ਫੈਲ ਗਿਆ। [ਪ੍ਰਕਾਸ਼ 14:14-20]

ਮਸੀਹ-ਵਿਰੋਧੀ ਦੀ ਪੂਰੀ ਫੌਜ ਮਰ ਜਾਂਦੀ ਹੈ; ਉਹ ਪੰਛੀਆਂ ਦੇ ਲਈ ਭੋਜਨ ਬਣ ਜਾਂਦੇ ਹਨ (ਪ੍ਰਕਾਸ਼ 19:17-18)। ਇਸਰਾਏਲ ਦੀਆਂ ਫ਼ੌਜਾਂ ਤੋਂ ਸਿਰਫ਼ ਪਸ਼ੂ ਅਤੇ ਝੂਠਾ ਨਬੀ ਹੀ ਜਿਊਂਦਾ ਬਚੇ ਰਹਿੰਦੇ ਹਨ। ਉਹਨਾਂ ਨੂੰ ਜਿਊਂਦਾ ਹੀ ਅੱਗ ਦੀ ਸਦੀਪਕ ਝੀਲ ਵਿੱਚ ਸੁੱਟ ਦਿੱਤਾ ਜਾਂਦਾ ਹੈ (ਪ੍ਰਕਾਸ਼ 19:20)।

ਪਰ ਪਸ਼ੂ ਅਤੇ ਝੂਠਾ ਨਬੀ ਜਿਹੜਾ ਪਸ਼ੂ ਦੇ ਸਾਹਮਣੇ ਚਮਤਕਾਰ ਦਿਖਾਉਂਦਾ ਸੀ, ਫੜੇ ਗਏ। (ਇਹਨਾਂ ਚਮਤਕਾਰਾਂ ਦੁਆਰਾ ਉਹ ਉਹਨਾਂ ਲੋਕਾਂ ਨੂੰ ਕੁਰਾਹੇ ਪਾਉਂਦਾ ਸੀ ਜਿਹਨਾਂ ਨੇ ਆਪਣੇ ਉੱਤੇ ਪਸ਼ੂ ਦੀ ਮੋਹਰ ਲਾਈ ਸੀ ਅਤੇ ਉਸ ਦੀ ਮੂਰਤੀ ਦੀ ਪੂਜਾ ਕਰਦੇ ਸਨ।) ਉਹ ਦੋਵੇਂ ਜਿਊਂਦੇ ਹੀ ਉਸ ਅੱਗ ਦੀ ਝੀਲ ਵਿੱਚ ਸੁੱਟੇ ਗਏ ਜਿਹੜੀ ਗੰਧਕ ਨਾਲ ਬਲਦੀ ਹੈ। ਜਿਹੜੇ ਬਾਕੀ ਰਹਿ ਗਏ ਸਨ ਉਹ ਉਸ ਤਲਵਾਰ ਨਾਲ ਕਤਲ ਕੀਤੇ ਗਏ ਜਿਹੜੀ ਉਸ ਸਵਾਰ ਦੇ ਮੂੰਹ ਵਿੱਚੋਂ ਨਿੱਕਲ ਰਹੀ ਸੀ। ਸਾਰੇ ਪੰਛੀ ਉਹਨਾਂ ਦਾ ਮਾਸ ਖਾ ਕੇ ਰੱਜ ਗਏ।[47] [ਪ੍ਰਕਾਸ਼ 19:20-21]

### h. ਸਵਰਗਦੂਤਾਂ ਦੁਆਰਾ ਸੁਰੱਖਿਆ, ਸ਼ੈਤਾਨੀ ਸਵਰਗਦੂਤਾਂ ਨੂੰ ਕੈਦ ਕਰਨਾ

ਪਸ਼ੂ ਅਤੇ ਝੂਠੇ ਨਬੀ ਨੂੰ ਅੱਗ ਦੀ ਝੀਲ ਵਿੱਚ ਇੱਕ ਸਦੀਪਕ ਸਜ਼ਾ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਉਲਟ, ਇੱਕ ਸਵਰਗਦੂਤ ਸ਼ੈਤਾਨ ਨੂੰ ਇੱਕ ਹੋਰ ਜਗ੍ਹਾ ਵਿੱਚ ਰੱਖਦਾ ਹੈ ਜੋ ਅਥਾਹ ਕੁੰਡ ਹੈ। ਇਹ ਅੱਗ ਦੀ ਝੀਲ ਦੀ ਤਰ੍ਹਾਂ ਇੱਕ ਸਦੀਪਕ ਸਜ਼ਾ ਦੀ ਜਗ੍ਹਾ ਨਹੀਂ ਹੈ। ਇਹ ਕੁਝ ਸਮੇਂ ਦੀ ਸਜ਼ਾ ਦਾ ਸਥਾਨ ਹੈ ਜਿੱਥੇ ਬੰਦ ਕੀਤੇ ਗਏ ਪਾਪੀ ਸਵਰਗਦੂਤਾਂ ਨੂੰ ਉਦੋਂ ਤੱਕ ਬੰਦ ਰੱਖਿਆ ਜਾਂਦਾ ਹੈ ਜਦੋਂ ਤੱਕ ਕਿ ਉਹਨਾਂ ਨੂੰ ਹਮੇਸ਼ਾ ਦੇ ਲਈ ਅੱਗ ਦੀ ਝੀਲ ਵਿੱਚ ਨਹੀਂ ਸੁੱਟਿਆ ਜਾਂਦਾ ਹੈ। ਸ਼ੈਤਾਨ ਨੂੰ ਇੱਥੇ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਹਜ਼ਾਰ ਸਾਲ ਦੇ ਬਾਅਦ, ਉਸ ਨੂੰ ਪਰਮੇਸ਼ਰ ਦੁਆਰਾ ਕੁਝ ਸਮੇਂ ਦੇ ਲਈ ਛੱਡਿਆ ਜਾਵੇਗਾ ਜਿਸ ਵਿੱਚ ਉਹ ਫਿਰ ਤੋਂ ਆਪਣੀ ਬੁਰਾਈ ਦੇ ਅਟੱਲ ਸੁਭਾਅ ਨੂੰ ਦਿਖਾਵੇਗਾ। ਸ਼ੈਤਾਨ ਪੂਰੇ ਹਜ਼ਾਰ ਸਾਲ ਦੇ ਲਈ ਬੰਨ੍ਹਿਆ ਜਾਵੇਗਾ।

ਇਸ ਦੇ ਬਾਅਦ ਮੈਂ ਇੱਕ ਸਵਰਗਦੂਤ ਨੂੰ ਸਵਰਗ ਤੋਂ ਉਤਰਦੇ ਦੇਖਿਆ ਜਿਸ ਦੇ ਕੋਲ ਅਥਾਹ ਕੁੰਡ ਦੀ ਚਾਬੀ ਅਤੇ ਇੱਕ ਵੱਡਾ ਸੰਗਲ ਸੀ। ਉਸ ਨੇ ਅਜਗਰ, ਉਸ ਪੁਰਾਣੇ ਸੱਪ ਨੂੰ ਜਿਹੜਾ ਇਬਲੀਸ ਅਤੇ ਸ਼ੈਤਾਨ ਹੈ ਫੜ ਕੇ ਸੰਗਲ ਨਾਲ ਇੱਕ ਹਜ਼ਾਰ ਸਾਲ ਦੇ ਲਈ ਬੰਨ੍ਹ ਦਿੱਤਾ। ਫਿਰ ਉਸ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਉਸ ਨੂੰ ਮੋਹਰਬੰਦ ਕਰ ਦਿੱਤਾ ਕਿ ਉਹ ਉਸ ਸਮੇਂ ਤੱਕ ਕੌਮਾਂ ਨੂੰ ਕੁਰਾਹੇ ਨਾ ਪਾ ਸਕੇ ਜਦੋਂ ਤੱਕ ਕਿ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਜਾਣ। ਇਸ ਦੇ

[47] ਪਸ਼ੂ ਅਤੇ ਝੂਠਾ ਨਬੀ ਅੱਗ ਦੀ ਝੀਲ ਵਿੱਚ ਸੁੱਟੇ ਜਾਣ ਤੋਂ ਬਾਅਦ, ਸ਼ਾਇਦ ਸਰੀਰਕ ਤੌਰ ਉੱਤੇ ਮਰ ਜਾਣਗੇ। ਉਹ ਅੱਗ ਦੀ ਝੀਲ ਦੇ ਪਹਿਲੇ ਨਿਵਾਸੀ ਹੋਣਗੇ, ਕਿਉਂਕਿ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਤੋਂ ਪਹਿਲਾਂ ਅਵਿਸ਼ਵਾਸ ਵਿੱਚ ਮਰਨ ਵਾਲੇ ਸਾਰੇ ਲੋਕਾਂ ਨੂੰ ਅਥਾਹ ਕੁੰਡ ਵਿੱਚ ਰੱਖਿਆ ਜਾਂਦਾ ਹੈ ਜਿੱਥੇ ਉਹ ਨਿਆਂ ਹੋਣ ਅਤੇ ਉਸ ਤੋਂ ਬਾਅਦ ਅੱਗ ਦੀ ਝੀਲ ਵਿੱਚ ਸੁੱਟੇ ਜਾਣ ਦੀ ਉਡੀਕ ਕਰਦੇ ਹਨ।

ਬਾਅਦ ਉਸ ਦਾ ਥੋੜ੍ਹੇ ਸਮੇਂ ਲਈ ਖੁੱਲ੍ਹਾ ਛੱਡਿਆ ਜਾਣਾ ਜ਼ਰੂਰੀ ਹੈ। [ਪ੍ਰਕਾਸ਼ 20:1-3] (ਆਇਤਾਂ 7-10 ਵੀ ਦੇਖੋ)

ਅਰਮਾਗਿੱਦੋਨ ਦੇ ਕਾਰਨ ਮਸੀਹ-ਵਿਰੋਧੀ ਦਾ ਰਾਜ ਬਰਬਾਦ ਹੋ ਜਾਂਦਾ ਹੈ। ਫਿਰ ਵੀ, ਅਜਿਹੇ ਬਹੁਤ ਸਾਰੇ ਲੋਕ ਬਚੇ ਰਹਿਣਗੇ ਜਿਹਨਾਂ ਵਿੱਚ ਮੁਕਤੀ ਪਾਏ ਹੋਏ ਅਤੇ ਮੁਕਤੀ ਤੋਂ ਰਹਿਤ ਲੋਕ ਹੋਣਗੇ, ਜੋ ਮਸੀਹ ਦੇ ਦੁਬਾਰਾ ਆਉਣ ਵੇਲੇ ਯਰੂਸ਼ਲਮ ਦੇ ਖੇਤਰ ਵਿੱਚ ਨਹੀਂ ਸਨ। ਬਿਪਤਾ ਅਤੇ ਹਜ਼ਾਰ ਸਾਲ ਦੇ ਰਾਜ ਵਿੱਚ ਤਬਦੀਲੀ ਦੌਰਾਨ, ਮਸੀਹ ਆਪਣੇ ਸਵਰਗਦੂਤਾਂ ਨੂੰ ਭੇਜ ਕੇ ਦੋ ਮੁੱਖ ਨਿਆਂਵਾਂ ਦੁਆਰਾ ਵਿਸ਼ਵਾਸੀਆਂ ਅਤੇ ਅਵਿਸ਼ਵਾਸੀਆਂ ਨੂੰ ਅਲੱਗ ਕਰਦੇ ਹਨ: ਇਸਰਾਏਲ ਦੇ ਨਿਆਂ ਦੁਆਰਾ ਅਤੇ ਕੌਮਾਂ ਦੇ ਨਿਆਂ ਦੁਆਰਾ। ਇਹ ਦੋਵੇਂ ਨਿਆਂ ਬਹੁਤ ਹੀ ਜਲਦੀ ਹੋਣਗੇ। ਅਗਲੇ ਭਾਗਾਂ ਵਿੱਚ ਇਹਨਾਂ ਦੋਵੇਂ ਨਿਆਂਵਾਂ ਦਾ ਅਧਿਐਨ ਕੀਤਾ ਜਾਵੇਗਾ।

> "ਮਨੁੱਖ ਦਾ ਪੁੱਤਰ **ਆਪਣੇ ਸਵਰਗਦੂਤਾਂ ਨੂੰ ਭੇਜੇਗਾ ਅਤੇ ਉਹ ਉਹਨਾਂ ਸਾਰਿਆਂ ਨੂੰ ਜਿਹੜੇ ਲੋਕਾਂ ਨੂੰ ਪਾਪ ਦੇ ਰਾਹ ਪਾਉਂਦੇ ਹਨ** ਅਤੇ ਉਹਨਾਂ ਨੂੰ ਜਿਹੜੇ ਬੁਰੇ ਕੰਮ ਕਰਦੇ ਹਨ **ਇਕੱਠਾ ਕਰਨਗੇ**। ਫਿਰ ਸਵਰਗਦੂਤ ਇਹਨਾਂ ਸਾਰਿਆਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 13:41-42]
>
> "ਇਸੇ ਤਰ੍ਹਾਂ ਯੁੱਗ ਦੇ ਅੰਤ ਵਿੱਚ ਹੋਵੇਗਾ। **ਸਵਰਗਦੂਤ ਜਾਣਗੇ ਅਤੇ ਬੁਰੇ ਲੋਕਾਂ ਨੂੰ ਚੰਗੇ ਲੋਕਾਂ ਵਿੱਚੋਂ ਛਾਂਟਣਗੇ** ਅਤੇ ਬੁਰੇ ਲੋਕਾਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 13:49-50]
>
> "ਫਿਰ ਉਹ ਤੁਰ੍ਹੀ ਦੀ ਆਵਾਜ਼ ਨਾਲ ਆਪਣੇ **ਸਵਰਗਦੂਤਾਂ** ਨੂੰ ਭੇਜਣਗੇ ਅਤੇ ਉਹ **ਉਹਨਾਂ ਦੇ ਚੁਣੇ ਹੋਇਆਂ** ਨੂੰ ਧਰਤੀ ਦੇ ਇੱਕ ਪਾਸੇ ਤੋਂ ਲੈ ਕੇ ਅਕਾਸ਼ ਦੇ ਦੂਜੇ ਪਾਸੇ ਤੱਕ, ਚਾਰਾਂ ਪਾਸਿਆਂ ਤੋਂ **ਇਕੱਠਾ ਕਰਨਗੇ**।" [ਮੱਤੀ 24:31] (ਮਰਕੁਸ 13:27 ਵੀ ਦੇਖੋ)

### i. ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦਾ ਸਮਾਂ

ਮਸੀਹ-ਵਿਰੋਧੀ ਦੇ ਇਸਰਾਏਲ ਨਾਲ ਆਪਣੀ ਸੰਧੀ ਨੂੰ ਤੋੜਨ ਅਤੇ ਬਿਪਤਾ ਦੇ ਅੰਤ ਦੇ ਵਿਚਕਾਰ ਦਾ ਸਮਾਂ 1,260 ਦਿਨ ਹੈ। ਹਾਲਾਂਕਿ, ਮਸੀਹ-ਵਿਰੋਧੀ ਦਾ ਸ਼ਾਸਨ 1,260 ਦਿਨਾਂ ਦਾ ਹੈ, ਦਾਨੀਏਲ 12:11 ਵਿੱਚ 1,290 ਦਿਨਾਂ ਨੂੰ ਇੱਕ ਵਿਸ਼ੇਸ਼ ਸਮਾਂ ਦੱਸਿਆ ਗਿਆ ਹੈ। ਦਾਨੀਏਲ 1,335ਵੇਂ ਦਿਨ ਨੂੰ ਲੈ ਕੇ ਹੋਰ ਵੀ ਜ਼ਿਆਦਾ ਉਤਸ਼ਾਹਿਤ ਹੈ।

> "ਧੰਨ ਉਹ ਹੈ ਜੋ ਉਡੀਕਦਾ ਹੈ ਅਤੇ ਇੱਕ ਹਜ਼ਾਰ ਤਿੰਨ ਸੌ ਪੈਂਤੀਆਂ ਦਿਨਾਂ ਦੇ ਅੰਤ ਤੱਕ ਪਹੁੰਚਦਾ ਹੈ।" [ਦਾਨੀ 12:12]

ਬਾਈਬਲ ਇਹ ਸਪੱਸ਼ਟ ਰੂਪ ਵਿੱਚ ਨਹੀਂ ਦੱਸਦੀ ਹੈ ਕਿ 1,290ਵੇਂ ਦਿਨ ਅਤੇ 1,335ਵੇਂ ਦਿਨ ਕੀ ਹੋਵੇਗਾ। ਅਸੀਂ ਜਾਣਦੇ ਹਾਂ ਕਿ 1,290ਵਾਂ ਦਿਨ ਹੈਕਲ ਵਿੱਚ ਬਲੀਦਾਨ ਦੇ ਕਾਰਨ ਇੱਕ ਖ਼ਾਸ ਦਿਨ ਹੋਵੇਗਾ ਅਤੇ 1,335ਵੇਂ ਦਿਨ ਇੱਕ ਹੋਰ ਖ਼ਾਸ ਘਟਨਾ ਹੋਵੇਗੀ। ਸੰਭਵ ਤੌਰ ਤੇ, ਮਸੀਹ-ਵਿਰੋਧੀ ਦਾ ਅਸਲ ਸ਼ਾਸਨ ਤਾਂ 1,260ਵੇਂ ਦਿਨ ਖ਼ਤਮ ਹੋ ਜਾਵੇਗਾ, ਪਰ ਧਰਤੀ ਉੱਤੇ ਹੋਏ ਵਿਨਾਸ਼ਕ ਤੱਤਾਂ ਨੂੰ ਦੂਰ ਕਰਨ ਅਤੇ ਅਵਿਸ਼ਵਾਸੀਆਂ ਦਾ ਨਿਆਂ ਕਰਨ ਅਤੇ ਉਹਨਾਂ ਨੂੰ ਰਾਜ ਤੋਂ ਹਟਾਉਣ ਵਿੱਚ ਹੋਰ 30 ਦਿਨ ਦਾ ਸਮਾਂ ਲੱਗ ਜਾਵੇਗਾ। ਸੰਭਵ ਤੌਰ ਤੇ, 1,290ਵਾਂ ਦਿਨ ਹੈਕਲ ਵਿੱਚ ਸੱਚੇ ਪਰਮੇਸ਼ਰ ਦੀ ਅਰਾਧਨਾ ਸ਼ੁਰੂ ਹੋਣ ਜਾਂ ਸਭ ਤੋਂ ਆਖ਼ਰੀ ਵਿਦਰੋਹੀ ਆਤਮਾ ਨੂੰ ਖ਼ਤਮ ਕਰਨ ਦਾ ਦਿਨ ਹੋਵੇਗਾ।

1335ਵਾਂ ਦਿਨ ਸਭ ਤੋਂ ਧੰਨ ਦਿਨ ਹੈ, ਸ਼ਾਇਦ ਇਹ ਧਰਤੀ ਉੱਤੇ ਮਸੀਹ ਦੇ ਰਾਜ ਦਾ "ਉਦਘਾਟਨ ਦਿਨ" ਜਾਂ "ਸੁਤੰਤਰਤਾ ਦਿਵਸ" ਹੋਵੇਗਾ। ਜੇਕਰ ਅਜਿਹੀਆਂ ਵਿਆਖਿਆਵਾਂ ਸਹੀ ਹਨ, ਤਾਂ ਇਸਰਾਏਲ ਅਤੇ ਕੌਮਾਂ ਦੇ ਨਿਆਂ ਦੁਆਰਾ ਧਰਤੀ ਨੂੰ ਸ਼ੁੱਧ ਕਰਨ ਵਿੱਚ 30 ਦਿਨਾਂ ਦਾ ਸਮਾਂ ਲੱਗੇਗਾ। ਸ਼ਾਇਦ ਅਗਲੇ 45 ਦਿਨਾਂ ਵਿੱਚ ਪੁਰਾਣੇ ਨੇਮ ਦੇ ਸੰਤਾਂ ਅਤੇ ਬਿਪਤਾ ਦੇ ਸਮੇਂ ਸ਼ਾਹਿਦ ਹੋਏ ਸੰਤਾਂ ਨੂੰ (ਜੋ ਬਿਪਤਾ ਦੇ ਅੰਤ ਵਿੱਚ ਜੀਅ-ਉੱਠੇ ਹੋਣਗੇ) ਇਨਾਮ ਮਿਲੇਗਾ, ਅਤੇ ਪ੍ਰਭੂ ਆਪਣੇ ਲੋਕਾਂ ਨੂੰ ਹੁਣ ਆਪਣੇ ਅਧੀਨ ਹੋਏ ਸੰਸਾਰ ਵਿੱਚ ਅਧਿਕਾਰ ਦੇ ਵੱਖ-ਵੱਖ ਅਹੁਦਿਆਂ ਉੱਤੇ ਨਿਯੁਕਤ ਕਰਨਗੇ (ਮੱਤੀ 19: 28; 2 ਤਿਮੋਥਿ 2:12; ਪ੍ਰਕਾਸ਼ 1:6; 5:10; 20:4)।

ਸੰਸਾਰ ਨੇ ਕਦੇ ਵੀ ਬਿਪਤਾ ਤੋਂ ਰਾਜ ਵਿੱਚ ਜਾਣ ਵੇਲੇ ਹੋਣ ਵਾਲੀ ਤਬਦੀਲੀ ਵਰਗੀ ਕੋਈ ਚੀਜ਼ ਨਹੀਂ ਦੇਖੀ ਹੈ, ਅਤੇ ਇਹ ਸ਼ਾਇਦ 75 ਦਿਨਾਂ ਵਿੱਚ ਹੋਵੇਗੀ। ਪੁਰਾਣੇ ਨੇਮ ਦੇ ਸੰਤਾਂ (ਅਤੇ ਬਿਪਤਾ ਵਿੱਚ ਸ਼ਾਹਿਦ ਹੋਏ ਸੰਤਾਂ) ਦਾ ਜੀਅ ਉੱਠਣਾ, ਇਸਰਾਏਲ ਦਾ ਨਿਆਂ, ਅਤੇ ਕੌਮਾਂ ਦਾ ਨਿਆਂ ਅਜਿਹੇ ਵਿਸ਼ੇ ਹਨ ਜੋ ਅਲੱਗ ਤੋਂ ਵਿਚਾਰ ਕੀਤੇ ਜਾਣ ਦੇ ਯੋਗ ਹਨ।

### B. ਪੁਰਾਣੇ ਨੇਮ ਅਤੇ ਬਿਪਤਾ ਦੇ ਸੰਤਾਂ ਦਾ ਜੀਅ-ਉੱਠਣਾ

ਕੁਝ ਬਾਈਬਲ ਦੇ ਵਿਦਵਾਨ ਮੁਕਤੀ ਪਾਏ ਹੋਏ ਅਤੇ ਮੁਕਤੀ ਰਹਿਤ ਲੋਕਾਂ ਦੇ ਇੱਕੋ ਹੀ ਸਮੇਂ ਵਿੱਚ ਆਮ ਤਰੀਕੇ ਨਾਲ ਜੀਅ-ਉੱਠਣ ਦੇ ਪੱਖ ਵਿੱਚ ਹਨ। ਇਹ ਕਿਹਾ ਜਾ ਸਕਦਾ ਹੈ ਕਿ ਦਾਨੀ 12:2 ਅਤੇ ਯੂਹੰਨਾ 5:28-29 ਇੱਕ ਆਮ ਤਰੀਕੇ ਨਾਲ ਜੀਅ-ਉੱਠਣ ਦੇ ਬਾਰੇ ਸਿਖਾਉਂਦੇ ਹਨ।

> "ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੇ ਹੇਠਾਂ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਉਣ ਲਈ, ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਲਈ।" [ਦਾਨੀ 12:2]

"ਇਸ ਗੱਲ ਉੱਤੇ ਤੁਸੀਂ ਹੈਰਾਨ ਨਾ ਹੋਵੋ। ਸਮਾਂ ਆ ਗਿਆ ਹੈ ਜਦੋਂ ਉਹ ਜਿਹੜੇ ਕਬਰਾਂ ਵਿੱਚ ਹਨ, ਉਹਨਾਂ ਦੀ ਆਵਾਜ਼ ਸੁਣਨਗੇ ਅਤੇ ਕਬਰਾਂ ਵਿੱਚੋਂ ਬਾਹਰ ਆ ਜਾਣਗੇ। ਚੰਗੇ ਕੰਮ ਕਰਨ ਵਾਲਿਆਂ ਦਾ ਪੁਨਰ-ਉਥਾਨ ਜੀਵਨ ਦੇ ਲਈ ਹੋਵੇਗਾ ਅਤੇ ਬੁਰੇ ਕੰਮ ਕਰਨ ਵਾਲਿਆਂ ਦਾ ਸਜ਼ਾ ਦੇ ਲਈ।" [ਯੂਹੰਨਾ 5:28-29]

### 1. ਜੀਅ-ਉੱਠਣ ਤੋਂ ਜੀਵਨ ਅਤੇ ਜੀਅ-ਉੱਠਣ ਤੋਂ ਨਿਆਂ ਵਿਚਕਾਰ ਦਾ ਸਮਾਂ

ਪ੍ਰਕਾਸ਼ ਦੀ ਪੋਥੀ 20 ਦੋ ਤਰ੍ਹਾਂ ਦੇ ਜੀਅ-ਉੱਠਣ ਦੀ ਗੱਲ ਕਰਦਾ ਹੈ, ਜਿਸ ਵਿੱਚ ਪਹਿਲੇ ਜੀਅ-ਉੱਠਣ ਵਿੱਚ ਹੀ ਦੂਜੇ ਜੀਅ-ਉੱਠਣ ਦਾ ਸੰਕੇਤ ਹੈ। ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਦੀ ਕਿਸੇ ਵੀ ਸਥਿਤੀ ਵਿੱਚ (ਭਾਵੇਂ ਬਿਪਤਾ ਤੋਂ ਪਹਿਲਾਂ ਰੈਪਚਰ ਜਾਂ ਬਿਪਤਾ ਤੋਂ ਬਾਅਦ ਰੈਪਚਰ) ਜੀਵਨ ਵਿੱਚ ਜੀਅ-ਉੱਠਣ ਅਤੇ ਸਜ਼ਾ ਵਿੱਚ ਜੀਅ-ਉੱਠਣ ਦੇ ਵਿਚਕਾਰ ਹਜ਼ਾਰ ਸਾਲ ਦਾ ਅੰਤਰਾਲ ਹੋਣਾ ਜ਼ਰੂਰੀ ਹੈ। ਕਲੀਸਿਯਾ ਦੇ ਸੰਤ ਰੈਪਚਰ ਵੇਲੇ (ਭਾਵ ਹਜ਼ਾਰ ਸਾਲ ਤੋਂ ਪਹਿਲਾਂ) ਜੀਅ ਉੱਠਣਗੇ। ਪ੍ਰਕਾਸ਼ ਦੀ ਪੋਥੀ 20 ਦੇ ਅਨੁਸਾਰ, ਮੁਕਤੀ ਨਾ ਪਾਏ ਹੋਏ ਮਰੇ ਲੋਕ ਹਜ਼ਾਰ ਸਾਲ ਦੇ ਰਾਜ ਦੇ ਪੂਰਾ ਹੋਣ ਤੋਂ ਪਹਿਲਾਂ ਜਿਊਂਦਾ ਨਹੀਂ ਹੋਣਗੇ। **ਇੱਕ ਹੀ ਵਾਰ ਸਭ ਦੇ ਆਮ ਰੂਪ ਵਿੱਚ ਜੀਅ-ਉੱਠਣ ਦਾ ਵਿਚਾਰ ਸਹੀ ਨਹੀਂ ਹੋ ਸਕਦਾ ਹੈ।** ਪ੍ਰਕਾਸ਼ ਦੀ ਪੋਥੀ 20 ਇੱਕ ਸਪੱਸ਼ਟ ਰੂਪ ਵਿੱਚ ਬਿਪਤਾ ਦੇ ਦੌਰਾਨ ਸ਼ਹੀਦ ਹੋਏ ਸੰਤਾਂ ਦੇ ਜੀਅ-ਉੱਠਣ ਅਤੇ ਅਵਿਸ਼ਵਾਸੀ ਮੁਰਦਿਆਂ ਦੇ ਜੀਅ-ਉੱਠਣ ਵਿਚਕਾਰ ਇੱਕ ਹਜ਼ਾਰ ਸਾਲ ਦਾ ਅੰਤਰਾਲ ਦੱਸਦਾ ਹੈ।

ਫਿਰ ਮੈਂ ਸਿੰਘਾਸਣ ਲੱਗੇ ਦੇਖੇ ਜਿਹੜੇ ਉਹਨਾਂ ਉੱਤੇ ਬੈਠੇ ਸਨ ਉਹਨਾਂ ਨੂੰ ਨਿਆਂ ਕਰਨ ਦਾ ਅਧਿਕਾਰ ਦਿੱਤਾ ਗਿਆ। ਮੈਂ ਉਹਨਾਂ ਲੋਕਾਂ ਦੀਆਂ ਆਤਮਾਵਾਂ ਦੇਖੀਆਂ ਜਿਹੜੇ ਮਸੀਹ ਦੀ ਗਵਾਹੀ ਦੇਣ ਅਤੇ ਪਰਮੇਸ਼ਰ ਦੇ ਵਚਨ ਸੁਣਾਉਣ ਕਾਰਨ ਕਤਲ ਕੀਤੇ ਗਏ ਸਨ। ਉਹਨਾਂ ਨੇ ਪਸ਼ੂ ਜਾਂ ਉਸ ਮੂਰਤੀ ਦੀ ਪੂਜਾ ਨਹੀਂ ਕੀਤੀ ਸੀ ਅਤੇ ਨਾ ਹੀ ਆਪਣੇ ਮੱਥਿਆਂ ਉੱਤੇ ਜਾਂ ਹੱਥਾਂ ਉੱਤੇ ਉਸ ਦੀ ਮੋਹਰ ਲਾਈ ਸੀ। ਉਹ ਸਾਰੇ ਫਿਰ ਜੀਅ ਉੱਠੇ ਅਤੇ ਉਹਨਾਂ ਨੇ ਮਸੀਹ ਦੇ ਨਾਲ ਮਿਲ ਕੇ ਇੱਕ ਹਜ਼ਾਰ ਸਾਲ ਤੱਕ ਰਾਜ ਕੀਤਾ। ਇਹ ਪਹਿਲਾ ਪੁਨਰ-ਉਥਾਨ ਹੈ। **ਜਦੋਂ ਤੱਕ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਗਏ, ਬਾਕੀ ਦੇ ਮੁਰਦੇ ਜਿਊਂਦੇ ਨਾ ਹੋਏ... ਇੱਕ ਹਜ਼ਾਰ ਸਾਲ ਪੂਰਾ ਹੋ ਜਾਣ ਦੇ ਬਾਅਦ** ਸ਼ੈਤਾਨ ਕੈਦ ਵਿੱਚੋਂ ਛੱਡ ਦਿੱਤਾ ਜਾਵੇਗਾ...ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਪਸ਼ੂ ਅਤੇ ਝੂਠਾ ਨਬੀ ਪਹਿਲਾਂ ਹੀ ਸੁੱਟੇ ਗਏ ਸਨ। ਉਹ ਸਾਰੇ ਉੱਥੇ ਦਿਨ ਰਾਤ ਅਨੰਤਕਾਲ ਤੱਕ ਕਸ਼ਟ ਭੋਗਣਗੇ...ਤਦ ਮੈਂ ਇੱਕ ਵੱਡਾ ਚਿੱਟਾ ਸਿੰਘਾਸਣ ਅਤੇ ਉਸ ਨੂੰ ਜਿਹੜਾ ਉਸ ਉੱਤੇ ਵਿਰਾਜਮਾਨ ਸੀ ਦੇਖਿਆ। ਧਰਤੀ ਅਤੇ ਅਕਾਸ਼ ਉਸ ਦੇ ਸਾਹਮਣਿਓਂ ਹਟ ਕੇ ਅਲੋਪ ਹੋ ਗਏ। ਉਹਨਾਂ ਦੇ ਲਈ ਕੋਈ ਥਾਂ ਬਾਕੀ ਨਾ ਬਚੀ। ਫਿਰ ਮੈਂ ਸਾਰੇ **ਮਰੇ ਹੋਏ** ਭਾਵ ਛੋਟੇ ਅਤੇ ਵੱਡੇ **ਉੱਥੇ ਖੜ੍ਹੇ ਦੇਖੇ** ਅਤੇ ਉਹਨਾਂ ਲਈ ਪੁਸਤਕਾਂ ਖੋਲ੍ਹੀਆਂ ਗਈਆਂ। ਇਸ ਦੇ ਨਾਲ ਹੀ ਇੱਕ ਹੋਰ ਪੁਸਤਕ ਜਿਹੜੀ ਜੀਵਨ ਦੀ ਪੁਸਤਕ ਸੀ, ਖੋਲ੍ਹੀ ਗਈ। ਤਦ ਸਾਰੇ ਮਰੇ ਹੋਇਆਂ ਦਾ ਨਿਆਂ ਉਹਨਾਂ ਦੇ ਕੰਮਾਂ ਦੇ ਆਧਾਰ ਤੇ ਕੀਤਾ ਗਿਆ। [ਪ੍ਰਕਾਸ਼ 20:4-5,7, 10-12]

### 2. ਦੋ ਪ੍ਰਕਾਰ ਦਾ ਜੀਅ-ਉੱਠਣਾ

ਦਾਨੀਏਲ 12 ਅਤੇ ਯੂਹੰਨਾ 5 ਦਾ ਸੰਬੰਧ ਜੀਅ-ਉੱਠਣ ਦੇ ਸਮੇਂ ਨਾਲ ਨਹੀਂ ਪਰ ਜੀਅ-ਉੱਠਣ ਦੀਆਂ ਕਿਸਮਾਂ ਨਾਲ ਹੈ। ਜੇਕਰ ਅਸੀਂ ਇਹ ਮੰਨਦੇ ਹਾਂ ਕਿ ਦਾਨੀ 12:2 ਅਤੇ ਯੂਹੰਨਾ 5:28-29 ਵਰਗੇ ਵਚਨ ਵਿਸ਼ਵਾਸੀ ਅਤੇ ਅਵਿਸ਼ਵਾਸੀ ਮੁਰਦਿਆਂ ਦੇ ਇੱਕ ਆਮ ਰੂਪ ਵਿੱਚ ਜੀਅ-ਉੱਠਣ ਦੇ ਬਾਰੇ ਦੱਸਦੇ ਹਨ, ਤਾਂ ਅਸੀਂ ਗ਼ਲਤੀ ਕਰਾਂਗੇ। ਇਹ ਜ਼ਾਹਰ ਹੈ ਕਿ ਇਹ ਆਇਤਾਂ ਜੀਅ-ਉੱਠਣ ਦੇ ਸਮੇਂ ਉੱਤੇ ਜ਼ੋਰ ਨਹੀਂ ਦੇ ਰਹੀਆਂ ਹਨ, ਕਿਉਂਕਿ ਜੀਅ-ਉੱਠਣ ਦੀਆਂ ਦੋ ਕਿਸਮਾਂ ਹਨ, ਜਿਵੇਂ ਕਿ ਇੱਕ ਜੀਵਨ ਦੇ ਲਈ ਅਤੇ ਦੂਜਾ ਨਿਆਂ ਜਾਂ ਮੌਤ ਦੇ ਲਈ। ਇਸ ਤੋਂ ਇਲਾਵਾ, ਜੇਕਰ ਇਹ ਵਚਨ ਮੁਕਤੀ ਪਾਏ ਅਤੇ ਮੁਕਤੀ ਨਾ ਪਾਏ ਲੋਕਾਂ ਦੇ ਇੱਕੋ ਸਮੇਂ ਵਿੱਚ ਜੀਅ-ਉੱਠਣ ਦੇ ਬਾਰੇ ਨਹੀਂ ਸਿਖਾਉਂਦੇ ਹਨ, ਤਾਂ ਫਿਰ ਕੋਈ ਇਹ ਅਨੁਮਾਨ ਨਹੀਂ ਲਗਾ ਸਕਦਾ ਹੈ ਕਿ ਉਹ ਮੂਲ ਰੂਪ ਵਿੱਚ ਸਾਰੇ ਸੰਤਾਂ ਦੇ ਇੱਕੋ ਸਮੇਂ ਜੀਅ-ਉੱਠਣ ਨੂੰ ਸਾਬਤ ਕਰਦੇ ਹਨ। ਫਿਰ ਵੀ, ਸਾਰੇ ਵਿਸ਼ਵਾਸੀ ਜੀਵਨ ਦੇ ਲਈ ਜੀਅ-ਉੱਠਣ ਦਾ ਅਨੁਭਵ ਕਰਨਗੇ ਅਤੇ ਸਾਰੇ ਅਵਿਸ਼ਵਾਸੀ ਸਜ਼ਾ ਦੇ ਲਈ ਜੀਅ-ਉੱਠਣ ਦਾ ਅਨੁਭਵ ਕਰਨਗੇ। ਦਾਨੀਏਲ 12 ਅਤੇ ਯੂਹੰਨਾ 5 ਜੀਅ-ਉੱਠਣ ਦੇ ਸਮੇਂ ਬਾਰੇ ਨਹੀਂ ਸਿਖਾਉਂਦੇ ਹਨ। ਇਹ ਕੇਵਲ ਦੋ ਤਰ੍ਹਾਂ ਦੇ ਜੀਅ-ਉੱਠਣ ਦੀ ਗੱਲ ਕਰਦੇ ਹਨ। ਹੋਰ ਵਚਨ ਵੀ, ਜਿਹਨਾਂ ਵਿੱਚ ਖ਼ਾਸ ਕਰਕੇ ਪ੍ਰਕਾਸ਼ ਦੀ ਪੋਥੀ 20 ਸ਼ਾਮਲ ਹੈ, ਇਹ ਦਰਸਾਉਂਦੇ ਹਨ ਕਿ ਮੁਕਤੀ ਪਾਏ ਹੋਏ ਲੋਕ ਅਤੇ ਮੁਕਤੀ ਨਾ ਪਾਏ ਹੋਏ ਲੋਕ **ਇਕੱਠੇ ਇੱਕੋ ਸਮੇਂ ਨਹੀਂ ਜੀਅ ਉੱਠਣਗੇ;** ਅਤੇ ਇਸ ਨਾਲ ਇਸ ਸੰਭਾਵਨਾ ਦੇ ਲਈ ਰਾਹ ਖੁੱਲ੍ਹਦਾ ਹੈ ਕਿ ਜਿਹੜੇ ਲੋਕ ਜੀਵਨ ਵਿੱਚ ਜੀਅ-ਉੱਠਣ ਦਾ ਅਨੁਭਵ ਕਰਦੇ ਹਨ, ਉਹ ਇੱਕੋ ਹੀ ਸਮੇਂ ਨਹੀਂ ਜੀਅ ਉਠਣਗੇ। ਜੇਕਰ ਦੂਜੇ ਵਚਨ ਵਿਸ਼ਵਾਸੀਆਂ ਦੇ ਜੀਅ-ਉੱਠਣ ਦੇ ਲਈ ਵੱਖ-ਵੱਖ ਸਮਿਆਂ ਦਾ ਸੁਝਾਅ ਦਿੰਦੇ ਹਨ, ਤਾਂ ਦਾਨੀਏਲ 12 ਅਤੇ ਯੂਹੰਨਾ 5 ਨੂੰ ਇਤਰਾਜ਼ ਦੀ ਤਰ੍ਹਾਂ ਵਰਤਿਆ ਨਹੀਂ ਜਾ ਸਕਦਾ ਹੈ।

### 3. ਸੰਤਾਂ ਦੇ ਜੀਅ-ਉੱਠਣ ਦਾ ਸਮਾਂ

#### a. ਕਲੀਸਿਯਾ

ਜਿਹੜੇ "ਮਸੀਹ ਵਿੱਚ ਮਰੇ ਹਨ" ਉਹ ਰੈਪਚਰ ਵੇਲੇ ਜੀਅ ਉੱਠਣਗੇ (1 ਥੱਸਲੁ 4:16)। ਕਿਉਂਕਿ ਰੈਪਚਰ ਬਿਪਤਾ ਤੋਂ ਪਹਿਲਾਂ ਹੁੰਦਾ ਹੈ, ਇਸ ਲਈ **ਕਲੀਸਿਯਾ ਦੇ ਸੰਤ ਬਿਪਤਾ ਤੋਂ ਪਹਿਲਾਂ ਜੀਅ ਉੱਠਣਗੇ**।

### b. ਬਿਪਤਾ ਵਿੱਚ ਸ਼ਹੀਦ ਹੋਏ ਸੰਤ

**ਬਿਪਤਾ ਦੇ ਸਮੇਂ ਵਿੱਚ ਮਰਨ ਵਾਲੇ ਸੰਤ ਬਿਪਤਾ ਦੇ ਸਮੇਂ ਦੇ ਪੂਰੇ ਹੋਣ ਤੋਂ ਪਹਿਲਾਂ ਜੀਅ ਨਹੀਂ ਉੱਠ ਸਕਦੇ ਹਨ!** ਪ੍ਰਕਾਸ਼ 6:10-11 ਬਿਪਤਾ ਦੇ ਸਮੇਂ ਸ਼ਹੀਦ ਹੋਏ ਸੰਤਾਂ ਦੀਆਂ ਆਤਮਾਵਾਂ ਨੂੰ ਦਿਖਾਉਂਦਾ ਹੈ ਜੋ ਬਿਪਤਾ ਦੇ ਸਮੇਂ ਦਾ ਬਦਲਾ ਲੈਣ ਦੇ ਲਈ ਉੱਚੀ ਆਵਾਜ਼ ਨਾਲ ਬੋਲ ਰਹੀਆਂ ਹਨ। ਪ੍ਰਕਾਸ਼ 20:4-6 ਦੇ ਅਨੁਸਾਰ, ਇਹ ਉਹਨਾਂ ਲੋਕਾਂ ਦੀਆਂ ਆਤਮਾਵਾਂ ਹਨ, ਜਿਹਨਾਂ ਦੇ ਸਿਰ "ਯਿਸੂ ਦੀ ਗਵਾਹੀ" ਦੇ ਕਾਰਨ ਵੱਢ ਦਿੱਤੇ ਗਏ ਸਨ, ਅਤੇ ਜਿਹੜੇ ਹਜ਼ਾਰ ਸਾਲ ਦੇ ਰਾਜ ਤੋਂ ਥੋੜ੍ਹਾ ਪਹਿਲਾਂ ਹੀ "ਜੀਅ-ਉੱਠਦੇ" ਹਨ, ਅਤੇ ਮਸੀਹ ਦੇ ਰਾਜ ਵਿੱਚ ਸਾਂਝੀ ਹੁੰਦੇ ਹਨ। ਇਸ ਸੰਦਰਭ ਵਿੱਚ, ਇਹ ਜੀਅ ਉੱਠਣਾ ਮਸੀਹ ਦੇ ਦੁਬਾਰਾ ਆਉਣ ਅਤੇ ਅਰਮਾਗਿੱਦੋਨ ਦੀ ਲੜਾਈ ਤੋਂ ਬਾਅਦ ਹੁੰਦਾ ਹੈ (ਪ੍ਰਕਾਸ਼ 19:11ff)। ਹਾਲਾਂਕਿ ਬਾਈਬਲ ਬਿਪਤਾ ਦੇ ਸੰਤਾਂ ਨੂੰ ਇਨਾਮ ਦੇਣ ਦਾ ਕੋਈ ਖ਼ਾਸ ਸਮਾਂ ਨਹੀਂ ਦੱਸਦੀ ਹੈ, ਪਿਆਰ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਨੂੰ ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦੌਰਾਨ ਇਨਾਮ ਦਿੱਤਾ ਜਾਂਦਾ ਹੈ।

### c. ਪੁਰਾਣੇ ਨੇਮ ਦੇ ਸੰਤ

ਅਜਿਹੇ ਸਬੂਤ ਹਨ ਜੋ **ਪੁਰਾਣੇ ਨੇਮ ਦੇ ਸੰਤਾਂ ਦੇ ਜੀਅ-ਉੱਠਣ ਨੂੰ ਬਿਪਤਾ ਦੇ ਸਮੇਂ ਤੋਂ ਬਾਅਦ** ਰੱਖਦੇ ਹਨ। ਦਾਨੀਏਲ 12:1 ਬਿਪਤਾ ਦਾ ਜ਼ਿਕਰ ਕਰਦਾ ਹੈ, ਅਤੇ ਦਾਨੀ 12:2 ਜੀਅ-ਉੱਠਣ ਦੇ ਬਾਰੇ ਸਿਖਾਉਂਦਾ ਹੈ। ਦਾਨੀਏਲ 12 ਇਸਰਾਏਲ ਨੂੰ "ਤੇਰੇ ਲੋਕ" (ਦਾਨੀਏਲ ਦੇ ਸਮੇਂ ਦੇ ਲੋਕ) ਨਾਲ ਸੰਬੋਧਿਤ ਕਰਦਾ ਹੈ। ਬਿਪਤਾ ਤੋਂ ਬਾਅਦ "ਬਹੁਤ ਸਾਰੇ" ਯਹੂਦੀ (ਪਰ ਸਾਰੇ ਨਹੀਂ) ਜੀਅ ਉੱਠਣਗੇ। ਬਿਵਸਥਾ ਦੇ ਅਧੀਨ ਮੁਕਤੀ ਤੋਂ ਬਿਨਾਂ ਰਹਿਣ ਇਸਰਾਇਲੀ ਰਾਜ ਦਾ ਆਨੰਦ ਲੈਣ ਦੇ ਲਈ ਜੀਅ ਨਹੀਂ ਉਠਣਗੇ। ਉਹ ਬਾਕੀ "ਮੁਰਦਿਆਂ" ਦੇ ਨਾਲ ਵੱਡੇ ਚਿੱਟੇ ਸਿੰਘਾਸਣ ਦੇ ਸਾਹਮਣੇ ਖੜ੍ਹੇ ਹੋਣ ਦੇ ਲਈ ਜੀਅ ਉੱਠਣਗੇ, ਪਿਆਰ ਮੁਕਤੀ ਪਾਏ ਹੋਏ ਇਸਰਾਇਲੀ ਬਿਪਤਾ ਤੋਂ ਬਾਅਦ ਰਾਜ ਦਾ ਆਨੰਦ ਲੈਣ ਦੇ ਲਈ ਜੀਅ ਉੱਠਣਗੇ।

> "ਉਸ ਵੇਲੇ ਮੀਕਾਏਲ ਉਹ ਵੱਡਾ ਪ੍ਰਧਾਨ ਜੋ **ਤੇਰੇ ਲੋਕਾਂ** ਦੇ ਬੱਚਿਆਂ ਦੀ ਸਹਾਇਤਾ ਲਈ ਖੜ੍ਹਾ ਰਹਿੰਦਾ ਹੈ ਉਹ ਉੱਠੇਗਾ ਤਦ ਅਜਿਹੀ **ਬਿਪਤਾ ਦਾ ਵੇਲਾ ਹੋਵੇਗਾ** ਜਿਹੋ ਜਿਹਾ ਕੌਮ ਦੇ ਮੁੱਢ ਤੋਂ ਲੈ ਕੇ ਉਸ ਵੇਲੇ ਤੱਕ ਕਦੀ ਨਹੀਂ ਹੋਇਆ ਹੋਵੇਗਾ, ਪਰ ਉਸ ਵੇਲੇ **ਤੇਰਿਆਂ ਲੋਕਾਂ** ਵਿੱਚੋਂ ਹਰ ਕੋਈ ਜਿਸ ਦਾ ਨਾਮ **ਪੋਥੀ ਵਿੱਚ ਲਿਖਿਆ ਹੋਇਆ ਹੋਵੇਗਾ** ਉਹੀ ਬਚ ਜਾਵੇਗਾ। **ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੇ ਹੇਠਾਂ ਸੁੱਤੇ ਪਏ ਹਨ ਜਾਗ ਉੱਠਣਗੇ,** ਕਈ ਸਦੀਪਕ ਜੀਉਣ ਲਈ, ਕਈ ਸ਼ਰਮਿੰਦਗੀ ਅਤੇ ਸਦੀਪਕ ਨਿਰਾਦਰੀ ਲਈ।" [ਦਾਨੀ 12:1-2]

ਯਸਾਯਾਹ 26 ਵੀ ਪੁਰਾਣੇ ਨੇਮ ਦੇ ਸੰਤਾਂ ਦੇ ਜੀਅ-ਉੱਠਣ ਬਾਰੇ ਸਿਖਾਉਂਦਾ ਹੈ। ਹਾਲਾਂਕਿ ਯਸਾਯਾਹ 26 ਦਾਨੀਏਲ 12 ਜਿੰਨਾ ਸਪੱਸ਼ਟ ਨਹੀਂ ਹੈ, ਫਿਰ ਵੀ ਇਹ ਦਿਲਚਸਪ ਗੱਲ ਹੈ ਕਿ ਜੀਅ-ਉੱਠਣ ਬਾਰੇ ਦੱਸਣ ਵਾਲੀ ਆਇਤ ਬਿਪਤਾ ਅਤੇ ਮਸੀਹ ਦੇ ਦੁਬਾਰਾ ਆਉਣ ਦੇ ਹਵਾਲਿਆਂ ਦੇ ਵਿਚਕਾਰ ਆਉਂਦੀ ਹੈ।

> "ਅਸੀਂ ਗਰਭੀ ਹੋਏ, **ਅਸੀਂ ਤੜਪ਼ੇ**, ਪਰ ਜਾਣੋ ਅਸੀਂ ਹਵਾ ਹੀ ਜਣੀ! ਅਸੀਂ ਧਰਤੀ ਵਿੱਚ ਬਚਾਓ ਦਾ ਕੋਈ ਕੰਮ ਨਹੀਂ ਕੀਤਾ, ਅਤੇ ਨਾ ਜਗਤ ਦੇ ਵਾਸੀਆਂ ਨੂੰ ਜਨਮ ਦਿੱਤਾ। **ਤੇਰੇ ਮੁਰਦੇ ਜੀਉਣਗੇ, ਉਨ੍ਹਾਂ ਦੀਆਂ ਲੋਥਾਂ ਉੱਠਣਗੀਆਂ।** ਹੇ ਖ਼ਾਕ ਦੇ ਵਾਸੀਓ, ਜਾਗੋ, ਜੈਕਾਰਾ ਗਜਾਓ! ਕਿਉਂ ਜੋ ਤੇਰੀ ਤ੍ਰੇਲ ਬੂਟੀਆਂ ਦੀ ਤ੍ਰੇਲ ਵਰਗੀ ਹੈ, ਅਤੇ ਧਰਤੀ ਮਰੇ ਹੋਇਆਂ ਨੂੰ ਮੋੜ ਦੇਵੇਗੀ...ਵੇਖੋ, **ਯਹੋਵਾਹ ਆਪਣੇ ਸਥਾਨ ਤੋਂ ਨਿੱਕਲ ਰਿਹਾ ਹੈ**, ਤਾਂ ਜੋ ਉਹ ਧਰਤੀ ਦੇ ਵਾਸੀਆਂ ਦੇ ਉੱਤੇ ਉਨ੍ਹਾਂ ਦੀ ਬਦੀ ਦੀ ਸਜ਼ਾ ਦੇਵੇ। ਧਰਤੀ ਆਪਣੇ ਉੱਤੇ ਵਹਾਇਆ ਹੋਇਆ ਖ਼ੂਨ ਪਰਗਟ ਕਰੇਗੀ, ਅਤੇ ਫੇਰ ਆਪਣੇ ਵੱਢੇ ਹੋਇਆਂ ਨੂੰ ਨਾ ਢੱਕੇਗੀ।" [ਯਸਾ 26:18-19, 21]

ਹਿਜ਼ਕੀ 37:12 ਨੂੰ ਇੱਕ ਅਜਿਹਾ ਰੂਪਕ ਮੰਨਿਆ ਜਾ ਸਕਦਾ ਹੈ ਜੋ ਇਸਰਾਏਲ ਦੇ ਇੱਕ ਦੇਸ਼ ਦੇ ਰੂਪ ਵਿੱਚ ਮੁੜ-ਸਥਾਪਿਤ ਹੋਣ ਦੇ ਬਾਰੇ ਦੱਸਦਾ ਹੈ, ਪਰ ਇਸ ਨੂੰ ਸਰੀਰਕ ਤੌਰ ਤੇ ਜੀਅ-ਉੱਠਣ ਦਾ ਹਵਾਲਾ ਵੀ ਮੰਨਿਆ ਜਾ ਸਕਦਾ ਹੈ। ਜੇਕਰ ਦੂਜਾ ਵਿਚਾਰ ਸਹੀ ਹੈ, ਤਾਂ ਇਸ ਦਾ ਸੰਦਰਭ ਪੁਰਾਣੇ ਨੇਮ ਦੇ ਸੰਤਾਂ ਦੇ ਜੀਅ-ਉੱਠਣ ਨੂੰ ਬਿਪਤਾ ਤੋਂ ਬਾਅਦ ਅਤੇ ਹਜ਼ਾਰ ਸਾਲ ਦੇ ਰਾਜ ਤੋਂ ਠੀਕ ਪਹਿਲਾਂ ਰੱਖਦਾ ਹੈ, ਜਿਸ ਨੂੰ ਹਿਜ਼ਕੀਏਲ 37:24 ਵਿੱਚ ਦਾਊਦ ਦਾ ਰਾਜ ਕਿਹਾ ਗਿਆ ਹੈ।

> "ਇਸ ਲਈ ਤੂੰ ਭਵਿੱਖਬਾਣੀ ਕਰ ਅਤੇ ਇਹਨਾਂ ਨੂੰ ਆਖ, ਪ੍ਰਭੂ ਯਹੋਵਾਹ ਇਹ ਆਖਦਾ ਹੈ, ਹੇ ਮੇਰੇ ਲੋਕੋ, **ਦੇਖੋ! ਮੈਂ ਤੁਹਾਡੀਆਂ ਕਬਰਾਂ ਨੂੰ ਖੋਲ੍ਹਾਂਗਾ** ਅਤੇ ਤੁਹਾਨੂੰ ਉਹਨਾਂ ਵਿੱਚੋਂ ਬਾਹਰ ਕੱਢਾਂਗਾ ਅਤੇ ਇਸਰਾਏਲ ਦੀ ਭੂਮੀ ਵਿੱਚ ਲਿਆਵਾਂਗਾ। ਹੇ ਮੇਰੇ ਲੋਕੋ, ਜਦੋਂ ਮੈਂ ਤੁਹਾਡੀਆਂ ਕਬਰਾਂ ਨੂੰ ਖੋਲ੍ਹਾਂਗਾ ਅਤੇ **ਤੁਹਾਨੂੰ ਤੁਹਾਡੀਆਂ ਕਬਰਾਂ ਵਿੱਚੋਂ ਬਾਹਰ ਕੱਢਾਂਗਾ**, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ! ਮੈਂ ਆਪਣਾ ਸਾਹ ਤੁਹਾਡੇ ਵਿੱਚ ਪਾਵਾਂਗਾ ਅਤੇ **ਤੁਸੀਂ ਜੀਉਂਦੇ ਹੋ ਜਾਵੋਗੇ।** ਮੈਂ ਤੁਹਾਨੂੰ ਤੁਹਾਡੀ ਭੂਮੀ ਉੱਤੇ ਵਸਾਵਾਂਗਾ, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਨੇ ਆਖਿਆ ਹੈ ਅਤੇ ਮੈਂ ਹੀ ਪੂਰਾ ਕੀਤਾ, ਯਹੋਵਾਹ ਦਾ ਵਾਕ ਹੈ...**ਮੇਰਾ ਦਾਸ ਦਾਊਦ ਉਹਨਾਂ ਉੱਤੇ ਰਾਜਾ ਹੋਵੇਗਾ** ਅਤੇ ਉਹਨਾਂ ਸਾਰਿਆਂ ਦਾ ਇੱਕੋ ਹੀ

ਆਜੜੀ ਹੋਵੇਗਾ। ਉਹ ਮੇਰੇ ਹੁਕਮਾਂ ਵਿੱਚ ਚੱਲਣਗੇ ਅਤੇ ਮੇਰੀਆਂ ਬਿਧੀਆਂ ਨੂੰ ਮੰਨ ਕੇ ਉਹਨਾਂ ਦੀ ਪਾਲਣਾ ਕਰਨਗੇ।" [ਹਿਜ਼ਕੀ 37:12-14, 24]

ਇਹ ਵਧੀਆ ਹੈ ਕਿ ਕਲੀਸਿਯਾ ਦੇ ਜੀਅ-ਉੱਠਣ ਨੂੰ ਰੈਪਚਰ ਦੇ ਸਮੇਂ, ਅਤੇ ਬਿਪਤਾ ਦੌਰਾਨ ਸ਼ਹੀਦ ਹੋਏ ਸੰਤਾਂ ਅਤੇ ਪੁਰਾਣੇ ਨੇਮ ਦੇ ਸੰਤਾਂ ਦੇ ਜੀਅ-ਉੱਠਣ ਤੋਂ ਬਾਅਦ ਰੱਖਿਆ ਜਾਵੇ। ਇਹ ਸੰਭਵ ਹੈ ਕਿ ਇਹ ਸੰਤ ਇਸ ਸਮੇਂ ਇਨਾਮ ਪ੍ਰਾਪਤ ਕਰਦੇ ਹਨ (ਦੇਖੋ, ਲੂਕਾ 14:14)। ਅਜਿਹਾ ਲੱਗਦਾ ਹੈ ਕਿ ਜਿਵੇਂ ਇਹਨਾਂ ਦਾ ਜੀਅ-ਉੱਠਣਾ ਬਿਪਤਾ ਵਿੱਚ ਬਚ ਗਏ ਇਸਰਾਏਲੀਆਂ ਅਤੇ ਕੌਮਾਂ ਦੇ ਨਿਆਂ ਤੋਂ ਪਹਿਲਾਂ ਹੁੰਦਾ ਹੈ, ਕਿਉਂਕਿ ਪ੍ਰਭੂ ਨੇ ਚੇਤਾਵਨੀ ਦਿੱਤੀ ਸੀ ਕਿ ਅਵਿਸ਼ਵਾਸੀ ਯਹੂਦੀ ਉਸ ਸਮੇਂ ਰੋਣਗੇ ਜਦੋਂ ਉਹ ਗ਼ੈਰ-ਯਹੂਦੀਆਂ ਨੂੰ "ਅਬਰਾਹਾਮ, ਇਸਹਾਕ, ਯਾਕੂਬ, ਅਤੇ ਸਾਰੇ ਨਬੀਆਂ ਨਾਲ ਦਾਵਤ ਕਰਦੇ ਹੋਏ ਦੇਖਣਗੇ" ਜਦੋਂ ਕਿ ਉਹ ਆਪ ਰਾਜ ਦੇ ਬਾਹਰ ਰਹਿ ਜਾਣਗੇ (ਮੱਤੀ 8:11-12; ਲੂਕਾ 13:28-29)।[48]

### d. ਹਜ਼ਾਰ ਸਾਲ ਦੇ ਰਾਜ ਦੇ ਸੰਤ

ਹਾਲਾਂਕਿ ਹਜ਼ਾਰ ਸਾਲ ਦੇ ਰਾਜ ਵਿੱਚ ਪਾਪ ਦੇ ਸਰਾਪ ਦੇ ਪ੍ਰਭਾਵ ਬਹੁਤ ਘੱਟ ਹੋ ਜਾਣਗੇ, ਫਿਰ ਵੀ ਉਹ ਪੂਰੀ ਤਰ੍ਹਾਂ ਨਾਲ ਖ਼ਤਮ ਨਹੀਂ ਹੁੰਦੇ ਹਨ। ਲੋਕਾਂ ਦੀ ਉਮਰ ਲੰਬੀ ਹੋ ਜਾਵੇਗੀ, ਪਰ ਮੌਤ ਅਜੇ ਵੀ ਇੱਕ ਅਸਲੀਅਤ ਹੋਵੇਗੀ (ਦੇਖੋ, ਯਸਾ 65:20)। ਇਹ ਮੰਨਣਾ ਠੀਕ ਹੋਵੇਗਾ ਕਿ ਹਜ਼ਾਰ ਸਾਲ ਦੇ ਰਾਜ ਦੇ ਯੁੱਗ ਵਿੱਚ ਸੰਤਾਂ ਦੀ ਮੌਤ ਹੋਵੇਗੀ, ਹਾਲਾਂਕਿ ਕੁਝ ਸੰਤ ਕਈ ਸੈਂਕੜੇ ਸਾਲ ਜਿਊਂਦੇ ਹਨ। ਬਾਈਬਲ ਉਹਨਾਂ ਦੇ ਜੀਅ-ਉੱਠਣ ਅਤੇ ਇਨਾਮਾਂ ਬਾਰੇ ਕੁਝ ਨਹੀਂ ਦੱਸਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਹਰੇਕ ਸੰਤ ਮਰਨ ਵੇਲੇ ਹੀ ਜੀਅ ਉੱਠੇਗਾ ਅਤੇ ਤੁਰੰਤ ਆਪਣਾ ਇਨਾਮ ਪ੍ਰਾਪਤ ਕਰੇਗਾ। ਪਰ ਕੁਝ ਲੋਕ ਇਹ ਮੰਨਦੇ ਹਨ ਕਿ ਹਜ਼ਾਰ ਸਾਲ ਦੇ ਰਾਜ ਦੇ ਅੰਤ ਹੋਣ ਤੋਂ ਬਾਅਦ, ਸਾਰੇ ਸੰਤ ਸਮੂਹਕ ਰੂਪ ਵਿੱਚ ਜੀਅ ਉੱਠਣਗੇ।

ਹਾਲਾਂਕਿ ਹਜ਼ਾਰ ਸਾਲ ਦੇ ਰਾਜ ਵਿੱਚ ਪਾਪ ਦੇ ਸਰਾਪ ਦੇ ਪ੍ਰਭਾਵ ਬਹੁਤ ਘੱਟ ਹੋ ਜਾਣਗੇ, ਫਿਰ ਵੀ ਉਹ ਪੂਰੀ ਤਰ੍ਹਾਂ ਨਾਲ ਖ਼ਤਮ ਨਹੀਂ ਹੁੰਦੇ ਹਨ। ਲੋਕਾਂ ਦੀ ਉਮਰ ਲੰਬੀ ਹੋ ਜਾਵੇਗੀ, ਪਰ ਮੌਤ ਅਜੇ ਵੀ ਇੱਕ ਅਸਲੀਅਤ ਹੋਵੇਗੀ (ਦੇਖੋ, ਯਸਾ 65:20)। ਇਹ ਮੰਨਣਾ ਠੀਕ ਹੋਵੇਗਾ ਕਿ ਹਜ਼ਾਰ ਸਾਲ ਦੇ ਰਾਜ ਦੇ ਯੁੱਗ ਵਿੱਚ ਸੰਤਾਂ ਦੀ ਮੌਤ ਹੋਵੇਗੀ, ਹਾਲਾਂਕਿ ਕੁਝ ਸੰਤ ਕਈ ਸੈਂਕੜੇ ਸਾਲ ਜਿਊਂਦੇ ਹਨ। ਬਾਈਬਲ ਉਹਨਾਂ ਦੇ ਜੀਅ-ਉੱਠਣ ਅਤੇ ਇਨਾਮਾਂ ਬਾਰੇ ਕੁਝ ਨਹੀਂ ਦੱਸਦੀ ਹੈ। ਕੁਝ ਲੋਕਾਂ ਦਾ ਵਿਚਾਰ ਹੈ ਕਿ ਹਰੇਕ ਸੰਤ ਮਰਨ ਵੇਲੇ ਹੀ ਜੀਅ ਉੱਠੇਗਾ ਅਤੇ ਤੁਰੰਤ ਆਪਣਾ ਇਨਾਮ ਪ੍ਰਾਪਤ ਕਰੇਗਾ। ਪਰ ਕੁਝ ਲੋਕ ਇਹ ਮੰਨਦੇ ਹਨ ਕਿ ਹਜ਼ਾਰ ਸਾਲ ਦੇ ਰਾਜ ਦੇ ਅੰਤ ਹੋਣ ਤੋਂ ਬਾਅਦ, ਸਾਰੇ ਸੰਤ ਸਮੂਹਕ ਰੂਪ ਵਿੱਚ ਜੀਅ ਉੱਠਣਗੇ।

## C. ਇਸਰਾਏਲ ਦਾ ਨਿਆਂ

### 1. ਹਵਾਲੇ

ਹਿਜ਼ਕੀਏਲ 20 ਅਤੇ ਮਲਾਕੀ 3 ਇਸਰਾਏਲ ਦੇ ਭਵਿੱਖ ਦੇ ਨਿਆਂ ਦੀ ਚੇਤਾਵਨੀ ਦਿੰਦੇ ਹਨ। ਇਸ ਤੋਂ ਇਲਾਵਾ, ਮਸੀਹ ਦੇ ਕਈ ਦ੍ਰਿਸ਼ਟਾਂਤ ਇੱਕ ਅਜਿਹੇ ਮਾਲਕ ਦੀ ਗੱਲ ਕਰਦੇ ਹਨ ਜਿਹੜਾ ਵਾਪਸ ਆਉਂਦਾ ਹੈ ਅਤੇ ਆਪਣੇ ਨਿਕੰਮੇ ਸੇਵਕਾਂ ਨੂੰ ਬਾਹਰਲੇ ਹਨੇਰੇ ਵਿੱਚ ਸੁੱਟ ਦਿੰਦਾ ਹੈ (ਦੇਖੋ, ਲੂਕਾ 12:41ff., ਖ਼ਾਸ ਕਰਕੇ ਆਇਤ 46; ਲੂਕਾ 19:14 ਅਤੇ 27; ਮੱਤੀ 25:14ff., ਖ਼ਾਸ ਕਰਕੇ ਆਇਤ 30)। ਸਦੀਪਕ ਸੁਰੱਖਿਆ ਦਾ ਸਿਧਾਂਤ ਸਾਨੂੰ ਅਜਿਹਾ ਵਿਚਾਰ ਬਣਾਏ ਰੱਖਣ ਦੇ ਲਈ ਮਜਬੂਰ ਕਰਦਾ ਹੈ ਕਿ ਇਹ "ਸੇਵਕ" ਜੋ ਦੁੱਖ ਵਿੱਚ ਜਾਂਦੇ ਹਨ, ਉਹ ਕਲੀਸਿਯਾ ਦਾ ਹਿੱਸਾ ਨਹੀਂ ਹਨ, ਪਰ ਮੁਕਤੀ ਨਾ ਪਾਏ ਹੋਏ ਯਹੂਦੀ ਹਨ। ਯਹੂਦੀ ਹੋਣ ਦੇ ਨਾਤੇ, ਉਹ ਪਰਮੇਸ਼ਰ ਦੇ ਸੇਵਕ ਹਨ। ਫਿਰ ਵੀ ਮਸੀਹ ਦੇ ਆਉਣ ਵੇਲੇ ਕੁਝ ਲੋਕ ਰਾਜ ਦੀਆਂ ਬਰਕਤਾਂ ਤੋਂ ਵਾਂਝੇ ਰਹਿਣਗੇ। ਇਸਰਾਏਲ ਦੇ ਭਵਿੱਖ ਦੇ ਨਿਆਂ ਬਾਰੇ ਵੇਰਵੇ ਮੁੱਖ ਰੂਪ ਵਿੱਚ ਪੁਰਾਣੇ ਨੇਮ ਤੋਂ ਹੀ ਆਉਂਦੇ ਹਨ।

> "ਪ੍ਰਭੂ ਯਹੋਵਾਹ ਦਾ ਵਾਕ ਹੈ, ਮੈਨੂੰ ਆਪਣੀ ਜਾਨ ਦੀ ਸਹੁੰ, ਮੈਂ ਆਪਣੇ ਬਲਵਾਨ ਹੱਥ ਨਾਲ ਅਤੇ ਪਸਾਰੀ ਹੋਈ ਬਾਂਹ ਨਾਲ ਤੁਹਾਡੇ ਉੱਤੇ ਕਹਿਰ ਵਹਾ ਕੇ ਤੁਹਾਡੇ ਉੱਤੇ ਰਾਜ ਕਰਾਂਗਾ। ਮੈਂ ਬਲਵਾਨ ਹੱਥ ਅਤੇ ਪਸਾਰੀ ਹੋਈ ਬਾਂਹ ਨਾਲ ਕਹਿਰ ਵਹਾ ਕੇ ਤੁਹਾਨੂੰ ਲੋਕਾਂ ਵਿੱਚੋਂ ਕੱਢ ਲਿਆਵਾਂਗਾ ਅਤੇ ਉਹਨਾਂ ਦੇਸਾਂ ਵਿੱਚੋਂ ਜਿਹਨਾਂ ਵਿੱਚ ਤੁਸੀਂ ਖਿੰਲਰੇ ਹੋ ਇਕੱਠਿਆਂ ਕਰਾਂਗਾ। ਮੈਂ ਤੁਹਾਨੂੰ ਲੋਕਾਂ ਦੀ ਉਜਾੜ ਵਿੱਚ ਲਿਆਵਾਂਗਾ ਅਤੇ ਉੱਥੇ ਆਹਮੋ-ਸਾਹਮਣੇ ਤੁਹਾਡਾ ਨਿਆਂ ਕਰਾਂਗਾ। ਜਿਵੇਂ ਮੈਂ ਤੁਹਾਡੇ ਪੁਰਖਿਆਂ ਦਾ ਮਿਸਰ ਦੇਸ ਦੀ ਉਜਾੜ ਵਿੱਚ ਨਿਆਂ ਕੀਤਾ, ਪ੍ਰਭੂ ਯਹੋਵਾਹ ਦਾ ਵਾਕ ਹੈ, **ਉਸੇ ਤਰ੍ਹਾਂ ਹੀ ਮੈਂ ਤੁਹਾਡਾ ਵੀ ਨਿਆਂ ਕਰਾਂਗਾ। ਮੈਂ ਤੁਹਾਨੂੰ ਆਂਸੇ ਦੇ ਹੇਠੋਂ ਦੀ ਲੰਘਾਵਾਂਗਾ** ਅਤੇ ਨੇਮ ਦੇ ਬੰਧਨ ਵਿੱਚ ਲਿਆਵਾਂਗਾ। **ਮੈਂ ਤੁਹਾਡੇ ਵਿੱਚੋਂ ਉਹਨਾਂ ਲੋਕਾਂ ਨੂੰ ਜਿਹੜੇ ਮੇਰੇ ਵਿਰੁੱਧ ਬਾਗੀ ਹਨ ਅੱਡ ਕਰਾਂਗਾ,** ਮੈਂ ਉਹਨਾਂ ਨੂੰ ਉਸ ਦੇਸ ਵਿੱਚੋਂ ਜਿੱਥੇ ਉਹ ਪਰਦੇਸੀ ਹਨ, ਬਾਹਰ ਕੱਢ ਲਿਆਵਾਂਗਾ

[48] ਜੇਕਰ ਇਹ ਅਵਿਸ਼ਵਾਸੀ ਯਹੂਦੀ ਬਿਪਤਾ ਦੇ ਸਮੇਂ ਵਿੱਚੋਂ ਬਚ ਨਿਕਲੇ ਲੋਕ ਹਨ, ਜਿਹੜੇ ਗ਼ੈਰ-ਯਹੂਦੀਆਂ ਨੂੰ ਯਹੂਦੀ ਪੁਰਖਿਆਂ ਦੇ ਨਾਲ ਇੱਕ ਲੰਬੇ ਰਾਜ ਦਾ ਆਨੰਦ ਲੈਣ ਦੇ ਲਈ ਪ੍ਰਵੇਸ਼ ਕਰਦੇ ਹੋਏ ਦੇਖਣਗੇ, ਤਾਂ ਪ੍ਰਭੂ ਦੀ ਇਸ ਚੇਤਾਵਨੀ ਦਾ ਰਾਜ ਵਿੱਚ ਪ੍ਰਵੇਸ਼ ਕਰਨ ਦੇ ਨਾਲ ਸਿੱਧਾ ਸੰਬੰਧ ਸਥਾਪਿਤ ਹੋ ਜਾਂਦਾ ਹੈ। ਪਰ, ਪ੍ਰਭੂ ਯਿਸੂ ਦੀ ਇਸ ਭਵਿੱਖਬਾਣੀ ਨੂੰ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦੇ ਸਮੇਂ ਵੀ ਪੂਰਾ ਹੁੰਦੇ ਹੋਏ ਦੇਖਿਆ ਜਾ ਸਕਦਾ ਹੈ ਜਿੱਥੇ ਅਵਿਸ਼ਵਾਸੀ ਯਹੂਦੀ ਮੁਕਤੀ ਪਾਏ ਹੋਏ ਗ਼ੈਰ-ਯਹੂਦੀਆਂ ਨੂੰ ਅਬਰਾਹਾਮ, ਇਸਹਾਕ ਅਤੇ ਯਾਕੂਬ ਦੇ ਨਾਲ ਆਨੰਦ ਲੈਂਦੇ ਹੋਏ ਦੇਖਣਗੇ।

ਪਰ ਉਹ ਇਸਰਾਏਲ ਦੇ ਦੇਸ ਵਿੱਚ ਨਾ ਵੜਨਗੇ ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ। ਤੈਨੂੰ ਹੇ ਇਸਰਾਏਲ ਦੇ ਘਰਾਣੇ, ਪ੍ਰਭੂ ਯਹੋਵਾਹ ਇਹ ਆਖਦਾ ਹੈ, ਜਾਓ ਅਤੇ ਆਪਣੀ-ਆਪਣੀ ਮੂਰਤੀ ਦੀ ਪੂਜਾ ਕਰੋ ਅਤੇ ਅੱਗੇ ਨੂੰ ਵੀ, ਜੇਕਰ ਤੁਸੀਂ ਮੇਰੀ ਨਾ ਸੁਣੋਗੇ, ਪਰ ਆਪਣੀਆਂ ਭੇਟਾਂ ਨਾਲ ਅਤੇ ਆਪਣੀਆਂ ਮੂਰਤੀਆਂ ਨਾਲ ਮੇਰੇ ਪਵਿੱਤਰ ਨਾਮ ਨੂੰ ਅੱਗੇ ਨੂੰ ਪਲੀਤ ਨਾ ਕਰੋਗੇ। ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ, ਮੇਰੇ ਪਵਿੱਤਰ ਪਰਬਤ ਅਰਥਾਤ ਇਸਰਾਏਲ ਦੇ ਉੱਚੇ ਪਰਬਤ ਤੇ ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ। ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ ਅਤੇ ਉੱਥੇ ਤੁਹਾਡੀਆਂ ਚੁੱਕਣ ਦੀਆਂ ਭੇਟਾਂ, ਤੁਹਾਡੇ ਚੜ੍ਹਾਵੇ ਦੇ ਪਹਿਲੇ ਫਲ ਅਤੇ ਤੁਹਾਡੀਆਂ ਸਾਰੀਆਂ ਪਵਿੱਤਰ ਵਸਤਾਂ ਮੰਗਾਂਗਾ। ਜਦੋਂ ਮੈਂ ਤੁਹਾਨੂੰ ਲੋਕਾਂ ਵਿੱਚੋਂ ਕੱਢ ਲਿਆਵਾਂਗਾ ਅਤੇ ਉਹਨਾਂ ਦੇਸਾਂ ਵਿੱਚੋਂ ਜਿੱਥੇ ਤੁਸੀਂ ਖਿੱਲਰ ਗਏ ਸੀ, ਇਕੱਠਾ ਕਰਾਂਗਾ ਤਦ ਮੈਂ ਤੁਹਾਨੂੰ ਸੁਗੰਧੀ ਧੂਫ਼ ਨਾਲ ਪਰਵਾਨ ਕਰਾਂਗਾ ਅਤੇ ਕੌਮਾਂ ਦੇ ਸਾਹਮਣੇ ਮੈਂ ਆਪਣੀ ਪਵਿੱਤਰਤਾਈ ਤੁਹਾਡੇ ਦੁਆਰਾ ਪਰਗਟ ਕਰਾਂਗਾ। ਜਦੋਂ ਮੈਂ ਤੁਹਾਨੂੰ ਇਸਰਾਏਲ ਦੀ ਭੂਮੀ ਤੋਂ ਅਰਥਾਤ ਉਸ ਧਰਤੀ ਤੇ ਜਿਸ ਦੇ ਲਈ ਮੈਂ ਸਹੁੰ ਖਾਧੀ ਕਿ ਤੁਹਾਡੇ ਪੁਰਖਿਆਂ ਨੂੰ ਦੇਵਾਂ, ਲੈ ਆਵਾਂਗਾ, ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ। ਉੱਥੇ ਤੁਸੀਂ ਆਪਣਿਆਂ ਮਾਰਗਾਂ ਅਤੇ ਆਪਣਿਆਂ ਸਾਰਿਆਂ ਕੰਮਾਂ ਨੂੰ ਜਿਹਨਾਂ ਵਿੱਚ ਤੁਸੀਂ ਭਰਿਸ਼ਟ ਹੋਏ, ਯਾਦ ਕਰੋਗੇ ਅਤੇ ਤੁਸੀਂ ਆਪਣੀ ਸਾਰੀ ਬੁਰਿਆਈ ਦੇ ਕਾਰਨ ਜੋ ਤੁਸੀਂ ਕੀਤੀ, ਆਪਣੀ ਹੀ ਨਜ਼ਰ ਵਿੱਚ ਘਿਣਾਉਣੇ ਹੋਵੋਗੇ। ਪ੍ਰਭੂ ਯਹੋਵਾਹ ਦਾ ਵਾਕ ਹੈ, ਹੇ ਇਸਰਾਏਲ ਦੇ ਘਰਾਣੇ, ਜਦੋਂ ਮੈਂ ਤੁਹਾਡੇ ਬੁਰਿਆਂ ਮਾਰਗਾਂ ਅਤੇ ਕੁਕਰਮਾਂ ਦੇ ਅਨੁਸਾਰ ਨਹੀਂ, ਸਗੋਂ ਆਪਣੇ ਨਾਮ ਦੇ ਨਮਿੱਤ ਤੁਹਾਡੇ ਨਾਲ ਵਰਤਾਓ ਕਰਾਂਗਾ, ਤਾਂ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ। [ਹਿਜ਼ਕੀ 20:33-44]

“ਦੇਖੋ, ਮੈਂ ਆਪਣੇ ਦੂਤ ਨੂੰ ਭੇਜਦਾ ਹਾਂ, ਉਹ ਮੇਰੇ ਅੱਗੇ ਰਾਹ ਨੂੰ ਤਿਆਰ ਕਰੇਗਾ ਅਤੇ **ਪ੍ਰਭੂ** ਜਿਹ ਨੂੰ ਤੁਸੀਂ ਭਾਲਦੇ ਹੋ **ਅਚਾਨਕ ਆਪਣੀ ਹੈਕਲ ਵਿੱਚ ਆ ਜਾਵੇਗਾ**, ਹਾਂ, ਨੇਮ ਦਾ ਦੂਤ ਜਿਸ ਤੋਂ ਤੁਸੀਂ ਖੁਸ਼ ਹੋ, - ਵੇਖੋ, ਉਹ ਆਉਂਦਾ ਹੈ, ਸੈਨਾਂ ਦਾ ਯਹੋਵਾਹ ਆਖਦਾ ਹੈ। ਪਰ ਉਸ ਦੇ ਆਉਣ ਦੇ ਦਿਨ ਨੂੰ ਕੌਣ ਸਹਾਰ ਸਕਦਾ ਹੈ ਅਤੇ ਜਦ ਉਹ ਪਰਗਟ ਹੋਵੇਗਾ ਤਦ ਕੌਣ ਖੜ੍ਹਾ ਰਹਿ ਸਕੇਗਾ? ਕਿਉਂ ਜੋ ਉਹ ਸੁਨਿਆਰੇ ਦੀ ਅੱਗ ਅਤੇ ਧੋਬੀ ਦੇ ਸਾਬਣ ਵਰਗਾ ਹੈ। ਉਹ ਚਾਂਦੀ ਨੂੰ ਤਾਉਣ ਅਤੇ ਸਾਫ਼ ਕਰਨ ਲਈ ਬੈਠੇਗਾ, ਉਹ ਲੇਵੀਆਂ ਨੂੰ ਚਾਂਦੀ ਵਾਂਗੂੰ ਸਾਫ਼ ਕਰੇਗਾ, ਉਹਨਾਂ ਨੂੰ ਸੋਨੇ ਵਾਂਗੂੰ ਅਤੇ ਚਾਂਦੀ ਵਾਂਗੂੰ ਤਾਵੇਗਾ ਅਤੇ ਉਹ ਯਹੋਵਾਹ ਲਈ ਯੋਗ ਭੇਟ ਚੜ੍ਹਾਉਣਗੇ। ਤਦ ਯਹੂਦਾਹ ਅਤੇ ਯਰੂਸ਼ਲਮ ਦੀ ਭੇਟ ਯਹੋਵਾਹ ਨੂੰ ਪਸੰਦ ਆਵੇਗੀ, ਜਿਵੇਂ ਪ੍ਰਾਚੀਨ ਦਿਨਾਂ ਵਿੱਚ ਅਤੇ ਜਿਵੇਂ ਪਿੱਛਲਿਆਂ ਸਾਲਾਂ ਵਿੱਚ ਪਸੰਦ ਆਉਂਦੀ ਸੀ। **ਮੈਂ ਨਿਆਂ ਕਰਨ ਲਈ ਤੁਹਾਡੇ ਨੇੜੇ ਆਵਾਂਗਾ,** ਮੈਂ ਚੁਸਤ ਗਵਾਹ ਹੋਵਾਂਗਾ, ਜਾਦੂਗਰਾਂ, ਵਿਭਚਾਰੀਆਂ ਅਤੇ ਝੂਠੀ ਸਹੁੰ ਖਾਣ ਵਾਲਿਆਂ ਦੇ ਵਿਰੁੱਧ, ਮਜ਼ਦੂਰ ਨੂੰ ਮਜ਼ਦੂਰੀ ਲਈ ਦੁੱਖ ਦੇਣ ਵਾਲਿਆਂ ਦੇ ਵਿਰੁੱਧ, ਵਿਧਵਾ ਅਤੇ ਅਨਾਥ ਨੂੰ ਦੁੱਖ ਦੇਣ ਵਾਲਿਆਂ ਦੇ ਵਿਰੁੱਧ ਜੋ ਪਰਦੇਸੀ ਨੂੰ ਮੋੜ ਦਿੰਦੇ ਹਨ ਅਤੇ ਮੇਰੇ ਕੋਲੋਂ ਨਹੀਂ ਡਰਦੇ ਉਨ੍ਹਾਂ ਦੇ ਵਿਰੁੱਧ ਛੇਤੀ ਨਾਲ ਗਵਾਹੀ ਦੇਵਾਂਗਾ, ਸੈਨਾਂ ਦਾ ਯਹੋਵਾਹ ਆਖਦਾ ਹੈ। ਕਿਉਂ ਜੋ ਮੈਂ ਯਹੋਵਾਹ ਅਟੱਲ ਹਾਂ। ਇਸੇ ਕਾਰਨ, ਹੇ ਯਾਕੂਬ ਦੇ ਪੁੱਤਰੋ, ਤੁਸੀਂ ਨਾਸ ਨਹੀਂ ਹੋਏ।” [ਮਲਾਕੀ 3:1-6]

## 2. ਇਸਰਾਏਲ ਦੇ ਨਿਆਂ ਦੇ ਪਾਤਰ

ਹਿਜ਼ਕੀਏਲ 20 ਅਤੇ ਮਲਾਕੀ 3 **ਇਸਰਾਏਲ** ਦੇ ਨਿਆਂ ਦਾ ਹਵਾਲਾ ਦਿੰਦੇ ਹਨ, ਜੋ ਖ਼ਾਸ ਤੌਰ ਤੇ **ਜੀਅ ਉੱਠਣ ਵਾਲੇ ਇਸਰਾਏਲ ਦੀ ਬਜਾਏ ਜੀਵਿਤ ਇਸਰਾਏਲ** ਦੇ ਬਾਰੇ ਹੈ। ਹਿਜ਼ਕੀ 20:39-40 "ਇਸਰਾਏਲ ਦੇ ਘਰਾਣੇ" ਨੂੰ ਸੰਬੋਧਿਤ ਕਰਦਾ ਹੈ। ਆਇਤ 42 ਇਹ ਦੱਸਦੀ ਹੈ ਕਿ ਜਿਹਨਾਂ ਦਾ ਨਿਆਂ ਕੀਤਾ ਜਾ ਰਿਹਾ ਹੈ, ਇਸਰਾਏਲ ਦੇਸ਼ ਉਹਨਾਂ ਦੇ ਪੁਰਖਿਆਂ ਦਾ ਦੇਸ਼ ਹੈ। ਆਇਤ 36 ਉਹਨਾਂ ਦੇ ਪੁਰਖਿਆਂ ਬਾਰੇ ਦੱਸਦੀ ਹੈ ਕਿ ਉਹ "ਮਿਸਰ ਦੇਸ਼ ਦੇ ਉਜਾੜ ਵਿੱਚ" ਸਨ। ਇਹ ਇਸਰਾਇਲੀ ਸਨ। ਆਇਤ 34 ਦੱਸਦੀ ਹੈ ਕਿ ਜਿਹਨਾਂ ਦਾ ਨਿਆਂ ਕੀਤਾ ਜਾ ਰਿਹਾ ਹੈ ਉਹਨਾਂ ਨੂੰ " ਕੌਮਾਂ ਵਿੱਚੋਂ ਬਾਹਰ" ਲਿਆਂਦਾ ਜਾਵੇਗਾ। ਮਲਾਕੀ 3 ਵੀ ਸਪੱਸ਼ਟ ਰੂਪ ਵਿੱਚ "ਲੇਵੀ ਦੇ ਪੁੱਤਰਾਂ" (ਆਇਤ 3) "ਯਹੂਦਾਹ ਅਤੇ ਯਰੂਸ਼ਲਮ" (ਆਇਤ 4) ਅਤੇ "ਯਾਕੂਬ ਦੇ ਪੁੱਤਰਾਂ" ਦੇ ਨਿਆਂ ਦੀ ਗੱਲ ਕਰਦਾ ਹੈ (ਆਇਤ 6)। ਇਸ ਤਰ੍ਹਾਂ, ਇਹ ਇਸਰਾਏਲ ਦਾ ਨਿਆਂ ਹੈ।

ਇਹਨਾਂ ਵਿੱਚੋਂ ਕੋਈ ਵੀ ਅਧਿਆਇ ਮੁਰਦਿਆਂ ਵਿੱਚੋਂ ਜੀਅ-ਉੱਠਣ ਬਾਰੇ ਨਹੀਂ ਸਿਖਾਉਂਦਾ ਹੈ। ਇਸ ਦੇ ਉਲਟ, ਹਿਜ਼ਕੀਏਲ ਦੇ ਮਨ ਵਿੱਚ ਜਿਹੜੇ ਲੋਕ ਹਨ, ਉਹ ਕਬਰਾਂ ਵਿੱਚੋਂ ਨਹੀਂ ਬਲਕਿ ਉਹਨਾਂ ਦੇਸ਼ਾਂ ਵਿੱਚੋਂ ਆਉਂਦੇ ਹਨ ਜਿੱਥੇ ਉਹ ਪਰਵਾਸੀ ਹੋ ਕੇ ਰਹਿ ਰਹੇ ਸਨ (ਆਇਤਾਂ 34 ਅਤੇ 38)। ਇਹ ਨਿਆਂ ਦਾ ਸੰਬੰਧ **ਜੀਵਿਤ** ਇਸਰਾਏਲ ਨਾਲ ਹੈ; ਇਹ ਉਹ ਨਿਆਂ ਨਹੀਂ ਹੈ ਜੋ ਪੁਰਾਣੇ ਨੇਮ ਦੇ ਜੀਅ-ਉੱਠੇ ਸੰਤਾਂ ਦਾ ਨਿਆਂ ਹੈ।

## 3. ਜੀਵਿਤ ਇਸਰਾਏਲ ਦੇ ਨਿਆਂ ਦਾ ਸਮਾਂ

ਹਿਜ਼ਕੀ 20:34-38 ਇੱਕ ਵਿਗਾੜ ਤੋਂ ਬਾਅਦ ਬਹਾਲੀ ਦੇ ਸਮੇਂ ਦੀ ਗੱਲ ਕਰਦਾ ਹੈ। ਇਹ ਪਰਮੇਸ਼ਰ ਦੇ ਸਿੱਧੇ ਸ਼ਾਸਨ ਦਾ ਸਮਾਂ ਹੈ, ਕਿਉਂਕਿ ਇਹ ਨਿਆਂ ਰਾਜਾ ਪਰਮੇਸ਼ਰ (ਆਇਤ 33) ਦੇ "ਆਹਮੋ-ਸਾਹਮਣੇ" ਹੋਣ ਵਾਲਾ ਹੈ (ਆਇਤ 35)। ਇਹ ਉਹ ਸਮਾਂ ਹੈ ਜਦੋਂ ਇਸਰਾਏਲ ਨਾਲ ਨਵੇਂ

ਨੇਮ ਦੀ ਪੁਸ਼ਟੀ ਕੀਤੀ ਜਾਵੇਗੀ (ਆਇਤ 37)। ਇਸ ਨਿਆਂ ਤੋਂ ਬਾਅਦ ਜੋ ਵੀ ਇਸਰਾਏਲ ਵਿੱਚ ਰਹਿ ਜਾਵੇਗਾ, ਉਹ ਮੁਕਤੀ ਪਾਇਆ ਹੋਇਆ ਹੋਵੇਗਾ ਕਿਉਂਕਿ ਆਇਤ 40 ਦੱਸਦੀ ਹੈ "...**ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ**। ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ" (ਆਇਤ 43 ਵੀ ਦੇਖੋ)। ਰੋਮੀ 11:26 ਦੱਸਦਾ ਹੈ ਕਿ ਜਦੋਂ ਮਸੀਹ ਦੁਬਾਰਾ ਆਉਣਗੇ, ਉਦੋਂ ਸਾਰਾ ਇਸਰਾਏਲ ਬਚਾਇਆ ਜਾਵੇਗਾ। ਹਿਜ਼ਕੀਏਲ 20 ਦੇ ਸਾਰੇ ਸਬੂਤਾਂ ਦਾ ਸੰਕੇਤ ਜੀਵਿਤ ਇਸਰਾਏਲ ਦੇ ਨਿਆਂ ਦੀ ਵੱਲ ਹੈ, ਜੋ ਮਸੀਹ ਦੇ ਦੁਬਾਰਾ ਆਉਣ ਦੇ ਸਮੇਂ ਪਰ ਹਜ਼ਾਰ ਸਾਲ ਦੇ ਰਾਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੋਵੇਗਾ।

ਮਲਾਕੀ 3:1-2 ਵੀ ਯਹੋਵਾਹ ਦੇ ਆਉਣ ਵੇਲੇ ਇਸਰਾਏਲ ਦੇ ਜੀਵਿਤ ਲੋਕਾਂ ਦੇ ਨਿਆਂ ਦੀ ਗੱਲ ਕਰਦਾ ਹੈ। "...**ਪ੍ਰਭੂ** ਜਿਹ ਨੂੰ ਤੁਸੀਂ ਭਾਲਦੇ ਹੋ, **ਅਚਾਨਕ ਆਪਣੀ ਹੈਕਲ ਵਿੱਚ ਆ ਜਾਵੇਗਾ**... ਦੇਖੋ, ਉਹ ਆਉਂਦਾ ਹੈ...ਉਸ ਦੇ ਆਉਣ ਦੇ ਦਿਨ ਨੂੰ ਕੌਣ ਸਹਾਰ ਸਕਦਾ ਹੈ" (ਮਲਾਕੀ 3:1-2a)।

ਚੁਣੇ ਹੋਏ ਲੋਕ ਹੋਣ ਦੇ ਕਾਰਨ, ਸਾਰੇ ਯਹੂਦੀ ਪਰਮੇਸ਼ਰ ਦੇ ਸੇਵਕ ਹਨ। ਮਸੀਹ ਨੇ ਕਈ ਅਜਿਹੇ ਦ੍ਰਿਸ਼ਟਾਂਤ ਦਿੱਤੇ ਜਿਹਨਾਂ ਵਿੱਚ ਇੱਕ ਮਾਲਕ ਲੰਬੀ ਯਾਤਰਾ ਤੋਂ ਵਾਪਸ ਆਉਣ ਤੋਂ ਬਾਅਦ ਆਪਣੇ ਸੇਵਕਾਂ ਦਾ ਨਿਆਂ ਕਰਦਾ ਹੈ। ਕੁਝ ਲੋਕ ਇਨਾਮ ਪ੍ਰਾਪਤ ਕਰਦੇ ਹਨ। ਕੁਝ ਅਵਿਸ਼ਵਾਸੀਆਂ ਦੇ ਨਾਲ ਸਜ਼ਾ ਪ੍ਰਾਪਤ ਕਰਦੇ ਹਨ (ਮੱਤੀ 24:50- 51; 25:30)।

ਜਦੋਂ ਮਸੀਹ ਵਾਪਸ ਆਉਣਗੇ, ਤਾਂ ਉਹ ਉਹਨਾਂ ਸਾਰੇ ਯਹੂਦੀਆਂ ਦਾ ਨਿਆਂ ਕਰਨਗੇ ਜਿਹੜੇ ਬਿਪਤਾ ਦੇ ਸਮੇਂ ਜੀਵਿਤ ਬਚ ਗਏ ਹੋਣਗੇ। ਮੁਕਤੀ ਪਾਏ ਹੋਏ ਲੋਕ ਰਾਜ ਵਿੱਚ ਪ੍ਰਵੇਸ਼ ਕਰਨਗੇ, ਪਰ ਮੁਕਤੀ ਨਾ ਪਾਏ ਹੋਏ ਪ੍ਰਵੇਸ਼ ਨਹੀਂ ਕਰਨਗੇ।[49]

[49] ਇੱਕ ਪ੍ਰਬੰਧ ਦੇ ਅਨੁਸਾਰ, ਬਿਪਤਾ ਦੇ ਸਮੇਂ ਜੀਵਿਤ ਬਚੇ ਯਹੂਦੀਆਂ ਦਾ ਨਿਆਂ, ਜੀਵਿਤ ਬਚੇ ਗ਼ੈਰ-ਯਹੂਦੀਆਂ ਦੇ ਨਿਆਂ ਤੋਂ ਪਹਿਲਾਂ ਹੁੰਦਾ ਹੈ। ਇਸ ਵਿਚਾਰ ਦੇ ਅਨੁਸਾਰ, ਗ਼ੈਰ-ਯਹੂਦੀਆਂ ਦਾ ਮੁਲਾਂਕਣ ਇਸ ਗੱਲ ਉੱਤੇ ਕੀਤਾ ਜਾਵੇਗਾ ਕਿ ਉਹ ਮਸੀਹ ਦੇ ਯਹੂਦੀ ਭਰਾਵਾਂ ਨਾਲ ਕਿਵੇਂ ਪੇਸ਼ ਆਏ ਸਨ (ਮੱਤੀ 25:40,45)। ਇਸ ਵਿੱਚ ਸ਼ਾਇਦ ਪਹਿਲਾਂ ਵਿਸ਼ਵਾਸੀ ਯਹੂਦੀਆਂ ਦੀ ਅਵਿਸ਼ਵਾਸੀ ਯਹੂਦੀਆਂ ਤੋਂ ਇੱਕ ਵੱਖਰੀ ਪਛਾਣ ਕੀਤੀ ਜਾਣੀ ਜ਼ਰੂਰੀ ਹੋਵੇਗੀ ਤਾਂ ਜੋ ਉਹਨਾਂ ਨੂੰ ਗ਼ੈਰ-ਯਹੂਦੀਆਂ ਦੇ ਨਿਆਂ ਦੇ ਲਈ ਉਦਾਹਰਣਾਂ ਦੇ ਰੂਪ ਵਿੱਚ ਵਰਤਿਆ ਜਾ ਸਕੇ। ਇਹ ਸੱਚ ਹੋ ਸਕਦਾ ਹੈ। ਪਰ, ਕਿਉਂਕਿ ਮੁਕਤੀ ਨਾ ਪਾਏ ਯਹੂਦੀਆਂ ਦੇ ਲਈ ਗ਼ੈਰ-ਯਹੂਦੀਆਂ ਨੂੰ ਪੁਰਖਿਆਂ ਦੇ ਨਾਲ ਰਾਜ ਦਾ ਆਨੰਦ ਲੈਂਦੇ ਹੋਏ ਦੇਖਣਾ ਜ਼ਰੂਰੀ ਹੈ (ਮੱਤੀ 8:11-12; ਲੂਕਾ 13:28-29), ਇਸ ਲਈ ਅਸੀਂ ਆਸਾਨੀ ਨਾਲ ਇਹ ਦਲੀਲ ਦੇ ਸਕਦੇ ਹਾਂ ਕਿ ਕੌਮਾਂ ਦਾ ਨਿਆਂ ਯਹੂਦੀਆਂ ਦੇ ਨਿਆਂ ਤੋਂ ਪਹਿਲਾਂ ਹੋਵੇਗਾ।

### 4. ਜੀਵਿਤ ਇਸਰਾਏਲ ਦੇ ਨਿਆਂ ਦਾ ਸਥਾਨ ਅਤੇ ਉਦੇਸ਼

ਸਵਰਗਦੂਤ ਚੁਣੇ ਹੋਇਆ ਇਕੱਠਾ ਕਰਨ (ਮੱਤੀ 24:31) ਅਤੇ ਅਵਿਸ਼ਵਾਸੀਆਂ ਨੂੰ ਬਾਹਰ ਕੱਢਣ (ਮੱਤੀ 13:41-42, 49-50) ਵਿੱਚ ਸਹਾਇਤਾ ਕਰਦੇ ਹਨ। ਹਿਜ਼ਕੀਏਲ 20:35 ਇਹ ਸਿਖਾਉਂਦਾ ਹੈ ਕਿ ਮਸੀਹ "ਕੈਮਾਂ ਦੇ ਉਜਾੜ" ਅਰਥਾਤ ਇਸਰਾਏਲ ਦੇਸ਼ ਦੇ ਪ੍ਰਵੇਸ਼ ਦੁਆਰ ਦੀ ਸੀਮਾ ਦੇ ਬਾਹਰ ਗ਼ੈਰ-ਯਹੂਦੀ ਖੇਤਰਾਂ ਵਿੱਚ ਰਹਿਣ ਵਾਲੇ ਇਸਰਾਏਲ ਦੇ ਲੋਕਾਂ ਦਾ ਨਿਆਂ ਕਰਨਗੇ। ਆਇਤ 36 ਭਵਿੱਖ ਦੇ ਨਿਆਂ ਦੀ ਤੁਲਨਾ ਉਸ ਨਿਆਂ ਨਾਲ ਕਰਦੀ ਹੈ ਜਿਹੜਾ ਉਹਨਾਂ ਦੇ ਪੁਰਖਿਆਂ ਦੇ ਉਜਾੜ ਵਿੱਚ ਭਟਕਣ ਦੌਰਾਨ ਕੀਤਾ ਸੀ। ਇੱਕ ਸਪੱਸ਼ਟ ਰੂਪ ਵਿੱਚ, ਪ੍ਰਭੂ ਇਸਰਾਏਲ ਦੀਆਂ ਸਰਹੱਦਾਂ ਉੱਤੇ "ਪਰਮੇਸ਼ਰ ਦੇ ਜਾਂਚ ਬਿੰਦੂਆਂ" ਦੀ ਸਥਾਪਨਾ ਕਰਨਗੇ। ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦੇ ਦੌਰਾਨ, ਮਸੀਹ ਦੁਆਰਾ ਨਿਆਂ ਅਤੇ ਪ੍ਰਵਾਨਗੀ ਤੋਂ ਬਾਅਦ, ਸਿਰਫ਼ ਮੁਕਤੀ ਪਾਏ ਹੋਏ ਇਸਰਾਇਲੀ ਹੀ ਦੇਸ਼ ਵਿੱਚ ਪ੍ਰਵੇਸ਼ ਕਰਨਗੇ।

ਹਿਜ਼ਕੀ 20:38 ਜੀਵਿਤ ਇਸਰਾਏਲ ਦੇ ਨਿਆਂ ਦਾ ਉਦੇਸ਼ ਦਿੰਦਾ ਹੈ ਕਿ ਇਹ ਵਿਦਰੋਹੀਆਂ ਨੂੰ ਬਾਹਰ ਕੱਢਣਾ ਅਤੇ ਉਹਨਾਂ ਨੂੰ ਇਸਰਾਏਲ ਦੇਸ਼ ਵਿੱਚ ਪ੍ਰਵੇਸ਼ ਕਰਨ ਤੋਂ ਰੋਕਣਾ ਹੈ। ਮਲਾਕੀ 3:2-3 ਇਹ ਸਿਖਾਉਂਦਾ ਹੈ ਕਿ ਪ੍ਰਭੂ ਇਸਰਾਏਲ ਨੂੰ ਇਸ ਤਰ੍ਹਾਂ ਸ਼ੁੱਧ ਕਰਨ ਦੇ ਲਈ ਆਉਣਗੇ ਜਿਵੇਂ ਅੱਗ ਸੋਨੇ ਨੂੰ ਅਤੇ ਸਾਬਣ ਗੰਦਗੀ ਨੂੰ ਸਾਫ਼ ਕਰਦੀ ਹੈ।

> "**ਮੈਂ ਤੁਹਾਡੇ ਵਿੱਚੋਂ ਉਹਨਾਂ ਲੋਕਾਂ ਨੂੰ ਜਿਹੜੇ ਮੇਰੇ ਵਿਰੁੱਧ ਬਾਗੀ ਹਨ ਅੱਡ ਕਰਾਂਗਾ**, ਮੈਂ ਉਹਨਾਂ ਨੂੰ ਉਸ ਦੇਸ ਵਿੱਚੋਂ ਜਿੱਥੇ ਉਹ ਪਰਦੇਸੀ ਹਨ, ਬਾਹਰ ਕੱਢ ਲਿਆਵਾਂਗਾ ਪਰ **ਉਹ ਇਸਰਾਏਲ ਦੇ ਦੇਸ ਵਿੱਚ ਨਾ ਵੜਨਗੇ**..." [ਹਿਜ਼ਕੀ 20:38]
>
> "ਪਰ ਉਸ ਦੇ ਆਉਣ ਦੇ ਦਿਨ ਨੂੰ ਕੌਣ ਸਹਾਰ ਸਕਦਾ ਹੈ ਅਤੇ ਜਦ ਉਹ ਪਰਗਟ ਹੋਵੇਗਾ ਤਦ ਕੌਣ ਖੜ੍ਹਾ ਰਹਿ ਸਕੇਗਾ? ਕਿਉਂ ਜੋ ਉਹ **ਸੁਨਿਆਰੇ ਦੀ ਅੱਗ** ਅਤੇ ਧੋਬੀ ਦੇ ਸਾਬਣ ਵਰਗਾ ਹੈ। ਉਹ ਚਾਂਦੀ ਨੂੰ ਤਾਉਣ ਅਤੇ ਸਾਫ਼ ਕਰਨ ਲਈ ਬੈਠੇਗਾ, ਉਹ **ਲੇਵੀਆਂ ਨੂੰ** ਚਾਂਦੀ ਵਾਂਗੂੰ ਸਾਫ਼ ਕਰੇਗਾ, ਉਹਨਾਂ ਨੂੰ ਸੋਨੇ ਵਾਂਗੂੰ ਅਤੇ ਚਾਂਦੀ ਵਾਂਗੂੰ ਤਾਵੇਗਾ..."[ ਮਲਾਕੀ 3:2-3]

ਪਰਮੇਸ਼ਰ ਦਾ ਉਦੇਸ਼ ਹੀ ਉਹਨਾਂ ਦੀ ਸਫਲਤਾ ਨੂੰ ਨਿਸ਼ਚਿਤ ਕਰ ਦਿੰਦਾ ਹੈ। ਭੇਡਾਂ "ਡੰਡੇ ਦੇ ਹੇਠਾਂ ਲੰਘਦੀਆਂ ਹਨ" (ਹਿਜ਼ਕੀ 20:37) ਜਿਸ ਨਾਲ ਅਯਾਲੀ ਉਹਨਾਂ ਭੇਡਾਂ ਦੀ ਪਛਾਣ ਕਰ ਸਕਦਾ ਹੈ ਜਿਹੜੀਆਂ ਉਸ ਦੀਆਂ ਆਪਣੀਆਂ ਭੇਡਾਂ ਹਨ।

### 5. ਇਸਰਾਏਲ ਦੇ ਨਿਆਂ ਦੇ ਨਤੀਜੇ

#### a. ਨਕਾਰਾਤਮਕ ਨਤੀਜੇ

ਸਾਰੇ ਅਵਿਸ਼ਵਾਸੀ ਯਹੂਦੀ ਜੋ ਬਿਪਤਾ ਦੇ ਸਮੇਂ ਦੌਰਾਨ ਜੀਵਿਤ ਬਚੇ

ਸਨ, ਉਹਨਾਂ ਨੂੰ ਰਾਜ ਤੋਂ ਬਾਹਰ ਰੱਖਿਆ ਜਾਵੇਗਾ ਅਤੇ ਉਹਨਾਂ ਨੂੰ ਸਜ਼ਾ ਦਿੱਤੀ ਜਾਵੇਗੀ (ਹਿਜ਼ਕੀ 20:38; ਅਤੇ ਸ਼ਾਇਦ ਮੱਤੀ 8:11-12; ਸ਼ਾਇਦ ਲੂਕਾ 13:28-29 ਵੀ ਦੇਖੋ, ਜੇਕਰ ਉਹ ਵੱਡੇ ਚਿੱਟੇ ਸਿੰਘਾਸਣ ਦਾ ਹਵਾਲਾ ਨਹੀਂ ਦਿੰਦੇ ਹਨ)।

> "ਤਾਂ ਉਸ ਦਾ ਮਾਲਕ ਅਜਿਹੇ ਦਿਨ ਮੁੜ ਆਵੇਗਾ ਜਿਸ ਦੇ ਬਾਰੇ ਉਸ ਨੇ ਸੋਚਿਆ ਵੀ ਨਹੀਂ ਅਤੇ ਉਸ ਘੜੀ ਜਿਸ ਦੇ ਬਾਰੇ ਉਹ ਕੁਝ ਵੀ ਨਹੀਂ ਜਾਣਦਾ। ਮਾਲਕ ਉਸ ਸੇਵਕ ਨੂੰ ਉਹ ਸਖ਼ਤ ਸਜ਼ਾ ਦੇਵੇਗਾ ਜਿਹੜੀ ਪਖੰਡੀਆਂ ਨੂੰ ਮਿਲਦੀ ਹੈ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 24:50-51]
>
> "ਇਸ ਨਿਕੰਮੇ ਸੇਵਕ ਨੂੰ ਬਾਹਰ ਹਨੇਰੇ ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 25:30]
>
> "ਤਾਂ ਉਸ ਦਾ ਮਾਲਕ ਅਜਿਹੇ ਦਿਨ ਮੁੜ ਆਵੇਗਾ ਜਿਸ ਦੇ ਬਾਰੇ ਉਸ ਨੇ ਸੋਚਿਆ ਵੀ ਨਹੀਂ ਸੀ। ਮਾਲਕ ਉਸ ਸੇਵਕ ਦੇ ਟੁਕੜੇ ਟੁਕੜੇ ਕਰ ਦੇਵੇਗਾ ਅਤੇ ਉਸ ਨੂੰ ਉਹ ਹੀ ਸਜ਼ਾ ਦੇਵੇਗਾ ਜਿਹੜੀ ਬੇਈਮਾਨਾਂ ਨੂੰ ਮਿਲਦੀ ਹੈ।" [ਲੂਕਾ 12:46]

### b. ਸਕਾਰਾਤਮਕ ਨਤੀਜੇ

ਇਸਰਾਏਲ ਦਾ ਨਿਆਂ ਮੁਕਤੀ ਪਾਏ ਹੋਏ ਉਹਨਾਂ ਯਹੂਦੀਆਂ ਦੇ ਲਈ ਇੱਕ ਵੱਡੀ ਬਰਕਤ ਹੋਵੇਗਾ ਜੋ ਬਿਪਤਾ ਵਿੱਚੋਂ ਜਿਊਂਦਾ ਬਚ ਨਿਕਲੇ ਹੋਣਗੇ। ਉਹ ਰਾਜ ਵਿੱਚ ਦਾਖਲ ਹੋ ਸਕਦੇ ਹਨ। ਇਸ ਦਾ ਇੱਕ ਹੋਰ ਨਤੀਜਾ ਇਹ ਹੋਵੇਗਾ ਕਿ ਇਸ ਵਿੱਚ ਉਹ ਭਵਿੱਖਬਾਣੀਆਂ ਪੂਰੀਆਂ ਹੋਣਗੀਆਂ ਜਿਹੜੀਆਂ ਧਰਤੀ ਉੱਤੇ ਇੱਕ ਅਜਿਹੇ ਸਮੇਂ ਦੀ ਭਵਿੱਖਬਾਣੀ ਕਰਦੀਆਂ ਹਨ ਜਿਸ ਵਿੱਚ ਹਰੇਕ ਇਸਰਾਇਲੀ ਮੁਕਤੀ ਪਾਇਆ ਹੋਇਆ ਹੋਵੇਗਾ (ਦੇਖੋ, ਹਿਜ਼ਕੀ 20:37-38)।

> "ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣ ਕਿਉਂ ਜੋ ਉਹ ਸਾਰੀਆਂ ਦੇ ਸਾਰੇ ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ **ਮੈਨੂੰ ਜਾਣ ਲੈਣਗੇ**, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।" [ਯਿਰ 31:33-34] (ਇਬ 8:11-12 ਵੀ ਦੇਖੋ)
>
> "ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ, ਮੇਰੇ ਪਵਿੱਤਰ ਪਰਬਤ ਅਰਥਾਤ ਇਸਰਾਏਲ ਦੇ ਉੱਚੇ ਪਰਬਤ ਤੇ **ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ**। ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ ਅਤੇ ਉੱਥੇ ਤੁਹਾਡੀਆਂ ਚੁੱਕਣ ਦੀਆਂ ਭੇਟਾਂ, ਤੁਹਾਡੇ ਚੜ੍ਹਾਵੇ ਦੇ ਪਹਿਲੇ ਫਲ ਅਤੇ ਤੁਹਾਡੀਆਂ ਸਾਰੀਆਂ ਪਵਿੱਤਰ ਵਸਤਾਂ ਮੰਗਾਂਗਾ।" [ਹਿਜ਼ਕੀ 20:40]
>
> "ਕਿਉਂ ਜੋ ਮੈਂ ਤੁਹਾਨੂੰ ਕੌਮਾਂ ਵਿੱਚੋਂ ਲਵਾਂਗਾ, ਸਾਰੇ ਦੇਸਾਂ ਵਿੱਚੋਂ ਤੁਹਾਨੂੰ ਇਕੱਠੇ ਕਰਾਂਗਾ ਅਤੇ ਤੁਹਾਨੂੰ ਤੁਹਾਡੀ ਭੂਮੀ ਵਿੱਚ ਲਿਆਵਾਂਗਾ। ਤਦ ਤੁਹਾਡੇ ਉੱਤੇ ਨਿਰਮਲ ਜਲ ਛਿੜਕਾਂਗਾ, **ਤੁਸੀਂ ਸ਼ੁੱਧ ਹੋਵੋਗੇ** ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁੱਧ ਕਰਾਂਗਾ।" [ਹਿਜ਼ਕੀ 36:24-25] ਆਇਤ 26 ਵੀ ਦੇਖੋ)
>
> "ਮੈਂ ਇੱਕ ਤਿਹਾਈ ਨੂੰ ਅੱਗ ਵਿੱਚ ਪਾਵਾਂਗਾ, ਮੈਂ ਉਹ ਨੂੰ ਤਾਵਾਂਗਾ ਜਿਵੇਂ ਚਾਂਦੀ ਤਾਈ ਜਾਂਦੀ ਹੈ, ਮੈਂ ਉਹ ਨੂੰ ਪਰਖਾਂਗਾ ਜਿਵੇਂ ਸੋਨਾ ਪਰਖੀਦਾ ਹੈ, ਉਹ ਮੇਰਾ ਨਾਮ ਲੈ ਕੇ ਪੁਕਾਰਨਗੇ ਅਤੇ ਮੈਂ ਉਹਨਾਂ ਨੂੰ ਉੱਤਰ ਦਿਆਂਗਾ, ਮੈਂ ਆਖਾਂਗਾ, **ਇਹ ਮੇਰੀ ਪਰਜਾ ਹੈ** ਅਤੇ ਉਹ ਆਖਣਗੇ **ਯਹੋਵਾਹ ਮੇਰਾ ਪਰਮੇਸ਼ੁਰ ਹੈ।"** [ਜ਼ਕਰ 13:9]
>
> **ਸਾਰੀ ਧਰਤੀ ਉੱਤੇ ਯਹੋਵਾਹ ਹੀ ਪਾਤਸ਼ਾਹ ਹੋਵੇਗਾ**, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ। [ਜ਼ਕਰ 14:9]

ਇਸ ਤਰ੍ਹਾਂ **ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ**। ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ।" [ਰੋਮੀ 11:26]

## D. ਕੌਮਾਂ ਦਾ ਨਿਆਂ

ਮਸੀਹ ਦੇ ਦੁਬਾਰਾ ਆਉਣ ਤੋਂ ਬਾਅਦ, ਪੁਰਾਣੇ ਨੇਮ ਦੇ ਸੰਤ ਜੀਅ ਉੱਠਣਗੇ ਅਤੇ ਜੀਵਿਤ ਇਸਰਾਏਲ ਦਾ ਨਿਆਂ ਕੀਤਾ ਜਾਵੇਗਾ। ਮਸੀਹ ਬਿਪਤਾ ਦੇ ਸਮੇਂ ਵਿੱਚੋਂ ਜੀਵਿਤ ਬਚੇ ਸਾਰੇ ਗ਼ੈਰ-ਯਹੂਦੀਆਂ ਦਾ ਵੀ ਨਿਆਂ ਕਰਨਗੇ ਜਿਸ ਵਿੱਚ ਉਹਨਾਂ ਦੇ ਰਾਜ ਵਿੱਚ ਪ੍ਰਵੇਸ਼ ਕਰਨ ਜਾਂ ਬਾਹਰ ਕੱਢੇ ਜਾਣ ਦਾ ਫੈਸਲਾ ਕੀਤਾ ਜਾਵੇਗਾ।

### 1. ਕੌਮਾਂ ਦੇ ਨਿਆਂ ਨਾਲ ਸੰਬੰਧਿਤ ਵਚਨ

ਮਸੀਹ ਦੇ ਵਾਪਸ ਆਉਣ ਤੋਂ ਬਾਅਦ, ਕੌਮਾਂ ਦੇ ਨਿਆਂ ਦਾ ਬਿਆਨ ਕਰਨ ਵਾਲੇ ਦੋ ਮੁੱਖ ਵਚਨ ਹਨ (ਮੱਤੀ 13:41-43, 49 ਵੀ ਦੇਖੋ)।

"ਕਿਉਂ ਜੋ ਵੇਖੋ, ਉਹਨਾਂ ਦਿਨਾਂ ਅਤੇ ਉਸ ਸਮੇਂ ਵਿੱਚ, ਜਦ ਮੈਂ ਯਹੂਦਾਹ ਅਤੇ ਯਰੂਸ਼ਲਮ ਦੀ ਗੁਲਾਮੀ ਨੂੰ ਮੁਕਾ ਦਿਆਂਗਾ ਉਸ ਸਮੇਂ ਮੈਂ ਸਾਰੀਆਂ ਕੌਮਾਂ ਨੂੰ ਇਕੱਠਿਆਂ ਕਰਾਂਗਾ ਅਤੇ ਉਹਨਾਂ ਨੂੰ ਯਹੋਸ਼ਾਫ਼ਾਤ ਦੀ ਘਾਟੀ ਵਿੱਚ ਉਤਾਰ ਲਿਆਵਾਂਗਾ, ਅਤੇ ਉੱਥੇ ਮੈਂ ਆਪਣੀ ਪਰਜਾ ਅਤੇ ਆਪਣੇ ਨਿੱਜ-ਭਾਗ ਇਸਰਾਏਲ ਦੇ ਕਾਰਨ ਉਹਨਾਂ ਦਾ ਨਿਆਂ ਕਰਾਂਗਾ, ਕਿਉਂ ਜੋ ਉਹਨਾਂ ਨੇ ਉਨ੍ਹਾਂ ਨੂੰ ਕੌਮਾਂ ਵਿੱਚ ਖਿਲਾਰ ਦਿੱਤਾ ਅਤੇ ਮੇਰੇ ਦੇਸ਼ ਨੂੰ ਵੰਡ ਲਿਆ...ਕੌਮਾਂ ਆਪਣੇ ਆਪ ਨੂੰ ਉਕਸਾਉਣ ਅਤੇ ਯਹੋਸ਼ਾਫ਼ਾਤ ਦੀ ਘਾਟੀ ਵਿੱਚ ਜਾਣ, ਕਿਉਂ ਜੋ ਮੈਂ ਉੱਥੇ ਬੈਠ ਕੇ ਆਲੇ-ਦੁਆਲੇ ਦੀਆਂ ਸਾਰੀਆਂ ਕੌਮਾਂ ਦਾ ਨਿਆਂ ਕਰਾਂਗਾ...ਨਬੇੜੇ ਦੀ ਘਾਟੀ ਵਿੱਚ ਭੀੜਾਂ ਦੀਆਂ ਭੀੜਾਂ! ਕਿਉਂ ਜੋ ਨਬੇੜੇ ਦੀ ਘਾਟੀ ਵਿੱਚ ਯਹੋਵਾਹ ਦਾ ਦਿਨ ਨੇੜੇ ਹੈ!" [ਯੋਏਲ 3:1-2, 12,14]. (ਇਹ ਵਚਨ ਅਰਮਾਗਿੱਦੋਨ ਨੂੰ ਪਰਮੇਸ਼ਰ ਦਾ ਨਿਆਂ ਕਹਿੰਦਾ ਹੈ, ਪਰ ਇਸ ਲੜਾਈ ਦੇ ਬਾਅਦ ਸ਼ਾਇਦ ਕੌਮਾਂ ਦਾ ਨਿਆਂ ਹੋਣ ਵਾਲਾ ਹੋਵੇਗਾ)।

"ਜਦੋਂ ਮਨੁੱਖ ਦਾ ਪੁੱਤਰ ਆਪਣੀ ਮਹਿਮਾ ਅਤੇ ਆਪਣੇ ਸਾਰੇ ਸਵਰਗਦੂਤਾਂ ਦੇ ਨਾਲ ਆਵੇਗਾ ਤਾਂ ਉਹ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ। ਉਸ ਸਮੇਂ ਧਰਤੀ ਦੀਆਂ ਸਾਰੀਆਂ ਕੌਮਾਂ ਉਸ ਦੇ ਸਾਹਮਣੇ ਇਕੱਠੀਆਂ ਕੀਤੀਆਂ ਜਾਣਗੀਆਂ। ਉਹ ਉਹਨਾਂ ਨੂੰ ਦੋ ਹਿੱਸਿਆਂ ਵਿੱਚ ਵੰਡੇਗਾ, ਜਿਸ ਤਰ੍ਹਾਂ ਚਰਵਾਹਾ ਭੇਡਾਂ ਨੂੰ ਬੱਕਰੀਆਂ ਤੋਂ ਵੱਖਰਾ ਕਰਦਾ ਹੈ। ਉਹ ਭੇਡਾਂ ਨੂੰ ਆਪਣੇ ਸੱਜੇ ਪਾਸੇ ਅਤੇ ਬੱਕਰੀਆਂ ਨੂੰ ਖੱਬੇ ਪਾਸੇ ਖੜ੍ਹਾ ਕਰੇਗਾ। ਫਿਰ ਰਾਜਾ ਆਪਣੇ ਸੱਜੇ ਪਾਸੇ ਵਾਲਿਆਂ ਨੂੰ ਕਹੇਗਾ, 'ਮੇਰੇ ਪਿਤਾ ਦੇ ਧੰਨ ਲੋਕੋ, ਆਓ, ਅਤੇ ਉਸ ਰਾਜ ਨੂੰ ਲਵੋ ਜਿਹੜਾ ਤੁਹਾਡੇ ਲਈ ਇਸ ਸੰਸਾਰ ਦੇ ਸ਼ੁਰੂ ਤੋਂ ਹੀ ਤਿਆਰ ਕੀਤਾ ਗਿਆ ਹੈ। ਮੈਂ ਭੁੱਖਾ ਸੀ, ਤੁਸੀਂ ਮੈਨੂੰ ਭੋਜਨ ਦਿੱਤਾ ਮੈਂ ਪਿਆਸਾ ਸੀ, ਤੁਸੀਂ ਮੈਨੂੰ ਪਾਣੀ ਪਿਲਾਇਆ ਮੈਂ ਪਰਦੇਸੀ ਸੀ, ਤੁਸੀਂ ਆਪਣੇ ਘਰ ਵਿੱਚ ਮੇਰਾ ਸੁਆਗਤ ਕੀਤਾ ਮੈਂ ਨੰਗਾ ਸੀ, ਤੁਸੀਂ ਮੈਨੂੰ ਕੱਪੜੇ ਦਿੱਤੇ ਮੈਂ ਬਿਮਾਰ ਸੀ, ਤੁਸੀਂ ਮੇਰੀ ਖ਼ਬਰ ਲਈ ਅਤੇ ਮੈਂ ਕੈਦ ਵਿੱਚ ਸੀ, ਤੁਸੀਂ ਮੇਰੇ ਕੋਲ ਆਏ।' ਨੇਕ ਲੋਕ ਉਸ ਸਮੇਂ ਉੱਤਰ ਦੇਣਗੇ, 'ਪ੍ਰਭੂ ਜੀ, ਕਦੋਂ ਅਸੀਂ ਤੁਹਾਨੂੰ ਭੁੱਖਾ ਦੇਖਿਆ ਅਤੇ ਤੁਹਾਨੂੰ ਭੋਜਨ ਦਿੱਤਾ ਜਾਂ ਪਿਆਸਾ ਦੇਖਿਆ ਅਤੇ ਤੁਹਾਨੂੰ ਪਾਣੀ ਦਿੱਤਾ? ਕਦੋਂ ਅਸੀਂ ਤੁਹਾਨੂੰ ਪਰਦੇਸੀ ਦੇਖਿਆ ਅਤੇ ਆਪਣੇ ਘਰ ਵਿੱਚ ਤੁਹਾਡਾ ਸੁਆਗਤ ਕੀਤਾ ਜਾਂ ਨੰਗਾ ਦੇਖਿਆ ਅਤੇ ਤੁਹਾਨੂੰ ਕੱਪੜੇ ਦਿੱਤੇ? ਕਦੋਂ ਅਸੀਂ ਤੁਹਾਨੂੰ ਬਿਮਾਰ ਜਾਂ ਕੈਦ ਵਿੱਚ ਦੇਖਿਆ ਅਤੇ ਤੁਹਾਡੀ ਖ਼ਬਰ ਲੈਣ ਗਏ?' ਰਾਜਾ ਉਹਨਾਂ ਨੂੰ ਉਸ ਸਮੇਂ ਉੱਤਰ ਦੇਵੇਗਾ, 'ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਜਦੋਂ ਕਦੀ ਤੁਸੀਂ ਇਹਨਾਂ ਮੇਰੇ ਛੋਟੇ ਤੋਂ ਛੋਟੇ ਭਰਾਵਾਂ ਅਤੇ ਭੈਣਾਂ ਵਿੱਚੋਂ ਕਿਸੇ ਨਾਲ ਇਹ ਕੀਤਾ, ਤੁਸੀਂ ਅਸਲ ਵਿੱਚ ਮੇਰੇ ਨਾਲ ਹੀ ਕੀਤਾ।' "ਫਿਰ ਰਾਜਾ ਆਪਣੇ ਖੱਬੇ ਪਾਸੇ ਵਾਲਿਆਂ ਨੂੰ ਕਹੇਗਾ, 'ਤੁਸੀਂ ਜਿਹੜੇ ਪਰਮੇਸ਼ਰ ਦੇ ਸਰਾਪ ਹੇਠ ਹੋ, ਮੇਰੇ ਸਾਹਮਣਿਓਂ ਉਸ ਹਮੇਸ਼ਾ ਬਲਣ ਵਾਲੀ ਅੱਗ ਵਿੱਚ ਚਲੇ ਜਾਵੋ ਜਿਹੜੀ ਸ਼ੈਤਾਨ ਅਤੇ ਉਸ ਦੇ ਦੂਤਾਂ ਲਈ ਤਿਆਰ ਕੀਤੀ ਗਈ ਹੈ। ਕਿਉਂਕਿ ਮੈਂ ਭੁੱਖਾ ਸੀ, ਤੁਸੀਂ ਮੈਨੂੰ ਭੋਜਨ ਨਾ ਦਿੱਤਾ ਮੈਂ ਪਿਆਸਾ ਸੀ, ਤੁਸੀਂ ਮੈਨੂੰ ਪਾਣੀ ਨਾ ਦਿੱਤਾ ਮੈਂ ਪਰਦੇਸੀ ਸੀ ਪਰ ਤੁਸੀਂ ਆਪਣੇ ਘਰ ਵਿੱਚ ਮੇਰਾ ਸੁਆਗਤ ਨਾ ਕੀਤਾ। ਮੈਂ ਨੰਗਾ ਸੀ ਪਰ ਤੁਸੀਂ ਮੈਨੂੰ ਕੱਪੜੇ ਨਾ ਦਿੱਤੇ, ਮੈਂ ਬਿਮਾਰ ਸੀ ਅਤੇ ਕੈਦ ਵਿੱਚ ਸੀ ਪਰ ਤੁਸੀਂ ਮੇਰੀ ਖ਼ਬਰ ਲੈਣ ਨਾ ਆਏ।' ਉਸ ਸਮੇਂ ਉਹ ਉੱਤਰ ਦੇਣਗੇ, 'ਪ੍ਰਭੂ ਜੀ, ਅਸੀਂ ਕਦੋਂ ਤੁਹਾਨੂੰ ਭੁੱਖਾ ਜਾਂ ਪਿਆਸਾ ਜਾਂ ਨੰਗਾ ਜਾਂ ਬਿਮਾਰ ਜਾਂ ਕੈਦ ਵਿੱਚ ਦੇਖਿਆ ਅਤੇ ਤੁਹਾਡੀ ਮਦਦ ਨਾ ਕੀਤੀ?' ਰਾਜਾ ਉਹਨਾਂ ਨੂੰ ਉੱਤਰ ਦੇਵੇਗਾ, 'ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ ਵੀ ਤੁਸੀਂ ਇਹਨਾਂ ਵਿੱਚੋਂ ਕਿਸੇ ਛੋਟੇ ਤੋਂ ਛੋਟੇ ਦੇ ਨਾਲ ਇਹ ਨਾ ਕੀਤਾ ਤਾਂ ਸਮਝੋ ਕਿ ਤੁਸੀਂ ਮੇਰੇ ਨਾਲ ਵੀ ਨਾ ਕੀਤਾ।' ਇਹ ਲੋਕ ਅਨੰਤ ਸਜ਼ਾ ਅਤੇ ਨੇਕ ਲੋਕ ਅਨੰਤ ਜੀਵਨ ਪ੍ਰਾਪਤ ਕਰਨਗੇ।" [ਮੱਤੀ 25:31-46]

### 2. ਕੌਮਾਂ ਦੇ ਲੋਕਾਂ ਦੇ ਨਿਆਂ ਦਾ ਸਮਾਂ

ਮੱਤੀ 25 ਦਾ ਉਹ ਭਾਗ ਜੋ ਕੌਮਾਂ ਦੇ ਨਿਆਂ ਬਾਰੇ ਸਿਖਾਉਂਦਾ ਹੈ, ਮਸੀਹ ਦੇ ਦੁਬਾਰਾ ਆਉਣ (ਮੱਤੀ 25:31) ਅਤੇ ਰਾਜ ਦੀ ਸਥਾਪਨਾ (ਆਇਤ 34) ਦੇ ਹਵਾਲੇ ਨਾਲ ਸ਼ੁਰੂ ਹੁੰਦਾ ਹੈ। ਇਸ ਦਾ ਹਵਾਲਾ ਅੰਤ ਦੇ ਸਮੇਂ ਹੋਣ ਵਾਲੀਆਂ ਘਟਨਾਵਾਂ ਦੇ ਉਸ ਸੰਦਰਭ ਵਿੱਚ ਵੀ ਹੁੰਦਾ ਹੈ ਜਿਸ ਵਿੱਚ ਮਸੀਹ ਦਾ ਦੁਬਾਰਾ ਆਉਣਾ ਸ਼ਾਮਲ ਹੈ (ਮੱਤੀ 24:30-31, 25:13)। ਕੌਮਾਂ ਦਾ ਨਿਆਂ ਮਸੀਹ ਦੇ ਧਰਤੀ ਉੱਤੇ ਵਾਪਸ ਆਉਣ ਤੋਂ ਬਾਅਦ ਹੋਵੇਗਾ (ਦੇਖੋ, ਮੱਤੀ 8:11-12; ਲੂਕਾ 13:28-29)।

### 3. ਕੌਮਾਂ ਦੇ ਲੋਕਾਂ ਦੇ ਨਿਆਂ ਦਾ ਸਥਾਨ

ਇਹ ਦੇਖਦੇ ਹੋਏ ਕਿ ਇਹ ਨਿਆਂ ਮਸੀਹ ਦੇ ਵਾਪਸ ਆਉਣ ਤੋਂ ਬਾਅਦ ਹੋਵੇਗਾ, ਤਾਂ ਇਹ ਵੀ ਸਪੱਸ਼ਟ ਹੈ ਕਿ ਇਹ ਨਿਆਂ ਧਰਤੀ ਉੱਤੇ ਹੋਵੇਗਾ। ਯੋਏਲ 3 ਵਿੱਚ ਇੱਕ ਅਜਿਹੇ ਸਥਾਨ ਦਾ ਜ਼ਿਕਰ ਕੀਤਾ ਗਿਆ ਹੈ ਜੋ ਸ਼ਾਇਦ ਯਰੂਸ਼ਲਮ ਦੇ ਨੇੜੇ ਹੈ, ਹਾਲਾਂਕਿ ਯਹੋਸ਼ਾਫ਼ਾਤ ਦੀ ਘਾਟੀ ਦਾ ਸਥਾਨ ਪੂਰੀ ਤਰ੍ਹਾਂ ਨਾਲ ਨਿਸ਼ਚਿਤ ਨਹੀਂ ਹੈ।

### 4. ਕੌਮਾਂ ਦੇ ਨਿਆਂ ਦੇ ਪਾਤਰ

ਮੱਤੀ 24-25 ਵਿੱਚ ਮੁਰਦਿਆਂ ਦੇ ਜੀਅ-ਉੱਠਣ ਦਾ **ਕੋਈ ਜ਼ਿਕਰ ਨਹੀਂ ਹੈ**। ਇਸ ਲਈ, ਇਸ ਨਿਆਂ ਵਿੱਚ ਉਹ ਲੋਕ ਸ਼ਾਮਲ ਹਨ ਜੋ **ਬਿਪਤਾ ਦੇ ਸਮੇਂ ਦੌਰਾਨ ਜੀਵਿਤ ਰਹੇ ਹਨ**। ਜਿਹੜੇ ਯੂਨਾਨੀ ਸ਼ਬਦ ਦਾ ਅਨੁਵਾਦ

"ਕੌਮਾਂ" ਕੀਤਾ ਗਿਆ ਹੈ, ਉਹ *ਏਥਨਾ* ਹੈ ਜਿਸ ਦਾ ਅਨੁਵਾਦ "ਪਰਾਈਆਂ/ ਗ਼ੈਰ-ਯਹੂਦੀ" ਵੀ ਕੀਤਾ ਜਾ ਸਕਦਾ ਹੈ। ਕੇ.ਜੇ.ਵੀ. ਵਿੱਚ *ਏਥਨਾ* ਦਾ ਅਨੁਵਾਦ ਲਗਭਗ 61 ਵਾਰ "ਕੌਮਾਂ" ਕੀਤਾ ਗਿਆ ਸੀ, ਪਰ ਇਸ ਦਾ "ਪਰਾਈਆਂ ਕੌਮਾਂ" ਅਨੁਵਾਦ ਲਗਭਗ 93 ਵਾਰ ਕੀਤਾ ਗਿਆ ਸੀ। ਰਾਜਾ ਮਸੀਹ ਆਪਣੇ ਵਾਪਸੀ ਵੇਲੇ *ਪਰਾਈਆਂ ਕੌਮਾਂ* ਦੇ ਸਾਰੇ ਜੀਵਿਤ ਲੋਕਾਂ ਦਾ ਨਿਆਂ ਕਰਨਗੇ। "ਕੌਮ" ਸ਼ਬਦ ਨੂੰ ਗ਼ਲਤ ਸਮਝਿਆ ਜਾ ਸਕਦਾ ਹੈ ਜੇਕਰ ਪਾਠਕ ਮਸੀਹ ਦੇ "ਕੌਮਾਂ" ਦੇ ਨਿਆਂ ਸ਼ਬਦ ਦਾ ਅਰਥ ਬ੍ਰਾਜ਼ੀਲ, ਜਰਮਨੀ, ਮਿਸਰ ਜਾਂ ਅਮਰੀਕਾ ਸਮਝਣਗੇ, ਤਾਂ ਉਹ ਇਹਨਾਂ ਨੂੰ ਸਮਝਣ ਵਿੱਚ ਗ਼ਲਤੀ ਕਰ ਸਕਦੇ ਹਨ। ਕੌਮਾਂ ਦਾ ਨਿਆਂ **ਗ਼ੈਰ-ਯਹੂਦੀ ਵਿਅਕਤੀਗਤ ਲੋਕਾਂ ਦਾ ਨਿਆਂ ਹੈ ਜੋ ਬਿਪਤਾ ਦੇ ਸਮੇਂ ਜਿਊਂਦਾ ਰਹੇ ਹਨ**। ਇਸ ਨਿਆਂ ਦੁਆਰਾ **ਮਸੀਹ ਇਹ ਤਹਿ ਕਰਨਗੇ ਕਿ ਕੌਣ ਰਾਜ ਵਿੱਚ ਦਾਖਲ ਹੋਵੇਗਾ** (ਆਇਤ 34) ਅਤੇ ਕੌਣ ਸਦੀਪਕ ਜੀਵਨ ਪਾਵੇਗਾ (ਆਇਤ 46)। ਜਿਵੇਂ ਕਿ ਹੋਰ ਭਾਗਾਂ ਦੀਆਂ ਆਇਤਾਂ ਸਾਬਤ ਕਰਦੀਆਂ ਹਨ ਕਿ ਮੁਕਤੀ (ਜਿਸ ਵਿੱਚ ਰਾਜ ਵਿੱਚ ਪ੍ਰਵੇਸ਼ ਵੀ ਸ਼ਾਮਲ ਹੈ) ਕੌਮੀ ਨਹੀਂ, ਪਰ ਇੱਕ ਨਿੱਜੀ ਫ਼ੈਸਲੇ ਉੱਤੇ ਆਧਾਰਿਤ ਹੈ। ਇਸ ਲਈ, ਕੌਮਾਂ ਦਾ ਨਿਆਂ **ਧਰਤੀ ਉੱਤੇ ਮੌਜੂਦ ਉਹਨਾਂ ਗ਼ੈਰ-ਯਹੂਦੀਆਂ ਦਾ ਨਿਆਂ ਹੈ, ਜੋ ਬਿਪਤਾ ਵਿੱਚੋਂ ਜਿਊਂਦਾ ਬਚੇ ਹਨ**।

### 5. ਉਦੇਸ਼

ਰਾਜ ਵਿੱਚ ਕੋਈ ਵੀ ਮੁਕਤੀ ਪਾਉਣ ਤੋਂ ਬਿਨਾਂ ਪ੍ਰਵੇਸ਼ ਨਹੀਂ ਪਵੇਗਾ।

> ਯਿਸੂ ਨੇ ਉਸ ਨੂੰ ਉੱਤਰ ਦਿੱਤਾ, "ਮੈਂ ਤੈਨੂੰ ਸੱਚ ਸੱਚ ਕਹਿੰਦਾ ਹਾਂ ਕਿ **ਕੋਈ ਵੀ ਪਰਮੇਸ਼ਰ ਦੇ ਰਾਜ ਦੇ ਦਰਸ਼ਨ ਨਹੀਂ ਕਰ ਸਕਦਾ ਜਦੋਂ ਤੱਕ ਕਿ ਉਹ ਪਰਮੇਸ਼ਰ ਕੋਲੋਂ ਨਵਾਂ ਜਨਮ ਪ੍ਰਾਪਤ ਨਾ ਕਰੇ**।" [ਯੂਹੰਨਾ 3:3]
>
> ਫਿਰ ਉਹਨਾਂ ਨੇ ਚੇਲਿਆਂ ਨੂੰ ਕਿਹਾ, "ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਜਦੋਂ ਤੱਕ ਤੁਸੀਂ ਆਪਣੇ ਆਪ ਨੂੰ ਨਾ ਬਦਲੋ ਅਤੇ ਬੱਚਿਆਂ ਦੀ ਤਰ੍ਹਾਂ ਨਾ ਬਣੋ, ਤੁਸੀਂ ਸਵਰਗ ਦੇ ਰਾਜ ਵਿੱਚ ਦਾਖ਼ਲ ਨਹੀਂ ਹੋ ਸਕੋਗੇ।" [ਮੱਤੀ 18:3]

ਕੌਮਾਂ (ਗ਼ੈਰ-ਯਹੂਦੀ ਕੌਮਾਂ) ਦੇ ਨਿਆਂ ਦੁਆਰਾ ਮਸੀਹ ਇਹ ਤਹਿ ਕਰਨਗੇ ਕਿ ਉਹਨਾਂ ਦੇ ਰਾਜ ਵਿੱਚ ਕੌਣ ਦਾਖਲ ਹੋਵੇਗਾ ਅਤੇ ਕੌਣ ਦਾਖਲ ਨਹੀਂ ਹੋਵੇਗਾ। ਮਸੀਹ ਲੋਕਾਂ ਨੂੰ ਇਸ ਨਿਆਂ ਤੱਕ ਪਹੁੰਚਾਉਣ ਦੇ ਲਈ ਸਵਰਗਦੂਤਾਂ ਨੂੰ ਭੇਜਣਗੇ ਜੋ "ਬੱਕਰੀਆਂ" ਵਿੱਚੋਂ "ਭੇਡਾਂ" ਨੂੰ, "ਜੰਗਲੀ ਬੂਟੀ" ਵਿੱਚੋਂ "ਕਣਕ" ਨੂੰ, "ਨਿਕੰਮੀਆਂ ਮੱਛੀਆਂ " ਵਿੱਚੋਂ "ਚੰਗੀਆਂ ਮੱਛੀਆਂ " ਨੂੰ ਅਲੱਗ ਕਰਨਗੇ (ਮੱਤੀ 25:32-34, 41, 46; 13:30, 36-43, 47-50)।

### 6. ਨਿਆਂ ਦਾ ਆਧਾਰ

ਬਾਈਬਲ ਇਹ ਸਿਖਾਉਂਦੀ ਹੈ ਕਿ ਮੁਕਤੀ ਕਿਰਪਾ ਦੇ ਰਾਹੀਂ ਵਿਸ਼ਵਾਸ ਦੇ ਦੁਆਰਾ ਮਿਲਦੀ ਹੈ। ਪ੍ਰਭੂ ਖ਼ਾਸ ਤੌਰ ਤੇ ਇਹ ਸਿਖਾਉਂਦੇ ਹਨ ਕਿ "ਨਵਾਂ ਜਨਮ ਲੈਣਾ" ਰਾਜ ਵਿੱਚ ਪ੍ਰਵੇਸ਼ ਕਰਨ ਦੀ ਯੋਗਤਾ ਹੈ (ਯੂਹੰਨਾ 3:3; ਮੱਤੀ 18:3)। ਇਸ ਲਈ, ਕੌਮਾਂ ਦੇ ਨਿਆਂ ਦਾ ਮੁੱਖ ਮੁੱਦਾ ਵਿਸ਼ਵਾਸੀਆਂ ਨੂੰ ਅਵਿਸ਼ਵਾਸੀਆਂ ਤੋਂ ਅਲੱਗ ਕਰਨਾ ਹੈ।

ਮੱਤੀ 25:34-40 ਵਿੱਚ ਰਾਜਾ ਉਹਨਾਂ ਲੋਕਾਂ ਦਾ ਸਕਾਰਾਤਮਕ ਮੁਲਾਂਕਣ ਕਰਦਾ ਹੈ ਜਿਹਨਾਂ ਨੇ ਉਹ ਦੇ "ਭਰਾਵਾਂ" ਨੂੰ ਦੁੱਖ ਦੇ ਸਮੇਂ ਉਹਨਾਂ ਨੂੰ ਖਾਣਾ ਖੁਆਇਆ, ਕੱਪੜੇ ਪਹਿਨਾਏ, ਮਿਲਣ ਗਏ ਅਤੇ ਉਹਨਾਂ ਦੀ ਸਹਾਇਤਾ ਕੀਤੀ ਸੀ। ਉਹ ਲੋਕ ਰਾਜ ਵਿੱਚ ਦਾਖਲ ਹੋ ਸਕਦੇ ਹਨ (ਆਇਤਾਂ 34, 46b)। ਮੱਤੀ 25:41-45 ਵਿੱਚ ਰਾਜਾ ਉਹਨਾਂ ਲੋਕਾਂ ਦਾ ਨਕਾਰਾਤਮਕ ਮੁਲਾਂਕਣ ਕਰਦਾ ਹੈ ਜਿਹਨਾਂ ਨੇ ਉਹ ਦੇ "ਭਰਾਵਾਂ" ਦੇ ਲੋੜ ਦੇ ਸਮੇਂ ਉਹਨਾਂ ਨੂੰ ਖਾਣਾ ਖੁਆਉਣ, ਕੱਪੜੇ ਪਹਿਨਾਉਣ, ਮਿਲਣ ਜਾਣ, ਅਤੇ ਉਹਨਾਂ ਦੀ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਸਦੀਪਕ ਅੱਗ ਵਿੱਚ ਸੁੱਟ ਦਿੱਤੇ ਜਾਂਦੇ ਹਨ (ਆਇਤਾਂ 41, 46a)। ਬਦਕਿਸਮਤੀ ਨਾਲ, ਕੁਝ ਬਾਈਬਲ ਸਿੱਖਿਅਕਾਂ ਨੇ ਮੱਤੀ 25:31-46 ਵਿੱਚੋਂ ਅਜਿਹੇ ਸੰਦੇਸ਼ ਤਿਆਰ ਕੀਤੇ ਹਨ ਜਿਹਨਾਂ ਵਿੱਚ ਉਹ ਸਰੀਰਕ ਦੁੱਖਾਂ ਨੂੰ ਦੂਰ ਕਰਨ ਦੇ ਲਈ ਮਨੁੱਖੀ ਯਤਨਾਂ ਨੂੰ ਉਤਸ਼ਾਹਿਤ ਕਰਨ ਦਾ ਕੰਮ ਕਰਦੇ ਹਨ। ਇੱਕ ਵਿਵਹਾਰਿਕ ਰੂਪ ਵਿੱਚ, ਇਹ ਆਇਤਾਂ ਦਰਸਾਉਂਦੀਆਂ ਹਨ ਕਿ ਪਰਮੇਸ਼ਰ ਦੁੱਖੀ ਲੋਕਾਂ ਦੀ ਮਦਦ ਕਰਨ ਵਾਲੇ ਚੰਗੇ ਕੰਮਾਂ ਤੋਂ ਖੁਸ਼ ਹੁੰਦੇ ਹਨ। ਫਿਰ ਵੀ, **ਜੇਕਰ ਇਸ ਵਚਨ ਨੂੰ ਇਸ ਦੇ ਅੰਤ ਸਮੇਂ ਦੇ ਸੰਦਰਭ ਵਿੱਚ ਨਹੀਂ ਰੱਖਿਆ ਜਾਂਦਾ ਹੈ, ਅਤੇ ਜੇਕਰ ਵਿਸ਼ਵਾਸ ਦੁਆਰਾ ਮੁਕਤੀ ਦੇ ਪ੍ਰਤੀ ਕੋਈ ਪੱਕੀ ਵਚਨਬੱਧਤਾ ਨਹੀਂ ਹੁੰਦੀ ਹੈ, ਤਾਂ ਮੱਤੀ 25 ਦੀ ਇੱਕ ਲਾਪਰਵਾਹੀ ਭਰੀ ਸਿੱਖਿਆ ਦਾ ਅਜਿਹਾ ਪ੍ਰਭਾਵ ਹੋ ਸਕਦਾ ਹੈ ਕਿ ਸਦੀਪਕ ਜੀਵਨ ਕੰਮਾਂ ਉੱਤੇ ਆਧਾਰਿਤ ਮਾਮਲਾ ਹੈ।**

ਇਸ ਦੇ ਉਲਟ, ਮੱਤੀ 25:31ff ਦੀ ਅਜਿਹੀ ਵਿਆਖਿਆ ਹੋ ਸਕਦੀ ਹੈ ਅਤੇ ਅਸਲ ਵਿੱਚ ਹੋਣੀ ਵੀ ਚਾਹੀਦੀ ਹੈ ਜੋ ਇਸ ਨੂੰ ਸਿਰਫ਼ ਵਿਸ਼ਵਾਸ ਦੁਆਰਾ ਮੁਕਤੀ ਦੇ ਨਾਲ ਅਨੁਕੂਲ ਬਣਾਉਂਦੀ ਹੈ। ਇਸ ਦਾ ਅਜਿਹਾ ਅਰਥ ਨਹੀਂ ਮੰਨ ਲੈਣਾ ਚਾਹੀਦਾ ਹੈ ਕਿ ਲੋਕ ਜ਼ਰੂਰਤਮੰਦਾਂ ਨੂੰ ਖੁਆਉਣ, ਪਨਾਹ ਦੇਣ ਜਾਂ ਕੱਪੜੇ ਦੇਣ ਦੇ ਆਪਣੇ ਕੰਮਾਂ ਨਾਲ ਮੁਕਤੀ ਪ੍ਰਾਪਤ ਕਰ ਸਕਦੇ ਹਨ।

**ਮਸੀਹ ਦੇ "ਭਰਾ" ਯਹੂਦੀ ਲੋਕ ਹਨ। ਇਹ ਉਸ ਸਮੇਂ ਨਾਲ ਸੰਬੰਧਿਤ ਹੈ ਜਿਸ ਵਿੱਚ ਮਸੀਹ-ਵਿਰੋਧੀ ਯਹੂਦੀਆਂ ਨੂੰ ਮਾਰ ਰਿਹਾ ਹੈ।** ਬਿਪਤਾ ਦੇ ਦੌਰਾਨ ਸਿਰਫ਼ ਵਿਸ਼ਵਾਸੀ ਗ਼ੈਰ-ਯਹੂਦੀ ਹੀ ਪਸ਼ੂ ਦੀ ਪੂਜਾ ਕਰਨ ਤੋਂ ਇਨਕਾਰ ਕਰਨਗੇ, ਅਤੇ ਯਹੂਦੀਆਂ ਦੇ ਵਿਰੁੱਧ ਉਸ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰਨਗੇ। ਅਜਿਹਾ ਨਹੀਂ ਹੈ ਕਿ ਯਹੂਦੀਆਂ ਪ੍ਰਤੀ ਦਿਆਲਤਾ ਦੇ ਕਾਰਨ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ, **ਪਰ ਬਿਪਤਾ ਦੇ ਦੌਰਾਨ ਜਦੋਂ ਇੱਕ ਵਿਅਕਤੀ ਯਹੂਦੀਆਂ ਪ੍ਰਤੀ ਦਿਆਲੂ**

**ਹੋਵੇਗਾ, ਤਾਂ ਉਹ ਵਿਵਹਾਰ ਜ਼ਰੂਰ ਉਸ ਦੀ ਮੁਕਤੀ ਨੂੰ ਪ੍ਰਦਰਸ਼ਿਤ ਕਰੇਗਾ।** ਭਿਆਨਕ ਅਤਿਆਚਾਰ ਦੇ ਇਸ ਸਮੇਂ ਦੌਰਾਨ ਜੇਕਰ ਯਹੂਦੀਆਂ ਦੇ ਕੋਈ ਮਿੱਤਰ ਹੋਣਗੇ, ਤਾਂ ਉਹ ਸਿਰਫ਼ ਵਿਸ਼ਵਾਸੀ ਲੋਕ ਹੀ ਹੋਣਗੇ। ਇਸ ਲਈ, ਜਦੋਂ ਮਸੀਹ ਬਿਪਤਾ ਦੇ ਦੌਰਾਨ ਯਹੂਦੀਆਂ ਪ੍ਰਤੀ ਗ਼ੈਰ-ਯਹੂਦੀਆਂ ਦੇ ਵਿਵਹਾਰ ਦਾ ਮੁਲਾਂਕਣ ਕਰਨਗੇ, **ਤਾਂ ਇਹ ਇੱਕ ਵਿਅਕਤੀ ਦੇ ਵਿਸ਼ਵਾਸੀ ਹੋਣ ਜਾਂ ਨਾ ਹੋਣ ਦਾ ਇੱਕ ਚਿੰਨ੍ਹ ਹੋਵੇਗਾ।** ਅਜਿਹਾ ਨਹੀਂ ਹੈ ਕਿ ਮਸੀਹ ਕੰਮਾਂ ਦੇ ਆਧਾਰ ਉੱਤੇ ਮੁਕਤੀ ਦਿੰਦੇ ਹਨ, ਇਸ ਦੀ ਬਜਾਏ ਉਹ ਯਹੂਦੀਆਂ ਪ੍ਰਤੀ ਗ਼ੈਰ-ਯਹੂਦੀਆਂ ਦੇ ਵਿਵਹਾਰ ਅਤੇ ਕੰਮਾਂ ਇਸ ਸਬੂਤ ਦੇ ਰੂਪ ਵਿੱਚ ਲੈਣਗੇ ਕਿ ਕੀ ਉਹਨਾਂ ਵਿੱਚ ਵਿਸ਼ਵਾਸ ਮੌਜੂਦ ਸੀ ਜਾਂ ਨਹੀਂ ਸੀ। ਜਿਹੜੇ ਲੋਕ ਮਸੀਹ-ਵਿਰੋਧੀ ਦੀ ਉਲੰਘਣਾ ਕਰਕੇ ਯਹੂਦੀਆਂ ਦੀ ਰੱਖਿਆ ਕਰਨਗੇ, ਉਹ ਇੱਕ ਵਿਸ਼ਵਾਸੀ ਦੇ ਦਿੱਲ ਨੂੰ ਪ੍ਰਦਰਸ਼ਿਤ ਕਰਨਗੇ। ਜਿਹੜੇ ਲੋਕ ਬਿਪਤਾ ਦੇ ਯਹੂਦੀਆਂ ਨੂੰ ਨਸ਼ਟ ਕਰਦੇ ਜਾਂ ਉਹਨਾਂ ਬਾਰੇ ਕੋਈ ਚਿੰਤਾ ਨਹੀਂ ਰੱਖਦੇ ਹਨ, ਉਹ ਆਪਣੇ ਅਵਿਸ਼ਵਾਸ ਨੂੰ ਪ੍ਰਦਰਸ਼ਿਤ ਕਰਦੇ ਹਨ।

### 7. ਕੌਮਾਂ ਦੇ ਨਿਆਂ ਦੇ ਨਤੀਜੇ

ਰਾਜੇ ਦੇ ਸੱਜੇ ਪਾਸੇ ਪਰਾਈਆਂ ਕੌਮਾਂ ਦੀਆਂ "ਭੇਡਾਂ" ਨੇ ਯਹੂਦੀਆਂ ਨਾਲ ਮਿੱਤਰਤਾ ਦੀ ਇੱਛਾ ਨਾਲ ਆਪਣੇ ਵਿਸ਼ਵਾਸੀ ਹੋਣ ਨੂੰ ਪ੍ਰਦਰਸ਼ਿਤ ਕੀਤਾ ਹੈ। ਉਹ ਰਾਜ ਵਿੱਚ ਦਾਖਲ ਹੋਣਗੇ (ਮੱਤੀ 25:34) ਅਤੇ ਸਦੀਪਕ ਜੀਵਨ ਨੂੰ ਪ੍ਰਾਪਤ ਕਰਨਗੇ (ਆਇਤ 46b)। ਮਸੀਹ ਨੇ ਆਪਣੇ ਸਮੇਂ ਦੇ ਯਹੂਦੀਆਂ ਨੂੰ ਦੱਸਿਆ ਸੀ ਕਿ ਬਹੁਤ ਸਾਰੀਆਂ ਪਰਾਈਆਂ ਕੌਮਾਂ ਰਾਜ ਦਾ ਆਨੰਦ ਲੈਣਗੀਆਂ (ਮੱਤੀ 8:11-12; ਲੂਕਾ 13:28-29; ਰਾਜ ਵਿੱਚ ਪਰਾਈਆਂ ਕੌਮਾਂ ਦੇ ਹੋਣ ਲਈ ਯਸਾ 2:3, 55:5ff.; ਦਾਨੀ 7:14; ਮੀਕਾਹ 4:2; ਜ਼ਕਰ 14:16-17 ਵੀ ਦੇਖੋ)।

ਰਾਜੇ ਦੇ ਖੱਬੇ ਪਾਸੇ "ਬੱਕਰੀਆਂ" ਉਹ ਗ਼ੈਰ-ਯਹੂਦੀ ਹਨ ਜਿਹਨਾਂ ਨੇ ਯਹੂਦੀਆਂ ਉੱਤੇ ਜ਼ੁਲਮ ਵਿੱਚ ਮਸੀਹ-ਵਿਰੋਧੀ ਦੀ ਮਦਦ ਕਰਕੇ ਆਪਣੇ ਅਵਿਸ਼ਵਾਸੀ ਹੋਣ ਨੂੰ ਪ੍ਰਦਰਸ਼ਿਤ ਕੀਤਾ ਸੀ। ਉਹ ਸਦੀਪਕ ਅੱਗ ਵਿੱਚ ਸੁੱਟੇ ਜਾਣਗੇ (ਮੱਤੀ 25:41,46a)।[50]

ਕੌਮਾਂ ਦੇ ਨਿਆਂ ਅਤੇ ਇਸਰਾਏਲ ਦੇ ਨਿਆਂ ਦਾ ਨਤੀਜਾ ਇਹ ਹੋਵੇਗਾ ਕਿ **ਰਾਜ ਦੀ ਸ਼ੁਰੂਆਤ ਸਿਰਫ਼ ਮੁਕਤੀ ਪਾਏ ਹੋਏ ਲੋਕਾਂ ਨਾਲ ਹੀ ਹੋਵੇਗਾ** (ਯੂਹੰਨਾ 3:3, ਮੱਤੀ 13:41,49 18:3 ਵੀ ਦੇਖੋ)।

### E. ਰਾਜ ਵਿੱਚ ਅਧਿਕਾਰ ਦੀ ਨਿਯੁਕਤੀ

ਜੇਕਰ ਪਹਿਲਾਂ ਦਿੱਤੀ ਦਾਨੀਏਲ 12:11-12 ਦੀ ਵਿਆਖਿਆ ਨੂੰ ਅਪਣਾਇਆ ਜਾਵੇ, ਤਾਂ ਬਿਪਤਾ ਦੇ ਸਮੇਂ ਵਿੱਚੋਂ ਜੀਵਿਤ ਬਚੇ ਸਾਰੇ ਯਹੂਦੀ ਅਤੇ ਗ਼ੈਰ-ਯਹੂਦੀਆਂ ਦੇ ਨਿਆਂ ਵਿੱਚ ਲਗਭਗ 30 ਦਿਨਾਂ ਦਾ ਸਮਾਂ ਲੱਗ ਜਾਵੇਗਾ।

ਇਹ ਹੋ ਸਕਦਾ ਹੈ ਕਿ ਅਗਲੇ 45 ਦਿਨ ਵਿਸ਼ਵਾਸੀਆਂ ਨੂੰ ਪੂਰੇ ਸੰਸਾਰ ਵਿੱਚ ਅਧਿਕਾਰ ਦੇ ਵੱਖ-ਵੱਖ ਅਹੁਦਿਆਂ ਉੱਤੇ ਨਿਯੁਕਤ ਕਰਨ ਵਿੱਚ ਲੱਗ ਜਾਣ। ਇਸ ਵਿੱਚ ਭਾਵੇਂ ਜਿੰਨਾ ਵੀ ਸਮਾਂ ਲੱਗੇ, ਪਰ ਬਿਪਤਾ ਤੋਂ ਰਾਜ ਵਿੱਚ ਤਬਦੀਲੀ ਵਿੱਚ ਮਸੀਹ ਦੇ ਰਾਜ ਵਿੱਚ ਸੰਤਾਂ ਨੂੰ ਅਧਿਕਾਰ ਦੇ ਅਹੁਦਿਆਂ ਉੱਤੇ ਨਿਯੁਕਤ ਕੀਤਾ ਜਾਵੇਗਾ (ਰੋਮੀ 4:13-15 ਵੀ ਦੇਖੋ)।

> ਯਿਸੂ ਨੇ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ ਮਨੁੱਖ ਦਾ ਪੁੱਤਰ ਨਵੀਂ ਸ੍ਰਿਸ਼ਟੀ ਵਿੱਚ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ, ਉਸ ਸਮੇਂ ਤੁਸੀਂ ਵੀ **ਬਾਰ੍ਹਾਂ ਕਬੀਲਿਆਂ ਦਾ ਨਿਆਂ ਕਰੋਗੇ।**" [ਮੱਤੀ 19:28]
>
> ਕੀ ਤੁਸੀਂ ਨਹੀਂ ਜਾਣਦੇ ਕਿ ਵਿਸ਼ਵਾਸੀ ਸੰਸਾਰ ਦਾ ਨਿਆਂ ਕਰਨਗੇ? …[1 ਕੁਰਿੰਥ 6:2a]
>
> ਜੇਕਰ ਅਸੀਂ ਦੁੱਖ ਸਹਿੰਦੇ ਹਾਂ, ਤਾਂ ਅਸੀਂ ਉਹਨਾਂ ਦੇ ਨਾਲ **ਰਾਜ** ਵੀ ਕਰਾਂਗੇ …[2 ਤਿਮੋਥਿ 2:12]
>
> "ਜਿਹੜਾ ਜਿੱਤ ਪ੍ਰਾਪਤ ਕਰਦਾ ਅਤੇ ਅੰਤ ਤੱਕ ਆਗਿਆਕਾਰੀ ਰਹਿੰਦਾ ਹੈ, **ਮੈਂ ਉਸ ਨੂੰ ਕੌਮਾਂ ਦੇ ਉੱਤੇ ਅਧਿਕਾਰ ਦੇਵਾਂਗਾ** ਜਿਵੇਂ ਮੈਂ ਪਿਤਾ ਦੇ ਕੋਲੋਂ ਪ੍ਰਾਪਤ ਕੀਤਾ ਹੈ । **ਉਹ ਲੋਹੇ ਦੇ ਰਾਜ-ਡੰਡੇ ਦੇ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ** ਅਤੇ ਉਹਨਾਂ ਨੂੰ ਮਿੱਟੀ ਦੇ ਭਾਂਡਿਆਂ ਦੀ ਤਰ੍ਹਾਂ ਤੋੜ ਸੁੱਟੇਗਾ" [ਪ੍ਰਕਾਸ਼ 2:26-27]
>
> "ਤੁਸੀਂ ਉਹਨਾਂ ਨੂੰ ਪਰਮੇਸ਼ਰ ਦੇ ਲਈ ਇੱਕ ਰਾਜ ਅਤੇ ਪੁਰੋਹਿਤ ਬਣਾਇਆ ਅਤੇ **ਉਹ ਧਰਤੀ ਦੇ ਉੱਤੇ ਰਾਜ ਕਰਨਗੇ।**" [ਪ੍ਰਕਾਸ਼ 5:10]
>
> ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ ਪੁਰੋਹਿਤ ਹੋਣਗੇ ਅਤੇ **ਉਹਨਾਂ ਦੇ ਨਾਲ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ।** [ਪ੍ਰਕਾਸ਼ 20:6] (ਆਇਤ 4 ਵੀ ਦੇਖੋ)

### F. ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦੀਆਂ ਘਟਨਾਵਾਂ ਦਾ ਸਾਰ

[50] ਮੱਤੀ 25:41,46 ਦੇ ਵਰਣਨ ਤੋਂ ਅਜਿਹਾ ਲੱਗਦਾ ਹੈ ਕਿ ਜਿਹੜੇ ਅਵਿਸ਼ਵਾਸੀ ਬਿਪਤਾ ਵਿੱਚੋਂ ਜੀਵਿਤ ਬਚੇ ਹੋਣਗੇ, ਉਹ ਕੌਮਾਂ ਦੇ ਨਿਆਂ ਤੋਂ ਬਾਅਦ ਸਿੱਧੇ ਹੀ ਅੱਗ ਦੀ ਸਦੀਪਕ ਝੀਲ ਵਿੱਚ ਸੁੱਤੇ ਜਾਣਗੇ। ਸ਼ਾਇਦ ਉਹ ਅਥਾਹ ਕੁੰਡ ਵਿੱਚ ਸੁੱਟੇ ਨਹੀਂ ਜਾਣਗੇ (ਇਹ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਤੋਂ ਪਹਿਲਾਂ ਮਰੇ ਅਵਿਸ਼ਵਾਸੀਆਂ ਦੀਆਂ ਆਤਮਾਵਾਂ ਦਾ ਸਥਾਨ ਹੈ)। ਸ਼ਾਇਦ ਜਿਹਨਾਂ ਨੂੰ ਪਹਿਲਾਂ ਹੀ ਪ੍ਰਭੂ ਯਿਸੂ ਦੁਆਰਾ ਨਿੱਜੀ ਤੌਰ ਤੇ ਸਜ਼ਾ ਦਿੱਤੀ ਜਾ ਚੁੱਕੀ ਹੈ, ਉਹਨਾਂ ਨੂੰ ਹਜ਼ਾਰ ਸਾਲ ਤੋਂ ਬਾਅਦ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਵਿੱਚ ਦੁਬਾਰਾ ਸ਼ਾਮਲ ਹੋਣ ਦੀ ਲੋੜ ਨਹੀਂ ਹੈ।

ਬਿਪਤਾ ਦੇ ਅੰਤ ਵੇਲੇ, ਮਸੀਹ ਯਰੂਸ਼ਲਮ ਦੇ ਪੂਰਬ ਵਿੱਚ ਜ਼ੈਤੂਨ ਦੇ ਪਹਾੜ ਉੱਤੇ ਵਾਪਸ ਆਉਣਗੇ। ਉਹ ਮਸੀਹ-ਵਿਰੋਧੀ ਦੀਆਂ ਫ਼ੌਜਾਂ ਨੂੰ ਤਬਾਹ ਕਰ ਦੇਣਗੇ। ਬਿਪਤਾ ਅਤੇ ਪੁਰਾਣੇ ਨੇਮ ਦੇ ਸੰਤ ਰਾਜ ਦਾ ਆਨੰਦ ਲੈਣ ਦੇ ਲਈ ਜੀਅ ਉੱਠਣਗੇ। ਜਿਹੜੇ ਲੋਕ ਬਿਪਤਾ ਦੌਰਾਨ ਜੀਵਿਤ ਬਚੇ ਹੋਣਗੇ, ਉਹ ਹਜ਼ਾਰ ਸਾਲ ਦੇ ਰਾਜ ਵਿੱਚ ਦਾਖਲ ਹੋਣ ਦੀ ਉਹਨਾਂ ਦੀ ਯੋਗਤਾ ਦੇ ਲਈ ਪਰਖੇ ਜਾਣਗੇ। ਇਸਰਾਏਲ ਦੇ ਨਿਆਂ ਵਿੱਚ ਮਸੀਹ ਵਿਸ਼ਵਾਸੀ ਇਸਰਾਏਲ ਨੂੰ ਅਵਿਸ਼ਵਾਸੀ ਇਸਰਾਏਲ ਤੋਂ ਅਲੱਗ ਕਰਨਗੇ, ਅਤੇ ਕੌਮਾਂ ਦੇ ਨਿਆਂ ਵਿੱਚ ਵਿਸ਼ਵਾਸੀ ਗ਼ੈਰ-ਯਹੂਦੀਆਂ ਨੂੰ ਅਵਿਸ਼ਵਾਸੀ ਗ਼ੈਰ-ਯਹੂਦੀਆਂ ਤੋਂ ਅਲੱਗ ਕਰਨਗੇ। ਫਿਰ ਧਰਤੀ ਉੱਤੇ ਮਸੀਹ ਦਾ ਸ਼ਾਨਦਾਰ ਰਾਜ ਸ਼ੁਰੂ ਹੋਵੇਗਾ ਜਿਸ ਵਿੱਚ ਵਿਸ਼ਵਾਸੀਆਂ ਅਧਿਕਾਰ ਦੇ ਅਹੁਦਿਆਂ ਉੱਤੇ ਨਿਯੁਕਤ ਕੀਤਾ ਜਾਣਗੇ।

## XIII. ਮਸੀਹ ਦਾ ਧਰਤੀ ਉੱਤੇ ਰਾਜ (ਹਜ਼ਾਰ ਸਾਲ ਦਾ ਰਾਜ)

ਬਾਈਬਲ "ਰਾਜ" ਸ਼ਬਦ ਦੀ ਵਰਤੋਂ ਕਈ ਤਰੀਕਿਆਂ ਨਾਲ ਕਰਦੀ ਹੈ। ਇਸ ਦਾ ਅਰਥ ਪੂਰੇ ਬ੍ਰਹਿਮੰਡ ਉੱਤੇ ਹਮੇਸ਼ਾ ਦੇ ਲਈ ਪਰਮੇਸ਼ਰ ਦੇ ਰਾਜ ਦਾ ਇੱਕ ਆਮ ਰੂਪ ਵਿੱਚ ਸਥਾਪਿਤ ਹੋ ਜਾਣਾ ਹੋ ਸਕਦਾ ਹੈ (ਜ਼ਬੂਰ 103:19)। ਕਲੀਸਿਯਾ ਵੀ ਪਰਮੇਸ਼ਰ ਦੇ *ਰਾਜ* ਦਾ ਇੱਕ ਰੂਪ ਹੈ। ਜਿਹੜੇ ਲੋਕ ਮਸੀਹ ਵਿੱਚ ਵਿਸ਼ਵਾਸ ਕਰਦੇ ਹਨ, ਉਹ ਹਨੇਰੇ ਦੇ ਰਾਜ ਵਿੱਚੋਂ "ਪਰਮੇਸ਼ਰ ਦੇ ਪਿਆਰੇ ਪੁੱਤਰ ਦੇ *ਰਾਜ*' ਵਿੱਚ ਪ੍ਰਵੇਸ਼ ਹੁੰਦੇ ਹਨ (ਕੁਲੁੱਸੀ 1:13)। ਭਵਿੱਖਬਾਣੀ ਦੇ ਅਧਿਐਨ ਦਾ ਇਹ ਭਾਗ ਦਰਸਾਏਗਾ ਕਿ ਬਹੁਤ ਸਾਰੇ ਵਚਨਾਂ ਦੀ ਜੇਕਰ ਸ਼ਾਬਦਿਕ ਵਿਆਖਿਆ ਕੀਤੀ ਜਾਵੇ, ਤਾਂ ਉਹ ਇਹ ਸਿਖਾਉਂਦੇ ਹਨ ਕਿ ਮਸੀਹ ਮਸੀਹ ਧਰਤੀ ਉੱਤੇ ਪਰਮੇਸ਼ਰ ਦੇ ਸ਼ਾਬਦਿਕ ਰਾਜ ਵਿੱਚ ਯਰੂਸ਼ਲਮ ਤੋਂ ਸੰਸਾਰ ਉੱਤੇ ਸ਼ਾਸਨ ਕਰਨ ਦੇ ਲਈ ਧਰਤੀ ਉੱਤੇ ਆਉਣਗੇ।

ਪਰਮੇਸ਼ਰ ਦੇ ਰਾਜ ਜਾਂ ਸਵਰਗ ਦੇ ਰਾਜ ਬਾਰੇ ਸਿਖਾਉਣ ਵਾਲੇ ਬਾਈਬਲ ਦੇ ਬਹੁਤ ਸਾਰੇ ਵਚਨ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਵਾਲੇ ਰਾਜ ਦੀ ਗੱਲ ਕਰਦੇ ਹਨ।[51]

ਕਿਉਂਕਿ ਇੱਕ ਵੱਡੀ ਗਿਣਤੀ ਵਿੱਚ ਕੱਟੜਵਾਦੀ ਪ੍ਰੋਟੈਸਟੈਂਟ ਮਸੀਹ ਦੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣ ਦੇ ਵਿਚਾਰ ਨੂੰ ਨਹੀਂ ਮੰਨਦੇ ਹਨ, ਇਸ ਲਈ ਉਸ ਰਾਜ ਦੇ ਹਾਲਾਤਾਂ ਦਾ ਬਿਆਨ ਕਰਨ ਤੋਂ ਪਹਿਲਾਂ, ਇਹ ਸਾਬਤ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਮਸੀਹ ਧਰਤੀ ਉੱਤੇ ਇੱਕ ਰਾਜ ਸਥਾਪਿਤ ਕਰਨਗੇ। ਇਹ ਦਾਅਵਾ ਕੀਤਾ ਜਾ ਸਕਦਾ ਹੈ ਕਿ ਪੁਰਾਣੇ ਨੇਮ ਦੀ ਸ਼ਾਬਦਿਕ ਵਿਆਖਿਆ ਮਸੀਹ ਦੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣ ਦੇ ਵਿਚਾਰ ਵੱਲ ਲੈ ਜਾਂਦੀ ਹੈ। ਇਸ ਤੋਂ ਇਲਾਵਾ, ਅਬਰਾਹਾਮ, ਦਾਊਦ ਅਤੇ ਇਸਰਾਏਲ ਦੇਸ਼ ਦੇ ਨਾਲ ਪਰਮੇਸ਼ਰ ਦਾ ਨੇਮ ਇਸ ਨਿਸ਼ਚਿਤ ਕਰ ਦਿੰਦਾ ਹੈ ਕਿ ਇਸਰਾਏਲ ਦਾ ਭਵਿੱਖ ਵਿੱਚ ਇੱਕ ਰਾਜ ਹੋਵੇਗਾ।

### A. ਅਬਰਾਹਾਮ ਨਾਲ ਨੇਮ ਅਤੇ ਮਸੀਹ ਦਾ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣਾ

#### 1. ਬਾਈਬਲ ਦੇ ਵਚਨ

ਪਰਮੇਸ਼ਰ ਨੇ ਉਤਪਤ 12:1-3,7 ਵਿੱਚ ਅਬਰਾਹਾਮ ਨਾਲ ਆਪਣੇ ਸ਼ੁਰੂਆਤੀ ਵਾਅਦੇ ਕੀਤੇ ਸਨ, ਅਤੇ ਇਸ ਤੋਂ ਬਾਅਦ ਪਰਮੇਸ਼ਰ ਨੇ ਉਤਪਤ 13:14-17; 15:1-7,18; 22:15-18 ਵਿੱਚ ਇਹਨਾਂ ਨੂੰ ਦੁਹਰਾਇਆ ਅਤੇ ਹੋਰ ਵਧਾਇਆ ਵੀ ਸੀ। ਪਰਮੇਸ਼ਰ ਨੇ ਉਤਪਤ 26:3-5 ਵਿੱਚ ਇਸਹਾਕ ਨਾਲ ਅਤੇ ਉਤਪਤ 28:12-15 ਵਿੱਚ ਯਾਕੂਬ ਨਾਲ ਵੀ ਆਪਣੇ ਵਾਅਦਿਆਂ ਨੂੰ ਦੁਹਰਾਇਆ ਸੀ (ਉਤਪਤ 35:9-12; 48:4 ਵੀ ਦੇਖੋ)।

#### 2. ਵਾਅਦਿਆਂ ਦੇ ਪ੍ਰਾਪਤਕਰਤਾ

ਅਬਰਾਹਾਮ ਨਾਲ ਨੇਮ ਵਿੱਚ ਤਿੰਨ ਮੁੱਖ ਪ੍ਰਾਪਤਕਰਤਾ ਸ਼ਾਮਲ ਹਨ: ਅਬਰਾਹਾਮ, ਅਬਰਾਹਾਮ ਦੀ ਸੰਤਾਨ, ਅਤੇ ਸੰਸਾਰ ਦੀਆਂ ਸਾਰੀਆਂ ਕੌਮਾਂ।

#### a. ਅਬਰਾਹਾਮ

ਪਰਮੇਸ਼ਰ ਨੇ ਅਬਰਾਹਾਮ ਨਾਲ ਵਾਅਦਾ ਕੀਤਾ ਸੀ ਕਿ ਉਹ ਇੱਕ ਵੱਡੀ ਕੌਮ, ਇੱਕ ਮਹਾਨ "ਸੰਤਾਨ" ਦਾ ਪਿਤਾ ਹੋਵੇਗਾ (ਉਤ 12:2; 13:15-16; 15:5)। ਉਹ ਮੁੱਖ ਕੌਮ ਤੋਂ ਇਲਾਵਾ, ਹੋਰ ਰਾਜਿਆਂ ਅਤੇ ਹੋਰ ਕੌਮਾਂ ਦਾ ਵੀ ਪਿਤਾ ਹੋਵੇਗਾ (ਉਤ 17:6)। ਅਬਰਾਹਾਮ ਨੂੰ ਬਰਕਤ ਮਿਲੇਗੀ, ਉਸ ਦਾ ਨਾਮ ਮਹਾਨ ਹੋਵੇਗਾ, ਅਤੇ ਉਹ ਦੂਜਿਆਂ ਦੇ ਲਈ ਵੀ ਬਰਕਤ ਹੋਵੇਗਾ (ਉਤ 12:2)।

#### b. ਅਬਰਾਹਾਮ ਦੀ ਸੰਤਾਨ

ਅਬਰਾਹਾਮ ਦੀ ਸੰਤਾਨ ਇੱਕ ਵੱਡੀ ਕੌਮ ਬਣੇਗੀ (ਉਤ 12:2)। ਇਹ ਹਮੇਸ਼ਾ ਦੇ ਲਈ ਇਸਰਾਏਲ ਦੀ ਭੂਮੀ ਉੱਤੇ ਅਧਿਕਾਰੀ ਹੋਵੇਗੀ (ਉਤ 13:14-15,17; 15:18; 17:8)। ਇਹ ਸੰਤਾਨ ਅਣਗਿਣਤ ਹੋਵੇਗੀ (ਉਤ 15:5)। ਉਤਪਤ 17:19 ਅਤੇ ਹੋਰ ਵਚਨਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਬਰਾਹਾਮ ਦੀ ਸਮਝ ਵਿੱਚ "ਸੰਤਾਨ" ਦਾ ਅਰਥ ਉਸ ਦੇ ਸਰੀਰਕ ਬੱਚੇ ਸੀ।

#### c. ਸਾਰੀਆਂ ਕੌਮਾਂ ( ਪਰਾਈਆਂ ਕੌਮਾਂ)

ਉਤਪਤ 12:3 ਇਹ ਵਾਅਦਾ ਕਰਦਾ ਹੈ ਕਿ ਧਰਤੀ ਦੀਆਂ ਸਾਰੀਆਂ ਕੌਮਾਂ ਨੂੰ ਅਬਰਾਹਾਮ ਦੁਆਰਾ ਬਰਕਤ ਮਿਲੇਗੀ। ਇਸ ਵਿੱਚ ਮੁੱਖ

[51] ਇਹ ਜ਼ਰੂਰੀ ਨਹੀਂ ਹੈ ਕਿ ਵਾਕਾਂਸ਼ "ਪਰਮੇਸ਼ਰ ਦੇ ਰਾਜ" ਅਤੇ "ਸਵਰਗ ਦੇ ਰਾਜ" ਵਿੱਚ ਕੋਈ ਵੱਡਾ ਫ਼ਰਕ ਮੰਨਿਆ ਜਾਵੇ। ਕਿਉਂਕਿ ਇਬਰਾਨੀ ਲੋਕ "ਪਰਮੇਸ਼ਰ" ਦੇ ਨਾਮ ਦੀ ਵਾਰ-ਵਾਰ ਅਤੇ ਜ਼ਰੂਰਤ ਤੋਂ ਜ਼ਿਆਦਾ ਵਰਤੋਂ ਕਰਨ ਤੋਂ ਝਿਜਕਦੇ ਸਨ, ਇਸ ਲਈ ਉਹ ਇਸ ਦੀ ਥਾਂ "ਸਵਰਗ" ਦੀ ਵਰਤੋਂ ਕਰ ਲੈਂਦੇ ਸਨ, ਜਿਵੇਂ ਕਿ ਲੂਕਾ 15:21 ਵਿੱਚ ਉਜਾੜੂ ਪੁੱਤਰ ਨੇ ਕੀਤਾ ਸੀ।

ਬਰਕਤ ਅਬਰਾਹਾਮ ਦੀ ਸੰਤਾਨ (ਪ੍ਰਭੂ ਯਿਸੂ ਮਸੀਹ) ਵਿੱਚ ਵਿਸ਼ਵਾਸ ਦੁਆਰਾ ਧਰਮੀ ਠਹਿਰੇ ਜਾਣ ਦੀ ਹੋਵੇਗੀ (ਗਲਾਤੀ 3:8)। ਜਿਹੜੇ ਅਬਰਾਹਾਮ ਨੂੰ ਬਰਕਤ ਦੇਣਗੇ, ਉਹ ਬਰਕਤ ਪਾਉਣਗੇ, ਅਤੇ ਜਿਹੜੇ ਉਸ ਨੂੰ ਸਰਾਪ ਦੇਣਗੇ, ਉਹਨਾਂ ਨੂੰ ਸਰਾਪ ਦਿੱਤਾ ਜਾਵੇਗਾ (ਉਤ 12:3)।

### 3. ਅਬਰਾਹਾਮ ਨਾਲ ਨੇਮ ਦਾ ਰੂਪ

ਇਹ ਸ਼ਾਇਦ ਅਜੀਬ ਗੱਲ ਲੱਗ ਸਕਦੀ ਹੈ ਕਿ ਇੱਕ ਵਿਅਕਤੀ ਦੀ ਅੰਤ ਦੇ ਸਮੇਂ ਬਾਰੇ ਜ਼ਿਆਦਾਤਰ ਸਮਝ ਉਤਪਤ ਵਿੱਚ ਪਾਏ ਜਾਣ ਵਾਲੇ ਵਚਨਾਂ ਦੀ ਵਿਆਖਿਆ ਤੋਂ ਆਉਂਦੀ ਹੈ। ਫਿਰ ਵੀ, ਅਬਰਾਹਾਮ ਨਾਲ ਨੇਮ ਦਾ ਰੂਪ ਅੰਤ ਦੇ ਸਮੇਂ ਦੇ ਗਿਆਨ ਦਾ ਇੱਕ ਪ੍ਰਮੁੱਖ ਵਿਸ਼ਾ ਹੈ।

ਜੇਕਰ ਅਬਰਾਹਾਮ ਨਾਲ ਪਰਮੇਸ਼ਰ ਦੇ ਵਾਅਦੇ ਸ਼ਰਤ ਵਾਲੇ ਅਤੇ ਸਿਰਫ਼ ਕੁਝ ਸਮੇਂ ਲਈ ਹੁੰਦੇ ਤਾਂ ਇੱਕ ਵਿਅਕਤੀ ਨੂੰ ਭਵਿੱਖ ਦੀਆਂ ਘਟਨਾਵਾਂ ਵਿੱਚ ਯਹੂਦੀ ਲੋਕਾਂ ਦੇ ਭਵਿੱਖ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ। ਪਰ ਦੂਜੇ ਪਾਸੇ, ਜੇਕਰ ਅਬਰਾਹਾਮ ਨਾਲ ਪਰਮੇਸ਼ਰ ਦੇ ਵਾਅਦੇ ਬਿਨਾਂ ਕਿਸੇ ਸ਼ਰਤ ਦੇ ਅਤੇ ਸਦੀਪਕ ਸਨ, ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਧਰਤੀ ਉੱਤੇ ਮਸੀਹ ਦੇ ਰਾਜ (ਹਜ਼ਾਰ ਸਾਲ ਦੇ ਰਾਜ) ਦੇ ਦੁਆਰਾ ਯਹੂਦੀ ਲੋਕਾਂ ਦਾ ਇੱਕ ਸਦੀਪਕ ਅਧਿਕਾਰ ਹੋਵੇ।

ਹਜ਼ਾਰ ਸਾਲ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਿੱਚ ਵਿਸ਼ਵਾਸ ਰੱਖਣ ਵਾਲੇ ਇਸ ਗੱਲ ਨੂੰ ਸਵੀਕਾਰ ਕਰਦੇ ਹਨ ਕਿ ਵਿਅਕਤੀਗਤ ਰੂਪ ਵਿੱਚ ਅਬਰਾਹਾਮ ਦੀਆਂ ਬਰਕਤਾਂ ਪਾਉਣ ਦੇ ਲਈ ਵਿਸ਼ਵਾਸ ਜ਼ਰੂਰੀ ਹੁੰਦਾ ਹੈ, ਪਰ ਉਹ ਇਸ ਗੱਲ ਉੱਤੇ ਵੀ ਜ਼ੋਰ ਦਿੰਦੇ ਹਨ ਕਿ ਬਹੁਤ ਸਾਰੇ ਇਸਰਾਏਲ ਦੇ ਲੋਕਾਂ ਦਾ ਵਿਅਕਤੀਗਤ ਅਵਿਸ਼ਵਾਸ ਜਾਂ ਅਣਆਗਿਆਕਾਰੀ ਅਬਰਾਹਾਮ ਦੀ ਸੰਤਾਨ ਦੇ ਬਾਕੀ ਵਿਸ਼ਵਾਸੀਆਂ ਦੇ ਲਈ ਅਬਰਾਹਾਮ ਨਾਲ ਨੇਮ ਦੀਆਂ ਬਰਕਤਾਂ ਨੂੰ ਰੱਦ ਨਹੀਂ ਕਰ ਸਕਦੇ ਹਨ। ਜੇਕਰ ਇਸ ਵਿਚਾਰ ਦਾ ਸਮਰਥਨ ਕੀਤਾ ਜਾਵੇ ਕਿ ਅਬਰਾਹਾਮ ਨਾਲ ਨੇਮ ਇੱਕ ਅਜਿਹਾ ਸ਼ਰਤ ਤੋਂ ਬਿਨਾਂ ਦਾ ਨੇਮ ਹੈ ਜੋ ਸ਼ਾਬਦਿਕ ਅਤੇ ਸਦੀਪਕ ਹੈ, ਤਾਂ ਇਹ ਮਸੀਹ ਦੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣ ਦਾ ਮਜ਼ਬੂਤੀ ਨਾਲ ਸਮਰਥਨ ਕਰਨ ਵਾਲਾ ਤੱਥ ਬਣ ਜਾਂਦਾ ਹੈ।

#### a. ਇੱਕ ਸ਼ਰਤ

ਅਬਰਾਹਾਮ ਨਾਲ ਨੇਮ ਵਿੱਚ ਇੱਕੋ-ਇੱਕ ਸ਼ਰਤ ਇਹ ਸੀ ਕਿ ਅਬਰਾਹਾਮ ਆਪਣੇ ਦੇਸ਼ ਅਤੇ ਆਪਣੇ ਪਰਿਵਾਰ ਨੂੰ ਛੱਡ ਦੇਵੇ। ਇਬਰਾਨੀ ਵਾਕ ਵਿੱਚ "ਜਾ" ਕਿਰਿਆ ਤੋਂ ਬਾਅਦ ਨਤੀਜੇ ਲਿਖੇ ਗਏ ਹਨ। ਇਸ ਲਈ, ਉਤਪਤ 12:1 ਦਾ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

"ਜਾ... ਇਸ ਦਾ ਨਤੀਜਾ ਇਹ ਹੋਵੇਗਾ ਕਿ ਮੈਂ ਤੈਨੂੰ ਇੱਕ ਵੱਡੀ ਕੌਮ ਬਣਾਵਾਂਗਾ... ਇਸ ਦਾ ਨਤੀਜਾ ਇਹ ਹੋਵੇਗਾ ਕਿ ਮੈਂ ਤੈਨੂੰ ਬਰਕਤ ਦਿਆਂਗਾ...ਇਸ ਦਾ ਨਤੀਜਾ ਇਹ ਹੋਵੇਗਾ ਕਿ ਮੈਂ ਤੇਰਾ ਨਾਮ ਵੱਡਾ ਕਰਾਂਗਾ...ਇਸ ਦਾ ਨਤੀਜਾ ਇਹ ਹੋਵੇਗਾ ਕਿ ਤੂੰ ਬਰਕਤ ਦਾ ਕਾਰਨ ਹੋਵੇਂਗਾ।"

ਅਬਰਾਹਾਮ ਨੇ ਆਪਣੇ ਦੇਸ਼ ਨੂੰ ਛੱਡਣ ਦੀ ਸ਼ਰਤ ਨੂੰ ਮੰਨਿਆ ਅਤੇ ਪਰਮੇਸ਼ਰ ਨੇ ਉਸ ਦੀ ਸੰਤਾਨ ਨੂੰ ਦੇਸ਼ ਦਿੱਤਾ ਸੀ (ਉਤ 12)। ਅਸਲ ਵਿੱਚ, ਇਹ ਪਰਮੇਸ਼ਰ ਦੀ ਬਰਕਤ ਵਿੱਚ ਦਾਖਲ ਹੋਣ ਦਾ ਸੱਦਾ ਸੀ। ਅਬਰਾਹਾਮ ਦੇ ਨੇਮ ਦੇ ਨਾਲ ਬਾਅਦ ਵਿੱਚ ਜੋੜੀਆਂ ਗਈਆਂ ਉਤਪਤ 13:14-17 ਅਤੇ 15:5 ਦੀਆਂ ਬਰਕਤਾਂ ਬਿਨਾਂ ਕਿਸੇ ਸ਼ਰਤ ਦੇ ਸਨ। ਪਰਮੇਸ਼ਰ ਦੁਆਰਾ ਨੇਮ ਨੂੰ ਲਾਗੂ ਕਰਨ ਵਾਲੀ ਇੱਕੋ-ਇੱਕ ਸ਼ਰਤ ਨੂੰ ਅਬਰਾਹਾਮ ਨੇ ਪੂਰਾ ਕਰ ਦਿੱਤਾ ਸੀ। ਜਦੋਂ ਨੇਮ ਦੇ ਵਾਅਦੇ ਇਸਰਾਏਲ ਅੱਗੇ ਦੁਹਰਾਏ ਜਾਂਦੇ ਹਨ, ਤਾਂ ਉਹਨਾਂ ਦਾ ਆਧਾਰ **ਅਬਰਾਹਾਮ ਦੀ ਆਗਿਆਕਾਰੀ** ਹੈ (ਦੇਖੋ, ਉਤ 26:5)। ਇਸ ਲਈ, ਅਬਰਾਹਾਮ ਦੀ ਸੰਤਾਨ ਦੀਆਂ ਅਗਲੀਆਂ ਪੀੜ੍ਹੀਆਂ ਦਾ ਵਿਸ਼ਵਾਸ ਜਾਂ ਅਣਆਗਿਆਕਾਰੀ ਨੇਮ ਨੂੰ ਨਹੀਂ ਤੋੜ ਸਕਦੀ ਹੈ। ਇਹ ਨੇਮ ਅਬਰਾਹਾਮ ਦੁਆਰਾ ਉਸ ਦੇ ਆਪਣੇ ਦੇਸ਼ ਅਤੇ ਪਰਿਵਾਰ ਨੂੰ ਛੱਡ ਕੇ ਵਾਅਦਾ ਕੀਤੇ ਹੋਏ ਦੇਸ਼ ਚੱਲੇ ਜਾਣ ਦੇ ਸੱਦੇ ਪ੍ਰਤੀ ਆਗਿਆਕਾਰੀ ਹੋਣ ਦੇ ਕੰਮ ਉੱਤੇ ਆਧਾਰਿਤ ਹੈ।[52]

#### b. ਅਬਰਾਹਾਮ ਨਾਲ ਨੇਮ ਦਾ ਸਦੀਪਕ ਰੂਪ

ਬਾਈਬਲ ਅਬਰਾਹਾਮ ਨਾਲ ਨੇਮ ਦੇ ਸਦੀਪਕ (ਅਟੱਲ) ਰੂਪ ਉੱਤੇ ਜ਼ੋਰ ਦਿੰਦੀ ਹੈ। ਜੇਕਰ ਇਹ "ਸਦੀਪਕ" ਹੈ ਤਾਂ ਇਹ ਜ਼ਰੂਰੀ ਹੈ ਕਿ ਇਸਰਾਏਲ ਉਤਪਤ 15:18 ਵਿੱਚ ਵਾਅਦਾ ਕੀਤੇ ਗਏ ਦੇਸ਼ ਉੱਤੇ ਆਪਣਾ ਅਧਿਕਾਰ ਪ੍ਰਾਪਤ ਕਰੇ ਅਤੇ ਇਹ **ਸਦੀਪਕ ਅਧਿਕਾਰ** ਹੋਵੇ।

[52] ਅਬਰਾਹਾਮ ਨੇ ਸੁੰਨਤ (ਉਤ 17:11) ਅਤੇ ਇਸਹਾਕ ਦੀ ਬਲੀ ਦੇਣ (ਉਤ 22:18) ਦੇ ਮਾਮਲੇ ਵਿੱਚ ਵੀ ਆਗਿਆਕਾਰੀ ਕੀਤੀ ਸੀ। ਇਹ ਅਬਰਾਹਾਮ ਦੀ ਜਾਰੀ ਰਹਿਣ ਵਾਲੀ ਉਸੇ ਆਗਿਆਕਾਰੀ ਦੀਆਂ ਉਦਾਹਰਣਾਂ ਹਨ ਜੋ ਅਬਰਾਹਾਮ ਦੀ ਉਸ ਮੂਲ ਆਗਿਆਕਾਰੀ ਦੇ ਵਿਵਹਾਰ ਨੂੰ ਦਰਸਾਉਂਦੀਆਂ ਹਨ ਜਦੋਂ ਉਹ ਆਪਣੇ ਦੇਸ਼ ਨੂੰ ਛੱਡ ਕੇ ਆਇਆ ਸੀ। ਪਰ ਅਬਰਾਹਾਮ ਨਾਲ ਨੇਮ ਉਤਪਤ 17 ਅਤੇ 22 ਤੋਂ ਪਹਿਲਾਂ ਹੀ ਲਾਗੂ ਹੋ ਗਿਆ ਸੀ। ਅਬਰਾਹਾਮ ਦੀ ਆਗਿਆਕਾਰੀ ਦੀਆਂ ਹੋਰ ਪਰੀਖਿਆਵਾਂ ਨੇ ਇਹੀ ਸਾਬਤ ਕੀਤਾ ਸੀ ਕਿ ਉਹ ਉਦੋਂ ਵੀ ਓਨਾ ਹੀ ਆਗਿਆਕਾਰੀ ਸੀ ਜਿੰਨਾ ਉਹ ਆਪਣੇ ਦੇਸ਼ ਨੂੰ ਛੱਡਣ ਦੇ ਸਮੇਂ ਸੀ। ਉਹਨਾਂ ਨੂੰ ਅਬਰਾਹਾਮ ਦੇ ਮੂਲ ਆਗਿਆਕਾਰੀ ਦਾ ਵਿਸਤਾਰ ਮੰਨਿਆ ਜਾ ਸਕਦਾ ਹੈ। ਉਤਪਤ 22:18 ਅਬਰਾਹਾਮ ਦੀ ਆਗਿਆਕਾਰੀ ਵਿੱਚ ਪਰਮੇਸ਼ਰ ਦੇ ਖੁਸ਼ੀ ਨੂੰ ਦਰਸਾਉਂਦਾ ਹੈ ਅਤੇ ਪਰਮੇਸ਼ਰ ਆਪਣੇ ਸੇਵਕ ਨੂੰ ਉਹ ਦੇਣ ਦੀ ਵਚਨਬੱਧਤਾ ਕਰਦੇ ਹਨ ਜਿਸ ਦਾ ਉਹਨਾਂ ਨੇ ਪਹਿਲਾਂ ਹੀ ਵਾਅਦਾ ਕੀਤਾ ਸੀ। ਨੇਮ ਦੀ ਪੂਰਤੀ ਵਿੱਚ ਉਦੋਂ ਤੱਕ ਕੋਈ ਸ਼ੱਕ ਨਹੀਂ ਸੀ ਜਦੋਂ ਤੱਕ ਅਬਰਾਹਾਮ ਨੇ ਇਸਹਾਕ ਨੂੰ ਬਲੀ ਕਰਨ ਦੀ ਤਿਆਰ ਨਹੀਂ ਕੀਤਾ ਸੀ। ਹੁਣ ਪਰਮੇਸ਼ਰ ਨੇ ਹੋਰ ਵੀ ਜ਼ਿਆਦਾ ਖੁਸ਼ੀ ਨਾਲ ਅਬਰਾਹਾਮ ਨੂੰ ਬਰਕਤ ਦੇਣ ਦੀ ਇੱਛਾ ਕੀਤੀ ਸੀ।

ਇਹ ਧਿਆਨ ਦਿਓ ਕਿ ਅੱਗੇ ਦਿੱਤੀਆਂ ਗਈਆਂ ਬਹੁਤ ਸਾਰੀਆਂ ਆਇਤਾਂ ਅਬਰਾਹਾਮ ਨਾਲ ਨੇਮ ਦੀ ਉਦੋਂ ਵੀ ਪੁਸ਼ਟੀ ਕਰਦੀਆਂ ਹਨ ਜਦੋਂ ਯਹੂਦੀ ਕੌਮ ਆਗਿਆਕਾਰੀ ਕਰਨ ਵਿੱਚ ਸਦੀਆਂ ਤੱਕ ਅਸਫਲ ਰਹੀ ਸੀ। ਹੋਰ ਨੇਮਾਂ ਨਾਲ ਸੰਬੰਧਿਤ ਵਾਅਦੇ ਵੀ ਇਸਰਾਏਲ ਦੀਆਂ ਡੂੰਘੀਆਂ ਅਸਫਲਤਾਵਾਂ ਦੇ ਬਹੁਤ ਸਮੇਂ ਬਾਅਦ ਵੀ ਦੁਹਰਾਏ ਗਏ ਹਨ।

> ਕਿਉਂਕਿ ਇਹ ਸਾਰੀ ਧਰਤੀ ਜੋ ਤੂੰ ਵੇਖਦਾ ਹੈਂ, ਮੈਂ ਤੈਨੂੰ ਅਤੇ ਤੇਰੀ ਅੰਸ ਨੂੰ **ਸਦਾ ਲਈ** ਦੇ ਦਿਆਂਗਾ। [ਉਤ 13:15]
>
> "ਮੈਂ ਆਪਣਾ ਨੇਮ ਆਪਣੇ ਅਤੇ ਤੇਰੀ ਅੰਸ ਦੇ ਵਿੱਚ ਜੋ ਤੇਰੇ ਬਾਅਦ ਹੋਵੇਗੀ ਸਗੋਂ ਉਨ੍ਹਾਂ ਦੀਆਂ ਪੀੜ੍ਹੀਆਂ ਤੱਕ ਇੱਕ **ਅਨੰਤ ਨੇਮ** ਕਰਕੇ ਬੰਨ੍ਹਾਂਗਾ, ਮੈਂ ਤੇਰਾ ਅਤੇ ਤੇਰੇ ਬਾਅਦ ਤੇਰੀ ਅੰਸ ਦਾ ਪਰਮੇਸ਼ੁਰ ਹੋਵਾਂਗਾ...ਜੋ ਤੇਰੇ ਘਰਾਣੇ ਵਿੱਚ ਪੈਦਾ ਹੋਵੇ ਅਤੇ ਚਾਂਦੀ ਨਾਲ ਮੁੱਲ ਲਏ ਹੋਣ, ਉਨ੍ਹਾਂ ਦੀ ਸੁੰਨਤ ਜ਼ਰੂਰ ਕੀਤੀ ਜਾਵੇ। ਇਸ ਤਰ੍ਹਾਂ ਮੇਰਾ ਨੇਮ ਜਿਸ ਦਾ ਨਿਸ਼ਾਨ ਤੁਹਾਡੇ ਸਰੀਰ ਵਿੱਚ ਹੋਵੇਗਾ ਉਹ ਇੱਕ **ਅਨੰਤ ਨੇਮ** ਹੋਵੇਗਾ...ਪਰ ਪਰਮੇਸ਼ੁਰ ਨੇ ਆਖਿਆ, ਤੇਰੀ ਪਤਨੀ ਸਾਰਾਹ ਜ਼ਰੂਰ ਤੇਰੇ ਲਈ ਇੱਕ ਪੁੱਤਰ ਜਣੇਗੀ, ਤੂੰ ਉਹ ਦਾ ਨਾਮ ਇਸਹਾਕ ਰੱਖੀਂ ਅਤੇ ਮੈਂ ਆਪਣਾ ਨੇਮ ਉਹ ਦੇ ਨਾਲ ਅਤੇ ਉਹ ਦੇ ਬਾਅਦ ਉਹ ਦੀ ਅੰਸ ਨਾਲ, ਇੱਕ **ਅਨੰਤ ਨੇਮ** ਕਰਕੇ ਕਾਇਮ ਕਰਾਂਗਾ।" [ਉਤ 17:7,13,19]
>
> ਅਤੇ ਮੈਨੂੰ ਆਖਿਆ, ਵੇਖ, ਮੈਂ ਤੈਨੂੰ ਫਲਵੰਤ ਕਰਾਂਗਾ ਅਤੇ ਤੈਨੂੰ ਵਧਾਵਾਂਗਾ ਅਤੇ ਤੈਥੋਂ ਬਹੁਤ ਸਾਰੀਆਂ ਕੌਮਾਂ ਬਣਾਵਾਂਗਾ ਅਤੇ ਤੇਰੇ ਬਾਅਦ ਇਹ ਦੇਸ਼ **ਸਦਾ ਲਈ ਤੇਰੇ ਵੰਸ਼ ਦੀ ਵਿਰਾਸਤ ਹੋਣ** ਲਈ ਦੇ ਦਿਆਂਗਾ।" [ਉਤ 48:4]
>
> ਜਿਹੜਾ ਉਹ ਨੇ ਅਬਰਾਹਾਮ ਨਾਲ ਬੰਨ੍ਹਿਆ, ਅਤੇ ਇਸਹਾਕ ਨਾਲ ਉਹ ਦੀ ਸਹੁੰ ਖਾਧੀ, ਅਤੇ ਉਹ ਨੂੰ ਯਾਕੂਬ ਲਈ ਬਿਧੀ ਕਰਕੇ ਅਤੇ ਇਸਰਾਏਲ ਲਈ **ਅਨੰਤ ਨੇਮ** ਕਰਕੇ ਦ੍ਰਿੜ੍ਹ ਕੀਤਾ। [1 ਇਤ 16:16-17]
>
> ਉਹ ਨੇ ਆਪਣੇ ਨੇਮ ਨੂੰ **ਸਦਾ** ਚੇਤੇ ਰੱਖਿਆ ਹੈ, ਉਸ ਬਚਨ ਨੂੰ ਜਿਹ ਦਾ ਉਸ ਨੇ ਹਜ਼ਾਰਾਂ ਪੀੜ੍ਹੀਆਂ ਲਈ ਹੁਕਮ ਕੀਤਾ, ਜਿਹੜਾ ਉਹ ਨੇ ਅਬਰਾਹਾਮ ਨਾਲ ਬੰਨ੍ਹਿਆ, ਨਾਲੇ ਇਸਹਾਕ ਨਾਲ ਉਹ ਦੀ ਸਹੁੰ ਨੂੰ, ਅਤੇ ਉਹ ਨੇ ਯਾਕੂਬ ਲਈ ਬਿਧੀ ਕਰਕੇ ਅਤੇ ਇਸਰਾਏਲ ਲਈ **ਅਨੰਤ ਨੇਮ** ਕਰਕੇ ਉਹ ਨੂੰ ਦ੍ਰਿੜ੍ਹ ਕੀਤਾ [ਜ਼ਬੂਰ 105:8-10]
>
> "ਤਾਂ ਵੀ **ਮੈਂ ਆਪਣੇ ਉਸ ਨੇਮ ਨੂੰ ਜੋ ਤੇਰੀ ਜੁਆਨੀ ਦੇ ਦਿਨਾਂ ਵਿੱਚ ਤੇਰੇ ਨਾਲ ਸੀ**, **ਚੇਤੇ ਰੱਖਾਂਗਾ** ਅਤੇ **ਸਦਾ ਦਾ ਨੇਮ** ਤੇਰੇ ਨਾਲ ਕਾਇਮ ਕਰਾਂਗਾ। ਜਦੋਂ ਤੂੰ ਆਪਣੀ ਛੋਟੀ ਤੇ ਵੱਡੀ ਭੈਣ ਨੂੰ ਆਪਣੇ ਨਾਲ ਮਿਲਾਵੇਂਗੀ, ਤਦ ਤੂੰ ਆਪਣੀਆਂ ਪਿੱਛਲੀਆਂ ਚਾਲਾਂ ਨੂੰ ਚੇਤੇ ਕਰਕੇ ਸ਼ਰਮਿੰਦੀ ਹੋਵੇਂਗੀ ਅਤੇ ਮੈਂ ਉਹਨਾਂ ਨੂੰ ਧੀਆਂ ਕਰਕੇ ਤੈਨੂੰ ਦਿਆਂਗਾ, ਪਰ ਇਹ ਤੇਰੇ ਨੇਮ ਦੇ ਅਨੁਸਾਰ ਨਹੀਂ ਹੈ।" [ਹਿਜ਼ਕੀ 16:60-62]
>
> "**ਉਹ ਉਸ ਦੇਸ ਵਿੱਚ ਜਿਹੜਾ ਮੈਂ ਆਪਣੇ ਦਾਸ ਯਾਕੂਬ ਨੂੰ ਦਿੱਤਾ ਸੀ**, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, **ਵੱਸਣਗੇ** ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ **ਸਦਾ ਤੱਕ** ਉਸ ਵਿੱਚ ਸਦਾ ਲਈ ਵੱਸਣਗੇ। ਮੇਰਾ ਦਾਸ ਦਾਊਦ ਸਦਾ ਲਈ ਉਹਨਾਂ ਦਾ ਰਾਜਕੁਮਾਰ ਹੋਵੇਗਾ। ਮੈਂ ਉਹਨਾਂ ਦੇ ਨਾਲ ਸ਼ਾਂਤੀ ਦਾ ਨੇਮ ਅਰਥਾਤ **ਸਦਾ ਦਾ ਨੇਮ** ਬੰਨ੍ਹਾਂਗਾ, ਮੈਂ ਉਹਨਾਂ ਨੂੰ ਵਸਾਵਾਂਗਾ ਅਤੇ ਉਹਨਾਂ ਨੂੰ ਵਧਾਵਾਂਗਾ। ਉਹਨਾਂ ਦੇ ਵਿਚਕਾਰ ਆਪਣੇ ਪਵਿੱਤਰ ਸਥਾਨ ਨੂੰ **ਸਦਾ ਲਈ** ਕਾਇਮ ਕਰਾਂਗਾ।" [ਹਿਜ਼ਕੀ 37:25- 26]

### c. ਅਬਰਾਹਾਮ, ਇਸਹਾਕ ਅਤੇ ਯਾਕੂਬ ਦੀਆਂ ਅਸਫਲਤਾਵਾਂ

ਪਰਮੇਸ਼ਰ ਨੇ ਇਸ ਸ਼ਰਤ ਉੱਤੇ ਅਬਰਾਹਾਮ ਨੂੰ ਬਰਕਤ ਦੇਣ ਦਾ ਵਾਅਦਾ ਕੀਤਾ ਸੀ ਕਿ ਉਹ ਆਪਣੇ ਦੇਸ਼ ਅਤੇ ਪਰਿਵਾਰ ਨੂੰ ਛੱਡ ਦੇਵੇਗਾ। ਅਬਰਾਹਾਮ ਨੇ ਅਜਿਹਾ ਹੀ ਕੀਤਾ ਸੀ। ਇਸ ਤੋਂ ਬਾਅਦ ਅਬਰਾਹਾਮ ਦੇ ਜੀਵਨ ਦੇ ਬਿਰਤਾਂਤਾਂ ਵਿੱਚ, ਅਬਰਾਹਾਮ ਦੀ ਅਣਆਗਿਆਕਾਰੀ ਦੇ ਬਾਵਜੂਦ ਪਰਮੇਸ਼ਰ ਨੇ ਆਪਣੇ ਵਾਅਦਿਆਂ ਨੂੰ ਦੁਹਰਾਇਆ ਅਤੇ ਉਹਨਾਂ ਨੂੰ ਵਧਾਇਆ। ਜਦੋਂ ਅਬਰਾਹਾਮ ਨੇ ਮਿਸਰ ਵਿੱਚ ਪਾਪ ਕੀਤਾ ਸੀ (ਉਤ 12:10-20), ਇਸ ਤੋਂ ਬਾਅਦ ਵੀ ਪਰਮੇਸ਼ਰ ਨੇ ਆਪਣੇ ਵਾਅਦੇ ਨੂੰ ਦੁਹਰਾਇਆ ਸੀ (ਉਤ 13:14-17)। ਜਦੋਂ ਅਬਰਾਹਾਮ ਨੇ ਪਰਮੇਸ਼ਰ ਦੀ ਇੱਛਾ ਤੋਂ ਬਾਹਰ ਜਾ ਕੇ ਇਸ਼ਮਾਏਲ ਨੂੰ ਪੈਦਾ ਕੀਤਾ ਸੀ (ਉਤ 16:1-16), ਉਦੋਂ ਵੀ ਪਰਮੇਸ਼ਰ ਨੇ ਆਪਣੇ ਵਾਅਦੇ ਨੂੰ ਦੁਹਰਾਇਆ ਸੀ (ਉਤ 17:1-8)।

ਇਸਹਾਕ ਦੀ ਅਸਫਲਤਾ ਦਾ ਵਰਣਨ ਕਰਨ ਵਾਲਾ ਅਧਿਆਇ ਹੀ ਉਸ ਨਾਲ ਨੇਮ ਦੀ ਪੁਸ਼ਟੀ ਕਰਦਾ ਹੈ ਕਰਦਾ ਹੈ (ਉਤ 26:3-5)। ਇਸੇ ਤਰ੍ਹਾਂ, ਉਤਪਤ 27 ਵਿੱਚ ਯਾਕੂਬ ਦੇ ਧੋਖੇ ਤੋਂ ਬਾਅਦ ਵੀ ਪਰਮੇਸ਼ਰ ਉਸ ਨਾਲ ਵਾਅਦਾ ਕਰਦੇ ਹਨ (ਉਤ 28:12; 35:9-12; 48:4)। ਪਰਮੇਸ਼ਰ ਨੇ ਨਾ ਤਾਂ ਇਸਹਾਕ ਅਤੇ ਨਾ ਹੀ ਯਾਕੂਬ ਅੱਗੇ ਕੋਈ ਸ਼ਰਤ ਰੱਖੀ ਸੀ।[53] ਅਬਰਾਹਾਮ ਨਾਲ ਨੇਮ ਦਾ ਆਧਾਰ ਉਸ ਦੇ ਇੱਕ ਹੀ ਕੰਮ

[53] ਉਤਪਤ 26:3 ਅਬਰਾਹਾਮ ਦੇ ਨੇਮ ਨੂੰ ਇਸਹਾਕ ਦੇ ਕਨਾਨ ਦੇਸ਼ ਵਿੱਚ ਰਹਿਣ ਦੀ ਸ਼ਰਤ ਉੱਤੇ ਆਧਾਰਿਤ ਨਹੀਂ ਕਰਦਾ ਹੈ। ਇਸ ਦੀ ਬਜਾਏ, ਇੱਥੇ ਰਹਿਣ ਦਾ ਆਧਾਰ ਇਹ ਸੀ ਕਿ ਪਰਮੇਸ਼ਰ ਉਸ ਦੇ ਉੱਤਰਾਧਿਕਾਰੀਆਂ ਨੂੰ ਦੇਸ਼ ਦੇਣਗੇ। ਹਾਲਾਂਕਿ ਆਗਿਆਕਾਰੀ ਕਰਦੇ ਹੋਏ ਦੇਸ਼ ਵਿੱਚ ਹੀ ਰਹਿਣ ਨਾਲ ਇਸਹਾਕ ਦੀ ਨਿੱਜੀ ਬਰਕਤ ਵਧਣ ਵਾਲੀ ਸੀ, ਪਰ ਪੂਰਾ ਨੇਮ ਪਹਿਲਾਂ ਹੀ ਸੁਰੱਖਿਅਤ ਕੀਤਾ ਗਿਆ ਸੀ।

ਵਿੱਚ ਆਗਿਆਕਾਰੀ ਹੋਣਾ ਸੀ। ਬਾਅਦ ਵਿੱਚ ਅਬਰਾਹਾਮ ਜਾਂ ਉਸ ਦੀ ਸੰਤਾਨ ਦੀ ਅਸਲਫਤਾ ਉਹਨਾਂ ਦੇ **ਧਰਤੀ ਉੱਤੇ ਸਦੀਪਕ ਅਧਿਕਾਰ** ਦੇ ਵਾਅਦੇ ਨੂੰ ਰੱਦ ਨਹੀਂ ਕਰ ਸਕਦੀ ਹੈ।

### d. ਇੱਕ-ਪਾਸੇ ਦਾ ਨੇਮ

ਉਤਪਤ 15:8-17 ਇੱਕ ਅਜਿਹੀ ਰਸਮ ਬਾਰੇ ਚਰਚਾ ਕਰਦਾ ਹੈ ਜਿਸ ਦੇ ਦੁਆਰਾ ਅਬਰਾਹਾਮ ਨਾਲ ਨੇਮ ਦੀ ਪੁਸ਼ਟੀ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਦੋ ਧਿਰਾਂ ਇੱਕ ਸੰਧੀ ਉੱਤੇ ਮੋਹਰ ਲਗਾਉਣ ਦੇ ਲਈ ਜਾਨਵਰ ਦੀ ਬਲੀ ਦੀ ਟੁਕੜਿਆਂ ਵਿਚਕਾਰ ਤੁਰਦੀਆਂ ਸਨ (ਉਦਾਹਰਣ ਦੇ ਲਈ ਦੇਖੋ, ਯਿਰ 34:18-19)। ਇਸ ਪ੍ਰਤੀਕਵਾਦ ਵਿੱਚ ਸ਼ਾਇਦ ਇਹ ਸ਼ਰਾਪ ਸ਼ਾਮਲ ਹੁੰਦਾ ਹੈ ਕਿ ਜਿਸ ਨੇ ਸੰਧੀ ਦੀਆਂ ਸ਼ਰਤਾਂ ਨੂੰ ਤੋੜਿਆ ਉਹ ਵੀ ਇਸ ਜਾਨਵਰ ਵਾਂਗ ਖ਼ਤਮ ਹੋ ਜਾਵੇਗਾ। ਅਬਰਾਹਾਮ ਨਾਲ ਨੇਮ ਦੇ ਸੰਦਰਭ ਵਿੱਚ, ਪਰਮੇਸ਼ਰ ਨੇ ਅਬਰਾਹਾਮ ਨੂੰ ਡੂੰਘੀ ਨੀਂਦ ਵਿੱਚ ਪਾ ਦਿੱਤਾ ਸੀ ਅਤੇ ਸਿਰਫ਼ ਪਰਮੇਸ਼ਰ ਹੀ ਬਲੀਦਾਨ ਦੇ ਹਿੱਸਿਆਂ ਵਿੱਚੋਂ ਲੰਘੇ ਸਨ। ਇਸ ਦਾ ਅਰਥ ਹੈ ਕਿ ਹੁਣ ਨੇਮ ਨੂੰ ਪੂਰਾ ਕਰਨ ਦੇ ਲਈ ਅਬਰਾਹਾਮ ਵੱਲੋਂ ਕੋਈ ਜ਼ਿੰਮੇਵਾਰੀ ਪੂਰੀ ਕਰਨਾ ਬਾਕੀ ਨਹੀਂ ਹੈ। ਨੇਮ ਦੇ ਪੂਰਾ ਹੋਣ ਵਿੱਚ, ਅਬਰਾਹਾਮ ਤੋਂ ਹੁਣ ਕੋਈ ਉਮੀਦ ਨਹੀਂ ਸੀ। ਨੇਮ ਦੇ ਆਪਣੇ ਸਾਰੇ ਵਾਅਦੇ ਨੂੰ ਪੂਰਾ ਕਰਨ ਦੇ ਲਈ, ਸਾਰੀ ਜ਼ਿੰਮੇਵਾਰੀ ਹੁਣ ਪਰਮੇਸ਼ਰ ਹੀ ਨਿਭਾਉਣਗੇ।

### e. ਅਬਰਾਹਾਮ ਦੇ ਨੇਮ ਬਾਰੇ ਨਵੇਂ ਨੇਮ ਦੀ ਸਿੱਖਿਆ

ਨਵੇਂ ਨੇਮ ਦੇ ਦੋ ਮੁੱਖ ਵਚਨ ਸਿਖਾਉਂਦੇ ਹਨ ਕਿ ਅਬਰਾਹਾਮ ਦੇ ਨੇਮ ਨੂੰ ਬਦਲਿਆ ਨਹੀਂ ਜਾ ਸਕਦਾ ਹੈ। ਇਹ ਮਹੱਤਵਪੂਰਣ ਗੱਲ ਹੈ ਕਿ ਪਰਮੇਸ਼ਰ ਦੇ ਇਸਰਾਏਲ ਨੂੰ ਪਾਸੇ ਕਰਨ ਅਤੇ ਕਲੀਸਿਯਾ ਦੀ ਸ਼ੁਰੂਆਤ ਕਰਨ ਤੋਂ ਬਾਅਦ ਦਿੱਤੇ ਗਏ ਵਚਨ ਫਿਰ ਵੀ ਇਹ ਕਹਿੰਦੇ ਹਨ ਕਿ ਅਬਰਾਹਾਮ ਨਾਲ ਨੇਮ ਨੂੰ ਬਦਲਿਆ ਨਹੀਂ ਜਾ ਸਕਦਾ ਹੈ। ਇਸ ਲਈ, ਅਬਰਾਹਾਮ ਦੀ ਸੰਤਾਨ (ਇਸਰਾਏਲ) ਦੇ ਲਈ ਉਸ ਦੇਸ਼ ਉੱਤੇ ਸਦੀਪਕ ਅਧਿਕਾਰ ਪਾਉਣਾ ਜ਼ਰੂਰੀ ਹੈ ਜਿਸ ਦੀਆਂ ਹੱਦਾਂ ਦਾ ਉਤ 15:18 ਵਿੱਚ ਹਵਾਲਾ ਦਿੱਤਾ ਗਿਆ ਹੈ।

> ਮੇਰੇ ਕਹਿਣ ਦਾ ਅਰਥ ਇਹ ਹੈ, ਵਿਵਸਥਾ ਜਿਹੜੀ ਚਾਰ ਸੌ ਤੀਹ ਸਾਲ ਬਾਅਦ ਆਈ, ਪਰਮੇਸ਼ਰ ਦੇ ਪਹਿਲਾਂ ਕੀਤੇ ਇਕਰਾਰਨਾਮੇ ਨੂੰ ਤੋੜ ਨਹੀਂ ਸਕਦੀ ਅਤੇ ਨਾ ਉਹਨਾਂ ਦੇ ਵਾਅਦੇ ਨੂੰ ਰੱਦ ਕਰ ਸਕਦੀ ਹੈ। [ਗਲਾਤੀ 3:17]
>
> ਜਦੋਂ ਪਰਮੇਸ਼ਰ ਨੇ ਅਬਰਾਹਾਮ ਦੇ ਨਾਲ ਆਪਣਾ ਵਾਅਦਾ ਕੀਤਾ ਤਾਂ ਉਹਨਾਂ ਨੇ **ਆਪਣੇ ਹੀ** ਨਾਮ ਦੀ ਸੌਂਹ ਚੁੱਕੀ ਕਿਉਂਕਿ ਉਹਨਾਂ ਤੋਂ ਵੱਡਾ ਹੋਰ ਕੋਈ ਨਹੀਂ ਸੀ ਜਿਸ ਦੇ ਨਾਂ ਦੀ ਉਹ ਸੌਂਹ ਚੁੱਕ ਸਕਦੇ...ਪਰਮੇਸ਼ਰ ਚਾਹੁੰਦੇ ਸਨ ਕਿ ਉਹ ਆਪਣੇ ਵਾਅਦੇ ਦੇ ਵਾਰਿਸਾਂ ਦੇ ਉੱਤੇ **ਆਪਣੇ ਅਟੱਲ ਉਦੇਸ਼ਾਂ ਨੂੰ** ਪ੍ਰਗਟ ਕਰਨ ਇਸ ਲਈ ਉਹਨਾਂ ਨੇ ਪੱਕੇ ਸਬੂਤ ਦੇ ਲਈ ਸੌਂਹ ਚੁੱਕੀ ਤਾਂ **ਜੋ ਅਟੱਲ ਰਹਿਣ ਵਾਲੀਆਂ ਦੋ ਗੱਲਾਂ**, ਵਾਅਦੇ ਅਤੇ ਸੌਂਹ, ਜਿਹਨਾਂ ਦੇ ਦੁਆਰਾ ਪਰਮੇਸ਼ਰ ਦਾ ਝੂਠ ਬੋਲਣਾ ਅਸੰਭਵ ਹੈ, ਅਸੀਂ ਜਿਹੜੇ ਸਾਹਮਣੇ ਰੱਖੀ ਹੋਈ ਆਸ ਨੂੰ ਪ੍ਰਾਪਤ ਕਰਨ ਦੇ ਵੱਲ ਦੌੜੇ ਹਾਂ, ਸਾਨੂੰ ਪੱਕਾ ਉਤਸ਼ਾਹ ਮਿਲੇ। [ਇਬ 6:13,17-18]

### f. ਇਸਰਾਏਲ ਨਾਲ ਹੋਰ ਨੇਮਾਂ ਵਿੱਚ ਅਬਰਾਹਾਮ ਦੇ ਨੇਮ ਦਾ ਅੱਗੇ ਵਧਣਾ

ਪੁਰਾਣੇ ਨੇਮ ਦੇ ਹੋਰ ਨੇਮਾਂ (ਜਿਵੇਂ ਕਿ ਦਾਊਦ ਦਾ ਨੇਮ ਅਤੇ ਨਵਾਂ ਨੇਮ) ਦਾ ਆਧਾਰ ਵੀ ਅਬਰਾਹਾਮ ਦਾ ਨੇਮ ਵਿੱਚ ਹੀ ਹੈ। ਹੁਣ ਅਧਿਐਨ ਦਾ ਅਗਲਾ ਭਾਗ ਇਹ ਦਲੀਲ ਦੇਵੇਗਾ ਕਿ ਇਹ ਹੋਰ ਨੇਮ ਵੀ ਬਿਨਾਂ ਕਿਸੇ ਸ਼ਰਤ ਦੇ ਹਨ। ਜੇਕਰ ਇਹ ਨੇਮ ਵੀ ਬਿਨਾਂ ਸ਼ਰਤ ਦੇ ਹਨ, ਤਾਂ ਅਬਰਾਹਾਮ ਨਾਲ ਕੀਤੇ ਗਏ ਬੁਨਿਆਦੀ ਨੇਮ ਵੀ ਬਿਨਾਂ ਸ਼ਰਤ ਦੇ ਹੋਣੇ ਚਾਹੀਦੇ ਹਨ। ਅਜਿਹੀ ਕੋਈ ਵੀ ਆਇਤ ਜੋ ਇਹ ਦਰਸਾਉਂਦੀ ਹੈ ਕਿ ਇਸਰਾਏਲ ਦੇਸ਼ ਦੇ ਨਾਲ ਪਰਮੇਸ਼ਰ ਦਾ ਇੱਕ ਭਵਿੱਖ ਦਾ ਕੰਮ ਜੁੜਿਆ ਹੋਇਆ ਹੈ, ਉਹ ਇਹ ਵੀ ਸਾਬਤ ਕਰਦੀ ਹੈ ਕਿ ਅਬਰਾਹਾਮ ਨਾਲ ਨੇਮ ਬਿਨਾਂ ਕਿਸੇ ਸ਼ਰਤ ਦੇ ਸੀ। ਅਗਲੇ ਭਾਗ ਵਿੱਚ, ਇਹਨਾਂ ਵਿੱਚੋਂ ਜ਼ਿਆਦਾਤਰ ਆਇਤਾਂ ਵਰਤੀਆਂ ਜਾਣਗੀਆਂ (ਦੇਖੋ, ਯਿਰ 31:35-37; ਮੱਤੀ 19:28; 20:20-23; ਲੂਕਾ 1:32-33; 22:29-30; ਰਸੂਲਾਂ 3:17-26; ਰੋਮੀ 11:1,25-27; ਪ੍ਰਕਾਸ਼ 7:3-8; 20:1-6)।

### g. ਸ਼ਾਬਦਿਕ ਪੂਰਤ

ਅਬਰਾਹਾਮ ਨਾਲ ਨੇਮ ਦੇ ਕੁਝ ਭਾਗ ਪਹਿਲਾਂ ਹੀ ਸ਼ਾਬਦਿਕ ਤੌਰ ਤੇ ਪੂਰੇ ਹੋ ਗਏ ਹਨ। ਇਸ ਲਈ, ਸਾਨੂੰ ਇਹ ਉਮੀਦ ਕਰਨੀ ਚਾਹੀਦੀ ਹੈ ਕਿ ਭਵਿੱਖ ਵਿੱਚ ਨੇਮ ਦੇ ਬਾਕੀ ਭਾਗ ਵੀ ਇੱਕ ਪ੍ਰਤੀਕਾਤਮਕ ਰੂਪ ਵਿੱਚ ਨਹੀਂ, ਪਰ ਸ਼ਾਬਦਿਕ ਰੂਪ ਵਿੱਚ ਪੂਰੇ ਹੋਣਗੇ। ਅਬਰਾਹਾਮ ਭੌਤਿਕ ਤੌਰ ਉੱਤੇ (ਉਤ 13:2,5-7; 24:34-35) ਅਤੇ ਆਤਮਿਕ ਤੌਰ ਉੱਤੇ (ਉਤ 18:19ff.; 22:10ff) ਮਹਾਨ ਬਣ ਗਿਆ ਸੀ। ਉਸ ਨੂੰ ਪਰਮੇਸ਼ਰ ਦਾ "ਮਿੱਤਰ" ਕਿਹਾ ਗਿਆ ਸੀ (2 ਇਤਿਹਾਸ 20:7; ਯਸਾ 41:8; ਯਾਕੂਬ 2:23)। ਅਬਰਾਹਾਮ ਦਾ ਨਾਮ ਉੱਚਾ ਕੀਤਾ ਗਿਆ ਸੀ। ਅੱਜ ਦੇ ਦਿਨ ਤੱਕ ਯਹੂਦੀ, ਮਸੀਹੀ, ਅਤੇ ਮੁਸਲਮਾਨ ਉਸ ਦਾ ਸਤਿਕਾਰ ਕਰਦੇ ਹਨ। ਅਬਰਾਹਾਮ ਇੱਕ ਮਹਾਨ ਕੌਮ (ਇਸਰਾਏਲ) ਦਾ ਪਿਤਾ ਅਤੇ ਰਾਜਿਆਂ ਦਾ ਪੂਰਵਜ ਬਣਿਆ ਸੀ। ਉਹ ਹੋਰ ਲੋਕਾਂ, ਜਿਵੇਂ ਕਿ ਮਿਦਯਾਨੀਆਂ, ਅਦੋਮੀਆਂ, ਅਮਾਲੇਕੀਆਂ ਅਤੇ ਵੱਖ-ਵੱਖ ਅਰਬੀ ਕਬੀਲਿਆਂ ਦਾ ਪੂਰਵਜ ਵੀ ਬਣਿਆ। ਉਹ ਧਰਤੀ ਦੀਆਂ ਸਾਰੀਆਂ ਕੌਮਾਂ ਦੇ ਲਈ ਇੱਕ ਬਰਕਤ ਰਿਹਾ ਹੈ ਕਿਉਂਕਿ ਪਰਮੇਸ਼ਰ ਦਾ ਲਿਖਤੀ ਵਚਨ ਇਸਰਾਏਲ ਰਾਹੀਂ ਆਇਆ ਅਤੇ ਪਰਮੇਸ਼ਰ ਦਾ ਜਿਊਂਦਾ ਵਚਨ ਇਸਰਾਏਲ ਵਿੱਚ ਪੈਦਾ ਹੋਇਆ ਸੀ।

ਅਬਰਾਹਾਮ ਨਾਲ ਨੇਮ ਦੇ ਬਹੁਤ ਸਾਰੇ ਵਾਅਦਿਆਂ ਦਾ ਪੂਰਾ ਹੋਣਾ, ਇਸ

ਉਮੀਦ ਦੇ ਵੀ ਸ਼ਾਮਦਿਕ ਤੌਰ ਤੇ ਪੂਰਾ ਹੋਣ ਦੇ ਲਈ ਇੱਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਕਿ ਜਿਹੜੇ ਦੇਸ਼ ਅਬਰਾਹਾਮ ਤੋਂ ਪੈਦਾ ਹੋਏ ਹਨ, ਉਹ ਇਸ ਹੱਦ ਤੱਕ ਦੇਸ਼/ਭੂਮੀ ਨੂੰ ਆਪਣੇ ਅਧਿਕਾਰ ਵਿੱਚ ਕਰਨਗੇ ਜਿਸ ਦਾ ਉਤਪਤ 15:18 ਵਿੱਚ ਵਾਅਦਾ ਕੀਤਾ ਗਿਆ ਸੀ, ਅਤੇ ਇਹ ਅਧਿਕਾਰ ਇੱਕ ਸਦੀਪਕ ਅਧਿਕਾਰ ਹੋਵੇਗਾ।

### h. ਅਬਰਾਹਾਮ ਨਾਲ ਨੇਮ ਦਾ ਸਾਰ

ਪਰਮੇਸ਼ਰ ਨੇ ਇਹ ਵਾਅਦਾ ਕੀਤਾ ਸੀ ਕਿ ਅਬਰਾਹਾਮ ਦੀ ਸੰਤਾਨ ਉਤਪਤ 15:18 ਵਿੱਚ ਦੱਸੀਆਂ ਹੱਦਾਂ ਤੱਕ ਦੇ ਕਨਾਨ ਦੇ ਦੇਸ਼ ਨੂੰ ਇੱਕ ਸਦੀਪਕ ਅਰਥ ਵਿੱਚ ਆਪਣੇ ਅਧਿਕਾਰ ਵਿੱਚ ਕਰ ਲਵੇਗੀ। ਇਸ ਵਾਅਦੇ ਦਾ ਅੰਤਰਾਲ ਸਦੀਪਕ ਹੈ ਅਤੇ ਇਸ ਦਾ ਰੂਪ ਬਿਨਾਂ ਕਿਸੇ ਸ਼ਰਤ ਦੇ ਹੈ (ਅਬਰਾਹਾਮ ਦੇ ਆਪਣੇ ਪਰਿਵਾਰ ਅਤੇ ਦੇਸ਼ ਨੂੰ ਛੱਡਣ ਦੀ ਸ਼ੁਰੂਆਤੀ ਆਗਿਆਕਾਰੀ ਤੋਂ ਬਾਅਦ, ਇਹ ਸ਼ਰਤ-ਰਹਿਤ ਹੋ ਗਈ ਹੈ)। ਅਬਰਾਹਾਮ ਨਾਲ ਕੀਤੇ ਗਏ ਬਹੁਤ ਸਾਰੇ ਵਾਅਦਿਆਂ ਦੇ ਪਹਿਲਾਂ ਹੀ ਪੂਰੇ ਹੋ ਜਾਣ ਦਾ ਅਰਥ ਇਹ ਹੈ ਕਿ ਜਿਹੜੀਆਂ ਗੱਲਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ ਹਨ, ਉਹਨਾਂ ਦਾ ਵੀ ਸ਼ਾਬਦਿਕ ਰੂਪ ਵਿੱਚ ਪੂਰਾ ਹੋਣਾ ਜ਼ਰੂਰੀ ਹੈ।

ਅਬਰਾਹਾਮ ਨੇ ਇਹ ਸਮਝਿਆ ਹੋਵੇਗਾ ਕਿ ਉਸ ਦੀ ਸੰਤਾਨ ਸਰੀਰਕ ਤੌਰ ਤੇ ਇਸਰਾਏਲ ਹੋਵੇਗੀ। ਪਰ ਫਿਰ ਵੀ ਇਹ ਜ਼ਰੂਰੀ ਹੈ ਕਿ **ਇਸਰਾਏਲ ਦਾ ਦੇਸ਼ ਉੱਤੇ ਇੱਕ ਸਦੀਪਕ ਅਧਿਕਾਰ ਹੋਵੇ।** ਅੰਤ ਦੇ ਸਮੇਂ ਦੀਆਂ ਪ੍ਰਣਾਲੀਆਂ ਵਿੱਚ, **ਮਸੀਹ ਦਾ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਧਰਤੀ ਉੱਤੇ ਆਉਣਾ ਇੱਕ ਅਜਿਹੇ ਭਵਿੱਖ ਦੇ ਰਾਜ ਦੇ ਲਈ ਜਗ੍ਹਾ ਬਣਾਉਂਦਾ ਹੈ ਜੋ ਮੁੱਖ ਰੂਪ ਵਿੱਚ ਇਸਰਾਏਲ ਕੌਮ ਦਾ ਹੀ ਰਾਜ ਹੈ।**

## B. ਦਾਊਦ ਨਾਲ ਨੇਮ ਅਤੇ ਪ੍ਰੀ-ਮਿਲੇਨੀਅਲ ਵਿਚਾਰ

### 1. ਵਚਨ

ਪਰਮੇਸ਼ਰ ਨੇ ਦਾਊਦ ਦੇ ਨਾਲ 2 ਸਮੂਏਲ 7:12-16 ਅਤੇ 1 ਇਤਿਹਾਸ 17:11-14 ਵਿੱਚ ਇੱਕ ਨੇਮ ਬੰਨ੍ਹਿਆ ਸੀ। ਇਹ ਧਿਆਨ ਦਿਓ ਕਿ ਪਰਮੇਸ਼ਰ ਦਾਊਦ ਤੋਂ ਕਿਸੇ ਤਰ੍ਹਾਂ ਦੀ **ਕੋਈ** ਸ਼ਰਤ ਪੂਰੀ ਕਰਨ ਦੇ ਲਈ ਨਹੀਂ ਕਹਿੰਦੇ ਹਨ।

> "ਅਤੇ ਜਦ ਤੇਰੇ ਦਿਨ ਪੂਰੇ ਹੋਣਗੇ, ਅਤੇ ਤੂੰ ਆਪਣੇ ਪਿਓ ਦਾਦਿਆਂ ਦੇ ਨਾਲ ਸੌਂ ਜਾਵੇਂਗਾ, ਤਾਂ ਮੈਂ ਤੇਰੇ ਪਿੱਛੋਂ ਤੇਰੀ ਸੰਤਾਨ ਨੂੰ ਖੜ੍ਹਾ ਕਰਾਂਗਾ ਅਤੇ ਉਸ ਦੇ ਰਾਜ ਨੂੰ ਮਜ਼ਬੂਤ ਕਰਾਂਗਾ। ਉਹ ਮੇਰੇ ਨਾਮ ਦਾ ਇੱਕ ਭਵਨ ਬਣਾਵੇਗਾ ਅਤੇ ਮੈਂ ਉਸ ਦੀ ਰਾਜ ਗੱਦੀ ਨੂੰ ਸਦੀਪਕ ਕਾਲ ਤੱਕ ਸਥਿਰ ਰੱਖਾਂਗਾ। ਮੈਂ ਉਸ ਦਾ ਪਿਤਾ ਹੋਵਾਂਗਾ ਅਤੇ ਉਹ ਮੇਰਾ ਪੁੱਤਰ ਹੋਵੇਗਾ। ਜੇ ਕਦੀ ਉਹ ਬੁਰਾਈ ਕਰੇ, ਤਾਂ ਮੈਂ ਉਹ ਨੂੰ ਮਨੁੱਖਾਂ ਦੀ ਜੋਗ ਸਜ਼ਾ ਅਤੇ ਆਦਮ ਦੀ ਸੰਤਾਨ ਦੀ ਜੋਗ ਸਜ਼ਾ ਨਾਲ ਤਾੜਨਾ ਦੇਵਾਂਗਾ। ਪਰ ਮੇਰੀ ਦਯਾ ਉਸ ਤੋਂ ਵੱਖਰੀ ਨਾ ਹੋਵੇਗੀ, ਜਿਵੇਂ ਸ਼ਾਊਲ ਤੋਂ ਵੱਖਰੀ ਕਰ ਕੇ ਮੈਂ ਉਸ ਨੂੰ ਤੇਰੇ ਅੱਗੋਂ ਨਾਸ ਕੀਤਾ। ਤੇਰਾ ਘਰਾਣਾ ਅਤੇ ਤੇਰਾ ਰਾਜ ਸਦੀਪਕ ਕਾਲ ਤੱਕ ਤੇਰੇ ਅੱਗੇ ਅਟੱਲ ਰਹੇਗਾ। ਤੇਰੀ ਰਾਜ ਗੱਦੀ ਸਦਾ ਅਟੱਲ ਰਹੇਗੀ।" [2 ਸਮੂ 7:12-16]

> "ਜਦੋਂ ਤੇਰੀ ਅਵਸਥਾ ਪੂਰੀ ਹੋਵੇਗੀ ਅਤੇ ਤੈਨੂੰ ਆਪਣੇ ਪੁਰਖਿਆਂ ਦੇ ਕੋਲ ਜਾਣਾ ਪਵੇਗਾ, ਤਾਂ ਅਜਿਹਾ ਹੋਵੇਗਾ ਕਿ ਮੈਂ ਤੇਰੇ ਪਿੱਛੋਂ ਤੇਰੇ ਪੁੱਤਰਾਂ ਵਿੱਚੋਂ ਤੇਰੇ ਅੰਸ ਨੂੰ ਸਥਿਰ ਕਰਾਂਗਾ ਅਤੇ ਮੈਂ ਉਹ ਦੇ ਰਾਜ ਨੂੰ ਪੱਕਾ ਕਰਾਂਗਾ, ਉਹ ਮੇਰੇ ਲਈ ਇੱਕ ਭਵਨ ਬਣਾਵੇਗਾ ਅਤੇ ਮੈਂ ਉਸ ਦੀ ਰਾਜ ਗੱਦੀ ਸਦੀਪਕ ਕਾਲ ਤੱਕ ਸਥਿਰ ਰੱਖਾਂਗਾ, ਮੈਂ ਉਸ ਦਾ ਪਿਤਾ ਹੋਵਾਂਗਾ ਅਤੇ ਉਹ ਮੇਰਾ ਪੁੱਤਰ ਹੋਵੇਗਾ, ਮੈਂ ਉਸ ਦੇ ਉੱਤੋਂ ਆਪਣੀ ਦਯਾ ਹਟਾ ਨਾ ਲਵਾਂਗਾ, ਜਿਵੇਂ ਮੈਂ ਉਸ ਤੋਂ ਹਟਾ ਲਈ ਜਿਹੜਾ ਤੇਰੇ ਨਾਲੋਂ ਪਹਿਲਾਂ ਸੀ, ਸਗੋਂ ਮੈਂ ਉਹ ਨੂੰ ਆਪਣੇ ਭਵਨ ਵਿੱਚ ਅਤੇ ਆਪਣੇ ਰਾਜ ਵਿੱਚ ਸਦਾ ਤੱਕ ਸਥਿਰ ਕਰਾਂਗਾ, ਉਸ ਦੀ ਰਾਜ ਗੱਦੀ ਸਦੀਪਕ ਕਾਲ ਤੱਕ ਅਟੱਲ ਰਹੇਗੀ।" [1 ਇਤਿਹਾਸ 17:11-14]

### 2. ਦਾਊਦ ਨਾਲ ਨੇਮ ਵਿੱਚ ਕੀਤੇ ਗਏ ਵਾਅਦੇ

### a. ਅਸਥਾਈ ਵਾਅਦੇ

ਨਾਥਾਨ ਨਬੀ ਦੇ ਦੁਆਰਾ, ਪਰਮੇਸ਼ਰ ਨੇ ਦਾਊਦ ਨਾਲ ਇਹ ਵਾਅਦਾ ਕੀਤਾ ਸੀ ਕਿ ਉਸ ਦਾ ਇੱਕ ਪੁੱਤਰ (ਸੁਲੇਮਾਨ) ਉਸ ਦਾ ਵਾਰਸ ਹੋਵੇਗਾ ਅਤੇ ਉਹ ਦਾਊਦ ਦੇ ਰਾਜ ਸਥਾਪਿਤ ਕਰੇਗਾ (2 ਸਮੂ 7:12; 1 ਇਤਿਹਾਸ 17:11)। ਦਾਊਦ ਦੀ ਜਗ੍ਹਾ ਉਸ ਦਾ ਇਹ ਪੁੱਤਰ ਹੈਕਲ ਨੂੰ ਬਣਾਵੇਗਾ (2 ਸਮੂ 7:13; 1 ਇਤਿਹਾਸ 17:12)। ਹਾਲਾਂਕਿ ਇਹ ਹੋ ਸਕਦਾ ਹੈ ਕਿ ਪਰਮੇਸ਼ਰ ਦਾਊਦ ਦੇ ਪੁੱਤਰ ਦੀ ਤਾੜਨਾ ਕਰਨ, ਪਰ ਜਿਵੇਂ ਸ਼ਾਊਲ ਦੇ ਮਾਮਲੇ ਵਿੱਚ ਹੋਇਆ ਸੀ, ਪਰਮੇਸ਼ਰ ਆਪਣੀ ਦਯਾ ਨੂੰ ਉਸ ਤੋਂ ਵੱਖਰੀ ਨਹੀਂ ਕਰਨਗੇ (2 ਸਮੂ 7:14-15; 1 ਇਤਿਹਾਸ 17:13)। ਨੇਮ ਵਿੱਚ ਇਸ ਗੱਲ ਦੀ ਸੰਭਾਵਨਾ ਬਣੀ ਰਹਿੰਦੀ ਹੈ ਕਿ ਦਾਊਦ ਦੇ ਪੁੱਤਰ ਤੋਂ ਬਾਅਦ ਰਾਜ ਕਰਨ ਵਾਲੇ ਆਪਣੇ ਅਧਿਕਾਰ ਨੂੰ ਗੁਆ ਸਕਦੇ ਹਨ। ਇਹ ਸਾਰੇ ਅਸਥਾਈ ਪ੍ਰਬੰਧ ਸ਼ਾਬਦਿਕ ਤੌਰ ਤੇ ਪੂਰੇ ਕੀਤੇ ਗਏ ਸਨ ਜੋ ਇਹ ਦਰਸਾਉਂਦੇ ਹਨ ਕਿ ਦਾਊਦ ਨਾਲ ਨੇਮ ਦੇ ਸਦੀਪਕ ਪ੍ਰਬੰਧ ਵੀ ਸ਼ਾਬਦਿਕ ਤੌਰ ਤੇ ਪੂਰੇ ਹੋਣ ਚਾਹੀਦਾ ਹਨ।

### b. ਸਦੀਪਕ ਵਾਅਦੇ

ਸੁਲੇਮਾਨ ਦੇ **ਰਾਜ** ਦਾ ਸਿੰਘਾਸਣ **ਹਮੇਸ਼ਾਂ ਦੇ ਲਈ** ਸਥਾਪਿਤ ਕੀਤਾ ਜਾਵੇਗਾ।

> "...ਮੈਂ ਉਸ ਦੀ **ਰਾਜ ਗੱਦੀ** ਨੂੰ **ਸਦੀਪਕ ਕਾਲ** ਤੱਕ ਸਥਿਰ

ਰੱਖਾਂਗਾ।" [2 ਸਮੂ 7:13b]

"...ਮੈਂ ਉਸ ਦੀ **ਰਾਜ ਗੱਦੀ ਸਦੀਪਕ ਕਾਲ** ਤੱਕ ਸਥਿਰ ਰੱਖਾਂਗਾ" [1 ਇਤਿਹਾਸ 17:12b]

"...ਉਸ ਦੀ **ਰਾਜ ਗੱਦੀ ਸਦੀਪਕ ਕਾਲ** ਤੱਕ ਅਟੱਲ ਰਹੇਗੀ" [1 ਇਤਿਹਾਸ 17:14b]

ਪਰਮੇਸ਼ਰ ਨੇ ਦਾਊਦ ਦੇ ਪੁੱਤਰ ਸੁਲੇਮਾਨ ਬਾਰੇ ਬਹੁਤ ਸਾਵਧਾਨੀ ਨਾਲ ਚੁਣੇ ਹੋਏ ਸ਼ਬਦਾਂ ਵਿੱਚ ਭਵਿੱਖਬਾਣੀ ਕੀਤੀ ਸੀ। **ਨਾਥਾਨ ਨੇ ਇਹ ਨਹੀਂ ਕਿਹਾ ਸੀ ਕਿ ਸੁਲੇਮਾਨ ਦੀ ਸੰਤਾਨ ਸਦਾ ਦੇ ਲਈ ਕਾਇਮ ਰਹੇਗੀ ਜਾਂ ਰਾਜ ਕਰੇਗੀ**, ਪਰ ਉਸ ਨੇ ਸਿਰਫ਼ ਇਹ ਕਿਹਾ ਕਿ ਉਸ ਦੇ ਰਾਜ ਦਾ **ਸਿੰਘਾਸਣ** ਸਦਾ ਦੇ ਲਈ ਕਾਇਮ ਰਹੇਗਾ। ਯਿਰਮਿਯਾਹ ਦੇ ਸਮੇਂ ਵਿੱਚ, ਸੁਲੇਮਾਨ ਦੀ ਵੰਸ਼ਾਵਲੀ ਨੂੰ ਰਾਜ ਦੇ ਅਧਿਕਾਰ ਤੋਂ ਖ਼ਤਮ ਕਰ ਦਿੱਤਾ ਗਿਆ ਸੀ।

> "ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਇਸ ਮਨੁੱਖ ਨੂੰ ਔਤਰਾ ਲਿਖੋ, ਇੱਕ ਮਰਦ ਜਿਹੜਾ ਆਪਣੇ ਦਿਨਾਂ ਵਿੱਚ ਸਫ਼ਲ ਨਾ ਹੋਵੇਗਾ, ਨਾ ਹੀ ਉਸ ਦੀ ਨਸਲ ਵਿੱਚੋਂ ਕੋਈ ਸਫ਼ਲ ਹੋਵੇਗਾ, ਭਈ ਦਾਊਦ ਦੇ ਸਿੰਘਾਸਣ ਉੱਤੇ ਬੈਠੇ, ਅਤੇ ਯਹੂਦਾਹ ਉੱਤੇ ਫਿਰ ਰਾਜ ਕਰੇ.... ਇਸ ਲਈ ਯਹੋਵਾਹ ਯਹੂਦਾਹ ਦੇ ਰਾਜਾ ਯਹੋਯਾਕੀਮ ਦੇ ਬਾਰੇ ਇਸ ਤਰ੍ਹਾਂ ਆਖਦਾ ਹੈ ਕਿ ਦਾਊਦ ਦੇ ਸਿੰਘਾਸਣ ਉੱਤੇ ਬੈਠਣ ਲਈ ਉਹ ਦਾ ਕੋਈ ਨਾ ਹੋਵੇਗਾ, ਅਤੇ ਉਹ ਦੀ ਲੋਥ ਦਿਨ ਦੀ ਗਰਮੀ ਵਿੱਚ ਅਤੇ ਰਾਤ ਦੇ ਪਾਲੇ ਵਿੱਚ ਸੁੱਟੀ ਜਾਵੇਗੀ" [ਯਿਰ 22:30; 36:30]

ਸਾਡੇ ਪ੍ਰਭੂ ਦੀ ਮਾਂ ਮਰਿਯਮ ਦਾਊਦ ਦੀ ਵੰਸ਼ਾਵਲੀ ਤੋਂ ਜ਼ਰੂਰ ਸੀ, ਪਰ ਸੁਲੇਮਾਨ ਦੀ ਵੰਸ਼ਾਵਲੀ ਵਿੱਚੋਂ ਨਹੀਂ ਸੀ (ਦੇਖੋ, ਲੂਕਾ 3:31)। ਪ੍ਰਭੂ ਯਿਸੂ ਮਸੀਹ ਸੁਲੇਮਾਨ ਦੇ ਨਹੀਂ, ਪਰ ਦਾਊਦ ਦੇ ਪੁੱਤਰ ਹਨ।[55] ਪਰਮੇਸ਼ਰ ਨੇ ਇਹ ਭਵਿੱਖਬਾਣੀ ਕੀਤੀ ਸੀ ਕਿ ਸੁਲੇਮਾਨ ਦਾ ਸਿੰਘਾਸਣ ਸਦੀਪਕ ਹੋਵੇਗਾ, ਪਰ ਉਹਨਾਂ ਨੇ ਖ਼ਾਸ ਤੌਰ ਤੇ ਇਹ ਨਹੀਂ ਕਿਹਾ ਸੀ ਕਿ ਸੁਲੇਮਾਨ ਦਾ ਇੱਕ ਪੁੱਤਰ ਉਸ ਉੱਤੇ ਰਾਜ ਕਰੇਗਾ। ਇਹ ਇੱਕ ਦਿਲਚਸਪ ਗੱਲ ਹੈ ਕਿ ਇਸਰਾਏਲ ਦੇ ਸਦੀਪਕ ਰਾਜਤੰਤਰ ਦੀ ਲੜੀ ਜੋ ਅਸਲ ਵਿੱਚ ਸਿੰਘਾਸਣ ਉੱਤੇ ਬੈਠਦੀ ਹੈ, ਉਹ ਸਿੱਧੀ ਦਾਊਦ ਤੋਂ ਪ੍ਰਭੂ ਯਿਸੂ ਮਸੀਹ ਤੱਕ ਚੱਲੀ ਆਉਂਦੀ ਹੈ। ਮਸੀਹ ਦੇ ਸਰੀਰਕ ਪੁਰਖਿਆਂ ਵਿੱਚੋਂ ਯਰੂਸ਼ਲਮ ਉੱਤੇ ਸ਼ਾਸਨ ਕਰਨ ਵਾਲਾ ਇੱਕੋ-ਇੱਕ ਪੂਰਵਜ ਦਾਊਦ ਹੀ ਸੀ। ਇਹ ਵਿਚਾਰ ਕਿ ਪਰਮੇਸ਼ਰ ਨੇ ਸੁਲੇਮਾਨ ਦੇ ਸਿੰਘਾਸਣ ਨਾਲ ਤਾਂ ਸਦੀਪਕ ਹੋਣ ਦਾ ਵਾਅਦਾ ਕੀਤਾ ਸੀ, ਪਰ ਇਹ ਜ਼ਰੂਰੀ ਨਹੀਂ ਹੈ ਕਿ ਇਹ ਉਸ ਦੀ ਸੰਤਾਨ ਦੇ ਵੀ ਸਦੀਪਕ ਹੋਣ ਦਾ ਵਾਅਦਾ ਹੋਵੇ, ਇਹ ਬਾਈਬਲ ਦੀ ਭਵਿੱਖਬਾਣੀ ਦਾ ਨਿਸ਼ਚਿਤ ਤੱਥ ਹੈ। ਹਰੇਕ ਸ਼ਬਦ ਦਾ ਮਹੱਤਵ ਹੁੰਦਾ ਹੈ। ਜਿਹੜੇ ਹਜ਼ਾਰ ਸਾਲ ਦੇ ਰਾਜ ਨੂੰ ਸ਼ਾਬਦਿਕ ਨਹੀਂ ਸਮਝਦੇ ਹਨ, ਉਹ ਭਵਿੱਖਬਾਣੀ ਦੀ ਵਿਆਖਿਆ ਇੱਕ ਸ਼ਾਬਦਿਕ ਰੂਪ ਵਿੱਚ ਨਹੀਂ ਕਰਦੇ ਹਨ, ਉਹ ਭਵਿੱਖਬਾਣੀ ਦੇ ਵਚਨਾਂ ਉੱਤੇ ਉਸ ਤਰ੍ਹਾਂ ਧਿਆਨ ਨਹੀਂ ਦਿੰਦੇ ਹਨ ਜਿਵੇਂ ਦੇਣਾ ਚਾਹੀਦਾ ਹੈ।

ਪਰਮੇਸ਼ਰ ਨੇ ਇਹ ਵਾਅਦਾ ਕੀਤਾ ਸੀ ਕਿ ਸੁਲੇਮਾਨ ਦਾ ਸਿੰਘਾਸਣ (ਪਰ ਜ਼ਰੂਰੀ ਨਹੀਂ ਕਿ ਉਸ ਦਾ ਵੰਸ਼) ਸਦਾ ਦੇ ਲਈ ਰਾਜ ਕਰੇਗਾ, ਪਰ ਪਰਮੇਸ਼ਰ ਨੇ ਦਾਊਦ ਨਾਲ ਇਹ ਵਾਅਦਾ ਕੀਤਾ ਕਿ ਉਸ ਦਾ ਘਰਾਣਾ, ਰਾਜ ਅਤੇ ਸਿੰਘਾਸਣ ਸਦੀਪਕ ਕਾਲ ਦੇ ਲਈ ਹੋਵੇਗਾ। ਵਾਅਦੇ ਦੇ ਹਰੇਕ ਤੱਤ ਉੱਤੇ ਧਿਆਨ ਦੇਣ ਦੀ ਲੋੜ ਹੈ।

> "ਤੇਰਾ **ਘਰਾਣਾ** ਅਤੇ ਤੇਰਾ **ਰਾਜ ਸਦੀਪਕ ਕਾਲ** ਤੱਕ ਤੇਰੇ ਅੱਗੇ ਅਟੱਲ ਰਹੇਗਾ। ਤੇਰੀ **ਰਾਜ ਗੱਦੀ ਸਦਾ ਅਟੱਲ** ਰਹੇਗੀ।" [2 ਸਮੂ 7:16] (1 ਇਤਿਹਾਸ 17:14 ਵੀ ਦੇਖੋ)

ਜਦੋਂ ਪਰਮੇਸ਼ਰ ਨੇ ਦਾਊਦ ਨਾਲ ਇੱਕ ਸਦੀਪਕ ਘਰਾਣੇ ਦਾ ਵਾਅਦਾ ਕੀਤਾ ਸੀ, ਤਾਂ ਉਹ ਹੈਕਲ ਦੀ ਸਦੀਪਕਤਾ ਦੇ ਬਾਰੇ ਗੱਲ ਨਹੀਂ ਕਰ ਰਹੇ ਸਨ। 2 ਸਮੂ 7:11,16 ਅਤੇ 1 ਇਤਿਹਾਸ 17:10,14 ਵਿੱਚ "ਘਰਾਣਾ" ਇੱਕ ਰਾਜਵੰਸ਼ ਜਾਂ ਪਰਿਵਾਰ ਬਾਰੇ ਦੱਸਦਾ ਹੈ। ਬਾਈਬਲ ਸ਼ਾਹੀ ਪਰਿਵਾਰਾਂ ਦੇ ਲਈ "ਸ਼ਾਊਲ ਦੇ ਘਰਾਣੇ" ਜਾਂ "ਅਹਾਬ ਦੇ ਘਰਾਣੇ" ਵਰਗੇ ਵਾਕਾਂਸ਼ਾਂ ਦੀ ਵਰਤੋਂ ਕਰਦੀ ਹੈ। ਇਹ ਵਾਅਦਾ ਕਿ ਦਾਊਦ ਦਾ "ਘਰਾਣਾ" ਸਦੀਪਕ ਹੋਵੇਗਾ, ਇੱਕ ਅਜਿਹੀ ਤਸੱਲੀ ਹੈ ਕਿ ਉਸ ਦੇ ਘਰਾਣਾ ਕਦੇ ਵੀ ਖ਼ਤਮ ਨਹੀਂ ਹੋਵੇਗਾ। ਕਦੇ-ਕਦੇ ਜਦੋਂ ਇੱਕ ਦੁਸ਼ਟ ਰਾਜੇ ਦੀ ਹੱਤਿਆ ਕੀਤੀ ਜਾਂਦੀ ਸੀ ਤਾਂ ਉਸ ਦੇ ਰਾਜਵੰਸ਼ ਨੂੰ ਖ਼ਤਮ ਕਰਨ ਦੇ ਲਈ ਉਸ ਦੇ ਪੂਰੇ ਪਰਿਵਾਰ ਦਾ ਕਤਲ ਕਰ ਦਿੱਤਾ ਜਾਂਦਾ ਸੀ। ਅਜਿਹਾ ਅਹਾਬ ਨਾਲ ਹੋਇਆ ਸੀ (ਦੇਖੋ, 2 ਰਾਜਿਆਂ 10:10-11)। ਪਰਮੇਸ਼ਰ ਨੇ ਇਹ ਵਾਅਦਾ ਕੀਤਾ ਸੀ ਕਿ ਦਾਊਦ ਦੇ ਰਾਜਵੰਸ਼ ਦਾ ਕੋਈ ਅੰਤ ਨਹੀਂ ਹੋਵੇਗਾ ਅਤੇ ਉਸ ਦਾ ਸਿੰਘਾਸਣ ਕਦੇ ਖ਼ਤਮ ਨਹੀਂ ਹੋਵੇਗਾ।

ਇਸ ਤੋਂ ਬਾਅਦ, ਪਰਮੇਸ਼ਰ ਨੇ ਦਾਊਦ ਨਾਲ ਇੱਕ ਸਦੀਪਕ ਰਾਜ ਦਾ ਵਾਅਦਾ ਕੀਤਾ ਸੀ। ਇਸ ਦਾ ਅਰਥ ਹੈ ਕਿ ਇੱਕ ਸਮੇਂ ਦਾਊਦ ਦੇ ਰਾਜਵੰਸ਼ਾਂ ਨੂੰ ਅਜਿਹੇ ਅਧਿਕਾਰ ਦੇ ਨਾਲ ਸੱਤਾ ਪ੍ਰਾਪਤ ਹੋਵੇਗੀ, ਕਿ ਉਸ ਸਮੇਂ ਤੋਂ ਇਸਰਾਏਲ ਦਾ ਰਾਜ ਸਦੀਪਕ ਹੋਵੇਗਾ।

[55] ਯੂਸਫ਼ ਜ਼ਰੂਰ ਸੁਲੇਮਾਨ ਦੇ ਵੰਸ਼ ਵਿੱਚੋਂ ਪੈਦਾ ਹੋਇਆ ਸੀ ਅਤੇ ਯਿਸੂ ਦਾ ਕਾਨੂੰਨੀ ਤੌਰ ਤੇ ਪਿਤਾ ਸੀ (ਮੱਤੀ 1:7ff)। ਪਰ, ਕਿਉਂਕਿ ਪ੍ਰਭੂ ਯਿਸੂ ਦਾ ਸਰੀਰਕ ਤੌਰ ਤੇ ਯੂਸਫ਼ ਨਾਲ ਸੰਬੰਧ ਨਹੀਂ ਸੀ, ਇਸ ਲਈ ਉਹ ਯਿਰਮਿਯਾਹ ਦੇ ਸਰਾਪ ਤੋਂ ਬਚ ਗਏ ਸਨ। ਪ੍ਰਭੂ ਯਿਸੂ ਦੀ ਵੰਸ਼ਾਵਲੀ ਦਾ ਸਮਰਥਨ ਕਰਨ ਵਾਲੀਆਂ ਟਿੱਪਣੀਆਂ ਦੇ ਲਈ, ਦੇਖੋ ਜੇ. ਡਵਾਈਟ ਪੈਂਟੀਕੋਸਟ, *ਦ ਵਰਡ੍ਸ ਐਂਡ ਵਰਕਸ ਆਫ ਜੀਸਸ ਕਰਾਇਸਟ* (ਗ੍ਰੈਂਡ ਰੈਪਿਡ੍ਸ: ਜੌਂਡਰਵੈਨ ਪਬਲਿਸ਼ਿੰਗ ਹਾਊਸ, 1981), ਪੰਨੇ 33–39।

ਅੰਤ ਵਿੱਚ, ਪਰਮੇਸ਼ਰ ਨੇ ਦਾਊਦ ਨਾਲ ਇੱਕ ਸਦੀਪਕ ਸਿੰਘਾਸਣ ਦਾ ਵਾਅਦਾ ਕੀਤਾ ਸੀ। ਇਸ ਦਾ ਅਰਥ ਇਹ ਨਹੀਂ ਹੈ ਕਿ ਦਾਊਦ ਦੇ ਕਿਸੇ ਵੰਸ਼ਾਂ ਕੋਲ ਹਮੇਸ਼ਾ ਰਾਜਨੀਤਿਕ ਅਧਿਕਾਰ ਹੋਣਾ ਚਾਹੀਦਾ ਹੈ। ਇਸ ਦਾ ਅਰਥ ਇਹ ਹੈ ਕਿ ਦਾਊਦ ਦੇ ਸ਼ਾਹੀ ਪਰਿਵਾਰ ਕੋਲ ਹਮੇਸ਼ਾਂ ਹੀ ਦੇਸ਼ ਉੱਤੇ ਜਾਇਜ਼ ਰਾਜ ਕਰਨ ਦਾ ਪਰਮੇਸ਼ਰੀ ਅਧਿਕਾਰ ਹੋਵੇਗਾ। ਭਾਵੇਂ ਕੋਈ ਅਸਥਾਈ ਰੂਪ ਵਿੱਚ ਸਿੰਘਾਸਣ ਉੱਤੇ ਕਿਉਂ ਨਾ ਬੈਠਾ ਹੋਵੇ, ਪਰ ਰਾਜ ਦਾ ਮੁੱਖ ਅਧਿਕਾਰ ਕਿਸੇ ਹੋਰ ਪਰਿਵਾਰ ਨੂੰ ਨਹੀਂ ਦਿੱਤਾ ਜਾਵੇਗਾ।[56]

ਨੇਮ ਨੇ ਇਹ ਨਿਸ਼ਚਿਤ ਕਰ ਦਿੱਤਾ ਸੀ ਕਿ ਦਾਊਦ ਦਾ ਪਰਿਵਾਰ ਹਮੇਸ਼ਾ ਕਾਇਮ ਰਹੇਗਾ ਅਤੇ ਇਹ ਹਮੇਸ਼ਾ ਸ਼ਾਹੀ ਰਾਜਵੰਸ਼ ਹੋਵੇਗਾ ਜਿਸ ਕੋਲ ਸਿੰਘਾਸਣ ਦਾ ਨੈਤਿਕ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ, ਕਿਸੇ ਸਮੇਂ ਦਾਊਦ ਦੇ ਇੱਕ ਰਾਜ ਅਤੇ ਦਾਊਦ ਦੇ ਇੱਕ ਸਿੰਘਾਸਣ ਦੀ ਸਥਾਪਨਾ ਹੋਣੀ ਚਾਹੀਦੀ ਹੈ ਜੋ ਕਦੇ ਖ਼ਤਮ ਨਹੀਂ ਹੋਵੇਗਾ।

ਇਹ ਤੱਥ ਕਿ ਹੁਣ ਦਾਊਦ ਦੇ ਵੰਸ਼ ਦਾ ਰਾਜਾ ਯਰੂਸ਼ਲਮ ਵਿੱਚ ਰਾਜ ਨਹੀਂ ਕਰ ਰਿਹਾ ਹੈ, ਇਹ ਇਸ ਗੱਲ ਦਾ ਸਬੂਤ ਹੈ ਕਿ ਸਦੀਪਕ ਰਾਜ ਅਤੇ ਕੁਝ ਹੱਦ ਤੱਕ ਦਾਊਦ ਨਾਲ ਨੇਮ ਦੇ ਸਦੀਪਕ ਸਿੰਘਾਸਣ ਦੇ ਪਹਿਲੂ ਅਜੇ ਤੱਕ ਪੂਰੇ ਨਹੀਂ ਹੋਏ ਹਨ।

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਲੋਕ ਮੰਨਦੇ ਹਨ ਕਿ ਦਾਊਦ ਨਾਲ ਨੇਮ ਹੁਣ ਵੀ ਅਸਲ ਵਿੱਚ ਹੈ ਅਤੇ ਇਸ ਦਾ ਪੂਰਾ ਹੋਣਾ ਬਾਕੀ ਹੈ। ਦਾਊਦ ਦੇ ਇੱਕ ਵੰਸ਼ ਨੂੰ ਇੱਕ ਅਜਿਹੇ ਰਾਜ ਅਤੇ ਇੱਕ ਅਜਿਹੇ ਸਿੰਘਾਸਣ ਨੂੰ ਸਥਾਪਿਤ ਕਰਨਾ ਚਾਹੀਦਾ ਹੈ ਜੋ ਕਦੇ ਵੀ ਖ਼ਤਮ ਨਹੀਂ ਹੋ ਸਕਦਾ ਹੈ। ਕਿਉਂਕਿ ਵਰਤਮਾਨ ਸਮੇਂ ਵਿੱਚ ਅਜਿਹਾ ਕੋਈ ਰਾਜ ਮੌਜੂਦ ਨਹੀਂ ਹੈ, ਤਾਂ ਉਹ ਰਾਜ ਦਾਊਦ ਦੇ ਪੁੱਤਰ ਪ੍ਰਭੂ ਯਿਸੂ ਮਸੀਹ ਦਾ ਹੀ ਹੋਣਾ ਚਾਹੀਦਾ ਹੈ, ਜੋ ਦੁਬਾਰਾ ਆਉਣ ਵੇਲੇ ਇਸ ਮਹਾਨ ਅਤੇ ਸਦੀਪਕ ਰਾਜ ਨੂੰ ਸਥਾਪਿਤ ਕਰਨਗੇ।

### c. ਦਾਊਦ ਨਾਲ ਨੇਮ ਅਤੇ ਵੰਸ਼ ਦਾ ਰਾਜ ਦੀ ਰੇਖਾ ਤੋਂ ਟੁੱਟਣਾ

ਇਹ ਤੱਥ ਕਿ ਦਾਊਦ ਦੇ ਵੰਸ਼ਾਂ ਨੇ ਅਟੁੱਟ ਸ਼ਾਸਨ ਦਾ ਆਨੰਦ ਨਹੀਂ ਲਿਆ ਹੈ, ਅਤੇ ਇਹ ਕਿ ਉਸ ਦਾ ਰਾਜ ਕਾਇਮ ਨਹੀਂ ਰਿਹਾ ਹੈ, ਤਾਂ ਇਹ ਦਾਊਦ ਨਾਲ ਨੇਮ ਵਿੱਚ ਕੀਤੇ ਗਏ ਵਾਅਦਿਆਂ ਦੇ ਲਈ ਕੋਈ ਸ਼ਰਮਿੰਦਗੀ ਨਹੀਂ ਹੈ। ਦਾਊਦ ਨਾਲ ਨੇਮ ਵਿੱਚ ਦਾਊਦ ਦੇ ਰਾਜਵੰਸ਼ਾਂ ਦੁਆਰਾ ਨਿਰੰਤਰ ਸ਼ਾਸਨ ਦੀ ਜ਼ਰੂਰਤ ਨਹੀਂ ਹੈ। ਨੇਮ ਵਿੱਚ ਇਹ ਵਾਅਦਾ ਹੈ ਕਿ ਦਾਊਦ ਦਾ ਘਰਾਣਾ ਬਣਿਆ ਰਹੇਗਾ, ਅਤੇ ਉਸ ਕੋਲ ਹਮੇਸ਼ਾਂ ਰਾਜ ਦਾ ਅਧਿਕਾਰ ਹੋਵੇਗਾ, ਅਤੇ ਅੰਤ ਵਿੱਚ ਦਾਊਦ ਦੇ ਪੁੱਤਰਾਂ ਵਿੱਚੋਂ ਇੱਕ ਸਦੀਪਕ ਸਿੰਘਾਸਣ ਅਤੇ ਰਾਜ ਨੂੰ ਸਥਾਪਿਤ ਕਰੇਗਾ। ਪਰ ਮੂਲ ਨੇਮ ਵਿੱਚ ਇਹ ਸੰਭਾਵਨਾ ਵੀ ਸ਼ਾਮਲ ਸੀ ਕਿ ਦਾਊਦ ਦੇ ਪੁੱਤਰਾਂ ਵਿੱਚੋਂ ਕੁਝ ਇਸ ਸਦੀਪਕ ਰਾਜ ਦੀ ਸਥਾਪਨਾ ਤੋਂ ਪਹਿਲਾਂ, ਅਸਲ ਸ਼ਾਸਨ ਨੂੰ ਗੁਆ ਦੇਣਗੇ। ਦਾਊਦ ਦਾ ਵਾਅਦੇ ਵਿੱਚ ਇਹ ਵਿਸ਼ਵਾਸ ਸੀ ਕਿ ਉਸ ਦਾ ਘਰਾਣਾ ਕਾਇਮ ਰਹਿਗੇ ਅਤੇ ਇੱਕ ਨਿਸ਼ਚਿਤ ਸਮੇਂ ਤੇ ਇੱਕ ਸਦੀਪਕ ਸਿੰਘਾਸਣ ਅਤੇ ਰਾਜ ਨੂੰ ਸਥਾਪਿਤ ਕਰੇਗਾ, ਪਰ ਉਸ ਨੂੰ ਵੀ ਇਹ ਜ਼ਰੂਰੀ ਨਹੀਂ ਲੱਗ ਰਿਹਾ ਸੀ ਕਿ ਉਸ ਦੇ ਵੰਸ਼ ਵਿੱਚੋਂ ਰਾਜਿਆਂ ਦੇ ਸ਼ਾਸਨ ਦੀ ਇੱਕ ਅਟੁੱਟ ਰੇਖਾ ਹੋਵੇ (ਦੇਖੋ, ਜ਼ਬੂਰ 89:38-52)।

> ਤੂੰ ਉਹ ਦੇ ਤੇਜ ਨੂੰ ਮੁਕਾ ਦਿੱਤਾ ਹੈ,ਅਤੇ ਉਹ ਦੀ ਰਾਜ ਗੱਦੀ ਨੂੰ ਧਰਤੀ ਉੱਤੇ ਪਟਕਾ ਮਾਰਿਆ। [ਜ਼ਬੂਰ 89:44]

ਅਸਲ ਵਿੱਚ, ਜਿਹੜੇ "ਸ਼ਾਹੀ ਵੰਸ਼" ਵਿੱਚੋਂ ਅੰਤਿਮ ਦਾਊਦ ਦਾ ਪੁੱਤਰ, ਪ੍ਰਭੂ ਯਿਸੂ ਮਸੀਹ ਆਉਂਦੇ ਹਨ, ਉਸ ਨੇ ਇਸਰਾਏਲ ਦੇ ਪ੍ਰਾਚੀਨ ਰਾਜ ਵਿੱਚ **ਕਦੇ ਵੀ** ਰਾਜ ਨਹੀਂ ਕੀਤਾ ਸੀ। ਦਾਊਦ ਦਾ ਉਹ ਵੰਸ਼, ਜੋ ਨਾਥਾਨ ਦੀ ਵੰਸ਼ਾਵਲੀ ਵਿੱਚੋਂ ਅੱਗੇ ਵਧਿਆ ਅਤੇ ਮਰਿਯਮ ਦੁਆਰਾ ਯਿਸੂ ਤੱਕ ਪਹੁੰਚਿਆ, ਅਤੇ ਜੋ ਇੱਕ ਸਦੀਪਕ ਸਿੰਘਾਸਣ ਅਤੇ ਰਾਜ ਦੇ ਵਾਅਦੇ ਨੂੰ ਪੂਰਾ ਕਰਨ ਵਾਲਾ ਸੀ, ਉਸ ਨੇ ਅਸਲ ਵਿੱਚ **ਕਦੇ ਵੀ** ਯਰੂਸ਼ਲਮ ਵਿੱਚ ਰਾਜ ਨਹੀਂ ਕੀਤਾ ਸੀ। ਦੂਜੇ ਪਾਸੇ, ਦਾਊਦ ਦੇ ਰਾਜਿਆਂ ਦੀ ਉਹ ਵੰਸ਼ਾਵਲੀ ਜਿਸ ਨੇ ਸੁਲੇਮਾਨ ਤੋਂ ਲੈ ਕੇ ਬਾਬਲ ਦੀ ਗ਼ੁਲਾਮੀ ਵਿੱਚ ਜਾਣ ਤੱਕ ਇਸਰਾਏਲ ਅਤੇ ਯਹੂਦਾ ਉੱਤੇ ਰਾਜ ਕੀਤਾ ਸੀ, ਉਹ ਵੰਸ਼ਾਵਲੀ ਉਹ ਨਹੀਂ ਸੀ ਜੋ ਦਾਊਦ ਦੇ ਸਦੀਪਕ ਰਾਜ ਨੂੰ ਲਿਆਉਣ ਵਾਲੀ ਸੀ। ਇਹਨਾਂ ਤੱਥਾਂ ਤੋਂ ਸਪੱਸ਼ਟ ਦਿਖਾਈ ਦੇਣਾ ਚਾਹੀਦਾ ਹੈ ਕਿ ਦਾਊਦ ਨਾਲ ਨੇਮ ਨੇ ਕਦੇ ਵੀ ਦਾਊਦ ਦੇ ਘਰਾਣੇ ਵਿੱਚੋਂ ਰਾਜਿਆਂ ਦੀ ਅਜਿਹੀ ਨਾ ਟੁੱਟਣ ਵਾਲੀ ਰੇਖਾ ਦਾ ਵਾਅਦਾ ਨਹੀਂ ਕੀਤਾ ਸੀ ਜੋ ਅਸਲ ਵਿੱਚ ਦਾਊਦ ਦੇ ਆਪਣੇ ਸਮੇਂ ਤੋਂ ਲੈ ਕੇ ਸਦੀਪਕਤਾ ਤੱਕ ਰਾਜ ਕਰਨਗੇ। ਨੇਮ ਇਹ ਨਿਸ਼ਚਿਤ ਕਰਦਾ ਹੈ ਕਿ ਦਾਊਦ ਦਾ ਘਰਾਣਾ ਕਾਇਮ ਰਹੇਗਾ ਅਤੇ ਉਸ ਦਾ ਰਾਜ ਅਤੇ ਸਿੰਘਾਸਣ ਉੱਤੇ ਅਧਿਕਾਰ ਹਮੇਸ਼ਾ ਬਣਿਆ ਰਹੇਗਾ। ਦਾਊਦ ਦੇ ਘਰਾਣੇ ਦਾ ਸਿੰਘਾਸਣ ਉੱਤੇ ਅਧਿਕਾਰ ਪਾਪ, ਗ਼ੁਲਾਮੀ, ਅਤੇ ਦੂਰ ਖਿੰਡਾਉਣ ਤੋਂ ਬਾਅਦ ਵੀ ਹਮੇਸ਼ਾ ਬਣਿਆ ਰਹੇਗਾ। ਅੰਤ ਵਿੱਚ, ਦਾਊਦ ਦਾ ਇੱਕ ਉੱਤਰਾਧਿਕਾਰੀ ਸਦੀਪਕ ਰਾਜ ਨੂੰ ਸਥਾਪਿਤ ਕਰੇਗਾ। ਅਸਲ ਵਿੱਚ, ਹਾਲਾਂਕਿ ਘਰਾਣਾ, ਸਿੰਘਾਸਣ ਦਾ ਅਧਿਕਾਰ, ਅਤੇ ਸਾਰਾ ਰਾਜ ਸਦੀਪਕ ਹੋਣਾ ਚਾਹੀਦਾ ਹੈ, ਫਿਰ ਵੀ ਯਰੂਸ਼ਲਮ ਵਿੱਚ ਸ਼ਾਸਨ ਕਰਨ ਵਾਲੇ ਕਿਸੇ ਵੀ ਦਾਊਦ ਦੇ ਰਾਜੇ ਦਾ ਵਿਸ਼ੇਸ਼ ਅਧਿਕਾਰ ਉਸ ਦੀ ਆਗਿਆਕਾਰੀ ਉੱਤੇ ਆਧਾਰਿਤ ਸੀ (1 ਰਾਜਿਆਂ 8:25; 2 ਇਤਿਹਾਸ 6:16; ਜ਼ਬੂਰ 132:11-12)।

ਇਸ ਤੋਂ ਇਲਾਵਾ, ਦਾਊਦ ਦੇ ਰਾਜ ਬਾਰੇ ਗ਼ੁਲਾਮੀ (586 ਈਸਾ ਪੂਰਵ) ਤੋਂ ਬਾਅਦ ਲਿਖਿਆ ਗਿਆ ਹਰੇਕ ਵਾਅਦਾ ਇਹ ਸਾਬਤ ਕਰਦਾ ਹੈ ਕਿ ਪਰਮੇਸ਼ਰ ਉਦੋਂ ਵੀ ਦਾਊਦ ਦੇ ਨੇਮ ਨੂੰ ਲਾਗੂ ਮੰਨ ਰਹੇ ਸਨ ਹਾਲਾਂਕਿ ਉਸ ਸਮੇਂ ਦਾਊਦ ਦਾ ਕੋਈ ਵੰਸ਼ ਅਸਲ ਵਿੱਚ ਯਰੂਸ਼ਲਮ ਵਿੱਚ ਰਾਜ

[56] ਇਸ ਤੋਂ ਇਹ ਸਮਝ ਆਉਂਦਾ ਹੈ ਕਿ ਕਿਉਂ ਰਾਜਾ ਹੇਰੋਦੇਸ਼ (ਜੋ ਨਸਲੀ ਤੌਰ ਤੇ ਯਹੂਦੀ ਨਹੀਂ ਸੀ) ਦਾਊਦ ਦੇ ਵੰਸ਼ ਵਿੱਚੋਂ ਯਹੂਦੀਆਂ ਦੇ ਰਾਜਾ ਦੇ ਜਨਮ ਲੈਣ ਤੋਂ ਇੰਨਾ ਡਰ ਗਿਆ ਸੀ (ਮੱਤੀ 2:1ff)।

ਨਹੀਂ ਕਰ ਰਿਹਾ ਸੀ। ਨਵੇਂ ਨੇਮ ਦੇ ਸਮੇਂ ਤੱਕ ਦਾਊਦ ਦੇ ਰਾਜਵੰਸ਼ਾਂ ਨੇ 500 ਤੋਂ 600 ਸਾਲਾਂ ਤੱਕ ਇਸਰਾਏਲ ਦੇ ਕਿਸੇ ਵੀ ਹਿੱਸੇ ਉੱਤੇ ਰਾਜ ਨਹੀਂ ਕੀਤਾ ਸੀ। ਫਿਰ ਵੀ, ਨਵਾਂ ਨੇਮ ਇਹ ਸਿਖਾਉਂਦਾ ਹੈ ਕਿ ਦਾਊਦ ਦਾ ਇੱਕ ਪੁੱਤਰ ਇੱਕ ਸਦੀਪਕ ਰਾਜ ਦੀ ਸਥਾਪਨਾ ਕਰੇਗਾ। ਪਰਮੇਸ਼ਰ ਨੇ ਦਾਊਦ ਦੇ "ਘਰਾਣੇ" ਨੂੰ ਬਚਾ ਕੇ ਰੱਖਿਆ ਸੀ। ਉਸ ਕੋਲ ਅਜੇ ਵੀ ਸਿੰਘਾਸਣ ਦਾ ਸਦੀਪਕ ਅਧਿਕਾਰ ਸੀ। ਦਾਊਦ ਦੇ "ਪੁੱਤਰਾਂ" ਵਿੱਚੋਂ ਇੱਕ ਪੁੱਤਰ (ਮਸੀਹ, ਜੋ ਦਾਊਦ ਦੇ ਪੁੱਤਰ ਹਨ) ਦੇ ਲਈ ਹੁਣ ਵੀ ਇਹ ਜ਼ਰੂਰੀ ਹੈ ਕਿ ਦਾਊਦ ਦੇ ਨੇਮ ਨੂੰ ਪੂਰਾ ਕਰਨ ਦੇ ਲਈ ਉਹ ਇੱਕ ਸਦੀਪਕ ਸਿੰਘਾਸਣ ਅਤੇ ਇੱਕ ਸਦੀਪਕ ਰਾਜ ਦੀ ਸਥਾਪਨਾ ਕਰੇ। ਦਾਊਦ ਦੇ ਘਰਾਣੇ ਦੇ ਆਖ਼ਰੀ ਰਾਜੇ ਦੇ ਯਰੂਸ਼ਲਮ ਵਿੱਚ ਰਾਜ ਕਰਨ ਤੋਂ ਲਗਭਗ 600 ਸਾਲ ਬਾਅਦ, ਪਰਮੇਸ਼ਰ ਨੇ ਇਹ ਐਲਾਨ ਇੱਕ ਅਜਿਹੇ ਵਿਅਕਤੀ ਦੇ ਲਈ ਕੀਤਾ ਜੋ ਦਾਊਦ ਦੇ ਪਰਿਵਾਰ ਦੀ ਇੱਕ ਉਸ ਸ਼ਾਖਾ ਵਿੱਚੋਂ ਆਇਆ ਸੀ ਜਿਸ ਨੇ ਕਦੇ ਰਾਜ ਨਹੀਂ ਕੀਤਾ ਸੀ:

> "ਉਹ ਮਹਾਨ ਹੋਣਗੇ। ਉਹ ਪਰਮ ਪ੍ਰਧਾਨ ਪਰਮੇਸ਼ਰ ਦੇ ਪੁੱਤਰ ਅਖਵਾਉਣਗੇ। ਪ੍ਰਭੂ ਪਰਮੇਸ਼ਰ **ਉਹਨਾਂ ਦੇ ਪੁਰਖੇ ਦਾਊਦ ਦੀ ਰਾਜ-ਗੱਦੀ ਉਹਨਾਂ ਨੂੰ ਦੇਣਗੇ।** ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ ਰਾਜ ਕਰਨਗੇ। ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ।" [ਲੂਕਾ 1:32-33]

### 3. ਦਾਊਦ ਨਾਲ ਨੇਮ ਦਾ ਰੂਪ

ਇਸ ਸੱਚਾਈ ਨੂੰ ਨਜ਼ਰਅੰਦਾਜ਼ ਕਰਨ ਦਾ ਕੋਈ ਬਹਾਨਾ ਨਹੀਂ ਹੈ ਕਿ ਪਰਮੇਸ਼ਰ ਦੁਆਰਾ ਦਾਊਦ ਨਾਲ ਕੀਤੇ ਗਏ ਵਾਅਦੇ ਬਿਨਾਂ ਕਿਸੇ ਸ਼ਰਤ ਦੇ ਅਤੇ ਸਦੀਪਕ ਸਨ। ਦਾਊਦ ਨਾਲ ਨੇਮ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦਾ ਸਮਰਥਨ ਕਰਦਾ ਹੈ। ਮਸੀਹ ਜਦੋਂ ਵਾਪਸ ਆਉਣਗੇ, ਤਾਂ ਉਹ ਪੂਰੀ ਧਰਤੀ ਉੱਤੇ ਇੱਕ ਸ਼ਾਬਦਿਕ/ਰਾਜਨੀਤਿਕ ਅਧਿਕਾਰ ਨਾਲ ਆਉਣਗੇ, ਅਤੇ ਯਰੂਸ਼ਲਮ ਉਸ ਦੀ ਰਾਜਧਾਨੀ ਹੋਵੇਗਾ।

#### a. ਦਾਊਦ ਨਾਲ ਨੇਮ ਨੂੰ ਸਦੀਪਕ ਦੱਸਿਆ ਗਿਆ ਹੈ

> "ਉਹ ਮੇਰੇ ਨਾਮ ਦਾ ਇੱਕ ਭਵਨ ਬਣਾਵੇਗਾ ਅਤੇ ਮੈਂ ਉਸ ਦੀ ਰਾਜ ਗੱਦੀ ਨੂੰ **ਸਦੀਪਕ ਕਾਲ** ਤੱਕ ਸਥਿਰ ਰੱਖਾਂਗਾ...ਤੇਰਾ ਘਰਾਣਾ ਅਤੇ ਤੇਰਾ ਰਾਜ **ਸਦੀਪਕ ਕਾਲ** ਤੱਕ ਤੇਰੇ ਅੱਗੇ ਅਟੱਲ ਰਹੇਗਾ। ਤੇਰੀ ਰਾਜ ਗੱਦੀ **ਸਦਾ** ਅਟੱਲ ਰਹੇਗੀ।" [2 ਸਮੂ 7:13, 16]

> "ਭਾਵੇਂ ਮੇਰਾ ਘਰਾਣਾ ਪਰਮੇਸ਼ੁਰ ਦੇ ਅੱਗੇ ਅਜਿਹਾ ਨਹੀਂ, ਫਿਰ ਵੀ ਉਹ ਨੇ ਇੱਕ **ਸਦਾ ਦਾ** ਨੇਮ ਮੇਰੇ ਨਾਲ ਕੀਤਾ ਹੈ, ਜੋ ਸਾਰਿਆਂ ਗੱਲਾਂ ਵਿੱਚ ਠੀਕ-ਠਾਕ ਅਤੇ ਪੱਕਾ ਹੈ। ਇਹ ਮੇਰਾ ਸਾਰਾ ਨਿਸਤਾਰਾ ਅਤੇ ਮੇਰੀ ਸਾਰੀ ਚਾਹ ਹੈ। ਭਲਾ, ਉਹ ਉਸ ਨੂੰ ਸਫ਼ਲ ਨਾ ਕਰੇਗਾ?" [2 ਸਮੂ 23:5]

> "ਉਹ ਮੇਰੇ ਲਈ ਇੱਕ ਭਵਨ ਬਣਾਵੇਗਾ ਅਤੇ ਮੈਂ ਉਸ ਦੀ ਰਾਜ ਗੱਦੀ **ਸਦੀਪਕ ਕਾਲ** ਤੱਕ ਸਥਿਰ ਰੱਖਾਂਗਾ...ਸਗੋਂ ਮੈਂ ਉਹ ਨੂੰ ਆਪਣੇ ਭਵਨ ਵਿੱਚ ਅਤੇ ਆਪਣੇ ਰਾਜ ਵਿੱਚ **ਸਦਾ** ਤੱਕ ਸਥਿਰ ਕਰਾਂਗਾ, ਉਸ ਦੀ ਰਾਜ ਗੱਦੀ **ਸਦੀਪਕ ਕਾਲ** ਤੱਕ ਅਟੱਲ ਰਹੇਗੀ।" [1 ਇਤਿਹਾਸ 17:12,14]

> "ਕੰਨ ਲਾਓ ਅਤੇ ਮੇਰੇ ਵੱਲ ਆਓ, ਸੁਣੋ ਤਾਂ ਤੁਸੀਂ ਜੀਉਂਦੇ ਰਹੋਗੇ, ਅਤੇ ਮੈਂ ਤੁਹਾਡੇ ਨਾਲ ਇੱਕ **ਸਦੀਪਕ** ਨੇਮ ਬੰਨ੍ਹਾਂਗਾ, ਅਰਥਾਤ **ਦਾਊਦ** ਨਾਲ ਬੰਨ੍ਹੀਆਂ ਅਟੱਲ ਦਿਆਲ਼ਗੀਆਂ ਦਾ ਨੇਮ।" [ਯਸਾ 55:3]

> ਯਹੋਵਾਹ ਦਾ ਬਚਨ ਯਿਰਮਿਯਾਹ ਕੋਲ ਆਇਆ ਕਿ ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ **ਜੇ ਤੁਸੀਂ ਮੇਰਾ ਦਿਨ ਦਾ ਨੇਮ ਅਤੇ ਮੇਰਾ ਰਾਤ ਦਾ ਨੇਮ ਤੋੜ ਸਕਦੇ ਹੋ** ਭਈ ਦਿਨ ਅਤੇ ਰਾਤ ਆਪਣੇ ਵੇਲੇ ਸਿਰ ਨਾ ਹੋਣ ਤਦ **ਮੇਰਾ ਉਹ ਨੇਮ ਜਿਹੜਾ ਮੈਂ ਆਪਣੇ ਦਾਸ ਦਾਊਦ ਨਾਲ ਕੀਤਾ ਸੀ ਟੁੱਟ ਸਕਦਾ ਹੈ ਭਈ ਉਸ ਦੇ ਸਿੰਘਾਸਣ ਉੱਤੇ ਪਾਤਸ਼ਾਹੀ ਕਰਨ ਲਈ ਪੁੱਤਰ ਨਾ ਹੋਵੇ,** ਨਾਲੇ ਲੇਵੀ ਜਾਜਕਾਂ ਦਾ ਨੇਮ ਵੀ ਜਿਹੜੇ ਮੇਰੇ ਸੇਵਕ ਹਨ **ਜਿਵੇਂ ਅਕਾਸ਼ ਦੀ ਸੈਨਾਂ ਗਿਣੀ ਨਹੀਂ ਜਾਂਦੀ**, ਨਾ ਸਮੁੰਦਰ ਦੀ ਰੇਤ ਮਿਣੀ ਜਾਂਦੀ ਹੈ **ਤਿਵੇਂ ਮੈਂ ਆਪਣੇ ਦਾਸ ਦਾਊਦ ਦੀ ਨਸਲ ਨੂੰ** ਅਤੇ ਲੇਵੀਆਂ ਨੂੰ ਜਿਹੜੇ ਮੇਰੇ ਸੇਵਕ ਹਨ **ਵਧਾਵਾਂਗਾ।** ਫੇਰ ਯਹੋਵਾਹ ਦਾ ਬਚਨ ਯਿਰਮਿਯਾਹ ਕੋਲ ਆਇਆ, "ਕੀ ਤੂੰ ਨਹੀਂ ਦੇਖਦਾ ਕਿ ਇਹ ਲੋਕ ਕੀ ਬੋਲੇ? ਕਿ ਇਹਨਾਂ ਦੋਹਾਂ ਟੱਬਰਾਂ ਨੂੰ ਜਿਹਨਾਂ ਨੂੰ ਯਹੋਵਾਹ ਨੇ ਚੁਣਿਆ ਸੀ ਉਸ ਨੇ ਰੱਦ ਕਰ ਦਿੱਤਾ ਹੈ।" ਐਉਂ ਉਹ ਮੇਰੀ ਪਰਜਾ ਨੂੰ ਨਖਿੱਧ ਜਾਣਦੇ ਹਨ ਭਈ ਉਹ ਅੱਗੇ ਨੂੰ ਉਹਨਾਂ ਦੇ ਸਾਹਮਣੇ ਕੌਮ ਨਾ ਰਹੇ। ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ ਜੇ ਮੈਂ ਆਪਣੇ ਨੇਮ ਨੂੰ ਦਿਨ ਅਤੇ ਰਾਤ ਨਾਲ ਅਤੇ ਆਪਣੀਆਂ ਬਿਧੀਆਂ ਨੂੰ ਅਕਾਸ਼ ਅਤੇ ਧਰਤੀ ਨਾਲ ਕਾਇਮ ਨਾ ਕੀਤਾ ਹੋਵੇ ਤਾਂ ਮੈਂ ਵੀ ਯਾਕੂਬ ਅਤੇ ਆਪਣੇ ਦਾਸ **ਦਾਊਦ** ਦੀ ਨਸਲ ਨੂੰ ਰੱਦ ਦਿਆਂਗਾ ਭਈ ਉਹ ਦੀ ਨਸਲ ਵਿੱਚੋਂ ਉਹਨਾਂ ਨੂੰ ਨਾ ਲਵਾਂਗਾ ਜਿਹੜੇ ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਨਸਲ ਉੱਤੇ ਹੁਕਮ ਚਲਾਉਣ ਵਾਲੇ ਹੋਣ, ਸਗੋਂ ਮੈਂ ਉਹਨਾਂ ਦੀ ਗ਼ੁਲਾਮੀ ਨੂੰ ਮੁਕਾ ਦਿਆਂਗਾ ਅਤੇ ਉਹਨਾਂ ਨਾਲ ਰਹਮ ਕਰਾਂਗਾ।" [ਯਿਰ 33:19-26]

#### b. ਦਾਊਦ ਨਾਲ ਨੇਮ ਦੀ ਇੱਕ ਨਾ ਬਦਲਣ ਵਾਲੀ ਸਹੁੰ ਨਾਲ ਪੁਸ਼ਟੀ ਕੀਤੀ ਗਈ

> "ਮੈਂ ਆਪਣੇ ਚੁਣੇ ਹੋਏ ਦੇ ਨਾਲ ਨੇਮ ਬੰਨ੍ਹਿਆ ਹੈ, ਅਤੇ **ਆਪਣੇ**

> **ਦਾਸ ਦਾਊਦ ਨਾਲ ਸਹੁੰ ਖਾਧੀ**, ਕਿ ਮੈਂ ਤੇਰੀ ਅੰਸ ਨੂੰ **ਸਦਾ ਤੱਕ** ਕਾਇਮ ਰੱਖਾਂਗਾ, ਅਤੇ ਤੇਰੀ ਰਾਜ ਗੱਦੀ ਨੂੰ **ਪੀੜ੍ਹੀਓਂ ਪੀੜ੍ਹੀ** ਬਣਾਈ ਰੱਖਾਂਗਾ...ਮੈਂ **ਸਦਾ** ਉਹ ਦੇ ਲਈ ਆਪਣੀ ਦਯਾ ਬਣਾਈ ਰੱਖਾਂਗਾ, ਅਤੇ ਮੇਰਾ ਨੇਮ ਉਹ ਦੇ ਨਾਲ ਪੱਕਾ ਰਹੇਗਾ, ਅਤੇ ਮੈਂ ਉਹ ਦੇ ਵੰਸ਼ ਨੂੰ ਸਦਾ ਤੱਕ, ਅਤੇ ਉਹ ਦੀ ਰਾਜ ਗੱਦੀ ਨੂੰ ਅਕਾਸ਼ ਦੇ ਦਿਨਾਂ ਵਾਂਗੂੰ ਸਾਂਭਾਂਗਾ। ਪਰ ਮੈਂ ਆਪਣੀ ਦਯਾ ਉਸ ਤੋਂ ਹਟਾ ਨਾ ਲਵਾਂਗਾ, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ। **ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ**, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ ਨਾ ਬਦਲਾਂਗਾ। **ਇੱਕ ਵਾਰ ਮੈਂ ਆਪਣੀ ਪਵਿੱਤਰਤਾਈ ਦੀ ਸਹੁੰ ਖਾ ਚੁੱਕਾ ਹਾਂ, ਫੇਰ ਦਾਊਦ ਨਾਲ ਝੂਠ ਨਾ ਬੋਲਾਂਗਾ।** ਉਹ ਦਾ ਵੰਸ਼ ਅੰਤ ਤੱਕ, ਅਤੇ **ਉਹ ਦੀ ਰਾਜ ਗੱਦੀ** ਸੂਰਜ ਵਾਂਗੂੰ ਮੇਰੇ ਅੱਗੇ ਬਣੀ ਰਹੇਗੀ। ਉਹ ਚੰਦਰਮਾਂ ਜਿਹੀ **ਕਾਇਮ** ਰਹੇਗੀ, ਅਤੇ ਗਗਣ ਦੀ ਸੱਚੀ ਸਾਖੀ ਜਿਹੀ। ਸਲਹ।" [ਜ਼ਬੂਰ 89:3-4, 28-29, 33-37]

ਅਸਲ ਵਿੱਚ ਦਾਊਦ ਨਾਲ ਨੇਮ ਅਬਰਾਹਾਮ ਨਾਲ ਪਰਮੇਸ਼ਰ ਦੇ ਨੇਮ ਦਾ ਵਿਸਤਾਰ ਹੀ ਹੈ। ਦੋਵੇਂ ਨੇਮ ਬਿਨਾਂ ਕਿਸੇ ਸ਼ਰਤ ਦੇ ਹਨ। ਦੋਵੇਂ ਨੇਮ ਸਦੀਪਕ ਹਨ। ਜਿਵੇਂ ਪਰਮੇਸ਼ਰ ਨੇ ਅਬਰਾਹਾਮ ਨਾਲ ਨੇਮ ਦੀ ਇੱਕ ਸਹੁੰ ਨਾਲ ਪੁਸ਼ਟੀ ਕੀਤੀ ਸੀ (ਇਬ 6:17-18), ਉਵੇਂ ਹੀ ਪਰਮੇਸ਼ਰ ਨੇ ਦਾਊਦ ਨਾਲ ਨੇਮ ਦੀ ਪੁਸ਼ਟੀ ਵੀ ਕਦੇ ਨਾ ਬਦਲਣ ਵਾਲੀ ਸਹੁੰ ਨਾਲ ਕੀਤੀ ਸੀ।

### c. ਪਾਪ ਤੋਂ ਬਾਅਦ ਨੇਮ ਦੀ ਮੁੜ ਪੁਸ਼ਟੀ ਕੀਤੀ ਗਈ

ਹੇਠਾਂ ਲਿਖੀਆਂ ਬਹੁਤ ਸਾਰੀਆਂ ਆਇਤਾਂ ਨੂੰ ਪਿਛਲੀਆਂ ਸ਼੍ਰੇਣੀਆਂ ਵਿੱਚ ਵੀ ਰੱਖਿਆ ਜਾ ਸਕਦਾ ਹੈ। ਫਿਰ ਵੀ, ਇਸ ਤੱਥ ਉੱਤੇ ਜ਼ੋਰ ਦੇਣਾ ਵਧੀਆ ਹੋਵੇਗਾ ਕਿ ਕਈ ਪੀੜ੍ਹੀਆਂ ਦੇ ਧਰਮ-ਤਿਆਗ ਤੋਂ ਬਾਅਦ ਵੀ ਪਰਮੇਸ਼ਰ ਨੇ ਦਾਊਦ ਨਾਲ ਆਪਣੇ ਨੇਮ ਨੂੰ ਕਾਇਮ ਰੱਖਣ ਦੇ ਇਰਾਦੇ ਨੂੰ ਵਾਰ-ਵਾਰ ਦੁਹਰਾਇਆ ਸੀ। ਪਰਮੇਸ਼ਰ ਨੇ ਦਾਊਦ ਨਾਲ ਨੇਮ ਨੂੰ ਗ਼ੁਲਾਮੀ ਤੋਂ ਪਹਿਲਾਂ, ਗ਼ੁਲਾਮੀ ਦੌਰਾਨ, ਅਤੇ ਇੱਥੋਂ ਤੱਕ ਕਿ ਨਵੇਂ ਨੇਮ ਦੇ ਸਮਿਆਂ ਵਿੱਚ ਵੀ ਲਾਗੂ ਕੀਤਾ ਸੀ।[57] ਮੱਤੀ 1:1 ਵਿੱਚ ਮਸੀਹ ਦੇ ਜੋੜਿਆ ਗਿਆ ਪਹਿਲਾਂ ਪੂਰਵਜ ਦਾਊਦ ਹੈ। ਨਵੇਂ ਨੇਮ ਵਿੱਚ ਪਹਿਲਾ ਹਵਾਲਾ ਇਹ ਕਹਿੰਦਾ ਹੈ "ਮਸੀਹ ਦਾਊਦ ਦੇ ਵੰਸ ਵਿੱਚੋਂ ਸਨ"... ਪੂਰੇ ਨਵੇਂ ਨੇਮ ਵਿੱਚ (ਜੋ ਕਿ ਗ਼ੁਲਾਮੀ ਅਤੇ ਦਾਊਦ ਦੇ ਸ਼ਾਸਨ ਦੀ ਅੰਤ ਤੋਂ ਬਾਅਦ ਆਉਂਦਾ ਹੈ), ਲਗਾਤਾਰ ਇੱਕ ਰਾਜ ਦੇ ਹਵਾਲੇ ਹਨ ਜਿਸ ਵਿੱਚ ਮਸੀਹ (ਦਾਊਦ ਦੇ ਪੁੱਤਰ) ਰਾਜਾ ਹਨ: (ਮੱਤੀ 3:2; 4:17; 10:7; 19:28; 20:20ff; 21:5,9,15; ਲੂਕਾ 10:9; ਰਸੂਲਾਂ 1:6-7; 3:19ff; ਰੋਮੀ 11:25-27; ਪ੍ਰਕਾਸ਼ 20:4)।

> ਸਾਡੇ ਲਈ ਤਾਂ ਇੱਕ ਬਾਲਕ ਜੰਮਿਆ, ਅਤੇ ਸਾਨੂੰ ਇੱਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹ ਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਹ ਸੱਦਿਆ ਜਾਵੇਗਾ, "ਅਚਰਜ਼ ਸਲਾਹਕਾਰ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ।" ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਇਸ ਲਈ ਉਹ ਉਸ ਨੂੰ **ਦਾਊਦ ਦੀ ਰਾਜ ਗੱਦੀ ਉੱਤੇ**, ਅਤੇ ਉਹ ਦੀ ਪਾਤਸ਼ਾਹੀ ਉੱਤੇ, ਹੁਣ ਤੋਂ ਲੈ ਕੇ ਜੁੱਗੋ-ਜੁੱਗ ਨਿਆਂ ਅਤੇ ਧਰਮ ਨਾਲ ਕਾਇਮ ਕਰੇਗਾ ਅਤੇ ਸੰਭਾਲੀ ਰੱਖੇਗਾ। ਸੈਨਾਂ ਦੇ ਯਹੋਵਾਹ ਦੀ ਅਣਖ ਇਹ ਕਰੇਗੀ। [ਯਸਾ 9:6-7]

> "ਵੇਖੋ, ਉਹ ਦਿਨ ਆਉਂਦੇ ਹਨ, ਯਹੋਵਾਹ ਦਾ ਵਾਕ ਹੈ, ਕਿ **ਮੈਂ ਦਾਊਦ ਲਈ ਇੱਕ ਧਰਮੀ ਸ਼ਾਖ ਖੜੀ ਕਰਾਂਗਾ।** ਉਹ ਰਾਜਾ ਹੋ ਕੇ ਰਾਜ ਕਰੇਗਾ ਅਤੇ ਬੁੱਧਵਾਨ ਹੋਵੇਗਾ ਅਤੇ ਦੇਸ ਵਿੱਚ ਇਨਸਾਫ਼ ਅਤੇ ਧਰਮ ਦੇ ਕੰਮ ਕਰੇਗਾ ਉਹ ਦੇ ਦਿਨਾਂ ਵਿੱਚ ਯਹੂਦਾਹ ਬਚਾਇਆ ਜਾਵੇਗਾ ਅਤੇ ਇਸਰਾਏਲ ਸੁੱਖ ਨਾਲ ਵੱਸੇਗਾ ਅਤੇ ਉਹ ਦਾ ਇਹ ਨਾਮ ਹੋਵੇਗਾ ਜਿਸ ਦੇ ਨਾਲ ਉਹ ਪੁਕਾਰਿਆ ਜਾਵੇਗਾ, "ਯਹੋਵਾਹ ਸਾਡਾ ਧਰਮ" [ਯਿਰ 23:5-6]

> "ਉਸ ਦਿਨ ਇਸ ਤਰ੍ਹਾਂ ਹੋਵੇਗਾ, ਸੈਨਾਂ ਦੇ ਯਹੋਵਾਹ ਦਾ ਵਾਕ ਹੈ, ਕਿ ਮੈਂ ਤੇਰੀ ਧੌਣ ਉੱਤੋਂ ਉਹ ਦਾ ਜੂਲਾ ਭੰਨ ਸੁੱਟਾਂਗਾ, ਮੈਂ ਤੇਰੇ ਬੰਧਣ ਖੋਲ੍ਹ ਦਿਆਂਗਾ, ਅਤੇ ਓਪਰੇ ਫੇਰ ਉਹ ਦੇ ਕੋਲੋਂ ਟਹਿਲ ਨਾ ਕਰਾਉਣਗੇ। ਪਰ ਉਹ ਯਹੋਵਾਹ ਆਪਣੇ ਪਰਮੇਸ਼ੁਰ ਦੀ, ਅਤੇ **ਦਾਊਦ ਆਪਣੇ ਰਾਜਾ ਦੀ**, ਜਿਹ ਨੂੰ ਮੈਂ ਉਹਨਾਂ ਲਈ ਖੜਾ ਕਰਾਂਗਾ ਟਹਿਲ ਕਰਨਗੇ।" [ਯਿਰ 30:8-9]

> "ਵੇਖੋ, ਉਹ ਦਿਨ ਆਉਂਦੇ ਹਨ, ਯਹੋਵਾਹ ਦਾ ਵਾਕ ਹੈ, ਕਿ ਮੈਂ ਉਸ ਭਲੀ ਗੱਲ ਨੂੰ ਜਿਹੜੀ ਮੈਂ ਇਸਰਾਏਲ ਦੇ ਘਰਾਣੇ ਅਤੇ ਯਹੂਦਾਹ ਦੇ ਘਰਾਣੇ ਦੇ ਬਾਰੇ ਕੀਤੀ ਹੈ ਪੂਰੀ ਕਰਾਂਗਾ ਉਹਨਾਂ ਦਿਨਾਂ ਵਿੱਚ ਅਤੇ ਉਸ ਵੇਲੇ **ਮੈਂ ਦਾਊਦ ਲਈ ਧਰਮ ਦੀ ਸ਼ਾਖ ਉਗਾਵਾਂਗਾ** ਅਤੇ ਉਹ ਦੇਸ ਵਿੱਚ ਨਿਆਂ ਅਤੇ ਧਰਮ ਦੇ ਕੰਮ ਕਰੇਗਾ ਉਹਨਾਂ ਦਿਨਾਂ ਵਿੱਚ ਯਹੂਦਾਹ ਬਚਾਇਆ ਜਾਵੇਗਾ ਅਤੇ ਯਰੂਸ਼ਲਮ ਚੈਨ ਨਾਲ ਵੱਸੇਗਾ ਅਤੇ ਉਹ ਇਸ ਨਾਮ ਤੋਂ ਪੁਕਾਰਿਆ ਜਾਵੇਗਾ, "ਯਹੋਵਾਹ ਸਾਡਾ ਧਰਮ" ਯਹੋਵਾਹ ਤਾਂ ਇਸ ਤਰ੍ਹਾਂ ਆਖਦਾ ਹੈ ਕਿ **ਦਾਊਦ ਨੂੰ**

[57] ਹਾਲਾਂਕਿ, ਰੋਮੀਆਂ 11 ਵਿੱਚ ਦਾਊਦ ਨਾਲ ਨੇਮ ਦਾ ਸਿੱਧਾ ਜ਼ਿਕਰ ਨਹੀਂ ਹੈ, ਪਰ ਇਹ ਅਧਿਆਇ ਦਾਊਦ ਦੇ ਰਾਜਵੰਸ਼ ਦੀ ਗ਼ੁਲਾਮੀ ਅਤੇ ਮੌਤ ਤੋਂ ਬਹੁਤ ਬਾਅਦ ਲਿਖਿਆ ਗਿਆ ਸੀ। ਇਸਰਾਏਲ ਦੀਆਂ ਅਸਫਲਤਾਵਾਂ ਦੇ ਬਾਵਜੂਦ, ਰੋਮੀਆਂ 11 ਇੱਕ ਸਪੱਸ਼ਟ ਰੂਪ ਵਿੱਚ ਇਸਰਾਏਲ ਦੇ ਲਈ ਇੱਕ ਭਵਿੱਖ ਦਾ ਵਾਅਦਾ ਕਰਦਾ ਹੈ (ਦੇਖੋ, ਆਇਤਾਂ 25-29)।

**ਇਸਰਾਏਲ ਦੇ ਘਰਾਣੇ ਦੇ ਸਿੰਘਾਸਣ ਉੱਤੇ ਬੈਠਣ ਲਈ ਮਨੁੱਖ ਦੀ ਥੁੜ ਨਾ ਹੋਵੇਗੀ**...ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ **ਜੇ ਤੁਸੀਂ ਮੇਰਾ ਦਿਨ ਦਾ ਨੇਮ ਅਤੇ ਮੇਰਾ ਰਾਤ ਦਾ ਨੇਮ ਤੋੜ ਸਕਦੇ ਹੋ** ਭਈ ਦਿਨ ਅਤੇ ਰਾਤ ਆਪਣੇ ਵੇਲੇ ਸਿਰ ਨਾ ਹੋਣ **ਤਦ ਮੇਰਾ ਉਹ ਨੇਮ ਜਿਹੜਾ ਮੈਂ ਆਪਣੇ ਦਾਸ ਦਾਊਦ ਨਾਲ ਕੀਤਾ ਸੀ ਟੁੱਟ ਸਕਦਾ ਹੈ** ਭਈ ਉਸ ਦੇ ਸਿੰਘਾਸਣ ਉੱਤੇ ਪਾਤਸ਼ਾਹੀ ਕਰਨ ਲਈ ਪੁੱਤਰ ਨਾ ਹੋਵੇ, ਨਾਲੇ ਲੇਵੀ ਜਾਜਕਾਂ ਦਾ ਨੇਮ ਵੀ ਜਿਹੜੇ ਮੇਰੇ ਸੇਵਕ ਹਨ ਜਿਵੇਂ ਅਕਾਸ਼ ਦੀ ਸੈਨਾਂ ਗਿਣੀ ਨਹੀਂ ਜਾਂਦੀ, ਨਾ ਸਮੁੰਦਰ ਦੀ ਰੇਤ ਮਿਣੀ ਜਾਂਦੀ ਹੈ ਤਿਵੇਂ ਮੈਂ ਆਪਣੇ ਦਾਸ ਦਾਊਦ ਦੀ ਨਸਲ ਨੂੰ ਅਤੇ ਲੇਵੀਆਂ ਨੂੰ ਜਿਹੜੇ ਮੇਰੇ ਸੇਵਕ ਹਨ ਵਧਾਵਾਂਗਾ...ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ ਜੇ ਮੈਂ ਆਪਣੇ ਨੇਮ ਨੂੰ ਦਿਨ ਅਤੇ ਰਾਤ ਨਾਲ ਅਤੇ ਆਪਣੀਆਂ ਬਿਧੀਆਂ ਨੂੰ ਅਕਾਸ਼ ਅਤੇ ਧਰਤੀ ਨਾਲ ਕਾਇਮ ਨਾ ਕੀਤਾ ਹੋਵੇ ਤਾਂ ਮੈਂ ਵੀ ਯਾਕੂਬ ਅਤੇ **ਆਪਣੇ ਦਾਸ ਦਾਊਦ** ਦੀ ਨਸਲ ਨੂੰ ਰੱਦ ਦਿਆਂਗਾ ਭਈ ਉਹ ਦੀ ਨਸਲ ਵਿੱਚੋਂ ਉਹਨਾਂ ਨੂੰ ਨਾ ਲਵਾਂਗਾ ਜਿਹੜੇ ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਨਸਲ ਉੱਤੇ ਹੁਕਮ ਚਲਾਉਣ ਵਾਲੇ ਹੋਣ, ਸਗੋਂ ਮੈਂ ਉਹਨਾਂ ਦੀ ਗ਼ੁਲਾਮੀ ਨੂੰ ਮੁਕਾ ਦਿਆਂਗਾ ਅਤੇ ਉਹਨਾਂ ਨਾਲ ਰਹਮ ਕਰਾਂਗਾ।" [ਯਿਰ 33:14-17, 20-22, 25-26]

"ਮੇਰਾ ਦਾਸ **ਦਾਊਦ ਉਹਨਾਂ ਉੱਤੇ ਰਾਜਾ ਹੋਵੇਗਾ** ਅਤੇ ਉਹਨਾਂ ਸਾਰਿਆਂ ਦਾ ਇੱਕੋ ਹੀ ਆਜੜੀ ਹੋਵੇਗਾ। ਉਹ ਮੇਰੇ ਹੁਕਮਾਂ ਵਿੱਚ ਚੱਲਣਗੇ ਅਤੇ ਮੇਰੀਆਂ ਬਿਧੀਆਂ ਨੂੰ ਮੰਨ ਕੇ ਉਹਨਾਂ ਦੀ ਪਾਲਣਾ ਕਰਨਗੇ। ਉਹ ਉਸ ਦੇਸ ਵਿੱਚ ਜਿਹੜਾ ਮੈਂ ਆਪਣੇ ਦਾਸ ਯਾਕੂਬ ਨੂੰ ਦਿੱਤਾ ਸੀ, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, ਵੱਸਣਗੇ ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ ਸਦਾ ਤੱਕ ਉਸ ਵਿੱਚ ਸਦਾ ਲਈ ਵੱਸਣਗੇ। **ਮੇਰਾ ਦਾਸ ਦਾਊਦ ਸਦਾ ਲਈ ਉਹਨਾਂ ਦਾ ਰਾਜਕੁਮਾਰ ਹੋਵੇਗਾ।**" [ਹਿਜ਼ਕੀ 37:24-25]

ਇਸ ਤਰ੍ਹਾਂ ਇਸਰਾਏਲੀ ਵੀ ਬਹੁਤ ਦਿਨਾਂ ਤੱਕ ਬਿਨ੍ਹਾਂ ਰਾਜੇ ਤੇ ਹਾਕਮ ਦੇ, ਬਿਨ੍ਹਾਂ ਭੇਟ ਤੇ ਥੰਮ੍ਹ ਦੇ, ਬਿਨ੍ਹਾਂ ਏਫ਼ੋਦ ਤੇ ਤਰਾਫ਼ੀਮ ਦੇ ਰਹਿਣਗੇ। ਇਸ ਤੋਂ ਬਾਅਦ ਇਸਰਾਏਲੀ ਮੁੜਨਗੇ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਅਤੇ **ਦਾਊਦ ਆਪਣੇ ਰਾਜਾ** ਨੂੰ ਭਾਲਣਗੇ। ਆਖਰੀ ਦਿਨਾਂ ਵਿੱਚ ਯਹੋਵਾਹ ਅਤੇ ਉਹ ਦੀ ਭਲਿਆਈ ਵੱਲ ਭੈਅ ਮੰਨ ਕੇ ਮੁੜਨਗੇ। [ਹੋਸ਼ੇ 3:4-5]

"**ਉਸ ਦਿਨ ਮੈਂ ਦਾਊਦ ਦੇ ਡਿੱਗੇ ਹੋਏ ਡੇਰੇ ਨੂੰ ਖੜ੍ਹਾ ਕਰਾਂਗਾ** ਅਤੇ ਉਸ ਦੀਆਂ ਤੇੜਾਂ ਨੂੰ ਬੰਦ ਕਰਾਂਗਾ, ਮੈਂ ਉਸ ਦੇ ਖੰਡਰਾਂ ਨੂੰ ਫੇਰ ਬਣਾਵਾਂਗਾ ਅਤੇ ਉਸ ਨੂੰ ਪੁਰਾਣੇ ਸਮਿਆਂ ਵਰਗਾ ਬਣਾ ਦਿਆਂਗਾ" [ਆਮੋਸ 9:11]

> "ਤੂੰ ਗਰਭਵਤੀ ਹੋਵੇਂਗੀ ਅਤੇ ਇੱਕ ਪੁੱਤਰ ਨੂੰ ਜਨਮ ਦੇਵੇਂਗੀ। ਤੂੰ ਉਹਨਾਂ ਦਾ ਨਾਮ ਯਿਸੂ ਰੱਖਣਾ। ਉਹ ਮਹਾਨ ਹੋਣਗੇ। ਉਹ ਪਰਮ ਪ੍ਰਧਾਨ ਪਰਮੇਸ਼ਰ ਦੇ ਪੁੱਤਰ ਅਖਵਾਉਣਗੇ। **ਪ੍ਰਭੂ ਪਰਮੇਸ਼ਰ ਉਹਨਾਂ ਦੇ ਪੁਰਖੇ ਦਾਊਦ ਦੀ ਰਾਜ-ਗੱਦੀ ਉਹਨਾਂ ਨੂੰ ਦੇਣਗੇ।** ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ ਰਾਜ ਕਰਨਗੇ। ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ।" [ਲੂਕਾ 1:31-33]

ਭਾਸ਼ਾ ਅਤੇ ਨੇਮ ਨੂੰ ਫਿਰ ਤੋਂ ਦੁਹਰਾਉਣ ਦਾ ਸਮਾਂ (ਇਸਰਾਏਲ ਦੇ ਬਹੁਤ ਪਾਪ ਕਰਨ ਤੋਂ ਬਾਅਦ), ਦਾਊਦ ਨਾਲ ਨੇਮ ਨੂੰ ਨਿਸ਼ਚਿਤ ਬਣਾ ਦਿੰਦਾ ਹੈ। **ਜੇਕਰ ਗ਼ੁਲਾਮੀ ਤੋਂ ਬਾਅਦ ਅਤੇ ਛੇ ਸਦੀਆਂ ਤੋਂ ਦਾਊਦ ਦੇ ਕਿਸੇ ਉੱਤਰਾਧਿਕਾਰੀ ਦੇ ਸਿੰਘਾਸਣ ਉੱਤੇ ਨਾ ਬੈਠਣ ਦੇ ਬਾਅਦ ਵੀ ਦਾਊਦ ਦੇ ਰਾਜ ਦਾ ਵਾਅਦਾ ਕੀਤਾ ਜਾ ਰਿਹਾ ਹੈ, ਤਾਂ ਫਿਰ ਕੀ ਕੋਈ ਦਾਊਦ ਨਾਲ ਕੀਤੇ ਗਏ ਨੇਮ ਨੂੰ ਰੱਦ ਕਰ ਸਕਦਾ ਹੈ?** ਆਪਣੇ ਰਾਜਾ ਦੇ ਪਹਿਲੀ ਵਾਰ ਆਉਣ ਵੇਲੇ ਉਸ ਨੂੰ ਅਸਵੀਕਾਰ ਕਰਨ ਤੋਂ ਬਾਅਦ (ਰੋਮੀ 11:1, 25-27), ਜੇਕਰ ਇਸਰਾਏਲ ਦੇ ਲਈ ਫਿਰ ਵੀ ਇੱਕ ਭਵਿੱਖ ਹੈ, ਤਾਂ ਫਿਰ ਅਜਿਹਾ ਕਿਹੜਾ ਪਾਪ ਹੋਵੇਗਾ ਜੋ ਉਹਨਾਂ ਦੇ ਲਈ ਇੱਕ ਸਦੀਪਕ ਸਿੰਘਾਸਣ ਅਤੇ ਇੱਕ ਸਦੀਪਕ ਰਾਜ ਦੇ ਵਾਅਦੇ ਨੂੰ ਰੱਦ ਕਰ ਸਕਦਾ ਹੈ? **ਇੱਕ ਅਜਿਹਾ ਭਵਿੱਖ ਦਾ ਰਾਜ ਹੋਣਾ ਜ਼ਰੂਰੀ ਹੈ ਜਿਸ ਵਿੱਚ ਦਾਊਦ ਦਾ ਪੁੱਤਰ ਇੱਕ ਸਦੀਪਕ ਸਿੰਘਾਸਣ ਉੱਤੇ ਬੈਠਾ ਹੋਵੇਗਾ**। ਸਿਰਫ਼ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਹੀ ਅਬਰਾਹਾਮ ਅਤੇ ਦਾਊਦ ਨਾਲ ਨੇਮ ਦਾ ਪੱਖ ਦਿੰਦਾ ਹੈ।

ਤੀਜਾ ਨੇਮ ਜੋ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦੇ ਲਈ ਇੱਕ ਮਹੱਤਵਪੂਰਣ ਆਧਾਰ ਪ੍ਰਦਾਨ ਕਰਦਾ ਹੈ, ਉਹ ਨਵਾਂ ਨੇਮ ਹੈ।

### C. ਨਵਾਂ ਨੇਮ ਅਤੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ

ਬਾਈਬਲ ਇਹ ਭਵਿੱਖਬਾਣੀ ਕਰਦੀ ਹੈ ਕਿ ਪਰਮੇਸ਼ਰ ਇਸਰਾਏਲ ਦੇ ਨਾਲ ਇੱਕ ਨਵਾਂ ਨੇਮ ਬਣਾਉਣਗੇ।

ਪਰਮੇਸ਼ਰ ਦਾ ਨਵਾਂ ਨੇਮ ਇਸ ਗੱਲ ਨੂੰ ਹੋਰ ਨਿਸ਼ਚਿਤ ਕਰਦਾ ਹੈ ਕਿ ਇਸਰਾਏਲ ਨੇ ਅਜੇ ਇੱਕ ਮਹਾਨ ਰਾਜ ਦਾ ਆਨੰਦ ਲੈਣਾ ਹੈ। ਕਿਉਂਕਿ ਇਸਰਾਏਲ ਦੇ ਸੰਬੰਧ ਵਿੱਚ ਇਹ ਨਵਾਂ ਨੇਮ ਪੂਰਾ ਨਹੀਂ ਹੋਇਆ ਹੈ, ਤਾਂ ਅਜਿਹਾ ਹੋਣਾ ਚਾਹੀਦਾ ਹੈ ਕਿ ਇਹ ਮਸੀਹ ਦੀ ਵਾਪਸੀ ਤੋਂ ਬਾਅਦ (ਪ੍ਰੀ-ਮਿਲੇਨੀਅਲ ਵਿਚਾਰ) ਰਾਜ ਦੀ ਇਹ ਭਵਿੱਖਬਾਣੀ ਪੂਰੀ ਹੋਵੇ।

#### 1. ਪਰਮੇਸ਼ਰ ਦੇ ਨਵੇਂ ਨੇਮ ਸੰਬੰਧਿਤ ਵਚਨ

ਅਜਿਹੇ ਬਹੁਤ ਸਾਰੇ ਵਚਨ ਹਨ ਜੋ ਇੱਕ ਅਜਿਹੇ ਭਵਿੱਖ ਦੇ ਨੇਮ ਬਾਰੇ

ਗੱਲ ਕਰਦੇ ਹਨ ਜੋ ਪਰਮੇਸ਼ਰ ਇਸਰਾਏਲ ਦੇ ਨਾਲ ਕਰਨਗੇ ਜੋ ਪੁਰਾਣੇ ਨੇਮ (ਮੂਸਾ ਦੀ ਬਿਵਸਥਾ) ਦੇ ਉਲਟ ਹੋਵੇਗਾ। ਕਈ ਵਾਰ ਇਸ ਭਵਿੱਖ ਦੇ ਨੇਮ ਨੂੰ "ਨਵਾਂ ਨੇਮ" ਵੀ ਕਿਹਾ ਗਿਆ ਹੈ। ਇਸ ਨੂੰ "ਸ਼ਾਂਤੀ ਦਾ ਨੇਮ" ਅਤੇ "ਸਦੀਪਕ ਨੇਮ" ਵੀ ਕਿਹਾ ਗਿਆ ਹੈ।[58] ਬਹੁਤ ਸਾਰੇ ਵਚਨ ਹਨ ਜੋ ਇਸ ਭਵਿੱਖ ਦੇ ਨੇਮ ਨੂੰ ਕੋਈ ਵਿਸ਼ੇਸ਼ ਨਾਮ ਨਹੀਂ ਦਿੰਦੇ ਹਨ, ਪਰ ਬਾਈਬਲ ਵਿਦਵਾਨ ਇਸ ਨੂੰ ਇਸ ਲਈ ਨਵਾਂ ਨੇਮ ਕਹਿਣਾ ਪਸੰਦ ਕਰਦੇ ਹਨ ਕਿਉਂਕਿ ਪ੍ਰਭੂ ਨੇ ਆਪਣੇ ਆਖ਼ਰੀ ਭੋਜ ਵਿੱਚ ਇਸ ਨੂੰ ਇੱਕ ਨਵਾਂ ਨੇਮ ਕਿਹਾ ਸੀ। ਇਸ ਨੇਮ ਬਾਰੇ ਬਾਈਬਲ ਦੇ ਨਵੇਂ ਨੇਮ ਦੇ ਹਵਾਲੇ ਇੱਕ ਵੱਖਰੇ ਭਾਗ ਵਿੱਚ ਸ਼ਾਮਲ ਕੀਤੇ ਜਾਣਗੇ ਕਿਉਂਕਿ ਇਸ ਬਾਰੇ ਕੁਝ ਅਜਿਹੇ ਸਵਾਲ ਉੱਠਦੇ ਹਨ ਕਿ ਕੀ ਨਵਾਂ ਨੇਮ ਹੁਣ ਅਸਲ ਵਿੱਚ ਲਾਗੂ ਹੈ ਜਾਂ ਨਹੀਂ।[59]

> "ਵੇਖੋ, ਉਹ ਦਿਨ ਆ ਰਹੇ ਹਨ, ਯਹੋਵਾਹ ਦਾ ਵਾਕ ਹੈ, ਕਿ ਮੈਂ ਇਸਰਾਏਲ ਦੇ ਘਰਾਣੇ ਨਾਲ ਅਤੇ ਯਹੂਦਾਹ ਦੇ ਘਰਾਣੇ ਨਾਲ **ਇੱਕ ਨਵਾਂ ਨੇਮ** ਬੰਨ੍ਹਾਂਗਾ ਉਸ ਨੇਮ ਵਾਂਗੂੰ ਨਹੀਂ ਜਿਹੜਾ ਉਹਨਾਂ ਦੇ ਪੁਰਖਿਆਂ ਨਾਲ ਬੰਨ੍ਹਿਆ ਜਿਸ ਦਿਨ ਮੈਂ ਉਹਨਾਂ ਦਾ ਹੱਥ ਫੜ੍ਹਿਆ ਕਿ ਉਹਨਾਂ ਨੂੰ ਮਿਸਰ ਦੇਸ ਵਿੱਚੋਂ ਬਾਹਰ ਲਿਆਵਾਂ, ਜਿਸ ਮੇਰੇ ਨੇਮ ਨੂੰ ਉਹਨਾਂ ਨੇ ਤੋੜ ਦਿੱਤਾ ਭਾਵੇਂ ਮੈਂ ਉਹਨਾਂ ਦਾ ਸੁਆਮੀ ਸੀ, ਯਹੋਵਾਹ ਦਾ ਵਾਕ ਹੈ ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਉਹ ਸਾਰੀਆਂ ਦੇ ਸਾਰੇ ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ ਮੈਨੂੰ ਜਾਣ ਲੈਣਗੇ, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ। ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਜੋ ਦਿਨ ਦੇ ਚਾਨਣ ਲਈ ਸੂਰਜ ਦਿੰਦਾ, ਅਤੇ ਰਾਤ ਦੇ ਚਾਨਣ ਲਈ ਚੰਦ ਅਤੇ ਤਾਰਿਆਂ ਦੀ ਬਿਧੀ, ਜੋ ਸਮੁੰਦਰ ਨੂੰ ਐਉਂ ਉਛਾਲਦਾ ਹੈ, ਕਿ ਉਹ ਦੀਆਂ ਲਹਿਰਾਂ ਗੱਜਦੀਆਂ ਹਨ, ਸੈਨਾਂ ਦਾ ਯਹੋਵਾਹ ਉਸ ਦਾ ਨਾਮ ਹੈ। ਜੇ ਇਹ ਬਿਧੀਆਂ ਮੇਰੇ ਅੱਗੋਂ ਹਟਾਈਆਂ ਜਾਣ, ਯਹੋਵਾਹ ਦਾ ਵਾਕ ਹੈ, ਤਾਂ ਇਸਰਾਏਲ ਦੀ ਨਸਲ ਵੀ ਜਾਂਦੀ ਰਹੇਗੀ, ਭਈ ਉਹ ਸਦਾ ਲਈ ਮੇਰੇ ਅੱਗੇ ਕੌਮ ਨਾ ਰਹੇ। ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਜੇ ਉੱਪਰੋਂ ਅਕਾਸ਼ ਮਿਣਿਆ ਜਾਵੇ, ਅਤੇ ਹੇਠਾਂ ਧਰਤੀ ਦੀਆਂ ਨੀਹਾਂ ਦੀ ਭਾਲ ਕੀਤੀ ਜਾਵੇ, ਤਦ ਮੈਂ ਵੀ ਇਸਰਾਏਲ ਦੀ ਸਾਰੀ ਨਸਲ ਨੂੰ ਉਹਨਾਂ ਦੇ ਸਾਰੇ ਕੰਮਾਂ ਦੇ ਕਾਰਨ ਰੱਦ ਦਿਆਂਗਾ, ਯਹੋਵਾਹ ਦਾ ਵਾਕ ਹੈ...ਤਾਂ ਲੋਥਾਂ ਅਤੇ ਸੁਆਹ ਦੀ ਸਾਰੀ ਵਾਦੀ ਅਤੇ ਸਾਰੇ ਖੇਤ ਕਿਦਰੋਨ ਦੇ ਨਾਲੇ ਤੱਕ ਅਤੇ ਘੋੜੇ ਫਾਟਕ ਦੀ ਨੁੱਕਰ ਤੱਕ ਚੜ੍ਹਦੇ ਪਾਸੇ ਵੱਲ ਯਹੋਵਾਹ ਲਈ ਪਵਿੱਤਰ ਹੋਣਗੇ ਅਤੇ ਉਹ ਫਿਰ **ਸਦਾ ਤੱਕ** ਨਾ ਕਦੀ ਪੁੱਟਿਆ ਜਾਵੇਗਾ ਨਾ ਡੇਗਿਆ ਜਾਵੇਗਾ।" [ਯਿਰ 31:31-37,40] (ਇਸੇ ਤਰ੍ਹਾਂ ਦੀ ਆਤਮਿਕ ਦਿਸ਼ਾ ਦੀਆਂ ਭਵਿੱਖਬਾਣੀਆਂ ਦੇ ਲਈ ਦੇਖੋ, ਹਿਜ਼ਕੀ 36:25ff. ਅਤੇ 37:12-14ff)।

> "ਮੈਂ ਉਹਨਾਂ ਨਾਲ ਇੱਕ **ਸਦਾ ਦਾ ਨੇਮ** ਬੰਨ੍ਹਾਂਗਾ ਅਤੇ ਮੈਂ ਉਹਨਾਂ ਦਾ ਭਲਾ ਕਰਨ ਤੋਂ ਨਾ ਹਟਾਂਗਾ ਅਤੇ ਮੈਂ ਆਪਣਾ ਭੈਅ ਉਹਨਾਂ ਦੇ ਦਿਲ ਵਿੱਚ ਪਾਵਾਂਗਾ ਭਈ ਉਹ ਫੇਰ ਮੈਥੋਂ ਫਿਰ ਨਾ ਜਾਣ" [ਯਿਰ 32:40]

> "ਤੂੰ ਉਹਨਾਂ ਨੂੰ ਬੋਲ ਕਿ ਪ੍ਰਭੂ ਯਹੋਵਾਹ ਇਹ ਆਖਦਾ ਹੈ, ਵੇਖੋ, ਮੈਂ ਇਸਰਾਏਲੀਆਂ ਨੂੰ ਕੌਮਾਂ ਦੇ ਵਿੱਚੋਂ ਜਿੱਥੇ-ਜਿੱਥੇ ਉਹ ਗਏ ਹਨ, ਲਵਾਂਗਾ ਅਤੇ ਹਰ ਪਾਸਿਓਂ ਉਹਨਾਂ ਨੂੰ ਇਕੱਠਾ ਕਰਾਂਗਾ। ਮੈਂ ਉਹਨਾਂ ਨੂੰ ਉਹਨਾਂ ਦੀ ਭੂਮੀ ਵਿੱਚ ਲਿਆਵਾਂਗਾ। ਮੈਂ ਉਹਨਾਂ ਨੂੰ ਉਸ ਦੇਸ ਵਿੱਚ ਇਸਰਾਏਲ ਦੇ ਪਹਾੜਾਂ ਉੱਤੇ ਇੱਕੋ ਹੀ ਕੌਮ ਬਣਾਵਾਂਗਾ ਅਤੇ ਉਹਨਾਂ ਸਾਰਿਆਂ ਉੱਤੇ ਰਾਜ ਕਰਨ ਲਈ ਇੱਕੋ ਹੀ ਰਾਜਾ ਹੋਵੇਗਾ, ਉਹ ਅੱਗੇ ਲਈ ਨਾ ਦੋ ਕੌਮਾਂ ਹੋਣਗੀਆਂ ਅਤੇ ਨਾ ਹੀ ਅੱਗੇ ਨੂੰ ਦੋ ਰਾਜਾਂ ਵਿੱਚ ਵੰਡੇ ਜਾਣਗੇ। ਨਾ ਹੀ ਅੱਗੇ ਨੂੰ ਉਹ ਆਪਣੀਆਂ ਮੂਰਤੀਆਂ ਨਾਲ, ਨਾ ਹੀ ਆਪਣੀਆਂ ਘਿਣਾਉਣੀਆਂ ਵਸਤੂਆਂ ਨਾਲ ਅਤੇ ਨਾ ਹੀ ਆਪਣਿਆਂ ਸਾਰਿਆਂ ਅਪਰਾਧਾਂ ਨਾਲ ਆਪਣੇ ਆਪ ਨੂੰ ਭਰਿਸ਼ਟ ਕਰਨਗੇ, ਸਗੋਂ ਮੈਂ ਉਹਨਾਂ ਨੂੰ ਉਹਨਾਂ ਦੇ ਸਾਰਿਆਂ ਵਸੇਬਿਆਂ ਵਿੱਚੋਂ ਜਿੱਥੇ ਉਹਨਾਂ ਨੇ ਪਾਪ ਕੀਤਾ ਹੈ, ਬਚਾਵਾਂਗਾ ਅਤੇ ਉਹਨਾਂ ਨੂੰ ਸ਼ੁੱਧ ਕਰਾਂਗਾ, ਇਸ ਲਈ ਉਹ ਮੇਰੀ ਪਰਜਾ ਹੋਣਗੇ ਅਤੇ ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ। ਮੇਰਾ ਦਾਸ

[58] ਦੇਖੋ, ਯਿਰ 32:40 ਅਤੇ ਹਿਜ਼ਕੀ 37:26

[59] ਇੱਕ ਭਵਿੱਖ ਦੇ ਸਦੀਪਕ ਨੇਮ ਦੇ ਲਈ ਹਿਜ਼ਕੀ 16:60-62; ਯਸਾ 55:3; 61:8 ਅਤੇ ਯਿਰ 50:5 ਵੀ ਦੇਖੋ। ਹਿਜ਼ਕੀ 34:25-27 "ਸ਼ਾਂਤੀ ਦੇ ਨੇਮ" ਦੀ ਗੱਲ ਕਰਦਾ ਹੈ। ਕਈ ਵਚਨ ਇਸਰਾਏਲ ਨਾਲ ਭਵਿੱਖ ਦੇ ਉਸ ਨੇਮ ਬਾਰੇ ਸਿਖਾਉਂਦੇ ਹਨ ਜਿਸ ਦਾ ਖ਼ਾਸ ਨਾਮ ਨਹੀਂ ਦਿੱਤਾ ਗਿਆ ਹੈ: ਯਸਾ 59:20-21 (ਦੇਖੋ, ਰੋਮੀ 11:25), ਹੋਸ਼ੇਆ 2:18-20)। ਇਸ ਬਾਰੇ ਨਵੇਂ ਨੇਮ ਦੀਆਂ ਕਿਤਾਬਾਂ ਦੇ ਹਵਾਲੇ ਹਨ: ਲੂਕਾ 22:20; 1 ਕੁਰਿੰਥ 11:25; 2 ਕੁਰਿੰਥ 3:6; ਇਬ 8:8,10-13; 9:15; 12:24)। ਮੱਤੀ 26:28; ਮਰਕੁਸ 14:24; ਅਤੇ ਰੋਮੀ 11:27 "ਨਵੇਂ" ਸ਼ਬਦ ਦੀ ਵਰਤੋਂ ਕੀਤੇ ਬਿਨਾਂ ਹੀ ਇਸਰਾਏਲ ਦੇ ਨਾਲ ਇੱਕ ਨੇਮ ਦੀ ਗੱਲ ਕਰਦੇ ਹਨ।

ਦਾਊਦ ਉਹਨਾਂ ਉੱਤੇ ਰਾਜਾ ਹੋਵੇਗਾ ਅਤੇ ਉਹਨਾਂ ਸਾਰਿਆਂ ਦਾ ਇੱਕੋ ਹੀ ਆਜੜੀ ਹੋਵੇਗਾ। ਉਹ ਮੇਰੇ ਹੁਕਮਾਂ ਵਿੱਚ ਚੱਲਣਗੇ ਅਤੇ ਮੇਰੀਆਂ ਬਿਧੀਆਂ ਨੂੰ ਮੰਨ ਕੇ ਉਹਨਾਂ ਦੀ ਪਾਲਣਾ ਕਰਨਗੇ। ਉਹ ਉਸ ਦੇਸ ਵਿੱਚ ਜਿਹੜਾ ਮੈਂ ਆਪਣੇ ਦਾਸ ਯਾਕੂਬ ਨੂੰ ਦਿੱਤਾ ਸੀ, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, ਵੱਸਣਗੇ ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ ਸਦਾ ਤੱਕ ਉਸ ਵਿੱਚ ਸਦਾ ਲਈ ਵੱਸਣਗੇ। ਮੇਰਾ ਦਾਸ ਦਾਊਦ ਸਦਾ ਲਈ ਉਹਨਾਂ ਦਾ ਰਾਜਕੁਮਾਰ ਹੋਵੇਗਾ। ਮੈਂ ਉਹਨਾਂ ਦੇ ਨਾਲ **ਸ਼ਾਂਤੀ ਦਾ ਨੇਮ** ਅਰਥਾਤ **ਸਦਾ ਦਾ ਨੇਮ** ਬੰਨ੍ਹਾਂਗਾ, ਮੈਂ ਉਹਨਾਂ ਨੂੰ ਵਸਾਵਾਂਗਾ ਅਤੇ ਉਹਨਾਂ ਨੂੰ ਵਧਾਵਾਂਗਾ। ਉਹਨਾਂ ਦੇ ਵਿਚਕਾਰ ਆਪਣੇ ਪਵਿੱਤਰ ਸਥਾਨ ਨੂੰ ਸਦਾ ਲਈ ਕਾਇਮ ਕਰਾਂਗਾ। ਮੇਰਾ ਡੇਰਾ ਵੀ ਉਹਨਾਂ ਦੇ ਵਿੱਚ ਹੋਵੇਗਾ, ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ। ਮੇਰਾ ਪਵਿੱਤਰ ਸਥਾਨ ਸਦਾ ਲਈ ਉਹਨਾਂ ਦੇ ਵਿਚਕਾਰ ਹੋਵੇਗਾ, ਤਾਂ ਕੌਮਾਂ ਜਾਣਨਗੀਆਂ ਕਿ ਮੈਂ ਯਹੋਵਾਹ ਹਾਂ, ਜਿਹੜਾ ਇਸਰਾਏਲ ਨੂੰ ਪਵਿੱਤਰ ਕਰਦਾ ਹਾਂ!'' [ਹਿਜ਼ਕੀ 37:21-28]

### 2. ਨਵੇਂ ਨੇਮ ਵਿੱਚ ਕੀਤੇ ਗਏ ਵਾਅਦੇ

#### a. ਸਾਰੇ ਯਹੂਦੀਆਂ ਦੇ ਲਈ ਮੁਕਤੀ

ਮਸੀਹ ਦੇ ਸਰੀਰਕ ਤੌਰ ਤੇ ਧਰਤੀ ਉੱਤੇ ਹਜ਼ਾਰ ਸਾਲ ਦੇ ਰਾਜ ਨਾ ਕਰਨ ਦਾ ਵਿਚਾਰ ਆਪਣੀ ਪ੍ਰਣਾਲੀ ਵਿੱਚ ਇਸ ਭਵਿੱਖਬਾਣੀ ਨੂੰ ਕਿਵੇਂ ਸ਼ਾਮਲ ਕਰਦਾ ਹੈ ਕਿ ਇੱਕ ਸਮੇਂ ਧਰਤੀ ਦੇ ਸਾਰੇ ਯਹੂਦੀ ਮੁਕਤੀ ਪ੍ਰਾਪਤ ਕਰਨਗੇ? ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਰੈਪਚਰ ਦਾ ਵਿਚਾਰ ਵਾਲੇ ਲੋਕ ਇਸ ਤਰ੍ਹਾਂ ਮੰਨਦੇ ਹਨ ਕਿ ਮਸੀਹ ਇਸਰਾਏਲ ਦਾ ਨਿਆਂ ਕਰਨ ਤੋਂ ਬਾਅਦ ਰਾਜ ਦੀ ਸ਼ੁਰੂਆਤ ਵਿੱਚ ਸਿਰਫ਼ ਵਿਸ਼ਵਾਸੀ ਇਸਰਾਏਲ ਨੂੰ ਹੀ ਧਰਤੀ ਉੱਤੇ ਰਹਿਣ ਦੀ ਆਗਿਆ ਦਿੰਦੇ ਹਨ। ਨਵੇਂ ਨੇਮ ਵਿੱਚ ਇੱਕ ਅਜਿਹੇ ਇਸਰਾਏਲ ਦਾ ਵਾਅਦਾ ਸ਼ਾਮਲ ਹੈ ਜੋ ਪੂਰੀ ਤਰ੍ਹਾਂ ਆਪਣੇ ਮਸੀਹਾ ਨੂੰ ਸਵੀਕਾਰ ਕਰਦਾ ਹੈ।

> "ਉਸ ਸਮੇਂ, ਯਹੋਵਾਹ ਦਾ ਵਾਕ ਹੈ, **ਮੈਂ ਇਸਰਾਏਲ ਦੇ ਸਾਰਿਆਂ ਘਰਾਣਿਆਂ ਦਾ ਪਰਮੇਸ਼ੁਰ ਹੋਵਾਂਗਾ** ਅਤੇ ਉਹ ਮੇਰੀ ਪਰਜਾ ਹੋਣਗੇ।" [ਯਿਰ 31:1]

> "ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ **ਉਹ ਮੇਰੀ ਪਰਜਾ ਹੋਣਗੇ** ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਉਹ ਸਾਰੀਆਂ ਦੇ ਸਾਰੇ ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ ਮੈਨੂੰ ਜਾਣ ਲੈਣਗੇ, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ। [ਯਿਰ 31:33-34] (ਹਿਜ਼ਕੀ 37:23 ਵੀ ਦੇਖੋ)

> ... ਇਸ ਤਰ੍ਹਾਂ ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ। ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, **"ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ"** [ਰੋਮੀ 11:26-27] (ਯਸਾ 59:20 ਵੀ ਦੇਖੋ)

#### b. ਇੱਕ ਮੁਕਤੀਦਾਤਾ ਦੀ ਵਾਪਸੀ

ਕਲੀਸਿਯਾ ਦੇ ਨਵੇਂ ਨੇਮ ਦੇ ਨਾਲ ਇੱਕ ਸਪੱਸ਼ਟ ਸੰਬੰਧ ਦੇ ਬਾਵਜੂਦ, ਕਲੀਸਿਯਾ ਨੂੰ ਇਸ ਤਰ੍ਹਾਂ ਨਹੀਂ ਦੇਖਿਆ ਜਾ ਸਕਦਾ ਹੈ ਕਿ ਇਸ ਨੇ ਪੂਰੀ ਤਰ੍ਹਾਂ ਨਵੇਂ ਨੇਮ ਨੂੰ ਪੂਰਾ ਕਰ ਦਿੱਤਾ ਹੈ। ਨਵਾਂ ਨੇਮ ਮੁਕਤੀਦਾਤਾ ਦੇ ਵਾਪਸ ਆਉਣ ਤੱਕ ਪੂਰਾ ਨਹੀਂ ਹੋਵੇਗਾ (ਦੇਖੋ, ਰੋਮੀ 11:25ff.; ਯਸਾ 59:20)। ਇਸ ਤੋਂ ਇਲਾਵਾ, ਕੋਈ ਭਾਵੇਂ "ਦਾਊਦ" ਦੀ ਵਿਆਖਿਆ ਜੀਅ ਉੱਠੇ ਦਾਊਦ ਦੇ ਰੂਪ ਵਿੱਚ ਕਰੇ ਜਾਂ ਮਸੀਹ ਨੂੰ ਮਹਾਨ "ਦਾਊਦ ਦਾ ਪੁੱਤਰ" ਮੰਨੇ, ਪਰ ਇਹ ਸਪੱਸ਼ਟ ਹੈ ਕਿ ਪੁਰਾਣਾ ਨੇਮ ਇਸਰਾਏਲ ਦੇ ਨਾਲ ਇੱਕ ਭਵਿੱਖ ਦੇ ਨੇਮ ਦੀ ਪੁਸ਼ਟੀ ਦੀ ਭਵਿੱਖਬਾਣੀ ਕਰਦਾ ਹੈ ਜਦੋਂ ਦਾਊਦ ਰਾਜ ਕਰ ਰਿਹਾ ਹੋਵੇਗਾ (ਦੇਖੋ, ਹਿਜ਼ਕੀ 36:23ff., 37:24ff.)। ਇਸ ਤਰ੍ਹਾਂ, ਕਲੀਸਿਯਾ ਪੂਰੀ ਤਰ੍ਹਾਂ ਨਾਲ ਨਵੇਂ ਨੇਮ ਨੂੰ ਪੂਰਾ ਨਹੀਂ ਕਰ ਸਕਦੀ ਹੈ। ਇਸ ਦੀ ਪੂਰਤੀ ਨੂੰ ਮਸੀਹ ਦੀ ਵਾਪਸੀ ਦੀ ਉਡੀਕ ਕਰਨੀ ਹੋਵੇਗੀ।

#### c. ਬਿਪਤਾ ਦੇ ਸਮੇਂ ਤੋਂ ਬਾਅਦ ਦੇਸ਼ ਦੀ ਸਦੀਪਕ ਬਹਾਲੀ

ਨਵਾਂ ਨੇਮ ਉਸ ਸਮੇਂ ਪੂਰੀ ਤਰ੍ਹਾਂ ਲਾਗੂ ਹੋਵੇਗਾ ਜਦੋਂ "ਮੁਕਤੀਦਾਤਾ ਸੀਯੋਨ ਵਿੱਚ ਆਵੇਗਾ" (ਯਸਾ 59:20; ਰੋਮੀ 11:26-27) ਅਤੇ ਪੂਰਾ ਇਸਰਾਏਲ ਪਰਮੇਸ਼ਰ ਦੇ ਨਾਲ ਮੇਲ ਕਰੇਗਾ। ਹਾਲਾਂਕਿ ਦੇਸ਼ ਦੀ ਬਹਾਲੀ ਦੀ ਭਵਿੱਖਬਾਣੀ ਸਿਰਫ਼ ਬਾਬਲ ਦੀ ਗ਼ੁਲਾਮੀ ਤੋਂ ਬਾਅਦ ਦੀ ਵਾਪਸੀ ਦਾ ਸੰਕੇਤ ਦੇ ਸਕਦੀ ਹੈ, ਪਰ ਇਹ ਸਿੱਟਾ ਕੱਢਣਾ ਸੰਭਵ ਨਹੀਂ ਹੈ ਕਿ ਇਸਰਾਏਲ ਨੂੰ **ਸਦੀਪਕ** ਰੂਪ ਵਿੱਚ ਬਹਾਲ ਕੀਤਾ ਗਿਆ ਹੈ। ਇੱਕ ਸਦੀਪਕ ਬਹਾਲੀ ਇੱਕ ਭਵਿੱਖ ਦਾ ਇੱਕ ਵਾਅਦਾ ਹੋ ਸਕਦਾ ਹੈ ਜੋ ਉਦੋਂ ਪੂਰਾ ਹੋਵੇਗਾ ਜਦੋਂ ਮਸੀਹ ਦੇ ਦੁਬਾਰਾ ਆਉਣ ਤੋਂ ਬਾਅਦ ਪਰਮੇਸ਼ਰ ਦੇ ਰਾਜ ਧਰਤੀ ਉੱਤੇ ਆ ਜਾਵੇਗਾ। ਨਵਾਂ ਨੇਮ ਦੇਸ਼ ਦੀ ਉਸ ਸਦੀਪਕ ਬਹਾਲੀ ਨਾਲ ਸੰਬੰਧਿਤ ਹੈ ਜਿਸ ਵਿੱਚ ਯੁੱਧ ਤੋਂ ਸ਼ਾਂਤੀ ਅਤੇ ਗ਼ੁਲਾਮੀ ਤੋਂ ਆਜ਼ਾਦੀ ਵਿੱਚ ਜਾਣ ਦੀ ਹਰੇਕ ਸੰਭਾਵਨਾ ਸ਼ਾਮਲ ਹੋਵੇਗੀ। ਇਹ ਹਜ਼ਾਰ ਦੇ ਰਾਜ ਤੋਂ ਪਹਿਲਾਂ ਰੈਪਚਰ ਦੇ ਵਿਚਾਰ ਦਾ ਸਮਰਥਨ

ਕਰਦਾ ਹੈ।

> …"ਅਤੇ ਉਹ ਫਿਰ ਸਦਾ ਤੱਕ ਨਾ ਕਦੀ ਪੁੱਟਿਆ ਜਾਵੇਗਾ ਨਾ ਡੇਗਿਆ ਜਾਵੇਗਾ।" [ਯਿਰ 31:40]

> "**ਉਹ ਅੱਗੇ ਲਈ ਕੌਮਾਂ ਦਾ ਸ਼ਿਕਾਰ ਨਾ ਬਣਨਗੇ** ਅਤੇ ਧਰਤੀ ਦੇ ਦਰਿੰਦੇ ਉਹਨਾਂ ਨੂੰ ਹੜੱਪ ਨਾ ਸਕਣਗੇ, ਸਗੋਂ ਉਹ ਸੁੱਖ ਨਾਲ ਵੱਸਣਗੇ ਅਤੇ ਉਹਨਾਂ ਨੂੰ ਕੋਈ ਨਾ ਡਰਾਵੇਗਾ।" [ਹਿਜ਼ਕੀ 34:28]

> "ਉਹ ਉਸ ਦੇਸ ਵਿੱਚ ਜਿਹੜਾ ਮੈਂ ਆਪਣੇ ਦਾਸ ਯਾਕੂਬ ਨੂੰ ਦਿੱਤਾ ਸੀ, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, ਵੱਸਣਗੇ ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ **ਸਦਾ ਤੱਕ** ਉਸ ਵਿੱਚ ਸਦਾ ਲਈ ਵੱਸਣਗੇ। ਮੇਰਾ ਦਾਸ ਦਾਊਦ **ਸਦਾ ਲਈ** ਉਹਨਾਂ ਦਾ ਰਾਜਕੁਮਾਰ ਹੋਵੇਗਾ। ਮੈਂ ਉਹਨਾਂ ਦੇ ਨਾਲ **ਸ਼ਾਂਤੀ** ਦਾ ਨੇਮ ਅਰਥਾਤ **ਸਦਾ ਦਾ** ਨੇਮ ਬੰਨ੍ਹਾਂਗਾ, ਮੈਂ ਉਹਨਾਂ ਨੂੰ ਵਸਾਵਾਂਗਾ ਅਤੇ ਉਹਨਾਂ ਨੂੰ ਵਧਾਵਾਂਗਾ। ਉਹਨਾਂ ਦੇ ਵਿਚਕਾਰ ਆਪਣੇ ਪਵਿੱਤਰ ਸਥਾਨ ਨੂੰ **ਸਦਾ** ਲਈ ਕਾਇਮ ਕਰਾਂਗਾ। ਮੇਰਾ ਡੇਰਾ ਵੀ ਉਹਨਾਂ ਦੇ ਵਿੱਚ ਹੋਵੇਗਾ, ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ। ਮੇਰਾ ਪਵਿੱਤਰ ਸਥਾਨ **ਸਦਾ** ਲਈ ਉਹਨਾਂ ਦੇ ਵਿਚਕਾਰ ਹੋਵੇਗਾ, ਤਾਂ ਕੌਮਾਂ ਜਾਣਨਗੀਆਂ ਕਿ ਮੈਂ ਯਹੋਵਾਹ ਹਾਂ, ਜਿਹੜਾ ਇਸਰਾਏਲ ਨੂੰ ਪਵਿੱਤਰ ਕਰਦਾ ਹਾਂ!" [ਹਿਜ਼ਕੀ 37:25-28]

> "ਮੈਂ ਉਸ ਦਿਨ ਜੰਗਲੀ ਜਾਨਵਰਾਂ, ਅਕਾਸ਼ ਦੇ ਪੰਛੀਆਂ ਅਤੇ ਜ਼ਮੀਨ ਦੇ ਘਿੱਸਰਨ ਵਾਲਿਆਂ ਨਾਲ ਉਹਨਾਂ ਲਈ ਇੱਕ ਨੇਮ ਬੰਨ੍ਹਾਂਗਾ, ਅਤੇ ਮੈਂ ਧਣੁੱਖ, ਤਲਵਾਰ ਅਤੇ **ਯੁੱਧ ਨੂੰ ਦੇਸ ਵਿੱਚੋਂ ਭੰਨ ਸੁੱਟਾਂਗਾ**, ਅਤੇ ਮੈਂ ਉਹਨਾਂ ਨੂੰ ਚੈਨ ਨਾਲ ਲੇਟਣ ਦਿਆਂਗਾ।" [ਹੋਸ਼ੇਆ 2:18]

ਬਾਬਲ ਤੋਂ ਗ਼ੁਲਾਮੀ ਤੋਂ ਵਾਪਸ ਆਉਣ ਤੋਂ ਬਾਅਦ ਸਦੀਪਕ ਬਹਾਲੀ ਦਾ ਵਾਅਦਾ ਪੂਰਾ ਨਹੀਂ ਹੋਇਆ ਸੀ, ਅਤੇ ਇਹ ਕਲੀਸਿਯਾ ਦੇ ਯੁੱਗ ਵਿੱਚ ਵੀ ਪੂਰਾ ਨਹੀਂ ਹੋਇਆ ਸੀ। ਜੇਕਰ ਨਵੇਂ ਨੇਮ ਨਾਲ ਸੰਬੰਧਿਤ ਵਾਅਦਿਆਂ ਦੇ ਸੰਦਰਭਾਂ ਉੱਤੇ ਧਿਆਨ ਦਿੱਤਾ ਜਾਵੇ, ਤਾਂ ਅਸੀਂ ਇਸ ਸਿੱਟੇ ਤੱਕ ਪਹੁੰਚ ਸਕਦੇ ਹਾਂ ਕਿ ਇਹਨਾਂ ਦਾ ਪੂਰਾ ਹੋਣਾ ਅੰਤ ਦੇ ਦਿਨਾਂ ਵਿੱਚ ਹੀ ਹੋਣਾ ਹੈ (ਦੇਖੋ, ਯਿਰ 30:8-9, 24)। ਇਸ ਤਰ੍ਹਾਂ, ਮਸੀਹ ਦੀ ਵਾਪਸੀ ਉੱਤੇ ਇਸਰਾਏਲ ਨੂੰ ਅਜੇ ਵੀ ਇੱਕ ਮਹਿਮਾਮਈ ਰਾਜ ਪ੍ਰਾਪਤ ਕਰਨਾ ਹੈ (ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਰੈਪਚਰ ਦਾ ਵਿਚਾਰ)।

ਯਿਰ 31:31ff ਦਾ ਸੰਦਰਭ, ਬਿਪਤਾ ਦੇ ਸਮੇਂ ਦਾ ਜ਼ਿਕਰ ਕਰਦਾ ਹੈ, "ਯਾਕੂਬ ਦੀ ਬਿਪਤਾ" ਦਾ ਸਮਾਂ (30:7), ਇਸਰਾਏਲ ਦੇ ਦੁਸ਼ਮਣਾਂ ਦਾ ਵਿਨਾਸ਼ (30:11,16,20) ਅਤੇ ਇਸਰਾਏਲ ਦੀ ਆਪਣੇ ਦੇਸ਼ ਵਿੱਚ ਬਹਾਲੀ (30:3,18-20; 31:8,23-28)। ਹਿਜ਼ਕੀ 37:21ff ਦਾ ਸੰਦਰਭ ਵੀ ਪੂਰੀ ਤਰ੍ਹਾਂ ਅੰਤ ਦੇ ਸਮੇਂ ਨਾਲ ਸੰਬੰਧਿਤ ਹੈ। ਹਿਜ਼ਕੀ 36:8-15,30 ਇਹ ਸਿਖਾਉਂਦਾ ਹੈ ਕਿ ਇਸਰਾਏਲ ਵਾਪਸ ਆਵੇਗਾ ਅਤੇ ਉਹ ਫਿਰ ਕਦੇ ਵੀ ਆਪਣੇ ਦੁਸ਼ਮਣਾਂ ਦੇ ਅਧੀਨ ਨਹੀਂ ਹੋਵੇਗਾ। ਹਿਜ਼ਕੀ 37:12 ਮੁਰਦਿਆਂ ਦੇ ਜੀਅ-ਉੱਠਣ ਬਾਰੇ ਗੱਲ ਕਰਦਾ ਹੈ। ਅੰਤ ਵਿੱਚ, ਪੂਰਾ ਹਿਜ਼ਕੀਏਲ 38-39 ਅੰਤ ਦੇ ਸਮੇਂ ਨਾਲ ਸੰਬੰਧਿਤ ਹੈ (ਮਾਗੋਗ ਦਾ ਇਸਰਾਏਲ ਉੱਤੇ ਹਮਲਾ)। ਨਵੇਂ ਨੇਮ ਦਾ ਸੰਬੰਧ **ਇਸਰਾਏਲ ਦੇ ਭਵਿੱਖ** ਨਾਲ ਹੈ।

### d. ਭੌਤਿਕ ਬਰਕਤਾਂ

ਜਿਹੜੇ ਵਚਨਾਂ ਵਿੱਚ ਇਸਰਾਏਲ ਦੇ ਨਾਲ ਇੱਕ ਨਵੇਂ ਨੇਮ ਦਾ ਵਾਅਦਾ ਕੀਤਾ ਗਿਆ ਹੈ, ਉਹ ਭੌਤਿਕ ਵਿਕਾਸ ਦੀ ਵੀ ਗੱਲ ਕਰਦੇ ਹਨ। ਹੈਕਲ ਦਾ ਨਿਰਮਾਣ ਕੀਤਾ ਜਾਵੇਗਾ (ਹਿਜ਼ਕੀ 37:26,28)। ਖੇਤੀਬਾੜੀ ਵਿੱਚ ਵੱਡੀ ਪੈਦਾਵਾਰ ਹੋਵੇਗੀ।

> ਹਾਡੀ ਲਾਜ ਦੇ ਬਦਲੇ ਤੁਹਾਨੂੰ ਦੁਗਣਾ ਹਿੱਸਾ ਮਿਲੇਗਾ,
> ਬੇਪਤੀ ਦੇ ਬਦਲੇ ਤੁਸੀਂ ਆਪਣੇ ਹਿੱਸੇ ਵਿੱਚ ਮੌਜ ਮਾਣੋਗੇ,
> ਇਸ ਲਈ ਤੁਸੀਂ ਆਪਣੇ ਦੇਸ ਵਿੱਚ ਦੁਗਣੇ ਹਿੱਸੇ ਦੇ ਅਧਿਕਾਰੀ ਹੋਵੋਗੇ, ਸਦੀਪਕ ਅਨੰਦ ਤੁਹਾਡਾ ਹੋਵੇਗਾ।
> ਕਿਉਂਕਿ, ਮੈਂ ਯਹੋਵਾਹ, ਇਨਸਾਫ਼ ਨੂੰ ਤਾਂ ਪਿਆਰ ਕਰਦਾ ਹਾਂ,
> ਲੁੱਟ ਅਤੇ ਬੁਰਿਆਈ ਤੋਂ ਘਿਣ ਕਰਦਾ ਹਾਂ, ਇਸ ਲਈ ਮੈਂ ਆਪਣੇ ਲੋਕਾਂ ਨੂੰ ਸਚਿਆਈ ਨਾਲ ਬਦਲਾ ਦਿਆਂਗਾ। [ਯਸਾ 61:7-8]

"ਮੈਂ ਉਹਨਾਂ ਨੂੰ ਅਤੇ ਉਹਨਾਂ ਸਥਾਨਾਂ ਨੂੰ ਜੋ ਮੇਰੇ ਪਰਬਤ ਦੇ ਆਲੇ-ਦੁਆਲੇ ਹਨ, ਬਰਕਤ ਦਾ ਕਾਰਨ ਬਣਾਵਾਂਗਾ ਅਤੇ ਸਮੇਂ ਸਿਰ ਮੀਂਹ ਵਰ੍ਹਾਵਾਂਗਾ। ਬਰਕਤ ਦੀ ਵਰਖਾ ਵਰ੍ਹੇਗੀ। ਖੇਤ ਦੇ ਰੁੱਖ ਆਪਣਾ ਫ਼ਲ ਦੇਣਗੇ ਅਤੇ ਧਰਤੀ ਆਪਣੀ ਪੈਦਾਵਾਰ ਦੇਵੇਗੀ। ਉਹ ਸੁੱਖ ਨਾਲ ਆਪਣੀ ਭੂਮੀ ਵਿੱਚ ਵੱਸਣਗੇ ਅਤੇ ਜਦੋਂ ਮੈਂ ਉਹਨਾਂ ਦੀ ਪੰਜਾਲੀ ਦੀ ਰੱਸੀ ਖੋਲ੍ਹਾਂਗਾ। ਉਹਨਾਂ ਦੇ ਹੱਥੋਂ ਜਿਹੜੇ ਉਹਨਾਂ ਨੂੰ ਗ਼ੁਲਾਮ ਬਣਾਉਂਦੇ ਸਨ, ਛੁਡਾਵਾਂਗਾ, ਤਾਂ ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ! ਉਹ ਅੱਗੇ ਲਈ ਕੌਮਾਂ ਦਾ ਸ਼ਿਕਾਰ ਨਾ ਬਣਨਗੇ ਅਤੇ ਧਰਤੀ ਦੇ ਦਰਿੰਦੇ ਉਹਨਾਂ ਨੂੰ ਹੜੱਪ ਨਾ ਸਕਣਗੇ, ਸਗੋਂ ਉਹ ਸੁੱਖ ਨਾਲ ਵੱਸਣਗੇ ਅਤੇ ਉਹਨਾਂ ਨੂੰ ਕੋਈ ਨਾ ਡਰਾਵੇਗਾ।" [ਹਿਜ਼ਕੀ 34:26-28][60]

[60] ਹਿਜ਼ਕੀ 34:25 ਅਤੇ 28 ਵੀ ਸ਼ਾਇਦ ਨਵੇਂ ਨੇਮ ਵਿੱਚ ਜੰਗਲੀ ਜਾਨਵਰਾਂ ਦੇ ਪਾਲਤੂ ਹੋ ਜਾਣ ਦੇ ਸਰਾਪ ਵਿੱਚ ਹੋਣ ਵਾਲੀ ਕਮੀ ਦੇ ਨਾਲ ਜੋੜਦੇ ਹਨ। ਇਸ ਬਾਰੇ ਯਸਾ 11:6-9 ਹੋਰ ਵੀ ਜ਼ਿਆਦਾ ਸਪੱਸ਼ਟ ਹੈ। ਯਕੀਨਨ, ਇਸ ਸਮੇਂ ਜੰਗਲੀ ਜਾਨਵਰ ਪਾਲਤੂ ਨਹੀਂ ਬਣੇ ਸਨ। ਇਸ ਤਰ੍ਹਾਂ, ਨਵੇਂ ਨੇਮ ਦੇ ਕੁਝ ਅਜਿਹੇ ਪਹਿਲੂ ਹਨ ਜਿਹਨਾਂ ਨੂੰ ਭਵਿੱਖ ਦੇ ਰਾਜ ਵਿੱਚ ਇਸਰਾਏਲ ਦੇ ਨਾਲ ਪੂਰਾ ਹੋਣਾ ਹੈ।

### e. ਆਤਮਿਕ ਬਰਕਤਾਂ

ਭਾਗ "a" ਨੇ ਇਸ ਮੁੱਦੇ ਨੂੰ ਵਿਕਸਤ ਕੀਤਾ ਸੀ ਕਿ ਨਵਾਂ ਨੇਮ ਇੱਕ ਅਜਿਹੇ ਸਮੇਂ ਦਾ ਵਾਅਦਾ ਕਰਦਾ ਹੈ ਜਿਸ ਵਿੱਚ ਇਸਰਾਏਲ ਦੇ ਸਾਰੇ ਲੋਕ ਮੁਕਤੀ ਪ੍ਰਾਪਤ ਕਰਨਗੇ। ਨਵਾਂ ਨੇਮ ਪਵਿੱਤਰ ਆਤਮਾ ਦੇ ਅੰਦਰੂਨੀ ਵਾਸ ਦਾ ਵਾਅਦਾ ਵੀ ਕਰਦਾ ਹੈ ( ਯਿਰ 31:33 ਦੀ ਹਿਜ਼ਕੀ 36:27 ਅਤੇ 37:14 ਨਾਲ ਤੁਲਨਾ ਕਰੋ), ਅਤੇ ਇਹ ਕਿ ਸਾਰੇ ਲੋਕ ਪਰਮੇਸ਼ਰ ਨੂੰ ਅਤੇ ਉਹਨਾਂ ਦੇ ਬਾਰੇ ਗਿਆਨ ਨੂੰ ਜਾਣਨ ਵਾਲੇ ਹੋਣਗੇ (ਯਿਰ 31:33-34)। ਇਸਰਾਏਲ ਪਾਪਾਂ ਦੀ ਸਦੀਪਕ ਮਾਫ਼ੀ ਦਾ ਅਨੁਭਵ ਕਰੇਗਾ (ਯਿਰ 31:34)। ਨਵਾਂ ਨੇਮ ਸਿਰਫ਼ ਦੇਸ਼ ਵਿੱਚ ਵਾਪਸੀ ਦੀ ਹੀ ਗੱਲ ਨਹੀਂ ਕਰਦਾ ਹੈ (ਜੋ ਕਿ ਬਾਬਲ ਦੀ ਗ਼ੁਲਾਮੀ ਤੋਂ ਬਾਅਦ ਹੋਇਆ ਸੀ), ਪਰ ਇਹ ਦੇਸ਼ ਵਿੱਚ ਇੱਕ **ਸਦੀਪਕ ਵਾਪਸੀ** ਦੇ ਨਾਲ-ਨਾਲ **ਸਾਰੇ ਯਹੂਦੀਆਂ ਦੀ ਮੁਕਤੀ** ਅਤੇ ਸਾਰੇ ਵਿਸ਼ਵਾਸੀ ਯਹੂਦੀਆਂ ਦੇ ਮਨਾਂ ਵਿੱਚ ਪਵਿੱਤਰ ਆਤਮਾ ਦੇ ਨਿਵਾਸ ਦੀ ਸੇਵਕਾਈ ਦੀ ਗੱਲ ਕਰਦਾ ਹੈ। ਦੇਸ਼ ਦੀ ਪਿਛਲੀ ਬਹਾਲੀ ਦੇ ਸਮੇਂ ਸਾਰੇ ਵਿਸ਼ਵਾਸੀ ਯਹੂਦੀਆਂ ਦੇ ਮਨਾਂ ਵਿੱਚ ਪਵਿੱਤਰ ਆਤਮਾ ਦਾ ਅੰਦਰੂਨੀ ਨਿਵਾਸ **ਨਹੀਂ** ਹੋਇਆ ਸੀ, ਪਰ ਇਹ ਮਸੀਹ ਦੇ ਦੂਜੀ ਵਾਰ ਆਉਣ ਤੋਂ ਬਾਅਦ ਇਸਰਾਏਲ ਦੇ **ਦੁਬਾਰਾ ਇਕੱਠਾ ਹੋਣ ਦਾ** ਹਵਾਲਾ ਦਿੰਦੀ ਹੈ (ਇਹ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਹੈ)।

### f. ਨਵੇਂ ਨੇਮ ਦੇ ਪ੍ਰਬੰਧਾਂ ਦਾ ਸਾਰ

ਨਵਾਂ ਨੇਮ ਇੱਕ ਅਜਿਹੇ ਸਮੇਂ ਦਾ ਵਾਅਦਾ ਕਰਦਾ ਹੈ ਜਦੋਂ ਮੁਕਤੀਦਾਤਾ ਸੀਯੋਨ ਵਿੱਚ ਆਵੇਗਾ ਅਤੇ ਸਾਰਾ ਇਸਰਾਏਲ ਬਚਾਇਆ ਜਾਵੇਗਾ। ਇਸਰਾਏਲ ਦੇਸ਼ ਨੂੰ ਇੱਕ ਸਦੀਪਕ ਰੂਪ ਵਿੱਚ ਬਹਾਲ ਕੀਤਾ ਜਾਵੇਗਾ ਜਿਸ ਵਿੱਚ ਕਿਸੇ ਦੁਸ਼ਮਣ ਦੇ ਅਧੀਨ ਹੋਣ ਦਾ ਕੋਈ ਡਰ ਨਹੀਂ ਹੋਵੇਗਾ। ਇਸ ਇੱਕ ਅਜਿਹਾ ਸਮਾਂ ਵੀ ਹੋਵੇਗਾ ਜਿਸ ਵਿੱਚ ਆਤਮਿਕ ਅਤੇ ਭੌਤਿਕ ਦੋਵੇਂ ਤਰ੍ਹਾਂ ਦੀਆਂ ਬਰਕਤਾਂ ਹੋਣਗੀਆਂ। **ਕਿਸੇ ਵੀ ਸ਼ਾਬਦਿਕ ਅਰਥ ਵਿੱਚ, ਨਵਾਂ ਨੇਮ ਇਸਰਾਏਲ ਦੇਸ਼ ਦੇ ਲਈ ਇੱਕ ਭਵਿੱਖ ਦਾ ਵਾਅਦਾ ਕਰਦਾ ਹੈ।**

ਯਿਰ 30:24b ਦੱਸਦਾ ਹੈ ਕਿ "**ਅੰਤ ਦੇ ਦਿਨਾਂ ਵਿੱਚ** ਤੁਸੀਂ ਇਹ ਨੂੰ ਸਮਝੋਗੇ"। ਜਦੋਂ ਇਸਰਾਏਲ ਦੇ ਨਾਲ ਨਵੇਂ ਨੇਮ ਦੇ ਸੰਦਰਭਾਂ ਦੀ ਸਾਰੀ ਜਾਣਕਾਰੀ ਨੂੰ ਜੋੜਿਆ ਜਾਂਦਾ ਹੈ, ਤਾਂ ਇਹ ਸਿੱਟਾ ਨਿਕਲਦਾ ਹੈ ਕਿ ਨਵੇਂ ਨੇਮ ਦਾ ਸੰਬੰਧ ਇਸਰਾਏਲ ਦੇ ਭਵਿੱਖ ਨਾਲ ਹੈ, ਅਤੇ ਵਰਤਮਾਨ ਸਮੇਂ ਵਿੱਚ ਕਲੀਸਿਯਾ ਇਸ ਨੂੰ ਪੂਰੀ ਤਰ੍ਹਾਂ ਪੂਰਾ ਨਹੀਂ ਕਰ ਸਕਦੀ ਹੈ।[61]

### 3. ਨਵੇਂ ਨੇਮ ਦਾ ਰੂਪ ਬਿਨਾਂ ਕਿਸੇ ਸ਼ਰਤ ਦੇ ਅਤੇ ਸਦੀਪਕ ਹੈ

ਪਰਮੇਸ਼ਰ ਦੇ ਨਵੇਂ ਨੇਮ ਦੀ ਸ਼ਾਬਦਿਕ ਵਿਆਖਿਆ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦਾ ਸਮਰਥਨ ਕਰਦੀ ਹੈ। ਇਸ ਤੋਂ ਇਲਾਵਾ, ਇਹ ਦਲੀਲ ਦੇਣਾ ਲਗਭਗ ਅਸੰਭਵ ਹੀ ਹੈ ਕਿ ਨਵਾਂ ਨੇਮ ਕੁਝ ਸਮੇਂ ਦੇ ਲਈ ਸੀ ਜਾਂ ਅਜਿਹੀਆਂ ਸ਼ਰਤਾਂ ਦੇ ਅਧੀਨ ਸੀ ਜਿਹਨਾਂ ਦਾ ਪੂਰਾ ਨਾ ਕੀਤਾ ਜਾਣਾ ਇਸ ਦੇ ਰੱਦ ਹੋ ਜਾਣ ਦਾ ਕਾਰਨ ਬਣ ਸਕਦਾ ਹੈ।

> "ਕੰਨ ਲਾਓ ਅਤੇ ਮੇਰੇ ਵੱਲ ਆਓ, ਸੁਣੋ ਤਾਂ ਤੁਸੀਂ ਜੀਉਂਦੇ ਰਹੋਗੇ, ਅਤੇ ਮੈਂ ਤੁਹਾਡੇ ਨਾਲ ਇੱਕ **ਸਦੀਪਕ ਨੇਮ** ਬੰਨ੍ਹਾਂਗਾ, ਅਰਥਾਤ ਦਾਊਦ ਨਾਲ ਬੰਨ੍ਹੀਆਂ ਅਟੱਲ ਦਿਆਲ਼ਗੀਆਂ ਦਾ ਨੇਮ।" [ਯਸਾ 55:3]
>
> ...ਮੈਂ ਉਹਨਾਂ ਦੇ ਨਾਲ ਇੱਕ **ਸਦੀਪਕ ਨੇਮ** ਬੰਨ੍ਹਾਂਗਾ। [ਯਸਾ 61:8]
>
> ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਜੋ ਦਿਨ ਦੇ ਚਾਨਣ ਲਈ **ਸੂਰਜ** ਦਿੰਦਾ, ਅਤੇ ਰਾਤ ਦੇ ਚਾਨਣ ਲਈ **ਚੰਦ** ਅਤੇ **ਤਾਰਿਆਂ** ਦੀ ਬਿਧੀ, ਜੋ ਸਮੁੰਦਰ ਨੂੰ ਐਉਂ ਉਛਾਲਦਾ ਹੈ, ਕਿ ਉਹ ਦੀਆਂ ਲਹਿਰਾਂ ਗੱਜਦੀਆਂ ਹਨ, ਸੈਨਾਂ ਦਾ ਯਹੋਵਾਹ ਉਸ ਦਾ ਨਾਮ ਹੈ। **ਜੇ ਇਹ ਬਿਧੀਆਂ ਮੇਰੇ ਅੱਗੋਂ ਹਟਾਈਆਂ ਜਾਣ...ਤਾਂ ਇਸਰਾਏਲ ਦੀ ਨਸਲ ਵੀ ਜਾਂਦੀ ਰਹੇਗੀ**, ਭਈ ਉਹ ਸਦਾ ਲਈ ਮੇਰੇ ਅੱਗੇ ਕੌਮ ਨਾ ਰਹੇ। ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਜੇ ਉੱਪਰੋਂ ਅਕਾਸ਼ ਮਿਣਿਆ ਜਾਵੇ, ਅਤੇ ਹੇਠਾਂ ਧਰਤੀ ਦੀਆਂ ਨੀਹਾਂ ਦੀ ਭਾਲ ਕੀਤੀ ਜਾਵੇ, ਤਦ ਮੈਂ ਵੀ ਇਸਰਾਏਲ ਦੀ ਸਾਰੀ ਨਸਲ ਨੂੰ ਉਹਨਾਂ ਦੇ ਸਾਰੇ ਕੰਮਾਂ ਦੇ ਕਾਰਨ ਰੱਦ ਦਿਆਂਗਾ, ਯਹੋਵਾਹ ਦਾ ਵਾਕ ਹੈ। [ਯਿਰ 31:35-37]
>
> "ਮੈਂ ਉਹਨਾਂ ਨਾਲ ਇੱਕ **ਸਦਾ ਦਾ ਨੇਮ** ਬੰਨ੍ਹਾਂਗਾ ਅਤੇ ਮੈਂ ਉਹਨਾਂ ਦਾ ਭਲਾ ਕਰਨ ਤੋਂ ਨਾ ਹਟਾਂਗਾ ਅਤੇ ਮੈਂ ਆਪਣਾ ਭੈਅ ਉਹਨਾਂ ਦੇ ਦਿਲ ਵਿੱਚ ਪਾਵਾਂਗਾ ਭਈ ਉਹ ਫੇਰ ਮੈਥੋਂ ਫਿਰ ਨਾ ਜਾਣ" [ਯਿਰ 32:40]
>
> "ਉਹ ਆਪਣਿਆਂ ਮੂੰਹਾਂ ਨੂੰ ਉੱਧਰ ਕਰ ਕੇ ਸੀਯੋਨ ਦਾ ਰਾਹ

[61] ਸੀਯੋਨ ਵਿੱਚ ਇੱਕ ਮੁਕਤੀਦਾਤਾ ਆਉਂਦਾ ਹੈ। ਸਾਰਾ ਇਸਰਾਏਲ ਮੁਕਤੀ ਪਾਉਂਦਾ ਹੈ। ਇਸਰਾਏਲ ਦੇ ਲਈ ਦੇਸ਼ ਵਿੱਚ ਸਦੀਪਕ ਬਹਾਲੀ ਵਿੱਚ ਦੁਸ਼ਮਣਾਂ ਦਾ ਸੰਪੂਰਨ ਅਤੇ ਸਦੀਪਕ ਵਿਨਾਸ਼ ਸ਼ਾਮਲ ਹੈ। ਨਵਾਂ ਨੇਮ ਉਦੋਂ ਪੂਰਾ ਹੁੰਦਾ ਹੈ ਜਦੋਂ "ਯਾਕੂਬ ਦਾ ਦੁੱਖ" (ਬਿਪਤਾ) ਦਾ ਸਮਾਂ ਪੂਰਾ ਹੋ ਜਾਂਦਾ ਹੈ, ਅਤੇ ਜਦੋਂ ਰਾਜਾ ਦਾਊਦ ਦਾ ਇਸਰਾਏਲ ਉੱਤੇ ਰਾਜ ਸਥਾਪਿਤ ਹੋ ਜਾਂਦਾ ਹੈ। ਨਵੇਂ ਨੇਮ ਦੇ ਪੂਰਾ ਹੋਣ ਦੀਆਂ ਹੋਰ ਗੱਲਾਂ ਵਿੱਚ ਯਰੂਸ਼ਲਮ ਵਿੱਚ ਇੱਕ ਹੈਕਲ, ਜੰਗਲੀ ਜਾਨਵਰਾਂ ਵਿੱਚ ਸਰਾਪ ਦਾ ਘੱਟ ਹੋਣਾ, ਅਤੇ ਇਸਰਾਏਲ ਦੇ ਲੋਕਾਂ ਵਿੱਚ ਪਵਿੱਤਰ ਆਤਮਾ ਦਾ ਅੰਦਰੂਨੀ ਨਿਵਾਸ ਸ਼ਾਮਲ ਹੈ। ਅਸੀਂ ਇਹ ਸਿੱਟਾ ਕਿਵੇਂ ਕੱਢ ਸਕਦੇ ਹਾਂ ਕਿ ਇਸਰਾਏਲ ਦੇ ਗ਼ੁਲਾਮੀ ਤੋਂ ਵਾਪਸ ਆਉਣ ਤੋਂ ਬਾਅਦ ਇਹ ਸਾਰੀਆਂ ਗੱਲਾਂ ਪੂਰੀਆਂ ਹੋ ਗਈਆਂ ਸਨ, ਜਾਂ ਫਿਰ ਇਹ ਮੌਜੂਦਾ ਕਲੀਸਿਯਾ ਦੇ ਯੁੱਗ ਵਿੱਚ ਪੂਰੀਆਂ ਹੋ ਰਹੀਆਂ ਹਨ?

ਪੁੱਛਣਗੇ ਕਿ ਆਓ, ਅਸੀਂ ਯਹੋਵਾਹ ਨਾਲ ਮਿਲ ਕੇ ਇੱਕ **ਸਦੀਪਕਾਲ ਦਾ ਨੇਮ** ਬੰਨ੍ਹੀਏ ਜਿਹੜਾ ਵਿਸਾਰਿਆ ਨਾ ਜਾਵੇਗਾ।" [ਯਿਰ 50:5]

"ਤਾਂ ਵੀ ਮੈਂ ਆਪਣੇ ਉਸ ਨੇਮ ਨੂੰ ਜੋ ਤੇਰੀ ਜੁਆਨੀ ਦੇ ਦਿਨਾਂ ਵਿੱਚ ਤੇਰੇ ਨਾਲ ਸੀ, ਚੇਤੇ ਰੱਖਾਂਗਾ ਅਤੇ **ਸਦਾ ਦਾ ਨੇਮ** ਤੇਰੇ ਨਾਲ ਕਾਇਮ ਕਰਾਂਗਾ।" [ਹਿਜ਼ਕੀ 16:60]

"ਮੈਂ ਉਹਨਾਂ ਦੇ ਨਾਲ ਸ਼ਾਂਤੀ ਦਾ ਨੇਮ ਅਰਥਾਤ **ਸਦਾ ਦਾ** ਨੇਮ ਬੰਨ੍ਹਾਂਗਾ…"[ਹਿਜ਼ਕੀ 37:26]

ਯਿਰ 31:31-34 ਦੀਆਂ ਚਾਰ ਆਇਤਾਂ ਵਿੱਚ ਵਾਕਾਂਸ਼ "ਮੈਂ ਕਰਾਂਗਾ" ਸੱਤ ਵਾਰ ਆਉਂਦਾ ਹੈ। ਨਵਾਂ ਨੇਮ ਅਜਿਹਾ ਇੱਕ ਪਾਸੇ ਦਾ ਨੇਮ ਹੈ ਜਿਸ ਦਾ ਪੂਰਾ ਹੋਣਾ ਸਿਰਫ਼ ਪਰਮੇਸ਼ਰ ਉੱਤੇ ਹੀ ਨਿਰਭਰ ਹੈ; ਇਸ ਵਿੱਚ ਮਨੁੱਖ ਦੇ ਪੂਰਾ ਕਰਨ ਦੇ ਲਈ ਕੋਈ ਸ਼ਰਤ ਨਹੀਂ ਦਿੱਤੀ ਗਈ ਹੈ।

ਅਬਰਾਹਾਮ ਨਾਲ ਨੇਮ ਫ਼ਲਸਤੀਨੀ ਨੇਮ, ਦਾਊਦ ਨਾਲ ਨੇਮ, ਅਤੇ ਨਵੇਂ ਨੇਮ ਦੀ ਨੀਂਹ ਹੈ। ਅਬਰਾਹਾਮ ਨਾਲ ਕੀਤੇ ਗਏ ਪਰਮੇਸ਼ਰ ਦੇ ਵਾਅਦਿਆਂ ਦਾ ਸੰਬੰਧ ਦੇਸ਼, ਸੰਤਾਨ, ਅਤੇ ਬਰਕਤ ਨਾਲ ਸੀ। ਇਸ ਤੋਂ ਬਾਅਦ ਦੇ ਸਾਰੇ ਨੇਮ ਅਬਰਾਹਾਮ ਨਾਲ ਨੇਮ ਦੇ ਕਿਸੇ ਨਾ ਕਿਸੇ ਪਹਿਲੂ ਉੱਤੇ ਜ਼ੋਰ ਦਿੰਦੇ ਅਤੇ ਉਸ ਨੂੰ ਅੱਗੇ ਵਧਾਉਂਦੇ ਪ੍ਰਤੀਤ ਹੁੰਦੇ ਹਨ। ਫ਼ਲਸਤੀਨੀ ਨੇਮ (ਬਿਵਸਥਾ ਸਾਰ 30:1-10) ਦੇਸ਼ ਦੇ ਬਾਰੇ ਹੈ, ਦਾਊਦ ਨਾਲ ਨੇਮ ਸੰਤਾਨ ਦੇ ਬਾਰੇ ਹੈ, ਅਤੇ ਨਵਾਂ ਨੇਮ ਭਵਿੱਖ ਦੀਆਂ ਬਰਕਤਾਂ ਬਾਰੇ ਹੈ। ਜਿਵੇਂ ਅਬਰਾਹਾਮ ਨਾਲ ਨੇਮ ਸਦੀਪਕ ਅਤੇ ਬਿਨਾਂ ਕਿਸੇ ਸ਼ਰਤ ਦੇ ਸੀ, ਉਸੇ ਤਰ੍ਹਾਂ ਨਵਾਂ ਨੇਮ ਵੀ ਬਿਨਾਂ ਕਿਸੇ ਸ਼ਰਤ ਦੇ ਅਤੇ ਸਦੀਪਕ ਹੈ। ਇਹ ਇਸਰਾਏਲ ਦੇ ਲਈ ਇੱਕ ਭਵਿੱਖ ਸੁਨਿਸ਼ਚਿਤ ਕਰਦਾ ਹੈ ਅਤੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦਾ ਸਮਰਥਨ ਕਰਦਾ ਹੈ।

### 4. ਕਲੀਸਿਯਾ ਅਤੇ ਨਵਾਂ ਨੇਮ

ਨਵੇਂ ਨੇਮ ਦੀਆਂ ਪੁਸਤਕਾਂ ਵਿੱਚ (ਇਹ ਬਾਈਬਲ ਦਾ ਨਵਾਂ ਨੇਮ ਹੈ) ਨਵੇਂ ਨੇਮ ਬਾਰੇ ਹਵਾਲੇ ਇਸ ਦੇ ਕਲੀਸਿਯਾ ਨਾਲ ਸੰਬੰਧਾਂ ਬਾਰੇ ਕਈ ਸਵਾਲ ਪੈਦਾ ਕਰ ਦਿੰਦੇ ਹਨ। ਕੀ ਨਵਾਂ ਨੇਮ ਵਰਤਮਾਨ ਸਮੇਂ ਵਿੱਚ ਕਲੀਸਿਯਾ ਵਿੱਚ ਪੂਰਾ ਹੋਵੇਗਾ ਜਾਂ ਇਹ ਭਵਿੱਖ ਵਿੱਚ ਇਸਰਾਏਲ ਨਾਲ ਪੂਰਾ ਹੋਵੇਗਾ? ਹਜ਼ਾਰ ਸਾਲ ਦੇ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲਾ ਵਿਚਾਰ ਇਹ ਕਹਿੰਦਾ ਹੈ ਕਿ ਨਵਾਂ ਨੇਮ ਕਲੀਸਿਯਾ ਵਿੱਚ ਪੂਰਾ ਹੁੰਦਾ ਹੈ, ਅਤੇ ਇਸ ਦਾ ਅਰਥ ਹੈ ਕਿ ਫਿਰ ਇਸਰਾਏਲ ਦਾ ਧਰਤੀ ਉੱਤੇ ਭਵਿੱਖ ਵਿੱਚ ਕੋਈ ਰਾਜ ਨਹੀਂ ਹੋਵੇਗਾ।

ਇਹ ਸੱਚ ਹੈ ਕਿ ਕਲੀਸਿਯਾ ਵਰਤਮਾਨ ਸਮੇਂ ਵਿੱਚ ਨਵੇਂ ਨੇਮ ਦੀਆਂ ਕੁਝ ਬਰਕਤਾਂ ਵਿੱਚ ਹਿੱਸਾ ਲੈਂਦੀ ਹੈ। ਫਿਰ ਵੀ, ਇਸ ਨੂੰ ਇਸ ਤਰ੍ਹਾਂ ਨਹੀਂ ਦੇਖਿਆ ਜਾ ਸਕਦਾ ਕਿ ਕਲੀਸਿਯਾ ਨਵੇਂ ਨੇਮ ਦੇ ਪੂਰੀ ਤਰ੍ਹਾਂ ਪੂਰਾ ਹੋ ਜਾਣ ਦਾ ਅਨੁਭਵ ਕਰ ਰਹੀ ਹੈ। ਇਸ ਦਾ ਪੂਰੀ ਤਰ੍ਹਾਂ ਪੂਰਾ ਹੋਣਾ ਇੱਕ ਭਵਿੱਖ ਦੇ ਸਮੇਂ ਦੀ ਉਡੀਕ ਕਰ ਰਿਹਾ ਹੈ ਅਤੇ ਉਸ ਵਿੱਚ ਇਸਰਾਏਲ ਦਾ ਸ਼ਾਮਲ ਹੋਣਾ ਜ਼ਰੂਰੀ ਹੈ।

ਇਸਰਾਏਲ ਦੇ ਪਾਪਾਂ ਦੀ ਮਾਫ਼ੀ ਨਵੇਂ ਨੇਮ ਦੀਆਂ ਮੁੱਖ ਬਰਕਤਾਂ ਵਿੱਚੋਂ ਇੱਕ ਹੈ (ਯਿਰ 31:34)। ਇਸਰਾਏਲ ਦੇ ਪਾਪਾਂ ਨੂੰ ਮਾਫ਼ ਕਰਨ ਦੇ ਲਈ ਪਰਮੇਸ਼ਰ ਦੇ ਸੱਚੇ ਲੇਲੇ ਦਾ ਮਰਨਾ ਜ਼ਰੂਰੀ ਸੀ। ਉਹੀ ਸਲੀਬ ਜੋ ਨਵੇਂ ਨੇਮ ਵਿੱਚ **ਇਸਰਾਏਲ** ਦੇ ਲਈ ਇੱਕ **ਭਵਿੱਖ ਦੀ ਬਰਕਤ** ਦਾ ਆਧਾਰ ਬਣੀ ਹੈ, ਉਹੀ **ਵਰਤਮਾਨ** ਵਿੱਚ **ਕਲੀਸਿਯਾ** ਦੇ ਲਈ ਬਰਕਤ ਦਾ ਇੱਕ ਸਾਧਨ ਹੈ। ਇਸ ਤਰ੍ਹਾਂ, ਕਲੀਸਿਯਾ ਸੱਚਮੁੱਚ ਨਵੇਂ ਨੇਮ ਦੇ ਲਾਭਾਂ ਵਿੱਚ ਹਿੱਸਾ ਲੈਂਦੀ ਹੈ। ਅਸੀਂ ਤੋੜੇ ਗਏ ਸਰੀਰ ਅਤੇ ਵਹਾਏ ਗਏ ਖ਼ੂਨ ਦੇ ਲਾਭ ਵਿੱਚ ਸ਼ਾਮਲ ਹੁੰਦੇ ਹਾਂ, ਜੋ ਨਵੇਂ ਨੇਮ ਦੇ ਅਧੀਨ ਇਸਰਾਏਲ ਦੀ ਭਵਿੱਖ ਦੀ ਬਰਕਤ ਦਾ ਆਧਾਰ ਹੋਵੇਗਾ।

ਫਿਰ ਵੀ, ਇਹ ਤੱਥ ਕਿ ਕਲੀਸਿਯਾ ਨਵੇਂ ਨੇਮ ਤੋਂ ਲਾਭ ਪ੍ਰਾਪਤ ਕਰਦੀ ਹੈ, ਅਤੇ ਇਸ ਦੀ ਬਰਕਤ ਨੂੰ "ਅੰਸ਼ਕ ਅਤੇ ਵਰਤਮਾਨ ਵਿੱਚ" ਸਾਂਝਾ ਕਰਦੀ ਹੈ, ਇਸ ਦਾ ਇਹ ਅਰਥ ਨਹੀਂ ਹੈ ਕਿ ਨਵੇਂ ਨੇਮ ਦੀਆਂ ਸਾਰੀਆਂ ਗੱਲਾਂ ਇਸ ਸਮੇਂ ਲਾਗੂ ਹਨ ਜਾਂ ਇਹ ਕਿ ਇਸਰਾਏਲ ਨੇ ਆਪਣੇ ਵਾਅਦਿਆਂ ਨੂੰ ਗੁਆ ਦਿੱਤਾ ਹੈ।

ਕਲੀਸਿਯਾ ਦੀਆਂ ਵਰਤਮਾਨ ਬਰਕਤਾਂ ਦੇ ਬਾਵਜੂਦ, ਨਵੇਂ ਨੇਮ ਦੀ ਅਜੇ ਵੀ ਇਸਰਾਏਲ ਨਾਲ ਪੁਸ਼ਟੀ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਤਰ੍ਹਾਂ ਇਹ ਪੂਰੀ ਤਰ੍ਹਾਂ ਨਾਲ ਪੂਰਾ ਕੀਤਾ ਜਾਵੇਗਾ। ਇਸਰਾਏਲ ਤੋਂ ਬਿਨਾਂ ਕਲੀਸਿਯਾ ਨਵੇਂ ਨੇਮ ਨੂੰ ਪੂਰੀ ਤਰ੍ਹਾਂ ਪੂਰਾ ਨਹੀਂ ਕਰ ਸਕਦੀ ਹੈ ਅਤੇ ਨਾ ਹੀ ਕਰੇਗੀ ਭਾਵੇਂ ਕਲੀਸਿਯਾ ਵਰਤਮਾਨ ਸਮੇਂ ਵਿੱਚ ਨਵੇਂ ਨੇਮ ਤੋਂ ਪੈਦਾ ਹੋਣ ਵਾਲੇ ਕੁਝ ਲਾਭਾਂ ਦਾ ਆਨੰਦ ਮਾਣ ਰਹੀ ਹੈ। ਇਸਰਾਏਲ ਨਾਲ ਸਾਂਝਾ ਕਰਨ ਅਤੇ ਇਸਰਾਏਲ ਨੂੰ ਬਦਲਣ ਵਿਚਕਾਰ ਇੱਕ ਨਿਸ਼ਚਿਤ ਅੰਤਰ ਹੈ।

#### a. ਪੁਰਾਣਾ ਨੇਮ ਜ਼ੋਰ ਦਿੰਦਾ ਹੈ ਕਿ ਨਵਾਂ ਨੇਮ ਇਸਰਾਏਲ ਨਾਲ ਹੋਵੇਗਾ

ਨਵੇਂ ਨੇਮ ਸੰਬੰਧੀ ਵਾਅਦਿਆਂ ਦਾ ਅਸਲ ਪ੍ਰਾਪਤਕਰਤਾ ਇਸਰਾਏਲ ਹੈ।

"...ਮੈਂ **ਇਸਰਾਏਲ ਦੇ ਘਰਾਣੇ ਨਾਲ ਅਤੇ ਯਹੂਦਾਹ ਦੇ ਘਰਾਣੇ ਨਾਲ ਇੱਕ ਨਵਾਂ ਨੇਮ** ਬੰਨ੍ਹਾਂਗਾ" [ਯਿਰ 31:31] (ਇਬ 8:8 ਵੀ ਦੇਖੋ)

"...ਮੈਂ **ਉਹਨਾਂ ਨਾਲ** ਇੱਕ ਸਦਾ ਦਾ ਨੇਮ ਬੰਨ੍ਹਾਂਗਾ…" (ਇਸਰਾਏਲ ਨਾਲ, ਆਇਤ 36 ਵੀ ਦੇਖੋ) [ਯਿਰ 32:40]

"ਉਹਨਾਂ ਦਿਨਾਂ ਵਿੱਚ ਅਤੇ ਉਸ ਵੇਲੇ, ਯਹੋਵਾਹ ਦਾ ਵਾਕ ਹੈ, **ਇਸਰਾਏਲੀ ਅਤੇ ਯਹੂਦੀ** ਇਕੱਠੇ ਆਉਣਗੇ, ਉਹ ਰੋਂਦੇ-ਰੋਂਦੇ ਆਉਣਗੇ, ਉਹ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਭਾਲਣਗੇ,

ਉਹ ਆਪਣਿਆਂ ਮੂੰਹਾਂ ਨੂੰ ਉੱਧਰ ਕਰ ਕੇ ਸੀਯੋਨ ਦਾ ਰਾਹ ਪੁੱਛਣਗੇ ਕਿ ਆਓ, ਅਸੀਂ ਯਹੋਵਾਹ ਨਾਲ ਮਿਲ ਕੇ **ਇੱਕ ਸਦੀਪਕਾਲ ਦਾ ਨੇਮ** ਬੰਨ੍ਹੀਏ ਜਿਹੜਾ ਵਿਸਾਰਿਆ ਨਾ ਜਾਵੇਗਾ।" [ਯਿਰ 50:4-5]

"ਤਾਂ ਵੀ ਮੈਂ ਆਪਣੇ ਉਸ ਨੇਮ ਨੂੰ ਜੋ ਤੇਰੀ ਜੁਆਨੀ ਦੇ ਦਿਨਾਂ ਵਿੱਚ **ਤੇਰੇ ਨਾਲ** ਸੀ, ਚੇਤੇ ਰੱਖਾਂਗਾ ਅਤੇ **ਸਦਾ ਦਾ ਨੇਮ ਤੇਰੇ ਨਾਲ ਕਾਇਮ ਕਰਾਂਗਾ**।" [ਹਿਜ਼ਕੀ 16:60]

ਪਿਛਲੇ ਨੇਮ ਕਲੀਸਿਯਾ ਦੇ ਨਾਲ ਨਹੀਂ ਪਰ ਇਸਰਾਏਲ ਦੇ ਨਾਲ ਬੰਨ੍ਹੇ ਗਏ ਸਨ। ਹਿਜ਼ਕੀ 16:60 ਵਿੱਚ "ਤੁਸੀਂ" ਦਾ ਹਵਾਲਾ ਦੇ ਰਿਹਾ ਹੈ।

"ਤੂੰ ਉਹਨਾਂ ਨੂੰ ਬੋਲ ਕਿ ਪ੍ਰਭੂ ਯਹੋਵਾਹ ਇਹ ਆਖਦਾ ਹੈ, ਵੇਖੋ, ਮੈਂ **ਇਸਰਾਏਲੀਆਂ ਨੂੰ** ਕੌਮਾਂ ਦੇ ਵਿੱਚੋਂ ਜਿੱਥੇ-ਜਿੱਥੇ ਉਹ ਗਏ ਹਨ, ਲਵਾਂਗਾ ਅਤੇ ਹਰ ਪਾਸਿਓਂ ਉਹਨਾਂ ਨੂੰ ਇਕੱਠਾ ਕਰਾਂਗਾ। ਮੈਂ ਉਹਨਾਂ ਨੂੰ ਉਹਨਾਂ ਦੀ ਭੂਮੀ ਵਿੱਚ ਲਿਆਵਾਂਗਾ।" [ਹਿਜ਼ਕੀ 37:21]

"ਸੀਯੋਨ ਲਈ ਇੱਕ ਛੁਟਕਾਰਾ ਦੇਣ ਵਾਲਾ ਆਵੇਗਾ ਅਰਥਾਤ ਉਨ੍ਹਾਂ ਲਈ ਜੋ **ਯਾਕੂਬ** ਵਿੱਚ ਅਪਰਾਧਾਂ ਤੋਂ ਮਨ ਫਿਰਾਉਂਦੇ ਹਨ, ਯਹੋਵਾਹ ਦਾ ਵਾਕ ਹੈ। ਯਹੋਵਾਹ ਆਖਦਾ ਹੈ, ਮੇਰੀ ਵੱਲੋਂ, **ਉਹਨਾਂ ਦੇ ਨਾਲ ਮੇਰਾ ਇਹ ਨੇਮ ਹੈ**..." [ਯਸਾ 59:20-21]

ਇਸ ਤਰ੍ਹਾਂ **ਸਾਰੀ ਇਸਰਾਏਲ ਕੌਮ** ਨੂੰ ਮੁਕਤੀ ਮਿਲੇਗੀ। ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ **ਯਾਕੂਬ** ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ। ਮੈਂ ਉਹਨਾਂ ਦੇ ਨਾਲ ਇੱਕ **ਨੇਮ** ਬੰਨ੍ਹਾਂਗਾ, ਜਦੋਂ ਮੈਂ ਉਹਨਾਂ ਦੇ ਸਾਰੇ ਪਾਪਾਂ ਨੂੰ ਦੂਰ ਕਰਾਂਗਾ।" [ਰੋਮੀ 11:26-27]

ਭਾਵੇਂ ਪੁਰਾਣਾ ਨੇਮ ਕਲੀਸਿਯਾ ਨੂੰ ਨਵੇਂ ਨੇਮ ਦੀਆਂ ਬਰਕਤਾਂ ਵਿੱਚ ਹਿੱਸਾ ਲੈਣ ਦੀ ਆਗਿਆ ਦਿੰਦਾ ਹੋਵੇ, ਫਿਰ ਵੀ ਨੇਮ ਮੁੱਖ ਤੌਰ ਤੇ ਇਸਰਾਏਲ ਨਾਲ ਹੀ ਹੈ। ਜੇਕਰ ਸ਼ਬਦਾਂ ਦਾ ਕੋਈ ਅਰਥ ਹੈ ਅਤੇ ਜੇਕਰ ਵਾਅਦਿਆਂ ਦਾ ਕੋਈ ਅਰਥ ਹੈ, ਤਾਂ ਕਲੀਸਿਯਾ ਨੂੰ ਨਹੀਂ ਪਰ ਇਸਰਾਏਲ ਨੂੰ ਨਵੇਂ ਨੇਮ ਦੀਆਂ ਪੂਰੀਆਂ ਬਰਕਤਾਂ ਮਿਲਣੀਆਂ ਚਾਹੀਦੀਆਂ ਹਨ। ਨਵੇਂ ਨੇਮ ਦੇ ਬਹੁਤ ਸਾਰੇ ਵੇਰਵੇ ਮੌਜੂਦਾ ਯੁੱਗ ਵਿੱਚ ਕਿਸੇ ਵੀ ਸ਼ਾਬਦਿਕ ਅਰਥ ਵਿੱਚ ਪੂਰੇ ਨਹੀਂ ਹੋ ਰਹੇ ਹਨ ਨਾ ਹੀ ਹੋ ਸਕਦੇ ਹਨ (ਜਿਵੇਂ ਕਿ, ਸਾਰੇ ਇਸਰਾਏਲ ਦਾ ਬਚਾਇਆ ਜਾਣਾ, ਮੁਕਤੀਦਾਤਾ ਦਾ ਸੀਯੋਨ ਵਿੱਚ ਆਉਣਾ, ਇਸਰਾਏਲ ਲਈ ਕੋਈ ਯੁੱਧ ਨਹੀਂ ਹੋਣਾ)।

ਇਸ ਤੋਂ ਇਲਾਵਾ, ਨਵਾਂ ਨੇਮ ਇਸਰਾਏਲ ਦੇ ਨਾਲ ਸੰਬੰਧਿਤ ਹੈ, ਇਸ ਦਾ ਸੰਕੇਤ ਇਸ ਦੇ ਨਾਮ ਤੋਂ ਹੀ ਮਿਲਦਾ ਹੈ, ਕਿਉਂਕਿ ਪੁਰਾਣ ਨੇਮ ਨਿਸ਼ਚਿਤ ਤੌਰ ਤੇ ਇੱਕ ਯਹੂਦੀ ਨੇਮ ਸੀ (ਰੋਮੀ 2:14; 9:4; ਅਫ਼ਸੀ 2:12; ਲੇਵੀਆਂ 26:46; ਬਿਵਸਥਾ 4:8)। ਜੇਕਰ ਨਵਾਂ ਨੇਮ ਪੂਰੀ ਤਰ੍ਹਾਂ ਕਲੀਸਿਯਾ ਦੁਆਰਾ ਪੂਰਾ ਨਹੀਂ ਕੀਤਾ ਗਿਆ ਹੈ, ਤਾਂ ਕਲੀਸਿਯਾ ਦਾ ਨਵੇਂ ਨੇਮ ਨਾਲ ਕੀ ਸੰਬੰਧ ਹੈ?

### b. ਨਵੇਂ ਨੇਮ ਬਾਰੇ ਨਵੇਂ ਨੇਮ ਦੀਆਂ ਪੁਸਤਕਾਂ ਦੀ ਸਿੱਖਿਆ

ਹਜ਼ਾਰ ਸਾਲ ਦੇ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਲੋਕ ਦਾਅਵਾ ਕਰਦੇ ਹਨ ਕਿ ਕਲੀਸਿਯਾ ਪੂਰੀ ਤਰ੍ਹਾਂ ਨਵੇਂ ਨੇਮ ਨੂੰ ਪੂਰਾ ਕਰਦੀ ਹੈ, ਅਤੇ ਇਸਰਾਏਲ ਦਾ ਕੋਈ ਭਵਿੱਖ ਦਾ ਰਾਜ ਨਹੀਂ ਹੈ। ਜੇਕਰ ਪੁਰਾਣੇ ਨੇਮ ਦੇ ਵਚਨਾਂ ਦੀ ਸਹੀ ਵਿਆਖਿਆ ਕੀਤੀ ਜਾਂਦੀ ਹੈ, ਤਾਂ ਇਹ ਸੱਚ ਨਹੀਂ ਹੋ ਸਕਦਾ ਹੈ। ਫਿਰ ਵੀ, ਨਵੇਂ ਨੇਮ ਵਿੱਚ ਇਸ ਨੇਮ ਬਾਰੇ ਬਹੁਤ ਸਾਰੇ ਮਹੱਤਵਪੂਰਣ ਵਚਨ ਹਨ। ਅਜਿਹਾ ਲੱਗਦਾ ਹੈ ਕਿ ਨਵੇਂ ਨੇਮ ਨੂੰ ਸਥਾਪਿਤ ਤਾਂ ਕਰ ਦਿੱਤਾ ਗਿਆ ਹੈ, ਪਰ ਇਹ ਪੂਰੀ ਤਰ੍ਹਾਂ ਨਾਲ ਪੂਰਾ ਨਹੀਂ ਹੋਇਆ ਹੈ। ਨਵੇਂ ਨੇਮ ਦੀ ਨੀਂਹ ਮੁਕਤੀਦਾਤਾ ਦੇ ਖ਼ੂਨ ਵਿੱਚ ਰੱਖੀ ਗਈ ਹੈ, ਅਤੇ ਕਲੀਸਿਯਾ ਇਸ ਤੋਂ ਪੈਦਾ ਹੋਣ ਵਾਲੇ ਲਾਭਾਂ ਦਾ ਆਨੰਦ ਮਾਣਦੀ ਹੈ, ਪਰ ਨਵੇਂ ਨੇਮ ਦੀ ਪੂਰੀ ਤਰ੍ਹਾਂ ਪੂਰਤੀ ਭਵਿੱਖ ਵਿੱਚ ਇਸਰਾਏਲ ਨਾਲ ਹੋਵੇਗੀ।

ਇਸੇ ਤਰ੍ਹਾਂ ਖਾਣੇ ਦੇ ਬਾਅਦ ਯਿਸੂ ਨੇ ਉਹਨਾਂ ਨੂੰ ਪਿਆਲਾ ਦਿੱਤਾ ਅਤੇ ਕਿਹਾ, "ਇਹ ਪਿਆਲਾ ਮੇਰੇ ਖ਼ੂਨ ਦਾ **ਨਵਾਂ ਨੇਮ** ਹੈ ਜਿਹੜਾ ਤੁਹਾਡੇ ਲਈ ਵਹਾਇਆ ਜਾਂਦਾ ਹੈ।" [ਲੂਕਾ 22:20]

ਇਸੇ ਤਰ੍ਹਾਂ ਭੋਜਨ ਦੇ ਬਾਅਦ ਪ੍ਰਭੂ ਯਿਸੂ ਨੇ ਪਿਆਲਾ ਲਿਆ ਅਤੇ ਕਿਹਾ, "ਇਹ ਪਿਆਲਾ ਪਰਮੇਸ਼ਰ ਦਾ **ਨਵਾਂ ਨੇਮ** ਹੈ ਜਿਹੜਾ ਮੇਰੇ ਖ਼ੂਨ ਦੁਆਰਾ ਮੋਹਰ ਕੀਤਾ ਗਿਆ ਹੈ । ਜਦੋਂ ਕਦੀ ਵੀ ਤੁਸੀਂ ਇਸ ਵਿੱਚੋਂ ਪੀਵੋ ਤਾਂ ਮੇਰੀ ਯਾਦ ਵਿੱਚ ਇਹ ਹੀ ਕਰਿਆ ਕਰੋ।" [1 ਕੁਰਿੰਥ 11:25]

ਅਸਲ ਵਿੱਚ ਇਹ ਪਰਮੇਸ਼ਰ ਹੀ ਹਨ ਜਿਹਨਾਂ ਨੇ ਸਾਨੂੰ **ਨਵੇਂ ਨੇਮ** ਦੇ ਸੇਵਕ ਬਣਨ ਦੇ ਯੋਗ ਬਣਾਇਆ ਹੈ ਜਿਸ ਦਾ ਆਧਾਰ ਆਤਮਾ ਹੈ, ਨਾ ਕਿ ਕੋਈ ਲਿਖਤ ਵਿਵਸਥਾ । ਕਿਉਂਕਿ ਲਿਖਤ ਵਿਵਸਥਾ ਮਾਰਦੀ ਹੈ ਪਰ ਆਤਮਾ ਜੀਵਨ ਦਿੰਦਾ ਹੈ। [2 ਕੁਰਿੰਥ 3:6]

"...ਪ੍ਰਭੂ ਕਹਿੰਦੇ ਹਨ, ਉਹ ਦਿਨ ਆ ਰਹੇ ਹਨ, ਜਦੋਂ ਮੈਂ ਇਸਰਾਏਲ ਅਤੇ ਯਹੂਦਾਹ ਦੇ ਲੋਕਾਂ ਦੇ ਨਾਲ, ਇੱਕ **ਨਵਾਂ ਨੇਮ** ਬੰਨ੍ਹਾਂਗਾ... ਪ੍ਰਭੂ ਕਹਿੰਦੇ ਹਨ, "ਉਹਨਾਂ ਦਿਨਾਂ ਦੇ ਬਾਅਦ, ਮੈਂ ਇਸਰਾਏਲ ਦੇ ਲੋਕਾਂ ਦੇ ਨਾਲ ਇਹ ਨੇਮ ਬੰਨ੍ਹਾਂਗਾ, ਮੈਂ ਆਪਣੀ ਵਿਵਸਥਾ ਉਹਨਾਂ ਦੇ ਮਨਾਂ ਦੇ ਵਿੱਚ ਪਾਵਾਂਗਾ, ਅਤੇ ਉਹਨਾਂ ਦੇ ਦਿਲਾਂ ਦੇ ਉੱਤੇ ਲਿਖਾਂਗਾ। ਫਿਰ ਮੈਂ ਉਹਨਾਂ ਦਾ ਪਰਮੇਸ਼ਰ ਹੋਵਾਂਗਾ, ਅਤੇ ਉਹ ਮੇਰੇ ਲੋਕ ਹੋਣਗੇ। ਤਦ ਕੋਈ ਮਨੁੱਖ ਆਪਣੇ ਸਾਥੀ ਨਾਗਰਿਕਾਂ ਨੂੰ ਸਿੱਖਿਆ ਨਹੀਂ ਦੇਵੇਗਾ, ਅਤੇ ਨਾ ਹੀ ਕੋਈ ਮਨੁੱਖ ਆਪਣੇ ਭਰਾ ਨੂੰ

> ਕਹੇਗਾ, 'ਪ੍ਰਭੂ ਨੂੰ ਜਾਣ' ਕਿਉਂਕਿ ਛੋਟੇ ਤੋਂ ਲੈ ਕੇ ਵੱਡੇ ਤੱਕ, ਸਾਰੇ ਮੈਨੂੰ ਜਾਨਣਗੇ। ਮੈਂ ਉਹਨਾਂ ਦੇ ਪਾਪ ਮਾਫ਼ ਕਰ ਦੇਵਾਂਗਾ ਅਤੇ ਮੈਂ ਉਹਨਾਂ ਦੇ ਅਪਰਾਧ ਯਾਦ ਨਹੀਂ ਕਰਾਂਗਾ।" '**ਨਵਾਂ**' ਕਹਿ ਕੇ ਉਹਨਾਂ ਨੇ ਪਹਿਲੇ ਨੇਮ ਨੂੰ ਪੁਰਾਣਾ ਬਣਾ ਦਿੱਤਾ ਅਤੇ ਜਿਹੜਾ ਪੁਰਾਣਾ ਹੋ ਰਿਹਾ ਹੈ, ਉਹ ਛੇਤੀ ਹੀ ਅਲੋਪ ਹੋ ਜਾਵੇਗਾ। [ਇਬ 8:8,10-13]
>
> ਇਸ ਲਈ ਮਸੀਹ **ਨਵੇਂ ਨੇਮ** ਦੇ ਵਿਚੋਲੇ ਹਨ ਕਿ ਉਹ ਸਾਰੇ ਜਿਹੜੇ ਸੱਦੇ ਗਏ ਹਨ ਪਰਮੇਸ਼ਰ ਦੇ ਕੀਤੇ ਹੋਏ ਵਾਅਦੇ ਦੇ ਅਨੁਸਾਰ ਅਨੰਤ ਵਿਰਸਾ ਪ੍ਰਾਪਤ ਕਰਨ ਕਿਉਂਕਿ ਉਹ ਉਹਨਾਂ ਪਾਪਾਂ ਤੋਂ ਛੁਟਕਾਰਾ ਦੇਣ ਦੇ ਲਈ ਮਰੇ ਜਿਹੜੇ ਪਹਿਲੇ ਨੇਮ ਦੇ ਹੇਠਾਂ ਕੀਤੇ ਗਏ ਸਨ। [ਇਬ 9:15]

ਅਤੇ ਤੁਸੀਂ ਯਿਸੂ ਜਿਹੜੇ **ਨਵੇਂ ਨੇਮ** ਦੇ ਵਿਚੋਲੇ ਹਨ ਦੇ ਕੋਲ ਆਏ ਹੋ ਅਤੇ ਜਿਹਨਾਂ ਦਾ ਛਿੜਕਿਆ ਗਿਆ ਖ਼ੂਨ ਹਾਬਲ ਦੇ ਖ਼ੂਨ ਨਾਲੋਂ ਕਿਤੇ ਉੱਤਮ ਗੱਲਾਂ ਕਰਦਾ ਹੈ। [ਇਬ 12:24]

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਦੱਸਦਾ ਹੈ ਕਿ ਕਲੀਸਿਯਾ ਨਵੇਂ ਨੇਮ ਤੋਂ ਪੈਦਾ ਹੋਣ ਵਾਲੀਆਂ ਬਰਕਤਾਂ ਵਿੱਚ ਹਿੱਸਾ ਲੈਂਦੀ ਹੈ, ਪਰ ਇਹ ਇਸ ਗੱਲ ਉੱਤੇ ਵੀ ਜ਼ੋਰ ਦਿੰਦਾ ਹੈ ਕਿ ਆਉਣ ਵਾਲੇ ਰਾਜ ਵਿੱਚ ਇਸਰਾਏਲ ਨੇ ਨਵੇਂ ਨੇਮ ਦੇ ਸਾਰੇ ਪ੍ਰਬੰਧਾਂ ਨੂੰ ਵੀ ਪ੍ਰਾਪਤ ਕਰਨਾ ਹੈ। ਕਲੀਸਿਯਾ ਦੇ ਨਵੇਂ ਨੇਮ ਨਾਲ ਸੰਬੰਧਾਂ ਬਾਰੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਲੋਕਾਂ ਦੇ ਤਿੰਨ ਮੁੱਖ ਵਿਚਾਰ ਹਨ।[62]

### (1) ਕਲੀਸਿਯਾ ਅਤੇ ਨਵੇਂ ਨੇਮ ਵਿਚਕਾਰ ਕੋਈ ਸਿੱਧਾ ਸੰਬੰਧ ਨਹੀਂ ਹੈ

ਡਾਰਬੀ ਦਾ ਇਹ ਵਿਚਾਰ ਸੀ ਕਿ ਨਵਾਂ ਨੇਮ ਕਿਸੇ ਵੀ ਸਿੱਧੇ ਅਰਥਾਂ ਵਿੱਚ ਕਲੀਸਿਯਾ ਨਾਲ ਕੋਈ ਸੰਬੰਧ ਨਹੀਂ ਹੈ। ਇਸ ਵਿੱਚ ਇੱਕੋ-ਇੱਕ ਸੰਬੰਧ ਇਹੀ ਹੈ ਕਿ ਸਲੀਬ ਉੱਤੇ ਮਸੀਹ ਦਾ ਖ਼ੂਨ ਦੁਆਰਾ ਜਿਹੜਾ ਨਵੇਂ ਨੇਮ ਦਾ ਪ੍ਰਬੰਧ ਇਸਰਾਏਲ ਦੇ ਨਾਲ ਕੀਤਾ ਗਿਆ ਹੈ, ਉਹ ਕਲੀਸਿਯਾ ਨੂੰ ਪ੍ਰਾਪਤ ਹੋਣ ਵਾਲੀਆਂ ਬਰਕਤਾਂ ਨੂੰ ਵੀ ਸੰਭਵ ਬਣਾ ਦਿੰਦਾ ਹੈ।

### (2) ਦੋ ਨਵੇਂ ਨੇਮ

ਚੈਫਰ ਅਤੇ ਵਾਲਵਰਡ ਦਾ ਇਹ ਵਿਚਾਰ ਸੀ ਕਿ ਬਾਈਬਲ ਦੋ ਨਵੇਂ ਨੇਮਾਂ ਦੀ ਗੱਲ ਕਰਦੀ ਹੈ। ਇੱਕ ਨੇਮ ਇਸਰਾਏਲ ਅਤੇ ਇੱਕ ਨੇਮ ਕਲੀਸਿਯਾ ਦੇ ਲਈ ਹੈ। ਸਿਰਫ਼ ਸੰਦਰਭ ਹੀ ਇਹ ਨਿਰਧਾਰਿਤ ਕਰ ਸਕਦਾ ਹੈ ਕਿ ਬਾਈਬਲ ਦਾ ਲੇਖਕ ਕਿਹੜੇ ਨੇਮ ਦੀ ਗੱਲ ਕਰ ਰਿਹਾ ਹੈ।

### (3) ਇਸਰਾਏਲ ਦੇ ਨਾਲ ਭਵਿੱਖ ਦੀ ਪੁਸ਼ਟੀ

ਸਕੋਫੀਲਡ ਨੇ ਕਿਹਾ ਕਿ ਸਿਰਫ਼ ਇੱਕ ਹੀ ਨਵਾਂ ਨੇਮ ਹੈ। ਇਹ ਅੰਸ਼ਕ ਅਰਥਾਂ ਦੇ ਨਾਲ ਵਰਤਮਾਨ ਵਿੱਚ ਕਲੀਸਿਯਾ ਵਿੱਚ ਲਾਗੂ ਹੈ, ਪਰ ਇਹ ਇਸਰਾਏਲ ਦੇ ਨਾਲ ਵੀ ਪੂਰੀ ਤਰ੍ਹਾਂ ਪੂਰਾ ਹੋਵੇਗਾ। ਨਵੇਂ ਨੇਮ ਦੇ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਇਸਰਾਏਲ ਕੌਮ ਦੇ ਨਾਲ ਭਵਿੱਖ ਦੀ ਪੁਸ਼ਟੀ ਹੋਣੀ ਚਾਹੀਦੀ ਹੈ।

### (4) ਮੁਲਾਂਕਣ

ਉੱਪਰ ਜ਼ਿਕਰ ਕੀਤੇ ਗਏ ਸਾਰੇ ਬਾਈਬਲ ਸਿੱਖਿਅਕ ਬਹੁਤ ਭਰੋਸੇਯੋਗ ਹਨ, ਅਤੇ ਇਹ ਮੁੱਦਾ ਗੰਭੀਰ ਬਹਿਸ ਦੇ ਯੋਗ ਨਹੀਂ ਹੈ। ਹਰੇਕ ਦੀ ਦਿਲਚਸਪੀ ਮੁੱਖ ਰੂਪ ਵਿੱਚ ਇਸਰਾਏਲ ਦੇ ਲਈ ਨਵੇਂ ਨੇਮ ਦੀਆਂ ਬਰਕਤਾਂ ਨੂੰ ਬਣਾਏ ਰੱਖਣ ਵਿੱਚ ਹੈ। ਜੇਕਰ ਕਿਸੇ ਵਿਚਾਰ ਨੂੰ ਪੱਖ ਦਦੇਣ ਦੀ ਗੱਲ ਹੈ, ਤਾਂ ਤੀਜਾ ਵਿਚਾਰ ਸਭ ਤੋਂ ਜ਼ਿਆਦਾ ਪ੍ਰਮਾਣਿਕ ਲੱਗਦਾ ਹੈ। ਹਾਲਾਂਕਿ ਇਸਰਾਏਲ ਅਤੇ ਕਲੀਸਿਯਾ ਅਲੱਗ-ਅਲੱਗ ਹਨ, ਪਰ ਨਵੇਂ ਨੇਮ ਨੂੰ ਕਿਸੇ ਇੱਕ ਨਾਲ ਹੀ ਜੋੜਨਾ ਠੀਕ ਨਹੀਂ ਹੋਵੇਗਾ। ਇਸ ਤੋਂ ਇਲਾਵਾ, ਇਹ ਸਾਬਤ ਕਰਨਾ ਵੀ ਔਖਾ ਹੋਵੇਗਾ ਕਿ ਬਾਈਬਲ ਸਪੱਸ਼ਟ ਰੂਪ ਵਿੱਚ ਦੋ ਨਵੇਂ ਨੇਮਾਂ ਬਾਰੇ ਸਿਖਾਉਂਦੀ ਹੈ। ਸਾਰੇ ਚੇਲੇ ਯਹੂਦੀ ਸਨ। ਜਦੋਂ ਮਸੀਹ ਨੇ ਕਿਹਾ, "ਇਹ ਮੇਰੇ ਖ਼ੂਨ ਵਿੱਚ ਨਵਾਂ ਨੇਮ ਹੈ," ਤਾਂ ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਜੇਕਰ ਇਸ ਦੇ ਵਿਰੁੱਧ ਕੋਈ ਮਜ਼ਬੂਤ ਸਬੂਤ ਨਹੀਂ ਹੈ, ਤਾਂ ਇਸ ਵਿੱਚ ਯਿਰਮਿਯਾਹ 31 ਦੇ ਨਵੇਂ ਨੇਮ ਨਾਲ ਇੱਕ ਸੰਬੰਧ ਸਥਾਪਿਤ ਕੀਤਾ ਜਾ ਰਿਹਾ ਸੀ। 2 ਕੁਰਿੰਥ 3:6 ਵਿੱਚ ਪੌਲੁਸ ਕਹਿੰਦਾ ਹੈ, "ਅਸੀਂ ਨਵੇਂ ਨੇਮ ਦੇ ਸੇਵਕ ਹਾਂ।" ਜੇਕਰ ਇੱਕ ਹੋਰ "ਨਵੇਂ ਨੇਮ" ਦੀ ਪਛਾਣ ਕਰਨ ਦੇ ਲਈ ਕੋਈ ਵਿਸ਼ੇਸ਼ ਭਾਸ਼ਾ ਨਹੀਂ ਹੁੰਦੀ ਹੈ, ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਪੌਲੁਸ, ਜੋ ਇੱਕ ਯਹੂਦੀ ਸੀ, ਉਹ ਆਪਣੇ ਪਾਠਕਾਂ ਤੋਂ ਇਹ ਉਮੀਦ ਕਰ ਰਿਹਾ ਹੈ ਕਿ ਉਹ "ਨਵੇਂ ਨੇਮ" ਨੂੰ ਯਿਰਮਿਯਾਹ ਦੇ ਵਾਅਦਿਆਂ ਦੇ ਨਾਲ ਹੀ ਜੋੜ ਕੇ ਦੇਖਣ। ਹਾਲਾਂਕਿ ਇਬਰਾਨੀਆਂ ਦੀ ਪੁਸਤਕ ਦਾ ਲੇਖਕ ਸਿੱਧੇ ਤੌਰ ਤੇ ਇਹ ਨਹੀਂ ਦੱਸਦਾ ਹੈ ਕਿ ਨਵਾਂ ਨੇਮ ਹੁਣ ਲਾਗੂ ਹੈ, ਫਿਰ ਵੀ ਉਹ ਇਸ ਮੁੱਦੇ ਵਿੱਚ ਸਹਿਮਤ ਹੈ ਕਿ ਦੂਜਾ ਨੇਮ ਲਾਗੂ ਹੈ, ਅਤੇ ਫਿਰ ਅੱਗੇ ਉਹ ਨਵੇਂ ਨੇਮ ਬਾਰੇ ਸਿਖਾਉਣਾ ਸ਼ੁਰੂ ਕਰਦਾ ਹੈ (ਦੇਖੋ ਇਬਰਾਨੀਆਂ 8)। ਸ਼ਾਇਦ ਉਹ ਨਵੇਂ ਨੇਮ ਦੇ ਵਾਅਦੇ ਦੀ ਵਰਤੋਂ ਸਿਰਫ਼ ਇਹ ਸਥਾਪਿਤ ਕਰਨ ਦੇ ਲਈ ਕਰ ਰਿਹਾ ਹੈ ਕਿ ਪੁਰਾਣਾ ਨੇਮ (ਬਿਵਸਥਾ) ਕੁਝ ਸਮੇਂ ਦੇ ਲਈ ਸੀ। ਪਰ, ਇਬਰਾਨੀਆਂ 8 ਨੂੰ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਯਿਰਮਿਯਾਹ 31 ਦਾ ਨਵਾਂ ਨੇਮ ਕੁਝ ਅਰਥਾਂ ਵਿੱਚ ਹੁਣ ਲਾਗੂ ਹੈ। ਲੂਕਾ 22:20; 1 ਕੁਰਿੰਥ 11:25 ਅਤੇ 2 ਕੁਰਿੰਥ 3:6 ਤੋਂ ਪਤਾ ਲੱਗਦਾ ਹੈ ਕਿ ਇਹ ਵਿਆਖਿਆ ਜਾਇਜ਼ ਹੈ।

ਹਾਲਾਂਕਿ ਇਸਰਾਏਲ ਅਤੇ ਕਲੀਸਿਯਾ ਨੂੰ ਅਲੱਗ-ਅਲੱਗ ਰੱਖਣਾ ਪ੍ਰਸ਼ੰਸਾਯੋਗ ਹੈ, ਪਰ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ

[62] ਇੱਥੇ ਦਿੱਤਾ ਗਿਆ ਵਿਚਾਰ ਲਿਆ ਗਿਆ ਹੈ: ਜੇ. ਡਵਾਈਟ ਪੈਂਟੀਕਾਸਟ, ਥਿੰਗਜ਼ ਟੂ ਕਮ (ਗ੍ਰੈਂਡ ਰੈਪਿਡਜ਼: ਜ਼ੌਂਡਰਵੈਨ ਪਬਲਿਸ਼ਿੰਗ ਹਾਊਸ, 1976), ਪੰਨੇ 121–127

ਉੱਤੇ ਆਉਣ ਦੇ ਵਿਚਾਰ ਨੂੰ ਦੋਵਾਂ ਵਿਚਕਾਰ ਇੱਕ ਮੇਲ ਨੂੰ ਰੱਦ ਕਰਨ ਦੀ ਜ਼ਰੂਰਤ ਨਹੀਂ ਹੈ। ਇਸਰਾਏਲ ਦੇ ਨਾਲ ਨਵਾਂ ਨੇਮ ਮਸੀਹ ਦੇ ਖ਼ੂਨ ਉੱਤੇ ਆਧਾਰਿਤ ਹੋਵੇਗਾ। ਇਹ ਦ੍ਰਿਸ਼ਟੀਕੋਣ ਕਿ ਕਲੀਸਿਯਾ ਮਸੀਹ ਦੇ ਖ਼ੂਨ ਨਾਲ ਨਵੇਂ ਨੇਮ ਵਿੱਚ ਹਿੱਸਾ ਲੈਂਦੀ ਹੈ, ਇਸ ਨੂੰ ਭਵਿੱਖ ਵਿੱਚ ਨਵੇਂ ਨੇਮ ਦੀ ਇਸਰਾਏਲ ਦੇ ਨਾਲ ਸੰਪੂਰਨ ਪੂਰਤੀ ਹੋਣ ਤੋਂ ਇਨਕਾਰ ਨਹੀਂ ਕਰਨਾ ਚਾਹੀਦਾ ਹੈ। ਇਸਰਾਏਲ ਨਾਲ ਬਰਕਤਾਂ ਨੂੰ ਸਾਂਝਾ ਕਰਨਾ ਕਲੀਸਿਯਾ ਨੂੰ ਇਸਰਾਏਲ ਨਹੀਂ ਬਣਾਉਂਦਾ ਹੈ। ਹਜ਼ਾਰ ਸਾਲ ਦੇ ਰਾਜ ਵਿੱਚ "ਇਸਰਾਏਲ ਦੇ ਘਰਾਣੇ ਅਤੇ ਯਹੂਦਾਹ ਦੇ ਘਰਾਣੇ" (ਯਿਰ 31:31) ਦਾ ਨਵੇਂ ਨੇਮ ਦੀਆਂ ਬਰਕਤਾਂ ਦਾ ਆਨੰਦ ਲੈਣਾ ਅਜੇ ਬਾਕੀ ਹੈ।

### D. ਸ਼ਾਬਦਿਕ ਵਿਆਖਿਆ ਅਤੇ ਪ੍ਰੀ-ਮਿਲੇਨੀਅਲ ਵਿਚਾਰ

ਅਬਰਾਹਾਮ ਦੇ ਨੇਮ, ਦਾਊਦ ਦੇ ਨੇਮ, ਅਤੇ ਨਵੇਂ ਨੇਮ ਵਿੱਚ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦੇ ਲਈ ਮਜ਼ਬੂਤ ਸਮਰਥਨ ਹੈ। ਪਰ, ਇਸਰਾਏਲ ਦੇ ਲਈ ਇੱਕ ਭਵਿੱਖ ਦੇ ਰਾਜ ਦੇ ਵਿਚਾਰ ਦੇ ਸਾਰੇ ਸਬੂਤ ਸਿਰਫ਼ ਇਸ ਵਿੱਚ ਹੀ ਨਹੀਂ ਹਨ। ਸਾਰੇ ਕੱਟੜਵਾਦੀ ਲੋਕ ਇਹ ਮੰਨਦੇ ਹਨ ਕਿ ਪੁਰਾਣੇ ਨੇਮ ਦੀ ਇੱਕ ਸ਼ਾਬਦਿਕ (ਆਮ) ਵਿਆਖਿਆ ਹਜ਼ਾਰ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵੱਲ ਲੈ ਜਾਵੇਗੀ। ਪਾਠਕ ਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਅੱਗੇ ਦੇ ਭਾਗਾਂ ਵਿੱਚ ਦਿੱਤੀਆਂ ਗਈਆਂ ਆਇਤਾਂ ਦੀ ਸ਼ਾਬਦਿਕ ਵਿਆਖਿਆ ਹਜ਼ਾਰ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦਾ ਸਮਰਥਨ ਕਰਦੀ ਹੈ। ਉਹ ਵਚਨ ਜੋ ਯਰੂਸ਼ਲਮ ਦੇ ਸੰਸਾਰ ਦੀ ਰਾਜਧਾਨੀ ਹੋਣ, ਜਾਂ ਯੁੱਧਾਂ ਦੀ ਸਮਾਪਤੀ, ਜਾਂ ਅਦਾਲਤਾਂ ਵਿੱਚ ਸੰਪੂਰਨ ਨਿਆਂ ਬਾਰੇ ਸਿਖਾਉਂਦੇ ਹਨ, ਉਹ ਧਰਤੀ ਉੱਤੇ ਪਰਮੇਸ਼ਰ ਦੇ ਆਉਣ ਵਾਲੇ ਰਾਜ ਦੀ ਓਨੀ ਹੀ ਪੁਸ਼ਟੀ ਕਰਦੇ ਹਨ ਜਿੰਨੀ ਨੇਮ ਉੱਤੇ ਸਾਡੀ ਪਿਛਲੀ ਸਮੱਗਰੀ ਨੇ ਕੀਤੀ ਹੈ। ਇਸ ਗੱਲ ਉੱਤੇ ਜ਼ੋਰ ਦੇਣ ਦੀ ਜ਼ਰੂਰਤ ਹੈ ਕਿ ਮੂਲ ਪ੍ਰਾਪਤਕਰਤਾਵਾਂ ਨੇ ਅਜਿਹੇ ਵਾਅਦਿਆਂ ਨੂੰ ਕਿਵੇਂ ਸਮਝਿਆ ਹੋਵੇਗਾ। ਉਹਨਾਂ ਦੇ ਲਈ "ਇਸਰਾਏਲ" ਦਾ ਅਰਥ *ਇਸਰਾਏਲ* ਸੀ, "ਯਰੂਸ਼ਲਮ" ਦਾ ਅਰਥ *ਯਰੂਸ਼ਲਮ* ਸੀ, "ਦਾਊਦ" ਦਾ ਅਰਥ *ਦਾਊਦ*ਸੀ। ਇਸਰਾਏਲ ਦੇ ਰਾਜ ਨੂੰ ਰੱਦ ਕਰਨ ਦੇ ਲਈ ਇਹਨਾਂ ਸ਼ਬਦਾਂ ਦੀ ਕਿਸੇ ਹੋਰ ਤਰ੍ਹਾਂ ਨਾਲ ਵਿਆਖਿਆ ਕਰਨਾ ਪਰਮੇਸ਼ਰ ਨੂੰ ਝੂਠਾ ਠਹਿਰਾਉਣ ਦੇ ਬਰਾਬਰ ਹੈ। ਅੱਜ ਤੋਂ 2,000 ਸਾਲ ਬਾਅਦ, ਜੇਕਰ ਕੋਈ ਇਹ ਕਹੇ ਕਿ ਕਲੀਸਿਯਾ ਨੂੰ ਦਿੱਤੇ ਗਏ ਸਾਰੇ ਵਾਅਦੇ ਮਸੀਹੀਆਂ ਉੱਤੇ ਲਾਗੂ ਨਹੀਂ ਹੁੰਦੇ ਹਨ ਕਿਉਂਕਿ *ਕਲੀਸਿਯਾ* ਦਾ ਅਸਲ ਅਰਥ *ਕਲੀਸਿਯਾ* ਨਹੀਂ ਹੈ ਤਾਂ ਇੱਕ ਮਸੀਹ ਵਿਅਕਤੀ ਕਿਵੇਂ ਪ੍ਰਤੀਕਿਰਿਆ ਕਰੇਗਾ?

ਪੁਰਾਣੇ ਨੇਮ ਦੀ ਸ਼ਾਬਦਿਕ ਵਿਆਖਿਆ ਅਤੇ ਇਸਰਾਏਲ ਦੇ ਨਾਲ ਬਿਨਾਂ ਦੇ ਕਿਸੇ ਸ਼ਰਤ ਦਾ ਪਰਮੇਸ਼ਰ ਦਾ ਨੇਮ ਮਿਲ ਕੇ ਹਜ਼ਾਰ ਸਾਲ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਦਾ ਸਮਰਥਨ ਕਰਦੇ ਹਨ। ਹਾਲਾਂਕਿ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਕੱਟੜਵਾਦੀ ਲੋਕ ਬਾਈਬਲ ਸਿਧਾਂਤ ਦੇ ਹੋਰ ਖੇਤਰਾਂ ਵਿੱਚ ਬਾਈਬਲ ਪ੍ਰਤੀ ਵਫ਼ਾਦਾਰੀ ਦੇ ਲਈ ਆਦਰ ਦੇ ਹੱਕਦਾਰ ਹਨ, ਫਿਰ ਵੀ ਅਸਲ ਤੱਥ ਇਹ ਹੈ ਕਿ ਉਹ ਆਪ ਬਾਈਬਲ ਵਿੱਚੋਂ ਇੱਕ ਅਧਿਆਤਮਿਕ ਵਿਚਾਰ ਬਣਾਉਣ ਦੇ ਬਜਾਏ ਹੋਰ ਅਧਿਆਤਮਿਕ ਪ੍ਰਣਾਲੀਆਂ ਨਾਲ ਜੁੜੇ ਹੋਏ ਹਨ। ਸੁਧਾਰਵਾਦੀ ਅੰਦੋਲਨ ਨੇ ਬਾਈਬਲ ਦੀ ਸਹੀ ਸਮਝ ਵਿੱਚ ਬਹੁਤ ਵੱਡੇ ਸੁਧਾਰ ਲਿਆਂਦੇ ਸਨ, ਅਤੇ ਸੁਧਾਰਵਾਦੀ ਬਹੁਤ ਪ੍ਰਸ਼ੰਸਾ ਦੇ ਹੱਕਦਾਰ ਹਨ। ਪਰ, ਉਹ ਮੱਧਕਾਲੀ ਕੈਥੋਲਿਕਵਾਦ ਦੇ ਬੁਰੇ ਸਮੇਂ ਵਿੱਚ ਸਨ ਅਤੇ ਉਹ ਅਧਿਆਤਮਿਕ-ਗਿਆਨ ਦੇ ਸਾਰੇ ਖੇਤਰਾਂ ਵਿੱਚ ਸੁਧਾਰ ਕਰਨ ਦੇ ਲਈ ਬਹੁਤ ਜ਼ਿਆਦਾ ਦਬਾਅ ਵਿੱਚ ਸਨ। ਉਹਨਾਂ ਨੇ ਮੁਕਤੀ ਦੇ ਸਿਧਾਂਤ ਵਿੱਚ ਤਾਂ ਸੁਧਾਰ ਕੀਤਾ, ਪਰ ਉਹ ਅੰਤ ਦੇ ਸਮੇਂ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਵਿਕਸਿਤ ਨਹੀਂ ਕਰ ਪਾਏ ਸਨ। ਅਸਲ ਵਿੱਚ, ਉਹਨਾਂ ਨੇ ਇਸ ਬਾਰੇ ਆਗਸਤੀਨ ਅਤੇ ਕੈਥੋਲਿਕ ਵਿਚਾਰ ਨੂੰ ਹੀ ਅੱਗੇ ਵਧਾਇਆ ਸੀ ਕਿ ਕਲੀਸਿਯਾ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦੀ ਪੂਰਤੀ ਹੈ। ਇਸ ਕਾਰਨ ਸੁਧਾਰਵਾਦੀਆਂ ਨੇ ਅਧਿਆਤਮਿਕ-ਗਿਆਨ ਦੇ ਸਾਰੇ ਪ੍ਰਮੁੱਖ ਉਪ-ਭਾਗਾਂ ਦਾ ਸੁਧਾਰ ਨਹੀਂ ਕੀਤਾ ਸੀ। ਸ਼ੁਰੂਆਤੀ ਕਲੀਸਿਯਾ ਆਪਣੀਆਂ ਪਹਿਲੀਆਂ ਤਿੰਨ ਸਦੀਆਂ ਤੱਕ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੀ ਸੀ। ਇਸ ਤਰ੍ਹਾਂ, ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ (ਪ੍ਰੀ-ਮਿਲੇਨੀਅਲ) ਆਪਣੇ ਸਮਰਥਨ ਵਿੱਚ ਬਾਈਬਲ ਅਤੇ ਕਲੀਸਿਯਾ ਦੇ ਇਤਿਹਾਸ ਦੋਵਾਂ ਦਾ ਹਵਾਲਾ ਦੇ ਸਕਦੇ ਹਨ। ਧਰਤੀ ਉੱਤੇ ਸ਼ਾਬਦਿਕ ਹਜ਼ਾਰ ਸਾਲ ਦੇ ਰਾਜ ਦੇ ਵਿਚਾਰ ਨੂੰ ਨਾ ਮੰਨਣ ਵਾਲੇ (ਅਮਿਲੇਨੀਅਲ) ਅਸਲ ਵਿੱਚ ਸੁਧਾਰਵਾਦੀਆਂ ਦੇ ਅੰਤ ਦੇ ਸਮੇਂ ਦੇ ਸਿਧਾਂਤ ਨੂੰ ਮੰਨਦੇ ਹਨ, ਭਾਵੇਂ ਇਹ ਬਾਈਬਲ ਦੇ ਅਨੁਕੂਲ ਹੋਵੇ ਜਾਂ ਨਾ ਹੋਵੇ। ਇਹ ਬਾਈਬਲ ਦੇ ਅਨੁਕੂਲ ਨਹੀਂ ਹੈ।

### E. ਪ੍ਰੀ-ਮਿਲੇਨੀਅਲ ਵਿਚਾਰ ਪ੍ਰਤੀ ਅਮਿਲੇਨੀਅਲ ਵਿਚਾਰ ਦੇ ਇਤਰਾਜ਼

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਕਿਉਂ ਸਹੀ ਨਹੀਂ ਹੋ ਸਕਦਾ ਹੈ, ਇਸ ਬਾਰੇ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਵਿਚਾਰ ਨੂੰ ਨਾ ਮੰਨਣ ਵਾਲੇ ਇੱਕ-ਦੂਜੇ ਦਾ ਹੀ ਵਿਰੋਧ ਕਰਦੇ ਹਨ। ਉਹ ਸਿਰਫ਼ ਇਸ ਗੱਲ ਨਾਲ ਹੀ ਸਹਿਮਤ ਹੁੰਦੇ ਹਨ ਕਿ ਇਸਰਾਏਲ ਦਾ ਧਰਤੀ ਉੱਤੇ ਕੋਈ ਭਵਿੱਖ ਦਾ ਰਾਜ ਨਹੀਂ ਹੈ।

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਉੱਤੇ ਵਿਸ਼ਵਾਸ ਨਾ ਕਰਨ ਵਾਲੇ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਕਰਨ ਵਾਲਿਆਂ ਦੇ ਵਿਰੁੱਧ ਚਾਰ ਜਾਂ ਪੰਜ ਇਤਰਾਜ਼ ਪੇਸ਼ ਕਰਦੇ ਹਨ, ਪਰ ਇਹ ਇੱਕ-

ਦੂਜੇ ਦੇ ਵਿਰੋਧ ਵਿੱਚ ਹਨ, ਅਤੇ ਸਾਰੇ ਇੱਕੋ ਸਮੇਂ ਸਹੀ ਨਹੀਂ ਹੋ ਸਕਦੇ ਹਨ। ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਕੁਝ ਲੋਕ ਇਹ ਦਾਅਵਾ ਕਰਦੇ ਹਨ ਕਿ ਅਬਰਾਹਾਮ ਅਤੇ ਦਾਊਦ ਨਾਲ ਕੀਤੇ ਵਾਅਦੇ ਯਹੋਸ਼ੁਆ ਦੀ ਜਿੱਤ ਜਾਂ ਸੁਲੇਮਾਨ ਦੇ ਸਮੇਂ ਦੇ ਸ਼ਾਨਦਾਰ ਰਾਜ ਵਿੱਚ ਪੂਰੇ ਹੋਏ ਗਏ ਸਨ। ਇਸ ਦਾ ਅਰਥ ਇਹ ਹੋਇਆ ਕਿ **ਇਹ ਨੇਮ ਸ਼ਾਬਦਿਕ ਅਤੇ ਬਿਨਾਂ ਸ਼ਰਤ ਦੇ ਸਨ ਪਰ ਇਹ ਸਦੀਪਕ ਨਹੀਂ ਸਨ।** ਦੂਜੇ ਲੋਕ ਇਹ ਦਾਅਵਾ ਕਰਦੇ ਹਨ ਕਿ ਮਸੀਹ ਦਾ ਪਿਤਾ ਦੇ ਸੱਜੇ ਹੇਠ ਬੈਠਣਾ ਇਸ ਨੇਮ ਨੂੰ ਪੂਰਾ ਕਰ ਦਿੰਦਾ ਹੈ ਕਿ ਦਾਊਦ ਦਾ ਇੱਕ ਪੁੱਤਰ ਸਦਾ ਦੇ ਲਈ ਦਾਊਦ ਦੇ ਸਿੰਘਾਸਣ ਉੱਤੇ ਬੈਠੇਗਾ। ਇਸ ਦਾ ਅਰਥ ਇਹ ਹੈ ਕਿ **ਇਹ ਨੇਮ ਸਦੀਪਕ ਅਤੇ ਬਿਨਾਂ ਸ਼ਰਤ ਦੇ ਸਨ, ਪਰ ਸ਼ਾਬਦਿਕ ਨਹੀਂ ਸਨ।** ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲਿਆਂ ਦੀ ਇੱਕ ਹੋਰ ਦਲੀਲ ਇਹ ਹੈ ਕਿ ਇਸਰਾਏਲ ਨਾਲ ਇਹ ਨੇਮ ਸ਼ਰਤ ਵਾਲੇ ਸਨ। ਅਤੇ ਕਿਉਂਕਿ ਇਸਰਾਏਲ ਕੌਮ ਉਹਨਾਂ ਸ਼ਰਤਾਂ ਉੱਤੇ ਖਰੀ ਨਹੀਂ ਰਹੀ ਸੀ ਇਸ ਲਈ ਉਹਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਦਾ ਅਰਥ ਇਹ ਹੈ ਕਿ **ਨੇਮ ਸ਼ਾਬਦਿਕ ਅਤੇ ਸੰਭਾਵਤ ਤੌਰ ਤੇ ਸਦੀਪਕ ਤਾਂ ਸਨ, ਪਰ ਉਹ ਸ਼ਰਤਾਂ ਉੱਤੇ ਆਧਾਰਿਤ ਸਨ।** ਅਤੇ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲਿਆਂ ਦੇ ਲਈ ਇਹ ਸਿਖਾਉਣਾ ਆਮ ਗੱਲ ਹੈ ਕਿ ਹੁਣ ਕਲੀਸਿਯਾ ਨੇ ਇਸਰਾਏਲ ਦੀ ਜਗ੍ਹਾ ਲੈ ਲਈ ਹੈ, ਅਰਥਾਤ, ਇਸਰਾਏਲ ਦੇ ਨੇਮ ਹੁਣ ਕਲੀਸਿਯਾ ਦੇ ਲਈ ਹਨ। ਇਸ ਦਾ ਅਰਥ ਇਹ ਹੈ ਕਿ **ਨੇਮ ਸਦੀਪਕ ਸਨ ਪਰ ਸ਼ਾਬਦਿਕ ਨਹੀਂ ਸਨ ਅਤੇ ਇਹ ਇਸਰਾਏਲ ਦੇ ਲਈ ਸ਼ਰਤ ਵਾਲੇ ਸਨ, ਪਰ ਕਲੀਸਿਯਾ ਲਈ ਬਿਨਾਂ ਸ਼ਰਤ ਦੇ ਸਨ।** ਕੀ ਕੋਈ ਹੋਰ ਇਹਨਾਂ ਵਿਚਾਰਾਂ ਦੇ ਨਾਲ ਉਲਝਣ ਵਿੱਚ ਹੈ?[63]

### 1. ਯਹੋਸ਼ੁਆ ਜਾਂ ਸੁਲੇਮਾਨ ਦੇ ਸਮੇਂ ਵਿੱਚ ਪੂਰਤੀ

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲਿਆਂ ਦਾ ਇੱਕ ਆਮ ਇਤਰਾਜ਼ ਇਹ ਹੁੰਦਾ ਹੈ ਕਿ ਪਰਮੇਸ਼ਰ ਨੇ ਪਹਿਲਾਂ ਹੀ ਅਬਰਾਹਾਮ ਅਤੇ ਦਾਊਦ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰ ਦਿੱਤਾ ਹੈ। ਇਸ ਲਈ, ਹੁਣ ਇੱਕ ਇਸਰਾਏਲ ਦੇ ਭਵਿੱਖ ਦੇ ਰਾਜ ਦੀ ਕੋਈ ਜਗ੍ਹਾ ਨਹੀਂ ਰਹਿ ਗਈ ਹੈ। ਮੰਨਿਆ ਜਾਂਦਾ ਹੈ ਕਿ ਇਹਨਾਂ ਦੀ ਪੂਰਤੀ ਯਹੋਸ਼ੁਆ ਜਾਂ ਸੁਲੇਮਾਨ ਦੇ ਦਿਨਾਂ ਵਿੱਚ ਹੋਈ ਸੀ।

> “ਸੋ ਯਹੋਵਾਹ ਨੇ ਇਸਰਾਏਲ ਨੂੰ ਉਹ ਸਾਰਾ ਦੇਸ ਦਿੱਤਾ ਜਿਹ ਦੇ ਦੇਣ ਦੀ ਸਹੁੰ ਉਹਨਾਂ ਦੇ ਪੁਰਖਿਆਂ ਨਾਲ ਖਾਧੀ ਸੀ ਅਤੇ ਉਹਨਾਂ ਨੇ ਉਸ ਉੱਤੇ ਕਬਜ਼ਾ ਕੀਤਾ ਅਤੇ ਉਸ ਵਿੱਚ ਵਾਸ ਕੀਤਾ। ਯਹੋਵਾਹ ਨੇ ਉਹਨਾਂ ਨੂੰ ਸਭ ਤਰ੍ਹਾਂ ਦਾ ਸੁੱਖ ਦਿੱਤਾ ਜਿਵੇਂ ਉਸ ਦੇ ਪੁਰਖਿਆਂ ਨਾਲ ਸਹੁੰ ਖਾਧੀ ਸੀ ਅਤੇ ਉਹਨਾਂ ਦੇ ਵੈਰੀਆਂ ਵਿੱਚੋਂ ਕੋਈ ਮਨੁੱਖ ਉਹਨਾਂ ਦੇ ਅੱਗੇ ਨਾ ਖੜ੍ਹਾ ਰਿਹਾ। ਯਹੋਵਾਹ ਨੇ ਉਹਨਾਂ ਦੇ ਸਾਰੇ ਵੈਰੀਆਂ ਨੂੰ ਉਹਨਾਂ ਦੇ ਹੱਥ ਵਿੱਚ ਦੇ ਦਿੱਤਾ। ਉਹਨਾਂ ਸਾਰਿਆਂ ਚੰਗਿਆਂ ਬਚਨਾਂ ਵਿੱਚੋਂ ਜਿਹੜੇ ਯਹੋਵਾਹ ਨੇ ਇਸਰਾਏਲ ਦੇ ਘਰਾਣੇ ਨਾਲ ਕੀਤੇ ਇੱਕ ਬਚਨ ਵੀ ਰਹਿ ਨਾ ਗਿਆ, ਸਾਰੇ ਪੂਰੇ ਹੋਏ।” [ਯਹੋਸ਼ੁ 21:43-45]

> ਸੁਲੇਮਾਨ ਸਾਰੀਆਂ ਪਾਤਸ਼ਾਹੀਆਂ ਉੱਤੇ ਰਾਜ ਕਰਦਾ ਸੀ, ਫ਼ਰਾਤ ਦਰਿਆ ਤੋਂ ਲੈ ਕੇ ਫ਼ਲਿਸਤੀਨ ਤੱਕ ਅਤੇ ਮਿਸਰ ਦੀ ਹੱਦ ਤੱਕ। ਉਹ ਉਸ ਨੂੰ ਨਜ਼ਰਾਨੇ ਦਿੰਦੇ ਸਨ ਅਤੇ ਸੁਲੇਮਾਨ ਦੇ ਜੀਵਨ ਦੇ ਸਾਰੇ ਦਿਨ ਉਸ ਦੀ ਸੇਵਾ ਕਰਦੇ ਰਹੇ। [1 ਰਾਜਾ 4:21]

> ਅਤੇ ਜਿਸ ਨੇ ਆਪਣੇ ਦਾਸ ਮੇਰੇ ਪਿਤਾ ਦਾਊਦ ਦੇ ਨਾਲ ਜੋ ਬਚਨ ਕੀਤਾ ਸੋ ਪੂਰਾ ਕੀਤਾ ਹੈ। ਹਾਂ ਤੂੰ ਆਪਣੇ ਮੂੰਹ ਤੋਂ ਬਚਨ ਦਿੱਤਾ ਅਤੇ ਆਪਣੇ ਹੱਥ ਨਾਲ ਉਹ ਨੂੰ ਪੂਰਾ ਕੀਤਾ ਜਿਵੇਂ ਅੱਜ ਦੇ ਦਿਨ ਹੈ [2 ਇਤਿਹਾਸ 6:15]

ਉਤਪਤ 15:18 ਵਾਅਦਾ ਕੀਤੇ ਹੋਏ ਦੇਸ਼ ਦੀਆਂ ਹੱਦਾਂ ਨੂੰ ਦਰਸਾਉਂਦਾ ਹੈ। ਪਰ, ਨਾ ਤਾਂ ਯਹੋਸ਼ੁਆ ਨੇ ਅਤੇ ਨਾ ਹੀ ਸੁਲੇਮਾਨ ਨੇ **ਪੂਰੇ** ਵਾਅਦਾ ਕੀਤੇ ਹੋਏ ਦੇਸ਼ ਉੱਤੇ **ਸਦਾ** ਦੇ ਲਈ ਕਬਜ਼ਾ ਕੀਤਾ ਸੀ ਜੋ ਕਿ ਨੇਮ ਵਿੱਚ ਵਾਰ-ਵਾਰ ਦੁਹਰਾਇਆ ਗਿਆ ਨੇਮ ਹੈ। ਅਸਲ ਵਿੱਚ, ਹੋਰ ਵਚਨ ਇਹ ਸਿਖਾਉਂਦੇ ਹਨ ਕਿ ਯਹੋਸ਼ੁਆ ਦੇ ਅਧੀਨ ਪ੍ਰਾਪਤ ਕੀਤੀ ਗਈ ਜਿੱਤ ਕਿਸੇ ਵੀ ਤਰ੍ਹਾਂ ਪੂਰੀ ਜਿੱਤ ਨਹੀਂ ਸੀ।

> ਯਹੋਸ਼ੁਆ ਦੇ ਮਰਨ ਤੋਂ ਬਾਅਦ, ਇਸਰਾਏਲੀਆਂ ਨੇ ਯਹੋਵਾਹ ਤੋਂ ਪੁੱਛਿਆ, “ਭਲਾ, ਕਨਾਨੀਆਂ ਨਾਲ ਯੁੱਧ ਕਰਨ ਲਈ ਸਾਡੇ ਵੱਲੋਂ ਪਹਿਲਾਂ ਕੌਣ ਜਾਵੇਗਾ?” [ਨਿਆਂਈ 1:1]

> ਬਿਨਯਾਮੀਨੀਆਂ ਨੇ ਯਰੂਸ਼ਲਮ ਵਿੱਚ ਰਹਿਣ ਵਾਲੇ ਯਬੂਸੀਆਂ ਨੂੰ ਨਾ ਕੱਢਿਆ, ਇਸ ਲਈ ਅੱਜ ਦੇ ਦਿਨ ਤੱਕ ਯਬੂਸੀ ਬਿਨਯਾਮੀਨੀਆਂ ਦੇ ਨਾਲ ਯਰੂਸ਼ਲਮ ਵਿੱਚ ਵੱਸਦੇ ਹਨ। [ਨਿਆਂਈ 1:21]

> ਮਨੱਸ਼ਹ ਨੇ ਉਨ੍ਹਾਂ ਦੇ ਪਿੰਡਾਂ ਦੇ ਵਾਸੀਆਂ ਨਾਲ ਨਾ ਕੱਢਿਆ…[ਨਿਆਂਈ 1:27]

> ਪਰ ਜਦ ਇਸਰਾਏਲੀ ਤਕੜੇ ਹੋਏ ਤਾਂ ਉਹ ਕਨਾਨੀਆਂ ਤੋਂ ਬੇਗਾਰੀ ਕਰਾਉਂਦੇ ਰਹੇ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਾ ਕੱਢਿਆ। [ਨਿਆਂਈ 1:28]

[63] ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਵਿਚਾਰ ਦੇ ਖ਼ੁਦ ਦੇ ਵਿਰੁੱਧ ਹੋਰ ਦਲੀਲਾਂ ਬਾਰੇ ਹੋਰ ਟਿੱਪਣੀਆਂ ਲਈ ਦੇਖੋ, ਚਾਰਲਜ਼ ਰਾਇਰੀ, *ਬੇਸਿਕ ਥਿਆਲੋਜੀ* (ਵੀਟਨ, ਇਲਿਨੋਇਸ: ਵਿਕਟਰ ਬੁਕਸ, 1986), ਪੰਨੇ 455–56

> ਇਫ਼ਰਾਈਮ ਨੇ ਵੀ ਕਨਾਨੀਆਂ ਨੂੰ ਨਾ ਕੱਢਿਆ...[ਨਿਆਂਈ 1:29]
>
> ਜ਼ਬੂਲੁਨ ਨੇ ਵੀ ਕਿਤਰੋਨ ਅਤੇ ਨਹਲੋਲ ਦੇ ਵਾਸੀਆਂ ਨੂੰ ਨਾ ਕੱਢਿਆ...[ਨਿਆਂਈ 1:30]
>
> ਆਸ਼ੇਰ ਨੇ ਵੀ ਵਾਸੀਆਂ ਨੂੰ ਨਾ ਕੱਢਿਆ...[ਨਿਆਂਈ 1:31]
>
> ਨਫ਼ਤਾਲੀ ਨੇ ਵੀ ਵਾਸੀਆਂ ਨੂੰ ਨਾ ਕੱਢਿਆ...[ਨਿਆਂਈ 1:33]
>
> ਅਮੋਰੀਆਂ ਨੇ ਦਾਨੀਆਂ ਨੂੰ ਪਹਾੜੀ ਦੇਸ਼ ਵਿੱਚ ਭੱਜਾ ਦਿੱਤਾ, ਅਤੇ ਉਨ੍ਹਾਂ ਨੂੰ ਘਾਟੀ ਵਿੱਚ ਨਾ ਆਉਣ ਦਿੱਤਾ…[ਨਿਆਂਈ 1:34]

ਇਸ ਲਈ ਹੁਣ ਮੈਂ ਵੀ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਯਹੋਸ਼ੁਆ ਛੱਡ ਕੇ ਮਰ ਗਿਆ ਸੀ, ਕਿਸੇ ਨੂੰ ਵੀ ਉਨ੍ਹਾਂ ਦੇ ਅੱਗਿਓਂ ਨਹੀਂ ਕੱਢਾਂਗਾ ਤਾਂ ਜੋ ਮੈਂ ਉਨ੍ਹਾਂ ਲੋਕਾਂ ਦੇ ਰਾਹੀਂ ਇਸਰਾਏਲ ਦੀ ਪ੍ਰੀਖਿਆ ਲਵਾਂ ਕਿ ਜਿਸ ਤਰ੍ਹਾਂ ਉਨ੍ਹਾਂ ਦੇ ਪਿਉ-ਦਾਦੇ ਮੇਰੇ ਰਾਹਾਂ ਉੱਤੇ ਚੱਲਦੇ ਸਨ, ਉਸੇ ਤਰ੍ਹਾਂ ਇਹ ਵੀ ਚੱਲਣਗੇ ਜਾਂ ਨਹੀਂ।" ਇਸ ਲਈ ਯਹੋਵਾਹ ਨੇ ਉਨ੍ਹਾਂ ਦੇਸਾਂ ਦੇ ਲੋਕਾਂ ਨੂੰ ਛੇਤੀ ਨਾਲ ਨਾ ਕੱਢਿਆ ਸਗੋਂ ਉਨ੍ਹਾਂ ਨੂੰ ਰਹਿਣ ਦਿੱਤਾ ਅਤੇ ਉਸ ਨੇ ਉਨ੍ਹਾਂ ਨੂੰ ਯਹੋਸ਼ੁਆ ਦੇ ਹੱਥ ਵਿੱਚ ਵੀ ਨਹੀਂ ਦਿੱਤਾ ਸੀ। [ਨਿਆਂਈ 2:21-23]

ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਇਸਰਾਏਲ ਨੇ ਯਹੋਸ਼ੁਆ ਦੇ ਦਿਨਾਂ ਵਿੱਚ ਪੂਰੀ ਤਰ੍ਹਾਂ ਦੇਸ਼ ਉੱਤੇ ਕਬਜ਼ਾ ਨਹੀਂ ਕੀਤਾ ਸੀ, ਅਤੇ ਇਸਰਾਏਲ ਨੇ ਯਹੋਸ਼ੁਆ ਜਾਂ ਸੁਲੇਮਾਨ ਦੇ ਦਿਨਾਂ ਵਿੱਚ ਕਦੇ ਵੀ **ਸਦਾ ਦੇ ਲਈ** ਦੇਸ਼ ਉੱਤੇ ਕਬਜ਼ਾ ਨਹੀਂ ਕੀਤਾ ਸੀ। ਯਹੋਸ਼ੁਆ ਅਤੇ ਸੁਲੇਮਾਨ ਦੇ ਸਮੇਂ ਤੋਂ **ਬਾਅਦ** ਵੀ ਨਵੇਂ ਨੇਮ ਬਾਰੇ ਬਹੁਤ ਸਾਰੇ ਵਾਅਦੇ ਕਿਉਂ ਦਿੱਤੇ ਗਏ ਹਨ? (ਯਸਾ 9:6ff., ਲੂਕਾ 1:31-33)। ਪੁਰਾਣੇ ਨੇਮ ਦੇ ਮੁੱਖ ਪਾਤਰਾਂ ਦੇ ਹਵਾਲਿਆਂ ਤੋਂ ਬਾਅਦ (ਜਿਹਨਾਂ ਵਿੱਚ ਯਹੋਸ਼ੁਆ ਤੋਂ ਬਾਅਦ ਦੇ ਬਹੁਤ ਸਾਰੇ ਪਾਤਰ ਸ਼ਾਮਲ ਹਨ) ਇਬਰਾਨੀਆਂ ਦਾ ਲੇਖਕ ਕਹਿੰਦਾ ਹੈ:

> ਇਹਨਾਂ ਸਾਰਿਆਂ ਦੀ ਆਪਣੇ ਵਿਸ਼ਵਾਸ ਦੇ ਕਾਰਨ ਵਡਿਆਈ ਹੋਈ ਪਰ ਇਹਨਾਂ ਨੂੰ **ਉਹ ਸਾਰਾ ਕੁਝ ਨਾ ਮਿਲਿਆ ਜੋ ਪਰਮੇਸ਼ਰ ਨੇ ਵਾਅਦਾ ਕੀਤਾ ਸੀ।** ਕਿਉਂਕਿ ਪਰਮੇਸ਼ਰ ਨੇ ਸਾਡੇ ਲਈ ਇੱਕ ਉੱਤਮ ਯੋਜਨਾ ਬਣਾਈ ਹੋਈ ਸੀ ਤਾਂ ਜੋ ਉਹ ਸਾਡੇ ਨਾਲ ਮਿਲ ਕੇ ਸੰਪੂਰਨਤਾ ਪ੍ਰਾਪਤ ਕਰਨ। [ਇਬ 11:39-40]

ਪਰਮੇਸ਼ਰ ਦੇ ਵਾਅਦਿਆਂ ਦੀ ਪੂਰਤੀ ਬਾਰੇ ਯਹੋਸ਼ੁਆ 21 ਦੇ ਬਿਆਨਾਂ ਨੂੰ ਅਧੂਰੀ ਜਿੱਤ ਦੇ ਬਿਆਨਾਂ ਅਤੇ ਪਰਮੇਸ਼ਰ ਦੇ ਉਸ ਬਿਆਨ ਨਾਲ ਸੰਤੁਲਿਤ ਹੋਣ ਦੀ ਲੋੜ ਹੈ ਕਿ ਇਸਰਾਏਲ ਹੌਲੀ-ਹੌਲੀ ਦੇਸ਼ ਨੂੰ ਜਿੱਤ ਲਵੇਗਾ (ਕੂਚ 23:29-30; ਬਿਵਸਥਾ 7:22-24)। ਯਹੋਸ਼ੁਆ 21:43-45 ਨੂੰ ਸਮਝਣ ਦੇ ਅਜਿਹੇ ਵਿਕਲਪ ਵੀ ਹਨ ਜੋ ਦੱਸਦੇ ਹਨ ਕਿ ਪੁਰਖਿਆਂ (ਅਬਰਾਹਾਮ, ਇਸਹਾਕ, ਅਤੇ ਯਾਕੂਬ) ਨਾਲ ਕੀਤੇ ਵਾਅਦੇ ਇੱਥੇ ਪੂਰੀ ਤਰ੍ਹਾਂ ਪੂਰੇ ਨਹੀਂ ਹੋਏ ਸਨ। ਯਹੋਸ਼ੁਆ ਦੇ ਅਧੀਨ ਵਾਅਦਿਆਂ ਦੀ ਪੂਰਤੀ ਪੁਰਖਿਆਂ ਨਾਲ ਕੀਤੇ ਗਏ ਵਾਅਦਿਆਂ ਦੀ ਸੰਪੂਰਨ ਪੂਰਤੀ ਨਹੀਂ ਸੀ।

ਯਹੋਸ਼ੁਆ ਦੇ ਅਧੀਨ ਜਿੱਤ ਨੇ ਪੂਰੀ ਤਰ੍ਹਾਂ ਅਬਰਾਹਾਮ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ, ਪਰ ਥੋੜ੍ਹੇ ਨਤੀਜਿਆਂ ਦੀ ਤੁਲਨਾ ਵਿੱਚ ਇਸ ਨੂੰ ਅਬਰਾਹਾਮ ਨਾਲ ਵਾਅਦਿਆਂ ਦੀ ਪੂਰਤੀ ਕਿਹਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਇਸ ਨੇ ਇੱਕ ਭਰੋਸਾ ਦਿੱਤਾ ਕਿ ਇਸ ਦੀ ਤਰ੍ਹਾਂ ਇੱਕ ਦਿਨ ਸਾਰੇ ਵਾਅਦਿਆਂ ਦੀ ਪੂਰਤੀ ਹੋ ਜਾਵੇਗੀ। ਇਸਰਾਏਲ ਦੇ ਦ੍ਰਿਸ਼ਟੀਕੋਣ ਤੋਂ, ਪਰਮੇਸ਼ਰ ਆਪਣੇ ਸਾਰੇ ਵਾਅਦਿਆਂ ਨੂੰ ਪੂਰੀ ਤਰ੍ਹਾਂ ਪੂਰਾ ਕਰਨ ਦੇ ਲਈ ਸਰਗਰਮੀ ਨਾਲ ਕੰਮ ਕਰ ਰਹੇ ਸਨ। ਹੁਣ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਇਹ ਪ੍ਰਕਿਰਿਆ ਸਾਰੇ ਮਾਮਲਿਆਂ ਵਿੱਚ ਅੱਗੇ ਵੱਧ ਰਹੀ ਸੀ। ਇਸ ਤਰ੍ਹਾਂ, ਇੱਕ ਅਰਥ ਵਿੱਚ ਇਸਰਾਏਲ ਇਹ ਕਹਿ ਸਕਦਾ ਸੀ ਕਿ "ਪਰਮੇਸ਼ਰ ਨੇ ਉਹ ਕੀਤਾ ਹੈ ਜੋ ਉਹਨਾਂ ਨੇ ਵਾਅਦਾ ਕੀਤਾ ਸੀ।" ਅਜਿਹਾ ਨਹੀਂ ਸੀ ਕਿ ਸਭ ਕੁਝ ਸੱਚਮੁੱਚ ਪੂਰਾ ਹੋ ਗਿਆ ਸੀ, ਪਰ ਪਰਮੇਸ਼ਰ ਨੇ ਪੂਰਤੀ ਲਈ ਇੰਨਾ ਕੰਮ ਕੀਤਾ ਸੀ ਕਿ ਹਰ ਪੱਖੋਂ ਉਹਨਾਂ ਦੀ ਵਫ਼ਾਦਾਰੀ ਦਾ ਦਾਅਵਾ ਕਰਨਾ ਸੁਰੱਖਿਅਤ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਪਰਮੇਸ਼ਰ ਇਸਰਾਏਲ ਦੇ ਲਈ ਕੰਮ ਕਰਨ ਵੱਲ ਅੱਗੇ ਵੱਧ ਰਹੇ ਸਨ। ਕਿਉਂਕਿ ਇਸ ਦੀ ਪੂਰਤੀ ਸਿਰਫ਼ ਸਮੇਂ ਦੀ ਹੀ ਗੱਲ ਸੀ, ਤਾਂ ਲੇਖਕ ਇਹ ਕਹਿ ਸਕਦਾ ਸੀ ਕਿ, "ਕੋਈ ਵੀ ਵਾਅਦਾ ਅਸਫਲ ਨਹੀਂ ਹੋਇਆ, ਸਭ ਕੁਝ ਪੂਰਾ ਹੋ ਗਿਆ ਹੈ"। ਵਾਅਦਿਆਂ ਦੀ ਪੂਰਤੀ ਪੁਰਖਿਆਂ ਨਾਲ ਵਾਅਦਿਆਂ ਦੀ ਤੁਲਨਾ ਅਤੇ ਭਰੋਸੇਯੋਗਤਾ ਵਿੱਚ ਸੱਚੀ ਸੀ ਕਿ ਪਰਮੇਸ਼ਰ ਨੇ ਇੰਨਾ ਕੁਝ ਕੀਤਾ ਹੈ ਅਤੇ ਇਸ ਅਰਥ ਵਿੱਚ ਬਾਕੀ ਗੱਲਾਂ ਦਾ ਪੂਰਾ ਹੋਣਾ ਵੀ ਲਗਭਗ ਤਹਿ ਹੀ ਸੀ)। ਪਰਮੇਸ਼ਰ ਨੇ ਪੁਰਖਿਆਂ ਨਾਲ ਜਿਹੜੇ ਵਾਅਦੇ ਕੀਤੇ ਸਨ ਉਹਨਾਂ ਨੂੰ ਯਹੋਸ਼ੁਆ ਦੇ ਸਮੇਂ ਤੱਕ ਅੱਗੇ ਵੱਧਦੇ ਹੋਏ ਰੂਪ ਵਿੱਚ ਪੂਰਾ ਹੁੰਦੇ ਹੋਏ ਦੇਖਿਆ ਜਾ ਸਕਦਾ ਸੀ, ਪਰ ਇਹੀ ਉਹ ਸਭ ਕੁਝ ਨਹੀਂ ਸੀ ਜੋ ਇਸਰਾਏਲ ਪ੍ਰਾਪਤ ਕਰਨ ਵਾਲਾ ਸੀ।

ਪਰਮੇਸ਼ਰ ਨੇ ਵਿਸ਼ਵਾਸੀਆਂ ਨਾਲ ਮੁਕਤੀ, ਮੁਰਦਿਆਂ ਵਿੱਚੋਂ ਜੀਅ ਉੱਠਣ, ਅਤੇ ਸਵਰਗ ਦਾ ਵਾਅਦਾ ਕੀਤਾ ਹੈ। ਕੀ ਉਹ ਅਸਫਲ ਹੋ ਗਏ ਹਨ ਜਾਂ ਉਹਨਾਂ ਨੇ ਆਪਣੇ ਵਾਅਦੇ ਨੂੰ ਪੂਰਾ ਕੀਤਾ ਹੈ? ਕੀ ਇੱਕ ਮਸੀਹੀ ਦੇ ਲਈ ਇਹ ਗਵਾਹੀ ਦੇਣਾ ਸਹੀ ਹੋਵੇਗਾ, "ਪਰਮੇਸ਼ਰ ਨੇ ਮੇਰੇ ਨਾਲ ਕੀਤੇ ਆਪਣੇ ਹਰੇਕ ਵਾਅਦੇ ਨੂੰ ਪੂਰਾ ਕੀਤਾ ਹੈ" ਹਾਲਾਂਕਿ ਇਹਨਾਂ ਵਿੱਚੋਂ ਕੁਝ ਵਾਅਦੇ ਅਜੇ ਤੱਕ ਪੂਰੇ ਨਹੀਂ ਹੋਏ ਹਨ, ਜੋ ਪੂਰੇ ਹੋਣ ਦੇ ਲਈ ਅਜੇ ਵੀ ਭਵਿੱਖ ਦੀ ਉਡੀਕ ਕਰ ਰਹੇ ਹਨ?

ਇਸੇ ਤਰ੍ਹਾਂ, ਯਹੋਸ਼ੁਆ ਵੀ ਇਹ ਦਾਅਵਾ ਕਰਦਾ ਹੈ ਕਿ ਪਰਮੇਸ਼ਰ ਨੇ ਉਸ ਦੀ ਪੀੜ੍ਹੀ ਤੱਕ ਦੇ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਹਨ, ਹਾਲਾਂਕਿ ਉਹ ਸਭ ਕੁਝ ਜੋ ਇਸਰਾਏਲ ਨੂੰ ਬਰਕਤ ਦੇਣ ਲਈ ਕੀਤਾ ਜਾਣਾ ਸੀ ਉਹ ਅਜੇ ਪੂਰਾ ਨਹੀਂ ਹੋਇਆ ਸੀ। ਅੱਜ ਤੱਕ ਵੀ ਇਸਰਾਏਲ ਨਾਲ ਕੀਤੇ ਗਏ ਬਹੁਤ ਸਾਰੇ ਵਾਅਦੇ ਪੂਰੇ ਹੋਣੇ ਅਜੇ ਬਾਕੀ ਹਨ।

## 2. ਸਵਰਗ ਦੇ ਸਿੰਘਾਸਣ ਉੱਤੇ ਮਸੀਹ ਦੀ ਮੌਜੂਦਗੀ ਵਿੱਚ ਪੂਰਾ ਹੋਣਾ

ਬਾਈਬਲ ਨੂੰ ਮੰਨਣ ਵਾਲੇ ਸਾਰੇ ਵਿਸ਼ਵਾਸੀ ਇਸ ਗੱਲ ਨਾਲ ਸਹਿਮਤ ਹਨ ਕਿ ਮਸੀਹ ਹੁਣ ਸਵਰਗ ਵਿੱਚ ਪਰਮੇਸ਼ਰ ਪਿਤਾ ਦੇ ਸੱਜੇ ਹੱਥ ਮਹਿਮਾ ਵਿੱਚ ਬੈਠੇ ਹਨ (ਰਸੂਲਾਂ 7:56; ਕੁਲੁੱਸੀ 3:1; ਇਬ 1:3; 8:1; 12:2)। ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਨੂੰ ਨਾ ਮੰਨਣ ਵਾਲੇ ਵਿਚਾਰ ਅਤੇ ਹਜ਼ਾਰ ਸਾਲ ਦੇ ਰਾਜ ਤੋਂ ਬਾਅਦ ਮਸੀਹ ਦੇ ਧਰਤੀ ਉੱਤੇ ਆਉਣ ਨੂੰ ਮੰਨਣ ਵਾਲੇ ਵਿਚਾਰ ਦੀ ਇੱਕ ਸ਼ਾਖਾ ਇਸ ਗੱਲ ਨੂੰ ਇਸਰਾਏਲ ਦੇ ਨਾਲ ਕੀਤੇ ਨੇਮ ਦਾ ਪੂਰਾ ਹੋਣਾ ਮੰਨਦੀ ਹੈ।

ਇੱਥੇ ਸ਼ਾਬਦਿਕ ਬਨਾਮ ਰਹੱਸਮਈ ਵਿਆਖਿਆ ਦਾ ਮੁੱਦਾ ਬਣ ਜਾਂਦਾ ਹੈ। ਜਿਹੜੇ ਲੋਕ ਇਸ ਵਿਚਾਰ ਦਾ ਸਮਰਥਨ ਕਰਦੇ ਹਨ, ਉਹ ਇਹ ਦਾਅਵਾ ਕਰਦੇ ਹਨ ਕਿ "ਦਾਊਦ ਦਾ ਸਿੰਘਾਸਣ" ਸਵਰਗ ਵਿੱਚ ਪਰਮੇਸ਼ਰ ਦੇ ਸਿੰਘਾਸਣ ਦੇ ਬਰਾਬਰ ਹੈ, ਅਤੇ "ਦਾਊਦ ਦਾ ਘਰਾਣਾ" ਵਿਸ਼ਵਾਸ ਦਾ ਘਰਾਣਾ ਹੈ। ਇਸ ਦੀ ਸ਼ਾਬਦਿਕ ਵਿਆਖਿਆ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵੱਲ ਲੈ ਜਾਂਦੀ ਹੈ। ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਕੱਟੜਵਾਦੀ ਦੂਜੇ ਖੇਤਰਾਂ ਵਿੱਚ ਬਾਈਬਲ ਦੀ ਸ਼ਾਬਦਿਕ ਵਿਆਖਿਆ ਕਰਦੇ ਹਨ, ਪਰ ਅੰਤ ਦੇ ਸਮੇਂ ਦੇ ਖੇਤਰਾਂ ਵਿੱਚ ਉਹ ਇੱਕ ਰਹੱਸਮਈ ਜਾਂ "ਆਤਮਿਕ" ਵਿਆਖਿਆ ਕਰਨਾ ਚਾਹੁੰਦੇ ਹਨ।

ਅਜਿਹੀ ਵਿਆਖਿਆ ਇਕਸਾਰਤਾ ਵਿੱਚ ਨਹੀਂ ਹੋਵੇਗੀ ਜੋ ਦੂਜੇ ਵਿਸ਼ਿਆਂ ਵਿੱਚ ਤਾਂ ਸ਼ਾਬਦਿਕ ਤਰੀਕੇ ਨਾਲ ਕੀਤੀ ਜਾਂਦੀ ਹੈ, ਪਰ ਅੰਤ ਦੇ ਸਮੇਂ ਦੇ ਵਿਸ਼ੇ ਵਿੱਚ ਉਸ ਦੀ ਸ਼ਾਬਦਿਕ ਵਿਆਖਿਆ ਇਸ ਲਈ ਨਹੀਂ ਜਾਂਦੀ ਕਿ ਉਸ ਵਿੱਚੋਂ ਧੱਕੇ ਨਾਲ ਇੱਕ ਅਜਿਹਾ ਸਿੱਟਾ ਕੱਢਿਆ ਜਾ ਸਕੇ ਜੋ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਨਾ ਹੋਣ ਦੇ ਵਿਚਾਰ ਨਾਲ ਫਿੱਟ ਬੈਠੇ। ਕਿਸੇ ਵੀ ਵਿਅਕਤੀ ਦਾ ਇਹ ਵਿਚਾਰ ਹੋਵੇਗਾ ਕਿ ਜੇਕਰ ਕੋਈ ਅਜਿਹਾ ਵਚਨ ਹੈ ਜਿਸ ਦੀ ਸ਼ਾਬਦਿਕ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ, ਤਾਂ ਉਹ ਵਾਅਦੇ ਹਨ, ਅਤੇ ਇਸ ਵਿੱਚ ਵੀ ਖ਼ਾਸ ਕਰਕੇ ਉਹ ਵਾਅਦੇ ਜਿਹੜੇ ਦੇਸ਼ ਨਾਲ ਸੰਬੰਧਿਤ ਹਨ। ਜ਼ਮੀਨ ਦੇ ਲੈਣ-ਦੇਣ ਦੇ ਦਸਤਾਵੇਜ਼ਾਂ ਨੂੰ ਬਹੁਤ ਧਿਆਨ ਨਾਲ ਲਿਖਿਆ ਜਾਂਦਾ ਹੈ ਜਿਸ ਨਾਲ ਕਿਸੇ ਤਰ੍ਹਾਂ ਦੀ ਕੋਈ ਗ਼ਲਤਫਹਿਮੀ ਪੈਦਾ ਨਾ ਹੋਵੇ। ਜ਼ਮੀਨ ਦੇ ਲਈ ਸਹਿਮਤੀਆਂ ਦੀਆਂ ਰਹੱਸਮਈ ਵਿਆਖਿਆਵਾਂ ਦੇ ਕਾਰਨ ਇਸ ਵਿੱਚ ਧੋਖਾਧੜੀ ਹੋ ਸਕਦੀ ਹੈ।

ਇਸ ਗੱਲ ਉੱਤੇ ਧਿਆਨ ਦੇਣਾ ਚਾਹੀਦਾ ਹੈ ਕਿ ਨੇਮ ਦੇ ਮੂਲ ਪ੍ਰਾਪਤਕਰਤਾਵਾਂ ਨੇ ਇਹਨਾਂ ਵਾਅਦਿਆਂ ਨੂੰ ਕਿਵੇਂ ਸਮਝਿਆ ਸੀ। ਸਪੱਸ਼ਟ ਹੈ ਕਿ ਪਰਮੇਸ਼ਰ ਨੇ ਅਬਰਾਹਾਮ ਨੂੰ ਇਹ ਵਿਸ਼ਵਾਸ ਕਰਨ ਲਈ ਪ੍ਰੇਰਿਤ ਕੀਤਾ ਸੀ ਕਿ ਉਸ ਦੀ ਸੰਤਾਨ ਨੂੰ ਇਸ ਧਰਤੀ ਉੱਤੇ ਇੱਕ ਦੇਸ਼ ਮਿਲੇਗਾ (ਉਤ 13:14-15; 15:18)। ਦਾਊਦ ਨੇ ਆਪਣੇ "ਘਰਾਣੇ" ਨੂੰ ਆਪਣੀ ਸੰਤਾਨ ਹੀ ਸਮਝਿਆ ਸੀ (2 ਸਮੂ 7:18-19,25,29; 1 ਇਤਿਹਾਸ 17) ਅਤੇ ਵਾਅਦਿਆਂ ਦੀ ਵਿਆਖਿਆ ਇੱਕ ਸ਼ਾਬਦਿਕ ਸਿੰਘਾਸਣ ਅਤੇ ਰਾਜ ਦੇ ਰੂਪ ਵਿੱਚ ਹੀ ਕੀਤੀ ਸੀ (ਮਸੀਹਾ ਬਾਰੇ ਜ਼ਬੂਰ ਵੀ ਦੇਖੋ, ਜ਼ਬੂਰ 2, 45, 48, 72, 89, 110, ਅਤੇ 132)। ਨਾ ਤਾਂ ਦਾਊਦ ਅਤੇ ਨਾ ਹੀ ਸੁਲੇਮਾਨ ਨੇ ਦਾਊਦ ਦੇ ਸਿੰਘਾਸਣ ਨੂੰ ਸਵਰਗ ਵਿੱਚ ਪਰਮੇਸ਼ਰ ਦਾ ਸਿੰਘਾਸਣ ਸਮਝਿਆ ਹੋਵੇਗਾ ਅਤੇ ਨਾ ਹੀ ਉਹਨਾਂ ਨੇ ਦਾਊਦ ਦੇ ਘਰਾਣੇ ਨੂੰ ਵਿਸ਼ਵਾਸ ਦਾ ਪਰਿਵਾਰ ਸਮਝਿਆ ਹੋਵੇਗਾ। ਬਾਈਬਲ ਦੇ ਬਾਕੀ ਲੋਕਾਂ ਦੀ ਵੀ ਇਹੋ ਸਮਝ ਸੀ। ਉਹਨਾਂ ਦੀ ਸਮਝ ਅਨੁਸਾਰ ਦਾਊਦ ਦਾ ਘਰਾਣਾ ਦਾਊਦ ਦੀ ਸਰੀਰਕ ਸੰਤਾਨ ਹੀ ਹੋਵੇਗਾ। ਉਹ ਮੰਨਦੇ ਸਨ ਕਿ ਦਾਊਦ ਦਾ ਸਿੰਘਾਸਣ ਸਵਰਗ ਵਿੱਚ ਨਹੀਂ ਪਰ ਯਰੂਸ਼ਲਮ ਵਿੱਚ ਸੀ (ਹੇਠਾਂ ਦਿੱਤੇ ਵਚਨਾਂ ਨੂੰ ਦੇਖੋ ਜੋ ਯਰੂਸ਼ਲਮ ਨੂੰ ਸੰਸਾਰ ਦੀ ਰਾਜਧਾਨੀ ਹੋਣ ਵਜੋਂ ਭਵਿੱਖਬਾਣੀ ਕਰਦੇ ਹਨ)।

> “ਜੇ ਤੂੰ ਮੇਰੇ ਸਨਮੁਖ ਮਨ ਦੀ ਸਚਿਆਈ ਤੇ ਧਰਮ ਨਾਲ ਚੱਲੇਂਗਾ ਜਿਵੇਂ ਤੇਰਾ ਪਿਤਾ ਦਾਊਦ ਚੱਲਦਾ ਰਿਹਾ ਅਤੇ ਉਹ ਸਭ ਜਿਹ ਦਾ ਮੈਂ ਤੈਨੂੰ ਹੁਕਮ ਦਿੱਤਾ ਪੂਰਾ ਕਰੇਂਗਾ ਅਤੇ ਮੇਰੀਆਂ ਬਿਧੀਆਂ ਅਤੇ ਨਿਯਮਾਂ ਦੀ ਪਾਲਣਾ ਕਰੇਂਗਾ। **ਮੈਂ ਤੇਰੀ ਪਾਤਸ਼ਾਹੀ ਦੀ ਰਾਜ ਗੱਦੀ ਇਸਰਾਏਲ ਉੱਤੇ ਸਦਾ ਤੱਕ ਕਾਇਮ ਰੱਖਾਂਗਾ ਜਿਵੇਂ ਮੈਂ ਤੇਰੇ ਪਿਤਾ ਦਾਊਦ ਨਾਲ ਇਹ ਆਖ ਕੇ ਬਚਨ ਦਿੱਤਾ ਸੀ** ਕਿ ਤੇਰੇ ਲਈ **ਇਸਰਾਏਲ ਦੀ ਰਾਜ ਗੱਦੀ** ਵਿਖੇ ਮਨੁੱਖ ਦੀ ਥੁੜ ਨਾ ਰਹੇਗੀ ” [1 ਰਾਜਾ 9:4-5]
>
> “ਹੁਣ ਹੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ, ਆਪਣੇ ਦਾਸ ਮੇਰੇ ਪਿਤਾ ਦਾਊਦ ਦੇ ਨਾਲ **ਉਸ ਬਚਨ** ਨੂੰ ਵੀ ਪੂਰਾ ਕਰ ਜੋ ਤੂੰ ਉਸ ਨਾਲ ਕੀਤਾ ਸੀ ਕਿ ਤੇਰੇ ਲਈ **ਇਸਰਾਏਲ ਦੀ ਰਾਜ ਗੱਦੀ** ਉੱਤੇ ਬੈਠਣ ਲਈ ਮੇਰੇ ਹਜ਼ੂਰ ਮਨੁੱਖ ਦੀ ਥੁੜ ਨਹੀਂ ਹੋਵੇਗੀ, ਜੇ ਕੇਵਲ ਤੇਰੇ ਪੁੱਤਰ ਆਪਣੇ ਰਾਹ ਉੱਤੇ ਧਿਆਨ ਕਰਨ ਅਤੇ ਮੇਰੀ ਬਿਵਸਥਾ ਅਨੁਸਾਰ ਚੱਲਣ ਜਿਵੇਂ ਤੂੰ ਮੇਰੇ ਸਨਮੁਖ ਚੱਲਦਾ ਰਿਹਾ ਹੈਂ” [2 ਇਤਿਹਾਸ 6:16]
>
> “ਕਿ ਮੈਂ ਤੇਰੀ ਅੰਸ ਨੂੰ ਸਦਾ ਤੱਕ ਕਾਇਮ ਰੱਖਾਂਗਾ, ਅਤੇ ਤੇਰੀ ਰਾਜ ਗੱਦੀ ਨੂੰ ਪੀੜ੍ਹੀਓਂ ਪੀੜ੍ਹੀ ਬਣਾਈ ਰੱਖਾਂਗਾ...ਅਤੇ **ਮੈਂ ਉਹ ਦੇ ਵੰਸ਼ ਨੂੰ ਸਦਾ ਤੱਕ, ਅਤੇ ਉਹ ਦੀ ਰਾਜ ਗੱਦੀ** ਨੂੰ ਅਕਾਸ਼ ਦੇ ਦਿਨਾਂ ਵਾਂਗੂੰ ਸਾਂਭਾਂਗਾ। ਜੇ ਉਹ ਦੇ ਬੱਚੇ ਮੇਰੀ ਬਿਵਸਥਾ ਨੂੰ ਤਿਆਗ ਦੇਣ, ਅਤੇ ਮੇਰੇ ਨਿਆਂਵਾਂ ਉੱਤੇ ਨਾ ਚੱਲਣ, ਜੇ ਉਹ ਮੇਰੀਆਂ ਬਿਧੀਆਂ ਨੂੰ ਵਿਗਾੜ ਦੇਣ, ਅਤੇ ਮੇਰੇ ਹੁਕਮਾਂ ਦੀ ਪਾਲਣਾ ਨਾ ਕਰਨ, ਤਾਂ ਮੈਂ ਡੰਡੇ ਨਾਲ ਉਨ੍ਹਾਂ

ਦੇ ਅਪਰਾਧਾਂ ਦੀ ਅਤੇ ਕੋਰੜਿਆਂ ਨਾਲ ਉਨ੍ਹਾਂ ਦੀ ਬਦੀ ਦੀ ਸਜ਼ਾ ਦਿਆਂਗਾ। ਪਰ ਮੈਂ ਆਪਣੀ ਦਯਾ ਉਸ ਤੋਂ ਹਟਾ ਨਾ ਲਵਾਂਗਾ, ਨਾ ਆਪਣੀ ਵਫ਼ਾਦਾਰੀ ਛੱਡ ਕੇ ਝੂਠਾ ਹੋਵਾਂਗਾ। ਮੈਂ ਆਪਣੇ ਨੇਮ ਨੂੰ ਭਰਿਸ਼ਟ ਨਾ ਕਰਾਂਗਾ, ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹ ਨੂੰ ਨਾ ਬਦਲਾਂਗਾ...ਉਹ ਦਾ ਵੰਸ਼ ਅੰਤ ਤੱਕ, ਅਤੇ ਉਹ ਦੀ ਰਾਜ ਗੱਦੀ ਸੂਰਜ ਵਾਂਗੂੰ ਮੇਰੇ ਅੱਗੇ ਬਣੀ ਰਹੇਗੀ।" [ਜ਼ਬੂਰ 89:4,29-34, 36]

"ਤਦ ਤੂੰ ਉਹਨਾਂ ਨੂੰ ਆਖ, ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਵੇਖ, ਮੈਂ ਇਸ ਦੇ ਸਾਰੇ ਵਾਸੀਆਂ ਨੂੰ ਅਤੇ **ਰਾਜਿਆਂ ਨੂੰ ਜਿਹੜੇ ਦਾਊਦ ਦੇ ਸਿੰਘਾਸਣ ਉੱਤੇ ਬੈਠਦੇ ਹਨ**, ਜਾਜਕਾਂ ਨੂੰ, ਨਬੀਆਂ ਨੂੰ ਅਤੇ ਯਰੂਸ਼ਲਮ ਦੇ ਸਾਰੇ ਵਾਸੀਆਂ ਨੂੰ ਨਸ਼ੇ ਨਾਲ ਦਬਾ ਕੇ ਭਰ ਦਿਆਂਗਾ" [ਯਿਰ 13:13]

ਤਦ ਇਸ **ਸ਼ਹਿਰ** ਦੇ ਫਾਟਕਾਂ ਦੇ ਵਿੱਚੋਂ ਦੀ **ਰਾਜਾ** ਅਤੇ ਸਰਦਾਰ, **ਦਾਊਦ ਦੇ ਸਿੰਘਾਸਣ ਉੱਤੇ ਬੈਠਣ ਵਾਲੇ**, ਰੱਥਾਂ ਉੱਤੇ ਤੇ ਘੋੜਿਆਂ ਉੱਤੇ ਚੜ੍ਹ ਕੇ, ਉਹ ਅਤੇ ਉਹਨਾਂ ਦੇ ਸਰਦਾਰ ਯਹੂਦਾਹ ਦੇ ਮਨੁੱਖ ਅਤੇ ਯਰੂਸ਼ਲਮ ਦੇ ਵਾਸੀ ਇਸ ਵਿੱਚ ਵੜਨਗੇ, ਅਤੇ ਇਹ ਸ਼ਹਿਰ ਸਦਾ ਤੱਕ ਵੱਸਿਆ ਰਹੇਗਾ [ਯਿਰ 17:25]

ਕਿਉਂਕਿ ਜੇ ਉਹ ਸੱਚੀ ਮੁੱਚੀ ਇਹ ਕਰੋਗੇ ਤਾਂ **ਦਾਊਦ ਦੇ ਸਿੰਘਾਸਣ** ਉੱਤੇ ਬਿਰਾਜਮਾਨ **ਰਾਜਾ** ਰੱਥਾਂ ਅਤੇ ਘੋੜਿਆਂ ਉੱਤੇ ਚੜ੍ਹ ਕੇ ਇਸ ਮਹਿਲ ਦੇ ਫਾਟਕਾਂ ਵਿੱਚ ਵੜਨਗੇ, ਉਹ ਅਤੇ ਉਹਨਾਂ ਦੇ ਟਹਿਲੂਏ ਅਤੇ ਉਹਨਾਂ ਦੇ ਲੋਕ ਵੀ...ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਇਸ ਮਨੁੱਖ ਨੂੰ ਔਤਰਾ ਲਿਖੋ, ਇੱਕ ਮਰਦ ਜਿਹੜਾ ਆਪਣੇ ਦਿਨਾਂ ਵਿੱਚ ਸਫ਼ਲ ਨਾ ਹੋਵੇਗਾ, ਨਾ ਹੀ ਉਸ ਦੀ ਨਸਲ ਵਿੱਚੋਂ ਕੋਈ ਸਫ਼ਲ ਹੋਵੇਗਾ, ਭਈ **ਦਾਊਦ ਦੇ ਸਿੰਘਾਸਣ ਉੱਤੇ ਬੈਠੇ, ਅਤੇ ਯਹੂਦਾਹ ਉੱਤੇ ਫਿਰ ਰਾਜ ਕਰੇ।** [ਯਿਰ 22:4, 30]

"ਉਹਨਾਂ ਦਿਨਾਂ ਵਿੱਚ ਅਤੇ ਉਸ ਵੇਲੇ ਮੈਂ ਦਾਊਦ ਲਈ ਧਰਮ ਦੀ ਸ਼ਾਖ ਉਗਾਵਾਂਗਾ ਅਤੇ ਉਹ ਦੇਸ ਵਿੱਚ ਨਿਆਂ ਅਤੇ ਧਰਮ ਦੇ ਕੰਮ ਕਰੇਗਾ ਉਹਨਾਂ ਦਿਨਾਂ ਵਿੱਚ ਯਹੂਦਾਹ ਬਚਾਇਆ ਜਾਵੇਗਾ ਅਤੇ ਯਰੂਸ਼ਲਮ ਚੈਨ ਨਾਲ ਵੱਸੇਗਾ ਅਤੇ ਉਹ ਇਸ ਨਾਮ ਤੋਂ ਪੁਕਾਰਿਆ ਜਾਵੇਗਾ, "ਯਹੋਵਾਹ ਸਾਡਾ ਧਰਮ" ਯਹੋਵਾਹ ਤਾਂ ਇਸ ਤਰ੍ਹਾਂ ਆਖਦਾ ਹੈ ਕਿ **ਦਾਊਦ ਨੂੰ ਇਸਰਾਏਲ ਦੇ ਘਰਾਣੇ ਦੇ ਸਿੰਘਾਸਣ ਉੱਤੇ ਬੈਠਣ ਲਈ ਮਨੁੱਖ ਦੀ ਥੁੜ ਨਾ ਹੋਵੇਗੀ**...ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ ਜੇ ਤੁਸੀਂ ਮੇਰਾ ਦਿਨ ਦਾ ਨੇਮ ਅਤੇ ਮੇਰਾ ਰਾਤ ਦਾ ਨੇਮ ਤੋੜ ਸਕਦੇ ਹੋ ਭਈ ਦਿਨ ਅਤੇ ਰਾਤ ਆਪਣੇ ਵੇਲੇ ਸਿਰ ਨਾ ਹੋਣ

> ਤਦ ਮੇਰਾ ਉਹ ਨੇਮ ਜਿਹੜਾ ਮੈਂ ਆਪਣੇ ਦਾਸ ਦਾਊਦ ਨਾਲ ਕੀਤਾ ਸੀ ਟੁੱਟ ਸਕਦਾ ਹੈ ਭਈ ਉਸ ਦੇ ਸਿੰਘਾਸਣ ਉੱਤੇ ਪਾਤਸ਼ਾਹੀ ਕਰਨ ਲਈ ਪੁੱਤਰ ਨਾ ਹੋਵੇ, ਨਾਲੇ ਲੇਵੀ ਜਾਜਕਾਂ ਦਾ ਨੇਮ ਵੀ ਜਿਹੜੇ ਮੇਰੇ ਸੇਵਕ ਹਨ...ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ ਜੇ ਮੈਂ ਆਪਣੇ ਨੇਮ ਨੂੰ ਦਿਨ ਅਤੇ ਰਾਤ ਨਾਲ ਅਤੇ ਆਪਣੀਆਂ ਬਿਧੀਆਂ ਨੂੰ ਅਕਾਸ਼ ਅਤੇ ਧਰਤੀ ਨਾਲ ਕਾਇਮ ਨਾ ਕੀਤਾ ਹੋਵੇ ਤਾਂ ਮੈਂ ਵੀ **ਯਾਕੂਬ** ਅਤੇ ਆਪਣੇ ਦਾਸ **ਦਾਊਦ ਦੀ ਨਸਲ** ਨੂੰ ਰੱਦ ਦਿਆਂਗਾ ਭਈ **ਉਹ ਦੀ ਨਸਲ ਵਿੱਚੋਂ ਉਹਨਾਂ ਨੂੰ ਨਾ ਲਵਾਂਗਾ ਜਿਹੜੇ ਅਬਰਾਹਾਮ, ਇਸਹਾਕ ਅਤੇ ਯਾਕੂਬ ਦੀ ਨਸਲ ਉੱਤੇ ਹੁਕਮ ਚਲਾਉਣ ਵਾਲੇ ਹੋਣ**, ਸਗੋਂ ਮੈਂ ਉਹਨਾਂ ਦੀ ਗ਼ੁਲਾਮੀ ਨੂੰ ਮੁਕਾ ਦਿਆਂਗਾ ਅਤੇ ਉਹਨਾਂ ਨਾਲ ਰਹਮ ਕਰਾਂਗਾ।" [ਯਿਰ 33:15-17, 20-21, 25-26] (2 ਸਮੂ 23:5; ਯਸਾ 9:6; ਲੂਕਾ 1:31-32 ਵੀ ਦੇਖੋ)

ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਬਾਈਬਲ ਦੇ ਲੋਕਾਂ ਦੀ ਸਮਝ ਅਨੁਸਾਰ ਦਾਊਦ ਦਾ ਘਰਾਣਾ ਦਾਊਦ ਦੀ ਸਰੀਰਕ ਸੰਤਾਨ ਸੀ ਅਤੇ ਦਾਊਦ ਦਾ ਸਿੰਘਾਸਣ ਸਵਰਗ ਵਿੱਚ ਨਹੀਂ ਬਲਕਿ ਯਰੂਸ਼ਲਮ ਵਿੱਚ ਸੀ। ਬਾਈਬਲ ਵਿੱਚ ਅਜਿਹੇ ਕੋਈ ਨਿਰਦੇਸ਼ ਨਹੀਂ ਦਿੱਤੇ ਗਏ ਹਨ ਕਿ ਇਸ ਦੇ ਪਾਠਕ "ਦਾਊਦ ਦੇ ਸਿੰਘਾਸਣ" ਦੀ ਜਗ੍ਹਾ ਸਵਰਗ ਦਾ ਸਿੰਘਾਸਣ ਸਥਾਪਿਤ ਕਰ ਦੇਣ। ਰਸੂਲਾਂ ਦੇ ਕਰਤੱਬ 2:29-36 ਅਜਿਹਾ ਕੋਈ ਸਪੱਸ਼ਟ ਉਦਾਹਰਣ ਪੇਸ਼ ਨਹੀਂ ਕਰਦਾ ਹੈ। ਆਇਤ 32 ਵਿੱਚ "ਜਿਊਂਦਾ ਕੀਤਾ" ਮਸੀਹ ਦੇ ਮੁਰਦਿਆਂ ਵਿੱਚੋਂ ਜੀਅ ਉੱਠਣ ਦੇ ਬਾਰੇ ਹੈ ਜਿਸ ਦੀ ਪਤਰਸ ਨੇ ਗਵਾਹੀ ਦਿੱਤੀ ਸੀ (ਦੇਖੋ, ਰਸੂਲਾਂ 5:30)। ਰਸੂਲਾਂ ਦੇ ਕਰਤੱਬ ਵਿੱਚ ਗਵਾਹ ਮੁੱਖ ਤੌਰ ਤੇ ਜੀਅ ਉੱਠੇ ਪ੍ਰਭੂ ਦੇ ਗਵਾਹ ਸਨ (ਰਸੂਲਾਂ 1:8, 22; 2:32; 3:15; 4:33; 5:30; 10:39-41; 13:31)। (ਮੁਰਦਿਆਂ ਵਿੱਚੋਂ) "ਜੀਅ ਉੱਠਣ" ਦੀ ਇਸ ਵਿਆਖਿਆ ਨੂੰ ਕਿਸੇ ਤਰ੍ਹਾਂ 2 ਸਮੂ 7:12 ਵਿੱਚ ਸੁਲੇਮਾਨ ਦੇ ਉੱਪਰ "ਉਠਾਏ" ਜਾਣ ਨਾਲ ਨਹੀਂ ਜੋੜਿਆ ਜਾ ਸਕਦਾ ਹੈ ਜਿਸ ਵਿੱਚ ਸੁਲੇਮਾਨ ਨੂੰ ਬਚਪਨ ਤੋਂ ਰਾਜ ਕਰਨ ਅਤੇ ਹੈਕਲ ਬਣਾਉਣ ਦੇ ਲਈ ਉਠਾਇਆ ਗਿਆ ਹੈ। ਪਤਰਸ ਦੀ ਮੁੱਖ ਗੱਲ ਇਹ ਸੀ ਕਿ ਦਾਊਦ ਦੇ ਜਿਊਂਦੇ ਪੁੱਤਰ ਦੇ ਰੂਪ ਵਿੱਚ ਮਸੀਹ ਇਸ ਯੋਗ ਹਨ ਕਿ ਉਹ ਵਾਪਸ ਆਉਣ ਅਤੇ ਯਰੂਸ਼ਲਮ ਵਿੱਚ ਦਾਊਦ ਦੇ ਸਿੰਘਾਸਣ ਨੂੰ ਸਥਾਪਿਤ ਕਰਨ (ਰਸੂਲਾਂ 3:20-21)। ਰਸੂਲਾਂ ਦੇ ਕਰਤੱਬ 2:34-35 ਵਿੱਚ ਧਰਤੀ ਉੱਤੇ ਦਾਊਦ ਦੇ ਸਿੰਘਾਸਣ ਅਤੇ ਸਵਰਗ ਵਿੱਚ ਮਸੀਹ ਦੇ ਸਿੰਘਾਸਣ ਦੇ ਵਿਚਕਾਰ ਸਮਾਨਤਾ ਮਿਲਦੀ ਹੈ (ਜ਼ਬੂਰ 110:1)। ਕੁਝ ਲੋਕ ਸਵਰਗ ਵਿੱਚ ਮਸੀਹ ਦੇ ਮੌਜੂਦਾ ਸ਼ਾਸਨ ਨੂੰ ਪੁਰਾਣੇ ਨੇਮ ਦੀ ਭਵਿੱਖਬਾਣੀ ਦੀ ਅੰਸ਼ਕ ਪੂਰਤੀ ਜਾਂ ਇੱਕ ਸੰਕੇਤ ਮੰਨ ਸਕਦੇ ਹਨ ਕਿ ਦਾਊਦ ਦਾ ਪੁੱਤਰ ਰਾਜ ਕਰੇਗਾ (ਜਿਵੇਂ ਯੂਹੰਨਾ

ਬਪਤਿਸਮਾ ਦੇਣ ਵਾਲਾ ਏਲੀਯਾਹ ਨੂੰ ਦਰਸਾਉਂਦਾ ਸੀ)। ਪਰ, ਪਤਰਸ ਦੀ ਸਿੱਖਿਆ ਦਾ ਅਰਥ ਸਿਰਫ਼ ਇਹ ਹੋ ਸਕਦਾ ਹੈ ਕਿ ਦਾਊਦ ਦਾ ਪੁੱਤਰ ਸਦਾ ਲਈ ਜਿਊਂਦਾ ਹੈ ਅਤੇ ਵਰਤਮਾਨ ਸਮੇਂ ਵਿੱਚ ਉਹ ਇਸ ਧਰਤੀ ਉੱਤੇ ਵਾਪਸ ਆਉਣ ਅਤੇ ਰਾਜ ਕਰਨ ਦਾ ਅਧਿਕਾਰ ਅਤੇ ਸ਼ਕਤੀ ਰੱਖਦਾ ਹੈ। ਅਤੀਤ ਵਿੱਚ ਅਤੇ ਹਜ਼ਾਰ ਸਾਲ ਦੇ ਰਾਜ ਵਿੱਚ ਯਰੂਸ਼ਲਮ ਦੇ ਦਾਊਦ ਦੇ ਸਿੰਘਾਸਣ ਨੂੰ ਸਵਰਗੀ ਰਾਜ ਦਾ ਇੱਕ ਵਿਸਤਾਰ ਮੰਨਿਆ ਜਾ ਸਕਦਾ ਹੈ। ਅਜਿਹੇ ਵੇਰਵਿਆਂ ਉੱਤੇ ਕੀਤਾ ਜਾਣ ਵਾਲਾ ਕੋਈ ਵੀ ਵਿਵਾਦ, ਮੁੱਢਲੀ ਸੱਚਾਈ ਨੂੰ ਕਮਜ਼ੋਰ ਨਹੀਂ ਕਰ ਸਕਦਾ ਹੈ। **ਦਾਊਦ ਦੇ ਸਦੀਪਕ ਸਿੰਘਾਸਣ ਦੀ ਇੱਕ ਪੂਰੀ ਅਤੇ ਤਸੱਲੀਬਖਸ਼ ਪਰਿਭਾਸ਼ਾ ਇਹ ਮੰਗ ਕਰਦੀ ਹੈ ਕਿ ਮਸੀਹ ਵਾਪਸ ਆਉਣ ਅਤੇ ਯਰੂਸ਼ਲਮ ਵਿੱਚ ਇੱਕ ਸਿੰਘਾਸਣ ਉੱਤੇ ਰਾਜ ਕਰਨ।** ਹਾਲਾਂਕਿ, ਨਵੇਂ ਨੇਮ ਵਿੱਚ ਦਾਊਦ ਦਾ ਲਗਭਗ 59 ਵਾਰ ਜ਼ਿਕਰ ਕੀਤਾ ਗਿਆ ਹੈ, ਫਿਰ ਵੀ ਕੋਈ ਵੀ ਆਇਤ ਅਜਿਹਾ ਨਹੀਂ ਸਿਖਾਉਂਦੀ ਹੈ ਕਿ ਦਾਊਦ ਦੇ ਘਰਾਣੇ ਦੀ ਜਗ੍ਹਾ ਕਲੀਸਿਯਾ ਨੂੰ ਜਾਂ ਉਸ ਦੇ ਸਿੰਘਾਸਣ ਦੀ ਜਗ੍ਹਾ ਪਰਮੇਸ਼ਰ ਦੇ ਸਿੰਘਾਸਣ ਨੂੰ ਸਥਾਪਿਤ ਕਰ ਦਿੱਤਾ ਜਾਵੇ। ਜੇਕਰ ਦਾਊਦ ਦਾ ਸਿੰਘਾਸਣ ਸਵਰਗ ਵਿੱਚ ਪਿਤਾ ਦੇ ਸੱਜੇ ਹੱਥ ਮਸੀਹ ਦੀ ਸਥਿਤੀ ਦੇ ਬਰਾਬਰ ਹੈ, ਤਾਂ ਫਿਰ ਸੁਲੇਮਾਨ "ਦਾਊਦ ਦੇ ਸਿੰਘਾਸਣ" ਉੱਤੇ ਕਿਵੇਂ ਬੈਠਾ ਸੀ? ਜੇਕਰ ਦਾਊਦ ਦਾ ਸਿੰਘਾਸਣ ਸਵਰਗ ਵਿੱਚ ਪਰਮੇਸ਼ਰ ਦੇ ਸਿੰਘਾਸਣ ਦੇ ਬਰਾਬਰ ਹੈ, ਤਾਂ ਫਿਰ ਇਸ ਨੂੰ ਸਥਾਪਿਤ ਕਰਨ ਦੀ ਕੀ ਲੋੜ ਹੈ, ਕਿਉਂਕਿ ਇਹ ਸਦੀਪਕ ਅਤੀਤ ਤੋਂ ਮੌਜੂਦ ਹੈ?

ਕਈ ਮਸੀਹੀ ਪੰਥ ਝੂਠੀ ਸਿੱਖਿਆ ਨੂੰ ਮਜ਼ਬੂਤ ਕਰਨ ਦੇ ਲਈ ਅਕਸਰ ਭਵਿੱਖਬਾਣੀ ਵਾਲੇ ਵਚਨਾਂ ਦੀਆਂ ਅਜੀਬ ਵਿਆਖਿਆਵਾਂ ਕਰ ਦਿੰਦੇ ਹਨ। ਜੇਕਰ ਇੱਕ ਵਿਅਕਤੀ ਸ਼ਾਬਦਿਕ ਵਿਆਖਿਆ ਨੂੰ ਛੱਡ ਦੇਵੇਗਾ, ਤਾਂ ਫਿਰ ਭਵਿੱਖਬਾਣੀ ਅਜਿਹਾ ਕੁਝ ਵੀ ਕਹਿ ਸਕਦੀ ਹੈ ਜੋ ਵਿਆਖਿਆਕਾਰ ਨੂੰ ਚੰਗਾ ਲੱਗੇ। ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਕੱਟੜਵਾਦੀ ਝੂਠੀ ਸਿੱਖਿਆ ਦੀ ਪੁਸ਼ਟੀ ਕਰਨ ਦੇ ਲਈ ਭਵਿੱਖਬਾਣੀ ਦੇ ਵਚਨਾਂ ਦੀ ਵਰਤੋਂ ਨਹੀਂ ਕਰਦੇ ਹਨ, ਪਰ ਭਵਿੱਖਬਾਣੀ ਦੀ "ਰਹੱਸਮਈ" ਵਿਆਖਿਆ ਨਾਲ ਕੀ ਹੁੰਦਾ ਹੈ? ਜੇਕਰ ਯਰੂਸ਼ਲਮ ਦਾ ਅਰਥ *ਯਰੂਸ਼ਲਮ* ਨਹੀਂ ਹੈ, ਤਾਂ ਜਿਹੜੀ ਕਲੀਸਿਯਾ ਦਾ ਪਰਮੇਸ਼ਰ ਨੇ ਹਵਾ ਵਿੱਚ ਉਠਾਉਣ (ਰੈਪਚਰ) ਦਾ ਵਾਅਦਾ ਕੀਤਾ, ਤਾਂ ਉਸ ਦਾ ਅਰਥ ਕਲੀਸਿਯਾ ਕਿਉਂ ਹੋਣਾ ਚਾਹੀਦਾ ਹੈ? ਜੇਕਰ ਦਾਊਦ ਦੇ ਘਰਾਣੇ ਦਾ ਅਰਥ ਵਿਸ਼ਵਾਸ ਦਾ ਘਰਾਣਾ ਹੈ, ਤਾਂ ਕੀ ਜਿਸ ਦਾ ਜਨਮ ਦਾਊਦ ਦੇ ਇੱਕ ਪੁੱਤਰ ਦੇ ਰੂਪ ਵਿੱਚ ਨਹੀਂ ਹੋਇਆ ਹੈ, ਉਸ ਨੂੰ ਮਸੀਹ ਹੋਣ ਦੇ ਯੋਗ ਬਣਾਇਆ ਜਾ ਸਕਦਾ ਸੀ?

ਨੇਮ ਦੇ ਜਿਹੜੇ ਭਾਗ ਪੂਰੇ ਹੋ ਗਏ ਹਨ, ਉਹ ਸ਼ਾਬਦਿਕ ਤੌਰ ਤੇ ਪੂਰੇ ਹੋਏ ਹਨ। ਇਸ ਤਰ੍ਹਾਂ, ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲਿਆਂ ਦੀ ਅਜਿਹੀ ਉਮੀਦ ਜਾਇਜ਼ ਹੈ ਕਿ ਨੇਮ ਦੇ ਸਾਰੇ ਪਹਿਲੂਆਂ ਦੀ ਸ਼ਾਬਦਿਕ ਪੂਰਤੀ ਹੋਣੀ ਚਾਹੀਦੀ ਹੈ। ਮਸੀਹ ਨੇ ਅਜੇ ਯਰੂਸ਼ਲਮ ਵਿੱਚ ਦਾਊਦ ਦੇ ਸਿੰਘਾਸਣ ਉੱਤੇ ਰਾਜ ਕਰਨ ਦੇ ਲਈ ਆਉਣਾ ਹੈ। ਮਸੀਹ ਧਰਤੀ ਉੱਤੇ ਇੱਕ ਰਾਜ ਨੂੰ ਲਿਆਉਣ ਦੇ ਲਈ ਆਉਣਗੇ।

### 3. ਰੱਦ ਕੀਤੇ ਗਏ ਸ਼ਰਤਾਂ ਵਾਲੇ ਨੇਮ

ਇਹ ਮੰਨਣਾ ਔਖਾ ਲੱਗਦਾ ਹੈ ਕਿ ਇੱਕ ਵਿਅਕਤੀ ਅਬਰਾਹਾਮ ਨਾਲ ਨੇਮ, ਦਾਊਦ ਨਾਲ ਨੇਮ, ਅਤੇ ਨਵੇਂ ਨੇਮ ਬਾਰੇ ਬਾਈਬਲ ਵਿੱਚ ਲਿਖੀਆਂ ਗੱਲਾਂ ਨੂੰ ਪੜ੍ਹ ਕੇ ਇਹ ਸਿੱਟਾ ਕੱਢੇ ਕਿ ਉਹ ਸ਼ਰਤ ਵਾਲੇ ਅਤੇ ਕੁਝ ਸਮੇਂ ਦੇ ਲਈ ਸਨ। ਅਜਿਹੇ ਕਈ ਸਪੱਸ਼ਟ ਵਚਨ ਹਨ ਜੋ ਉਹਨਾਂ ਨੂੰ ਨਾ ਟੁੱਟਣ ਵਾਲੇ ਵਾਅਦਿਆਂ ਦੇ ਰੂਪ ਵਿੱਚ ਪੇਸ਼ ਕਰਦੇ ਹਨ।

ਸ਼ਾਇਦ ਕੁਝ ਲੋਕਾਂ ਨੂੰ ਗ਼ਲਤਫ਼ਹਿਮੀ ਇਸ ਗੱਲ ਕਾਰਨ ਹੋ ਸਕਦੀ ਹੈ ਕਿ ਉਹਨਾਂ ਨੂੰ ਜਾਣਕਾਰੀ ਨਹੀਂ ਹੈ ਕਿ ਬਿਨਾਂ ਸ਼ਰਤ ਵਾਲੇ ਨੇਮ ਵਿੱਚ ਕੀ ਸ਼ਾਮਲ ਹੁੰਦਾ ਹੈ। ਇੱਕ ਬਿਨਾਂ ਸ਼ਰਤ ਵਾਲਾ ਨੇਮ ਇਸ ਤੱਥ ਨੂੰ ਦੂਰ ਨਹੀਂ ਕਰ ਦਿੰਦਾ ਹੈ ਕਿ ਵਿਅਕਤੀ ਨੂੰ ਨੇਮ ਵਿੱਚ ਨਿੱਜੀ ਭਾਗੀਦਾਰੀ ਜਾਂ ਨੇਮ ਦੀਆਂ ਬਰਕਤਾਂ ਦਾ ਆਨੰਦ ਲੈਣ ਦੇ ਲਈ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਲੋਕ ਇਹ ਸਮਝਦੇ ਹਨ ਕਿ ਪਰਮੇਸ਼ਰ ਦੇ ਨਾਲ ਇੱਕ ਸੰਪੂਰਨ ਨੇਮ ਦੇ ਸੰਬੰਧ ਵਿੱਚ ਆਉਣ ਦੇ ਲਈ, ਪੁਰਾਣੇ ਨੇਮ ਦੇ ਸੰਤਾਂ ਦਾ ਵਿਸ਼ਵਾਸੀ ਹੋਣਾ ਜ਼ਰੂਰੀ ਸੀ। ਅਵਿਸ਼ਵਾਸੀ ਪਰਮੇਸ਼ਰ ਦੇ ਰਾਜ ਵਿੱਚ ਪ੍ਰਵੇਸ਼ ਨਹੀਂ ਕਰਨਗੇ (ਦੇਖੋ, ਯੂਹੰਨਾ 3:3; ਮੱਤੀ 18:3)। ਸਿਰਫ਼ ਅਬਰਾਹਾਮ ਦੇ ਵੰਸ਼ ਵਿੱਚ ਜਨਮ ਲੈਣਾ ਰਾਜ ਵਿੱਚ ਪ੍ਰਵੇਸ਼ ਕਰਨ ਲਈ ਕਾਫ਼ੀ ਨਹੀਂ ਹੈ (ਮੱਤੀ 8:12)। ਇਸ ਤੋਂ ਇਲਾਵਾ, ਇਹ ਵੀ ਸੱਚ ਹੈ ਕਿ ਦਾਊਦ ਦੇ ਸਿੰਘਾਸਣ ਉੱਤੇ ਬੈਠ ਕੇ ਉਸ ਦੀਆਂ ਬਰਕਤਾਂ ਦਾ ਜ਼ਿਆਦਾ ਆਨੰਦ ਲੈਣ ਦੇ ਲਈ ਦਾਊਦ ਦੀ ਸੰਤਾਨ ਨੂੰ ਵਿਸ਼ਵਾਸਯੋਗ ਹੋਣਾ ਜ਼ਰੂਰੀ ਸੀ। ਪਰਮੇਸ਼ਰ ਨੇ ਇਹ ਵਾਅਦਾ ਕੀਤਾ ਸੀ ਕਿ ਉਹ ਦਾਊਦ ਦੇ ਪੁੱਤਰ ਸੁਲੇਮਾਨ ਤੋਂ ਤਾਜ ਨਹੀਂ ਖੋਹਣਗੇ, ਪਰ ਪਰਮੇਸ਼ਰ ਨੇ ਚੇਤਾਵਨੀ ਵੀ ਦਿੱਤੀ ਕਿ ਉਸ ਤੋਂ ਬਾਅਦ ਆਉਣ ਵਾਲੀ ਸੰਤਾਨ ਸ਼ਾਸਕ ਹੋਣ ਦਾ ਆਪਣਾ ਅਧਿਕਾਰ ਗੁਆ ਸਕਦੀ ਹੈ।

> “ਜੇ ਤੂੰ ਮੇਰੇ ਸਨਮੁਖ ਮਨ ਦੀ ਸਚਿਆਈ ਤੇ ਧਰਮ ਨਾਲ ਚੱਲੇਂਗਾ ਜਿਵੇਂ ਤੇਰਾ ਪਿਤਾ ਦਾਊਦ ਚੱਲਦਾ ਰਿਹਾ ਅਤੇ ਉਹ ਸਭ ਜਿਹ ਦਾ ਮੈਂ ਤੈਨੂੰ ਹੁਕਮ ਦਿੱਤਾ ਪੂਰਾ ਕਰੇਂਗਾ ਅਤੇ ਮੇਰੀਆਂ ਬਿਧੀਆਂ ਅਤੇ ਨਿਯਮਾਂ ਦੀ ਪਾਲਣਾ ਕਰੇਂਗਾ। ਮੈਂ ਤੇਰੀ ਪਾਤਸ਼ਾਹੀ ਦੀ ਰਾਜ ਗੱਦੀ ਇਸਰਾਏਲ ਉੱਤੇ ਸਦਾ ਤੱਕ ਕਾਇਮ ਰੱਖਾਂਗਾ ਜਿਵੇਂ ਮੈਂ ਤੇਰੇ ਪਿਤਾ ਦਾਊਦ ਨਾਲ ਇਹ ਆਖ ਕੇ ਬਚਨ ਦਿੱਤਾ ਸੀ ਕਿ ਤੇਰੇ ਲਈ ਇਸਰਾਏਲ ਦੀ ਰਾਜ ਗੱਦੀ ਵਿਖੇ ਮਨੁੱਖ ਦੀ ਥੁੜ ਨਾ ਰਹੇਗੀ। ਪਰ ਜੇ ਤੁਸੀਂ ਜਾਂ ਤੁਹਾਡੀ ਸੰਤਾਨ ਮੈਥੋਂ ਫਿਰ ਜਾਵੇ ਅਤੇ ਤੁਸੀਂ ਮੇਰੇ ਹੁਕਮਾਂ

ਤੇ ਬਿਧੀਆਂ ਨੂੰ ਜੋ ਮੈਂ ਤੁਹਾਡੇ ਅੱਗੇ ਰੱਖੀਆਂ ਨਾ ਮੰਨੋ ਸਗੋਂ ਜਾ ਕੇ ਦੂਜੇ ਦੇਵਤਿਆਂ ਦੀ ਪੂਜਾ ਕਰੋ ਅਤੇ ਉਨ੍ਹਾਂ ਅੱਗੇ ਮੱਥਾ ਟੇਕੋ। ਤਾਂ ਮੈਂ ਇਸਰਾਏਲ ਨੂੰ ਉਸ ਭੂਮੀ ਦੇ ਉੱਤੋਂ ਜੋ ਮੈਂ ਉਨ੍ਹਾਂ ਨੂੰ ਦਿੱਤੀ ਛੇਕ ਦਿਆਂਗਾ ਅਤੇ ਇਸ ਭਵਨ ਨੂੰ ਜੋ ਮੈਂ ਆਪਣੇ ਨਾਮ ਲਈ ਪਵਿੱਤਰ ਕੀਤਾ ਮੈਂ ਆਪਣੀ ਨਿਗਾਹ ਤੋਂ ਲਾਹ ਸੁੱਟਾਂਗਾ ਸੋ ਇਸਰਾਏਲ ਸਾਰੇ ਲੋਕਾਂ ਵਿੱਚ ਇੱਕ ਕਹਾਉਤ ਤੇ ਮਖ਼ੌਲ ਬਣ ਜਾਵੇਗਾ।" [1 ਰਾਜਾ 9:4-7]

"ਹੁਣ ਹੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ, ਆਪਣੇ ਦਾਸ ਮੇਰੇ ਪਿਤਾ ਦਾਊਦ ਦੇ ਨਾਲ ਉਸ ਬਚਨ ਨੂੰ ਵੀ ਪੂਰਾ ਕਰ ਜੋ ਤੂੰ ਉਸ ਨਾਲ ਕੀਤਾ ਸੀ ਕਿ ਤੇਰੇ ਲਈ ਇਸਰਾਏਲ ਦੀ ਰਾਜ ਗੱਦੀ ਉੱਤੇ ਬੈਠਣ ਲਈ ਮੇਰੇ ਹਜ਼ੂਰ ਮਨੁੱਖ ਦੀ ਥੁੜ ਨਹੀਂ ਹੋਵੇਗੀ, ਜੇ ਕੇਵਲ ਤੇਰੇ ਪੁੱਤਰ ਆਪਣੇ ਰਾਹ ਉੱਤੇ ਧਿਆਨ ਕਰਨ ਅਤੇ ਮੇਰੀ ਬਿਵਸਥਾ ਅਨੁਸਾਰ ਚੱਲਣ ਜਿਵੇਂ ਤੂੰ ਮੇਰੇ ਸਨਮੁਖ ਚੱਲਦਾ ਰਿਹਾ ਹੈਂ" [2 ਇਤਿਹਾਸ 6:16]

ਪਰ ਤੂੰ ਤਾਂ ਤਿਆਗ ਦਿੱਤਾ ਅਤੇ ਰੱਦ ਕੀਤਾ ਹੈ, ਤੂੰ ਤਾਂ ਆਪਣੇ ਮਸਹ ਕੀਤੇ ਹੋਏ ਉੱਤੇ ਕ੍ਰੋਧਵਾਨ ਹੋਈਆਂ ਹੈਂ, ਤੂੰ ਆਪਣੇ ਦਾਸ ਦੇ ਨੇਮ ਨੂੰ ਘਿਣਾਉਣਾ ਸਮਝਿਆ, ਤੂੰ ਉਹ ਦੇ ਮੁਕਟ ਨੂੰ ਮਿੱਟੀ ਵਿੱਚ ਭਰਿਸ਼ਟ ਕੀਤਾ ਹੈ [ਜ਼ਬੂਰ 89:38-39]

ਯਹੋਵਾਹ ਨੇ ਦਾਊਦ ਨਾਲ ਸੱਚੀ ਸਹੁੰ ਖਾਧੀ, ਜਿਸ ਤੋਂ ਉਹ ਫਿਰੇਗਾ ਨਹੀਂ, ਕਿ ਮੈਂ ਤੇਰੇ ਢਿੱਡ ਦੇ ਫਲ ਤੋਂ ਤੇਰੀ ਰਾਜ ਗੱਦੀ ਉੱਤੇ ਕਿਸੇ ਨੂੰ ਬਿਠਾਵਾਂਗਾ, ਜੇ ਤੇਰੀ ਅੰਸ ਮੇਰੇ ਨੇਮ ਤੇ ਮੇਰੀ ਸਾਖੀ ਦੀ, ਜੋ ਮੈਂ ਉਨ੍ਹਾਂ ਨੂੰ ਸਿਖਾਵਾਂਗਾ ਪਾਲਣਾ ਕਰੇ, ਤਾਂ ਉਨ੍ਹਾਂ ਦੀ ਅੰਸ ਵੀ ਜੁੱਗੋ-ਜੁੱਗ ਤੇਰੀ ਰਾਜ ਗੱਦੀ ਉੱਤੇ ਬੈਠੇਗੀ। [ਜ਼ਬੂਰ 132:11-12]

"ਕਿਉਂਕਿ ਜੇ ਉਹ ਸੱਚੀ ਮੁੱਚੀ ਇਹ ਕਰੋਗੇ ਤਾਂ ਦਾਊਦ ਦੇ ਸਿੰਘਾਸਣ ਉੱਤੇ ਬਿਰਾਜਮਾਨ ਰਾਜਾ ਰੱਥਾਂ ਅਤੇ ਘੋੜਿਆਂ ਉੱਤੇ ਚੜ੍ਹ ਕੇ ਇਸ ਮਹਿਲ ਦੇ ਫਾਟਕਾਂ ਵਿੱਚ ਵੜਨਗੇ, ਉਹ ਅਤੇ ਉਹਨਾਂ ਦੇ ਟਹਿਲੂਏ ਅਤੇ ਉਹਨਾਂ ਦੇ ਲੋਕ ਵੀ ਪਰ ਜੇ ਤੁਸੀਂ ਇਹ ਗੱਲਾਂ ਨਾ ਸੁਣੋਗੇ ਤਾਂ ਮੈਨੂੰ ਮੇਰੀ ਹੀ ਸਹੁੰ, ਯਹੋਵਾਹ ਦਾ ਵਾਕ ਹੈ, ਕਿ ਇਹ ਘਰ ਵਿਰਾਨ ਹੋ ਜਾਵੇਗਾ" [ਯਿਰ 22:4-5] (ਯਿਰ 17:24-25 ਵੀ ਦੇਖੋ)

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਨੇਮ ਵਿੱਚ ਵਿਅਕਤੀਗਤ ਭਾਗੀਦਾਰੀ ਅਤੇ ਇਸ ਦਾ ਆਨੰਦ ਲੈਣ ਦੇ ਲਈ ਕੁਝ ਸ਼ਰਤਾਂ ਹੁੰਦੀਆਂ ਹਨ। ਇੱਕ ਵਿਅਕਤੀ ਵਿੱਚ ਵਿਸ਼ਵਾਸ ਹੋਣਾ ਚਾਹੀਦਾ ਹੈ, ਅਤੇ ਆਗਿਆਕਾਰੀ ਨੇਮ ਦੀਆਂ ਹੋਰ ਵੀ ਸੰਪੂਰਨ ਬਰਕਤਾਂ ਨੂੰ ਲਿਆਉਂਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਨੇਮ ਸ਼ਰਤਾਂ ਉੱਤੇ ਆਧਾਰਿਤ ਸਨ। ਇੱਥੇ ਅਸਲ ਮੁੱਦਾ ਇਹ ਹੈ: ਕੀ ਵਿਅਕਤੀਆਂ (ਇੱਥੋਂ ਤੱਕ ਕਿ ਬਹੁਤ ਸਾਰੇ ਲੋਕਾਂ) ਦਾ ਅਵਿਸ਼ਵਾਸ ਅਤੇ ਪਾਪ ਸਾਰੀ ਕੌਮ (ਜਿਸ ਵਿੱਚ ਧਰਤੀ ਲੋਕ ਵੀ ਸ਼ਾਮਲ ਹਨ) ਨਾਲ ਕੀਤੇ ਵਾਅਦਿਆਂ ਨੂੰ ਰੱਦ ਕਰ ਸਕਦਾ ਹੈ? ਕੀ ਬਹੁਤ ਸਾਰੇ ਇਸਰਾਏਲੀਆਂ ਦੇ ਅਵਿਸ਼ਵਾਸ ਦਾ ਅਰਥ ਇਹ ਹੋਵੇਗਾ ਕਿ ਅਬਰਾਹਾਮ, ਦਾਊਦ, ਅਲੀਸ਼ਾ, ਦਾਨੀਏਲ, ਅਤੇ ਇੱਥੋਂ ਤੱਕ ਕਿ ਯੂਹੰਨਾ ਬਪਤਿਸਮਾ ਦੇਣ ਵਾਲੇ ਵਰਗੇ ਲੋਕਾਂ ਨੂੰ ਵੀ ਨੇਮ ਦੀਆਂ ਬਰਕਤਾਂ ਨਹੀਂ ਮਿਲਣਗੀਆਂ? ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਨੇਮਾਂ ਵਿੱਚ ਵਿਅਕਤੀਗਤ ਹਿੱਸਾ ਲੈਣਾ ਸ਼ਰਤ ਉੱਤੇ ਆਧਾਰਿਤ ਹੈ, ਪਰ ਉਹ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਪੂਰੀ ਕੌਮ ਨਾਲ ਕੀਤਾ ਗਿਆ ਨੇਮ ਅਟੁੱਟ ਹੈ। ਅਵਿਸ਼ਵਾਸ ਦੀ ਕੋਈ ਵੀ ਮਾਤਰਾ ਜਾਂ ਹੱਦ ਉਹਨਾਂ ਦੇ ਲਈ ਪਰਮੇਸ਼ਰ ਦੇ ਵਾਅਦਿਆਂ ਨੂੰ ਰੱਦ ਨਹੀਂ ਕਰ ਸਕਦੀ ਜੋ ਵਿਸ਼ਵਾਸ ਕਰਦੇ ਹਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਦਾਊਦ ਦਾ ਪੁੱਤਰ ਇਸਰਾਏਲ ਉੱਤੇ ਇੱਕ ਸਦੀਪਕ ਸਿੰਘਾਸਣ ਸਥਾਪਿਤ ਕਰੇਗਾ, ਪਰ ਪੁਰਾਣੇ ਨੇਮ ਦੇ ਸਮੇਂ ਵਿੱਚ ਦਾਊਦ ਦੇ ਵੰਸ਼ ਦੀ ਹਰੇਕ ਪੀੜ੍ਹੀ ਦੇ ਰਾਜ ਕਰਨ ਦਾ ਅਧਿਕਾਰ ਨੂੰ ਨਿਸ਼ਚਿਤ ਨਹੀਂ ਕੀਤਾ ਗਿਆ ਸੀ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਇਸਰਾਏਲ ਭਵਿੱਖ ਵਿੱਚ ਇੱਕ ਰਾਜ ਦਾ ਆਨੰਦ ਲਵੇਗਾ। ਇਸ ਵਿੱਚ ਇੱਕੋ-ਇੱਕ ਸ਼ਰਤ ਦਾ ਮੁੱਦਾ ਇਹ ਹੈ ਕਿ ਉਹ ਕਿਹੜੇ ਇਸਰਾਇਲੀ ਹਨ ਜੋ ਇਸ ਵਿੱਚ ਵਿਅਕਤੀਗਤ ਰੂਪ ਵਿੱਚ ਹਿੱਸਾ ਲੈਣਗੇ।

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਕਈ ਵਾਰ ਉਤਪਤ 17:7-10 ਵਰਗੇ ਵਚਨਾਂ (ਜੋ ਸੁੰਨਤ ਦੀ ਸਥਾਪਨਾ ਕਰਨ ਵਾਲੇ ਵਚਨ ਹਨ) ਦੀ ਵਰਤੋਂ ਇਹ ਦਲੀਲ ਦੇਣ ਦੇ ਲਈ ਕਰਦੇ ਹਨ ਕਿ ਅਬਰਾਹਾਮ ਨਾਲ ਨੇਮ ਸ਼ਰਤ ਵਾਲਾ ਸੀ। ਪਰ, ਉਹ ਇਸ ਗੱਲ ਵਿੱਚ ਉਲਝ ਜਾਂਦੇ ਹਨ ਕਿ ਇੱਕ ਵਿਅਕਤੀ ਦਾ ਨੇਮ ਦੀਆਂ ਬਰਕਤਾਂ ਵਿੱਚ ਹਿੱਸਾ ਲੈਣਾ ਸ਼ਰਤ ਵਾਲਾ ਹੈ, ਪਰ ਪੂਰੀ ਕੌਮ ਦੇ ਲਈ ਨੇਮ ਦਾ ਵਾਅਦਾ ਬਿਨਾਂ ਕਿਸੇ ਸ਼ਰਤ ਦੇ ਹੈ। ਸੁੰਨਤ ਸਿਰਫ਼ ਉਦੋਂ ਹੀ ਪੂਰੀ ਤਰ੍ਹਾਂ ਕੀਮਤੀ ਸੀ ਜਦੋਂ ਇਹ **ਇੱਕ ਵਿਸ਼ਵਾਸ ਦੀ ਨਿਸ਼ਾਨੀ** ਦੇ ਰੂਪ ਵਿੱਚ ਸੀ (ਰੋਮੀ 4:11), ਅਤੇ ਇਸ ਨੇ ਇੱਕ ਇਬਰਾਨੀ ਵਿਅਕਤੀ ਦੀ ਅਬਰਾਹਾਮ ਦੀ ਬਰਕਤ ਵਿੱਚ ਹਿੱਸਾ ਲੈਣ ਲਈ ਪਛਾਣ ਕੀਤੀ ਸੀ। **ਪਰ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਕਰਨ ਵਿੱਚ ਅਸਫਲ ਹੋਣਾ, ਉਹਨਾਂ ਲੋਕਾਂ ਦੀ ਬਰਕਤ ਨੂੰ ਰੱਦ ਨਹੀਂ ਕਰ ਸਕਦਾ ਹੈ ਜੋ ਵਿਸ਼ਵਾਸ ਕਰਦੇ ਹਨ।** ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲਿਆਂ ਦੁਆਰਾ ਨੇਮ ਦੇ ਸ਼ਰਤ ਵਾਲੇ ਹੋਣ ਦੇ ਬਾਰੇ ਦਿੱਤੇ ਜਾਣ ਵਾਲੇ ਤਰਕ, ਅਸਲ ਵਿੱਚ ਨੇਮਾਂ ਵਿੱਚ ਵਿਅਕਤੀਗਤ ਭਾਗੀਦਾਰੀ ਨੂੰ (ਜੋ ਕਿ ਸ਼ਰਤ ਵਾਲੀ ਹੈ) ਨੇਮਾਂ ਦੇ ਸੁਭਾਅ ਦੇ ਨਾਲ ਉਲਝਾ ਦਿੰਦੇ ਹਨ (ਜੋ ਕਿ ਕਿਸੇ ਸ਼ਰਤ ਤੋਂ ਬਿਨਾਂ ਹੈ)

ਜਦੋਂ ਇੱਕ ਵਿਅਕਤੀ ਨੇਮ ਦੀ ਬਰਕਤ ਦੇ ਅਧੀਨ ਹੁੰਦਾ ਹੈ, ਉਦੋਂ ਨੇਮ **ਬਿਨਾਂ ਸ਼ਰਤ** ਦੇ ਅਤੇ **ਸਦੀਪਕ** ਹੁੰਦੇ ਹਨ। ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਸਰਾਏਲ ਦੇ ਨਾਲ ਕੀਤੇ ਗਏ ਨੇਮ ਪੂਰੇ ਹੋਣਗੇ। ਇਸ ਵਿੱਚ ਇੱਕੋ-ਇੱਕ ਸਵਾਲ ਇਹੀ ਹੈ ਕਿ ਕੀ ਇੱਕ ਯਹੂਦੀ ਵਿਅਕਤੀਗਤ ਰੂਪ ਵਿੱਚ ਉਹਨਾਂ ਵਿੱਚ ਹਿੱਸਾ ਲਵੇਗਾ ਜਾਂ ਨਹੀਂ।

### 4. ਬਰਕਤਾਂ ਦੀ ਇਸਰਾਏਲ ਤੋਂ ਕਲੀਸਿਯਾ ਵਿੱਚ ਤਬਦੀਲੀ

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਨਾ ਹੋਣ ਦੇ ਵਿਚਾਰ ਦਾ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਪ੍ਰਤੀ ਸ਼ਾਇਦ ਸਭ ਤੋਂ ਆਮ ਇਤਰਾਜ਼ ਇਹ ਹੈ ਕਿ ਨੇਮ ਦੀਆਂ ਬਰਕਤਾਂ ਇਸਰਾਏਲ ਤੋਂ ਕਲੀਸਿਯਾ ਵਿੱਚ ਤਬਦੀਲ ਕੀਤੀਆਂ ਗਈਆਂ ਹਨ। ਨਵੇਂ ਨੇਮ ਦੇ ਕੁਝ ਵਚਨਾਂ ਨੂੰ ਇਹ ਦਰਸਾਉਣ ਦੇ ਲਈ ਵਰਤਿਆ ਜਾਂਦਾ ਹੈ ਕਿ ਕਲੀਸਿਯਾ ਹੀ ਹੁਣ ਇਸਰਾਏਲ ਹੈ। ਇਹਨਾਂ ਵਚਨਾਂ ਦੀ ਇੱਕ-ਇੱਕ ਕਰਕੇ ਜਾਂਚ ਕਰਨੀ ਹੋਵੇਗੀ।

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਇਸਰਾਏਲ ਕਲੀਸਿਯਾ ਨੂੰ ਵੱਖਰਾ ਰੱਖਣ ਦੀਆਂ ਆਪਣੀਆਂ ਕੋਸ਼ਿਸ਼ਾਂ ਵਿੱਚ ਬਹੁਤ ਜ਼ਿਆਦਾ ਉਤਸੁਕ ਹੋ ਸਕਦੇ ਹਨ ਕਿ ਉਹ ਪਰਮੇਸ਼ਰ ਦੇ ਲੋਕਾਂ ਦੇ ਇਹਨਾਂ ਦੋ ਸਮੂਹਾਂ ਦੇ ਵਿਚਕਾਰ ਕਿਸੇ ਮੇਲ ਤੋਂ ਇਨਕਾਰ ਕਰ ਸਕਦੇ ਹਨ। ਅਕਸਰ ਇਹ ਕਿਹਾ ਜਾਂਦਾ ਹੈ ਕਿ ਇਸਰਾਏਲ ਦੇ ਲਈ ਸਿਰਫ਼ ਧਰਤੀ ਦੀਆਂ ਬਰਕਤਾਂ ਹਨ ਅਤੇ ਕਲੀਸਿਯਾ ਦੇ ਲਈ ਸਿਰਫ਼ ਸਵਰਗੀ ਬਰਕਤਾਂ ਹਨ। ਲੇਖਕ ਇਸ ਗੱਲ ਨੂੰ ਸਵੀਕਾਰ ਕਰਨ ਵਿੱਚ ਕੋਈ ਖ਼ਤਰਾ ਮਹਿਸੂਸ ਨਹੀਂ ਕਰਦਾ ਹੈ ਕਿ ਇਸਰਾਏਲ ਅਤੇ ਕਲੀਸਿਯਾ ਵਿਚਕਾਰ ਮੇਲ ਖਾਣ ਵਾਲੇ ਪਹਿਲੂ ਹਨ। ਕਲੀਸਿਯਾ ਸੱਚਮੁੱਚ ਆਉਣ ਵਾਲੇ ਰਾਜ ਵਿੱਚ ਇਸਰਾਏਲ ਦੀਆਂ ਬਹੁਤ ਸਾਰੀਆਂ ਬਰਕਤਾਂ ਵਿੱਚ ਭਾਗੀਦਾਰ ਹੋਵੇਗੀ। ਵਿਸ਼ਵਾਸੀ "ਅਬਰਾਹਾਮ ਦੀ ਸੰਤਾਨ" ਹਨ। ਵਿਸ਼ਵਾਸ ਕਰਨ ਵਾਲੇ "ਸੱਚੀ ਸੁੰਨਤ" ਵਾਲੇ ਹਨ। ਫਿਰ ਵੀ, ਬਾਈਬਲ ਸਿੱਧੇ ਤੌਰ ਤੇ ਕਲੀਸਿਯਾ ਨੂੰ ਇਸਰਾਏਲ ਨਹੀਂ ਕਹਿੰਦੀ ਹੈ। ਕੁਝ ਬਾਈਬਲ ਵਿਦਵਾਨ ਢਿੱਲੇ ਸ਼ਬਦਾਂ ਵਿੱਚ ਕਲੀਸਿਯਾ ਨੂੰ ਸੱਚੇ ਇਸਰਾਏਲ ਵਜੋਂ ਦੱਸਦੇ ਹਨ, ਪਰ ਇਹ ਬਾਈਬਲ ਦੀ ਸ਼ਬਦਾਵਲੀ ਨਹੀਂ ਹੈ। ਹੇਠਾਂ ਦਿੱਤੇ ਸਾਰੇ ਵਚਨਾਂ ਦੀ ਵਧੀਆ ਵਿਆਖਿਆ, ਇਸਰਾਏਲ ਅਤੇ ਕਲੀਸਿਯਾ ਨੂੰ ਇੱਕ-ਦੂਜੇ ਤੋਂ ਵੱਖਰਾ ਰੱਖਦੇ ਹੋਏ ਹੋ ਸਕਦੀ ਹੈ (ਹਾਲਾਂਕਿ ਉਹਨਾਂ ਦੀ ਕਈ ਵਾਰ ਇੱਕੋ ਹੀ ਤਰ੍ਹਾਂ ਦੀਆਂ ਬਰਕਤਾਂ ਵਿੱਚ ਭਾਗੀਦਾਰੀ ਹੋ ਜਾਂਦੀ ਹੈ)।

ਪਰ ਜੇਕਰ ਅਸੀਂ ਕੁਝ ਵਚਨਾਂ ਨੂੰ ਇਹ ਕਹਿੰਦਾ ਹੋਇਆ ਮੰਨ ਵੀ ਲਈਏ ਕਿ ਉਹ ਕਲੀਸਿਯਾ ਨੂੰ "ਇਸਰਾਏਲ" ਕਹਿੰਦੇ ਹਨ, ਤਾਂ ਕੀ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਨਾ ਹੋਣ ਦੇ ਵਿਚਾਰ ਨੂੰ ਸਹੀ ਸਾਬਤ ਕਰੇਗਾ? ਨਹੀਂ, ਕਿਉਂਕਿ ਨੇਮ ਦੀ ਬਰਕਤ ਦੀਆਂ ਸਾਰੀਆਂ ਗੱਲਾਂ ਵਿੱਚ ਕਲੀਸਿਯਾ ਦੀ ਭਾਗੀਦਾਰੀ ਹੋਣ ਦੇ ਬਾਅਦ ਵੀ, ਇਸ ਦਾ ਅਰਥ ਇਸਰਾਏਲ ਦੁਆਰਾ ਉਸ ਦੀਆਂ ਸਾਰੀਆਂ ਬਰਕਤਾਂ ਨੂੰ ਗੁਆ ਦੇਣਾ ਨਹੀਂ ਹੋ ਸਕਦਾ ਹੈ।[64] ਜੇਕਰ ਮੈਂ ਇੱਕ ਵਿਸ਼ਵਾਸੀ ਹੋਣ ਦੇ ਨਾਤੇ ਭਵਿੱਖ ਦੇ ਰਾਜ ਵਿੱਚ ਭਾਗੀਦਾਰ ਹੁੰਦਾ ਹਾਂ, ਤਾਂ ਇਸ ਦਾ ਅਰਥ ਇਹ ਨਹੀਂ ਹੋ ਸਕਦਾ ਹੈ ਕਿ ਇਸਰਾਏਲ ਦੀ ਉਹਨਾਂ ਬਰਕਤਾਂ ਵਿੱਚ ਕੋਈ ਭਾਗੀਦਾਰੀ ਨਹੀਂ ਹੋਵੇਗੀ। ਨਵਾਂ ਨੇਮ ਇਸਰਾਏਲ ਅਤੇ ਕਲੀਸਿਯਾ ਦੇ ਵਿਚਕਾਰ ਇੱਕ ਫ਼ਰਕ ਦੱਸਦਾ ਹੈ (ਦੇਖੋ, 1 ਕੁਰਿੰਥ 10:32), ਅਤੇ ਇਹ ਅਜੇ ਵੀ ਇਸਰਾਏਲ ਦੇ ਇੱਕ ਭਵਿੱਖ ਦੀ ਭਵਿੱਖਬਾਣੀ ਕਰਦਾ ਹੈ (ਦੇਖੋ, ਰੋਮੀ 11:25ff )। ਇੱਕ ਵਚਨ ਦੇ ਅਰਥ ਦੇ ਲਈ ਵਿਆਖਿਆਕਾਰ ਅਕਸਰ ਇਸ ਤੱਥ ਉੱਤੇ ਜ਼ੋਰ ਦਿੰਦੇ ਹਨ ਕਿ ਉਸ ਦੇ ਮੂਲ ਪ੍ਰਾਪਤਕਰਤਾਵਾਂ ਦੇ ਲਈ ਉਹਨਾਂ ਦਾ ਕੀ ਅਰਥ ਰਿਹਾ ਹੋਵੇਗਾ। ਅਬਰਾਹਾਮ ਅਤੇ ਦਾਊਦ ਇਸਰਾਏਲ ਦੇ ਭਵਿੱਖ ਦੀ ਉਮੀਦ ਕਰ ਰਹੇ ਸਨ। ਕਲੀਸਿਯਾ ਇਸ ਵਿੱਚ ਭਾਵੇਂ ਭਾਗੀਦਾਰ ਹੁੰਦੀ ਹੈ, ਪਰ ਇਸਰਾਏਲ ਦੇ ਲਈ ਵੀ ਇਹ ਪੂਰਾ ਹੋਵੇਗਾ।

ਅੱਗੇ ਦਿੱਤੇ ਗਏ ਵਚਨ ਕਲੀਸਿਯਾ ਨੂੰ "ਇਸਰਾਏਲ" ਨਹੀਂ ਕਹਿੰਦੇ ਹਨ, ਪਰ ਜੇਕਰ **ਉਹਨਾਂ ਨੇ ਅਜਿਹਾ ਕਿਹਾ ਵੀ ਹੈ**, ਤਾਂ ਇਹਨਾਂ ਵਿੱਚ ਅਜਿਹਾ ਸੋਚਣ ਦਾ ਕਾਫ਼ੀ ਆਧਾਰ ਨਹੀਂ ਹੋਵੇਗਾ ਕਿ ਇਸਰਾਏਲ ਕੌਮ ਦਾ ਕੋਈ ਭਵਿੱਖ ਨਹੀਂ ਹੋਵੇਗਾ।

#### a. ਕਲੀਸਿਯਾ ਇਸਰਾਏਲ ਹੈ

ਰੋਮੀ 9:6 ਵਿੱਚ ਇੱਕ ਮੁੱਖ ਵਾਕਾਂਸ਼ ਦਾ ਸ਼ਾਬਦਿਕ ਅਨੁਵਾਦ ਇਹ ਹੋਵੇਗਾ: "ਕਿਉਂਕਿ ਸਾਰੇ ਇਸਰਾਇਲੀ ਸੱਚੇ ਇਸਰਾਇਲੀ ਨਹੀਂ ਹਨ।" ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਲੋਕ ਇਸ ਆਇਤ ਦੀ ਵਿਆਖਿਆ ਇਸ ਤਰ੍ਹਾਂ ਕਰਦੇ ਹਨ ਕਿ "ਸਾਰੇ ਸੱਚੇ ਇਸਰਾਏਲੀ ਇਸਰਾਏਲੀ ਨਹੀਂ ਹੁੰਦੇ ਹਨ।" ਦੂਜੇ ਸ਼ਬਦਾਂ ਵਿੱਚ, ਨਸਲੀ ਤੌਰ ਤੇ ਇਸਰਾਇਲੀ ਹੋਣ ਨਾਲੋਂ ਇਸਰਾਇਲੀ ਹੋਣ ਵਿੱਚ ਕੁਝ ਹੋਰ ਵੀ ਹੁੰਦਾ ਹੈ, ਅਰਥਾਤ ਕਲੀਸਿਯਾ ਵੀ ਇਸਰਾਏਲ ਹੈ। ਹਾਲਾਂਕਿ ਅਜਿਹੀ ਵਿਆਖਿਆ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲਿਆਂ ਦੀ ਇੱਛਾ ਨੂੰ ਪੂਰਾ ਕਰਦੀ ਹੈ ਕਿ ਕਲੀਸਿਯਾ ਇਸਰਾਏਲ ਦੇ ਬਰਾਬਰ ਹੈ ਅਤੇ ਇਸਰਾਏਲ ਦੀਆਂ ਸਾਰੀਆਂ ਬਰਕਤਾਂ ਕਲੀਸਿਯਾ ਵਿੱਚ ਤਬਦੀਲ ਹੋ ਗਈਆਂ ਹਨ, ਫਿਰ ਵੀ ਇਹ ਰੋਮੀ 9:6 ਦੀ ਸਭ ਤੋਂ ਵਧੀਆ ਵਿਆਖਿਆ ਨਹੀਂ ਹੈ। ਅਸਲ ਵਿੱਚ, ਇਸ ਵਿਚਾਰ ਉੱਤੇ ਆਉਣ ਦੇ ਲਈ ਇੱਕ ਵਿਅਕਤੀ ਨੂੰ ਸਭ ਤੋਂ ਪਹਿਲਾਂ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਨਾ ਹੋਣ ਦੇ ਵਿਚਾਰ ਨਾਲ ਇਸ ਵਚਨ ਨੂੰ ਦੇਖਣਾ ਚਾਹੀਦਾ ਹੈ।

[64] ਰੋਮੀਆਂ ਅਧਿਆਇ 11 ਇਹ ਦੋ ਗੱਲਾਂ ਸਿਖਾਉਂਦਾ ਹੈ ਕਿ ਇਸਰਾਏਲ ਦਾ ਇੱਕ ਭਵਿੱਖ ਹੈ, ਅਤੇ ਇਹ ਵੀ ਕਿ ਇਸਰਾਏਲ ਨਾਲ ਨੇਮ ਦੀਆਂ ਕੁਝ ਬਰਕਤਾਂ ਸਾਂਝੀਆਂ ਕਰਨ ਦੇ ਲਈ ਗ਼ੈਰ-ਯਹੂਦੀਆਂ ਨੂੰ ਵੀ ਇਸਰਾਏਲ ਵਿੱਚ "ਸ਼ਾਮਲ" ਕੀਤਾ ਗਿਆ ਹੈ।

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਨੂੰ ਮੰਨਣ ਵਾਲੇ ਇਹ ਸਮਝਦੇ ਹਨ ਕਿ ਰੋਮੀ 9:6 ਅਬਰਾਹਾਮ ਦੀ ਸੰਤਾਨ ਦੇ ਅੰਦਰ ਦੋ ਕਿਸਮ ਦੇ ਇਸਰਾਏਲੀਆਂ ਦੀ ਗੱਲ ਕਰਦਾ ਹੈ। ਇੱਥੇ ਸਰੀਰਕ ਇਸਰਾਏਲੀ ਹਨ ਜੋ ਆਤਮਿਕ ਇਸਰਾਏਲੀ ਨਹੀਂ ਹਨ, ਅਤੇ ਸਰੀਰਕ ਇਸਰਾਏਲੀ ਹਨ ਜੋ ਆਤਮਿਕ ਇਸਰਾਏਲੀ ਵੀ ਹਨ। ਇਸ ਆਇਤ ਕਿਸੇ ਵੀ ਤਰ੍ਹਾਂ ਕਲੀਸਿਯਾ ਦੇ ਬਾਰੇ ਗੱਲ ਨਹੀਂ ਕਰ ਰਹੀ ਹੈ।

ਅੰਗਰੇਜ਼ੀ ਅਨੁਵਾਦ ਐਨ.ਆਈ.ਵੀ ਸ਼ਾਇਦ ਇਸ ਵਿਚਾਰ ਨੂੰ ਮੰਨਦਾ ਹੈ ਕਿ ਰੋਮੀ 9:6 ਵਿੱਚ ਦਰਸਾਈ ਗਈ ਅਲੱਗ ਪਹਿਚਾਣ ਸਿਰਫ਼ ਦੋ ਤਰ੍ਹਾਂ ਦੇ ਯਹੂਦੀਆਂ ਦੀ ਪਹਿਚਾਣ ਹੈ ਜਿਸ ਵਿੱਚ ਕਲੀਸਿਯਾ ਦਾ ਬਿਲਕੁਲ ਕੋਈ ਹਵਾਲਾ ਨਹੀਂ ਹੈ। "ਕਿਉਂਕਿ ਸਾਰੇ ਜੋ ਇਸਰਾਏਲ ਤੋਂ ਆਏ ਹਨ, ਉਹ ਇਸਰਾਏਲੀ ਨਹੀਂ ਹਨ" (ਰੋਮੀ 9:6 ਐਨ.ਆਈ.ਵੀ)। ਦੂਜੇ ਸ਼ਬਦਾਂ ਵਿੱਚ, ਨਸਲੀ ਤੌਰ ਤੇ ਯਹੂਦੀ ਹੋਣਾ ਇੱਕ ਵਿਅਕਤੀ ਨੂੰ ਉਦੋਂ ਤੱਕ ਸੱਚਾ ਯਹੂਦੀ ਨਹੀਂ ਬਣਾਉਂਦਾ ਹੈ ਜਦੋਂ ਤੱਕ ਉਸ ਵਿਅਕਤੀ ਵਿੱਚ ਵਿਸ਼ਵਾਸ ਨਹੀਂ ਹੁੰਦਾ ਹੈ।

ਇਸ ਵਿਆਖਿਆ ਨੂੰ ਸਵੀਕਾਰ ਕਰਨ ਦੇ ਕਈ ਕਾਰਨ ਹਨ ਜੋ ਕਲੀਸਿਯਾ ਨੂੰ ਇਸਰਾਏਲ ਨਹੀਂ ਮੰਨਦੀ ਹੈ। ਇਸ ਦੇ ਸੰਦਰਭ ਦਾ ਸੰਬੰਧ ਨਸਲੀ ਇਸਰਾਏਲ (ਰੋਮੀ 9:1-5) ਅਤੇ "ਤੋਂ" ਸ਼ਬਦ ਨਾਲ ਹੈ ਜੋ ਆਇਤ 5 ਵਿੱਚ ਮਸੀਹ ਦੇ ਦਾਊਦ ਤੋਂ ਪੈਦਾ ਹੋਣ ਦੀ ਗੱਲ ਕਰਦਾ ਹੈ। ਇਸ ਲਈ, ਆਇਤ 6 ਵਿੱਚ "ਤੋਂ" ਨੂੰ ਵੀ ਐਨ.ਆਈ.ਵੀ. ਅਨੁਵਾਦ ਦੀ ਤਰ੍ਹਾਂ ਇੱਕ ਸਰੀਰਕ ਵੰਸ਼ ਮੰਨਣਾ ਚਾਹੀਦਾ ਹੈ। ਵਾਕਾਂਸ਼ "ਸਾਰੇ ਇਸਰਾਏਲ ਤੋਂ ਨਹੀਂ ਹਨ" ਦਾ ਅਰਥ ਹੈ ਕਿ "ਸਾਰੇ ਇਸਰਾਏਲ ਦੇ **ਵੰਸ਼** ਤੋਂ ਨਹੀਂ ਹਨ।" ਜਿਵੇਂ ਕਿ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਦੇ ਵਿਚਾਰ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਮੰਨਦੇ ਹਨ, ਇਹ ਇੱਕ "ਆਤਮਿਕ ਇਸਰਾਏਲ" (ਅਰਥਾਤ ਕਲੀਸਿਯਾ) ਨਹੀਂ ਹੈ।

ਦੂਜਾ ਵਿਚਾਰ ਇਹ ਹੈ ਕਿ ਰੋਮੀ 9:7-13 ਦੀਆਂ ਉਦਾਹਰਣਾਂ ਦੇ ਲੋਕ ਅਬਰਾਹਾਮ ਦੀ ਸੰਤਾਨ ਬਾਰੇ ਗੱਲ ਕਰਦੇ ਹਨ (ਇਸਹਾਕ, ਇਸਮਾਏਲ, ਯਾਕੂਬ ਅਤੇ ਏਸਾਓ)। ਜੇਕਰ **ਵਿਆਖਿਆ ਕਰਨ ਵਾਲੇ ਲੇਖ** ਅਬਰਾਹਾਮ ਤੋਂ ਪੈਦਾ ਹੋਏ ਸਰੀਰਕ ਲੋਕਾਂ ਦੀਆਂ ਸਿਰਫ਼ ਦੋ ਸ਼੍ਰੇਣੀਆਂ ਬਾਰੇ ਗੱਲ ਕਰ ਰਹੇ ਹਨ, ਤਾਂ ਇਹ ਇੱਕ ਤਰਕਪੂਰਨ ਸਿੱਟਾ ਹੀ ਹੋਵੇਗਾ ਕਿ ਜਿਸ **ਆਇਤ 6** ਦੀ ਵਿਆਖਿਆ ਕੀਤੀ ਜਾ ਰਹੀ ਹੈ, ਉਸ ਦਾ ਸੰਬੰਧ ਉਹਨਾਂ ਦੋ ਸ਼੍ਰੇਣੀਆਂ ਦੇ ਲੋਕਾਂ ਨਾਲ ਹੈ ਜੋ **ਸਰੀਰਕ ਰੂਪ ਵਿੱਚ ਇਸਰਾਏਲ ਵਿੱਚੋਂ ਪੈਦਾ ਹੋਏ ਹਨ**, ਜਿਸ ਵਿੱਚ ਕਲੀਸਿਯਾ ਦਾ ਕੋਈ ਹਵਾਲਾ ਨਹੀਂ ਹੈ।

ਤੀਜਾ ਵਿਚਾਰ, ਆਇਤਾਂ 7-13 ਵਿੱਚ ਇਹ ਉਦਾਹਰਣਾਂ ਸਰੀਰਕ ਸੰਤਾਨ ਦੇ ਇੱਕ ਵੱਡੇ ਸਮੂਹ ਬਾਰੇ ਗੱਲ ਕਰਦੀਆਂ ਹਨ ਜੋ ਸਰੀਰਕ ਸੰਤਾਨ ਦੇ ਉਸ ਇੱਕ ਛੋਟੇ ਸਮੂਹ ਤੋਂ ਵੱਖਰਾ ਹੈ ਜੋ ਆਤਮਿਕ ਵਾਰਸ ਵੀ ਹਨ। ਇਹ ਨਮੂਨਾ ਰੋਮੀ 9:6 ਦੇ ਬਾਰੇ ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਨਾਲ ਫਿੱਟ ਬੈਠਦਾ ਹੈ। ਸਰੀਰਕ ਸੰਤਾਨ ਦਾ ਇੱਕ ਵੱਡਾ ਸਮੂਹ ਹੈ, ਪਰ ਉਹਨਾਂ ਵਿੱਚੋਂ ਸਿਰਫ਼ ਇੱਕ ਛੋਟਾ ਭਾਗ ਹੀ ਸੱਚੇ (ਆਤਮਿਕ) ਇਸਰਾਇਲੀ ਹਨ।[65]

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਇਹ ਕਹਿੰਦੇ ਹਨ ਕਿ ਰੋਮੀ 9:6 ਦਾ ਇਹ ਮਤਲਬ ਹੈ ਕਿ ਆਤਮਿਕ ਵਾਰਸ (ਸੱਚੇ ਇਸਰਾਏਲ ਦੇ ਰੂਪ ਵਿੱਚ ਕਲੀਸਿਯਾ) ਸਰੀਰਕ ਸੰਤਾਨ ਤੋਂ ਪਰੇ ਹੈ। ਫਿਰ ਵੀ, ਇਸ ਸੰਦਰਭ ਵਿੱਚ (ਆਇਤਾਂ 7-13) ਦਿੱਤੀਆਂ ਗਈਆਂ ਉਦਾਹਰਣਾਂ ਦਾ ਸੰਬੰਧ ਸਿਰਫ਼ ਉਹਨਾਂ ਸਰੀਰਕ ਵੰਸ਼ਾਂ ਨਾਲ ਹੈ ਜੋ ਸਰੀਰਕ ਰੂਪ ਵਿੱਚ ਅਬਰਾਹਾਮ ਤੋਂ ਪੈਦਾ ਹੋਏ ਹਨ, ਅਤੇ ਉਹ ਇਹ ਦਲੀਲ ਨਹੀਂ ਦਿੰਦੇ ਹਨ ਕਿ ਇੱਕ ਛੋਟੇ ਸਰੀਰਕ ਸਮੂਹ ਤੋਂ ਵੱਡਾ ਇੱਕ ਆਤਮਿਕ ਸਮੂਹ ਹੈ। ਪਰ, ਇਸ ਦੇ ਉਲਟ, ਇੱਥੇ ਦਿੱਤੀਆਂ ਗਈਆਂ ਉਦਾਹਰਣਾਂ ਸਰੀਰਕ ਵੰਸ਼ਾਂ ਦਾ ਇੱਕ ਵੱਡਾ ਨਮੂਨਾ ਦਿਖਾਉਂਦੀਆਂ ਹਨ ਜਿਹਨਾਂ ਵਿੱਚ ਆਤਮਿਕ ਵਾਰਸਾਂ ਦੇ ਸਿਰਫ਼ ਛੋਟੇ ਸਮੂਹ ਹਨ।

ਇੱਕ ਵਿਅਕਤੀ ਨੂੰ ਰੋਮੀ 9:6 ਦੀ ਵਿਆਖਿਆ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਵਿਚਾਰ ਅਨੁਸਾਰ ਕਰਨ ਤੋਂ ਪਹਿਲਾਂ ਇਸ ਵਿਚਾਰ ਵਾਲਾ ਹੋਣਾ ਪਵੇਗਾ।

ਗਲਾਤੀ 6:16 ਇੱਕ ਹੋਰ ਅਜਿਹਾ ਵਚਨ ਹੈ ਜਿਸ ਨੂੰ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਦ੍ਰਿੜ੍ਹਤਾ ਨਾਲ ਇਹ ਕਹਿਣ ਦੇ ਲਈ ਵਰਤਦੇ ਹਨ ਕਿ ਕਲੀਸਿਯਾ ਨੇ ਇਸਰਾਏਲ ਦੀ ਜਗ੍ਹਾ ਲੈ ਲਈ ਹੈ।

> ਜਿਹੜੇ ਇਸ ਨਿਯਮ ਉੱਤੇ ਚੱਲਦੇ ਹਨ ਉਹਨਾਂ ਨੂੰ ਸ਼ਾਂਤੀ ਅਤੇ ਕਿਰਪਾ ਦਾ ਦਾਨ ਮਿਲੇ ਅਤੇ ਪਰਮੇਸ਼ਰ ਦੇ ਇਸਰਾਏਲ ਨੂੰ ਵੀ। [ਗਲਾਤੀ 6:16]

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਇਹ ਸਿਖਾਉਣਗੇ ਕਿ ਗਲਾਤੀ 6:16 ਦਾ ਆਖ਼ਰੀ ਵਾਕਾਂਸ਼ ਕਲੀਸਿਯਾ ਨੂੰ "ਪਰਮੇਸ਼ਰ ਦੇ ਸੱਚੇ ਇਸਰਾਏਲ" ਦੱਸ ਰਿਹਾ ਹੈ। ਗਲਾਤੀ 6:16 ਦਾ ਐਨ.ਆਈ.ਵੀ ਅਨੁਵਾਦ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਵਾਲੇ ਵਿਚਾਰ ਦੇ ਜ਼ਿਆਦਾ ਅਨੁਕੂਲ ਹੈ, ਪਰ ਉਹ ਫਿਰ ਵੀ ਇਸ ਵਿਚਾਰ ਨੂੰ ਸਾਬਤ ਨਹੀਂ ਕਰਦਾ ਹੈ। "ਜਿਹੜੇ ਇਸ ਨਿਯਮ ਉੱਤੇ ਚੱਲਦੇ ਹਨ ਉਹਨਾਂ ਨੂੰ ਸ਼ਾਂਤੀ ਅਤੇ ਕਿਰਪਾ ਦਾ ਦਾਨ ਮਿਲੇ ਅਤੇ ਪਰਮੇਸ਼ਰ ਦੇ ਇਸਰਾਏਲ ਨੂੰ ਵੀ।" ਇਸ ਯੂਨਾਨੀ ਸ਼ਬਦ *ਕਾਈ* ਦਾ ਆਮ ਅਨੁਵਾਦ "ਅਤੇ" ਹੁੰਦਾ ਹੈ। ਗਲਾਤੀ 6:15-16 ਵਿੱਚ ਇਸ ਦਾ ਅਰਥ ਇਹ ਹੋਵੇਗਾ ਕਿ ਪੌਲੁਸ ਲੋਕਾਂ ਦੇ ਦੋ ਸਮੂਹਾਂ ਨੂੰ

[65] ਇਹੀ ਨਮੂਨਾ ਰੋਮੀ 2:28-29 ਵਿੱਚ ਵੀ ਹੈ।

ਸੰਬੋਧਿਤ ਕਰ ਰਿਹਾ ਹੈ, ਪਹਿਲਾਂ ਸਮੂਹ ਨਵੀਂ ਸ੍ਰਿਸ਼ਟੀ (ਕਲੀਸਿਯਾ) ਹੈ, ਅਤੇ ਦੂਜਾ ਸਮੂਹ ਮੁਕਤੀ ਪਾਏ ਹੋਏ ਯਹੂਦੀ ਹਨ ਜਿਹਨਾਂ ਨੂੰ ਉਸ ਨੇ "ਪਰਮੇਸ਼ਰ ਦਾ ਇਸਰਾਏਲ" ਕਿਹਾ ਗਿਆ ਹੈ। ਪੂਰੀ ਕਲੀਸਿਯਾ ਦੀ ਪਹਿਚਾਣ ਇਸਰਾਏਲ ਦੇ ਰੂਪ ਵਿੱਚ ਦੇਣ ਦੀ ਬਜਾਏ, ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਗਲਾਤੀ 6:16 ਮੁਕਤੀ ਪਾਏ ਹੋਏ ਉਸ ਇਸਰਾਏਲ ਨੂੰ ਬਰਕਤ ਦੇ ਰਿਹਾ ਹੈ ਜੋ ਕਲੀਸਿਯਾ ਦਾ ਇੱਕ ਹਿੱਸਾ ਹੈ। ਜਦੋਂ ਤੱਕ ਸੰਦਰਭ ਇੱਕ ਸਪੱਸ਼ਟ ਰੂਪ ਵਿੱਚ ਇਹ ਤਹਿ ਨਾ ਕਰ ਰਿਹਾ ਹੋਵੇ ਕਿ ਇੱਕ ਸ਼ਬਦ ਦੇ ਗੌਣ ਅਰਥ ਨੂੰ ਸਵੀਕਾਰ ਕੀਤਾ ਜਾਵੇ, ਉਦੋਂ ਤੱਕ ਇੱਕ ਸ਼ਬਦ ਦੇ ਮੁੱਢਲੇ ਅਰਥ (ਜਿਵੇਂ ਇਸ ਮਾਮਲੇ ਵਿੱਚ "ਅਤੇ") ਨੂੰ ਹੀ ਅਪਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇੱਥੇ ਸੰਦਰਭ ਮੁਕਤੀ ਪਾਏ ਹੋਏ ਯਹੂਦੀਆਂ ਦੇ ਲਈ ਇੱਕ ਬਰਕਤ ਦੇ ਪੱਖ ਵਿੱਚ ਹੈ ਜਿਹਨਾਂ ਨੇ ਕਿਰਪਾ ਨੂੰ ਸਮਝਿਆ ਹੈ। ਕਾਨੂੰਨੀ ਕੱਟੜ ਯਹੂਦੀਆਂ ਦੀ ਪੂਰੀ ਪੁਸਤਕ ਵਿੱਚ ਆਲੋਚਨਾ ਕਰਨ ਤੋਂ ਬਾਅਦ, ਇਹ ਤਰਕਪੂਰਨ ਹੈ ਕਿ ਪੌਲੁਸ ਉਹਨਾਂ ਯਹੂਦੀ ਲੋਕਾਂ ਦੀ ਪ੍ਰਸ਼ੰਸਾ ਕਰੇ ਜੋ ਸਿਰਫ਼ ਵਿਸ਼ਵਾਸ ਦੁਆਰਾ ਧਰਤੀ ਠਹਿਰਾਏ ਗਏ ਹਨ, "ਉਹਨਾਂ ਨੂੰ ਸ਼ਾਂਤੀ ਅਤੇ ਕਿਰਪਾ ਦਾ ਦਾਨ ਮਿਲੇ...ਪਰਮੇਸ਼ਰ ਦੇ ਇਸਰਾਏਲ ਨੂੰ ਵੀ।"

ਜੇਕਰ ਅਸੀਂ ਸ਼ਬਦ *ਕਾਈ* ਦਾ ਇੱਕ ਵੱਖਰਾ ਅਨੁਵਾਦ ਵੀ ਅਪਣਾਉਣਾ ਚਾਹੁੰਦੇ ਹਾਂ, ਤਾਂ ਫਿਰ ਵੀ ਇੱਕ ਗੌਣ ਅਨੁਵਾਦ ਅਨੁਸਾਰ ਕਲੀਸਿਯਾ ਨੂੰ ਇਸਰਾਏਲ ਮੰਨ ਲੈਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਦਾ ਇੱਕ ਅਨੁਵਾਦ ਇਹ ਵੀ ਹੋ ਸਕਦਾ ਹੈ, "ਪਰਮੇਸ਼ਰ ਨੇ ਉਹਨਾਂ ਸਾਰਿਆਂ ਨੂੰ ਬਰਕਤ ਦਿੱਤੀ ਹੈ ਜੋ ਕਿਰਪਾ ਦੀ ਪਾਲਣਾ ਕਰਦੇ ਹਨ (ਇੱਥੋਂ ਤੱਕ) ਵਿਸ਼ਵਾਸੀ ਯਹੂਦੀਆਂ ਨੂੰ ਵੀ।" ਇਸ ਤਰ੍ਹਾਂ ਪੌਲੁਸ ਇਹ ਦਿਖਾ ਸਕਦਾ ਸੀ ਕਿ ਉਹ ਸਾਰੇ ਯਹੂਦੀਆਂ ਦੀ ਨਹੀਂ ਪਰ ਸਿਰਫ਼ ਧਰਮ ਦੇ ਕੰਮਾਂ ਵਿੱਚ ਭਰੋਸਾ ਰੱਖਣ ਵਾਲੇ ਕੱਟੜਵਾਦੀ ਯਹੂਦੀਆਂ ਦੀ ਹੀ ਆਲੋਚਨਾ ਕਰ ਰਿਹਾ ਸੀ। ਰਾਇਰੀ ਦਾ ਇਹ ਕਹਿਣਾ ਸਹੀ ਹੈ ਕਿ ਸਿਰਫ਼ ਗਲਾਤੀ 6:16 ਦੀ ਇੱਕ ਬਹੁਤ ਤੰਗ ਸਮਝ ਹੀ ਕਿਸੇ ਨੂੰ ਹਾਜ਼ਰ ਸਾਲ ਦੇ ਸ਼ਾਬਦਿਕ ਰਾਜ ਵਿੱਚ ਵਿਸ਼ਵਾਸ ਨਾ ਕਰਨ ਦੇ ਵਿਚਾਰ ਵੱਲ ਲੈ ਕੇ ਜਾਂਦੀ ਹੈ। ਇਹ ਬਿਲਕੁਲ ਸਪੱਸ਼ਟ ਹੈ ਕਿ ਜ਼ਿਆਦਾਤਰ ਵਿਕਲਪ ਕਲੀਸਿਯਾ ਦੀ ਪਹਿਚਾਣ ਇਸਰਾਏਲ ਦੇ ਰੂਪ ਵਿੱਚ ਨਹੀਂ ਕਰਦੇ ਹਨ।[66]

ਹੋਰ ਕੋਈ ਵੀ ਅਜਿਹੀ ਜਗ੍ਹਾ ਨਹੀਂ ਹੈ ਜਿੱਥੇ ਪੌਲੁਸ ਨੇ ਕਿਸੇ ਵੀ ਤਰੀਕੇ ਨਾਲ ਕਲੀਸਿਯਾ ਦੀ ਪਹਿਚਾਣ ਇਸਰਾਏਲ ਦੇ ਰੂਪ ਵਿੱਚ ਕੀਤੀ ਹੋਵੇ। ਇੱਕ ਉਦਾਹਰਣ ਹੋਣ ਦੇ ਲਈ ਗਲਾਤੀ 6:16 ਇੱਕ ਕਮਜ਼ੋਰ ਆਇਤ ਹੈ। ਪੌਲੁਸ ਦੇ ਮਨ ਵਿੱਚ ਦੋ ਨਾਮਾਂ ਵਾਲੇ ਸਿਰਫ਼ ਇੱਕ ਹੀ ਸਮੂਹ ਦੀ ਬਜਾਏ ਦੋ ਸਮੂਹ ਹਨ (ਸਾਰੀ ਕਲੀਸਿਯਾ ਅਤੇ ਇਸ ਦਾ ਯਹੂਦੀ ਹਿੱਸਾ)। ਕਲੀਸਿਯਾ ਦੀ ਇਸਰਾਏਲ ਦੇ ਰੂਪ ਵਿੱਚ ਪਹਿਚਾਣ ਹੋਰ ਮਜ਼ਬੂਤ ਆਧਾਰਾਂ ਉੱਤੇ ਹੋਣੀ ਚਾਹੀਦੀ ਹੈ।

### b. ਕਲੀਸਿਯਾ "ਅਬਰਾਹਾਮ ਦੀ ਸੰਤਾਨ" ਦੇ ਰੂਪ ਵਿੱਚ

ਗਲਾਤੀਆਂ 3:7 ਵਿਸ਼ਵਾਸੀਆਂ ਨੂੰ "ਅਬਰਾਹਾਮ ਦੀ ਸੰਤਾਨ" ਕਹਿੰਦਾ ਹੈ।

> ਤੁਸੀਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਵੋ ਕਿ ਅਬਰਾਹਾਮ ਦੀ ਅਸਲੀ ਸੰਤਾਨ ਉਹ ਹੀ ਹਨ ਜਿਹੜੇ ਵਿਸ਼ਵਾਸ ਕਰਦੇ ਹਨ। [ਗਲਾਤੀ 3:7]

ਅਜਿਹਾ ਲੱਗਦਾ ਹੈ ਜਿਵੇਂ ਉਪ-ਸਰਗ ਦਾ ਮੌਜੂਦ ਨਾ ਹੋਣਾ ਇੱਕ ਮਹੱਤਵ ਦੀ ਗੱਲ ਹੈ। ਵਿਸ਼ਵਾਸੀ "ਅਬਰਾਹਾਮ ਦੀ **ਪ੍ਰਤੱਖ** ਸੰਤਾਨ" ਨਹੀਂ ਬਲਕਿ "ਅਬਰਾਹਾਮ ਦੀ ਸੰਤਾਨ" ਹਨ। ਪੌਲੁਸ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ ਵਿਸ਼ਵਾਸੀਆਂ ਵਿੱਚ ਅਬਰਾਹਾਮ ਦੇ ਪੁੱਤਰ ਹੋਣ ਦਾ ਗੁਣ ਇਸ ਲਈ ਹਨ ਕਿਉਂਕਿ ਉਹ ਵੀ ਅਬਰਾਹਾਮ ਦੀ ਤਰ੍ਹਾਂ ਵਿਸ਼ਵਾਸ ਕਰਨ ਵਾਲੇ ਲੋਕ ਹਨ, ਪਰ ਉਹ ਵਿਸ਼ਵਾਸੀਆਂ ਦੀ ਪਹਿਚਾਣ ਪੂਰੀ ਤਰ੍ਹਾਂ ਅਬਰਾਹਾਮ ਦੀ ਸਰੀਰਕ ਸੰਤਾਨ (ਇਸਰਾਏਲ) ਦੇ ਰੂਪ ਵਿੱਚ ਨਹੀਂ ਕਰਦਾ ਹੈ। ਵਿਸ਼ਵਾਸੀਆਂ ਵਿੱਚ ਅਬਰਾਹਾਮ ਦੀ ਸੰਤਾਨ ਹੋਣ ਦੇ ਗੁਣ ਹਨ, ਪਰ ਪੌਲੁਸ ਇਹ ਨਹੀਂ ਸਿਖਾਉਂਦਾ ਹੈ ਕਿ ਉਹਨਾਂ ਨੇ ਇਸਰਾਏਲ ਦੀ ਥਾਂ ਲੈ ਲਈ ਹੈ, ਜਾਂ ਫਿਰ ਇਸਰਾਏਲ ਨਾਲ ਕੀਤੇ ਸਾਰੇ ਵਾਅਦੇ ਹੁਣ ਕਲੀਸਿਯਾ ਨੂੰ ਦੇ ਦਿੱਤੇ ਗਏ ਹਨ। ਆਪਣੇ ਅਗਲੇ ਬਿਆਨ ਵਿੱਚ (ਗਲਾਤੀ 3:8-9) ਪੌਲੁਸ ਆਪਣਾ ਧਿਆਨ ਇਸ ਮੁੱਦੇ ਉੱਤੇ ਕੇਂਦਰਿਤ ਕਰਦਾ ਹੈ ਕਿ ਵਿਸ਼ਵਾਸੀ ਅਬਰਾਹਾਮ ਦੇ ਨੇਮ ਦੇ "ਸਾਰੀਆਂ ਕੌਮਾਂ ਨੂੰ ਬਰਕਤ ਦੇਣ" ਵਾਲੇ ਪਹਿਲੂ ਵਿੱਚ ਹਿੱਸਾ ਲੈਂਦੇ ਹਨ। "ਅਬਰਾਹਾਮ ਦੀ ਸੰਤਾਨ" ਦੇ ਰੂਪ ਵਿੱਚ ਗ਼ੈਰ-ਯਹੂਦੀ ਵਿਸ਼ਵਾਸੀ ਮੁੱਖ ਤੌਰ ਤੇ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦੀ ਬਰਕਤ ਦਾ ਆਨੰਦ ਮਾਣਦੇ ਹਨ। ਅਬਰਾਹਾਮ ਦੁਆਰਾ ਧਰਤੀ ਦੇ ਸਾਰੇ ਪਰਿਵਾਰਾਂ ਦਾ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣਾ, ਪਰਮੇਸ਼ਰ ਦੇ ਵਾਅਦੇ ਦਾ ਇੱਕ ਪ੍ਰਮੁੱਖ ਰੂਪ ਵਿੱਚ ਪੂਰਾ ਹੋਣਾ ਸੀ (ਉਤ 12:3)। ਵਿਸ਼ਵਾਸੀ ਇਸ ਅਰਥ ਵਿੱਚ ਹੀ "ਅਬਰਾਹਾਮ ਦੀ ਸੰਤਾਨ" ਦੇ ਰੂਪ ਵਿੱਚ ਬਰਕਤ ਪਾਉਂਦੇ ਹਨ।

> ਪਵਿੱਤਰ-ਗ੍ਰੰਥ ਨੇ ਪਹਿਲਾਂ ਹੀ ਦੇਖ ਲਿਆ ਸੀ ਕਿ ਪਰਮੇਸ਼ਰ **ਪਰਾਈਆਂ ਕੌਮਾਂ ਨੂੰ ਵਿਸ਼ਵਾਸ ਦੇ ਦੁਆਰਾ ਨੇਕ ਠਹਿਰਾਉਣਗੇ**। ਇਸ ਲਈ ਪਵਿੱਤਰ-ਗ੍ਰੰਥ ਨੇ ਅਬਰਾਹਾਮ ਨੂੰ ਪਹਿਲਾਂ ਹੀ ਇਹ ਸ਼ੁਭ ਸਮਾਚਾਰ ਦੇ ਦਿੱਤਾ ਕਿ, "ਤੇਰੇ ਦੁਆਰਾ **ਸਾਰੀਆਂ ਕੌਮਾਂ ਅਸੀਸ ਪ੍ਰਾਪਤ ਕਰਨਗੀਆਂ**।" ਇਸ ਲਈ ਉਹ ਸਾਰੇ ਜਿਹੜੇ ਵਿਸ਼ਵਾਸ ਕਰਦੇ ਹਨ ਅਬਰਾਹਾਮ ਦੇ ਵਿਸ਼ਵਾਸ ਦੇ ਨਾਲ ਅਸੀਸ ਪ੍ਰਾਪਤ

[66] ਚਾਰਲਜ਼ ਰਾਇਰੀ, ਬੇਸਿਕ ਥਿਓਲੋਜੀ, ਪੰਨਾ 399.

ਕਰਨਗੇ। [ਗਲਾਤੀ 3:8-9]

ਗਲਾਤੀ 3:15-16 ਨੂੰ ਇਸ ਗੱਲ ਦੇ ਸਬੂਤ ਵਾਲੇ ਵਚਨ ਦੇ ਰੂਪ ਵਿੱਚ ਵਰਿਤਆ ਜਾ ਸਕਦਾ ਹੈ ਕਿ ਅਬਰਾਹਾਮ ਦਾ ਨੇਮ ਬਿਨਾਂ ਕਿਸੇ ਸ਼ਰਤ ਦੇ ਅਤੇ ਨਾ ਬਦਲਣ ਵਾਲਾ ਸੀ। ਹਾਲਾਂਕਿ ਕਲੀਸਿਯਾ ਅਬਰਾਹਾਮ ਦੇ ਨੇਮ (ਜਿਵੇਂ ਕਿ ਸਾਰੀਆਂ ਕੌਮਾਂ ਲਈ ਬਰਕਤ) ਦੇ ਪਹਿਲੂ ਵਿੱਚ ਹਿੱਸਾ ਲੈਂਦੀ ਹੈ, ਫਿਰ ਵੀ ਇਸਰਾਏਲ ਅਬਰਾਹਾਮ ਨਾਲ ਕੀਤੇ ਗਏ ਪਰਮੇਸ਼ਰ ਦੇ ਵਾਅਦਿਆਂ ਦੀ ਇੱਕ ਜ਼ਿਆਦਾ ਭਰਪੂਰੀ ਨੂੰ ਪਾਵੇਗਾ, ਜਿਸ ਵਿੱਚ ਦੇਸ਼ ਉੱਤੇ ਸਦੀਪਕ ਅਧਿਕਾਰ ਸ਼ਾਮਲ ਹੈ।

ਗਲਾਤੀ 3:29, ਗਲਾਤੀ 3:7 ਦੇ ਸਮਾਨ ਹੈ। ਜਿਹੜੇ ਲੋਕ ਕਲੀਸਿਯਾ ਦਾ ਹਿੱਸਾ ਹਨ (ਵਿਸ਼ਵਾਸੀ), ਉਹਨਾਂ ਵਿੱਚ ਅਬਰਾਹਾਮ ਦੀ ਸੰਤਾਨ ਦੇ **ਗੁਣ** ਹਨ। ਇੱਕ ਵਾਰ ਫਿਰ ਵਾਕਾਂਸ਼ "ਅਬਰਾਹਾਮ ਦੀ ਸੰਤਾਨ" ਵਿੱਚ ਉਪ-ਸਰਗ ਨਹੀਂ ਹੈ। ਵਿਸ਼ਵਾਸੀ "ਅਬਰਾਹਾਮ ਦੀ ਪ੍ਰਤੱਖ ਸੰਤਾਨ" ਨਹੀਂ ਹਨ, ਹਾਲਾਂਕਿ ਅਸੀਂ ਸਾਰੇ ਇਸਰਾਏਲੀ ਹਾਂ।[67]

ਸਾਡੇ ਵਿੱਚ ਅਬਰਾਹਾਮ ਦੀ ਸੰਤਾਨ ਹੋਣ ਦੇ ਗੁਣ ਹੋਣ ਦਾ ਕਾਰਨ ਵਿਸ਼ਵਾਸ ਵਿੱਚ ਉਹਨਾਂ ਦੇ ਸਮਾਨ ਹੋਣਾ ਹੈ, ਅਤੇ ਸਾਰੀਆਂ ਕੌਮਾਂ ਦੇ ਅਬਰਾਹਾਮ ਦੁਆਰਾ ਬਰਕਤ ਪਾਉਣ ਦੇ ਵਾਅਦੇ ਦੁਆਰਾ ਲਾਭਵੰਤ ਹੋਣਾ ਹੈ। ਕਲੀਸਿਯਾ ਦੀ ਅਬਰਾਹਾਮ ਦੇ ਨੇਮ ਵਿੱਚ ਜੋ ਵੀ ਭਾਗੀਦਾਰੀ ਹੈ, ਉਹ ਅਬਰਾਹਾਮ ਦੀ ਮੁੱਢਲੀ ਸੰਤਾਨ (ਪ੍ਰਭੂ ਯਿਸੂ ਮਸੀਹ) ਨਾਲ ਇਸ ਦੇ ਸੰਬੰਧ ਦੁਆਰਾ ਆਉਂਦੀ ਹੈ। ਮਸੀਹ ਅਬਰਾਹਾਮ ਦੀ ਮੁੱਖ "ਸੰਤਾਨ" ਹਨ (ਗਲਾਤੀ 3:16)। ਹਾਲਾਂਕਿ ਕਲੀਸਿਯਾ ਅਬਰਾਹਾਮ ਦੇ ਨੇਮ ਦੀਆਂ ਬਰਕਤਾਂ ਨੂੰ ਪ੍ਰਾਪਤ ਕਰਦੀ ਹੈ (ਨਿਸ਼ਚਿਤ ਤੌਰ ਤੇ ਆਤਮਿਕ ਬਰਕਤਾਂ), ਫਿਰ ਵੀ ਇਹ ਬਰਕਤਾਂ ਨੂੰ ਪ੍ਰਾਪਤ ਕਰਨ ਦਾ ਕਾਰਨ ਨੇਮਾਂ ਦੇ ਪ੍ਰਾਪਤਕਰਤਾ ਦੇ ਰੂਪ ਵਿੱਚ ਇਸ ਦਾ ਇਸਰਾਏਲ ਦੀ ਜਗ੍ਹਾ ਲੈ ਲੈਣਾ ਨਹੀਂ ਹੈ ਬਲਕਿ ਮਸੀਹ ਦੇ ਨਾਲ  ਇਸ ਦਾ ਸੰਬੰਧ ਹੈ। ਇਹ ਜ਼ਰੂਰੀ ਹੈ ਕਿ ਅਬਰਾਹਾਮ ਦੀ ਸਰੀਰਕ ਸੰਤਾਨ (ਇਸਰਾਏਲ) ਨੇਮਾਂ ਦੀਆਂ ਬਰਕਤਾਂ ਦੇ ਰੂਪ ਵਿੱਚ ਦੇਸ਼, ਸਿੰਘਾਸਣ, ਅਤੇ ਸਦੀਪਕ ਰਾਜ ਨੂੰ ਪ੍ਰਾਪਤ ਕਰੇ।

ਰੋਮੀਆਂ ਦੀ ਪੁਸਤਕ ਵੀ ਗਲਾਤੀਆਂ ਅਧਿਆਇ 3 ਦੇ ਵਰਗੀ ਹੀ ਇੱਕ ਗੱਲ ਨੂੰ ਦੱਸਦੀ ਹੈ। ਉੱਥੇ ਪੌਲੁਸ ਇਹ ਸਿਖਾਉਂਦਾ ਹੈ ਕਿ ਅਬਰਾਹਾਮ ਸਾਰੇ ਵਿਸ਼ਵਾਸ ਕਰਨ ਵਾਲਿਆਂ ਦਾ ਪਿਤਾ ਹੈ।

> ਸੁੰਨਤ ਦੀ ਰੀਤ ਤਾਂ ਉਸ ਨੂੰ ਚਿੰਨ੍ਹ ਦੇ ਤੌਰ ਤੇ ਬਾਅਦ ਵਿੱਚ ਮਿਲੀ ਜਿਹੜੀ ਉਸ ਦੇ ਵਿਸ਼ਵਾਸ ਦੁਆਰਾ ਸੁੰਨਤ ਤੋਂ ਬਿਨਾਂ ਨੇਕ ਠਹਿਰਾਏ ਜਾਣ ਉੱਤੇ ਮੋਹਰ ਸੀ। ਇਹ ਇਸ ਲਈ ਹੋਇਆ ਕਿ ਅਬਰਾਹਾਮ ਉਹਨਾਂ ਸਾਰਿਆਂ ਦਾ ਪੁਰਖਾ ਠਹਿਰ ਸਕੇ ਜਿਹੜੇ ਸੁੰਨਤ ਤੋਂ ਬਿਨਾਂ ਵੀ **ਵਿਸ਼ਵਾਸ ਰੱਖਦੇ ਹਨ** ਅਤੇ ਨੇਕ ਠਹਿਰਾਏ ਜਾਂਦੇ ਹਨ। ਉਹ ਉਹਨਾਂ ਦਾ ਵੀ ਪੁਰਖਾ ਠਹਿਰਿਆ ਜਿਹਨਾਂ ਦੀ ਸੁੰਨਤ ਹੋਈ ਪਰ ਕੇਵਲ ਇਸ ਲਈ ਹੀ ਨਹੀਂ ਕਿ ਉਹਨਾਂ ਦੀ ਸੁੰਨਤ ਹੋਈ ਹੈ ਸਗੋਂ ਇਸ ਲਈ ਕਿ ਉਹ ਉਸੇ ਵਿਸ਼ਵਾਸ ਉੱਤੇ ਚੱਲਦੇ ਹਨ ਜਿਸ ਉੱਤੇ ਸਾਡਾ ਪੁਰਖਾ ਅਬਰਾਹਾਮ ਸੁੰਨਤ ਹੋਣ ਤੋਂ ਪਹਿਲਾਂ ਚੱਲਦਾ ਸੀ। ਅਬਰਾਹਾਮ ਅਤੇ ਉਸ ਦੇ ਵੰਸ ਨਾਲ ਪਰਮੇਸ਼ਰ ਨੇ ਵਾਅਦਾ ਕੀਤਾ ਸੀ ਕਿ ਉਹ ਸੰਸਾਰ ਦੇ ਵਾਰਿਸ ਹੋਣਗੇ। ਇਹ ਵਾਅਦਾ ਅਬਰਾਹਾਮ ਦੇ ਵਿਵਸਥਾ ਦੇ ਮੰਨਣ ਕਾਰਨ ਨਹੀਂ ਸਗੋਂ ਵਿਸ਼ਵਾਸ ਦੁਆਰਾ ਨੇਕ ਠਹਿਰਾਏ ਜਾਣ ਦੇ ਕਾਰਨ ਦਿੱਤਾ ਗਿਆ ਸੀ। ਜੇਕਰ ਵਿਵਸਥਾ ਨੂੰ ਮੰਨਣ ਵਾਲੇ ਹੀ ਵਾਰਿਸ ਠਹਿਰਦੇ ਹਨ ਤਾਂ ਵਿਸ਼ਵਾਸ ਵਿਅਰਥ ਅਤੇ ਵਾਅਦਾ ਬਿਨਾਂ ਅਸਰ ਦੇ ਹੈ ਕਿਉਂਕਿ ਵਿਵਸਥਾ ਦੁਆਰਾ ਪਰਮੇਸ਼ਰ ਦਾ ਕ੍ਰੋਧ ਪ੍ਰਗਟ ਹੁੰਦਾ ਹੈ ਪਰ ਜਿੱਥੇ ਵਿਵਸਥਾ ਨਹੀਂ ਉੱਥੇ ਇਸ ਦੀ ਉਲੰਘਣਾ ਵੀ ਨਹੀਂ ਹੈ। ਪਰਮੇਸ਼ਰ ਦੇ ਵਾਅਦੇ ਦਾ ਆਧਾਰ ਵਿਸ਼ਵਾਸ ਸੀ। ਇਹ ਇਸ ਲਈ ਸੀ ਕਿ **ਵਾਅਦਾ** ਪਰਮੇਸ਼ਰ ਦੇ ਮੁਫ਼ਤ ਵਰਦਾਨ ਦੇ ਤੌਰ ਤੇ ਅਬਰਾਹਾਮ ਦੇ **ਸਾਰੇ ਵੰਸ ਦੇ ਲਈ ਨਿਸ਼ਚਿਤ ਹੈ।** ਇਹ ਕੇਵਲ ਉਹਨਾਂ ਦੇ ਲਈ ਹੀ ਨਹੀਂ ਜਿਹੜੇ ਵਿਵਸਥਾ ਨੂੰ ਮੰਨਦੇ ਹਨ ਸਗੋਂ ਉਹਨਾਂ ਦੇ ਲਈ ਵੀ ਜਿਹੜੇ ਅਬਰਾਹਾਮ ਵਰਗਾ ਵਿਸ਼ਵਾਸ ਰੱਖਦੇ ਹਨ ਜਿਹੜਾ **ਸਾਡਾ ਸਾਰਿਆਂ ਦਾ ਆਤਮਿਕ ਪਿਤਾ ਹੈ**। ਜਿਸ ਤਰ੍ਹਾਂ ਪਵਿੱਤਰ-ਗ੍ਰੰਥ ਕਹਿੰਦਾ ਹੈ, "ਮੈਂ ਤੈਨੂੰ ਬਹੁਤ ਸਾਰੀਆਂ ਕੌਮਾਂ ਦਾ ਪਿਤਾ ਬਣਾਇਆ ਹੈ... [ਰੋਮੀ 4:11-17]

ਰੋਮੀਆਂ ਦੀ ਪੁਸਤਕ ਦੇ ਇਸ ਮਹੱਤਵਪੂਰਣ ਭਾਗ ਦੀ ਦਲੀਲ ਇਹ ਹੈ ਕਿ ਧਰਮੀ ਠਹਿਰਾਇਆ ਜਾਣਾ ਵਿਸ਼ਵਾਸ ਦੇ ਦੁਆਰਾ ਹੈ। ਆਇਤ 11 ਦਾ ਆਖ਼ਰੀ ਹਿੱਸਾ ਇਹ ਦਰਸਾਉਂਦਾ ਹੈ ਕਿ ਧਰਮੀ ਠਹਿਰਾਇਆ ਜਾਣਾ ਹੀ ਉਹ ਮੁੱਖ ਬਰਕਤ ਹੈ ਜੋ ਵਿਸ਼ਵਾਸੀਆਂ ਨੂੰ ਆਪਣੇ ਆਤਮਿਕ ਪਿਤਾ ਅਬਰਾਹਾਮ ਦੇ ਵਿਸ਼ਵਾਸ ਵਿੱਚ ਹਿੱਸਾ ਲੈਣ ਦੁਆਰਾ ਮਿਲਦੀ ਹੈ।

---

[67] ਬਾਈਬਲ ਘੱਟੋ-ਘੱਟ ਚਾਰ ਵੱਖ-ਵੱਖ ਅਰਥਾਂ ਵਿੱਚ ਅਬਰਾਹਾਮ ਦੀ ਸੰਤਾਨ ਵਿਚਾਰ ਨੂੰ ਵਰਤਦੀ ਹੈ। ਸਭ ਤੋਂ ਪਹਿਲਾਂ, ਅਬਰਾਹਾਮ ਤੋਂ ਸਰੀਰਕ ਸੰਤਾਨ (ਦੇਖੋ, ਉਤ 15:4; 17:6,16; ਯੂਹੰਨਾ 8:37)। ਅਬਰਾਹਾਮ ਦੀ ਸੰਤਾਨ ਹੋਣ ਦਾ ਇੱਕ ਦੂਜਾ ਅਰਥ ਉਹ ਸਰੀਰਕ ਸੰਤਾਨ ਹਨ ਜੋ ਆਤਮਿਕ ਸੰਤਾਨ ਵੀ ਹਨ (ਯੂਹੰਨਾ 8:39; ਰੋਮੀ 2:28-29; 9:6; ਪ੍ਰਕਾਸ਼ 2:9; 3:9)। ਤੀਜਾ, ਮਸੀਹ ਅਬਰਾਹਾਮ ਦੀ ਮੁੱਢਲੀ ਸੰਤਾਨ ਹਨ (ਗਲਾਤੀ 3:16)। ਅੰਤ ਵਿੱਚ, ਉਹ ਸਾਰੇ ਜਿਹਨਾਂ ਵਿੱਚ ਆਤਮਿਕ ਵਿਸ਼ਵਾਸ ਹੈ, ਉਹ ਅਬਰਾਹਾਮ ਦੀ ਆਤਮਿਕ ਸੰਤਾਨ ਹਨ, (ਮੱਤੀ 3:9 ਰੋਮੀ 4:11-12,16; ਗਲਾਤੀ 3:7-9) ਅਤੇ ਅਬਰਾਹਾਮ ਦਾ ਆਤਮਿਕ ਬੀਜ ਹਨ (ਗਲਾਤੀ 3:29)।

ਜਿਵੇਂ ਕਿ ਗਲਾਤੀਆਂ 3 ਵਿੱਚ ਦੇਖਿਆ ਸੀ ਕਿ ਕਲੀਸਿਯਾ ਦੇ ਲਈ ਅਬਰਾਹਾਮ ਦੁਆਰਾ ਮਿਲਣ ਵਾਲੀ ਬਰਕਤ ਵਿਸ਼ਵਾਸ ਦੁਆਰਾ ਧਰਮੀ ਠਹਿਰਣਾ ਹੈ। ਅਬਰਾਹਾਮ ਦੇ ਬੀਜ (ਮਸੀਹ) ਦੇ ਦੁਆਰਾ ਪਰਮੇਸ਼ਰ ਨੇ ਧਰਤੀ ਦੇ ਸਾਰੇ ਪਰਿਵਾਰਾਂ ਨੂੰ ਇਸ ਤਰ੍ਹਾਂ ਬਰਕਤ ਦਿੱਤੀ ਹੈ ਕਿ ਉਹਨਾਂ ਨੇ ਵਿਸ਼ਵਾਸ ਕਰਨ ਵਾਲੇ ਸਾਰੇ ਲੋਕਾਂ ਨੂੰ ਮੁਕਤੀ ਪ੍ਰਦਾਨ ਕੀਤੀ ਹੈ।

ਆਇਤ 13 ਦੱਸਦੀ ਹੈ ਕਿ ਪਰਮੇਸ਼ਰ ਨੇ ਅਬਰਾਹਾਮ ਨਾਲ ਇਹ ਵਾਅਦਾ ਕੀਤਾ ਸੀ ਕਿ ਉਹ "ਸੰਸਾਰ ਦਾ ਵਾਰਸ" ਹੋਵੇਗਾ। ਆਇਤਾਂ 14 ਅਤੇ 16 ਇਹ ਸਿਖਾਉਂਦੀਆਂ ਹਨ ਕਿ ਜਿਹਨਾਂ ਵਿੱਚ ਵਿਸ਼ਵਾਸ ਕਰਨ ਵਾਲੇ ਇਸ ਬਰਕਤ ਵਿੱਚ ਹਿੱਸਾ ਲੈਂਦੇ ਹਨ। ਕੀ ਇਸ ਦਾ ਇਹ ਅਰਥ ਹੈ ਕਿ ਇਸਰਾਏਲ ਦੀਆਂ ਧਰਤੀ ਉੱਤੇ ਬਰਕਤਾਂ ਕਲੀਸਿਯਾ ਨੂੰ ਦਿੱਤੀਆਂ ਗਈਆਂ ਹਨ? ਇਸ ਦਾ ਜ਼ਿਆਦਾ ਤੋਂ ਜ਼ਿਆਦਾ ਅਰਥ ਇਹ ਹੈ ਕਿ ਕਲੀਸਿਯਾ ਮਸੀਹ ਨਾਲ ਆਪਣੇ ਸੰਬੰਧ ਦੇ ਕਾਰਨ (ਮਸੀਹ ਦੇ ਨਾਲ ਵਾਰਸ, ਰੋਮੀ 8:17) ਰਾਜ ਦੀਆਂ ਆਤਮਿਕ ਅਤੇ ਭੌਤਿਕ ਬਰਕਤਾਂ ਵਿੱਚ ਹਿੱਸਾ ਲਵੇਗੀ। ਇਸ ਵਚਨ ਵਿੱਚ ਸਾਨੂੰ ਇਸਰਾਏਲ ਕੌਮ ਨਾਲ ਕੀਤੇ ਗਏ ਵਾਅਦਿਆਂ ਨੂੰ ਰੱਦ ਕਰਨ ਬਾਰੇ ਪੜ੍ਹਨ ਦੀ ਕੋਈ ਲੋੜ ਨਹੀਂ ਹੈ। ਆਉਣ ਵਾਲੇ ਰਾਜ ਵਿੱਚ ਕਲੀਸਿਯਾ ਦੇ ਹਿੱਸਾ ਲੈਣ ਦੇ ਵਿਚਾਰ ਦਾ ਇਹ ਅਰਥ ਨਹੀਂ ਹੈ ਕਿ ਇਸਰਾਏਲ ਨੇ ਆਪਣੇ ਵਾਅਦੇ ਗੁਆ ਲਏ ਹਨ।

ਇਸ ਤੋਂ ਇਲਾਵਾ, ਇਹ ਵੀ ਹੋ ਸਕਦਾ ਹੈ ਕਿ ਵਾਕਾਂਸ਼ "ਸੰਸਾਰ ਦੇ ਵਾਰਸ" ਦਾ **ਧਰਤੀ ਨਾਲ ਕੋਈ ਸੰਬੰਧ ਹੀ ਨਾ ਹੋਵੇ**। ਪਰਮੇਸ਼ਰ ਨੇ ਅਬਰਾਹਾਮ ਨੂੰ ਕਨਾਨ ਦੇਸ਼ ਦੇਣ ਦਾ ਵਾਅਦਾ ਜ਼ਰੂਰੀ ਕੀਤਾ ਸੀ, ਪਰ ਇੱਕ ਖ਼ਾਸ ਤੌਰ ਤੇ ਪੂਰਾ ਸੰਸਾਰ ਦੇਣ ਦਾ ਵਾਅਦਾ ਨਹੀਂ ਕੀਤਾ ਸੀ। ਇਸ ਦੇ ਨਾਲ ਹੀ, ਇਸ ਦਾ ਸੰਦਰਭ ਭੌਤਿਕ ਬਰਕਤਾਂ ਉੱਤੇ ਨਹੀਂ ਪਰ ਆਤਮਿਕ ਬਰਕਤਾਂ ਉੱਤੇ ਜ਼ੋਰ ਦਿੰਦਾ ਹੈ। ਸ਼ਾਇਦ ਸ਼ਬਦ "ਸੰਸਾਰ" ਦਾ ਅਰਥ ਦੇਸ਼/ਭੂਮੀ ਨਹੀਂ ਪਰ ਲੋਕ ਹਨ! ਸ਼ਾਇਦ ਜਿਸ ਅਰਥ ਵਿੱਚ ਅਬਰਾਹਾਮ ਸੰਸਾਰ ਦਾ ਵਾਰਸ ਬਣਿਆ ਸੀ ਉਹ ਇਹ ਸੀ ਕਿ ਪਰਮੇਸ਼ਰ ਨੇ ਉਸ ਨੂੰ ਵਿਸ਼ਵਾਸ ਕਰਨ ਵਾਲੇ ਸਾਰੇ ਲੋਕਾਂ ਨੂੰ ਇੱਕ ਵਿਰਾਸਤ ਦੇ ਰੂਪ ਵਿੱਚ ਦਿੱਤਾ ਸੀ। ਅਬਰਾਹਾਮ ਕੋਲ ਲੰਬੇ ਸਮੇਂ ਤੋਂ ਕੋਈ ਸੰਤਾਨ ਨਹੀਂ ਸੀ, ਪਰ ਪਰਮੇਸ਼ਰ ਨੇ ਉਸ ਨੂੰ ਵਿਸ਼ਵਾਸੀਆਂ ਦੇ ਸਾਰੇ ਸੰਸਾਰ ਨੂੰ ਵਿਰਾਸਤ ਵਜੋਂ ਦੇ ਦਿੱਤਾ। ਅਬਰਾਹਾਮ ਕੋਲ ਕੋਈ ਸੰਤਾਨ ਨਹੀਂ ਸੀ, ਪਰ ਅਬਰਾਹਾਮ ਇੱਕ ਅਜਿਹੇ ਸੰਸਾਰ ਦਾ ਵਾਰਸ ਬਣ ਗਿਆ ਜੋ ਉਸ ਦੀਆਂ ਆਤਮਿਕ ਸੰਤਾਨਾਂ ਨਾਲ ਭਰਿਆ ਹੋਇਆ ਸੀ। ਇਹ ਲੋਕ ਵੀ ਫਿਰ ਅਬਰਾਹਾਮ ਦੀਆਂ ਬਰਕਤਾਂ ਦੇ (ਗਲਾਤੀ 3:29 ਰੋਮੀ 4:14 ਅਤੇ 16) ਅਤੇ ਮੁੱਖ ਤੌਰ ਤੇ "ਸਾਰੇ ਦੇਸ਼ ਦੀ ਬਰਕਤ" ਦੇ ਵਾਰਸ ਬਣੇ ਸਨ (ਉਤ 12:3 ਦੀ ਗਲਾਤੀ 3:8 ਨਾਲ ਤੁਲਨਾ ਕਰੋ)। ਇਸ ਵਿਰਾਸਤ ਵਿੱਚ ਮਸੀਹ ਦੇ ਦੁਆਰਾ ਮਿਲਣ ਵਾਲੀਆਂ ਆਤਮਿਕ ਬਰਕਤਾਂ ਸ਼ਾਮਲ ਹਨ, ਜਿਸ ਵਿੱਚ ਮੁੱਖ ਤੌਰ ਤੇ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣਾ ਵੀ ਸ਼ਾਮਲ ਹੈ। ਰੋਮੀਆਂ 4 ਇਹ ਵੀ ਸਿੱਖਿਆ ਦੇ ਸਕਦਾ ਹੈ ਕਿ ਕਲੀਸਿਯਾ ਅਬਰਾਹਾਮ ਦੇ ਨੇਮ ਦੀਆਂ ਸਿਰਫ਼ ਆਤਮਿਕ ਬਰਕਤਾਂ ਵਿੱਚ ਹਿੱਸਾ ਲੈਂਦੀ ਹੈ। ਜੇਕਰ ਕੋਈ ਇਹ ਮੰਨ ਰਿਹਾ ਹੋਵੇ ਕਿ ਇਸ ਵਿੱਚ ਭੌਤਿਕ ਬਰਕਤਾਂ ਵੀ ਦਿਖਾਈ ਦੇ ਰਹੀਆਂ ਹਨ, ਪਰ ਫਿਰ ਵੀ ਇਹ ਇਸਰਾਈਲ ਦੇ ਲਈ ਭਵਿੱਖ ਦੇ ਰਾਜ ਦੇ ਵਿਚਾਰ ਨੂੰ ਖ਼ਤਮ ਨਹੀਂ ਕਰਦਾ ਹੈ। ਹਾਂ, ਵਿਸ਼ਵਾਸੀ ਅਬਰਾਹਾਮ ਦੀ ਸੰਤਾਨ ਹਨ, ਪਰ ਉਹ ਉਸ ਦੀ ਆਤਮਿਕ ਸੰਤਾਨ ਹਨ ਜਿਹਨਾਂ ਦੀ ਮੁੱਖ ਬਰਕਤ ਅਬਰਾਹਾਮ ਦੀ ਮੁੱਢਲੀ ਸੰਤਾਨ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣਾ ਹੈ। ਰਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਹਿੱਸੇਦਾਰੀ, ਇਸਰਾਏਲ ਦੀ ਥਾਂ ਲੈਣ ਤੋਂ ਨਹੀਂ ਪਰ ਰਾਜੇ ਨਾਲ ਸੰਬੰਧ ਤੋਂ ਆਵੇਗੀ।

### c. ਕਲੀਸਿਯਾ ਇੱਕ ਸੱਚੀ ਸੁੰਨਤ ਦੇ ਰੂਪ ਵਿੱਚ

ਕਈ ਵਚਨ ਸਰੀਰਕ ਸੁੰਨਤ ਅਤੇ ਇੱਕ ਸੱਚੀ ਸੁੰਨਤ ਦਾ ਇੱਕ-ਦੂਜੇ ਤੋਂ ਤੁਲਨਾਤਮਕ ਰੂਪ ਵਿੱਚ ਅਲੱਗ ਹੋਣਾ ਦਰਸਾਉਂਦੇ ਹਨ, ਭਾਵ ਸੱਚੀ ਸੁੰਨਤ ਦਿਲ ਤੋਂ ਆਤਮਿਕ ਗੰਦਗੀ ਨੂੰ ਦੂਰ ਕਰਨਾ ਹੁੰਦਾ ਹੈ। ਆਤਮਿਕ ਸੁੰਨਤ ਦੇ ਵਿਚਾਰ ਦੀ ਸ਼ੁਰੂਆਤ ਰਸੂਲ ਪੌਲੁਸ ਤੋਂ ਨਹੀਂ ਹੋਈ ਸੀ। ਇਹ ਪੁਰਾਣੇ ਨੇਮ ਦਾ ਵੀ ਵਿਚਾਰ ਸੀ (ਦੇਖੋ, ਬਿਵਸਥਾ 10:16; 30:6; ਯਿਰ 4:4; 9:25-26; ਹਿਜ਼ਕੀ 44:7-9)।

ਫ਼ਿਲਿੱਪੀ 3:3 ਵਿੱਚ ਪੌਲੁਸ ਕਹਿੰਦਾ ਹੈ ਕਿ ਯਹੂਦੀਆਂ ਦੀ ਤੁਲਨਾ ਵਿੱਚ (ਜਿਹਨਾਂ ਦੀ ਸਿਰਫ਼ ਸਰੀਰਕ ਸੁੰਨਤ ਹੋਈ ਹੈ), ਵਿਸ਼ਵਾਸੀਆਂ ਦੀ ਸੁੰਨਤ ਸੱਚੀ ਅਤੇ ਜ਼ਿਆਦਾ ਚੰਗੀ ਹਹੈ। ਕੁਲੁੱਸੀਆਂ 2:11 ਵੀ ਵਿਸ਼ਵਾਸੀ ਦੀ ਇੱਕ ਅਜਿਹੀ ਸੁੰਨਤ ਦਾ ਹਵਾਲਾ ਦਿੰਦਾ ਹੈ ਜਿਸ ਉੱਤੇ ਸਰੀਰ ਦਾ ਰਾਜ ਨਹੀਂ ਹੁੰਦਾ ਹੈ।

> ਸੁੰਨਤੀ ਤਾਂ ਅਸੀਂ ਹਾਂ ਕਿਉਂਕਿ ਅਸੀਂ ਪਰਮੇਸ਼ਰ ਦੇ ਆਤਮਾ ਦੇ ਦੁਆਰਾ ਭਗਤੀ ਕਰਦੇ ਹਾਂ। ਸਾਡਾ ਮਾਣ ਕੇਵਲ ਮਸੀਹ ਯਿਸੂ ਉੱਤੇ ਹੈ। ਅਸੀਂ ਸਰੀਰ ਉੱਤੇ ਭਰੋਸਾ ਨਹੀਂ ਕਰਦੇ [ਫ਼ਿਲਿੱਪੀ 3:3]
>
> ਉਹਨਾਂ ਵਿੱਚ ਹੀ ਤੁਹਾਡੀ ਸੁੰਨਤ ਹੋਈ ਹੈ। ਇਹ ਸੁੰਨਤ ਮਨੁੱਖੀ ਹੱਥਾਂ ਦੇ ਦੁਆਰਾ ਨਹੀਂ ਸਗੋਂ ਮਸੀਹ ਦੇ ਦੁਆਰਾ ਹੋਈ ਹੈ ਜਿਸ ਦੇ ਨਾਲ ਪਾਪੀ ਸੁਭਾਅ ਖ਼ਤਮ ਹੋ ਜਾਂਦਾ ਹੈ। [ਕੁਲੁੱਸੀ 2:11]

ਇਹ ਕਹਿਣਾ ਕਿ ਵਿਸ਼ਵਾਸੀਆਂ ਦੀ ਸੱਚੀ ਸੁੰਨਤ ਹੋਈ ਹੈ, ਇਹ ਕਹਿਣ ਨਹੀਂ ਹੈ ਕਿ ਉਹ ਇਸਰਾਏਲੀ ਹਨ, ਜਾਂ ਇਹ ਕਿ ਹੁਣ ਕਲੀਸਿਯਾ ਨੇ ਪਰਮੇਸ਼ਰ ਦੇ ਪ੍ਰੋਗਰਾਮ ਵਿੱਚ ਇਸਰਾਏਲ ਦੀ ਥਾਂ ਲੈ ਲਈ ਹੈ। ਇਸ ਦਾ ਅਰਥ ਸਿਰਫ਼ ਇਹ ਹੈ ਕਿ ਹੁਣ ਵਿਸ਼ਵਾਸੀਆਂ ਦੀ ਅਜਿਹੀ ਸੁੰਨਤ ਹੋ ਗਈ ਹੈ ਜਿਸ ਵਿੱਚ ਉਹਨਾਂ ਦੇ ਉੱਪਰੋਂ ਪਾਪ ਦਾ ਨਿਯੰਤਰਣ ਖ਼ਤਮ ਹੋ ਗਿਆ ਹੈ। ਇਹ ਸੱਚੀ ਸੁੰਨਤ ਨਸਲੀ ਇਸਰਾਏਲ ਦੀ ਸਰੀਰਕ ਸੁੰਨਤ

ਨਾਲੋਂ ਬਿਹਤਰ ਹੈ। ਜਿਹੜੇ ਯਹੂਦੀ ਹਨ ਉਹਨਾਂ ਨੂੰ ਸਰੀਰਕ ਸੁੰਨਤ ਦੇ ਨਾਲ-ਨਾਲ ਆਤਮਿਕ ਸੁੰਨਤ ਦੀ ਵੀ ਲੋੜ ਹੈ। ਰੋਮੀ 2:28-29 ਇਹੀ ਗੱਲ ਦੱਸਦਾ ਹੈ।

> ਕਿਉਂਕਿ ਯਹੂਦੀ ਉਹ ਨਹੀਂ ਹੈ ਜਿਹੜਾ ਬਾਹਰੀ ਤੌਰ ਤੇ ਯਹੂਦੀ ਹੈ ਅਤੇ ਸੁੰਨਤ ਉਹ ਨਹੀਂ ਹੈ ਜਿਹੜੀ ਕੇਵਲ ਬਾਹਰੀ ਅਤੇ ਸਰੀਰਕ ਹੈ। ਇਸ ਦੇ ਉਲਟ ਅਸਲੀ ਯਹੂਦੀ ਉਹ ਹੈ ਜਿਸ ਦਾ ਅੰਤਹਕਰਨ ਯਹੂਦੀ ਹੈ ਅਤੇ ਅਸਲੀ ਸੁੰਨਤ ਉਹ ਹੈ ਜਿਹੜੀ ਦਿਲ ਤੋਂ ਹੈ। ਇਹ ਵਿਵਸਥਾ ਉੱਤੇ ਨਿਰਭਰ ਨਹੀਂ ਸਗੋਂ ਪਰਮੇਸ਼ਰ ਦੇ ਆਤਮਾ ਉੱਤੇ ਹੈ। ਅਜਿਹੇ ਆਦਮੀ ਦੀ ਵਡਿਆਈ ਮਨੁੱਖ ਨਹੀਂ ਸਗੋਂ ਪਰਮੇਸ਼ਰ ਕਰਦੇ ਹਨ। [ਰੋਮੀ 2:28-29]

ਇਹ ਸੋਚਣ ਦਾ ਕੋਈ ਖ਼ਾਸ ਕਾਰਨ ਨਹੀਂ ਹੈ ਕਿ ਪੌਲੁਸ ਰੋਮੀਆਂ 2 ਵਿੱਚ ਕਲੀਸਿਯਾ ਦੀ ਪਹਿਚਾਣ ਸੱਚੇ ਇਸਰਾਏਲ ਦੇ ਰੂਪ ਵਿੱਚ ਕਰ ਰਿਹਾ ਹੈ। ਆਇਤਾਂ 25-27 ਵਿੱਚ ਉਹ ਇੱਕ ਕਾਲਪਨਿਕ ਤੌਰ ਤੇ ਉਸ ਗ਼ੈਰ-ਯਹੂਦੀ (ਜਿਸ ਦੀ ਸਰੀਰਕ ਸੁੰਨਤ ਨਹੀਂ ਹੋਈ ਹੈ, ਪਰ ਪਰਮੇਸ਼ਰ ਦੇ ਹੁੱਕਮਾਂ ਨੂੰ ਮੰਨਣ ਕਾਰਨ ਆਤਮਿਕ ਸੁੰਨਤ ਹੋਈ ਹੈ) ਦੀ ਤੁਲਨਾ ਇੱਕ ਸਰੀਰਕ ਸੁੰਨਤ ਵਾਲੇ ਯਹੂਦੀ ਨਾਲ ਕਰਦਾ ਹੈ (ਜੋ ਬਿਵਸਥਾ ਦੀ ਪਾਲਣਾ ਨਹੀਂ ਕਰਦਾ ਹੈ ਅਤੇ ਇਸ ਲਈ ਉਸ ਦੀ ਆਤਮਿਕ ਤੌਰ ਉੱਤੇ ਸੁੰਨਤ ਨਹੀਂ ਹੋਈ ਹੈ)। ਪੌਲੁਸ ਦੀ ਇਹ ਚਰਚਾ ਕਾਲਪਨਿਕ ਹੈ, ਕਿਉਂਕਿ ਅਸਲ ਵਿੱਚ ਨਾ ਤਾਂ ਕੋਈ ਯਹੂਦੀ ਅਤੇ ਨਾ ਹੀ ਗ਼ੈਰ-ਯਹੂਦੀ ਬਿਵਸਥਾ ਦੀ ਪਾਲਣਾ ਕਰਦਾ ਹੈ। ਫਿਰ ਵੀ, ਪੌਲੁਸ ਦਾ ਮੁੱਦਾ ਇਹ ਹੈ ਕਿ ਆਤਮਿਕ ਸੁੰਨਤ ਦੀ ਤੁਲਨਾ ਵਿੱਚ ਸਰੀਰਕ ਸੁੰਨਤ ਘੱਟ ਮੁੱਲ ਵਾਲੀ ਹੈ (ਦਿਲ ਦੀ ਗੰਦਗੀ ਨੂੰ ਕੱਟਣਾ ਜ਼ਰੂਰੀ ਹੈ)। ਆਤਮਿਕ ਸੁੰਨਤ ਤੋਂ ਬਿਨਾਂ ਸਰੀਰਕ ਸੁੰਨਤ ਦਾ ਕੋਈ ਮੁੱਲ ਨਹੀਂ ਹੈ। ਇਸ ਲਈ, ਆਤਮਿਕ ਤੌਰ ਤੇ ਯਹੂਦੀ ਵੀ ਗ਼ੈਰ-ਯਹੂਦੀਆਂ ਦੀ ਤਰ੍ਹਾਂ ਹੀ ਲੋੜਵੰਦ ਹਨ। ਦੋਵਾਂ ਨੂੰ ਹੀ ਵਿਸ਼ਵਾਸ ਦੁਆਰਾ ਧਰਮੀ ਠਹਿਰਾਏ ਜਾਣ ਦੀ ਲੋੜ ਹੈ।

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਕੁਝ ਲੋਕ ਰੋਮੀ 2:28-29 ਦੀ ਵਰਤੋਂ ਨਸਲੀ ਯਹੂਦੀਆਂ (ਆਇਤ 28) ਅਤੇ ਮਸੀਹੀਆਂ (ਸੱਚੇ ਯਹੂਦੀਆਂ, ਆਇਤ 29) ਵਿਚਕਾਰ ਤੁਲਨਾ ਕਰਨ ਦੇ ਲਈ ਕਰਦੇ ਹਨ। ਹਾਲਾਂਕਿ ਇੱਥੇ ਸੰਦਰਭ ਅਸਲ ਵਿੱਚ ਯਹੂਦੀਆਂ ਦੀ ਗ਼ੈਰ-ਯਹੂਦੀਆਂ ਨਾਲ ਤੁਲਨਾ ਹੀ ਹੈ, ਫਿਰ ਵੀ ਪੌਲੁਸ ਨੇ ਹੁਣ ਤੱਕ ਇਸ ਚਰਚਾ ਵਿੱਚ ਕਲੀਸਿਯਾ ਨੂੰ ਸ਼ਾਮਲ ਨਹੀਂ ਕੀਤਾ ਹੈ। ਇਸ ਲਈ, ਰੋਮੀਆਂ 2 ਵਿੱਚ ਕਲੀਸਿਯਾ ਨੂੰ ਦੇਖਣ ਦਾ ਕੋਈ ਅਸਲ ਕਾਰਨ ਨਹੀਂ ਹੈ।

ਆਇਤਾਂ 28-29 ਦਾ ਸੰਬੰਧ ਸਿਰਫ਼ ਰਾਸ਼ਟਰੀ ਇਸਰਾਏਲ ਨਾਲ ਹੈ। ਆਇਤ 28 ਉਹਨਾਂ ਨਸਲੀ ਯਹੂਦੀਆਂ ਦਾ ਹਵਾਲਾ ਦਿੰਦੀ ਹੈ, ਪਰ ਉਹ ਪੂਰੀ ਤਰ੍ਹਾਂ ਯਹੂਦੀ ਨਹੀਂ ਹੈ ਕਿਉਂਕਿ ਉਹਨਾਂ ਨੇ ਅਜੇ ਤੱਕ ਮੁਕਤੀ ਨਹੀਂ ਪਾਈ ਹੈ, ਅਤੇ ਉਹਨਾਂ ਦੀ ਅਜੇ ਤੱਕ ਇੱਕ ਜ਼ਿਆਦਾ ਜ਼ਰੂਰੀ ਸੁੰਨਤ ਨਹੀਂ ਹੋਈ ਹੈ। ਆਇਤ 29 ਵਿੱਚ ਇੱਕ ਸੱਚਾ ਯਹੂਦੀ ਉਹੀ ਹੈ ਜਿਸ ਦੇ ਦਿਲ ਦੀ ਸੁੰਨਤ ਹੋਈ ਹੈ, ਭਾਵ, ਜਿਸ ਨੇ ਮੁਕਤੀ ਪਾਈ ਹੋਈ ਹੈ। ਇਹ ਆਇਤਾਂ ਇਹ ਸਥਾਪਿਤ ਕਰਦੀਆਂ ਹਨ ਕਿ ਪਰਮੇਸ਼ਰ ਨੂੰ ਪ੍ਰਸੰਨ ਕਰਨ ਜਾਂ ਮੁਕਤੀ ਪ੍ਰਾਪਤ ਕਰਨ ਦੇ ਲਈ ਸਿਰਫ਼ ਸਰੀਰ ਯਹੂਦੀ ਹੋਣਾ ਕਾਫ਼ੀ ਨਹੀਂ ਹੈ। ਪਰਮੇਸ਼ਰ ਦੇ ਨਾਲ ਸਹੀ ਦਿਲ ਤੋਂ ਬਿਨਾਂ ਇਕੱਲੇ ਯਹੂਦੀ ਵੰਸ਼ ਤੋਂ ਹੋਣਾ ਕਾਫ਼ੀ ਨਹੀਂ ਹੈ। ਪੌਲੁਸ ਫਿਰ ਅਗਲੇ ਅਧਿਆਇਆਂ ਵਿੱਚ ਵਿਸਤਾਰ ਨਾਲ ਇਹ ਦੱਸੇਗਾ ਕਿ ਗ਼ੈਰ-ਯਹੂਦੀ ਕਿਵੇਂ ਵਿਸ਼ਵਾਸ ਦੁਆਰਾ ਮੁਕਤੀ ਪਾ ਸਦਕੇ ਹਨ, ਅਤੇ ਕਿਵੇਂ ਯਹੂਦੀ ਵੀ ਇਸੇ ਤਰੀਕੇ ਨਾਲ "ਸੱਚੇ ਯਹੂਦੀ" ਬਣ ਸਕਦੇ ਹਨ। ਹਾਲਾਂਕਿ ਇਹ ਹਵਾਲਾ ਇਹ ਸਿਖਾਉਂਦਾ ਹੈ ਕਿ ਗ਼ੈਰ-ਯਹੂਦੀਆਂ ਦੀ ਸੱਚੀ ਸੁੰਨਤ ਹੋ ਸਕਦੀ ਹੈ, ਫਿਰ ਵੀ ਇਹ ਮੁਕਤੀ ਪਾਏ ਹੋਏ ਗ਼ੈਰ-ਯਹੂਦੀਆਂ ਨੂੰ ਕੌਮੀ ਇਸਰਾਏਲ ਨਾਲ ਨਹੀਂ ਜੋੜਦਾ ਹੈ। ਇਹ ਸਿਰਫ਼ ਇੰਨਾ ਕਹਿੰਦਾ ਹੈ ਕਿ ਇੱਕ ਯਹੂਦੀ ਨੂੰ ਪੂਰੀ ਤਰ੍ਹਾਂ ਯਹੂਦੀ ਹੋਣ ਦੇ ਲਈ ਸਰੀਰਕ ਸੁੰਨਤ ਨਾਲੋਂ ਕੁਝ ਜ਼ਿਆਦਾ ਦੀ ਲੋੜ ਹੈ।

### d. ਰਾਜ ਦੀ ਕਲੀਸਿਯਾ ਵਿੱਚ ਤਬਦੀਲੀ

ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਮੱਤੀ 21:43ff ਦੀ ਵਰਤੋਂ ਇਹ ਦਾਅਵਾ ਕਰਨ ਦੇ ਲਈ ਕਰਦੇ ਹਨ ਕਿ ਇਸਰਾਏਲ ਦਾ ਕੋਈ ਭਵਿੱਖ ਦਾ ਰਾਜ ਨਹੀਂ ਹੋਵੇਗਾ। ਅਜਿਹਾ ਮੰਨਿਆ ਜਾਂਦਾ ਹੈ ਕਿ ਇਸਰਾਏਲ ਨੂੰ ਅਲੱਗ ਕਰ ਦਿੱਤਾ ਗਿਆ ਹੈ ਅਤੇ ਬਰਕਤਾਂ ਪਾਉਣ ਦੇ ਲਈ ਕਲੀਸਿਯਾ ਨੇ ਉਸ ਦੀ ਥਾਂ ਲੈ ਲਈ ਹੈ।

> "ਇਸ ਦੇ ਲਈ ਪ੍ਰਭੂ ਯਿਸੂ ਨੇ ਉਹਨਾਂ ਨੂੰ ਕਿਹਾ, "ਮੈਂ ਤੁਹਾਨੂੰ ਕਹਿੰਦਾ ਹਾਂ, ਪਰਮੇਸ਼ਰ ਦਾ ਰਾਜ ਤੁਹਾਡੇ ਕੋਲੋਂ ਲੈ ਲਿਆ ਜਾਵੇਗਾ ਅਤੇ ਉਹਨਾਂ ਲੋਕਾਂ ਨੂੰ ਦੇ ਦਿੱਤਾ ਜਾਵੇਗਾ ਜਿਹੜੇ ਉਸ ਦਾ ਫਲ ਲਿਆਉਂਦੇ ਹਨ... ਜਦੋਂ ਮਹਾਂ-ਪੁਰੋਹਿਤ ਅਤੇ ਫ਼ਰੀਸੀਆਂ ਨੇ ਯਿਸੂ ਦਾ ਇਹ ਦ੍ਰਿਸ਼ਟਾਂਤ ਸੁਣਿਆ ਤਾਂ ਉਹ ਸਮਝ ਗਏ ਕਿ ਯਿਸੂ ਉਹਨਾਂ ਬਾਰੇ ਕਹਿ ਰਹੇ ਹਨ।" [ਮੱਤੀ 21:43, 45]

ਇਹ ਵਚਨ ਕਈ ਅਜਿਹੀਆਂ ਵਿਆਖਿਆਵਾਂ ਕਰਨ ਦੇ ਯੋਗ ਹੈ ਜੋ ਹਜ਼ਾਰ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਵਿਚਾਰ ਦਾ ਸਮਰਥਨ ਨਹੀਂ ਕਰਦੀਆਂ ਹਨ। ਮੱਤੀ 21:45 ਸਾਫ਼-ਸਾਫ਼ ਇਹ ਸਿਖਾਉਂਦਾ ਹੈ ਕਿ ਆਇਤ 43 ਦੇ "ਤੁਸੀਂ" ਆਗੂ ਜਾਜਕ ਅਤੇ ਫ਼ਰੀਸੀ ਸਨ। ਉਹ ਰਾਜ ਨੂੰ ਪ੍ਰਾਪਤ ਨਹੀਂ ਕਰਨਗੇ। ਪਰ ਇੱਕ ਹੋਰ "ਕੌਮ" ਇਸ ਨੂੰ ਪ੍ਰਾਪਤ ਕਰੇਗੀ।

ਪ੍ਰਭੂ ਸ਼ਾਇਦ ਸਿਰਫ਼ ਇਹ ਕਹਿ ਰਹੇ ਸਨ ਕਿ ਮੌਜੂਦਾ ਇਸਰਾਏਲੀ ਕੌਮ ਨੂੰ ਮਸੀਹ ਦਾ ਰਾਜ ਨਹੀਂ ਮਿਲੇਗਾ, ਪਰ ਭਵਿੱਖ ਦੀ ਇਸਰਾਏਲ ਕੌਮ ਇਸ ਨੂੰ ਪ੍ਰਾਪਤ ਕਰੇਗੀ। ਦੂਜੇ ਸ਼ਬਦਾਂ ਵਿੱਚ, ਮਸੀਹ ਦੇ ਸਮੇਂ ਦੀ ਪੀੜ੍ਹੀ ਦੀ ਇਸਰਾਏਲ ਕੌਮ ਨੂੰ ਰਾਜ ਪ੍ਰਾਪਤ ਨਹੀਂ ਹੋਵੇਗਾ। ਰਾਜ ਨੂੰ ਇੱਕ ਅਜਿਹੀ ਪੀੜ੍ਹੀ ਦੀ ਉਡੀਕ ਕਰਨੀ ਸੀ ਜਿਸ ਵਿੱਚ ਇਸਰਾਏਲ ਇੱਕ

ਅਲੱਗ ਹੀ ਤਰ੍ਹਾਂ ਦੀ ਕੌਮ ਬਣ ਗਿਆ ਹੋਵੇਗਾ। ਪਹਿਲੀ ਸਦੀ ਦੀ ਯਹੂਦੀ ਕੌਮ ਧਰਤੀ ਉੱਤੇ ਰਾਜ ਦਾ ਆਨੰਦ ਨਹੀਂ ਮਣਾਏਗੀ, ਪਰ ਇੱਕ ਭਵਿੱਖ ਦੀ ਇਸਰਾਏਲੀ ਕੌਮ ਇਸ ਦਾ ਆਨੰਦ ਮਣਾਏਗੀ।

ਇੱਥੇ "ਕੌਮ" ਨੂੰ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਵਿਚਾਰ ਦੇ ਸਿੱਟੇ ਕੱਢਣ ਤੋਂ ਬਿਨਾਂ ਹੀ ਕਲੀਸਿਯਾ ਦੇ ਰੂਪ ਵਿੱਚ ਦੇਖਣਾ ਵੀ ਸੰਭਵ ਹੈ। ਹਾਲਾਂਕਿ ਕਲੀਸਿਯਾ ਹਜ਼ਾਰ ਸਾਲ ਦਾ ਰਾਜ ਨਹੀਂ ਹੈ, ਫਿਰ ਵੀ ਇਹ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦਾ ਇੱਕ ਰੂਪ ਹੈ (ਦੇਖੋ, ਰੋਮੀ 14:17; ਕੁਲੁੱਸੀ 1:13; ਅਤੇ ਮੱਤੀ ਅਧਿਆਇ 13 ਜਿੱਥੇ ਮਸੀਹ ਦੇ ਪਹਿਲੇ ਵਾਰ ਆਉਣ ਅਤੇ ਦੂਜੀ ਵਾਰ ਆਉਣ ਵਿਚਕਾਰ ਦੇ ਸਮੇਂ ਨੂੰ ਰਾਜ ਕਿਹਾ ਗਿਆ ਹੈ)। ਇਸ ਤੋਂ ਇਲਾਵਾ, ਬਾਈਬਲ ਵਿਸ਼ਵਾਸੀਆਂ ਨੂੰ ਰੋਮੀ 10:19 ਅਤੇ 1 ਪਤਰਸ 2:9-10 ਵਿੱਚ ਕੌਮ ਕਹਿੰਦੀ ਹੈ (1 ਪਤਰਸ ਦਾ ਹਵਾਲਾ ਮੱਤੀ 21 ਦੀ ਤਰ੍ਹਾਂ ਜ਼ਬੂਰ 118 ਤੋਂ ਲਿਆ ਗਿਆ ਹੈ)। ਸ਼ਾਇਦ ਪ੍ਰਭੂ ਕਹਿ ਰਹੇ ਹਨ ਕਿ ਪਹਿਲੀ ਸਦੀ ਵਿੱਚ ਇਸਰਾਏਲ ਦੀ ਅਗਵਾਈ ਕਰਨ ਵਾਲਿਆਂ ਤੋਂ ਰਾਜ ਲੈ ਲਿਆ ਜਾਵੇਗਾ, ਅਤੇ ਕਲੀਸਿਯਾ ਨੂੰ ਇੱਕ ਤਰ੍ਹਾਂ ਦਾ ਰਾਜ ਦੇ ਦਿੱਤਾ ਜਾਵੇਗਾ। ਇਸ ਸੱਚਾਈ ਇਸ ਵਿਸ਼ਵਾਸ ਦਾ ਵਿਰੋਧ ਨਹੀਂ ਕਰਦੀ ਹੈ ਕਿ ਭਵਿੱਖ ਵਿੱਚ ਇਸਰਾਏਲ ਨੂੰ ਪਰਮੇਸ਼ਰ ਦੇ ਕੰਮ ਵਿੱਚ ਇੱਕ ਮੁੱਖ ਸਥਾਨ ਉੱਤੇ ਵਾਪਸ ਲਿਆਂਦਾ ਜਾਵੇਗਾ ਅਤੇ ਫਿਰ ਇਹ ਕੌਮ ਧਰਤੀ ਉੱਤੇ ਪਰਮੇਸ਼ਰ ਦਾ ਇੱਕ ਰਾਜਨੀਤਿਕ ਰਾਜ ਪ੍ਰਾਪਤ ਕਰੇਗੀ। ਅਸਲ ਵਿੱਚ, ਮੱਤੀ 21:43ff ਦੀ ਇਹ ਵਿਆਖਿਆ ਇਸ ਨੂੰ ਰੋਮੀਆਂ 11 ਦੀ ਇੱਕ ਬਰਾਬਰ ਦੀ ਵਿਆਖਿਆ ਬਣਾ ਦਿੰਦੀ ਹੈ। ਰੋਮੀਆਂ 11 ਵਿੱਚ ਪੌਲੁਸ ਇਹ ਦਲੀਲ ਦਿੰਦਾ ਹੈ ਕਿ ਗ਼ੈਰ-ਯਹੂਦੀ (ਜਿਸ ਵਿੱਚ ਕਲੀਸਿਯਾ ਦੇ ਗ਼ੈਰ-ਯਹੂਦੀ ਵੀ ਸ਼ਾਮਲ ਹਨ) ਇੱਕ ਬਰਕਤ ਦੇ ਸਥਾਨ ਉੱਤੇ ਮੌਜੂਦ ਹਨ, ਪਰ ਇਹੀ ਅਧਿਆਇ ਇਹ ਵੀ ਸਿਖਾਉਂਦਾ ਹੈ ਕਿ ਇਸਰਾਏਲ ਫਿਰ ਤੋਂ ਪਰਮੇਸ਼ਰ ਦੀ ਕਿਰਪਾ ਅਤੇ ਬਰਕਤ ਪਾਉਣ ਦੀ ਜਗ੍ਹਾ ਉੱਤੇ ਵਾਪਸ ਆਵੇਗਾ। ਹਜ਼ਾਰ ਸਾਲ ਦੇ ਰਾਜ ਦਾ ਮੁੱਦਾ ਇਕੱਲੇ ਮੱਤੀ 21 ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ ਹੈ, ਪਰ ਹੋਰ ਵਚਨ ਵੀ ਇਹ ਸਪੱਸ਼ਟ ਕਰਦੇ ਹਨ ਕਿ ਇਸਰਾਏਲ ਦਾ ਬਰਕਤਾਂ ਦੇ ਸਥਾਨ ਤੋਂ ਹਟਾਇਆ ਜਾਣਾ ਸਦਾ ਦੇ ਲਈ ਨਹੀਂ ਪਰ ਕੁਝ ਸਮੇਂ ਲਈ ਹੋਣਾ ਚਾਹੀਦਾ ਹੈ।

### 5. ਅਮਿਲੇਨੀਅਲ ਵਿਚਾਰ ਦੀਆਂ ਦਲੀਲਾਂ ਦਾ ਮੁਲਾਂਕਣ

ਅਮਿਲੇਨੀਅਲ ਵਿਚਾਰ ਵਾਲੇ ਲੋਕ ਦੁਆਰਾ ਪ੍ਰੀ-ਮਿਲੇਨੀਅਲ ਵਿਚਾਰ ਉੱਤੇ ਇਤਰਾਜ਼ ਕਰਨ ਦੇ ਲਈ ਵਰਤੇ ਜਾਣ ਵਾਲੀਆਂ ਮੁੱਖ ਦਲੀਲਾਂ ਹੀ ਇੱਕ-ਦੂਜੇ ਦਾ ਵਿਰੋਧ ਕਰਦੀਆਂ ਹਨ। ਕਿਉਂਕਿ ਇਹ ਸਾਰੀਆਂ ਦਲੀਲਾਂ ਇੱਕੋ ਹੀ ਸਮੇਂ ਸਹੀ ਨਹੀਂ ਹੋ ਸਕਦੀਆਂ ਹਨ, ਇਸ ਲਈ ਉਹਨਾਂ ਵਿੱਚ ਸਮੂਹਿਕ ਤਾਕਤ ਨਹੀਂ ਹੈ, ਅਤੇ ਇੱਕ-ਦੂਜੇ ਤੋਂ ਵੱਖ ਹੋ ਕੇ ਇਹ ਕਮਜ਼ੋਰ ਹੋ ਜਾਂਦੀਆਂ ਹਨ। ਜੇਕਰ ਇੱਕ ਵਿਅਕਤੀ ਇੱਕ ਵਚਨ ਦੀ ਹਜ਼ਾਰ ਸਾਲ ਦੇ ਸ਼ਾਬਦਿਕ ਰਾਜ ਨੂੰ ਨਾ ਮੰਨਣ ਵਾਲੇ ਵਿਚਾਰ ਵਾਲੀ ਵਿਆਖਿਆ ਨੂੰ ਮੰਨ ਵੀ ਲਵੇ, ਫਿਰ ਵੀ ਉਹ ਇਸ ਵਚਨ ਨੂੰ ਇਸਰਾਏਲ ਦੇ ਲਈ ਇੱਕ ਭਵਿੱਖ ਨੂੰ ਰੱਦ ਕਰਨ ਦੇ ਲਈ ਨਹੀਂ ਵਰਤ ਸਕਦਾ ਹੈ। ਜੇਕਰ ਬਾਈਬਲ ਦੇ ਕੁਝ ਵਚਨ ਕਲੀਸਿਯਾ ਨੂੰ "ਸੱਚਾ ਇਸਰਾਏਲ" ਵੀ ਕਹਿੰਦੇ ਹਨ, ਫਿਰ ਵੀ ਉਹ ਇਹ ਸਾਬਤ ਨਹੀਂ ਹੁੰਦਾ ਹੈ ਕਿ ਪਰਮੇਸ਼ਰ ਨੇ ਇਸਰਾਏਲ ਕੌਮ ਨਾਲ ਆਪਣੇ ਨੇਮ ਰੱਦ ਕਰ ਦਿੱਤੇ ਹਨ, ਉਹ ਸਿਰਫ਼ ਇਹ ਸਾਬਤ ਕਰਨਗੇ ਕਿ ਕਲੀਸਿਯਾ ਦਾ ਉਹਨਾਂ ਵਿੱਚ ਇੱਕ ਹਿੱਸਾ ਹੈ।

ਇਸ ਅਧਿਆਇ ਵਿੱਚ ਇਸਰਾਏਲ ਨਾਲ ਕੀਤੀ ਗਏ ਜਿਹਨਾਂ ਨੇਮਾਂ ਦੀ ਪਹਿਲਾਂ ਚਰਚਾ ਕੀਤੀ ਗਈ ਹੈ, ਇਸ ਬਿੰਦੂ ਉੱਤੇ ਪਾਠਕ ਦੇ ਲਈ ਚੰਗਾ ਹੋਵੇਗਾ ਕਿ ਉਹ ਮੁੜ ਕੇ ਇੱਕ ਵਾਰ ਫਿਰ ਉਹਨਾਂ ਦੀ ਸਮੀਖਿਆ ਕਰੇ। ਇੱਕ ਬਿਨਾਂ ਸ਼ਰਤ ਵਾਲੇ ਅਤੇ ਸਦੀਪਕ ਵਾਅਦੇ ਨੂੰ ਜਿਹੜੀ ਭਾਸ਼ਾ ਵਿੱਚ ਦੱਸਿਆ ਗਿਆ ਹੈ, ਇਸ ਤੋਂ ਜ਼ਿਆਦਾ ਮਜ਼ਬੂਤ ਰੂਪ ਵਿੱਚ ਇਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਇਸਰਾਏਲ ਅਤੇ ਕਲੀਸਿਯਾ ਦੇ ਵਿਚਕਾਰ ਅੰਤਰਾਂ ਦੀ ਸਮੀਖਿਆ ਵੀ ਮਦਦਗਾਰ ਹੋਵੇਗੀ (ਦੇਖੋ, ਅਧਿਆਇ 11, ਕਲੀਸਿਯਾ ਦਾ ਸਿਧਾਂਤ)।

ਨਵਾਂ ਨੇਮ ਵੀ ਇਸਰਾਏਲ ਅਤੇ ਕਲੀਸਿਯਾ ਨੂੰ ਇੱਕ-ਦੂਜੇ ਤੋਂ ਅਲੱਗ ਦੇਖਦਾ ਹੈ (ਦੇਖੋ, 1 ਕੁਰਿੰਥ 10:32)। ਹਾਲਾਂਕਿ ਇਹ ਇਕੱਲਾ ਆਪਣੇ ਆਪ ਵਿੱਚ ਇਹ ਸਾਬਤ ਨਹੀਂ ਕਰਦਾ ਹੈ ਕਿ ਇਸਰਾਏਲ ਦਾ ਇੱਕ ਭਵਿੱਖ ਦਾ ਰਾਜ ਹੈ, ਪਰ ਇਸ ਦਾ ਅਰਥ ਇਹ ਜ਼ਰੂਰ ਹੈ ਕਿ ਪਰਮੇਸ਼ਰ ਇਸਰਾਏਲ ਅਤੇ ਕਲੀਸਿਯਾ ਨੂੰ ਇੱਕ-ਦੂਜੇ ਤੋਂ ਅਲੱਗ ਦੇਖਦੇ ਹਨ। ਇਹ ਪਰਮੇਸ਼ਰ ਦੇ ਪ੍ਰੋਗਰਾਮ ਵਿੱਚ ਇਸਰਾਏਲ ਦੇ ਭਵਿੱਖ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ। ਹੇਠਾਂ ਦਿੱਤੇ ਗਏ ਵਚਨਾਂ ਨਾਲ ਇਸਰਾਏਲ ਦੇ ਨੇਮ ਦਾ ਸਦੀਪਕ ਰੂਪ ਇਸ ਸੰਭਾਵਨਾ ਨੂੰ ਨਿਸ਼ਚਿਤ ਬਣਾਉਂਦਾ ਹੈ। ਪੁਰਾਣੇ ਨੇਮ ਦੇ ਇਸਰਾਏਲ ਦੇ ਪਰਮੇਸ਼ਰ ਨੂੰ ਨਿਰਾਸ਼ ਕਰਨ ਅਤੇ ਨਵੇਂ ਨੇਮ ਵਿੱਚ ਵੀ ਆਪਣੇ ਰਾਜਾ ਨੂੰ ਰੱਦ ਕਰਨ ਦੇ ਬਹੁਤ ਸਮੇਂ ਬਾਅਦ, ਪਰਮੇਸ਼ਰ ਅਜੇ ਵੀ ਇਸਰਾਏਲ ਦੇ ਲਈ ਇੱਕ ਮਹਿਮਾਮਈ ਭਵਿੱਖ ਦਾ ਵਾਅਦਾ ਕਰਦੇ ਹਨ (ਧਰਤੀ ਉੱਤੇ ਭਵਿੱਖ ਦੇ ਰਾਜ ਦੇ ਲਈ ਦੇਖੋ, ਪ੍ਰਕਾਸ਼ 1:6, 5:10, 20:4 ਅਤੇ 6)।

> "ਤੂੰ ਗਰਭਵਤੀ ਹੋਵੇਂਗੀ ਅਤੇ ਇੱਕ ਪੁੱਤਰ ਨੂੰ ਜਨਮ ਦੇਵੇਂਗੀ। ਤੂੰ ਉਹਨਾਂ ਦਾ ਨਾਮ ਯਿਸੂ ਰੱਖਣਾ। ਉਹ ਮਹਾਨ ਹੋਣਗੇ। ਉਹ ਪਰਮ ਪ੍ਰਧਾਨ ਪਰਮੇਸ਼ਰ ਦੇ ਪੁੱਤਰ ਅਖਵਾਉਣਗੇ। **ਪ੍ਰਭੂ ਪਰਮੇਸ਼ਰ ਉਹਨਾਂ ਦੇ ਪੁਰਖੇ ਦਾਊਦ ਦੀ ਰਾਜ-ਗੱਦੀ ਉਹਨਾਂ ਨੂੰ ਦੇਣਗੇ। ਉਹ ਅਨੰਤਕਾਲ ਤੱਕ ਯਾਕੂਬ ਦੀ ਪੀੜ੍ਹੀ ਉੱਤੇ ਰਾਜ ਕਰਨਗੇ। ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ।**" [ਲੂਕਾ 1:31-33]
>
> ਯਿਸੂ ਨੇ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ ਮਨੁੱਖ ਦਾ ਪੁੱਤਰ ਨਵੀਂ ਸ੍ਰਿਸ਼ਟੀ ਵਿੱਚ **ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ, ਉਸ ਸਮੇਂ ਤੁਸੀਂ ਵੀ ਬਾਰ੍ਹਾਂ**

**ਕਬੀਲਿਆਂ ਦਾ ਨਿਆਂ ਕਰੋਗੇ।** [ਮੱਤੀ 19:28] (ਇਹ ਧਿਆਨ ਦਿਓ ਕਿ ਇਹ ਵਚਨ ਮੱਤੀ 16:18 ਵਿੱਚ ਕਲੀਸਿਯਾ ਬਾਰੇ ਭਵਿੱਖਬਾਣੀ ਤੋਂ ਬਾਅਦ ਆਉਂਦਾ ਹੈ)

ਤਦ ਪਤਰਸ ਨੇ ਲੋਕਾਂ ਨੂੰ ਕਿਹਾ, "...ਅਬਰਾਹਾਮ, ਇਸਹਾਕ, ਯਾਕੂਬ ਅਤੇ ਸਾਡੇ ਪੁਰਖਿਆਂ ਦੇ ਪਰਮੇਸ਼ਰ ਨੇ ਆਪਣੇ ਸੇਵਕ ਯਿਸੂ ਨੂੰ ਮਹਿਮਾ ਦਿੱਤੀ ਹੈ। ਉਹਨਾਂ ਨੂੰ ਤੁਸੀਂ ਵੈਰੀਆਂ ਦੇ ਹੱਥਾਂ ਵਿੱਚ ਫੜਵਾ ਦਿੱਤਾ ਅਤੇ ਪਿਲਾਤੁਸ ਦੇ ਸਾਹਮਣੇ ਉਹਨਾਂ ਨੂੰ ਰੱਦਿਆ, ਜਦੋਂ ਕਿ ਪਿਲਾਤੁਸ ਨੇ ਉਹਨਾਂ ਨੂੰ ਛੱਡਣ ਦਾ ਫ਼ੈਸਲਾ ਕੀਤਾ ਸੀ ਪਰ ਤੁਸੀਂ ਪਵਿੱਤਰ ਅਤੇ ਨੇਕ ਪੁਰਖ ਨੂੰ ਰੱਦ ਦਿੱਤਾ ਅਤੇ ਇੱਕ ਕਾਤਲ ਨੂੰ ਛੱਡ ਦੇਣ ਦੀ ਮੰਗ ਕੀਤੀ। ਇਸ ਤਰ੍ਹਾਂ ਤੁਸੀਂ ਉਹਨਾਂ ਨੂੰ ਮਾਰ ਦਿੱਤਾ ਜਿਹੜੇ ਜੀਵਨ ਦਾ ਸ੍ਰੋਤ ਸਨ । ਪਰ ਪਰਮੇਸ਼ਰ ਨੇ ਉਹਨਾਂ ਨੂੰ ਮੁਰਦਿਆਂ ਵਿੱਚੋਂ ਜਿਊਂਦਾ ਕਰ ਦਿੱਤਾ ਜਿਹਨਾਂ ਦੇ ਅਸੀਂ ਗਵਾਹ ਹਾਂ..."ਹੇ ਇਸਰਾਏਲੀਓ, ਮੈਂ ਜਾਣਦਾਂ ਹਾਂ ਕਿ ਤੁਸੀਂ ਅਤੇ ਤੁਹਾਡੇ ਆਗੂਆਂ ਨੇ ਇਹ ਕੰਮ ਅਣਜਾਣੇ ਵਿੱਚ ਕੀਤਾ। ਪਰਮੇਸ਼ਰ ਨੇ ਪਹਿਲਾਂ ਹੀ ਸਾਰੇ ਨਬੀਆਂ ਦੇ ਰਾਹੀਂ ਇਹ ਦੱਸ ਦਿੱਤਾ ਸੀ ਕਿ ਉਹਨਾਂ ਦਾ ਮਸੀਹ ਦੁੱਖ ਸਹੇਗਾ ਅਤੇ ਇਹ ਉਹਨਾਂ ਨੇ ਇਸ ਤਰ੍ਹਾਂ ਪੂਰਾ ਕੀਤਾ। ਇਸ ਲਈ ਤੁਸੀਂ ਤੋਬਾ ਕਰੋ ਅਤੇ ਪਰਮੇਸ਼ਰ ਵੱਲ ਮੁੜੋ ਕਿ ਉਹ ਤੁਹਾਡੇ ਪਾਪ ਮਾਫ਼ ਕਰ ਦੇਣ **ਜਿਸ ਨਾਲ ਤੁਹਾਨੂੰ ਆਤਮਿਕ ਤਾਜ਼ਗੀ ਦਾ ਸਮਾਂ ਪ੍ਰਭੂ ਤੋਂ ਮਿਲੇ ਅਤੇ ਉਹ ਤੁਹਾਡੇ ਲਈ ਪਹਿਲਾਂ ਤੋਂ ਨਿਯੁਕਤ ਕੀਤੇ ਮਸੀਹ ਭਾਵ ਯਿਸੂ ਨੂੰ ਭੇਜ ਦੇਣ। ਪਰ ਇਹ ਜ਼ਰੂਰੀ ਹੈ ਕਿ ਉਹ ਸਵਰਗ ਵਿੱਚ ਉਸ ਸਮੇਂ ਤੱਕ ਰਹਿਣ ਜਦੋਂ ਤੱਕ ਕਿ ਸਭ ਕੁਝ ਸੁਧਾਰਿਆ ਨਾ ਜਾਵੇ** ਜਿਸ ਦੇ ਬਾਰੇ ਪਰਮੇਸ਼ਰ ਨੇ ਸ਼ੁਰੂ ਤੋਂ ਆਪਣੇ ਪਵਿੱਤਰ ਨਬੀਆਂ ਦੇ ਰਾਹੀਂ ਕਿਹਾ ਹੈ। [ਰਸੂਲਾਂ 3:12-15, 17-21] (ਸਲੀਬ ਤੋਂ ਬਾਅਦ ਵੀ, ਪਤਰਸ ਯਹੂਦੀਆਂ ਨੂੰ ਰਾਜ ਦਾ ਪ੍ਰਸਤਾਵ ਦੇ ਰਿਹਾ ਹੈ)

**ਹੁਣ ਮੇਰਾ ਪ੍ਰਸ਼ਨ ਇਹ ਹੈ, ਕੀ ਪਰਮੇਸ਼ਰ ਨੇ ਆਪਣੇ ਚੁਣੇ ਹੋਏ ਲੋਕਾਂ ਨੂੰ ਤਿਆਗ ਦਿੱਤਾ ਹੈ? ਨਹੀਂ! ਕਿਉਂਕਿ ਮੈਂ ਆਪ ਵੀ ਇੱਕ ਇਸਰਾਏਲੀ ਹਾਂ।** ਮੈਂ ਅਬਰਾਹਾਮ ਦੀ ਸੰਤਾਨ ਹਾਂ ਅਤੇ ਬਿਨਯਾਮੀਨ ਦੀ ਕੁਲ ਵਿੱਚੋਂ ਹਾਂ...ਮੇਰੇ ਭਰਾਵੋ ਅਤੇ ਭੈਣੋ, ਇਹ ਇੱਕ ਗਹਿਰਾ ਭੇਤ ਹੈ ਜਿਹੜਾ ਮੈਂ ਚਾਹੁੰਦਾ ਹਾਂ ਕਿ ਤੁਸੀਂ ਜਾਣੋ। ਇਹ ਤੁਹਾਨੂੰ ਆਪਣੇ ਆਪ ਨੂੰ ਬਹੁਤ ਬੁੱਧੀਮਾਨ ਸਮਝਣ ਦੇ ਹੰਕਾਰ ਤੋਂ ਬਚਾਵੇਗਾ। ਇਹ ਭੇਤ ਇਹ ਹੈ ਕਿ ਇਸਰਾਏਲ ਦੇ ਦਿਲਾਂ ਦੀ ਕਠੋਰਤਾ ਹਮੇਸ਼ਾ ਤੱਕ ਨਹੀਂ ਰਹੇਗੀ। ਇਹ ਬਹੁਤ ਸਾਰੀਆਂ ਪਰਾਈਆਂ ਕੌਮਾਂ ਦੇ ਮਸੀਹ ਦੇ ਕੋਲ ਆਉਣ ਤੱਕ ਰਹੇਗੀ। **ਇਸ ਤਰ੍ਹਾਂ ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ।** ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ। ਮੈਂ ਉਹਨਾਂ ਦੇ ਨਾਲ ਇੱਕ ਨੇਮ ਬੰਨ੍ਹਾਂਗਾ, ਜਦੋਂ ਮੈਂ ਉਹਨਾਂ ਦੇ ਸਾਰੇ ਪਾਪਾਂ ਨੂੰ ਦੂਰ ਕਰਾਂਗਾ।" ਜਿੱਥੋਂ ਤੱਕ ਸ਼ੁਭ ਸਮਾਚਾਰ ਦਾ ਪ੍ਰਸ਼ਨ ਹੈ, ਯਹੂਦੀ ਲੋਕ ਤੁਹਾਡੀ ਖ਼ਾਤਰ ਇਸ ਸਮੇਂ ਪਰਮੇਸ਼ਰ ਦੇ ਵੈਰੀ ਹਨ ਪਰ ਆਪਣੀ ਚੋਣ ਦੇ ਕਾਰਨ ਅਤੇ ਪੁਰਖਿਆਂ ਦੀ ਖ਼ਾਤਰ ਉਹ ਉਹਨਾਂ ਨੂੰ ਅਜੇ ਵੀ ਪਿਆਰ ਕਰਦੇ ਹਨ। **ਕਿਉਂਕਿ ਪਰਮੇਸ਼ਰ ਦੇ ਵਾਅਦੇ ਅਤੇ ਬੁਲਾਵੇ ਹਮੇਸ਼ਾ ਅਟੱਲ ਹਨ।** [ਰੋਮੀ 11:1,25-29]

ਤਦ ਮੈਂ ਜਿਹਨਾਂ ਦੇ ਮੱਥਿਆਂ ਦੇ ਉੱਤੇ ਮੋਹਰ ਲਾਈ ਗਈ ਸੀ ਉਹਨਾਂ ਦੀ ਗਿਣਤੀ ਸੁਣੀ। ਇਹ ਗਿਣਤੀ ਇੱਕ ਲੱਖ ਚੁਤਾਲੀ ਹਜ਼ਾਰ ਸੀ **ਜਿਹੜੇ ਇਸਰਾਏਲ ਦੇ ਸਾਰੇ ਕਬੀਲਿਆਂ ਦੇ ਲੋਕ ਸਨ।** [ਪ੍ਰਕਾਸ਼ 7:4]

ਉਹ ਮੈਨੂੰ ਪਰਮੇਸ਼ਰ ਦੇ ਆਤਮਾ ਵਿੱਚ ਇੱਕ ਵੱਡੇ ਅਤੇ ਉੱਚੇ ਪਹਾੜ ਉੱਤੇ ਲੈ ਗਿਆ ਅਤੇ ਮੈਨੂੰ ਪਵਿੱਤਰ ਸ਼ਹਿਰ ਯਰੂਸ਼ਲਮ ਨੂੰ ਸਵਰਗ ਤੋਂ ਪਰਮੇਸ਼ਰ ਕੋਲੋਂ ਉਤਰਦੇ ਦਿਖਾਇਆ...ਉਸ ਸ਼ਹਿਰ ਦੇ ਚਾਰੇ ਪਾਸੇ ਇੱਕ ਵੱਡੀ ਅਤੇ ਉੱਚੀ ਦੀਵਾਰ ਸੀ ਜਿਸ ਦੇ ਬਾਰ੍ਹਾਂ ਦਰਵਾਜ਼ੇ ਸਨ। ਹਰ ਦਰਵਾਜ਼ੇ ਉੱਤੇ **ਇਸਰਾਏਲ ਦੇ ਪੁੱਤਰਾਂ ਦੇ ਬਾਰ੍ਹਾਂ ਕਬੀਲਿਆਂ** ਦੇ ਨਾਂ ਉੱਕਰੇ ਹੋਏ ਸਨ ਅਤੇ ਉਹਨਾਂ ਵਿੱਚੋਂ ਹਰ ਦਰਵਾਜ਼ੇ ਉੱਤੇ ਇੱਕ ਸਵਰਗਦੂਤ ਖੜ੍ਹਾ ਸੀ। [ਪ੍ਰਕਾਸ਼ 21:10,12]

ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦਾ ਵਿਚਾਰ ਬੇਸ਼ੱਕ ਇੱਕ ਅਜਿਹਾ ਸਿਧਾਂਤ ਹੈ ਜੋ ਪਵਿੱਤਰ ਬਾਈਬਲ ਦੇ ਅਨੁਸਾਰ ਹੈ। ਅਸੀਂ ਹੁਣ ਧਰਤੀ ਉੱਤੇ ਇੱਕ ਰਾਜ ਦੇ ਵਿਚਾਰ ਨੂੰ ਸਾਬਤ ਕਰਨ ਵਾਲੇ ਸਬੂਤਾਂ ਤੋਂ ਉਸ ਰਾਜ ਦੇ ਰੂਪ ਬਾਰੇ ਬਾਈਬਲ ਦੀਆਂ ਸਿੱਖਿਆਵਾਂ ਵੱਲ ਅੱਗੇ ਵੱਧ ਸਕਦੇ ਹਾਂ। ਇਹ ਤਾਂ ਸਪੱਸ਼ਟ ਹੀ ਹੈ ਕਿ ਜਿਹੜੇ ਵਚਨ ਰਾਜ ਦੇ ਰੂਪ ਬਾਰੇ ਦੱਸਦੇ ਹਨ, ਉਹ ਇਹ ਵੀ ਸਾਬਤ ਕਰਦੇ ਹਨ ਕਿ ਇੱਕ ਰਾਜ ਹੋਵੇਗਾ!

## F. ਹਜ਼ਾਰ ਸਾਲ ਦੇ ਰਾਜ ਦਾ ਰੂਪ

ਪਰਮੇਸ਼ਰ ਧਰਤੀ ਉੱਤੇ ਇੱਕ ਭਵਿੱਖ ਦਾ ਰਾਜ ਇਸ ਲਈ ਸਥਾਪਿਤ ਕਰਨਗੇ ਕਿ ਉਹ ਇਸਰਾਏਲ ਦੇ ਨਾਲ ਆਪਣੇ ਨੇਮਾਂ ਨੂੰ ਪੂਰਾ ਕਰ ਸਕਣ। ਇਹ ਰਾਜ ਉਹਨਾਂ ਬਰਕਤਾਂ ਨੂੰ ਪ੍ਰਦਰਸ਼ਿਤ ਕਰੇਗਾ ਜੋ ਮਨੁੱਖਜਾਤੀ ਦੁਆਰਾ ਪਰਮੇਸ਼ਰ ਦੇ ਅਧਿਕਾਰ ਨੂੰ ਸਵੀਕਾਰ ਕਰ ਲੈਣ ਦੁਆਰਾ ਆਉਂਦੀਆਂ ਹਨ।

### 1. ਰਾਜ ਦੀ ਮਿਆਦ

ਕੁਝ ਆਇਤਾਂ ਪਰਮੇਸ਼ਰ ਦੇ ਧਰਤੀ ਉੱਤੇ ਰਾਜ ਦਾ ਸਮਾਂ ਹਜ਼ਾਰ ਸਾਲ

ਦੱਸਦੀਆਂ ਹਨ। ਪ੍ਰਕਾਸ਼ 20:1-7 ਵਿੱਚ ਇਹਨਾਂ ਹਜ਼ਾਰ ਸਾਲਾਂ ਦੇ 6 ਹਵਾਲੇ ਹਨ। ਸ਼ਬਦ *ਮਿਲੇਨੀਅਮ* ਲਾਤੀਨੀ ਭਾਸ਼ਾ ਤੋਂ ਆਇਆ ਹੈ ਜਿਸ ਦਾ ਅਰਥ "ਇੱਕ ਹਜ਼ਾਰ ਸਾਲ" ਹੈ।

ਹਾਲਾਂਕਿ ਪਰਕਾਸ਼ ਦੀ ਪੋਥੀ 20 ਅਧਿਆਇ ਇੱਕ ਹਜ਼ਾਰ ਸਾਲ ਦੇ ਰਾਜ ਦੀ ਗੱਲ ਕਰਦਾ ਹੈ, ਫਿਰ ਵੀ ਜ਼ਿਆਦਾਤਰ ਵਚਨ ਧਰਤੀ ਉੱਤੇ ਮਸੀਹ ਦੇ ਇੱਕ ਸਦੀਪਕ ਰਾਜ ਦੀ ਗੱਲ ਕਰਦੇ ਹਨ (2 ਸਮੂ 7:13,28-29; 1 ਇਤਿਹਾਸ 17:12,14,23; ਜ਼ਬੂਰ 72:5,17; 89:3-4, 34-37; ਯਸਾ 9:6-7; 55:3; 56:5; 60:19-21; 61:8; ਯਿਰ 32:40; 33:14-17, 20-21; ਹਿਜ਼ਕੀ 16:60; 43:7-9; ਦਾਨੀ 9:24; ਹੋਸ਼ੇਆ 2:19; ਆਮੋਸ 9:15; ਅਤੇ ਲੂਕਾ 1:30-33)।

> ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ ਦੂਜੀ ਮੌਤ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਉਹ ਪਰਮੇਸ਼ਰ ਅਤੇ ਮਸੀਹ ਦੇ ਪੁਰੋਹਿਤ ਹੋਣਗੇ ਅਤੇ ਉਹਨਾਂ ਦੇ ਨਾਲ ਇੱਕ **ਹਜ਼ਾਰ ਸਾਲ** ਤੱਕ ਰਾਜ ਕਰਨਗੇ। [ਪ੍ਰਕਾਸ਼ 20:6]
>
> "ਤੇਰਾ ਘਰਾਣਾ ਅਤੇ ਤੇਰਾ ਰਾਜ **ਸਦੀਪਕ ਕਾਲ** ਤੱਕ ਤੇਰੇ ਅੱਗੇ ਅਟੱਲ ਰਹੇਗਾ। ਤੇਰੀ ਰਾਜ ਗੱਦੀ **ਸਦਾ** ਅਟੱਲ ਰਹੇਗੀ।" [2 ਸਮੂ 7:16]
>
> "ਮੈਂ ਰਾਤ ਦੇ ਇਸ ਦਰਸ਼ਣ ਵਿੱਚ ਦੇਖਿਆ ਅਤੇ ਵੇਖੋ, ਇੱਕ ਜਣਾ ਮਨੁੱਖ ਦੇ ਪੁੱਤਰ ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅੱਤ ਪ੍ਰਾਚੀਨ ਤੱਕ ਪਹੁੰਚਿਆ, ਅਤੇ ਉਹ ਉਸ ਨੂੰ ਉਹ ਦੇ ਅੱਗੇ ਲਿਆਏ। ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ ਉਹ ਨੂੰ ਦਿੱਤਾ ਗਿਆ, ਜੋ ਸੱਭੇ ਕੌਮਾਂ ਅਤੇ ਲੋਕ ਅਤੇ ਬੋਲੀਆਂ ਉਹ ਦੀ ਸੇਵਾ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ, **ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ**...ਪਰ ਅੱਤ ਮਹਾਨ ਦੇ ਸੰਤ ਰਾਜ ਲੈ ਲੈਣਗੇ ਅਤੇ ਜੁੱਗਾਂ ਤੱਕ, ਹਾਂ, **ਜੁੱਗੋ-ਜੁੱਗ ਤੱਕ ਉਸ ਰਾਜ ਦੇ ਮਾਲਕ ਹੋਣਗੇ**...ਸਾਰੇ ਅਕਾਸ਼ ਦੇ ਹੇਠਲੇ ਸਭਨਾਂ ਦੇਸਾਂ ਦੇ ਰਾਜਾਂ ਦਾ ਪਰਤਾਪ ਅਤੇ ਪਾਤਸ਼ਾਹੀ ਅਤੇ ਰਾਜ ਅੱਤ ਮਹਾਨ ਪਰਮੇਸ਼ੁਰ ਦੇ ਸੰਤਾਂ ਦੇ ਲੋਕਾਂ ਨੂੰ ਦਿੱਤੇ ਜਾਣਗੇ। ਉਹਦਾ ਰਾਜ **ਇੱਕ ਸਦਾ ਦਾ** ਰਾਜ ਹੈ ਅਤੇ ਸਾਰੀਆਂ ਪਾਤਸ਼ਾਹੀਆਂ ਉਹ ਦੀ ਉਪਾਸਨਾ ਕਰਨਗੀਆਂ ਅਤੇ ਆਗਿਆਕਾਰ ਹੋਣਗੀਆਂ।" [ਦਾਨੀ 7:13-14,18,27]
>
> ਪਰ ਯਹੂਦਾਹ **ਸਦਾ ਲਈ** ਅਤੇ ਯਰੂਸ਼ਲਮ ਪੀੜ੍ਹੀਓਂ ਪੀੜ੍ਹੀ ਵੱਸਿਆ ਰਹੇਗਾ। [ਯੋਏਲ 3:20]
>
> ਸੱਤਵੇਂ ਸਵਰਗਦੂਤ ਨੇ ਤੁਰ੍ਹੀ ਵਜਾਈ ਤਾਂ ਸਵਰਗ ਤੋਂ ਬਹੁਤ ਉੱਚੀਆਂ ਆਵਾਜ਼ਾਂ ਇਹ ਕਹਿੰਦੀਆਂ ਸੁਣਾਈ ਦਿੱਤੀਆਂ, "ਹੁਣ ਸੰਸਾਰ ਦਾ ਰਾਜ ਸਾਡੇ ਪ੍ਰਭੂ ਪਰਮੇਸ਼ਰ ਅਤੇ ਉਹਨਾਂ ਦੇ ਮਸੀਹ ਦਾ ਹੋ ਗਿਆ ਹੈ ਅਤੇ **ਉਹ ਅਨੰਤਕਾਲ ਤੱਕ ਰਾਜ ਕਰਨਗੇ**।" [ਪ੍ਰਕਾਸ਼ 11:15]

ਇਹ ਕਿਵੇਂ ਸੰਭਵ ਹੈ ਕਿ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਦੀ ਮਿਆਦ ਇੱਕ ਹਜ਼ਾਰ ਸਾਲ ਦੀ ਹੋਵੇ, ਪਰ ਇਸ ਦੇ ਨਾਲ ਹੀ ਇਹ ਅਨੰਤਕਾਲ ਦਾ ਵੀ ਰਾਜ ਹੋਵੇ? ਇਸ ਵਿੱਚ ਕਿਸੇ ਵਿਰੋਧਾਭਾਸ ਨੂੰ ਪੈਦਾ ਕਰਨ ਦੀ ਕੋਈ ਲੋੜ ਨਹੀਂ ਹੈ। ਮਸੀਹ ਦੇ ਇੱਕ ਹਜ਼ਾਰ ਸਾਲ ਦੇ ਸ਼ਾਸਨ ਦੇ ਪੂਰਾ ਹੋਣ ਤੋਂ ਬਾਅਦ, ਕੁਝ ਅਜਿਹੀਆਂ ਘਟਨਾਵਾਂ ਹੋਣਗੀਆਂ ਜਿਹਨਾਂ ਨਾਲ ਰਾਜ ਨੂੰ ਖ਼ਤਮ ਕਿਹਾ ਜਾ ਸਕਦਾ ਹੈ। ਫਿਰ ਵੀ, ਧਰਤੀ ਉੱਤੇ ਮਸੀਹ ਦਾ ਰਾਜ ਸਦਾ ਦੇ ਲਈ ਜਾਰੀ ਰਹੇਗਾ। ਅਸਲ ਵਿੱਚ ਰਾਜ ਸਦੀਪਕ ਹੈ, ਪਰ ਇੱਕ ਹਜ਼ਾਰ ਸਾਲ ਦੇ ਪੂਰਾ ਹੋਣ ਤੋਂ ਬਾਅਦ, ਰਾਜ ਦਾ ਇੱਕ ਨਵਾਂ ਅਤੇ ਵੱਖਰਾ ਪੜਾਅ ਸ਼ੁਰੂ ਹੋ ਜਾਵੇਗਾ। ਇੱਕ ਹਜ਼ਾਰ ਸਾਲ ਤੋਂ ਬਾਅਦ ਰਾਜ ਦੇ ਪੂਰਾ ਹੋ ਜਾਣ ਪਰ ਫਿਰ ਵੀ ਇੱਕ ਸਦੀਪਕ ਰੂਪ ਵਿੱਚ ਬਣੇ ਰਹਿਣ ਦਾ ਕਾਰਨ ਇਹ ਹੈ ਕਿ ਇਹਨਾਂ ਹਜ਼ਾਰ ਸਾਲਾਂ ਦਾ ਪੂਰਾ ਹੋਣਾ, ਇਹ ਚਿੰਨ੍ਹ ਹੋਵੇਗਾ ਕਿ ਧਰਤੀ ਉਤੇ ਹੁਣ ਫਿਰ ਤੋਂ ਇੱਕ ਪਾਪ-ਰਹਿਤ ਸਥਿਤੀ ਵਿੱਚ ਪਰਮੇਸ਼ਰ ਦਾ ਵਿਸ਼ਵ-ਵਿਆਪੀ ਰਾਜ ਆ ਗਿਆ ਹੈ ਅਤੇ ਇਹ ਪਰਮੇਸ਼ਰ ਦੇ ਪੂਰੀ ਧਰਤੀ ਵਿੱਚ ਫੈਲੇ ਬਾਕੀ ਦੇ ਰਾਜ ਵਿੱਚ ਮਿਲ ਜਾਵੇਗਾ।

ਮਸੀਹ ਯਰੂਸ਼ਲਮ ਵਿੱਚ ਆਪਣੀ ਰਾਜਧਾਨੀ ਤੋਂ ਧਰਤੀ ਉੱਤੇ ਇੱਕ ਹਜ਼ਾਰ ਸਾਲ ਤੱਕ ਰਾਜ ਕਰਨਗੇ। ਹਾਲਾਂਕਿ ਇਸ ਸਮੇਂ ਦੌਰਾਨ ਇੱਕ ਸਮੁੱਚੀ ਧਾਰਮਿਕਤਾ ਅਤੇ ਇੱਕ ਸਮੁੱਚੀ ਬਰਕਤ ਹੋਵੇਗੀ, ਫਿਰ ਵੀ ਪਾਪ ਅਜੇ ਵੀ ਮੌਜੂਦ ਹੋਵੇਗਾ, ਕਿਉਂਕਿ ਹਜ਼ਾਰ ਸਾਲ ਦੇ ਦੌਰਾਨ ਪੈਦਾ ਹੋਣ ਵਾਲੇ ਕੁਝ ਲੋਕ ਮਸੀਹ ਵਿੱਚ ਭਰੋਸਾ ਨਹੀਂ ਕਰਨਗੇ; ਸਰਾਪ ਦਾ ਪ੍ਰਭਾਵ ਬਣਿਆ ਰਹੇਗਾ ਹਾਲਾਂਕਿ ਇਹ ਬਹੁਤ ਹੱਦ ਤੱਕ ਘੱਟ ਹੋ ਚੁੱਕਾ ਹੋਵੇਗਾ। ਇੱਕ ਹਜ਼ਾਰ ਸਾਲ ਤੋਂ ਬਾਅਦ ਪੁਰਾਣਾ ਅਕਾਸ਼ ਅਤੇ ਪੁਰਾਣੀ ਧਰਤੀ ਖ਼ਤਮ ਹੋ ਜਾਂਦੀ ਹੈ। ਮੌਜੂਦਾ ਧਰਤੀ ਨੂੰ ਜਾਂ ਤਾਂ ਨਵਾਂ ਕੀਤਾ ਜਾਵੇਗਾ, ਅਤੇ ਅਦਨ ਦੀਆਂ ਸਥਿਤੀਆਂ ਨੂੰ ਬਹਾਲ ਕੀਤਾ ਜਾਵੇਗਾ, ਅਤੇ ਜਾਂ ਪਰਮੇਸ਼ਰ ਇੱਕ ਪੂਰੀ ਤਰ੍ਹਾਂ ਨਵੀਂ ਧਰਤੀ ਦੀ ਸਿਰਜਣਾ ਕਰਨਗੇ, ਅਤੇ ਧਰਤੀ ਉੱਤੇ ਰਾਜ ਨੂੰ ਇਸ ਵਿੱਚ ਤਬਦੀਲ ਕਰਨਗੇ। ਦਾਊਦ ਦੇ ਪੁੱਤਰ ਦੇ ਰੂਪ ਵਿੱਚ ਮਸੀਹ ਦਾ ਸਿੰਘਾਸਣ ਸਦਾ ਦੇ ਲਈ ਸਥਾਪਿਤ ਹੋ ਜਾਵੇਗਾ, ਪਰ ਇੱਕ ਹਜ਼ਾਰ ਸਾਲ ਦੇ ਪੂਰੇ ਹੋ ਜਾਣ ਤੋਂ ਬਾਅਦ, ਰਾਜ ਵਿੱਚ ਕਾਫ਼ੀ ਬਦਲਾਅ ਹੋਣਗੇ। ਇਸ ਤਰ੍ਹਾਂ, ਇੱਕ ਅਰਥ ਵਿੱਚ ਰਾਜ ਇੱਕ ਹਜ਼ਾਰ ਸਾਲ ਦੇ ਬਾਅਦ ਪੂਰਾ ਹੋ ਜਾਵੇਗਾ, ਪਰ ਦੂਜੇ ਅਰਥ ਵਿੱਚ ਇਹ ਸਦੀਪਕ ਹੋ ਜਾਵੇਗਾ।

ਪਹਿਲੇ ਇੱਕ ਹਜ਼ਾਰ ਸਾਲ ਤੋਂ ਬਾਅਦ, ਧਰਤੀ ਦਾ ਰਾਜ ਸਦੀਪਕ ਰਾਜ ਵਿੱਚ ਮਿਲ ਜਾਂਦਾ ਹੈ (1 ਕੁਰਿੰਥ 15:24-28)। ਇਹ ਧਰਤੀ ਨੂੰ ਇੱਕ ਵਿਰਦੋਹੀ ਸੂਬੇ ਦੇ ਰੂਪ ਵਿੱਚ ਸੋਚਣ ਵਿੱਚ ਮਦਦ ਕਰ ਸਕਦਾ ਹੈ।

ਮਸੀਹ ਆਪਣੀ ਦੂਜੀ ਵਾਪਸੀ ਵੇਲੇ ਧਰਤੀ ਦੇ ਰਾਜ ਉੱਤੇ ਜਿੱਤ ਪ੍ਰਾਪਤ ਕਰਨਗੇ, ਅਤੇ ਇੱਕ ਹਜ਼ਾਰ ਸਾਲ ਤੱਕ ਇਸ ਉੱਤੇ ਰਾਜ ਕਰਨਗੇ। ਫਿਰ ਜਦੋਂ ਧਰਤੀ ਉੱਤੇ ਮਸੀਹ ਦਾ ਰਾਜ ਸਥਾਪਿਤ ਹੋ ਜਾਵੇਗਾ ਅਤੇ ਸੰਸਾਰ ਪਰਮੇਸ਼ਰ ਪ੍ਰਤੀ ਆਪਣੀ ਵਫ਼ਾਦਾਰੀ ਨੂੰ ਪ੍ਰਦਰਸ਼ਿਤ ਕਰ ਦੇਵੇਗਾ, ਉਦੋਂ ਇਹ ਵਿਦਰੋਹੀ ਸੂਬਾ ਪਰਮੇਸ਼ਰ ਦੇ ਵਿਸ਼ਵ-ਵਿਆਪੀ ਰਾਜ ਵਿੱਚ ਸ਼ਾਮਲ ਹੋ ਜਾਵੇਗਾ। ਪਹਿਲੇ ਇੱਕ ਹਜ਼ਾਰ ਸਾਲ ਦਾ ਪੂਰਾ ਹੋ ਜਾਣਾ, "ਪੁਨਰ-ਨਿਰਮਾਣ" ਦੇ ਸਮੇਂ ਦੇ ਪੂਰੇ ਹੋ ਜਾਣ ਦਾ ਚਿੰਨ੍ਹ ਹੋਵੇਗਾ। ਇਸ ਤਰ੍ਹਾਂ, ਮਸੀਹ ਦਾ ਰਾਜ ਕਦੇ ਵੀ ਖ਼ਤਮ ਨਹੀਂ ਹੋਵੇਗਾ। ਇੱਕ ਹਜ਼ਾਰ ਸਾਲ ਖ਼ਤਮ ਹੋ ਜਾਣ ਤੋਂ ਬਾਅਦ, ਧਰਤੀ ਉੱਤੇ ਬਹੁਤ ਜ਼ਿਆਦਾ ਬਦਲਾਅ ਹੋਣਗੇ। ਪਾਪ ਨੂੰ ਪੂਰੀ ਤਰ੍ਹਾਂ ਨਾਲ ਅਤੇ ਹਮੇਸ਼ਾ ਦੇ ਲਈ ਖ਼ਤਮ ਕਰ ਦਿੱਤਾ ਜਾਵੇਗਾ। ਫਿਰ ਇੱਕ ਵੱਖਰੇ ਰਾਜ ਅਤੇ ਇੱਕ ਵੱਖਰੀ ਪਹਿਚਾਣ ਵਾਲੇ ਸਥਾਨ ਦੇ ਰੂਪ ਵਿੱਚ ਨਹੀਂ ਦੇਖੀ ਜਾਵੇਗੀ। ਕੁਝ ਇਸੇ ਤਰ੍ਹਾਂ ਦੇ ਬਦਲਾਅ ਵਪਾਰਿਕ ਵਿਲੀਨਤਾ ਅਤੇ ਰਾਜਨੀਤਿਕ ਵਿਲੀਨਤਾ ਵਿੱਚ ਵੀ ਦੇਖੇ ਜਾ ਸਕਦੇ ਹਨ। ਪੁਰਾਣੇ ਕਾਰੋਬਾਰ ਜਾਂ ਖੇਤਰ ਫਿਰ ਵੀ ਮੌਜੂਦ ਹੁੰਦਾ ਹੈ, ਪਰ ਇਹ ਤਬਦੀਲੀਆਂ ਨਾਲ ਇਸ ਤਰ੍ਹਾਂ ਬਦਲ ਜਾਂਦਾ ਹੈ ਕਿ ਫਿਰ ਇਹ ਕਿਹਾ ਜਾ ਸਕਦਾ ਹੈ ਕਿ ਹੁਣ ਇਸ ਦਾ ਅੰਤ ਹੋ ਗਿਆ ਹੈ।

### 2. ਇੱਕ ਹਜ਼ਾਰ ਸਾਲ ਵਿੱਚ ਆਮ ਹਾਲਾਤ

#### a. ਬਿਹਤਰ ਸਿਹਤ

ਹਾਲਾਂਕਿ ਹਜ਼ਾਰ ਸਾਲ ਦੇ ਰਾਜ ਵਿੱਚ ਬਿਮਾਰੀ ਅਤੇ ਮੌਤ ਦਾ ਥੋੜ੍ਹਾ ਪ੍ਰਭਾਵ ਹੋਵੇਗਾ, ਫਿਰ ਵੀ ਉਸ ਵਿੱਚ ਪਾਪ ਦੇ ਸਰਾਪ ਦੇ ਪ੍ਰਭਾਵ ਕਾਫ਼ੀ ਹੱਦ ਤੱਕ ਘੱਟ ਹੋ ਜਾਣਗੇ।[68] ਬਿਮਾਰੀਆਂ ਨੂੰ ਪੂਰੀ ਤਰ੍ਹਾਂ ਖ਼ਤਮ ਹੋਣ ਦੇ ਲਈ ਸਦੀਪਕ ਰਾਜ ਦੀ ਉਡੀਕ ਕਰਨੀ ਹੋਵੇਗੀ (ਪ੍ਰਕਾਸ਼ 21:4), ਪਰ ਯਸਾਯਾਹ ਇਹ ਸਿਖਾਉਂਦਾ ਹੈ ਕਿ ਆਉਣ ਵਾਲੇ ਰਾਜ ਵਿੱਚ 100 ਸਾਲ ਦੀ ਉਮਰ ਦੀ ਮਰਨਾ ਵੀ ਛੋਟੀ ਉਮਰ ਵਿੱਚ ਮਰ ਜਾਣਾ ਮੰਨਿਆ ਜਾਵੇਗਾ (ਯਸਾ 65:20)। ਮਸੀਹ ਨੇ ਧਰਤੀ ਰਹਿਣ ਦੇ ਦਿਨਾਂ ਵਿੱਚ ਉਹਨਾਂ ਜਗ੍ਹਾਵਾਂ ਵਿੱਚੋਂ ਬਿਮਾਰੀਆਂ ਨੂੰ ਬਹੁਤ ਹੱਦ ਤੱਕ ਘੱਟ ਕਰ ਦਿੱਤਾ ਸੀ, ਜਿੱਥੇ ਲੋਕਾਂ ਨੇ ਮਸੀਹ ਨੂੰ ਆਪਣੇ ਰਾਜੇ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਸੀ। ਹਾਲਾਂਕਿ ਉਹਨਾਂ ਨੇ ਸਾਰੇ ਲੋਕਾਂ ਨੂੰ ਚੰਗਾ ਨਹੀਂ ਕੀਤਾ ਸੀ, ਪਰ ਇਹ ਮੰਨਣਾ ਪਵੇਗਾ ਕਿ ਜੇਕਰ ਉਹਨਾਂ ਸਾਰਿਆਂ ਨੇ ਮਸੀਹ ਨੂੰ ਰਾਜਾ ਮੰਨ ਲਿਆ ਹੁੰਦਾ, ਤਾਂ ਮਸੀਹ ਨੇ ਲੋਕਾਂ ਨੂੰ ਬਿਮਾਰੀਆਂ ਤੋਂ ਹੋਰ ਜ਼ਿਆਦਾ ਮੁਕਤੀ ਦੇ ਦਿੱਤੀ ਹੁੰਦੀ। ਜਦੋਂ ਮਸੀਹ ਅੰਤ ਵਿੱਚ ਰਾਜ ਕਰਨਗੇ, ਤਾਂ ਉਮਰ ਬਹੁਤ ਵੱਧ ਜਾਵੇਗੀ, ਅਤੇ ਬਿਮਾਰੀਆਂ ਤੋਂ ਹੋਣ ਵਾਲਾ ਦੁੱਖ ਅਤੇ ਪੀੜਾ ਬਹੁਤ ਘੱਟ ਹੋ ਜਾਵੇਗੀ। ਕੁਝ ਬਾਈਬਲ ਦੇ ਵਿਦਵਾਨਾਂ ਦਾ ਮੰਨਣਾ ਹੈ ਕਿ ਇੱਕ ਹਜ਼ਾਰ ਸਾਲ ਦੇ ਰਾਜ ਵਿੱਚ ਸਿਰਫ਼ "ਸਵੈਇੱਛੁਕ ਬਿਮਾਰੀ" ਮੌਜੂਦ ਹੋਵੇਗੀ, ਭਾਵ ਅਜਿਹੀ ਬਿਮਾਰੀ ਜਿਹੜੀ ਜਾਣਬੁੱਝ ਕੇ ਕੀਤੇ ਪਾਪ ਦਾ ਨਤੀਜਾ ਹੋਵੇਗੀ (ਦੇਖੋ, ਯਿਰ 31:30)।

> ਉਸ ਦਿਨ **ਬੋਲ਼ੇ** ਪੁਸਤਕ ਦੀਆਂ ਗੱਲਾਂ **ਸੁਣਨਗੇ**, ਅਤੇ **ਅੰਨ੍ਹਿਆਂ ਦੀਆਂ ਅੱਖਾਂ** ਧੁੰਦ ਅਤੇ ਹਨੇਰੇ ਵਿੱਚੋਂ **ਵੇਖਣਗੀਆਂ** [ਯਸਾ 29:18]
>
> ਸਿਯੋਨ ਦਾ **ਕੋਈ ਵਾਸੀ ਨਾ ਆਖੇਗਾ, ਮੈਂ ਬਿਮਾਰ ਹਾਂ**…" [ਯਸਾ 33:24]
>
> ਤਦ **ਅੰਨ੍ਹਿਆਂ ਦੀਆਂ ਅੱਖਾਂ ਸੁਜਾਖੀਆਂ ਹੋ ਜਾਣਗੀਆਂ**, ਅਤੇ **ਬੋਲ਼ਿਆਂ ਦੇ ਕੰਨ ਖੁੱਲ੍ਹ ਜਾਣਗੇ**। ਤਦ **ਲੰਗੜਾ** ਹਿਰਨ ਵਾਂਗੂੰ **ਚੌਕੜੀਆਂ ਭਰੇਗਾ**, ਅਤੇ ਗੂੰਗੇ **ਦੀ ਜ਼ਬਾਨ ਜੈਕਾਰਾ ਗਜਾਵੇਗੀ** [ਯਸਾ 35:5-6]
>
> "ਉੱਥੇ ਫੇਰ ਕੋਈ ਥੋੜ੍ਹੇ ਦਿਨਾਂ ਦਾ ਬੱਚਾ ਨਾ ਹੋਵੇਗਾ, ਨਾ ਕੋਈ ਬਜ਼ੁਰਗ ਜਿਸ ਨੇ ਆਪਣੇ ਦਿਨ ਪੂਰੇ ਨਾ ਕੀਤੇ ਹੋਣ, **ਕਿਉਂਕਿ ਸੌ ਸਾਲ ਦੀ ਉਮਰ ਵਿੱਚ ਮਰੇਗਾ, ਉਸ ਨੂੰ ਬੱਚਾ ਹੀ ਮੰਨਿਆ ਜਾਵੇਗਾ, ਪਰ ਸੌ ਸਾਲ ਦਾ ਪਾਪੀ ਸਰਾਪੀ ਹੋਵੇਗਾ**।" [ਯਸਾ 65:20]
>
> "ਕਿਉਂ ਜੋ **ਮੈਂ ਤੈਨੂੰ ਨਰੋਆ ਕਰਾਂਗਾ**, ਮੈਂ ਤੇਰੇ ਫੱਟਾਂ ਨੂੰ ਵੱਲ ਕਰਾਂਗਾ, ਯਹੋਵਾਹ ਦਾ ਵਾਕ ਹੈ…" [ਯਿਰ 30:17] (ਇਹ ਆਤਮਿਕ ਚੰਗਿਆਈ ਹੋ ਸਕਦੀ ਹੈ)
>
> "ਮੈਂ ਗਵਾਚੀਆਂ ਹੋਈਆਂ ਭੇਡਾਂ ਦੀ ਭਾਲ ਕਰਾਂਗਾ ਅਤੇ ਕੱਢੀਆਂ ਹੋਈਆਂ ਨੂੰ ਮੋੜ ਲਿਆਵਾਂਗਾ। **ਟੁੱਟੀਆਂ ਨੂੰ ਬੰਨ੍ਹਾਂਗਾ ਅਤੇ ਲਿੱਸੀਆਂ ਨੂੰ ਤਕੜਾ ਕਰਾਂਗਾ**…"[ਹਿਜ਼ਕੀ 34:16]
>
> "ਪਰ ਤੁਹਾਡੇ ਲਈ ਜਿਹੜੇ ਮੇਰੇ ਨਾਮ ਦਾ ਭੈਅ ਮੰਨਦੇ ਹੋ, **ਧਰਮ ਦਾ ਸੂਰਜ ਚੜ੍ਹੇਗਾ ਅਤੇ ਉਹ ਦੀਆਂ ਕਿਰਨਾਂ ਵਿੱਚ ਚੰਗਿਆਈ ਹੋਵੇਗੀ।** ਤੁਸੀਂ ਵਾੜੇ ਦੇ ਵੱਛਿਆਂ ਵਾਂਗੂੰ ਬਾਹਰ ਨਿੱਕਲੋਗੇ ਅਤੇ ਕੁੱਦੋਗੇ।" [ਮਲਾਕੀ 4:2]

#### b. ਜਣਨ ਦੀ ਯੋਗਤਾ ਵਿੱਚ ਵਾਧਾ

ਰਾਜ ਵਿੱਚ ਮਹਿਮਾਮਈ ਅਤੇ ਮਹਿਮਾ-ਰਹਿਤ ਦੋਵੇਂ ਹੀ ਤਰ੍ਹਾਂ ਦੇ ਲੋਕ ਹੋਣਗੇ। ਸ਼ੁਰੂਆਤ ਵਿੱਚ, ਮਹਿਮਾਮਈ ਸੰਤ (ਪੁਰਾਣੇ ਨੇਮ ਦੇ ਲੋਕ, ਕਲੀਸਿਯਾ ਦੇ ਲੋਕ, ਅਤੇ ਬਿਪਤਾ ਦੇ ਦੌਰਾਨ ਸ਼ਹੀਦ ਹੋਏ ਲੋਕ) ਬਿਪਤਾ ਦੇ ਸਮੇਂ ਵਿੱਚ ਵਿਸ਼ਵਾਸੀ ਬਣੇ ਅਜਿਹੇ ਲੋਕਾਂ ਨਾਲੋਂ ਬਹੁਤ ਜ਼ਿਆਦਾ ਹੋਣਗੇ ਜਿਹਨਾਂ ਕੋਲ ਅਜੇ ਵੀ "ਆਮ" ਸਰੀਰ ਹੋਵੇਗਾ। ਇੱਕ ਹਜ਼ਾਰ ਸਾਲ ਦੇ ਸਮੇਂ ਵਿੱਚ ਮਹਿਮਾਮਈ ਸੰਤਾਂ ਦੀ ਗਿਣਤੀ ਓਨੀ ਹੀ ਰਹੇਗੀ

[68] ਰੈਪਚਰ ਦੇ ਸਮੇਂ ਕਲੀਸਿਯਾ ਦੇ ਸੰਤ ਮਹਿਮਾਮਈ ਹੋ ਚੁੱਕੇ ਹੋਣਗੇ ਅਤੇ ਉਹ ਹੁਣ ਬਿਮਾਰੀ ਜਾਂ ਮੌਤ ਦੇ ਅਧੀਨ ਨਹੀਂ ਹਨ। ਪਰ, ਜਿਹੜੇ ਵਿਸ਼ਵਾਸੀ ਬਿਪਤਾ ਦੇ ਸਮੇਂ ਵਿੱਚੋਂ ਜੀਵਿਤ ਰਹਿਣਗੇ, ਉਹ ਹਜ਼ਾਰ ਸਾਲ ਦੇ ਰਾਜ ਵਿੱਚ ਪ੍ਰਵੇਸ਼ ਕਰਨਗੇ। ਉਹਨਾਂ ਦੀ ਅਤੇ ਉਹਨਾਂ ਦੇ ਬੱਚਿਆਂ ਦੀ ਸਿਹਤ ਚੰਗੀ ਹੋਵੇਗੀ, ਪਰ ਫਿਰ ਵੀ ਉਹ ਸਰੀਰ ਵਿੱਚ ਬਿਮਾਰੀ ਅਤੇ ਮੌਤ ਦੇ ਅਧੀਨ ਹੋਣਗੇ।

(ਲੂਕਾ 20:35), ਪਰ ਮਹਿਮਾ-ਰਹਿਤ ਲੋਕ ਤੇਜ਼ੀ ਨਾਲ ਵਧਣਗੇ। ਮਸੀਹ ਇਹ ਚਾਹੁੰਦੇ ਹਨ ਕਿ ਬਿਪਤਾ ਦੇ ਵਿਨਾਸ਼ ਤੋਂ ਬਾਅਦ, ਸੰਸਾਰ ਫਿਰ ਤੋਂ ਲੋਕਾਂ ਨਾਲ ਭਰ ਜਾਵੇ। ਇੱਥੇ ਮੌਤ ਦੀ ਦਰ ਬਹੁਤ ਘੱਟ ਹੋਵੇਗੀ, ਅਤੇ ਬਿਹਤਰ ਸਿਹਤ ਸਥਿਤੀਆਂ ਦੇ ਕਾਰਨ ਔਰਤਾਂ ਸਦੀਆਂ ਤੱਕ ਬੱਚੇ ਪੈਦਾ ਕਰਦੀਆਂ ਰਹਿਣਗੀਆਂ, ਅਤੇ ਉਹਨਾਂ ਦੇ ਬੱਚਿਆਂ ਨੂੰ ਜਨਮ ਸਮੇਂ ਹੀ ਮਰ ਜਾਣ ਦਾ ਖ਼ਤਰਾ ਵੀ ਨਹੀਂ ਹੋਵੇਗਾ। ਹਜ਼ਾਰ ਸਾਲ ਦੇ ਰਾਜ ਦੀ ਸ਼ੁਰੂਆਤ ਵਿੱਚ ਮਹਿਮਾਮਈ ਲੋਕਾਂ ਦੀ ਗਿਣਤੀ ਦੂਜਿਆਂ ਨਾਲੋਂ ਵੱਧ ਹੋਵੇਗੀ, ਪਰ ਹਜ਼ਾਰ ਸਾਲ ਦੇ ਰਾਜ ਦੇ ਪੂਰੇ ਹੁੰਦੇ-ਹੁੰਦੇ, ਮਹਿਮਾਮਈ ਲੋਕ ਇੱਕ ਵੱਡੀ ਆਬਾਦੀ ਦਾ ਪ੍ਰਬੰਧ ਕਰਨ ਵਿੱਚ ਬਹੁਤ ਰੁੱਝ ਜਾਣਗੇ।

> "ਅਤੇ **ਯਹੋਵਾਹ ਤੁਹਾਡਾ ਪਰਮੇਸ਼ੁਰ** ਤੁਹਾਡੀ ਭਲਿਆਈ ਲਈ ਤੁਹਾਡੇ ਹੱਥਾਂ ਦੇ ਸਾਰੇ ਕੰਮਾਂ ਵਿੱਚ, ਅਤੇ **ਤੁਹਾਡੇ ਸਰੀਰ ਦੇ ਫਲ**, ਤੁਹਾਡੇ ਪਸ਼ੂਆਂ ਦੇ ਫਲ ਅਤੇ ਤੁਹਾਡੀ ਜ਼ਮੀਨ ਦੇ ਫਲ ਵਿੱਚ **ਤੁਹਾਨੂੰ ਵਧਾਵੇਗਾ**, ਕਿਉਂ ਜੋ ਯਹੋਵਾਹ ਤੁਹਾਡੇ ਉੱਤੇ ਭਲਿਆਈ ਲਈ ਖੁਸ਼ ਹੋਵੇਗਾ, ਜਿਵੇਂ ਉਹ ਤੁਹਾਡੇ ਪੁਰਖਿਆਂ ਉੱਤੇ ਖੁਸ਼ ਸੀ।" [ਬਿਵ 30:9]
>
> "**ਮੈਂ ਉਹਨਾਂ ਨੂੰ ਵਧਾਵਾਂਗਾ** ਅਤੇ ਉਹ ਘਟਣਗੇ ਨਹੀਂ, ਮੈਂ ਉਹਨਾਂ ਨੂੰ ਪਤਵੰਤੇ ਕਰਾਂਗਾ, ਉਹ ਛੋਟੇ ਨਾ ਹੋਣਗੇ। ਉਹਨਾਂ ਦੇ ਪੁੱਤਰ ਪਹਿਲੇ ਸਮੇਂ ਵਾਂਗੂੰ ਹੋਣਗੇ, ਉਹਨਾਂ ਦੀ ਮੰਡਲੀ ਮੇਰੇ ਅੱਗੇ ਕਾਇਮ ਰਹੇਗੀ, ਮੈਂ ਉਹਨਾਂ ਦੇ ਸਭ ਸਤਾਉਣ ਵਾਲਿਆਂ ਨੂੰ ਸਜ਼ਾ ਦਿਆਂਗਾ।" [ਯਿਰ 30:19b-20a]
>
> "ਵੇਖੋ, ਉਹ ਦਿਨ ਆਉਂਦੇ ਹਨ, ਯਹੋਵਾਹ ਦਾ ਵਾਕ ਹੈ, ਕਿ **ਮੈਂ ਇਸਰਾਏਲ ਦੇ ਘਰਾਣੇ ਵਿੱਚ** ਅਤੇ ਯਹੂਦਾਹ ਦੇ ਘਰਾਣੇ ਵਿੱਚ **ਆਦਮੀ ਦਾ ਬੀ** ਅਤੇ ਡੰਗਰ ਦਾ ਬੀ **ਬੀਜਾਂਗਾ**" [ਯਿਰ 31:27]
>
> "ਉੱਥੇ ਫੇਰ ਕੋਈ ਥੋੜ੍ਹੇ ਦਿਨਾਂ ਦਾ ਬੱਚਾ ਨਾ ਹੋਵੇਗਾ…" [ਯਸਾ 65:20a]
>
> "**ਮੈਂ ਆਦਮੀਆਂ ਨੂੰ ਹਾਂ,** ਇਸਰਾਏਲ ਦੇ ਸਾਰੇ ਘਰਾਣੇ ਨੂੰ ਤੁਹਾਡੇ ਉੱਤੇ **ਬਹੁਤ ਵਧਾ ਦਿਆਂਗਾ**। ਸ਼ਹਿਰ ਵਸਾਏ ਜਾਣਗੇ ਅਤੇ ਉਜਾੜ ਸਥਾਨ ਫੇਰ ਬਣਾਏ ਜਾਣਗੇ। **ਮੈਂ ਤੁਹਾਡੇ ਉੱਤੇ ਆਦਮੀਆਂ** ਅਤੇ ਪਸ਼ੂਆਂ ਨੂੰ **ਵਧਾਵਾਂਗਾ। ਉਹ ਬਹੁਤ ਹੋਣਗੇ ਅਤੇ ਫਲਣਗੇ** ਅਤੇ ਮੈਂ ਤੁਹਾਨੂੰ ਅਜਿਹਾ ਵਸਾਵਾਂਗਾ ਜਿਹੋ ਜਿਹੇ ਤੁਸੀਂ ਪਹਿਲਾਂ ਸੀ। ਤੁਹਾਡੇ ਉੱਤੇ ਤੁਹਾਡੇ ਸ਼ੁਰੂ ਦੇ ਦਿਨਾਂ ਤੋਂ ਵਧੇਰੇ ਉਪਕਾਰ ਕਰਾਂਗਾ ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ!" [ਹਿਜ਼ਕੀ 36:10-11]

### c. ਮਿਹਨਤ ਅਤੇ ਉਤਪਾਦਕਤਾ

ਹਜ਼ਾਰ ਸਾਲ ਕੋਈ ਛੁੱਟੀਆਂ ਮਨਾਉਣ ਦਾ ਸਮਾਂ ਨਹੀਂ ਹੋਵੇਗਾ, ਪਰ ਇਹ ਇੱਕ ਅਜਿਹਾ ਸਮਾਂ ਹੋਵੇਗਾ ਜਦੋਂ ਧਰਤੀ ਉੱਤੇ ਬਹੁਤ ਕੰਮ ਕੀਤਾ ਜਾਵੇਗਾ। ਮਸੀਹ ਉਹਨਾਂ ਦੇ ਸ਼ਾਸਨ ਦੀ ਆਗਿਆਕਾਰੀ ਕਰਨ ਦੇ ਨਤੀਜੇ ਦੀਆਂ ਬਰਕਤਾਂ ਦਾ ਇੱਕ ਨਮੂਨਾ ਦਿਖਾਉਣਗੇ।

ਉਹਨਾਂ ਖੇਤਰਾਂ ਵਿੱਚ ਮੀਂਹ ਦਾ ਵਾਧਾ ਹੋਵੇਗਾ ਜੋ ਹੁਣ ਖੇਤੀਬਾੜੀ ਦੇ ਪੱਖੋਂ ਬੰਜਰ ਹਨ। ਇਹ ਵੀ ਸੰਭਵ ਹੈ ਕਿ ਫਸਲ ਦੀ ਪੈਦਾਵਾਰ ਵਧਾਉਣ ਦੇ ਲਈ ਸੂਰਜ ਨੂੰ ਸੋਧਿਆ ਜਾਵੇ।

> **ਉਹ ਉਸ ਬੀਜ ਲਈ** ਜਿਹੜਾ ਤੁਸੀਂ ਜ਼ਮੀਨ ਵਿੱਚ ਬੀਜੋਗੇ **ਮੀਂਹ ਘੱਲੇਗਾ**, ਨਾਲੇ ਜ਼ਮੀਨ ਦੀ ਪੈਦਾਵਾਰ ਤੋਂ ਜਿਹੜੀ ਰੋਟੀ ਮਿਲੇਗੀ ਉਹ ਉੱਤਮ ਅਤੇ ਵਧੇਰੀ ਹੋਵੇਗੀ। ਉਸ ਦਿਨ ਤੇਰਾ ਵੱਗ ਖੁੱਲ੍ਹੀ ਜੂਹ ਵਿੱਚ ਚੁਗੇਗਾ। ਬਲ਼ਦ ਅਤੇ ਜੁਆਨ ਗਧੇ, ਜੋ ਤੇਰੀ ਜ਼ਮੀਨ ਨੂੰ ਵਾਹੁੰਦੇ ਹਨ, ਸਲੂਣੇ ਪੱਠੇ ਖਾਣਗੇ, ਜਿਹੜੇ ਛੱਜ ਤੇ ਤੁੰਗਲੀ ਨਾਲ ਉਡਾਏ ਹੋਏ ਹੋਣਗੇ। ਵੱਡੇ ਵਿਨਾਸ਼ ਦੇ ਦਿਨ ਜਦ ਬੁਰਜ ਡਿੱਗ ਪੈਣਗੇ, ਉਸ ਦਿਨ ਹਰੇਕ ਬੁਲੰਦ ਪਰਬਤ ਅਤੇ ਹਰੇਕ ਉੱਚੇ ਟਿੱਬੇ ਉੱਤੇ ਨਾਲੀਆਂ ਅਤੇ ਵਗਦੇ ਪਾਣੀ ਹੋਣਗੇ। ਜਿਸ ਦਿਨ ਯਹੋਵਾਹ ਆਪਣੀ ਪਰਜਾ ਦਾ ਫੱਟ ਬੰਨ੍ਹੇਗਾ ਅਤੇ ਆਪਣੀ ਲਾਈ ਹੋਈ ਸੱਟ ਦਾ ਜ਼ਖਮ ਚੰਗਾ ਕਰੇਗਾ, **ਉਸ ਦਿਨ ਚੰਦ ਦਾ ਚਾਨਣ ਸੂਰਜ ਦੇ ਚਾਨਣ ਵਰਗਾ ਹੋਵੇਗਾ**, ਅਤੇ ਸੂਰਜ ਦਾ ਚਾਨਣ ਸੱਤ ਗੁਣਾ, ਅਰਥਾਤ ਸੱਤਾਂ ਦਿਨਾਂ ਦੇ ਚਾਨਣ ਦੇ ਬਰਾਬਰ ਹੋਵੇਗਾ। [ਯਸਾ 30:23-26]
>
> ਕਿਉਂ **ਜੋ ਉਜਾੜ ਵਿੱਚ ਪਾਣੀ**, **ਅਤੇ ਰੜੇ ਮੈਦਾਨ ਵਿੱਚ ਨਦੀਆਂ ਫੁੱਟ ਨਿੱਕਲਣਗੀਆਂ।** ਤੱਪਦੀ ਰੇਤ ਤਲਾਬ ਬਣ ਜਾਵੇਗੀ, ਅਤੇ ਤਿਹਾਈ ਜ਼ਮੀਨ ਪਾਣੀ ਦੇ ਸੁੰਬ। ਜਿਹੜੇ ਟਿਕਾਣਿਆਂ ਵਿੱਚ ਗਿੱਦੜ ਬੈਠਦੇ ਸਨ, ਉੱਥੇ ਘਾਹ, ਕਾਨੇ ਅਤੇ ਦਬ ਹੋਣਗੇ। [ਯਸਾ 35: 6b-7]
>
> "ਮੈਂ ਉਹਨਾਂ ਨੂੰ ਅਤੇ ਉਹਨਾਂ ਸਥਾਨਾਂ ਨੂੰ ਜੋ ਮੇਰੇ ਪਰਬਤ ਦੇ ਆਲੇ-ਦੁਆਲੇ ਹਨ, ਬਰਕਤ ਦਾ ਕਾਰਨ ਬਣਾਵਾਂਗਾ ਅਤੇ ਸਮੇਂ ਸਿਰ **ਮੀਂਹ ਵਰ੍ਹਾਵਾਂਗਾ।** ਬਰਕਤ ਦੀ **ਵਰਖਾ ਵਰ੍ਹੇਗੀ।**" [ਹਿਜ਼ਕੀ 34:26]
>
> ਹੇ ਸੀਯੋਨ ਦੇ ਲੋਕੋ, ਯਹੋਵਾਹ ਆਪਣੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਓ ਅਤੇ ਅਨੰਦ ਹੋਵੋ! ਕਿਉਂ ਜੋ ਉਹ ਨੇ ਤੁਹਾਡੇ ਸੁੱਖ ਲਈ **ਪਹਿਲੀ ਵਰਖਾ ਦਿੱਤੀ ਹੈ**, ਉਹ ਨੇ ਤੁਹਾਡੇ ਲਈ ਪਹਿਲੀ ਅਤੇ ਪਿੱਛਲੀ **ਵਰਖਾ ਵਰ੍ਹਾਈ ਹੈ**, ਜਿਵੇਂ ਪਹਿਲਾਂ ਹੁੰਦਾ ਸੀ। [ਯੋਏਲ 2:23]

ਪਰਮੇਸ਼ਰ ਦੀ ਕਿਰਪਾ ਅਤੇ ਮੌਸਮ ਵਿੱਚ ਹੋਣ ਵਾਲੇ ਪਰਿਵਰਤਨ ਬੇਮਿਸਾਲ ਫਸਲ ਪੈਦਾ ਕਰਨਗੇ। ਮਨੁੱਖ ਅਕਾਲ ਅਤੇ ਭੁੱਖ ਨੂੰ ਭੁੱਲ ਜਾਵੇਗਾ।

ਉਹ ਫਲਦਾਰ ਵੇਲ ਅਤੇ ਮਨਭਾਉਂਦੇ ਖੇਤਾਂ ਦੇ ਕਾਰਨ ਛਾਤੀਆਂ ਪਿੱਟਣਗੀਆਂ। ਮੇਰੀ ਪਰਜਾ ਦੇ ਖੇਤਾਂ ਵਿੱਚ ਕੰਡੇ ਅਤੇ ਕੰਡਿਆਲੇ ਉੱਗਣਗੇ, ਸਗੋਂ ਅਨੰਦਮਈ ਨਗਰ ਦੇ ਸਾਰੇ ਖੁਸ਼ ਹਾਲ ਘਰਾਂ ਉੱਤੇ ਵੀ। ਮਹਿਲ ਤਾਂ ਛੱਡਿਆ ਜਾਵੇਗਾ, ਸੰਘਣੀ ਅਬਾਦੀ ਵਾਲਾ ਸ਼ਹਿਰ ਬੇ-ਚਰਾਗ ਹੋ ਜਾਵੇਗਾ, ਟਿੱਬਾ ਅਤੇ ਰਾਖੀ ਦਾ ਬੁਰਜ ਸਦਾ ਲਈ ਘੁਰਨੇ, ਜੰਗਲੀ ਗਧਿਆਂ ਦੀ ਖੁਸ਼ੀ ਅਤੇ ਇੱਜੜਾਂ ਦੀ ਚਾਰਗਾਹ ਹੋ ਜਾਣਗੇ। **ਜਦੋਂ ਤੱਕ ਸਾਡੇ ਉੱਤੇ ਉੱਪਰੋਂ ਪਰਮੇਸ਼ੁਰ ਦਾ ਆਤਮਾ ਵਹਾਇਆ ਨਾ ਜਾਵੇ, ਅਤੇ ਉਜਾੜ ਫਲਦਾਰ ਖੇਤ ਨਾ ਹੋ ਜਾਵੇ, ਅਤੇ ਫਲਦਾਰ ਖੇਤ ਇੱਕ ਬਣ ਨਾ ਗਿਣਿਆ ਜਾਵੇ।** [ਯਸਾ 32:12-15]

ਉਜਾੜ ਅਤੇ ਥਲ ਦੇਸ ਖੁਸ਼ੀ ਮਨਾਉਣਗੇ, **ਰੜਾ ਮੈਦਾਨ ਬਾਗ-ਬਾਗ ਹੋਵੇਗਾ**, ਅਤੇ ਨਰਗਸ ਵਾਂਗੂੰ ਖਿੜੇਗਾ... [ਯਸਾ 35:1-2a]

“ਉਹ ਆਉਣਗੇ ਅਤੇ ਸੀਯੋਨ ਦੀ ਚੋਟੀ ਉੱਤੇ ਜੈਕਾਰੇ ਗਜਾਉਣਗੇ, ਅਤੇ **ਯਹੋਵਾਹ ਦੀ ਭਲਿਆਈ ਦੇ ਕਾਰਨ ਚਮਕਣਗੇ**, ਅੰਨ, ਨਵੀਂ ਮੈ ਅਤੇ ਤੇਲ, ਇੱਜੜ ਦੇ ਬੱਚੇ ਅਤੇ ਗਾਈਆਂ ਬਲ਼ਦ ਦੇ ਕਾਰਨ, **ਉਹਨਾਂ ਦੀ ਜਾਨ ਸਿੰਜੇ ਹੋਏ ਬਾਗ਼ ਵਾਂਗੂੰ ਹੋਵੇਗੀ,** ਉਹ ਫਿਰ ਕਦੀ ਉਦਾਸ ਨਾ ਹੋਣਗੇ।” [ਯਿਰ 31:12]

“ਖੇਤ ਦੇ ਰੁੱਖ ਆਪਣਾ ਫ਼ਲ ਦੇਣਗੇ ਅਤੇ **ਧਰਤੀ ਆਪਣੀ ਪੈਦਾਵਾਰ ਦੇਵੇਗੀ**। ਉਹ ਸੁੱਖ ਨਾਲ ਆਪਣੀ ਭੂਮੀ ਵਿੱਚ ਵੱਸਣਗੇ ਅਤੇ ਜਦੋਂ ਮੈਂ ਉਹਨਾਂ ਦੀ ਪੰਜਾਲੀ ਦੀ ਰੱਸੀ ਖੋਲ੍ਹਾਂਗਾ। ਉਹਨਾਂ ਦੇ ਹੱਥੋਂ ਜਿਹੜੇ ਉਹਨਾਂ ਨੂੰ ਗ਼ੁਲਾਮ ਬਣਾਉਂਦੇ ਸਨ, ਛੁਡਾਵਾਂਗਾ, ਤਾਂ ਉਹ ਜਾਣਨਗੇ ਕਿ ਮੈਂ ਯਹੋਵਾਹ ਹਾਂ!” [ਹਿਜ਼ਕੀ 34:27]

“ਪਰ ਤੁਸੀਂ **ਹੇ ਇਸਰਾਏਲ ਦੇ ਪਰਬਤੋਂ, ਤੁਸੀਂ ਆਪਣੀਆਂ ਟਹਿਣੀਆਂ ਕੱਢੋਗੇ ਅਤੇ ਮੇਰੀ ਪਰਜਾ ਇਸਰਾਏਲ ਦੇ ਲਈ ਫਲ ਦੇਵੋਗੇ**, ਕਿਉਂ ਜੋ ਉਹ ਛੇਤੀ ਆਉਣ ਵਾਲੇ ਹਨ। ਇਸ ਲਈ ਵੇਖੋ, ਮੈਂ ਤੁਹਾਡੇ ਵੱਲ ਹਾਂ, ਮੈਂ ਆਪਣਾ ਮੂੰਹ ਤੁਹਾਡੇ ਵੱਲ ਕਰਾਂਗਾ ਅਤੇ ਤੁਸੀਂ ਵਾਹੇ ਜਾਓਗੇ ਅਤੇ ਤੁਹਾਡੇ ਉੱਤੇ ਬੀਜਿਆ ਜਾਵੇਗਾ। ਮੈਂ ਆਦਮੀਆਂ ਨੂੰ ਹਾਂ, ਇਸਰਾਏਲ ਦੇ ਸਾਰੇ ਘਰਾਣੇ ਨੂੰ ਤੁਹਾਡੇ ਉੱਤੇ ਬਹੁਤ ਵਧਾ ਦਿਆਂਗਾ। ਸ਼ਹਿਰ ਵਸਾਏ ਜਾਣਗੇ ਅਤੇ ਉਜਾੜ ਸਥਾਨ ਫੇਰ ਬਣਾਏ ਜਾਣਗੇ। **ਮੈਂ ਤੁਹਾਡੇ ਉੱਤੇ ਆਦਮੀਆਂ ਅਤੇ ਪਸ਼ੂਆਂ ਨੂੰ ਵਧਾਵਾਂਗਾ**। ਉਹ ਬਹੁਤ ਹੋਣਗੇ ਅਤੇ ਫਲਣਗੇ ਅਤੇ ਮੈਂ ਤੁਹਾਨੂੰ ਅਜਿਹਾ ਵਸਾਵਾਂਗਾ ਜਿਹੋ ਜਿਹੇ ਤੁਸੀਂ ਪਹਿਲਾਂ ਸੀ। ਤੁਹਾਡੇ ਉੱਤੇ ਤੁਹਾਡੇ ਸ਼ੁਰੂ ਦੇ ਦਿਨਾਂ ਤੋਂ ਵਧੇਰੇ ਉਪਕਾਰ ਕਰਾਂਗਾ ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ!” [ਹਿਜ਼ਕੀ 36:8-11]

“ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਬਚਾਵਾਂਗਾ ਅਤੇ **ਮੈਂ ਅੰਨ ਮੰਗਾਵਾਂਗਾ**। ਮੈਂ ਉਹ ਨੂੰ ਵਧਾਵਾਂਗਾ ਅਤੇ ਤੁਹਾਡੇ ਉੱਤੇ ਕਾਲ ਨਾ ਪਾਵਾਂਗਾ। **ਮੈਂ ਰੁੱਖਾਂ ਦੇ ਫਲਾਂ ਨੂੰ ਅਤੇ ਖੇਤ ਦੀ ਪੈਦਾਵਾਰ ਨੂੰ ਵਾਧਾ ਬਖ਼ਸ਼ਾਂਗਾ**, ਇੱਥੋਂ ਤੱਕ ਕਿ ਤੁਸੀਂ ਅੱਗੇ ਲਈ ਕੌਮਾਂ ਦੇ ਵਿੱਚ ਕਾਲ ਦੇ ਕਾਰਨ ਨਮੋਸ਼ੀ ਨਾ ਉਠਾਵੋਗੇ।” [ਹਿਜ਼ਕੀ 36:29-30]

ਹੇ ਦੇਸ਼, ਨਾ ਡਰ! ਖੁਸ਼ੀ ਮਨਾ ਤੇ ਅਨੰਦ ਹੋ, ਕਿਉਂ ਜੋ ਯਹੋਵਾਹ ਨੇ ਵੱਡੇ-ਵੱਡੇ ਕੰਮ ਕੀਤੇ! ਹੇ ਮੈਦਾਨ ਦੇ ਪਸ਼ੂਓ, ਨਾ ਡਰੋ! ਕਿਉਂ ਜੋ ਉਜਾੜ ਦੀਆਂ ਚਾਰਗਾਹਾਂ ਹਰੀਆਂ ਹੋ ਗਈਆਂ ਹਨ, ਰੁੱਖ ਆਪਣੇ ਫਲ ਦਿੰਦੇ ਹਨ, ਹੰਜ਼ੀਰ ਅਤੇ ਅੰਗੂਰੀ ਵੇਲਾਂ ਆਪਣਾ ਪੂਰਾ ਬਲ ਵਿਖਾਉਂਦੀਆਂ ਹਨ। ਹੇ ਸੀਯੋਨ ਦੇ ਲੋਕੋ, ਯਹੋਵਾਹ ਆਪਣੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਓ ਅਤੇ ਅਨੰਦ ਹੋਵੋ! ਕਿਉਂ ਜੋ ਉਹ ਨੇ ਤੁਹਾਡੇ ਸੁੱਖ ਲਈ ਪਹਿਲੀ ਵਰਖਾ ਦਿੱਤੀ ਹੈ, ਉਹ ਨੇ ਤੁਹਾਡੇ ਲਈ ਪਹਿਲੀ ਅਤੇ ਪਿੱਛਲੀ ਵਰਖਾ ਵਰ੍ਹਾਈ ਹੈ, ਜਿਵੇਂ ਪਹਿਲਾਂ ਹੁੰਦਾ ਸੀ। **ਪਿੜ ਅੰਨ ਨਾਲ ਭਰ ਜਾਣਗੇ ਅਤੇ ਹੌਦਾਂ ਮਧ ਅਤੇ ਤੇਲ ਨਾਲ ਉੱਛਲਣਗੀਆਂ**। ਜਿੰਨੇ ਸਾਲਾਂ ਦੀ ਫ਼ਸਲ ਨੂੰ ਛੋਟੀ ਟਿੱਡੀਆਂ, ਵੱਡੀ ਟਿੱਡੀਆਂ, ਹੂੰਝਾ ਫੇਰ ਅਤੇ ਟਪੂਸੀ ਮਾਰ ਟਿੱਡੀਆਂ ਨੇ ਅਰਥਾਤ ਮੇਰੀ ਵੱਡੀ ਫੌਜ ਨੇ ਜਿਹੜੀ ਮੈਂ ਤੁਹਾਡੇ ਉੱਤੇ ਘੱਲੀ ਸੀ, ਖਾ ਲਿਆ ਸੀ, ਉਹ ਮੈਂ ਤੁਹਾਨੂੰ ਮੋੜ ਦਿਆਂਗਾ। **ਤੁਸੀਂ ਢਿੱਡ ਭਰ ਕੇ ਖਾਓਗੇ ਅਤੇ ਰੱਜ ਜਾਓਗੇ**। ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਨਾਮ ਦੀ ਉਸਤਤ ਕਰੋਗੇ, ਜਿਸ ਨੇ ਤੁਹਾਡੇ ਲਈ ਅਚਰਜ਼ ਕੰਮ ਕੀਤੇ ਹਨ, ਮੇਰੀ ਪਰਜਾ ਫੇਰ ਕਦੇ ਲੱਜਿਆਵਾਨ ਨਾ ਹੋਵੇਗੀ। ਤਦ ਤੁਸੀਂ ਜਾਣੋਗੇ ਕਿ ਮੈਂ ਇਸਰਾਏਲ ਦੇ ਵਿਚਕਾਰ ਹਾਂ ਅਤੇ ਮੈਂ ਹੀ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ, ਅਤੇ ਕੋਈ ਹੋਰ ਨਹੀਂ, ਸੋ ਮੇਰੀ ਪਰਜਾ ਫੇਰ ਕਦੇ ਲੱਜਿਆਵਾਨ ਨਾ ਹੋਵੇਗੀ।” [ਯੋਏਲ 2:21-27]

ਉਸ ਦਿਨ ਅਜਿਹਾ ਹੋਵੇਗਾ ਕਿ **ਪਰਬਤਾਂ ਤੋਂ ਮਿੱਠੀ ਮਧ ਚੋਵੇਗੀ ਅਤੇ ਟਿੱਲਿਆਂ ਤੋਂ ਦੁੱਧ ਵਗੇਗਾ**, ਯਹੂਦਾਹ ਦੀਆਂ ਸਾਰੀਆਂ ਨਦੀਆਂ ਵਿੱਚ ਪਾਣੀ ਵਗੇਗਾ, ਯਹੋਵਾਹ ਦੇ ਭਵਨ ਤੋਂ ਇੱਕ ਚਸ਼ਮਾ ਨਿੱਕਲੇਗਾ ਅਤੇ ਸ਼ਿੱਟੀਮ ਦੀ ਵਾਦੀ ਨੂੰ ਸਿੰਜੇਗਾ। [ਯੋਏਲ 3:18]

“ਪ੍ਰਭੂ ਯਹੋਵਾਹ ਦਾ ਵਾਕ ਹੈ, “ਵੇਖੋ, ਉਹ ਦਿਨ ਆਉਂਦੇ ਹਨ, **ਜਦ ਹਲ਼ ਚਲਾਉਣ ਵਾਲਾ ਵਾਢੀ ਕਰਨ ਵਾਲੇ ਨੂੰ ਅਤੇ ਅੰਗੂਰਾਂ ਦਾ ਮਿੱਧਣ ਵਾਲਾ, ਬੀਜ ਬੀਜਣ ਵਾਲੇ ਨੂੰ ਜਾ ਲਵੇਗਾ** ਅਤੇ ਪਹਾੜਾਂ ਤੋਂ ਨਵੀਂ ਮਧ ਚੋਵੇਗੀ ਅਤੇ ਸਾਰੇ ਟਿੱਲਿਆਂ ਤੋਂ ਵਗੇਗੀ! ਮੈਂ ਆਪਣੀ ਪਰਜਾ ਇਸਰਾਏਲ ਨੂੰ ਗ਼ੁਲਾਮੀ ਤੋਂ ਵਾਪਿਸ ਲੈ

ਆਵਾਂਗਾ...” [ਆਮੋਸ 9:13-14a]

> “ਪਰ ਮੈਂ ਹੁਣ ਇਸ ਪਰਜਾ ਦੇ ਬਚੇ ਹੋਏ ਲੋਕਾਂ ਲਈ ਪਹਿਲਿਆਂ ਦਿਨਾਂ ਵਾਂਗੂੰ ਨਹੀਂ ਕਰਾਂਗਾ, ਸੈਨਾਂ ਦੇ ਯਹੋਵਾਹ ਦਾ ਵਾਕ ਹੈ। ਕਿਉਂ ਜੋ ਬੀ ਸ਼ਾਂਤੀ ਦਾ ਹੋਵੇਗਾ, ਅੰਗੂਰੀ ਬੇਲ ਆਪਣਾ ਫਲ ਦੇਵੇਗੀ, **ਧਰਤੀ ਆਪਣੀ ਪੈਦਾਵਾਰ ਦੇਵੇਗੀ** ਅਤੇ ਅਕਾਸ਼ ਆਪਣੀ ਤ੍ਰੇਲ ਦੇਵੇਗਾ। ਮੈਂ ਇਸ ਪਰਜਾ ਦੇ ਬਕੀਏ ਨੂੰ ਇਹਨਾਂ ਸਾਰੀਆਂ ਵਸਤਾਂ ਦਾ ਅਧਿਕਾਰੀ ਬਣਾਵਾਂਗਾ।” [ਜ਼ਕਰ 8:11-12]
>
> ਉਸ ਦੀ ਸੁੰਦਰਤਾ ਵੀ ਕਿੰਨੀ ਵੱਡੀ ਹੈ! ਅੰਨ ਜੁਆਨਾਂ ਨੂੰ, ਨਵੀਂ ਮੈਂ ਕੁਆਰੀਆਂ ਨੂੰ ਰਿਸ਼ਟ-ਪੁਸ਼ਟ ਕਰੇਗੀ। [ਜ਼ਕਰ 9:17]

ਇੱਕ ਹਜ਼ਾਰ ਸਾਲ ਦਾ ਰਾਜ ਸਵਰਗ ਦੇ ਸਮਾਨ ਨਹੀਂ ਹੋਵੇਗਾ ਜਿੱਥੇ ਪਾਪ ਪੂਰੀ ਤਰ੍ਹਾਂ ਮੌਜੂਦ ਨਹੀਂ ਹੋਵੇਗਾ। ਇਹ ਇੱਕ ਬਹਾਲੀ ਵਾਲਾ ਅਦਨ ਵੀ ਨਹੀਂ ਹੋਵੇਗਾ ਕਿਉਂਕਿ ਉਸ ਵਿੱਚ ਪਾਪ ਅਤੇ ਮੌਤ ਫਿਰ ਵੀ ਮੌਜੂਦ ਹੋਣਗੇ। ਇਸ ਵਿੱਚ ਮਸੀਹ ਦੀ ਆਗਿਆਕਾਰੀ ਕਰਨ ਤੋਂ ਇਨਕਾਰ ਕਰਨ ਵਾਲੇ ਕਈ ਬੱਚੇ ਹੋਣਗੇ ਕਿ ਫਿਰ ਹਜ਼ਾਰ ਸਾਲ ਤੋਂ ਬਾਅਦ ਇੱਕ ਅੰਤਿਮ ਵਿਦਰੋਹ ਵੀ ਹੋਵੇਗਾ (ਦੇਖੋ, ਪ੍ਰਕਾਸ਼ 20:7-10)। ਹਾਲਾਂਕਿ ਸਰਾਪ ਬਹੁਤ ਹੱਦ ਤੱਕ ਘੱਟ ਜਾਵੇਗਾ, ਪਰ ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਵੇਗਾ। ਮਨੁੱਖ ਨੂੰ ਜਿਊਂਦੇ ਰਹਿਣ ਦੇ ਲਈ ਅਜੇ ਵੀ ਕੰਮ ਕਰਨਾ ਪਵੇਗਾ। ਅੱਜ ਜਿਹੜੇ ਕੰਮ ਮਨੁੱਖ ਕਰਦਾ ਹੈ ਉਹ ਹਜ਼ਾਰ ਸਾਲ ਰਾਜ ਵਿੱਚ ਵੀ ਜਾਰੀ ਰਹਿਣਗੇ। ਇੱਕ ਹਜ਼ਾਰ ਸਾਲ ਦੇ ਜੀਵਨ ਬਾਰੇ ਲੀਓਨ ਵੁੱਡ ਦਾ ਇਹ ਵਿਚਾਰ ਹੈ:

> "ਸਮਾਜ ਦੇ ਬੁਨਿਆਦੀ ਢਾਂਚੇ ਅਤੇ ਸੰਸਥਾਵਾਂ ਜਾਰੀ ਰਹਿਣਗੀਆਂ। ਜੀਵਨ-ਸ਼ੈਲੀਆਂ ਅਤੇ ਨਮੂਨੇ ਜਿਹਨਾਂ ਵਿੱਚ ਲੋਕ ਵਿਅਕਤੀਗਤ ਤੌਰ ਤੇ ਆਪਣੀਆਂ ਵੱਖਰੀਆਂ ਸ਼ਖਸੀਅਤਾਂ ਨੂੰ ਪ੍ਰਦਰਸ਼ਿਤ ਕਰਦੇ ਹਨ, ਉਹ ਬਣੇ ਰਹਿਣਗੇ। ਲੋਕ ਖਾਣਗੇ, ਸੌਣਗੇ, ਕਮਾਈ ਕਰਨਗੇ, ਵਿਆਹ ਕਰਨਗੇ, ਬੱਚੇ ਪੈਦਾ ਕਰਨਗੇ, ਅਤੇ ਅੰਤ ਵਿੱਚ ਮਰ ਜਾਣਗੇ। ਸ਼ਹਿਰ, ਖੇਤ, ਸਕੂਲ, ਉਦਯੋਗ ਅਤੇ ਦੁਕਾਨਾਂ ਹੋਣਗੀਆਂ। ਜਿਹੜਾ ਫ਼ਰਕ ਹੋਵੇਗਾ ਉਹ ਲੋਕਾਂ ਵਿਚਕਾਰ ਸਹੀ ਅਤੇ ਅਨੰਦ-ਭਰੇ ਸੰਬੰਧਾਂ ਵਿੱਚ, ਅਤੇ ਖ਼ਾਸ ਤੌਰ ਤੇ ਉਹਨਾਂ ਦੇ ਪਰਮੇਸ਼ਰ ਨਾਲ ਸੰਬੰਧ ਵਿੱਚ ਹੋਵੇਗਾ।”[69]

ਸਵਰਗ ਜਾਂ ਅਦਨ ਹੋਣ ਦੀ ਬਜਾਏ, ਇੱਕ ਹਜ਼ਾਰ ਸਾਲ ਦਾ ਰਾਜ ਇਹ ਦਿਖਾਵੇਗਾ ਕਿ ਮਸੀਹ ਦੇ ਪਹਿਲੀ ਵਾਰ ਧਰਤੀ ਉੱਤੇ ਆਉਣ ਵੇਲੇ ਜੇਕਰ ਉਹਨਾਂ ਨੂੰ ਰਾਜਾ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਹੁੰਦਾ, ਤਾਂ ਧਰਤੀ ਕਿਵੇਂ ਦੀ ਹੋ ਸਕਦੀ ਸੀ। ਇੱਕ ਹਜ਼ਾਰ ਸਾਲ ਦਾ ਰਾਜ ਇਹ ਸਾਬਤ ਕਰੇਗਾ ਕਿ ਜੇਕਰ ਇੱਕ ਪਾਪੀ ਅਤੇ ਬੁਰੀ ਨਸਲ ਵੀ ਆਪਣੇ ਆਪ ਨੂੰ ਮਸੀਹ ਦੇ ਅਧਿਕਾਰ ਦੇ ਅਧੀਨ ਕਰ ਦੇਵੇ, ਤਾਂ ਉਸ ਦੇ ਲਈ ਬਹੁਤ ਸਾਰੀਆਂ ਬਰਕਤਾਂ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ। ਬਹੁਤ ਸਾਰੀਆਂ ਆਇਤਾਂ ਰਾਜ ਵਿੱਚ ਮਨੁੱਖ ਦੇ ਆਮ ਕੰਮ ਦੀ ਤਸਵੀਰ ਦਿੰਦੀਆਂ ਹਨ ਜਿਵੇਂ ਕਿ ਬੀਜ ਬੀਜਣਾ ਅਤੇ ਇਮਾਰਤਾਂ ਬਣਾਉਣਾ (ਬਿਵਸਥਾ 30:9; ਯਸਾ 62:8-9; 65:21-23; ਯਿਰ 31:5,23-25)। ਬਹੁਤ ਸਾਰੀਆਂ ਗਤੀਵਿਧੀਆਂ ਅੱਜ ਦੀ ਤਰ੍ਹਾਂ ਹੀ ਹੋਣਗੀਆਂ, ਪਰ ਅਜਿਹੇ ਬਹੁਤ ਸਾਰੇ ਕਾਰਨ ਹਨ ਕਿ ਉਹਨਾਂ ਤੋਂ ਪ੍ਰਾਪਤ ਹੋਣ ਵਾਲੀਆਂ ਬਰਕਤਾਂ ਬਹੁਤ ਜ਼ਿਆਦਾ ਹੋਣਗੀਆਂ। ਸ਼ੈਤਾਨ ਨੂੰ ਬੰਨ੍ਹ ਦਿੱਤਾ ਜਾਵੇਗਾ। ਸਰਾਪ ਘੱਟ ਹੋ ਜਾਵੇਗਾ। ਮੀਂਹ ਵੱਧ ਜਾਵੇਗਾ। ਸਿੱਖਿਆ ਦੀ ਇੱਕ ਸੰਪੂਰਨ ਪ੍ਰਣਾਲੀ ਹੋਵੇਗੀ, ਸਥਿਰ ਪਰਿਵਾਰ ਹੋਣਗੇ, ਅਪਰਾਧ ਘੱਟ ਹੋਣਗੇ, ਕੋਈ ਲੜਾਈ ਨਹੀਂ ਹੋਵੇਗੀ, ਸਮਾਜ ਨੂੰ ਬਰਬਾਦ ਕਰਨ ਵਾਲੇ ਆਲਸੀ ਅਤੇ ਬੇਕਾਰ ਲੋਕ ਨਹੀਂ ਹੋਣਗੇ, ਕੋਈ ਡਾਕਟਰੀ ਜਾਂ ਕਾਨੂੰਨੀ ਖਰਚੇ ਨਹੀਂ ਹੋਣਗੇ, ਪਰਮੇਸ਼ਰ ਦੀ ਬੁੱਧ ਉਪਲਬਧ ਹੋਵੇਗੀ, ਸਵਰਗਦੂਤਾਂ ਦੀ ਮੌਜੂਦਗੀ ਹੋਵੇਗੀ, ਮਹਿਮਾਮਈ ਲੋਕ ਸ਼ਾਸਨ ਕਰਨਗੇ। ਹਾਲਾਂਕਿ ਪਾਪ ਅਜੇ ਵੀ ਮੌਜੂਦ ਹੋਵੇਗਾ ਅਤੇ ਮਨੁੱਖ ਨੂੰ ਅਜੇ ਵੀ ਕੰਮ ਕਰਨਾ ਹੋਵੇਗਾ, ਇਸ ਲਈ ਉਸ ਸੰਸਾਰ ਵਿੱਚ ਭੌਤਿਕ ਬਰਕਤਾਂ ਦੀ ਕੋਈ ਘਾਟ ਨਹੀਂ ਹੋਵੇਗੀ ਜੋ ਮਸੀਹ ਦੇ ਅਧਿਕਾਰ ਦੇ ਅਧੀਨ ਹੋਵੇਗਾ ਅਤੇ ਉਹਨਾਂ ਦੇ ਗਿਆਨ ਨਾਲ ਚੱਲੇਗਾ। ਉਤਪਾਦਨ ਲੋੜ ਨਾਲੋਂ ਕਿਤੇ ਵੱਧ ਹੋਵੇਗਾ।

ਪਰਮੇਸ਼ਰ ਦਾ ਵਚਨ ਇਸ ਗੱਲ ਉੱਤੇ ਖ਼ਾਸ ਜ਼ੋਰ ਦਿੰਦਾ ਹੈ ਕਿ ਧਨ-ਦੌਲਤ ਦੀ ਵੰਡ ਪੂਰੀ ਇਮਾਨਦਾਰੀ ਨਾਲ ਹੋਵੇਗਾ। ਸਿਰਫ਼ ਉਹਨਾਂ ਲੋਕਾਂ ਦੀ ਹਾਨੀ ਹੋਵੇਗੀ ਜੋ ਮਸੀਹ ਦੀ ਆਗਿਆਕਾਰੀ ਕਰਨ ਤੋਂ ਇਨਕਾਰ ਕਰਨਗੇ (ਦੇਖੋ, ਜ਼ਕਰ 14:16ff)।

> ਪਰ **ਉਹ ਆਪੇ ਆਪਣੀਆਂ ਅੰਗੂਰੀ ਵੇਲਾਂ ਅਤੇ ਹੰਜ਼ੀਰ ਦੇ ਰੁੱਖਾਂ ਹੇਠ ਬੈਠਣਗੇ**, ਅਤੇ ਕੋਈ ਉਹਨਾਂ ਨੂੰ ਨਹੀਂ ਡਰਾਵੇਗਾ, ਕਿਉਂ ਜੋ ਸੈਨਾਂ ਦੇ ਯਹੋਵਾਹ ਦੇ ਮੂੰਹ ਦਾ ਵਾਕ ਹੈ। [ਮੀਕਾਹ 4:4]
>
> ਯਹੋਵਾਹ ਨੇ ਆਪਣੇ ਸੱਜੇ ਹੱਥ ਨਾਲ, ਅਤੇ ਆਪਣੀ ਬਲਵੰਤ ਭੁਜਾ ਨਾਲ ਸਹੁੰ ਖਾਧੀ ਹੈ ਕਿ ਮੈਂ ਅੱਗੇ ਨੂੰ ਤੇਰਾ ਅੰਨ ਤੇਰੇ ਵੈਰੀਆਂ ਨੂੰ ਭੋਜਨ ਲਈ ਕਦੀ ਨਾ ਦੇਵਾਂਗਾ, ਅਤੇ ਉਪਰੇ ਤੇਰੀ ਨਵੀਂ ਮਧ ਨਾ ਪੀਣਗੇ, ਜਿਸ ਦੇ ਲਈ ਤੂੰ ਮਿਹਨਤ ਕੀਤੀ ਹੈ, **ਪਰ ਉਹ ਦੇ ਸਾਂਭਣ ਵਾਲੇ ਉਹ ਨੂੰ ਖਾਣਗੇ**, ਅਤੇ ਯਹੋਵਾਹ ਦੀ ਉਸਤਤ ਕਰਨਗੇ। ਉਹ ਦੇ ਇਕੱਠਾ ਕਰਨ ਵਾਲੇ ਉਹ ਨੂੰ ਮੇਰੇ ਪਵਿੱਤਰ ਅਸਥਾਨ ਦੇ ਵੇਹੜਿਆਂ ਵਿੱਚ ਪੀਣਗੇ। [ਯਸਾ 62:8-9]

[69] ਲੀਓਨ ਜੇ. ਵੁਡ, *ਦ ਬਾਈਬਲ ਐਂਡ ਫਿਊਚਰ ਇਵੈਂਟਸ* (ਗ੍ਰੈਂਡ ਰੈਪਿਡਜ਼: ਜੌਂਡਰਵੈਨ ਪਬਲਿਸ਼ਿੰਗ ਹਾਊਸ, 1973), ਪੰਨਾ 161

"**ਅਜਿਹਾ ਨਹੀਂ ਹੋਵੇਗਾ ਕਿ ਉਹ ਬਣਾਉਣ ਅਤੇ ਦੂਜਾ ਵੱਸੇ, ਜਾਂ ਉਹ ਲਾਉਣਗੇ ਅਤੇ ਦੂਜਾ ਖਾਵੇ**, ਕਿਉਂਕਿ ਮੇਰੀ ਪਰਜਾ ਦੇ ਦਿਨ ਤਾਂ ਰੁੱਖ ਦੇ ਦਿਨਾਂ ਵਰਗੇ ਹੋਣਗੇ, ਅਤੇ ਮੇਰੇ ਚੁਣੇ ਹੋਏ **ਆਪਣੇ ਹੱਥਾਂ ਦੇ ਕੰਮਾਂ ਦਾ ਲੰਮੇ ਸਮੇਂ ਤੱਕ ਅਨੰਦ ਮਾਣਨਗੇ**।" [ਯਸਾ 65:22]

### d. ਸਰਾਪ ਦਾ ਅੰਸ਼ਕ ਰੂਪ ਵਿੱਚ ਖ਼ਤਮ ਹੋਣਾ

ਇੱਕ ਹਜ਼ਾਰ ਸਾਲ ਦੇ ਦੌਰਾਨ ਸਰਾਪ ਦੇ ਅੰਸ਼ਕ ਰੂਪ ਵਿੱਚ ਖ਼ਤਮ ਹੋ ਜਾਣ ਦੀ ਚਰਚਾ ਪਿਛਲੇ ਭਾਗਾਂ ਵਿੱਚ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਇੱਥੇ ਇਸ ਵਿਚਾਰ ਨੂੰ ਸਾਬਤ ਕੀਤਾ ਜਾਵੇਗਾ। ਉਮਰ ਵਿੱਚ ਵਾਧਾ, ਉਪਜਾਊ ਸ਼ਕਤੀ, ਉਤਪਾਦਕਤਾ, ਬਿਮਾਰੀ ਦੀ ਘਾਟ, ਅਤੇ ਖ਼ਾਸ ਤੌਰ ਤੇ ਜਾਨਵਰਾਂ ਦੇ ਵਿਵਹਾਰ ਵਿੱਚ ਤਬਦੀਲੀਆਂ, ਇਹ ਸਾਰੀਆਂ ਗੱਲਾਂ ਪਾਪ ਦੇ ਨੁਕਸਾਨਦੇਹ ਪ੍ਰਭਾਵਾਂ ਦੇ ਘੱਟ ਹੋਣ ਦਾ ਸੰਕੇਤ ਦਿੰਦੀਆਂ ਹਨ। ਕਿਉਂਕਿ ਹਜ਼ਾਰ ਸਾਲ ਦੌਰਾਨ ਵੀ ਮੌਤ ਹੋਵੇਗੀ, ਇਸ ਲਈ ਇਹ ਮੰਨ ਲੈਣਾ ਸਹੀ ਨਹੀਂ ਹੋਵੇਗਾ ਕਿ ਪਾਪ ਅਤੇ ਸਰਾਪ ਪੂਰੀ ਤਰ੍ਹਾਂ ਖ਼ਤਮ ਹੋ ਜਾਣਗੇ। ਪਰ ਇੱਕ ਹਜ਼ਾਰ ਸਾਲ ਦਾ ਰਾਜ ਪਾਪ ਤੋਂ ਹੋਣ ਵਾਲੇ ਦੁੱਖ ਨੂੰ ਬਹੁਤ ਹੱਦ ਤੱਕ ਘੱਟ ਕਰ ਦੇਵੇਗਾ। ਪਾਪ ਵਿੱਚ ਡਿੱਗਣ ਤੋਂ ਪਹਿਲਾਂ ਕੋਈ ਮੌਤ ਨਹੀਂ ਸੀ। ਇਸ ਲਈ, ਅਸੀਂ ਇਹ ਮੰਨ ਸਕਦੇ ਹਾਂ ਕਿ ਪਾਪ ਤੋਂ ਪਹਿਲਾਂ ਜਾਨਵਰ ਮਾਸ ਨਹੀਂ ਖਾਂਦੇ ਹੋਣਗੇ ਅਤੇ ਉਹ ਸਾਰੇ ਪਾਲਤੂ ਸਨ ਅਤੇ ਮਨੁੱਖ ਦੇ ਮਿੱਤਰ ਸਨ। ਇੱਕ ਹਜ਼ਾਰ ਸਾਲ ਦੇ ਰਾਜ ਵਿੱਚ ਜਾਨਵਰਾਂ ਦੇ ਲਈ ਫਿਰ ਤੋਂ ਪਾਪ ਵੀ ਵਿੱਚ ਡਿੱਗਣ ਤੋਂ ਪਹਿਲਾਂ ਵਰਗੀਆਂ ਸਥਿਤੀਆਂ ਬਣ ਜਾਣਗੀਆਂ (ਦੇਖੋ, ਯਸਾ 35:9)।

> **ਬਘਿਆੜ ਲੇਲੇ** ਨਾਲ ਰਹੇਗਾ, ਅਤੇ **ਚੀਤਾ ਮੇਮਣੇ ਨਾਲ ਬੈਠੇਗਾ, ਵੱਛਾ, ਜੁਆਨ ਸ਼ੇਰ ਅਤੇ ਪਾਲਤੂ ਪਸ਼ੂ ਇਕੱਠੇ ਰਹਿਣਗੇ**, ਅਤੇ ਇੱਕ ਛੋਟਾ ਬੱਚਾ ਉਹਨਾਂ ਨੂੰ ਲਈ ਫਿਰੇਗਾ। ਗਾਂ ਤੇ **ਰਿੱਛਣੀ ਚਰਨਗੀਆਂ**, ਅਤੇ ਉਨ੍ਹਾਂ ਦੇ ਬੱਚੇ ਇਕੱਠੇ ਬੈਠਣਗੇ, **ਬੱਬਰ ਸ਼ੇਰ ਬਲ਼ਦ ਵਾਂਗੂੰ ਘਾਹ ਖਾਵੇਗਾ**। ਦੁੱਧ ਚੁੰਘਦਾ ਬੱਚਾ ਸੱਪ ਦੀ ਖੁੱਡ ਉੱਤੇ ਖੇਡੇਗਾ, ਅਤੇ ਦੁੱਧੋਂ ਛੁਡਾਇਆ ਹੋਇਆ **ਬੱਚਾ ਆਪਣਾ ਹੱਥ ਨਾਗ ਦੀ ਵਰਮੀ ਉੱਤੇ ਰੱਖੇਗਾ**। ਮੇਰੇ ਸਾਰੇ ਪਵਿੱਤਰ ਪਰਬਤ ਵਿੱਚ ਨਾ ਕੋਈ ਦੁੱਖ ਦੇਵੇਗਾ, ਨਾ ਨਾਸ ਕਰੇਗਾ, ਕਿਉਂ ਜੋ ਧਰਤੀ ਯਹੋਵਾਹ ਦੇ ਗਿਆਨ ਨਾਲ ਅਜਿਹੀ ਭਰੀ ਹੋਈ ਹੋਵੇਗੀ, ਜਿਵੇਂ ਸਮੁੰਦਰ ਪਾਣੀ ਨਾਲ ਭਰਿਆ ਹੋਇਆ ਹੈ।" [ਯਸਾ 11:6-9]

> "**ਬਘਿਆੜ ਅਤੇ ਲੇਲਾ ਇਕੱਠੇ ਚਰਨਗੇ**, ਅਤੇ **ਬੱਬਰ ਸ਼ੇਰ ਬਲ਼ਦ ਵਾਂਗੂੰ ਘਾਹ ਖਾਵੇਗਾ**, ਸੱਪ ਦਾ ਭੋਜਨ ਮਿੱਟੀ ਹੀ ਹੋਵੇਗੀ, ਮੇਰੇ ਸਾਰੇ ਪਵਿੱਤਰ ਪਰਬਤ ਵਿੱਚ ਨਾ ਉਹ ਕਿਸੇ ਨੂੰ ਦੁੱਖ ਦੇਣਗੇ, ਨਾ ਨਾਸ ਕਰਨਗੇ, ਯਹੋਵਾਹ ਫ਼ਰਮਾਉਂਦਾ ਹੈ।" [ਯਸਾ 65:25 ][70]
>
> "ਮੈਂ ਉਹਨਾਂ ਨਾਲ ਸ਼ਾਂਤੀ ਦਾ ਨੇਮ ਬੰਨ੍ਹਾਂਗਾ ਅਤੇ **ਬੁਰੇ ਦਰਿੰਦਿਆਂ ਨੂੰ** ਦੇਸ ਵਿੱਚੋਂ ਮੁਕਾ ਦਿਆਂਗਾ। ਉਹ ਉਜਾੜ ਵਿੱਚ ਸੁੱਖ ਨਾਲ ਵੱਸਣਗੇ ਅਤੇ ਜੰਗਲਾਂ ਵਿੱਚ ਸੌਣਗੇ।" [ਹਿਜ਼ਕੀ 34:25]
>
> "ਮੈਂ ਉਸ ਦਿਨ **ਜੰਗਲੀ ਜਾਨਵਰਾਂ**, ਅਕਾਸ਼ ਦੇ ਪੰਛੀਆਂ ਅਤੇ ਜ਼ਮੀਨ ਦੇ ਘਿੱਸਰਨ ਵਾਲਿਆਂ ਨਾਲ ਉਹਨਾਂ ਲਈ **ਇੱਕ ਨੇਮ ਬੰਨ੍ਹਾਂਗਾ**, ਅਤੇ ਮੈਂ ਧਣੁੱਖ, ਤਲਵਾਰ ਅਤੇ ਯੁੱਧ ਨੂੰ ਦੇਸ ਵਿੱਚੋਂ ਭੰਨ ਸੁੱਟਾਂਗਾ, ਅਤੇ ਮੈਂ ਉਹਨਾਂ ਨੂੰ ਚੈਨ ਨਾਲ ਲੇਟਣ ਦਿਆਂਗਾ। [ਹੋਸ਼ੇ 2:18]

### e. ਮਹਿਮਾ

ਮਸੀਹ ਇੱਕ ਮਹਿਮਾਮਈ ਰੂਪ ਵਿੱਚ ਵਾਪਸ ਆਉਣਗੇ ਅਤੇ ਸੰਸਾਰ ਵਿੱਚ ਮਹਿਮਾ ਲਿਆਉਣਗੇ। ਇੱਕ ਹਜ਼ਾਰ ਸਾਲ ਦਾ ਰਾਜ ਅਜਿਹੀ ਕਲਪਨਾ ਤੋਂ ਬਾਹਰ ਦੀ ਸ਼ਾਨ ਦਾ ਸਮਾਂ ਹੋਵੇਗਾ ਜਿਸ ਵਿੱਚ ਪਰਮੇਸ਼ਰ ਦੀ ਸ਼ਕਤੀ, ਮਹਾਨਤਾ, ਅਤੇ ਦੌਲਤ ਦਾ ਪ੍ਰਦਰਸ਼ਨ ਹੋਵੇਗਾ।

> ਤਾਂ ਯਹੋਵਾਹ ਸੀਯੋਨ ਪਰਬਤ ਦੇ ਸਾਰੇ ਠਿਕਾਣੇ ਉੱਤੇ ਅਤੇ ਉਹ ਦੀਆਂ ਸੰਗਤਾਂ ਉੱਤੇ ਦਿਨ ਨੂੰ ਧੂੰਏਂ ਦਾ ਬੱਦਲ ਅਤੇ ਰਾਤ ਨੂੰ ਬਲਦੀ ਅੱਗ ਦਾ ਪ੍ਰਕਾਸ਼ ਰਚੇਗਾ ਅਤੇ ਸਾਰੀ **ਮਹਿਮਾ ਉੱਤੇ ਇੱਕ ਚਾਨਣੀ ਵਾਂਗੂੰ ਹੋਵੇਗੀ**। [ਯਸਾ 4:5]
>
> ਤਦ ਚੰਦ ਘਬਰਾ ਜਾਵੇਗਾ, ਅਤੇ ਸੂਰਜ ਲਾਜ ਖਾਵੇਗਾ, ਕਿਉਂ ਜੋ ਸੈਨਾਂ ਦਾ ਯਹੋਵਾਹ ਸੀਯੋਨ ਪਰਬਤ ਉੱਤੇ ਯਰੂਸ਼ਲਮ ਵਿੱਚ, ਅਤੇ ਆਪਣੀ ਪਰਜਾ ਦੇ ਬਜ਼ੁਰਗਾਂ ਦੇ ਅੱਗੇ **ਪਰਤਾਪ** ਨਾਲ ਰਾਜ ਕਰੇਗਾ। [ਯਸਾ 24:23]
>
> ਉਹ **ਬਹੁਤਾ ਖਿੜੇਗਾ**, ਅਤੇ ਖੁਸ਼ੀ ਤੇ ਜੈਕਾਰਿਆਂ ਨਾਲ ਬਾਗ-ਬਾਗ ਹੋਵੇਗਾ, ਲਬਾਨੋਨ ਦੀ ਸ਼ੋਭਾ, ਕਰਮਲ ਅਤੇ ਸ਼ਾਰੋਨ ਦੀ ਸ਼ਾਨ ਉਹ ਨੂੰ ਦਿੱਤੀ ਜਾਵੇਗੀ, ਉਹ ਯਹੋਵਾਹ ਦਾ **ਪਰਤਾਪ**, ਸਾਡੇ ਪਰਮੇਸ਼ੁਰ ਦੀ **ਸ਼ਾਨ** ਵੇਖਣਗੇ। [ਯਸਾ 35:2]
>
> "**ਯਹੋਵਾਹ ਦਾ ਪਰਤਾਪ ਪਰਗਟ ਹੋਵੇਗਾ**, ਅਤੇ ਸਾਰੇ ਪ੍ਰਾਣੀ ਇਕੱਠੇ ਵੇਖਣਗੇ, ਯਹੋਵਾਹ ਨੇ ਆਪਣੇ ਮੂੰਹ ਨਾਲ ਬੋਲਿਆ ਹੈ।" [ਯਸਾ 40:5]
>
> "ਉੱਠ, ਚਮਕ, ਕਿਉਂ ਜੋ ਤੇਰਾ ਚਾਨਣ ਆ ਗਿਆ ਹੈ, ਅਤੇ **ਯਹੋਵਾਹ ਦਾ ਪਰਤਾਪ ਤੇਰੇ ਉੱਤੇ ਚਮਕਿਆ ਹੈ।** ਵੇਖੋ,

[70] ਇਹ ਧਿਆਨ ਦਿਓ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਸੱਪ ਫਿਰ ਵੀ ਮਿੱਟੀ ਵਿੱਚ ਘੁੰਮਦੇ ਰਹਿਣਗੇ। ਇਹ ਇਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਸਰਾਪ ਪੂਰੀ ਤਰ੍ਹਾਂ ਹਟਾਇਆ ਨਹੀਂ ਗਿਆ ਹੈ (ਦੇਖੋ, ਉਤ 3:14)।

ਹਨ੍ਹੇਰਾ ਧਰਤੀ ਨੂੰ ਢੱਕ ਲਵੇਗਾ, ਅਤੇ ਉੱਮਤਾਂ ਉੱਤੇ ਘੁੱਪ ਹਨ੍ਹੇਰਾ ਛਾਇਆ ਹੈ, ਪਰ ਯਹੋਵਾਹ ਤੇਰੇ ਉੱਤੇ ਚਮਕੇਗਾ, ਅਤੇ **ਉਹ ਦਾ ਪਰਤਾਪ ਤੇਰੇ ਉੱਤੇ ਪਰਗਟ ਹੋਵੇਗਾ**। ਕੌਮਾਂ ਤੇਰੇ ਚਾਨਣ ਵੱਲ ਆਉਣਗੀਆਂ, ਅਤੇ ਰਾਜੇ ਤੇਰੇ ਚੜ੍ਹਾਓ ਦੀ **ਚਮਕ** ਵੱਲ।" [ਯਸਾ 60:1-3]

"ਮੈਂ ਉਹਨਾਂ ਦੇ ਕੰਮ ਅਤੇ ਉਹਨਾਂ ਦੇ ਖ਼ਿਆਲ ਚੰਗੀ ਤਰ੍ਹਾਂ ਜਾਣਦਾ ਹਾਂ, ਇਸ ਲਈ ਉਹ ਸਮਾਂ ਆਉਂਦਾ ਹੈ ਜਦ ਮੈਂ ਸਾਰੀਆਂ ਕੌਮਾਂ ਅਤੇ ਬੋਲੀਆਂ ਨੂੰ ਇਕੱਠਾ ਕਰਾਂਗਾ, ਅਤੇ ਉਹ ਆਉਣਗੀਆਂ ਅਤੇ ਮੇਰੇ **ਪਰਤਾਪ** ਨੂੰ ਵੇਖਣਗੀਆਂ।" [ਯਸਾ 66:18]

### f. ਅਨੰਦ

ਹਜ਼ਾਰ ਸਾਲ ਦੇ ਰਾਜ ਦਾ ਸਮਾਂ ਇੱਕ ਖੁਸ਼ੀ ਅਤੇ ਅਨੰਦ ਦਾ ਸਮਾਂ ਹੋਵੇਗਾ।

ਸਰੀਰਕ ਅਤੇ ਭਾਵਨਾਤਮਕ ਦੁੱਖ ਦੀ ਜਗ੍ਹਾ ਉਹ ਅਨੰਦ ਲੈ ਲਵੇਗਾ ਜੋ ਰਾਜਾ ਮਸੀਹ ਦੀ ਵਿਅਕਤੀਗਤ ਮੌਜੂਦਗੀ ਤੋਂ ਆਉਂਦਾ ਹੈ।

"**ਸਾਰੀ ਧਰਤੀ ਚੈਨ** ਅਤੇ ਅਰਾਮ ਕਰਦੀ ਹੈ, ਉਹ ਖੁੱਲ੍ਹ ਕੇ **ਜੈਕਾਰੇ ਗਜਾਉਂਦੇ** ਹਨ।" [ਯਸਾ 14:7]

ਉਹ ਮੌਤ ਨੂੰ ਸਦਾ ਲਈ ਨਿਗਲ ਲਵੇਗਾ, ਅਤੇ **ਪ੍ਰਭੂ ਯਹੋਵਾਹ ਸਾਰੀਆਂ ਅੱਖਾਂ ਤੋਂ ਹੰਝੂ ਪੂੰਝ ਸੁੱਟੇਗਾ**, ਅਤੇ ਆਪਣੀ ਪਰਜਾ ਦੀ ਬਦਨਾਮੀ ਨੂੰ ਸਾਰੀ ਧਰਤੀ ਦੇ ਉੱਤੋਂ ਦੂਰ ਕਰ ਦੇਵੇਗਾ, ਕਿਉਂਕਿ ਇਹ ਯਹੋਵਾਹ ਦਾ ਵਾਕ ਹੈ। ਉਸ ਦਿਨ ਆਖਿਆ ਜਾਵੇਗਾ, ਵੇਖੋ, **ਇਹ ਸਾਡਾ ਪਰਮੇਸ਼ੁਰ ਹੈ, ਅਸੀਂ ਉਹ ਨੂੰ ਉਡੀਕਦੇ ਸੀ**, ਕਿ ਉਹ ਸਾਨੂੰ ਬਚਾਵੇਗਾ - ਇਹ ਯਹੋਵਾਹ ਹੈ, ਅਸੀਂ ਉਹ ਨੂੰ ਉਡੀਕਦੇ ਸੀ, ਅਸੀਂ ਉਹ ਦੀ ਮੁਕਤੀ ਵਿੱਚ **ਖੁਸ਼ੀ ਮਨਾਈਏ ਅਤੇ ਅਨੰਦ ਕਰੀਏ**।" [ਯਸਾ 25:8-9]

ਤੁਸੀਂ ਗੀਤ ਗਾਓਗੇ, ਜਿਵੇਂ ਪਵਿੱਤਰ ਪਰਬ ਦੀ ਰਾਤ ਵਿੱਚ ਗਾਉਂਦੇ ਹੋ, ਅਤੇ ਤੁਹਾਡੇ **ਦਿਲ ਉਸੇ ਤਰ੍ਹਾਂ ਅਨੰਦ ਹੋਣਗੇ**, ਜਿਵੇਂ ਕੋਈ ਬੰਸਰੀ ਵਜਾਉਂਦੇ ਹੋਏ ਇਸਰਾਏਲ ਦੀ ਚੱਟਾਨ ਵੱਲ ਯਹੋਵਾਹ ਦੇ ਪਰਬਤ ਉੱਤੇ ਚੱਲਿਆ ਆਉਂਦਾ ਹੈ। [ਯਸਾ 30:29]

ਯਹੋਵਾਹ ਲਈ **ਇੱਕ ਨਵਾਂ ਗੀਤ ਗਾਓ, ਉਹ ਦੀ ਉਸਤਤ ਧਰਤੀ ਦੀਆਂ ਹੱਦਾਂ ਤੋਂ**, ਤੁਸੀਂ ਵੀ ਜਿਹੜੇ ਸਮੁੰਦਰ ਉੱਤੇ ਚੱਲਦੇ ਹੋ, ਨਾਲੇ ਉਹ ਦੀ ਭਰਪੂਰੀ, ਟਾਪੂ ਅਤੇ ਉਨ੍ਹਾਂ ਦੇ ਵਾਸੀ ਵੀ। ਉਜਾੜ ਤੇ ਉਹ ਦੇ ਸ਼ਹਿਰ ਅਵਾਜ਼ ਚੁੱਕਣ, ਉਹ ਪਿੰਡ ਜਿੱਥੇ ਕੇਦਾਰ ਵੱਸਦਾ ਹੈ, ਸਲਾ ਦੇ ਵਾਸੀ ਜੈਕਾਰਾ ਗਜਾਉਣ, ਪਹਾੜਾਂ ਦੀਆਂ ਟੀਸੀਆਂ ਤੋਂ ਉਹ ਲਲਕਾਰਨ। ਉਹ ਯਹੋਵਾਹ ਦੀ ਮਹਿਮਾ ਕਰਨ, ਅਤੇ ਟਾਪੂਆਂ ਵਿੱਚ ਉਹ ਦੀ ਉਸਤਤ ਦਾ ਪਰਚਾਰ ਕਰਨ। [ਯਸਾ 42:10-12]

"ਭਾਵੇਂ ਤੂੰ ਤਿਆਗੀ ਹੋਈ ਅਤੇ ਘਿਣਾਉਣੀ ਸੀ, ਅਤੇ ਤੇਰੇ ਵਿੱਚੋਂ ਦੀ ਕੋਈ ਨਹੀਂ ਸੀ ਲੰਘਦਾ, ਪਰ ਮੈਂ ਤੈਨੂੰ ਸਦਾ ਲਈ ਮਾਣ ਅਤੇ ਪੀੜ੍ਹੀਓਂ ਪੀੜ੍ਹੀ ਤੱਕ ਖੁਸ਼ੀ ਦਾ ਕਾਰਨ ਬਣਾਵਾਂਗਾ।" [ਯਸਾ 60:15]

ਤੁਹਾਡੀ ਲਾਜ ਦੇ ਬਦਲੇ ਤੁਹਾਨੂੰ ਦੁਗਣਾ ਹਿੱਸਾ ਮਿਲੇਗਾ, ਬੇਪਤੀ ਦੇ ਬਦਲੇ ਤੁਸੀਂ ਆਪਣੇ ਹਿੱਸੇ ਵਿੱਚ ਮੌਜ ਮਾਣੋਗੇ, ਇਸ ਲਈ ਤੁਸੀਂ ਆਪਣੇ ਦੇਸ ਵਿੱਚ ਦੁਗਣੇ ਹਿੱਸੇ ਦੇ ਅਧਿਕਾਰੀ ਹੋਵੋਗੇ, **ਸਦੀਪਕ ਅਨੰਦ** ਤੁਹਾਡਾ ਹੋਵੇਗਾ। [ਯਸਾ 61:7]

"ਪਰ ਜੋ ਕੁਝ ਮੈਂ ਉਤਪੰਨ ਕਰਦਾ ਹਾਂ, ਉਸ ਤੋਂ ਤੁਸੀਂ **ਜੁੱਗੋ-ਜੁੱਗ ਖੁਸ਼ੀ ਮਨਾਓ** ਅਤੇ ਬਾਗ-ਬਾਗ ਹੋਵੋ, ਵੇਖੋ, ਮੈਂ ਯਰੂਸ਼ਲਮ ਲਈ ਅਨੰਦ ਅਤੇ ਉਸ ਦੀ ਪਰਜਾ ਲਈ ਖੁਸ਼ੀ ਉਤਪੰਨ ਕਰਦਾ ਹਾਂ। ਮੈਂ ਯਰੂਸ਼ਲਮ ਤੋਂ ਅਨੰਦ ਹੋਵਾਂਗਾ, ਅਤੇ ਆਪਣੀ ਪਰਜਾ ਤੋਂ ਖੁਸ਼ ਹੋਵਾਂਗਾ, ਉਸ ਵਿੱਚ **ਫੇਰ ਰੋਣ ਦੀ ਅਵਾਜ਼ ਜਾਂ ਦੁਹਾਈ ਦੀ ਅਵਾਜ਼ ਸੁਣਾਈ ਨਾ ਦੇਵੇਗੀ**" [ਯਸਾ 65:18-19]

"ਹੇ ਯਰੂਸ਼ਲਮ ਦੇ ਸਾਰੇ ਪ੍ਰੇਮੀਓ! ਉਸ ਦੇ ਨਾਲ **ਨਿਹਾਲ** ਹੋਵੋ, ਉਸ ਨਾਲ ਅਨੰਦ ਕਰੋ ਅਤੇ **ਬਾਗ-ਬਾਗ** ਹੋਵੋ, ਹੇ ਉਸ ਦੇ ਲਈ ਸੋਗ ਕਰਨ ਵਾਲਿਓ! ਉਸ ਦੀ ਖੁਸ਼ੀ ਵਿੱਚ ਖੁਸ਼ੀ ਮਨਾਓ! ਤਾਂ ਜੋ ਤੁਸੀਂ ਉਸ ਦੀਆਂ ਤਸੱਲੀ ਦੀਆਂ ਦੁੱਧੀਆਂ ਚੁੰਘੋ ਅਤੇ ਰੱਜ ਜਾਓ, ਤੁਸੀਂ ਰੱਜ ਜਾਓ ਅਤੇ ਉਸ ਦੀ ਸ਼ਾਨ ਦੀ ਬਹੁਤਾਇਤ ਨਾਲ ਆਪਣੇ ਆਪ ਨੂੰ ਮਗਨ ਕਰੋ। ਯਹੋਵਾਹ ਇਹ ਆਖਦਾ ਹੈ, ਵੇਖੋ, ਮੈਂ ਸ਼ਾਂਤੀ ਦਰਿਆ ਵਾਂਗੂੰ, ਅਤੇ ਕੌਮਾਂ ਦਾ ਮਾਲ-ਧਨ ਨਦੀ ਦੇ ਹੜ੍ਹ ਵਾਂਗੂੰ ਉਸ ਤੱਕ ਪਹੁੰਚਾਵਾਂਗਾ ਅਤੇ ਤੁਸੀਂ ਚੁੰਘੋਗੇ, ਤੁਸੀਂ ਕੁੱਛੜ ਚੁੱਕੇ ਜਾਓਗੇ ਅਤੇ ਗੋਡਿਆਂ ਉੱਤੇ ਕੁਦਾਏ ਜਾਓਗੇ। ਜਿਸ ਤਰ੍ਹਾਂ ਮਾਤਾ ਆਪਣੇ ਬੱਚੇ ਨੂੰ ਦਿਲਾਸਾ ਦਿੰਦੀ ਹੈ, ਉਸੇ ਤਰ੍ਹਾਂ ਮੈਂ ਤੁਹਾਨੂੰ ਦਿਲਾਸਾ ਦਿਆਂਗਾ, ਅਤੇ ਤੁਸੀਂ ਯਰੂਸ਼ਲਮ ਦੇ ਵਿਖੇ ਦਿਲਾਸਾ ਪਾਓਗੇ। ਤੁਸੀਂ ਵੇਖੋਗੇ **ਅਤੇ ਤੁਹਾਡਾ ਦਿਲ ਖੁਸ਼ ਹੋਵੇਗਾ**, ਅਤੇ ਤੁਹਾਡੀਆਂ ਹੱਡੀਆਂ ਘਾਹ ਵਾਂਗੂੰ ਹਰੀਆਂ-ਭਰੀਆਂ ਹੋਣਗੀਆਂ ਅਤੇ ਇਹ ਪਰਗਟ ਹੋਵੇਗਾ ਕਿ ਯਹੋਵਾਹ ਦਾ ਹੱਥ ਆਪਣੇ ਦਾਸਾਂ ਉੱਤੇ ਹੈ, ਪਰ ਉਸਦਾ ਕਹਿਰ ਉਸ ਦੇ ਵੈਰੀਆਂ ਉੱਤੇ ਹੈ।" [ਯਸਾ 66:10-14]

"ਯਹੋਵਾਹ ਇਸ ਤਰ੍ਹਾਂ ਆਖਦਾ ਹੈ, - ਵੇਖੋ, ਮੈਂ ਯਾਕੂਬ ਦੇ

ਤੰਬੂਆਂ ਦੀ ਗ਼ੁਲਾਮੀ ਨੂੰ ਮੁਕਾ ਦਿਆਂਗਾ, ਅਤੇ ਉਹ ਦੇ ਵਸੇਬਿਆਂ ਉੱਤੇ ਰਹਮ ਕਰਾਂਗਾ। ਸ਼ਹਿਰ ਆਪਣੇ ਥੇਹ ਉੱਤੇ ਫਿਰ ਬਣਾਇਆ ਜਾਵੇਗਾ, ਅਤੇ ਮਹਿਲ ਆਪਣੇ ਹੀ ਥਾਂ ਉੱਤੇ ਵਸਾਇਆ ਜਾਵੇਗਾ। **ਉਹਨਾਂ ਵਿੱਚੋਂ ਧੰਨਵਾਦ ਅਤੇ ਹੱਸਣ ਵਾਲਿਆਂ ਦੀ ਅਵਾਜ਼ ਨਿੱਕਲੇਗੀ**, ਮੈਂ ਉਹਨਾਂ ਨੂੰ ਵਧਾਵਾਂਗਾ ਅਤੇ ਉਹ ਘਟਣਗੇ ਨਹੀਂ, ਮੈਂ ਉਹਨਾਂ ਨੂੰ ਪਤਵੰਤੇ ਕਰਾਂਗਾ, ਉਹ ਛੋਟੇ ਨਾ ਹੋਣਗੇ।" [ਯਿਰ 30:18-19]

"ਉਸ ਵੇਲੇ ਕੁਆਰੀ ਨੱਚਣ ਨਾਲ, ਅਤੇ ਜੁਆਨ ਅਤੇ ਬੁੱਢੇ ਵੀ ਇਕੱਠੇ ਅਨੰਦ ਹੋਣਗੇ, **ਮੈਂ ਉਹਨਾਂ ਦੇ ਸਿਆਪੇ ਨੂੰ ਖੁਸ਼ੀ ਵਿੱਚ ਪਲਟ ਦਿਆਂਗਾ**, ਮੈਂ ਉਹਨਾਂ ਨੂੰ ਦਿਲਾਸਾ ਦਿਆਂਗਾ, ਮੈਂ ਉਹਨਾਂ ਦੇ ਗ਼ਮ ਦੇ ਥਾਂ **ਉਹਨਾਂ ਨੂੰ ਅਨੰਦ ਕਰਾਂਗਾ।** ਮੈਂ ਜਾਜਕਾਂ ਦੀ ਜਾਨ ਨੂੰ ਚਰਬੀ ਨਾਲ ਰਜਾਵਾਂਗਾ, ਮੇਰੀ ਪਰਜਾ ਮੇਰੀ ਭਲਿਆਈ ਨਾਲ ਨਿਹਾਲ ਹੋਵੇਗੀ, ਯਹੋਵਾਹ ਦਾ ਵਾਕ ਹੈ। [ਯਿਰ 31:13-14]

ਹੇ ਸੀਯੋਨ ਦੀਏ ਧੀਏ, **ਉੱਚੀ ਅਵਾਜ਼ ਨਾਲ ਗਾ**, ਹੇ ਇਸਰਾਏਲ, ਜੈਕਾਰਾ ਗਜਾ, ਹੇ ਯਰੂਸ਼ਲਮ ਦੀਏ ਧੀਏ, **ਸਾਰੇ ਦਿਲ ਨਾਲ ਅਨੰਦ ਕਰ ਅਤੇ ਮਗਨ ਹੋ!** ਯਹੋਵਾਹ ਨੇ ਤੇਰੇ ਦੰਡ ਨੂੰ ਦੂਰ ਕੀਤਾ ਹੈ, ਉਹ ਨੇ ਤੇਰੇ ਵੈਰੀ ਨੂੰ ਕੱਢ ਦਿੱਤਾ ਹੈ, ਇਸਰਾਏਲ ਦਾ ਰਾਜਾ, ਹਾਂ, ਯਹੋਵਾਹ ਤੇਰੇ ਵਿਚਕਾਰ ਹੈ, ਤੂੰ ਫੇਰ ਬਿਪਤਾ ਤੋਂ ਨਾ ਡਰੇਂਗੀ। ਉਸ ਦਿਨ ਯਰੂਸ਼ਲਮ ਨੂੰ ਆਖਿਆ ਜਾਵੇਗਾ, "ਹੇ ਸੀਯੋਨ! ਨਾ ਡਰ, ਤੇਰੇ ਹੱਥ ਢਿੱਲੇ ਨਾ ਪੈ ਜਾਣ!" ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿਚਕਾਰ ਹੈ, ਉਹ ਬਚਾਉਣ ਵਿੱਚ ਸਮਰੱਥੀ ਹੈ, ਉਹ ਅਨੰਦ ਨਾਲ ਤੇਰੇ ਉੱਤੇ ਖੁਸ਼ ਹੋਵੇਗਾ, ਉਹ ਆਪਣੇ ਪ੍ਰੇਮ ਨੂੰ ਤਾਜ਼ਾ ਕਰੇਗਾ, ਉਹ ਉੱਚੀ ਅਵਾਜ਼ ਨਾਲ ਗਾਉਂਦਾ ਹੋਇਆ ਤੇਰੇ ਕਾਰਨ **ਮਗਨ ਹੋਵੇਗਾ**।" [ਸਫ਼ਨ 3:14-17]

### g. ਧਨ-ਦੌਲਤ

ਸੰਸਾਰ ਦੀ ਧਨ-ਦੌਲਤ ਯਰੂਸ਼ਲਮ ਵਿੱਚ ਲਿਆਂਦੀ ਜਾਵੇਗੀ ਅਤੇ ਇਹ ਮਸੀਹ ਨੂੰ ਦਿੱਤੀ ਜਾਵੇਗੀ ਜੋ ਅਸਲ ਵਿੱਚ ਇਸ ਦੇ ਮਾਲਕ ਹਨ।[71]

"ਕੌਮਾਂ ਤੇਰੇ ਚਾਨਣ ਵੱਲ ਆਉਣਗੀਆਂ, ਅਤੇ ਰਾਜੇ ਤੇਰੇ ਚੜ੍ਹਾਉ ਦੀ ਚਮਕ ਵੱਲ। ਆਪਣੀਆਂ ਅੱਖਾਂ ਚੁੱਕ ਕੇ ਆਲੇ-ਦੁਆਲੇ ਵੇਖ! ਉਹ ਸਭ ਦੇ ਸਭ ਇਕੱਠੇ ਹੁੰਦੇ, ਉਹ ਤੇਰੇ ਕੋਲ ਆਉਂਦੇ, ਤੇਰੇ ਪੁੱਤਰ ਦੂਰੋਂ ਆਉਣਗੇ, ਅਤੇ ਤੇਰੀਆਂ ਧੀਆਂ ਕੁੱਛੜ ਚੁੱਕੀਆਂ ਜਾਣਗੀਆਂ। ਤਦ ਤੂੰ ਇਸ ਨੂੰ ਵੇਖੇਂਗੀ ਅਤੇ ਚਮਕੇਂਗੀ, ਅਤੇ ਤੇਰਾ ਦਿਲ ਥਰ-ਥਰ ਕੰਬੇਗਾ ਅਤੇ ਅਨੰਦ ਨਾਲ ਭਰ ਜਾਵੇਗਾ, ਕਿਉਂ ਜੋ ਸਮੁੰਦਰ ਦੀ ਬਹੁਤਾਇਤ ਤੇਰੇ ਵੱਲ ਫਿਰੇਗੀ, ਅਤੇ **ਕੌਮਾਂ ਦਾ ਮਾਲ-ਧਨ ਤੇਰੇ ਵੱਲ ਆਵੇਗਾ।** ਊਠਾਂ ਦੇ ਝੁੰਡ ਤੇਰੇ ਦੇਸ ਨੂੰ ਭਰ ਦੇਣਗੇ, ਮਿਦਯਾਨ ਅਤੇ ਏਫ਼ਾਹ ਦੇਸ ਦੇ ਜੁਆਨ ਊਠ, ਸ਼ਬਾ ਦੇਸ ਤੋਂ ਸਾਰੇ ਲੋਕ ਆਉਣਗੇ, ਅਤੇ **ਸੋਨਾ ਅਤੇ ਲੁਬਾਨ ਲਿਆਉਣਗੇ** ਅਤੇ ਯਹੋਵਾਹ ਦੀ ਉਸਤਤ ਦਾ ਪਰਚਾਰ ਕਰਨਗੇ। ਕੇਦਾਰ ਦੇਸ ਦੇ ਸਾਰੇ ਇੱਜੜ ਤੇਰੇ ਕੋਲ ਇਕੱਠੇ ਕੀਤੇ ਜਾਣਗੇ, ਨਬਾਯੋਤ ਦੇਸ ਦੇ ਮੇਂਢੇ ਤੇਰੀ ਸੇਵਾ ਕਰਨਗੇ, ਉਹ ਮੇਰੀ ਜਗਵੇਦੀ ਉੱਤੇ ਕਬੂਲ ਕੀਤੇ ਜਾਣਗੇ, ਅਤੇ ਮੈਂ ਆਪਣੇ ਸੋਹਣੇ ਭਵਨ ਨੂੰ ਹੋਰ ਵੀ ਪਰਤਾਪੀ ਬਣਾਵਾਂਗਾ। ਇਹ ਕੌਣ ਹਨ ਜਿਹੜੇ ਬੱਦਲ ਵਾਂਗੂੰ ਉੱਡੇ ਆਉਂਦੇ ਹਨ, ਜਿਵੇਂ ਘੁੱਗੀਆਂ ਆਪਣੇ ਆਲ੍ਹਣਿਆਂ ਨੂੰ? ਸੱਚ-ਮੁੱਚ ਟਾਪੂ ਮੇਰੀ ਉਡੀਕ ਕਰਨਗੇ, ਸਭ ਤੋਂ ਅੱਗੇ ਤਰਸ਼ੀਸ਼ ਦੇ ਜਹਾਜ਼ ਹੋਣਗੇ, ਤਾਂ ਜੋ ਉਹ ਤੇਰੇ ਪੁੱਤਰਾਂ ਨੂੰ **ਉਹਨਾਂ ਦੀ ਚਾਂਦੀ ਤੇ ਸੋਨੇ ਸਮੇਤ** ਯਹੋਵਾਹ ਤੇਰੇ ਪਰਮੇਸ਼ੁਰ ਅਰਥਾਤ ਇਸਰਾਏਲ ਦੇ ਪਵਿੱਤਰ ਪੁਰਖ ਲਈ ਤੇਰੇ ਕੋਲ ਦੂਰੋਂ ਲਿਆਉਣ, ਕਿਉਂ ਜੋ ਉਸ ਨੇ ਤੈਨੂੰ ਸ਼ਾਨੇ-ਸ਼ੌਕਤ ਨਾਲ ਭਰਿਆ ਹੈ। ਪਰਦੇਸੀ ਤੇਰੀਆਂ ਕੰਧਾਂ ਨੂੰ ਉਸਾਰਨਗੇ, ਅਤੇ ਉਹਨਾਂ ਦੇ ਰਾਜੇ ਤੇਰੀ ਸੇਵਾ ਕਰਨਗੇ, ਭਾਵੇਂ ਮੈਂ ਤੈਨੂੰ ਆਪਣੇ ਕ੍ਰੋਧ ਵਿੱਚ ਮਾਰਿਆ, ਪਰ ਮੈਂ ਆਪਣੀ ਪ੍ਰਸੰਨਤਾ ਵਿੱਚ ਤੇਰੇ ਉੱਤੇ ਰਹਮ ਕਰਾਂਗਾ। **ਤੇਰੇ ਫਾਟਕ ਸਦਾ ਖੁੱਲ੍ਹੇ ਰਹਿਣਗੇ, ਉਹ ਦਿਨ ਰਾਤ ਬੰਦ ਨਾ ਹੋਣਗੇ, ਤਾਂ ਜੋ ਲੋਕ ਤੇਰੇ ਕੋਲ ਕੌਮਾਂ ਦਾ ਧਨ**, ਅਤੇ ਉਹਨਾਂ ਦੇ ਰਾਜਿਆਂ ਨੂੰ ਬੰਦੀ ਬਣਾ ਕੇ ਜਿੱਤ ਦੇ ਜਲੂਸ ਵਿੱਚ ਤੇਰੇ ਕੋਲ ਲਿਆਉਣ। ਜਿਹੜੀ ਕੌਮ ਅਤੇ ਜਿਹੜਾ ਰਾਜ ਤੇਰੀ ਸੇਵਾ ਨਾ ਕਰੇਗਾ, ਉਹ ਨਾਸ ਹੋ ਜਾਵੇਗਾ, ਹਾਂ, ਉਹ ਕੌਮਾਂ ਪੂਰੀ ਤਰ੍ਹਾਂ ਹੀ ਬਰਬਾਦ ਹੋ ਜਾਣਗੀਆਂ। ਲਬਾਨੋਨ ਦੀ ਸ਼ਾਨ ਤੇਰੇ ਕੋਲ ਆਵੇਗੀ ਅਰਥਾਤ ਸਰੂ, ਚੀਲ ਅਤੇ ਚਨਾਰ ਤੇਰੇ ਕੋਲ ਇਕੱਠੇ ਕੀਤੇ ਜਾਣਗੇ ਤਾਂ ਜੋ ਉਹ ਮੇਰੇ ਪਵਿੱਤਰ ਸਥਾਨ ਨੂੰ ਸਜਾਉਣ, ਇਸ ਤਰ੍ਹਾਂ ਮੈਂ ਆਪਣੇ ਪੈਰਾਂ ਦੇ ਸਥਾਨ ਨੂੰ ਸ਼ਾਨਦਾਰ ਬਣਾਵਾਂਗਾ। ਤੈਨੂੰ ਦੁੱਖ ਦੇਣ ਵਾਲਿਆਂ ਦੀ ਸੰਤਾਨ ਤੇਰੇ ਕੋਲ ਸਿਰ ਝੁਕਾ ਕੇ ਆਵੇਗੀ, ਤੈਨੂੰ ਤੁੱਛ ਜਾਣਨ ਵਾਲੇ ਸਾਰੇ ਤੇਰੇ ਪੈਰਾਂ ਉੱਤੇ ਮੱਥਾ ਟੇਕਣਗੇ, ਉਹ ਤੈਨੂੰ ਯਹੋਵਾਹ ਦਾ ਸ਼ਹਿਰ, ਇਸਰਾਏਲ ਦੇ ਪਵਿੱਤਰ ਪਰਮੇਸ਼ੁਰ ਦਾ ਸੀਯੋਨ ਆਖਣਗੇ। ਭਾਵੇਂ ਤੂੰ ਤਿਆਗੀ ਹੋਈ ਅਤੇ ਘਿਣਾਉਣੀ ਸੀ, ਅਤੇ ਤੇਰੇ ਵਿੱਚੋਂ ਦੀ ਕੋਈ ਨਹੀਂ ਸੀ ਲੰਘਦਾ, ਪਰ ਮੈਂ ਤੈਨੂੰ ਸਦਾ ਲਈ ਮਾਣ

[71] ਅਜਿਹਾ ਲੱਗਦਾ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਰਾਸ਼ਟਰੀ ਅੰਤਰ ਹੋਣਗੇ (ਯਸਾਯਾਹ 19:21-23; ਜ਼ਕਰ 14:18)। ਪ੍ਰਕਾਸ਼ 21:24 ਅਤੇ 22:2 ਵੀ "ਕੌਮਾਂ" ਦੇ ਬਾਰੇ ਜਾਂ ਤਾਂ ਹਜ਼ਾਰ ਸਾਲ ਦੇ ਰਾਜ ਵਿੱਚ ਜਾਂ ਫਿਰ ਸਦੀਪਕ ਰਾਜ ਵਿੱਚ ਇਹਨਾਂ ਦੀ ਮੌਜੂਦਗੀ ਦੇ ਬਾਰੇ ਗੱਲ ਕਰਦੇ ਹਨ।

ਅਤੇ ਪੀੜ੍ਹੀਓਂ ਪੀੜ੍ਹੀ ਤੱਕ ਖੁਸ਼ੀ ਦਾ ਕਾਰਨ ਬਣਾਵਾਂਗਾ। ਤੂੰ ਕੌਮਾਂ ਦਾ ਦੁੱਧ ਚੁੰਘੇਗੀ, ਅਤੇ ਰਾਜਿਆਂ ਦੀ ਛਾਤੀ ਚੁੰਘੇਗੀ, ਤੂੰ ਜਾਣ ਲਵੇਂਗੀ ਕਿ ਮੈਂ ਯਹੋਵਾਹ ਤੇਰਾ ਬਚਾਉਣ ਵਾਲਾ ਹਾਂ, ਤੇਰਾ ਛੁਡਾਉਣ ਵਾਲਾ, ਯਾਕੂਬ ਦਾ ਸਰਬ ਸ਼ਕਤੀਮਾਨ ਹਾਂ। **ਪਿੱਤਲ ਦੀ ਥਾਂ ਮੈਂ ਸੋਨਾ ਅਤੇ ਲੋਹੇ ਦੀ ਥਾਂ ਮੈਂ ਚਾਂਦੀ ਲਿਆਵਾਂਗਾ,** ਲੱਕੜੀ ਦੇ ਥਾਂ ਪਿੱਤਲ ਅਤੇ ਪੱਥਰਾਂ ਦੇ ਥਾਂ ਲੋਹਾ ਲਿਆਵਾਂਗਾ, ਮੈਂ ਸ਼ਾਂਤੀ ਨੂੰ ਤੇਰਾ ਹਾਕਮ ਅਤੇ ਸੁੱਖ ਨੂੰ ਤੇਰਾ ਧਰਮ ਬਣਾਵਾਂਗਾ।" [ਯਸਾ 60:3-17]

"ਮੈਂ ਸਾਰੀਆਂ ਕੌਮਾਂ ਨੂੰ ਹਿਲਾ ਦਿਆਂਗਾ ਅਤੇ **ਸਾਰਿਆਂ ਕੌਮਾਂ ਦੇ ਪਦਾਰਥ ਆਉਣਗੇ** ਤਾਂ ਮੈਂ ਇਸ ਭਵਨ ਨੂੰ ਪਰਤਾਪ ਨਾਲ ਭਰ ਦਿਆਂਗਾ, ਸੈਨਾਂ ਦੇ ਯਹੋਵਾਹ ਦਾ ਵਾਕ ਹੈ।" [ਹੱਜਈ 2:7]

ਯਹੂਦਾਹ ਵੀ ਯਰੂਸ਼ਲਮ ਨਾਲ ਲੜੇਗਾ ਅਤੇ **ਆਲੇ-ਦੁਆਲੇ ਦੀਆਂ ਸਾਰੀਆਂ ਕੌਮਾਂ ਦਾ ਧਨ ਇਕੱਠਾ ਕੀਤਾ ਜਾਵੇਗਾ** ਅਰਥਾਤ ਸੋਨਾ ਚਾਂਦੀ ਅਤੇ ਬਸਤਰ ਢੇਰਾਂ ਦੇ ਢੇਰ। [ਜ਼ਕਰ 14:14]

### 3. ਹਜ਼ਾਰ ਸਾਲ ਦੇ ਰਾਜ ਵਿੱਚ ਰਾਜਨੀਤਿਕ ਹਾਲਾਤ

ਹਜ਼ਾਰਾਂ ਸਾਲਾਂ ਤੋਂ ਸੰਸਾਰ ਪਾਪ ਵਿੱਚ ਡਿੱਗੇ ਲੋਕਾਂ ਦੁਆਰਾ ਚਲਾਇਆ ਜਾ ਰਿਹਾ ਹੈ। ਹਾਲਾਂਕਿ ਮਸੀਹੀ ਲੋਕ ਖ਼ੂਨ-ਖਰਾਬੇ ਨੂੰ ਘਟਾਉਣ ਦੇ ਯਤਨਾਂ ਦੀ ਸ਼ਲਾਘਾ ਕਰਦੇ ਹਨ, ਪਰ ਮਨੁੱਖਾਂ ਤੋਂ ਅਜਿਹੀ ਉਮੀਦ ਕਰਨਾ ਵਿਅਰਥ ਹੈ ਕਿ ਉਹ ਯੁੱਧ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਸਕਦੇ ਹਨ। ਯੁੱਧ ਮਨੁੱਖ ਦੇ ਸੁਆਰਥ ਤੋਂ ਪੈਦਾ ਹੁੰਦਾ ਹੈ (ਯਾਕੂਬ 4:1-2)। ਮਨੁੱਖ ਦੇ ਪਾਪੀ ਸੁਭਾਅ ਨੂੰ ਖ਼ਤਮ ਕੀਤੇ ਬਿਨਾਂ, ਕੋਈ ਸ਼ਾਂਤੀ ਨਹੀਂ ਹੋ ਸਕਦੀ ਹੈ (ਯਸਾ 57:21)। ਮਸੀਹ ਨੇ ਖ਼ੁਦ ਅੰਤ ਦੇ ਸਮੇਂ ਵਿੱਚ ਯੁੱਧਾਂ ਦੇ ਵਧਣ ਦੀ ਭਵਿੱਖਬਾਣੀ ਕੀਤੀ ਸੀ (ਮੱਤੀ 24:6-7)। "ਸ਼ਾਂਤੀ ਦੇ ਰਾਜਕੁਮਾਰ" ਦੇ ਆਉਣ ਤੋਂ ਬਾਅਦ ਹੀ ਇੱਕ ਸੰਪੂਰਨ ਸਰਕਾਰ ਦੇ ਅਧੀਨ ਵਿਸ਼ਵ-ਵਿਆਪੀ ਸ਼ਾਂਤੀ ਹੋਵੇਗੀ।

#### a. ਸੰਸਾਰ ਦੇ ਦੇਸ਼ਾਂ ਵਿਚਕਾਰ ਸੰਪੂਰਨ ਅਤੇ ਹਮੇਸ਼ਾਂ ਦੀ ਸ਼ਾਂਤੀ

ਉਹ ਦੇ ਦਿਨਾਂ ਵਿੱਚ ਧਰਮੀ ਲਹਿਲਹਾਉਣਗੇ, ਅਤੇ ਜਿੰਨਾਂ ਚਿਰ ਚੰਦਰਮਾ ਜਾਂਦਾ ਨਾ ਰਹੇ **ਸ਼ਾਂਤੀ ਭਰਪੂਰੀ ਨਾਲ ਵਾਸ ਕਰੇਗੀ।** [ਜ਼ਬੂਰ 72:7]

ਉਹ ਕੌਮਾਂ ਵਿੱਚ ਨਿਆਂ ਕਰੇਗਾ, ਅਤੇ ਬਹੁਤੀਆਂ ਉੱਮਤਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫ਼ਾਲ ਅਤੇ ਆਪਣੇ ਬਰਛਿਆਂ ਨੂੰ ਦਾਤੀਆਂ ਬਣਾਉਣਗੇ। ਕੌਮ-ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ **ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ।** [ਯਸਾ 2:4]

…ਉਹ ਦਾ ਨਾਮ ਇਹ ਸੱਦਿਆ ਜਾਵੇਗਾ...**ਸ਼ਾਂਤੀ ਦਾ ਰਾਜਕੁਮਾਰ**। ਉਹ ਦੇ ਰਾਜ ਦੀ ਤਰੱਕੀ, ਅਤੇ **ਸਲਾਮਤੀ** ਦੀ ਕੋਈ ਹੱਦ ਨਾ ਹੋਵੇਗੀ... [ਯਸਾ 9:6-7]

ਧਰਮ ਦਾ ਕੰਮ **ਸ਼ਾਂਤੀ** ਹੋਵੇਗਾ, ਧਰਮ ਦਾ ਫਲ ਸਦੀਪਕ ਚੈਨ ਅਤੇ ਆਸ ਹੋਵੇਗਾ। ਮੇਰੀ ਪਰਜਾ **ਸ਼ਾਂਤੀ ਦੇ ਭਵਨਾਂ** ਵਿੱਚ ਵੱਸੇਗੀ… [ਯਸਾ 32:17-18]

"ਤੇਰੇ ਸਾਰੇ ਪੁੱਤਰ ਯਹੋਵਾਹ ਵੱਲੋਂ ਸਿੱਖੇ ਹੋਏ ਹੋਣਗੇ, ਅਤੇ ਤੇਰੇ ਪੁੱਤਰਾਂ ਦੀ **ਸ਼ਾਂਤੀ ਬਹੁਤ ਹੋਵੇਗੀ**। ਤੂੰ ਧਰਮ ਨਾਲ ਕਾਇਮ ਰਹੇਂਗੀ, ਅਤੇ ਜ਼ੁਲਮ ਤੋਂ ਦੂਰ ਰਹੇਂਗੀ, ਇਸ ਲਈ ਤੂੰ ਨਾ ਡਰੇਂਗੀ, ਅਤੇ ਖੌਫ਼ ਨਾ ਖਾਵੇਂਗੀ, ਕਿਉਂ ਜੋ ਉਹ ਤੇਰੇ ਨੇੜੇ ਨਾ ਆਵੇਗਾ।" [ਯਸਾ 54:13-14]

"ਤੇਰੇ ਦੇਸ ਵਿੱਚ ਫੇਰ ਕਦੀ **ਜ਼ੁਲਮ ਅਤੇ ਤੇਰੀਆਂ ਹੱਦਾਂ ਵਿੱਚ ਬਰਬਾਦੀ** ਜਾਂ ਤਬਾਹੀ ਫੇਰ ਕਦੀ ਸੁਣਾਈ ਨਾ ਦੇਵੇਗੀ..." [ਯਸਾ 60:18]

ਯਹੋਵਾਹ ਇਹ ਆਖਦਾ ਹੈ, ਵੇਖੋ, ਮੈਂ **ਸ਼ਾਂਤੀ ਦਰਿਆ ਵਾਂਗੂੰ ਉਸ ਤੱਕ ਪਹੁੰਚਾਵਾਂਗਾ**..." [ਯਸਾ 66:12]

"ਉਹ ਉਸ ਵਿੱਚ ਸੁਰੱਖਿਅਤ ਵੱਸਣਗੇ ਸਗੋਂ ਘਰ ਪਾਉਣਗੇ, ਅੰਗੂਰ ਦੇ ਬਾਗ਼ ਲਾਉਣਗੇ ਅਤੇ **ਅਰਾਮ ਨਾਲ** ਵੱਸਣਗੇ। ਜਦੋਂ ਮੈਂ ਉਹਨਾਂ ਸਾਰਿਆਂ ਦਾ ਜੋ ਆਲੇ-ਦੁਆਲੇ ਤੋਂ ਉਹਨਾਂ ਨੂੰ ਤੁੱਛ ਸਮਝਦੇ ਸਨ, ਨਿਆਂ ਕਰਾਂਗਾ, ਤਾਂ ਉਹ ਜਾਣਨਗੇ ਕਿ ਮੈਂ ਯਹੋਵਾਹ ਉਹਨਾਂ ਦਾ ਪਰਮੇਸ਼ੁਰ ਹਾਂ..." [ਹਿਜ਼ਕੀ 28:26]

"ਮੈਂ ਉਹਨਾਂ ਨਾਲ **ਸ਼ਾਂਤੀ ਦਾ ਨੇਮ** ਬੰਨ੍ਹਾਂਗਾ...ਉਹ **ਸੁੱਖ ਨਾਲ** ਆਪਣੀ ਭੂਮੀ ਵਿੱਚ ਵੱਸਣਗੇ... ਉਹ ਅੱਗੇ ਲਈ ਕੌਮਾਂ ਦਾ ਸ਼ਿਕਾਰ ਨਾ ਬਣਨਗੇ..." [ਹਿਜ਼ਕੀ 34:25, 27, 28]

"…ਅਤੇ ਮੈਂ **ਧਣੁੱਖ, ਤਲਵਾਰ ਅਤੇ ਯੁੱਧ ਨੂੰ ਦੇਸ ਵਿੱਚੋਂ ਭੰਨ ਸੁੱਟਾਂਗਾ**..." [ਹੋਸ਼ੇ 2:18]

ਉਹ ਬਹੁਤੀਆਂ ਉੱਮਤਾਂ ਦਾ ਨਿਆਂ ਕਰੇਗਾ, ਅਤੇ ਦੂਰ-ਦੂਰ ਦੀਆਂ ਤਕੜੀਆਂ ਕੌਮਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫਾਲੇ ਬਣਾਉਣਗੇ, ਅਤੇ ਆਪਣੇ ਬਰਛੀਆਂ ਨੂੰ ਦਾਤ। ਕੌਮ, ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ **ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ।** [ਮੀਕਾ 4:3]

ਹੇ ਸੀਯੋਨ ਦੀ ਧੀਏ, ਬਹੁਤ ਖੁਸ਼ ਹੋ, ਹੇ ਯਰੂਸ਼ਲਮ ਦੀਏ ਧੀਏ, ਲਲਕਾਰ! ਵੇਖ, ਤੇਰਾ ਰਾਜਾ ਤੇਰੇ ਕੋਲ ਆਉਂਦਾ ਹੈ, ਉਹ ਧਰਮੀ ਅਤੇ ਮੁਕਤੀਦਾਤਾ ਹੈ, ਉਹ ਦੀਨ ਹੈ ਅਤੇ ਗਧੀ ਦੇ ਬੱਚੇ ਉੱਤੇ ਸਵਾਰ ਹੈ। ਮੈਂ ਇਫ਼ਰਾਈਮ ਤੋਂ ਰਥ ਨੂੰ ਅਤੇ ਯਰੂਸ਼ਲਮ

ਤੋਂ ਘੋੜੇ ਨੂੰ ਵੱਢ ਸੁੱਟਾਂਗਾ, **ਲੜਾਈ ਦਾ ਧਣੁੱਖ ਤੋੜਿਆ ਜਾਵੇਗਾ। ਉਹ ਕੌਮਾਂ ਲਈ ਸ਼ਾਂਤੀ ਦੀਆਂ ਗੱਲਾਂ ਕਰੇਗਾ**, ਉਹ ਦੀ ਹਕੂਮਤ ਸਮੁੰਦਰ ਤੋਂ ਸਮੁੰਦਰ ਤੱਕ ਅਤੇ ਦਰਿਆ ਤੋਂ ਧਰਤੀ ਦੀਆਂ ਹੱਦਾਂ ਤੱਕ ਹੋਵੇਗੀ। [ਜ਼ਕਰ 9:9-10]

ਇਹ ਸਪੱਸ਼ਟ ਹੈ ਕਿ ਵਿਸ਼ਵ-ਵਿਆਪੀ ਸ਼ਾਂਤੀ ਦੇ ਨਾਲ ਪਰਮੇਸ਼ਰ ਦੇ ਚੁਣੇ ਹੋਏ ਲੋਕਾਂ ਦੇ ਲਈ ਸੁਰੱਖਿਆ ਵੀ ਆਵੇਗੀ। ਨਬੀਆਂ ਨੇ ਲਗਾਤਾਰ ਇਸਰਾਏਲ ਦੇ ਲਈ ਸ਼ਾਂਤੀ ਦੇ ਵਾਅਦੇ ਕੀਤੇ ਸਨ (ਅੱਗੇ ਦਿੱਤੀਆਂ ਆਇਤਾਂ ਇਸਰਾਏਲ ਦੇ ਲਈ ਸੁਰੱਖਿਆ ਅਤੇ ਸ਼ਾਂਤੀ ਦਾ ਵਾਅਦਾ ਕਰਦੀਆਂ ਹਨ: ਯਸਾ 12:1-2; 29:22; 30:26; 40:1-2; 49:13; 51:3; 60:21; 61:4 ਅਤੇ 7; 62:8a ਅਤੇ 9; 65:21ff; 66:13-14; ਯਿਰ 23:6; ਹਿਜ਼ਕੀ 34:27; ਯੋਏਲ 3:16-17; ਆਮੋਸ 9:15; ਸਫ਼ਨ 3:18-20; ਜ਼ਕਰ 8:14-15; 9:8; 14:11)।

ਤਦ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ, ਜੋ ਆਪਣੇ ਪਵਿੱਤਰ ਪਰਬਤ ਸੀਯੋਨ ਵਿੱਚ ਵੱਸਦਾ ਹਾਂ, ਯਰੂਸ਼ਲਮ ਪਵਿੱਤਰ ਹੋਵੇਗਾ, **ਅਤੇ ਉਪਰੇ ਉਸ ਦੇ ਵਿੱਚੋਂ ਫੇਰ ਕਦੇ ਨਾ ਲੰਘਣਗੇ।** [ਯੋਏਲ 3:17]

“ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਵਿੱਚ ਲਾਵਾਂਗਾ ਅਤੇ **ਉਹ ਆਪਣੀ ਭੂਮੀ ਤੋਂ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ ਹੈ,** ਫੇਰ ਕਦੇ ਪੁੱਟੇ ਨਾ ਜਾਣਗੇ,” ਤੁਹਾਡਾ ਪਰਮੇਸ਼ੁਰ ਯਹੋਵਾਹ ਫ਼ਰਮਾਉਂਦਾ ਹੈ।” [ਆਮੋਸ 9:15]

ਮੈਂ ਆਪਣੇ ਘਰ ਦੀ ਰਾਖੀ ਲਈ ਡੇਰਾ ਲਾਵਾਂਗਾ ਕਿ ਕੋਈ ਆ ਜਾ ਨਾ ਸਕੇ, **ਫੇਰ ਕੋਈ ਦੁੱਖ ਦੇਣ ਵਾਲਾ ਉਹਨਾਂ ਦੇ ਵਿਰੁੱਧ ਨਾ ਲੰਘੇਗਾ**, ਕਿਉਂ ਜੋ ਹੁਣ ਤਾਂ ਮੈਂ ਆਪਣੀਆਂ ਅੱਖਾਂ ਦੇ ਨਾਲ ਦੇਖ ਲਿਆ ਹੈ। [ਜ਼ਕਰ 9:8]

ਉਸ ਵਿੱਚ ਉਹ ਵੱਸਣਗੇ ਅਤੇ ਫੇਰ ਸਰਾਪ ਨਾ ਹੋਵੇਗਾ, ਯਰੂਸ਼ਲਮ **ਸੁੱਖ ਵਿੱਚ ਵੱਸੇਗਾ**। [ਜ਼ਕਰ 14:11]

### b. ਰਾਜ ਦੀ ਨਿਆਂਇਕ ਪ੍ਰਣਾਲੀ

ਮਸੀਹ ਨਿਆਂਇਕ ਪ੍ਰਣਾਲੀ ਵਿੱਚੋਂ ਸਾਰਾ ਭ੍ਰਿਸ਼ਟਾਚਾਰ ਖ਼ਤਮ ਕਰ ਦੇਣਗੇ। ਗ਼ਰੀਬਾਂ ਨਾਲ ਸੱਚਾ ਨਿਆਂ ਕੀਤਾ ਜਾਵੇਗਾ, ਅਤੇ ਉਹਨਾਂ ਨਾਲ ਬੇਇਨਸਾਫੀ ਕਰਨ ਵਾਲੀਆਂ ਨੂੰ ਸਜ਼ਾ ਦਿੱਤੀ ਜਾਵੇਗੀ। ਅਦਾਲਤਾਂ ਵਿੱਚ ਮਸੀਹ ਦਾ ਨਿਆਂ ਦਾ ਪ੍ਰਬੰਧ ਇਹ ਸੁਨਿਸ਼ਚਿਤ ਕਰੇਗਾ ਕਿ ਸੱਚੇ ਫ਼ੈਸਲੇ ਹੋਣ ਅਤੇ ਨਿਰਪੱਖ ਸਜ਼ਾਵਾਂ ਦਿੱਤੀਆਂ ਜਾਣ। ਨਬੀਆਂ ਨੇ ਇਹ ਵਾਅਦੇ ਕੀਤੇ ਹਨ ਕਿ ਹਰੇਕ ਮਨੁੱਖ ਆਪਣੀ ਮਿਹਨਤ ਦਾ ਫਲ ਖ਼ੁਦ ਪ੍ਰਾਪਤ ਕਰੇਗਾ ਅਤੇ ਕੋਈ ਅਪਰਾਧੀ ਜਾਂ ਆਲਸੀ ਉਸ ਨੂੰ ਠੱਗ ਕੇ ਉਸ ਦੀ ਮਿਹਨਤ ਦਾ ਫਲ ਨਾ ਪ੍ਰਾਪਤ ਕਰ ਸਕੇ (ਦੇਖੋ, ਯਸਾ 62:9, 65:22; ਮੀਕਾਹ 4:4)।

ਹਾਲਾਂਕਿ ਇੱਕ ਹਜ਼ਾਰ ਸਾਲ ਦੀਆਂ ਅਦਾਲਤਾਂ ਵਿੱਚ ਨਸਲ ਜਾਂ ਆਰਥਿਕ ਸਥਿਤੀ ਦੇ ਆਧਾਰ ਉੱਤੇ ਕੋਈ ਵਿਤਕਰਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਫਿਰ ਵੀ "ਧਰਮ" ਦੇ ਆਧਾਰ ਉੱਤੇ ਵਿਤਕਰਾ ਹੋਵੇਗਾ। ਮਸੀਹ ਉਹਨਾਂ ਨੂੰ ਸਜ਼ਾ ਦੇਣਗੇ ਜੋ ਉਹਨਾਂ ਦੀ ਅਰਾਧਨਾ ਤੋਂ ਇਨਕਾਰ ਕਰਦੇ ਹਨ (ਦੇਖੋ, ਜ਼ਕਰ 14:16-19)। ਹਜ਼ਾਰ ਸਾਲ ਦੇ ਰਾਜ ਵਿੱਚ ਰਾਜਨੀਤਿਕ ਅਤੇ ਆਤਮਿਕ ਖੇਤਰਾਂ ਵਿੱਚ "ਕਲੀਸਿਯਾ ਅਤੇ ਰਾਜ ਸਰਕਾਰ" ਦੇ ਵਿਚਕਾਰ ਅੰਤਰ ਹੋਵੇਗਾ ਕਿਉਂਕਿ ਮਸੀਹ ਦਾ ਅਧਿਕਾਰ ਰਾਜਨੀਤਿਕ ਅਤੇ ਆਤਮਿਕ ਦੋਵੇਂ ਖੇਤਰਾਂ ਵਿੱਚ ਹੋਵੇਗਾ। ਯਰੂਸ਼ਲਮ ਸੰਸਾਰ ਦੀ ਰਾਜਨੀਤਿਕ ਰਾਜਧਾਨੀ ਹੋਵੇਗੀ **ਕਿਉਂਕਿ** ਇਹ ਸੰਸਾਰ ਦੀ ਅਰਾਧਨਾ ਦਾ ਕੇਂਦਰ ਹੋਵੇਗਾ।

ਨਿਆਂਇਕ ਪ੍ਰਣਾਲੀ ਦਾ ਹੋਂਦ ਵਿੱਚ ਹੋਣਾ ਹੀ ਇਸ ਗੱਲ ਦਾ ਸੰਕੇਤ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਵੀ ਲੋਕ ਪਾਪ ਕਰਨਗੇ। ਹਾਲਾਂਕਿ ਸ਼ੈਤਾਨ ਬੰਨ੍ਹਿਆ ਹੋਵੇਗਾ, ਫਿਰ ਵੀ ਮਨੁੱਖ ਦਾ ਪਾਪੀ ਸੁਭਾਅ ਮਸੀਹ ਦੇ ਵਿਰੁੱਧ ਵਿਦਰੋਹ ਕਰਨ ਵਾਲਾ ਇੱਕ ਝੁੰਡ ਤਿਆਰ ਕਰੇਗਾ ਜਿਸ ਵਿੱਚ ਕੁਝ ਅਪਰਾਧੀ ਵੀ ਹੋਣਗੇ। ਮਸੀਹ "ਡੰਡੇ" ਨਾਲ ਰਾਜ ਕਰਨਗੇ, ਅਤੇ ਉਹਨਾਂ ਦੀ ਸਰਕਾਰ ਵਿੱਚ ਮੌਤ ਦੀ ਸਜ਼ਾ ਵੀ ਸ਼ਾਮਲ ਹੋਵੇਗੀ (ਦੇਖੋ, ਯਸਾ 1:4; ਯਿਰ 31:30; ਅਤੇ ਯਸਾ 65:20; 66:24 ਵੀ)। ਜਿਸ ਤਰ੍ਹਾਂ ਅੱਜ ਦੇ ਸੰਸਾਰ ਵਿੱਚ ਸ਼ਾਂਤੀ ਦੀ ਘਾਟ ਹੈ, ਇਸੇ ਤਰ੍ਹਾਂ ਇਸ ਵਿੱਚ ਲਗਾਤਾਰ ਸੱਚੇ ਨਿਆਂ ਦੀ ਵੀ ਘਾਟ ਹੈ। ਬੁਰਾਈ ਨੂੰ ਸਜ਼ਾ ਨਹੀਂ ਮਿਲਦੀ ਹੈ। ਪੱਖਪਾਤ ਅਤੇ ਜ਼ੁਲਮ ਲਗਾਤਾਰ ਹੁੰਦਾ ਹੈ। ਮਸੀਹ ਇੱਕ ਸੰਪੂਰਨ ਨਿਆਂਈ ਦੇ ਰੂਪ ਵਿੱਚ ਸਾਰੇ ਜ਼ੁਲਮ ਨੂੰ ਖ਼ਤਮ ਕਰ ਦੇਣਗੇ ਅਤੇ ਇੱਕ ਆਦਰਸ਼ ਨਿਆਂ ਪ੍ਰਣਾਲੀ ਦੀ ਸ਼ੁਰੂਆਤ ਕਰਨਗੇ (ਦੇਖੋ, ਜ਼ਬੂਰ 45:6-7; 72:2, 4; 98:9; ਯਸਾ 32:1; 54:14; 62:8-9; 65:22-23; ਯਿਰ 31:29-30)।

ਯਹੋਵਾਹ ਦੇ ਹਜ਼ੂਰ, ਕਿਉਂ ਜੋ ਉਹ ਆ ਰਿਹਾ ਹੈ, ਉਹ ਧਰਤੀ ਦਾ ਨਿਆਂ ਕਰਨ ਲਈ ਆ ਰਿਹਾ ਹੈ, ਉਹ **ਜਗਤ ਦਾ ਧਰਮ ਨਾਲ**, ਅਤੇ ਲੋਕਾਂ ਦਾ ਆਪਣੀ ਸਚਿਆਈ ਨਾਲ **ਨਿਆਂ ਕਰੇਗਾ**। [ਜ਼ਬੂਰ 96:13]

...ਬਿਵਸਥਾ ਸੀਯੋਨ ਤੋਂ ਨਿੱਕਲੇਗੀ, ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ। **ਉਹ ਕੌਮਾਂ ਵਿੱਚ ਨਿਆਂ ਕਰੇਗਾ**, ਅਤੇ ਬਹੁਤੀਆਂ ਉੱਮਤਾਂ ਦਾ ਫ਼ੈਸਲਾ ਕਰੇਗਾ...” [ਯਸਾ 2:3b-4a]

ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ, ਇਸ ਲਈ ਉਹ ਉਸ ਨੂੰ ਦਾਊਦ ਦੀ ਰਾਜ ਗੱਦੀ

ਉੱਤੇ, ਅਤੇ ਉਹ ਦੀ ਪਾਤਸ਼ਾਹੀ ਉੱਤੇ **ਧਰਮ** ਨਾਲ ਕਾਇਮ ਕਰੇਗਾ... [ਯਸਾ 9:7]

...ਉਹ ਨਾ ਆਪਣੀਆਂ ਅੱਖਾਂ ਦੇ ਵੇਖਣ ਅਨੁਸਾਰ ਨਿਆਂ ਕਰੇਗਾ, ਨਾ ਆਪਣੇ ਕੰਨਾਂ ਦੇ ਸੁਣਨ ਅਨੁਸਾਰ ਫ਼ੈਸਲਾ ਦੇਵੇਗਾ। ਪਰ **ਉਹ ਗਰੀਬਾਂ ਦਾ ਨਿਆਂ ਧਰਮ ਨਾਲ, ਇਨਸਾਫ਼ ਨਾਲ ਧਰਤੀ ਦੇ ਮਸਕੀਨਾਂ ਦਾ ਫ਼ੈਸਲਾ ਕਰੇਗਾ**, ਉਹ ਧਰਤੀ ਨੂੰ ਆਪਣੇ ਬਚਨ ਦੇ ਡੰਡੇ ਨਾਲ ਮਾਰੇਗਾ, ਅਤੇ ਆਪਣੇ ਬੁੱਲ੍ਹਾਂ ਦੇ ਸਾਹ ਨਾਲ ਦੁਸ਼ਟਾਂ ਨੂੰ ਜਾਨੋਂ ਮਾਰ ਸੁੱਟੇਗਾ। ਧਰਮ ਉਹ ਦੀ ਕਮਰ ਦਾ ਪਟਕਾ ਹੋਵੇਗਾ, ਅਤੇ ਵਫ਼ਾਦਾਰੀ ਉਹ ਦੇ ਲੱਕ ਦੀ ਪੇਟੀ ਹੋਵੇਗੀ। [ਯਸਾ 11:3b-5]

ਤਦ **ਇਨਸਾਫ਼** ਉਜਾੜ ਵਿੱਚ ਵੱਸੇਗਾ, ਅਤੇ ਧਰਮ ਫਲਦਾਰ ਖੇਤ ਵਿੱਚ ਰਹੇਗਾ। [ਯਸਾ 32:16]

ਯਹੋਵਾਹ ਮਹਾਨ ਹੈ, ਉਹ ਉਚਿਆਈ ਉੱਤੇ ਵੱਸਦਾ ਹੈ, **ਉਹ ਸੀਯੋਨ ਨੂੰ ਇਨਸਾਫ਼ ਅਤੇ ਧਰਮ ਨਾਲ ਭਰ ਦੇਵੇਗਾ।** [ਯਸਾ 33:5]

“ਵੇਖੋ, ਮੇਰਾ ਦਾਸ ਜਿਸ ਨੂੰ ਮੈਂ ਸੰਭਾਲਦਾ ਹਾਂ, ਮੇਰਾ ਚੁਣਵਾਂ ਜਿਸ ਤੋਂ ਮੇਰਾ ਜੀਅ ਪਰਸੰਨ ਹੈ। ਮੈਂ ਆਪਣਾ ਆਤਮਾ ਉਹ ਦੇ ਉੱਤੇ ਪਾਇਆ ਹੈ, **ਉਹ ਕੌਮਾਂ ਲਈ ਇਨਸਾਫ਼ ਪਰਗਟ ਕਰੇਗਾ।** ਉਹ ਨਾ ਚਿੱਲਾਵੇਗਾ, ਨਾ ਆਪਣੀ ਅਵਾਜ਼ ਉੱਚੀ ਚੁੱਕੇਗਾ, ਨਾ ਆਪਣਾ ਸ਼ਬਦ ਗਲੀ ਵਿੱਚ ਸੁਣਾਵੇਗਾ। ਉਹ ਕੁਚਲੇ ਹੋਏ ਕਾਨੇ ਨੂੰ ਨਾ ਤੋੜੇਗਾ, ਨਾ ਨਿੰਮ੍ਹੀ ਬੱਤੀ ਨੂੰ ਬੁਝਾਵੇਗਾ, **ਉਹ ਵਫ਼ਾਦਾਰੀ ਨਾਲ ਇਨਸਾਫ਼ ਕਰੇਗਾ।** ਉਹ ਨਾ ਲੜਖੜਾਵੇਗਾ, ਨਾ ਹੌਸਲਾ ਛੱਡੇਗਾ, **ਜਦ ਤੱਕ ਉਹ ਧਰਤੀ ਉੱਤੇ ਇਨਸਾਫ਼ ਨੂੰ ਕਾਇਮ ਨਾ ਕਰੇ**, ਅਤੇ ਟਾਪੂ ਉਹ ਦੀ ਬਿਵਸਥਾ ਨੂੰ ਉਡੀਕਣਗੇ। ” [ਯਸਾ 42:1-4]

“ਵੇਖੋ, ਉਹ ਦਿਨ ਆਉਂਦੇ ਹਨ, ਯਹੋਵਾਹ ਦਾ ਵਾਕ ਹੈ, ਕਿ ਮੈਂ ਦਾਊਦ ਲਈ ਇੱਕ ਧਰਮੀ ਸ਼ਾਖ ਖੜੀ ਕਰਾਂਗਾ। **ਉਹ ਰਾਜਾ ਹੋ ਕੇ ਰਾਜ ਕਰੇਗਾ ਅਤੇ ਬੁੱਧਵਾਨ ਹੋਵੇਗਾ ਅਤੇ ਦੇਸ ਵਿੱਚ ਇਨਸਾਫ਼ ਅਤੇ ਧਰਮ ਦੇ ਕੰਮ ਕਰੇਗਾ** ਉਹ ਦੇ ਦਿਨਾਂ ਵਿੱਚ ਯਹੂਦਾਹ ਬਚਾਇਆ ਜਾਵੇਗਾ ਅਤੇ ਇਸਰਾਏਲ ਸੁੱਖ ਨਾਲ ਵੱਸੇਗਾ ਅਤੇ ਉਹ ਦਾ ਇਹ ਨਾਮ ਹੋਵੇਗਾ ਜਿਸ ਦੇ ਨਾਲ ਉਹ ਪੁਕਾਰਿਆ ਜਾਵੇਗਾ, “**ਯਹੋਵਾਹ ਸਾਡਾ ਧਰਮ**” [ਯਿਰ 23:5-6]

“ਉਹਨਾਂ ਦਿਨਾਂ ਵਿੱਚ ਅਤੇ ਉਸ ਵੇਲੇ ਮੈਂ ਦਾਊਦ ਲਈ ਧਰਮ ਦੀ ਸ਼ਾਖ ਉਗਾਵਾਂਗਾ ਅਤੇ **ਉਹ ਦੇਸ ਵਿੱਚ ਨਿਆਂ ਅਤੇ ਧਰਮ ਦੇ ਕੰਮ ਕਰੇਗਾ**” [ਯਿਰ 33:15]

…ਕਿਉਂ ਜੋ **ਬਿਵਸਥਾ ਸੀਯੋਨ ਤੋਂ**, ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ ਨਿੱਕਲੇਗਾ। **ਉਹ ਬਹੁਤੀਆਂ ਉੱਮਤਾਂ ਦਾ ਨਿਆਂ ਕਰੇਗਾ**, ਅਤੇ ਦੂਰ-ਦੂਰ ਦੀਆਂ ਤਕੜੀਆਂ ਕੌਮਾਂ ਦਾ ਫ਼ੈਸਲਾ ਕਰੇਗਾ... [ਮੀਕਾਹ 4:2d-3]

### c. ਵਿਅਕਤੀਗਤ ਭਲਾਈ ਨੂੰ ਪਹਿਲ

ਨਿਆਂ ਕਰਨ ਅਤੇ ਭਲਾਈ ਕਰਨ ਵਿੱਚ ਅੰਤਰ ਹੁੰਦਾ ਹੈ। ਮਸੀਹ ਦੀ ਹਜ਼ਾਰ ਸਾਲ ਦੀ ਸਰਕਾਰ ਨਾ ਕੇਵਲ ਨਿਆਂਪੂਰਨ ਹੋਵੇਗੀ, ਬਲਕਿ ਇਹ ਦਿਆਲਤਾ ਨਾਲ ਭਰੀ ਵੀ ਹੋਵੇਗੀ। ਰਾਜਨੀਤਿਕ ਜ਼ੁਲਮ ਪੁਰਾਣੀ ਅਤੇ ਲੰਬੇ ਸਮੇਂ ਤੋਂ ਭੁੱਲੀ ਹੋਈ ਗੱਲ ਹੋਵੇਗੀ ਕਿਉਂਕਿ ਮਸੀਹ ਆਪਣੀ ਪਰਜਾ ਦੀ ਭਲਾਈ ਅਤੇ ਬਰਕਤ ਨੂੰ ਸਭ ਤੋਂ ਜ਼ਿਆਦਾ ਪ੍ਰਾਥਮਿਕਤਾ ਦੇਣਗੇ। ਸਿਰਫ਼ ਮਸੀਹ ਹੀ ਇੱਕੋ-ਇੱਕ ਅਜਿਹੇ ਹਾਕਮ ਹੋਣਗੇ ਜੋ ਆਪਣੀ ਪਰਜਾ ਦੇ ਹਰੇਕ ਵਿਅਕਤੀ ਦੀਆਂ ਨਿੱਜੀ ਜ਼ਰੂਰਤਾਂ ਦਾ ਖ਼ਿਆਲ ਰੱਖਣਗੇ।

ਉਹ ਅਯਾਲੀ ਵਾਂਗੂੰ ਆਪਣੇ ਇੱਜੜ ਨੂੰ ਚਰਾਵੇਗਾ, ਉਹ ਆਪਣੀਆਂ ਬਾਹਾਂ ਨਾਲ ਲੇਲਿਆਂ ਨੂੰ ਸੰਭਾਲੇਗਾ, ਅਤੇ ਆਪਣੀ ਛਾਤੀ ਉੱਤੇ ਉਹਨਾਂ ਨੂੰ ਲਈ ਫਿਰੇਗਾ, ਅਤੇ ਦੁੱਧ ਚੁੰਘਾਉਣ ਵਾਲੀਆਂ ਨੂੰ ਹੌਲੀ-ਹੌਲੀ ਤੋਰੇਗਾ। [ਯਸਾ 40:11]

### d. ਹਜ਼ਾਰ ਸਾਲ ਦੀ ਸਰਕਾਰ ਰੂਪ ਵਿੱਚ ਤਾਨਾਸ਼ਾਹੀ ਅਤੇ ਵਿਸਤਾਰ ਵਿੱਚ ਵਿਸ਼ਵ-ਵਿਆਪੀ ਹੋਵੇਗੀ

ਮਸੀਹੀ ਲੋਕਾਂ ਨੂੰ ਮਸੀਹ ਦੇ ਪੂਰੇ ਸੰਸਾਰ ਉੱਤੇ ਆਉਣ ਵਾਲੇ ਰਾਜ ਦੀ ਉਮੀਦ ਤੋਂ ਖੁਸ਼ ਹੋਣਾ ਚਾਹੀਦਾ ਹੈ। ਉਸ ਸਮੇਂ ਨਿਯੰਤਰਣ ਦੀ ਹੱਦ ਅਤੇ ਭੂਗੋਲਿਕ ਹੱਦ ਦੋਵਾਂ ਦੇ ਮਾਮਲਿਆਂ ਵਿੱਚ ਸੰਸਾਰ ਪੂਰੀ ਤਰ੍ਹਾਂ ਮਸੀਹ ਦੇ ਅਧੀਨ ਹੋਵੇਗਾ। ਮਸੀਹ ਪੂਰੀ ਸ਼ਕਤੀ ਅਤੇ ਅਧਿਕਾਰ ਦੇ ਨਾਲ ਪੂਰੇ ਸੰਸਾਰ ਉੱਤੇ ਰਾਜ ਕਰੇਗਾ।

“ਮੈਥੋਂ ਮੰਗ ਅਤੇ ਮੈਂ ਕੌਮਾਂ ਨੂੰ ਤੇਰੀ ਮਿਰਾਸ, ਅਤੇ **ਧਰਤੀ ਦੇ ਕੰਢੇ ਤੇਰੀ ਮਿਲਖ਼ ਕਰ ਦਿਆਂਗਾ।** ਤੂੰ ਲੋਹੇ ਦੇ ਡੰਡੇ ਨਾਲ ਉਹਨਾਂ ਨੂੰ ਭੰਨ ਸੁੱਟੇਂਗਾ, ਘੁਮਿਆਰ ਦੇ ਭਾਂਡੇ ਵਾਂਗੂੰ ਤੂੰ ਉਹਨਾਂ ਨੂੰ ਚਕਨਾ-ਚੂਰ ਕਰ ਦੇਵੇਂਗਾ।” [ਜ਼ਬੂਰ 2:8-9]

**ਧਰਤੀ ਦੀਆਂ ਸਾਰੀਆਂ ਕੌਮਾਂ** ਚੇਤੇ ਕਰ ਕੇ ਯਹੋਵਾਹ ਵੱਲ ਫਿਰਨਗੀਆਂ, ਅਤੇ ਕੌਮਾਂ ਦੇ ਸਾਰੇ ਘਰਾਣੇ ਤੇਰੇ ਅੱਗੇ ਮੱਥਾ ਟੇਕਣਗੇ, ਕਿਉਂ ਜੋ ਰਾਜ ਯਹੋਵਾਹ ਦਾ ਹੈ, ਅਤੇ ਕੌਮਾਂ ਉੱਤੇ ਉਹੋ ਹਾਕਮ ਹੈ। [ਜ਼ਬੂਰ 22:27-28]

ਉਹ ਸਮੁੰਦਰ ਤੋਂ ਲੈ ਕੇ ਸਮੁੰਦਰ ਤੱਕ ਅਤੇ **ਧਰਤੀ ਤੋਂ ਲੈ ਕੇ ਦਰਿਆ ਦੇ ਬੰਨੇ ਤੱਕ ਰਾਜ ਕਰੇਗਾ।** [ਜ਼ਬੂਰ 72:8]

ਉਹ **ਕੌਮਾਂ ਵਿੱਚ ਨਿਆਂ ਕਰੇਗਾ**, ਅਤੇ ਬਹੁਤੀਆਂ ਉੱਮਤਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫ਼ਾਲ ਅਤੇ ਆਪਣੇ ਬਰਛਿਆਂ ਨੂੰ ਦਾਤੀਆਂ ਬਣਾਉਣਗੇ। ਕੌਮ-ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ। [ਯਸਾ 2:4]

...ਕਿਉਂ ਜੋ **ਧਰਤੀ ਯਹੋਵਾਹ ਦੇ ਗਿਆਨ ਨਾਲ ਅਜਿਹੀ ਭਰੀ ਹੋਈ ਹੋਵੇਗੀ**, ਜਿਵੇਂ ਸਮੁੰਦਰ ਪਾਣੀ ਨਾਲ ਭਰਿਆ ਹੋਇਆ ਹੈ। ਉਸ ਦਿਨ ਅਜਿਹਾ ਹੋਵੇਗਾ ਕਿ ਯੱਸੀ ਦੀ ਜੜ੍ਹ ਲੋਕਾਂ ਦੇ ਝੰਡੇ ਲਈ ਖੜ੍ਹੀ ਹੋਵੇਗੀ, - ਉਹ ਨੂੰ ਕੌਮਾਂ ਭਾਲਣਗੀਆਂ ਅਤੇ ਉਹ ਦਾ ਅਰਾਮ ਸਥਾਨ ਪਰਤਾਪਵਾਨ ਹੋਵੇਗਾ। [ਯਸਾ 11:9b-10]

“ਤੇਰੇ ਫਾਟਕ ਸਦਾ ਖੁੱਲ੍ਹੇ ਰਹਿਣਗੇ, ਉਹ ਦਿਨ ਰਾਤ ਬੰਦ ਨਾ ਹੋਣਗੇ, ਤਾਂ ਜੋ ਲੋਕ ਤੇਰੇ ਕੋਲ ਕੌਮਾਂ ਦਾ ਧਨ, ਅਤੇ ਉਹਨਾਂ ਦੇ ਰਾਜਿਆਂ ਨੂੰ ਬੰਦੀ ਬਣਾ ਕੇ ਜਿੱਤ ਦੇ ਜਲੂਸ ਵਿੱਚ ਤੇਰੇ ਕੋਲ ਲਿਆਉਣ। **ਜਿਹੜੀ ਕੌਮ ਅਤੇ ਜਿਹੜਾ ਰਾਜ ਤੇਰੀ ਸੇਵਾ ਨਾ ਕਰੇਗਾ, ਉਹ ਨਾਸ ਹੋ ਜਾਵੇਗਾ**, ਹਾਂ, ਉਹ ਕੌਮਾਂ ਪੂਰੀ ਤਰ੍ਹਾਂ ਹੀ ਬਰਬਾਦ ਹੋ ਜਾਣਗੀਆਂ।” [ਯਸਾ 60:11-12]

“ਤਦ ਲੋਹਾ, ਮਿੱਟੀ, ਪਿੱਤਲ, ਚਾਂਦੀ ਤੇ ਸੋਨਾ ਸਾਰੇ ਟੋਟੇ-ਟੋਟੇ ਕਰ ਦਿੱਤੇ ਗਏ ਅਤੇ ਗਰਮੀ ਦੀ ਰੁੱਤ ਦੇ ਪਿੜ ਦੀ ਤੂੜੀ ਵਾਂਗੂੰ ਹੋ ਗਏ ਅਤੇ ਹਵਾ ਉਹਨਾਂ ਨੂੰ ਉਡਾ ਲੈ ਗਈ ਇੱਥੋਂ ਤੱਕ ਕਿ ਉਹਨਾਂ ਦੇ ਲਈ ਕੋਈ ਥਾਂ ਨਾ ਰਿਹਾ ਅਤੇ ਉਹੋ ਪੱਥਰ ਜਿਸ ਨੇ ਉਸ ਮੂਰਤੀ ਨੂੰ ਮਾਰਿਆ ਇੱਕ ਵੱਡਾ ਪਰਬਤ ਬਣ ਗਿਆ ਅਤੇ **ਸਾਰੀ ਧਰਤੀ ਨੂੰ ਭਰ ਦਿੱਤਾ**।” [ਦਾਨੀ 2:35] (ਜਿਹੜੇ ਵੱਡੀ ਮੂਰਤੀ ਦੇ ਟੋਟੇ-ਟੋਟੇ ਹੋਣ ਦੀ ਗੱਲ ਕੀਤੀ ਜਾ ਰਹੀ ਹੈ, ਇਸ ਸੰਦਰਭ ਵਿੱਚ ਇਹ ਗ਼ੈਰ-ਯਹੂਦੀ ਰਾਜ ਹਨ। ਉਹਨਾਂ ਨੂੰ ਟੋਟੇ-ਟੋਟੇ ਕਰਨ ਵਾਲਾ ਪੱਥਰ ਮਸੀਹ ਅਤੇ ਉਹਨਾਂ ਦਾ ਰਾਜ ਹੈ)

“ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ ਉਹ ਨੂੰ ਦਿੱਤਾ ਗਿਆ, **ਜੋ ਸੱਭੇ ਕੌਮਾਂ ਅਤੇ ਲੋਕ ਅਤੇ ਬੋਲੀਆਂ ਉਹ ਦੀ ਸੇਵਾ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ**, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ...ਸਾਰੇ **ਅਕਾਸ਼ ਦੇ ਹੇਠਲੇ ਸਭਨਾਂ ਦੇਸਾਂ ਦੇ ਰਾਜਾਂ ਦਾ ਪਰਤਾਪ ਅਤੇ ਪਾਤਸ਼ਾਹੀ ਅਤੇ ਰਾਜ ਅੱਤ ਮਹਾਨ ਪਰਮੇਸ਼ਰ ਦੇ ਸੰਤਾਂ ਦੇ ਲੋਕਾਂ ਨੂੰ ਦਿੱਤੇ ਜਾਣਗੇ। ਉਹਦਾ ਰਾਜ ਇੱਕ ਸਦਾ ਦਾ ਰਾਜ ਹੈ ਅਤੇ ਸਾਰੀਆਂ ਪਾਤਸ਼ਾਹੀਆਂ ਉਹ ਦੀ ਉਪਾਸਨਾ ਕਰਨਗੀਆਂ ਅਤੇ ਆਗਿਆਕਾਰ ਹੋਣਗੀਆਂ।**” [ਦਾਨੀ 7:14,27]

ਬਹੁਤੀਆਂ ਕੌਮਾਂ ਆਉਣਗੀਆਂ ਅਤੇ ਆਖਣਗੀਆਂ, “ਆਓ, ਅਸੀਂ ਯਹੋਵਾਹ ਦੇ ਪਰਬਤ ਉੱਤੇ ਚੜ੍ਹੀਏ, ਅਤੇ ਯਾਕੂਬ ਦੇ ਪਰਮੇਸ਼ੁਰ ਦੇ ਭਵਨ ਨੂੰ ਜਾਈਏ, ਤਾਂ ਜੋ ਉਹ ਸਾਨੂੰ ਆਪਣੇ ਰਾਹ ਵਿਖਾਵੇ, ਅਤੇ ਅਸੀਂ ਉਹ ਦੇ ਮਾਰਗਾਂ ਵਿੱਚ ਚੱਲੀਏ,” ਕਿਉਂ ਜੋ ਬਿਵਸਥਾ ਸੀਯੋਨ ਤੋਂ, ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ ਨਿੱਕਲੇਗਾ। **ਉਹ ਬਹੁਤੀਆਂ ਉੱਮਤਾਂ ਦਾ ਨਿਆਂ ਕਰੇਗਾ, ਅਤੇ ਦੂਰ-ਦੂਰ ਦੀਆਂ ਤਕੜੀਆਂ ਕੌਮਾਂ ਦਾ ਫ਼ੈਸਲਾ ਕਰੇਗਾ**, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫਾਲੇ ਬਣਾਉਣਗੇ, ਅਤੇ ਆਪਣੇ ਬਰਛੀਆਂ ਨੂੰ ਦਾਤ। ਕੌਮ, ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ। [ਮੀਕਾਹ 4:2-3]

“ਪਰ ਹੇ ਬੈਤਲਹਮ ਅਫਰਾਥਾਹ, ਭਾਵੇਂ ਤੂੰ ਯਹੂਦਾਹ ਦੇ ਹਜ਼ਾਰਾਂ ਵਿੱਚ ਛੋਟਾ ਹੈਂ, ਤਾਂ ਵੀ ਤੇਰੇ ਵਿੱਚੋਂ ਮੇਰੇ ਲਈ ਇੱਕ ਪੁਰਖ ਨਿੱਕਲੇਗਾ, ਜੋ ਇਸਰਾਏਲ ਵਿੱਚ ਹਾਕਮ ਹੋਵੇਗਾ, ਜਿਸ ਦਾ ਨਿੱਕਲਣਾ ਪ੍ਰਾਚੀਨ ਸਮੇਂ ਤੋਂ, ਸਗੋਂ ਅਨਾਦੀ ਤੋਂ ਹੈ।” [ਮੀਕਾਹ 5:2]

“**ਧਰਤੀ ਤਾਂ ਯਹੋਵਾਹ ਦੇ ਪਰਤਾਪ ਦੇ ਗਿਆਨ ਨਾਲ ਭਰ ਜਾਵੇਗੀ**, ਜਿਵੇਂ ਸਮੁੰਦਰ ਪਾਣੀ ਨਾਲ ਭਰਪੂਰ ਹੈ।” [ਹਬੱਕੂਕ 2:14]

“ਤਦ ਮੈਂ **ਲੋਕਾਂ** ਦੇ ਬੁੱਲ੍ਹਾਂ ਨੂੰ ਸ਼ੁੱਧ ਕਰਾਂਗਾ, ਤਾਂ ਜੋ **ਉਹ ਸਾਰੇ ਦੇ ਸਾਰੇ** ਯਹੋਵਾਹ ਦੇ ਨਾਮ ਨੂੰ ਪੁਕਾਰਨ, ਅਤੇ **ਇੱਕ ਮਨ ਹੋ ਕੇ ਉਹ ਦੀ ਉਪਾਸਨਾ ਕਰਨ।**” [ਸਫ਼ਨ 3:9]

“ਸੈਨਾਂ ਦਾ ਯਹੋਵਾਹ ਇਸ ਤਰ੍ਹਾਂ ਕਹਿੰਦਾ ਹੈ ਕਿ ਫੇਰ ਕੌਮਾਂ ਅਤੇ ਬਹੁਤਿਆਂ ਨਗਰਾਂ ਦੇ ਵਸਨੀਕ ਆਉਣਗੇ ਤਾਂ ਇੱਕ ਨਗਰ ਦੇ ਵਾਸੀ ਦੂਜੇ ਦੇ ਕੋਲ ਜਾਣਗੇ ਅਤੇ ਆਖਣਗੇ ਕਿ ਆਓ, ਛੇਤੀ ਚੱਲੀਏ, ਯਹੋਵਾਹ ਦੇ ਅੱਗੇ ਬੇਨਤੀ ਕਰੀਏ ਅਤੇ ਸੈਨਾਂ ਦੇ ਯਹੋਵਾਹ ਨੂੰ ਭਾਲੀਏ, ਅਤੇ ਮੈਂ ਵੀ ਚੱਲਾਂਗਾ। **ਬਹੁਤ ਸਾਰੇ ਲੋਕ ਅਤੇ ਸੂਰਬੀਰ ਕੌਮਾਂ ਸੈਨਾਂ ਦੇ ਯਹੋਵਾਹ ਨੂੰ ਭਾਲਣ ਲਈ** ਯਰੂਸ਼ਲਮ ਵਿੱਚ ਆਉਣਗੀਆਂ ਅਤੇ ਯਹੋਵਾਹ ਦੇ ਅੱਗੇ ਬੇਨਤੀ ਕਰਨਗੀਆਂ। ਸੈਨਾਂ ਦਾ ਯਹੋਵਾਹ ਇਸ ਤਰ੍ਹਾਂ ਕਹਿੰਦਾ ਹੈ ਕਿ ਉਹਨਾਂ ਦਿਨਾਂ ਵਿੱਚ ਅਲੱਗ-ਅਲੱਗ ਬੋਲੀ ਦੇ ਬੋਲਣ ਵਾਲੀਆਂ ਕੌਮਾਂ ਦੇ ਦਸ ਮਨੁੱਖ ਇੱਕ ਯਹੂਦੀ ਦਾ ਪੱਲਾ ਫੜ੍ਹਨਗੇ ਅਤੇ ਆਖਣਗੇ ਕਿ ਅਸੀਂ ਤੁਹਾਡੇ ਨਾਲ ਚੱਲਾਂਗੇ, ਕਿਉਂ ਜੋ ਅਸੀਂ ਸੁਣਿਆ ਹੈ ਕਿ ਪਰਮੇਸ਼ੁਰ ਤੁਹਾਡੇ ਨਾਲ ਹੈ।” [ਜ਼ਕਰ 8:20-23]

ਮੈਂ ਇਫ਼ਰਾਈਮ ਤੋਂ ਰਥ ਨੂੰ ਅਤੇ ਯਰੂਸ਼ਲਮ ਤੋਂ ਘੋੜੇ ਨੂੰ ਵੱਢ ਸੁੱਟਾਂਗਾ, ਲੜਾਈ ਦਾ ਧਣੁੱਖ ਤੋੜਿਆ ਜਾਵੇਗਾ। ਉਹ ਕੌਮਾਂ ਲਈ ਸ਼ਾਂਤੀ ਦੀਆਂ ਗੱਲਾਂ ਕਰੇਗਾ, **ਉਹ ਦੀ ਹਕੂਮਤ** ਸਮੁੰਦਰ

ਤੋਂ ਸਮੁੰਦਰ ਤੱਕ ਅਤੇ **ਦਰਿਆ ਤੋਂ ਧਰਤੀ ਦੀਆਂ ਹੱਦਾਂ ਤੱਕ ਹੋਵੇਗੀ।** [ਜ਼ਕਰ 9:10]

**ਸਾਰੀ ਧਰਤੀ ਉੱਤੇ** ਯਹੋਵਾਹ ਹੀ ਪਾਤਸ਼ਾਹ ਹੋਵੇਗਾ, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ। [ਜ਼ਕਰ 14:9]

"ਜਿਹੜਾ ਜਿੱਤ ਪ੍ਰਾਪਤ ਕਰਦਾ ਅਤੇ ਅੰਤ ਤੱਕ ਆਗਿਆਕਾਰੀ ਰਹਿੰਦਾ ਹੈ, ਮੈਂ ਉਸ ਨੂੰ **ਕੌਮਾਂ ਦੇ ਉੱਤੇ ਅਧਿਕਾਰ** ਦੇਵਾਂਗਾ ਜਿਵੇਂ ਮੈਂ ਪਿਤਾ ਦੇ ਕੋਲੋਂ ਪ੍ਰਾਪਤ ਕੀਤਾ ਹੈ । ਉਹ ਲੋਹੇ ਦੇ ਰਾਜ-ਡੰਡੇ ਦੇ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ ਅਤੇ ਉਹਨਾਂ ਨੂੰ ਮਿੱਟੀ ਦੇ ਭਾਂਡਿਆਂ ਦੀ ਤਰ੍ਹਾਂ ਤੋੜ ਸੁੱਟੇਗਾ" [ਪ੍ਰਕਾਸ਼ 2:26-27]

ਸੱਤਵੇਂ ਸਵਰਗਦੂਤ ਨੇ ਤੁਰ੍ਹੀ ਵਜਾਈ ਤਾਂ ਸਵਰਗ ਤੋਂ ਬਹੁਤ ਉੱਚੀਆਂ ਆਵਾਜ਼ਾਂ ਇਹ ਕਹਿੰਦੀਆਂ ਸੁਣਾਈ ਦਿੱਤੀਆਂ, "**ਹੁਣ ਸੰਸਾਰ ਦਾ ਰਾਜ ਸਾਡੇ ਪ੍ਰਭੂ ਪਰਮੇਸ਼ਰ ਅਤੇ ਉਹਨਾਂ ਦੇ ਮਸੀਹ ਦਾ ਹੋ ਗਿਆ ਹੈ ਅਤੇ ਉਹ ਅਨੰਤਕਾਲ ਤੱਕ ਰਾਜ ਕਰਨਗੇ।**" [ਪ੍ਰਕਾਸ਼ 11:15]

"ਉਹ ਸਾਰੇ ਮਿਲ ਕੇ ਲੇਲੇ ਦੇ ਵਿਰੁੱਧ ਜੰਗ ਲੜਨਗੇ ਅਤੇ ਲੇਲਾ ਉਹਨਾਂ ਉੱਤੇ ਜਿੱਤ ਪ੍ਰਾਪਤ ਕਰੇਗਾ ਕਿਉਂਕਿ ਉਹ ਹੀ **ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ** ਹੈ । ਲੇਲੇ ਦੇ ਨਾਲ ਇਸ ਜਿੱਤ ਵਿੱਚ ਉਹ ਵੀ ਹਿੱਸੇਦਾਰ ਹੋਣਗੇ ਜਿਹੜੇ ਸੱਦੇ ਹੋਏ, ਚੁਣੇ ਹੋਏ ਅਤੇ ਵਿਸ਼ਵਾਸਯੋਗ ਹਨ।" [ਪ੍ਰਕਾਸ਼ 17:14]

ਉਸ ਦੇ ਮੂੰਹ ਵਿੱਚੋਂ ਇੱਕ ਤੇਜ਼ ਤਲਵਾਰ **ਕੌਮਾਂ ਨੂੰ ਮਾਰਨ ਲਈ ਨਿੱਕਲ ਰਹੀ ਹੈ। ਉਹ ਲੋਹੇ ਦੇ ਰਾਜ ਦੰਡ ਨਾਲ ਉਹਨਾਂ ਦੇ ਉੱਤੇ ਰਾਜ ਕਰੇਗਾ** ਅਤੇ ਸਰਵਸ਼ਕਤੀਮਾਨ ਪਰਮੇਸ਼ਰ ਦੇ ਗੁੱਸੇ ਦੀ ਮੈਅ ਨੂੰ, ਜਿਹੜੀ ਚੁਬੱਚੇ ਵਿੱਚੋਂ ਬਾਹਰ ਨਿੱਕਲ ਰਹੀ ਹੈ, ਲਤਾੜੇਗਾ। ਉਸ ਦੇ ਚੋਗੇ ਅਤੇ ਪੱਟ ਉੱਤੇ ਇਹ ਲਿਖਿਆ ਹੋਇਆ ਸੀ, "**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।**" [ਪ੍ਰਕਾਸ਼ 19:15-16]

### 4. ਰਾਜ ਵਿੱਚ ਸਰਕਾਰ ਅਤੇ ਸ਼ਾਸਨ ਕਰਨ ਵਾਲੇ ਲੋਕ

### a. ਅਧਿਕਾਰੀ

(1) ਇੱਕ ਸਪੱਸ਼ਟ ਰੂਪ ਵਿੱਚ, ਹਜ਼ਾਰ ਸਾਲ ਦੇ ਰਾਜ ਵਿੱਚ ਮੁੱਖ ਪ੍ਰਭੂਸੱਤਾ ਮਸੀਹ ਕੋਲ ਹੋਵੇਗੀ। ਕਈ ਆਇਤਾਂ ਪਹਿਲਾਂ ਹੀ ਮਸੀਹ ਦੇ ਸ਼ਾਸਨ ਦੀ ਅਸਲੀਅਤ ਨੂੰ ਸਥਾਪਿਤ ਕਰ ਚੁੱਕੀਆਂ ਹਨ (ਜ਼ਬੂਰ 2:6; ਯਸਾ 9:6-7; ਦਾਨੀ 7:14; ਲੂਕਾ 1:31-33; ਮੱਤੀ 19:28; 25:31; 1 ਕੁਰਿੰਥ 15:24)। ਮਸੀਹ ਦੇ ਵੱਖ-ਵੱਖ ਨਾਮ ਵੀ ਹਜ਼ਾਰ ਸਾਲ ਦੇ ਰਾਜ ਵਿੱਚ ਉਹਨਾਂ ਦੇ ਅਧਿਕਾਰ ਨੂੰ ਦਰਸਾਉਂਦੇ ਹਨ (ਸ਼ਾਖਾ, ਪ੍ਰਭੂ ਸਾਡੀ ਧਾਰਮਿਕਤਾ, ਯਹੋਵਾਹ, ਯੱਸੀ ਦੇ ਟੁੰਡ ਤੋਂ, ਮਨੁੱਖ ਦਾ ਪੁੱਤਰ, ਰਾਜਾ, ਨਿਆਂਈ, ਬਿਵਸਥਾ ਦੇਣ ਵਾਲਾ, ਮਸੀਹ ਜਿਸ ਦਾ ਅਰਥ ਹੈ "ਮਸਹ ਕੀਤਾ ਹੋਇਆ", ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ, ਅਯਾਲੀ, ਚਾਨਣ, ਪੱਥਰ, ਮੁਕਤੀਦਾਤਾ, ਧਾਰਮਿਕਤਾ ਦਾ ਸੂਰਜ, ਦਾਊਦ ਦਾ ਪੁੱਤਰ)। ਯਸਾ 33:22 ਇੱਕ ਵਧੀਆ ਆਇਤ ਹੈ ਜੋ ਮਸੀਹ ਦੇ ਸ਼ਾਸਨ ਦਾ ਸਾਰ ਦਿੰਦੀ ਹੈ।

> ਯਹੋਵਾਹ ਤਾਂ ਸਾਡਾ ਨਿਆਈਂ ਹੈ, ਯਹੋਵਾਹ ਸਾਡਾ ਬਿਧੀਆਂ ਦੇਣ ਵਾਲਾ ਹੈ, ਯਹੋਵਾਹ ਸਾਡਾ ਰਾਜਾ ਹੈ, ਉਹ ਸਾਨੂੰ ਬਚਾਵੇਗਾ। [ਯਸਾ 33:22]

ਤਿੰਨ ਵੇਰਵੇ "ਨਿਆਂਈ, ਬਿਵਸਥਾ ਦੇਣ ਵਾਲਾ, ਅਤੇ ਰਾਜਾ" ਸਾਨੂੰ ਇੱਕ ਸਰਕਾਰ ਦੀਆਂ ਤਿੰਨ ਸ਼ਾਖਾਵਾਂ ਦੀ ਯਾਦ ਦਿਵਾਉਂਦੇ ਹਨ (ਕਾਰਜਕਾਰੀ, ਵਿਧਾਨਕ, ਅਤੇ ਨਿਆਂਇਕ)। ਅਮਰੀਕਾ ਦੇ ਸੰਵਿਧਾਨ ਨੇ ਤਾਨਾਸ਼ਾਹੀ ਸ਼ਾਸਨ ਨੂੰ ਰੋਕਣ ਦੇ ਲਈ ਨਿਯੰਤਰਣ ਅਤੇ ਸੰਤੁਲਨ ਦੀ ਇੱਕ ਪ੍ਰਣਾਲੀ ਬਣਾਈ ਹੈ। ਪ੍ਰਭੂ ਯਿਸੂ ਮਸੀਹ ਦਾ ਹਜ਼ਾਰ ਸਾਲ ਦੇ ਰਾਜ ਵਿੱਚ ਸਰਕਾਰ ਦੇ ਇਹਨਾਂ ਤਿੰਨੇ ਖੇਤਰਾਂ ਉੱਤੇ ਪੂਰਾ ਅਧਿਕਾਰ ਹੋਵੇਗਾ। ਉਹ ਆਪ ਹੀ ਕਾਨੂੰਨ ਬਣਾਉਣਗੇ। ਉਹ ਆਪ ਹੀ ਕਾਨੂੰਨ ਦਾ ਪ੍ਰਬੰਧ ਕਰਨਗੇ। ਉਹ ਆਪ ਹੀ ਨਿਆਂ ਕਰਨਗੇ। ਆਉਣ ਵਾਲਾ ਰਾਜ ਇੱਕ ਸੰਪੂਰਨ ਮਸੀਹ ਦਾ ਰਾਜ ਹੋਵੇਗਾ। ਇਹ ਤਕਨੀਕੀ ਰੂਪ ਵਿੱਚ ਇੱਕ ਰਾਜਤੰਤਰ ਨਹੀਂ ਬਲਕਿ ਪਰਮੇਸ਼ਰ ਦੁਆਰਾ ਕੀਤਾ ਜਾਣ ਵਾਲਾ ਰਾਜ ਹੋਵੇਗਾ।

(2) **ਰਾਜਾ ਦਾਊਦ ਹਜ਼ਾਰ ਸਾਲ ਦੇ ਰਾਜ ਦਾ ਰਾਜਾ**

ਕਈ ਆਇਤਾਂ ਇਹ ਸਿਖਾਉਂਦੀਆਂ ਹਨ ਕਿ "ਦਾਊਦ" ਹਜ਼ਾਰ ਸਾਲ ਦੇ ਰਾਜ ਵਿੱਚ ਰਾਜ ਕਰੇਗਾ (ਹੇਠਾਂ ਦਿੱਤੀਆਂ ਆਇਤਾਂ ਦੇ ਨਾਲ-ਨਾਲ ਇਹ ਆਇਤਾਂ ਵੀ ਦੇਖੋ, ਯਸਾ 55:3-4; ਯਿਰ 33:15-17; ਆਮੋਸ 9:11)।

> "ਪਰ ਉਹ ਯਹੋਵਾਹ ਆਪਣੇ ਪਰਮੇਸ਼ੁਰ ਦੀ, ਅਤੇ **ਦਾਊਦ ਆਪਣੇ ਰਾਜਾ ਦੀ, ਜਿਹ ਨੂੰ ਮੈਂ ਉਹਨਾਂ ਲਈ ਖੜਾ ਕਰਾਂਗਾ** ਟਹਿਲ ਕਰਨਗੇ।" [ਯਿਰ 30: 9]
>
> "ਮੈਂ ਉਹਨਾਂ ਲਈ **ਇੱਕ ਆਜੜੀ ਕਾਇਮ ਕਰਾਂਗਾ** ਅਤੇ ਉਹ ਉਹਨਾਂ ਨੂੰ ਚਾਰੇਗਾ ਅਰਥਾਤ **ਮੇਰਾ ਦਾਸ ਦਾਊਦ**, ਉਹ ਹੀ ਉਹਨਾਂ ਨੂੰ ਚਾਰੇਗਾ ਅਤੇ ਉਹੀ ਉਹਨਾਂ ਦਾ ਆਜੜੀ ਹੋਵੇਗਾ। ਮੈਂ ਯਹੋਵਾਹ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ ਅਤੇ **ਮੇਰਾ ਦਾਸ ਦਾਊਦ ਉਹਨਾਂ ਦੇ ਵਿਚਕਾਰ ਰਾਜਕੁਮਾਰ ਹੋਵੇਗਾ**। ਮੈਂ ਯਹੋਵਾਹ ਨੇ ਆਖਿਆ ਹੈ।" [ਹਿਜ਼ਕੀ 34:23-24]
>
> "**ਮੇਰਾ ਦਾਸ ਦਾਊਦ ਉਹਨਾਂ ਉੱਤੇ ਰਾਜਾ ਹੋਵੇਗਾ** ਅਤੇ ਉਹਨਾਂ ਸਾਰਿਆਂ ਦਾ ਇੱਕੋ ਹੀ ਆਜੜੀ ਹੋਵੇਗਾ। ਉਹ ਮੇਰੇ ਹੁਕਮਾਂ ਵਿੱਚ ਚੱਲਣਗੇ ਅਤੇ ਮੇਰੀਆਂ ਬਿਧੀਆਂ ਨੂੰ ਮੰਨ ਕੇ

> ਉਹਨਾਂ ਦੀ ਪਾਲਣਾ ਕਰਨਗੇ। ਉਹ ਉਸ ਦੇਸ ਵਿੱਚ ਜਿਹੜਾ ਮੈਂ ਆਪਣੇ ਦਾਸ ਯਾਕੂਬ ਨੂੰ ਦਿੱਤਾ ਸੀ, ਜਿਸ ਵਿੱਚ ਤੁਹਾਡੇ ਪਿਉ-ਦਾਦੇ ਵੱਸਦੇ ਸਨ, ਵੱਸਣਗੇ ਅਤੇ ਉਹ, ਉਹਨਾਂ ਦੀ ਸੰਤਾਨ ਅਤੇ ਉਹਨਾਂ ਦੀ ਸੰਤਾਨ ਦੀ ਸੰਤਾਨ ਸਦਾ ਤੱਕ ਉਸ ਵਿੱਚ ਸਦਾ ਲਈ ਵੱਸਣਗੇ। **ਮੇਰਾ ਦਾਸ ਦਾਊਦ ਸਦਾ ਲਈ ਉਹਨਾਂ ਦਾ ਰਾਜਕੁਮਾਰ ਹੋਵੇਗਾ।**" [ਹਿਜ਼ਕੀ 37:24-25]
>
> ਇਸ ਤੋਂ ਬਾਅਦ ਇਸਰਾਏਲੀ ਮੁੜਨਗੇ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਅਤੇ **ਦਾਊਦ ਆਪਣੇ ਰਾਜਾ** ਨੂੰ ਭਾਲਣਗੇ। ਆਖਰੀ ਦਿਨਾਂ ਵਿੱਚ ਯਹੋਵਾਹ ਅਤੇ ਉਹ ਦੀ ਭਲਿਆਈ ਵੱਲ ਭੈਅ ਮੰਨ ਕੇ ਮੁੜਨਗੇ। [ਹੋਸ਼ੇ 3:5]

ਕੁਝ ਲੋਕ ਇਹ ਮੰਨਦੇ ਹਨ ਕਿ "ਦਾਊਦ ਦੇ ਪੁੱਤਰ" ਦੇ ਰੂਪ ਵਿੱਚ, "ਦਾਊਦ" ਮਸੀਹ ਦਾ ਹੀ ਨਾਮ ਹੈ। ਦੂਜੇ ਲੋਕ ਇਹ ਸੋਚਦੇ ਹਨ ਕਿ "ਦਾਊਦ" ਦਾ ਹਵਾਲਾ ਦੇਣ ਵਾਲੇ ਵਚਨ ਪੁਰਾਣੇ ਨੇਮ ਦੇ ਇਤਿਹਾਸਕ ਦਾਊਦ ਦੇ ਬਾਰੇ ਹਨ ਜੋ ਜੀਅ ਉੱਠਣ ਤੋਂ ਬਾਅਦ ਮਸੀਹ ਦਾ ਇੱਕ ਉਪ-ਰਾਸ਼ਟਰਪਤੀ ਹੋਵੇਗਾ।

> ਇਹ ਮੰਨਣਾ ਪਵੇਗਾ ਕਿ ਇਹ ਵਚਨ ਹਜ਼ਾਰ ਸਾਲ ਦੇ ਰਾਜ ਦੇ ਇੱਕ ਸਰਵਉੱਚ ਸ਼ਾਸਕ ਦੇ ਬਾਰੇ ਹਨ, ਅਤੇ ਇਸ ਕਾਰਨ ਵਿਆਖਿਆਕਾਰ ਸੋਚਦੇ ਹਨ ਕਿ ਨਾਮ "ਦਾਊਦ" ਨਾਮ ਮਸੀਹ ਦੇ ਲਈ ਵਰਤਿਆ ਗਿਆ ਹੈ। ਜੀਅ ਉੱਠੇ ਸੰਤਾਂ ਦੇ ਪਰਮੇਸ਼ਰ ਦੇ ਰਾਜ ਵਿੱਚ ਅਧਿਕਾਰ ਵਾਲੇ ਅਹੁਦੇ ਹੋਣਗੇ (ਦੇਖੋ, ਮੱਤੀ 8:11; 19:28; 20:23)। ਇਹ ਸੰਭਵ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਜੀਅ ਉੱਠੇ ਰਾਜਾ ਦਾਊਦ ਦਾ ਇੱਕ ਬਹੁਤ ਹੀ ਉੱਚਾ ਅਹੁਦਾ ਹੋਵੇ। ਜੇਕਰ ਇਸ ਦੇ ਉਲਟ ਮੰਨਣ ਦਾ ਕੋਈ ਪੱਕਾ ਸਬੂਤ ਨਾ ਹੋਵੇ, ਤਾਂ ਦਾਊਦ *ਨਾਮ* ਨੂੰ ਸ਼ਾਬਦਿਕ ਮੰਨਣਾ ਹੀ ਸਹੀ ਹੋਵੇਗਾ। ਬਾਈਬਲ ਮਸੀਹ ਨੂੰ ਦਾਊਦ ਨਾਲ ਬਹੁਤ ਮਜ਼ਬੂਤੀ ਨਾਲ ਜੋੜਦੀ ਹੈ ਪਰ ਇਹ ਮਸੀਹ ਨੂੰ "ਦਾਊਦ" ਨਹੀਂ ਕਹਿੰਦੀ ਹੈ (ਜਿਵੇਂ ਕਿ, ਦਾਊਦ ਲਈ ਇੱਕ *ਧਰਮੀ ਸ਼ਾਖ਼* ਯਿਰ 23:5; ਦਾਊਦ ਦਾ *ਪੁੱਤਰ* ਘੱਟੋ-ਘੱਟ 15 ਵਾਰ ਆਉਂਦਾ ਹੈ; ਅਤੇ ਦਾਊਦ ਦੀ *ਸੰਤਾਨ*: ਯੂਹੰਨਾ 7:42, ਰੋਮੀ 1:3; 2 ਤਿਮੋਥਿ 2:8; ਦਾਊਦ ਦਾ *ਵੰਸ਼*: ਪ੍ਰਕਾਸ਼ 5:5; ਦਾਊਦ ਦੀ *ਜੜ੍ਹ ਅਤੇ ਵੰਸ਼*: ਪ੍ਰਕਾਸ਼ 22:16)। ਇਸ ਤਰਕਪੂਰਨ ਸਿੱਟੇ ਉੱਤੇ ਕੋਈ ਇਤਰਾਜ਼ ਨਹੀਂ ਹੋ ਸਕਦਾ ਕਿ ਮਸੀਹ ਦੀ ਹਜ਼ਾਰ ਸਾਲ ਦੀ ਸਰਕਾਰ ਵਿੱਚ ਪੁਰਾਣੇ ਨੇਮ ਦਾ ਦਾਊਦ ਇੱਕ "ਪ੍ਰਧਾਨ ਮੰਤਰੀ" ਬਣੇਗਾ। ਦਾਊਦ ਨੂੰ ਸਭ ਤੋਂ ਉੱਚੇ ਸ਼ਾਸਨ ਦਾ ਦਰਜਾ ਦੇਣ ਵਾਲੇ ਵਚਨ ਸ਼ਾਇਦ ਦਾਊਦ ਦੇ ਪੂਰੇ ਇਸਰਾਏਲ ਉੱਤੇ ਸਭ ਤੋਂ ਉੱਚਾ ਅਧਿਕਾਰ ਰੱਖਦੇ ਹੋਣ ਦਾ ਜ਼ਿਕਰ ਕਰ ਰਹੇ ਹਨ (ਜੋ ਕਿ ਵਿਸ਼ਵ ਉੱਤੇ ਪ੍ਰਭੂਸੱਤਾ ਨਹੀਂ ਹੈ), ਜਾਂ ਹੋ ਸਕਦਾ ਹੈ ਕਿ ਦਾਊਦ ਉਹਨਾਂ ਮਨੁੱਖਾਂ ਦੀ ਉਸ ਨਸਲ ਦਾ ਸਭ ਤੋਂ ਵੱਡਾ ਸ਼ਾਸਕ ਹੋਵੇ ਜੋ ਪਾਪੀ ਮਨੁੱਖਜਾਤੀ ਦਾ ਹਿੱਸਾ ਰਹੇ ਹੋਣਗੇ। ਇਸ ਤਰ੍ਹਾਂ, ਹਾਲਾਂਕਿ ਯਿਸੂ ਮਸੀਹ ਮੁੱਖ ਰਾਜਾ ਹੋਣਗੇ, ਦਾਊਦ ਸ਼ਾਇਦ ਇੱਕ ਦੂਜਾ ਰਾਜਾ ਹੋਵੇਗਾ। ਬਾਈਬਲ ਕਬੀਲਿਆਂ ਦੇ ਸ਼ਾਸਕਾਂ ਬਾਰੇ ਵੀ ਸਿਖਾਉਂਦੀ ਹੈ।

(3) ਬਾਰ੍ਹਾਂ ਰਸੂਲ

ਬਾਰ੍ਹਾਂ ਰਸੂਲ ਇਸਰਾਏਲ ਦੇ ਬਾਰ੍ਹਾਂ ਕਬੀਲਿਆਂ ਦੇ ਨਿਆਂਈਆਂ ਦੇ ਰੂਪ ਵਿੱਚ ਕੰਮ ਕਰਨਗੇ। ਇਸਰਾਏਲ ਦੇ ਗੁੰਮ ਹੋਏ ਕਬੀਲੇ ਮਨੁੱਖੀ ਗਿਆਨ ਦੇ ਅਨੁਸਾਰ ਗੁੰਮ ਹੋ ਸਕਦੇ ਹਨ, ਪਰ ਪਰਮੇਸ਼ਰ ਨਿਸ਼ਚਿਤ ਤੌਰ ਤੇ ਉਹਨਾਂ ਨੂੰ ਜਾਣਦੇ ਹਨ।

> ਯਿਸੂ ਨੇ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ ਕਹਿੰਦਾ ਹਾਂ, ਜਦੋਂ ਮਨੁੱਖ ਦਾ ਪੁੱਤਰ ਨਵੀਂ ਸ੍ਰਿਸ਼ਟੀ ਵਿੱਚ ਆਪਣੇ ਸ਼ਾਹੀ ਸਿੰਘਾਸਣ ਉੱਤੇ ਬੈਠੇਗਾ, **ਉਸ ਸਮੇਂ ਤੁਸੀਂ ਵੀ ਬਾਰ੍ਹਾਂ ਕਬੀਲਿਆਂ ਦਾ ਨਿਆਂ ਕਰੋਗੇ।**" [ਮੱਤੀ 19:28]

(4) ਹੋਰ ਛੋਟੇ ਅਧਿਕਾਰੀ, ਨਿਆਂਈ

ਕਈ ਵਚਨ ਆਮ ਸ਼ਬਦਾਂ ਵਿੱਚ ਹਜ਼ਾਰ ਸਾਲ ਦੇ ਰਾਜ ਦੇ ਛੋਟੇ ਸ਼ਾਸਕਾਂ ਦਾ ਜ਼ਿਕਰ ਕਰਦੇ ਹਨ। ਇਸ ਵਿੱਚ ਅਧਿਕਾਰੀ, ਆਗੂ, ਨਿਆਂਈ, ਅਤੇ ਸ਼ਹਿਰ ਦੇ ਅਧਿਕਾਰੀ ਹੋਣਗੇ। ਅਸੀਂ ਸਰਕਾਰ ਦੇ ਵਿਸ਼ੇਸ਼ ਢਾਂਚੇ ਬਾਰੇ ਤਾਂ ਨਹੀਂ ਜਾਣਦੇ ਹਾਂ, ਪਰ ਬਾਈਬਲ ਇਹ ਸਿੱਟਾ ਕੱਢਣ ਦੇ ਲਈ ਕਾਫ਼ੀ ਜਾਣਕਾਰੀ ਦਿੰਦੀ ਹੈ ਕਿ **ਬਹੁਤ ਸਾਰੇ** ਅਧਿਕਾਰੀਆਂ ਵਾਲੀ ਇੱਕ ਵਿਸਤ੍ਰਿਤ ਪ੍ਰਣਾਲੀ ਹੋਵੇਗੀ।

> ਵੇਖੋ, ਇੱਕ ਰਾਜਾ ਧਰਮ ਨਾਲ ਰਾਜ ਕਰੇਗਾ, ਅਤੇ **ਹਾਕਮ** ਨਿਆਂ ਨਾਲ ਹਕੂਮਤ ਕਰਨਗੇ। [ਯਸਾ 32:1]
>
> "ਇਸਰਾਏਲ ਦੇ ਵਿੱਚ ਦੇਸ ਵਿੱਚੋਂ ਉਸ ਦਾ ਇਹੀ ਭਾਗ ਹੋਵੇਗਾ ਅਤੇ **ਮੇਰੇ ਰਾਜਕੁਮਾਰ** ਫੇਰ ਮੇਰੇ ਲੋਕਾਂ ਤੇ ਅੱਤਿਆਚਾਰ ਨਾ ਕਰਨਗੇ ਅਤੇ ਦੇਸ ਨੂੰ ਇਸਰਾਏਲ ਦੇ ਘਰਾਣੇ ਵਿੱਚ ਉਹਨਾਂ ਦੇ ਗੋਤਾਂ ਦੇ ਅਨੁਸਾਰ ਵੰਡਣਗੇ।" [ਹਿਜ਼ਕੀ 45:8]
>
> **ਬਚਾਉਣ ਵਾਲੇ** ਸੀਯੋਨ ਪਰਬਤ ਉੱਤੇ ਜਾਣਗੇ, ਤਾਂ ਜੋ ਉਹ ਏਸਾਓ ਦੇ ਪਰਬਤ ਦਾ ਨਿਆਂ ਕਰਨ ਅਤੇ **ਰਾਜ ਯਹੋਵਾਹ ਦਾ ਹੋਵੇਗਾ।** [ਓਬਦ ਆਇਤ 21]
>
> "ਉਸ ਨੇ ਕਿਹਾ, 'ਸ਼ਾਬਾਸ਼ ! ਤੂੰ ਇੱਕ ਚੰਗਾ ਸੇਵਕ ਹੈਂ ਕਿਉਂਕਿ ਤੂੰ ਇੱਕ ਛੋਟੇ ਜਿਹੇ ਕੰਮ ਨੂੰ ਬੜੀ ਇਮਾਨਦਾਰੀ ਨਾਲ ਨਿਭਾਇਆ ਹੈ। ਇਸ ਲਈ ਮੈਂ ਤੈਨੂੰ **ਦਸ ਸ਼ਹਿਰਾਂ ਦਾ ਅਧਿਕਾਰੀ ਨਿਯੁਕਤ ਕਰਦਾ ਹਾਂ**...ਰਾਜਾ ਨੇ ਕਿਹਾ, 'ਮੈਂ ਤੈਨੂੰ

**ਪੰਜਾਂ ਸ਼ਹਿਰਾਂ ਦਾ ਅਧਿਕਾਰੀ ਨਿਯੁਕਤ ਕਰਦਾ ਹਾਂ**।'"
[ਲੂਕਾ 19:17,19]

ਮਸੀਹ "**ਰਾਜਿਆਂ** ਦਾ ਰਾਜਾ" ਹੋਣਗੇ (ਇਹ ਵਾਕਾਂਸ਼ ਹੋਰ ਰਾਜਿਆਂ ਦੀ ਹੋਂਦ ਦੀ ਸਥਾਪਨਾ ਕਰਦਾ ਹੈ) ਅਤੇ ਕਿਉਂਕਿ ਉਹ ਵਿਸ਼ਵ-ਵਿਆਪੀ ਸ਼ਾਸਕ ਹੋਣਗੇ, ਤਾਂ ਅਸੀਂ ਇਹ ਉਮੀਦ ਕਰ ਸਕਦੇ ਹਾਂ ਕਿ ਸੰਸਾਰ ਦੀਆਂ ਕੌਮਾਂ ਉੱਤੇ ਮਸੀਹ ਦੇ ਅਧੀਨ ਰਹਿਣ ਵਾਲੇ ਅਧਿਕਾਰੀ ਵੀ ਨਿਯੁਕਤ ਕੀਤੇ ਗਏ ਹੋਣਗੇ। ਬਾਈਬਲ ਕਲੀਸਿਯਾ ਦੇ ਮਹਿਮਾਮਈ ਸੰਤਾਂ ਦੀ ਮਸੀਹ ਦੇ ਸ਼ਾਸਨ ਵਿੱਚ ਭੂਮਿਕਾ ਨੂੰ ਦਰਸਾਉਂਦੀ ਹੈ (ਦੇਖੋ, 1 ਕੁਰਿੰਥ 6:2; 2 ਤਿਮੋਥਿ 2:12; ਪ੍ਰਕਾਸ਼ 2:26-27; 5:10; 20:4,6)।

### b. ਜਿਹਨਾਂ ਉੱਤੇ ਰਾਜ ਕੀਤਾ ਜਾਵੇਗਾ

#### (1) ਮੁੜ-ਸਥਾਪਿਤ ਇਸਰਾਏਲ

ਬਾਈਬਲ ਦੀਆਂ ਭਵਿੱਖਬਾਣੀਆਂ ਵਿੱਚ ਇਸਰਾਏਲ ਦੇ ਲੋਕਾਂ ਦਾ ਵਾਅਦਾ ਕੀਤੇ ਹੋਏ ਦੇਸ਼ ਵਿੱਚ ਮੁੜ-ਸਥਾਪਿਤ ਕੀਤੇ ਜਾਣਾ ਇੱਕ ਮੁੱਖ ਵਿਸ਼ਾ ਹੈ (ਦੇਖੋ, ਯਸਾ 11:11ff; 27:12; 43:5-7; ਯਿਰ 30:18, 31:8-9; 32:36-40; 33:11ff; ਹਿਜ਼ਕੀ 11:16ff; 20:34, 42; 28:25-26; 34:12ff; 36:24ff; ਹਿਜ਼ਕੀ 37 ਪੂਰਾ ਅਧਿਆਇ; ਹੋਸ਼ੇ 1:11; ਯੋਏਲ 3:1; ਆਮੋਸ 9:14-15; ਓਬਦ ਆਇਤ 17; ਮੀਕਾ 4:6-7; ਸਫ਼ਨ 3:20; ਜ਼ਕਰ 8:8,10:10)। ਬਾਬਲ ਦੀ ਗ਼ੁਲਾਮੀ ਤੋਂ ਵਾਪਸੀ ਤੋਂ ਬਾਅਦ, ਇਹਨਾਂ ਭਵਿੱਖਬਾਣੀਆਂ ਦੀ ਪੂਰੀ ਤਰ੍ਹਾਂ ਪੂਰਤੀ ਨਹੀਂ ਹੋਈ ਸੀ। ਅਕਸਰ ਹੀ ਮੁੜ-ਸਥਾਪਿਤ ਕੀਤੇ ਜਾਣ ਦੇ ਵਾਅਦੇ ਵਿੱਚ **ਸਦੀਪਕ ਤੌਰ ਤੇ ਮੁੜ-ਸਥਾਪਿਤ** ਕੀਤੇ ਜਾਣ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਇਸ ਦੇ ਸੰਦਰਭ ਵਿੱਚ ਅੰਤ ਦੇ ਸਮੇਂ ਦੀਆਂ ਘਟਨਾਵਾਂ ਦੇ ਵੇਰਵੇ ਸ਼ਾਮਲ ਹਨ।

ਅਤੇ ਉਸ ਦਿਨ **ਪ੍ਰਭੂ ਦੂਸਰੀ ਵਾਰੀ ਆਪਣਾ ਹੱਥ ਵਧਾ ਕੇ ਆਪਣੀ ਪਰਜਾ ਦੇ ਬਚੇ ਹੋਏ ਲੋਕਾਂ ਨੂੰ** ਅੱਸ਼ੂਰ ਤੋਂ, ਮਿਸਰ ਤੋਂ, ਪਥਰੋਸ ਤੋਂ, ਕੂਸ਼ ਤੋਂ, ਏਲਾਮ ਤੋਂ, ਸ਼ਿਨਾਰ ਤੋਂ, ਹਮਾਥ ਤੋਂ ਅਤੇ ਸਮੁੰਦਰ ਦੇ ਟਾਪੂਆਂ ਤੋਂ **ਮੁੱਲ ਲੈ ਕੇ ਛੁਡਾਵੇਗਾ**। ਉਹ ਕੌਮਾਂ ਲਈ ਇੱਕ ਝੰਡਾ ਖੜ੍ਹਾ ਕਰੇਗਾ, ਅਤੇ **ਇਸਰਾਏਲ ਦੇ ਕੱਢੇ ਹੋਇਆਂ ਨੂੰ ਇਕੱਠਾ ਕਰੇਗਾ, ਅਤੇ ਯਹੂਦਾਹ ਦੇ ਖਿੰਲਰਿਆਂ ਹੋਇਆਂ ਨੂੰ ਧਰਤੀ ਦੀਆਂ ਚਾਰੇ ਕੋਨਿਆਂ ਤੋਂ ਇਕੱਠਾ ਕਰੇਗਾ**। [ਯਸਾ 11:11-12]

"ਵੇਖੋ, ਮੈਂ **ਉਹਨਾਂ ਨੂੰ ਸਾਰਿਆਂ ਦੇਸਾਂ ਵਿੱਚੋਂ** ਜਿੱਥੇ ਮੈਂ ਉਹਨਾਂ ਨੂੰ ਆਪਣੇ ਕ੍ਰੋਧ, ਗੁੱਸੇ ਅਤੇ ਵੱਡੇ ਕੋਪ ਨਾਲ ਹੱਕ ਦਿੱਤਾ ਸੀ **ਇਕੱਠਾ ਕਰਾਂਗਾ** ਅਤੇ ਉਹਨਾਂ ਨੂੰ ਇਸ ਸਥਾਨ ਨੂੰ **ਫੇਰ ਲਿਆਵਾਂਗਾ** ਅਤੇ ਉਹਨਾਂ ਨੂੰ ਚੈਨ ਨਾਲ ਵਸਾਵਾਂਗਾ ਉਹ ਮੇਰੀ ਪਰਜਾ ਹੋਵੇਗੀ ਅਤੇ ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ" [ਯਿਰ 32:37-38]

"ਜਿਵੇਂ ਆਜੜੀ ਆਪਣੇ ਇੱਜੜ ਨੂੰ ਲੱਭਦਾ ਹੈ, ਜਿਸ ਦਿਨ ਕਿ ਉਹ ਆਪਣੇ ਇੱਜੜ ਦੇ ਵਿੱਚ ਹੋਵੇ ਅਤੇ ਉਹ ਦੀਆਂ ਭੇਡਾਂ ਖਿੱਲਰ ਗਈਆਂ ਹੋਣ। ਓਵੇਂ ਹੀ ਮੈਂ ਆਪਣੀਆਂ ਭੇਡਾਂ ਨੂੰ ਲੱਭਾਂਗਾ ਅਤੇ ਉਹਨਾਂ ਨੂੰ ਹਰ ਥਾਂ ਤੋਂ ਜਿੱਥੇ ਉਹ ਬੱਦਲ ਅਤੇ ਹਨੇਰੇ ਦੇ ਦਿਨ ਖਿੱਲਰ ਗਈਆਂ ਸਨ, ਛੁਡਾ ਲਿਆਵਾਂਗਾ। **ਮੈਂ ਉਹਨਾਂ ਨੂੰ ਲੋਕਾਂ ਵਿੱਚੋਂ ਮੋੜ ਲਿਆਵਾਂਗਾ ਅਤੇ ਸਾਰੇ ਦੇਸ ਵਿੱਚੋਂ ਇਕੱਠਾ ਕਰਾਂਗਾ। ਉਹਨਾਂ ਨੂੰ ਉਹਨਾਂ ਦੀ ਭੂਮੀ ਵਿੱਚ ਲਿਆਵਾਂਗਾ** ਅਤੇ ਇਸਰਾਏਲ ਦੇ ਪਹਾੜਾਂ ਤੇ ਨਹਿਰਾਂ ਦੇ ਉੱਤੇ ਅਤੇ ਦੇਸ ਦੇ ਸਾਰੇ ਵੱਸਦੇ ਸਥਾਨਾਂ ਵਿੱਚ ਚਾਰਾਂਗਾ।" [ਹਿਜ਼ਕੀ 34:12-13]

"**ਮੈਂ ਆਪਣੀ ਪਰਜਾ ਇਸਰਾਏਲ ਨੂੰ ਗ਼ੁਲਾਮੀ ਤੋਂ ਵਾਪਿਸ ਲੈ ਆਵਾਂਗਾ**, ਉਹ ਉੱਜੜੇ ਹੋਏ ਸ਼ਹਿਰਾਂ ਨੂੰ ਉਸਾਰਨਗੇ ਅਤੇ ਉਨ੍ਹਾਂ ਵਿੱਚ ਵੱਸਣਗੇ, ਉਹ ਅੰਗੂਰੀ ਬਾਗ਼ ਲਾਉਣਗੇ ਅਤੇ ਉਨ੍ਹਾਂ ਦੀ ਮਧ ਪੀਣਗੇ, ਉਹ ਬਾਗ਼ ਲਾਉਣਗੇ ਅਤੇ ਉਹਨਾਂ ਦਾ ਫਲ ਖਾਣਗੇ। **ਮੈਂ ਉਨ੍ਹਾਂ ਨੂੰ ਉਨ੍ਹਾਂ ਦੀ ਜ਼ਮੀਨ ਵਿੱਚ ਲਾਵਾਂਗਾ ਅਤੇ ਉਹ ਆਪਣੀ ਭੂਮੀ ਤੋਂ ਜਿਹੜੀ ਮੈਂ ਉਨ੍ਹਾਂ ਨੂੰ ਦਿੱਤੀ ਹੈ, ਫੇਰ ਕਦੇ ਪੁੱਟੇ ਨਾ ਜਾਣਗੇ**," ਤੁਹਾਡਾ ਪਰਮੇਸ਼ੁਰ ਯਹੋਵਾਹ ਫ਼ਰਮਾਉਂਦਾ ਹੈ।" [ਆਮੋਸ 9:14-15]

#### (2) ਇਸਰਾਏਲ ਦਾ ਮੁੜ ਇੱਕਜੁੱਟ ਹੋਣਾ

ਯਹੂਦੀ ਨਾ ਸਿਰਫ਼ ਆਪਣੇ ਦੇਸ਼ ਵਿੱਚ ਵਾਪਸ ਆਉਣਗੇ, ਬਲਕਿ ਉਹ ਇੱਕ ਸੰਯੁਕਤ ਰਾਸ਼ਟਰ ਦੇ ਰੂਪ ਵਿੱਚ ਵੀ ਵਾਪਸ ਆਉਣਗੇ। ਸੁਲੇਮਾਨ ਦੀ ਮੌਤ ਤੋਂ ਬਾਅਦ, ਦੇਸ਼ *ਇਸਰਾਏਲ* ਨਾਮਕ ਦਸ ਉੱਤਰੀ ਕਬੀਲਿਆਂ ਅਤੇ *ਯਹੂਦਾਹ* ਨਾਮਕ ਦੋ ਦੱਖਣੀ ਕਬੀਲਿਆਂ ਵਿੱਚ ਵੰਡਿਆ ਗਿਆ ਸੀ। ਨਬੀ ਇਹ ਸਿਖਾਉਂਦੇ ਹਨ ਕਿ ਅੰਤ ਦੇ ਸਮੇਂ ਵਿੱਚ ਜਦੋਂ ਯਹੂਦੀ ਆਪਣੇ ਦੇਸ਼ ਵਾਪਸ ਆਉਣਗੇ, ਤਾਂ ਇਹ ਵੰਡ ਖ਼ਤਮ ਹੋ ਜਾਵੇਗੀ।

"ਉਹਨਾਂ ਦਿਨਾਂ ਵਿੱਚ **ਯਹੂਦਾਹ ਦਾ ਘਰਾਣਾ ਇਸਰਾਏਲ ਦੇ ਘਰਾਣੇ ਨਾਲ ਚੱਲੇਗਾ,** ਉਹ ਮਿਲ ਕੇ ਉੱਤਰ ਦੇ ਦੇਸ ਤੋਂ ਉਸ ਦੇਸ ਵਿੱਚ ਆਉਣਗੇ ਜਿਹੜਾ ਮੈਂ ਉਹਨਾਂ ਦੇ ਪਿਓ ਦਾਦਿਆਂ ਨੂੰ ਮਿਲਖ਼ ਵਿੱਚ ਦਿੱਤਾ।" [ਯਿਰ 3:18] (ਯਿਰ 33:14 ਵੀ ਦੇਖੋ)।

"ਹੇ ਮਨੁੱਖ ਦੇ ਪੁੱਤਰ, ਤੂੰ ਇੱਕ ਲੱਕੜੀ ਲੈ ਅਤੇ ਉਹ ਦੇ ਉੱਤੇ ਲਿਖ, "ਯਹੂਦਾਹ ਅਤੇ ਉਹ ਦੇ ਸਾਥੀ ਇਸਰਾਏਲੀਆਂ ਲਈ।" ਫੇਰ ਇੱਕ ਹੋਰ ਲੱਕੜੀ ਲੈ ਅਤੇ ਉਸ ਉੱਤੇ ਲਿਖ, "ਯੂਸੁਫ਼ ਲਈ, ਇਫ਼ਰਾਈਮ ਦੀ ਲੱਕੜੀ, ਅਤੇ ਉਹ ਦੇ ਸਾਥੀ ਸਾਰੇ ਇਸਰਾਏਲ ਦੇ ਘਰਾਣੇ ਲਈ।" ਉਹਨਾਂ ਨੂੰ ਇੱਕ ਦੂਜੀ ਨਾਲ ਜੋੜ ਦੇ, ਤਾਂ ਕਿ ਤੇਰੇ ਲਈ ਇੱਕੋ ਲੱਕੜੀ ਬਣ ਜਾਵੇ ਅਤੇ ਉਹ ਤੇਰੇ ਹੱਥ ਵਿੱਚ ਇੱਕ ਹੋਣਗੀਆਂ। ਜਦ ਤੇਰੇ ਲੋਕਾਂ

ਦੀ ਸੰਤਾਨ ਤੈਨੂੰ ਆਖੇ ਕਿ ਇਹਨਾਂ ਤੋਂ ਤੇਰਾ ਕੀ ਭਾਵ ਹੈ? ਕੀ ਤੂੰ ਸਾਨੂੰ ਨਹੀਂ ਦੱਸੇਂਗਾ? ...ਤੂੰ ਉਹਨਾਂ ਨੂੰ ਬੋਲ ਕਿ ਪ੍ਰਭੂ ਯਹੋਵਾਹ ਇਹ ਆਖਦਾ ਹੈ, ਵੇਖੋ, ਮੈਂ ਇਸਰਾਏਲੀਆਂ ਨੂੰ ਕੌਮਾਂ ਦੇ ਵਿੱਚੋਂ ਜਿੱਥੇ-ਜਿੱਥੇ ਉਹ ਗਏ ਹਨ, ਲਵਾਂਗਾ ਅਤੇ ਹਰ ਪਾਸਿਓਂ ਉਹਨਾਂ ਨੂੰ ਇਕੱਠਾ ਕਰਾਂਗਾ। ਮੈਂ ਉਹਨਾਂ ਨੂੰ ਉਹਨਾਂ ਦੀ ਭੂਮੀ ਵਿੱਚ ਲਿਆਵਾਂਗਾ। ਮੈਂ ਉਹਨਾਂ ਨੂੰ ਉਸ ਦੇਸ ਵਿੱਚ ਇਸਰਾਏਲ ਦੇ ਪਹਾੜਾਂ ਉੱਤੇ **ਇੱਕੋ ਹੀ ਕੌਮ ਬਣਾਵਾਂਗਾ** ਅਤੇ ਉਹਨਾਂ ਸਾਰਿਆਂ ਉੱਤੇ ਰਾਜ ਕਰਨ ਲਈ ਇੱਕੋ ਹੀ ਰਾਜਾ ਹੋਵੇਗਾ, **ਉਹ ਅੱਗੇ ਲਈ ਨਾ ਦੋ ਕੌਮਾਂ ਹੋਣਗੀਆਂ ਅਤੇ ਨਾ ਹੀ ਅੱਗੇ ਨੂੰ ਦੋ ਰਾਜਾਂ ਵਿੱਚ ਵੰਡੇ ਜਾਣਗੇ।**" [ਹਿਜ਼ਕੀ 37:16-18, 21-22]

ਇਸ ਲਈ ਪ੍ਰਭੂ ਯਹੋਵਾਹ ਇਹ ਆਖਦਾ ਹੈ, ਹੁਣ **ਮੈਂ ਯਾਕੂਬ ਨੂੰ ਗੁਲਾਮੀ ਤੋਂ ਫੇਰ ਲਿਆਵਾਂਗਾ** ਅਤੇ **ਇਸਰਾਏਲ ਦੇ ਸਾਰੇ ਘਰਾਣੇ** ਤੇ ਤਰਸ ਖਾਵਾਂਗਾ। ਮੈਂ ਆਪਣੇ ਪਵਿੱਤਰ ਨਾਮ ਦੇ ਲਈ ਅਣਖੀ ਹੋਵਾਂਗਾ।" [ਹਿਜ਼ਕੀ 39:25]

**ਯਹੂਦੀ ਅਤੇ ਇਸਰਾਏਲੀ ਫਿਰ ਇਕੱਠੇ ਹੋਣਗੇ** ਅਤੇ ਉਹ ਆਪਣੇ ਲਈ ਇੱਕ ਆਗੂ ਠਹਿਰਾਉਣਗੇ... [ਹੋਸ਼ੇ 1:11]

### (3) ਇਸਰਾਏਲ ਦਾ ਪੁਨਰ-ਨਿਰਮਾਣ

ਇਸਰਾਏਲ ਨੂੰ ਫਿਰ ਤੋਂ ਇੱਕ ਕੀਤਾ ਜਾਵੇਗਾ ਅਤੇ ਉਸ ਨੂੰ ਉਸ ਦੇ ਆਪਣੇ ਦੇਸ਼ ਵਿੱਚ ਮੁੜ-ਸਥਾਪਿਤ ਕੀਤਾ ਜਾਵੇਗਾ। 1948 ਵਿੱਚ ਬਣੇ ਇਸਰਾਏਲ ਰਾਜ ਅਤੇ ਭਵਿੱਖਬਾਣੀ ਕੀਤੇ ਗਏ ਅੰਤ ਦੇ ਸਮੇਂ ਦੇ ਮੁੜ-ਸਥਾਪਿਤ ਹੋਏ ਇਸਰਾਏਲ ਵਿਚਕਾਰ ਇਹ ਅੰਤਰ ਹੈ ਕਿ ਬਾਈਬਲ ਇਹ ਵਾਪਸ ਆਉਣ ਵਾਲਿਆਂ ਨੂੰ ਵਿਸ਼ਵਾਸੀ ਕਹਿੰਦੀ ਹੈ। ਹਜ਼ਾਰ ਸਾਲ ਦੇ ਰਾਜ ਵਿੱਚ ਇਸਰਾਏਲ ਆਪਣੇ ਮਸੀਹ ਪ੍ਰਤੀ ਸਮਰਪਿਤ ਹੋਵੇਗਾ।

ਇਸ ਤਰ੍ਹਾਂ **ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ।** ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ ਮੁਕਤੀਦਾਤਾ ਆਵੇਗਾ, ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ। ਮੈਂ ਉਹਨਾਂ ਦੇ ਨਾਲ ਇੱਕ ਨੇਮ ਬੰਨ੍ਹਾਂਗਾ, ਜਦੋਂ ਮੈਂ ਉਹਨਾਂ ਦੇ ਸਾਰੇ ਪਾਪਾਂ ਨੂੰ ਦੂਰ ਕਰਾਂਗਾ।" [ਰੋਮੀ 11:26-27]

"ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ **ਉਹ ਸਾਰੀਆਂ ਦੇ ਸਾਰੇ** ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ **ਮੈਨੂੰ ਜਾਣ ਲੈਣਗੇ**, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।" [ਯਿਰ 31:34]

**ਮੈਂ ਤੁਹਾਡੇ ਵਿੱਚੋਂ ਉਹਨਾਂ ਲੋਕਾਂ ਨੂੰ ਜਿਹੜੇ ਮੇਰੇ ਵਿਰੁੱਧ ਬਾਗੀ ਹਨ ਅੱਡ ਕਰਾਂਗਾ,** ਮੈਂ ਉਹਨਾਂ ਨੂੰ ਉਸ ਦੇਸ ਵਿੱਚੋਂ ਜਿੱਥੇ ਉਹ ਪਰਦੇਸੀ ਹਨ, ਬਾਹਰ ਕੱਢ ਲਿਆਵਾਂਗਾ ਪਰ **ਉਹ ਇਸਰਾਏਲ ਦੇ ਦੇਸ ਵਿੱਚ ਨਾ ਵੜਨਗੇ** ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ...ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ, ਮੇਰੇ ਪਵਿੱਤਰ ਪਰਬਤ ਅਰਥਾਤ ਇਸਰਾਏਲ ਦੇ ਉੱਚੇ ਪਰਬਤ ਤੇ **ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ।** ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ ਅਤੇ ਉੱਥੇ ਤੁਹਾਡੀਆਂ ਚੁੱਕਣ ਦੀਆਂ ਭੇਟਾਂ, ਤੁਹਾਡੇ ਚੜ੍ਹਾਵੇ ਦੇ ਪਹਿਲੇ ਫਲ ਅਤੇ ਤੁਹਾਡੀਆਂ ਸਾਰੀਆਂ ਪਵਿੱਤਰ ਵਸਤਾਂ ਮੰਗਾਂਗਾ।" [ਹਿਜ਼ਕੀ 20:38,40]

### (4) ਇਸਰਾਏਲ ਦੀ ਪ੍ਰਮੁੱਖਤਾ

ਹਜ਼ਾਰ ਸਾਲ ਦੇ ਰਾਜ ਦੌਰਾਨ, ਇਸਰਾਏਲ ਪੂਰੇ ਸੰਸਾਰ ਦਾ ਸਭ ਤੋਂ ਸ਼ਕਤੀਸ਼ਾਲੀ ਅਤੇ ਪ੍ਰਮੁੱਖ ਰਾਸ਼ਟਰ ਹੋਵੇਗਾ। ਇਹ ਮੁੱਖ " ਵਿਸ਼ਵ-ਸ਼ਕਤੀ" ਹੋਵੇਗਾ। ਬਹੁਤ ਸਾਰੀਆਂ ਆਇਤਾਂ ਵਿਸ਼ੇਸ਼ ਤੌਰ ਤੇ ਇਹ ਸਿਖਾਉਂਦੀਆਂ ਹਨ ਕਿ ਬਾਕੀ ਸਾਰੀਆਂ ਕੌਮਾਂ ਇਸਰਾਏਲ ਦੇ ਅਧੀਨ ਹੋਣਗੀਆਂ।[72]

ਯਹੋਵਾਹ ਯਾਕੂਬ ਉੱਤੇ ਰਹਮ ਕਰੇਗਾ ਅਤੇ ਇਸਰਾਏਲ ਨੂੰ ਫੇਰ ਚੁਣੇਗਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਭੂਮੀ ਉੱਤੇ ਵਸਾਵੇਗਾ ਅਤੇ ਓਪਰੇ ਉਨ੍ਹਾਂ ਨਾਲ ਮਿਲ ਜਾਣਗੇ ਅਤੇ ਉਹ ਯਾਕੂਬ ਦੇ ਘਰਾਣੇ ਨਾਲ ਜੁੜ ਜਾਣਗੇ। ਲੋਕ ਉਨ੍ਹਾਂ ਨੂੰ ਲੈ ਕੇ ਉਨ੍ਹਾਂ ਦੇ ਥਾਂ ਉੱਤੇ ਪਹੁੰਚਾ ਦੇਣਗੇ ਅਤੇ **ਇਸਰਾਏਲ ਦਾ ਘਰਾਣਾ ਉਨ੍ਹਾਂ ਨੂੰ ਦਾਸ ਅਤੇ ਦਾਸੀਆਂ ਕਰ ਕੇ ਯਹੋਵਾਹ ਦੀ ਭੂਮੀ ਉੱਤੇ ਆਪਣੇ ਵੱਸ ਵਿੱਚ ਰੱਖੇਗਾ ਅਤੇ ਉਹ ਉਨ੍ਹਾਂ ਨੂੰ ਕੈਦੀ ਬਣਾਉਣਗੇ ਜਿਨ੍ਹਾਂ ਦੇ ਉਹ ਕੈਦੀ ਸਨ, ਅਤੇ ਆਪਣੇ ਦੁੱਖ ਦੇਣ ਵਾਲਿਆਂ ਉੱਤੇ ਰਾਜ ਕਰਨਗੇ।** [ਯਸਾ 14:1-2]

ਪ੍ਰਭੂ ਯਹੋਵਾਹ ਇਹ ਫ਼ਰਮਾਉਂਦਾ ਹੈ, ਵੇਖੋ, ਮੈਂ ਆਪਣੇ ਹੱਥ ਕੌਮਾਂ ਲਈ ਉਠਾਵਾਂਗਾ, ਅਤੇ ਲੋਕਾਂ ਲਈ ਆਪਣਾ ਝੰਡਾ ਉੱਚਾ ਕਰਾਂਗਾ, ਅਤੇ ਉਹ ਤੇਰੇ ਪੁੱਤਰਾਂ ਨੂੰ ਕੁੱਛੜ ਚੁੱਕੀ ਲਿਆਉਣਗੇ, ਅਤੇ ਤੇਰੀਆਂ ਧੀਆਂ ਮੋਢਿਆਂ ਉੱਤੇ ਚੁੱਕੀਆਂ ਜਾਣਗੀਆਂ। **ਰਾਜੇ ਤੇਰੇ ਪਾਲਣ ਵਾਲੇ, ਅਤੇ ਉਨ੍ਹਾਂ ਦੀਆਂ ਰਾਣੀਆਂ ਤੇਰੀਆਂ ਦਾਈਆਂ ਹੋਣਗੀਆਂ, ਉਹ ਮੂੰਹ ਭਾਰ ਡਿੱਗ ਕੇ ਤੈਨੂੰ ਮੱਥਾ ਟੇਕਣਗੇ, ਅਤੇ ਤੇਰੇ ਪੈਰਾਂ ਦੀ ਖ਼ਾਕ ਚੱਟਣਗੇ,** ਤਾਂ ਤੂੰ ਜਾਣੇਂਗੀ ਕਿ ਮੈਂ ਯਹੋਵਾਹ ਹਾਂ, ਅਤੇ ਮੇਰੇ ਉਡੀਕਣ

[72] ਯਸਾ 19:21 ਅਤੇ ਜ਼ਕਰ 14:18 ਵਿੱਚ ਮਿਸਰ ਦਾ ਨਾਮ ਦੇ ਨਾਲ ਜ਼ਿਕਰ ਕੀਤਾ ਗਿਆ ਹੈ। ਯਸਾ 19:22-25 ਅੱਸ਼ੂਰ ਦਾ ਹਵਾਲਾ ਦਿੰਦਾ ਹੈ।

ਵਾਲੇ ਕਦੇ ਸ਼ਰਮਿੰਦੇ ਨਾ ਹੋਣਗੇ।"[ਯਸਾ 49:22-23]

"ਸੱਚ-ਮੁੱਚ ਟਾਪੂ ਮੇਰੀ ਉਡੀਕ ਕਰਨਗੇ, ਸਭ ਤੋਂ ਅੱਗੇ ਤਰਸ਼ੀਸ਼ ਦੇ ਜਹਾਜ਼ ਹੋਣਗੇ, ਤਾਂ ਜੋ ਉਹ ਤੇਰੇ ਪੁੱਤਰਾਂ ਨੂੰ ਉਹਨਾਂ ਦੀ ਚਾਂਦੀ ਤੇ ਸੋਨੇ ਸਮੇਤ ਯਹੋਵਾਹ ਤੇਰੇ ਪਰਮੇਸ਼ੁਰ ਅਰਥਾਤ ਇਸਰਾਏਲ ਦੇ ਪਵਿੱਤਰ ਪੁਰਖ ਲਈ ਤੇਰੇ ਕੋਲ ਦੂਰੋਂ ਲਿਆਉਣ, ਕਿਉਂ ਜੋ ਉਸ ਨੇ ਤੈਨੂੰ ਸ਼ਾਨੇ-ਸ਼ੌਕਤ ਨਾਲ ਭਰਿਆ ਹੈ। **ਪਰਦੇਸੀ** ਤੇਰੀਆਂ ਕੰਧਾਂ ਨੂੰ ਉਸਾਰਨਗੇ, ਅਤੇ **ਉਹਨਾਂ ਦੇ ਰਾਜੇ ਤੇਰੀ ਸੇਵਾ ਕਰਨਗੇ**, ਭਾਵੇਂ ਮੈਂ ਤੈਨੂੰ ਆਪਣੇ ਕ੍ਰੋਧ ਵਿੱਚ ਮਾਰਿਆ, ਪਰ ਮੈਂ ਆਪਣੀ ਪ੍ਰਸੰਨਤਾ ਵਿੱਚ ਤੇਰੇ ਉੱਤੇ ਰਹਮ ਕਰਾਂਗਾ।

ਤੇਰੇ ਫਾਟਕ ਸਦਾ ਖੁੱਲ੍ਹੇ ਰਹਿਣਗੇ, ਉਹ ਦਿਨ ਰਾਤ ਬੰਦ ਨਾ ਹੋਣਗੇ, ਤਾਂ ਜੋ ਲੋਕ ਤੇਰੇ ਕੋਲ ਕੌਮਾਂ ਦਾ ਧਨ, ਅਤੇ ਉਹਨਾਂ ਦੇ ਰਾਜਿਆਂ ਨੂੰ ਬੰਦੀ ਬਣਾ ਕੇ ਜਿੱਤ ਦੇ ਜਲੂਸ ਵਿੱਚ ਤੇਰੇ ਕੋਲ ਲਿਆਉਣ। **ਜਿਹੜੀ ਕੌਮ ਅਤੇ ਜਿਹੜਾ ਰਾਜ ਤੇਰੀ ਸੇਵਾ ਨਾ ਕਰੇਗਾ, ਉਹ ਨਾਸ ਹੋ ਜਾਵੇਗਾ,** ਹਾਂ, ਉਹ ਕੌਮਾਂ ਪੂਰੀ ਤਰ੍ਹਾਂ ਹੀ ਬਰਬਾਦ ਹੋ ਜਾਣਗੀਆਂ। ਲਬਾਨੋਨ ਦੀ ਸ਼ਾਨ ਤੇਰੇ ਕੋਲ ਆਵੇਗੀ ਅਰਥਾਤ ਸਰੂ, ਚੀਲ ਅਤੇ ਚਨਾਰ ਤੇਰੇ ਕੋਲ ਇਕੱਠੇ ਕੀਤੇ ਜਾਣਗੇ ਤਾਂ ਜੋ ਉਹ ਮੇਰੇ ਪਵਿੱਤਰ ਸਥਾਨ ਨੂੰ ਸਜਾਉਣ, ਇਸ ਤਰ੍ਹਾਂ ਮੈਂ ਆਪਣੇ ਪੈਰਾਂ ਦੇ ਸਥਾਨ ਨੂੰ ਸ਼ਾਨਦਾਰ ਬਣਾਵਾਂਗਾ। **ਤੈਨੂੰ ਦੁੱਖ ਦੇਣ ਵਾਲਿਆਂ ਦੀ ਸੰਤਾਨ ਤੇਰੇ ਕੋਲ ਸਿਰ ਝੁਕਾ ਕੇ ਆਵੇਗੀ, ਤੈਨੂੰ ਤੁੱਛ ਜਾਣਨ ਵਾਲੇ ਸਾਰੇ ਤੇਰੇ ਪੈਰਾਂ ਉੱਤੇ ਮੱਥਾ ਟੇਕਣਗੇ,** ਉਹ ਤੈਨੂੰ ਯਹੋਵਾਹ ਦਾ ਸ਼ਹਿਰ, ਇਸਰਾਏਲ ਦੇ ਪਵਿੱਤਰ ਪਰਮੇਸ਼ੁਰ ਦਾ ਸੀਯੋਨ ਆਖਣਗੇ।" [ਯਸਾ 60:9-14] (ਆਇਤਾਂ 15-17 ਵੀ ਦੇਖੋ)।

ਪਰਦੇਸੀ ਆ ਖੜ੍ਹੇ ਹੋਣਗੇ ਅਤੇ **ਤੁਹਾਡੇ ਇੱਜੜਾਂ ਨੂੰ ਚਾਰਨਗੇ, ਓਪਰੇ ਤੁਹਾਡੇ ਹਾਲ੍ਹੀ ਤੇ ਮਾਲੀ ਹੋਣਗੇ,** ਪਰ ਤੁਸੀਂ ਯਹੋਵਾਹ ਦੇ ਜਾਜਕ ਕਹਾਓਗੇ, ਲੋਕ ਤੁਹਾਨੂੰ ਸਾਡੇ ਪਰਮੇਸ਼ੁਰ ਦੇ ਸੇਵਕ ਆਖਣਗੇ, **ਤੁਸੀਂ ਕੌਮਾਂ ਦਾ ਧਨ ਖਾਓਗੇ**, ਅਤੇ ਉਹਨਾਂ ਦੇ ਮਾਲ-ਧਨ ਉੱਤੇ ਮਾਣ ਕਰੋਗੇ। [ਯਸਾ 61:5-6]

**ਕੌਮਾਂ ਤੇਰੇ ਧਰਮ ਨੂੰ ਅਤੇ ਸਾਰੇ ਰਾਜ ਤੇਰੀ ਸ਼ਾਨ ਨੂੰ ਵੇਖਣਗੇ,** ਤੂੰ ਇੱਕ ਨਵੇਂ ਨਾਮ ਤੋਂ ਸੱਦੀ ਜਾਵੇਂਗੀ, ਜਿਹੜਾ ਯਹੋਵਾਹ ਦੇ ਮੂੰਹੋਂ ਨਿੱਕਲੇਗਾ। ਤੂੰ ਯਹੋਵਾਹ ਦੇ ਹੱਥ ਵਿੱਚ ਇੱਕ ਸੁਹੱਪਣ ਦਾ ਮੁਕਟ, ਅਤੇ ਆਪਣੇ ਪਰਮੇਸ਼ੁਰ ਦੇ ਹੱਥ ਵਿੱਚ ਇੱਕ ਸ਼ਾਹੀ ਤਾਜ ਹੋਵੇਂਗੀ। ਤੂੰ ਫੇਰ "ਛੱਡੀ ਹੋਈ" ਨਾ ਸਦਾਏਂਗੀ, ਨਾ ਤੇਰੀ ਧਰਤੀ ਫੇਰ "ਉਜਾੜ" ਆਖਵਾਏਗੀ, ਪਰ ਤੂੰ ਹੇਪਸੀਬਾ ਸੱਦੀ ਜਾਵੇਂਗੀ, ਅਰਥਾਤ "ਮੇਰੀ ਭਾਉਣੀ ਉਹ ਦੇ ਵਿੱਚ ਹੈ," ਅਤੇ ਤੇਰੀ ਧਰਤੀ ਬਿਯੂਲਾਹ ਅਰਥਾਤ "ਸੁਹਾਗਣ" ਅਖਵਾਏਗੀ, ਕਿਉਂ ਜੋ ਯਹੋਵਾਹ ਤੇਰੇ ਤੋਂ ਪ੍ਰਸੰਨ ਹੈ, ਅਤੇ ਤੇਰੀ ਧਰਤੀ ਵਿਆਹੀ ਜਾਵੇਗੀ। ਜਿਵੇਂ ਜੁਆਨ ਕੁਆਰੀ ਨੂੰ ਵਿਆਹ ਲੈਂਦਾ ਹੈ, ਉਸੇ ਤਰ੍ਹਾਂ ਤੇਰੇ ਪੁੱਤਰ ਤੈਨੂੰ ਵਿਆਹ ਲੈਣਗੇ, ਅਤੇ ਜਿਵੇਂ ਲਾੜਾ ਆਪਣੀ ਲਾੜੀ ਉੱਤੇ ਅਨੰਦ ਹੁੰਦਾ ਹੈ, ਉਸੇ ਤਰ੍ਹਾਂ ਤੇਰਾ ਪਰਮੇਸ਼ੁਰ ਤੇਰੇ ਉੱਤੇ ਅਨੰਦ ਹੋਵੇਗਾ। [ਯਸਾ 62:2-5]

ਉਸ ਦਿਨ ਉਹ ਅੱਸ਼ੂਰ ਤੋਂ, ਮਿਸਰ ਦੇ ਸ਼ਹਿਰਾਂ ਤੋਂ, ਮਿਸਰ ਤੋਂ ਦਰਿਆ ਤੱਕ, **ਸਮੁੰਦਰ ਤੋਂ ਸਮੁੰਦਰ ਤੱਕ, ਅਤੇ ਪਰਬਤ ਤੋਂ ਪਰਬਤ ਤੱਕ ਤੇਰੇ ਕੋਲ ਆਉਣਗੇ** [ਮੀਕਾ 7:12]

"ਸੈਨਾਂ ਦਾ ਯਹੋਵਾਹ ਇਸ ਤਰ੍ਹਾਂ ਕਹਿੰਦਾ ਹੈ ਕਿ ਉਹਨਾਂ ਦਿਨਾਂ ਵਿੱਚ **ਅਲੱਗ-ਅਲੱਗ ਬੋਲੀ ਦੇ ਬੋਲਣ ਵਾਲੀਆਂ ਕੌਮਾਂ ਦੇ ਦਸ ਮਨੁੱਖ ਇੱਕ ਯਹੂਦੀ ਦਾ ਪੱਲਾ ਫੜ੍ਹਨਗੇ** ਅਤੇ ਆਖਣਗੇ ਕਿ ਅਸੀਂ ਤੁਹਾਡੇ ਨਾਲ ਚੱਲਾਂਗੇ, ਕਿਉਂ ਜੋ ਅਸੀਂ ਸੁਣਿਆ ਹੈ ਕਿ ਪਰਮੇਸ਼ੁਰ ਤੁਹਾਡੇ ਨਾਲ ਹੈ।" [ਜ਼ਕਰ 8:23]

ਰਾਜ ਵਿੱਚ ਮਹਿਮਾਮਈ ਸੰਤ ਸ਼ਾਸਕ ਹੋਣਗੇ। ਮਹਿਮਾ-ਰਹਿਤ ਲੋਕਾਂ ਵਿੱਚ, ਗ਼ੈਰ-ਯਹੂਦੀ ਲੋਕ ਯਹੂਦੀਆਂ ਦੀ ਸੇਵਾ ਕਰਨਗੇ। ਇਸਰਾਏਲ ਦੀ ਪ੍ਰਮੁੱਖਤਾ ਦਾ ਮੁੱਖ ਕਾਰਨ ਇਹੀ ਹੋਵੇਗਾ ਕਿ ਖ਼ੁਦ ਪਰਮੇਸ਼ਰ ਉਹਨਾਂ ਦੇ ਵਿਚਕਾਰ ਮੌਜੂਦ ਹੋਣਗੇ।

### (5) ਇਸਰਾਏਲ ਵਿੱਚ ਪਰਮੇਸ਼ਰ ਦੀ ਮੌਜੂਦਗੀ

ਨਬੀ ਇਹ ਭਵਿੱਖਬਾਣੀ ਕਰਦੇ ਹਨ ਕਿ ਆਉਣ ਵਾਲੇ ਰਾਜ ਵਿੱਚ ਪਰਮੇਸ਼ਰ ਖ਼ੁਦ ਇਸਰਾਏਲ ਵਿੱਚ ਵੱਸਣਗੇ। ਇਹ ਸਾਰੇ ਵਚਨ ਅਸਿੱਧੇ ਤੌਰ ਤੇ ਮਸੀਹ ਦੇ ਪਰਮੇਸ਼ਰ ਹੋਣ ਦਾ ਸੰਕੇਤ ਦਿੰਦੇ ਹਨ। ਇਹ ਵਚਨ ਹਜ਼ਾਰ ਸਾਲ ਵਿੱਚ ਇਸਰਾਏਲ ਦੇ ਬਾਕੀ ਦੇ ਸੰਸਾਰ ਉੱਤੇ ਸ਼ਾਸਕ ਹੋਣ ਦਾ ਵੀ ਸਪਸ਼ਟੀਕਰਨ ਕਰ ਦਿੰਦੇ ਹਨ। ਪਰਮੇਸ਼ਰ ਖ਼ੁਦ ਇਸਰਾਏਲ ਵਿੱਚ ਵੱਸਣਗੇ।[73]

ਤਦ ਤੁਸੀਂ ਜਾਣੋਗੇ ਕਿ **ਮੈਂ ਯਹੋਵਾਹ ਤੁਹਾਡਾ ਪਰਮੇਸ਼ੁਰ ਹਾਂ, ਜੋ ਆਪਣੇ ਪਵਿੱਤਰ ਪਰਬਤ ਸੀਯੋਨ ਵਿੱਚ ਵੱਸਦਾ ਹਾਂ,** ਯਰੂਸ਼ਲਮ ਪਵਿੱਤਰ ਹੋਵੇਗਾ, ਅਤੇ ਓਪਰੇ ਉਸ ਦੇ ਵਿੱਚੋਂ ਫੇਰ ਕਦੇ ਨਾ ਲੰਘਣਗੇ। [ਯੋਏਲ 3:17]

ਬਚਾਉਣ ਵਾਲੇ ਸੀਯੋਨ ਪਰਬਤ ਉੱਤੇ ਜਾਣਗੇ, ਤਾਂ ਜੋ ਉਹ

[73] ਹੋਰ ਆਇਤਾਂ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਮਸੀਹ ਦੇ ਪਰਮੇਸ਼ਰ ਹੋਣ ਨੂੰ ਸਥਾਪਿਤ ਕਰਦੀਆਂ ਹਨ ਉਹ ਹਨ:: (ਜ਼ਬੂਰ 2:7,12; 45:6-7; 72:2-8,17; 110:1; ਯਸਾ 7:14; 9:6; 40:3 ਅਤੇ 10; ਯਿਰ 23:5-6; ਦਾਨੀ 7:13-14; ਮੀਕਾਹ 5:2; ਜ਼ਕਰ 12:10; ਮਲਾਕੀ 3:1)।

ਏਸਾਓ ਦੇ ਪਰਬਤ ਦਾ ਨਿਆਂ ਕਰਨ ਅਤੇ **ਰਾਜ ਯਹੋਵਾਹ ਦਾ ਹੋਵੇਗਾ।** [ਓਬਦ ਆਇਤ 21]

ਬਹੁਤੀਆਂ ਕੌਮਾਂ ਆਉਣਗੀਆਂ ਅਤੇ ਆਖਣਗੀਆਂ, "ਆਓ, ਅਸੀਂ ਯਹੋਵਾਹ ਦੇ ਪਰਬਤ ਉੱਤੇ ਚੜ੍ਹੀਏ, ਅਤੇ ਯਾਕੂਬ ਦੇ ਪਰਮੇਸ਼ੁਰ ਦੇ ਭਵਨ ਨੂੰ ਜਾਈਏ, ਤਾਂ ਜੋ ਉਹ ਸਾਨੂੰ ਆਪਣੇ ਰਾਹ ਵਿਖਾਵੇ, ਅਤੇ ਅਸੀਂ ਉਹ ਦੇ ਮਾਰਗਾਂ ਵਿੱਚ ਚੱਲੀਏ," **ਕਿਉਂ ਜੋ ਬਿਵਸਥਾ ਸੀਯੋਨ ਤੋਂ, ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ ਨਿੱਕਲੇਗਾ।** ਉਹ ਬਹੁਤੀਆਂ ਉੱਮਤਾਂ ਦਾ ਨਿਆਂ ਕਰੇਗਾ, ਅਤੇ ਦੂਰ-ਦੂਰ ਦੀਆਂ ਤਕੜੀਆਂ ਕੌਮਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫਾਲੇ ਬਣਾਉਣਗੇ, ਅਤੇ ਆਪਣੇ ਬਰਛੀਆਂ ਨੂੰ ਦਾਤ। ਕੌਮ, ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ...ਅਤੇ **ਯਹੋਵਾਹ ਸੀਯੋਨ ਪਰਬਤ ਉੱਤੋਂ ਉਹਨਾਂ ਉੱਤੇ ਰਾਜ ਕਰੇਗਾ, - ਹਾਂ, ਹੁਣ ਤੋਂ ਲੈ ਕੇ ਸਦਾ ਤੱਕ**।" [ਮੀਕਾ 4:2-3, 7c] (ਯਸਾ 2:2-4ਵੀ ਦੇਖੋ)।

ਹੇ ਸੀਯੋਨ ਦੀਏ ਧੀਏ, ਉੱਚੀ ਅਵਾਜ਼ ਨਾਲ ਗਾ, ਹੇ ਇਸਰਾਏਲ, ਜੈਕਾਰਾ ਗਜਾ, ਹੇ ਯਰੂਸ਼ਲਮ ਦੀਏ ਧੀਏ, ਸਾਰੇ ਦਿਲ ਨਾਲ ਅਨੰਦ ਕਰ ਅਤੇ ਮਗਨ ਹੋ! ਯਹੋਵਾਹ ਨੇ ਤੇਰੇ ਦੰਡ ਨੂੰ ਦੂਰ ਕੀਤਾ ਹੈ, ਉਹ ਨੇ ਤੇਰੇ ਵੈਰੀ ਨੂੰ ਕੱਢ ਦਿੱਤਾ ਹੈ, **ਇਸਰਾਏਲ ਦਾ ਰਾਜਾ, ਹਾਂ, ਯਹੋਵਾਹ ਤੇਰੇ ਵਿਚਕਾਰ ਹੈ,** ਤੂੰ ਫੇਰ ਬਿਪਤਾ ਤੋਂ ਨਾ ਡਰੇਂਗੀ। ਉਸ ਦਿਨ ਯਰੂਸ਼ਲਮ ਨੂੰ ਆਖਿਆ ਜਾਵੇਗਾ, "ਹੇ ਸੀਯੋਨ! ਨਾ ਡਰ, ਤੇਰੇ ਹੱਥ ਢਿੱਲੇ ਨਾ ਪੈ ਜਾਣ!" **ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿਚਕਾਰ ਹੈ**..." [ ਸਫ਼ਨ3:14-17a]

"ਹੇ ਸੀਯੋਨ ਦੀਏ ਧੀਏ, ਜੈਕਾਰਾ ਗਜਾ ਅਤੇ ਅਨੰਦ ਹੋ ਕਿਉਂ ਜੋ ਦੇਖ, **ਮੈਂ ਆ ਕੇ ਤੇਰੇ ਵਿੱਚ ਵੱਸਾਂਗਾ, ਯਹੋਵਾਹ ਦਾ ਵਾਕ ਹੈ**...ਯਹੋਵਾਹ ਯਹੂਦਾਹ ਨੂੰ ਪਵਿੱਤਰ ਭੂਮੀ ਉੱਤੇ ਆਪਣੀ ਮਿਲਖ਼ ਦਾ ਹਿੱਸਾ ਠਹਿਰਾਵੇਗਾ ਅਤੇ ਯਰੂਸ਼ਲਮ ਨੂੰ ਫੇਰ ਚੁਣੇਗਾ।" [ਜ਼ਕਰ 2:10, 12]

"ਸੈਨਾਂ ਦਾ ਯਹੋਵਾਹ ਇਸ ਤਰ੍ਹਾਂ ਆਖਦਾ ਹੈ ਕਿ ਮੈਂ ਸੀਯੋਨ ਲਈ ਵੱਡੀ ਅਣਖ ਨਾਲ ਅਣਖੀ ਹਾਂ, ਸਗੋਂ ਮੈਂ ਉਹ ਦੇ ਲਈ ਵੱਡੇ ਕ੍ਰੋਧ ਨਾਲ ਅਣਖੀ ਹਾਂ। ਯਹੋਵਾਹ ਇਸ ਤਰ੍ਹਾਂ ਆਖਦਾ ਹੈ, **ਮੈਂ ਸੀਯੋਨ ਵੱਲ ਵਾਪਸ ਆ ਕੇ ਯਰੂਸ਼ਲਮ ਦੇ ਵਿਚਕਾਰ ਵੱਸਾਂਗਾ** ਅਤੇ ਯਰੂਸ਼ਲਮ "ਵਫ਼ਾਦਾਰ ਨਗਰੀ" ਅਤੇ ਸੈਨਾਂ ਦੇ ਯਹੋਵਾਹ ਦਾ ਪਰਬਤ "ਪਵਿੱਤਰ ਪਰਬਤ" ਕਹਾਵੇਗਾ।" [ਜ਼ਕਰ 8:2-3]

ਤਾਂ **ਯਹੋਵਾਹ** ਨਿੱਕਲੇਗਾ ਅਤੇ ਉਹਨਾਂ ਕੌਮਾਂ ਨਾਲ ਯੁੱਧ ਕਰੇਗਾ, ਜਿਵੇਂ ਯੁੱਧ ਦੇ ਦਿਨ ਲੜਦਾ ਸੀ। ਉਸ ਦਿਨ **ਉਸ ਦੇ ਪੈਰ ਜ਼ੈਤੂਨ ਦੇ ਪਰਬਤ ਉੱਤੇ ਖੜੇ ਹੋਣਗੇ,** ਜਿਹੜਾ ਯਰੂਸ਼ਲਮ ਦੇ ਅੱਗੇ ਪੂਰਬ ਵੱਲ ਹੈ ਅਤੇ ਜ਼ੈਤੂਨ ਦਾ ਪਰਬਤ ਪੂਰਬ ਤੋਂ ਪੱਛਮ ਤੱਕ ਵਿੱਚੋਂ ਪਾਟ ਜਾਵੇਗਾ ਅਤੇ ਇੱਕ ਬਹੁਤ ਵੱਡੀ ਘਾਟੀ ਹੋ ਜਾਵੇਗੀ, ਅੱਧਾ ਪਰਬਤ ਉੱਤਰ ਨੂੰ ਅਤੇ ਅੱਧਾ ਦੱਖਣ ਨੂੰ ਸਰਕ ਜਾਵੇਗਾ...**ਸਾਰੀ ਧਰਤੀ ਉੱਤੇ ਯਹੋਵਾਹ ਹੀ ਪਾਤਸ਼ਾਹ ਹੋਵੇਗਾ**, ਉਸ ਦਿਨ ਯਹੋਵਾਹ ਇੱਕੋ ਹੀ ਹੋਵੇਗਾ ਅਤੇ ਉਸ ਦਾ ਨਾਮ ਇੱਕ ਹੀ ਹੋਵੇਗਾ। [ਜ਼ਕਰ 14:3-4, 9]

### (6) ਯਰੂਸ਼ਲਮ ਵਿਸ਼ਵ ਰਾਜਧਾਨੀ

ਯਰੂਸ਼ਲਮ ਰਾਜਨੀਤਕ ਅਤੇ ਆਤਮਿਕ ਤੌਰ ਤੇ ਇੱਕ ਵਿਸ਼ਵ ਸ਼ਕਤੀ ਦਾ ਕੇਂਦਰ ਹੋਵੇਗਾ। ਸਾਰਾ ਸੰਸਾਰ ਯਰੂਸ਼ਲਮ ਤੋਂ ਚਲਾਇਆ ਜਾਵੇਗਾ।

ਆਮੋਸ ਦੇ ਪੁੱਤਰ ਯਸਾਯਾਹ ਦਾ ਬਚਨ ਜਿਹੜਾ ਉਸ ਨੇ ਯਹੂਦਾਹ ਅਤੇ ਯਰੂਸ਼ਲਮ ਦੇ ਵਿਖੇ ਦਰਸ਼ਣ ਵਿੱਚ ਵੇਖਿਆ। ਆਖਰੀ ਦਿਨਾਂ ਦੇ ਵਿੱਚ ਅਜਿਹਾ ਹੋਵੇਗਾ ਕਿ ਯਹੋਵਾਹ ਦੇ ਭਵਨ ਦਾ ਪਰਬਤ ਪਰਬਤਾਂ ਦੇ ਸਿਰੇ ਉੱਤੇ ਕਾਇਮ ਕੀਤਾ ਜਾਵੇਗਾ, ਅਤੇ ਉਹ ਪਹਾੜੀਆਂ ਤੋਂ ਉੱਚਾ ਕੀਤਾ ਜਾਵੇਗਾ, ਅਤੇ ਸਭ ਕੌਮਾਂ ਧਾਰ ਵਾਂਗੂੰ ਉਸ ਦੇ ਵੱਲ ਵਗਣਗੀਆਂ। ਬਹੁਤੀਆਂ ਉੱਮਤਾਂ ਆਉਣਗੀਆਂ ਅਤੇ ਆਖਣਗੀਆਂ, ਆਓ, ਅਸੀਂ ਯਹੋਵਾਹ ਦੇ ਪਰਬਤ ਉੱਤੇ, ਯਾਕੂਬ ਦੇ ਪਰਮੇਸ਼ੁਰ ਦੇ ਭਵਨ ਵੱਲ ਚੜ੍ਹੀਏ, ਤਾਂ ਜੋ ਉਹ ਸਾਨੂੰ ਰਾਹ ਵਿਖਾਵੇ, ਅਤੇ ਅਸੀਂ ਉਹ ਦੇ ਰਾਹਾਂ ਵਿੱਚ ਚੱਲੀਏ, **ਕਿਉਂ ਜੋ ਬਿਵਸਥਾ ਸੀਯੋਨ ਤੋਂ ਨਿੱਕਲੇਗੀ, ਅਤੇ ਯਹੋਵਾਹ ਦਾ ਬਚਨ ਯਰੂਸ਼ਲਮ ਤੋਂ।** ਉਹ ਕੌਮਾਂ ਵਿੱਚ ਨਿਆਂ ਕਰੇਗਾ, ਅਤੇ ਬਹੁਤੀਆਂ ਉੱਮਤਾਂ ਦਾ ਫ਼ੈਸਲਾ ਕਰੇਗਾ, ਉਹ ਆਪਣੀਆਂ ਤਲਵਾਰਾਂ ਨੂੰ ਕੁੱਟ ਕੇ ਹੱਲ ਦੇ ਫ਼ਾਲ ਅਤੇ ਆਪਣੇ ਬਰਛਿਆਂ ਨੂੰ ਦਾਤੀਆਂ ਬਣਾਉਣਗੇ। ਕੌਮ-ਕੌਮ ਉੱਤੇ ਤਲਵਾਰ ਨਹੀਂ ਚੁੱਕੇਗੀ, ਅਤੇ ਉਹ ਫੇਰ ਕਦੀ ਵੀ ਲੜਾਈ ਨਾ ਸਿੱਖਣਗੇ। [ਯਸਾ 2:1-4] (ਮੀਕਾ 4:1-3 ਵੀ ਦੇਖੋ)

ਹੇ ਯਰੂਸ਼ਲਮ, ਮੈਂ ਤੇਰੀਆਂ ਕੰਧਾਂ ਉੱਤੇ ਰਾਖੇ ਲਾਏ ਹਨ, ਸਾਰਾ ਦਿਨ ਅਤੇ ਸਾਰੀ ਰਾਤ ਉਹ ਕਦੀ ਚੁੱਪ ਨਾ ਰਹਿਣਗੇ, ਤੁਸੀਂ ਜਿਹੜੇ ਯਹੋਵਾਹ ਨੂੰ ਪੁਕਾਰਦੇ ਹੋ ਅਰਾਮ ਨਾ ਕਰੋ! ਅਤੇ ਉਹ ਨੂੰ ਅਰਾਮ ਨਾ ਕਰਨ ਦਿਓ, **ਜਦ ਤੱਕ ਉਹ ਯਰੂਸ਼ਲਮ ਨੂੰ ਧਰਤੀ ਉੱਤੇ ਉਸਤਤ ਲਈ ਕਾਇਮ ਨਾ ਕਰੇ!** [ਯਸਾ 62:6-7]

"ਉਸ ਵੇਲੇ ਉਹ **ਯਰੂਸ਼ਲਮ ਨੂੰ "ਯਹੋਵਾਹ ਦਾ ਸਿੰਘਾਸਣ" ਆਖਣਗੇ ਅਤੇ ਉਹ ਦੇ ਕੋਲ ਯਹੋਵਾਹ ਦੇ ਨਾਮ ਉੱਤੇ**

**ਸਾਰੀਆਂ ਕੌਮਾਂ ਯਰੂਸ਼ਲਮ ਵਿੱਚ ਇਕੱਠੀਆਂ ਹੋਣਗੀਆਂ**..." [ਯਿਰ 3:17]

"ਬਹੁਤ ਸਾਰੇ ਲੋਕ ਅਤੇ **ਸ਼ੂਰਬੀਰ ਕੌਮਾਂ ਸੈਨਾਂ ਦੇ ਯਹੋਵਾਹ ਨੂੰ ਭਾਲਣ ਲਈ ਯਰੂਸ਼ਲਮ ਵਿੱਚ ਆਉਣਗੀਆਂ** ਅਤੇ ਯਹੋਵਾਹ ਦੇ ਅੱਗੇ ਬੇਨਤੀ ਕਰਨਗੀਆਂ।" [ਜ਼ਕਰ 8:22]

ਇਸ ਤਰ੍ਹਾਂ ਹੋਵੇਗਾ ਕਿ ਜੋ ਸਾਰੀਆਂ ਕੌਮਾਂ ਵਿੱਚੋਂ ਜਿਹੜੀਆਂ ਯਰੂਸ਼ਲਮ ਦੇ ਵਿਰੁੱਧ ਆਈਆਂ ਹਨ ਬਾਕੀ ਰਹਿ ਜਾਣਗੀਆਂ, ਉਹ ਹਰ ਸਾਲ ਸੈਨਾਂ ਦੇ ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ ਅਤੇ ਡੇਰਿਆਂ ਦਾ ਪਰਬ ਮਨਾਉਣ ਲਈ ਉਤਾਂਹਾਂ ਨੂੰ ਜਾਣਗੀਆਂ। ਅਤੇ ਇਸ ਤਰ੍ਹਾਂ ਹੋਵੇਗਾ ਜਿਹੜਾ ਧਰਤੀ ਦੇ ਪਰਿਵਾਰਾਂ ਵਿੱਚੋਂ ਸੈਨਾਂ ਦੇ **ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ ਯਰੂਸ਼ਲਮ ਨੂੰ** ਨਾ ਆਵੇਗਾ ਉਹ ਦੇ ਉੱਤੇ ਮੀਂਹ ਨਾ ਪਵੇਗਾ।[74] [ਜ਼ਕਰ 14:16-17]

### 5. ਆਤਮਿਕ ਹਾਲਾਤ

a. ਸ਼ੈਤਾਨ ਨੂੰ ਪੂਰੇ ਇੱਕ ਹਜ਼ਾਰ ਸਾਲ ਦੇ ਲਈ ਬੰਨ੍ਹਿਆ ਗਿਆ ਹੈ (ਦੇਖੋ, ਪ੍ਰਕਾਸ਼ 20:1-3)। ਹਾਲਾਂਕਿ ਪਾਪ ਦਾ ਸੁਭਾਅ ਫਿਰ ਵੀ ਮੌਜੂਦ ਹੋਵੇਗਾ, ਪਰ ਸ਼ੈਤਾਨ ਦਾ ਅਥਾਹ ਕੁੰਡ ਵਿੱਚ ਕੈਦ ਹੋਣਾ ਰਾਜ ਦੇ ਲੋਕਾਂ ਵਿੱਚ ਆਤਮਿਕ ਸੁਧਾਰ ਦਾ ਕਾਰਨ ਬਣੇਗਾ।

b. ਸਰਾਪ ਇੱਕ ਅੰਸ਼ਕ ਤੌਰ ਤੇ ਖ਼ਤਮ ਹੋ ਜਾਵੇਗਾ (ਪਿਛਲੇ ਭਾਗ ਨੂੰ ਦੇਖੋ, ਮਿਲੇਨੀਅਮ ਦੀਆਂ ਆਮ ਸ਼ਰਤਾਂ ਦਾ ਉਪ-ਭਾਗ "ਸਰਾਪ ਨੂੰ ਅੰਸ਼ਕ ਤੌਰ ਉੱਤੇ ਹਟਾਉਣਾ")।

c. ਪਰਮੇਸ਼ਰ ਦੇ ਪੁੱਤਰ (ਯਿਸੂ) ਧਰਤੀ ਉੱਤੇ ਵੱਸਣਗੇ (ਪਿਛਲੇ ਭਾਗ ਨੂੰ ਦੇਖੋ, "ਇਸਰਾਏਲ ਵਿੱਚ ਪਰਮੇਸ਼ਰ ਦੀ ਮੌਜੂਦਗੀ")।

d. ਸਾਰੇ ਅਵਿਸ਼ਵਾਸੀ ਲੋਕ ਰਾਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸ ਵਿੱਚੋਂ ਬਾਹਰ ਰੱਖੇ ਜਾਣਗੇ (ਦੇਖੋ, ਇਸਰਾਏਲ ਦਾ ਨਿਆਂ" ਅਤੇ "ਕੌਮਾਂ ਦਾ ਨਿਆਂ" ਅਤੇ "ਬਿਪਤਾ ਤੋਂ ਰਾਜ ਵਿੱਚ ਤਬਦੀਲੀ")।

ਇਹ ਸੱਚ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਜਨਮ ਲੈਣ ਵਾਲੇ ਕੁਝ ਲੋਕ ਮਸੀਹ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਨਗੇ। ਫਿਰ ਵੀ, ਹਜ਼ਾਰ ਸਾਲ ਦੇ ਰਾਜ ਵਿੱਚ ਮੁਕਤੀ ਪਾਉਣ ਵਾਲਿਆਂ ਦੀ ਗਿਣਤੀ ਅੱਜ ਦੇ ਯੁੱਗ ਦੀ ਤੁਲਨਾ ਵਿੱਚ ਬਹੁਤ ਜ਼ਿਆਦਾ ਹੋਵੇਗੀ ਕਿਉਂਕਿ ਇਸ ਯੁੱਗ ਵਿੱਚ ਵਿਸ਼ਵਾਸੀਆਂ ਦੀ ਗਿਣਤੀ ਬਹੁਤ ਘੱਟ ਹੈ। ਇਹ ਤੱਥ ਕਿ ਬਹੁਤ ਸਾਰੇ ਲੋਕ ਵਿਸ਼ਵਾਸੀ ਹੋਣਗੇ, ਹਜ਼ਾਰ ਸਾਲ ਦੇ ਰਾਜ ਨੂੰ ਮਨੁੱਖ ਦੇ ਇਤਿਹਾਸ ਵਿੱਚ ਆਤਮਿਕਤਾ ਦਾ ਇੱਕ ਸਭ ਤੋਂ ਵੱਡਾ ਸਮਾਂ ਬਣਾ ਦੇਵੇਗਾ।

[74] ਫਿਰ ਤੋਂ ਇਹ ਧਿਆਨ ਦਿਓ ਕਿ ਹਜ਼ਾਰ ਸਾਲ ਵਿੱਚ ਮਿਸਰ ਅਤੇ ਅੱਸ਼ੂਰ ਦੇ ਬਚਾਏ ਗਏ ਲੋਕਾਂ ਦਾ ਹਵਾਲਾ ਹੈ (ਯਸਾ 19:21-25 ਅਤੇ ਜ਼ਕਰ 14:18)।

### e. ਪਵਿੱਤਰ ਆਤਮਾ ਦਾ ਭਰਪੂਰ ਮਸਹ

ਇਹ ਇੱਕ ਦਿਲਚਸਪ ਵਿਸ਼ਾ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਪਵਿੱਤਰ ਆਤਮਾ ਦੇ ਕੰਮ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਕੀਤੀ ਜਾਵੇ। ਹਜ਼ਾਰ ਸਾਲ ਦੇ ਰਾਜ ਵਿੱਚ ਪਵਿੱਤਰ ਆਤਮਾ ਦੀ ਸੇਵਕਾਈ ਉਵੇਂ ਨਹੀਂ ਲੱਗਦੀ ਜਿਵੇਂ ਉਹ ਬਿਵਸਥਾ ਦੇ ਯੁੱਗ ਵਿੱਚ ਸੀ ਜਾਂ ਜਿਵੇਂ ਉਹ ਕਲੀਸਿਯਾ ਦੇ ਇਸ ਯੁੱਗ ਵਿੱਚ ਹੈ। ਯਸਾਯਾਹ ਨੇ ਇਹ ਭਵਿੱਖਬਾਣੀ ਕੀਤੀ ਸੀ ਕਿ ਪਵਿੱਤਰ ਆਤਮਾ ਮਸੀਹ ਦੇ ਰਾਜ ਵਿੱਚ ਉਹਨਾਂ ਦੀ ਅਗਵਾਈ ਦੇਵੇਗਾ।

> ਯੱਸੀ ਦੇ ਟੁੰਡ ਤੋਂ ਇੱਕ ਟਾਹਣੀ ਫੁੱਟ ਨਿੱਕਲੇਗੀ, ਅਤੇ ਉਹ ਦੀਆਂ ਜੜ੍ਹਾਂ ਵਿੱਚੋਂ ਇੱਕ ਟਹਿਣੀ ਨਿੱਕਲ ਕੇ ਫਲ ਦੇਵੇਗੀ। **ਯਹੋਵਾਹ ਦਾ ਆਤਮਾ ਉਸ ਉੱਤੇ ਠਹਿਰੇਗਾ**...[ਯਸਾ 11:1-2a]

ਮਸੀਹ ਨੂੰ ਬੁੱਧੀਮਾਨ ਅਤੇ ਧਰਮੀ ਢੰਗ ਨਾਲ ਰਾਜ ਕਰਨ ਦੀ ਯੋਗਤਾ ਪ੍ਰਦਾਨ ਕਰਨ ਦੇ ਨਾਲ-ਨਾਲ, ਪਰਮੇਸ਼ਰ ਰਾਜ ਦੇ ਸਾਰੇ ਸੰਤਾਂ ਉੱਤੇ ਵੀ ਭਰਪੂਰੀ ਨਾਲ ਪਵਿੱਤਰ ਆਤਮਾ ਵਹਾਉਣਗੇ।

> **ਜਦੋਂ ਤੱਕ ਸਾਡੇ ਉੱਤੇ ਉੱਪਰੋਂ ਪਰਮੇਸ਼ੁਰ ਦਾ ਆਤਮਾ ਵਹਾਇਆ ਨਾ ਜਾਵੇ**...[ਯਸਾ 32:15]
>
> "ਮੈਂ ਤਾਂ ਤਿਹਾਈ ਜ਼ਮੀਨ ਉੱਤੇ ਪਾਣੀ, ਅਤੇ ਸੁੱਕੀ ਸੜੀ ਭੂਮੀ ਉੱਤੇ ਨਦੀਆਂ ਵਗਾਵਾਂਗਾ, **ਮੈਂ ਆਪਣਾ ਆਤਮਾ ਤੇਰੀ ਅੰਸ ਉੱਤੇ**, ਅਤੇ ਤੇਰੀ ਸੰਤਾਨ ਉੱਤੇ ਆਪਣੀ ਬਰਕਤ **ਵਹਾਵਾਂਗਾ**..." [ਯਸਾ 44:3]
>
> "ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ। ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ। **ਮੈਂ ਆਤਮਾ ਤੁਹਾਡੇ ਵਿੱਚ ਦਿਆਂਗਾ** ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ। ਤੁਸੀਂ ਮੇਰੇ ਨਿਆਂਵਾਂ ਦੀ ਪਾਲਣਾ ਕਰੋਗੇ ਅਤੇ ਉਹਨਾਂ ਤੇ ਅਮਲ ਕਰੋਗੇ।" [ਹਿਜ਼ਕੀ 36:26-27]
>
> "ਮੈਂ ਫੇਰ ਕਦੀ ਉਹਨਾਂ ਤੋਂ ਆਪਣਾ ਮੂੰਹ ਨਾ ਲੁਕਾਵਾਂਗਾ ਜਦ **ਮੈਂ ਆਪਣਾ ਆਤਮਾ ਇਸਰਾਏਲ ਦੇ ਘਰਾਣੇ ਉੱਤੇ ਵਹਾਵਾਂਗਾ**, ਪ੍ਰਭੂ ਯਹੋਵਾਹ ਦਾ ਵਾਕ ਹੈ। [ਹਿਜ਼ਕੀ 39:29]

ਰਾਜ ਵਿੱਚ ਪਵਿੱਤਰ ਆਤਮਾ ਦੀ ਭੂਮਿਕਾ ਬਾਰੇ ਯੋਏਲ 2:28-29 ਸ਼ਾਇਦ ਸਭ ਤੋਂ ਮਹੱਤਵਪੂਰਣ ਵਚਨ ਹੈ। ਪਤਰਸ ਨੇ ਪੰਤੇਕੁਸਤ ਦੇ ਦਿਨ ਇਸ ਦਾ ਹਵਾਲਾ ਦਿੱਤਾ ਸੀ (ਦੇਖੋ, ਰਸੂਲਾਂ 2:16ff.)। ਇਸ ਗੱਲ ਉੱਤੇ ਧਿਆਨ ਦੇਣਾ ਮਹੱਤਵਪੂਰਣ ਹੈ ਕਿ ਰਸੂਲਾਂ ਦੇ ਪੰਤੇਕੁਸਤ ਦੇ ਦਿਨ

ਦੇ ਅਨੁਭਵ ਯੋਏਲ 2:28-29 ਨੂੰ ਦਰਸਾਉਂਦੇ ਤਾਂ ਹਨ, ਪਰ ਉਹ ਖ਼ਾਸ ਤੌਰ ਤੇ ਅਤੇ ਪੂਰੀ ਤਰ੍ਹਾਂ ਯੋਏਲ ਦੀਆਂ ਸਾਰੀਆਂ ਭਵਿੱਖਬਾਣੀਆਂ ਨੂੰ ਪੂਰਾ ਨਹੀਂ ਕਰਦੇ ਹਨ। ਪੰਤੇਕੁਸਤ ਦੇ ਦਿਨ ਨਾ ਤਾਂ ਬ੍ਰਹਿਮੰਡੀ ਅਚੰਭੇ ਚਿੰਨ੍ਹ ਦਿਖਾਈ ਦਿੱਤੇ ਸਨ, ਨਾ ਸੂਰਜ ਹਨ੍ਹੇਰਾ ਹੋਇਆ ਸੀ, ਅਤੇ ਨਾ ਹੀ ਕੌਮਾਂ ਦੇ ਨਿਆਂ ਦੀ ਕੋਈ ਘਟਨਾ ਨਹੀਂ ਹੋਈ ਸੀ (ਯੋਏਲ 2:28-29 ਅਤੇ 2:30-3:2 ਦੇ ਸੰਦਰਭ ਨੂੰ ਦੇਖੋ)। ਇਸ ਤਰ੍ਹਾਂ, ਯੋਏਲ 2:28-29 **ਕਲੀਸਿਯਾ ਦੇ ਯੁੱਗ ਬਾਰੇ ਨਹੀਂ** ਪਰ ਧਰਤੀ ਉੱਤੇ ਮਸੀਹ ਦੇ ਭਵਿੱਖ ਦੇ ਰਾਜ ਬਾਰੇ ਭਵਿੱਖਬਾਣੀ ਕਰਦਾ ਹੈ (ਇਸ ਭਵਿੱਖਬਾਣੀ ਦੇ ਸਮੇਂ ਦੇ ਬਾਰੇ ਜਾਨਣ ਦੇ ਲਈ ਯੋਏਲ 2:30-3:2 ਦੇਖੋ)।

> "ਇਸ ਤੋਂ ਬਾਅਦ ਅਜਿਹਾ ਹੋਵੇਗਾ, ਕਿ **ਮੈਂ ਆਪਣਾ ਆਤਮਾ ਸਾਰੇ ਸਰੀਰਾਂ ਉੱਤੇ ਵਹਾਵਾਂਗਾ,** ਤੁਹਾਡੇ ਪੁੱਤਰ ਅਤੇ ਤੁਹਾਡੀਆਂ ਧੀਆਂ ਭਵਿੱਖਬਾਣੀ ਕਰਨਗੇ, ਤੁਹਾਡੇ ਬਜ਼ੁਰਗ ਸੁਫ਼ਨੇ ਵੇਖਣਗੇ ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ। ਸਗੋਂ ਮੈਂ ਤੁਹਾਡੇ ਦਾਸਾਂ ਅਤੇ ਦਾਸੀਆਂ ਉੱਤੇ ਵੀ, **ਉਨ੍ਹਾਂ ਦਿਨਾਂ ਵਿੱਚ ਆਪਣਾ ਆਤਮਾ ਵਹਾਵਾਂਗਾ।**" [ਯੋਏਲ 2:28-29]

ਹਾਲਾਂਕਿ ਇਸ ਬਾਰੇ ਹਵਾਲਿਆਂ ਦੀ ਘਾਟ ਦੇ ਕਾਰਨ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਹੈ, ਪਰ ਇਹ ਸੰਭਵ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਪਵਿੱਤਰ ਆਤਮਾ ਦਾ ਕੰਮ ਉਸ ਕੰਮ ਵਰਗਾ ਹੀ ਹੋਵੇਗਾ ਜਿਵੇਂ ਇਹ ਉਸ ਸਮੇਂ ਹੁੰਦਾ ਜੇਕਰ ਮਸੀਹ ਨੂੰ ਉਹਨਾਂ ਦੇ ਪਹਿਲੀ ਵਾਰ ਆਉਣ ਵੇਲੇ ਰਾਜਾ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਜਾਂਦਾ। ਸ਼ੁਭ-ਸਮਾਚਾਰਾਂ ਦੇ ਚਿੰਨ੍ਹ-ਚਮਤਕਾਰ ਆਉਣ ਵਾਲੇ ਯੁੱਗ ਨੂੰ ਦਿਖਾਉਂਦੇ ਹਨ (ਦੇਖੋ, ਇਬ 2:4, 6:5)। ਪ੍ਰਭੂ ਦੀ ਚੰਗਾ ਕਰਨ ਦੀ ਸੇਵਕਾਈ ਉਸ ਗੱਲ ਦੀ ਅੰਸ਼ਕ ਪੂਰਤੀ ਸੀ ਜੋ ਰਾਜ ਵਿੱਚ ਹੋਣਾ ਹੈ (ਦੇਖੋ, ਮੱਤੀ 8:15ff.)। ਰਾਜ ਵਿੱਚ ਬਹੁਤ ਸਾਰੇ ਨਬੀ, ਬਹੁਤ ਸਾਰੇ ਚਮਤਕਾਰ ਕਰਨ ਵਾਲੇ, ਬਹੁਤ ਸਾਰੇ ਚੰਗਾ ਕਰਨ ਵਾਲੇ ਹੋਣਗੇ (ਇਹ ਅੱਜ ਦੇ ਸਮੇਂ ਦੇ ਉਲਟ ਹੋਵੇਗਾ, ਰੋਮੀ 8:22)। ਸਾਨੂੰ ਇਹ ਨਹੀਂ ਪਤਾ ਹੈ ਕਿ ਉਸ ਸਮੇਂ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਮਸੀਹ ਦੇ ਸਰੀਰ ਵਿੱਚ ਸ਼ਾਮਲ ਕੀਤਾ ਜਾਣਾ ਹੋਵੇਗਾ ਜਾਂ ਨਹੀਂ, ਪਰ ਇਹ ਮੰਨ ਲੈਣ ਵਿੱਚ ਕੋਈ ਖ਼ਤਰਾ ਨਹੀਂ ਹੈ ਕਿ ਪਵਿੱਤਰ ਆਤਮਾ ਲੋਕਾਂ ਵਿੱਚ ਵਾਸ ਕਰੇਗਾ (ਦੇਖੋ, ਹਿਜ਼ਕੀ 36:26) ਅਤੇ ਨਵਾਂ ਜਨਮ ਦੇਵੇਗਾ (ਯੂਹੰਨਾ 3:3,5)। ਇੱਕ ਅਜਿਹੇ ਸੰਸਾਰ ਦੀ ਕਲਪਨਾ ਕਰਕੇ ਦੇਖੋ ਜਿਸ ਵਿੱਚ ਯਹੋਸ਼ੁਆ, ਗਿਦਾਊਨ, ਦਾਨੀਏਲ, ਏਲੀਯਾਹ ਅਤੇ ਅਲੀਸ਼ਾ ਵਰਗੇ ਕਈ ਲੋਕ ਪਵਿੱਤਰ ਆਤਮਾ ਦੀ ਸ਼ਕਤੀ ਦਾ ਪ੍ਰਦਰਸ਼ਨ ਕਰਦੇ ਹੋਏ ਕੰਮ ਕਰ ਰਹੇ ਹੋਣਗੇ (ਦੇਖੋ, ਮੱਤੀ 11:11)।

### f. ਯਰੂਸ਼ਲਮ ਵਿੱਚ ਸੰਯੁਕਤ ਅਰਾਧਨਾ

ਅਜਿਹੀਆਂ ਬਹੁਤ ਸਾਰੀਆਂ ਆਇਤਾਂ ਜੋ ਇਹ ਸਿਖਾਉਂਦੀਆਂ ਹਨ ਕਿ ਯਰੂਸ਼ਲਮ ਪੂਰੇ ਸੰਸਾਰ ਦੀ ਰਾਜਨੀਤਕ ਰਾਜਧਾਨੀ ਹੋਵੇਗੀ, ਅਤੇ ਉਹ ਇਹ ਵੀ ਸਿਖਾਉਂਦੀਆਂ ਹਨ ਕਿ ਇਹ ਅਰਾਧਨਾ ਲਈ ਵੀ ਇੱਕ ਵਿਸ਼ਵਵਿਆਪੀ ਕੇਂਦਰ ਹੋਵੇਗਾ (ਦੇਖੋ, ਯਸਾ 2:2-4; ਮੀਕਾਹ 4:1ff.; ਸਫ਼ਨ 3:9-10; ਜ਼ਕਰ 8:20-23, 14:16-21)। ਜ਼ਕਰਯਾਹ ਦੇ ਦੋਵੇਂ ਹੀ ਵਚਨ ਇਹ ਸਿਖਾਉਂਦੇ ਹਨ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਸੰਸਾਰ "ਤੰਬੂਆਂ ਦਾ ਤਿਉਹਾਰ" ਮਨਾਵੇਗਾ। ਇਹ ਉਹਨਾਂ ਬਹੁਤ ਸਾਰੇ ਸੰਕੇਤਾਂ ਵਿੱਚੋਂ ਇੱਕ ਸੰਕੇਤ ਹੈ ਕਿ ਰਾਜ ਦੀ ਆਤਮਿਕ ਪ੍ਰਣਾਲੀ ਦੀਆਂ ਬਹੁਤ ਸਾਰੀਆਂ ਗੱਲਾਂ ਬਿਵਸਥਾ ਦੇ ਯੁੱਗ ਨਾਲ ਮਿਲਦੀਆਂ-ਜੁਲਦੀਆਂ ਹੋਣਗੀਆਂ। ਮੂਸਾ ਦੀ ਬਿਵਸਥਾ ਦੇ ਬਹੁਤ ਸਾਰੇ ਅਭਿਆਸਾਂ ਨੂੰ ਮੁੜ ਸਥਾਪਿਤ ਕੀਤਾ ਜਾਵੇਗਾ (ਦੇਖੋ, ਹਜ਼ਾਰ ਸਾਲ ਦੀ ਹੈਕਲ/ਹਜ਼ਾਰ ਸਾਲ ਵਿੱਚ ਅਰਾਧਨਾ)। ਹਜ਼ਾਰ ਸਾਲ ਦਾ ਰਾਜ ਨਿਸ਼ਚਿਤ ਹੀ ਇੱਕ "ਯਹੂਦੀ ਰੂਪ" ਹੋਵੇਗਾ।

### g. ਭਰਪੂਰ ਆਤਮਿਕਤਾ

ਇੱਕ ਅਦਾਲਤ ਪ੍ਰਣਾਲੀ ਜਿਸ ਵਿੱਚ ਮੌਤ ਦੀ ਸਜ਼ਾ ਦੀ ਮੌਜੂਦਗੀ ਹੋਵੇਗੀ ਇਹ ਦਰਸਾਉਂਦਾ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਪਾਪ ਦੀ ਮੌਜੂਦਗੀ ਬਣੀ ਰਹੇਗੀ (ਯਸਾ 11:4; ਯਿਰ 31:30)। ਹਾਲਾਂਕਿ ਲੰਬੀ ਉਮਰ ਵੱਧ ਰਹੀ ਹੋਵੇਗੀ, ਪਰ ਫਿਰ ਵੀ ਮੌਤ ਹੋਵੇਗੀ; ਅਤੇ ਇਹ ਹਜ਼ਾਰ ਸਾਲ ਦੇ ਰਾਜ ਵਿੱਚ ਪਾਪ ਦੇ ਮੌਜੂਦ ਹੋਣ ਦਾ ਇੱਕ ਹੋਰ ਸੰਕੇਤ ਹੈ (ਯਸਾ 65:20)। ਹਜ਼ਾਰ ਸਾਲ ਦੇ ਅੰਤ ਵੇਲੇ ਸ਼ੈਤਾਨ ਅਥਾਹ ਕੁੰਡ ਤੋਂ ਆਪਣੀ ਕੁਝ ਸਮੇਂ ਦੀ ਰਿਹਾਈ ਦੌਰਾਨ ਹਜ਼ਾਰ ਸਾਲ ਦੇ ਰਾਜ ਦੀ ਆਬਾਦੀ ਵਿੱਚੋਂ ਕੁਝ ਲੋਕਾਂ ਨੂੰ ਮਸੀਹ ਦੇ ਰਾਜ ਵਿਰੁੱਧ ਵਿਦਰੋਹ ਕਰਨ ਦੇ ਲਈ ਭੜਕਾਵੇਗਾ (ਦੇਖੋ, ਪ੍ਰਕਾਸ਼ 20:3,7-10)। ਇਸ ਦਾ ਅਰਥ ਇਹ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਅਜਿਹੇ ਲੋਕ ਵੀ ਜਨਮ ਲੈਣਗੇ ਜੋ ਚੰਗੇ ਹਲਾਤਾਂ ਦੇ ਬਾਵਜੂਦ ਮਸੀਹ ਨੂੰ ਰੱਦ ਕਰ ਦੇਣਗੇ।

ਪਰ, ਪਾਪ ਦੀ ਮੌਜੂਦਗੀ ਅਤੇ ਅਵਿਸ਼ਵਾਸੀਆਂ ਦੀ ਛੋਟੀ ਜਿਹੀ ਬੁਰਾਈ ਦੀ ਜਗ੍ਹਾ ਪਵਿੱਤਰਤਾ, ਆਗਿਆਕਾਰੀ, ਧਾਰਮਿਕਤਾ, ਅਤੇ ਸੱਚਾਈ ਹੋਵੇਗੀ। ਰਾਜ ਦੀ ਸ਼ੁਰੂਆਤ ਸਾਰੇ ਮੁਕਤੀ ਪਾਏ ਹੋਏ ਲੋਕਾਂ ਨਾਲ ਹੋਵੇਗੀ (ਦੇਖੋ, ਮੱਤੀ 13:41-43,49-50; 25:34,41,46 ਅਤੇ ਬਿਪਤਾ ਤੋਂ ਰਾਜ ਵਿੱਚ ਤਬਦੀਲੀ ਦੇ ਅਧੀਨ "ਇਸਰਾਏਲ ਦਾ ਨਿਆਂ" ਅਤੇ "ਕੌਮਾਂ ਦਾ ਨਿਆਂ")। ਇਹ ਲੋਕ ਜਾਂ ਤਾਂ ਬਿਪਤਾ ਦੇ ਸਮੇਂ ਮੁਕਤੀ ਪ੍ਰਾਪਤ ਕੀਤੇ ਵਿਸ਼ਵਾਸੀ ਜਾਂ ਜੀਅ ਉੱਠੇ ਹੋਏ ਅਤੇ ਮਹਿਮਾ ਪ੍ਰਾਪਤ ਕਰਨ ਵਾਲੇ ਵਿਸ਼ਵਾਸੀ ਹਨ। ਪੂਰੇ ਹਜ਼ਾਰ ਸਾਲ ਦੇ ਰਾਜ ਵਿੱਚ ਜਨਮ ਲੈਣ ਵਾਲੇ ਜ਼ਿਆਦਾਤਰ ਲੋਕ ਮਸੀਹ ਉੱਤੇ ਭਰੋਸੇ ਕਰਨਗੇ ਅਤੇ ਮਸੀਹ ਦੀ ਆਗਿਆ ਮੰਨਣਗੇ। ਇਸ ਨਾਲ ਉਹਨਾਂ ਦੇ ਨਾਗਰਿਕ ਜੀਵਨ ਦੇ ਸਾਰੇ ਖੇਤਰ ਪ੍ਰਭਾਵਿਤ ਹੋਣਗੇ, ਜਿਵੇਂ ਕਿ ਆਰਥਿਕਤਾ, ਅਪਰਾਧ, ਸਿੱਖਿਆ, ਆਦਿ।

> "ਤਦ ਮੈਂ ਤੇਰੇ ਨਿਆਂਈਆਂ ਨੂੰ ਅੱਗੇ ਵਾਂਗੂੰ, ਅਤੇ ਤੇਰੇ

ਸਲਾਹਕਾਰਾਂ ਨੂੰ ਪਹਿਲਾਂ ਵਾਂਗੂੰ ਬਹਾਲ ਕਰਾਂਗਾ, ਫੇਰ **ਤੂੰ ਧਰਮੀ ਸ਼ਹਿਰ, ਸਤਵੰਤੀ ਨਗਰੀ ਸਦਾਵੇਂਗੀ।** ਸੀਯੋਨ ਨਿਆਂ ਨਾਲ ਅਤੇ ਉਹ ਦੇ ਤੋਬਾ ਕਰਨ ਵਾਲੇ ਧਰਮ ਨਾਲ ਛੁਟਕਾਰਾ ਪਾਉਣਗੇ। [ਯਸਾ 1:26-27]

ਅਤੇ **ਜਿਹੜਾ ਸੀਯੋਨ ਵਿੱਚ ਛੱਡਿਆ ਗਿਆ ਅਤੇ ਜਿਹੜਾ ਯਰੂਸ਼ਲਮ ਵਿੱਚ ਰਹਿ ਗਿਆ ਹੋਵੇ, ਉਹ ਪਵਿੱਤਰ ਅਖਵਾਏਗਾ** ਅਰਥਾਤ ਉਹ ਸਾਰੇ ਜਿਹੜੇ ਯਰੂਸ਼ਲਮ ਦੇ ਜੀਉਂਦਿਆਂ ਵਿੱਚ ਲਿਖੇ ਗਏ। ਇਹ ਤਦ ਹੋਵੇਗਾ ਜਦ ਪ੍ਰਭੂ ਨਿਆਂ ਦੇ ਆਤਮਾ ਅਤੇ ਭਸਮ ਕਰਨ ਵਾਲੇ ਆਤਮਾ ਨਾਲ **ਸੀਯੋਨ ਦੀਆਂ ਧੀਆਂ ਦਾ ਮੈਲ ਧੋ ਸੁੱਟੇਗਾ** ਅਤੇ ਯਰੂਸ਼ਲਮ ਦਾ ਲਹੂ ਉਹ ਦੇ ਵਿੱਚੋਂ ਸਾਫ਼ ਕਰ ਚੁੱਕਿਆ ਹੋਵੇਗਾ। [ਯਸਾ 4:3-4]

ਉੱਥੇ ਇੱਕ ਸ਼ਾਹੀ ਮਾਰਗ ਹੋਵੇਗਾ, ਅਤੇ ਉਹ ਮਾਰਗ "**ਪਵਿੱਤਰ ਮਾਰਗ**" ਕਹਾਵੇਗਾ, **ਕੋਈ ਅਸ਼ੁੱਧ ਉਹ ਦੇ ਉੱਤੇ ਦੀ ਨਹੀਂ ਲੰਘੇਗਾ,** ਉਹ ਮਾਰਗ ਛੁਡਾਏ ਹੋਇਆਂ ਦੇ ਲਈ ਹੋਵੇਗਾ। ਉਸ ਉੱਤੇ ਚੱਲਣ ਵਾਲੇ ਭਾਵੇਂ **ਮੂਰਖ ਹੋਣ, ਤਾਂ ਵੀ ਕੁਰਾਹੇ ਨਾ ਪੈਣਗੇ।** ਉੱਥੇ ਕੋਈ ਬੱਬਰ ਸ਼ੇਰ ਨਹੀਂ ਹੋਵੇਗਾ, ਕੋਈ ਪਾੜਨ ਵਾਲਾ ਜਾਨਵਰ ਉਸ ਉੱਤੇ ਨਾ ਚੜ੍ਹੇਗਾ, ਉਹ ਉੱਥੇ ਨਾ ਲੱਭਣਗੇ, ਪਰ ਛੁਡਾਏ ਹੋਏ ਉੱਥੇ ਹਮੇਸ਼ਾ ਚੱਲਣਗੇ। [ਯਸਾ 35:8-9]

ਜਾਗ, ਜਾਗ, ਹੇ ਸੀਯੋਨ, ਆਪਣਾ ਬਲ ਧਾਰਣ ਕਰ, ਹੇ ਯਰੂਸ਼ਲਮ **ਪਵਿੱਤਰ ਸ਼ਹਿਰ,** ਆਪਣੇ ਸੋਹਣੇ ਬਸਤਰ ਪਹਿਨ ਲੈ, **ਕਿਉਂ ਜੋ ਫੇਰ ਕਦੀ ਕੋਈ ਅਸੁੰਨਤਾ ਜਾਂ ਭਰਿਸ਼ਟ ਤੇਰੇ ਵਿੱਚ ਨਾ ਆਵੇਗਾ।** [ਯਸਾ 52:1]

"ਤੇਰੇ ਦੇਸ ਵਿੱਚ ਫੇਰ ਕਦੀ ਜ਼ੁਲਮ ਅਤੇ ਤੇਰੀਆਂ ਹੱਦਾਂ ਵਿੱਚ ਬਰਬਾਦੀ ਜਾਂ ਤਬਾਹੀ ਫੇਰ ਕਦੀ ਸੁਣਾਈ ਨਾ ਦੇਵੇਗੀ, ਤੂੰ ਆਪਣੀਆਂ ਕੰਧਾਂ ਨੂੰ ਮੁਕਤੀ, ਅਤੇ ਆਪਣੇ ਫਾਟਕਾਂ ਨੂੰ ਉਸਤਤ ਸੱਦੇਂਗੀ। **ਤੇਰੇ ਸਾਰੇ ਲੋਕ ਧਰਮੀ ਹੋਣਗੇ**, ਉਹ ਧਰਤੀ ਨੂੰ ਸਦਾ ਲਈ ਵੱਸ ਵਿੱਚ ਰੱਖਣਗੇ..." [ਯਸਾ 60:18,21]

ਜਿਵੇਂ ਧਰਤੀ ਤਾਂ ਆਪਣਾ ਪੁੰਗਰ ਕੱਢਦੀ ਹੈ, ਅਤੇ ਬਾਗ਼ ਬੀਜਾਂ ਨੂੰ ਉਪਜਾਉਂਦਾ ਹੈ, **ਉਸੇ ਤਰ੍ਹਾਂ ਹੀ ਪ੍ਰਭੂ ਯਹੋਵਾਹ ਧਰਮ ਅਤੇ ਉਸਤਤ ਨੂੰ ਸਾਰੀਆਂ ਕੌਮਾਂ ਦੇ ਅੱਗੇ ਪੁੰਗਰਾਵੇਗਾ।** [ਯਸਾ 61:11]

"'ਇਹ ਉਹ ਨੇਮ ਹੈ ਜਿਹੜਾ ਮੈਂ ਉਹਨਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਹਨਾਂ ਦੇ ਮਨਾਂ ਵਿੱਚ ਪਾਵਾਂਗਾ ਅਤੇ ਉਹਨਾਂ ਦੇ ਦਿਲਾਂ ਉੱਤੇ ਲਿਖਾਂਗਾ। ਮੈਂ ਉਹਨਾਂ ਦਾ ਪਰਮੇਸ਼ਰ ਹੋਵਾਂਗਾ ਅਤੇ ਉਹ ਮੇਰੀ ਪਰਜਾ ਹੋਣਗੇ ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ ਨਾ ਸਿਖਲਾਏਗਾ ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਉਹ ਸਾਰੀਆਂ ਦੇ ਸਾਰੇ **ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ ਮੈਨੂੰ ਜਾਣ ਲੈਣਗੇ**, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।" [ਯਿਰ 31:33-34]

**ਮੈਂ ਤੁਹਾਡੇ ਵਿੱਚੋਂ ਉਹਨਾਂ ਲੋਕਾਂ ਨੂੰ ਜਿਹੜੇ ਮੇਰੇ ਵਿਰੁੱਧ ਬਾਗੀ ਹਨ ਅੱਡ ਕਰਾਂਗਾ**, ਮੈਂ ਉਹਨਾਂ ਨੂੰ ਉਸ ਦੇਸ ਵਿੱਚੋਂ ਜਿੱਥੇ ਉਹ ਪਰਦੇਸੀ ਹਨ, ਬਾਹਰ ਕੱਢ ਲਿਆਵਾਂਗਾ ਪਰ **ਉਹ ਇਸਰਾਏਲ ਦੇ ਦੇਸ ਵਿੱਚ ਨਾ ਵੜਨਗੇ** ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਹਾਂ...ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ, ਮੇਰੇ ਪਵਿੱਤਰ ਪਰਬਤ ਅਰਥਾਤ ਇਸਰਾਏਲ ਦੇ ਉੱਚੇ ਪਰਬਤ ਤੇ **ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ।** ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ ਅਤੇ ਉੱਥੇ ਤੁਹਾਡੀਆਂ ਚੁੱਕਣ ਦੀਆਂ ਭੇਟਾਂ, ਤੁਹਾਡੇ ਚੜ੍ਹਾਵੇ ਦੇ ਪਹਿਲੇ ਫਲ ਅਤੇ ਤੁਹਾਡੀਆਂ ਸਾਰੀਆਂ ਪਵਿੱਤਰ ਵਸਤਾਂ ਮੰਗਾਂਗਾ...ਉੱਥੇ ਤੁਸੀਂ ਆਪਣਿਆਂ ਮਾਰਗਾਂ ਅਤੇ ਆਪਣਿਆਂ ਸਾਰਿਆਂ ਕੰਮਾਂ ਨੂੰ ਜਿਹਨਾਂ ਵਿੱਚ ਤੁਸੀਂ ਭਰਿਸ਼ਟ ਹੋਏ, ਯਾਦ ਕਰੋਗੇ ਅਤੇ ਤੁਸੀਂ ਆਪਣੀ ਸਾਰੀ ਬੁਰਿਆਈ ਦੇ ਕਾਰਨ ਜੋ ਤੁਸੀਂ ਕੀਤੀ, ਆਪਣੀ ਹੀ ਨਜ਼ਰ ਵਿੱਚ ਘਿਣਾਉਣੇ ਹੋਵੋਗੇ।"[ਹਿਜ਼ਕੀ 20:38, 40, 43]

"ਕਿਉਂ ਜੋ ਮੈਂ ਤੁਹਾਨੂੰ ਕੌਮਾਂ ਵਿੱਚੋਂ ਲਵਾਂਗਾ, ਸਾਰੇ ਦੇਸਾਂ ਵਿੱਚੋਂ ਤੁਹਾਨੂੰ ਇਕੱਠੇ ਕਰਾਂਗਾ ਅਤੇ ਤੁਹਾਨੂੰ ਤੁਹਾਡੀ ਭੂਮੀ ਵਿੱਚ ਲਿਆਵਾਂਗਾ। ਤਦ ਤੁਹਾਡੇ ਉੱਤੇ ਨਿਰਮਲ ਜਲ ਛਿੜਕਾਂਗਾ, **ਤੁਸੀਂ ਸ਼ੁੱਧ ਹੋਵੋਗੇ** ਅਤੇ ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਅਤੇ ਤੁਹਾਡੀਆਂ ਸਾਰੀਆਂ ਮੂਰਤੀਆਂ ਤੋਂ ਤੁਹਾਨੂੰ ਸ਼ੁੱਧ ਕਰਾਂਗਾ। ਮੈਂ ਤੁਹਾਨੂੰ ਨਵਾਂ ਦਿਲ ਦਿਆਂਗਾ ਅਤੇ ਨਵਾਂ ਆਤਮਾ ਤੁਹਾਡੇ ਵਿੱਚ ਪਾਵਾਂਗਾ। ਤੁਹਾਡੇ ਮਾਸ ਵਿੱਚੋਂ ਪੱਥਰ ਦਾ ਦਿਲ ਕੱਢ ਲਵਾਂਗਾ ਅਤੇ ਮਾਸ ਦਾ ਦਿਲ ਤੁਹਾਨੂੰ ਬਖ਼ਸ਼ਾਂਗਾ। ਮੈਂ ਆਤਮਾ ਤੁਹਾਡੇ ਵਿੱਚ ਦਿਆਂਗਾ ਅਤੇ ਤੁਹਾਨੂੰ ਆਪਣੀਆਂ ਬਿਧੀਆਂ ਉੱਤੇ ਚਲਾਵਾਂਗਾ। **ਤੁਸੀਂ ਮੇਰੇ ਨਿਆਂਵਾਂ ਦੀ ਪਾਲਣਾ ਕਰੋਗੇ ਅਤੇ ਉਹਨਾਂ ਤੇ ਅਮਲ ਕਰੋਗੇ।** ਤੁਸੀਂ ਉਸ ਦੇਸ ਵਿੱਚ ਜਿਹੜਾ ਮੈਂ ਤੁਹਾਡੇ ਪੁਰਖਿਆਂ ਨੂੰ ਦਿੱਤਾ ਵੱਸੋਗੇ, ਤੁਸੀਂ ਮੇਰੀ ਪਰਜਾ ਹੋਵੋਗੇ ਅਤੇ ਮੈਂ ਤੁਹਾਡਾ ਪਰਮੇਸ਼ੁਰ ਹੋਵਾਂਗਾ। ਮੈਂ ਤੁਹਾਨੂੰ ਤੁਹਾਡੀ ਸਾਰੀ ਅਸ਼ੁੱਧਤਾਈ ਤੋਂ ਬਚਾਵਾਂਗਾ ਅਤੇ ਮੈਂ ਅੰਨ ਮੰਗਾਵਾਂਗਾ। ਮੈਂ ਉਹ ਨੂੰ

ਵਧਾਵਾਂਗਾ ਅਤੇ ਤੁਹਾਡੇ ਉੱਤੇ ਕਾਲ ਨਾ ਪਾਵਾਂਗਾ। ਮੈਂ ਰੁੱਖਾਂ ਦੇ ਫਲਾਂ ਨੂੰ ਅਤੇ ਖੇਤ ਦੀ ਪੈਦਾਵਾਰ ਨੂੰ ਵਾਧਾ ਬਖ਼ਸ਼ਾਂਗਾ, ਇੱਥੋਂ ਤੱਕ ਕਿ ਤੁਸੀਂ ਅੱਗੇ ਲਈ ਕੌਮਾਂ ਦੇ ਵਿੱਚ ਕਾਲ ਦੇ ਕਾਰਨ ਨਮੋਸ਼ੀ ਨਾ ਉਠਾਵੋਗੇ। ਤਦ ਤੁਸੀਂ ਆਪਣਿਆਂ ਬੁਰਿਆਂ ਰਾਹਾਂ ਨੂੰ ਅਤੇ ਆਪਣਿਆਂ ਕੰਮਾਂ ਨੂੰ ਚੇਤੇ ਕਰੋਗੇ, ਭਈ ਉਹ ਚੰਗੇ ਨਹੀਂ ਸਨ ਅਤੇ ਤੁਸੀਂ ਆਪਣੇ ਪਾਪਾਂ ਉੱਤੇ ਅਤੇ ਆਪਣੇ ਘਿਣਾਉਣੇ ਕੰਮਾਂ ਕਾਰਨ, ਆਪਣੀ ਨਜ਼ਰ ਵਿੱਚ ਆਪਣੇ ਆਪ ਤੋਂ ਘਿਣ ਕਰੋਗੇ।" [ਹਿਜ਼ਕੀ 36:24-31]

"ਨਾ ਹੀ ਅੱਗੇ ਨੂੰ ਉਹ ਆਪਣੀਆਂ ਮੂਰਤੀਆਂ ਨਾਲ, ਨਾ ਹੀ ਆਪਣੀਆਂ ਘਿਣਾਉਣੀਆਂ ਵਸਤੂਆਂ ਨਾਲ ਅਤੇ ਨਾ ਹੀ ਆਪਣਿਆਂ ਸਾਰਿਆਂ ਅਪਰਾਧਾਂ ਨਾਲ ਆਪਣੇ ਆਪ ਨੂੰ ਭਰਿਸ਼ਟ ਕਰਨਗੇ, ਸਗੋਂ ਮੈਂ ਉਹਨਾਂ ਨੂੰ ਉਹਨਾਂ ਦੇ ਸਾਰਿਆਂ ਵਸੇਬਿਆਂ ਵਿੱਚੋਂ ਜਿੱਥੇ ਉਹਨਾਂ ਨੇ ਪਾਪ ਕੀਤਾ ਹੈ, ਬਚਾਵਾਂਗਾ ਅਤੇ ਉਹਨਾਂ ਨੂੰ ਸ਼ੁੱਧ ਕਰਾਂਗਾ, ਇਸ ਲਈ ਉਹ ਮੇਰੀ ਪਰਜਾ ਹੋਣਗੇ ਅਤੇ ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ। ਮੇਰਾ ਦਾਸ ਦਾਊਦ ਉਹਨਾਂ ਉੱਤੇ ਰਾਜਾ ਹੋਵੇਗਾ ਅਤੇ ਉਹਨਾਂ ਸਾਰਿਆਂ ਦਾ ਇੱਕੋ ਹੀ ਆਜੜੀ ਹੋਵੇਗਾ। **ਉਹ ਮੇਰੇ ਹੁਕਮਾਂ ਵਿੱਚ ਚੱਲਣਗੇ** ਅਤੇ ਮੇਰੀਆਂ ਬਿਧੀਆਂ ਨੂੰ ਮੰਨ ਕੇ ਉਹਨਾਂ ਦੀ ਪਾਲਣਾ ਕਰਨਗੇ।" [ਹਿਜ਼ਕੀ 37:23-24]

ਉਹ ਨੇ ਮੈਨੂੰ ਆਖਿਆ, ਹੇ ਮਨੁੱਖ ਦੇ ਪੁੱਤਰ, ਇਹ ਮੇਰੇ ਸਿੰਘਾਸਣ ਦਾ ਥਾਂ ਹੈ ਅਤੇ ਮੇਰੇ ਪੈਰਾਂ ਦੀ ਕੁਰਸੀ ਹੈ, ਜਿੱਥੇ ਮੈਂ ਇਸਰਾਏਲੀਆਂ ਦੇ ਵਿਚਕਾਰ ਸਦਾ ਲਈ ਵੱਸਾਂਗਾ ਅਤੇ **ਇਸਰਾਏਲ ਦਾ ਘਰਾਣਾ** ਅਤੇ ਉਹਨਾਂ ਦੇ ਰਾਜਾ **ਫੇਰ ਕਦੇ ਮੇਰੇ ਪਵਿੱਤਰ ਨਾਮ ਨੂੰ** ਆਪਣੇ ਵਿਭਚਾਰ ਨਾਲ ਅਤੇ ਆਪਣੇ ਰਾਜਿਆਂ ਦੀਆਂ ਲਾਸ਼ਾਂ ਨਾਲ, ਉਹਨਾਂ ਦੀਆਂ ਉੱਚਿਆਈਆਂ ਵਿੱਚ **ਭਰਿਸ਼ਟ ਨਾ ਕਰਨਗੇ**...ਹੇ ਮਨੁੱਖ ਦੇ ਪੁੱਤਰ, ਤੂੰ ਇਸਰਾਏਲ ਦੇ ਘਰਾਣੇ ਨੂੰ ਇਹ ਭਵਨ ਵਿਖਾ, ਤਾਂ ਜੋ ਉਹ ਆਪਣੇ ਪਾਪਾਂ ਤੋਂ ਸ਼ਰਮਿੰਦੇ ਹੋਣ ਅਤੇ ਇਸ ਨਮੂਨੇ ਨੂੰ ਮਿਣਨ। [ਹਿਜ਼ਕੀ 43:7,10]

"ਉਸ ਦਿਨ ਤੂੰ ਆਪਣੇ ਸਾਰੇ ਕੰਮਾਂ ਦੇ ਕਾਰਨ ਸ਼ਰਮਿੰਦਾ ਨਾ ਹੋਵੇਂਗੀ, ਜਿਨ੍ਹਾਂ ਦੇ ਨਾਲ ਤੂੰ ਮੇਰੇ ਵਿਰੁੱਧ ਅਪਰਾਧ ਕੀਤਾ, **ਕਿਉਂ ਜੋ ਮੈਂ ਉਸ ਵੇਲੇ ਤੇਰੇ ਵਿੱਚੋਂ ਹਰੇਕ ਹੰਕਾਰੀ ਅਭਿਮਾਨੀਆਂ ਨੂੰ ਕੱਢ ਦਿਆਂਗਾ,** ਤਾਂ ਜੋ ਤੂੰ ਮੇਰੇ ਪਵਿੱਤਰ ਪਰਬਤ ਵਿੱਚ ਫੇਰ ਘਮੰਡ ਨਾ ਕਰੇਂ....**ਇਸਰਾਏਲ ਦੇ ਬਚੇ ਹੋਏ ਲੋਕ ਬਦੀ ਨਾ ਕਰਨਗੇ,** ਨਾ ਝੂਠ ਬੋਲਣਗੇ ਅਤੇ ਨਾ ਉਹਨਾਂ ਦੇ ਮੂੰਹ ਵਿੱਚ ਫਰੇਬ ਦੀਆਂ ਗੱਲਾਂ ਨਿੱਕਲਣਗੀਆਂ, ਕਿਉਂ ਜੋ ਉਹ ਚਰਨਗੇ ਅਤੇ ਲੰਮੇ ਪੈਣਗੇ ਅਤੇ ਕੋਈ ਉਹਨਾਂ ਨੂੰ ਨਾ ਡਰਾਵੇਗਾ।"

[ਸਫ਼ਨ 3:11,13]

"ਯਹੋਵਾਹ ਇਸ ਤਰ੍ਹਾਂ ਆਖਦਾ ਹੈ, ਮੈਂ ਸੀਯੋਨ ਵੱਲ ਵਾਪਸ ਆ ਕੇ ਯਰੂਸ਼ਲਮ ਦੇ ਵਿਚਕਾਰ ਵੱਸਾਂਗਾ ਅਤੇ ਯਰੂਸ਼ਲਮ "**ਵਫ਼ਾਦਾਰ ਨਗਰੀ**" ਅਤੇ ਸੈਨਾਂ ਦੇ ਯਹੋਵਾਹ ਦਾ ਪਰਬਤ "**ਪਵਿੱਤਰ ਪਰਬਤ**" ਕਹਾਵੇਗਾ।" [ਜ਼ਕਰ 8:3]

"ਉਸ ਦਿਨ **ਪਾਪ ਅਤੇ ਅਸ਼ੁੱਧਤਾਈ ਦੇ ਕਾਰਨ ਇੱਕ ਸੁੰਬ** ਦਾਊਦ ਦੇ ਘਰਾਣੇ ਅਤੇ ਯਰੂਸ਼ਲਮ ਦੇ ਵਾਸੀਆਂ ਲਈ ਖੋਲ੍ਹਿਆ ਜਾਵੇਗਾ...ਮੈਂ ਇੱਕ ਤਿਹਾਈ ਨੂੰ ਅੱਗ ਵਿੱਚ ਪਾਵਾਂਗਾ, ਮੈਂ ਉਹ ਨੂੰ ਤਾਵਾਂਗਾ ਜਿਵੇਂ ਚਾਂਦੀ ਤਾਈ ਜਾਂਦੀ ਹੈ, ਮੈਂ ਉਹ ਨੂੰ ਪਰਖਾਂਗਾ ਜਿਵੇਂ ਸੋਨਾ ਪਰਖੀਦਾ ਹੈ, **ਉਹ ਮੇਰਾ ਨਾਮ ਲੈ ਕੇ ਪੁਕਾਰਨਗੇ** ਅਤੇ ਮੈਂ ਉਹਨਾਂ ਨੂੰ ਉੱਤਰ ਦਿਆਂਗਾ, ਮੈਂ ਆਖਾਂਗਾ, **ਇਹ ਮੇਰੀ ਪਰਜਾ ਹੈ** ਅਤੇ ਉਹ ਆਖਣਗੇ ਯਹੋਵਾਹ ਮੇਰਾ ਪਰਮੇਸ਼ੁਰ ਹੈ।" [ਜ਼ਕਰ 13:1,9]

ਉਸ ਦਿਨ ਘੋੜਿਆਂ ਦੀਆਂ ਘੰਟੀਆਂ ਉੱਤੇ ਇਹ ਲਿਖਿਆ ਹੋਵੇਗਾ, "ਯਹੋਵਾਹ ਲਈ ਪਵਿੱਤਰ" ਅਤੇ ਯਹੋਵਾਹ ਦੇ ਭਵਨ ਦੀਆਂ ਦੇਗਾਂ ਉਹਨਾਂ ਕਟੋਰਿਆਂ ਵਾਂਗੂੰ ਹੋਣਗੀਆਂ ਜਿਹੜੀਆਂ ਜਗਵੇਦੀ ਦੇ ਅੱਗੇ ਹਨ। ਸਗੋਂ ਯਰੂਸ਼ਲਮ ਵਿੱਚ ਅਤੇ ਯਹੂਦਾਹ ਵਿੱਚ ਹਰੇਕ ਦੇਗ ਸੈਨਾਂ ਦੇ ਯਹੋਵਾਹ ਲਈ ਪਵਿੱਤਰ ਹੋਵੇਗੀ। ਸਾਰੇ ਚੜ੍ਹਾਵਾ ਚੜਾਉਣ ਵਾਲੇ ਆਉਣਗੇ ਅਤੇ ਉਹਨਾਂ ਨੂੰ ਲੈ ਕੇ ਉਹਨਾਂ ਵਿੱਚ ਪਕਾਉਣਗੇ। **ਉਸ ਦਿਨ ਕੋਈ ਕਨਾਨੀ ਫੇਰ ਸੈਨਾਂ ਦੇ ਯਹੋਵਾਹ ਦੇ ਭਵਨ ਵਿੱਚ ਨਾ ਹੋਵੇਗਾ।** [ਜ਼ਕਰ 14:20-21]

ਇਸ ਤਰ੍ਹਾਂ **ਸਾਰੀ ਇਸਰਾਏਲ ਕੌਮ ਨੂੰ ਮੁਕਤੀ ਮਿਲੇਗੀ।** ਇਸ ਬਾਰੇ ਪਵਿੱਤਰ-ਗ੍ਰੰਥ ਇਸ ਤਰ੍ਹਾਂ ਕਹਿੰਦਾ ਹੈ, "ਸੀਯੋਨ ਤੋਂ ਮੁਕਤੀਦਾਤਾ ਆਵੇਗਾ, **ਉਹ ਯਾਕੂਬ ਦੀ ਸੰਤਾਨ ਦਾ ਸਾਰਾ ਅਵਿਸ਼ਵਾਸ ਦੂਰ ਕਰੇਗਾ**" [ਰੋਮੀ 11:26]

ਇਹ ਹੋ ਸਕਦਾ ਹੈ ਕਿ ਇਸਰਾਏਲ ਦੇਸ਼ ਵਿੱਚ ਸਿਰਫ਼ ਬਚਾਏ ਗਏ ਲੋਕਾਂ ਨੂੰ ਹੀ ਪ੍ਰਵੇਸ਼ ਕਰਨ ਦੀ ਆਗਿਆ ਦਿੱਤੀ ਜਾਵੇ (ਯਸਾ 52:1; 60:21; ਹਿਜ਼ਕੀ 20:40), ਅਤੇ ਗ਼ੈਰ-ਯਹੂਦੀਆਂ ਵਿਚਕਾਰ ਸ਼ੁਭ-ਸਮਾਚਾਰ ਦਾ ਪ੍ਰਚਾਰ ਕੀਤਾ ਜਾਵੇਗਾ ਜੋ ਜ਼ਿਆਦਾਤਰ ਸਫਲ ਰਹੇਗਾ (ਯਸਾ 42:6,60:3)।

### h. ਵਚਨ ਦਾ ਭਰਪੂਰ ਗਿਆਨ ਅਤੇ ਸਿੱਖਿਆ

ਜਦੋਂ ਯਰੂਸ਼ਲਮ ਵਿੱਚ ਮਸੀਹ ਦਾ ਨਿਵਾਸ ਹੋਵੇਗਾ, ਅਤੇ ਜਦੋਂ ਪਰਮੇਸ਼ਰ ਦੇ ਲੋਕਾਂ ਉੱਤੇ ਪਵਿੱਤਰ ਆਤਮਾ ਵਹਾਇਆ ਜਾ ਰਿਹਾ ਹੋਵੇਗਾ, ਤਾਂ ਪਰਮੇਸ਼ਰ ਦੀ ਸੱਚਾਈ ਦਾ ਗਿਆਨ ਵੀ ਫੈਲਿਆ ਹੋਵੇਗਾ। ਮਸੀਹ ਨੇ ਇਹ ਸਿਖਾਇਆ ਕਿ ਰਾਜ ਦੀ ਤੁਲਨਾ ਵਿੱਚ ਯੂਹੰਨਾ ਬਪਤਿਸਮਾ ਦੇਣ

ਵਾਲੇ ਦੀ ਸੇਵਕਾਈ ਮਾਮੂਲੀ ਹੋਵੇਗੀ (ਮੱਤੀ 11:11)। ਸ਼ੈਤਾਨ ਲੋਕਾਂ ਨੂੰ ਸ਼ੁਭ-ਸਮਾਚਾਰ ਤੋਂ ਅੰਨ੍ਹੇ ਕਰਨ ਦਾ ਕੰਮ ਨਹੀਂ ਕਰ ਰਿਹਾ ਹੋਵੇਗਾ (ਪ੍ਰਕਾਸ਼ 20:1-3) ਅਤੇ ਨਾ ਹੀ ਮਸੀਹ ਝੂਠੇ ਨਬੀਆਂ ਨੂੰ ਲੋਕਾਂ ਨੂੰ ਭਰਮਾਉਣ ਦਾ ਕੰਮ ਕਰਨ ਦੀ ਆਗਿਆ ਦੇਣਗੇ। ਸਮਾਜਿਕ ਸੰਸਥਾਵਾਂ ਸ਼ੁਭ-ਸਮਾਚਾਰ ਨੂੰ ਦਬਾਉਣ ਦੀ ਬਜਾਏ ਇਸ ਨੂੰ ਉਤਸ਼ਾਹਿਤ ਕਰਨਗੀਆਂ। ਜਿਹੜੇ ਲੋਕ ਇਸ ਸਮੇਂ ਮਸੀਹ ਨੂੰ ਸਵੀਕਾਰ ਨਹੀਂ ਕਰਦੇ ਹਨ ਉਹ ਬਹੁਤ ਵੱਡੇ ਮੂਰਖ ਅਤੇ ਵੱਡੇ ਦੋਸ਼ੀ ਹੋਣਗੇ (ਯਸਾ 2:2-4; ਮੀਕਾਹ 4:1ff ਵੀ ਦੇਖੋ)।

> ਕਿਉਂ ਜੋ **ਧਰਤੀ ਯਹੋਵਾਹ ਦੇ ਗਿਆਨ ਨਾਲ ਅਜਿਹੀ ਭਰੀ ਹੋਈ ਹੋਵੇਗੀ**, ਜਿਵੇਂ ਸਮੁੰਦਰ ਪਾਣੀ ਨਾਲ ਭਰਿਆ ਹੋਇਆ ਹੈ। [ਯਸਾ 11:9b]
>
> "ਮਨ ਦੇ ਭਟਕੇ **ਹੋਏ ਸਮਝ ਜਾਣਗੇ**, ਅਤੇ ਬੁੜ-ਬੁੜਾਉਣ ਵਾਲੇ **ਸਿੱਖਿਆ ਪਾਉਣਗੇ**।" [ਯਸਾ 29:24]
>
> ਹਰੇਕ ਹਨੇਰੀ ਤੋਂ ਲੁੱਕਣ ਦੇ ਥਾਂ ਜਿਹਾ ਹੋਵੇਗਾ, ਵਾਛੜ ਤੋਂ ਓਟ, ਸੁੱਕੇ ਵਿੱਚ ਪਾਣੀ ਦੀਆਂ ਨਾਲੀਆਂ ਜਿਹਾ, ਬੰਜਰ ਧਰਤੀ ਵਿੱਚ ਵੱਡੀ ਚੱਟਾਨ ਦੇ ਸਾਯੇ ਜਿਹਾ। ਵੇਖਣ ਵਾਲਿਆਂ ਦੀਆਂ ਅੱਖਾਂ ਬੰਦ ਨਾ ਹੋਣਗੀਆਂ, ਅਤੇ ਸੁਣਨ ਵਾਲਿਆਂ ਦੇ ਕੰਨ ਸੁਣਨਗੇ। **ਕਾਹਲਿਆਂ ਦਾ ਮਨ ਗਿਆਨ ਸਮਝੇਗਾ**, ਅਤੇ ਥਥਲਿਆਂ ਦੀ ਜ਼ਬਾਨ ਸਪੱਸ਼ਟ ਬੋਲਣ ਲਈ ਤਿਆਰ ਰਹੇਗੀ। [ਯਸਾ 32:2-4]
>
> "**ਤੇਰੇ ਸਾਰੇ ਪੁੱਤਰ ਯਹੋਵਾਹ ਵੱਲੋਂ ਸਿੱਖੇ ਹੋਏ ਹੋਣਗੇ,** ਅਤੇ ਤੇਰੇ ਪੁੱਤਰਾਂ ਦੀ ਸ਼ਾਂਤੀ ਬਹੁਤ ਹੋਵੇਗੀ।" [ਯਸਾ 54:13]
>
> "ਮੈਂ ਤੁਹਾਨੂੰ ਆਪਣੇ ਦਿਲ ਦੇ ਅਨੁਸਾਰ ਆਜੜੀ ਦਿਆਂਗਾ ਜਿਹੜੇ ਤੁਹਾਨੂੰ **ਗਿਆਨ ਅਤੇ ਸਮਝ** ਨਾਲ ਚਾਰਨਗੇ...ਉਸ ਵੇਲੇ ਉਹ ਯਰੂਸ਼ਲਮ ਨੂੰ "ਯਹੋਵਾਹ ਦਾ ਸਿੰਘਾਸਣ" ਆਖਣਗੇ ਅਤੇ ਉਹ ਦੇ ਕੋਲ ਯਹੋਵਾਹ ਦੇ ਨਾਮ ਉੱਤੇ ਸਾਰੀਆਂ ਕੌਮਾਂ **ਯਰੂਸ਼ਲਮ ਵਿੱਚ ਇਕੱਠੀਆਂ ਹੋਣਗੀਆਂ। ਉਹ ਫਿਰ ਆਪਣੇ ਬੁਰੇ ਦਿਲ ਦੀ ਅੜੀ ਪਿੱਛੇ ਨਾ ਚੱਲਣਗੀਆਂ**" [ਯਿਰ 3:15, 17]
>
> "ਮੈਂ **ਉਹਨਾਂ ਉੱਤੇ ਅਯਾਲੀ** ਖੜੇ ਕਰਾਂਗਾ ਜਿਹੜੇ ਉਹਨਾਂ ਨੂੰ ਚਾਰਨਗੇ। ਉਹ ਫਿਰ ਨਾ ਡਰਨਗੇ ਅਤੇ ਨਾ ਘਬਰਾਉਣਗੇ, ਨਾ ਉਹਨਾਂ ਵਿੱਚੋਂ ਕੋਈ ਗਵਾਚੇਗੀ, ਯਹੋਵਾਹ ਦਾ ਵਾਕ ਹੈ।" [ਯਿਰ 23:4]
>
> "ਉਹ ਫਿਰ ਕਦੀ ਹਰੇਕ ਆਪਣੇ ਗੁਆਂਢੀ ਨੂੰ ਅਤੇ ਹਰੇਕ ਆਪਣੇ ਭਰਾ ਨੂੰ **ਨਾ ਸਿਖਲਾਏਗਾ** ਭਈ ਯਹੋਵਾਹ ਨੂੰ ਜਾਣੋ ਕਿਉਂ ਜੋ ਉਹ ਸਾਰੀਆਂ ਦੇ ਸਾਰੇ ਉਹਨਾਂ ਦੇ ਛੋਟੇ ਤੋਂ ਲੈ ਕੇ ਵੱਡੇ ਤੱਕ **ਮੈਨੂੰ ਜਾਣ ਲੈਣਗੇ**, ਯਹੋਵਾਹ ਦਾ ਵਾਕ ਹੈ, ਕਿਉਂ ਜੋ ਮੈਂ ਉਹਨਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।" [ਯਿਰ 31:34] (ਇਬ 8:8ff. ਵੀ ਦੇਖੋ)
>
> "**ਧਰਤੀ ਤਾਂ ਯਹੋਵਾਹ ਦੇ ਪਰਤਾਪ ਦੇ ਗਿਆਨ ਨਾਲ ਭਰ ਜਾਵੇਗੀ**, ਜਿਵੇਂ ਸਮੁੰਦਰ ਪਾਣੀ ਨਾਲ ਭਰਪੂਰ ਹੈ।" [ਹਬੱਕੂਕ 2:14]

### i. ਹਜ਼ਾਰ ਸਾਲ ਦੀ ਹੈਕਲ/ਹਜ਼ਾਰ ਸਾਲ ਦੀ ਅਰਾਧਨਾ

ਬਾਈਬਲ ਸਪੱਸ਼ਟ ਤੌਰ ਤੇ ਇਹ ਸਿਖਾਉਂਦੀ ਹੈ ਕਿ ਯਰੂਸ਼ਲਮ ਦੀ ਹੈਕਲ ਫਿਰ ਤੋਂ ਬਣਾਈ ਜਾਵੇਗੀ (ਦੇਖੋ, ਮੱਤੀ 24:15ff ; 2 ਥੱਸਲੁ 2:4; ਪ੍ਰਕਾਸ਼ 11:1)। ਇਹ ਵੀ ਸਪੱਸ਼ਟ ਹੈ ਕਿ ਬਿਪਤਾ ਦੀਆਂ ਲੜਾਈਆਂ ਦੌਰਾਨ ਇਹ ਹੈਕਲ ਤਬਾਹ ਹੋ ਜਾਵੇਗੀ (ਸ਼ਾਇਦ ਆਰਮਗਿੱਦੋਨ ਵੇਲੇ, ਜ਼ਕਰ 14:2ff; ਪ੍ਰਕਾਸ਼ 11:2)।

ਹਜ਼ਾਰ ਸਾਲ ਦੇ ਰਾਜ ਦੀ ਹੈਕਲ ਦੀ ਬਹੁਤ ਸ਼ਾਨ ਹੋਵੇਗੀ (ਹਿਜ਼ਕੀ 40-43), ਪਰ ਇਸ ਤੋਂ ਵਧੇਰੇ ਦਿਲਚਸਪ ਗੱਲ ਹਜ਼ਾਰ ਸਾਲ ਦੇ ਰਾਜ ਦੀ ਹੈਕਲ ਦੀਆਂ ਗਤੀਵਿਧੀਆਂ, ਇਸ ਦੀਆਂ ਵਸਤੂਆਂ, ਅਤੇ ਇਸ ਨਾਲ ਜੁੜੇ ਹੋਏ ਲੋਕ ਹੋਣਗੇ। ਇਸ ਤੋਂ ਇਲਾਵਾ, ਸੁਲੇਮਾਨ ਦੀ ਹੈਕਲ ਵਿੱਚੋਂ ਚਲੇ ਜਾਣ ਵਾਲੀ ਪਰਮੇਸ਼ਰ ਦੀ ਮਹਿਮਾ (ਹਿਜ਼ਕੀ10:18-19; 11:23) ਹਜ਼ਾਰ ਸਾਲ ਦੇ ਰਾਜ ਦੀ ਹੈਕਲ ਵਿੱਚ ਵਾਪਸ ਆ ਜਾਂਦੀ ਹੈ (ਹਿਜ਼ਕੀ 43:5-7)।

> "ਅਤੇ ਉਹਨਾਂ ਵਿੱਚੋਂ ਵੀ ਮੈਂ ਕੁਝ ਨੂੰ **ਜਾਜਕ ਅਤੇ ਲੇਵੀ** ਹੋਣ ਲਈ ਚੁਣਾਂਗਾ, ਯਹੋਵਾਹ ਆਖਦਾ ਹੈ।" [ਯਸਾ 66:21]
>
> "ਅਤੇ ਲੇਵੀ **ਜਾਜਕਾਂ** ਵਿੱਚੋਂ ਮਨੁੱਖ ਦੀ ਥੁੜ ਨਾ ਹੋਵੇਗੀ ਜਿਹੜਾ ਮੇਰੇ ਅੱਗੇ ਹੋਮ ਦੀਆਂ **ਬਲੀਆਂ** ਚੜ੍ਹਾਵੇ, ਮੈਦੇ ਦੀਆਂ ਭੇਟਾਂ ਬਾਲੇ ਅਤੇ ਸਦਾ ਲਈ **ਬਲੀਆਂ** ਚੜ੍ਹਾਵੇ।" [ਯਿਰ 33:18]
>
> "ਕਿਉਂ ਜੋ ਪ੍ਰਭੂ ਯਹੋਵਾਹ ਦਾ ਵਾਕ ਹੈ, ਮੇਰੇ ਪਵਿੱਤਰ ਪਰਬਤ ਅਰਥਾਤ ਇਸਰਾਏਲ ਦੇ ਉੱਚੇ ਪਰਬਤ ਤੇ ਸਾਰਾ ਇਸਰਾਏਲ ਦਾ ਘਰਾਣਾ, ਸਾਰੇ ਦੇ ਸਾਰੇ ਦੇਸ ਵਿੱਚ ਮੇਰੀ ਉਪਾਸਨਾ ਕਰਨਗੇ। ਉੱਥੇ ਮੈਂ ਉਹਨਾਂ ਨੂੰ ਪਰਵਾਨ ਕਰਾਂਗਾ ਅਤੇ **ਉੱਥੇ ਤੁਹਾਡੀਆਂ ਚੁੱਕਣ ਦੀਆਂ ਭੇਟਾਂ, ਤੁਹਾਡੇ ਚੜ੍ਹਾਵੇ ਦੇ ਪਹਿਲੇ ਫਲ ਅਤੇ ਤੁਹਾਡੀਆਂ ਸਾਰੀਆਂ ਪਵਿੱਤਰ ਵਸਤਾਂ ਮੰਗਾਂਗਾ।** ਜਦੋਂ ਮੈਂ ਤੁਹਾਨੂੰ ਲੋਕਾਂ ਵਿੱਚੋਂ ਕੱਢ ਲਿਆਵਾਂਗਾ ਅਤੇ ਉਹਨਾਂ ਦੇਸਾਂ ਵਿੱਚੋਂ ਜਿੱਥੇ ਤੁਸੀਂ ਖਿੱਲਰ ਗਏ ਸੀ, ਇਕੱਠਾ ਕਰਾਂਗਾ ਤਦ ਮੈਂ ਤੁਹਾਨੂੰ **ਸੁਗੰਧੀ ਧੂਫ਼** ਨਾਲ ਪਰਵਾਨ ਕਰਾਂਗਾ ਅਤੇ ਕੌਮਾਂ ਦੇ ਸਾਹਮਣੇ ਮੈਂ ਆਪਣੀ ਪਵਿੱਤਰਤਾਈ ਤੁਹਾਡੇ ਦੁਆਰਾ ਪਰਗਟ ਕਰਾਂਗਾ।"[ਹਿਜ਼ਕੀ 20:40-41]

ਇਸ ਤਰ੍ਹਾਂ ਹੋਵੇਗਾ ਕਿ ਜੋ ਸਾਰੀਆਂ ਕੌਮਾਂ ਵਿੱਚੋਂ ਜਿਹੜੀਆਂ ਯਰੂਸ਼ਲਮ ਦੇ ਵਿਰੁੱਧ ਆਈਆਂ ਹਨ ਬਾਕੀ ਰਹਿ ਜਾਣਗੀਆਂ, ਉਹ ਹਰ ਸਾਲ ਸੈਨਾਂ ਦੇ ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ ਅਤੇ **ਡੇਰਿਆਂ ਦਾ ਪਰਬ ਮਨਾਉਣ ਲਈ** ਉਤਾਂਹਾਂ ਨੂੰ ਜਾਣਗੀਆਂ। ਅਤੇ ਇਸ ਤਰ੍ਹਾਂ ਹੋਵੇਗਾ ਜਿਹੜਾ ਧਰਤੀ ਦੇ ਪਰਿਵਾਰਾਂ ਵਿੱਚੋਂ ਸੈਨਾਂ ਦੇ ਯਹੋਵਾਹ ਪਾਤਸ਼ਾਹ ਨੂੰ ਮੱਥਾ ਟੇਕਣ ਲਈ ਯਰੂਸ਼ਲਮ ਨੂੰ ਨਾ ਆਵੇਗਾ ਉਹ ਦੇ ਉੱਤੇ ਮੀਂਹ ਨਾ ਪਵੇਗਾ। ਜੇ ਮਿਸਰ ਦਾ ਪਰਿਵਾਰ ਨਾ ਚੜ੍ਹੇਗਾ ਅਤੇ ਨਾ ਆਵੇਗਾ ਤਾਂ ਉਹ ਦੇ ਉੱਤੇ ਮੀਂਹ ਨਾ ਪਵੇਗਾ ਸਗੋਂ ਉਹ ਮਹਾਂਮਾਰੀ ਪਵੇਗੀ, ਜਿਹ ਦੇ ਨਾਲ ਯਹੋਵਾਹ ਉਹਨਾਂ ਕੌਮਾਂ ਨੂੰ ਮਾਰੇਗਾ ਜਿਹੜੀਆਂ **ਡੇਰਿਆਂ ਦੇ ਪਰਬ ਨੂੰ ਮਨਾਉਣ ਲਈ** ਉਤਾਹਾਂ ਨਹੀਂ ਚੜ੍ਹਦੀਆਂ ਹਨ। ਇਹ ਮਿਸਰ ਦੀ ਸਜ਼ਾ ਹੋਵੇਗੀ ਅਤੇ ਉਹਨਾਂ ਸਾਰੀਆਂ ਕੌਮਾਂ ਦੀ ਸਜ਼ਾ ਜਿਹੜੀਆਂ **ਡੇਰਿਆਂ ਦਾ ਪਰਬ** ਮਨਾਉਣ ਲਈ ਉਤਾਹਾਂ ਨਾ ਜਾਣਗੀਆਂ...ਸਗੋਂ ਯਰੂਸ਼ਲਮ ਵਿੱਚ ਅਤੇ ਯਹੂਦਾਹ ਵਿੱਚ ਹਰੇਕ ਦੇਗ ਸੈਨਾਂ ਦੇ ਯਹੋਵਾਹ ਲਈ ਪਵਿੱਤਰ ਹੋਵੇਗੀ। ਸਾਰੇ **ਚੜ੍ਹਾਵਾ** ਚੜ੍ਹਾਉਣ ਵਾਲੇ ਆਉਣਗੇ… [ਜ਼ਕਰ 14:16-19,21]

ਦਰਵਾਜ਼ੇ ਦੀ ਡਿਉਢ੍ਰੀ ਵਿੱਚ ਦੋ ਮੇਜ਼ਾਂ ਇਸ ਪਾਸੇ ਤੇ ਦੋ ਉਸ ਪਾਸੇ ਸਨ, ਤਾਂ ਕਿ **ਉਹਨਾਂ ਉੱਤੇ ਹੋਮ ਦੀ ਬਲੀ, ਪਾਪ ਬਲੀ ਅਤੇ ਦੋਸ਼ ਦੀ ਬਲੀ ਕੱਟੀਆਂ ਜਾਣ।** [ਹਿਜ਼ਕੀ 40:39]

ਤਦ ਉਹ ਨੇ ਮੈਨੂੰ ਆਖਿਆ, ਉੱਤਰੀ ਅਤੇ ਦੱਖਣੀ ਕੋਠੜੀਆਂ ਜੋ ਵੱਖਰੀ ਥਾਂ ਦੇ ਅੱਗੇ ਹਨ, **ਪਵਿੱਤਰ ਕੋਠੜੀਆਂ** ਹਨ ਜਿੱਥੇ **ਜਾਜਕ** ਜਿਹੜੇ ਯਹੋਵਾਹ ਦੇ ਨੇੜੇ ਜਾਂਦੇ ਹਨ ਪਵਿੱਤਰ ਚੀਜ਼ਾਂ ਖਾਣਗੇ। ਪਵਿੱਤਰ ਚੀਜ਼ਾਂ, **ਮੈਦੇ ਦੀ ਭੇਂਟ, ਪਾਪਾਂ ਦੀ ਬਲੀ ਅਤੇ ਦੋਸ਼ ਦੀ ਬਲੀ ਉੱਥੇ ਰੱਖਣਗੇ, ਕਿਉਂ ਜੋ ਉਹ ਸਥਾਨ ਪਵਿੱਤਰ ਹੈ।** [ਹਿਜ਼ਕੀ 42:13]

ਤਦ ਉਸ ਨੇ ਮੈਨੂੰ ਆਖਿਆ, ਹੇ ਮਨੁੱਖ ਦੇ ਪੁੱਤਰ, ਪ੍ਰਭੂ ਯਹੋਵਾਹ ਇਹ ਆਖਦਾ ਹੈ, **ਜਗਵੇਦੀ** ਦੀਆਂ ਇਹ ਬਿਧੀਆਂ ਉਸ ਦਿਨ ਚਾਲੂ ਹੋਣਗੀਆਂ ਜਦੋਂ ਉਹ ਉਸ ਨੂੰ ਬਣਾਉਣਗੇ, ਤਾਂ ਜੋ ਉਸ ਤੇ **ਹੋਮ ਦੀਆਂ ਬਲੀਆਂ ਚੜ੍ਹਾਉਣ** ਅਤੇ ਉਸ ਤੇ ਲਹੂ ਛਿੜਕਣ। ਤੂੰ **ਲੇਵੀ ਜਾਜਕਾਂ** ਲਈ ਜਿਹੜੇ ਸਾਦੋਕ ਦੀ ਵੰਸ਼ ਵਿੱਚੋਂ ਹਨ ਅਤੇ ਜਿਹੜੇ ਮੇਰੀ ਸੇਵਾ ਲਈ ਮੇਰੇ ਨੇੜੇ ਆਉਂਦੇ ਹਨ, **ਪਾਪ ਬਲੀ** ਲਈ ਵੱਛਾ ਦੇ, ਪ੍ਰਭੂ ਯਹੋਵਾਹ ਦਾ ਵਾਕ ਹੈ।" [ਹਿਜ਼ਕੀ 43:18-19] (ਆਇਤ13 ਵੀ ਦੇਖੋ)

"ਤੁਸੀਂ ਪਹਿਲੇ ਮਹੀਨੇ ਦੀ ਚੌਧਵੀਂ ਤਾਰੀਖ਼ ਨੂੰ **ਪਸਾਹ ਦਾ ਪਰਬ** ਮਨਾਉਣਾ, ਜਿਹੜਾ ਸੱਤ ਦਿਨਾਂ ਦਾ ਪਰਬ ਹੈ ਅਤੇ ਉਹ ਦੇ ਵਿੱਚ **ਪਤੀਰੀ ਰੋਟੀ** ਖਾਧੀ ਜਾਵੇਗੀ। ਉਸੇ ਦਿਨ ਰਾਜਕੁਮਾਰ ਆਪਣੇ ਲਈ ਅਤੇ ਦੇਸ ਦੇ ਸਾਰੇ ਲੋਕਾਂ ਲਈ **ਪਾਪ ਬਲੀ** ਦੇ ਲਈ ਇੱਕ ਵੱਛਾ ਤਿਆਰ ਕਰ ਰੱਖੇਗਾ। ਪਰਬ ਦੇ ਸੱਤ ਦਿਨਾਂ ਵਿੱਚ ਉਹ ਹਰ ਦਿਨ ਅਥਵਾ ਸੱਤ ਦਿਨਾਂ ਤੱਕ ਸੱਤ ਦੋਸ਼ ਰਹਿਤ ਵੱਛੇ ਅਤੇ ਸੱਤ ਦੋਸ਼ ਰਹਿਤ ਮੇਂਢੇ ਲਿਆਵੇਗਾ, ਤਾਂ ਜੋ ਯਹੋਵਾਹ ਦੇ ਲਈ **ਹੋਮ ਦੀ ਬਲੀ** ਕੀਤੀ ਜਾਵੇ ਅਤੇ ਹਰ ਦਿਨ ਪਾਪ ਬਲੀ ਦੇ ਲਈ ਇੱਕ ਬੱਕਰਾ। ਉਹ ਹਰੇਕ ਵੱਛੇ ਦੇ ਲਈ ਇੱਕ ਏਫਾਹ ਭਰ ਮੈਦੇ ਦੀ ਭੇਟ ਅਤੇ ਹਰੇਕ ਮੇਂਢੇ ਲਈ ਇੱਕ ਏਫਾਹ ਅਤੇ ਪ੍ਰਤੀ ਏਫ਼ਾਹ ਇੱਕ ਹੀਨ ਤੇਲ ਤਿਆਰ ਕਰੇਗਾ। ਸੱਤਵੇਂ ਮਹੀਨੇ ਦੀ ਪੰਦਰਾਂ ਤਾਰੀਖ਼ ਨੂੰ ਵੀ ਉਹ ਪਰਬ ਦੇ ਲਈ ਜਿਵੇਂ ਉਸ ਨੇ ਇਹਨਾਂ ਸੱਤ ਦਿਨਾਂ ਵਿੱਚ ਕੀਤਾ ਸੀ, ਤਿਆਰੀ ਕਰੇਗਾ, **ਪਾਪ ਬਲੀ, ਹੋਮ ਦੀ ਭੇਟ, ਮੈਦੇ ਦੀ ਭੇਟ** ਅਤੇ ਤੇਲ ਦੇ ਅਨੁਸਾਰ।" [ਹਿਜ਼ਕੀ 45:21-25]

ਪ੍ਰਭੂ ਯਹੋਵਾਹ ਇਹ ਆਖਦਾ ਹੈ ਕਿ ਅੰਦਰਲੇ ਵੇਹੜੇ ਦਾ ਫਾਟਕ ਜਿਸ ਦਾ ਮੂੰਹ ਪੂਰਬ ਵੱਲ ਹੈ, ਕੰਮ ਕਾਜ ਦੇ ਛੇ ਦਿਨ ਬੰਦ ਰਹੇਗਾ, ਪਰ **ਸਬਤ ਦੇ ਦਿਨ** ਖੋਲ੍ਹਿਆ ਜਾਵੇਗਾ ਅਤੇ **ਨਵੇਂ ਚੰਦ** ਦੇ ਦਿਨ ਵੀ ਖੋਲ੍ਹਿਆ ਜਾਵੇਗਾ।" [ਹਿਜ਼ਕੀ 46:1]

"ਤੂੰ ਹਰ ਦਿਨ ਯਹੋਵਾਹ ਦੇ ਲਈ ਪਹਿਲੇ ਸਾਲ ਦਾ ਇੱਕ ਦੋਸ਼ ਰਹਿਤ **ਲੇਲਾ ਹੋਮ ਦੀ ਬਲੀ ਲਈ ਚੜ੍ਹਾਵੇਂਗਾ**, **ਤੂੰ ਹਰ ਸਵੇਰ ਨੂੰ ਚੜ੍ਹਾਵੇਂਗਾ।**" [ਹਿਜ਼ਕੀ 46:13]

"ਪਰ ਜੇਕਰ ਉਹ ਆਪਣੇ ਟਹਿਲੂਆਂ ਵਿੱਚੋਂ ਕਿਸੇ ਇੱਕ ਨੂੰ ਆਪਣੀ ਮਿਰਾਸ ਵਿੱਚੋਂ ਸੁਗ਼ਾਤ ਦੇਵੇ, ਤਾਂ ਉਹ **ਅਜ਼ਾਦੀ ਦੇ ਸਾਲ ਤੱਕ** ਉਸ ਦੀ ਹੋਵੇਗੀ..." [ਹਿਜ਼ਕੀ 46:17]

ਇਹ ਆਇਤਾਂ ਸਿਖਾਉਂਦੀਆਂ ਹਨ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਹੋਣ ਵਾਲੀ ਅਰਾਧਨਾ ਵਿੱਚ ਮੂਸਾ ਦੀ ਬਿਵਸਥਾ ਦੇ ਬਹੁਤ ਸਾਰੇ ਅਭਿਆਸ ਮੁੜ-ਸਥਾਪਿਤ ਕੀਤੇ ਜਾਣਗੇ (ਜਾਜਕ, ਬਲੀ, ਯਹੂਦੀ ਤਿਉਹਾਰ, ਆਦਿ)। ਨੇਮ ਦੇ ਸੰਦੂਕ, ਇੱਕ ਸੋਨੇ ਦੇ ਸ਼ਮਾਦਾਨ, ਰੋਟੀ ਦੀ ਮੇਜ਼, ਪ੍ਰਾਸਚਿਤ ਦੇ ਦਿਨ ਜਾਂ ਪੰਤੇਕੁਸਤ ਦਾ ਕੋਈ ਸਿੱਧਾ ਜ਼ਿਕਰ ਨਹੀਂ ਕੀਤਾ ਗਿਆ ਹੈ। ਇਸ ਲਈ, ਸ਼ਾਇਦ ਰਾਜ ਦੀ ਅਰਾਧਨਾ ਪੂਰੀ ਤਰ੍ਹਾਂ ਲੇਵੀ ਤਰੀਕਿਆਂ ਅਨੁਸਾਰ ਨਹੀਂ ਹੋਵੇਗੀ, ਪਰ ਇਸ ਦੀਆਂ ਵਿਧੀਆਂ ਕਲੀਸਿਯਾ ਨਾਲੋਂ ਜ਼ਿਆਦਾ ਬਿਵਸਥਾ ਨਾਲ ਮਿਲਦੀਆਂ-ਜੁਲਦੀਆਂ ਹੋਣਗੀਆਂ।

ਕੁਝ ਲੋਕਾਂ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਜਾਨਵਰਾਂ ਦੀਆਂ ਬਲੀਆਂ ਦਾ ਵਿਚਾਰ ਘਿਣਾਉਣਾ ਲੱਗਦਾ ਹੈ। ਉਹ ਇਹ ਮੰਨਦੇ ਹਨ ਕਿ ਇਹ ਮਸੀਹ ਦੇ ਮੁਕੰਮਲ ਬਲੀਦਾਨ ਨਾਲ ਮੇਲ ਨਹੀਂ ਖਾਂਦਾ ਹੈ। ਹਜ਼ਾਰ ਸਾਲ ਦੇ ਰਾਜ ਦੌਰਾਨ ਜਾਨਵਰਾਂ ਦੀਆਂ ਬਲੀਆਂ ਨਿਸ਼ਚਿਤ ਤੌਰ ਤੇ ਪਾਪ ਦਾ ਪ੍ਰਾਸਚਿਤ ਕਰਨ ਦੇ ਲਈ ਨਹੀਂ ਹੋਣਗੀਆਂ। ਮਸੀਹ ਦਾ ਬਲੀਦਾਨ ਪੂਰੀ

ਤਰ੍ਹਾਂ ਕਾਫ਼ੀ ਸੀ। ਮਸੀਹ ਦੇ ਬਲੀਦਾਨ ਨੇ ਜਾਨਵਰਾਂ ਦੀ ਬਲੀ ਨੂੰ ਖ਼ਤਮ ਕਰ ਦਿੱਤਾ ਹੈ। ਜਾਨਵਰਾਂ ਦੀਆਂ ਬਲੀਆਂ ਪਾਪ ਨੂੰ ਢੱਕਣ ਦੇ ਲਈ ਸਿਰਫ਼ ਇੱਕ ਅਸਥਾਈ ਰੂਪ ਵਿੱਚ ਕੰਮ ਕੀਤਾ ਸੀ (ਇਬ 7:27; 9:12,26; 10:4,10,14,26)।

ਪਰ, ਹਜ਼ਾਰ ਸਾਲ ਦੇ ਰਾਜ ਤੋਂ ਪਹਿਲਾਂ ਮਸੀਹ ਦੇ ਧਰਤੀ ਉੱਤੇ ਆਉਣ ਦੇ ਵਿਚਾਰ ਵਾਲੇ ਲੋਕ ਇਹ ਨਹੀਂ ਮੰਨਦੇ ਹਨ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਬਲੀਆਂ ਨੂੰ ਇਸ ਲਈ ਮੁੜ ਸਥਾਪਿਤ ਕੀਤਾ ਜਾਵੇਗਾ ਕਿ ਉਹ ਪਾਪ ਨੂੰ ਢੱਕਣ ਦਾ ਸਾਧਨ ਬਣਨ ਜਾਂ ਫਿਰ ਉਹ ਅਜਿਹੇ ਬਲੀਦਾਨ ਹੋਣ ਜੋ ਕਿਸੇ ਵੀ ਤਰ੍ਹਾਂ ਮੁਕਤੀ ਵਿੱਚ ਕੋਈ ਯੋਗਦਾਨ ਪਾਉਣ। ਅਸਲ ਵਿੱਚ, ਰਾਜ ਦਾ ਆਧਾਰ ਮਸੀਹ ਦੇ ਖ਼ੂਨ ਦੁਆਰਾ ਬਣੇ ਨਵੇਂ ਨੇਮ ਵਿੱਚ ਹੈ (ਦੇਖੋ, ਯਿਰ 31:31ff., ਅਤੇ ਲੂਕਾ 22:20)। ਹਾਲਾਂਕਿ ਹਜ਼ਾਰ ਸਾਲ ਦੇ ਰਾਜ ਦੇ ਬਲੀਦਾਨਾਂ ਵਿੱਚ ਪੁਰਾਣੇ ਨੇਮ ਦੇ ਬਲੀਦਾਨਾਂ ਦੇ ਸਮਾਨ ਗਤੀਵਿਧੀਆਂ ਸ਼ਾਮਲ ਹਨ, ਪਰ **ਉਹ ਜ਼ਰੂਰ ਮਸੀਹ ਦੇ ਬਲੀਦਾਨ ਦੀ ਯਾਦਗਾਰੀ ਦੀ ਤਰ੍ਹਾਂ ਕੰਮ ਕਰਨਗੇ।** ਹਜ਼ਾਰ ਸਾਲ ਦੇ ਰਾਜ ਵਿੱਚ ਜਾਨਵਰਾਂ ਦੇ ਬਲੀਦਾਨ ਸ਼ਾਇਦ ਉਹੀ ਭੂਮਿਕਾ ਨਿਭਾਉਣਗੇ ਜੋ ਕਲੀਸਿਯਾ ਦੇ ਯੁੱਗ ਵਿੱਚ ਪ੍ਰਭੂ-ਭੋਜ ਦੀਆਂ ਗਤੀਵਿਧੀਆਂ ਨਿਭਾਉਂਦੀਆਂ ਹਨ। ਪ੍ਰਭੂ-ਭੋਜ ਦਾ ਕੰਮ "**ਪ੍ਰਭੂ ਦੇ ਆਉਣ ਤੱਕ** ਉਹਨਾਂ ਦੀ ਮੌਤ ਨੂੰ ਦਿਖਾਉਣਾ ਹੈ" (1 ਕੁਰਿੰਥ 11:26)। ਪ੍ਰਭੂ ਦੀ ਆਉਣ ਤੋਂ ਬਾਅਦ, ਸ਼ਾਇਦ ਪ੍ਰਭੂ-ਭੋਜ ਦੀ ਜਗ੍ਹਾ ਜਾਨਵਰਾਂ ਦੇ ਬਲੀਦਾਨ ਲੈ ਲੈਣਗੇ ਜੋ ਪਰਮੇਸ਼ਰ ਦੇ ਲੇਲੇ ਦੇ ਸੰਪੂਰਨ ਬਲੀਦਾਨ ਦੀ ਯਾਦਗੀਰੀ ਹੋਵੇਗੀ। ਇਸ ਤੋਂ ਇਲਾਵਾ, ਬਲੀਦਾਨਾਂ ਤੋਂ ਪੈਦਾ ਹੋਇਆ ਭੋਜਨ ਇੱਕ ਲੰਬੇ ਭੋਜ ਸਮਾਰੋਹ ਦਾ ਹਿੱਸਾ ਬਣ ਜਾਵੇਗਾ।

### 6. ਹਜ਼ਾਰ ਸਾਲ ਦੇ ਰਾਜ ਦਾ ਸਾਰ

ਹਜ਼ਾਰ ਸਾਲ ਦਾ ਰਾਜ ਇਹ ਦਿਖਾਉਂਦਾ ਹੈ ਕਿ ਮਸੀਹ ਪਾਪ ਵਿੱਚ ਡਿੱਗੀ ਉਸ ਮਨੁੱਖਤਾ ਨਾਲ ਕੀ ਕਰ ਸਕਦੇ ਹਨ ਜੋ ਉਸ ਉੱਤੇ ਭਰੋਸਾ ਰੱਖਦੀ ਅਤੇ ਉਹਨਾਂ ਦੀ ਆਗਿਆ ਮੰਨਦੀ ਹੈ। ਇਤਿਹਾਸ ਵਿੱਚ ਪਹਿਲੀ ਵਾਰ ਰਾਜਨੀਤਕ, ਵਿੱਦਿਅਕ, ਅਤੇ ਨਿਆਂਇਕ ਪ੍ਰਣਾਲੀਆਂ ਨੂੰ ਭਲਿਆਈ ਨਾਲ ਜੋੜਿਆ ਜਾਵੇਗਾ। ਹਾਲਾਂਕਿ ਅਵਿਸ਼ਵਾਸੀ ਇਹ ਸੋਚਦੇ ਹਨ ਕਿ ਮਸੀਹ ਦੇ ਅਧੀਨ ਹੋ ਜਾਣ ਨਾਲ ਜੀਵਨ ਦੁਖੀ ਹੋ ਜਾਂਦਾ ਹੈ, ਪਰ ਸੱਚਾਈ ਇਹ ਹੈ ਕਿ ਜਦੋਂ ਸੰਸਾਰ ਅੰਤ ਵਿੱਚ ਮਸੀਹ ਦੇ ਅਧੀਨ ਹੋ ਜਾਵੇਗਾ, ਤਾਂ ਇਹ ਆਪਣੀ ਸਭ ਤੋਂ ਉੱਚੀ ਤਰੱਕੀ ਅਤੇ ਬਰਕਤਾਂ ਨੂੰ ਜਾਣੇਗਾ।

### 7. ਸ਼ੈਤਾਨ ਦਾ ਅੰਤਿਮ ਵਿਦਰੋਹ

ਧਰਤੀ ਉੱਤੇ ਮਸੀਹ ਦੇ ਹਜ਼ਾਰ ਸਾਲ ਦੇ ਰਾਜ ਦੇ ਪੂਰੇ ਹੋਣ ਤੱਕ ਪਰਮੇਸ਼ਰ ਸ਼ੈਤਾਨ ਨੂੰ ਅਥਾਹ ਕੁੰਡ ਵਿੱਚ ਬੰਨ੍ਹ ਕੇ ਰਖਣਗੇ। ਪਰ, ਪ੍ਰਕਾਸ਼ ਦੀ ਪੋਥੀ ਅਧਿਆਇ 20 ਇਹ ਸਿਖਾਉਂਦਾ ਹੈ ਕਿ ਹਜ਼ਾਰ ਸਾਲ ਦੇ ਰਾਜ ਤੋਂ ਸਦੀਪਕ ਰਾਜ ਵਿੱਚ ਤਬਦੀਲੀ ਦੇ ਦੌਰਾਨ, ਪਰਮੇਸ਼ਰ ਸ਼ੈਤਾਨ ਨੂੰ ਇੱਕ ਛੋਟੀ ਜਿਹੀ ਰਿਹਾਈ ਦੀ ਆਗਿਆ ਦੇਣਗੇ। ਸ਼ੈਤਾਨ ਨੂੰ ਰਾਜਾ ਮਸੀਹ ਦੇ ਵਿਰੁੱਧ ਬਗਾਵਤ ਸ਼ੁਰੂ ਕਰਨ ਦੇ ਲਈ ਕਾਫ਼ੀ ਅਸੰਤੁਸ਼ਟ ਲੋਕ ਮਿਲ ਜਾਣਗੇ। ਇੱਥੇ ਪਾਪ ਦੇ ਪਾਗਲਪਣ ਦਾ ਇੱਕ ਹੋਰ ਸਬੂਤ ਹੈ। ਸ਼ੈਤਾਨ ਅਤੇ ਉਸ ਦੇ ਸਹਿਯੋਗੀਆਂ ਦੇ ਜਿੱਤਣ ਦੀ ਕੋਈ ਉਮੀਦ ਨਹੀਂ ਹੈ। ਹਾਲਾਂਕਿ ਉਹ ਆ ਕੇ ਯਰੂਸ਼ਲਮ ਨੂੰ ਘੇਰ ਲੈਣਗੇ, ਪਰ ਸਵਰਗ ਤੋਂ ਆਉਣ ਵਾਲੀ ਅੱਗ ਉਹਨਾਂ ਨੂੰ ਭਸਮ ਕਰ ਦੇਵੇਗੀ। ਅਤੇ ਸ਼ੈਤਾਨ ਨੂੰ ਸਦੀਪਕ ਅੱਗ ਦੀ ਝੀਲ ਵਿੱਚ ਸੁੱਟਿਆ ਜਾਵੇਗਾ। ਅਵਿਸ਼ਵਾਸੀ ਲੋਕ ਉਸ ਵਧੀਆ ਸੰਸਾਰ ਦੀ ਬਜਾਏ ਜਿਸ ਵਿੱਚ ਮਸੀਹ ਉਹਨਾਂ ਦੇ ਰਾਜਾ ਹਨ, ਸ਼ੈਤਾਨ ਅਤੇ ਨਰਕ ਨੂੰ ਚੁਣਨਗੇ! ਉਹ ਮਨੁੱਖ ਵੀ ਸਜ਼ਾ ਦੇ ਹੱਕਦਾਰ ਹਨ।

> ਫਿਰ ਉਸ ਨੂੰ ਅਥਾਹ ਕੁੰਡ ਵਿੱਚ ਸੁੱਟ ਦਿੱਤਾ ਅਤੇ ਉਸ ਨੂੰ ਮੋਹਰਬੰਦ ਕਰ ਦਿੱਤਾ ਕਿ ਉਹ ਉਸ ਸਮੇਂ ਤੱਕ ਕੌਮਾਂ ਨੂੰ ਕੁਰਾਹੇ ਨਾ ਪਾ ਸਕੇ ਜਦੋਂ ਤੱਕ ਕਿ ਇੱਕ ਹਜ਼ਾਰ ਸਾਲ ਪੂਰੇ ਨਾ ਹੋ ਜਾਣ। ਇਸ ਦੇ ਬਾਅਦ ਉਸ ਦਾ ਥੋੜ੍ਹੇ ਸਮੇਂ ਲਈ ਖੁੱਲ੍ਹਾ ਛੱਡਿਆ ਜਾਣਾ ਜ਼ਰੂਰੀ ਹੈ...ਇੱਕ ਹਜ਼ਾਰ ਸਾਲ ਪੂਰਾ ਹੋ ਜਾਣ ਦੇ ਬਾਅਦ ਸ਼ੈਤਾਨ ਕੈਦ ਵਿੱਚੋਂ ਛੱਡ ਦਿੱਤਾ ਜਾਵੇਗਾ। ਉਹ ਧਰਤੀ ਦੀਆਂ ਸਾਰੀਆਂ ਕੌਮਾਂ ਨੂੰ ਕੁਰਾਹੇ ਪਾਉਣ ਲਈ ਨਿੱਕਲੇਗਾ ਭਾਵ ਗੋਗ ਅਤੇ ਮਗੋਗ ਜਿਹੜੀਆਂ ਧਰਤੀ ਦੇ ਚਾਰਾਂ ਕੋਨਿਆਂ ਤੱਕ ਫੈਲੀਆਂ ਹੋਈਆਂ ਹਨ। ਉਹਨਾਂ ਦੀ ਗਿਣਤੀ ਸਮੁੰਦਰ ਦੀ ਰੇਤ ਵਾਂਗ ਹੈ। ਉਹ ਉਹਨਾਂ ਨੂੰ ਲੜਾਈ ਦੇ ਲਈ ਇੱਕ ਥਾਂ ਇਕੱਠਾ ਕਰੇਗਾ। ਇਸ ਲਈ ਉਹਨਾਂ ਨੇ ਸਾਰੀ ਧਰਤੀ ਉੱਤੇ ਹਮਲਾ ਕਰ ਕੇ ਪਰਮੇਸ਼ਰ ਦੇ ਲੋਕਾਂ ਦੀ ਛਾਉਣੀ ਨੂੰ ਘੇਰ ਲਿਆ ਭਾਵ ਉਸ ਸ਼ਹਿਰ ਨੂੰ ਜਿਸ ਨੂੰ ਪਰਮੇਸ਼ਰ ਪਿਆਰ ਕਰਦੇ ਹਨ। ਤਦ ਸਵਰਗ ਤੋਂ ਅੱਗ ਉੱਤਰੀ ਅਤੇ ਉਹਨਾਂ ਨੂੰ ਭਸਮ ਕਰ ਦਿੱਤਾ। ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਪਸ਼ੂ ਅਤੇ ਝੂਠਾ ਨਬੀ ਪਹਿਲਾਂ ਹੀ ਸੁੱਟੇ ਗਏ ਸਨ। ਉਹ ਸਾਰੇ ਉੱਥੇ ਦਿਨ ਰਾਤ ਅਨੰਤਕਾਲ ਤੱਕ ਕਸ਼ਟ ਭੋਗਣਗੇ। [ਪ੍ਰਕਾਸ਼ 20:3,7-10][75]

## XIV. ਸਦੀਪਕਤਾ

ਸਦੀਪਕ ਰਾਜ ਦੇ ਅਧਿਐਨ ਨੂੰ ਪਰਮੇਸ਼ਰ ਦੇ ਸਾਹਮਣੇ ਸਦੀਪਕ ਨਿਆਂ ਅਤੇ ਸਦੀਪਕ ਜੀਵਨ (ਨਰਕ ਅਤੇ ਸਵਰਗ) ਦੇ ਦੋ ਭਾਗਾਂ ਵਿੱਚ ਵੰਡਿਆ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਸਵਰਗ ਅਤੇ ਨਰਕ ਬਾਰੇ ਜ਼ਿਆਦਾ ਚੰਗੀ ਤਰ੍ਹਾਂ ਗੱਲ ਕੀਤੀ ਜਾਵੇ, ਸਦੀਪਕ ਨਿਆਂ

[75] ਪ੍ਰਕਾਸ਼ ਦੀ ਪੋਥੀ 20 ਵਿੱਚ "ਗੋਗ ਅਤੇ ਮਾਗੋਗ" ਹਿਜ਼ਕੀ 38-39 ਦੀ ਤਰ੍ਹਾਂ ਰੂਸ ਦਾ ਹਵਾਲਾ ਦੇ ਸਕਦੇ ਹਨ।

ਦੇ ਮਾਮਲਿਆਂ ਨੂੰ ਸਮਝਣਾ ਜ਼ਰੂਰੀ ਹੈ।

### A. ਸਵਰਗਦੂਤਾਂ ਦਾ ਨਿਆਂ

ਬਾਈਬਲ ਇੱਕ ਨਿਸ਼ਚਿਤ ਤੌਰ ਤੇ ਸਵਰਗਦੂਤਾਂ, ਖ਼ਾਸ ਤੌਰ ਤੇ ਪਾਪੀ ਸਵਰਗਦੂਤਾਂ ਦੇ ਨਿਆਂ ਬਾਰੇ ਸਿਖਾਉਂਦੀ ਹੈ।

> ਕੀ ਤੁਸੀਂ ਨਹੀਂ ਜਾਣਦੇ ਕਿ ਅਸੀਂ **ਸਵਰਗਦੂਤਾਂ ਦਾ ਨਿਆਂ ਕਰਾਂਗੇ**? [1 ਕੁਰਿੰਥ 6:3a]
>
> ਜੇਕਰ ਪਰਮੇਸ਼ਰ ਨੇ **ਸਵਰਗਦੂਤਾਂ** ਨੂੰ ਵੀ ਨਹੀਂ ਛੱਡਿਆ ਜਿਹਨਾਂ ਨੇ ਪਾਪ ਕੀਤਾ ਸੀ ਸਗੋਂ ਉਹਨਾਂ ਨੂੰ ਨਰਕ ਦੇ ਵਿੱਚ ਸੁੱਟ ਦਿੱਤਾ ਜਿੱਥੇ ਉਹ ਹਨੇਰੇ ਪਾਤਾਲ ਵਿੱਚ ਬੇੜੀਆਂ ਦੇ ਨਾਲ ਜਕੜ ਕੇ **ਨਿਆਂ ਦੇ ਦਿਨ ਤੱਕ ਰੱਖੇ ਗਏ ਹਨ**। [2 ਪਤਰਸ 2:4]
>
> ਜਿਹਨਾਂ **ਸਵਰਗਦੂਤਾਂ** ਨੇ ਆਪਣੇ ਸੀਮਤ ਖੇਤਰ ਵਿੱਚ ਰਹਿਣ ਤੋਂ ਇਨਕਾਰ ਕੀਤਾ ਅਤੇ ਆਪਣੇ ਅਸਲੀ ਘਰ ਨੂੰ ਛੱਡ ਦਿੱਤਾ, ਉਹ ਅਨੰਤਕਾਲ ਤੱਕ ਬੇੜੀਆਂ ਦੇ ਨਾਲ ਜਕੜ ਕੇ ਹਨੇਰੇ ਪਤਾਲ ਵਿੱਚ ਨਿਆਂ ਵਾਲੇ ਮਹਾਨ ਦਿਨ ਦੇ ਲਈ ਰੱਖੇ ਗਏ ਹਨ ਤਾਂ ਜੋ ਉਹ **ਨਿਆਂ ਵਾਲੇ ਦਿਨ** ਸਜ਼ਾ ਪ੍ਰਾਪਤ ਕਰਨ। [ਯਹੂਦਾਹ 6]

ਹਾਲਾਂਕਿ ਬਾਈਬਲ ਪਾਪੀ ਸਵਰਗਦੂਤਾਂ ਦੇ ਨਿਆਂ ਦੇ ਲਈ ਕੋਈ ਖ਼ਾਸ ਸਮਾਂ ਨਹੀਂ ਦੱਸਦੀ ਹੈ, ਪਰ ਇਹ ਮੰਨ ਲੈਣਾ ਤਰਕਪੂਰਣ ਹੀ ਹੋਵੇਗਾ ਕਿ ਪਾਪੀ ਸਵਰਗਦੂਤ ਵੀ ਸ਼ੈਤਾਨ ਨਾਲ ਅੱਗ ਦੀ ਝੀਲ ਵਿੱਚ ਸੁੱਟੇ ਜਾਣਗੇ (ਪ੍ਰਕਾਸ਼ 20:10)। ਸਵਰਗਦੂਤਾਂ ਦੇ ਨਿਆਂ ਨੂੰ ਹਜ਼ਾਰ ਸਾਲ ਦੇ ਰਾਜ ਤੋਂ ਸਦੀਪਕਤਾ ਵਿੱਚ ਤਬਦੀਲੀ ਤੋਂ ਪਹਿਲਾਂ ਨਹੀਂ ਰੱਖਿਆ ਜਾ ਸਕਦਾ ਹੈ। ਅੱਗ ਦੀ ਝੀਲ ਮਨੁੱਖਾਂ ਦੇ ਲਈ ਨਹੀਂ ਬਲਕਿ "ਸ਼ੈਤਾਨ ਅਤੇ ਉਸ ਦੇ ਦੂਤਾਂ ਦੇ ਲਈ" ਬਣਾਈ ਗਈ ਸੀ (ਦੇਖੋ, ਮੱਤੀ 25:41)। ਪ੍ਰਕਾਸ਼ ਦੀ ਪੋਥੀ 20 ਉਸ ਸਮੇਂ ਬਾਰੇ ਗੱਲ ਕਰਦਾ ਲੱਗਦਾ ਹੈ ਜਦੋਂ ਪਰਮੇਸ਼ਰ ਪਤਾਲ (ਆਇਤ 14) ਅਤੇ ਅਥਾਹ-ਕੁੰਡ ਨੂੰ ਖਾਲੀ ਕਰ ਰਹੇ ਹਨ, ਅਤੇ ਸਾਰੇ ਬੁਰਾਈ, ਮਨੁੱਖਾਂ ਅਤੇ ਪਾਪੀ ਸਵਰਗਦੂਤਾਂ ਨੂੰ ਸਦੀਪਕ ਅੱਗ ਦੀ ਝੀਲ ਵਿੱਚ ਬੰਦ ਕਰ ਰਹੇ ਹਨ। ਪਾਪੀ ਸਵਰਗਦੂਤਾਂ ਦੇ ਨਿਆਂ ਦਾ ਇਹੀ ਸਭ ਤੋਂ ਤਰਕਪੂਰਣ ਬਿੰਦੂ ਹੋ ਸਕਦਾ ਹੈ। 2 ਪਤਰਸ 2:4 ਅਤੇ ਯਹੂਦਾਹ 1:6 ਕੈਦ ਕੀਤੇ ਹੋਏ ਸਵਰਗਦੂਤਾਂ ਦੇ ਨਿਆਂ ਦਾ ਜ਼ਿਕਰ ਕਰਦੇ ਹਨ, ਪਰ ਇਹ ਸੰਭਵ ਹੈ ਕਿ ਖੁੱਲ੍ਹੀ ਅਤੇ ਕਿਰਿਆਸ਼ੀਲ ਰਹਿਣ ਵਾਲੀਆਂ ਦੁਸ਼ਟ ਆਤਮਾਵਾਂ ਨੂੰ ਵੀ ਨਿਆਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਨਿਸ਼ਚਿਤ ਹੀ ਉਹ ਵੀ ਸਦੀਪਕ ਸਜ਼ਾ ਪਾਉਣਗੀਆਂ।

ਪੌਲੁਸ ਇਹ ਸਿਖਾਉਂਦਾ ਹੈ ਕਿ ਸਵਰਗਦੂਤਾਂ ਦਾ ਨਿਆਂ ਕਰਨ ਵਿੱਚ ਕਲੀਸਿਯਾ ਦੇ ਸੰਤਾਂ ਦੀ ਵੀ ਇੱਕ ਭੂਮਿਕਾ ਹੋਵੇਗੀ। ਇਹ ਸ਼ਾਇਦ ਪਾਪੀ ਸਵਰਗਦੂਤਾਂ ਦੇ ਬਾਰੇ ਹੀ ਹੈ। ਜੇਕਰ 1 ਕੁਰਿੰਥ 6:3 ਦੀ ਵਿਆਖਿਆ ਇਸ ਤਰ੍ਹਾਂ ਨਾ ਹੋਵੇ ਕਿ ਉਸ ਵਿੱਚ ਚੁਣੇ ਹੋਏ ਸਵਰਗਦੂਤਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ, ਤਾਂ ਬਾਈਬਲ ਵਿੱਚ ਪਵਿੱਤਰ ਸਵਰਗਦੂਤਾਂ ਦੇ ਨਿਆਂ ਬਾਰੇ ਹੋਰ ਕਿਤੇ ਨਹੀਂ ਸਿਖਾਇਆ ਗਿਆ ਹੈ।

### B. ਵੱਡੇ ਚਿੱਟੇ ਸਿੰਘਾਸਣ ਦਾ ਨਿਆਂ

ਹਜ਼ਾਰ ਸਾਲ ਦੇ ਰਾਜ ਤੋਂ ਸਦੀਪਕ ਰਾਜ ਵਿੱਚ ਤਬਦੀਲੀ ਵਿੱਚ, ਵੱਡੇ ਚਿੱਟੇ ਸਿੰਘਾਸਣ ਦਾ ਨਿਆਂ ਇੱਕ ਮੁੱਖ ਘਟਨਾ ਹੈ। ਪ੍ਰਕਾਸ਼ 20:11 ਮੌਜੂਦਾ ਅਕਾਸ਼ ਅਤੇ ਧਰਤੀ ਦੇ ਵਿਨਾਸ਼ ਤੋਂ ਬਾਅਦ ਦੇ ਸਮੇਂ ਦਾ ਪਰ ਨਵੇਂ ਅਕਾਸ਼ ਅਤੇ ਧਰਤੀ ਦੀ ਸਿਰਜਣਾ ਜਾਂ ਮੁਰੰਮਤ ਤੋਂ ਪਹਿਲਾਂ ਦੇ ਸਮੇਂ ਦੀ ਵੱਲ ਸੰਕੇਤ ਹੋ ਸਕਦਾ ਹੈ। ਪਰਮੇਸ਼ਰ ਪਿਤਾ ਨੇ ਨਿਆਂ ਦਾ ਸਾਰਾ ਅਧਿਕਾਰ ਪੁੱਤਰ ਪਰਮੇਸ਼ਰ ਨੂੰ ਸੌਂਪ ਦਿੱਤਾ ਦਿੱਤਾ ਹੈ (ਯੂਹੰਨਾ 5:22; ਰਸੂਲਾਂ 17:31)। ਇਸ ਲਈ, ਇਹ ਮੰਨਣਾ ਠੀਕ ਹੈ ਕਿ ਮੁਕਤੀ ਨਾ ਪਾਏ ਪਾਪੀ ਲੋਕਾਂ ਦਾ ਅੰਤਿਮ ਨਿਆਂ ਵੀ ਮਸੀਹ ਹੀ ਕਰਨਗੇ। ਮਰੇ ਹੋਏ, ਵੱਡੇ ਅਤੇ ਛੋਟੇ ਸਾਰੇ ਲੋਕ ਨਿਆਂ ਦਾ ਸਾਹਮਣਾ ਕਰਨ ਦੇ ਲਈ ਜੀਅ ਉੱਠਣਗੇ। ਪਰਮੇਸ਼ਰ ਨੇ ਉਹਨਾਂ ਦੇ ਸਾਰੇ ਕੰਮਾਂ ਨੂੰ ਕਈ ਪੁਸਤਕਾਂ ਵਿੱਚ ਦਰਜ ਕੀਤਾ ਹੈ। ਪਰ ਇਸ ਵਿੱਚ ਮੁੱਖ ਗੱਲ ਇਹ ਹੈ ਕਿ ਕੀ ਇੱਕ ਵਿਅਕਤੀ ਦਾ ਨਾਮ ਜੀਵਨ ਦੀ ਪੁਸਤਕ ਵਿੱਚ ਲਿਖਿਆ ਹੋਇਆ ਹੈ ਜਾਂ ਨਹੀਂ। ਪ੍ਰਭੂ ਯਿਸੂ ਮਸੀਹ ਨੂੰ ਸਵੀਕਾਰ ਨਾ ਕਰਨਾ ਹੀ ਸਦੀਪਕ ਸਜ਼ਾ ਦਾ ਮੁੱਖ ਆਧਾਰ ਹੈ (ਦੇਖੋ, ਯੂਹੰਨਾ 3:18; 2 ਥੱਸਲੁ 1:8)। ਫਿਰ ਵੀ, "ਕੰਮਾਂ" ਵਿੱਚ ਦਿਲਚਸਪੀ ਲੈਣ ਦੇ ਕਈ ਕਾਰਨ ਹਨ। ਹਾਲਾਂਕਿ ਅੱਗ ਦੀ ਝੀਲ ਵਿੱਚ ਸੁੱਟੇ ਜਾਣ ਦਾ ਆਧਾਰ ਮਸੀਹ ਵਿੱਚ ਅਵਿਸ਼ਵਾਸ ਹੋਵੇਗਾ, ਪਰ ਸਜ਼ਾ ਦੇ ਮਾਪ ਨੂੰ ਤਹਿ ਕਰਨ ਵਿੱਚ ਕੰਮ ਇੱਕ ਤੱਥ ਹੋਣਗੇ। ਇਸ ਤੋਂ ਇਲਾਵਾ, ਸ਼ਾਇਦ ਮਸੀਹ ਇੱਕ ਵਿਅਕਤੀ ਦੇ ਕੰਮਾਂ ਦੀ ਜਾਂਚ ਕਰਨਗੇ ਕਿ ਦੋਸ਼ੀ ਲੋਕਾਂ ਦੇ ਅੱਗੇ ਇਹ ਸਾਬਤ ਕੀਤਾ ਜਾ ਸਕੇ ਕਿ ਸਦੀਪਕ ਜੀਵਨ ਪਾਉਣ ਦੇ ਲਈ ਉਹਨਾਂ ਦੇ ਚੰਗੇ ਕੰਮ ਕਾਫ਼ੀ ਨਹੀਂ ਹਨ। ਕੁਝ ਲੋਕ ਦਾਅਵਾ ਕਰਨਗੇ ਕਿ ਉਹਨਾਂ ਨੇ ਮਸੀਹ ਦੇ ਨਾਮ ਉੱਤੇ ਵੱਡੇ-ਵੱਡੇ ਕੰਮ ਕੀਤੇ ਹਨ, ਪਰ ਉਹਨਾਂ ਦਾ ਲੇਖਾ ਇਹ ਸਾਬਤ ਕਰ ਦੇਵੇਗਾ ਕਿ ਉਹ ਲੋਕ ਅਸਲ ਵਿੱਚ ਦੁਸ਼ਟਤਾ ਦੇ ਕੰਮ ਕਰਨ ਵਾਲੇ ਸਨ ਜਿਹਨਾਂ ਨੂੰ ਸਵਰਗ ਵਿੱਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਮਿਲੇਗੀ (ਦੇਖੋ, ਮੱਤੀ 7:22-23)।

ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮਸੀਹ ਸਵੀਕਾਰ ਨਾ ਕਰਨ ਦੇ ਕਾਰਨ ਜੀਵਨ ਦੀ ਪੁਸਤਕ ਵਿੱਚ ਇੱਕ ਵਿਅਕਤੀ ਦੇ ਨਾਮ ਦਾ ਨਾ ਹੋਣਾ ਹੀ ਵੱਡੇ ਚਿੱਟੇ ਸਿੰਘਾਸਣ ਦੀ ਸਜ਼ਾ ਦਾ ਮੁੱਖ ਆਧਾਰ ਹੈ। ਇਹ ਹੋਰ ਪੱਕਾ ਤੱਥ ਇਹ ਹੈ ਕਿ ਜਿਹਨਾਂ ਦਾ ਵੱਡੇ ਚਿੱਟੇ ਸਿੰਘਾਸਣ ਅੱਗੇ ਨਿਆਂ ਹੋਵੇਗਾ, ਉਹਨਾਂ ਵਿੱਚੋਂ ਜ਼ਿਆਦਾਤਰ (ਜੇਕਰ ਸਾਰਿਆਂ ਨੂੰ ਨਹੀਂ) ਨੂੰ ਦੂਜੀ ਮੌਤ (ਅੱਗ ਦੀ ਝੀਲ) ਵਿੱਚ ਸਦੀਪਕ ਸਜ਼ਾ ਦਿੱਤੀ ਜਾਵੇਗੀ। ਇਸ ਲਈ, ਵੱਡਾ ਚਿੱਟਾ ਸਿੰਘਾਸਣ ਸਦੀਪਕ ਮੌਤ ਦੀ ਸਜ਼ਾ ਪਾਉਣ ਵਾਲਿਆਂ ਦਾ ਹੀ ਨਿਆਂ ਹੈ। ਇਹ ਸਜ਼ਾ ਪਾਉਣ ਦੇ ਲਈ ਉਹੀ ਜੀਅ ਉੱਠਣਾ ਹੈ ਜਿਸ

ਜ਼ਿਕਰ ਦਾਨੀਏਲ 12:2 ਅਤੇ ਯੂਹੰਨਾ 5:29 ਵਿੱਚ ਕੀਤਾ ਗਿਆ ਹੈ।[76]

ਬਾਈਬਲ ਇਹ ਨਹੀਂ ਦੱਸਦੀ ਹੈ ਕਿ ਹਜ਼ਾਰ ਸਾਲ ਦੇ ਰਾਜ ਦੇ ਸੰਤਾਂ ਦਾ ਨਿਆਂ ਜਾਂ ਉਹਨਾਂ ਦਾ ਮਹਿਮਾ ਪ੍ਰਾਪਤ ਕਰਨਾ ਕਦੋਂ ਹੋਵੇਗਾ, ਅਤੇ ਨਾ ਹੀ ਬਾਈਬਲ ਉਹਨਾਂ ਕੁਝ ਲੋਕਾਂ ਦੇ ਨਿਆਂ ਜਾਂ ਜੀਅ ਉੱਠਣ ਬਾਰੇ ਕੁਝ ਸਿਖਾਉਂਦੀ ਹੈ ਜੋ ਹਜ਼ਾਰ ਸਾਲ ਦੇ ਰਾਜ ਦੌਰਾਨ ਮਰਨਗੇ। ਸ਼ਾਇਦ ਉਹ ਤੁਰੰਤ ਹੀ ਜੀਅ ਉੱਠਣਗੇ, ਜਾਂ ਸ਼ਾਇਦ ਉਹ ਵੱਡੇ ਚਿੱਟੇ ਸਿੰਘਾਸਣ ਵੇਲੇ ਜੀਅ-ਉੱਠਣਗੇ ਅਤੇ ਉਹਨਾਂ ਵਿੱਚੋਂ ਇੱਕ ਛੋਟੀ ਜਿਹੀ ਗਿਣਤੀ ਉਹਨਾਂ ਦੀ ਵੀ ਹੋਵੇਗਾ ਜਿਹਨਾਂ ਦਾ ਨਾਮ ਜੀਵਨ ਦੀ ਪੁਸਤਕ ਵਿੱਚ ਦਰਜ ਹੋਵੇਗਾ।

ਵੱਡੇ ਚਿੱਟੇ ਸਿੰਘਾਸਣ ਅੱਗੇ ਨਿਆਂ ਕੀਤੇ ਜਾਣ ਵਾਲੇ ਲੋਕਾਂ ਦੀਆਂ ਬਹੁਤ ਸਾਰੀਆਂ ਆਤਮਾਵਾਂ ਪਤਾਲ ਵਿੱਚੋਂ ਆਉਣਗੀਆਂ (ਆਇਤ 13)। ਉਹ ਮਰ ਚੁੱਕੇ ਸਨ, ਪਰ ਹੁਣ ਜਿਊਂਦਾ ਹੋ ਕੇ ਨਿਆਂ ਕੀਤੇ ਜਾਣ ਦੇ ਲਈ ਪ੍ਰਗਟ ਹੋਏ ਹਨ।

ਇੱਕ ਸੰਭਵ ਤੌਰ ਤੇ, ਉਹ ਮੁਕਤੀ ਨਾ ਪਾਏ ਹੋਏ ਲੋਕ ਜਿਹੜੇ ਬਿਪਤਾ ਦੇ ਦੌਰਾਨ ਜੀਵਿਤ ਰਹੇ ਸਨ, ਪਰ ਉਹਨਾਂ ਨੂੰ ਪਹਿਲੇ ਨਿਆਂ ਦੇ ਬਾਅਦ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ ਸੀ, ਉਹਨਾਂ ਨੂੰ ਵੱਡੇ ਚਿੱਟੇ ਸਿੰਘਾਸਣ ਦੇ ਅੱਗੇ ਪੇਸ਼ ਹੋਣ ਦੀ ਕੋਈ ਲੋੜ ਨਹੀਂ ਹੋਵੇਗੀ (ਦੇਖੋ, ਮੱਤੀ 25:41,46)। ਇੱਕ ਤਕਨੀਕੀ ਤੌਰ ਤੇ, ਉਹ ਲੋਕ ਉਹਨਾਂ ਮੁਰਦਿਆਂ ਦਾ ਹਿੱਸਾ ਨਹੀਂ ਸਨ ਜਿਹਨਾਂ ਨੂੰ ਪਤਾਲ ਵਿੱਚ ਬੰਦ ਕਰ ਦਿੱਤਾ ਗਿਆ ਸੀ (ਪ੍ਰਕਾਸ਼ 20:12), ਕਿਉਂਕਿ ਉਹ ਧਰਤੀ ਉੱਤੇ ਹੋਣ ਵਾਲੀ ਇੱਕ ਆਮ ਸਰੀਰਕ ਮੌਤ ਤੋਂ ਬਿਨਾਂ ਸਿੱਧੇ ਜਿਊਂਦੇ ਅੱਗ ਦੀ ਝੀਲ ਵਿੱਚ ਸੁੱਟ ਦਿੱਤੇ ਗਏ ਸਨ।[77]

### C. ਸਜ਼ਾ ਦੇ ਸਥਾਨਾਂ ਦੇ ਲਈ ਵੱਖ-ਵੱਖ ਸ਼ਬਦ

ਹਾਲਾਂਕਿ ਲੋਕ ਵੱਖ-ਵੱਖ ਸ਼ਬਦਾਂ ਦੇ ਪ੍ਰਤੀ ਲਾਪਰਵਾਹ ਹੋ ਕੇ ਇੱਕ ਦੀ ਜਗ੍ਹਾ ਦੂਜੇ ਦੀ ਵਰਤੋਂ ਕਰ ਸਕਦੇ ਹਨ, ਪਰ ਬਾਈਬਲ ਸਜ਼ਾ ਦੇ ਵੱਖ-ਵੱਖ ਸਥਾਨਾਂ ਨੂੰ ਦਰਸਾਉਂਦੀ ਹੈ। ਕੋਈ ਵੀ ਵਿਸਤ੍ਰਿਤ ਅਧਿਐਨ ਇਹ ਪ੍ਰਗਟ ਕਰ ਦਿੰਦਾ ਹੈ ਕਿ ਇਹ ਸਾਰੇ ਸ਼ਬਦ ਇੱਕੋ ਜਿਹੇ ਨਹੀਂ ਹਨ।

ਉਹਨਾਂ ਦਾ ਅਧਿਐਨ ਕੀਤਾ ਜਾਨ ਚਾਹੀਦਾ ਹੈ ਤਾਂ ਜੋ ਸਦੀਪਕ ਸਜ਼ਾ ਦੇ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕੇ।

#### 1. ਨਰਕ

ਨਰਕ ਇੱਕ ਅਜਿਹਾ ਆਮ ਸ਼ਬਦ ਹੈ ਜੋ ਤਸੀਹੇ ਦੇ ਕਿਸੇ ਵੀ ਸਥਾਨ ਦੇ ਲਈ ਵਰਤਿਆ ਜਾਂਦਾ ਹੈ। ਇਹ ਇੱਕ ਲਾਭਦਾਇਕ ਸ਼ਬਦ ਹੋ ਸਕਦਾ ਹੈ, ਪਰ ਇਹ ਡੂੰਘੀ ਸਮਝ ਦੇ ਲਈ ਇਹ ਇੱਕ ਖ਼ਾਸ ਸ਼ਬਦ ਨਹੀਂ ਹੋ ਸਕਦਾ ਹੈ।

#### 2. ਅਥਾਹ ਕੁੰਡ

ਯੂਨਾਨੀ ਸ਼ਬਦ *ਐਂਬਿਸ* ਦਾ ਅਨੁਵਾਦ ਅਕਸਰ "ਇੱਕ ਟੋਏ" ਜਾਂ "ਡੂੰਘੇ ਟੋਏ" ਵਜੋਂ ਕੀਤਾ ਜਾਂਦਾ ਹੈ। ਅਥਾਹ ਕੁੰਡ ਕੁਝ ਪਾਪੀ ਡਿੱਗੇ ਹੋਏ ਦੂਤਾਂ ਦੇ ਲਈ ਕੈਦ ਦੀ ਅਸਥਾਈ ਜਗ੍ਹਾ ਹੈ (ਲੂਕਾ 8:31; ਪ੍ਰਕਾਸ਼ 9:1,2,11,11:7,17:8,20:1-3)। ਮਸੀਹ ਦੇ ਸਮੇਂ ਵਿੱਚ, ਦੁਸ਼ਟ ਆਤਮਾਵਾਂ ਨੇ ਅਥਾਹ ਕੁੰਡ ਵਿੱਚ ਜਾਣ ਦੀ ਬਜਾਏ ਸੂਰਾਂ ਵਿੱਚ ਭੇਜੇ ਜਾਣ ਦੀ ਬੇਨਤੀ ਕੀਤੀ ਸੀ (ਦੇਖੋ, ਲੂਕਾ 8:31)। ਹੁਣ ਕੁਝ ਪਾਪੀ ਦੂਤ ਅਥਾਹ ਕੁੰਡ ਵਿੱਚ ਬੰਦ ਹਨ। 2 ਪਤਰਸ 2:4 ਅਤੇ ਯਹੂਦਾਹ 1:6 ਦੇ ਪਾਪੀ ਦੂਤ, ਉਹਨਾਂ ਦੇ ਅੰਤਿਮ ਨਿਆਂ ਹੋਣ ਅਤੇ ਅੱਗ ਦੀ ਝੀਲ ਵਿੱਚ ਸੁੱਟੇ ਜਾਣ ਤੋਂ ਪਹਿਲਾਂ, ਅਥਾਹ ਕੁੰਡ ਵਿੱਚ ਬੰਦ ਕੀਤੇ ਗਏ ਹਨ। ਅਧਿਆਇ 5 ਵਿੱਚ, ਦੁਸ਼ਟ ਆਤਮਾਵਾਂ ਦੇ ਸਿਧਾਂਤ ਵਿੱਚ ਇਸ ਸੰਭਾਵਨਾ ਉੱਤੇ ਚਰਚਾ ਕੀਤੀ ਗਈ ਹੈ ਕਿ ਸ਼ਾਇਦ ਇਹੀ ਦੂਤ ਔਰਤਾਂ ਨਾਲ ਸਰੀਰਕ ਸੰਬੰਧ ਬਣਾਉਣ ਵਿੱਚ ਸ਼ਾਮਲ ਹੋਏ ਸਨ।[78] ਇਹ ਸਪੱਸ਼ਟ ਹੈ ਕਿ ਬਿਪਤਾ ਦੇ ਸਮੇਂ ਦੌਰਾਨ ਅਥਾਹ ਕੁੰਡ ਦੇ ਕੁਝ ਦੂਤਾਂ ਨੂੰ ਧਰਤੀ ਉੱਤੇ ਦੁੱਖ ਲਿਆਉਣ ਦੇ ਲਈ ਛੱਡਿਆ ਜਾਵੇਗਾ (ਦੇਖੋ, ਪ੍ਰਕਾਸ਼ 9:1)।

ਹਾਲਾਂਕਿ ਪਸ਼ੂ ਅਤੇ ਝੂਠਾ ਨਬੀ ਬਿਪਤਾ ਦੇ ਅੰਤ ਵਿੱਚ ਸਿੱਧੇ ਹੀ ਅੱਗ ਵਿੱਚ ਝੀਲ ਵਿੱਚ ਸੁੱਟੇ ਜਾਣਗੇ, ਸ਼ੈਤਾਨ ਅਥਾਹ ਕੁੰਡ ਵਿੱਚ ਇੱਕ ਹਜ਼ਾਰ ਸਾਲ ਤੱਕ ਕੈਦ ਵਿੱਚ ਰੱਖਿਆ ਜਾਵੇਗਾ (ਦੇਖੋ, ਪ੍ਰਕਾਸ਼ 20:1-3)। ਅਥਾਹ ਕੁੰਡ ਵਿੱਚੋਂ ਥੋੜ੍ਹੇ ਸਮੇਂ ਦੀ ਰਿਹਾਈ ਤੋਂ ਬਾਅਦ, ਸ਼ੈਤਾਨ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇਗਾ। ਹਾਲਾਂਕਿ ਅਥਾਹ ਕੁੰਡ ਪਾਪੀ ਦੂਤਾਂ ਦਾ ਇੱਕ ਅਸਥਾਈ ਸਥਾਨ ਹੈ, ਪਰ ਅੱਗ ਦੀ ਝੀਲ ਸ਼ੈਤਾਨ ਅਤੇ ਉਸ ਦੇ ਦੂਤਾਂ ਦਾ ਸਦੀਪਕ ਨਿਵਾਸ ਹੈ (ਇਹ ਉਹਨਾਂ ਦੇ ਲਈ ਹੀ ਬਣਾਈ ਗਈ ਹੈ, ਦੇਖੋ ਮੱਤੀ 25:41)। ਇਸ ਤਰ੍ਹਾਂ, ਪਾਪੀ ਦੂਤਾਂ ਦੇ ਨਿਆਂ ਤੋਂ ਬਾਅਦ ਅਥਾਹ ਕੁੰਡ ਖਾਲ੍ਹੀ ਹੋ ਜਾਵੇਗਾ, ਅਤੇ ਇਸ ਵਿੱਚ ਰਹਿਣ ਵਾਲੀਆਂ ਸਾਰੀਆਂ ਦੁਸ਼ਟ ਆਤਮਾਵਾਂ ਨੂੰ ਹਮੇਸ਼ਾ ਦੇ ਲਈ ਅੱਗ ਦੀ ਝੀਲ ਵਿੱਚ ਸੁੱਟਿਆ ਜਾਵੇਗਾ।

[76] ਰਸੂਲਾਂ 24:15; ਇਬ 9:27; ਅਤੇ ਪ੍ਰਕਾਸ਼ 20:5-6 ਵੀ ਦੇਖੋ

[77] ਰੈਪਚਰ ਦੇ ਸਮੇਂ ਜੀਅ ਉੱਠੇ ਕਲੀਸਿਯਾ ਦੇ ਲੋਕ ਅਤੇ ਬਿਪਤਾ ਤੋਂ ਬਾਅਦ ਜੀਅ ਉੱਠੇ ਪੁਰਾਣੇ ਨੇਮ/ਬਿਪਤਾ ਦੇ ਸੰਤ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦੇ ਸਮੇਂ ਉੱਥੇ ਨਹੀਂ ਹੋਣਗੇ। ਉਹ ਹਜ਼ਾਰ ਸਾਲ ਦੇ ਰਾਜ ਦੇ ਅੰਤ ਤੋਂ ਬਹੁਤ ਪਹਿਲਾਂ ਹੀ ਜੀਅ-ਉਠੇ ਸਨ ਅਤੇ ਆਪਣੇ ਇਨਾਮ ਪ੍ਰਾਪਤ ਕਰ ਚੁੱਕੇ ਸਨ। ਸ਼ਾਇਦ ਹਜ਼ਾਰ ਸਾਲ ਦੇ ਰਾਜ ਵਿੱਚ ਮਰਨ ਵਾਲੇ ਕੁਝ ਸੰਤ ਇਸ ਸਮੇਂ ਜੀਅ ਉੱਠਣਗੇ ਅਤੇ ਉਹਨਾਂ ਨੂੰ ਇਨਾਮ ਦਿੱਤੇ ਜਾਣਗੇ, ਪਰ ਬਾਈਬਲ ਇੱਕ ਖ਼ਾਸ ਤੌਰ ਤੇ ਇਹ ਨਹੀਂ ਸਿਖਾਉਂਦੀ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਮਰਨ ਵਾਲੇ ਸੰਤਾਂ ਨੂੰ ਕਦੋਂ ਜੀਅ ਉਠਾਇਆ ਜਾਵੇਗਾ।

[78] ਅਧਿਆਇ 5 ਦੇ ਭਾਗ II ਵਿੱਚ "ਦੁਸ਼ਟ ਆਤਮਾਵਾਂ ਦੀ ਸ਼ੁਰੂਆਤ" ਨੂੰ ਦੇਖੋ।

3. **ਪਤਾਲ**[79]

*ਸ਼ੀਓਲ* ਇੱਕ ਇਬਰਾਨੀ ਸ਼ਬਦ ਹੈ। ਇਸ ਦਾ ਯੂਨਾਨੀ ਸ਼ਬਦ *ਹੈਡੇਸ* ਹੈ। ਇਹ ਦੋਵੇਂ ਹੀ ਸ਼ਬਦ ਉਸ ਸਥਾਨ ਨੂੰ ਦਰਸਾਉਂਦੇ ਹਨ ਜਿੱਥੇ ਮਰਨ ਤੋਂ ਬਾਅਦ ਦੀਆਂ ਮਨੁੱਖੀ ਆਤਮਾਵਾਂ ਰਹਿੰਦੀਆਂ ਹਨ। ਅਵਿਸ਼ਵਾਸੀ ਲੋਕਾਂ ਦੀਆਂ ਆਤਮਾਵਾਂ ਮੌਤ ਤੋਂ ਤੁਰੰਤ ਬਾਅਦ ਪਤਾਲ ਵਿੱਚ ਜਾਂਦੀਆਂ ਹਨ ਅਤੇ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਲਈ ਜੀਅ ਉਠਾਏ ਜਾਣ ਤੱਕ ਉੱਥੇ ਹੀ ਰਹਿੰਦੀਆਂ ਹਨ। ਇਸ ਤਰ੍ਹਾਂ, ਪਤਾਲ ਅਵਿਸ਼ਵਾਸੀ ਮਨੁੱਖਾਂ ਦੇ ਲਈ ਜਦੋਂ ਤੱਕ ਰਹਿਣ ਦਾ ਇੱਕ ਅਸਥਾਈ ਸਥਾਨ ਹੈ ਜਦੋਂ ਤੱਕ ਉਹਨਾਂ ਦਾ ਅੰਤਿਮ ਜੀਅ ਉੱਠਣਾ, ਨਿਆਂ, ਅਤੇ ਸਦੀਪਕ ਅੱਗ ਦੀ ਝੀਲ ਵਿੱਚ ਤਬਦੀਲੀ ਨਹੀਂ ਹੋਵੇਗੀ। ਪਤਾਲ ਨਾ ਤਾਂ ਅਥਾਹ ਕੁੰਡ ਹੈ ਜੋ ਕਿ ਪਾਪੀ ਦੂਤਾਂ ਦੇ ਲਈ (ਮਨੁੱਖਾਂ ਦੇ ਲਈ ਨਹੀਂ) ਅਸਥਾਈ ਜਗ੍ਹਾ ਹੈ, ਅਤੇ ਨਾ ਹੀ ਅੱਗ ਦੀ ਝੀਲ ਹੈ ਜੋ ਨਿਆਂ ਤੋਂ ਬਾਅਦ ਮਨੁੱਖਾਂ ਅਤੇ ਦੂਤਾਂ ਦੋਵਾਂ ਦੇ ਲਈ ਸਜ਼ਾ ਦਾ ਇੱਕ ਸਦੀਪਕ ਸਥਾਨ ਹੈ। ਪਤਾਲ ਦੀਆਂ ਅਜਿਹੀਆਂ ਹੋਰ ਖ਼ਾਸ ਵਿਸ਼ੇਸ਼ਤਾਵਾਂ ਵੀ ਹਨ ਜੋ ਇਸ ਨੂੰ ਸਜ਼ਾ ਦੇ ਹੋਰ ਸਥਾਨਾਂ ਤੋਂ ਇੱਕ ਅਲੱਗ ਪਛਾਣ ਦਿੰਦੀਆਂ ਹਨ।

### a. ਪਤਾਲ ਸਿਰਫ਼ ਮਨੁੱਖਾਂ ਦੇ ਲਈ ਹੈ

ਬਾਈਬਲ ਇਹ ਨਹੀਂ ਸਿਖਾਉਂਦੀ ਹੈ ਕਿ ਪਾਪੀ ਦੂਤ ਨਿਆਂ ਦੀ ਉਡੀਕ ਕਰਨ ਦੇ ਲਈ ਪਤਾਲ ਵਿੱਚ ਦਾਖਲ ਹੁੰਦੇ ਹਨ। ਆਖ਼ਰੀ ਨਿਆਂ ਦੀ ਉਡੀਕ ਕਰਨ ਵਾਲੇ ਪਾਪੀ ਦੂਤਾਂ ਦੇ ਲਈ ਕੈਦ ਦੇ ਅਸਥਾਈ ਸਥਾਨ ਨੂੰ "ਅਥਾਹ ਕੁੰਡ" ਕਿਹਾ ਜਾਂਦਾ ਹੈ। ਪਤਾਲ ਉਹਨਾਂ **ਅਵਿਸ਼ਵਾਸੀ ਲੋਕਾਂ** ਦੇ ਲਈ ਸਜ਼ਾ ਦਾ ਉਹ ਅਸਥਾਈ ਸਥਾਨ ਹੈ ਜਿੱਥੇ ਉਹ ਆਪਣੇ ਅੰਤਿਮ ਨਿਆਂ ਦੇ ਲਈ ਉਡੀਕ ਕਰਦੇ ਹਨ।

### b. ਪਤਾਲ ਸਿਰਫ਼ ਮਨੁੱਖੀ ਆਤਮਾਵਾਂ ਦੇ ਲਈ ਹੈ

ਇਹ ਸਪੱਸ਼ਟ ਹੈ ਕਿ ਅਵਿਸ਼ਵਾਸੀ ਲੋਕਾਂ ਦੇ ਸਰੀਰ ਮੌਤ ਦੇ ਸਮੇਂ ਮਿੱਟੀ ਵਿੱਚ ਮਿਲ ਜਾਂਦੇ ਹਨ। ਸਿਰਫ਼ ਉਹਨਾਂ ਦੀਆਂ ਆਤਮਾਵਾਂ ਹੀ ਪਤਾਲ ਵਿੱਚ ਪ੍ਰਵੇਸ਼ ਕਰਦੀਆਂ ਹਨ। ਇਸ ਤਰ੍ਹਾਂ, ਪਤਾਲ ਮਰੇ ਹੋਏ ਲੋਕਾਂ ਦੀਆਂ ਮਨੁੱਖੀ ਆਤਮਾਵਾਂ ਦੇ ਲਈ ਇੱਕ ਸਥਾਨ ਹੈ। ਜਦੋਂ ਉਹ ਅੰਤਿਮ ਨਿਆਂ ਦੇ ਲਈ ਜੀਅ ਉਠਣਗੇ, ਉਦੋਂ ਉਹਨਾਂ ਨੂੰ ਇੱਕ ਅਜਿਹਾ ਜੀਅ ਉੱਠਿਆ ਸਰੀਰ ਦਿੱਤਾ ਜਾਵੇਗਾ ਜੋ ਪੂਰੀ ਤਰ੍ਹਾਂ ਸਦੀਪਕ ਅੱਗ ਦੀਆਂ ਲਪਟਾਂ ਵਿੱਚ ਜਲਦੇ ਰਹਿਣ ਦੇ ਯੋਗ ਹੋਵੇਗਾ (ਦੇਖੋ, ਦਾਨੀ 12:2; ਯੂਹੰਨਾ 5:29; ਪ੍ਰਕਾਸ਼ 20:12)। ਅੱਗ ਦੀ ਝੀਲ ਵਿੱਚ ਮੌਜੂਦ ਮਨੁੱਖਾਂ ਕੋਲ ਇੱਕ ਸਰੀਰ ਅਤੇ ਇੱਕ ਆਤਮਾ ਹੋਵੇਗੀ (ਦੇਖੋ, ਮੱਤੀ 10:28), ਪਰ ਪਤਾਲ ਵਿੱਚ ਨਿਆਂ ਦੀ ਉਡੀਕ ਕਰ ਰਹੇ ਲੋਕਾਂ ਕੋਲ **ਜੀਅ ਉੱਠਿਆ ਸਰੀਰ ਨਹੀਂ** ਹੈ (ਫੁਟਨੋਟ 81 ਨੂੰ ਦੇਖੋ)।

### c. ਪਤਾਲ ਦਾ ਸਥਾਨ

ਸਦੀਪਕ ਅੱਗ ਦੀ ਝੀਲ ਦੇ ਸਥਾਨ ਬਾਰੇ ਕਿਸੇ ਨੂੰ ਪਤਾ ਨਹੀਂ ਹੈ। "ਅਕਾਸ਼ ਅਤੇ ਧਰਤੀ" ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਤੋਂ ਪਹਿਲਾਂ ਅਲੋਪ ਹੋ ਗਏ ਹੋਣਗੇ (ਪ੍ਰਕਾਸ਼ 20:11)। ਇਹ ਸ਼ਾਇਦ ਵਰਤਮਾਨ ਅਕਾਸ਼ ਅਤੇ ਧਰਤੀ ਦੇ ਵਿਨਾਸ਼ ਦਾ ਸੰਕੇਤ ਹੈ (2 ਪਤਰਸ 3:10-13)। ਇਸ ਦਾ ਅਰਥ ਹੈ ਕਿ ਅੱਗ ਦੀ ਝੀਲ ਵਰਤਮਾਨ ਧਰਤੀ ਉੱਤੇ ਨਹੀਂ ਹੋ ਸਕਦੀ ਹੈ। ਪਰ ਅਜਿਹੇ ਬਹੁਤ ਸਾਰੇ ਵਚਨ ਹਨ ਜੋ ਇਹ ਸੰਕੇਤ ਦਿੰਦੇ ਹਨ ਕਿ ਪਤਾਲ ਵਰਤਮਾਨ ਧਰਤੀ ਦੇ ਕੇਂਦਰ ਵਿੱਚ ਹੈ।[80] ਇਹ ਇਸ ਅੰਤਰ ਨੂੰ ਦਰਸਾਉਣ ਵਾਲਾ ਇੱਕ ਹੋਰ ਸੰਕੇਤ ਹੈ ਕਿ ਪਤਾਲ ਆਖ਼ਰੀ ਨਿਆਂ ਤੋਂ ਪਹਿਲਾਂ **ਮਨੁੱਖੀ** ਸਜ਼ਾ ਦਾ **ਅਸਥਾਈ** ਸਥਾਨ ਹੈ, ਅਤੇ ਅੱਗ ਦੀ ਝੀਲ **ਪਾਪੀ ਦੂਤਾਂ ਅਤੇ ਅਵਿਸ਼ਵਾਸੀ ਮਨੁੱਖਾਂ** ਦੋਵਾਂ ਲਈ ਦੁੱਖ ਦਾ **ਸਦੀਪਕ** ਸਥਾਨ ਹੈ।

> “ਉਹ ਅਕਾਸ਼ ਤੋਂ ਉੱਚਾ ਹੈ, **ਉਹ ਪਤਾਲ ਨਾਲੋਂ ਵੀ ਡੂੰਘਾ ਹੈ,** ਤੂੰ ਕੀ ਕਰ ਸਕਦਾ ਹੈਂ?” [ਅੱਯੂਬ 11:8] (ਇਹ ਆਇਤ ਸਵਰਗ ਨੂੰ ਉੱਪਰ ਅਤੇ ਪਤਾਲ ਨੂੰ ਹੇਠਾਂ ਦੱਸਦੀ ਹੈ)
>
> ਜੇ ਮੈਂ ਅਕਾਸ਼ ਉੱਤੇ ਚੜ੍ਹ ਜਾਂਵਾਂ, ਤੂੰ ਉੱਥੇ ਹੈਂ, ਜੇ ਮੈਂ ਪਤਾਲ ਵਿੱਚ ਬਿਸਤਰਾ ਵਿਛਾਵਾਂ, ਵੇਖ, ਤੂੰ ਉੱਥੇ ਹੈਂ! [ਜ਼ਬੂਰ 139:8]. (ਇੱਕ ਵਾਰ ਫਿਰ ਪਤਾਲ ਉੱਪਰ ਦੇ ਉਲਟ ਹੈ। ਪਤਾਲ ਵਿੱਚ ਉੱਪਰ ਜਾਣ ਦੀ ਬਜਾਏ **ਹੇਠਾਂ** ਜਾਣਾ ਹੁੰਦਾ ਹੈ)
>
> ... ਅਤੇ ਉਸ ਔਰਤ (ਭਾਵ, ਮੂਰਖ ਔਰਤ) ਦੇ ਪਰਾਹੁਣੇ ਪਤਾਲ ਦੀਆਂ **ਡੂੰਘਿਆਈਆਂ** ਵਿੱਚ ਹਨ! [ਕਹਾਉਤਾਂ 9:18b]
>
> ਸਿਆਣੇ ਦੇ ਲਈ ਜੀਵਨ ਦਾ ਰਾਹ ਉਤਾਹਾਂ ਹੋ ਜਾਂਦਾ ਹੈ, ਤਾਂ ਜੋ ਉਹ **ਪਤਾਲ ਦੇ ਹੇਠੋਂ** ਪਰੇ ਰਹੇ। [ਕਹਾਉਤਾਂ 15:24]
>
> ਪ੍ਰਭੂ ਯਹੋਵਾਹ ਇਹ ਆਖਦਾ ਹੈ, ਜਿਸ ਦਿਨ ਉਹ **ਪਤਾਲ ਵਿੱਚ ਉਤਰਨਗੇ**, ਮੈਂ ਸੋਗ ਕਰਾਵਾਂਗਾ, ਮੈਂ ਉਸ ਦੇ ਲਈ

[79] ਇਸ ਚਰਚਾ ਭਵਿੱਖ ਦੀਆਂ ਘਟਨਾਵਾਂ ਦੇ ਖੇਤਰ ਵਿੱਚ ਨਹੀਂ ਹੈ ਕਿ ਸਲੀਬ ਤੋਂ ਪਹਿਲਾਂ ਪਤਾਲ ਵਿੱਚ ਦੇ ਹਿੱਸੇ ਸਨ ਜਾਂ ਨਹੀਂ, ਇਸ ਲਈ ਇਹ ਇਸ ਅਧਿਐਨ ਵਿੱਚ ਸ਼ਾਮਲ ਨਹੀਂ ਹੈ। ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਪੁਰਾਣੇ ਨੇਮ ਦੇ ਸੰਤ ਮੌਤ ਦੇ ਸਮੇਂ ਪਤਾਲ ਦੇ ਇੱਕ ਧਰਮੀ ਹਿੱਸੇ ਵਿੱਚ ਜਾਂਦੇ ਸਨ। ਇਹ ਵੀ ਮੰਨਿਆ ਜਾਂਦਾ ਹੈ ਕਿ ਪ੍ਰਭੂ ਯਿਸੂ ਆਪਣੀ ਮੌਤ ਅਤੇ ਜੀਅ ਉੱਠਣ ਦੇ ਵਿਚਕਾਰ ਦੇ ਸਮੇਂ ਦੌਰਾਨ ਪਤਾਲ ਦੇ ਇਸ ਹਿੱਸੇ ਵਿੱਚ ਗਏ ਸਨ, ਅਤੇ ਪ੍ਰਭੂ ਸਵਰਗ ਜਾਣ ਵੇਲੇ ਆਤਮਾਵਾਂ ਨੂੰ ਉੱਥੋਂ ਸਵਰਗ ਵਿੱਚ ਲੈ ਗਏ ਸਨ। ਅੱਗੇ ਦਿੱਤੇ ਵਚਨ ਇਸ ਵਿਚਾਰ ਦੀ ਵਿਆਖਿਆ ਕਰ ਸਕਦੇ ਹਨ, ਪਰ ਉਹਨਾਂ ਦੀਆਂ ਹੋਰ ਵਿਆਖਿਆਵਾਂ ਵੀ ਕੀਤੀਆਂ ਜਾ ਸਕਦੀਆਂ ਹਨ (1 ਸਮੂ 28:13,15; ਮੱਤੀ 12:40; 27:51-53; ਲੂਕਾ 16:19-31; ਯੂਹੰਨਾ 20:17; ਰਸੂਲਾਂ 2:27; ਅਫ਼ਸੀ 4:8-9; 1 ਪਤਰਸ 3:18-20)।

[80] ਇਹਨਾਂ ਆਇਤਾਂ ਤੋਂ ਇਲਾਵਾ ਯਸਾ 14:9ff ਵੀ ਦੇਖੋ।

ਡੂੰਘਿਆਈ ਨੂੰ ਲੁਕਾ ਦਿਆਂਗਾ ਅਤੇ ਉਹ ਦੀਆਂ ਨਹਿਰਾਂ ਨੂੰ ਰੋਕ ਦਿਆਂਗਾ ਅਤੇ ਬਹੁਤੇ ਪਾਣੀ ਰੁਕ ਜਾਣਗੇ, ਹਾਂ, ਮੈਂ ਲਬਾਨੋਨ ਤੋਂ ਉਹ ਦੇ ਲਈ ਵਿਰਲਾਪ ਕਰਾਵਾਂਗਾ ਅਤੇ ਉਹ ਦੇ ਲਈ ਖੇਤ ਦੇ ਸਾਰੇ ਰੁੱਖ ਗ਼ਸ਼ੀਆਂ ਖਾਣਗੇ। ਜਿਸ ਵੇਲੇ ਮੈਂ ਉਹ ਨੂੰ ਉਹਨਾਂ ਸਾਰਿਆਂ ਦੇ ਨਾਲ ਜੋ ਕਬਰ ਵਿੱਚ ਡਿੱਗਦੇ ਹਨ **ਪਤਾਲ ਵਿੱਚ ਧੱਕਾਂਗਾ**, ਤਾਂ ਉਹ ਦੇ ਡਿੱਗਣ ਦੇ ਰੌਲ਼ੇ ਨਾਲ ਸਾਰੀਆਂ ਕੌਮਾਂ ਕੰਬਣਗੀਆਂ ਅਤੇ ਅਦਨ ਦੇ ਸਾਰੇ ਰੁੱਖ, ਲਬਾਨੋਨ ਦੇ ਚੁਣਵੇਂ ਚੰਗੇ ਰੁੱਖ, ਉਹ ਸਾਰੇ ਜੋ ਪਾਣੀ ਪੀਂਦੇ ਹਨ, **ਧਰਤੀ ਦੇ ਪਤਾਲ ਵਿੱਚ** ਸ਼ਾਂਤੀ ਪਾਉਣਗੇ। ਉਹ ਵੀ ਉਹ ਦੇ ਨਾਲ ਉਹਨਾਂ ਤੱਕ ਜੋ ਤਲਵਾਰ ਨਾਲ ਵੱਢੇ ਗਏ, **ਪਤਾਲ ਵਿੱਚ ਉਤਰ ਜਾਣਗੇ** ਅਤੇ ਉਹ ਵੀ ਜਿਹੜੇ ਉਸ ਦੀ ਬਾਂਹ ਸਨ ਅਤੇ ਕੌਮਾਂ ਦੇ ਵਿੱਚ ਉਸ ਦੀ ਛਾਂ ਹੇਠਾਂ ਵੱਸਦੇ ਸਨ।" [ਹਿਜ਼ਕੀ 31:15-17]

"ਕਿ ਹੇ ਮਨੁੱਖ ਦੇ ਪੁੱਤਰ, ਮਿਸਰ ਦੀ ਭੀੜ ਉੱਤੇ ਰੋਣਾ-ਪਿੱਟਣਾ ਕਰ ਅਤੇ ਉਹ ਨੂੰ ਅਤੇ ਪ੍ਰਸਿੱਧ ਕੌਮਾਂ ਦੀਆਂ ਧੀਆਂ ਨੂੰ, ਕਬਰ ਵਿੱਚ **ਉੱਤਰਿਆ** ਹੋਇਆਂ ਨਾਲ **ਧਰਤੀ ਦੇ ਹੇਠਲੇ ਹਿੱਸੇ ਵਿੱਚ** ਲਾਹ ਦੇ...ਉਹ ਜਿਹੜੇ ਜ਼ੋਰਾਵਰਾਂ ਵਿੱਚ ਤਕੜੇ ਹਨ, **ਪਤਾਲ ਵਿੱਚ** ਉਸ ਨਾਲ ਅਤੇ ਉਸ ਦੇ ਸਹਾਇਕਾਂ ਨਾਲ ਬੋਲਣਗੇ। ਉਹ **ਹੇਠਾਂ ਉੱਤਰ ਗਏ** ਅਤੇ ਉਹਨਾਂ ਬੇਸੁੰਨਤਿਆਂ ਨਾਲ ਪਏ ਰਹਿੰਦੇ ਹਨ, ਜਿਹੜੇ ਤਲਵਾਰ ਨਾਲ ਵੱਢੇ ਗਏ...ਏਲਾਮ ਅਤੇ ਉਸ ਦੀ ਸਾਰੀ ਭੀੜ ਜੋ ਉਸ ਦੀ ਕਬਰ ਦੇ ਚੁਫ਼ੇਰੇ ਹੈ, ਉੱਥੇ ਹੈ, ਸਾਰੇ ਦੇ ਸਾਰੇ ਤਲਵਾਰ ਨਾਲ ਵੱਢੇ ਗਏ ਤੇ ਡੇਗੇ ਗਏ ਹਨ। ਉਹ **ਧਰਤੀ ਦੇ ਪਤਾਲ ਵਿੱਚ** ਬੇਸੁੰਨਤੇ ਉੱਤਰ ਗਏ ਹਨ। ਉਹ **ਧਰਤੀ ਦੇ ਪਤਾਲ ਵਿੱਚ** ਬੇਸੁੰਨਤੇ ਉੱਤਰ ਗਏ, ਜਿਹੜੇ ਜੀਉਂਦਿਆਂ ਦੀ ਧਰਤੀ ਵਿੱਚ ਭੈਅ ਦਾ ਕਾਰਨ ਸਨ ਅਤੇ ਉਹਨਾਂ ਨੇ **ਕਬਰ ਵਿੱਚ ਉੱਤਰ ਜਾਣ** ਵਾਲਿਆਂ ਨਾਲ ਆਪਣੀ ਨਮੋਸ਼ੀ ਉਠਾਈ ਹੈ।" [ਹਿਜ਼ਕੀ 32:18,21,24]

"ਭਾਵੇਂ ਉਹ **ਪਤਾਲ ਤੱਕ ਟੋਇਆ ਪੁੱਟ ਲੈਣ**, ਉੱਥੋਂ ਵੀ ਮੇਰਾ ਹੱਥ ਉਨ੍ਹਾਂ ਨੂੰ ਖਿੱਚ ਲਵੇਗਾ, ਭਾਵੇਂ ਉਹ ਅਕਾਸ਼ ਤੱਕ ਚੜ੍ਹ ਜਾਣ, ਤਾਂ ਵੀ ਉੱਥੋਂ ਮੈਂ ਉਨ੍ਹਾਂ ਨੂੰ ਉਤਾਰ ਲਿਆਵਾਂਗਾ! " [ਆਮੋਸ 9:2]

"ਹੇ ਕਫ਼ਰਨਾਹੂਮ, ਕੀ ਤੂੰ ਸਵਰਗ ਤੱਕ ਉੱਚਾ ਕੀਤਾ ਜਾਵੇਂਗਾ ? ਨਹੀਂ, **ਤੂੰ ਸੁੱਟ ਦਿੱਤਾ ਜਾਵੇਂਗਾ**। ਕਿਉਂਕਿ ਜਿਹੜੇ ਚਮਤਕਾਰ ਤੇਰੇ ਵਿੱਚ ਕੀਤੇ ਗਏ ਹਨ, ਜੇਕਰ ਇਹ ਸੋਦੋਮ ਸ਼ਹਿਰ ਵਿੱਚ ਕੀਤੇ ਜਾਂਦੇ ਤਾਂ ਉਹ ਅੱਜ ਤੱਕ ਕਾਇਮ ਰਹਿੰਦਾ।" [ਮੱਤੀ 11:23]

"ਹੇ ਕਫ਼ਰਨਾਹੂਮ ਦੇ ਲੋਕੋ, ਕੀ ਤੁਸੀਂ ਸਵਰਗ ਤੱਕ ਉੱਚੇ ਕੀਤੇ ਜਾਓਗੇ? ਨਹੀਂ, **ਤੁਸੀਂ ਪਤਾਲ ਵਿੱਚ** ਸੁੱਟ ਦਿੱਤੇ ਜਾਓਗੇ!" [ਲੂਕਾ 10:15]

ਇਹ ਸੋਚਣਾ ਸਹੀ ਹੈ ਕਿ ਅਵਿਸ਼ਵਾਸੀ ਲੋਕਾਂ ਦੀਆਂ ਆਤਮਾਵਾਂ ਉਹਨਾਂ ਦੀ ਮੌਤ ਦੇ ਸਮੇਂ ਪਤਾਲ ਵਿੱਚ ਜਾਂਦੀਆਂ ਹਨ। ਹਾਲਾਂਕਿ ਸਰੀਰ ਤਾਂ ਮਿੱਟੀ ਵਿੱਚ ਮਿਲ ਜਾਂਦਾ ਹੈ, ਪਰ ਆਤਮਾ ਫਿਰ ਵੀ ਮੌਜੂਦ ਰਹਿੰਦੀ ਹੈ। ਕੁਝ ਝੂਠੇ ਸਮੂਹ ਆਤਮਾ ਦੇ ਸੌਣ ਦੀ ਸਿੱਖਿਆ ਦਿੰਦੇ ਹਨ, ਪਰ ਬਾਈਬਲ ਸਿਖਾਉਂਦੀ ਹੈ ਕਿ ਮਰੇ ਲੋਕ ਦੀਆਂ ਆਤਮਾਵਾਂ ਹੋਸ਼ ਵਿੱਚ ਹੁੰਦੀਆਂ ਹਨ।

### d. ਪਤਾਲ ਵਿੱਚ ਹੋਸ਼ ਵਿੱਚ ਰਹਿਣਾ

ਅੱਗੇ ਦਿੱਤਾ ਭਾਗ ਇਸ ਸੱਚਾਈ ਨੂੰ ਵਿਕਸਿਤ ਕਰੇਗਾ ਕਿ ਮੁਕਤੀ ਪਾਏ ਲੋਕ ਮੌਤ ਤੋਂ ਬਾਅਦ ਵੀ ਹੋਸ਼ ਵਿੱਚ ਰਹਿੰਦੇ ਹਨ। ਪਰ ਇੱਥੇ ਅਸੀਂ ਅਵਿਸ਼ਵਾਸੀ ਲੋਕਾਂ ਦੀ ਗੱਲ ਕਰ ਰਹੇ ਹਾਂ। "ਆਤਮਾ ਦੇ ਸੌਣ" ਦਾ ਸਿਧਾਂਤ, ਜਿਸ ਦਾ ਇਹ ਵਿਚਾਰ ਹੈ ਕਿ ਮੌਤ ਤੋਂ ਬਾਅਦ ਆਤਮਾਵਾਂ ਬੇਹੋਸ਼ ਹੋ ਜਾਂਦੀਆਂ ਹਨ, ਇਹ ਪੂਰੀ ਤਰ੍ਹਾਂ ਬੇਬੁਨਿਆਦ ਹੈ ਅਤੇ ਬਿਨਾਂ ਕਿਸੇ ਤਰਕ ਦੇ ਹੈ।

ਯਸਾਯਾਹ ਵਿੱਚ ਜ਼ਿਕਰ ਕੀਤੇ ਗਏ ਵਿਅਕਤੀ ਦੀ ਵਿਆਖਿਆ ਭਾਵੇਂ ਸ਼ੈਤਾਨ ਦੇ ਰੂਪ ਵਿੱਚ ਕੀਤੀ ਜਾਵੇ ਜਾਂ ਸੂਰ ਦੇ ਰਾਜੇ ਦੇ ਰੂਪ ਵਿੱਚ ਕੀਤੀ ਜਾਵੇ (ਜਿਸ ਨੂੰ ਸ਼ੈਤਾਨ ਨੇ ਸਮਰਥਨ ਦਿੱਤਾ ਸੀ), ਪਰ ਯਸਾਯਾਹ 14 ਇਹ ਸਿਖਾਉਂਦਾ ਹੈ ਕਿ ਅਵਿਸ਼ਵਾਸੀ ਲੋਕ ਪਤਾਲ ਵਿੱਚ ਹੋਸ਼ ਵਿੱਚ ਹੁੰਦੇ ਹਨ। ਉਹ ਨਾ ਸਿਰਫ਼ ਹੋਸ਼ ਵਿੱਚ ਰਹਿੰਦੇ ਹਨ ਬਲਕਿ ਇੱਕ-ਦੂਜੇ ਨਾਲ ਗੱਲਬਾਤ ਵੀ ਕਰ ਸਕਦੇ ਹਨ। ਆਇਤਾਂ 9, 10, ਅਤੇ 16 ਉੱਤੇ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ ਜਿੱਥੇ ਪਤਾਲ ਵਿੱਚ ਰਹਿਣ ਵਾਲੇ ਲੋਕ ਲੂਸੀਫਰ ਦੇ ਪ੍ਰਵੇਸ਼ ਉੱਤੇ ਪ੍ਰਤੀਕਿਰਿਆ ਕਰਦੇ ਹਨ।

> "**ਹੇਠੋਂ ਪਤਾਲ ਤੇਰੇ ਲਈ ਹਿੱਲ ਪਿਆ ਹੈ,** ਕਿ ਤੇਰੇ ਆਉਣ ਦਾ ਸੁਆਗਤ ਕਰੇ, ਉਹ ਤੇਰੇ ਲਈ **ਮੁਰਦਿਆਂ ਨੂੰ**, ਅਰਥਾਤ ਧਰਤੀ ਦੇ ਸਾਰੇ ਆਗੂਆਂ ਨੂੰ **ਜਗਾਉਂਦਾ** ਹੈ। ਉਹ ਨੇ ਕੌਮਾਂ ਦੇ ਸਾਰੇ ਰਾਜਿਆਂ ਨੂੰ ਉਨ੍ਹਾਂ ਦੇ ਸਿੰਘਾਸਣਾਂ ਤੋਂ ਖੜ੍ਹਾ ਕਰ ਦਿੱਤਾ ਹੈ। **ਉਹ ਸਾਰੇ ਤੈਨੂੰ ਉੱਤਰ ਦੇਣਗੇ ਅਤੇ ਆਖਣਗੇ,** ਤੂੰ ਵੀ ਸਾਡੇ ਵਾਂਗੂੰ ਨਿਰਬਲ ਕੀਤਾ ਗਿਆ ਹੈਂ! ਤੂੰ ਸਾਡੇ ਵਾਂਗੂੰ ਹੋ ਗਿਆ ਹੈਂ! ਤੇਰੀ ਚਮਕ-ਦਮਕ ਅਤੇ ਤੇਰੀਆਂ ਬਰਬਤਾਂ ਦੀ ਅਵਾਜ਼ ਪਤਾਲ ਵਿੱਚ ਲਾਹੀ ਗਈ, ਕੀੜੇ ਤੇਰੇ ਹੇਠ ਵਿਛਾਏ ਗਏ, ਅਤੇ ਕਿਰਮ ਹੀ ਤੇਰਾ ਓੜ੍ਹਨਾ ਹਨ। ਤੂੰ ਅਕਾਸ਼ ਤੋਂ ਕਿਵੇਂ ਡਿੱਗ ਪਿਆ, ਹੇ ਦਿਨ ਦੇ ਤਾਰੇ, ਫਜ਼ਰ ਦੇ ਪੁੱਤਰ! ਤੂੰ ਕਿਵੇਂ ਧਰਤੀ ਤੱਕ ਵੱਢਿਆ ਗਿਆ, ਹੇ ਕੌਮਾਂ ਦੇ ਢਾਉਣ ਵਾਲੇ! ਤੂੰ ਆਪਣੇ ਦਿਲ ਵਿੱਚ

ਡੂੰਘਿਆਈ ਨੂੰ ਲੁਕਾ ਦਿਆਂਗਾ ਅਤੇ ਉਹ ਦੀਆਂ ਨਹਿਰਾਂ ਨੂੰ ਰੋਕ ਦਿਆਂਗਾ ਅਤੇ ਬਹੁਤੇ ਪਾਣੀ ਰੁਕ ਜਾਣਗੇ, ਹਾਂ, ਮੈਂ ਲਬਾਨੋਨ ਤੋਂ ਉਹ ਦੇ ਲਈ ਵਿਰਲਾਪ ਕਰਾਵਾਂਗਾ ਅਤੇ ਉਹ ਦੇ ਲਈ ਖੇਤ ਦੇ ਸਾਰੇ ਰੁੱਖ ਗ਼ਸ਼ੀਆਂ ਖਾਣਗੇ। ਜਿਸ ਵੇਲੇ ਮੈਂ ਉਹ ਨੂੰ ਉਹਨਾਂ ਸਾਰਿਆਂ ਦੇ ਨਾਲ ਜੋ ਕਬਰ ਵਿੱਚ ਡਿੱਗਦੇ ਹਨ **ਪਤਾਲ ਵਿੱਚ ਧੱਕਾਂਗਾ**, ਤਾਂ ਉਹ ਦੇ ਡਿੱਗਣ ਦੇ ਰੌਲ਼ੇ ਨਾਲ ਸਾਰੀਆਂ ਕੌਮਾਂ ਕੰਬਣਗੀਆਂ ਅਤੇ ਅਦਨ ਦੇ ਸਾਰੇ ਰੁੱਖ, ਲਬਾਨੋਨ ਦੇ ਚੁਣਵੇਂ ਚੰਗੇ ਰੁੱਖ, ਉਹ ਸਾਰੇ ਜੋ ਪਾਣੀ ਪੀਂਦੇ ਹਨ, **ਧਰਤੀ ਦੇ ਪਤਾਲ ਵਿੱਚ** ਸ਼ਾਂਤੀ ਪਾਉਣਗੇ। ਉਹ ਵੀ ਉਹ ਦੇ ਨਾਲ ਉਹਨਾਂ ਤੱਕ ਜੋ ਤਲਵਾਰ ਨਾਲ ਵੱਢੇ ਗਏ, **ਪਤਾਲ ਵਿੱਚ ਉਤਰ ਜਾਣਗੇ** ਅਤੇ ਉਹ ਵੀ ਜਿਹੜੇ ਉਸ ਦੀ ਬਾਂਹ ਸਨ ਅਤੇ ਕੌਮਾਂ ਦੇ ਵਿੱਚ ਉਸ ਦੀ ਛਾਂ ਹੇਠਾਂ ਵੱਸਦੇ ਸਨ।" [ਹਿਜ਼ਕੀ 31:15-17]

ਅਕਾਸ਼ ਤੋਂ ਕਿਵੇਂ ਡਿੱਗ ਪਿਆ, ਹੇ ਦਿਨ ਦੇ ਤਾਰੇ, ਫਜ਼ਰ ਦੇ ਪੁੱਤਰ! ਤੂੰ ਕਿਵੇਂ ਧਰਤੀ ਤੱਕ ਵੱਢਿਆ ਗਿਆ, ਹੇ ਕੌਮਾਂ ਦੇ ਢਾਉਣ ਵਾਲੇ! ਤੂੰ ਆਪਣੇ ਦਿਲ ਵਿੱਚ ਆਖਿਆ ਕਿ ਮੈਂ ਅਕਾਸ਼ ਉੱਤੇ ਚੜ੍ਹ ਜਾਂਵਾਂਗਾ, ਪਰਮੇਸ਼ੁਰ ਦੇ ਤਾਰਿਆਂ ਤੋਂ ਉਤਾਹਾਂ, ਮੈਂ ਆਪਣਾ ਸਿੰਘਾਸਣ ਉੱਚਾ ਕਰਾਂਗਾ, ਅਤੇ ਮੈਂ ਮੰਡਲੀ ਦੇ ਪਰਬਤ ਉੱਤੇ ਉੱਤਰ ਦੀਆਂ ਹੱਦਾਂ ਵਿੱਚ ਬੈਠਾਂਗਾ। ਮੈਂ ਬੱਦਲਾਂ ਦੀਆਂ ਉੱਚਿਆਈਆਂ ਤੇ ਚੜ੍ਹ ਜਾਂਵਾਂਗਾ, ਮੈਂ ਆਪ ਨੂੰ ਅੱਤ ਮਹਾਨ ਜਿਹਾ ਬਣਾਵਾਂਗਾ! ਪਰ ਤੂੰ ਪਤਾਲ ਤੱਕ, ਸਗੋਂ ਟੋਏ ਦੀ ਡੂੰਘਿਆਈ ਤੱਕ ਹੇਠਾਂ ਲਾਹਿਆ ਜਾਵੇਂਗਾ। **ਤੇਰੇ ਵੇਖਣ ਵਾਲੇ ਤੇਰੀ ਵੱਲ ਤੱਕਣਗੇ, ਉਹ ਤੇਰੇ ਉੱਤੇ ਗੌਰ ਕਰਨਗੇ,** ਭਲਾ, ਇਹ ਉਹ ਮਨੁੱਖ ਹੈ ਜਿਸ ਨੇ ਧਰਤੀ ਨੂੰ ਕਾਂਬਾ ਲਾ ਦਿੱਤਾ, ਅਤੇ ਰਾਜਾਂ ਨੂੰ ਹਿਲਾ ਦਿੱਤਾ? ਜਿਸ ਨੇ ਜਗਤ ਉਜਾੜ ਜਿਹਾ ਕਰ ਦਿੱਤਾ, ਅਤੇ ਉਸ ਦੇ ਸ਼ਹਿਰ ਢਾਹ ਸੁੱਟੇ? ਜਿਸ ਨੇ ਆਪਣੇ ਕੈਦੀਆਂ ਨੂੰ ਘਰੀਂ ਨਾ ਜਾਣ ਦਿੱਤਾ?" [ਯਸਾ 14:9-17]

ਹਿਜ਼ਕੀਏਲ ਦੇ ਅਧਿਆਇ 31 ਅਤੇ 32 ਵਿੱਚ ਪਤਾਲ ਦੇ ਬਹੁਤ ਸਾਰੇ ਹਵਾਲੇ ਹਨ। ਇਹ ਵੀ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਪਤਾਲ ਵਿੱਚ ਅਵਿਸ਼ਵਾਸੀ ਲੋਕ ਹੋਸ਼ ਵਿੱਚ ਹੋਣਗੇ। ਹਿਜ਼ਕੀਏਲ 32:21 ਇਹ ਦੱਸਦਾ ਹੈ ਕਿ ਕਿਵੇਂ ਪਤਾਲ ਦੇ ਵਸਨੀਕ ਮਿਸਰ ਦੇ ਵਿਨਾਸ਼ ਬਾਰੇ ਆਪਣੀ ਪ੍ਰਤੀਕਿਰਿਆ ਕਰਦੇ ਹਨ। ਆਇਤ 31 ਇਹ ਕਹਿੰਦੀ ਜਾਪਦੀ ਹੈ ਕਿ ਪਤਾਲ ਵਿੱਚ ਫ਼ਿਰਊਨ ਹੋਰ ਤਬਾਹ ਹੋਏ ਰਾਜਾਂ ਦੇ ਰਾਜਿਆਂ ਨਾਲ ਮਿਲੇਗਾ।

> "ਕਿ ਹੇ ਮਨੁੱਖ ਦੇ ਪੁੱਤਰ, ਮਿਸਰ ਦੀ ਭੀੜ ਉੱਤੇ ਰੋਣਾ-ਪਿੱਟਣਾ ਕਰ ਅਤੇ ਉਹ ਨੂੰ ਅਤੇ ਪ੍ਰਸਿੱਧ ਕੌਮਾਂ ਦੀਆਂ ਧੀਆਂ ਨੂੰ, ਕਬਰ ਵਿੱਚ ਉੱਤਰਿਆ ਹੋਇਆਂ ਨਾਲ ਧਰਤੀ ਦੇ ਹੇਠਲੇ ਹਿੱਸੇ ਵਿੱਚ ਲਾਹ ਦੇ। **ਉਹ ਜਿਹੜੇ ਜ਼ੋਰਾਵਰਾਂ ਵਿੱਚ ਤਕੜੇ ਹਨ, ਪਤਾਲ ਵਿੱਚ ਉਸ ਨਾਲ ਅਤੇ ਉਸ ਦੇ ਸਹਾਇਕਾਂ ਨਾਲ ਬੋਲਣਗੇ...**" [ਹਿਜ਼ਕੀ 32:18,21]
>
> "**ਫ਼ਿਰਊਨ ਉਹਨਾਂ ਨੂੰ ਵੇਖ ਕੇ** ਆਪਣੀ ਸਾਰੀ ਭੀੜ ਉੱਤੇ ਸ਼ਾਂਤੀ ਪਾਵੇਗਾ, ਹਾਂ, ਫ਼ਿਰਊਨ ਅਤੇ ਉਹ ਦੀ ਸਾਰੀ ਫੌਜ ਜਿਹੜੇ ਤਲਵਾਰ ਨਾਲ ਵੱਢੇ ਗਏ, ਪ੍ਰਭੂ ਯਹੋਵਾਹ ਦਾ ਵਾਕ ਹੈ। ਕਿਉਂ ਜੋ ਮੈਂ ਜੀਉਂਦਿਆਂ ਦੀ ਧਰਤੀ ਵਿੱਚ ਉਸ ਦਾ ਭੈਅ ਪਾ ਦਿੱਤਾ ਅਤੇ ਉਹ ਤਲਵਾਰ ਦੇ ਵੱਢੇ ਹੋਇਆਂ ਦੇ ਨਾਲ ਬੇਸੁੰਨਤਿਆਂ ਵਿੱਚ ਰਖਾਇਆ ਜਾਵੇਗਾ, ਹਾਂ, ਫ਼ਿਰਊਨ ਅਤੇ ਉਸ ਦੀ ਸਾਰੀ ਭੀੜ, ਪ੍ਰਭੂ ਯਹੋਵਾਹ ਦਾ ਵਾਕ ਹੈ।" [ਹਿਜ਼ਕੀ 32:31,32]

ਮਸੀਹ ਦੀ ਲੂਕਾ 16:19-31 ਵਿੱਚ ਧਨੀ ਆਦਮੀ ਅਤੇ ਲਾਜ਼ਰ ਬਾਰੇ ਦਿੱਤੀ ਗਈ ਸਿੱਖਿਆ ਇਸ ਤੱਥ ਬਾਰੇ ਸਭ ਤੋਂ ਮਜ਼ਬੂਤ ਦਲੀਲ ਹੈ ਕਿ ਅਵਿਸ਼ਵਾਸੀ ਪਤਾਲ ਵਿੱਚ ਹੋਸ਼ ਵਿੱਚ ਹੁੰਦੇ ਹਨ। ਧਨੀ ਆਦਮੀ ਪਤਾਲ ਵਿੱਚ ਦੇਖ ਸਕਦਾ ਸੀ, ਮਹਿਸੂਸ ਕਰ ਸਕਦਾ ਸੀ, ਸੁਆਦ ਲੈ ਸਕਦਾ ਸੀ, ਅਤੇ ਸੋਚ ਸਕਦਾ ਸੀ ਅਤੇ ਜਵਾਬ ਦੇ ਸਕਦਾ ਸੀ।[81]

> "ਇੱਕ ਅਮੀਰ ਆਦਮੀ ਸੀ ਜਿਹੜਾ ਕੀਮਤੀ ਰੇਸ਼ਮੀ ਕੱਪੜੇ ਪਹਿਨਦਾ ਸੀ ਅਤੇ ਉਹ ਆਪਣੇ ਜੀਵਨ ਦਾ ਹਰ ਦਿਨ ਐਸ਼ ਅਰਾਮ ਵਿੱਚ ਬਤੀਤ ਕਰਦਾ ਸੀ। ਲਾਜ਼ਰ ਨਾਂ ਦਾ ਇੱਕ ਗਰੀਬ ਆਦਮੀ ਸੀ। ਉਹ ਉਸ ਅਮੀਰ ਦੇ ਦਰਵਾਜ਼ੇ ਦੇ ਅੱਗੇ ਛੱਡ ਦਿੱਤਾ ਜਾਂਦਾ ਸੀ। ਉਸ ਦਾ ਸਾਰਾ ਸਰੀਰ ਫੋੜਿਆਂ ਨਾਲ ਭਰਿਆ ਹੋਇਆ ਸੀ। ਇੱਥੋਂ ਤੱਕ ਕਿ ਕੁੱਤੇ ਆ ਕੇ ਉਸ ਦੇ ਫੋੜਿਆਂ ਨੂੰ ਚੱਟਦੇ ਸਨ। ਉਹ ਅਮੀਰ ਆਦਮੀ ਦੇ ਖਾਣੇ ਵਾਲੀ ਮੇਜ਼ ਤੋਂ ਡਿੱਗੇ ਹੋਏ ਟੁਕੜਿਆਂ ਨਾਲ ਆਪਣਾ ਪੇਟ ਭਰਨ ਲਈ ਤਰਸਦਾ ਸੀ। "ਇੱਕ ਦਿਨ ਉਹ ਗਰੀਬ ਆਦਮੀ ਮਰ ਗਿਆ। ਉਸ ਨੂੰ ਸਵਰਗਦੂਤਾਂ ਨੇ ਲੈ ਜਾ ਕੇ ਸਵਰਗ ਵਿੱਚ ਅਬਰਾਹਾਮ ਦੀ ਗੋਦ ਵਿੱਚ ਪਹੁੰਚਾ ਦਿੱਤਾ। ਫਿਰ ਉਹ ਅਮੀਰ ਆਦਮੀ ਵੀ ਮਰ ਗਿਆ ਅਤੇ ਉਸ ਨੂੰ ਵੀ ਦਫ਼ਨਾ ਦਿੱਤਾ ਗਿਆ। **ਉਸ ਅਮੀਰ ਆਦਮੀ ਨੂੰ ਪਤਾਲ ਵਿੱਚ ਬਹੁਤ ਪੀੜ ਹੋ ਰਹੀ ਸੀ। ਉਸ ਨੇ ਦੂਰ ਤੋਂ ਹੀ ਅੱਖਾਂ ਉਤਾਂਹ ਚੁੱਕ ਕੇ** ਲਾਜ਼ਰ ਨੂੰ **ਅਬਰਾਹਾਮ ਦੀ ਗੋਦ ਵਿੱਚ ਦੇਖਿਆ। ਉਸ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ,** 'ਹੇ ਪਿਤਾ ਅਬਰਾਹਾਮ, ਮੇਰੇ ਉੱਤੇ ਦਇਆ ਕਰੋ। ਲਾਜ਼ਰ ਨੂੰ ਭੇਜੋ ਕਿ ਉਹ **ਆਪਣੀ**

[81] ਅਜਿਹਾ ਲੱਗਦਾ ਹੈ ਕਿ ਲੂਕਾ 16:19-31 ਅਨੁਸਾਰ ਮਰੇ ਹੋਏ ਲੋਕਾਂ ਦੀਆਂ ਆਤਮਾਵਾਂ ਦਾ ਵੀ ਇੱਕ ਅਸਥਾਈ ਸਰੀਰ ਹੁੰਦਾ ਹੈ ਜਿਵੇਂ ਕਿ ਅੱਖਾਂ, ਉਂਗਲਾਂ ਅਤੇ ਜੀਭ।

**ਉਂਗਲੀ ਦਾ ਸਿਰਾ** ਪਾਣੀ ਵਿੱਚ ਭਿਉਂ ਕੇ **ਮੇਰੀ ਜੀਭ ਨੂੰ** ਠੰਡਾ ਕਰੇ ਕਿਉਂਕਿ **ਮੈਂ ਇਸ ਅੱਗ ਵਿੱਚ ਤੜਪ ਰਿਹਾ ਹਾਂ**।' ਪਰ ਅਬਰਾਹਾਮ ਨੇ ਉੱਤਰ ਦਿੱਤਾ, 'ਪੁੱਤਰ, ਯਾਦ ਕਰ, ਤੂੰ ਆਪਣੇ ਜੀਵਨ ਵਿੱਚ ਸੁੱਖ ਹੀ ਸੁੱਖ ਭੋਗਿਆ ਹੈ ਅਤੇ ਲਾਜ਼ਰ ਨੇ ਦੁੱਖ ਹੀ ਦੁੱਖ। ਹੁਣ ਉਸ ਨੂੰ ਅਰਾਮ ਮਿਲ ਰਿਹਾ ਹੈ ਅਤੇ **ਤੂੰ ਦੁੱਖ ਭੋਗ ਰਿਹਾ ਹੈਂ।** ਇਸ ਤੋਂ ਇਲਾਵਾ ਸਾਡੇ ਅਤੇ ਤੁਹਾਡੇ ਵਿੱਚ ਇੱਕ ਬਹੁਤ ਵੱਡੀ ਖਾਈ ਹੈ। ਇਸ ਖਾਈ ਦੇ ਕਾਰਨ ਕੋਈ ਆਦਮੀ ਇਸ ਪਾਸੇ ਤੋਂ ਤੁਹਾਡੇ ਪਾਸੇ ਨਹੀਂ ਜਾ ਸਕਦਾ ਅਤੇ ਨਾ ਹੀ ਕੋਈ ਉਸ ਪਾਸੇ ਤੋਂ ਇਸ ਪਾਸੇ ਆ ਸਕਦਾ ਹੈ।' ਅਮੀਰ ਆਦਮੀ ਨੇ ਕਿਹਾ, 'ਪਿਤਾ ਜੀ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਲਾਜ਼ਰ ਨੂੰ ਮੇਰੇ ਪਿਤਾ ਦੇ ਘਰ ਭੇਜੋ ਕਿਉਂਕਿ ਮੇਰੇ ਪੰਜ ਭਰਾ ਹਨ। ਉਹ ਉਹਨਾਂ ਕੋਲ ਜਾਵੇ ਅਤੇ ਉਹਨਾਂ ਨੂੰ ਚਿਤਾਵਨੀ ਦੇਵੇ **ਕਿ ਉਹ ਇਸ ਨਰਕ ਵਿੱਚ ਆਉਣ ਤੋਂ ਬਚ ਜਾਣ**।' ਪਰ ਅਬਰਾਹਾਮ ਨੇ ਕਿਹਾ, 'ਉਹਨਾਂ ਕੋਲ ਮੂਸਾ ਅਤੇ ਨਬੀਆਂ ਦੀਆਂ ਪੁਸਤਕਾਂ ਚਿਤਾਵਨੀ ਦੇ ਲਈ ਹਨ। ਤੇਰੇ ਭਰਾਵਾਂ ਨੂੰ ਉਹਨਾਂ ਉੱਤੇ ਧਿਆਨ ਕਰਨਾ ਚਾਹੀਦਾ ਹੈ।' ਅਮੀਰ ਆਦਮੀ ਨੇ ਕਿਹਾ, 'ਨਹੀਂ, ਪਿਤਾ ਜੀ, ਇਹ ਕਾਫ਼ੀ ਨਹੀਂ ਹੈ! ਜੇਕਰ ਕੋਈ ਮੁਰਦਿਆਂ ਵਿੱਚੋਂ ਜੀਅ ਉੱਠ ਕੇ ਉਹਨਾਂ ਕੋਲ ਜਾਵੇ ਤਾਂ ਉਹ ਤੋਬਾ ਕਰਨਗੇ।' ਅਬਰਾਹਾਮ ਨੇ ਉੱਤਰ ਦਿੱਤਾ, 'ਜਦੋਂ ਉਹ ਮੂਸਾ ਅਤੇ ਨਬੀਆਂ ਦੀ ਨਹੀਂ ਸੁਣਦੇ ਤਾਂ ਫਿਰ ਜੇਕਰ ਕੋਈ ਮੁਰਦਿਆਂ ਵਿੱਚੋਂ ਵੀ ਜੀਅ ਉੱਠੇ ਤਾਂ ਵੀ ਉਹ ਉਸ ਦੀ ਨਹੀਂ ਮੰਨਣਗੇ।'" [ਲੂਕਾ 16:19-31]

### e. ਪਤਾਲ ਅਤੇ ਪੀੜਾ

ਬਾਈਬਲ ਬਿਨਾਂ ਕਿਸੇ ਸ਼ੱਕ ਦੇ ਪਤਾਲ ਨੂੰ ਪੀੜਾ ਦੇ ਸਥਾਨ ਦੇ ਰੂਪ ਵਿੱਚ ਪੇਸ਼ ਕਰਦੀ ਹੈ। **ਜਿਹੜੇ ਲੋਕਾਂ ਨੇ ਮਸੀਹ ਨੂੰ ਸਵੀਕਾਰ ਨਹੀਂ ਕੀਤਾ ਹੈ** ਉਹਨਾਂ ਨੂੰ ਜਿਊਂਦੇ ਜੀਅ ਹੀ ਦੋਸ਼ੀ ਠਹਿਰਾਇਆ ਗਿਆ ਹੈ (ਯੂਹੰਨਾ 3:18)। **ਉਹ ਅਸਲ ਵਿੱਚ ਸਦੀਪਕ ਪੀੜਾ ਤੋਂ ਇੱਕ ਸਾਹ ਹੀ ਦੂਰ ਹੁੰਦੇ ਹਨ।** ਹਾਲਾਂਕਿ ਪਤਾਲ ਨਿਆਂ ਦੀ ਉਡੀਕ ਕਰ ਰਹੇ ਮਰੇ ਹੋਏ ਅਵਿਸ਼ਵਾਸੀ ਲੋਕਾਂ ਦੇ ਰਹਿਣ ਦਾ ਅਸਥਾਈ ਸਥਾਨ ਹੈ, ਫਿਰ ਵੀ ਵੱਡੇ ਚਿੱਟੇ ਸਿੰਘਾਸਣ ਸਾਹਮਣੇ ਪੇਸ਼ ਕੀਤੇ ਜਾਣ ਤੋਂ ਪਹਿਲਾਂ ਦਾ ਇਹ ਸਮਾਂ ਉਹਨਾਂ ਦੇ ਲਈ ਆਰਾਮ ਦਾ ਸਮਾਂ ਨਹੀਂ ਹੋਵੇਗਾ। ਉਹਨਾਂ ਦਾ ਨਿਆਂ ਅਤੇ ਸਜ਼ਾ ਨਿਸ਼ਚਿਤ ਹੋ ਗਈ ਹੈ। ਪਤਾਲ ਵਿੱਚ ਰਹਿਣ ਵਾਲਿਆਂ ਨੂੰ ਸਜ਼ਾ ਦੇ ਲਈ ਜੀਅ ਉਠਾਇਆ ਜਾਵੇਗਾ, ਅਤੇ ਸਦੀਪਕ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇਗਾ। "ਨਰਕ" ਇੱਕ ਅਜਿਹਾ ਆਮ ਸ਼ਬਦ ਹੈ ਜੋ ਪਤਾਲ (ਹੇਡੀਜ਼/ਸ਼ੀਓਲ) ਅਤੇ ਅੱਗ ਦੀ ਝੀਲ ਦੋਵਾਂ ਦੇ ਲਈ ਵਰਤਿਆ ਜਾ ਸਕਦਾ ਹੈ। ਇਸ ਤਰ੍ਹਾਂ, ਇਹ ਪੂਰੀ ਦ੍ਰਿੜ੍ਹਤਾ ਨਾਲ ਮੰਨਿਆ ਜਾ ਸਕਦਾ ਹੈ ਕਿ ਮੌਤ ਵੇਲੇ ਅਵਿਸ਼ਵਾਸੀ ਨਰਕ ਵਿੱਚ ਦਾਖਲ ਹੁੰਦੇ ਹਨ (ਦੇਖੋ, ਲੂਕਾ 16:22-23)। ਪਤਾਲ ਦੁੱਖਾਂ ਅਤੇ ਤਸੀਹਿਆਂ ਦਾ ਸਥਾਨ ਹੈ।

> ਕਿਉਂ ਜੋ ਮੇਰੇ ਕ੍ਰੋਧ ਦੀ **ਅੱਗ** ਭੜਕ ਉੱਠੀ ਹੈ, ਜਿਹੜੀ **ਸਭ ਤੋਂ ਹੇਠਲੇ ਪਤਾਲ** ਤੱਕ ਬਲਦੀ ਜਾਂਦੀ ਹੈ... [ਬਿਵਸਥਾ 32:22a]
>
> ਇੱਜੜ ਵਾਂਗੂੰ ਉਹ ਪਤਾਲ ਵਿੱਚ ਰੱਖੇ ਜਾਂਦੇ ਹਨ, ਮੌਤ ਉਨ੍ਹਾਂ ਦੀ ਅਯਾਲੀ ਹੋਵੇਗੀ, ਅਤੇ ਸਵੇਰ ਨੂੰ ਧਰਮੀ ਉਨ੍ਹਾਂ ਉੱਤੇ ਰਾਜ ਕਰਨਗੇ। ਉਨ੍ਹਾਂ ਦਾ ਰੂਪ **ਪਤਾਲ ਵਿੱਚ ਗਲ਼ ਜਾਵੇਗਾ**, ਉਹ ਦਾ ਕੋਈ ਟਿਕਾਣਾ ਨਾ ਰਹੇਗਾ। [ਜ਼ਬੂਰ 49:14]
>
> ਸਿਆਣੇ ਦੇ ਲਈ ਜੀਵਨ ਦਾ ਰਾਹ ਉਤਾਹਾਂ ਹੋ ਜਾਂਦਾ ਹੈ, ਤਾਂ ਜੋ **ਉਹ ਪਤਾਲ ਦੇ ਹੇਠੋਂ ਪਰੇ ਰਹੇ**। [ਕਹਾਉਤਾਂ 15:24] (**ਪਤਾਲ** ਇੱਕ ਅਜਿਹੀ ਜਗ੍ਹਾ ਹੈ ਜਿਸ ਤੋਂ ਬਚਣਾ ਚਾਹੀਦਾ ਹੈ!)
>
> "ਹੇ ਕਫ਼ਰਨਾਹੂਮ, ਕੀ ਤੂੰ ਸਵਰਗ ਤੱਕ ਉੱਚਾ ਕੀਤਾ ਜਾਵੇਂਗਾ? ਨਹੀਂ, ਤੂੰ ਸੁੱਟ ਦਿੱਤਾ ਜਾਵੇਂਗਾ। ਕਿਉਂਕਿ ਜਿਹੜੇ ਚਮਤਕਾਰ ਤੇਰੇ ਵਿੱਚ ਕੀਤੇ ਗਏ ਹਨ, ਜੇਕਰ ਇਹ ਸੋਦੋਮ ਸ਼ਹਿਰ ਵਿੱਚ ਕੀਤੇ ਜਾਂਦੇ ਤਾਂ ਉਹ ਅੱਜ ਤੱਕ ਕਾਇਮ ਰਹਿੰਦਾ। ਇਸ ਲਈ ਮੈਂ ਤੈਨੂੰ ਕਹਿੰਦਾ ਹਾਂ ਕਿ ਨਿਆਂ ਵਾਲੇ ਦਿਨ ਪਰਮੇਸ਼ਰ ਤੁਹਾਡੇ ਨਾਲੋਂ **ਸੋਦੋਮ ਸ਼ਹਿਰ ਉੱਤੇ ਜ਼ਿਆਦਾ ਦਇਆ ਕਰਨਗੇ**।" [ਮੱਤੀ 11:23-24]. (ਪਤਾਲ ਸੋਦੋਮ ਦੀ ਅੱਗ ਅਤੇ ਗੰਧਕ ਨਾਲੋਂ ਵੀ ਜ਼ਿਆਦਾ ਭਿਆਨਕ ਹੈ)
>
> "ਮੈਂ ਤੁਹਾਨੂੰ ਦੱਸਦਾ ਹਾਂ ਕਿ ਪਰਮੇਸ਼ਰ ਨਿਆਂ ਵਾਲੇ ਦਿਨ ਉਸ ਸ਼ਹਿਰ ਦੀ ਬਜਾਏ **ਸਦੂਮ ਸ਼ਹਿਰ ਉੱਤੇ ਵੱਧ ਦਇਆ ਕਰਨਗੇ**...ਹੇ ਕਫ਼ਰਨਾਹੂਮ ਦੇ ਲੋਕੋ, ਕੀ ਤੁਸੀਂ ਸਵਰਗ ਤੱਕ ਉੱਚੇ ਕੀਤੇ ਜਾਓਗੇ ? ਨਹੀਂ, ਤੁਸੀਂ **ਪਤਾਲ** ਵਿੱਚ ਸੁੱਟ ਦਿੱਤੇ ਜਾਓਗੇ!" [ਲੂਕਾ 10:12,15]
>
> "ਉਸ ਅਮੀਰ ਆਦਮੀ ਨੂੰ ਪਤਾਲ ਵਿੱਚ ਬਹੁਤ **ਪੀੜ** ਹੋ ਰਹੀ ਸੀ...ਮੈਂ ਇਸ ਅੱਗ ਵਿੱਚ **ਤੜਪ** ਰਿਹਾ ਹਾਂ...ਤੂੰ **ਦੁੱਖ ਭੋਗ** ਰਿਹਾ ਹੈਂ... ਕਿਉਂਕਿ ਮੇਰੇ ਪੰਜ ਭਰਾ ਹਨ। ਉਹ ਉਹਨਾਂ ਕੋਲ ਜਾਵੇ ਅਤੇ ਉਹਨਾਂ ਨੂੰ ਚਿਤਾਵਨੀ ਦੇਵੇ ਕਿ ਉਹ ਇਸ **ਨਰਕ ਵਿੱਚ ਆਉਣ ਤੋਂ** ਬਚ ਜਾਣ।" [ਲੂਕਾ 16:23-25, 28]

### f. ਪਤਾਲ ਦਾ ਅੱਗ ਦੀ ਝੀਲ ਨਾਲ ਸੰਬੰਧ

ਪਤਾਲ ਇੱਕ ਅਜਿਹਾ ਅਸਥਾਈ ਸਥਾਨ ਹੈ ਜਿੱਥੇ ਅਵਿਸ਼ਵਾਸੀ ਲੋਕਾਂ ਦੀਆਂ ਮਨੁੱਖੀ ਆਤਮਾਵਾਂ ਸਜ਼ਾ ਪਾਉਣ ਦੇ ਲਈ ਜੀਅ ਉਠਾਏ ਜਾਣ ਦੀ ਉਡੀਕ ਕਰਦੀਆਂ ਹਨ ਜਦੋਂ ਉਹਨਾਂ ਨੂੰ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਦਾ ਸਾਹਮਣਾ ਕਰਨਾ ਹੋਵੇਗਾ (ਯੂਹੰਨਾ 5:29)। ਪਤਾਲ ਆਪਣੇ ਮੁਰਦਿਆਂ ਨੂੰ ਦੇ ਦੇਵੇਗਾ ਕਿ ਉਹ ਨਿਆਂ ਦਾ ਸਾਹਮਣਾ ਕਰਨ, ਅਤੇ

ਇਸ ਤੋਂ ਬਾਅਦ ਉਹਨਾਂ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇ। ਇਹ ਸੰਭਵ ਹੈ ਕਿ ਪਤਾਲ ,ਜੋ ਧਰਤੀ ਦੇ ਕੇਂਦਰ ਵਿੱਚ ਹੈ, ਉਹ ਇਸ ਦੇ ਬਾਅਦ ਪੁਰਾਣੀ ਧਰਤੀ ਦੇ ਨਾਲ ਤਬਾਹ ਹੋ ਜਾਵੇਗਾ।

> ਇਸ ਦੇ ਲਈ ਸਮੁੰਦਰ ਨੇ ਆਪਣੇ ਵਿੱਚ ਮਰੇ ਹੋਇਆਂ ਨੂੰ, ਮੌਤ ਅਤੇ **ਪਤਾਲ** ਨੇ ਆਪਣੇ ਵਿੱਚ ਰੱਖੇ ਗਏ **ਮਰੇ ਹੋਇਆਂ ਨੂੰ ਵਾਪਸ ਮੋੜ ਦਿੱਤਾ।** ਹਰ ਮਨੁੱਖ ਦਾ ਨਿਆਂ ਉਸ ਦੇ ਕੰਮਾਂ ਦੇ ਅਨੁਸਾਰ ਕੀਤਾ ਗਿਆ। **ਤਦ ਮੌਤ ਅਤੇ ਪਤਾਲ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ।** ਇਹ ਅੱਗ ਦੀ ਝੀਲ ਦੂਜੀ ਮੌਤ ਹੈ। ਜਿਸ ਕਿਸੇ ਦਾ ਵੀ ਨਾਂ ਜੀਵਨ ਦੀ ਪੁਸਤਕ ਵਿੱਚ ਨਾ ਮਿਲਿਆ ਉਸ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ। [ਪ੍ਰਕਾਸ਼ 20:13-15]

ਨਵੇਂ ਨੇਮ ਵਿੱਚ ਪਤਾਲ ਦਾ ਦਸ ਵਾਰ ਜ਼ਿਕਰ ਕੀਤਾ ਗਿਆ ਹੈ (ਮੱਤੀ 11:23; 16:18; ਲੂਕਾ 10:15; 16:23; ਰਸੂਲਾਂ 2:27, 31; ਪ੍ਰਕਾਸ਼ 1:18; 6:8; 20:13-14)। **ਜਿਹੜੇ ਵੀ ਲੋਕ ਪਤਾਲ ਦੇ ਵਿਚਾਰ ਦਾ ਸਮਰਥਨ ਨਹੀਂ ਕਰਦੇ ਹਨ ਉਹਨਾਂ ਨੂੰ ਪ੍ਰਭੂ ਯਿਸੂ ਮਸੀਹ ਦੀ ਸਿੱਖਿਆ ਦਾ ਵਿਰੋਧ ਕਰਨਾ ਪਵੇਗਾ।** ਮਸੀਹ ਨੇ ਅਜਿਹੇ ਸਥਾਨ ਬਾਰੇ ਬਾਕੀ ਸਾਰੇ ਲੋਕਾਂ ਨਾਲੋਂ ਜ਼ਿਆਦਾ ਸਿਖਾਇਆ ਸੀ। ਮੌਤ ਤੋਂ ਬਾਅਦ ਅਵਿਸ਼ਵਾਸੀ ਪਤਾਲ ਵਿੱਚ ਜਾਂਦੇ ਹਨ, ਅਤੇ ਉਹ ਸਜ਼ਾ ਦੇ ਆਖ਼ਰੀ ਨਿਆਂ ਤੱਕ ਇੱਥੇ ਕੈਦ ਰਹਿੰਦੇ ਹਨ, ਅਤੇ ਫਿਰ ਅੱਗ ਦੀ ਝੀਲ ਵਿੱਚ ਭੇਜੇ ਜਾਂਦੇ ਹਨ। ਦੋਵੇਂ ਹੀ ਸਥਾਨ ਨਰਕ ਹਨ ਜਿੱਥੇ ਹੋਸ਼ ਵਿੱਚ ਰਹਿੰਦੇ ਹੋਏ ਦੁੱਖ ਸਹਿਣਾ ਪੈਂਦਾ ਹੈ।

### 4. ਗੇਹੇਨਾ ਜਾਂ ਅੱਗ ਦੀ ਝੀਲ

ਪਤਾਲ ਦੇ ਉਲਟ, *ਗੇਹੇਨਾ* ਇੱਕ ਸਥਾਨ ਹੈ ਜਿਸ ਨੂੰ *ਅੱਗ ਦੀ ਝੀਲ* ਵੀ ਕਿਹਾ ਜਾਂਦਾ ਹੈ, ਜੋ ਨਿਆਂ ਦੀ ਉਡੀਕ ਵਿੱਚ ਅਸਥਾਈ ਤੌਰ ਤੇ ਕੈਦੀ ਰੱਖਣ ਦਾ ਸਥਾਨ ਨਹੀਂ ਬਲਕਿ ਅਵਿਸ਼ਵਾਸੀ ਲੋਕਾਂ ਦੀ **ਸਦੀਪਕ ਸਜ਼ਾ** ਦਾ ਸਥਾਨ ਹੈ (ਦੇਖੋ, ਮਰਕੁਸ 9:43-48)। ਇਸ ਤੋਂ ਇਲਾਵਾ, ਪਤਾਲ ਦੇ ਉਲਟ, ਅੱਗ ਦੀ ਝੀਲ **ਅਵਿਸ਼ਵਾਸੀ ਲੋਕਾਂ ਅਤੇ ਪਾਪੀ ਦੂਤਾਂ ਦੋਵਾਂ** ਦੀ ਸਜ਼ਾ ਦੇ ਲਈ ਇੱਕ ਸਥਾਨ ਹੈ (ਮੱਤੀ 25:41; ਪ੍ਰਕਾਸ਼ 20:10,15)। ਜਿਹੜੇ ਲੋਕ ਅੱਗ ਦੀ ਝੀਲ ਵਿੱਚ ਹੋਣਗੇ, ਉਹਨਾਂ ਕੋਲ **ਅਜਿਹੇ ਜੀਅ ਉੱਠੇ ਹੋਏ ਸਰੀਰ** ਹੋਣਗੇ ਜੋ ਬਿਨਾਂ ਕਿਸੇ ਵਿਗਾੜ ਦੇ ਸਦੀਪਕ ਪੀੜਾ ਦੇ ਲਈ ਪੂਰੀ ਤਰ੍ਹਾਂ ਅਨੁਕੂਲ ਹਨ (ਦੇਖੋ, ਮੱਤੀ 10:28; ਪ੍ਰਕਾਸ਼ 20:11-15; ਅਤੇ ਮੱਤੀ 5:29-30; 18:9 ਵੀ ਦੇਖੋ, ਜੋ ਨਰਕ ਵਿੱਚ ਸਰੀਰ ਦੀ ਗੱਲ ਕਰਦਾ ਹੈ)। ਹਾਲਾਂਕਿ ਅਵਿਸ਼ਵਾਸੀ ਲੋਕ ਮੌਤ ਤੋਂ ਤੁਰੰਤ ਬਾਅਦ ਪਤਾਲ ਵਿੱਚ ਦਾਖਲ ਹੁੰਦੇ ਹਨ (ਲੂਕਾ 16:22-27), ਪਰ ਉਹ ਉਹਨਾਂ ਦਾ ਨਿਆਂ ਹੋਣ ਤੱਕ ਅੱਗ ਦੀ ਝੀਲ ਵਿੱਚ ਦਾਖਲ ਨਹੀਂ ਹੋਣਗੇ (ਮੱਤੀ 25:41; ਪ੍ਰਕਾਸ਼ 20:14-15)। ਅਜਿਹਾ ਲੱਗਦਾ ਹੈ ਕਿ ਜਿਵੇਂ ਇਸ ਵੇਲੇ ਅੱਗ ਦੀ ਝੀਲ ਖਾਲੀ ਹੈ। ਇਸ ਦੇ ਸਭ ਤੋਂ ਪਹਿਲੇ ਨਿਵਾਸੀ ਪਸ਼ੂ ਅਤੇ ਝੂਠਾ ਨਬੀ ਹੋਣਗੇ, ਅਤੇ ਫਿਰ ਜਲਦੀ ਹੀ ਉਹ ਅਵਿਸ਼ਵਾਸੀ ਵੀ ਉਹਨਾਂ ਨੇ ਨਾਲ ਹੋਣਗੇ ਜੋ ਬਿਪਤਾ ਦੇ ਸਮੇਂ ਵਿੱਚੋਂ ਜਿਊਂਦਾ ਬਚ ਨਿਕਲਣਗੇ (ਦੇਖੋ, ਮੱਤੀ 25:41-46; ਪ੍ਰਕਾਸ਼ 19:20)।[82] ਪੂਰੇ ਹਜ਼ਾਰ ਸਾਲ ਦੇ ਰਾਜ ਦੇ ਦੌਰਾਨ ਪਤਾਲ ਅਤੇ ਅੱਗ ਦੀ ਝੀਲ ਦੋਵਾਂ ਵਿੱਚ ਮਰੇ ਹੋਏ ਲੋਕ ਹੋਣਗੇ ਜੋ ਬਿਪਤਾ ਵਿੱਚ ਨਹੀਂ ਸਨ, ਅਤੇ ਇਸ ਲਈ, ਮਸੀਹ ਦੀ ਦੂਜੀ ਵਾਪਸੀ ਦੇ ਥੋੜ੍ਹੇ ਹੀ ਸਮੇਂ ਬਾਅਦ ਉਹ ਨਿਆਂ ਦਾ ਸਾਹਮਣਾ ਕਰਨਗੇ। ਅੱਗ ਦੀ ਝੀਲ ਵਿੱਚ ਉਹ ਲੋਕ ਸ਼ਾਮਲ ਹੋਣਗੇ ਜੋ ਬਿਪਤਾ ਦੇ ਸਮੇਂ ਦੌਰਾਨ ਨਹੀਂ ਮਰੇ ਸਨ, ਅਤੇ ਇਸ ਲਈ, ਉਹ ਮਸੀਹ ਦੀ ਦੂਜੀ ਵਾਪਸੀ ਦੇ ਤੁਰੰਤ ਬਾਅਦ ਨਿਆਂ ਦਾ ਸਾਹਮਣਾ ਕਰਨਗੇ। ਇਸਰਾਏਲ ਦੇ ਨਿਆਂ ਤੋਂ ਬਾਅਦ (ਹਿਜ਼ਕੀ 20) ਅਤੇ ਕੌਮਾਂ ਦੇ ਨਿਆਂ (ਮੱਤੀ 25) ਤੋਂ ਬਾਅਦ ਬਿਪਤਾ ਵਿੱਚੋਂ ਬਚ ਨਿਕਲੇ ਅਵਿਸ਼ਵਾਸੀਆਂ ਨੂੰ ਪਤਾਲ ਵਿੱਚ ਸੁੱਟਣ ਤੋਂ ਬਿਨਾਂ ਸਿੱਧੇ ਹੀ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਜਾਵੇਗਾ। ਜਿਵੇਂ ਕਿ ਉੱਪਰ ਚਰਚਾ ਕੀਤੀ ਗਈ ਹੈ, ਪਤਾਲ ਖਾਲੀ ਹੋ ਜਾਵੇਗਾ ਅਤੇ ਸਾਰੇ ਅਵਿਸ਼ਵਾਸੀ (ਪਾਪੀ ਦੂਤਾਂ ਨਾਲ) ਅੱਗ ਦੀ ਝੀਲ ਵਿੱਚ ਸਦੀਪਕਤਾ ਲਈ ਰਹਿਣਗੇ (ਪ੍ਰਕਾਸ਼ 20:14)।

#### a. "ਗੇਹੇਨਾ" ਸ਼ਬਦ ਦੀ ਉਤਪਤੀ

ਗੇਹੇਨਾ ਇੱਕ ਯੂਨਾਨੀ ਸ਼ਬਦ ਹੈ ਜੋ ਮੂਲ ਇਬਰਾਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਰਥ "ਹਿੰਨੋਮ ਦੀ ਵਾਦੀ" ਹੈ। ਯਿਰਮਿਯਾਹ ਨੇ ਦੁਸ਼ਟ ਰਾਜਿਆਂ ਆਹਾਜ਼ ਅਤੇ ਮਨੱਸ਼ਹ ਦੇ ਰਾਜ ਦੌਰਾਨ ਇਸ ਵਾਦੀ ਵਿੱਚ ਹੋਏ ਮਨੁੱਖੀ ਬਲੀਦਾਨਾਂ ਦੀ ਨਿੰਦਾ ਕੀਤੀ ਸੀ।

> "ਉਹਨਾਂ ਨੇ ਤੋਫਥ ਦੇ ਉੱਚੇ ਸਥਾਨ ਜਿਹੜੇ ਬਨ-ਹਿੰਨੋਮ ਦੀ ਵਾਦੀ ਵਿੱਚ ਹਨ ਬਣਾਏ ਭਈ ਆਪਣੇ ਪੁੱਤਰਾਂ ਅਤੇ ਧੀਆਂ ਨੂੰ ਅੱਗ ਵਿੱਚ ਸਾੜਨ, ਜਿਹ ਦਾ ਨਾ ਮੈਂ ਹੁਕਮ ਦਿੱਤਾ, ਨਾ ਹੀ ਮੇਰੇ ਮਨ ਵਿੱਚ ਇਹ ਆਇਆ।" [ਯਿਰ 7:31]

> "ਉਹਨਾਂ ਨੇ ਬਆਲ ਦੇ ਉੱਚੇ-ਉੱਚੇ ਸਥਾਨ ਬਣਾਏ ਭਈ ਆਪਣੇ ਪੁੱਤਰਾਂ ਨੂੰ ਹੋਮ ਦੀ ਬਲੀ ਕਰਕੇ ਬਆਲ ਲਈ ਅੱਗ ਵਿੱਚ ਸਾੜਨ ਜਿਹ ਦਾ ਮੈਂ ਨਾ ਉਹਨਾਂ ਨੂੰ ਹੁਕਮ ਦਿੱਤਾ, ਨਾ ਗੱਲ ਕੀਤੀ, ਨਾ ਮੇਰੇ ਮਨ ਵਿੱਚ ਹੀ ਆਇਆ ਇਸ ਲਈ ਦੇਖੋ, ਦਿਨ ਆ ਰਹੇ ਹਨ, ਯਹੋਵਾਹ ਦਾ ਵਾਕ ਹੈ, ਕਿ ਇਹ ਸਥਾਨ ਅੱਗੇ ਨੂੰ ਨਾ ਤੋਫਥ ਨਾ ਬਨ-ਹਿੰਨੋਮ ਦੀ ਵਾਦੀ ਅਖਵਾਏਗਾ, ਸਗੋਂ "ਕਤਲ ਦੀ ਵਾਦੀ" ਅਖਵਾਏਗਾ" [ਯਿਰ 19:5-6]

[82] ਪਤਾਲ ਵਿੱਚ ਦਾਖਲ ਹੋਣ ਦੇ ਲਈ ਇੱਕ ਵਿਅਕਤੀ ਨੂੰ ਪਹਿਲਾਂ ਸਰੀਰਕ ਤੌਰ ਤੇ ਮਰਨਾ ਪਵੇਗਾ। ਇਸ ਦੇ ਉਲਟ, ਪਸ਼ੂ ਅਤੇ ਝੂਠੇ ਨਬੀ ਨੂੰ ਅੱਗ ਦੀ ਝੀਲ ਵਿੱਚ " ਜਿਊਂਦੇ ਹੀ" ਸੁੱਟ ਦਿੱਤਾ ਜਾਵੇਗਾ।

ਚੰਗੇ ਰਾਜਾ ਯੋਸੀਯਾਹ ਨੇ ਇਸ ਵਾਦੀ ਨੂੰ ਭਰਿਸ਼ਟ ਕਰ ਦਿੱਤਾ ਸੀ ਤਾਂ ਜੋ ਫਿਰ ਕਦੇ ਵੀ ਉੱਥੇ ਮਨੁੱਖੀ ਬਲੀਦਾਨ ਨਾ ਦਿੱਤੇ ਜਾਣ।

> ਅਤੇ ਉਹ ਨੇ ਤੋਫਥ ਨੂੰ ਜੋ ਬਨੀ ਹਿੰਨੋਮ ਦੀ ਵਾਦੀ ਵਿੱਚ ਹੈ ਭਰਿਸ਼ਟ ਕੀਤਾ, ਤਾਂ ਜੋ ਕੋਈ ਮਨੁੱਖ ਆਪਣੇ ਪੁੱਤਰ ਜਾਂ ਆਪਣੀ ਧੀ ਨੂੰ ਮੋਲਕ ਦੇ ਲਈ ਅੱਗ ਵਿੱਚੋਂ ਦੀ ਨਾ ਲੰਘਾਵੇ। [2 ਰਾਜਾ 23:10]

ਬਾਅਦ ਦੀਆਂ ਸਦੀਆਂ ਵਿੱਚ ਬਨੀ ਹਿੰਨੋਮ ਦੀ ਵਾਦੀ ਯਰੂਸ਼ਲਮ ਦੇ ਲਈ ਕੂੜੇ ਦਾ ਢੇਰ ਬਣ ਗਈ ਸੀ। ਇਹ ਇੱਕ ਅਜਿਹੀ ਜਗ੍ਹਾ ਸੀ ਜਿੱਥੇ ਹਮੇਸ਼ਾ ਸੁੱਕਾ ਕੂੜਾ, ਮਰੇ ਹੋਏ ਜਾਨਵਰਾਂ ਦੀਆਂ ਲਾਸ਼ਾਂ ਅਤੇ ਫਾਂਸੀ ਦਿੱਤੇ ਅਪਰਾਧੀਆਂ ਦੀਆਂ ਲਾਸ਼ਾਂ ਅੱਗ ਵਿੱਚ ਜਲਦੀਆਂ ਰਹਿੰਦੀਆਂ ਸਨ। ਇਹ ਨਾ ਸਿਰਫ਼ ਇੱਕ ਕੂੜੇ ਦਾ ਢੇਰ ਸੀ ਜਿਸ ਦੀ ਅੱਗ ਕਦੇ ਬੁੱਝਦੀ ਨਹੀਂ ਸੀ, ਪਰ ਇਹ ਸੜੇ ਹੋਏ ਮਾਸ ਨੂੰ ਖਾਣ ਵਾਲੇ ਕੀੜਿਆਂ ਦਾ ਸਥਾਨ ਵੀ ਸੀ। 200 ਈਸਾ ਪੂਰਵ ਦੇ ਕੁਝ ਰੱਬੀਆਂ ਨੇ ਇਹ ਸਿਖਾਉਣਾ ਸ਼ੁਰੂ ਕੀਤਾ ਸੀ ਕਿ ਹਿੰਨੋਮ ਦੀ ਵਾਦੀ ਇੱਕ ਸਦੀਪਕ ਸਜ਼ਾ ਦਾ ਸਥਾਨ ਬਣ ਜਾਵੇਗੀ।

ਪ੍ਰਭੂ ਯਿਸੂ ਮਸੀਹ ਨੇ ਕਦੇ ਅਜਿਹਾ ਨਹੀਂ ਸਿਖਾਇਆ ਸੀ ਕਿ ਸਦੀਪਕ ਯਰੂਸ਼ਲਮ ਦੇ ਬਾਹਰ ਇੱਕ ਕੂੜੇ ਦਾ ਢੇਰ ਸਦੀਪਕ ਸਜ਼ਾ ਦਾ ਸਥਾਨ ਹੋਵੇਗਾ, ਪਰ "ਗੇਹੇਨਾ" ਸ਼ਬਦ ਦੀ ਵਰਤੋਂ ਕਰਕੇ ਪ੍ਰਭੂ ਨੇ ਇਹ ਸਿਖਾਇਆ ਕਿ ਸਦੀਪਕ ਸਜ਼ਾ ਦੇ ਸਥਾਨ ਦੀ ਯਰੂਸ਼ਲਮ ਦੇ ਬਾਹਰ ਦੇ ਇਸ ਸਥਾਨ ਨਾਲ ਕਾਫ਼ੀ ਸਮਾਨਤਾ ਸੀ। ਦੋਵੇਂ ਸਥਾਨ ਬੇਅੰਤ ਅੱਗ ਦੇ ਸਥਾਨ ਹਨ। ਦੋਵੇਂ ਹੀ ਸਥਾਨ ਨਿਰੰਤਰ ਸੜਨ ਦੇ ਸਥਾਨ ਹਨ ਜਿੱਥੇ ਨਿਰੰਤਰ ਜਲਦੀ ਹੋਏ ਅੱਗ ਸੜਦੇ ਹੋਏ ਮਾਸ ਨੂੰ ਪੂਰੀ ਤਰ੍ਹਾਂ ਭਸਮ ਨਹੀਂ ਕਰਦੀ ਹੈ। ਯਰੂਸ਼ਲਮ ਦੇ ਬਾਹਰ ਗੇਹੇਨਾ ਦਾ ਸਥਾਨ ਅਵਿਸ਼ਵਾਸੀ ਲੋਕਾਂ ਦੇ ਭਵਿੱਖ ਦਾ ਵਰਣਨ ਕਰਨ ਦੇ ਲਈ ਇੱਕ ਵਧੀਆ ਨਮੂਨਾ ਸੀ। ਅਵਿਸ਼ਵਾਸੀ ਲੋਕ ਇੱਕ ਸਦੀਪਕ ਅੱਗ ਦੇ ਸਥਾਨ ਵਿੱਚ ਹੋਣਗੇ, ਪਰ ਉਹ ਸਦੀਪਕ ਅੱਗ ਨਾ ਕਦੇ ਬੰਦ ਹੋਵੇਗੀ ਅਤੇ ਨਾ ਹੀ ਉਹਨਾਂ ਦੇ ਮਾਸ ਨੂੰ ਭਸਮ ਨਹੀਂ ਕਰੇਗੀ।

ਗੇਹੇਨਾ ਕਦੇ ਨਾ ਬੁੱਝਣ ਵਾਲੀ ਅੱਗ ਦਾ ਸਥਾਨ ਹੈ (ਮਰਕੁਸ 9:43-48)। ਇਸ ਲਈ, ਇਹ "ਅੱਗ ਦੀ ਝੀਲ" ਦੇ ਬਰਾਬਰ ਹੀ ਹੈ ਜੋ ਸਦਾ ਹੀ ਬਲਦੀ ਰਹਿੰਦੀ ਹੈ (ਪ੍ਰਕਾਸ਼ 14:11,20:10,14)। ਇਹਨਾਂ ਦਾ ਇੱਕੋ-ਜਿਹਾ ਵਰਣਨ ਇਹ ਮੰਗ ਕਰਦਾ ਹੈ ਕਿ "ਗੇਹੇਨਾ" ਅਤੇ "ਅੱਗ ਦੀ ਝੀਲ" ਨੂੰ ਸਮਾਨਾਰਥੀ ਸ਼ਬਦ ਹੀ ਮੰਨਿਆ ਜਾਵੇ।

### *b. ਗੇਹੇਨਾ* ਸ਼ਬਦ ਦੀ ਵਰਤੋਂ

ਨਵੇਂ ਨੇਮ ਵਿੱਚ "ਗੇਹੇਨਾ" ਸ਼ਬਦ 12 ਵਾਰ ਵਰਤਿਆ ਗਿਆ ਹੈ। ਸਿਰਫ਼ ਇੱਕ ਵਾਰ ਨੂੰ ਛੱਡ ਕੇ (ਯਾਕੂਬ 3:6) ਬਾਕੀ ਹਰੇਕ ਵਾਰ ਇਸ ਦਾ ਜ਼ਿਕਰ ਖ਼ੁਦ ਪ੍ਰਭੂ ਯਿਸੂ ਦੇ ਮੂੰਹ ਤੋਂ ਹੋਇਆ ਹੈ (ਮੱਤੀ 5:22,29,30; 10:28; 18:9; 23:15,33; ਮਰਕੁਸ 9:43,45,47; ਲੂਕਾ 12:5)। ਇਹ ਸਹੀ ਨਹੀਂ ਹੋਵੇਗਾ ਕਿ ਅਸੀਂ ਮਸੀਹ ਦੀਆਂ ਮੁਕਤੀ ਜਾਂ ਨੈਤਿਕਤਾ ਬਾਰੇ ਸਿੱਖਿਆਵਾਂ ਨੂੰ ਤਾਂ ਸਵੀਕਾਰ ਕਰ ਲਈਏ ਪਰ ਸਦੀਪਕ ਸਜ਼ਾ ਦੇ ਬਾਰੇ ਉਹਨਾਂ ਦੇ ਦਾਅਵਿਆਂ ਨੂੰ ਸਵੀਕਾਰ ਨਾ ਕਰੀਏ। ਜਿਹੜੇ ਲੋਕ ਮਸੀਹ ਦਾ ਆਦਰ ਕਰਦੇ ਹਨ, ਉਹ ਸਦੀਪਕ ਅੱਗ ਦੀ ਝੀਲ ਦੀ ਹੋਂਦ ਵਿੱਚ ਵਿਸ਼ਵਾਸ ਕਰਨਗੇ।

### c. ਅੱਗ ਦੀ ਝੀਲ ਦਾ ਆਮ ਵੇਰਵੇ

ਅੱਗੇ ਦਿੱਤੇ ਵਿਚਾਰ ਅੱਗ ਦੀ ਝੀਲ ਵਿੱਚ ਅਵਿਸ਼ਵਾਸੀ ਲੋਕਾਂ ਦੀ ਸਥਿਤੀ ਦਾ ਵਰਣਨ ਕਰਦੇ ਹਨ।

#### ਸਰਾਪ ਹੇਠ

> "ਫਿਰ ਰਾਜਾ ਆਪਣੇ ਖੱਬੇ ਪਾਸੇ ਵਾਲਿਆਂ ਨੂੰ ਕਹੇਗਾ, 'ਤੁਸੀਂ ਜਿਹੜੇ ਪਰਮੇਸ਼ਰ ਦੇ **ਸਰਾਪ ਹੇਠ** ਹੋ, ਮੇਰੇ ਸਾਹਮਣਿਓਂ ਉਸ ਹਮੇਸ਼ਾ ਬਲਣ ਵਾਲੀ ਅੱਗ ਵਿੱਚ ਚਲੇ ਜਾਵੋ ਜਿਹੜੀ ਸ਼ੈਤਾਨ ਅਤੇ ਉਸ ਦੇ ਦੂਤਾਂ ਲਈ ਤਿਆਰ ਕੀਤੀ ਗਈ ਹੈ" [ਮੱਤੀ 25:41]
>
> ਜੇ ਕੋਈ ਪ੍ਰਭੂ ਨੂੰ ਪਿਆਰ ਨਾ ਕਰੇ ਉਹ ਨੂੰ **ਸਰਾਪ** ਲੱਗੇ! 'ਮਾਰਾਨਾ-ਥਾ' ਭਾਵ 'ਹੇ ਸਾਡੇ ਪ੍ਰਭੂ, ਆਓ'! [1 ਕੁਰਿੰਥ 16:22]
>
> ਪਰ ਜੇਕਰ ਸਾਡੇ ਵਿੱਚੋਂ ਜਾਂ ਸਵਰਗ ਤੋਂ ਕੋਈ ਸਵਰਗਦੂਤ ਵੀ ਆ ਕੇ ਉਸ ਸ਼ੁਭ ਸਮਾਚਾਰ ਤੋਂ ਵੱਖਰਾ, ਜਿਹੜਾ ਅਸੀਂ ਤੁਹਾਨੂੰ ਸੁਣਾਇਆ ਸੀ, ਕੋਈ ਦੂਜਾ ਸ਼ੁਭ ਸਮਾਚਾਰ ਸੁਣਾਵੇ ਤਾਂ ਉਸ ਨੂੰ **ਸਰਾਪ** ਲੱਗੇ। ਜਿਸ ਤਰ੍ਹਾਂ ਅਸੀਂ ਪਹਿਲਾਂ ਵੀ ਕਿਹਾ ਹੈ, ਉਸੇ ਤਰ੍ਹਾਂ ਮੈਂ ਫਿਰ ਕਹਿੰਦਾ ਹਾਂ ਕਿ ਜੇਕਰ ਕੋਈ ਉਸ ਸ਼ੁਭ ਸਮਾਚਾਰ ਤੋਂ ਜਿਹੜਾ ਤੁਸੀਂ ਸਵੀਕਾਰ ਕੀਤਾ ਹੈ, ਕੋਈ ਵੱਖਰਾ ਸ਼ੁਭ ਸਮਾਚਾਰ ਤੁਹਾਨੂੰ ਸੁਣਾਵੇ ਤਾਂ ਉਸ ਨੂੰ **ਸਰਾਪ** ਲੱਗੇ। [ਗਲਾਤੀ 1:8-9]

#### ਦੋਸ਼ੀ

> "ਉਹ ਜਿਹੜਾ ਵਿਸ਼ਵਾਸ ਕਰੇ ਅਤੇ ਬਪਤਿਸਮਾ ਲਵੇ, ਉਹ ਮੁਕਤੀ ਪਾਵੇਗਾ । ਪਰ ਜਿਹੜਾ ਵਿਸ਼ਵਾਸ ਨਾ ਕਰੇ, ਉਹ ਦੋਸ਼ੀ ਠਹਿਰੇਗਾ।" [ਮਰਕੁਸ 16:16]
>
> "ਜਿਹੜਾ ਪੁੱਤਰ ਵਿੱਚ ਵਿਸ਼ਵਾਸ ਕਰਦਾ ਹੈ ਉਹ ਦੋਸ਼ੀ ਨਹੀਂ ਠਹਿਰਾਇਆ ਜਾਵੇਗਾ ਪਰ ਜਿਹੜਾ ਪੁੱਤਰ ਵਿੱਚ ਵਿਸ਼ਵਾਸ ਨਹੀਂ ਕਰਦਾ ਉਹ **ਦੋਸ਼ੀ ਠਹਿਰਾਇਆ ਜਾ ਚੁੱਕਾ ਹੈ** ਕਿਉਂਕਿ ਉਸ ਨੇ ਪਰਮੇਸ਼ਰ ਦੇ ਇੱਕਲੌਤੇ ਪੁੱਤਰ ਵਿੱਚ ਵਿਸ਼ਵਾਸ ਨਹੀਂ ਕੀਤਾ।" [ਯੂਹੰਨਾ 3:18]
>
> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਸ਼ਬਦ ਸੁਣਦਾ ਹੈ ਅਤੇ ਮੇਰੇ ਭੇਜਣ ਵਾਲੇ ਵਿੱਚ ਵਿਸ਼ਵਾਸ ਕਰਦਾ

ਹੈ, ਉਹ ਅਨੰਤ ਜੀਵਨ ਪ੍ਰਾਪਤ ਕਰਦਾ ਹੈ। ਉਹ **ਦੋਸ਼ੀ** ਨਹੀਂ ਠਹਿਰਦਾ ਸਗੋਂ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ।" [ਯੂਹੰਨਾ 5:24]

ਪਰ ਪ੍ਰਭੂ ਸਾਨੂੰ ਜਾਂਚਦੇ ਅਤੇ ਝਿੜਕਦੇ ਹਨ ਤਾਂ ਜੋ ਅਸੀਂ ਸੰਸਾਰ ਦੇ ਨਾਲ **ਦੋਸ਼ੀ** ਨਾ ਠਹਿਰਾਏ ਜਾਈਏ। [1 ਕੁਰਿੰਥ 11:32]

### ਪਰਮੇਸ਼ਰ ਦੇ ਬਦਲੇ ਦੇ ਪਾਤਰ

ਤਦ ਉਹ ਉਹਨਾਂ ਨੂੰ **ਸਜ਼ਾ** ਦੇਣਗੇ ਜਿਹੜੇ ਪਰਮੇਸ਼ਰ ਨੂੰ ਨਹੀਂ ਜਾਣਦੇ ਅਤੇ ਜਿਹੜੇ ਸਾਡੇ ਪ੍ਰਭੂ ਯਿਸੂ ਦੇ ਸ਼ੁਭ ਸਮਾਚਾਰ ਨੂੰ ਨਹੀਂ ਮੰਨਦੇ। [2 ਥੱਸਲੁ 1:8].

"ਅਸੀਂ ਉਹਨਾਂ ਨੂੰ ਜਾਣਦੇ ਹਾਂ, ਜਿਹਨਾਂ ਨੇ ਇਹ ਕਿਹਾ ਹੈ, "**ਬਦਲਾ** ਲੈਣਾ ਮੇਰਾ ਕੰਮ ਹੈ, ਮੈਂ ਹੀ ਬਦਲਾ ਲਵਾਂਗਾ..." [ਇਬ 10:30]

### ਪਰਮੇਸ਼ਰ ਦੇ ਕ੍ਰੋਧ ਦੇ ਪਾਤਰ

ਬਹੁਤ ਸਾਰੇ ਲੋਕ ਬਪਤਿਸਮਾ ਲੈਣ ਲਈ ਯੂਹੰਨਾ ਕੋਲ **ਆਉਂਦੇ ਸਨ। ਉਹ ਉਹਨਾਂ ਨੂੰ ਕਹਿੰਦਾ ਸੀ, "ਹੇ ਸੱਪਾਂ ਦੇ ਬੱਚਿਓ ! ਤੁਹਾਨੂੰ ਕਿਸ ਨੇ ਸਾਵਧਾਨ ਕਰ ਦਿੱਤਾ ਕਿ ਤੁਸੀਂ ਪਰਮੇਸ਼ਰ ਦੇ ਆਉਣ ਵਾਲੇ** ਕ੍ਰੋਧ **ਤੋਂ ਬਚੋ ? [ਲੂਕਾ 3:7]**

"ਜਿਹੜਾ ਪੁੱਤਰ ਵਿੱਚ ਵਿਸ਼ਵਾਸ ਕਰਦਾ ਹੈ, ਅਨੰਤ ਜੀਵਨ ਉਸ ਦਾ ਹੈ। ਜਿਹੜਾ ਪੁੱਤਰ ਵਿੱਚ ਵਿਸ਼ਵਾਸ ਨਹੀਂ ਕਰਦਾ ਉਹ ਅਨੰਤ ਜੀਵਨ ਪ੍ਰਾਪਤ ਨਹੀਂ ਕਰੇਗਾ ਪਰ ਪਰਮੇਸ਼ਰ ਦਾ **ਕ੍ਰੋਧ** ਉਸ ਉੱਤੇ ਬਣਿਆ ਰਹਿੰਦਾ ਹੈ।" [ਯੂਹੰਨਾ 3:36]

ਮਸੀਹ ਦੇ ਖ਼ੂਨ ਦੇ ਦੁਆਰਾ ਹੀ ਅਸੀਂ ਨੇਕ ਠਹਿਰਾਏ ਗਏ ਹਾਂ। ਇਸ ਤੋਂ ਵੀ ਵੱਧ ਕੇ ਅਸੀਂ ਮਸੀਹ ਦੁਆਰਾ ਹੀ ਪਰਮੇਸ਼ਰ ਦੇ **ਕ੍ਰੋਧ** ਤੋਂ ਵੀ ਜ਼ਰੂਰ ਬਚਾਏ ਜਾਵਾਂਗੇ [ਰੋਮੀ 5:9]

ਅਤੇ ਕਿਸ ਤਰ੍ਹਾਂ ਤੁਸੀਂ ਹੁਣ ਉਹਨਾਂ ਦੇ ਪੁੱਤਰ ਯਿਸੂ ਦੀ ਸਵਰਗ ਤੋਂ ਵਾਪਸ ਆਉਣ ਦੀ ਉਡੀਕ ਕਰ ਰਹੇ ਹੋ ਜਿਹਨਾਂ ਨੂੰ ਪਰਮੇਸ਼ਰ ਨੇ ਮੁਰਦਿਆਂ ਵਿੱਚੋਂ ਜਿਉਂਦਾ ਕੀਤਾ ਅਤੇ ਜਿਹੜੇ ਸਾਨੂੰ ਆਉਣ ਵਾਲੇ **ਕ੍ਰੋਧ** ਤੋਂ ਬਚਾਉਂਦੇ ਹਨ। [1 ਥੱਸਲੁ 1:10]

**ਨਾਸ਼ ਅਤੇ ਬਰਬਾਦ ਹੋਏ** (ਦੇਖੋ, ਮੱਤੀ 7:13; 18:14; ਯੂਹੰਨਾ 10:28; ਰੋਮੀ 9:22; 2 ਕੁਰਿੰਥ 2:15; ਫ਼ਿਲਿੱਪੀ 1:28; 3:19; 2 ਪਤਰਸ 3:9)।

"ਤੁਸੀਂ ਉਹਨਾਂ ਤੋਂ ਨਾ ਡਰੋ ਜਿਹੜੇ ਕੇਵਲ ਸਰੀਰ ਨੂੰ ਹੀ ਮਾਰ ਸਕਦੇ ਹਨ ਪਰ ਆਤਮਾ ਦਾ ਕੁਝ ਵੀ ਨਹੀਂ ਵਿਗਾੜ ਸਕਦੇ। ਹਾਂ, ਪਰਮੇਸ਼ਰ ਤੋਂ ਜ਼ਰੂਰ ਡਰੋ ਜਿਹੜੇ ਸਰੀਰ ਅਤੇ ਆਤਮਾ ਦੋਨਾਂ ਦਾ ਨਰਕ ਕੁੰਡ ਵਿੱਚ **ਨਾਸ਼** ਕਰ ਸਕਦੇ ਹਨ।" [ਮੱਤੀ 10:28]

"ਕਿਉਂਕਿ ਪਰਮੇਸ਼ਰ ਨੇ ਸੰਸਾਰ ਦੇ ਨਾਲ ਇੰਨਾ ਪਿਆਰ ਕੀਤਾ ਕਿ ਉਹਨਾਂ ਨੇ ਆਪਣਾ ਇੱਕਲੌਤਾ ਪੁੱਤਰ ਦੇ ਦਿੱਤਾ ਤਾਂ ਜੋ ਉਹ ਸਾਰੇ ਜਿਹੜੇ ਉਹਨਾਂ ਵਿੱਚ ਵਿਸ਼ਵਾਸ ਕਰਨ, **ਨਾਸ਼** ਨਾ ਹੋਣ ਸਗੋਂ ਅਨੰਤ ਜੀਵਨ ਪ੍ਰਾਪਤ ਕਰਨ।" [ਯੂਹੰਨਾ 3:16]

ਮਸੀਹ ਦੀ ਸਲੀਬ ਦਾ ਸੰਦੇਸ਼ ਉਹਨਾਂ ਦੇ ਲਈ ਜਿਹੜੇ **ਬਰਬਾਦੀ** ਦੇ ਰਾਹ ਉੱਤੇ ਹਨ, ਮੂਰਖਤਾ ਹੈ ਪਰ ਸਾਡੇ ਲਈ ਜਿਹੜੇ ਮੁਕਤੀ ਦੀ ਰਾਹ ਉੱਤੇ ਹਾਂ, ਪਰਮੇਸ਼ਰ ਦੀ ਸਮਰੱਥਾ ਹੈ। [1 ਕੁਰਿੰਥ 1:18]

ਉਹਨਾਂ ਦੀ ਸਜ਼ਾ ਇਹ ਹੋਵੇਗੀ ਕਿ ਉਹ **ਅਨੰਤਕਾਲ ਦੇ ਲਈ ਨਾਸ਼** ਕੀਤੇ ਜਾਣਗੇ ਅਤੇ ਪ੍ਰਭੂ ਦੀ ਹਜ਼ੂਰੀ ਅਤੇ ਉਹਨਾਂ ਦੇ ਤੇਜ ਦੀ ਸਮਰੱਥਾ ਤੋਂ ਦੂਰ ਕੀਤੇ ਜਾਣਗੇ। [2 ਥੱਸਲੁ 1:9]

### d. ਅੱਗ ਦੀ ਝੀਲ ਦੇ ਖ਼ਾਸ ਵੇਰਵੇ

ਪਰਮੇਸ਼ਰ ਤੋਂ ਦੂਰ (ਮੱਤੀ 25:30 ਵੀ ਦੇਖੋ "ਬਾਹਰ ਸੁੱਟਣਾ")।

"ਉਸ ਸਮੇਂ ਮੈਂ ਉਹਨਾਂ ਨੂੰ ਉੱਤਰ ਦੇਵਾਗਾਂ, 'ਮੈਂ ਤੁਹਾਨੂੰ ਕਦੇ ਨਹੀਂ ਜਾਣਿਆ, ਹੇ ਦੁਸ਼ਟੋ, **ਮੇਰੇ ਕੋਲੋਂ ਦੂਰ ਹੋ ਜਾਓ!**'" [ਮੱਤੀ 7:23]

"ਉਹਨਾਂ ਦੀ ਸਜ਼ਾ ਇਹ ਹੋਵੇਗੀ ਕਿ ਉਹ ਅਨੰਤਕਾਲ ਦੇ ਲਈ ਨਾਸ਼ ਕੀਤੇ ਜਾਣਗੇ ਅਤੇ **ਪ੍ਰਭੂ ਦੀ ਹਜ਼ੂਰੀ** ਅਤੇ ਉਹਨਾਂ ਦੇ ਤੇਜ ਦੀ ਸਮਰੱਥਾ ਤੋਂ **ਦੂਰ ਕੀਤੇ ਜਾਣਗੇ**। [2 ਥੱਸਲੁ 1:9]

**ਸ਼ਰਮਿੰਦਗੀ ਅਤੇ ਇਨਕਾਰ** (ਦੇਖੋ, 2 ਤਿਮੋਥਿ 2:12b)

"ਉਹਨਾਂ ਵਿੱਚੋਂ ਢੇਰ ਸਾਰੇ ਜੋ ਧਰਤੀ ਦੇ ਹੇਠਾਂ ਸੁੱਤੇ ਪਏ ਹਨ ਜਾਗ ਉੱਠਣਗੇ, ਕਈ ਸਦੀਪਕ ਜੀਉਣ ਲਈ, ਕਈ **ਸ਼ਰਮਿੰਦਗੀ** ਅਤੇ ਸਦੀਪਕ ਨਿਰਾਦਰੀ ਲਈ।" [ਦਾਨੀ 12:2]

"ਉਸ ਸਮੇਂ ਮੈਂ ਉਹਨਾਂ ਨੂੰ ਉੱਤਰ ਦੇਵਾਗਾਂ, 'ਮੈਂ ਤੁਹਾਨੂੰ ਕਦੇ ਨਹੀਂ ਜਾਣਿਆ, ਹੇ ਦੁਸ਼ਟੋ, **ਮੇਰੇ ਕੋਲੋਂ ਦੂਰ ਹੋ ਜਾਓ!**'" [ਮੱਤੀ 7:23] (ਲੂਕਾ 13:25 ਵੀ ਦੇਖੋ)

"ਪਰ ਜਿਹੜਾ ਮਨੁੱਖਾਂ ਦੇ ਸਾਹਮਣੇ ਮੇਰਾ ਇਨਕਾਰ ਕਰਦਾ, **ਮੈਂ ਵੀ** ਆਪਣੇ ਪਿਤਾ ਦੇ ਸਾਹਮਣੇ ਸਵਰਗ ਵਿੱਚ ਉਸ ਦਾ **ਇਨਕਾਰ ਕਰਾਂਗਾ**।" [ਮੱਤੀ 10:33][83]

[83] ਇਸ ਆਇਤ ਵਿੱਚ ਇਨਕਾਰ ਦੇ ਬਾਰੇ ਹੋਰ ਚਰਚਾ ਦੇ ਲਈ ਅਧਿਆਇ 9 ਦੇਖੋ।

"ਇਸ ਲਈ ਜੇਕਰ ਕੋਈ ਮੇਰੇ ਕਾਰਨ ਅਤੇ ਮੇਰੇ ਵਚਨਾਂ ਦੇ ਕਾਰਨ ਇਸ ਵਿਸ਼ਵਾਸਹੀਨ ਅਤੇ ਪਾਪੀ ਪੀੜ੍ਹੀ ਵਿੱਚ ਸ਼ਰਮਾਵੇਗਾ ਤਾਂ ਮਨੁੱਖ ਦਾ ਪੁੱਤਰ ਵੀ ਜਦੋਂ ਆਪਣੇ ਪਿਤਾ ਦੇ ਪ੍ਰਤਾਪ ਵਿੱਚ ਪਵਿੱਤਰ ਸਵਰਗਦੂਤਾਂ ਦੇ ਨਾਲ ਆਵੇਗਾ ਤਾਂ ਉਹ ਉਸ ਤੋਂ **ਸ਼ਰਮਾਵੇਗਾ।**" [ਮਰਕੁਸ 8:38]

### ਸਵਰਗ ਵਿੱਚੋਂ ਬੇਦਖਲੀ

"ਘਰ ਦਾ ਮਾਲਕ ਉੱਠ ਕੇ ਅੰਦਰੋਂ ਦਰਵਾਜ਼ਾ ਬੰਦ ਕਰ ਲਵੇਗਾ। ਤੁਸੀਂ ਬਾਹਰ ਖੜ੍ਹੇ ਹੋ ਕੇ ਦਰਵਾਜ਼ਾ ਖੜਕਾਓਗੇ ਅਤੇ ਉਸ ਨੂੰ ਆਵਾਜ਼ ਦੇਵੋਗੇ, 'ਹੇ ਮਾਲਕ, **ਸਾਡੇ ਲਈ ਦਰਵਾਜ਼ਾ ਖੋਲ੍ਹੋ**' ਪਰ ਉਹ ਅੰਦਰੋਂ ਉੱਤਰ ਦੇਵੇਗਾ, '**ਮੈਂ ਤੁਹਾਨੂੰ ਨਹੀਂ ਜਾਣਦਾ ਕਿ ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ।**"[ਲੂਕਾ 13:25]

... ਕੋਈ ਵੀ ਭ੍ਰਿਸ਼ਟ ਚੀਜ਼, ਨਾ ਹੀ ਉਹਨਾਂ ਨੂੰ ਜਿਹੜੇ ਘਿਨਾਉਣੇ ਕੰਮ ਕਰਦੇ ਹਨ ਅਤੇ ਨਾ ਹੀ ਝੂਠਿਆਂ ਨੂੰ **ਉਸ ਦੇ ਅੰਦਰ ਆਉਣ ਦਿੱਤਾ ਜਾਵੇਗਾ**। ਉਸ ਦੇ ਅੰਦਰ ਕੇਵਲ ਉਹ ਹੀ ਆਉਣਗੇ, ਜਿਹਨਾਂ ਦੇ ਨਾਂ ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਹਨ। [ਪ੍ਰਕਾਸ਼ 21:27]

ਪਰ ਕੁੱਤੇ, ਜਾਦੂ-ਟੂਣਾ ਕਰਨ ਵਾਲੇ, ਵਿਭਚਾਰੀ, ਕਾਤਲ, ਮੂਰਤੀ ਪੂਜਕ, ਝੂਠ ਨੂੰ ਪਿਆਰ ਕਰਨ ਵਾਲੇ ਅਤੇ ਉਸ ਉੱਤੇ ਚੱਲਣ ਵਾਲੇ, **ਸਾਰੇ ਬਾਹਰ ਹੀ ਰਹਿਣਗੇ**। [ਪ੍ਰਕਾਸ਼ 22:15]

### ਕਦੇ ਨਾ ਮਰਨ ਵਾਲੇ "ਕੀੜੇ"

ਜਿਸ ਤਰ੍ਹਾਂ ਯਰੂਸ਼ਲਮ ਦੇ ਬਾਹਰ ਗੇਹੇਨਾ ਵਿੱਚ ਸੜੇ ਹੋਏ ਮਾਸ ਨੂੰ ਕੀੜੇ ਲਗਾਤਾਰ ਖਾਂਦੇ ਹਨ, ਉਸੇ ਤਰ੍ਹਾਂ ਅੱਗ ਦੀ ਝੀਲ ਵਿੱਚ ਵੀ ਸੜਨ ਅਤੇ ਦਰਦ ਦੀ ਇੱਕ ਨਿਰੰਤਰ ਸਥਿਤੀ ਹੋਵੇਗੀ। ਅੱਗ ਕਦੇ ਵੀ ਮਾਸ ਨੂੰ ਨਹੀਂ ਖਾਵੇਗੀ ਪਰ ਇਹ ਅਵਿਸ਼ਵਾਸੀ ਲੋਕਾਂ ਦੇ ਸਰੀਰ ਵਿੱਚ ਸਾੜ ਅਤੇ ਦਰਦ ਪੈਦਾ ਕਰੇਗੀ। ਇਹ ਕਲਪਨਾ ਕਰਨਾ ਵੀ ਮੁਸ਼ਕਲ ਨਹੀਂ ਹੋਵੇਗਾ ਕਿ ਉਹ ਇੱਕ ਅਜਿਹਾ ਸਾੜ ਅਤੇ ਦਰਦ ਹੋਵੇਗਾ ਜਿਵੇਂ ਕੀੜਿਆਂ ਦਾ ਇੱਕ ਜਿਊਂਦੇ ਸਰੀਰ ਨੂੰ ਖਾਂਦੇ ਸਮੇਂ ਹੁੰਦਾ ਹੈ। ਅੱਗ ਦੀ ਝੀਲ ਵਿੱਚ ਅਸਲੀ ਕੀੜਿਆਂ ਦਾ ਹੋਣਾ ਸੰਦੇਹ ਭਰਿਆ ਹੋ ਸਕਦਾ ਹੈ, ਪਰ ਕੀੜਿਆਂ ਦੁਆਰਾ ਇੱਕ ਜਿਊਂਦੇ ਸਰੀਰ ਨੂੰ ਖਾਂਦੇ ਹੋਏ ਦੇਖਣ ਤੋਂ ਘਿਰਣਾ, ਡਰ, ਦਰਦ ਅਤੇ ਸਾੜ ਪੈਦਾ ਹੁੰਦਾ ਹੈ, ਅਤੇ ਮਨੁੱਖੀ ਭਾਸ਼ਾ ਦੇ ਸ਼ਬਦ ਇਸ ਤੋਂ ਵੱਧਕੇ ਨਰਕ ਦਾ ਬਿਆਨ ਹੋਰ ਕਿਸੇ ਤਰ੍ਹਾਂ ਨਹੀਂ ਕਰ ਸਕਦੇ ਹਨ।

"ਮੇਰੇ ਲੋਕ ਬਾਹਰ ਜਾ ਕੇ ਉਨ੍ਹਾਂ ਮਨੁੱਖਾਂ ਦੀਆਂ ਲੋਥਾਂ ਨੂੰ ਵੇਖਣਗੇ, ਜਿਨ੍ਹਾਂ ਨੇ ਮੇਰੇ ਵਿਰੁੱਧ ਵਿਦਰੋਹ ਕੀਤਾ, ਕਿਉਂ ਜੋ **ਉਨ੍ਹਾਂ ਦਾ ਕੀੜਾ ਕਦੀ ਨਾ ਮਰੇਗਾ**, ਨਾ ਉਨ੍ਹਾਂ ਦੀ ਅੱਗ ਬੁਝੇਗੀ, ਅਤੇ ਉਹ ਸਾਰੇ ਪ੍ਰਾਣੀਆਂ ਲਈ ਬਹੁਤ ਹੀ ਘਿਣਾਉਣੇ ਹੋਣਗੇ।" [ਯਸਾ 66:24]

"ਜਿੱਥੇ '**ਉਹਨਾਂ ਦਾ ਕੀੜਾ ਕਦੇ ਨਹੀਂ ਮਰਦਾ** ਅਤੇ ਅੱਗ ਕਦੀ ਨਹੀਂ ਬੁਝਦੀ" [ਮਰਕੁਸ 9:48]

### ਹਨੇਰਾ

"ਨਰਕ" ਕੋਈ ਇਕੱਠੇ ਖਾਣ-ਪੀਣ ਅਤੇ ਮਨੋਰੰਜਨ ਕਰਨ ਦਾ ਸਥਾਨ ਨਹੀਂ ਹੋਵੇਗੀ। ਇਹ ਸ਼ਾਇਦ ਪਰਮੇਸ਼ਰ ਹੀ ਜਾਣਦੇ ਹਨ ਕਿ ਇੱਕ ਅੱਗ ਦਾ ਸਥਾਨ ਕਿਵੇਂ ਇੱਕ "ਬਾਹਰੀ ਹਨੇਰੇ" ਦਾ ਵੀ ਸਥਾਨ ਹੋ ਸਕਦਾ ਹੈ। ਸ਼ਾਇਦ ਅੱਗ ਦੀ ਝੀਲ ਵਿੱਚ ਸੁੱਟੇ ਗਏ ਹੋਏ ਅੰਨ੍ਹੇ ਹੋ ਜਾਣਗੇ! ਹਨੇਰਾ ਡਰ, ਦਹਿਸ਼ਤ, ਅਤੇ ਇਕੱਲੇਪਣ ਦੇ ਬਾਰੇ ਦੱਸ ਸਕਦਾ ਹੈ। ਇਸ ਵਿੱਚ ਬਹੁਤ ਡਰ, ਘਬਰਾਹਟ, ਅਤੇ ਇਕੱਲਾਪਣ ਹੋਵੇਗਾ।

"ਪਰ ਰਾਜ ਦੇ ਅਸਲ ਅਧਿਕਾਰੀ ਬਾਹਰ **ਹਨੇਰੇ** ਵਿੱਚ ਸੁੱਟ ਦਿੱਤੇ ਜਾਣਗੇ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ ।" [ਮੱਤੀ 8:12]

"ਇਸ ਲਈ ਰਾਜੇ ਨੇ ਸੇਵਕਾਂ ਨੂੰ ਕਿਹਾ, 'ਇਸ ਦੇ ਹੱਥ-ਪੈਰ ਬੰਨ੍ਹ ਕੇ ਬਾਹਰ **ਹਨੇਰੇ** ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।'" [ਮੱਤੀ 22:13]

"ਇਸ ਨਿਕੰਮੇ ਸੇਵਕ ਨੂੰ ਬਾਹਰ **ਹਨੇਰੇ** ਵਿੱਚ ਸੁੱਟ ਦਿਓ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 25:30]

ਇਹ ਲੋਕ ਸੁੱਕੇ ਹੋਏ ਸ੍ਰੋਤ ਅਤੇ ਹਨੇਰੀ ਦੇ ਨਾਲ ਉਡਾਏ ਜਾਣ ਵਾਲੇ ਬੱਦਲਾਂ ਦੇ ਵਾਂਗ ਹਨ। ਇਹਨਾਂ ਦੇ ਲਈ **ਡੂੰਘੇ ਹਨੇਰੇ** ਦੇ ਵਿੱਚ ਥਾਂ ਰੱਖਿਆ ਹੋਇਆ ਹੈ। [2 ਪਤਰਸ 2:17]

ਇਹ ਆਪਣੇ ਸ਼ਰਮ ਵਾਲੇ ਕੰਮਾਂ ਦੇ ਕਾਰਨ ਸਮੁੰਦਰ ਦੀਆਂ ਉਹਨਾਂ ਤੂਫ਼ਾਨੀ ਲਹਿਰਾਂ ਦੇ ਵਾਂਗ ਹਨ ਜਿਹੜੀਆਂ ਕੇਵਲ ਝੱਗ ਹੀ ਪੈਦਾ ਕਰਦੀਆਂ ਹਨ। ਇਹ ਉਹਨਾਂ ਭਟਕਦੇ ਹੋਏ ਤਾਰਿਆਂ ਦੇ ਵਾਂਗ ਹਨ ਜਿਹਨਾਂ ਦੇ ਲਈ **ਹਨੇਰਾ** ਹਮੇਸ਼ਾ ਦੇ ਲਈ ਨਿਯੁਕਤ ਕੀਤਾ ਜਾ ਚੁੱਕਾ ਹੈ। [ਯਹੂਦਾਹ 1:13]

### ਰੋਣਾ ਅਤੇ ਦੰਦਾਂ ਦਾ ਪੀਹਣਾ

ਅੱਗ ਦੀ ਝੀਲ ਵਿੱਚ ਨਿਸ਼ਚਿਤ ਤੌਰ ਤੇ ਲੋਕਾਂ ਵਿੱਚ ਹੋਸ਼ ਹੋਵੇਗਾ। ਦੰਦਾਂ ਦੇ ਪੀਹਣ ਬਾਰੇ ਵਾਰ-ਵਾਰ ਦਿੱਤੇ ਗਏ ਹਵਾਲੇ ਦਿਲਚਸਪ ਹਨ। ਅਵਿਸ਼ਵਾਸੀ ਲੋਕ ਜੀਅ ਉੱਠਣਗੇ, ਪਰ ਇਹ ਉਹ ਸਰੀਰ ਹੋਵੇਗਾ ਜੋ ਸਦੀਪਕ ਸਜ਼ਾ ਦੇ ਅਨੁਕੂਲ ਹੈ। ਇਸ ਤਰ੍ਹਾਂ ਦੇ ਸਰੀਰ ਨੂੰ ਨੁਕਸਾਨ ਹੋਵੇਗਾ ਪਰ ਇਹ ਕਦੇ ਖ਼ਤਮ ਨਹੀਂ ਹੋਵੇਗਾ।

ਪਰ ਰਾਜ ਦੇ ਅਸਲ ਅਧਿਕਾਰੀ ਬਾਹਰ ਹਨੇਰੇ ਵਿੱਚ ਸੁੱਟ ਦਿੱਤੇ ਜਾਣਗੇ ਜਿੱਥੇ **ਰੋਣਾ ਅਤੇ ਦੰਦਾਂ ਦਾ ਪੀਹਣਾ** ਹੋਵੇਗਾ।" [ਮੱਤੀ 8:12]

> “ਫਿਰ ਸਵਰਗਦੂਤ ਇਹਨਾਂ ਸਾਰਿਆਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ ਜਿੱਥੇ **ਰੋਣਾ ਅਤੇ ਦੰਦਾਂ ਦਾ ਪੀਹਣਾ** ਹੋਵੇਗਾ...ਅਤੇ ਬੁਰੇ ਲੋਕਾਂ ਨੂੰ ਅੱਗ ਦੀ ਬਲਦੀ ਭੱਠੀ ਵਿੱਚ ਸੁੱਟ ਦੇਣਗੇ । ਉੱਥੇ **ਰੋਣਾ ਅਤੇ ਦੰਦਾਂ ਦਾ ਪੀਹਣਾ** ਹੋਵੇਗਾ।” [ਮੱਤੀ 13:42,50]
>
> “ਇਸ ਲਈ ਰਾਜੇ ਨੇ ਸੇਵਕਾਂ ਨੂੰ ਕਿਹਾ, ‘ਇਸ ਦੇ ਹੱਥ-ਪੈਰ ਬੰਨ੍ਹ ਕੇ ਬਾਹਰ ਹਨੇਰੇ ਵਿੱਚ ਸੁੱਟ ਦਿਓ ਜਿੱਥੇ **ਰੋਣਾ ਅਤੇ ਦੰਦਾਂ ਦਾ ਪੀਹਣਾ** ਹੋਵੇਗਾ। [ ਮੱਤੀ 22:13].
>
> “ਇਸ ਨਿਕੰਮੇ ਸੇਵਕ ਨੂੰ ਬਾਹਰ ਹਨੇਰੇ ਵਿੱਚ ਸੁੱਟ ਦਿਓ ਜਿੱਥੇ **ਰੋਣਾ ਅਤੇ ਦੰਦਾਂ ਦਾ ਪੀਹਣਾ** ਹੋਵੇਗਾ।” [ਮੱਤੀ 25:30]
>
> ਜਦੋਂ ਤੁਸੀਂ ਅਬਰਾਹਾਮ, ਇਸਹਾਕ, ਯਾਕੂਬ ਅਤੇ ਸਾਰੇ ਨਬੀਆਂ ਨੂੰ ਪਰਮੇਸ਼ਰ ਦੇ ਰਾਜ ਵਿੱਚ ਦੇਖੋਗੇ ਪਰ ਆਪਣੇ ਆਪ ਨੂੰ ਪਰਮੇਸ਼ਰ ਦੇ ਰਾਜ ਤੋਂ ਬਾਹਰ ਕੱਢਿਆ ਦੇਖੋਗੇ ਤਾਂ ਉਸ ਸਮੇਂ ਤੁਸੀਂ **ਰੋਵੋਗੇ ਅਤੇ ਆਪਣੇ ਦੰਦ ਪੀਹੋਗੇ।** [ਲੂਕਾ 13:28]

### ਪੀੜਾ

ਜਿਵੇਂ ਧਨੀ ਆਦਮੀ ਨੇ ਪਤਾਲ ਨੂੰ ਇੱਕ ਵੱਡੀ ਪੀੜਾ ਦਾ ਸਥਾਨ ਪਾਇਆ ਸੀ (ਲੂਕਾ 16:22-28), ਉਸੇ ਤਰ੍ਹਾਂ ਅੱਗ ਦੀ ਝੀਲ ਵੀ ਇੱਕ ਵੱਡੀ ਪੀੜਾ ਦਾ ਸਥਾਨ ਹੈ।

> “ਉਹ ਲੋਕ ਕਦੀ ਵੀ ਚੈਨ ਦਾ ਸਾਹ ਨਾ ਲੈ ਸਕਣਗੇ। ਉਹਨਾਂ ਦੀਆਂ **ਪੀੜਾਂ** ਦਾ ਧੂੰਆਂ ਅਨੰਤਕਾਲ ਤੱਕ ਉੱਠਦਾ ਰਹੇਗਾ...” [ਪ੍ਰਕਾਸ਼ 14:11]
>
> ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ ਅੱਗ ਅਤੇ ਗੰਧਕ ਦੀ ਝੀਲ ਵਿੱਚ ਸੁੱਟਿਆ ਗਿਆ ਜਿੱਥੇ ਪਸ਼ੂ ਅਤੇ ਝੂਠਾ ਨਬੀ ਪਹਿਲਾਂ ਹੀ ਸੁੱਟੇ ਗਏ ਸਨ। ਉਹ ਸਾਰੇ ਉੱਥੇ ਦਿਨ ਰਾਤ ਅਨੰਤਕਾਲ ਤੱਕ **ਕਸ਼ਟ** ਭੋਗਣਗੇ। [ਪ੍ਰਕਾਸ਼ 20:10]

### ਗੰਧਕ

ਜਦੋਂ ਗੰਧਕ ਨੂੰ ਸਾੜਿਆ ਜਾਂਦਾ ਹੈ ਤਾਂ ਇਸ ਵਿੱਚੋਂ ਇੱਕ ਭਿਆਨਕ ਬਦਬੂ ਅਤੇ ਜ਼ਹਿਰੀਲਾ ਧੂੰਆਂ ਨਿਕਲਦਾ ਹੈ। ਸ਼ਾਇਦ ਨਰਕ ਵਿੱਚ ਰਹਿਣ ਵਾਲੇ ਲੋਕਾਂ ਨੂੰ ਗਲਾ ਘੁੱਟਣ, ਸਾਹ ਘੁੱਟਣ, ਅਤੇ ਭਿਆਨਕ ਬਦਬੂ ਦਾ ਅਨੁਭਵ ਹੋਵੇਗਾ।

> ... ਉਹ **ਅੱਗ ਅਤੇ ਗੰਧਕ** ਵਿੱਚ ਪਰਮੇਸ਼ਰ ਦੇ ਪਵਿੱਤਰ ਸਵਰਗਦੂਤਾਂ ਅਤੇ ਲੇਲੇ ਦੇ ਸਾਹਮਣੇ ਪੀੜਾਂ ਸਹਿਣਗੇ [ਪ੍ਰਕਾਸ਼ 14:10]
>
> ... ਉਹ ਦੋਵੇਂ ਜਿਊਂਦੇ ਹੀ ਉਸ ਅੱਗ ਦੀ ਝੀਲ ਵਿੱਚ ਸੁੱਟੇ ਗਏ ਜਿਹੜੀ **ਗੰਧਕ** ਨਾਲ ਬਲਦੀ ਹੈ [ਪ੍ਰਕਾਸ਼ 19:20]
>
> ਤਦ ਸ਼ੈਤਾਨ ਜਿਸ ਨੇ ਉਹਨਾਂ ਨੂੰ ਕੁਰਾਹੇ ਪਾਇਆ ਸੀ ਉਸੇ **ਅੱਗ ਅਤੇ ਗੰਧਕ** ਦੀ ਝੀਲ ਵਿੱਚ ਸੁੱਟਿਆ ਗਿਆ [ਪ੍ਰਕਾਸ਼ 20:10]
>
> “ਪਰ ਡਰਪੋਕਾਂ, ਅਵਿਸ਼ਵਾਸੀਆਂ, ਘਿਨਾਉਣਿਆਂ, ਕਾਤਲਾਂ, ਵਿਭਚਾਰੀਆਂ, ਜਾਦੂ-ਟੂਣਾ ਕਰਨ ਵਾਲਿਆਂ, ਮੂਰਤੀ ਪੂਜਕਾਂ ਅਤੇ ਸਾਰੇ ਝੂਠ ਬੋਲਣ ਵਾਲਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ। ਇਹ **ਦੂਜੀ ਮੌਤ** ਹੈ।” [ਪ੍ਰਕਾਸ਼ 21:8]

### ਮੌਤ, ਖ਼ਾਸ ਤੌਰ ਤੇ ਦੂਜੀ ਮੌਤ

ਅੱਗ ਦੀ ਝੀਲ ਇਸ ਅਰਥ ਵਿੱਚ ਮੌਤ ਹੈ ਕਿ ਇਹ ਪਰਮੇਸ਼ਰ ਤੋਂ **ਸਦੀਪਕ ਕਾਲ ਦੇ ਲਈ ਦੂਰ ਹੋਣਾ** ਹੈ। ਸ਼ਬਦ "ਦੂਜੀ ਮੌਤ" ਇਸ ਤੱਥ ਨੂੰ ਦਰਸਾਉਂਦਾ ਹੈ ਕਿ "ਨਰਕ" ਅਵਿਸ਼ਵਾਸੀਆਂ ਦੇ ਲਈ ਉਹ ਦੂਜੀ ਮੌਤ ਹੈ ਜੋ ਉਹਨਾਂ ਦੀ ਸਰੀਰਕ ਮੌਤ ਤੋਂ ਬਾਅਦ ਹੋਵੇਗੀ। ਮੌਤ ਤੋਂ ਜ਼ਿਆਦਾ ਡਰਾਉਣ ਵਾਲੀ ਕੋਈ ਹੋਰ ਚੀਜ਼ ਨਹੀਂ ਹੈ। ਅੱਗ ਦੀ ਝੀਲ ਕਦੇ ਖ਼ਤਮ ਨਾ ਹੋਣ ਵਾਲੀ ਮੌਤ ਹੈ।

> ਧੰਨ ਅਤੇ ਪਵਿੱਤਰ ਹਨ ਉਹ ਲੋਕ ਜਿਹੜੇ ਪਹਿਲੇ ਪੁਨਰ-ਉਥਾਨ ਵਿੱਚ ਸ਼ਾਮਲ ਹਨ। ਉਹਨਾਂ ਦੇ ਉੱਤੇ **ਦੂਜੀ ਮੌਤ** ਦਾ ਕੋਈ ਅਧਿਕਾਰ ਨਹੀਂ ਹੋਵੇਗਾ...[ ਪ੍ਰਕਾਸ਼ 20:6]
>
> ਤਦ ਮੌਤ ਅਤੇ ਪਤਾਲ ਨੂੰ ਅੱਗ ਦੀ ਝੀਲ ਵਿੱਚ ਸੁੱਟ ਦਿੱਤਾ ਗਿਆ। ਇਹ ਅੱਗ ਦੀ ਝੀਲ **ਦੂਜੀ ਮੌਤ** ਹੈ [ਪ੍ਰਕਾਸ਼ 20:14]
>
> “ਪਰ ਡਰਪੋਕਾਂ, ਅਵਿਸ਼ਵਾਸੀਆਂ, ਘਿਨਾਉਣਿਆਂ, ਕਾਤਲਾਂ, ਵਿਭਚਾਰੀਆਂ, ਜਾਦੂ-ਟੂਣਾ ਕਰਨ ਵਾਲਿਆਂ, ਮੂਰਤੀ ਪੂਜਕਾਂ ਅਤੇ ਸਾਰੇ ਝੂਠ ਬੋਲਣ ਵਾਲਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ। ਇਹ **ਦੂਜੀ ਮੌਤ** ਹੈ।” [ਪ੍ਰਕਾਸ਼ 21:8]

### ਅੱਗ

ਅਵਿਸ਼ਵਾਸੀ ਲੋਕਾਂ ਦੇ ਲਈ ਸਜ਼ਾ ਦੇ ਸਦੀਪਕ ਸਥਾਨ ਦਾ ਬਿਆਨ ਕਰਨ ਵਾਲਾ ਸਭ ਤੋਂ ਆਮ ਸ਼ਬਦ "ਅੱਗ" ਹੈ। ਇਹ ਸ਼ਾਇਦ *ਸ਼ਾਬਦਿਕ ਅਸਲ* ਅੱਗ ਹੀ ਹੈ। ਮਨੁੱਖ ਦੀ ਜਾਣਕਾਰੀ ਵਿੱਚ ਸ਼ਾਇਦ ਅੱਗ ਹੀ ਇੱਕ ਅਜਿਹੀ ਚੀਜ਼ ਹੈ ਜੋ ਉਸ ਸਜ਼ਾ ਨੂੰ ਸਭ ਤੋਂ ਚੰਗੀ ਤਰ੍ਹਾਂ ਬਿਆਨ ਕਰ ਸਕਦੀ ਹੈ ਜੋ ਮਸੀਹ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਸਵੀਕਾਰ ਨਾ ਕਰਨ ਵਾਲਿਆਂ ਦੀ ਉਡੀਕ ਕਰ ਰਹੀ ਹੈ। "ਗੇਹੇਨਾ" ਸ਼ਬਦ ਦੀ ਵਰਤੋਂ ਕਰਨ ਵਾਲੀਆਂ ਸਾਰੀਆਂ ਆਇਤਾਂ ਅੱਗ ਦੀ ਗੱਲ ਕਰਦੀਆਂ ਹਨ।[84] ਇਸੇ ਲਈ, ਅੱਗੇ ਦਿੱਤੀਆਂ ਆਇਤਾਂ ਵਿੱਚ "ਅੱਗ ਦੀ ਝੀਲ" ਵਾਕਾਂਸ਼ ਦੀ

[84] "ਗੇਹੇਨਾ ਜਾਂ ਅੱਗ ਦੀ ਝੀਲ" ਦੇ ਉਪ-ਭਾਗ ਦੀ ਸ਼ੁਰੂਆਤ ਦੇਖੋ।

ਵਰਤੋਂ ਕੀਤੀ ਗਈ ਹੈ (ਪ੍ਰਕਾਸ਼ 19:20; 20:10,14,15; 21:8)। ਹੋਰ ਵਰਣਨਯੋਗ ਵਾਕਾਂਸ਼ਾਂ ਵਿੱਚ ਸ਼ਾਮਲ ਹਨ: "ਅੱਗ ਦੀ ਬਲਦੀ ਭੱਠੀ" (ਮੱਤੀ 13:42), "ਨਾ ਬੁਝਣ ਵਾਲੀ ਅੱਗ" (ਮੱਤੀ.3:12; ਮਰਕੁਸ 9:43,48), "ਹਮੇਸ਼ਾ ਬਲਣ ਵਾਲੀ ਅੱਗ" (ਮੱਤੀ 18:8; 25:41; ਯਹੂਦਾਹ, ਆਇਤ 7) "ਭਸਮ ਕਰਨ ਵਾਲੀ ਅੱਗ" (ਇਬ 10:27) ਅਤੇ ਬਿਨਾਂ ਕਿਸੇ ਹੋਰ ਵਰਣਨ ਦੇ ਵਰਤੀ ਗਈ "ਅੱਗ" (ਮੱਤੀ 13:40; ਲੂਕਾ 3:9)।

> "ਫਿਰ ਸਵਰਗਦੂਤ ਇਹਨਾਂ ਸਾਰਿਆਂ ਨੂੰ **ਅੱਗ ਦੀ ਬਲਦੀ ਭੱਠੀ** ਵਿੱਚ ਸੁੱਟ ਦੇਣਗੇ ਜਿੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ.... ਅਤੇ ਬੁਰੇ ਲੋਕਾਂ ਨੂੰ **ਅੱਗ ਦੀ ਬਲਦੀ ਭੱਠੀ** ਵਿੱਚ ਸੁੱਟ ਦੇਣਗੇ। ਉੱਥੇ ਰੋਣਾ ਅਤੇ ਦੰਦਾਂ ਦਾ ਪੀਹਣਾ ਹੋਵੇਗਾ।" [ਮੱਤੀ 13:42,50]
>
> ... ਜਿੱਥੇ 'ਉਹਨਾਂ ਦਾ ਕੀੜਾ ਕਦੇ ਨਹੀਂ ਮਰਦਾ ਅਤੇ **ਅੱਗ** ਕਦੀ ਨਹੀਂ ਬੁਝਦੀ [ਮਰਕੁਸ 9:48]

### e. ਸਜ਼ਾ ਦੀ ਦਰ

ਹਾਲਾਂਕਿ ਸਾਰੇ ਪਾਪ ਸਜ਼ਾ ਦੇ ਦੋਸ਼ੀ ਹਨ, ਪਰ ਬਾਈਬਲ ਇਹ ਸਿਖਾਉਂਦੀ ਹੈ ਕਿ ਕੁਝ ਪਾਪ ਦੂਜਿਆਂ ਨਾਲ ਜ਼ਿਆਦਾ ਬੁਰੇ ਹੁੰਦੇ ਹਨ। ਯੂਹੰਨਾ 19:11 ਵਿੱਚ ਮਸੀਹ ਨੇ ਪਿਲਾਤੁਸ ਨੂੰ ਕਿਹਾ ਸੀ, "...ਜਿਸ ਨੇ ਮੈਨੂੰ ਤੇਰੇ ਹਵਾਲੇ ਕੀਤਾ ਹੈ, ਉਹ **ਵੱਡੇ ਪਾਪ** ਦਾ ਦੋਸ਼ੀ ਹੈ।" ਹੋਰ ਵਚਨਾਂ ਵਿੱਚ ਪ੍ਰਭੂ ਨੇ ਹੁਕਮਾਂ ਨੂੰ ਛੋਟੇ ਜਾਂ ਵੱਡੇ ਦੱਸਿਆ ਹੈ (ਦੇਖੋ, ਮੱਤੀ 5:19; 22:37-40)। ਹਾਲਾਂਕਿ ਸਦੀਪਕ ਸਜ਼ਾ ਪਾਉਣ ਦਾ ਮੂਲ ਆਧਾਰ ਮਸੀਹ ਨੂੰ ਸਵੀਕਾਰ ਨਾ ਕਰਨਾ ਹੋਵੇਗਾ, ਇਹ ਸੰਭਵ ਹੈ ਕਿ ਸਜ਼ਾ ਦੀ ਹੱਦ ਤਹਿ ਕਰਨ ਵਿੱਚ ਕੰਮਾਂ ਦੀ ਵੀ ਕੋਈ ਭੂਮਿਕਾ ਹੋਵੇ। ਸ਼ਾਇਦ ਵੱਡੇ ਚਿੱਟੇ ਸਿੰਘਾਸਣ ਅੱਗੇ ਖੋਲ੍ਹੀਆਂ ਜਾਣ ਵਾਲੀਆਂ ਪੁਸਤਕਾਂ ਦਾ ਇਹੀ ਉਦੇਸ਼ ਹੈ ਜਿੱਥੇ ਉਹਨਾਂ ਵਿੱਚ ਦਰਜ ਕੰਮਾਂ ਦੀ ਜਾਂਚ ਕੀਤੀ ਜਾ ਰਹੀ ਹੈ (ਪ੍ਰਕਾਸ਼ 20:12)।[85]

ਸਦੀਪਕ ਨਰਕ ਸਾਰਿਆਂ ਦੇ ਲਈ ਬਹੁਤ ਪੀੜਾ ਅਤੇ ਦੁੱਖ ਵਾਲਾ ਸਥਾਨ ਹੋਵੇਗਾ, ਪਰ ਕਈ ਆਇਤਾਂ ਇਹ ਸੰਕੇਤ ਦਿੰਦੀਆਂ ਹਨ ਕਿ ਉੱਥੇ ਸਜ਼ਾ ਦੀਆਂ ਵੱਖ-ਵੱਖ ਹੱਦਾਂ ਹੋਣਗੀਆਂ। ਜਿਹਨਾਂ ਨੇ ਵਿਅਕਤੀਗਤ ਤੌਰ ਉੱਤੇ ਮਸੀਹ ਨੂੰ ਰੱਦ ਕੀਤਾ, ਅਤੇ ਜਿਹੜੇ ਅੱਜ ਸੱਚਾਈ ਦੇ ਵੱਡੇ ਗਿਆਨ ਦੇ ਬਾਵਜੂਦ ਮਸੀਹ ਨੂੰ ਰੱਦ ਕਰਦੇ ਹਨ, ਉਹ ਵਿਸ਼ੇਸ਼ ਤੌਰ ਉੱਤੇ ਜਵਾਬਦੇਹ ਹੋਣਗੇ। ਉਹਨਾਂ ਲੋਕਾਂ ਦੇ ਦੋਸ਼ ਦੀ ਕਲਪਨਾ ਕਰੋ ਜਿਹਨਾਂ ਨੇ ਧਰਤੀ ਉੱਤੇ ਮਸੀਹ ਦੇ ਕੰਮਾਂ ਦੇ ਚਸ਼ਮਦੀਦ ਗਵਾਹ ਹੋਣ ਦੇ ਬਾਵਜੂਦ ਇਨਕਾਰ ਕੀਤਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ਰ ਉਹਨਾਂ ਲੋਕਾਂ ਨੂੰ ਵਿਸ਼ੇਸ਼ ਸਜ਼ਾ ਦੇਣਗੇ ਜਿਹਨਾਂ ਨੇ ਉਹ ਦੇ ਬੱਚਿਆਂ ਨੂੰ ਸ਼ਹੀਦ ਕੀਤਾ ਹੈ।

> ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ **ਨਿਆਂ ਵਾਲੇ ਦਿਨ** ਪਰਮੇਸ਼ਰ ਇਸ ਸ਼ਹਿਰ ਦੇ ਲੋਕਾਂ ਦੀ ਬਜਾਏ ਸਦੂਮ ਅਤੇ ਅਮੂਰਾਹ ਦੇ ਲੋਕਾਂ ਉੱਤੇ **ਜ਼ਿਆਦਾ ਰਹਿਮ** ਕਰਨਗੇ।" [ਮੱਤੀ 10:15]
>
> ਫਿਰ ਯਿਸੂ ਗੁੱਸੇ ਵਿੱਚ ਆ ਕੇ ਉਹਨਾਂ ਸ਼ਹਿਰਾਂ ਬਾਰੇ ਇਸ ਤਰ੍ਹਾਂ ਕਹਿਣ ਲੱਗੇ, ਜਿੱਥੇ ਉਹਨਾਂ ਨੇ ਆਪਣੇ ਬਹੁਤ ਸਾਰੇ ਚਮਤਕਾਰ ਕੀਤੇ ਸਨ ਪਰ ਉਹਨਾਂ ਲੋਕਾਂ ਨੇ ਤੋਬਾ ਨਹੀਂ ਕੀਤੀ। "ਹੇ ਖੁਰਾਜ਼ੀਨ, ਤੇਰੇ ਉੱਤੇ ਹਾਏ! ਹੇ ਬੈਤਸੈਦਾ, ਤੇਰੇ ਉੱਤੇ ਹਾਏ! ਕਿਉਂਕਿ ਜਿਹੜੇ ਅਨੇਖੇ ਕੰਮ ਤੁਹਾਡੇ ਸਾਹਮਣੇ ਕੀਤੇ ਗਏ ਹਨ, ਜੇਕਰ ਉਹ ਸੂਰ ਅਤੇ ਸੈਦਾ ਦੇ ਲੋਕਾਂ ਦੇ ਸਾਹਮਣੇ ਕੀਤੇ ਗਏ ਹੁੰਦੇ ਤਾਂ ਉਹ ਬਹੁਤ ਸਮਾਂ ਪਹਿਲਾਂ ਹੀ ਤੱਪੜ ਪਾ ਕੇ ਅਤੇ ਸੁਆਹ ਮਲ ਕੇ ਆਪਣੇ ਬੁਰੇ ਕੰਮਾਂ ਤੋਂ ਤੋਬਾ ਕਰ ਚੁੱਕੇ ਹੁੰਦੇ। ਮੈਂ ਤੁਹਾਨੂੰ ਕਹਿੰਦਾ ਹਾਂ, ਪਰਮੇਸ਼ਰ **ਨਿਆਂ ਵਾਲੇ ਦਿਨ** ਤੁਹਾਡੇ ਨਾਲੋਂ ਜ਼ਿਆਦਾ ਸੂਰ ਅਤੇ ਸੈਦਾ ਦੇ ਲੋਕਾਂ ਉੱਤੇ **ਦਇਆ ਕਰਨਗੇ**...ਇਸ ਲਈ ਮੈਂ ਤੈਨੂੰ ਕਹਿੰਦਾ ਹਾਂ ਕਿ ਪਰਮੇਸ਼ਰ **ਨਿਆਂ ਵਾਲੇ ਦਿਨ** ਤੁਹਾਡੇ ਨਾਲੋਂ ਜ਼ਿਆਦਾ ਸੋਦੋਮ ਸ਼ਹਿਰ ਉੱਤੇ **ਦਇਆ ਕਰਨਗੇ**" [ਮੱਤੀ 11:20-22,24]
>
> "ਜਿਹੜਾ ਸੇਵਕ **ਆਪਣੇ ਮਾਲਕ ਦੀ ਇੱਛਾ ਜਾਣਦੇ ਹੋਏ** ਵੀ ਤਿਆਰ ਨਹੀਂ ਰਿਹਾ ਅਤੇ ਮਾਲਕ ਦੀ ਇੱਛਾ ਅਨੁਸਾਰ ਕੰਮ ਨਹੀਂ ਕੀਤਾ, ਉਸ ਸੇਵਕ ਨੂੰ **ਬਹੁਤ ਕੋਰੜੇ** ਮਾਰੇ ਜਾਣਗੇ ਪਰ ਜਿਸ ਸੇਵਕ ਨੇ **ਅਣਜਾਣੇ** ਹੀ ਮਾਰ ਖਾਣ ਵਾਲਾ ਕੰਮ ਕੀਤਾ ਹੈ, ਉਸ ਨੂੰ **ਥੋੜ੍ਹੇ** ਕੋਰੜੇ ਪੈਣਗੇ। ਜਿਸ ਨੂੰ ਬਹੁਤ ਦਿੱਤਾ ਗਿਆ ਹੈ, ਉਸ ਤੋਂ ਬਹੁਤ ਮੰਗਿਆ ਜਾਵੇਗਾ, ਜਿਸ ਨੂੰ ਬਹੁਤ ਸੌਂਪਿਆ ਗਿਆ ਹੈ, ਉਸ ਤੋਂ ਬਹੁਤ ਦਾ ਹਿਸਾਬ ਲਿਆ ਜਾਵੇਗਾ।" [ਲੂਕਾ 12:47-48]
>
> ਉਹ ਉੱਚੀ ਆਵਾਜ਼ ਨਾਲ ਬੋਲੇ, "ਹੇ ਮਾਲਕ, ਤੁਸੀਂ ਪਵਿੱਤਰ ਅਤੇ ਸੱਚੇ ਹੋ, ਸਾਡਾ **ਨਿਆਂ ਕਰਨ ਵਿੱਚ** ਅਤੇ ਧਰਤੀ ਦੇ ਨਿਵਾਸੀਆਂ ਤੋਂ ਸਾਡੀ ਮੌਤ ਦਾ **ਬਦਲਾ ਲੈਣ ਵਿੱਚ** ਤੁਸੀਂ ਹੋਰ ਕਿੰਨਾ ਸਮਾਂ ਲਾਵੋਗੇ?" [ਪ੍ਰਕਾਸ਼ 6:10]
>
> "ਜਿਸ ਤਰ੍ਹਾਂ ਉਸ ਨੇ ਕੀਤਾ ਉਸੇ ਤਰ੍ਹਾਂ ਉਸ ਦੇ ਨਾਲ ਵੀ ਕਰੋ। ਉਸ ਦੇ ਕੰਮਾਂ ਦਾ ਦੁੱਗਣਾ ਬਦਲਾ ਉਸ ਨੂੰ ਦੇਵੋ। ਜਿਸ ਪਿਆਲੇ ਵਿੱਚ ਉਸ ਨੇ ਮਿਲਾਇਆ, ਉਸੇ ਪਿਆਲੇ ਵਿੱਚ ਉਸ

[85] ਜਿਹਨਾਂ ਪੁਸਤਕਾਂ ਵਿੱਚ ਕੰਮ ਦਰਜ ਹਨ, ਪਰਮੇਸ਼ਰ ਸ਼ਾਇਦ ਉਹਨਾਂ ਦੀ ਵਰਤੋਂ ਅਵਿਸ਼ਵਾਸੀਆਂ ਦੇ ਅੱਗੇ ਇਹ ਪ੍ਰਗਟ ਕਰਨ ਦੇ ਲਈ ਵੀ ਕਰ ਸਕਦੇ ਹਨ ਕਿ ਲੋਕਾਂ ਦੇ ਚੰਗੇ ਕੰਮ ਮੁਕਤੀ ਪ੍ਰਾਪਤ ਕਰਨ ਦੇ ਲਈ ਕਾਫ਼ੀ ਨਹੀਂ ਸਨ (ਮੱਤੀ 7:21-23)।

ਦੇ ਲਈ ਦੁੱਗਣਾ ਮਿਲਾਓ...ਹੇ ਸਵਰਗ, ਹੇ ਪਰਮੇਸ਼ਰ ਦੇ ਲੋਕੋ, ਹੇ ਰਸੂਲੋ ਅਤੇ ਨਬੀਓ, ਉਸ ਉੱਤੇ ਖ਼ੁਸ਼ ਹੋਵੋ ਕਿਉਂਕਿ **ਪਰਮੇਸ਼ਰ ਨੇ ਤੁਹਾਡੇ ਪੱਖ ਵਿੱਚ, ਉਸ ਦਾ ਨਿਆਂ ਕੀਤਾ ਹੈ**...ਬਾਬਲ ਦੀ ਸਜ਼ਾ ਦਾ ਕਾਰਨ ਇਹ ਸੀ ਕਿ **ਨਬੀਆਂ, ਪਰਮੇਸ਼ਰ ਦੇ ਲੋਕਾਂ** ਅਤੇ ਧਰਤੀ ਉੱਤੇ ਹੋਰ ਸਭ ਕਤਲ ਕੀਤੇ ਲੋਕਾਂ ਦਾ **ਖ਼ੂਨ**, ਇਸੇ ਵਿੱਚ ਪਾਇਆ ਗਿਆ ਸੀ" [ਪ੍ਰਕਾਸ਼ 18:6,20,24]

### f. ਅੱਗ ਦੀ ਝੀਲ ਦਾ ਸਥਾਨ

ਪਤਾਲ ਦਾ ਸਥਾਨ ਤਾਂ ਸ਼ਾਇਦ ਧਰਤੀ ਦੇ "ਹੇਠਾਂ" ਹੈ, ਪਰ ਅੱਗ ਦੀ ਝੀਲ ਦੇ ਸਥਾਨ ਬਾਰੇ ਕੁਝ ਪਤਾ ਨਹੀਂ ਹੈ। ਅਜਿਹਾ ਲੱਗਦਾ ਹੈ ਕਿ ਜਿਵੇ ਪ੍ਰਕਾਸ਼ 20:11 ਇਹ ਸਿੱਖਾ ਰਿਹਾ ਹੈ ਕਿ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਤੋਂ ਪਹਿਲਾਂ ਮੌਜੂਦਾ ਅਕਾਸ਼ ਅਤੇ ਧਰਤੀ ਤਬਾਹ ਹੋ ਜਾਣਗੇ।[86] ਨਵਾਂ ਅਕਾਸ਼ ਅਤੇ ਨਵੀਂ ਧਰਤੀ ਉਦੋਂ ਤੱਕ ਪ੍ਰਗਟ ਨਹੀਂ ਹੁੰਦੇ ਹਨ ਜਦੋਂ ਤੱਕ ਅਵਿਸ਼ਵਾਸੀ ਅੱਗ ਦੀ ਝੀਲ ਵਿੱਚ ਨਹੀਂ ਸੁੱਟੇ ਜਾਂਦੇ ਹਨ (ਪ੍ਰਕਾਸ਼ 20:11,21:1-5)। ਇਸ ਲਈ, ਅੱਗ ਦੀ ਝੀਲ ਇਸ ਧਰਤੀ ਦੇ ਕੇਂਦਰ ਵਿੱਚ ਨਹੀਂ ਹੋ ਸਕਦੀ ਹੈ। ਇਸ ਦਾ ਸਥਾਨ ਇੱਕ ਰਹੱਸ ਹੈ।

### g. ਨਰਕ ਵਿੱਚ ਇੱਕ ਝਾਤੀ

ਕੀ ਵਿਸ਼ਵਾਸੀ ਲੋਕ ਇਹ ਦੇਖ ਪਾਉਣਗੇ ਕਿ ਨਰਕ ਵਿੱਚ ਕੀ ਹੁੰਦਾ ਹੈ? ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਵਰਗ ਅਤੇ ਨਰਕ ਦੇ ਵਿਚਕਾਰ ਇੱਕ ਫਾਟਕ ਹੋਵੇਗਾ, ਕਿਉਂਕਿ ਸਦੀਪਕ ਸਜ਼ਾ ਤੋਂ ਬਚਣ ਦਾ ਕੋਈ ਰਾਹ ਨਹੀਂ ਹੋਵੇਗਾ, ਪਰ ਵਿਸ਼ਵਾਸੀ ਇਹ ਦੇਖ ਸਕਣਗੇ ਕਿ ਪ੍ਰਭੂ ਦੀ ਕਿਰਪਾ ਦੇ ਨਾਲ ਉਹ ਕਿਹੜੀਆਂ ਭਿਆਨਕ ਚੀਜ਼ਾਂ ਤੋਂ ਬਚ ਗਏ ਹਨ।

> "ਮੇਰੇ ਲੋਕ **ਬਾਹਰ ਜਾ ਕੇ** ਉਨ੍ਹਾਂ ਮਨੁੱਖਾਂ ਦੀਆਂ ਲੋਥਾਂ ਨੂੰ **ਵੇਖਣਗੇ**, ਜਿਨ੍ਹਾਂ ਨੇ ਮੇਰੇ ਵਿਰੁੱਧ ਵਿਦਰੋਹ ਕੀਤਾ, **ਕਿਉਂ ਜੋ ਉਨ੍ਹਾਂ ਦਾ ਕੀੜਾ ਕਦੀ ਨਾ ਮਰੇਗਾ, ਨਾ ਉਨ੍ਹਾਂ ਦੀ ਅੱਗ ਬੁਝੇਗੀ,** ਅਤੇ ਉਹ ਸਾਰੇ ਪ੍ਰਾਣੀਆਂ ਲਈ ਬਹੁਤ ਹੀ ਘਿਣਾਉਣੇ ਹੋਣਗੇ। [ਯਸਾ 66:24]
>
> ਉਹ ਸਾਰੇ ਲੋਕ ਪਰਮੇਸ਼ਰ ਦੇ ਗੁੱਸੇ ਦੀ ਮੈਅ ਪੀਣਗੇ ਜਿਹੜੀ ਪਰਮੇਸ਼ਰ ਦੇ ਕ੍ਰੋਧ ਵਾਲੇ ਪਿਆਲੇ ਵਿੱਚ ਚੰਗੀ ਤਰ੍ਹਾਂ ਘੋਲ਼ੀ ਗਈ ਹੈ। ਉਹ ਅੱਗ ਅਤੇ ਗੰਧਕ ਵਿੱਚ **ਪਰਮੇਸ਼ਰ ਦੇ ਪਵਿੱਤਰ ਸਵਰਗਦੂਤਾਂ ਅਤੇ ਲੇਲੇ ਦੇ ਸਾਹਮਣੇ** ਪੀੜਾਂ ਸਹਿਣਗੇ। [ਪ੍ਰਕਾਸ਼ 14:10]

ਇਸ ਮੁੱਦੇ ਵਿੱਚ ਕਿਸੇ ਵੀ ਤਰ੍ਹਾਂ ਦੇ ਕੱਟੜਵਾਦੀ ਵਿਚਾਰ ਨੂੰ ਨਾ ਰੱਖਣਾ ਹੀ ਸਭ ਤੋਂ ਵਧੀਆ ਹੋਵੇਗਾ। ਇਹ ਵੀ ਹੋ ਸਕਦਾ ਹੈ ਕਿ ਯਸਾਯਾਹ ਅਰਮਾਗਿੱਦੋਨ ਤੋਂ ਬਾਅਦ ਲਾਸ਼ਾਂ ਦੀ ਗੱਲ ਕਰ ਰਿਹਾ ਹੋਵੇ। ਅਸੀਂ ਇਹ ਯਕੀਨ ਦੇ ਨਾਲ ਕਹਿ ਸਕਦੇ ਹਾਂ ਕਿ ਸਕਦੇ ਹਨ ਕਿ ਜੇਕਰ ਸੰਤ ਨਰਕ ਦੀ ਇੱਕ ਝਲਕ ਦੇਖ ਸਕਦੇ ਹਨ, ਤਾਂ ਉਹਨਾਂ ਦੀ ਪ੍ਰਤੀਕਿਰਿਆ ਆਨੰਦਿਤ ਹੋਣ ਦੀ ਨਹੀਂ ਪਰ ਪਰਮੇਸ਼ਰ ਅਤੇ ਉਹਨਾਂ ਦੀ ਮਹਾਨ ਮੁਕਤੀ ਪ੍ਰਤੀ ਸ਼ੁਕਰਾਨੇ ਦੀ ਹੋਵੇਗੀ।[87]

### 5. ਸਜ਼ਾ ਦੀ ਮਿਆਦ

ਕਿਉਂਕਿ ਅੱਗ ਦੀ ਝੀਲ ਵਿੱਚ ਕਦੇ ਖ਼ਤਮ ਨਾ ਹੋਣ ਵਾਲੀ ਸਜ਼ਾ ਦਾ ਵਿਚਾਰ ਬਹੁਤ ਭਿਆਨਕ ਹੈ, ਇਸ ਲਈ ਅਕਸਰ ਲੋਕ ਇਸ ਨੂੰ ਅਸਵੀਕਾਰ ਕਰ ਦਿੰਦੇ ਹਨ। ਅਜਿਹੇ ਸਥਾਨ ਦੀ ਹੋਂਦ ਵਿੱਚ ਵਿਸ਼ਵਾਸ ਕਰਨ ਵਾਲੇ ਕੁਝ ਲੋਕ ਇਸ ਦੇ ਦੁੱਖ ਵਾਲੇ ਪਹਿਲੂਆਂ ਨੂੰ ਨਜ਼ਰਅੰਦਾਜ਼ ਕਰਨ ਦੇ ਲਈ ਇਹ ਸਿਖਾਉਂਦੇ ਹਨ ਕਿ ਅੱਗ ਦੀਆਂ ਇਹਨਾਂ ਲਪਟਾਂ ਵਿੱਚ ਦਾਖਲ ਹੋਣ ਤੋਂ ਬਾਅਦ, ਮੁਕਤੀ ਪਾਉਣ ਦਾ ਇੱਕ ਦੂਜਾ ਮੌਕਾ ਵੀ ਮਿਲ ਸਕਦਾ ਹੈ। ਕੁਝ ਦੂਜੇ ਲੋਕਾਂ ਦਾ ਵਿਚਾਰ ਹੁੰਦਾ ਹੈ ਕਿ ਕੁਝ ਸਮੇਂ ਦੁੱਖ ਸਹਿਣ ਤੋਂ ਬਾਅਦ, ਅਵਿਸ਼ਵਾਸੀ ਪੂਰੀ ਤਰ੍ਹਾਂ ਨਾਸ਼ ਹੋ ਜਾਣਗੇ। ਕੁਝ ਹੋਰ ਲੋਕਾਂ ਨੇ ਇੱਕ ਸੁੱਧ ਕਰਨ ਵਾਲੇ ਸਥਾਨ ਦੇ ਵਿਚਾਰ ਨੂੰ ਵਿਕਸਿਤ ਕੀਤਾ ਹੈ ਜੋ ਬਾਈਬਲ ਅਨੁਸਾਰ ਨਹੀਂ ਹੈ। ਇਹਨਾਂ ਗੱਲਾਂ ਨਾਲ ਤਾਂ ਅੱਗ ਦੀ ਝੀਲ ਸਜ਼ਾ ਦਾ ਥੋੜ੍ਹੇ ਸਮੇਂ ਦਾ ਸਥਾਨ ਬਣ ਜਾਂਦੀ ਹੈ, ਜਿੱਥੇ ਲੋਕ ਕੁਝ ਸਮੇਂ ਦੀ ਸਜ਼ਾ ਪਾਉਣ ਤੋਂ ਬਾਅਦ ਬਚ ਸਕਦੇ ਹਨ।

ਇਹ ਮੰਨਣਾ ਕਾਫ਼ੀ ਜਾਇਜ਼ ਹੈ ਕਿ ਸਦੀਪਕ ਸਜ਼ਾ ਦਾ ਵਿਸ਼ਾ ਬਹੁਤ ਭਿਆਨਕ ਅਤੇ ਡਰ ਵਾਲਾ ਹੈ। ਪਰ ਇਹ ਵਿਚਾਰ ਬਾਈਬਲ ਦੇ ਅਨੁਸਾਰ ਠੀਕ ਹੈ।

### a. ਨਰਕ ਦੀ ਦੇ ਸਦੀਪਕ ਹੋਣ ਦਾ ਮੁੱਦਾ

ਕੀ ਅੱਗ ਦੀ ਝੀਲ ਵਿਚਲੇ ਲੋਕਾਂ ਨੂੰ ਮੁਕਤੀ ਪਾਉਣ ਦਾ ਦੂਜਾ ਮੌਕਾ ਮਿਲੇਗਾ? ਕੀ ਉਹ ਸਿਰਫ਼ ਕੁਝ ਸਮੇਂ ਤੱਕ ਦੁੱਖ ਸਹਿਣ ਤੋਂ ਬਾਅਦ ਪੂਰੀ ਤਰ੍ਹਾਂ ਨਾਸ਼ ਹੋ ਜਾਣਗੇ? ਕੀ ਜਿਹੜੇ ਯੂਨਾਨੀ ਸ਼ਬਦ ਦਾ ਅਨੁਵਾਦ "ਸਦੀਪਕ" ਅਤੇ "ਅਨੰਤ" ਕੀਤਾ ਗਿਆ ਹੈ, ਉਸ ਦਾ ਅਰਥ ਅਸਲ ਵਿੱਚ "ਬੇਅੰਤ" ਹੈ? ਜੇਕਰ ਅਜਿਹਾ ਹੈ ਤਾਂ ਅਵਿਸ਼ਵਾਸੀਆਂ ਦੇ ਲਈ ਨਰਕ ਵਿੱਚੋਂ ਬਾਹਰ ਆਉਣ ਜਾਂ ਪੂਰੀ ਤਰ੍ਹਾਂ ਨਾਸ਼ ਹੋ ਜਾਣ ਦੁਆਰਾ ਦੁੱਖ ਤੋਂ ਬ ਚਣ ਦਾ ਕੋਈ ਤਰੀਕਾ ਨਹੀਂ ਹੈ।

---

[86] ਇਸ ਧਰਤੀ ਦੇ ਵਿਨਾਸ਼ ਬਾਰੇ ਹੋਰ ਵਚਨਾਂ ਵਿੱਚ ਸ਼ਾਮਲ ਹਨ: ਮੱਤੀ 24:35; ਲੂਕਾ 21:33; 2 ਪਤਰਸ 3:10-13; 1 ਯੂਹੰਨਾ 2:17

[87] ਨਰਕ ਵਿੱਚ ਰਹਿਣ ਵਾਲੇ ਲੋਕ ਪਰਮੇਸ਼ਰ ਦੀ ਮੌਜੂਦਗੀ ਤੋਂ ਇਸ ਅਰਥ ਵਿੱਚ ਦੂਰ ਹੋਣਗੇ ਕਿ ਉਹ ਪਰਮੇਸ਼ਰ ਦੀ ਮੌਜੂਦਗੀ ਤੋ ਪੂਰੀ ਤਰ੍ਹਾਂ ਅਣਜਾਣ ਰਹਿਣਗੇ ਅਤੇ ਉਹ ਪਰਮੇਸ਼ਰ ਦੇ ਕਿਸੇ ਕੰਮ ਦਾ ਅਨੁਭਵ ਨਹੀਂ ਕਰਨਗੇ। **ਮਨੁੱਖੀ ਦ੍ਰਿਸ਼ਟੀਕੋਣ ਤੋਂ**, ਜਿਵੇਂ ਕਿ 2 ਥੱਸਲੁ 1:9 ਵਿੱਚ ਹੈ, ਨਰਕ ਪਰਮੇਸ਼ਰ ਦੀ ਮੌਜੂਦਗੀ ਤੋਂ ਦੂਰ ਹੋਣਾ ਅਤੇ ਪਰਮੇਸ਼ਰ ਤੋਂ **ਵੱਖ ਹੋਣਾ** ਹੈ। **ਪਰਮੇਸ਼ਰ ਦੇ ਦ੍ਰਿਸ਼ਟੀਕੋਣ ਤੋਂ**, ਦੋਸ਼ੀ ਸਦੀਪਕ ਕਾਲ ਦੇ ਲਈ ਪਰਮੇਸ਼ਰ ਦੇ ਸਾਹਮਣੇ ਮੌਜੂਦ ਰਹਿਣਗੇ ਜਿਵੇਂ ਕਿ ਪ੍ਰਕਾਸ਼ 14:10 ਵਿੱਚ ਹੈ।

### *b.* ਸ਼ਬਦ *ਈਓਨ*

ਇੱਕ ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਸਦੀਪਕ" ਜਾਂ "ਅਨੰਤ" ਕੀਤਾ ਗਿਆ ਹੈ, ਉਹ *ਈਓਨ* ਹੈ। ਕੁਝ ਲੋਕਾਂ ਦੇ ਅਨੁਸਾਰ, *ਈਓਨ* ਸ਼ਬਦ ਦਾ ਅੰਗਰੇਜ਼ੀ ਅਰਥ ਇੱਕ ਲੰਬਾ ਸਮਾਂ ਹੁੰਦਾ ਹੈ, ਪਰ ਅਜਿਹਾ ਸਮਾਂ ਜਿਸ ਦਾ ਅੰਤ ਹੋ ਸਕਦਾ ਹੈ। ਇਸ ਵਾਕ ਉੱਤੇ ਵਿਚਾਰ ਕਰੋ, "ਚੰਡੀਗੜ੍ਹ ਤੋਂ ਬੱਸ ਆਉਣ ਵਿੱਚ ਇੱਕ *ਈਓਨ* (ਲੰਬਾ ਸਮਾਂ) ਲੱਗ ਗਿਆ।" ਇਸ ਵਾਕ ਵਿੱਚ *ਈਓਨ* ਖ਼ਾਸ ਤੌਰ ਤੇ ਲੰਬੇ ਸਮੇਂ ਨੂੰ ਦਰਸਾਉਂਦਾ ਹੈ, ਪਰ ਇਸ ਦੀ ਇੱਕ ਸੀਮਾ ਸੀ। ਇਸ ਦਾ ਮਤਲਬ ਸਦੀਪਕ/ਅਨੰਤ ਨਹੀਂ ਹੈ। ਅਸਲ ਵਿੱਚ, ਨਵੇਂ ਨੇਮ ਵਿੱਚ, ਇਸ ਦੇ 95 ਵਿੱਚੋਂ 37 ਵਾਰ ਹੋਏ ਹਵਾਲਿਆਂ ਵਿੱਚ *ਈਓਨ* ਇੱਕ ਸੀਮਿਤ ਸਮੇਂ ਦੇ ਬਾਰੇ ਦੱਸਦਾ ਹੈ।

> "ਵੈਰੀ ਜਿਸ ਨੇ ਜੰਗਲੀ ਬੂਟੀ ਬੀਜੀ, ਸ਼ੈਤਾਨ ਹੈ। ਫ਼ਸਲ ਦਾ ਪੱਕਣਾ, ਇਸ ਯੁੱਗ [*ਈਓਨ*] ਦਾ ਅੰਤ ਹੈ ਅਤੇ ਵਾਢੇ ਸਵਰਗਦੂਤ ਹਨ। ਜਿਸ ਤਰ੍ਹਾਂ ਜੰਗਲੀ ਬੂਟੀ ਇਕੱਠੀ ਕਰ ਕੇ ਅੱਗ ਵਿੱਚ ਝੋਕੀ ਜਾਂਦੀ ਹੈ, ਇਸੇ ਤਰ੍ਹਾਂ ਸੰਸਾਰ [*ਈਓਨ*] ਦੇ ਅੰਤ ਵਿੱਚ ਹੋਵੇਗਾ।" [ਮੱਤੀ 13:39-40]
>
> "ਸਾਨੂੰ ਦੱਸੋ, ਇਹ ਸਭ ਗੱਲਾਂ ਕਦੋਂ ਹੋਣਗੀਆਂ? ਤੁਹਾਡੇ ਦੂਜੀ ਵਾਰ ਆਉਣ ਦਾ ਅਤੇ ਇਸ ਯੁੱਗ [*ਈਓਨ*] ਦੇ ਅੰਤ ਦਾ ਕੀ ਚਿੰਨ੍ਹ ਹੋਵੇਗਾ?" [ਮੱਤੀ. 24:3b]
>
> ਆਪਣੇ ਆਪ ਨੂੰ ਸੰਸਾਰ [*ਈਓਨ*] ਵਰਗੇ ਨਾ ਬਣਾਓ... [ਰੋਮੀ 12:2]
>
> ਇਹ ਸਭ ਜੋ ਉਹਨਾਂ ਦੇ ਨਾਲ ਹੋਇਆ, ਇਹ ਉਦਾਹਰਨ ਦੇ ਤੌਰ ਤੇ ਹੋਇਆ ਅਤੇ ਸਾਨੂੰ ਸਾਵਧਾਨ ਕਰਨ ਦੇ ਲਈ ਲਿਖਿਆ ਗਿਆ ਕਿਉਂਕਿ ਅਸੀਂ ਅੰਤਿਮ ਸਮੇਂ [*ਈਓਨ*] ਵਿੱਚ ਰਹਿ ਰਹੇ ਹਾਂ। [1 ਕੁਰਿੰਥ 10:11]

ਇਹਨਾਂ ਆਇਤਾਂ ਵਿੱਚ "*ਈਓਨ*" ਸ਼ਬਦ ਇੱਕ ਲੰਬੇ ਪਰ ਇੱਕ ਸੀਮਿਤ ਸਮੇਂ ਨੂੰ ਦਰਸਾਉਂਦਾ ਹੈ। ਤਾਂ ਫਿਰ ਕੱਟੜਵਾਦੀ ਬਾਈਬਲ ਵਿਦਵਾਨਾਂ ਨੇ ਇਸ ਸ਼ਬਦ ਦੀ ਵਿਆਖਿਆ ਉਸ ਸਮੇਂ "ਸਦੀਪਕ" ਕਿਉਂ ਕੀਤੀ ਹੈ ਜਦੋਂ ਇਹ ਅਵਿਸ਼ਵਾਸੀਆਂ ਦੀ ਸਜ਼ਾ ਦੇ ਸੰਦਰਭ ਵਿੱਚ ਵਰਤਿਆ ਹੋਇਆ ਹੈ (ਜਿਵੇਂ ਕਿ, ਯਹੂਦਾਹ 13; ਪ੍ਰਕਾਸ਼ 14:1; 19:3; 20:10)? ਇਸ ਮੁੱਦੇ ਨੂੰ ਹੱਲ ਕਰਨ ਦੇ ਲਈ ਪਹਿਲਾ ਕਦਮ ਅਜਿਹੇ ਸਬੂਤ ਪੇਸ਼ ਕਰਨਾ ਹੋਵੇਗਾ ਜਿਸ ਵਿੱਚ "ਈਓਨ" ਦਾ ਅਰਥ **ਅਨੰਤ ਕਾਲ ਦਾ ਸਮਾਂ** ਹੋ ਸਕਦਾ ਹੈ। ਜਿਸ ਤਰ੍ਹਾਂ ਇਸ ਸ਼ਬਦ ਦਾ ਅਰਥ "ਇੱਕ ਲੰਬਾ ਪਰ ਸੀਮਿਤ ਸਮਾਂ" ਹੋ ਸਕਦਾ ਹੈ, ਉਸੇ ਤਰ੍ਹਾਂ ਇਹ ਕੁਝ ਸੰਦਰਭਾਂ ਵਿੱਚ ਅਤੇ ਕੁਝ ਵਿਸ਼ਿਆਂ ਦੇ ਨਾਲ **ਸਦੀਪਕ ਅਰਥ ਰੱਖਣ ਦੇ ਯੋਗ** ਵੀ ਹੈ। ਇਹ ਸਾਬਤ ਕਰਨਾ ਆਸਾਨ ਹੈ।

### c. "ਈਓਨ" ਦਾ ਅਰਥ ਸਦੀਪਕ

ਹਾਲਾਂਕਿ ਕੁਝ ਸੰਦਰਭਾਂ ਵਿੱਚ "*ਈਓਨ*" ਦਾ ਅਰਥ ਇੱਕ ਸੀਮਿਤ ਸਮੇਂ ਹੋ ਸਕਦਾ ਹੈ, ਪਰ ਹੋਰ ਸੰਦਰਭਾਂ ਵਿੱਚ ਇਸ ਦਾ ਅਰਥ "ਕਦੇ ਖ਼ਤਮ ਨਾ ਹੋਣ ਵਾਲਾ, ਅਨੰਤ, ਸਦੀਪਕ" ਵੀ ਹੋ ਸਕਦਾ ਹੈ। ਈਓਨ ਦਾ ਅਰਥ **ਨਿਸ਼ਚਿਤ ਤੌਰ ਤੇ ਸਦੀਪਕ ਹੁੰਦਾ ਹੈ** ਜਦੋਂ ਇਸ ਨੂੰ ਹੇਠਾਂ ਲਿਖੇ ਸ਼ਬਦਾਂ ਨਾਲ ਵਰਤਿਆ ਜਾਂਦਾ ਹੈ:

#### ਪਰਮੇਸ਼ਰ

> ਉਸ **ਅਨੰਤ** [*ਈਓਨ*] ਮਹਾਰਾਜ...[1 ਤਿਮੋਥਿ1:17]
>
> ਯਿਸੂ ਮਸੀਹ ਕੱਲ੍ਹ, ਅੱਜ ਅਤੇ ਅਨੰਤਕਾਲ ਤੱਕ [*ਈਓਨ*] ਇੱਕੋ ਜਿਹੇ ਹਨ। [ਇਬ 13:8][88]

#### ਪਰਮੇਸ਼ਰ ਦਾ ਵਚਨ[89]

> "...ਪ੍ਰਭੂ ਦਾ ਵਚਨ **ਅਨੰਤਕਾਲ** ਤੱਕ [*ਈਓਨ*] ਅਟੱਲ ਰਹਿੰਦਾ ਹੈ..." [1 ਪਤਰਸ 1:25]

#### ਪਰਮੇਸ਼ਰ ਦਾ ਰਾਜ

> "ਉਹ **ਅਨੰਤਕਾਲ** ਤੱਕ [*ਈਓਨ*] ਯਾਕੂਬ ਦੀ ਪੀੜ੍ਹੀ ਉੱਤੇ ਰਾਜ ਕਰਨਗੇ। ਉਹਨਾਂ ਦੇ ਰਾਜ ਦਾ ਅੰਤ ਨਹੀਂ ਹੋਵੇਗਾ।" [ਲੂਕਾ 1:33]
>
> "...ਕਿਉਂਕਿ ਰਾਜ, ਸਮਰੱਥਾ ਅਤੇ ਮਹਿਮਾ **ਹਮੇਸ਼ਾ** [*ਈਓਨ*] ਤੁਹਾਡੇ ਹੀ ਹਨ। ਆਮੀਨ" [ਮੱਤੀ 6:13].[90]

#### ਵਿਸ਼ਵਾਸੀ ਦਾ ਜੀਵਨ

> "...ਜਿਹੜਾ ਕੋਈ ਇਹ ਰੋਟੀ ਖਾਵੇਗਾ, ਉਹ **ਅਨੰਤਕਾਲ** [*ਈਓਨ*] ਤੱਕ ਜਿਊਂਦਾ ਰਹੇਗਾ..." [ਯੂਹੰਨਾ 6:51]
>
> "...ਜਿਹੜਾ ਮੇਰੇ ਵਚਨਾਂ ਉੱਤੇ ਚੱਲਦਾ ਹੈ ਉਹ *ਕਦੀ ਵੀ* [*ਈਓਨ*] ਮੌਤ ਦਾ ਮੂੰਹ ਨਹੀਂ ਦੇਖੇਗਾ।" [ਯੂਹੰਨਾ 8:51] (ਆਇਤ 53 ਵੀ ਦੇਖੋ)।
>
> "ਅਤੇ ਉਹ ਸਾਰੇ ਜਿਹੜੇ ਜਿਊਂਦੇ ਹਨ ਅਤੇ ਮੇਰੇ ਵਿੱਚ ਵਿਸ਼ਵਾਸ ਕਰਦੇ ਹਨ, *ਕਦੀ ਨਹੀਂ ਮਰਨਗੇ*' [ਯੂਹੰਨਾ 11:26] (ਯੂਹੰਨਾ 10:28 ਵੀ ਦੇਖੋ)।

---

[88] ਮਸੀਹ ਦੇ ਸਦੀਪਕ ਹੋਣ ਦੇ ਲਈ ਇਬ 1:12 ਵੀ ਦੇਖੋ। ਇਬਰਾਨੀਆਂ ਦਾ ਲੇਖਕ ਇਬ 13:8 ਵਿੱਚ ਵੀ ਇਹੀ ਉਦੇਸ਼ ਹੈ।

[89] ਮੱਤੀ 24:35 ਇਹ ਦਿਖਾਉਣ ਦੇ ਵੱਖ-ਵੱਖ ਵਾਕ ਦਿੰਦਾ ਹੈ ਕਿ ਪਰਮੇਸ਼ਰ ਦਾ ਵਚਨ ਸਦੀਪਕ ਹੈ।

[90] ਮੱਤੀ 6:13 ਦਾ ਹਿੱਸਾ ਸ਼ਾਇਦ ਮੂਲ ਵਚਨ ਦਾ ਹਿੱਸਾ ਨਹੀਂ ਹੋ ਸਕਦਾ ਹੈ। ਫਿਰ ਵੀ, ਇਹ *ਈਓਨ* ਦੀ ਵਿਆਖਿਆ ਦਰਸਾਉਣ ਵਾਲਾ ਸ਼ਬਦ ਹੈ।

ਇਹ ਦਰਸਾਉਣ ਦੇ ਲਈ ਅਜਿਹੀਆਂ ਕਾਫ਼ੀ ਉਦਾਹਰਣਾਂ ਹਨ ਕਿ ਯੂਨਾਨੀ ਸ਼ਬਦ *ਈਓਨ* "ਅਨੰਤ ਜਾਂ ਸਦੀਪਕ" ਅਰਥ ਰੱਖਣ ਦੇ ਯੋਗ ਹੈ। ਇਹ ਇਸ ਸੰਭਾਵਨਾ ਦੇ ਲਈ ਇੱਕ ਦਰਵਾਜ਼ਾ ਖੋਲ੍ਹਦਾ ਹੈ ਕਿ ਸਜ਼ਾ ਦੇ ਸੰਬੰਧ ਵਿੱਚ, ਇਸ ਸ਼ਬਦ ਦਾ ਅਰਥ "*ਸਦੀਪਕ*" ਹੈ। ਅਸਲ ਵਿੱਚ, ਇੱਕ ਖ਼ਾਸ **ਨਿਰਮਾਣ ਦੇ ਕਾਰਨ ਅਤੇ ਹੋਰ ਵਰਣਨਯੋਗ ਵਾਕਾਂਸ਼ਾਂ ਦੇ ਕਾਰਨ, ਅਵਿਸ਼ਵਾਸੀ ਲੋਕਾਂ ਦੀ ਸਜ਼ਾ** ਨਾਲ ਜੁੜੇ ਸੰਦਰਭਾਂ ਵਿੱਚ ਇਸ ਸ਼ਬਦ ਦਾ ਅਰਥ ਸਦੀਪਕ/ਅਨੰਤ ਹੀ ਹੋਣਾ ਚਾਹੀਦਾ ਹੈ।

### *d.* ਵਾਕਾਂਸ਼ "ਜੁੱਗੋ-ਜੁੱਗ"

ਇੱਥੋਂ ਤੱਕ ਅਸੀਂ ਇਹ ਸਿੱਟਾ ਕੱਢਿਆ ਹੈ ਕਿ ਜਿਹੜੇ ਸ਼ਬਦ ਦਾ ਅਨੁਵਾਦ ਜੁੱਗ (ਈਓਨ) ਕੀਤਾ ਗਿਆ ਹੈ, ਉਸ ਦਾ ਅਰਥ ਕੁਝ ਸੰਦਰਭਾਂ ਵਿੱਚ ਸਦੀਪਕ/ਅਨੰਤ ਹੋ ਸਕਦਾ ਹੈ, ਭਾਵੇਂ ਇਸ ਨੂੰ ਇੱਕ ਵਾਰ ਹੀ ਵਰਤਿਆ ਗਿਆ ਹੋਵੇ। ਇਸ ਤੋਂ ਇਲਾਵਾ, ਇਹ ਸਮਝਣਾ ਵੀ ਬਹੁਤ ਜ਼ਰੂਰੀ ਹੈ ਕਿ ਸਜ਼ਾ ਦਾ ਜ਼ਿਕਰ ਕਰਨ ਵਾਲੀਆਂ ਚਾਰ ਤੋਂ ਤਿੰਨ ਆਇਤਾਂ ਵਿੱਚ, ਰਸੂਲ ਯੂਹੰਨਾ ਨੇ ਇੱਕ ਖਾਸ ਸ਼ਬਦ-ਰਚਨਾ ਦੀ ਵਰਤੋਂ ਕੀਤੀ ਹੈ। ਪ੍ਰਕਾਸ਼ 14:11; 19:3; 20:10 ਸਾਰੇ *ਈਓਨ* ਸ਼ਬਦ ਕਿਸੇ ਨਾ ਕਿਸੇ ਅਜਿਹੇ ਰੂਪ ਦੀ ਵਰਤੋਂ ਕਰਦੇ ਹਨ ਜਿਸ ਦਾ ਅਨੁਵਾਦ "ਜੁੱਗੋ-ਜੁੱਗ" ਹੋ ਸਕਦਾ ਹੈ। ਇਸ ਵਾਕਾਂਸ਼ ਦੀ ਲਗਭਗ 22 ਵਾਰ ਦੀ ਵਰਤੋਂ ਦਾ ਇੱਕ ਅਧਿਐਨ ਇਸ ਸਿੱਟੇ ਉੱਤੇ ਪਹੁੰਚਦਾ ਹੈ ਕਿ ਇਸ ਦਾ ਅਰਥ **ਹਮੇਸ਼ਾਂ ਸਦੀਪਕ ਕਾਲ** ਹੁੰਦਾ ਹੈ। ਅੱਗੇ ਦਿੱਤੀਆਂ ਆਇਤਾਂ ਵਿੱਚ ਪਰਮੇਸ਼ਰ ਦੀ ਹੋਂਦ, ਰਾਜ, ਅਤੇ ਮਹਿਮਾ ਦੀ ਲੰਬਾਈ ਦੇ ਲਈ ਵਰਤਿਆ ਗਿਆ ਹੈ: ਰੋਮੀ 16:27; ਗਲਾਤੀ 1:5; ਅਫ਼ਸੀ 3:21 ਫ਼ਿਲਿੱਪੀ 4:20; 1 ਤਿਮੋਥਿ 1:17 2 ਤਿਮੋਥਿ 4:18; ਇਬ 13:21; 1 ਪਤਰਸ 4:11, 5:11; ਪ੍ਰਕਾਸ਼ 1:6,18; 4:9,10; 5:13; 7:12; 10:6; 15:7 ਅਤੇ ਇਹ ਪ੍ਰਕਾਸ਼ ਦੀ ਪੋਥੀ 11:15 ਵਿੱਚ ਪਰਮੇਸ਼ਰ ਦੇ ਰਾਜ ਦੀ ਮਿਆਦ ਬਾਰੇ ਵੀ ਗੱਲ ਕਰਦਾ ਹੈ। ਇਹ ਕੁੱਲ 18 ਹਵਾਲੇ ਹਨ। ਪ੍ਰਕਾਸ਼ ਦੀ ਪੋਥੀ 22:5 ਵਿੱਚ ਇਹ ਵਾਕਾਂਸ਼ ਵਿਸ਼ਵਾਸੀ ਦੇ ਜੀਵਨ ਦੀ ਮਿਆਦ ਲਈ ਵਰਤਿਆ ਗਿਆ ਹੈ। ਬਾਕੀ ਤਿੰਨ ਵਾਰ ਇਹ ਸਜ਼ਾ ਦੀ ਲੰਬਾਈ ਦਾ ਹਵਾਲਾ ਦਿੰਦਾ ਹੈ (ਪ੍ਰਕਾਸ਼ 14:11; 19:3; 20:10)। ਸ਼ਬਦ "*ਈਓਨ*" ਸ਼ਬਦ ਦਾ ਅਰਥ ਸਦੀਪਕ ਹੋ ਸਕਦਾ ਹੈ। ਨਰਕ ਦੀ ਮਿਆਦ ਦੀ ਗੱਲ ਕਰਦੇ ਹੋਏ ਵੀ "ਜੁੱਗੋ-ਜੁੱਗ ਤੱਕ" ਵਾਕਾਂਸ਼ ਦਾ **ਹਮੇਸ਼ਾਂ ਅਰਥ ਸਦੀਪਕ ਕਾਲ ਹੁੰਦਾ ਹੈ**। ਇਸ ਪਰਿਭਾਸ਼ਾ ਦੀਆਂ ਕੁਝ ਸਪੱਸ਼ਟ ਉਦਾਹਰਣਾਂ ਇਹ ਹਨ:

> ਸਾਡੇ ਪਰਮੇਸ਼ਰ ਅਤੇ ਪਿਤਾ ਦੀ ਵਡਿਆਈ **ਅਨੰਤਕਾਲ ਤੱਕ** ਹੁੰਦੀ ਰਹੇ। ਆਮੀਨ! [ਫ਼ਿਲਿੱਪੀ 4:20]
>
> … ਮੈਂ ਪਹਿਲਾ ਅਤੇ ਆਖ਼ਰੀ ਹਾਂ ਅਤੇ ਜਿਉਂਦਾ ਹਾਂ। ਮੈਂ ਮੁਰਦਾ ਸੀ ਅਤੇ ਵੇਖ, ਮੈਂ **ਜੁੱਗੋ-ਜੁੱਗ** ਜਿਉਂਦਾ ਹਾਂ, ਮੌਤ ਅਤੇ ਪਤਾਲ ਦੀਆਂ ਕੁੰਜੀਆਂ ਮੇਰੇ ਕੋਲ ਹਨ...[ਪ੍ਰਕਾਸ਼ 1:17-18]
>
> ...ਉਹਨਾਂ ਦੀ ਜਿਹੜੇ ਸਿੰਘਾਸਣ ਦੇ ਉੱਤੇ ਬੈਠੇ ਹਨ ਅਤੇ **ਅਨੰਤਕਾਲ ਤੱਕ** ਜਿਊਂਦੇ ਹਨ [ਪ੍ਰਕਾਸ਼ 4:9]
>
> "…ਉਹ **ਅਨੰਤਕਾਲ ਤੱਕ** ਰਾਜ ਕਰਨਗੇ [ਪ੍ਰਕਾਸ਼ 22:5]

### *e. ਈਓਨ* ਸ਼ਬਦ ਉੱਤੇ ਸਿੱਟਾ

ਇਹ ਸੱਚ ਹੈ ਕਿ ਕੁਝ ਸੰਦਰਭਾਂ ਵਿੱਚ ਯੂਨਾਨੀ ਸ਼ਬਦ ਈਓਨ ਦਾ ਅਰਥ ਇੱਕ ਲੰਬਾ ਸਮਾਂ ਪਰ ਇੱਕ ਸੀਮਿਤ ਸਮਾਂ ਹੋ ਸਕਦਾ ਹੈ (ਅਤੇ ਅਜਿਹਾ 95 ਵਾਰ ਵਿੱਚੋਂ ਘੱਟੋ-ਘੱਟ 37 ਵਾਰ ਹੋਇਆ ਹੈ)। ਪਰ, ਇਸ ਸ਼ਬਦ ਦਾ ਅਰਥ "ਸਦੀਪਕ ਕਾਲ" ਵੀ ਹੋ ਸਕਦਾ ਹੈ, ਕਿਉਂਕਿ ਇਹ ਪਰਮੇਸ਼ਰ ਦੀ ਹੋਂਦ, ਉਹਨਾਂ ਦੇ ਵਚਨ, ਉਹਨਾਂ ਦੇ ਰਾਜ ਅਤੇ ਇੱਕ ਵਿਸ਼ਵਾਸੀ ਦੇ ਜੀਵਨ ਦੀ ਮਿਆਦ ਦੇ ਲਈ ਵੀ ਵਰਤਿਆ ਗਿਆ ਹੈ। ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਤੱਥ ਇਹ ਹੈ ਕਿ **ਵਾਕਾਂਸ਼ "ਜੁੱਗੋ-ਜੁੱਗ ਤੱਕ" ਦਾ ਅਰਥ ਹਮੇਸ਼ਾ ਸਦੀਪਕ ਕਾਲ ਹੁੰਦਾ ਹੈ ਕਿਉਂਕਿ ਇਸ ਦੀ 22 ਵਾਰ ਹੋਈ ਵਰਤੋਂ ਵਿੱਚੋਂ 18 ਵਾਰ ਇਹ ਪਰਮੇਸ਼ਰ ਦੇ ਬਾਰੇ ਦੱਸਦਾ ਹੈ। ਬਾਕੀ ਦੀ ਤਿੰਨ ਵਰਤੋਂ ਸਜ਼ਾ ਦੇ ਸੰਦਰਭ ਵਿੱਚ ਹਨ।** ਬਾਈਬਲ ਦੇ ਅੰਕੜਿਆਂ ਤੋਂ ਇੱਕੋ-ਇੱਕ ਸਿੱਟਾ ਇਹ ਹੈ ਕਿ ਅਵਿਸ਼ਵਾਸੀਆਂ ਨੂੰ ਸਦੀਪਕ ਸਜ਼ਾ ਝੱਲਣੀ ਪਵੇਗੀ।

> "ਜਿਹੜੇ ਲੋਕ ਪਸ਼ੂ ਅਤੇ ਉਸ ਦੀ ਮੂਰਤੀ ਦੀ ਪੂਜਾ ਕਰਦੇ ਹਨ ਅਤੇ ਜਿਹਨਾਂ ਨੇ ਉਸ ਦੇ ਨਾਂ ਦਾ ਨਿਸ਼ਾਨ ਆਪਣੇ ਉੱਤੇ ਲਾਇਆ ਹੈ, ਉਹ ਲੋਕ ਕਦੀ ਵੀ ਚੈਨ ਦਾ ਸਾਹ ਨਾ ਲੈ ਸਕਣਗੇ। ਉਹਨਾਂ ਦੀਆਂ ਪੀੜਾਂ ਦਾ ਧੂੰਆਂ **ਅਨੰਤਕਾਲ** ਤੱਕ ਉੱਠਦਾ ਰਹੇਗਾ।" [ਪ੍ਰਕਾਸ਼ 14:11]

*ਈਓਨ* ਸ਼ਬਦ ਦੇ ਬਾਰੇ ਪਹਿਲਾਂ ਇਸ ਲਈ ਚਰਚਾ ਕੀਤੀ ਗਈ ਸੀ ਕਿਉਂਕਿ ਨਰਕ ਦੇ ਸਦੀਪਕ ਹੋਣ ਦੇ ਬਾਰੇ ਇਤਰਾਜ਼ ਕਰਨ ਵਾਲਿਆਂ ਨੂੰ ਸਿਰਫ਼ ਇਸ ਹੀ ਸ਼ਬਦ ਦੀ ਵਰਤੋਂ ਤੋਂ ਇਹ ਮੌਕਾ ਮਿਲਦਾ ਹੈ। ਇਸ ਝੂਠੇ ਵਿਚਾਰ ਦੇ ਖੰਡਨ ਦੇ ਲਈ ਕੀਤੀ ਗਈ ਇਸ ਚਰਚਾ ਤੋਂ ਪਾਠਕ ਇਹ ਨਾ ਸਮਝੇ ਕਿ ਸਦੀਪਕ ਸਜ਼ਾ ਦੀ ਸਿੱਖਿਆ ਦਾ ਆਧਾਰ ਸਿਰਫ਼ ਇਸ ਸ਼ਬਦ ਦੇ ਅਰਥ ਉੱਤੇ ਹੀ ਨਿਰਭਰ ਹੈ। ਅਸਲ ਵਿੱਚ, ਇਸ ਸਿੱਖਿਆ ਦਾ ਸਮਰਥਨ ਕਰਨ ਵਾਲੇ ਅਜਿਹੇ ਦੋ ਹੋਰ ਤੱਥ ਹਨ ਜਿਹੜੇ ਹੋਰ ਜ਼ਿਆਦਾ ਪ੍ਰਭਾਵਸ਼ਾਲੀ ਹਨ।

### f. ਸਦੀਪਕ ਸਜ਼ਾ ਨੂੰ ਪ੍ਰਮਾਣਿਤ ਕਰਨ ਵਾਲੇ ਬਿਆਨ

ਕਦੇ ਨਾ ਖ਼ਤਮ ਹੋ ਵਾਲੇ ਸਮੇਂ ਦੇ ਵਿਚਾਰ ਨੂੰ "ਸਦੀਪਕ ਕਾਲ" ਜਿਹੇ ਇੱਕ ਖ਼ਾਸ ਸ਼ਬਦ ਦੀ ਵਰਤੋਂ ਕੀਤੇ ਬਿਨਾਂ ਵੀ ਪ੍ਰਗਟ ਕੀਤਾ ਜਾ ਸਕਦਾ ਹੈ। "ਕਦੀ ਨਾ ਬੁਝਣ ਵਾਲੀ ਅੱਗ" (ਮੱਤੀ 3:12 ਅਤੇ ਮਰਕੁਸ 9:43,48) ਦੇ ਵਿਚਾਰ ਦੇ ਨਾਲ "ਕਦੇ ਨਾ ਕਰਨ ਵਾਲੇ ਕੀੜੇ" ਦਾ ਵਿਚਾਰ (ਮਰਕੁਸ 9:48), ਉਸ ਸਦੀਪਕ ਅੱਗ ਦੀ ਗੱਲ ਕਰਦੇ ਹਨ ਜਿਸ ਦੀ ਹੋਂਦ ਕਦੇ ਖ਼ਤਮ ਨਹੀਂ ਹੁੰਦੀ ਹੈ।

"ਜੇਕਰ ਤੇਰਾ ਹੱਥ ਤੇਰੇ ਤੋਂ ਪਾਪ ਕਰਵਾਏ ਤਾਂ ਉਸ ਨੂੰ ਵੱਢ ਕੇ ਸੁੱਟ ਦੇ। ਕਿਉਂਕਿ ਤੇਰੇ ਲਈ ਇਹ ਚੰਗਾ ਹੈ ਕਿ ਤੂੰ ਅਪਾਹਜ ਹੋ ਕੇ ਜੀਵਨ ਵਿੱਚ ਜਾਵੇਂ, ਬਜਾਏ ਇਸ ਦੇ ਕਿ ਤੂੰ ਦੋ ਹੱਥ ਹੁੰਦੇ ਹੋਏ ਨਰਕ ਵਿੱਚ ਸੁੱਟਿਆ ਜਾਵੇਂ ਜਿੱਥੇ **ਨਾ ਬੁਝਣ ਵਾਲੀ ਅੱਗ** ਹੈ...ਜੇਕਰ ਤੇਰੀ ਅੱਖ ਤੇਰੇ ਤੋਂ ਪਾਪ ਕਰਵਾਏ ਤਾਂ ਉਸ ਨੂੰ ਕੱਢ ਕੇ ਸੁੱਟ ਦੇ। ਤੇਰੇ ਲਈ ਇਹ ਚੰਗਾ ਹੈ ਕਿ ਤੂੰ ਕਾਣਾ ਹੋ ਕੇ ਪਰਮੇਸ਼ਰ ਦੇ ਰਾਜ ਵਿੱਚ ਜਾਵੇਂ ਬਜਾਏ ਇਸ ਦੇ ਕਿ ਦੋ ਅੱਖਾਂ ਹੁੰਦੇ ਹੋਏ ਨਰਕ ਵਿੱਚ ਸੁੱਟਿਆ ਜਾਵੇਂ, ਜਿੱਥੇ 'ਉਹਨਾਂ ਦਾ **ਕੀੜਾ ਕਦੇ ਨਹੀਂ ਮਰਦਾ** ਅਤੇ **ਅੱਗ ਕਦੀ ਨਹੀਂ ਬੁਝਦੀ**।" [ਮਰਕੁਸ 9:43, 47-48] [91]

### g. ਇੱਕ ਹੋਰ ਯੂਨਾਨੀ ਸ਼ਬਦ ਜਿਸ ਦਾ ਅਰਥ ਸਦੀਪਕ ਕਾਲ ਹੈ

ਉੱਪਰ ਚਰਚਾ ਕੀਤੇ ਗਏ ਸ਼ਬਦ "*ਈਓਨ*" ਤੋਂ ਇਲਾਵਾ, ਇੱਕ ਹੋਰ ਯੂਨਾਨੀ ਸ਼ਬਦ ਹੈ ਜੋ ਸਦੀਪਕ ਸਜ਼ਾ ਦੇ ਸਿਧਾਂਤ ਨੂੰ **ਹੋਰ ਵੀ ਪੱਕੇ ਢੰਗ** ਨਾਲ ਸਿਖਾਉਂਦਾ ਹੈ (ਈਓਨਿਓਸ/ਆਇਓਨਿਓਸ )। **ਇਸ ਦੀ 64 ਵਾਰ ਹੋਈ ਵਰਤੋਂ ਵਿੱਚ ਜਦੋਂ ਇਹ ਸਜ਼ਾ ਦਾ ਕੋਈ ਹਵਾਲਾ ਨਹੀਂ ਦਿੰਦਾ ਹੈ, ਇਸ ਦਾ ਅਰਥ ਹਮੇਸ਼ਾ ਹੀ ਸਦੀਪਕ ਕਾਲ ਹੁੰਦਾ ਹੈ**। 42 ਵਾਰ ਇਹ ਇੱਕ ਵਿਸ਼ਵਾਸੀ ਦੇ ਜੀਵਨ ਦੀ ਲੰਬਾਈ ਨਾਲ ਜੁੜਿਆ ਹੋਇਆ ਹੈ। (ਇਹ ਸ਼ਬਦ ਤਿੰਨ ਵਾਰ ਅਤੀਤ ਦੇ ਸਦੀਪਕ ਕਾਲ, ਤਿੰਨ ਵਾਰ ਭਵਿੱਖ ਦੀ ਮਹਿਮਾ, ਦੋ ਵਾਰ ਪਰਮੇਸ਼ਰ ਦੇ ਜੀਵਨ ਦੀ ਲੰਬਾਈ, ਦੋ ਵਾਰ ਪਵਿੱਤਰ ਆਤਮਾ ਦੇ ਜੀਵਨ ਦੀ ਲੰਬਾਈ, ਇੱਕ ਵਾਰ ਮਸੀਹੀ ਲੋਕਾਂ ਦੀ ਸਦੀਪਕ ਵਿਰਾਸਤ, ਇੱਕ ਵਾਰ ਸਦੀਪਕ ਮੁਕਤੀ, ਇੱਕ ਵਾਰ ਸਦੀਪਕ ਛੁਟਕਾਰੇ, ਇੱਕ ਵਾਰ ਸਦੀਪਕ ਨੇਮ, ਇੱਕ ਵਾਰ ਸਵਰਗ ਦੀ ਮਿਆਦ, ਇੱਕ ਵਾਰ ਸਦੀਪਕ ਸ਼ੁਭ-ਸਮਾਚਾਰ, ਇੱਕ ਵਾਰ ਮਹਿਮਾਮਈ ਸਰੀਰ ਦੇ ਅਮਰ ਰੂਪ, ਇੱਕ ਵਾਰ ਸਦੀਪਕ ਹੁਕਮ, ਅਤੇ ਚਾਰ ਵਾਰ ਵਿਭਿੰਨ ਹਵਾਲਿਆਂ ਦੇ ਲਈ ਵਰਤਿਆ ਗਿਆ ਹੈ)। ਫਿਰ ਇਸ ਦੀ ਬਾਕੀ 6 ਵਾਰ ਵਰਤੋਂ ਵਿੱਚ, ਜਿੱਥੇ ਇਹ ਸਜ਼ਾ ਦੀ ਮਿਆਦ ਦੀ ਗੱਲ ਕਰਦਾ ਹੈ, ਇਸ ਦਾ ਅਰਥ ਬਦਲਣ ਦਾ ਕਿਸੇ ਕੋਲ ਕੋਈ ਵਿਕਲਪ ਨਹੀਂ ਰਹਿੰਦਾ ਹੈ। ਉਹ ਵੀ ਬਿਨਾਂ ਕਿਸੇ ਸ਼ੱਕ ਦੇ ਸਿਖਾਉਂਦੇ ਹਨ ਕਿ ਅੱਗ ਦੀ ਝੀਲ ਸਦੀਪਕ ਕਾਲ ਦੇ ਲਈ ਹੋਵੇਗੀ। **ਨਰਕ ਵਿੱਚ ਸਜ਼ਾ ਦੀ ਮਿਆਦ ਪਰਮੇਸ਼ਰ ਦੀ ਉਮਰ ਜਿੰਨੀ ਲੰਬੀ ਹੋਵੇਗੀ। ਸਜ਼ਾ ਓਨੀ ਹੀ ਸਦੀਪਕ ਹੋਵੇਗੀ ਜਿੰਨਾ ਸਦੀਪਕ ਵਿਸ਼ਵਾਸੀਆਂ ਨੂੰ ਜੀਵਨ ਦਿੱਤਾ ਗਿਆ ਹੈ।**

"ਇਸ ਲਈ ਜੇਕਰ ਤੇਰਾ ਹੱਥ ਜਾਂ ਪੈਰ ਤੈਨੂੰ ਗ਼ਲਤ ਰਾਹ ਉੱਤੇ ਪਾਵੇ ਤਾਂ ਉਸ ਨੂੰ ਵੱਢ ਕੇ ਸੁੱਟ ਦੇ ਕਿਉਂਕਿ ਤੇਰੇ ਲਈ ਇਹ ਚੰਗਾ ਹੋਵੇਗਾ ਕਿ ਤੂੰ ਅਪਾਹਜ ਹੋ ਕੇ ਜੀਵਨ ਵਿੱਚ ਜਾਵੇਂ, ਬਜਾਏ ਇਸ ਦੇ ਕਿ ਤੂੰ ਦੋ ਹੱਥ ਜਾਂ ਪੈਰ ਹੁੰਦੇ ਹੋਏ **ਹਮੇਸ਼ਾ ਬਲਣ ਵਾਲੀ ਅੱਗ** ਵਿੱਚ ਸੁੱਟਿਆ ਜਾਵੇਂ" [ਮੱਤੀ18:8]

"ਫਿਰ ਰਾਜਾ ਆਪਣੇ ਖੱਬੇ ਪਾਸੇ ਵਾਲਿਆਂ ਨੂੰ ਕਹੇਗਾ, 'ਤੁਸੀਂ ਜਿਹੜੇ ਪਰਮੇਸ਼ਰ ਦੇ ਸਰਾਪ ਹੇਠ ਹੋ, ਮੇਰੇ ਸਾਹਮਣਿਓਂ ਉਸ ਹਮੇਸ਼ਾ ਬਲਣ ਵਾਲੀ ਅੱਗ ਵਿੱਚ ਚਲੇ ਜਾਵੋ ਜਿਹੜੀ ਸ਼ੈਤਾਨ ਅਤੇ ਉਸ ਦੇ ਦੂਤਾਂ ਲਈ ਤਿਆਰ ਕੀਤੀ ਗਈ ਹੈ....ਇਹ ਲੋਕ **ਅਨੰਤ ਸਜ਼ਾ** ਅਤੇ ਨੇਕ ਲੋਕ ਅਨੰਤ ਜੀਵਨ ਪ੍ਰਾਪਤ ਕਰਨਗੇ [ਮੱਤੀ 25:41,46]

ਉਹਨਾਂ ਦੀ ਸਜ਼ਾ ਇਹ ਹੋਵੇਗੀ ਕਿ ਉਹ **ਅਨੰਤਕਾਲ ਦੇ ਲਈ ਨਾਸ਼** ਕੀਤੇ ਜਾਣਗੇ ਅਤੇ ਪ੍ਰਭੂ ਦੀ ਹਜ਼ੂਰੀ ਅਤੇ ਉਹਨਾਂ ਦੇ ਤੇਜ ਦੀ ਸਮਰੱਥਾ ਤੋਂ ਦੂਰ ਕੀਤੇ ਜਾਣਗੇ। [2 ਥੱਸਲੁ 1:9]

ਇਸੇ ਤਰ੍ਹਾਂ ਸੋਦੋਮ ਅਤੇ ਅਮੂਰਾਹ ਅਤੇ ਉਹਨਾਂ ਦੇ ਆਲੇ-ਦੁਆਲੇ ਦੇ ਨਗਰਾਂ ਦੇ ਲੋਕਾਂ ਨੂੰ ਯਾਦ ਕਰੋ ਜਿਹਨਾਂ ਨੇ ਵਿਭਚਾਰੀ ਅਤੇ ਅਨੈਤਿਕ ਕੰਮ ਕੀਤੇ ਅਤੇ ਉਹਨਾਂ ਨੂੰ **ਅਨੰਤ ਅੱਗ ਦੀ ਸਜ਼ਾ** ਮਿਲੀ ਕਿ ਉਹ ਸਾਰੇ ਲੋਕਾਂ ਦੇ ਲਈ ਚਿਤਾਵਨੀ ਬਣਨ। [ਯਹੂਦਾਹ 7]

ਵੱਖ-ਵੱਖ ਬਪਤਿਸਮੇ, ਹੱਥ ਰੱਖਣ, ਪੁਨਰ-ਉਥਾਨ ਅਤੇ **ਅਨੰਤ ਨਿਆਂ** ਦੀ ਸਿੱਖਿਆ ਦੀ ਨੀਂਹ ਦੁਬਾਰਾ ਨਾ ਰੱਖੀਏ। [ਇਬ 6:2]

ਬਾਈਬਲ ਦਾ ਸਿਧਾਂਤ ਇਸ ਦੀ ਪ੍ਰਸਿੱਧੀ ਜਾਂ ਆਰਾਮ ਦੇ ਪੱਧਰ ਅਨੁਸਾਰ ਨਿਰਧਾਰਿਤ ਨਹੀਂ ਕੀਤਾ ਜਾਂਦਾ ਹੈ। ਮਨੁੱਖ ਦੇ ਕੋਲ ਇਹ ਆਜ਼ਾਦੀ ਨਹੀਂ ਹੈ ਕਿ ਉਹ ਨਿਆਂ ਦੇ ਬਾਰੇ ਆਪਣੀ ਪਾਪੀ ਭਾਵਨਾ ਅਤੇ ਤਰਕ ਦੇ ਅਨੁਸਾਰ ਬਾਈਬਲ ਦੀ ਸਿੱਖਿਆ ਨੂੰ ਅਸਵੀਕਾਰ ਕਰ ਸਕਦਾ ਹੈ। ਬਹੁਤ ਸਾਰੇ ਲੋਕਾਂ ਨੂੰ ਇਹ "ਜਾਇਜ਼" ਲੱਗਦਾ ਹੈ ਕਿ ਮੁਕਤੀ ਕੰਮਾਂ ਰਾਹੀਂ ਮਿਲਦੀ ਹੈ, ਪਰ ਬਾਈਬਲ ਅਜਿਹਾ ਨਹੀਂ ਸਿਖਾਉਂਦੀ ਹੈ। ਬਾਈਬਲ ਹੀ ਸਿਧਾਂਤ ਅਤੇ ਨੈਤਿਕਤਾ ਦੇ ਲਈ ਸਾਡਾ ਅਧਿਕਾਰ ਹੈ। ਇੱਕ ਵਿਅਕਤੀ ਨੂੰ ਭਾਵੇਂ ਸਦੀਪਕ ਸਜ਼ਾ ਤਰਕਪੂਰਨ ਲੱਗੇ ਜਾਂ ਨਾ ਲੱਗੇ, ਪਰ ਮਸੀਹ ਨੂੰ ਸਵੀਕਾਰ ਨਾ ਕਰਨ ਵਾਲਿਆਂ ਦੇ ਲਈ ਕਦੇ ਖ਼ਤਮ ਨਾ ਹੋਣ ਵਾਲੀ ਸਜ਼ਾ ਬਾਈਬਲ ਦਾ ਇੱਕ ਤੱਥ ਹੈ। ਪਰਮੇਸ਼ਰ ਦੇ ਪੁੱਤਰ ਨੂੰ ਰੱਦ ਕਰਨਾ ਬਹੁਤ ਸਾਰੇ ਲੋਕਾਂ ਦੇ ਅਹਿਸਾਸ ਕਰਨ ਨਾਲੋਂ ਕਿਤੇ ਜ਼ਿਆਦਾ ਗੰਭੀਰ ਪਾਪ ਹੈ। **ਪਰਮੇਸ਼ਰ ਉਹਨਾਂ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਬਰਦਾਸ਼ਤ ਨਹੀਂ ਕਰਨਗੇ ਜਿਹੜੇ ਉਹਨਾਂ ਦੇ ਪੁੱਤਰ ਨੂੰ ਸਮੇਂ ਦੀ ਵਿਅਰਥ ਬਰਬਾਦੀ ਮੰਨਦੇ ਹਨ। *ਪਾਠਕ ਨੂੰ ਇਸ ਚੇਤਾਵਨੀ ਨੂੰ ਲੈਣਾ ਚਾਹੀਦਾ ਹੈ।* ਮਸੀਹ ਉੱਤੇ ਇੱਕ ਮੁਕਤੀਦਾਤੇ ਦੇ ਰੂਪ ਵਿੱਚ ਭਰੋਸਾ ਰੱਖੇ ਜਾਂ ਫਿਰ ਪਰਮੇਸ਼ਰ ਦੇ ਕ੍ਰੋਧ ਦਾ ਸਾਹਮਣਾ ਕਰੇ।**

### D. ਮੁਕਤੀ ਪਾਏ ਹੋਏ ਲੋਕਾਂ ਦਾ ਭਵਿੱਖ

ਇੱਕ "ਵਿਚਕਾਰਲੀ ਸਥਿਤੀ" ਮੌਤ ਤੋਂ ਬਾਅਦ ਪਰ ਜੀਅ-ਉੱਠਣ ਅਤੇ ਨਿਆਂ ਤੋਂ ਪਹਿਲਾਂ ਦੇ ਸਮੇਂ ਬਾਰੇ ਦੱਸਦੀ ਹੈ। ਹਾਲਾਂਕਿ ਵਿਚਕਾਰਲੀ

[91] ਨਰਕ ਵਿੱਚ ਸਰੀਰ ਦੇ ਵੇਰਵੇ ਉੱਤੇ ਦੁਬਾਰਾ ਧਿਆਨ ਕਰੋ।

ਸਥਿਤੀ ਅੰਤ ਦੇ ਸਮੇਂ ਦੀ ਇੱਕ ਘਟਨਾ ਨਹੀਂ ਹੈ, ਪਰ ਜੇਕਰ ਇੱਕ ਵਿਅਕਤੀ ਦੀ ਮੌਤ ਰੈਪਚਰ ਤੋਂ ਪਹਿਲਾਂ ਹੁੰਦੀ ਹੈ, ਤਾਂ ਉਹ ਇੱਕ ਸਪੱਸ਼ਟ ਰੂਪ ਵਿੱਚ ਉਸ ਦੇ ਭਵਿੱਖ ਦੀ ਗੱਲ ਹੋਵੇਗੀ। ਇਸ ਲਈ, ਇਸ ਨੂੰ ਅਕਸਰ ਅੰਤ ਦੇ ਸਮੇਂ ਦੇ ਸਿਧਾਂਤ ਦੇ ਅਧੀਨ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਵਿਸ਼ਵਾਸੀਆਂ ਦੇ ਲਈ ਸਦੀਪਕ ਕਾਲ ਵਿੱਚ ਇੱਕ ਨਵੀਂ ਧਰਤੀ ਉੱਤੇ ਸਵਰਗੀ ਸ਼ਹਿਰ ਸ਼ਾਮਲ ਹੈ। ਦੋਵੇਂ ਹੀ ਵਿਸ਼ੇ "ਮੁਕਤੀ ਪਾਏ ਹੋਏ ਲੋਕਾਂ ਦੇ ਭਵਿੱਖ" ਦੀ ਸ਼੍ਰੇਣੀ ਵਿੱਚ ਆਉਂਦੇ ਹਨ।

## 1. ਮੁਕਤੀ ਪਾਏ ਹੋਏ ਲੋਕਾਂ ਦੀ ਵਿਚਕਾਰਲੀ ਸਥਿਤੀ

### a. ਮਸੀਹ ਦੇ ਨਾਲ ਮੌਜੂਦ ਹੋਣਾ

ਮੌਤ ਦੇ ਵੇਲੇ, ਇੱਕ ਵਿਸ਼ਵਾਸੀ ਦੀ ਆਤਮਾ ਮਸੀਹ ਦੇ ਕੋਲ ਚਲੀ ਜਾਂਦੀ ਹੈ। ਮਸੀਹ ਸਵਰਗ ਵਿੱਚ ਵੱਸਦੇ ਹਨ (ਰਸੂਲਾਂ 7:56; ਕੁਲੁੱਸੀ 3:1; ਇਬ 1:3; 8:1; 12:2)। ਕਈ ਵਾਰ ਇਸ ਗੱਲ ਉੱਤੇ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ ਜੋ ਬਾਈਬਲ ਨਹੀਂ ਸਿਖਾਉਂਦੀ ਹੈ। ਇਹ ਨਰਕ ਅਤੇ ਸਵਰਗ ਦੇ ਵਿਚਕਾਰ ਕਿਸੇ ਵੀ ਸਥਾਨ ਦੀ ਹੋਂਦ ਬਾਰੇ ਨਹੀਂ ਸਿਖਾਉਂਦੀ ਹੈ। ਮੌਤ ਦੇ ਵੇਲੇ, ਅਵਿਸ਼ਵਾਸੀ ਪਤਾਲ ਵਿੱਚ ਦਾਖਲ ਹੁੰਦੇ ਹਨ ਅਤੇ ਵਿਸ਼ਵਾਸੀ ਮਸੀਹ ਦੀ ਮੌਜੂਦਗੀ ਵਿੱਚ ਦਾਖਲ ਹੁੰਦੇ ਹਨ।[92] ਆਤਮਾ ਨੂੰ ਸ਼ੁੱਧ ਕਰਨ ਵਾਲਾ ਕੋਈ ਤੀਜਾ ਸਥਾਨ ਨਹੀਂ ਹੈ ਜਿੱਥੇ ਆਤਮਾ ਸੁਧਾਰ ਜਾਂ ਸਜ਼ਾ ਦੇ ਸਮੇਂ ਵਿੱਚੋਂ ਨਿਕਲਦੀ ਹੈ ਅਤੇ ਫਿਰ ਸਵਰਗ ਪ੍ਰਾਪਤ ਕਰਦੀ ਹੈ।

> ਯਿਸੂ ਨੇ ਉਸ ਨੂੰ ਕਿਹਾ, "ਮੈਂ ਤੈਨੂੰ ਸੱਚ ਕਹਿੰਦਾ ਹਾਂ ਕਿ ਤੂੰ ਅੱਜ ਹੀ **ਮੇਰੇ ਨਾਲ ਸਵਰਗ ਵਿੱਚ ਹੋਵੇਂਗਾ**" [ਲੂਕਾ 23:43]
>
> ਉਹ ਸਤੀਫ਼ਨੁਸ ਨੂੰ ਪਥਰਾਓ ਕਰਦੇ ਰਹੇ ਪਰ ਉਸ ਨੇ ਪ੍ਰਾਰਥਨਾ ਕੀਤੀ, "ਪ੍ਰਭੂ ਯਿਸੂ, **ਮੇਰੀ ਆਤਮਾ ਨੂੰ ਸਵੀਕਾਰ ਕਰੋ**।" [ਰਸੂਲਾਂ 7:59]
>
> ਅਸੀਂ ਭਰੋਸਾ ਰੱਖਦੇ ਹਾਂ ਅਤੇ ਚਾਹੁੰਦੇ ਹਾਂ ਕਿ ਇਸ **ਸਰੀਰ ਨੂੰ ਛੱਡ ਕੇ ਪ੍ਰਭੂ ਦੇ ਕੋਲ ਜਾ ਰਹੀਏ**। [2 ਕੁਰਿੰਥ 5:8]
>
> ਮੈਂ ਦੁਬਿਧਾ ਵਿੱਚ ਫਸਿਆ ਹੋਇਆ ਹਾਂ। **ਮੇਰੀ ਇੱਛਾ** ਤਾਂ ਇਹ ਹੈ ਕਿ ਮੈਂ **ਇਸ ਜੀਵਨ ਤੋਂ ਵਿਦਾ ਲਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ**...[ ਫ਼ਿਲਿੱਪੀ 1:23]

### b. ਮਰੇ ਹੋਏ ਮਸੀਹੀਆਂ ਦੀਆਂ ਆਤਮਾਵਾਂ ਜੀਵਿਤ ਅਤੇ ਸੁਚੇਤ ਹੁੰਦੀਆਂ ਹਨ

ਕਈ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਵਿਸ਼ਵਾਸੀ ਕਦੇ ਨਹੀਂ ਮਰਦੇ ਹਨ। ਬੇਸ਼ੱਕ, ਵਿਸ਼ਵਾਸੀ ਸਰੀਰਕ ਤੌਰ ਤੇ ਤਾਂ ਮਰਦੇ ਹਨ, ਪਰ ਇੱਕ ਵਿਸ਼ਵਾਸੀ ਦੇ ਲਈ ਆਤਮਿਕ ਤੌਰ ਤੇ ਮਰਨਾ ਜਾਂ ਨਾਸ਼ ਹੋਣਾ ਅਸੰਭਵ ਹੈ। ਬਾਈਬਲ ਮੌਤ ਦੀ ਵਿਆਖਿਆ ਸਰੀਰ ਦੇ ਆਤਮਾ ਤੋਂ ਅਲੱਗ ਹੋਣ ਦੇ ਰੂਪ ਵਿੱਚ ਕਰਦੀ ਹੈ (ਯਾਕੂਬ 2:26)। ਇਹ ਆਤਮਾ ਦੀ ਹੋਂਦ ਦਾ ਅੰਤ ਨਹੀਂ ਹੈ, ਬਲਕਿ ਆਤਮਾ ਦੇ ਨਿਵਾਸ ਵਿੱਚ ਤਬਦੀਲੀ ਹੈ।

> "ਮੈਂ ਅਬਰਾਹਾਮ ਦਾ ਪਰਮੇਸ਼ਰ, ਇਸਹਾਕ ਦਾ ਪਰਮੇਸ਼ਰ ਅਤੇ ਯਾਕੂਬ ਦਾ ਪਰਮੇਸ਼ਰ ਹਾਂ?' ਇਸ ਲਈ ਉਹ ਮੁਰਦਿਆਂ ਦੇ ਨਹੀਂ ਸਗੋਂ **ਜਿਊਂਦਿਆਂ** ਦੇ ਪਰਮੇਸ਼ਰ ਹਨ।" [ਮੱਤੀ 22:32]

ਪ੍ਰਭੂ ਦੀ ਮੁੱਖ ਗੱਲ ਇਹ ਹੈ ਕਿ ਹਾਲਾਂਕਿ ਅਬਰਾਹਾਮ, ਇਸਹਾਕ, ਅਤੇ ਯਾਕੂਬ ਮੂਸਾ ਦੇ ਸਮੇਂ ਤੋਂ ਸਦੀਆਂ ਪਹਿਲਾਂ ਮਰ ਚੁੱਕੇ ਸਨ, ਫਿਰ ਵੀ ਉਹ ਮੌਜੂਦਗੀ ਵਿੱਚ ਸਨ।

> "ਉਸ ਨੇ ਉੱਚੀ ਆਵਾਜ਼ ਨਾਲ ਪੁਕਾਰ ਕੇ ਕਿਹਾ, 'ਹੇ ਪਿਤਾ ਅਬਰਾਹਾਮ, ਮੇਰੇ ਉੱਤੇ ਦਇਆ ਕਰੋ। ਲਾਜ਼ਰ ਨੂੰ ਭੇਜੋ ਕਿ ਉਹ ਆਪਣੀ ਉਂਗਲੀ ਦਾ ਸਿਰਾ ਪਾਣੀ ਵਿੱਚ ਭਿਉਂ ਕੇ ਮੇਰੀ ਜੀਭ ਨੂੰ ਠੰਡਾ ਕਰੇ ਕਿਉਂਕਿ ਮੈਂ ਇਸ ਅੱਗ ਵਿੱਚ ਤੜਪ ਰਿਹਾ ਹਾਂ। ਅਮੀਰ ਆਦਮੀ ਨੇ ਕਿਹਾ, 'ਪਿਤਾ ਜੀ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਲਾਜ਼ਰ ਨੂੰ ਮੇਰੇ ਪਿਤਾ ਦੇ ਘਰ ਭੇਜੋ" [ਲੂਕਾ 16:24,27]

ਮੌਤ ਤੋਂ ਬਾਅਦ ਲਾਜ਼ਰ ਯਕੀਨੀ ਤੌਰ ਤੇ ਹੋਸ਼ ਵਿੱਚ ਸੀ।

> "ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜਿਹੜਾ ਮੇਰੇ ਵਚਨਾਂ ਉੱਤੇ ਚੱਲਦਾ ਹੈ ਉਹ **ਕਦੀ ਵੀ ਮੌਤ ਦਾ ਮੂੰਹ ਨਹੀਂ ਦੇਖੇਗਾ**।" [ਯੂਹੰਨਾ 8:51]
>
> "ਅਤੇ ਉਹ ਸਾਰੇ ਜਿਹੜੇ ਜਿਉਂਦੇ ਹਨ ਅਤੇ ਮੇਰੇ ਵਿੱਚ ਵਿਸ਼ਵਾਸ ਕਰਦੇ ਹਨ, **ਕਦੀ ਨਹੀਂ ਮਰਨਗੇ**। ਕੀ ਤੂੰ ਇਸ ਵਿੱਚ ਵਿਸ਼ਵਾਸ ਕਰਦੀ ਹੈਂ?" [ਯੂਹੰਨਾ 11:26]
>
> ਪਰ ਜੇਕਰ ਮਸੀਹ ਤੁਹਾਡੇ ਵਿੱਚ ਰਹਿੰਦੇ ਹਨ ਤਾਂ ਪਾਪ ਦੇ ਕਾਰਨ ਤੁਹਾਡਾ ਸਰੀਰ ਮੁਰਦਾ ਵੀ ਕਿਉਂ ਨਾ ਹੋਵੇ, ਫਿਰ ਵੀ **ਆਤਮਾ ਤੁਹਾਡੇ ਲਈ ਜੀਵਨ ਹੈ** ਕਿਉਂਕਿ ਤੁਸੀਂ ਨੇਕ ਠਹਿਰਾਏ ਜਾ ਚੁੱਕੇ ਹੋ। [ਰੋਮੀ 8:10]

ਸਰੀਰ ਮਰ ਸਕਦਾ ਹੈ, ਪਰ ਇੱਕ ਮਸੀਹੀ ਦੀ ਆਤਮਾ ਕਦੇ ਵੀ ਖ਼ਤਮ ਨਹੀਂ ਹੋ ਸਕਦੀ ਹੈ।

> ਫਿਰ ਜਦੋਂ ਲੇਲੇ ਨੇ ਪੰਜਵੀਂ ਮੋਹਰ ਤੋੜੀ ਤਾਂ ਮੈਂ ਵੇਦੀ ਦੇ ਹੇਠ ਉਹਨਾਂ ਮਨੁੱਖਾਂ ਦੀਆਂ ਆਤਮਾਵਾਂ ਦੇਖੀਆਂ ਜਿਹੜੇ ਪਰਮੇਸ਼ਰ ਦੇ ਸੰਦੇਸ਼ ਦੇ ਕਾਰਨ ਅਤੇ ਆਪਣੀ ਗਵਾਹੀ ਉੱਤੇ ਪੱਕੇ ਰਹਿਣ ਦੇ ਕਾਰਨ ਕਤਲ ਕੀਤੇ ਗਏ

[92] ਸ਼ਾਇਦ ਸਵਰਗਦੂਤ ਆਤਮਾ ਨੂੰ ਮਸੀਹ ਦੀ ਮੌਜਦੂਗੀ ਵਿੱਚ ਲੈ ਜਾਂਦੇ ਹਨ ਜਿਵੇਂ ਲੂਕਾ 16:22 ਵਿੱਚ ਦੱਸਿਆ ਗਿਆ ਹੈ।

ਸਨ। **ਉਹ ਉੱਚੀ ਆਵਾਜ਼ ਨਾਲ ਬੋਲੇ**, "ਹੇ ਮਾਲਕ, ਤੁਸੀਂ ਪਵਿੱਤਰ ਅਤੇ ਸੱਚੇ ਹੋ, ਸਾਡਾ ਨਿਆਂ ਕਰਨ ਵਿੱਚ ਅਤੇ ਧਰਤੀ ਦੇ ਨਿਵਾਸੀਆਂ ਤੋਂ ਸਾਡੀ ਮੌਤ ਦਾ ਬਦਲਾ ਲੈਣ ਵਿੱਚ ਤੁਸੀਂ ਹੋਰ ਕਿੰਨਾ ਸਮਾਂ ਲਾਵੋਗੇ?" ਉਹਨਾਂ ਵਿੱਚੋਂ ਹਰ ਇੱਕ ਨੂੰ ਚਿੱਟਾ ਚੋਗਾ ਦਿੱਤਾ ਗਿਆ। ਉਹਨਾਂ ਨੂੰ ਇਹ ਵੀ ਕਿਹਾ ਗਿਆ ਕਿ ਉਹ ਕੁਝ ਸਮੇਂ ਦੇ ਲਈ ਹੋਰ ਅਰਾਮ ਕਰਨ ਜਦੋਂ ਤੱਕ ਕਿ ਉਹਨਾਂ ਦੇ ਸਾਥੀ ਸੇਵਕਾਂ ਅਤੇ ਵਿਸ਼ਵਾਸੀਆਂ ਦੀ ਗਿਣਤੀ ਪੂਰੀ ਨਾ ਹੋ ਜਾਵੇ ਜਿਹੜੇ ਉਹਨਾਂ ਵਾਂਗ ਕਤਲ ਕੀਤੇ ਜਾਣ ਵਾਲੇ ਹਨ। [ਪ੍ਰਕਾਸ਼ 6:9-11]

ਬਿਪਤਾ ਦੇ ਦੌਰਾਨ ਮਰਨ ਵੇਲੇ ਮਸੀਹੀ ਲੋਕ ਮੌਤ ਤੋਂ ਬਾਅਦ ਹੋਸ਼ ਵਿੱਚ ਹੁੰਦੇ ਹਨ।

ਬਾਈਬਲ ਇਹ ਨਹੀਂ ਦੱਸਦੀ ਹੈ ਕਿ ਮਰੇ ਹੋਏ ਮਸੀਹੀ ਲੋਕ ਧਰਤੀ ਉੱਤੇ ਹੋਣ ਵਾਲੀਆਂ ਘਟਨਾਵਾਂ ਨੂੰ ਦੇਖ ਸਕਦੇ ਹਨ ਜਾਂ ਨਹੀਂ। ਸਵਰਗਦੂਤ ਜ਼ਰੂਰ ਕਲੀਸਿਯਾ ਨੂੰ ਦੇਖਦੇ ਹਨ (ਅਫ਼ਸੀ 3:10)। ਇਬ 12:1 ਇਹ ਸੰਕੇਤ ਦਿੰਦਾ ਹੈ ਕਿ ਵਿਸ਼ਵਾਸ ਦੇ ਕੁਝ ਵੀਰ ਸਾਨੂੰ ਕਦੇ-ਕਦੇ ਦੇਖ ਸਕਦੇ ਹਨ। ਸ਼ਾਇਦ ਮਰੇ ਹੋਏ ਮਸੀਹੀ ਲੋਕ ਧਰਤੀ ਦੇ ਜੀਵਨ ਤੋਂ ਪੂਰੀ ਤਰ੍ਹਾਂ ਅਣਜਾਣ ਨਹੀਂ ਹਨ, ਪਰ ਅਸੀਂ ਇਹਨਾਂ ਗੱਲਾਂ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮਰੇ ਹੋਏ ਵਿਸ਼ਵਾਸੀ ਲੋਕ ਉਹਨਾਂ ਵਿਸ਼ਵਾਸੀਆਂ ਤੋਂ ਖ਼ਬਰਾਂ ਇਕੱਠਾ ਕਰਦੇ ਹਨ ਜਿਹਨਾਂ ਦੀ ਹਾਲ ਹੀ ਵਿੱਚ ਮੌਤ ਹੋ ਗਈ ਹੈ। ਪਰਮੇਸ਼ਰ ਨੇ ਲਾਜ਼ਰ ਨੂੰ ਧਨੀ ਆਦਮੀ ਦੇ ਭਰਾਵਾਂ ਦੇ ਲਈ ਸੰਦੇਸ਼ ਨਾਲ ਧਰਤੀ ਉੱਤੇ ਵਾਪਸ ਜਾਣ ਦੀ ਆਗਿਆ ਨਹੀਂ ਦਿੱਤੀ ਸੀ (ਲੂਕਾ 16:26-31)। ਬਾਈਬਲ ਦੇ ਅਨੁਸਾਰ, ਮਰੇ ਹੋਏ ਲੋਕਾਂ ਨਾਲ ਸੰਚਾਰ ਜਾਦੂ ਟੂਣੇ ਦੇ ਵਿਸ਼ੇ ਦੇ ਅਧੀਨ ਆਉਂਦਾ ਹੈ। ਵਿਚਕਾਰਲੀ ਸਥਿਤੀ ਵਿੱਚ ਮਰੇ ਹੋਏ ਲੋਕਾਂ ਨਾਲ ਕੋਈ ਸੰਚਾਰ ਨਹੀਂ ਹੁੰਦਾ ਹੈ। (ਧਿਆਨ ਦਿਓ ਕਿ ਜਾਦੂਗਰਨੀ ਸਮੂਏਲ ਦੇ ਅਸਲ ਸੰਚਾਰ ਨੂੰ ਸੁਣ ਕੇ ਪੂਰੀ ਤਰ੍ਹਾਂ ਹੈਰਾਨ ਹੋ ਗਈ ਸੀ (1 ਸਮੂ 28:12)। ਅਸਲ ਵਿੱਚ, ਸ਼ੈਤਾਨੀ ਆਤਮਾਵਾਂ ਭੋਲੇ ਲੋਕਾਂ ਨੂੰ ਫਸਾਉਣ ਦੇ ਲਈ ਮਰੇ ਹੋਏ ਲੋਕਾਂ ਦੀ ਆਵਾਜ਼ ਦੀ ਨਕਲ ਕਰ ਸਕਦੀਆਂ ਹਨ। ਮਸੀਹੀ ਲੋਕਾਂ ਨੂੰ ਆਪਣੇ ਮਰੇ ਹੋਏ ਅਜ਼ੀਜ਼ਾਂ ਨੂੰ ਪਰਮੇਸ਼ਰ ਦੀ ਦੇਖਭਾਲ ਵਿੱਚ ਸੌਂਪ ਦੇਣਾ ਚਾਹੀਦਾ ਹੈ ਅਤੇ ਅਜਿਹੇ ਸ਼ੈਤਾਨੀ ਪ੍ਰਦਰਸ਼ਨਾਂ ਤੋਂ ਬਿਲਕੁਲ ਦੂਰ ਰਹਿਣਾ ਚਾਹੀਦਾ ਹੈ। ਅਸੀਂ ਇਸ ਗੱਲ ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ ਕਿ ਮਰੇ ਹੋਏ ਵਿਸ਼ਵਾਸੀ ਲੋਕ ਮਸੀਹ ਦੀ ਮੌਜੂਦਗੀ ਦਾ ਆਨੰਦ ਲੈ ਰਹੇ ਹਨ ਅਤੇ ਉਹ ਇਸ ਦੁਸ਼ਟ ਸੰਸਾਰ ਵਿੱਚ ਵਾਪਸ ਆਉਣਾ ਨਹੀਂ ਚਾਹੁਣਗੇ।

### c. ਵਿਚਕਾਰਲੀ ਸਥਿਤੀ ਵਿੱਚ ਮੁਕਤੀ ਪਾਏ ਲੋਕਾਂ ਦੇ ਹਾਲਾਤ

ਬਾਈਬਲ ਮੁਕਤੀ ਪਾਏ ਲੋਕਾਂ ਦੀ ਵਿਚਕਾਰਲੀ ਸਥਿਤੀ ਬਾਰੇ ਕੁਝ ਖ਼ਾਸ ਜਾਣਕਾਰੀ ਦਿੰਦੀ ਹੈ। ਅਸੀਂ ਸਾਰੇ ਤੱਥਾਂ ਨੂੰ ਨਹੀਂ ਜਾਣਦੇ ਹਾਂ, ਪਰ ਅਸੀਂ ਕੁਝ ਮਹੱਤਵਪੂਰਣ ਤੱਥਾਂ ਨੂੰ ਜ਼ਰੂਰ ਜਾਣਦੇ ਹਾਂ। ਮਰੇ ਹੋਏ ਮਸੀਹੀ ਲੋਕ ਮਸੀਹ ਦੇ ਨਾਲ ਹਨ। ਉਹ ਇੱਕ ਬਿਹਤਰ ਸਥਾਨ ਵਿੱਚ ਹਨ। ਉਹ ਅਵਿਸ਼ਵਾਸਯੋਗ ਗੱਲਾਂ ਦਾ ਅਨੁਭਵ ਕਰਦੇ ਹਨ, ਅਤੇ ਇੱਕ ਅਜਿਹੇ ਸਥਾਨ ਵਿੱਚ ਹਨ ਜਿਸ ਨੂੰ ਸਵਰਗ (ਪੈਰਾਡਾਇਸ) ਕਿਹਾ ਜਾ ਸਕਦਾ ਹੈ।

ਇਹ ਸਪੱਸ਼ਟ ਹੈ ਕਿ ਮਸੀਹੀ ਲੋਕਾਂ ਦੇ ਸਰੀਰ ਮੌਤ ਵੇਲੇ ਮਿੱਟੀ ਵਿੱਚ ਮਿਲ ਜਾਂਦੇ ਹਨ ਜਿੱਥੇ ਉਹ ਜੀਅ ਉੱਠਣ ਦੀ ਉਡੀਕ ਕਰਦੇ ਹਨ। ਫਿਰ ਵੀ, ਅਜਿਹਾ ਲੱਗਦਾ ਹੈ ਜਿਵੇਂ ਵਿਚਕਾਰਲੀ ਸਥਿਤੀ ਵਿੱਚ ਆਤਮਾਵਾਂ ਦਾ ਇੱਕ "ਅਸਥਾਈ ਆਤਮਿਕ ਸਰੀਰ" ਹੁੰਦਾ ਹੈ। ਲਾਜ਼ਰ ਦੀ ਇੱਕ "ਉਂਗਲੀ" ਸੀ ਜੋ ਪਾਣੀ ਲਿਆ ਸਕਦੀ ਸੀ (ਲੂਕਾ 16:24)। ਬਿਪਤਾ ਦੇ ਮਸੀਹੀ ਲੋਕਾਂ ਦੀਆਂ ਆਤਮਾਵਾਂ "ਚਿੱਟੇ ਕੱਪੜੇ" ਪਹਿਨੇ ਹੋਏ ਹਨ (ਪ੍ਰਕਾਸ਼ 6:11)।

ਮੈਂ ਦੁਬਿਧਾ ਵਿੱਚ ਫਸਿਆ ਹੋਇਆ ਹਾਂ। ਮੇਰੀ ਇੱਛਾ ਤਾਂ ਇਹ ਹੈ ਕਿ ਮੈਂ ਇਸ ਜੀਵਨ ਤੋਂ ਵਿਦਾ ਲਵਾਂ ਅਤੇ ਮਸੀਹ ਦੇ ਕੋਲ ਜਾ ਰਹਾਂ। ਇਹ ਮੇਰੇ ਲਈ **ਸਭ ਤੋਂ ਉੱਤਮ ਹੈ**। [ਫ਼ਿਲਿੱਪੀ 1:23]

ਮੈਂ ਮਸੀਹ ਵਿੱਚ ਇੱਕ ਆਦਮੀ ਨੂੰ ਜਾਣਦਾ ਹਾਂ ਜਿਹੜਾ ਚੌਦਾਂ ਸਾਲ ਪਹਿਲਾਂ ਤੀਜੇ ਅਸਮਾਨ ਤੱਕ ਚੁੱਕ ਲਿਆ ਗਿਆ ਸੀ। (ਸਰੀਰ ਸਮੇਤ ਜਾਂ ਬਿਨਾਂ ਸਰੀਰ ਦੇ, ਮੈਂ ਨਹੀਂ ਜਾਣਦਾ ਪਰ ਪਰਮੇਸ਼ਰ ਜਾਣਦੇ ਹਨ) ਮੈਂ ਇਹ ਜਾਣਦਾ ਹਾਂ ਕਿ ਉਹ ਆਦਮੀ ਸਵਰਗ ਵਿੱਚ ਚੁੱਕ ਲਿਆ ਗਿਆ ਸੀ (ਸਰੀਰ ਸਮੇਤ ਜਾਂ ਬਿਨਾਂ ਸਰੀਰ ਦੇ, ਮੈਂ ਨਹੀਂ ਜਾਣਦਾ ਪਰ ਪਰਮੇਸ਼ਰ ਜਾਣਦੇ ਹਨ)। ਉਹ **ਸਵਰਗ** ਵਿੱਚ ਚੁੱਕ ਲਿਆ ਗਿਆ ਜਿੱਥੇ ਉਸ ਨੇ ਉਹ ਗੱਲਾਂ ਸੁਣੀਆਂ ਜਿਹਨਾਂ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਜਿਹੜੀਆਂ ਗੱਲਾਂ ਨੂੰ ਦੱਸਣ ਦੀ ਮਨੁੱਖ ਨੂੰ ਆਗਿਆ ਨਹੀਂ ਹੈ। [2 ਕੁਰਿੰਥ 12:2-4]

## 2. ਸਵਰਗ

### a. ਮੌਜੂਦਾ ਬ੍ਰਹਿਮੰਡ ਦਾ ਵਿਨਾਸ਼

ਹਜ਼ਾਰ ਸਾਲ ਦੇ ਰਾਜ ਤੋਂ ਬਾਅਦ, ਪਰ ਸ਼ਾਇਦ ਵੱਡੇ ਚਿੱਟੇ ਸਿੰਘਾਸਣ ਦੇ ਨਿਆਂ ਤੋਂ ਪਹਿਲਾਂ, ਪਰਮੇਸ਼ਰ ਇਸ ਮੌਜੂਦਾ ਧਰਤੀ ਨੂੰ ਅਤੇ ਇਸ ਦੇ ਨਾਲ ਸਾਡੀ ਜਾਣਕਾਰੀ ਵਿੱਚ ਹੁਣ ਤੱਕ ਦੇ ਸਾਰੇ ਬ੍ਰਹਿਮੰਡ ਨੂੰ ਤਬਾਹ ਕਰ ਦੇਣਗੇ (ਲੂਕਾ 16:17 ਵੀ ਦੇਖੋ)।

"**ਅਕਾਸ਼ ਅਤੇ ਧਰਤੀ ਭਾਵੇਂ ਟਲ ਜਾਣ** ਪਰ ਮੇਰੇ ਕਹੇ ਹੋਏ ਵਚਨ ਕਦੇ ਵੀ ਨਹੀਂ ਟਲਣਗੇ।" [ਮੱਤੀ 24:35]

"**ਅਕਾਸ਼ ਅਤੇ ਧਰਤੀ ਭਾਵੇਂ ਟਲ ਜਾਣ** ਪਰ ਮੇਰੇ ਕਹੇ ਹੋਏ ਵਚਨ ਕਦੀ ਵੀ ਨਹੀਂ ਟਲਣਗੇ" [ਲੂਕਾ 21:33]

ਉਹਨਾਂ ਨੇ ਇਹ ਵੀ ਕਿਹਾ, "ਹੇ ਪ੍ਰਭੂ, ਆਦਿ ਵਿੱਚ ਤੁਸੀਂ **ਧਰਤੀ** ਦੀ ਨੀਂਹ ਰੱਖੀ ਹੈ, ਤੁਹਾਡੇ ਹੱਥਾਂ ਦੁਆਰਾ **ਅਕਾਸ਼** ਦੀ ਰਚਨਾ ਹੋਈ ਹੈ। **ਉਹ ਖ਼ਤਮ ਹੋ ਜਾਣਗੇ** ਪਰ ਤੁਸੀਂ ਅਟੱਲ ਰਹੋਗੇ, ਉਹ ਕੱਪੜੇ ਦੀ ਤਰ੍ਹਾਂ ਪੁਰਾਣੇ ਹੋ ਜਾਣਗੇ। ਤੁਸੀਂ ਉਹਨਾਂ ਨੂੰ ਚਾਦਰ ਦੀ ਤਰ੍ਹਾਂ ਲਪੇਟ ਦੇਵੋਗੇ, ਉਹ ਕੱਪੜੇ ਦੀ ਤਰ੍ਹਾਂ ਬਦਲ ਜਾਣਗੇ, ਪਰ ਤੁਸੀਂ ਹਮੇਸ਼ਾ ਇੱਕੋ ਜਿਹੇ ਰਹਿੰਦੇ ਹੋ, ਤੁਹਾਡੇ ਜੀਵਨ ਦਾ ਅੰਤ ਨਹੀਂ ਹੋਵੇਗਾ।" [ਇਬ 1:10-12]

ਪਰ ਪ੍ਰਭੂ ਦਾ ਦਿਨ ਚੋਰ ਦੇ ਵਾਂਗ ਆਵੇਗਾ। ਉਸ ਸਮੇਂ **ਅਕਾਸ਼** ਵੱਡੀ ਗਰਜ ਦੀ ਆਵਾਜ਼ ਦੇ ਨਾਲ **ਖ਼ਤਮ ਹੋ ਜਾਣਗੇ** ਅਤੇ ਅਕਾਸ਼ੀ ਚੀਜ਼ਾਂ ਵੀ ਤਪਸ਼ ਦੇ ਨਾਲ ਪਿਘਲ ਜਾਣਗੀਆਂ। ਫਿਰ **ਧਰਤੀ ਅਤੇ ਇਸ ਦੇ ਸਾਰੇ ਕੰਮ ਵੀ ਪ੍ਰਗਟ ਹੋ ਜਾਣਗੇ** [2 ਪਤਰਸ 3:10]

**ਸੰਸਾਰ ਅਤੇ ਇਸ ਦੀਆਂ ਲਾਲਸਾਵਾਂ ਖ਼ਤਮ ਹੋ ਰਹੀਆਂ ਹਨ** ਪਰ ਜਿਹੜਾ ਪਰਮੇਸ਼ਰ ਦੀ ਇੱਛਾ ਦੇ ਅਨੁਸਾਰ ਚੱਲਦਾ ਹੈ, ਅਨੰਤਕਾਲ ਤੱਕ ਜਿਊਂਦਾ ਰਹੇਗਾ [1 ਯੂਹੰਨਾ 2:17]

ਤਦ ਮੈਂ ਇੱਕ ਵੱਡਾ ਚਿੱਟਾ ਸਿੰਘਾਸਣ ਅਤੇ ਉਸ ਨੂੰ ਜਿਹੜਾ ਉਸ ਉੱਤੇ ਵਿਰਾਜਮਾਨ ਸੀ ਦੇਖਿਆ। **ਧਰਤੀ ਅਤੇ ਅਕਾਸ਼ ਉਸ ਦੇ ਸਾਹਮਣਿਓਂ ਹਟ ਕੇ ਅਲੋਪ ਹੋ ਗਏ**। ਉਹਨਾਂ ਦੇ ਲਈ ਕੋਈ ਥਾਂ ਬਾਕੀ ਨਾ ਬਚੀ। [ਪ੍ਰਕਾਸ਼ 20:11]

### b. ਨਵਾਂ ਅਕਾਸ਼ ਅਤੇ ਨਵੀਂ ਧਰਤੀ

ਬਾਈਬਲ ਇੱਕ ਨਵੇਂ ਅਕਾਸ਼ ਅਤੇ ਇੱਕ ਨਵੀਂ ਧਰਤੀ ਬਾਰੇ ਭਵਿੱਖਬਾਣੀ ਕਰਦੀ ਹੈ। ਅਸੀਂ ਉਹਨਾਂ ਬਾਰੇ ਬਹੁਤ ਘੱਟ ਜਾਣਦੇ ਹਾਂ। ਪ੍ਰਕਾਸ਼ 21:1 ਇਹ ਸਿਖਾਉਂਦਾ ਹੈ ਕਿ ਇਸ ਨਵੀਂ ਧਰਤੀ ਵਿੱਚ ਸਮੁੰਦਰ ਨਹੀਂ ਹੋਵੇਗਾ। ਕੁਝ ਬਾਈਬਲ ਸਿੱਖਿਅਕ ਇਹ ਮੰਨਦੇ ਹਨ ਕਿ ਪਰਮੇਸ਼ਰ ਪੂਰੀ ਤਰ੍ਹਾਂ ਇੱਕ ਨਵਾਂ ਗ੍ਰਹਿ ਬਣਾਉਣਗੇ। ਸਮੁੰਦਰ ਤੋਂ ਬਿਨਾਂ ਵਾਲੀ ਧਰਤੀ ਸੱਚਮੁੱਚ ਇੱਕ ਵੱਡੀ ਤਬਦੀਲੀ ਹੋਵੇਗੀ। ਦੂਜੇ ਲੋਕ ਨਵੀਂ ਧਰਤੀ ਨੂੰ ਪੂਰੀ ਤਰ੍ਹਾਂ ਇੱਕ ਨਵੇਂ ਗ੍ਰਹਿ ਦੀ ਬਜਾਏ ਪੁਰਾਣੀ ਧਰਤੀ ਨੂੰ ਨਵਾਂ ਹੋਣ ਦੇ ਰੂਪ ਵਿੱਚ ਦੇਖਦੇ ਹਨ। ਪਰਮੇਸ਼ਰ ਇਸ ਧਰਤੀ ਨੂੰ ਸਾੜ ਦੇਣਗੇ ਅਤੇ ਸ਼ੁੱਧ ਕਰਨਗੇ ਅਤੇ ਫਿਰ ਇਸੇ ਧਰਤੀ ਨੂੰ "ਨਵੀਂ ਧਰਤੀ" ਵਿੱਚ ਬਦਲ ਦੇਣਗੇ। ਇਸ ਬਾਰੇ ਕੱਟੜਵਾਦੀ ਹੋਣਾ ਸੰਭਵ ਨਹੀਂ ਹੈ, ਪਰ ਧਰਤੀ ਦੇ ਨਵੀਨੀਕਰਨ ਦੇ ਵਿਚਾਰ ਦਾ ਇਹ ਫ਼ਾਇਦਾ ਹੈ ਕਿ ਫਿਰ ਇਸ ਨਾਲ ਇਹ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਅਬਰਾਹਾਮ ਦੀ ਸੰਤਾਨ ਇਸਰਾਏਲ ਦੀ ਧਰਤੀ ਉੱਤੇ ਹਮੇਸ਼ਾ ਦੇ ਲਈ ਆਪਣਾ ਅਧਿਕਾਰ ਰੱਖ ਸਕਦੀ ਹੈ।

"ਦੇਖੋ, **ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਉਤਪੰਨ ਕਰਦਾ ਹਾਂ**, ਅਤੇ ਪਹਿਲੀਆਂ ਚੀਜ਼ਾਂ ਯਾਦ ਨਾ ਰਹਿਣਗੀਆਂ, ਸਗੋਂ ਸੋਚ-ਵਿਚਾਰਾਂ ਵਿੱਚ ਵੀ ਨਾ ਚੜ੍ਹਨਗੀਆਂ।" [ਯਸਾ 65:17]

"ਜਿਵੇਂ **ਨਵਾਂ ਅਕਾਸ਼ ਅਤੇ ਨਵੀਂ ਧਰਤੀ, ਜੋ ਮੈਂ ਬਣਾਵਾਂਗਾ** ਮੇਰੇ ਸਨਮੁਖ ਕਾਇਮ ਰਹਿਣਗੇ, ਯਹੋਵਾਹ ਦਾ ਵਾਕ ਹੈ। [ਯਸਾ 66:22]

ਪਰ ਅਸੀਂ ਪਰਮੇਸ਼ਰ ਦੇ ਵਾਅਦੇ ਦੇ ਅਨੁਸਾਰ ਇੱਕ **ਨਵੇਂ ਅਕਾਸ਼ ਅਤੇ ਨਵੀਂ ਧਰਤੀ** ਦੀ ਉਡੀਕ ਕਰ ਰਹੇ ਹਾਂ ਜਿਹੜੇ ਸੱਚੀ ਨੇਕੀ ਦਾ ਘਰ ਹੋਣਗੇ [2 ਪਤਰਸ 3:13]

ਇਸ ਦੇ ਬਾਅਦ ਮੈਂ **ਇੱਕ ਨਵਾਂ ਅਕਾਸ਼ ਅਤੇ ਇੱਕ ਨਵੀਂ ਧਰਤੀ** ਦੇਖੀ ਕਿਉਂਕਿ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੇ ਰਹੇ ਅਤੇ ਸਮੁੰਦਰ ਦੀ ਵੀ ਕੋਈ ਹੋਂਦ ਨਾ ਰਹੀ [ਪ੍ਰਕਾਸ਼ 21:1]

### c. ਸਵਰਗੀ ਸ਼ਹਿਰ, ਨਵਾਂ ਯਰੂਸ਼ਲਮ

ਨਵਾਂ ਯਰੂਸ਼ਲਮ ਇੱਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਸਦੀਪਕ ਰਾਜ ਨਾਲ ਜੁੜੇ ਬਾਕੀ ਕਿਸੇ ਵੀ ਵਿਸ਼ੇ ਤੋਂ ਜ਼ਿਆਦਾ ਜਾਣਕਾਰੀ ਉਪਲਬਧ ਹੈ (ਦੇਖੋ, ਪ੍ਰਕਾਸ਼ 21:2-22:5)। ਜ਼ਿਆਦਾਤਰ ਬਾਈਬਲ ਦੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਪ੍ਰਕਾਸ਼ 21:1-8 ਉਸ ਸਵਰਗੀ ਸ਼ਹਿਰ ਦੀ ਗੱਲ ਕਰਦਾ ਹੈ ਜੋ ਸਦੀਪਕ ਰਾਜ ਵਿੱਚ ਮੌਜੂਦ ਹੈ। ਪਰ ਇੱਕ ਅਜਿਹਾ ਵਿਚਾਰ ਵੀ ਹੈ ਜੋ ਪ੍ਰਕਾਸ਼ 21:9 ਨੂੰ ਇਸ ਤਰ੍ਹਾਂ ਦੱਸਦਾ ਹੈ ਕਿ ਇਹ ਸਵਰਗੀ ਸ਼ਹਿਰ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਕੰਮ ਕਰਦੇ ਦਿਖਾਉਂਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਸਵਰਗੀ ਸ਼ਹਿਰ ਦੇ ਵਰਣਨ ਦਾ ਅਧਿਐਨ ਕਰੀਏ, ਸਾਨੂੰ ਪ੍ਰਕਾਸ਼ 21:2ff ਵਿੱਚ ਬਿਰਤਾਂਤ ਦੇ ਸਮੇਂ ਦਾ ਅਧਿਐਨ ਕਰਨਾ ਹੋਵੇਗਾ। **ਹੇਠਾਂ ਭਾਗ (1) ਅਤੇ (2)** ਹੋਰ ਸੰਭਾਵਨਾਵਾਂ ਦੇ ਨਾਲ **ਹਰੇਕ ਸਥਿਤੀ ਦੇ ਲਈ ਸਭ ਤੋਂ ਮਜ਼ਬੂਤ ਸੰਭਵ ਦਲੀਲਾਂ ਦਿੰਦੇ ਹਨ।**

ਇਸ ਦੇ ਬਾਅਦ ਮੈਂ ਇੱਕ ਨਵਾਂ ਅਕਾਸ਼ ਅਤੇ ਇੱਕ ਨਵੀਂ ਧਰਤੀ ਦੇਖੀ ਕਿਉਂਕਿ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੇ ਰਹੇ ਅਤੇ ਸਮੁੰਦਰ ਦੀ ਵੀ ਕੋਈ ਹੋਂਦ ਨਾ ਰਹੀ। ਮੈਂ ਪਵਿੱਤਰ ਸ਼ਹਿਰ, ਨਵੇਂ ਯਰੂਸ਼ਲਮ ਨੂੰ, ਸਵਰਗ ਤੋਂ ਪਰਮੇਸ਼ਰ ਦੇ ਕੋਲੋਂ ਉਤਰਦੇ ਦੇਖਿਆ। ਉਹ ਇਸ ਤਰ੍ਹਾਂ ਤਿਆਰ ਸੀ ਜਿਸ ਤਰ੍ਹਾਂ ਇੱਕ ਲਾੜੀ ਆਪਣੇ ਲਾੜੇ ਦੇ ਲਈ ਸ਼ਿੰਗਾਰੀ ਹੋਵੇ। ਮੈਂ ਇੱਕ ਉੱਚੀ ਆਵਾਜ਼ ਵੀ ਸਿੰਘਾਸਣ ਤੋਂ ਸੁਣੀ ਜਿਹੜੀ ਕਹਿ ਰਹੀ ਸੀ, "ਦੇਖ, ਪਰਮੇਸ਼ਰ ਹੁਣ ਮਨੁੱਖਾਂ ਦੇ ਵਿੱਚਕਾਰ ਰਹਿਣ ਦੇ ਲਈ ਆ ਰਹੇ ਹਨ। ਉਹ ਆਪ ਹੁਣ

ਉਹਨਾਂ ਦੇ ਵਿੱਚਕਾਰ ਰਹਿਣਗੇ ਅਤੇ ਉਹ ਉਹਨਾਂ ਦੇ ਆਪਣੇ ਲੋਕ ਹੋਣਗੇ। ਪਰਮੇਸ਼ਰ ਉਹਨਾਂ ਦੇ ਨਾਲ ਰਹਿਣਗੇ ਅਤੇ ਉਹਨਾਂ ਦੇ ਪਰਮੇਸ਼ਰ ਹੋਣਗੇ। ਉਹ ਉਹਨਾਂ ਦੀਆਂ ਅੱਖਾਂ ਦੇ ਸਾਰੇ ਅੱਥਰੂ ਪੂੰਝਣਗੇ। ਤਦ ਮੌਤ, ਕਿਸੇ ਤਰ੍ਹਾਂ ਦਾ ਸੋਗ ਜਾਂ ਰੋਣਾ ਅਤੇ ਪੀੜਾਂ ਨਹੀਂ ਹੋਣਗੀਆਂ ਕਿਉਂਕਿ ਪਹਿਲੀਆਂ ਚੀਜ਼ਾਂ ਜਾਂਦੀਆਂ ਰਹੀਆਂ।'' ਤਦ ਉਸ ਨੇ ਜਿਹੜਾ ਸਿੰਘਾਸਣ ਉੱਤੇ ਵਿਰਾਜਮਾਨ ਸੀ ਕਿਹਾ, ''ਦੇਖ, ਮੈਂ ਸਭ ਕੁਝ ਨਵਾਂ ਬਣਾ ਰਿਹਾ ਹਾਂ।'' ਉਸ ਨੇ ਮੈਨੂੰ ਇਹ ਵੀ ਕਿਹਾ, ''ਤੂੰ ਇਹ ਵਚਨ ਲਿਖ ਕਿਉਂਕਿ ਇਹ ਵਿਸ਼ਵਾਸਯੋਗ ਅਤੇ ਸੱਚੇ ਹਨ।'' ਤਦ ਉਸ ਨੇ ਮੈਨੂੰ ਕਿਹਾ, ''ਇਹ ਗੱਲਾਂ ਪੂਰੀਆਂ ਹੋ ਗਈਆਂ ਹਨ। ਮੈਂ ਹੀ ਅਲਫ਼ਾ ਅਤੇ ਓਮੇਗਾ, ਆਦਿ ਅਤੇ ਅੰਤ ਹਾਂ। ਮੈਂ ਉਸ ਨੂੰ ਜਿਹੜਾ ਪਿਆਸਾ ਹੈ, ਜੀਵਨ ਦੇ ਪਾਣੀ ਦੇ ਸ੍ਰੋਤ ਤੋਂ ਪੀਣ ਲਈ ਮੁਫ਼ਤ ਦੇਵਾਂਗਾ। ਉਹ ਜਿਹੜਾ ਜਿੱਤ ਪ੍ਰਾਪਤ ਕਰਦਾ ਹੈ, ਇਹ ਚੀਜ਼ਾਂ ਪ੍ਰਾਪਤ ਕਰੇਗਾ। ਤਦ ਮੈਂ ਉਸ ਦਾ ਪਰਮੇਸ਼ਰ ਹੋਵਾਂਗਾ ਅਤੇ ਉਹ ਮੇਰੀ ਸੰਤਾਨ ਹੋਵੇਗਾ। ਪਰ ਡਰਪੋਕਾਂ, ਅਵਿਸ਼ਵਾਸੀਆਂ, ਘਿਨਾਉਣਿਆਂ, ਕਾਤਲਾਂ, ਵਿਭਚਾਰੀਆਂ, ਜਾਦੂ-ਟੂਣਾ ਕਰਨ ਵਾਲਿਆਂ, ਮੂਰਤੀ ਪੂਜਕਾਂ ਅਤੇ ਸਾਰੇ ਝੂਠ ਬੋਲਣ ਵਾਲਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ। ਇਹ ਦੂਜੀ ਮੌਤ ਹੈ।'' [ਪ੍ਰਕਾਸ਼ 21:1-8]

### (1) ਨਵਾਂ ਯਰੂਸ਼ਲਮ ਇੱਕ ਹਜ਼ਾਰ ਸਾਲ ਦੇ ਸ਼ਹਿਰ ਦੇ ਰੂਪ ਵਿੱਚ

ਨਵਾਂ ਯਰੂਸ਼ਲਮ ਹੁਣ ਵੀ ਮੌਜੂਦ ਹੈ (ਦੇਖੋ, ਯੂਹੰਨਾ 14:1-6; ਗਲਾਤੀ 4:26; ਇਬ 11:16; 12:22ff)। ਇਸ ਲਈ, ਅਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਹਾਂ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਇਸ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਹਾਲਾਂਕਿ ਪ੍ਰਕਾਸ਼ 21:1-8 ਵਿੱਚ ਦੱਸਿਆ ਗਿਆ ਨਵਾਂ ਯਰੂਸ਼ਲਮ ਇੱਕ ਸਦੀਪਕ ਸ਼ਹਿਰ ਹੈ, ਪਰ ਸ਼ਾਇਦ ਇਹ ਹਜ਼ਾਰ ਸਾਲ ਦੇ ਦੌਰਾਨ ਧਰਤੀ ਉੱਤੇ ਉੱਤਰਦਾ ਹੈ। ਕੁਝ ਲੋਕ ਮੰਨਦੇ ਹਨ ਕਿ ਪ੍ਰਕਾਸ਼ 21:9ff ਵਿਚਲੇ ਕੁਝ ਸੰਕੇਤ ਹਜ਼ਾਰ ਸਾਲ ਦੇ ਸਮੇਂ ਵੱਲ ਇਸ਼ਾਰਾ ਕਰਦੇ ਹਨ।

ਪ੍ਰਕਾਸ਼ 21:24-26 ਰਾਜਿਆਂ ਅਤੇ ਕੌਮਾਂ ਦੀ ਗੱਲ ਕਰਦਾ ਹੈ। ਇਹ ਤਰਕ ਦਿੰਦੇ ਹੋਏ ਕਿ ਸਵਰਗ ਵਿੱਚ ਪਰਮੇਸ਼ਰ ਤੋਂ ਇਲਾਵਾ ਕੋਈ ਹੋਰ ਰਾਜਾ ਨਹੀਂ ਹੋ ਸਕਦਾ ਹੈ, ਅਤੇ ਇਹ ਕਿ ਸਰਕਾਰੀ ਢਾਂਚਿਆਂ ਦਾ ਮੌਜੂਦ ਹੋਣਾ ਬੁਰਾਈ ਦੀ ਹੋਂਦ ਦੀ ਵੱਲ ਸੰਕੇਤ ਕਰਦਾ ਹੈ, ਕੁਝ ਲੋਕ ਸੋਚਦੇ ਹਨ ਕਿ ਪ੍ਰਕਾਸ਼ 21:9ff ਵਿੱਚ ਸਵਰਗ ਨੂੰ ਨਹੀਂ ਬਲਕਿ ਹਜ਼ਾਰ ਸਾਲ ਵਿੱਚ ਧਰਤੀ ਉੱਤੇ ਪਰਮੇਸ਼ਰ ਦੇ ਰਾਜ ਨੂੰ ਦਰਸਾਇਆ ਜਾ ਸਕਦਾ ਹੈ।

> ਸਾਰੀਆਂ **ਕੌਮਾਂ** ਇਸ ਦੇ ਚਾਨਣ ਵਿੱਚ ਚੱਲਣਗੀਆਂ ਅਤੇ ਧਰਤੀ ਦੇ ਰਾਜੇ ਆਪਣੀਆਂ ਸ਼ਾਨ ਵਾਲੀਆਂ ਚੀਜ਼ਾਂ ਇਸ ਵਿੱਚ ਲੈ ਕੇ ਆਉਣਗੇ....ਸਾਰੀਆਂ **ਕੌਮਾਂ** ਦੀਆਂ ਸ਼ਾਨ ਅਤੇ ਵਡਿਆਈ ਵਾਲੀਆਂ ਚੀਜ਼ਾਂ ਉਸ ਵਿੱਚ ਲਿਆਂਦੀਆਂ ਜਾਣਗੀਆਂ...[ਪ੍ਰਕਾਸ਼ 21:24,26]

ਹਜ਼ਾਰ ਸਾਲ ਦੇ ਸਮੇਂ ਦੇ ਲਈ ਇੱਕ ਹੋਰ ਮੰਨਿਆ ਜਾਂਦਾ ਸੰਕੇਤ ਇਸ ਵਾਕਾਂਸ਼ ਤੋਂ ਆਉਂਦਾ ਹੈ ਕਿ "ਉਸ ਰੁੱਖ ਦੇ ਪੱਤਿਆਂ ਨਾਲ ਕੌਮਾਂ ਨੂੰ **ਚੰਗਾਈ** ਮਿਲਦੀ ਸੀ" (ਦੇਖੋ, ਪ੍ਰਕਾਸ਼ 22:2)। ਕਿਉਂਕਿ ਸਦੀਪਕ ਰਾਜ ਵਿੱਚ "ਚੰਗਾਈ" ਦੀ ਕੋਈ ਲੋੜ ਨਹੀਂ ਹੋਵੇਗੀ, ਇਸ ਲਈ ਕੁਝ ਲੋਕ ਮੰਨਦੇ ਹਨ ਕਿ ਪ੍ਰਕਾਸ਼ 21:9ff ਦੇ ਸ਼ਹਿਰ ਨੂੰ ਹਜ਼ਾਰ ਸਾਲ ਦੇ ਸਮੇਂ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

### (2) ਸਦੀਪਕ ਰਾਜ ਵਿੱਚ ਨਵਾਂ ਯਰੂਸ਼ਲਮ

ਪ੍ਰਕਾਸ਼ 21:2ff ਨੂੰ ਸਿਰਫ਼ ਸਦੀਪਕ ਰਾਜ ਵਿੱਚ ਸੀਮਿਤ ਕਰਕੇ ਦੇਖਣਾ ਸੰਭਵ ਹੈ। ਅਦਨ ਦੇ ਬਾਗ਼ ਵਿੱਚ ਨਾ ਤਾਂ ਕੋਈ ਪਾਪ ਸੀ ਅਤੇ ਨਾ ਹੀ ਕੋਈ ਬਿਮਾਰੀ ਸੀ, ਪਰ ਸਿਹਤ ਨੂੰ ਬਣਾਈ ਰੱਖਣ ਦੇ ਲਈ ਇਸ ਵਿੱਚ ਜੀਵਨ ਦਾ ਇੱਕ ਰੁੱਖ ਸੀ। ਜ਼ਰੂਰੀ ਨਹੀਂ ਹੈ ਕਿ ਜੀਵਨ ਦੇ ਰੁੱਖ ਦਾ ਮੌਜੂਦ ਹੋਣਾ ਇਹ ਸਾਬਤ ਕਰਦਾ ਹੈ ਕਿ ਯੂਹੰਨਾ ਜਿਹੜੇ ਸਵਰਗੀ ਸ਼ਹਿਰ ਦਾ ਵਰਣਨ ਕਰ ਰਿਹਾ ਹੈ ਉਹ ਹਜ਼ਾਰ ਸਾਲ ਦੇ ਰਾਜ ਦੇ ਦੌਰਾਨ ਧਰਤੀ ਉੱਤੇ ਮੌਜੂਦ ਹੈ। ਇਸ ਗੱਲ ਦੀ ਵੀ ਓਨੀ ਹੀ ਸੰਭਾਵਨਾ ਹੈ ਕਿ ਜੀਵਨ ਦਾ ਰੁੱਖ ਸਦੀਪਕ ਸਵਰਗ ਵਿੱਚ ਰਹਿਣ ਵਾਲਿਆਂ ਦੇ ਜੀਵਨ ਨੂੰ ਸੁਰੱਖਿਅਤ ਰੱਖਦਾ ਹੈ।

ਇਸੇ ਤਰ੍ਹਾਂ, ਸ਼ਬਦ "ਕੌਮਾਂ" ਦਾ ਆਮ ਅਰਥ ਨਸਲੀ ਸਮੂਹ ਹੈ। ਇਹ ਜ਼ਰੂਰੀ ਨਹੀਂ ਹੈ ਕਿ ਇਹ ਸ਼ਬਦ ਇੱਕ ਅਜਿਹੇ ਪੂਰੇ ਰਾਜ ਦੇ ਸਰਕਾਰੀ ਢਾਂਚੇ ਦਾ ਜ਼ਿਕਰ ਕਰ ਰਿਹਾ ਹੈ ਜਿਸ ਨੂੰ ਬੁਰਾਈ ਨੂੰ ਰੋਕਣ ਦੇ ਲਈ ਤਿਆਰ ਕੀਤਾ ਗਿਆ ਹੈ। ਸਦੀਪਕ ਕਾਲ ਵਿੱਚ ਨਸਲੀ ਸਮੂਹ ਹੋਣਗੇ। ਇੱਕ ਸਪੱਸ਼ਟ ਰੂਪ ਵਿੱਚ, ਸਵਰਗ ਵਿੱਚ ਕੁਝ ਨਸਲੀ ਸਮੂਹਾਂ ਕੋਲ ਜ਼ਿਆਦਾ ਉੱਚੇ ਅਧਿਕਾਰ ਵਾਲੇ ਅਹੁਦੇ ਹੋਣਗੇ ਅਤੇ ਉਹਨਾਂ ਨੂੰ "ਰਾਜੇ" ਕਿਹਾ ਜਾ ਸਕਦਾ ਹੈ।

ਪ੍ਰਕਾਸ਼ ਦੀ ਪੋਥੀ ਅਧਿਆਇ 21-22 ਵਿੱਚ ਅਜਿਹੇ ਬਹੁਤ ਸਾਰੇ ਵੇਰਵੇ ਹਨ ਜੋ ਨਵੇਂ ਯਰੂਸ਼ਲਮ ਦੇ ਲਈ ਇੱਕ ਹਜ਼ਾਰ ਸਾਲ ਦੇ ਸੰਦਰਭ ਨੂੰ ਨਕਾਰਦੇ ਹਨ। ਲਗਭਗ ਸਾਰੇ ਲੋਕ ਪ੍ਰਕਾਸ਼ 21:1-8 ਦੇ ਸ਼ਹਿਰ ਨੂੰ ਸਦੀਪਕ ਰਾਜ ਦਾ ਸ਼ਹਿਰ ਮੰਨਦੇ ਹਨ। ਇਸ ਲਈ, ਇੱਕ ਵਿਅਕਤੀ ਨੂੰ ਪ੍ਰਕਾਸ਼ 21:9ff ਨੂੰ ਹਜ਼ਾਰ ਸਾਲ ਦੇ ਰਾਜ ਦੇ ਸਮੇਂ ਵਿੱਚ ਬਣਾਉਣ ਦੇ ਲਈ ਸਭ ਤੋਂ ਮਜ਼ਬੂਤ ਅਤੇ ਸਪੱਸ਼ਟ ਸਬੂਤ ਦੀ ਮੰਗ ਕਰਨੀ ਚਾਹੀਦੀ ਹੈ।

ਪ੍ਰਕਾਸ਼ 21:1 ਇੱਕ ਅਜਿਹੀ ਨਵੀਂ ਧਰਤੀ ਦੀ ਗੱਲ ਕਰਦਾ ਹੈ ਜਿਸ ਵਿੱਚ ਕੋਈ ਸਮੁੰਦਰ ਨਹੀਂ ਹੈ (ਦੇਖੋ, ਪ੍ਰਕਾਸ਼ 20:11)। ਫਿਰ ਵੀ, ਕਈ ਆਇਤਾਂ ਇਹ ਸਿਖਾਉਂਦੀਆਂ ਹਨ ਕਿ ਮਸੀਹ ਹਜ਼ਾਰ ਸਾਲ ਦੇ ਰਾਜ

ਵਿੱਚ "ਸਮੁੰਦਰ ਤੋਂ ਸਮੁੰਦਰ" ਤੱਕ ਰਾਜ ਕਰਨਗੇ (ਦੇਖੋ, ਜ਼ਬੂਰ 72:8; ਜ਼ਕਰ 9:10)। ਪ੍ਰਕਾਸ਼ 21:4 ਇੱਕ ਅਜਿਹੇ ਸ਼ਹਿਰ ਦਾ ਵਰਣਨ ਕਰਦਾ ਹੈ ਜਿਸ ਵਿੱਚ ਕੋਈ ਦੁੱਖ, ਦਰਦ, ਅਤੇ ਮੌਤ ਨਹੀਂ ਹੋਵੇਗੀ। ਹਾਲਾਂਕਿ, ਹਜ਼ਾਰ ਸਾਲ ਦੇ ਰਾਜ ਵਿੱਚ ਉਮਰ ਵੱਧ ਜਾਵੇਗੀ, ਫਿਰ ਵੀ ਮੌਤ ਮੌਜੂਦ ਹੋਵੇਗੀ (ਦੇਖੋ, ਯਸਾ 11:4; 65:20; ਯਿਰ 31:29-30)। ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਸਾਰੇ ਲੋਕ ਪ੍ਰਕਾਸ਼ 21:1-8 ਨੂੰ ਉਸ ਸਵਰਗੀ ਸਥਾਨ ਦੇ ਨਾਲ ਹੀ ਜੋੜਦੇ ਹਨ ਜੋ ਸਦੀਪਕ ਅਵਸਥਾ ਵਿੱਚ ਹੈ। ਜਿਵੇਂ-ਜਿਵੇਂ ਵਚਨ ਅੱਗੇ ਵੱਧਦਾ ਹੈ, ਤਾਂ ਇਸ ਵਿਚਾਰ ਦੇ ਬਦਲਣ ਦਾ ਕੋਈ ਕਾਰਨ ਦਿਖਾਈ ਨਹੀਂ ਦਿੰਦਾ ਹੈ।

ਪ੍ਰਕਾਸ਼ 21:2 ਅਤੇ 10 ਦੇ ਵੇਰਵੇ ਇੱਕੋ-ਜਿਹੇ ਹਨ ਅਤੇ ਇਹ ਦੱਸਦਾ ਹਨ ਕਿ ਆਇਤ 9 ਹਜ਼ਾਰ ਸਾਲ ਦੇ ਰਾਜ ਦੇ ਸਮੇਂ ਦੀ ਗੱਲ ਨਹੀਂ ਕਰਦੀ ਹੈ। ਨਵੇਂ ਯਰੂਸ਼ਲਮ ਦੇ ਆਕਾਰ ਦੇ ਕਾਰਨ ਵੀ ਇਸ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਰੱਖਣਾ ਮੁਸ਼ਕਲ ਹੋ ਜਾਂਦਾ ਹੈ। ਇਹ ਸ਼ਹਿਰ ਲਗਭਗ 19,06,300 ਵਰਗ ਮੀਲ ਵਿੱਚ ਫੈਲਿਆ ਹੋਇਆ ਹੈ (ਦੇਖੋ, ਪ੍ਰਕਾਸ਼ 21:16)। ਇਹ ਇੱਕਲਾ ਸ਼ਹਿਰ ਟੈਕਸਾਸ ਦੇ ਆਕਾਰ ਤੋਂ ਸੱਤ ਤੋਂ ਅੱਠ ਗੁਣਾ ਵੱਡਾ ਹੈ। ਇਸ ਦੇ ਮੌਜੂਦਾ ਯਰੁਸ਼ਲਮ ਉੱਤੇ ਉਤਰਨ ਦੀ ਕਲਪਨਾ ਕਰਨਾ ਮੁਸ਼ਕਲ ਹੈ।

ਪ੍ਰਕਾਸ਼ 21:22 ਦੱਸਦਾ ਹੈ ਕਿ ਨਵੇਂ ਯਰੂਸ਼ਲਮ ਵਿੱਚ ਕੋਈ ਹੈਕਲ ਨਹੀਂ ਹੋਵੇਗੀ। ਪਰ, ਇਹ ਸਪੱਸ਼ਟ ਹੈ ਕਿ ਹਜ਼ਾਰ ਸਾਲ ਦੇ ਰਾਜ ਵਿੱਚ ਇੱਕ ਹੈਕਲ ਹੋਵੇਗੀ (ਹਿਜ਼ਕੀਏਲ ਦੇ ਅਧਿਆਇ 40-48 ਦੇਖੋ)।

ਹਾਲਾਂਕਿ, ਸਵਰਗੀ ਸ਼ਹਿਰ ਵਿੱਚ ਕੋਈ ਸੂਰਜ ਜਾਂ ਚੰਨ ਨਹੀਂ ਹੋਵੇਗਾ (ਪ੍ਰਕਾਸ਼ 21:23), ਪਰ ਹਜ਼ਾਰ ਸਾਲ ਦੇ ਰਾਜ ਵਿੱਚ ਲੋਕ ਸੂਰਜ ਦੇ ਚੜ੍ਹਦੇ ਤੋਂ ਲਹਿੰਦੇ ਤੱਕ ਮਸੀਹ ਦੀ ਉਸਤਤ ਕਰਨਗੇ (ਦੇਖੋ, ਮਲਾਕੀ 1:11)। ਸਵਰਗੀ ਸ਼ਹਿਰ ਵਿੱਚ ਕੋਈ ਵੀ ਅਵਿਸ਼ਵਾਸੀ ਦਾਖਲ ਨਹੀਂ ਹੋ ਪਾਵੇਗਾ (ਦੇਖੋ, ਪ੍ਰਕਾਸ਼ 21:27), ਪਰ ਹਜ਼ਾਰ ਸਾਲ ਦੇ ਰਾਜ ਦੌਰਾਨ ਪੈਦਾ ਹੋਏ ਕੁਝ ਲੋਕ ਮਸੀਹ ਨੂੰ ਸਵੀਕਾਰ ਨਹੀਂ ਕਰਨਗੇ (ਪ੍ਰਕਾਸ਼ 20:7-9)। ਹਾਲਾਂਕਿ ਅਸੀਂ ਇੱਕ ਅਜਿਹੇ ਸ਼ਹਿਰ ਦੀ ਕਲਪਨਾ ਕਰ ਸਕਦੇ ਹਾਂ ਜਿਸ ਵਿੱਚ ਹਜ਼ਾਰ ਸਾਲ ਦੇ ਰਾਜ ਦੇ ਅਵਿਸ਼ਵਾਸੀਆਂ ਦਾ ਦਾਖਲ ਹੋਣਾ ਵਰਜਿਤ ਹੋ ਸਕਦਾ ਹੈ, ਪਰ ਪ੍ਰਕਾਸ਼ ਦੀ ਪੋਥੀ ਦੇ ਪੂਰੇ ਅਧਿਆਇ 21 ਨੂੰ ਸਦੀਪਕ ਅਵਸਥਾ ਵਿੱਚ ਰੱਖਣਾ ਹੀ ਬਿਹਤਰ ਹੈ।

### (3) ਸਿੱਟਾ

ਜੇਕਰ ਕਿਸੇ ਨੂੰ ਯੂਹੰਨਾ ਦੁਆਰਾ ਨਵੇਂ ਯਰੂਸ਼ਲਮ ਦੇ ਬਿਆਨ ਨੂੰ ਹਜ਼ਾਰ ਸਾਲ ਦੇ ਰਾਜ ਜਾਂ ਸਦੀਪਕ ਰਾਜ ਦੇ ਸਮੇਂ ਵਿੱਚ ਰੱਖਣ ਦੇ ਵਿਚਕਾਰ ਚੋਣ ਕਰਨੀ ਪਵੇ, ਤਾਂ ਸਾਰੇ ਸਬੂਤ ਉਸ ਦੇ ਸਦੀਪਕ ਰਾਜ ਵਿੱਚ ਹੋਣ ਦੇ ਹੀ ਪੱਖ ਵਿੱਚ ਹਨ। ਪ੍ਰਕਾਸ਼ ਦੀ ਪੋਥੀ 21 ਵਿੱਚ ਦਿੱਤੇ ਗਏ ਬਹੁਤ ਸਾਰੇ ਵੇਰਵੇ ਸਦੀਪਕ ਰਾਜ ਦੇ **ਹੋਣੇ ਚਾਹੀਦੇ** ਹਨ। ਸਾਰੇ ਬਿਆਨ ਇੱਕ ਸਦੀਪਕ ਸਮੇਂ ਦੇ ਹੀ ਅਨੁਕੂਲ ਹਨ ਜਿਸ ਵਿੱਚ ਕੌਮ ਦੀ ਮੌਜੂਦਗੀ ਅਤੇ ਜੀਵਨ ਦਾ ਉਹ ਰੁੱਖ ਵੀ ਸ਼ਾਮਲ ਹੈ ਜੋ "ਚੰਗਾਈ" ਦਿੰਦਾ ਹੈ। ਇੱਕ ਤੀਜਾ ਵਿਚਾਰ ਸਵਰਗੀ ਸ਼ਹਿਰ ਨੂੰ ਇਸ ਤਰ੍ਹਾਂ ਦੇਖਦਾ ਹੈ ਕਿ ਇਹ ਹਜ਼ਾਰ ਸਾਲ ਦੇ ਰਾਜ ਅਤੇ ਸਦੀਪਕ ਰਾਜ ਦੋਵਾਂ ਵਿੱਚ ਇੱਕ ਭੂਮਿਕਾ ਨਿਭਾਉਂਦਾ ਹੈ। ਇਹ ਵਿਚਾਰ ਪੂਰੀ ਤਰ੍ਹਾਂ ਪ੍ਰਕਾਸ਼ ਦੀ ਪੋਥੀ ਅਧਿਆਇ 21-22 ਦੀ ਵਿਆਖਿਆ ਦੇ ਉਲਟ ਤਰਕ ਅਤੇ ਕਲਪਨਾ ਉੱਤੇ ਆਧਾਰਿਤ ਹੈ, ਪਰ ਇਸ ਨੂੰ ਵੀ ਇਸ ਅਧਿਐਨ ਵਿੱਚ ਸ਼ਾਮਲ ਕਰ ਲੈਣਾ ਚਾਹੀਦਾ ਹੈ।

### (4) ਉਪਗ੍ਰਿਹ ਵਿਚਾਰ

ਜੇਕਰ ਕਿਸੇ ਨੂੰ ਅਜਿਹਾ ਲੱਗਦਾ ਹੈ ਕਿ ਚੰਗਾਈ ਦੇਣ ਵਾਲਾ ਰੁੱਖ ਅਤੇ ਰਾਜਿਆਂ/ਕੌਮਾਂ ਦੀ ਹੋਂਦ ਇਹ ਮੰਗ ਕਰਦੀ ਹੈ ਕਿ ਨਵੇਂ ਯਰੂਸ਼ਲਮ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਹੋਣਾ ਚਾਹੀਦਾ ਹੈ, ਤਾਂ ਉਹ ਉਪਗ੍ਰਹਿ ਵਿਹਾਰ ਨੂੰ ਸਵੀਕਾਰ ਕਰ ਸਕਦਾ ਹੈ। ਪਰ, ਇਸ ਵਿਚਾਰ ਦਾ ਮੁੱਖ ਉਦੇਸ਼ ਇਹ ਹੈ ਕਿ ਇਹ ਕਲੀਸਿਯਾ ਨੂੰ ਹਜ਼ਾਰ ਸਾਲ ਦੇ ਰਾਜ ਦੌਰਾਨ ਆਪਣੇ "ਸਵਰਗੀ ਸਥਾਨਾਂ" ਵਿੱਚ ਰਹਿਣ ਦੀ ਆਗਿਆ ਦਿੰਦਾ ਹੈ।

ਪ੍ਰਭੂ ਨੇ ਵਿਸ਼ਵਾਸੀਆਂ ਦੇ ਲਈ ਜਗ੍ਹਾ ਤਿਆਰ ਕਰਨ ਦਾ ਵਾਅਦਾ ਕੀਤਾ ਸੀ (ਯੂਹੰਨਾ 14:2-3)। ਕਿਉਂਕਿ ਨਵਾਂ ਯਰੂਸ਼ਲਮ ਕਲੀਸਿਯਾ ਦੇ ਰਹਿਣ ਦੀ ਸਦੀਪਕ ਜਗ੍ਹਾ ਹੈ (ਦੇਖੋ, ਪ੍ਰਕਾਸ਼ 21:9; 22:5), ਇਸ ਲਈ ਇਹ ਉਹ ਜਗ੍ਹਾ ਹੋਣੀ ਚਾਹੀਦੀ ਹੈ ਜਿਹੜੀ ਮਸੀਹ ਨੇ ਕਲੀਸਿਯਾ ਦੇ ਲਈ ਤਿਆਰ ਕੀਤੀ ਹੈ। ਰੈਪਚਰ ਤੋਂ ਬਾਅਦ, ਮਸੀਹ ਕਲੀਸਿਯਾ ਨੂੰ ਆਪਣੇ ਸਵਰਗੀ ਸ਼ਹਿਰ ਵਿੱਚ ਲੈ ਜਾਂਦੇ ਹਨ। ਤਾਂ ਕੀ ਕਲੀਸਿਯਾ ਦੇ ਲੋਕਾਂ ਨੂੰ ਆਪਣੇ ਸਦੀਪਕ ਸਥਾਨ ਨੂੰ ਛੱਡ ਕੇ ਇੱਕ ਹਜ਼ਾਰ ਸਾਲ ਦੇ ਲਈ ਧਰਤੀ ਉੱਤੇ ਜਾ ਕੇ ਰਹਿਣ ਦੇ ਲਈ ਮਜਬੂਰ ਕੀਤਾ ਜਾਵੇਗਾ? ਕੀ ਵਿਸ਼ਵਾਸੀ ਸਵਰਗ ਛੱਡ ਕੇ ਫਿਰ ਤੋਂ ਧਰਤੀ ਉੱਤੇ ਰਹਿਣਗੇ? ਹਾਲਾਂਕਿ ਇਹ ਸੰਭਵ ਨਹੀਂ ਹੋ ਸਕਦਾ ਹੈ, ਪਰ ਅਜਿਹੀ ਤਬਦੀਲੀ ਬਰਕਤ ਦੇ ਪੱਧਰ ਦਾ ਨੀਵਾਂ ਹੋ ਜਾਣਾ ਹੋਵੇਗੀ। ਸਵਰਗੀ ਸ਼ਹਿਰ ਦੇ ਉਪਗ੍ਰਹਿ ਵਿਚਾਰ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ ਹੈ, ਪਰ ਇਹ ਵਿਚਾਰ ਕਲੀਸਿਯਾ ਨੂੰ ਆਪਣੇ ਸਦੀਪਕ ਸਥਾਨ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ।

ਕੁਝ ਲੋਕ ਮੰਨਦੇ ਹਨ ਕਿ ਪ੍ਰਕਾਸ਼ ਦੀ ਪੋਥੀ 21-22 ਦਾ ਸ਼ਹਿਰ ਸੱਚਮੁੱਚ ਸਦੀਪਕ ਸ਼ਹਿਰ ਹੀ ਹੈ। ਕਿਉਂਕਿ ਪ੍ਰਕਾਸ਼ 21-22 ਇਸ ਸ਼ਹਿਰ ਦੇ ਉਤਰਨ ਨੂੰ ਹਜ਼ਾਰ ਸਾਲ ਦੇ ਰਾਜ ਵਿੱਚ ਨਹੀਂ ਪਰ ਨਵੀਂ ਧਰਤੀ ਉੱਤੇ ਉਤਰਨ ਦੇ ਰੂਪ ਵਿੱਚ ਦਰਸਾਉਂਦਾ ਹੈ, ਇਸ ਲਈ ਇਹ ਹੋ ਸਕਦਾ ਹੈ ਕਿ ਸਵਰਗੀ ਰਾਜ ਦੀ ਵੀ ਹਜ਼ਾਰ ਸਾਲ ਦੇ ਰਾਜ ਵਿੱਚ ਇੱਕ ਭੂਮਿਕਾ ਹੋਵੇਗੀ। "ਉਪਗ੍ਰਹਿ" ਵਿਚਾਰ ਇਹ ਕਲਪਨਾ ਕਰਦਾ ਹੈ ਕਿ ਰਾਜ ਦੀ ਸ਼ੁਰੂਆਤ ਵਿੱਚ ਸਵਰਗੀ ਸ਼ਹਿਰ ਧਰਤੀ ਵੱਲ (ਪਰ ਧਰਤੀ ਉੱਤੇ ਨਹੀਂ) ਉਤਰੇਗਾ। ਇਹ ਧਰਤੀ ਦੇ ਘੇਰੇ ਵਿੱਚ ਇੱਕ ਉਪਗ੍ਰਹਿ ਦੇ ਰੂਪ ਵਿੱਚ ਘੁੰਮੇਗਾ ਜਿਸ ਵਿੱਚ ਮਹਿਮਾਮਈ ਮਸੀਹੀ ਲੋਕ ਨਿਵਾਸ ਕਰਨਗੇ। ਇਸ ਤਰ੍ਹਾਂ, ਮਸੀਹੀ ਲੋਕਾਂ ਨੂੰ ਧਰਤੀ ਉੱਤੇ ਰਹਿਣ ਦੇ ਲਈ ਆਪਣੇ ਸਵਰਗੀ

ਨਿਵਾਸ ਨੂੰ ਛੱਡਣ ਦੀ ਜ਼ਰੂਰਤ ਨਹੀਂ ਪਵੇਗੀ।

ਇਸ ਵਿਚਾਰ ਦੇ ਅਨੁਸਾਰ, ਹਜ਼ਾਰ ਸਾਲ ਦੇ ਰਾਜ ਦੀਆਂ ਕੌਮਾਂ ਦੇ ਲੋਕ ਸ਼ਾਬਦਿਕ ਤੌਰ ਤੇ ਨਵੇਂ ਯਰੂਸ਼ਲਮ ਦੇ ਚਾਨਣ ਵਿੱਚ ਚੱਲ ਸਕਣਗੀਆਂ (ਪ੍ਰਕਾਸ਼ 21:24,26) ਅਤੇ ਜੀਵਨ ਦੇ ਰੁੱਖ ਤੋਂ ਚੰਗਾਈ ਪ੍ਰਾਪਤ ਕਰ ਸਕਣਗੀਆਂ (ਪ੍ਰਕਾਸ਼ ਚੰਗਾ ਕਰੋ (ਪ੍ਰਕਾਸ਼. 22:2)। ਫਿਰ ਮੌਜੂਦਾ ਧਰਤੀ ਦੇ ਵਿਨਾਸ਼ ਦੇ ਲਈ ਸ਼ਹਿਰ ਨੂੰ ਉੱਪਰ ਉਠਾਇਆ ਜਾਵੇਗਾ, ਅਤੇ ਬਾਅਦ ਵਿੱਚ ਨਵੀਂ ਧਰਤੀ ਉੱਤੇ ਵੱਸਣ ਦੇ ਲਈ ਹੇਠਾਂ ਉਤਾਰਿਆ ਜਾਵੇਗਾ (ਪ੍ਰਕਾਸ਼ 21:1-8)।

ਨਵੇਂ ਯਰੂਸ਼ਲਮ ਦਾ ਉਪਗ੍ਰਹਿ ਵਿਚਾਰ ਸਿਰਫ਼ ਇੱਕ ਸਿਧਾਂਤ ਹੈ ਜਿਸ ਬਾਰੇ ਬਾਈਬਲ ਵਿੱਚੋਂ ਕੋਈ ਸਿੱਧਾ ਅਤੇ ਸਪੱਸ਼ਟ ਸਮਰਥਨ ਨਹੀਂ ਮਿਲਦਾ ਹੈ। ਪਰ ਇਸ ਤੋਂ ਇਹ ਸਮਝ ਆ ਜਾਂਦਾ ਹੈ ਕਿ ਕਲੀਸਿਯਾ ਦੇ ਲੋਕ ਕਿਵੇਂ ਆਪਣੇ ਸਵਰਗੀ ਨਿਵਾਸ ਵਿੱਚ ਰਹਿੰਦੇ ਹੋਏ ਹਜ਼ਾਰ ਸਾਲ ਦੇ ਰਾਜ ਵਿੱਚ ਕੰਮ ਕਰਨ ਸਕਣਗੇ। ਇਹ ਪ੍ਰਕਾਸ਼ 22:2 ਦੀ "ਚੰਗਾਈ" ਨੂੰ ਇੱਕ ਇਲਾਜ ਦੇ ਰੂਪ ਵਿੱਚ ਲੈਣ ਦੀ ਆਗਿਆ ਦਿੰਦਾ ਹੈ।

ਨਵੇਂ ਯਰੂਸ਼ਲਮ ਦੀ ਹਜ਼ਾਰ ਸਾਲ ਦੇ ਰਾਜ ਵਿੱਚ ਜੋ ਵੀ ਭੂਮਿਕਾ ਹੈ (ਜਾਂ ਨਹੀਂ ਹੈ), ਇਹ ਫਿਰ ਵੀ ਇੱਕ ਸਦੀਪਕ ਸ਼ਹਿਰ ਹੈ। ਇਸ ਅਧਿਐਨ ਦਾ ਬਾਕੀ ਹਿੱਸਾ ਨਵੇਂ ਯਰੂਸ਼ਲਮ ਉੱਤੇ ਇਸ ਦ੍ਰਿਸ਼ਟੀਕੋਣ ਨਾਲ ਧਿਆਨ ਦੇਵੇਗਾ ਜਿਸ ਨੂੰ ਮਸੀਹੀ ਲੋਕ "ਸਵਰਗ" ਕਹਿੰਦੇ ਹਨ।

### (5) ਸਵਰਗੀ ਸ਼ਹਿਰ ਬਾਰੇ ਹੋਰ ਵਚਨ

ਸਾਨੂੰ ਇਸ ਤੱਥ ਨੂੰ ਸਵੀਕਾਰ ਕਰਨਾ ਹੋਵੇਗਾ ਕਿ ਪ੍ਰਕਾਸ਼ ਦੀ ਪੋਥੀ 21-22 ਸਦੀਪਕ ਸ਼ਹਿਰ ਦੀ **ਸਿਰਜਣਾ ਦਾ ਨਹੀਂ ਪਰ ਪੁਨਰ-ਸਥਾਪਨ** ਦਾ ਬਿਆਨ ਦਿੰਦੇ ਹਨ। ਇਹ ਮਹਿਮਾਮਈ ਸ਼ਹਿਰ ਦੀ ਹੋਂਦ ਪਹਿਲਾਂ ਤੋਂ ਹੀ ਹੈ। ਅਜਿਹੀਆਂ ਬਹੁਤ ਸਾਰੀਆਂ ਆਇਤਾਂ ਹਨ ਜੋ ਇਸ ਸ਼ਹਿਰ ਦੀ ਹੋਂਦ ਬਾਰੇ ਸਿਖਾਉਂਦੀਆਂ ਹਨ।

> “ਮੇਰੇ ਪਿਤਾ ਦੇ ਘਰ ਵਿੱਚ ਬਹੁਤ ਰਹਿਣ ਵਾਲੀਆਂ ਥਾਵਾਂ ਹਨ। ਜੇਕਰ ਨਾ ਹੁੰਦੀਆਂ ਤਾਂ ਕੀ ਮੈਂ ਤੁਹਾਨੂੰ ਕਹਿੰਦਾ ਕਿ ਮੈਂ ਤੁਹਾਡੇ ਲਈ ਥਾਂ ਤਿਆਰ ਕਰਨ ਲਈ ਜਾ ਰਿਹਾ ਹਾਂ? ਇਸ ਲਈ ਜਦੋਂ ਮੈਂ ਜਾ ਕੇ ਤੁਹਾਡੇ ਲਈ ਥਾਂ ਤਿਆਰ ਕਰ ਲਵਾਂਗਾ ਤਾਂ ਮੈਂ ਫਿਰ ਵਾਪਸ ਆਵਾਂਗਾ ਅਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ ਤਾਂ ਜੋ ਜਿੱਥੇ ਮੈਂ ਹਾਂ ਉੱਥੇ ਤੁਸੀਂ ਵੀ ਹੋਵੋ।” [ਯੂਹੰਨਾ 14:2-3]
>
> ਪਰ ਸਵਰਗੀ ਯਰੂਸ਼ਲਮ ਆਜ਼ਾਦ ਹੈ ਅਤੇ ਉਹ ਸਾਡੀ ਮਾਂ ਹੈ [ਗਲਾਤੀ 4:26]

ਕਿਉਂਕਿ ਅਬਰਾਹਾਮ ਪੱਕੀਆਂ ਨੀਹਾਂ ਵਾਲੇ ਨਗਰ ਦੀ ਉਡੀਕ ਵਿੱਚ ਸੀ ਜਿਸ ਦੇ ਸਿਰਜਨਹਾਰ ਅਤੇ ਬਣਾਉਣ ਵਾਲੇ ਪਰਮੇਸ਼ਰ ਹਨ…ਪਰ ਉਹ ਇੱਕ ਉੱਤਮ ਦੇਸ਼ ਦੀ ਤਾਂਘ ਵਿੱਚ ਸਨ ਭਾਵ ਸਵਰਗੀ ਦੇਸ਼ ਦੀ। ਇਸੇ ਲਈ ਪਰਮੇਸ਼ਰ ਵੀ ਆਪਣੇ ਆਪ ਨੂੰ ਉਹਨਾਂ ਦੇ ਪਰਮੇਸ਼ਰ ਅਖਵਾਉਣ ਤੋਂ ਸ਼ਰਮਿੰਦਾ ਨਹੀਂ ਹੁੰਦੇ ਕਿਉਂਕਿ ਪਰਮੇਸ਼ਰ ਨੇ ਉਹਨਾਂ ਦੇ ਲਈ ਇੱਕ ਨਗਰ ਤਿਆਰ ਕੀਤਾ ਹੋਇਆ ਹੈ [ਇਬ 11:10,16][93]

### (6) ਨਵੇਂ ਯਰੂਸ਼ਲਮ ਦੇ ਵੇਰਵੇ

ਪ੍ਰਕਾਸ਼ ਦੀ ਪੋਥੀ 21:9b ਦੀ ਗ਼ਲਤ ਵਿਆਖਿਆ ਨੇ ਕੁਝ ਲੋਕਾਂ ਨੂੰ ਪ੍ਰਕਾਸ਼ ਦੀ ਪੋਥੀ 21 ਨੂੰ ਅਜਿਹੇ ਚਿੱਤਰ ਦੇ ਰੂਪ ਵਿੱਚ ਦੇਖਣ ਵਾਲੇ ਬਣਾ ਦਿੱਤਾ ਹੈ ਜੋ ਕਲੀਸਿਯਾ ਦੀ ਮਹਿਮਾ ਦਾ ਵਰਣਨ ਕਰਦਾ ਹੈ।

> “...ਆ, ਮੈਂ ਤੈਨੂੰ ਲਾੜੀ ਜਿਹੜੀ ਲੇਲੇ ਦੀ ਪਤਨੀ ਹੈ ਦਿਖਾਵਾਂ” [ਪ੍ਰਕਾਸ਼ 21:9b]

ਮਨੁੱਖੀ ਭਾਸ਼ਾ ਦੁਆਰਾ ਕਿਸੇ ਸ਼ਹਿਰ ਦਾ ਇਸ ਤੋਂ ਸਪੱਸ਼ਟ ਬਿਆਨ ਨਹੀਂ ਹੋ ਸਕਦਾ ਹੈ ਜਿਸ ਵਿੱਚ ਯੂਹੰਨਾ ਉਸ ਦਾ ਪੂਰਾ-ਪੂਰਾ ਆਕਾਰ ਦੱਸਦਾ ਹੈ (ਆਇਤ 16)। ਉਹ ਉਸ ਦੀਆਂ ਕੰਧਾਂ, ਦਰਵਾਜ਼ਿਆਂ, ਨੀਂਹਾਂ, ਸੜਕਾਂ ਆਦਿ ਦਾ ਵਰਣਨ ਕਰਦਾ ਹੈ (ਦੇਖੋ, ਆਇਤ 11ff )। ਇਸ ਸ਼ਹਿਰ ਨੂੰ ਦੇਖਣ ਦੁਆਰਾ ਕਲੀਸਿਯਾ ਦੇ ਭਵਿੱਖ ਦੇ ਸਦੀਪਕ ਸਥਾਨ ਅਤੇ ਸਦੀਪਕ ਮਹਿਮਾ ਨੂੰ ਦੇਖਣਾ ਹੈ। ਇਸ ਸਵਰਗੀ ਸ਼ਹਿਰ ਦਾ ਦ੍ਰਿਸ਼ ਕਲੀਸਿਯਾ ਦਾ ਦ੍ਰਿਸ਼ ਹੈ, ਜਿੱਥੇ ਕਲੀਸਿਯਾ ਅੰਤ ਵਿੱਚ ਹੋਵੇਗੀ। ਅਸਲ ਵਿੱਚ, ਸਵਰਗਦੂਤ ਯੂਹੰਨਾ ਨੂੰ ਇਹ ਕਹਿ ਰਿਹਾ ਸੀ, "ਆ, ਮੈਂ ਤੈਨੂੰ ਕਲੀਸਿਯਾ ਦੇ ਸਦੀਪਕ ਭਵਿੱਖ ਨੂੰ ਦਿਖਾਵਾਂ।" ਕਲੀਸਿਯਾ ਦੇ ਭਵਿੱਖ ਨੂੰ ਪ੍ਰਗਟ ਕਰਨ ਦੇ ਉਸ ਦੇ ਤਰੀਕੇ ਵਿੱਚ ਯੂਹੰਨਾ ਨੂੰ ਕਲੀਸਿਯਾ ਦੇ ਸਦੀਪਕ ਨਿਵਾਸ ਦੀ ਇੱਕ ਝਲਕ ਦਿਖਾਉਣਾ ਸ਼ਾਮਲ ਸੀ। ਇਸ ਅਸਲੀ ਸ਼ਹਿਰ ਨੂੰ ਦੇਖਣ ਦੁਆਰਾ ਯੂਹੰਨਾ ਨੂੰ ਕਲੀਸਿਯਾ ਦਾ ਭਵਿੱਖ ਨਜ਼ਰ ਆਇਆ ਸੀ, ਕਿਉਂਕਿ ਨਵਾਂ ਯਰੂਸ਼ਲਮ ਕਲੀਸਿਯਾ ਦਾ ਸਦੀਪਕ ਨਿਵਾਸ ਸਥਾਨ ਹੋਵੇਗਾ।

#### (a) ਆਕਾਰ

ਪ੍ਰਕਾਸ਼ 21:16 ਨਵੇਂ ਯਰੂਸ਼ਲਮ ਦੀ "ਸ਼ਹਿਰ-ਸੀਮਾ" ਦਰਸਾਉਂਦਾ ਹੈ।

> ਉਹ ਸ਼ਹਿਰ ਚੌਰਸ ਸੀ, ਉਸ ਦੀ ਲੰਬਾਈ ਅਤੇ ਚੌੜਾਈ ਇੱਕੋ ਜਿਹੀ ਸੀ। ਉਸ ਸਵਰਗਦੂਤ ਨੇ ਉਸ ਸ਼ਹਿਰ ਨੂੰ ਆਪਣੇ ਕਾਨੇ ਦੇ ਨਾਲ ਮਾਪਿਆ ਤਾਂ ਉਹ ਚੌਵੀ ਸੌ ਕਿਲੋਮੀਟਰ ਨਿਕਲਿਆ। ਉਸ ਦੀ ਚੌੜਾਈ, ਲੰਬਾਈ ਅਤੇ ਉਚਾਈ ਬਰਾਬਰ ਸਨ [ਪ੍ਰਕਾਸ਼ 21:16]

ਯੂਨਾਨੀ ਵਾਕ ਹੈ: “12,000 ਸਟਾਡੀਆ।” ਇੱਕ ਪ੍ਰਮੁੱਖ ਬਾਈਬਲ ਸ਼ਬਦਕੋਸ਼ ਦੇ ਅਨੁਸਾਰ, ਇੱਕ ਸਟਾਡੀਆ ਦੀ ਲੰਬਾਈ 607 ½ ਫੁੱਟ ਹੁੰਦੀ ਹੈ।[94] ਇਸ ਤਰ੍ਹਾਂ, ਸ਼ਹਿਰ ਦੀ ਚੌੜਾਈ, ਲੰਬਾਈ, ਅਤੇ ਉਚਾਈ ਚੌਵੀ ਸੌ ਕਿਲੋਮੀਟਰ ਸੀ। ਇਸ ਸ਼ਹਿਰ ਦਾ ਆਕਾਰ ਇੱਕ ਘਣ ਜਾਂ

[93] ਇਬ 13:14 ਅਤੇ ਪ੍ਰਕਾਸ਼ 3:12 ਵੀ ਦੇਖੋ

ਪਿਰਾਮਿਡ ਹੋ ਸਕਦਾ ਹੈ।[95] ਕੀ ਸ਼ਹਿਰ ਦੇ ਉਪਰ ਵੱਲ ਵੱਧਣਾ ਇਸ ਦੇ ਰਿਹਾਇਸ਼ੀ ਸਥਾਨਾਂ ਦੇ ਪੱਧਰ ਨੂੰ ਦਰਸਾਉਂਦਾ ਹੈ?

### (b) ਉਸਾਰੀ

ਨਵੇਂ ਯਰੂਸ਼ਲਮ ਦੀਆਂ ਕੰਧਾਂ ਪੁਖਰਾਜ ਦੀਆਂ ਬਣੀਆਂ ਹੋਈਆਂ ਹਨ ਜੋ ਹੀਰੇ ਵਰਗੀਆਂ ਦਿਖਾਈ ਦਿੰਦੀਆਂ ਹਨ (ਦੇਖੋ, ਆਇਤ 11, ਪੁਖਰਾਜ ਵਾਂਗ ਸਾਫ਼)। ਇਹ ਕੰਧਾਂ ਸੱਠ ਮੀਟਰ ਉੱਚੀਆਂ (ਜਾਂ ਮੋਟੀਆਂ) ਸਨ (ਦੇਖੋ, ਪ੍ਰਕਾਸ਼ 21:17-18)। ਸ਼ਹਿਰ ਸ਼ੀਸ਼ੇ ਵਰਗੇ ਸਾਫ਼ ਸ਼ੁੱਧ ਸੋਨੇ ਦਾ ਹੈ (ਪ੍ਰਕਾਸ਼ 21:18)। ਇਸ ਦਾ ਅਰਥ ਹੈ ਕਿ ਸ਼ਹਿਰ ਸ਼ਾਇਦ ਕਿਸੇ ਅਜਿਹੀ ਸਮੱਗਰੀ ਨਾਲ ਬਣਿਆ ਹੋਇਆ ਜੋ ਸਾਫ਼ ਸ਼ੁੱਧ ਸੋਨੇ ਵਰਗੀ ਹੈ (ਇਸ ਨਾਲ ਵਿਸ਼ਵਾਸੀਆਂ ਦੇ ਘਰ ਵੀ ਬਣੇ ਹੋਏ ਹਨ)। ਇਹ ਸੁਨਹਿਰੀ ਰੰਗ ਦਾ ਹੈ ਪਰ ਇਹ ਪਾਰਦਰਸ਼ੀ ਹੈ। ਆਇਤ 21 ਦੱਸਦੀ ਹੈ ਕਿ ਸ਼ਹਿਰ ਦੀਆਂ ਸੜਕਾਂ ਵੀ ਇਸੇ ਸਮੱਗਰੀ ਦੀਆਂ ਬਣੀਆਂ ਹਨ ("ਸ਼ਹਿਰ ਦੀ ਸੜਕ ਸ਼ੁੱਧ ਸੋਨੇ ਦੀ ਬਣੀ ਹੋਈ ਸੀ ਜਿਹੜੀ ਉਸ ਸਾਫ਼ ਸ਼ੀਸ਼ੇ ਵਾਂਗ ਸੀ")। ਸੜਕ ਦੇ ਇੱਕਵਚਨ ਹਵਾਲੇ ਦਾ ਬਹੁਵਚਨ ਅਰਥ ਵੀ ਹੋ ਸਕਦਾ ਹੈ। ਇੰਨੇ ਵੱਡੇ ਸ਼ਹਿਰ ਵਿੱਚ ਇੱਕ ਤੋਂ ਜ਼ਿਆਦਾ ਸੜਕਾਂ ਹੋਣੀਆਂ ਚਾਹੀਦੀਆਂ ਹਨ।

ਯੂਹੰਨਾ ਸ਼ਹਿਰ ਦੇ ਦਰਵਾਜ਼ਿਆਂ ਅਤੇ ਨੀਂਹਾਂ ਉੱਤੇ ਬਹੁਤ ਧਿਆਨ ਦਿੰਦਾ ਹੈ। ਨਵੇਂ ਯਰੂਸ਼ਲਮ ਦੀਆਂ ਕੰਧਾਂ ਦੇ ਅੰਦਰ ਬਾਰ੍ਹਾਂ ਦਰਵਾਜ਼ੇ ਹਨ (ਆਇਤ 12)। ਹਰੇਕ ਦਰਵਾਜ਼ੇ ਦੀ ਇੱਕ ਸਵਰਗਦੂਤ ਰਾਖੀ ਕਰ ਰਿਹਾ ਹੈ (ਆਇਤ 12), ਅਤੇ ਇਹ ਦਰਵਾਜ਼ੇ ਸਾਰੀਆਂ ਦਿਸ਼ਾਵਾਂ ਵਿੱਚ ਇੱਕ ਸਮਾਨ ਹਨ, ਜਿਸ ਵਿੱਚ ਪੂਰਵ ਵੱਲ ਤਿੰਨ ਦਰਵਾਜ਼ੇ, ਉੱਤਰ ਵਿੱਚ ਤਿੰਨ ਦਰਵਾਜ਼ੇ, ਦੱਖਣ ਵਿੱਚ ਤਿੰਨ ਦਰਵਾਜ਼ੇ, ਪੱਛਮ ਵਿੱਚ ਤਿੰਨ ਦਰਵਾਜ਼ੇ ਹਨ (ਆਇਤ 13)। ਆਇਤ 21 ਵਿੱਚ ਸਾਨੂੰ ਇਹ ਦੱਸਿਆ ਗਿਆ ਹੈ ਕਿ ਹਰੇਕ ਦਰਵਾਜ਼ਾ ਇੱਕ ਮੋਤੀ ਹੈ! ਇਹ ਇੱਕ ਮਹੱਤਵਪੂਰਣ ਗੱਲ ਹੈ ਕਿ ਇਸਰਾਏਲ ਦੇ ਬਾਰ੍ਹਾਂ ਕਬੀਲਿਆਂ ਦੇ ਨਾਂ ਦਰਵਾਜ਼ਿਆਂ ਉੱਤੇ ਲਿਖੇ ਗਏ ਹਨ (ਆਇਤ 12)। ਸਵਰਗੀ ਸ਼ਹਿਰ ਕਲੀਸਿਯਾ ਦਾ ਸਦੀਪਕ ਨਿਵਾਸ ਸਥਾਨ ਹੈ (ਆਇਤ 9), ਪਰ ਉਸ ਵਿੱਚ ਇਸਰਾਏਲ ਦਾ ਵੀ ਸਵਾਗਤ ਹੈ। ਪਰਮੇਸ਼ਰ ਨੇ ਇਸਰਾਏਲ ਦੇ ਬਾਰ੍ਹਾਂ ਕਬੀਲਿਆਂ ਨੂੰ ਤਿਆਗ ਨਹੀਂ ਦਿੱਤਾ ਹੈ। ਇਬ 11:10 ਅਤੇ 16 ਇਹ ਸਿਖਾਉਂਦੇ ਹਨ ਕਿ ਪਰਮੇਸ਼ਰ ਨੇ ਇਸ ਸ਼ਹਿਰ ਨੂੰ ਹਾਬਲ, ਹਨੋਕ, ਨੂਹ, ਅਤੇ ਅਬਰਾਹਾਮ ਦੇ ਲਈ ਵੀ ਓਨਾ ਹੀ ਤਿਆਰ ਕੀਤਾ ਹੈ ਜਿਨਾਂ ਕਲੀਸਿਯਾ ਦੇ ਲਈ ਕੀਤਾ ਹੈ (ਯੂਹੰਨਾ 14:2-3)। ਇਸ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿੰਦੇ ਹਨ (ਆਇਤ 25)। ਖੁੱਲ੍ਹੇ ਹੋਏ ਦਰਵਾਜ਼ੇ ਲਗਾਤਾਰ ਹੋਣ ਵਾਲੀ ਆਵਾਜਾਈ ਅਤੇ ਨਿਰੰਤਰ ਹੁੰਦੇ ਰਹਿਣ ਵਾਲੇ ਪਰਮੇਸ਼ਰ ਦੇ ਕੰਮ ਬਾਰੇ ਦੱਸਦੇ ਹਨ। ਇਹ ਸ਼ਹਿਰ ਕੋਈ ਮਨੋਰੰਜਨ ਦਾ ਸਥਾਨ ਨਹੀਂ ਹੈ, ਪਰ ਪਰਮੇਸ਼ਰ ਦੇ ਸੇਵਕਾਂ ਦੇ ਲਈ ਗਤੀਵਿਧੀਆਂ ਦਾ ਸਥਾਨ ਹੈ (ਦੇਖੋ, ਪ੍ਰਕਾਸ਼ 22:3)।

ਉਸ ਸ਼ਹਿਰ ਦੀ ਦੀਵਾਰ ਦੇ 12 ਨੀਂਹ ਪੱਥਰ ਸਨ ਦੇਖੋ (ਪ੍ਰਕਾਸ਼ 21:14)। ਉਹਨਾਂ ਪੱਥਰਾਂ ਉੱਤੇ ਲੇਲੇ ਦੇ ਬਾਰ੍ਹਾਂ ਰਸੂਲਾਂ ਦੇ ਨਾਂ ਲਿਖੇ ਹੋਏ ਸਨ। ਇਸ ਦਾ ਅਰਥ 12 ਵੱਡੇ ਪੱਥਰ ਹੋ ਸਕਦੇ ਹਨ। ਪਰ ਇਹ ਮੰਨਣਾ ਜ਼ਿਆਦਾ ਵਧੀਆ ਹੋਵੇਗਾ ਕਿ ਇਹ ਪੱਥਰ ਸ਼ਹਿਰ ਦੀ ਕੰਧ ਦੇ ਆਲੇ-ਦੁਆਲੇ ਫੈਲੀਆਂ ਹੋਈਆਂ 12 ਪਰਤਾਂ ਹਨ (ਦੇਖੋ, ਆਇਤ 19)। ਹਰੇਕ ਪਰਤ ਦੇ ਪੱਥਰ ਉੱਤੇ ਇੱਕ ਰਸੂਲ ਦਾ ਨਾਮ ਲਿਖਿਆ ਹੈ। ਰਸੂਲ ਹੀ ਕਲੀਸਿਯਾ ਦੀ ਨੀਂਹ ਸਨ (ਅਫ਼ਸੀ 2:20)। ਸਵਰਗੀ ਸ਼ਹਿਰ ਦੀਆਂ ਨੀਂਹਾਂ ਨਾਲ ਉਹਨਾਂ ਦਾ ਜੁੜੇ ਹੋਣਾ ਇਹ ਦਰਸਾਉਂਦਾ ਹੈ ਕਿ ਇਹ ਸ਼ਹਿਰ ਕਲੀਸਿਯਾ ਦਾ ਸਦੀਪਕ ਸਥਾਨ ਹੈ। ਇਹ ਕਲੀਸਿਯਾ ਦੀ ਸਦੀਪਕ ਮਹਿਮਾ ਹੈ। ਪ੍ਰਕਾਸ਼ ਦੀ ਪੋਥੀ ਇੱਕ ਤਕਨੀਕੀ ਤੌਰ ਤੇ ਇਹ ਨਹੀਂ ਕਹਿੰਦੀ ਹੈ ਕਿ ਨੀਂਹ ਦੀਆਂ 12 ਪਰਤਾਂ ਮਜ਼ਬੂਤ ਬਹੁਮੁੱਲੇ ਪੱਥਰ ਦੀਆਂ ਬਣੀਆਂ ਹੋਈਆਂ ਹਨ। ਆਇਤ 19 ਕਹਿੰਦੀ ਹੈ ਕਿ ਇਹ ਨੀਂਹ

ਪੱਥਰ 12 ਕਿਸਮ ਦੇ ਕੀਮਤੀ ਪੱਥਰਾਂ ਨਾਲ ਸਜਾਏ ਗਏ ਸਨ। ਹਰੇਕ ਪੱਥਰ ਦੀ ਸੰਭਾਵਤ ਪਛਾਣ ਦੇ ਲਈ ਮਜ਼ਬੂਤ ਸਬੂਤ ਇੱਥੇ ਨਹੀਂ ਦਿੱਤੇ ਜਾ ਸਕਦੇ ਹਨ, ਪਰ ਇਹਨਾਂ ਦੇ ਰੰਗਾਂ ਦੇ ਬਾਰੇ ਇੱਕ ਤਰਕਪੂਰਨ ਸਿੱਟਾ ਕੱਢਿਆ ਜਾ ਸਕਦਾ ਹੈ (ਦੇਖੋ, ਪ੍ਰਕਾਸ਼ 21:19-20)।[95]

| ਨਾਮ | ਸੰਭਾਵਿਤ ਰੰਗ |
|---|---|
| ਯਸ਼ਬ | ਹਰੇ ਰੰਗ ਦਾ ਹੀਰਾ |
| ਨੀਲਮ | ਨੀਲਾ |
| ਦੂਧੀਯਾ ਅਕੀਕ | ਅਸਮਾਨੀ ਨੀਲਾ |
| ਪੰਨੇ | ਚਮਕਦਾਰ ਹਰਾ |
| ਸੁਲੇਮਾਨੀ | ਲਾਲ ਅਤੇ ਚਿੱਟਾ |
| ਲਾਲ ਅਕੀਕ | ਲਾਲ ਜਾਂ "ਸ਼ਹਿਦ ਦੇ ਰੰਗ ਵਰਗਾ" |
| ਜ਼ਬਰਜਦ | ਸਾਫ਼ ਸੁਨਹਿਰੀ |
| ਬੈਰੂਜ | ਸਮੁੰਦਰ ਵਾਂਗ ਹਰਾ |
| ਸੁਨਹਿਲੇ | ਸਾਫ਼ ਪੀਲਾ-ਹਰਾ |
| ਹਰੇ ਅਕੀਕ | ਹਰਾ |
| ਜ਼ਰਕਨ | ਫਿਰੋਜ਼ੀ |
| ਕਟਹਲੇ | ਜਾਮਣੀ |

[94] ਐਫ. ਬੀ. ਹਿਊਈ, ਜੂਨੀਅਰ., ਵੇਟਸ ਐਂਡ ਮੇਜ਼ਰਜ਼, ਦ ਜ਼ੋਂਡਰਵਨ ਪਿਕਟੋਰਿਅਲ ਐਨਸਾਇਕਲੋਪੀਡੀਆ ਆਫ਼ ਦ ਬਾਈਬਲ, 5 ਵਾਲਿਊਮਜ਼ (ਗ੍ਰੈਂਡ ਰੈਪਿਡਜ਼: ਦ ਜ਼ੋਂਡਰਵਨ ਕਾਰਪੋਰੇਸ਼ਨ, 1976), 5:915. ਇਸ ਐਂਟਰੀ ਵਿੱਚ ਇੱਕ ਸਟੇਡੀਆ ਨੂੰ 202 ½ ਗਜ ਦਰਸਾਇਆ ਗਿਆ ਹੈ, ਜੋ ਕਿ 607 ½ ਫੁੱਟ ਦੇ ਬਰਾਬਰ ਹੈ।

[95] ਜੇਕਰ ਘਣ, ਤਾਂ ਇਹ ਲਗਭਗ 2,628,000,000 ਘਣ ਮੀਲ ਹੈ!

### (c) ਨਵੇਂ ਯਰੂਸ਼ਲਮ ਦਾ ਰੂਪ

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਨਵਾਂ ਯਰੂਸ਼ਲਮ ਸ਼ਬਦਾਂ ਦੇ ਵਰਣਨ ਤੋਂ ਜ਼ਿਆਦਾ ਮਨਮੋਹਕ ਹੈ। ਪ੍ਰਕਾਸ਼ 21:2 ਵਿਆਹ ਦੇ ਦਿਨ ਲਾੜੀ ਦੇ ਸ਼ਿੰਗਾਰ ਦੇ ਬਾਰੇ ਬਹੁਤ ਹੀ ਸੁੰਦਰ ਤਸਵੀਰ ਪੇਸ਼ ਕਰਦਾ ਹੈ। ਪਰ, ਪ੍ਰਕਾਸ਼ 21:11 ਦੱਸਦਾ ਹੈ ਕਿ ਇਹ "**ਪਰਮੇਸ਼ਰ ਦੀ ਮਹਿਮਾ ਨਾਲ ਭਰਪੂਰ**" ਹੋਣਾ ਹੈ।

ਇਹ ਸ਼ਹਿਰ ਪਰਮੇਸ਼ਰ ਦੀ ਮਹਿਮਾ ਨੂੰ ਪ੍ਰਗਟ ਕਰਦਾ ਹੈ (ਆਇਤ 23)। ਇੱਕ ਅਜਿਹੇ ਪਿਰਾਮਿਡ ਜਾਂ ਘਣ ਦੀ ਕਲਪਨਾ ਕਰੋ ਜੋ ਚਾਰੇ ਪਾਸਿਓਂ 1,400 ਮੀਲ ਹੈ। ਇਸ ਦਾ ਸਮੁੱਚਾ ਰੂਪ " ਯਸ਼ਬ ਵਰਗੇ ਕੀਮਤੀ ਪੱਥਰ ਤੋਂ ਬਣੇ ਪੁਖਰਾਜ ਦੀ ਤਰ੍ਹਾਂ ਸਾਫ਼ ਹੈ" (ਆਇਤ 11)। ਇਹ 1,400 ਮੀਲ ਦੇ ਆਕਾਰ ਵਾਲਾ ਇਹ ਸ਼ਹਿਰ ਪਰਮੇਸ਼ਰ ਦੀ ਮਹਿਮਾ ਨਾਲ ਭਰਪੂਰ ਇੱਕ ਹੀਰੇ ਦੇ ਵਾਂਗ ਚਮਕਦਾ ਹੈ। ਇਸ ਲਈ, ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪੌਲੁਸ 2 ਕੁਰਿੰਥ 12:4 ਵਿੱਚ ਸਵਰਗ ਦਾ ਵਰਣਨ ਨਹੀਂ ਕਰ ਸਕਿਆ ਸੀ!

ਹਾਲਾਂਕਿ ਸ਼ਹਿਰ ਦੀ ਸਮੁੱਚੀ ਸ਼ਾਨ ਇੱਕ ਵੱਡੇ ਕੀਮਤੀ ਪੱਥਰ, ਪੁਖਰਾਜ ਵਾਂਗ ਸਾਫ਼ ਹੈ, ਪਰ ਇਸ ਦੀਆਂ ਸਾਫ਼ ਸ਼ੁੱਧ ਸੋਨੇ ਦੀਆਂ ਇਮਾਰਤਾਂ ਅਤੇ ਸੜਕਾਂ ਦੇ ਕਾਰਨ, ਇਸ ਦਾ ਰੰਗ ਸੋਨੇ ਵਰਗਾ ਵੀ ਹੋਣਾ ਚਾਹੀਦਾ ਹੈ (ਆਇਤ 18b ਅਤੇ ਆਇਤ 21)। ਇਸ ਤੋਂ ਇਲਾਵਾ, ਪਰਮੇਸ਼ਰ ਦੀ ਮਹਿਮਾ ਦੇ ਚਾਨਣ ਨਾਲ ਇਸ ਦੀ ਨੀਂਹ ਵਿੱਚ ਲੱਗੇ ਬੇਅੰਤ ਕਿਸਮਾਂ ਦੇ ਕੀਮਤੀ ਪੱਥਰਾਂ ਦਾ ਮਿਲਾਪ ਇਹ ਦਰਸਾਉਂਦਾ ਹੈ ਕਿ ਕੁਝ ਹੱਦ ਤੱਕ ਇਹ ਰੰਗਾਂ ਦੇ ਪੂਰੇ ਤਰੰਗ ਨੂੰ ਵਧਾਉਂਦਾ ਹੈ ਅਤੇ ਚਮਕਾਉਂਦਾ ਹੈ। ਸ਼ਾਇਦ ਇਹ ਸ਼ਹਿਰ ਦੂਰ ਤੋਂ ਇੱਕ ਸਾਫ਼ ਚਮਕ ਦਿੰਦਾ ਹੈ, ਪਰ ਨੇੜੇ ਤੋਂ ਦੇਖਣ ਤੇ ਇਹ ਸ਼ਾਨਦਾਰ ਅਤੇ ਵਿਸ਼ਾਲ ਰੰਗ ਰੂਪ ਦਿੰਦਾ ਹੈ। ਇਸ ਦਾ ਪੂਰਾ ਬਿਆਨ ਕਰਨ ਦੇ ਲਈ ਕੋਈ ਢੁੱਕਵੇਂ ਸ਼ਬਦ ਨਹੀਂ ਹਨ। ਇਹ ਸ਼ਹਿਰ ਕਲਪਨਾ ਦੀਆਂ ਸਾਰੀਆਂ ਹੱਦਾਂ ਤੋਂ ਜ਼ਿਆਦਾ ਸੁੰਦਰ ਹੈ, ਪਰ ਸਾਨੂੰ ਇਸ ਗੱਲ ਉੱਤੇ ਜ਼ੋਰ ਦੇਣਾ ਹੋਵੇਗਾ ਕਿ ਪਰਮੇਸ਼ਰ ਦੇ ਲੇਲੇ ਦਾ ਆਕਰਸ਼ਣ ਇਹਨਾਂ ਸਾਰੀਆਂ ਨਾਲੋਂ ਵੱਧ ਕੇ ਹੋਵੇਗਾ।

> ਹੁਣ ਉਹ ਪਰਮੇਸ਼ਰ ਜਿਹੜੇ ਆਪਣੀ ਉਸ ਸਮਰੱਥਾ ਨਾਲ ਜਿਹੜੀ ਸਾਡੇ ਵਿੱਚ ਕੰਮ ਕਰ ਰਹੀ ਹੈ ਸਾਡੇ ਮੰਗਣ ਅਤੇ ਸੋਚਣ ਤੋਂ ਵੀ ਵਧੇਰੇ ਕਰ ਸਕਦੇ ਹਨ, ਉਸੇ ਪਰਮੇਸ਼ਰ ਦੀ ਵਡਿਆਈ ਕਲੀਸਿਯਾ ਦੇ ਵਿੱਚ ਅਤੇ ਮਸੀਹ ਯਿਸੂ ਦੇ ਵਿੱਚ, ਪੀੜ੍ਹੀ ਤੋਂ ਪੀੜ੍ਹੀ ਵਿੱਚ ਅਨੰਤਕਾਲ ਤੱਕ ਹੁੰਦੀ ਰਹੇ। ਆਮੀਨ! [ਅਫ਼ਸੀ 3:20-21]

[96] ਇਹ ਚਾਰਟ ਕਈ ਸਰੋਤਾਂ ਤੋਂ ਵਿਕਸਤ ਕੀਤਾ ਗਿਆ ਸੀ ਜਿਸ ਵਿੱਚ ਸ਼ਾਮਲ ਹਨ: ਮੁਲਹੋਲੈਂਡ, ਜੇਨ, *ਐਡਵਾਂਸਟ ਐਸਕੈਟੋਲੋਜੀ*, ਅਨਪਬਲਿਸ਼ਡ ਲੈਕਚਰ ਨੋਟਸ, ਕੈਪਿਟਲ ਬਾਈਬਲ ਸੈਮੀਨਰੀ, 1982.

### (d) ਜੀਵਨ ਦੇ ਪਾਣੀ ਦਾ ਦਰਿਆ ਅਤੇ ਜੀਵਨ ਦਾ ਰੁੱਖ

> ਫਿਰ ਉਸ ਸਵਰਗਦੂਤ ਨੇ ਮੈਨੂੰ ਜੀਵਨ ਦੇ ਪਾਣੀ ਦਾ ਦਰਿਆ ਦਿਖਾਇਆ ਜਿਸ ਦੀ ਚਮਕ ਬਲੈਰ ਦੀ ਤਰ੍ਹਾਂ ਸੀ ਅਤੇ ਜਿਹੜਾ ਪਰਮੇਸ਼ਰ ਦੇ ਅਤੇ ਲੇਲੇ ਦੇ ਸਿੰਘਾਸਣ ਤੋਂ ਨਿੱਕਲ ਰਿਹਾ ਸੀ ਜਿਹੜਾ ਉਸ ਸ਼ਹਿਰ ਦੀ ਸੜਕ ਵਿੱਚੋਂ ਵਹਿੰਦਾ ਸੀ। ਉਸ ਦਰਿਆ ਦੇ ਦੋਨਾਂ ਪਾਸੇ ਜੀਵਨ ਦਾ ਰੁੱਖ ਸੀ ਜਿਸ ਨੂੰ ਬਾਰ੍ਹਾਂ ਤਰ੍ਹਾਂ ਦੇ ਫਲ ਲੱਗਦੇ ਸਨ ਅਤੇ ਉਹ ਹਰ ਮਹੀਨੇ ਫਲ ਦਿੰਦਾ ਸੀ। ਉਸ ਰੁੱਖ ਦੇ ਪੱਤਿਆਂ ਨਾਲ ਕੌਮਾਂ ਨੂੰ ਚੰਗਾਈ ਮਿਲਦੀ ਸੀ। ਅੱਗੇ ਤੋਂ ਕੋਈ ਵੀ ਸਰਾਪ ਹੇਠ ਨਹੀਂ ਹੋਵੇਗਾ। ਪਰਮੇਸ਼ਰ ਅਤੇ ਲੇਲੇ ਦਾ ਸਿੰਘਾਸਣ ਉਸ ਸ਼ਹਿਰ ਵਿੱਚ ਹੋਵੇਗਾ ਅਤੇ ਉਹਨਾਂ ਦੇ ਸੇਵਕ ਉਹਨਾਂ ਦੀ ਸੇਵਾ ਕਰਨਗੇ। ਉਹ ਉਹਨਾਂ ਦਾ ਚਿਹਰਾ ਦੇਖਣਗੇ ਅਤੇ ਪਰਮੇਸ਼ਰ ਦਾ ਨਾਮ ਉਹਨਾਂ ਦੇ ਮੱਥਿਆਂ ਉੱਤੇ ਲਿਖਿਆ ਹੋਵੇਗਾ। ਅੱਗੇ ਤੋਂ ਰਾਤ ਨਹੀਂ ਹੋਵੇਗੀ, ਇਸ ਲਈ ਉਹਨਾਂ ਨੂੰ ਦੀਵੇ ਜਾਂ ਸੂਰਜ ਦੇ ਚਾਨਣ ਦੀ ਲੋੜ ਨਹੀਂ ਹੋਵੇਗੀ ਕਿਉਂਕਿ ਪ੍ਰਭੂ ਪਰਮੇਸ਼ਰ ਆਪ ਉਹਨਾਂ ਦਾ ਚਾਨਣ ਹੋਣਗੇ ਅਤੇ ਉਹ ਅਨੰਤਕਾਲ ਤੱਕ ਰਾਜ ਕਰਨਗੇ। [ਪ੍ਰਕਾਸ਼ 22:1-5]

ਜੀਵਨ ਦੇ ਪਾਣੀ ਦਾ ਦਰਿਆ ਪਰਮੇਸ਼ਰ ਅਤੇ ਲੇਲੇ ਦੇ ਸਿੰਘਾਸਣ ਤੋਂ ਵਹਿੰਦਾ ਹੈ। ਹਾਲਾਂਕਿ ਇਹ ਸਾਫ਼ ਪਾਣੀ ਦਾ ਇੱਕ ਅਸਲੀ ਦਰਿਆ ਹੈ, ਪਰ ਇਹ ਵਾਕਾਂਸ਼ ਸਾਨੂੰ ਇਹ ਵੀ ਸਿਖਾਉਂਦਾ ਹੈ ਕਿ ਸਦੀਪਕ ਜੀਵਨ ਮਸੀਹ ਤੋਂ ਵਹਿੰਦਾ ਹੈ। ਪ੍ਰਕਾਸ਼ 22:17 ਵਿੱਚ ਇਸ ਪਾਣੀ ਨੂੰ ਪੀਣ ਦੇ ਲਈ ਪਰਮੇਸ਼ਰ ਦਾ ਸੱਦਾ, ਅਸਲ ਵਿੱਚ ਮੁਕਤੀ ਪਾਉਣ ਦਾ ਸੱਦਾ ਹੈ, ਪਰ ਇਹ ਸੰਭਵ ਹੈ ਕਿ ਨਵੇਂ ਯਰੂਸ਼ਲਮ ਦੇ ਵਾਸੀ ਜੀਵਨ ਦੇ ਦਰਿਆ ਤੋਂ ਪਾਣੀ ਪੀਣਗੇ। ਇਹ ਪਾਣੀ ਸ਼ਾਇਦ ਕਿਸੇ ਅਣਜਾਣ ਤਰੀਕੇ ਨਾਲ ਸਦੀਪਕ ਜੀਵਨ ਨੂੰ ਕਾਇਮ ਰੱਖੇਗਾ ਅਤੇ ਵਧਾਏਗਾ।

ਬਾਈਬਲ ਦੇ ਵਿਦਿਆਰਥੀ ਉਤਪਤ 2:9 ਅਤੇ 3:22-24 ਤੋਂ ਜੀਵਨ ਦੇ ਰੁੱਖ ਤੋਂ ਜਾਣੂ ਹਨ। ਬਾਈਬਲ ਦਾ ਅੰਤ ਸ਼ੁਰੂਆਤ ਦੀਆਂ ਗੱਲਾਂ ਵਿੱਚ ਵਾਪਸ ਜਾਂਦੇ ਹੋਏ ਹੁੰਦਾ ਹੈ। ਜਿਹੜਾ ਸਵਰਗ ਗੁਆਚ ਗਿਆ ਸੀ, ਇਸ ਸਵਰਗੀ ਸ਼ਹਿਰ ਵਿੱਚ ਉਸ ਨੂੰ ਇੱਕ ਭਰਪੂਰ ਰੂਪ ਵਿੱਚ ਫਿਰ ਤੋਂ ਪ੍ਰਾਪਤ ਕੀਤਾ ਗਿਆ ਹੈ।

ਪ੍ਰਕਾਸ਼ 22:2 ਇੱਕ ਅਜਿਹਾ ਬਿਆਨ ਪੇਸ਼ ਕਰਦਾ ਹੈ ਜਿਸ ਦੀ ਕਲਪਨਾ ਕਰਨਾ ਮੁਸ਼ਕਲ ਹੈ। ਇੱਕ ਸੋਨੇ ਦੀ ਚੌੜੀ ਸੜਕ ਹੈ ਜੋ ਪਰਮੇਸ਼ਰ ਤੋਂ ਸਿੰਘਾਸਣ ਤੋਂ ਪੂਰੇ ਸ਼ਹਿਰ ਵਿੱਚ ਫੈਲਦੀ ਹੈ (ਪ੍ਰਕਾਸ਼ 21:21)। ਜੀਵਨ ਦਾ ਦਰਿਆ ਜੋ ਪਰਮੇਸ਼ਰ ਦੇ ਸਿੰਘਾਸਣ ਤੋਂ ਵਹਿੰਦਾ ਹੈ, ਉਹ ਇਸ ਚੌੜੀ ਸੜਕ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਯੂਹੰਨਾ ਕਹਿੰਦਾ ਹੈ, "ਅਤੇ ਨਦੀ ਦੇ ਦੋਵੇਂ ਪਾਸੇ ਜੀਵਨ ਦਾ ਰੁੱਖ ਸੀ।" ਇੱਕ ਰੁੱਖ ਨਦੀ ਦੇ ਦੋਵੇਂ ਪਾਸੇ ਕਿਵੇਂ ਫੈਲ ਸਕਦਾ ਹੈ?

ਕੁਝ ਲੋਕ ਦਰਿਆ ਨੂੰ ਆਕਾਰ ਵਿੱਚ ਤੰਗ ਜਾਂ ਰੁੱਖ ਨੂੰ ਆਕਾਰ ਵਿੱਚ ਬਹੁਤ ਵੱਡਾ ਮੰਨਦੇ ਹਨ। ਉਹ ਜੀਵਨ ਦੇ ਰੁੱਖ ਨੂੰ ਦਰਿਆ ਦੇ ਵਿਚਕਾਰ ਇੱਕ ਟਾਪੂ ਉੱਤੇ ਲੱਗਿਆ ਦੇਖਦੇ ਹਨ ਜਿਸ ਦੀਆਂ ਜੜ੍ਹਾਂ ਅਤੇ ਟਾਹਣੀਆਂ ਦੋਵੇਂ ਦਿਸ਼ਾਵਾਂ ਵਿੱਚ ਦਰਿਆ ਦੇ ਪਾਰ ਫੈਲੀਆਂ ਹੋਈਆਂ ਹਨ। ਇੱਕ ਹੋਰ ਵਿਕਲਪ ਜੀਵਨ ਦੇ ਰੁੱਖ ਨੂੰ ਬਰਗਦ ਰੁੱਖ ਦੇ ਰੂਪ ਵਿੱਚ ਦੇਖਦਾ ਹੈ ਜਿਸ ਦੇ ਕਈ ਸਾਰੇ ਤਣੇ ਹਨ। ਇੱਕ ਤੀਜਾ ਵਿਕਲਪ ਜੋ ਲੇਖਕ ਦੀ ਸੁੰਦਰਤਾ ਦੀ ਭਾਵਨਾ ਨੂੰ ਦਰਸਾਉਂਦਾ ਹੈ, ਉਹ ਇਹ ਹੈ ਕਿ ਵਾਕਾਂਸ਼ "ਜੀਵਨ ਦੇ ਰੁੱਖ" ਨੂੰ ਇੱਕ ਰੁੱਖ ਹੋਣ ਦੀ ਬਜਾਏ ਇੱਕ *ਕਿਸਮ* ਦਾ ਰੁੱਖ ਮੰਨ ਲਿਆ ਜਾਵੇ। ਇਸ ਵਾਕ ਵਿੱਚ ਰੁੱਖ ਇੱਕ *ਕਿਸਮ* ਦੇ ਰੁੱਖ ਨੂੰ ਦਰਸਾਉਂਦਾ ਹੈ। ਸ਼ਾਇਦ ਇੱਕ ਵੱਡਾ ਦਰਿਆ ਪਰਮੇਸ਼ਰ ਦੇ ਸਿੰਘਾਸਣ ਤੋਂ ਆਉਣ ਵਾਲੀ ਸੋਨੇ ਦੀ ਸੜਕ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਇੱਕ ਸਾਫ਼ ਸੜਕ ਦੇ ਦੋਵੇਂ ਪਾਸੇ ਸੁੰਦਰ "ਜੀਵਤ ਦੇ ਰੁੱਖ" ਦੇ ਰੁੱਖਾਂ ਦੀਆਂ ਕਤਾਰਾਂ ਹਨ। ਅਸਲੀ ਸਰੂਪ ਭਾਵੇਂ ਜਿਵੇਂ ਦਾ ਵੀ ਹੋਵੇ, ਪਰ ਅਸੀਂ ਇਹ ਯਕੀਨ ਦੇ ਨਾਲ ਕਹਿ ਸਕਦੇ ਹਾਂ ਕਿ ਸਵਰਗ ਦਾ ਦਰਿਆ ਜਾਂ ਰੁੱਖ ਧਰਤੀ ਦੇ ਕਿਸੇ ਜੰਗਲ ਜਾਂ ਪਾਰਕ ਤੋਂ ਜ਼ਿਆਦਾ ਸੁੰਦਰ ਹੋਣਗੇ।

ਜੀਅ ਉੱਠਣ ਵਾਲੇ ਸਰੀਰ ਬਾਰੇ ਪਿੱਛੇ ਕੀਤੇ ਗਏ ਅਧਿਐਨ ਵਿੱਚ, ਉਸ ਦੀ ਖਾਣਾ ਖਾਣ ਦੀ ਯੋਗਤਾ ਉੱਤੇ ਚਰਚਾ ਕੀਤੀ ਗਈ ਸੀ। ਨਵੇਂ ਯਰੂਸ਼ਲਮ ਦੇ ਵਾਸੀ ਜੀਵਨ ਦੇ ਰੁੱਖ ਦੇ ਫਲਾਂ ਦਾ ਆਨੰਦ ਮਾਣਦੇ ਹਨ। ਪ੍ਰਕਾਸ਼ 22:19 "ਜੀਵਨ ਦੇ ਰੁੱਖ ਵਿੱਚੋਂ" ਖਾਣ ਦੀ ਗੱਲ ਕਰਦਾ ਹੈ। ਪ੍ਰਕਾਸ਼ 22:2 ਜੀਵਨ ਦੇ ਰੁੱਖ ਦੇ ਫਲ ਦਾ ਜ਼ਿਕਰ ਕਰਦਾ ਹੈ। ਪ੍ਰਕਾਸ਼ 2:7 ਇਹ ਵਾਅਦਾ ਕਰਦਾ ਹੈ ਕਿ ਜਿੱਤਣ ਵਾਲੇ ਨੂੰ ਜੀਵਨ ਦੇ ਰੁੱਖ ਦਾ ਫਲ ਖਾਣ ਦਾ ਅਧਿਕਾਰ ਮਿਲੇਗਾ। ਯੂਹੰਨਾ ਨੇ 1 ਯੂਹੰਨਾ 5:4 ਵਿੱਚ ਲਿਖਿਆ ਹੈ ਕਿ ਜਿਹੜੇ ਵਿਸ਼ਵਾਸ ਰੱਖਦੇ ਹਨ ਉਹ ਜਿੱਤਦੇ ਹਨ।

> "ਜਿਸ ਦੇ ਕੋਲ ਕੰਨ ਹਨ, ਉਹ ਸੁਣੇ ਕਿ ਪਵਿੱਤਰ ਆਤਮਾ ਕਲੀਸਿਯਾਵਾਂ ਨੂੰ ਕੀ ਕਹਿੰਦਾ ਹੈ। ਉਹ ਜਿਹੜਾ ਜਿੱਤ ਪ੍ਰਾਪਤ ਕਰਦਾ ਹੈ, ਉਸ ਨੂੰ ਮੈਂ ਜੀਵਨ ਦੇ ਉਸ ਰੁੱਖ ਦਾ ਫਲ ਖਾਣ ਦਾ ਅਧਿਕਾਰ ਦੇਵਾਂਗਾ ਜਿਹੜਾ ਪਰਮੇਸ਼ਰ ਦੇ ਪਵਿੱਤਰ ਬਾਗ਼ ਵਿੱਚ ਹੈ।" [ਪ੍ਰਕਾਸ਼ 2:7]

ਜੀਵਨ ਦੇ ਰੁੱਖ ਉੱਤੇ 12 ਤਰ੍ਹਾਂ ਦੇ ਫਲ ਲੱਗਦੇ ਹਨ, ਜਿਸ ਉੱਤੇ ਹਰ ਮਹੀਨੇ ਨਵਾਂ ਫਲ ਲੱਗਦਾ ਹੈ (ਪ੍ਰਕਾਸ਼ 22:2)। ਸਵਰਗ ਵਿੱਚ ਰਹਿਣ ਵਾਲੇ ਲੋਕ ਵੱਖ-ਵੱਖ ਕਿਸਮਾਂ ਵਾਲੇ ਅਤੇ ਤਾਜ਼ੇ ਫਲਾਂ ਦਾ ਆਨੰਦ ਲੈਂਦੇ ਹਨ। ਹਰ ਮਹੀਨੇ ਇੱਕ ਵੱਖਰਾ ਫਲ ਹੋਵੇਗਾ ਜਾਂ ਸ਼ਾਇਦ ਇੱਕ ਹੀ ਰੁੱਖ ਉੱਤੇ 12 ਕਿਸਮਾਂ ਦੇ ਫਲ ਲੱਗਣਗੇ ਜਿਸ ਵਿੱਚ ਹਰ ਮਹੀਨੇ ਇੱਕ ਨਵੀਂ ਪੈਦਾਵਾਰ ਹੋਵੇਗੀ। ਜੇਕਰ "ਜੀਵਨ ਦਾ ਰੁੱਖ" ਸਿਰਫ਼ ਇੱਕ ਰੁੱਖ ਨਾ ਹੋ ਕੇ ਇੱਕ ਕਿਸਮ ਦਾ ਰੁੱਖ ਹੈ, ਤਾਂ ਇੱਕ ਤੀਜੀ ਸੰਭਾਵਨਾ ਵੀ ਪੈਦਾ ਹੋ ਸਕਦੀ ਹੈ। ਸ਼ਾਇਦ "ਜੀਵਨ ਦੇ ਰੁੱਖ" ਦੇ ਬਗੀਚੇ ਦੇ ਬਹੁਤ ਸਾਰੇ ਰੁੱਖਾਂ ਵਿੱਚ 12 ਅਲੱਗ-ਅਲੱਗ ਕਿਸਮਾਂ ਦੇ ਫਲ ਲੱਗਦੇ ਹਨ। ਇੱਕ ਰੁੱਖ ਇੱਕ ਮਹੀਨੇ ਵਿੱਚ ਇੱਕ ਕਿਸਮ ਦਾ ਫਲ ਦਿੰਦਾ ਹੈ। ਦੂਜਾ ਰੁੱਖ ਦੂਜੇ ਮਹੀਨੇ ਵਿੱਚ ਦੂਜੀ ਕਿਸਮ ਦਾ ਫਲ ਦਿੰਦਾ ਹੈ। ਭਾਵੇਂ ਜੋ ਵੀ ਹੋਵੇ, ਪਰ ਅਸੀਂ ਇਹ ਯਕੀਨ ਦੇ ਨਾਲ ਕਹਿ ਸਕਦੇ ਹਾਂ ਕਿ ਸਵਰਗ ਵਿੱਚ ਖਾਣ ਦੀਆਂ ਚੀਜ਼ਾਂ ਵੀ ਸ਼ਾਨਦਾਰ ਹੋਣਗੀਆਂ। ("ਸਦੀਪਕ ਕਾਲ" ਵਿੱਚ ਮਾਸਿਕ ਚੱਕਰ ਦੀ ਹੋਂਦ ਵੀ ਇੱਕ ਦਿਲਚਸਪ ਗੱਲ ਹੈ)।

ਯੂਹੰਨਾ ਨੇ ਇਹ ਨਹੀਂ ਦੱਸਿਆ ਹੈ ਕਿ ਇਸ ਦੇ ਪੱਤੇ ਕੌਮਾਂ ਦੀ ਚੰਗਾਈ ਦਾ ਕੰਮ ਕਿਵੇਂ ਕਰਨਗੇ। ਕੀ ਇਹ ਪੱਤਿਆਂ ਦੀ ਛਾਂ ਨਾਲ ਹੋਵੇਗਾ? ਕੀ ਇਹ ਇਹਨਾਂ ਪੱਤਿਆਂ ਦੀ ਚਾਹ ਨਾਲ ਹੋਵੇਗਾ? ਕੀ ਲੋਕ ਫਲ ਦੇ ਨਾਲ-ਨਾਲ ਪੱਤੇ ਵੀ ਖਾਣਗੇ? ਸਾਨੂੰ ਪਤਾ ਨਹੀਂ ਹੈ।

ਨਵੇਂ ਯਰੂਸ਼ਲਮ ਵਿੱਚ ਕੋਈ ਬਿਮਾਰੀ ਨਹੀਂ ਹੋ ਸਕਦੀ ਹੈ (ਪ੍ਰਕਾਸ਼ 21:4; 22:3, ਕੋਈ ਸਰਾਪ ਨਹੀਂ ਹੈ)। ਫਿਰ "ਚੰਗਾਈ" ਦੀ ਕੀ ਲੋੜ ਹੈ? ਜਿਹੜੇ ਲੋਕ ਸਵਰਗ ਦੇ ਲਈ ਉਪਗ੍ਰਹਿ ਵਿਚਾਰ ਨਾਲ ਸਹਿਮਤ ਹਨ, ਉਹ ਸੋਚਦੇ ਹਨ ਕਿ ਜੀਵਨ ਦਾ ਰੁੱਖ ਅਸਲ ਵਿੱਚ ਧਰਤੀ ਉੱਤੇ ਚੱਲ ਰਹੇ ਹਜ਼ਾਰ ਸਾਲ ਦੇ ਰਾਜ ਦੇ ਬਿਮਾਰ ਲੋਕਾਂ ਦੀ ਚੰਗਾਈ ਦੇ ਲਈ ਕੰਮ ਕਰੇਗਾ। ਹਜ਼ਾਰ ਸਾਲ ਦੇ ਰਾਜ ਵਿੱਚ ਜੀਵਨ ਦੇ ਰੁੱਖ ਦੀ ਭਾਵੇਂ ਜੋ ਵੀ ਭੂਮਿਕਾ ਹੋਵੇ, ਪਰ ਇਹ ਸਵਰਗ ਵਿੱਚ ਰਹਿਣ ਵਾਲੇ ਲੋਕਾਂ ਦੀ ਸਿਹਤ ਅਤੇ ਸਦੀਪਕ ਜੀਵਨ ਨੂੰ ਬਣਾਏ ਰੱਖੇਗਾ। ਜੀਵਨ ਦੇ ਰੱਖ ਦੇ ਫਲ ਅਤੇ ਪੱਤੇ ਸਵਰਗੀ ਜੀਵਨ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਇੱਕ ਜ਼ਿਆਦਾ ਭਰਪੂਰੀ ਪ੍ਰਦਾਨ ਕਰਨਗੇ।

### (7) ਨਵੇਂ ਯਰੂਸ਼ਲਮ ਵਿੱਚ ਹਾਲਾਤ

#### (a) ਕੋਈ ਸਰਾਪ ਨਹੀਂ/ਕੋਈ ਦੁੱਖ ਨਹੀਂ

ਸਦੀਪਕ ਸ਼ਹਿਰ ਵਿੱਚ ਪਾਪ ਜਾਂ ਇਸ ਦੇ ਹਾਨੀਕਾਰਕ ਪ੍ਰਭਾਵਾਂ ਦਾ ਕੋਈ ਨਿਸ਼ਾਨ ਨਹੀਂ ਹੋਵੇਗਾ। ਇਸ ਲਈ, ਇਸ ਵਿੱਚ ਕੋਈ ਬਿਮਾਰੀ, ਦੁੱਖ, ਜਾਂ ਮੌਤ ਨਹੀਂ ਹੋਵੇਗੀ। ਹਾਲਾਂਕਿ, ਧਰਤੀ ਉੱਤੇ ਅਸਫਲਤਾਵਾਂ ਦੇ ਕਾਰਨ ਮਸੀਹ ਦੇ ਨਿਆਂ ਦੇ ਸਿੰਘਾਸਣ ਦੇ ਅੱਗੇ ਕੁਝ ਸ਼ਰਮ ਜ਼ਰੂਰ ਹੋਵੇਗੀ, ਪਰ ਨਵੇਂ ਯਰੂਸ਼ਲਮ ਵਿੱਚ ਕੋਈ ਹੰਝੂ ਨਹੀਂ ਹੋਣਗੇ। ਮੌਜੂਦਾ ਧਰਤੀ ਨਾਲ ਜੁੜੇ ਸਾਰੇ ਦੁੱਖਾਂ ਨੂੰ ਹਮੇਸ਼ਾਂ ਦੇ ਲਈ ਭੁਲਾ ਦਿੱਤਾ ਜਾਵੇਗਾ।

> **"ਉਹ ਉਹਨਾਂ ਦੀਆਂ ਅੱਖਾਂ ਦੇ ਸਾਰੇ ਅੱਥਰੂ ਪੂੰਝਣਗੇ।** ਤਦ ਮੌਤ, ਕਿਸੇ ਤਰ੍ਹਾਂ ਦਾ ਸੋਗ ਜਾਂ ਰੋਣਾ ਅਤੇ ਪੀੜਾਂ ਨਹੀਂ ਹੋਣਗੀਆਂ ਕਿਉਂਕਿ ਪਹਿਲੀਆਂ ਚੀਜ਼ਾਂ ਜਾਂਦੀਆਂ ਰਹੀਆਂ।" [ਪ੍ਰਕਾਸ਼ 21:4]
>
> **ਅੱਗੇ ਤੋਂ ਕੋਈ ਵੀ ਸਰਾਪ ਹੇਠ ਨਹੀਂ ਹੋਵੇਗਾ**...[ ਪ੍ਰਕਾਸ਼ 22:3]

#### (b) ਆਨੰਦ ਅਤੇ ਸਾਰੀਆਂ ਚੀਜ਼ਾਂ ਦਾ ਅਧਿਕਾਰ

ਬਾਈਬਲ ਇਹ ਵਾਅਦਾ ਕਰਦੀ ਹੈ ਕਿ ਮਸੀਹੀ ਲੋਕ ਮਸੀਹ ਦੇ ਨਾਲ

ਬਰਕਤਾਂ ਦੇ ਵਾਰਿਸ ਹਨ (ਰੋਮੀ 8:17) ਜੋ ਸਭ ਕੁਝ ਦਾ ਵਾਰਿਸ ਹੈ (ਇਬ 1:2)। ਮਸੀਹ ਦੇ ਦੁਆਰਾ, ਵਿਸ਼ਵਾਸੀਆਂ ਨੂੰ ਸਭ ਕੁਝ ਮਿਲ ਜਾਵੇਗਾ (1 ਕੁਰਿੰਥ 3:22; 1 ਤਿਮੋਥਿ 6:17)। ਵਿਸ਼ਵਾਸੀਆਂ ਦੇ ਲਈ ਇਹ ਵਿਰਾਸਤ ਸਵਰਗ ਵਿੱਚ ਰਾਖਵੀਂ ਹੈ (ਅਫ਼ਸੀ 1:11; 1 ਪਤਰਸ 1:3-4)।

> ਪਰਮੇਸ਼ਰ ਨੇ ਇਹ ਇਸ ਲਈ ਕੀਤਾ ਕਿ ਉਹ ਅੱਗੇ ਆਉਣ ਵਾਲੇ ਯੁੱਗਾਂ ਵਿੱਚ ਮਸੀਹ ਯਿਸੂ ਦੇ ਦੁਆਰਾ ਸਾਡੇ ਉੱਤੇ ਹੋਈ **ਅਤਿ ਮਹਾਨ ਕਿਰਪਾ** ਨੂੰ ਪ੍ਰਗਟ ਕਰਨ। [ਅਫ਼ਸੀ 2:7]
>
> ਉਹ ਜਿਹੜਾ ਜਿੱਤ ਪ੍ਰਾਪਤ ਕਰਦਾ ਹੈ, **ਇਹ ਚੀਜ਼ਾਂ ਪ੍ਰਾਪਤ ਕਰੇਗਾ।** ਤਦ ਮੈਂ ਉਸ ਦਾ ਪਰਮੇਸ਼ਰ ਹੋਵਾਂਗਾ ਅਤੇ ਉਹ ਮੇਰੀ ਸੰਤਾਨ ਹੋਵੇਗਾ। [ਪ੍ਰਕਾਸ਼ 21:7] (ਧਿਆਨ ਦਿਓ ਕਿ 1 ਯੂਹੰਨਾ 5:4 ਇਹ ਸਿਖਾਉਂਦਾ ਹੈ ਕਿ ਜਿਹੜੇ ਵਿਸ਼ਵਾਸ ਕਰਦੇ ਹਨ ਉਹ ਜਿੱਤਣ ਵਾਲੇ ਹਨ)।

### (c) ਕੋਈ ਵਿਆਹ ਨਹੀਂ

ਵਿਆਹ ਇੱਕ ਧਰਤੀ ਦਾ ਰਿਸ਼ਤਾ ਹੈ ਜੋ ਸਿਰਫ਼ ਉਦੋਂ ਤੱਕ ਹੀ ਹੈ ਜਦੋਂ ਤੱਕ ਅਸੀਂ ਧਰਤੀ ਉੱਤੇ ਰਹਿੰਦੇ ਹਾਂ। ਅਸੀਂ ਸਵਰਗ ਵਿੱਚ ਇੱਕ-ਦੂਜੇ ਨੂੰ ਹੋਰ ਵੀ ਜ਼ਿਆਦਾ ਪਿਆਰ ਕਰਾਂਗੇ। ਸਵਰਗ ਵਿੱਚ ਸਿਰਫ਼ ਇੱਕ ਹੀ ਪਰਿਵਾਰ ਹੋਵੇਗਾ।

> "ਕਿਉਂਕਿ ਪੁਨਰ-ਉਥਾਨ ਦੇ ਸਮੇਂ **ਆਦਮੀਆਂ ਅਤੇ ਔਰਤਾਂ ਵਿੱਚ ਵਿਆਹ ਨਹੀਂ ਹੋਵੇਗਾ** ਸਗੋਂ ਉਹ ਸਵਰਗਦੂਤਾਂ ਵਰਗੇ ਹੋਣਗੇ।" [ਮੱਤੀ 22:30]
>
> "ਪਰ ਜਿਹੜੇ ਇਸ ਯੋਗ ਗਿਣੇ ਜਾਂਦੇ ਹਨ ਕਿ ਉਹ ਉਸ ਯੁੱਗ ਨੂੰ ਅਤੇ ਮੁਰਦਿਆਂ ਦੇ ਪੁਨਰ-ਉਥਾਨ ਨੂੰ ਪ੍ਰਾਪਤ ਕਰਨ, **ਉਹਨਾਂ ਵਿੱਚ ਵਿਆਹ ਨਹੀਂ ਹੋਣਗੇ।** ਉਹ ਸਵਰਗਦੂਤਾਂ ਦੇ ਵਾਂਗ ਹੋਣਗੇ। ਇਸ ਲਈ ਉਹਨਾਂ ਦੀ ਫਿਰ ਮੌਤ ਨਹੀਂ ਹੋਵੇਗੀ। ਪੁਨਰ-ਉਥਾਨ ਦੀ ਸੰਤਾਨ ਹੋਣ ਕਰ ਕੇ, ਉਹ ਪਰਮੇਸ਼ਰ ਦੀ ਸੰਤਾਨ ਹਨ। [ਲੂਕਾ 20:35-36]

### (d) ਸੇਵਾ

ਮਨੁੱਖ ਦੇ ਪਾਪ ਵਿੱਚ ਡਿੱਗਣ ਤੋਂ ਵੀ ਪਹਿਲਾਂ ਪਰਮੇਸ਼ਰ ਨੇ ਮਨੁੱਖ ਦੇ ਲਈ ਕੰਮ ਕਰਨਾ ਠਹਿਰਾਇਆ ਹੋਇਆ ਸੀ (ਉਤਪਤ 2:15)। ਫਿਰ ਵੀ, ਇਹ ਤਾਂ ਨਿਸ਼ਚਿਤ ਹੈ ਕਿ ਸਵਰਗ ਵਿੱਚ ਸਰਾਪ ਦਾ ਕੋਈ ਦੁੱਖਦਾਈ ਪਹਿਲੂ ਸ਼ਾਮਲ ਨਹੀਂ ਰਹੇਗਾ (ਪ੍ਰਕਾਸ਼ 22:3)। ਇਹ ਤੱਥ ਕਿ ਸਦੀਪਕ ਸ਼ਹਿਰ ਦੇ ਦਰਵਾਜ਼ੇ ਕਦੇ ਵੀ ਬੰਦ ਨਹੀਂ ਹੁੰਦੇ ਹਨ, ਇਹ ਕੰਮ ਦੇ ਨਿਰੰਤਰ ਹੁੰਦੇ ਰਹਿਣ ਨੂੰ ਦਰਸਾਉਂਦਾ ਹੈ। ਵਿਸ਼ਵਾਸੀ ਮਸੀਹ ਦੀ ਸੇਵਾ ਅਜਿਹੇ ਕੰਮਾਂ ਨਾਲ ਕਰਨਗੇ ਜੋ ਅਜੇ ਸਪੱਸ਼ਟ ਨਹੀਂ ਹਨ।

> … ਉਹ ਕਦੇ ਵੀ ਬੰਦ ਨਹੀਂ ਹੋਣਗੇ [ਪ੍ਰਕਾਸ਼ 21:25b]
>
> ਅੱਗੇ ਤੋਂ ਕੋਈ ਵੀ ਸਰਾਪ ਹੇਠ ਨਹੀਂ ਹੋਵੇਗਾ। ਪਰਮੇਸ਼ਰ ਅਤੇ ਲੇਲੇ ਦਾ ਸਿੰਘਾਸਣ ਉਸ ਸ਼ਹਿਰ ਵਿੱਚ ਹੋਵੇਗਾ ਅਤੇ **ਉਹਨਾਂ ਦੇ ਸੇਵਕ ਉਹਨਾਂ ਦੀ ਸੇਵਾ ਕਰਨਗੇ।** [ਪ੍ਰਕਾਸ਼ 22:3]

### (e) ਸਿੱਧੀ ਅਰਾਧਨਾ

ਸਵਰਗ ਵਿੱਚ ਕੋਈ ਹੈਕਲ ਨਹੀਂ ਹੈ। ਇਸ ਦੀ ਲੋੜ ਵੀ ਨਹੀਂ ਹੋਵੇਗੀ ਕਿਉਂਕਿ ਅਸੀਂ ਸਿੱਧੇ ਹੀ ਪਰਮੇਸ਼ਰ ਦੀ ਅਰਾਧਨਾ ਕਰ ਸਕਾਂਗੇ। ਅਸੀਂ ਪਰਮੇਸ਼ਰ ਦੇ "ਆਹਮੋ-ਸਾਹਮਣੇ" ਹੋਵਾਂਗੇ।

> ਉਸ ਸ਼ਹਿਰ ਵਿੱਚ ਮੈਨੂੰ ਕੋਈ ਹੈਕਲ ਦਿਖਾਈ ਨਾ ਦਿੱਤਾ ਕਿਉਂਕਿ ਸਰਵਸ਼ਕਤੀਮਾਨ ਪ੍ਰਭੂ ਪਰਮੇਸ਼ਰ ਅਤੇ ਲੇਲਾ ਉਸ ਸ਼ਹਿਰ ਦੇ ਹੈਕਲ ਹਨ [ਪ੍ਰਕਾਸ਼ 21:22]
>
> **ਉਹ ਉਹਨਾਂ ਦਾ ਚਿਹਰਾ ਦੇਖਣਗੇ** ਅਤੇ ਪਰਮੇਸ਼ਰ ਦਾ ਨਾਮ ਉਹਨਾਂ ਦੇ ਮੱਥਿਆਂ ਉੱਤੇ ਲਿਖਿਆ ਹੋਵੇਗਾ [ਪ੍ਰਕਾਸ਼ 22:4]

ਪ੍ਰਕਾਸ਼ ਦੀ ਪੋਥੀ ਅਧਿਆਇ 4 ਅਤੇ 5 ਵਿੱਚ, ਸਵਰਗ ਵਿੱਚ ਰਹਿਣ ਵਾਲੇ ਲੋਕ ਪਰਮੇਸ਼ਰ ਦੇ ਸਿੰਘਾਸਣ ਦੇ ਸਾਹਮਣੇ ਅਰਾਧਨਾ ਕਰਦੇ ਹਨ। ਇਹ ਹੋ ਸਕਦਾ ਹੈ ਕਿ ਹਿਜ਼ਕੀਏਲ ਦੁਆਰਾ ਕੀਤੇ ਗਏ ਕਰੂਬੀਆਂ ਦੇ ਵਰਣਨ (ਜਿਹਨਾਂ ਦੇ ਹੇਠਾਂ ਪਹੀਏ ਹਨ) ਬਾਈਬਲ ਵਿੱਚ ਪਰਮੇਸ਼ਰ ਦੇ ਸਿੰਘਾਸਣ ਦਾ ਵਰਣਨ ਹੋਵੇ (ਹਿਜ਼ਕੀਏਲ 1 ਅਤੇ 10)। ਕਰੂਬੀ ਮਿਲ ਕੇ ਚਾਰ ਪਹੀਏ ਬਣਾਉਂਦੇ ਹਨ ਜਿਹਨਾਂ ਉੱਤੇ ਪਰਮੇਸ਼ਰ ਦਾ ਰੱਥ ਚੱਲਦਾ ਹੈ। ਕਰੂਬੀਆਂ ਦੇ ਉੱਪਰ ਇੱਕ ਪਾਰਦਰਸ਼ੀ (ਬਰਫ਼ ਵਰਗਾ) ਅੰਬਰ ਹੈ (ਹਿਜ਼ਕੀ 1:22)। ਕੀ ਹਿਜ਼ਕੀਏਲ 1:26 ਇਹ ਕਹਿੰਦਾ ਹੈ ਕਿ ਪਰਮੇਸ਼ਰ ਦਾ ਸਿੰਘਾਸਣ ਨੀਲਾ (ਨੀਲਮ ਪੱਥਰ) ਦਿਖਾਈ ਦਿੰਦਾ ਹੈ? ਹਿਜ਼ਕੀ 1:28 ਅਤੇ ਪ੍ਰਕਾਸ਼ ਦੀ ਪੋਥੀ 4:3 ਵੀ ਸਿੰਘਾਸਣ ਦੇ ਆਲੇ-ਦੁਆਲੇ ਸਤਰੰਗੀ ਪੀਂਘ ਦੇ ਰੰਗਾਂ ਦੀ ਗੱਲ ਕਰਦਾ ਹੈ।

### (f) ਨਾ ਸੂਰਜ, ਨਾ ਚੰਦਰਮਾ

ਪ੍ਰਕਾਸ਼ ਦੇਣ ਦੇ ਲਈ ਪਰਮੇਸ਼ਰ ਦਾ ਤੇਜ ਪੂਰੀ ਤਰ੍ਹਾਂ ਕਾਫ਼ੀ ਹੋਵੇਗਾ। ਹਨੇਰੇ ਦਾ ਮੌਜੂਦ ਨਾ ਹੋਣਾ ਇਹ ਦਰਸਾਉਂਦਾ ਹੈ ਕਿ ਜੀਅ ਉੱਠਣ ਵਾਲੇ ਸਰੀਰ ਕਦੇ ਅਰਾਮ ਨਹੀਂ ਕਰਨਗੇ।

> ਉਸ ਸ਼ਹਿਰ ਨੂੰ **ਸੂਰਜ ਜਾਂ ਚੰਦ ਦੀ ਕੋਈ ਲੋੜ ਨਹੀਂ** ਕਿਉਂਕਿ ਪਰਮੇਸ਼ਰ ਦੇ ਤੇਜ ਨੇ ਉਸ ਨੂੰ ਚਾਨਣ ਦਿੱਤਾ ਹੈ ਅਤੇ ਲੇਲਾ ਆਪ ਉਸ ਦਾ ਦੀਪਕ ਹੈ। [ਪ੍ਰਕਾਸ਼ 21:23]
>
> ...ਕਿਉਂਕਿ ਉੱਥੇ ਕਦੀ ਵੀ **ਰਾਤ ਨਹੀਂ ਹੋਵੇਗੀ**... [ਪ੍ਰਕਾਸ਼ 21:25]
>
> ਅੱਗੇ ਤੋਂ ਰਾਤ ਨਹੀਂ ਹੋਵੇਗੀ, ਇਸ ਲਈ **ਉਹਨਾਂ ਨੂੰ ਦੀਵੇ ਜਾਂ ਸੂਰਜ ਦੇ ਚਾਨਣ ਦੀ ਲੋੜ ਨਹੀਂ ਹੋਵੇਗੀ** ਕਿਉਂਕਿ ਪ੍ਰਭੂ

ਪਰਮੇਸ਼ਰ ਆਪ ਉਹਨਾਂ ਦਾ ਚਾਨਣ ਹੋਣਗੇ... [ਪ੍ਰਕਾਸ਼ 22:5]

### (g) ਸਦੀਪਕ ਰਾਜ

ਸੰਤ/ਪਵਿੱਤਰ ਲੋਕ ਮਸੀਹ ਦੇ ਨਾਲ ਸਦੀਪਕ ਕਾਲ ਦੇ ਲਈ ਰਾਜ ਕਰਨਗੇ। ਜੇਕਰ ਅਸੀਂ ਸ਼ਾਸਕ ਹੋਵਾਂਗੇ ਤਾਂ ਸਾਡੀ ਪਰਜਾ ਕੌਣ ਹੋਵੇਗੀ? ਵਿਸ਼ਵਾਸੀ ਸਵਰਗਦੂਤਾਂ ਤੋਂ ਉੱਪਰ ਹੋਣਗੇ (ਇਬ 2:9-16; 1 ਕੁਰਿੰਥ 6:3)। ਕੀ ਕੋਈ ਹੋਰ ਜੀਵ ਹਨ ਜਿਹਨਾਂ ਬਾਰੇ ਅਸੀਂ ਇਸ ਸਮੇਂ ਅਣਜਾਣ ਹਾਂ?

...ਉਹ **ਅਨੰਤਕਾਲ ਤੱਕ** ਰਾਜ ਕਰਨਗੇ [ਪ੍ਰਕਾਸ਼ 22:5]

## (8) ਨਵੇਂ ਯਰੂਸ਼ਲਮ ਦੇ ਵਾਸੀ

### (a) ਮੁਕਤੀ ਨਾ ਪਾਏ ਲੋਕ ਬਾਹਰ ਹੋਣਗੇ

ਹਰ ਕੋਈ ਸਵਰਗ ਵਿੱਚ ਪ੍ਰਵੇਸ਼ ਨਹੀਂ ਕਰੇਗਾ। ਪਰਮੇਸ਼ਰ ਉਹਨਾਂ ਲੋਕਾਂ ਨੂੰ ਬਾਹਰ ਕੱਢਣਗੇ ਜਿਹਨਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੁਸਤਕ ਵਿੱਚ ਨਹੀਂ ਲਿਖੇ ਹਨ। ਪ੍ਰਕਾਸ਼ ਦੀ ਪੋਥੀ 21:8 ਮੁੱਖ ਸ਼ਬਦ "**ਅਵਿਸ਼ਵਾਸੀ**" ਹੈ। ਅਵਿਸ਼ਵਾਸੀ ਨਵੇਂ ਯਰੂਸ਼ਲਮ ਵਿੱਚ ਪ੍ਰਵੇਸ਼ ਨਹੀਂ ਕਰ ਪਾਉਣਗੇ। ਪ੍ਰਕਾਸ਼ 21:8 ਵਿੱਚ ਜਿਹਨਾਂ ਬੁਰਾਈਆਂ ਨੂੰ ਸੂਚੀਬੱਧ ਕੀਤਾ ਗਿਆ ਹੈ, ਉਹ ਅਜਿਹੀਆਂ ਆਦਤਾਂ ਹਨ ਜਿਹਨਾਂ ਨੂੰ ਅਵਿਸ਼ਵਾਸੀ ਲਗਾਤਾਰ ਪ੍ਰਦਰਸ਼ਿਤ ਕਰਦੇ ਰਹਿੰਦੇ ਹਨ। ਅਜਿਹਾ ਨਹੀਂ ਹੈ ਕਿ ਕੋਈ ਇੱਕ ਪਾਪ, ਜਿਵੇਂ ਕਿ ਕਦੇ-ਕਦੇ ਮੂੰਹ ਵਿੱਚੋਂ ਨਿਕਲਿਆ ਝੂਠ, ਇੱਕ ਵਿਅਕਤੀ ਨੂੰ ਸਵਰਗ ਵਿੱਚ ਪ੍ਰਵੇਸ਼ ਕਰਨ ਤੋਂ ਰੋਕ ਦੇਵੇਗਾ, ਬਲਕਿ ਜਿਹਨਾਂ ਦੀ ਪੂਰੀ ਜੀਵਨ-ਸ਼ੈਲੀ ਦਾ ਹੀ ਬਿਆਨ ਕਾਤਲਾਂ, ਝੂਠਿਆਂ ਦੇ ਰੂਪ ਵਿੱਚ ਕੀਤਾ ਗਿਆ ਹੈ, ਉਹ ਇਹ ਪ੍ਰਦਰਸ਼ਿਤ ਕਰਦਾ ਹੈ ਕਿ ਉਹ ਅਵਿਸ਼ਵਾਸੀ ਹਨ (1 ਕੁਰਿੰਥ 6:9-10; ਗਲਾਤੀ 5:19-21; ਅਫ਼ਸੀ 5:5 ਇੱਕੋ ਜਿਹੇ ਹਨ)। ਇਹ ਵਚਨ ਇਹ ਨਹੀਂ ਕਹਿੰਦੇ ਹਨ ਕਿ ਕਿਸੇ ਇੱਕ ਪਾਪ ਵਿੱਚ ਬਤੀਤ ਕੀਤਾ ਪੂਰਾ ਜੀਵਨ ਮੌਤ ਦੀ ਸਜ਼ਾ ਲਿਆਉਂਦਾ ਹੈ, ਪਰ ਕੁਝ ਖ਼ਾਸ ਪਾਪਾਂ ਵਿੱਚ ਬਤੀਤ ਕੀਤਾ ਗਿਆ ਜੀਵਨ ਅਵਿਸ਼ਵਾਸ ਦਾ ਸਬੂਤ ਜ਼ਰੂਰ ਦਿੰਦਾ ਹੈ। ਸਿਰਫ਼ ਉਹੀ ਲੋਕ ਸਵਰਗ ਵਿੱਚ ਪ੍ਰਵੇਸ਼ ਕਰਨਗੇ ਜਿਹਨਾਂ ਦੇ ਨਾਮ ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਮਿਲਣਗੇ।

> "ਪਰ ਡਰਪੋਕਾਂ, **ਅਵਿਸ਼ਵਾਸੀਆਂ**, ਘਿਨਾਉਣਿਆਂ, ਕਾਤਲਾਂ, ਵਿਭਚਾਰੀਆਂ, ਜਾਦੂ-ਟੂਣਾ ਕਰਨ ਵਾਲਿਆਂ, ਮੂਰਤੀ ਪੂਜਕਾਂ ਅਤੇ ਸਾਰੇ ਝੂਠ ਬੋਲਣ ਵਾਲਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ। ਇਹ ਦੂਜੀ ਮੌਤ ਹੈ।" [ਪ੍ਰਕਾਸ਼ 21:8]
>
> ਉਸ ਦੇ ਅੰਦਰ ਕੋਈ ਵੀ ਭ੍ਰਿਸ਼ਟ ਚੀਜ਼ ਨਹੀਂ ਆਉਣ ਦਿੱਤੀ ਜਾਵੇਗੀ, ਨਾ ਹੀ ਉਹਨਾਂ ਨੂੰ ਜਿਹੜੇ ਘਿਨਾਉਣੇ ਕੰਮ ਕਰਦੇ ਹਨ ਅਤੇ ਨਾ ਹੀ ਝੂਠਿਆਂ ਨੂੰ ਉਸ ਦੇ ਅੰਦਰ ਆਉਣ ਦਿੱਤਾ ਜਾਵੇਗਾ। ਉਸ ਦੇ ਅੰਦਰ ਕੇਵਲ ਉਹ ਹੀ ਆਉਣਗੇ, ਜਿਹਨਾਂ ਦੇ ਨਾਂ ਲੇਲੇ ਦੀ ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਹਨ। [ਪ੍ਰਕਾਸ਼ 21:27]
>
> ਪਰ ਕੁੱਤੇ, ਜਾਦੂ-ਟੂਣਾ ਕਰਨ ਵਾਲੇ, ਵਿਭਚਾਰੀ, ਕਾਤਲ, ਮੂਰਤੀ ਪੂਜਕ, ਝੂਠ ਨੂੰ ਪਿਆਰ ਕਰਨ ਵਾਲੇ ਅਤੇ ਉਸ ਉੱਤੇ ਚੱਲਣ ਵਾਲੇ, ਸਾਰੇ ਬਾਹਰ ਹੀ ਰਹਿਣਗੇ। [ਪ੍ਰਕਾਸ਼ 22:15]

### (b) ਪਰਮੇਸ਼ਰ

ਸਵਰਗ ਵਿੱਚ ਸਭ ਤੋਂ ਵੱਡੀ ਬਰਕਤ ਪਰਮੇਸ਼ਰ ਆਪ ਹੋਣਗੇ। ਉਹ ਆਪਣੇ ਬੱਚਿਆਂ ਦੇ ਨਾਲ ਰਹਿਣਗੇ। ਵਿਸ਼ਵਾਸੀ ਮਸੀਹ ਨੂੰ ਅਤੇ ਅੰਸ਼ਕ ਰੂਪ ਵਿੱਚ ਤ੍ਰਿਏਕ ਪਰਮੇਸ਼ਰ ਦੇ ਦੋ ਹੋਰ ਵਿਅਕਤੀਆਂ ਨੂੰ ਦੇਖਣਗੇ।[97] (ਦੇਖੋ, ਮੱਤੀ 5:8, 1 ਕੁਰਿੰਥ13:12)

> ਮੈਂ ਇੱਕ ਉੱਚੀ ਆਵਾਜ਼ ਵੀ ਸਿੰਘਾਸਣ ਤੋਂ ਸੁਣੀ ਜਿਹੜੀ ਕਹਿ ਰਹੀ ਸੀ, "ਦੇਖ, ਪਰਮੇਸ਼ਰ ਹੁਣ ਮਨੁੱਖਾਂ ਦੇ ਵਿੱਚਕਾਰ ਰਹਿਣ ਦੇ ਲਈ ਆ ਰਹੇ ਹਨ। ਉਹ ਆਪ ਹੁਣ ਉਹਨਾਂ ਦੇ ਵਿੱਚਕਾਰ ਰਹਿਣਗੇ ਅਤੇ ਉਹ ਉਹਨਾਂ ਦੇ ਆਪਣੇ ਲੋਕ ਹੋਣਗੇ। **ਪਰਮੇਸ਼ਰ ਉਹਨਾਂ ਦੇ ਨਾਲ ਰਹਿਣਗੇ।** [ਪ੍ਰਕਾਸ਼ 21:3]
>
> "ਉਹ ਜਿਹੜਾ ਜਿੱਤ ਪ੍ਰਾਪਤ ਕਰਦਾ ਹੈ, ਇਹ ਚੀਜ਼ਾਂ ਪ੍ਰਾਪਤ ਕਰੇਗਾ। **ਤਦ ਮੈਂ ਉਸ ਦਾ ਪਰਮੇਸ਼ਰ ਹੋਵਾਂਗਾ** ਅਤੇ ਉਹ ਮੇਰੀ ਸੰਤਾਨ ਹੋਵੇਗਾ।" [ਪ੍ਰਕਾਸ਼ 21:7]
>
> ਫਿਰ ਉਸ ਸਵਰਗਦੂਤ ਨੇ ਮੈਨੂੰ ਜੀਵਨ ਦੇ ਪਾਣੀ ਦਾ ਦਰਿਆ ਦਿਖਾਇਆ ਜਿਸ ਦੀ ਚਮਕ ਬਲੌਰ ਦੀ ਤਰ੍ਹਾਂ ਸੀ ਅਤੇ ਜਿਹੜਾ **ਪਰਮੇਸ਼ਰ ਦੇ ਅਤੇ ਲੇਲੇ ਦੇ ਸਿੰਘਾਸਣ** ਤੋਂ ਨਿੱਕਲ ਰਿਹਾ ਸੀ [ਪ੍ਰਕਾਸ਼ 22:1]
>
> ...ਪਰਮੇਸ਼ਰ ਅਤੇ ਲੇਲੇ ਦਾ ਸਿੰਘਾਸਣ ਉਸ ਸ਼ਹਿਰ ਵਿੱਚ ਹੋਵੇਗਾ [ਪ੍ਰਕਾਸ਼ 22 :3]
>
> **ਉਹ ਉਹਨਾਂ ਦਾ ਚਿਹਰਾ ਦੇਖਣਗੇ**... [ਪ੍ਰਕਾਸ਼ 22: 4]

### (c) ਸਵਰਗਦੂਤ

ਪਰਮੇਸ਼ਰ ਨੇ ਸਵਰਗਦੂਤਾਂ ਨੂੰ ਨਵੇਂ ਯਰੂਸ਼ਲਮ ਦੇ ਦਰਵਾਜ਼ਿਆਂ ਉੱਤੇ ਖੜ੍ਹੇ ਕੀਤਾ ਹੈ (ਪ੍ਰਕਾਸ਼ 21:12)। ਹਾਲਾਂਕਿ ਇਬਰਾਨੀਆਂ 12:22-23 ਸਵਰਗ ਦੇ ਮੌਜੂਦਾ ਵਾਸੀਆਂ ਬਾਰੇ ਦੱਸਦਾ ਹੈ, ਪਰ ਇਹ ਬਿਨਾਂ ਕਿਸੇ ਸ਼ੱਕ ਦੇ ਇਸ ਦੇ ਸਦੀਪਕ ਵਾਸੀਆਂ ਦਾ ਵੀ ਸੰਕੇਤ ਦਿੰਦਾ ਹੈ। ਇਬਰਾਨੀਆਂ 12:22 "ਅਣਗਿਣਤ ਸਵਰਗਦੂਤਾਂ" ਦਾ ਜ਼ਿਕਰ ਕਰਦਾ

[97] ਪਰਮੇਸ਼ਰ ਨੂੰ ਮੌਜੂਦਾ ਪੱਧਰ ਦੇ ਮੁਕਾਬਲੇ "ਇੱਕ ਭਰਪੂਰ ਰੂਪ ਵਿੱਚ" ਦੇਖਿਆ ਜਾ ਸਕੇਗਾ (1 ਕੁਰਿੰਥ 13:12), ਪਰ ਪਰਮੇਸ਼ਰ ਦੇ ਅਦਿੱਖ ਰੂਪ ਦੇ ਕਾਰਨ ਸ਼ਾਇਦ ਉਹ ਕਦੇ ਵੀ ਪੂਰੀ ਤਰ੍ਹਾਂ ਦਿਖਾਈ ਨਹੀਂ ਦੇਣਗੇ।

ਹੈ।

### (d) ਸਾਰੇ ਯੁੱਗਾਂ ਦੇ ਮੁਕਤੀ ਪਾਏ ਹੋਏ ਲੋਕ

ਯੂਹੰਨਾ ਇਸ ਤੱਥ ਉੱਤੇ ਜ਼ੋਰ ਦਿੰਦਾ ਹੈ ਕਿ ਸਵਰਗੀ ਸ਼ਹਿਰ ਉਹਨਾਂ ਲੋਕਾਂ ਦੇ ਲਈ ਹੈ ਜਿਹਨਾਂ ਕੋਲ ਮਸੀਹ ਵਿੱਚ ਮੁਕਤੀ ਹੈ (ਪ੍ਰਕਾਸ਼ 21:27b; 22:17 ਅਤੇ 19)। ਸਾਰੇ ਸਬੂਤ ਇਹ ਦਰਸਾਉਂਦੇ ਹਨ ਕਿ ਸਾਰੇ ਯੁੱਗਾਂ ਦੇ ਵਿਸ਼ਵਾਸੀ ਸਵਰਗੀ ਸ਼ਹਿਰ ਦਾ ਆਨੰਦ ਮਾਣਨਗੇ।

### ਵਿਸ਼ਵਾਸ ਕਰਨ ਵਾਲਾ ਇਸਰਾਏਲ

ਇਸਰਾਏਲ ਦੇ ਕਬੀਲਿਆਂ ਦੇ ਨਾਮ ਮੋਤੀਆਂ ਵਾਲੇ ਦਰਵਾਜ਼ਿਆਂ ਉੱਤੇ ਲਿਖੇ ਹੋਏ ਹਨ (ਪ੍ਰਕਾਸ਼ 21:12)। ਇਸਰਾਏਲ ਦੇ ਪੁਰਖਿਆਂ ਨੇ ਇੱਕ ਸਵਰਗੀ ਸ਼ਹਿਰ ਦੀ ਉਡੀਕ ਕੀਤੀ ਸੀ (ਇਬ 11:10), ਅਤੇ ਪਰਮੇਸ਼ਰ ਉਹਨਾਂ ਨੂੰ ਨਿਰਾਸ਼ ਨਹੀਂ ਕਰਨਗੇ (ਇਬ11:16)। ਨਵੇਂ ਯਰੂਸ਼ਲਮ ਵਿੱਚ ਇਸਰਾਏਲ ਦਾ ਪੂਰਾ-ਪੂਰਾ ਸਵਾਗਤ ਹੋਵੇਗਾ।

> ਉਸ ਸ਼ਹਿਰ ਦੇ ਚਾਰੇ ਪਾਸੇ ਇੱਕ ਵੱਡੀ ਅਤੇ ਉੱਚੀ ਦੀਵਾਰ ਸੀ ਜਿਸ ਦੇ ਬਾਰ੍ਹਾਂ ਦਰਵਾਜ਼ੇ ਸਨ। ਹਰ ਦਰਵਾਜ਼ੇ ਉੱਤੇ **ਇਸਰਾਏਲ ਦੇ ਪੁੱਤਰਾਂ ਦੇ ਬਾਰ੍ਹਾਂ ਕਬੀਲਿਆਂ** ਦੇ ਨਾਂ ਉੱਕਰੇ ਹੋਏ ਸਨ ਅਤੇ ਉਹਨਾਂ ਵਿੱਚੋਂ ਹਰ ਦਰਵਾਜ਼ੇ ਉੱਤੇ ਇੱਕ ਸਵਰਗਦੂਤ ਖੜ੍ਹਾ ਸੀ। [ਪ੍ਰਕਾਸ਼ 21:12]
>
> ਕਿਉਂਕਿ ਅਬਰਾਹਾਮ ਪੱਕੀਆਂ ਨੀਹਾਂ ਵਾਲੇ ਨਗਰ ਦੀ ਉਡੀਕ ਵਿੱਚ ਸੀ ਜਿਸ ਦੇ ਸਿਰਜਨਹਾਰ ਅਤੇ ਬਣਾਉਣ ਵਾਲੇ ਪਰਮੇਸ਼ਰ ਹਨ। ਪਰ ਉਹ ਇੱਕ ਉੱਤਮ ਦੇਸ਼ ਦੀ ਤਾਂਘ ਵਿੱਚ ਸਨ ਭਾਵ ਸਵਰਗੀ ਦੇਸ਼ ਦੀ। ਇਸੇ ਲਈ ਪਰਮੇਸ਼ਰ ਵੀ ਆਪਣੇ ਆਪ ਨੂੰ ਉਹਨਾਂ ਦੇ ਪਰਮੇਸ਼ਰ ਅਖਵਾਉਣ ਤੋਂ ਸ਼ਰਮਿੰਦਾ ਨਹੀਂ ਹੁੰਦੇ ਕਿਉਂਕਿ ਪਰਮੇਸ਼ਰ ਨੇ ਉਹਨਾਂ ਦੇ ਲਈ ਇੱਕ ਨਗਰ ਤਿਆਰ ਕੀਤਾ ਹੋਇਆ ਹੈ। [ਇਬ 11:10,16]

### ਹੋਰ ਸੰਤ

ਯੂਹੰਨਾ ਦੁਆਰਾ ਕੀਤੇ ਗਏ ਸਵਰਗੀ ਸ਼ਹਿਰ ਦੇ ਬਿਰਤਾਂਤ ਵਿੱਚ ਧਰਤੀ ਦੀਆਂ "ਕੌਮਾਂ" ਦੇ ਲਈ ਬਰਕਤਾਂ ਦਾ ਜ਼ਿਕਰ ਕੀਤਾ ਗਿਆ ਹੈ (ਪ੍ਰਕਾਸ਼ 21:24, 26)। ਸਾਰੇ ਮੁਕਤੀ ਪਾਏ ਹੋਏ ਲੋਕ, ਸਵਰਗ ਦਾ ਆਨੰਦ ਮਾਣ ਸਕਦੇ ਹਨ ਭਾਵੇਂ ਉਹ ਵਿਸ਼ਵਾਸੀ ਇਸਰਾਏਲ ਜਾਂ ਕਲੀਸਿਯਾ ਦਾ ਹਿੱਸਾ ਨਹੀਂ ਵੀ ਸਨ। ਅਸਲ ਵਿੱਚ, ਇਬਰਾਨੀਆਂ 11:16 ਵਿੱਚ ਹਾਬਲ, ਹਨੋਕ ਅਤੇ ਨੂਹ ਵਰਗੇ ਬਿਵਸਥਾ ਦੇ ਦਿੱਤੇ ਜਾਣ ਤੋਂ ਪਹਿਲਾਂ ਦੇ ਵਿਸ਼ਵਾਸੀ ਵੀ ਸ਼ਾਮਲ ਹਨ। ਬਿਵਸਥਾ ਤੋਂ ਪਹਿਲਾਂ ਦੇ ਯੁੱਗਾਂ ਦੇ ਵਿਸ਼ਵਾਸੀ ਅਤੇ ਬਿਪਤਾ ਦੇ ਸਮੇਂ ਦੇ ਵਿਸ਼ਵਾਸੀ ਅਤੇ ਹਜ਼ਾਰ ਸਾਲ ਦੇ ਵਿਸ਼ਵਾਸੀ ਵੀ ਸਵਰਗ ਦਾ ਆਨੰਦ ਮਾਣਨਗੇ। ਇਬਰਾਨੀਆਂ 12:23 "ਧਰਮੀ ਲੋਕਾਂ ਦੀਆਂ ਸੰਪੂਰਨ ਆਤਮਾਵਾਂ" ਨੂੰ ਸ਼ਾਮਲ ਕਰਦਾ ਹੈ।

> ਸਾਰੀਆਂ **ਕੌਮਾਂ** ਇਸ ਦੇ ਚਾਨਣ ਵਿੱਚ ਚੱਲਣਗੀਆਂ ਅਤੇ ਧਰਤੀ ਦੇ ਰਾਜੇ ਆਪਣੀਆਂ ਸ਼ਾਨ ਵਾਲੀਆਂ ਚੀਜ਼ਾਂ ਇਸ ਵਿੱਚ ਲੈ ਕੇ ਆਉਣਗੇ। [ਪ੍ਰਕਾਸ਼ 21:24]

### ਕਲੀਸਿਯਾ ਦੇ ਸੰਤ

ਮਸੀਹ ਨੇ ਵਿਸ਼ਵਾਸੀਆਂ ਦੇ ਲਈ ਨਿਵਾਸ ਸਥਾਨ ਤਿਆਰ ਕਰਨ ਦਾ ਵਾਅਦਾ ਕੀਤਾ ਹੈ (ਯੂਹੰਨਾ 14:2-3)। ਪਤਰਸ ਸਾਡੀ "ਸਵਰਗ ਵਿੱਚ ਰੱਖੀ ਵਿਰਾਸਤ" ਤੋਂ ਖ਼ੁਸ਼ ਹੁੰਦਾ ਹੈ (1 ਪਤਰਸ 1:4)। ਸਵਰਗੀ ਸ਼ਹਿਰ ਇੱਕ ਖ਼ਾਸ ਅਰਥ ਵਿੱਚ ਕਲੀਸਿਯਾ ਦਾ ਹੈ। ਰਸੂਲ, ਜੋ ਕਲੀਸਿਯਾ ਦੀ ਨੀਂਹ ਹਨ (ਅਫ਼ਸੀ 2:20), ਉਹਨਾਂ ਦੇ ਨਾਮ ਸਵਰਗ ਦੀਆਂ ਨੀਹਾਂ ਉੱਤੇ ਲਿਖੇ ਹੋਏ ਹਨ (ਪ੍ਰਕਾਸ਼ 21:14)। ਕਲੀਸਿਯਾ ਦਾ ਭਵਿੱਖ ਸਦੀਪਕ ਸ਼ਹਿਰ ਨਾਲ ਇੰਨਾ ਜੁੜਿਆ ਹੋਇਆ ਹੈ ਕਿ ਉਸ ਸ਼ਹਿਰ ਦਾ ਦ੍ਰਿਸ਼ ਕਲੀਸਿਯਾ ਦੀ ਸਦੀਪਕ ਸਥਿਤੀ ਦੇ ਦ੍ਰਿਸ਼ ਦੇ ਸਮਾਨ ਹੈ।

> "...ਆ, ਮੈਂ ਤੈਨੂੰ ਲਾੜੀ ਜਿਹੜੀ ਲੇਲੇ ਦੀ ਪਤਨੀ ਹੈ ਦਿਖਾਵਾਂ।" ਉਹ ਮੈਨੂੰ ਪਰਮੇਸ਼ਰ ਦੇ ਆਤਮਾ ਵਿੱਚ ਇੱਕ ਵੱਡੇ ਅਤੇ ਉੱਚੇ ਪਹਾੜ ਉੱਤੇ ਲੈ ਗਿਆ ਅਤੇ ਮੈਨੂੰ ਪਵਿੱਤਰ ਸ਼ਹਿਰ ਯਰੂਸ਼ਲਮ ਨੂੰ ਸਵਰਗ ਤੋਂ ਪਰਮੇਸ਼ਰ ਕੋਲੋਂ ਉਤਰਦੇ ਦਿਖਾਇਆ। [ਪ੍ਰਕਾਸ਼ 21:9b]

### (e) ਸਾਰ

ਹਾਲਾਂਕਿ ਇਬਰਾਨੀਆਂ ਅਧਿਆਇ 12 ਸਦੀਪਕ ਸ਼ਹਿਰ ਦੇ ਮੌਜੂਦਾ ਵਾਸੀਆਂ ਦੀ ਸੂਚੀ ਦਿੰਦਾ ਹੈ, ਪਰ ਇਸ ਵਿੱਚ ਜ਼ਰੂਰ ਉਹ ਲੋਕ ਵੀ ਸ਼ਾਮਲ ਹਨ ਜੋ ਸਦੀਪਕ ਕਾਲ ਵਿੱਚ ਇਸ ਦਾ ਆਨੰਦ ਮਾਣਨਗੇ। ਇਸ ਦੀ ਵਿਆਖਿਆ ਭਾਵੇਂ ਕਿਵੇਂ ਵੀ ਕੀਤੀ ਜਾਵੇ, ਪਰ ਇਬਰਾਨੀਆਂ 12:22-24 ਸਵਰਗ ਦੀ ਸੂਚੀ ਵਿੱਚ ਸਾਰੇ ਵਿਸ਼ਵਾਸੀਆਂ ਦੇ ਨਾਮ ਦਰਜ ਹੋਣ ਦੀ ਗੱਲ ਕਰਦਾ ਹੈ। ਸਵਰਗ ਵਿੱਚ ਪ੍ਰਵੇਸ਼ ਕਰਨ ਦਾ ਤਰੀਕਾ "ਵਿਚੋਲੇ ਮਸੀਹ ਯਿਸੂ" ਅਤੇ ਉਹਨਾਂ ਦਾ "ਛਿੜਕਿਆ ਹੋਇਆ ਖ਼ੂਨ" ਹੈ। **ਜਿਹੜੇ ਲੋਕ ਪ੍ਰਭੂ ਯਿਸੂ ਮਸੀਹ ਅਤੇ ਪਾਪਾਂ ਦੇ ਪ੍ਰਾਸਚਿਤ ਲਈ ਉਹਨਾਂ ਦੇ ਵਹਾਏ ਹੋਏ ਖ਼ੂਨ ਵਿੱਚ ਵਿਸ਼ਵਾਸ ਕਰਦੇ ਹਨ, ਉਹਨਾਂ ਦਾ ਸਵਰਗ ਵਿੱਚ ਸਵਾਗਤ ਕੀਤਾ ਜਾਵੇਗਾ।**

> ਪਰ ਤੁਸੀਂ ਸੀਯੋਨ ਪਹਾੜ, ਸਵਰਗੀ ਯਰੂਸ਼ਲਮ, ਜਿਊਂਦੇ ਪਰਮੇਸ਼ਰ ਦੇ ਨਗਰ ਅਤੇ ਅਣਗਿਣਤ ਸਵਰਗਦੂਤਾਂ ਦੀ ਅਨੰਦਮਈ ਸਭਾ ਦੇ ਸਾਹਮਣੇ ਆਏ ਹੋ। ਤੁਸੀਂ ਉਸ ਦੇ ਜੇਠਿਆਂ ਦੀ ਕਲੀਸਿਯਾ ਦੇ ਕੋਲ ਪਹੁੰਚ ਗਏ ਹੋ ਜਿਹਨਾਂ ਦੇ ਨਾਂ ਸਵਰਗ ਵਿੱਚ ਲਿਖੇ ਜਾ ਚੁੱਕੇ ਹਨ। ਤੁਸੀਂ ਪਰਮੇਸ਼ਰ ਜਿਹੜੇ ਸਾਰਿਆਂ ਦੇ ਨਿਆਂਕਾਰ ਹਨ ਅਤੇ ਉਹਨਾਂ ਨੇਕ ਲੋਕਾਂ ਦੀਆਂ ਆਤਮਾਵਾਂ ਦੇ ਸਾਹਮਣੇ ਜਿਹੜੀਆਂ ਸੰਪੂਰਨ ਕੀਤੀਆਂ ਜਾ ਚੁੱਕੀਆਂ ਹਨ, ਅਤੇ ਤੁਸੀਂ ਯਿਸੂ ਜਿਹੜੇ ਨਵੇਂ

ਨੇਮ ਦੇ ਵਿਚੋਲੇ ਹਨ ਦੇ ਕੋਲ ਆਏ ਹੋ ਅਤੇ ਜਿਹਨਾਂ ਦਾ ਛਿੜਕਿਆ ਗਿਆ ਖ਼ੂਨ ਹਾਬਲ ਦੇ ਖ਼ੂਨ ਨਾਲੋਂ ਕਿਤੇ ਉੱਤਮ ਗੱਲਾਂ ਕਰਦਾ ਹੈ। [ਇਬ12:22-24]

# *ਚੁਣੀ ਹੋਈ ਪੁਸਤਕਸੂਚੀ-*


ਬਰਖੋਫ਼, ਐਲ. *ਸਿਸਟਮੈਟਿਕ ਥੀਓਲੋਜੀ.* ਚੌਥਾ ਐਡੀਸ਼ਨ. ਗ੍ਰੈਂਡ ਰੈਪਿਡਜ਼: ਡਬਲਯੂ. ਐਮ. ਬੀ. ਈਰਡਮੈਨਜ਼ ਪਬਲਿਸ਼ਿੰਗ ਕੰਪਨੀ, 1977.

ਬੋਇਸ, ਜੇਮਜ਼ ਮੋਂਟਗੋਮਰੀ, ਸੰਪਾਦਕ. *ਦ ਫਾਊਂਡੇਸ਼ਨ ਆਫ਼ ਬਿਬਲੀਕਲ ਇਨੈਰੈਂਸੀ* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1978.

ਸ਼ੇਫਰ, ਲੂਈਸ ਸਪੈਰੀ. *ਸਿਸਟੈਮੈਟਿਕ ਥੀਓਲੋਜੀ.* 7 ਵੋਲ. ਡੈਲਸ: ਡੈਲਸ ਥੀਓਲੋਜੀਕਲ ਸੈਮੀਨਰੀ ਪ੍ਰੈੱਸ, 1948.

ਡੀਹਾਨ, ਰਿਚਰਡ ਡਬਲਯੂ. *ਸੈਟਨ, ਸੈਟਨਿਜ਼ਮ, ਐਂਡ ਵਿਚਕ੍ਰਾਫਟ.* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1972.

ਡਿਕਸਨ, ਸੀ. ਫ੍ਰੈਡ. *ਏਂਜਲਜ਼ ਇਲੈਕਟ ਐਂਡ ਈਵਲ.* ਸ਼ਿਕਾਗੋ: ਮੂਡੀ ਪ੍ਰੈੱਸ, 1975.

ਐਡਗਰ, ਥਾਮਸ ਆਰ. *ਮਿਰੈਕੁਲਸ ਗਿਫ਼ਟਸ.* ਨੇਪਚਿਊਨ, ਨਿਊ ਜਰਸੀ: ਲੋਇਜ਼ੋ ਬ੍ਰਦਰਜ਼, 1983.

ਹੌਜ, ਏ. ਏ. *ਆਊਟਲਾਈਨਜ਼ ਆਫ਼ ਥੀਓਲੋਜੀ.* ਮੁੜ ਛਾਪਿਆ ਐਡੀਸ਼ਨ. ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1973।

ਹੌਜਿਸ, ਜ਼ੇਨ ਸੀ. *ਐਬਸੋਲਿਊਟਲੀ ਫ੍ਰੀ: ਏ ਬਿਬਲੀਕਲ ਰਿਪਲਾਈ ਟੂ ਲਾਰਡਸ਼ਿਪ ਸੈਲਵੇਸ਼ਨ.* ਗ੍ਰੈਂਡ ਰੈਪਿਡਜ਼ ਅਤੇ ਡੈਲਸ: ਜ਼ੋਂਡਰਵਨ ਪਬਲਿਸ਼ਿੰਗ ਹਾਊਸ ਅਤੇ ਰਿਡੈਂਸ਼ਨ ਵੀਵਾ, 1989.

ਲਿੰਡਸੈੱਲ, ਹੈਰੋਲਡ. *ਦ ਬੈਟਲ ਫਾਰ ਦ ਬਾਈਬਲ.* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1976.

ਲਿੰਡਸੈੱਲ, ਹੈਰੋਲਡ. *ਦ ਬਾਈਬਲ ਇਨ ਦ ਬੈਲੈਂਸ.* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਕੰਪਨੀ, 1979.

ਮੌਰਿਸ, ਲਿਓਨ. *ਦ ਅਪੋਸਟੋਲਿਕ ਪ੍ਰੀਚਿੰਗ ਆਫ਼ ਦ ਕ੍ਰੌਸ.* ਤੀਜਾ ਐਡੀਸ਼ਨ. ਗ੍ਰੈਂਡ ਰੈਪਿਡਜ਼: ਡਬਲਯੂ. ਐਮ. ਬੀ. ਈਰਡਮੈਨਜ਼ ਪਬਲਿਸ਼ਿੰਗ ਕੰਪਨੀ, 1980.

ਪੈਂਟੇਕੋਸਟ, ਡਵਾਈਟ ਜੇ. *ਥਿੰਗਜ਼ ਟੂ ਕਮ.* ਮੁੜ ਛਾਪਿਆ ਐਡੀਸ਼ਨ. ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1976.

ਰਾਇਰੀ, ਚਾਰਲਸ ਸੀ. *ਬੇਸਿਕ ਥੀਓਲੋਜੀ.* ਵੀਟਨ, ਇਲੀਨੋਇਸ: ਵਿਕਟਰ ਬੁਕਸ, 1988.

ਰਾਇਰੀ, ਚਾਰਲਸ ਸੀ. *ਸੋ ਗ੍ਰੇਟ ਸੈਲਵੇਸ਼ਨ.* ਵੀਟਨ, ਇਲੀਨੋਇਸ: ਵਿਕਟਰ ਬੁਕਸ, 1989.

ਸਟ੍ਰੌਂਗ, ਆਗਸਟਸ ਐੱਚ. *ਸਿਸਟੈਮੈਟਿਕ ਥੀਓਲੋਜੀ.* ਸੋਧਿਆ ਹੋਇਆ ਐਡੀਸ਼ਨ. ਓਲਡ ਟੱਪਨ, ਨਿਊ ਜਰਸੀ: ਫਲੇਮਿੰਗ ਐੱਚ. ਰੈਵਲ ਕੰਪਨੀ, 1976.

ਥੀਸਨ, ਹੈਨਰੀ ਸੀ. *ਲੈਕਚਰਜ਼ ਇਨ ਸਿਸਟੈਮੈਟਿਕ ਥੀਓਲੋਜੀ.* ਗ੍ਰੈਂਡ ਰੈਪਿਡਜ਼: ਡਬਲਯੂ. ਐਮ. ਬੀ. ਈਰਡਮੈਨਜ਼ ਪਬਲਿਸ਼ਿੰਗ ਕੰਪਨੀ, 1975.

ਵਾਲਵਰਡ, ਜੌਨ ਐੱਫ. *ਜੀਸਸ ਕ੍ਰਾਈਸਟ ਆਵਰ ਲਾਰਡ.* ਸ਼ਿਕਾਗੋ: ਮੂਡੀ ਪ੍ਰੈੱਸ, 1969.

ਵਾਲਵਰਡ, ਜੌਨ ਐੱਫ. *ਦ ਬਲੈਸਡ ਹੋਪ ਐਂਡ ਦ ਟ੍ਰਿਬਿਊਲੇਸ਼ਨ.* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1976.

ਵਾਲਵਰਡ, ਜੌਨ ਐੱਫ. *ਦ ਮਿਲੇਨੀਅਲ ਕਿੰਗਡਮ.* ਸੋਧਿਆ ਹੋਇਆ ਐਡੀਸ਼ਨ. ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1979.

ਵਾਲਵਰਡ, ਜੌਨ ਐੱਫ. *ਦ ਰੈਪਚਰ ਕੁਐਸ਼ਚਨ.* ਸੋਧਿਆ ਹੋਇਆ ਐਡੀਸ਼ਨ. ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਹਾਊਸ, 1979.

ਵਾਰਫੀਲਡ, ਬੈਂਜਾਮਿਨ ਬੀ. *ਬਿਬਲੀਕਲ ਐਂਡ ਥੀਓਲੋਜੀਕਲ ਸਟੱਡੀਜ਼.* ਫਿਲਡੈਲਫੀਆ: ਪ੍ਰੈਜ਼ਬਿਟੇਰੀਅਨ ਐਂਡ ਰਿਫਾਰਮਡ ਪਬਲਿਸ਼ਿੰਗ ਕੰਪਨੀ, 1968.

ਵੁੱਡ, ਲਿਓਨ ਜੇ. *ਦ ਬਾਈਬਲ ਐਂਡ ਫਿਊਚਰ ਇਵੈਂਟਸ.* ਗ੍ਰੈਂਡ ਰੈਪਿਡਜ਼: ਜ਼ੋਂਡਰਵਨ ਪਬਲਿਸ਼ਿੰਗ ਕੰਪਨੀ, 1973.